ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਪ੍ਰਾਚੀਨ
ਪੰਥ ਪ੍ਰਕਾਸ਼

ਸਟੀਕ

ਸ਼ਹੀਦ ਭਾਈ ਰਤਨ ਸਿੰਘ ਜੀ ਭੰਗੂ ਵਾਲਾ

ਭਾਗ ਪਹਿਲਾ

ਟੀਕਾਕਾਰ :-

ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ 'ਅਕਾਲੀ'

ਜਥੇਦਾਰ 96 ਕ੍ਰੋੜੀ ਬੁੱਢਾ ਦਲ ਪੰਜਵਾਂ ਤਖ਼ਤ

ਪ੍ਰਾਚੀਨ ਪੰਥ ਪ੍ਰਕਾਸ਼

ੴ ਸ੍ਰੀ ਵਾਹਿਗੁਰੂ ਜੀ ਕੀ ਫਤਹ॥

ਤਬ ਸਹਿਜੈ ਪ੍ਰਗਟਿਉ ਜਗਤ ਮੈਂ ਗੁਰੂ ਜਾਪ ਅਪਾਰਾ॥
ਇਉਂ ਉਪਜੇ ਸਿੰਘ ਭੁਜੰਗੀਏ ਨੀਲ ਅੰਬਰ ਧਾਰਾ॥

ਪ੍ਰਾਚੀਨ ਪੰਥ ਪ੍ਰਕਾਸ਼

ਸਟੀਕ

ਸ਼ਹੀਦ ਭਾਈ ਰਤਨ ਸਿੰਘ ਜੀ ਭੰਗੂ ਵਾਲਾ

(ਭਾਗ ਪਹਿਲਾ)

ਟੀਕਾਕਾਰ :-

ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ "ਅਕਾਲੀ"

ਜਥੇਦਾਰ ੯੬ ਕ੍ਰੋੜੀ ਬੁੱਢਾ ਦਲ ਪੰਜਵਾਂ ਤਖ਼ਤ

ਪ੍ਰਕਾਸ਼ਕ :

ਸ਼੍ਰੋਮਣੀ ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ

ਚਲਦਾ ਵਹੀਰ ਪੰਜਾਬ (ਹਿੰਦੁਸਤਾਨ)

© ਪ੍ਰਕਾਸ਼ਕ

ਭੇਟਾ : 300-00

ਪ੍ਰਿੰਟਰ ਤੇ ਪ੍ਰਕਾਸ਼ਕ :-

ਸੁਲਤਾਨੁਲ ਕੌਮ-ਪੰਥ ਰਤਨ

ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ ਜਥੇਦਾਰ ਛਿਆਨਵੇਂ ਕ੍ਰੋੜੀ

ਸ਼੍ਰੋ: ਪੰਥ ਅਕਾਲੀ ਬੁੱਢਾ ਦਲ ਪੰਜਵਾਂ ਤਖ਼ਤ ਚਲਦਾ ਵਹੀਰ ਪੰਜਾਬ (ਹਿੰਦੁਸਤਾਨ)

ਦੀ ਆਗਿਆ ਅਨੁਸਾਰ

ਬੁੱਢਾ ਦਲ ਪੰਜਵਾਂ ਤਖ਼ਤ ਪ੍ਰਿੰਟਿੰਗ ਪ੍ਰੈਸ

ਬਾਬਾ ਬੰਬਾ ਸਿੰਘ ਜੀ ਦੀ ਬਰੀਚੀ ਲੋਹਿਰ ਮਾਲ ਰੋਡ, ਪਟਿਆਲਾ ਵਿਖੇ ਜਥੇਦਾਰ ਦਿਆਲ ਸਿੰਘ ਲਿਖਾਰੀ ਦੇ ਪ੍ਰਬੰਧ ਹੇਠ ਛਾਪਿਆ ਗਿਆ ਤੇ ਸ੍ਰੀ ਦਮਦਮਾ ਸਾਹਿਬ (ਸਾਬੋ ਕੀ ਤਲਵੰਡੀ) ਬਠਿੰਡਾ ਤੋਂ ਖਾਲਸਾ ਸੰਮਤ 302, ਜੇਠ ਸੁਦੀ ਚੌਥ ਮੁਤਾਬਿਕ 5 ਜੂਨ ਸੰਨ 2000 ਨੂੰ ਪ੍ਰਕਾਸ਼ਤ ਕੀਤਾ।

ਟੈਲੀਫੋਨ ਨੰਬ੍ਰ : (0175) 301814, 212719, 213091

Email : uday_pat@123india.com

Website : www.budhadal.com

ਦੋ ਸ਼ਬਦ

ਪ੍ਰਾਚੀਨ ਪੰਥ ਪ੍ਰਕਾਸ਼ ਭਾਈ ਰਤਨ ਸਿੰਘ ਜੀ ਭੰਗੂ ਦਾ ਖਾਲਸਾ ਪੰਥ ਦੇ ਗੁਰਮਤਿ ਇਤਿਹਾਸ ਦੀ ਪਹਿਲੀ ਸਰੋਤ ਹੈ। ਖਾਲਸੇ ਦਾ ਬੀਰ ਰਸੀ ਇਤਿਹਾਸ ਲਿਖਣ ਦਾ ਕਾਰਨ ਟੀਕੇ ਵਿਚ ਵਰਣਨ ਹੈ। ਮੂਲ ਪਾਠਾਂ ਸਹਿਤ ਇਹ ਪਹਿਲਾ ਮੁਕੰਮਲ ਸਟੀਕ ਸਰਲ ਭਾਸ਼ਾ ਵਿਚ ਹਰ ਇਕ ਪ੍ਰਸੰਗ ਅਤੇ ਸਾਖੀ ਨੂੰ ਵਿਸਥਾਰ ਨਾਲ ਪ੍ਰਗਟ ਕਰਨ ਦਾ ਯਤਨ ਕੀਤਾ ਹੋਇਆ ਹੈ। ਇਕ ਪ੍ਰਸੰਗ ਨੂੰ ਪੜ੍ਹਨਾ ਆਰੰਭ ਕਰੀਏ ਤਾਂ ਸਾਰਾ ਪ੍ਰਸੰਗ ਪੜ੍ਹ ਕੇ ਹੀ ਉਠਣ ਨੂੰ ਦਿਲ ਕਰਦਾ ਹੈ।

ਟੀਕਾਕਾਰ ਸਿੰਘ ਸਾਹਿਬ ਜਥੇਦਾਰ ਬਾਬਾ ਸੰਤਾ ਸਿੰਘ ਜੀ ਦੀ ਸਿਹਤ ਭਾਵੇਂ ਠੀਕ ਨਹੀਂ ਰਹਿੰਦੀ ਪਰ ਫਿਰ ਵੀ ਜੱਥੇਦਾਰ ਉਦੇ ਸਿੰਘ ਜੀ, ਵਹੀਰ ਦੇ ਸਿੰਘਾਂ, ਸਮੂੰਹ ਬੁੱਢਾ ਦਲ ਜਥੇਬੰਦੀ ਅਤੇ ਸੰਗਤਾਂ ਦੀ ਪ੍ਰੇਰਨਾ ਤੇ ਪੰਥ ਪ੍ਰਕਾਸ਼ ਦੀ ਲੜੀਵਾਰ ਕਥਾ ਪ੍ਰਾਰੰਭ ਕੀਤੀ। ਸਾਰੀ ਕਥਾ ਨੂੰ ਟੇਪ ਰੀਕਾਰਡ ਕੀਤਾ ਗਿਆ। ਟੇਪਾਂ ਤੋਂ ਕਥਾ ਕਾਪੀਆਂ ਤੇ ਗਿਆਨੀ ਰੇਸ਼ਮ ਸਿੰਘ ਜੀ ਕੋਲੋਂ ਲਿਖਵਾਈ।

ਕਥਾ ਛਪਾਉਣ ਦੀ ਬੇਨਤੀ ਨੂੰ ਪ੍ਰਵਾਨ ਕਰਦੇ ਹੋਏ ਸਾਰਾ ਟੀਕਾ ਦੋ ਭਾਗਾਂ ਵਿਚ ਸੋਧ ਅਤੇ ਪਰੂਫ ਪੜ੍ਹਨ ਦੀ ਸੇਵਾ ਦਾਸ ਨੂੰ ਸੌਂਪੀ ਗਈ। ਦੁਬਾਰਾ ਸੋਧੀਆਂ ਹੋਈਆਂ ਕਾਪੀਆਂ ਤੇ ਪਰੂਫ ਨੂੰ ਪੜ੍ਹ ਕੇ ਅੰਤਮ ਰੂਪ ਦੇਣ ਦੀ ਸੇਵਾ ਜਥੇਦਾਰ ਉਦੇ ਸਿੰਘ ਜੀ ਵਾਇਸ ਪ੍ਰੈਜੀਡੈਂਟ ਪਬਲਿਕ ਸਕੂਲ ਬੁੱਢਾ ਦਲ ਪਟਿਆਲਾ ਨੇ ਕੀਤੀ।

ਸਿੰਘ ਸਾਹਿਬ ਬਾਬਾ ਜੀ ਦਾ ਸਕੂਲ ਦੀ ਵਿੱਦਿਆ ਤੋਂ ਵਾਂਝੇ ਰਹਿਣ ਦਾ ਕਾਰਨ ਬਾਰਾਂ ਸਾਲ ਦੀ ਉਮਰ ਵਿਚ ਘਰ-ਬਾਰ ਤਿਆਗ ਕੇ ਬੁੱਢੇ ਦਲ ਦੇ ਵਹੀਰ ਵਿਚ ਸ਼ਾਮਿਲ ਹੋਣਾ ਸੀ। ਪੂੰਤੂ ਧਾਰਮਿਕ ਵਿਦਿਆ ਅਤੇ ਸ਼ਸਤ੍ਰ ਵਿਦਿਆ ਦੀ ਮਨ ਵਿਚ ਤੀਬਰ ਇੱਛਾ ਸੀ। ਸ਼ਸਤ੍ਰ ਵਿਦਿਆ ਵਿਚ ਛੋਟੀ ਉਮਰ ਵਿਚ ਹੀ ਆਪ ਦੇ ਸਾਹਮਣੇ ਸ਼ਸਤ੍ਰ ਅਖਾੜੇ ਵਿਚ ਉਤਰਨ ਨੂੰ ਮਾਸਟਰ ਵੀ ਕੰਨੀ ਕਤਰਾਉਂਦੇ। ਸ਼ਸਤ੍ਰ ਵਿਦਿਆ ਦੀ ਉਸਤਾਦੀ ਦੀ ਪੱਗ ਹੁਣ ਤੱਕ ਬਾਬਾ ਜੀ ਪਾਸ ਹੈ।

ਧਾਰਮਿਕ ਵਿਦਿਆ ਲਈ ਸੱਚਖੰਡ ਵਾਸੀ ਤਿੰਨ ਮਹਾਂ ਪੁਰਸ਼ਾਂ ਸਿੰਘ ਸਾਹਿਬ ਜਥੇਦਾਰ ਬਾਬਾ ਸਾਹਿਬ ਸਿੰਘ ਜੀ 'ਕਲਾਧਾਰੀ' ਜਥੇਦਾਰ ਬੁੱਢਾ ਦਲ, ਬ੍ਰਹਮ ਬੇਤਾ ਬਾਬਾ ਮਿਤ ਸਿੰਘ ਜੀ ਅਤੇ ਬਾਬਾ ਧਰਮ ਸਿੰਘ ਜੀ ਜਥੇਦਾਰ ਗੁਰਦੁਆਰਾ ਮਾਤਾ ਸਾਹਿਬ ਦੇਵਾ ਸੱਚਖੰਡ ਸ੍ਰੀ ਹਜ਼ੂਰ ਸਾਹਿਬ (ਨਾਂਦੇੜ) ਦੀ ਅਥਾਹ ਸੇਵਾ ਨੇ ਆਪ ਜੀ ਦੇ ਅਨੁਭਵੀ ਕਪਾਟ ਖੋਲ੍ਹ ਦਿੱਤੇ । ਸ੍ਰੀ ਦਸਮ ਗ੍ਰੰਥ, ਸ੍ਰੀ ਸਰਬ ਲੋਹ ਗ੍ਰੰਥ ਅਤੇ ਹੋਰ ਇਤਿਹਾਸਕ ਗ੍ਰੰਥਾਂ ਦੀ ਕਥਾ ਸੋਤਿਆਂ ਨੂੰ ਅਨੰਦ ਦਿੰਦੀ ਹੈ।

ਇਕ ਵਾਰੀ ਬਾਬਾ ਧਰਮ ਸਿੰਘ ਜੀ ਨੂੰ ਸਿੰਘ ਸਾਹਿਬ ਜੀ ਨੇ ਕਿਹਾ ਬਾਬਾ ਜੀ ਮੈਨੂੰ ਵਿਦਿਆ ਪੜ੍ਹਾਉ ਤਾਂ ਮਹਾਂ ਪੁਰਸ਼ਾਂ ਨੇ ਉਤਰ ਦਿੱਤਾ ਤੁਸੀਂ ਤਾਂ ਪੜ੍ਹੇ ਪੜ੍ਹਾਏ ਹੋ ਦੂਜੀ ਵਾਰ ਫਿਰ ਬਚਨ ਕੀਤਾ ਤੁਹਾਡੇ ਪਾਸ ਬੇਅੰਤ ਗੁਣੀ ਗਿਆਨੀ ਰਹਿਣਗੇ ਇਹ ਬਚਨ ਅਟਲ ਵਰਤ ਰਹੇ ਹਨ। ਗੁਰਦੁਆਰਾ ਮਾਤਾ ਸਾਹਿਬ ਦੇਵਾ ਸ੍ਰੀ ਹਜ਼ੂਰ ਸਾਹਿਬ ਵਿਖੇ ਬਾਬਾ ਮਿਤ ਸਿੰਘ ਜੀ ਅਤੇ ਬਾਬਾ ਧਰਮ ਸਿੰਘ ਜੀ ਨੇ ਵਿਦਿਅਕ ਟਕਸਾਲ ਚਲਾਈ ਹੋਈ ਸੀ। ਜਿਥੋਂ ਅਨੇਕਾਂ ਪ੍ਰਾਣੀਆਂ ਨੇ ਬ੍ਰਹਮ ਤੇ ਗੁਰਮਤਿ ਦੀ ਵਿਦਿਆ ਪ੍ਰਾਪਤ ਕੀਤੀ।

ਸਿੰਘ ਸਾਹਿਬ ਜਥੇਦਾਰ ਬਾਬਾ ਚੇਤ ਸਿੰਘ ਜੀ ਪਏ ਕ੍ਰੋੜੀ ਦੇ ਅਕਾਲ ਚਲਾਣੇ ਉਪਰੰਤ ਸਿੰਘ ਸਾਹਿਬ ਜੀ ਬੁੱਢੇ ਦਲ ਦੇ ਤੇਰ੍ਹਵੇਂ ਜਥੇਦਾਰ ਬਣੇ। ਥੋੜੇ ਸਮੇਂ ਅੰਦਰ ਗੁਰੂ ਕੇ ਬਾਗ ਸ੍ਰੀ ਅਨੰਦਪੁਰ ਸਾਹਿਬ ਪ੍ਰੈਸ ਚਾਲੂ ਕਰ ਕੇ ਸ੍ਰੀ ਸਰਬ ਲੋਹ ਗ੍ਰੰਥ ਮੂਲ ਰੂਪ ਅਤੇ ਭਾਗਾਂ ਵਿਚ ਪ੍ਰਯਾਵਾਂ ਸਹਿਤ ਅਤੇ ਬਾਬਾ ਮਿਤ ਸਿੰਘ ਜੀ ਦੀ ਲਖਵਾਈ ਦੁਸਿਹਰਾਂ ਮਹਾਤਮ ਪੋਥੀ (ਇਹ ਪੋਥੀ ਮਰਯਾਦਾ ਅਲੋਪ ਹੁੰਦੀ ਵੇਖ ਕੇ ਬਾਬਾ ਮਿਤ ਸਿੰਘ ਜੀ ਲਿਖਵਾ ਗਏ ਸਨ।) ਦੋ ਬਾਰ ਛਾਪ ਕੇ ਦੇਸ਼ ਪ੍ਰਦੇਸ਼ ਵਿਚ

ਫਰੀ (ਬਿਨਾ ਭੇਟਾ) ਵੰਡ ਰਹੇ ਹਨ। ਸਿੰਘ ਸਾਹਿਬ ਬਾਬਾ ਜੀ ਨੇ ਉਪਰੋਕਤ ਗ੍ਰੰਥ ਛਪਵਾ ਕੇ ਬਾਬਾ ਮਿਤ ਸਿੰਘ ਜੀ ਦੇ ਸੁਪਨਿਆਂ ਨੂੰ ਸਕਾਰਥ ਕੀਤਾ।

ਬੁੱਢਾ ਦਲ ਦੀ ਪ੍ਰੈਸ ਹੁਣ ਲੋਹਿਰ ਮਾਲ ਰੋਡ ਬਾਬਾ ਬੰਦਾ ਸਿੰਘ ਦੀ ਬਰੀਚੀ ਪਟਿਆਲਾ ਵਿਖੇ ਚਲ ਰਹੀ ਹੈ। ਮਾਸਿਕ ਪਤ੍ਰ *ਨਿਹੰਗ ਸਿੰਘ ਸੰਦੇਸ਼* ਅਤੇ ਪੁਰਾਤਨ ਮਰਯਾਦਾ ਨੂੰ ਮੁੱਖ ਰਖਦੇ ਹੋਏ ਬਾਣੀ ਦੇ ਨਿਤਨੇਮ ਦੇ ਗੁਟਕੇ, ਰਹਿਰਾਸ ਤੇ ਆਰਤੀ-ਆਰਤਾ ਆਪਣੀ ਪ੍ਰੈਸ ਵਿਚ ਛਪ ਰਹੇ ਹਨ। ਮਹਾਂ ਪੁਰਸ਼ ਬਾਬਾ ਜੀ ਅਨੇਕਾਂ ਗੁਰਦੁਆਰਿਆਂ ਅਤੇ ਸਰੋਵਰਾਂ ਦੀ ਸੇਵਾ ਕਰਵਾ ਰਹੇ ਹਨ।

ਅਜੋਕੇ ਯੁਗ ਵਿਚ ਅਜ ਕਲ ਦੀ ਮਾਡਰਨ ਪੜ੍ਹਾਈ ਨੂੰ ਮੁੱਖ ਰੱਖਦਿਆਂ ਸਿੰਘ ਸਾਹਿਬ ਜੀ ਨੇ ੧੯੮੪ ਈ: ਨੂੰ ਬੁੱਢਾ ਦਲ ਪਬਲਿਕ ਸਕੂਲ ਪਟਿਆਲਾ ਦਾ ਨੀਂਹ ਪੱਥਰ ਆਪਣੇ ਕਰ ਕਮਲਾਂ ਨਾਲ ਰਖਿਆ। ਸਕੂਲ ਅਜ ਕਲ ਪਲੱਸ ਟੂ ਮੈਡੀਕਲ, ਨਾਨ-ਮੈਡੀਕਲ ਅਤੇ ਕਾਮਰਸ ਦੀਆਂ ਕਲਾਸਾਂ ਵਿਚ ਤਕਰੀਬਨ ਚੌਬੀਸ ਸੌ ਬੱਚੇ ਵਿਦਿਆ ਪ੍ਰਾਪਤ ਕਰ ਰਹੇ ਹਨ। ਇਸ ਲੜੀ ਵਿਚ ਬੁੱਢਾ ਦਲ ਪਬਲਿਕ ਸਕੂਲ ਸਮਾਣਾ ਵਿਖੇ ਵੀ ਚਲ ਰਿਹਾ ਹੈ। ਉਪਰੋਕਤ ਦੋਨੋਂ ਸਕੂਲ ਸੀ. ਬੀ. ਐਸ. ਈ. ਤੋਂ ਮਨਜ਼ੂਰ ਸ਼ੁਦਾ ਹਨ। ਇੰਨ੍ਹਾਂ ਸਕੂਲਾਂ ਵਿਚ ਨਿਹੰਗ ਸਿੰਘਾਂ ਦੇ ਬਚਿਆਂ ਨੂੰ ਫਰੀ (ਮੁਫਤ) ਵਿਦਿਆ ਦਿੱਤੀ ਜਾਂਦੀ ਹੈ। ਸਕੂਲ ਪੜ੍ਹਾਈ ਵਿਚ ਪੰਜਾਬ ਅੰਦਰ ਪਹਿਲੇ ਨੰਬਰ ਤੇ ਜਾ ਰਹੇ ਹਨ। ਵਿਦਿਆ ਅਤੇ ਹੋਰ ਮੱਲਾਂ ਮਾਰਨ ਵਿਚ ਸਿੰਘ ਸਾਹਿਬ ਜੀ ਦਾ ਹੋਰ ਸਕੂਲ ਖੋਲ੍ਹਣ ਦਾ ਫੁਰਨਾ ਹੈ।

ਗੁਰੂ ਪੰਥ ਦੀ ਸੇਵਾ ਕਰਦਿਆਂ ਅੱਜ ਦੇ ਅਜੋਕੇ ਯੁਗ ਵਿਚ ਸਿੰਘ ਸਾਹਿਬ ਬਾਬਾ ਸੰਤਾ ਸਿੰਘ ਜੀ 'ਅਕਾਲੀ' ਜੀ ਨੇ ਬੁੱਢਾ ਦਲ ਦੇ ਇਤਿਹਾਸ ਨੂੰ ਦੇਸ਼ ਪ੍ਰਦੇਸ਼ ਵਿਚ ਭੇਜਣ ਲਈ ਬੁੱਢਾ ਦਲ ਦੀ ਇਕ ਵੈਬ ਸਾਈਟ ਤਿਆਰ ਕਰਵਾਈ ਹੈ। ਜਿਸ ਨਾਲ ਕੰਪਿਊਟਰ ਦੇ ਯੁਗ ਵਿਚ ਬੁੱਢਾ ਦਲ ਪਿੱਛੇ ਨ ਰਹੇ। ਬੁੱਢੇ ਦਲ ਦੀ ਵੈਬ-ਸਾਈਟ ਦਾ ਨਾਮ *www. Budha Dal.com* ਹੈ।

ਸਿੰਘ ਸਾਹਿਬ ਬਾਬਾ ਜੀ ਪੰਥ ਨਾਲ ਜੁੜੇ ਹੋਏ ਵਿਦਵਾਨਾਂ ਅਤੇ ਟਕਸਾਲਾਂ ਨੂੰ ਖੁਲ੍ਹੇ ਦਿਲ ਨਾਲ ਮਾਇਕ ਸਹਾਇਤਾ ਦਿੰਦੇ ਹਨ। ਗੁਰੂ ਮਹਾਰਾਜ ਜੀ ਅੱਗੇ ਅਰਦਾਸ ਬੇਨਤੀ ਹੈ ਕਿ ਸਿੰਘ ਸਾਹਿਬ ਜੀ ਨੂੰ ਦੇਹ ਅਰੋਗਤਾ ਅਤੇ ਪੰਥ ਦੀ ਸੇਵਾ ਕਰਨ ਦਾ ਹੋਰ ਬਲ ਬਖਸ਼ਿਸ਼ ਕਰਨ।

ਪੰਥ ਦਾ ਦਾਸਰਾ

(ਸੰਤ) ਲਾਲ ਸਿੰਘ 'ਨਿਹੰਗ ਸਿੰਘ'

ਦੀਨਾ ਨਗਰ (ਗੁਰਦਾਸਪੁਰ)

੧ਓ ਸਤਿਗੁਰ ਪ੍ਰਸਾਦਿ॥

ਸ੍ਰੀ ਵਾਹਿਗੁਰੂ ਜੀ ਕੀ ਫਤਹ ਹੈ॥

ਅਥ

ਸ੍ਰੀ ਗੁਰ ਪੰਥ ਪ੍ਰਕਾਸ਼ ਗ੍ਰੰਥੇ॥

(ਭਾਗ ਪਹਿਲਾ)

ਪ੍ਰਥਮੇ ਖਾਲਸੇ ਜੀ ਕੀ ਆਦਿ ਉਤਪਤੀ ਕੀ ਸਾਖੀ॥

ਅੰਗਰੇਜ਼ਾਂ ਨੇ ਸਿੱਖਾਂ ਦਾ ਹਾਲ ਪੁਛਣਾ ਤੇ ਦਿੱਲੀ ਪਤਿ ਨੇ ਝੂਠ ਲਿਖਾਉਣਾ

ਦੋਹਰਾ॥ ਸ੍ਰੀ ਗੁਰ ਨਾਨਕ ਚਰਨ ਬੰਦ ਗੁਰ ਗੋਬਿੰਦ ਸਿੰਘ ਧਜਾਇ। ਲਿਖੋਂ ਉਤਪਤੀ ਖਾਲਸੇ, ਮੋ ਨਿਜ ਕਰਹੁ ਸਹਾਇ॥੧॥ ਗੁਰੂ ਗਰੀਬ ਨਿਵਾਜ ਸੱਚੇ ਪਾਤਸ਼ਾਹ ਜੀ ਦੇ ਚਰਨ ਕਵਲਾਂ ਦੀ ਓਟ ਲੈਂਦੇ ਹੋਏ, ਸ਼ਹੀਦਾਂ ਦੇ ਪ੍ਰਵਾਰ ਵਿਚੋਂ ਭਾਈ ਰਤਨ ਸਿੰਘ ਜੀ, ਜਿਨ੍ਹਾਂ ਦਾ ਸਬੰਧ ਗੁਰੂ ਖਾਲਸੇ ਪੰਥ ਨਾਲ ਹੈ, ਜਿਨ੍ਹਾਂ ਦੇ ਬਜ਼ੁਰਗ ਗੁਰੂ ਖ਼ਾਲਸੇ ਪੰਥ ਵਿੱਚ ਵਿਚਰੇ ਸਨ, ਓਸ ਭਿਆਨਕ ਸਮੇਂ ਵਿੱਚ ਗੁਰੂ ਖਾਲਸੇ ਪੰਥ ਦੇ ਸ਼ੀਸਾਂ ਦੇ ਮੁੱਲ ਪੈਂਦੇ ਸਨ, ਅੱਸੀ ਅੱਸੀ ਰੁਪਏ ਵਿੱਚ ਲਹੌਰ ਵਿਚ ਸਿਰ ਵਿਕਦਾ ਸੀ। ਓਸ ਟਾਇਮ ਦੀ ਕਥਾ ਭਾਈ ਰਤਨ ਸਿੰਘ ਜੀ ਲਿਖ ਰਹੇ ਨੇ, ਗੁਰੂ ਖਾਲਸੇ ਪੰਥ ਦੀ ਉਤਪਤੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਕਿਵੇਂ ਕੀਤੀ? ਸਮੇਂ ਦੀ ਨਜ਼ਾਕਤ ਨੂੰ ਵੇਖਦਿਆਂ ਹੋਇਆਂ, ਕਿਉਂਕਿ ਸੰਸਾਰ ਦੇ ਉਤੇ ਜੋ ਸੰਸਾਰੀ ਰਾਜੇ ਸਨ ਇਹਨਾਂ ਦੀ ਅਦਲਾ ਬਦਲੀ ਹੁੰਦੀ ਰਹਿੰਦੀ ਸੀ, ਪ੍ਰਮੇਸ਼ਰ ਦੇ ਹੁਕਮ ਨਾਲ ਫਿਰੰਗੀ ਫਿਰੰਗ ਦੇਸ਼ ਦੇ ਲੋਕ ਜਦ ਸਾਡੇ ਹਿੰਦੋਸਤਾਨ ਵਿੱਚ ਆਏ, ਸੌ ਸਾਲ ਉਹਨਾਂ ਨੂੰ ਹਿੰਦੋਸਤਾਨ ਵਿੱਚ ਹੋ ਗਿਆ ਵਿਚਰਦਿਆਂ ਨੂੰ ਕਿਉਂਕਿ ਪਹਿਲਾਂ ਅੰਗਰੇਜ਼ ਬੰਬੇ ਤੇ ਕਲਕੱਤੇ ਦੇ ਇਲਾਕੇ ਵਿਚ ਆਏ ਸਨ। ਹੁਣ ਅਗਲੇ ਰਾਜ ਜਿਹੜੇ ਸਨ ਉਹ ਸਿੰਘਾਂ ਦੇ ਰਾਜ ਸਨ। ਖਾਲਸੇ ਦਾ ਪਸਾਰਾ ਏਥੇ ਹੋ ਚੁੱਕਿਆ ਸੀ। ਇਹ ਜੋ ਗੁਰੂ ਨਾਨਕ ਪਾਤਸ਼ਾਹ ਜੀ ਦਾ ਪੰਥ ਹੈ। ਭਾਵ ਅਗੇ ਪੰਜਾਬ ਦੇਸ਼ ਸੀ।

ਇਸ ਦਾ ਪਸਾਰਾ ਸੰਸਾਰ ਵਿੱਚ ਹੋ ਚੁੱਕਿਆ ਸੀ। ਬੜੀ ਜਦੋਜਹਿਦ ਤੋਂ ਬਾਅਦ ਖਾਲਸਾ ਪੰਥ ਆਪਣੇ ਕਰਤਬ ਵਿੱਚ ਕਾਮਯਾਬ ਹੋਇਆ ਸੀ। ਉਹ ਕਥਾ ਗੁਰਸਿੱਖਾਂ ਦੇ ਸੀਨਿਆਂ ਉਤੇ ਸੀਨੇ-ਬ-ਸੀਨੇ ਲਿਖੀ ਹੋਈ ਸੀ। ਇਹ ਭਾਈ ਰਤਨ ਸਿੰਘ ਜੀ ਦੀ ਲਿਖਤ ਜਿਸਨੂੰ 'ਗੁਰ ਪੰਥ ਪ੍ਰਕਾਸ਼' ਦਾ ਖ਼ਿਤਾਬ ਹੈ। ਕਿਉਂਕਿ ਖਾਲਸੇ ਨੂੰ ਗੁਰੂ ਦਾ ਖ਼ਿਤਾਬ ਹੈ। ਔਰ ਗੁਰੂ ਖਾਲਸੇ ਪੰਥ ਦੇ ਇਤਿਹਾਸ ਨਾਲ ਸਬੰਧ ਰੱਖਣ ਵਾਲੇ ਸ਼ਹੀਦਾਂ ਦੇ ਪ੍ਰਵਾਰ ਵਿਚੋਂ ਸਨ। ਉਹਨਾਂ ਨੂੰ ਓਸ ਟਾਇਮ ਸੀਨੇ-ਬ-ਸੀਨੇ ਯਾਦ ਸੀ ਸਾਰੀ ਗੱਲ। ਕਿਉਂਕਿ ਜੋ ਇਨਸਾਨ ਸੰਸਾਰ ਵਿਚ ਆਉਂਦਾ ਹੈ, ਉਹਦੇ ਨਾਲ ਜੋ ਜੋ ਘਟਨਾ ਵਾਪਰੀਆਂ ਨੇ ਦੇਸ਼ ਵਿਚ; ਉਹ ਸੀਨੇ-ਬ-ਸੀਨੇ ਯਾਦ ਰਹਿੰਦੀਆਂ ਹਨ। ਭਾਈ ਰਤਨ ਸਿੰਘ ਜੀ ਓਸ ਮੌਕੇ ਜੁਆਨ ਸਨ ਗਭਰੂ ਸਨ, ਉਹਨਾਂ ਦਾ ਜੋ ਸਬੰਧ ਹੈ ਓਸ ਮੌਕੇ ਦੇ ਸ਼ਹੀਦ ਅਮਰ ਸ਼ਹੀਦ ਮਹਾਨ ਯੋਧੇ ਭਾਈ ਮਤਾਬ ਸਿੰਘ ਨਾਲ ਸੀ, ਕਿਉਂਕਿ ਭਾਈ ਰਤਨ ਸਿੰਘ ਭਾਈ ਮਤਾਬ ਸਿੰਘ ਜੀ ਦੇ ਪੋਤਰੇ ਹਨ, ਰਾਏ ਸਿੰਘ ਦੇ ਪੁੱਤਰ ਹਨ ਦੂਸਰੇ ਭਾਈ ਸ਼ਾਮ ਸਿੰਘ ਜੀ ਨਾਰੋਵਾਲ ਵਾਲੇ

ਜਿਨ੍ਹਾਂ ਦਾ ਮਿਸਲ ਕਰੋੜੀਆਂ ਨਾਲ ਸਬੰਧ ਹੈ, ਕਰੋੜਾ ਸਿੰਘ ਸ਼ਾਮ ਸਿੰਘ ਦਾ ਗੜਵਈ ਹੋਇਆ ਹੈ ਕਿਉਂਕਿ ਸ਼ਾਮ ਸਿੰਘ ਜੀ ਨੇ ਆਪਣੀ ਸਾਰੀ ਜਿੰਦਗੀ ਬੁੱਢੇ ਦਲ ਵਿਚ ਬਤੀਤ ਕੀਤੀ ਸੀ, ਇਹ ਬੁੱਢੇ ਦਲੀਏ ਵਜਦੇ ਸਨ। ਕਿਉਂਕਿ ਇਹ ਵਾਹਿਗੁਰੂ ਦੇ ਬਖਸ਼ੇ ਹੋਏ ਬਲ ਦੇ ਨਾਲ ਸਤਿਗੁਰਾਂ ਦੀਆਂ ਬਰਕਤਾਂ ਨਾਲ ਤਿਆਰ-ਬਰ-ਤਿਆਰ ਹੋਇਆ, ਓਸ ਮੌਕੇ ਇਹਨਾਂ ਨੇ ਆਪਣਾ ਜੀਵਨ ਬੁੱਢੇ ਦਲ ਵਿੱਚ ਬਤੀਤ ਕੀਤਾ ਜੋ ਵੱਡਾ ਘੱਲੂਘਾਰਾ ਹੋਇਆ, ਓਸ ਟਾਇਮ ਸ੍. ਸ਼ਾਮ ਸਿੰਘ ਜੀ ਜੋ ਸਨ ਇਹ ਪੁਰਾਤਨ ਸਿੰਘਾਂ ਵਿਚੋਂ ਸਨ, ਏਥੋਂ ਤਕ ਕਿ ਜੋ ਸਮੇਂ ਦੇ ਜੱਥੇਦਾਰ ਬਾਬਾ ਜੱਸਾ ਸਿੰਘ ਆਹਲੂਵਾਲੀਆ ਬੁੱਢੇ ਦਲ ਦੇ ਚੌਥੇ ਜੱਥੇਦਾਰ ਉਸਦੇ ਸੁਨਹਿਰੀਏ ਸਨ। ਸੁਨਹਿਰੀਏ ਕਹਿੰਦੇ ਹਨ ਇੱਕ ਬਾਟੇ ਵਿੱਚ ਬੈਠ ਕੇ ਛਕਣ ਵਾਲਿਆਂ ਨੂੰ, ਇਤਨਾ ਵੱਡਾ ਪ੍ਰੇਮ ਸੀ। ਸਿੰਘਾਂ ਦੇ ਬਾਰਾਂ ਹਜ਼ਾਰ ਦੇ ਜੱਥੇ ਨੂੰ ਆਪ ਦੇ ਨਾਲ ਰੱਖਦੇ ਸਨ। ਔਰ ਜਿਸ ਤਰ੍ਹਾਂ ਸ਼ਾਮ ਸਿੰਘ ਜੀ ਬਲੀ ਸਨ, ਸ਼ਾਮ ਸਿੰਘ ਜੀ ਦੇ ਬਾਰੇ ਜਿਸ ਤਰ੍ਹਾਂ ਇਤਿਹਾਸ ਵਿੱਚ ਲਿਖਿਆ ਹੋਇਆ ਹੈ ਕਿ ਉਹ ਜਦ ਯੁੱਧ ਜੰਗ ਵਿੱਚ ਸ਼ਾਮਲ ਹੁੰਦੇ ਸਨ, ਇਤਨੇ ਬਲੀ ਸਨ ਕਿ ਉੱਡੇ ਜਾਂਦੇ ਘੋੜਿਆਂ ਤੇ ਜਾਂਦੇ ਜਾਂਦੇ ਜੋ ਦੁਅਸਪੇ ਪਠਾਣ ਸਨ ਜਿਹੜੇ ਤੀਹ ਤੀਹ ਮਣ ਵਜ਼ਨ ਚੁੱਕ ਲੈਂਦੇ ਸਨ। ਜਿਨ੍ਹਾਂ ਨੂੰ ਦੋ ਦੋ ਘੋੜੇ ਚੁਕਦੇ ਸਨ, ਉਹਨਾਂ ਦੇ ਜੱਥੇ ਵਿਚੋਂ ਉਹਨਾਂ ਦੀ ਫੌਜ ਵਿਚੋਂ ਭੱਜੇ ਜਾਂਦੇ ਘੋੜੇ ਤੋਂ ਦੁਅਸਪੇ ਪਠਾਣ ਨੂੰ ਧੌਣ ਤੋਂ ਫੜ ਕੇ ਲੈ ਜਾਂਦੇ ਸਨ। ਅਤੇ ਜਿਥੇ ਕੋਈ ਵੱਡਾ ਦਰਖਤ ਹੋਵੇ ਜਾਂ ਕੋਈ ਕਿਸੇ ਕਿਲ੍ਹੇ ਕੋਟ ਦੀ ਕੰਧ ਹੋਵੇ ਉਹਦੇ ਨਾਲ ਪਟਕਾ ਕੇ ਮਾਰਦੇ ਉਸਦੀ ਮੌਤ ਹੋ ਜਾਂਦੀ ਸੀ। ਇਤਨਾ ਬਲ ਇਹਨਾਂ ਵਿੱਚ ਦੱਸਿਆ ਹੈ। ਬਾਕੀ ਤਲਵਾਰ, ਨੇਜੇ, ਖੰਡੇ, ਬੰਦੂਕ ਨਾਲ ਇਹਨਾਂ ਦਾ ਟਾਕਰਾ ਹੀ ਕਰਨ ਵਾਲਾ ਕੋਈ ਨਹੀਂ ਸੀ। ਇਸ ਮਹਾਂਬਲੀ ਦੇ ਦੋਹਤਰੇ ਸਨ ਜਿਨ੍ਹਾਂ ਨੇ ਇਤਿਹਾਸ ਲਿਖਿਆ ਹੈ। ਉਹ ਆਪਦੀ ਵਿਥਿਆ ਇਤਿਹਾਸ ਵਿਚ ਨੋਟ ਕਰਦੇ ਹੰਨ। ਕਿਉਂਕਿ ਉਹਨਾਂ ਦਾ ਸਬੰਧ ਸ਼ਹੀਦਾਂ ਦੇ ਪ੍ਰਵਾਰ ਨਾਲ ਸੀ। ਰਾਏ ਸਿੰਘ ਜੀ ਇਕ ਮਹਾਨ ਸ਼ਹੀਦ ਹੋਏ ਨੇ। ''ਜਿੰਦਾ ਸ਼ਹੀਦ'' ਜਿਨ੍ਹਾਂ ਨੂੰ ਕਿਹਾ ਜਾਂਦਾ ਹੈ। ਰਾਏ ਸਿੰਘ ਜੀ ਜੋ ਸ਼ਾਮ ਸਿੰਘ ਜੀ ਦੇ ਜੁਆਈ ਸਨ ਜਿੰਦਾ ਸ਼ਹੀਦ ਸਨ।

ਜਦੋਂ ਭਾਈ ਮਤਾਬ ਸਿੰਘ ਜੀ ਨੇ ਹਰਿਮੰਦਰ ਸਾਹਿਬ ਜੀ ਦੀ ਬੇ-ਅਦਬੀ ਨੂੰ ਨਾ ਸਹਾਰਦਿਆਂ ਹੋਇਆਂ ਮੱਸੇ ਰੰਘੜ ਦਾ ਸਿਰ ਵੱਢ ਕੇ ਪੰਥ ਵਿਚ ਹਾਜ਼ਰ ਕੀਤਾ ਸੀ। ਉਸ ਤੋਂ ਬਾਅਦ ਭਾਈ ਮਤਾਬ ਸਿੰਘ ਦੀ ਭਾਲ ਕਰਦਿਆਂ ਫੌਜ ਇਸਦੇ ਪਿੰਡ ਮੀਰਾ ਕੋਟ ਪਹੁੰਚੀ। ਪਿੰਡ ਮੀਰਾ ਕੋਟ ਦਾ ਚੌਧਰੀ ਨੱਥਾ ਸੀ। ਭਾਈ ਮਤਾਬ ਸਿੰਘ ਜੀ ਰਾਏ ਸਿੰਘ ਨੂੰ ਨੱਥੇ ਚੌਧਰੀ ਦੇ ਸਪੁਰਦ ਕਰ ਕੇ ਆਪ ਬੀਕਾਨੇਰ ਨੂੰ ਨਿਕਲ ਗਏ ਸਨ।ਇਹ ਬੱਚਾ ਸੀ ਉਦੋਂ, ਛੋਟੀ ਉਮਰ ਦਾ ਸੀ ਰਾਏ ਸਿੰਘ। ਉਹਨਾਂ ਦੀ ਭਾਲ ਕਰਦਿਆਂ ਉਹਨਾਂ ਨੂੰ ਪਤਾ ਲੱਗਾ ਮੁਗਲਾਂ ਨੂੰ, ਨੱਥੇ ਚੌਧਰੀ ਨੂੰ ਕਹਿਣ ਲੱਗੇ ਮਤਾਬ ਦਾ ਪੁੱਤਰ ਤੇਰੇ ਕੋਲ ਹੈ ਉਸਨੂੰ ਪੇਸ਼ ਕਰ। ਮਨ ਵਿਚ ਸੋਚਿਆ, ਗੱਲ ਤਾਂ ਖਰਾਬ ਹੋ ਗਈ। ਕਹਿੰਦਾ ਅੱਛਾ ਜੀ ਮੈਂ ,ਜਾਂਦਾ ਹਾਂ। ਘਰ ਆ ਕੇ ਸਲਾਹ ਹੋਈ ਬਈ ਜੇ ਮੈਂ ਉਹਦੇ ਪੁੱਤਰ ਨੂੰ ਪੇਸ਼ ਕੀਤਾ। ਮੇਰਾ ਮਿੱਤਰ ਹੈ ਜੇ ਦਰਗਾਹ ਵਿਚ ਮੈਥੋਂ ਪੁੱਤਰ ਦੀ ਪੁੱਛ ਕੀਤੀ ਕੀ ਜਵਾਬ ਦੇਵਾਂਗਾ। ਇਹ ਤਾਂ ਮੁਸ਼ਕਲ ਬਣ ਗਈ ਹੈ। ਚਲੋ ਹੁਣ ਆਪਦਾ ਫਰਜ਼ ਨਿਭਾਈਏ। ਇਹਦੇ ਨਾਲ ਹੀ ਸੀਸ ਲਗਾਈਏ। ਮੌਤ ਹੋ ਜਾਉਗੀ। ਕੀ ਆ ਦੁਨੀਆਂ ਉਤੇ, ਦੇਖ ਲਿਆ ਹੈ ਨਜ਼ਾਰਾ ਵਿਚਰ ਕੇ। ਆਪ ਦੇ ਪੰਜ ਸਾਥੀ ਨਾਲ ਲੈ ਕੇ ਤੇ ਕੰਧ ਟੱਪ ਕੇ ਪਿੱਛੇ ਭੱਜ ਜਾਣਾ ਕੀਤਾ ਸੂਹੀਏ ਨੇ ਜਾ ਕੇ ਖਬਰ ਕੀਤੀ। ਕੀ ਭਾਲਦੇ ਹੋ ਏਥੇ? ਉਹ ਤਾਂ ਭੱਜ ਗਿਆ ਜਿਹਨੂੰ ਫੜਨ ਆਏ ਹੋ। ਫੌਜ ਨੇ ਮਗਰ ਜਾ ਕੇ ਹੱਲਾ ਬੋਲ ਦਿੱਤਾ। ਜਿੰਨਾਂ ਚਿਰ ਨੱਥੇ ਚੌਧਰੀ ਦਾ ਬਲ ਚਲਿਆ ਉਸਨੇ ਜੁੱਧ ਕੀਤਾ ਚੰਗਾ ਕਮਾਨਚੀ ਸੀ ਉਹ ਚੰਗਾ ਤੀਰ ਅੰਦਾਜ ਸੀ, ਲੜਾਈ ਕੀਤੀ ਏਥੋਂ ਤੀਕਰ ਕਿ ਮੱਸੇ ਦਾ ਇੱਕ ਸਕਾ ਭਰਾ ਸੀ, ਉਹ ਵੀ ਨਾਲ ਹੀ ਮਾਰਿਆ ਗਿਆ, ਉਹਦੇ ਭਤੀਜੇ ਵੀ ਮਾਰੇ ਗਏ ਤੇ ਨੱਥਾ ਚੌਧਰੀ ਵੀ ਸ਼ਹੀਦ ਹੋ ਗਿਆ। ਰਾਏ ਸਿੰਘ ਜੋ ਸੀ ਛੋਟੀ ਉਮਰ ਦਾ ਸੀ। ਭੱਜ ਭੱਜ ਕੇ ਜੁੱਧ ਕਰਦੇ ਨੱਥੇ ਦੇ ਲੀੜੇ ਫੜਦਾ ਸੀ, ਉਹ ਵੀ ਡਿੱਗ ਪਿਆ ਇਕ ਮੁਗਲ ਨੇ ਆ ਕੇ ਤਲਵਾਰ ਮਾਰੀ, ਰਾਏ ਸਿੰਘ ਦੀ ਗਰਦਨ ਜਿਹੜੀ ਸੀ ਕੱਟੀ ਗਈ ਤੇ ਸਾਹ ਰਗ ਬਚ ਗਈ, ਵਾਹਿਗੁਰੂ ਨੇ ਜਿੰਦਗੀ ਉਸਦੀ ਅਜੇ ਰੱਖਣੀ ਸੀ। ਅਜੇ ਉਹ ਤੜਫ ਰਿਹਾ ਸੀ ਕਿ ਇਕ ਮਾਈ ਸਾਗ ਵੇਚਣ ਵਾਲੀ, ਕੰਬੋਆਂ ਦੀ ਬੰਸ ਨਾਲ ਸਬੰਧ ਸੀ ਉਹ ਆ ਗਈ ਸਾਗ ਵੇਚਕੇ। ਉਹਨੇ ਦੇਖਿਆ ਬੱਚਾ ਤੜਫਦਾ ਹੈ, ਉਸਨੂੰ ਟੋਕਰੀ ਵਿੱਚ ਪਾ ਲਿਆ। ਉਹਨੂੰ ਪਤਾ ਲੱਗ ਗਿਆ ਕਿ ਅਮਕੇ ਪਿੰਡ ਵਿਚ ਇਹਦੀ ਤਾਈ ਰਹਿੰਦੀ ਹੈ, ਉਹਨੂੰ ਜਾ ਸਪੁਰਦ ਕੀਤਾ ਉਸਨੇ ਪਿੰਡ ਦੇ ਮੋਚੀ ਨੂੰ ਸੱਦ ਕੇ ਟਾਂਕੇ ਲੁਆ

ਦਿੱਤੇ ਗਰਦਨ ਤੇ, ਬੱਚੇ ਵਿਚ ਸਾਹ ਆ ਗਿਆ। ਉਹ ਕਾਇਮ ਹੋ ਗਿਆ। ਵਾਹਿਗੁਰੂ ਨੇ ਰੱਖਿਆ ਕੀਤੀ ਉਹ ਬਚ ਗਿਆ। ਜਦੋਂ ਸਰਹੰਦ ਦਾ ਜੁੱਧ ਹੋਣ ਲੱਗਿਆ ਬੰਦੇ ਬਹਾਦਰ ਨਾਲ ਓਸ ਵੇਲੇ ਰਾਏ ਸਿੰਘ ਮੋਹਰਲੀ ਕਤਾਰ ਵਿੱਚ ਖੜ੍ਹਾ ਸੀ। ਇਹ ਸ਼ਹੀਦ ਦਾ ਪੁੱਤਰ ਹੋਣ ਕਰਕੇ ਸ਼ਾਮ ਸਿੰਘ ਨੇ ਇਹਨੂੰ ਆਪਦੀ ਲੜਕੀ ਦੇ ਦਿੱਤੀ ਸੀ। ਜਿਸ ਕਰਕੇ ਭਾਈ ਰਤਨ ਸਿੰਘ ਜੀ ਸ਼ਾਮ ਸਿੰਘ ਜੀ ਦੇ ਦੋਹਤਰੇ ਲਗਦੇ ਸਨ, ਉਹ ਵੀ ਵਹੀਰ ਵਿੱਚ ਰਹਿਣ ਵਾਲੇ, ਇਹ ਵੀ ਵਹੀਰ ਵਿੱਚ ਰਹਿਣ ਵਾਲੇ, ਕਿਉਂਕਿ ਮਤਾਬ ਸਿੰਘ ਸੁੱਖਾ ਸਿੰਘ ਬੁੱਢੇ ਜੋਹੜ ਤੋਂ ਬੁੱਢੇ ਦਲ ਵਿਚੋਂ ਹੀ ਆਏ ਸਨ, ਜਦੋਂ ਮੱਸੇ ਦਾ ਸਿਰ ਵੱਢਿਆ ਸੀ। ਇਸ ਵਾਸਤੇ ਇਹਨਾਂ ਦਾ ਸ਼ਹੀਦਾਂ ਦੀ ਬੰਸ ਦੇ ਨਾਲ ਸਬੰਧ ਸੀ। ਭਾਈ ਰਤਨ ਸਿੰਘ ਜਦੋਂ ਅੰਗਰੇਜ਼ ਆਏ ਨੇ ਓਸ ਟਾਇਮ ਏਥੇ ਭੜੀ ਨਗਰ ਵਿਚ ਜੋ ਸਰਹੰਦ ਵੰਡਣ ਸਮੇਂ ਇਹ ਪਿੰਡ ਇਹਨਾਂ ਦੇ ਹਿੱਸੇ ਵਿਚ ਆਇਆ, ਓਸ ਟਾਇਮ ਸਿੰਘਾਂ ਦੇ ਵਿਚ ਇਹ ਹੋ ਗਿਆ ਸੀ ਪ੍ਰਚਲਤ, ਬਈ ਇਲਾਕੇ ਨੂੰ ਵਸਾਓ, ਜਗ੍ਹਾ ਜਗ੍ਹਾ ਵਿੱਚ ਲੋਕਾਂ ਨੂੰ ਨਿਆਂ ਦੇ ਕੇ ਇਨਸਾਫ ਦੇਕੇ ਇਹਨਾਂ ਨੂੰ ਵਸਾਓ। ਕਿਉਂਕਿ ਇਲਾਕਾ ਉਜੜ ਜਿਉਂ ਚੁੱਕਾ ਸੀ। ਸੌ ਸਾਲ ਤਲਵਾਰ ਚਲਦੀ ਰਹੀ ਸੀ। ਸੌ ਸਾਲ ਦੇ ਵਿੱਚ ਸਿੰਘਾਂ ਦਾ ਪਿੰਡ ਤਾਂ ਕੋਈ ਰਹਿ ਨਹੀਂ ਸੀ ਗਿਆ ਉਹ ਥੇਹ ਹੋ ਚੁੱਕੇ ਸਨ ਸਾਰੇ। ਇਸ ਕਰਕੇ ਜਦ ਅੰਗਰੇਜ਼ ਆਏ ਨੇ ਭਾਈ ਰਤਨ ਸਿੰਘ ਜੀ ਨੇ ਵੇਖਿਆ ਇਹਦੇ ਵਿੱਚ ਵਿਥਿਆ ਦੱਸਣਗੇ ਕਿ ਜਦ ਅੰਗਰੇਜ਼ ਆਏ ਨੇ ਉਸ ਟਾਇਮ ਹਿੰਦੋਸਤਾਨ ਵਿੱਚ ਕੀ ਵਾਤਾਵਰਣ ਸੀ? ਕਿਸ ਹਿਸਾਬ ਨਾਲ ਲੋਕੀ ਚਲਦੇ ਸਨ? ਤੇ ਇਹ ਇਤਿਹਾਸ ਲਿਖਣ ਦੀ ਉਸ ਮੌਕੇ ਕਿਉਂ ਜਰੂਰਤ ਪਈ? ਜਿਸ ਨੂੰ ''ਗੁਰ ਪੰਥ ਪ੍ਰਕਾਸ਼'' ''ਪ੍ਰਾਚੀਨ ਪੰਥ ਪ੍ਰਕਾਸ਼'' ਭਾਈ ਰਤਨ ਸਿੰਘ ਜੀ ਭੰਗੂ ਲਿਖਦੇ ਹਨ। ਸੋ ਆਓ! ਜੋ ਸਾਡੇ ਨਾਲ ਸਬੰਧ ਰਖਦਾ ਹੈ, ਪ੍ਰਾਚੀਨ ਪੰਥ ਨਾਲ ਸਬੰਧ ਰਖਦਾ ਹੈ, ਜੋ ਖਾਸ ਕਰਕੇ ਬੁੱਢੇ ਦਲ ਨਾਲ ਸਬੰਧ ਰਖਦਾ ਹੈ ਇਤਿਹਾਸ। ਜਿਥੋਂ ਖਾਲਸੇ ਦੀ ਜੋਤਿ ਪ੍ਰਗਟ ਹੋਈ ਹੈ। ਖਾਲਸੇ ਪੰਥ ਨੇ ਜੋ ਜੋ ਤੇਗਾਂ ਮਾਰੀਆਂ। ਜੋ ਅੱਜ ਕੱਲ ਦੇ ਲੋਕ ਸਾਨੂੰ ਇਹ ਕਹਿਕੇ ਬਦਨਾਮ ਕਰਦੇ ਹਨ ਕਿ ਇਹ ਫਾਲਤੂ ਤੁਰੇ ਫਿਰਦੇ ਨੇ, ਇਹਨਾਂ ਨੇ ਕੀ ਸੁਆਰਿਆ ਹੈ ਪੰਥ ਦਾ? ਏਥੋਂ ਤੀਕਰ ਜੋ ਪੰਥ ਦੇ ਸਵਾਰਨ ਵਾਲੇ। ਜਿਨ੍ਹਾਂ ਨੇ ਪੰਥ ਦੀ ਇਕ ਮਿਸਾਲ ਖੜੀ ਕਰਕੇ ਦਿਖਾਈ। ਪ੍ਰਾਚੀਨ ਸਿੰਘਾਂ ਨੇ ਕਿੰਨੀਆਂ ਵੱਡੀਆਂ ਵੱਡੀਆਂ ਘਾਲਣਾ ਕੀਤੀਆਂ। ਕਿੱਡੇ ਕਿੱਡੇ ਖਤਰਨਾਕ ਸਮੇਂ ਦੇ ਵਿੱਚ ਤੇਗਾਂ ਮਾਰੀਆਂ। ਔਰ ਥੋੜੇ ਨਹੀਂ, ਇਕ ਸਦੀ ਭਰ। ਜੋ ਨੰਗੇ ਪਿੰਡੇ, ਨੰਗੇ ਸ਼ਸਤਰ ਹੱਥਾਂ ਵਿੱਚ ਲੈਕੇ ਲੜੇ। ਏਨਾਂ ਨਹੀਂ ਸੀ ਵਿਸਾਹ ਕਿ ਸਾਨੂੰ ਮਿਆਨ 'ਚੋਂ ਤੇਗ ਖਿਚਣੀ ਮਿਲ ਜਾਇਗੀ ਕਿ ਨਹੀਂ। ਇਸ ਵਾਸਤੇ ਤੇਗਾਂ ਹੱਥਾਂ ਵਿਚ ਹੀ ਰਖਦੇ ਸੌਂਦੇ, ਬਹਿੰਦੇ, ਖਾਂਦੇ ਜਾਗਦੇ ਹੀ ਰਹੇ। ਸੌ ਵਰ੍ਹਾ ਸੁੱਤੇ ਹੀ ਨਹੀਂ ਸਨ, ਘੋੜਿਆਂ ਦੀਆਂ ਪਿੱਠਾਂ ਉੱਤੇ ਈ। ਏਥੋਂ ਤੱਕ ਕਿ ਜੋ ਸਾਡੇ ਦੁਸ਼ਮਣ ਸਨ ਮੁਗਲ ਓਸ ਮੌਕੇ ਦੇ। ਜਦ ਪਠਾਣਾਂ ਨੂੰ ਬਾਹਰਲਿਆਂ ਨੇ ਆ ਕੇ ਪੁਛਿਆ ਇਹਨਾਂ ਦਾ ਗ੍ਰਾਮ ਇਹਨਾਂ ਦਾ ਨਗਰ ਇਹਨਾਂ ਦਾ ਪਿੰਡ ਥੇਹ ਹੈ ਕਿਤੇ, ਤਾਂ ਇਹ ਦੱਸਿਆ ਗਿਆ ਘੋੜੇ ਦੀ ਕਾਠੀ ਤੇ ਹੱਥ ਮਾਰਕੇ, ਆਹ ਪਿੰਡ ਹੈ, ਆ ਹੀ ਇਹਨਾਂ ਦਾ ਸ਼ਹਿਰ ਹੈ ਏਹੀ ਇਹਨਾਂ ਦੀ ਸੌਣ ਵਾਲੀ ਮੰਜੀ ਹੈ, ਏਥੇ ਹੀ ਰਹਿੰਦੇ ਹਨ ਏਥੇ ਹੀ ਸੌਂਦੇ ਨੇ ਇਉਂ ਦੱਸਿਆ ਗਿਆ। ਅਤੇ ਦੁਸ਼ਮਣ ਨੇ ਵੀ ਮੰਨਿਆ ਕਿ ਇਹਨਾਂ ਦਾ ਸਖਤ ਜੀਵਨ ਹੈ, ਇਹਨਾਂ ਨੂੰ ਕੋਈ ਹਰਾ ਨਹੀਂ ਸਕਦਾ। ਇਹ ਇਕ ਦਿਨ ਰਾਜ ਕਰਨਗੇ। ਕਿਉਂਕਿ ਏਥੋਂ ਤਾਂਈਂ ਛਾਲ ਹੁੰਦੀ ਹੈ ਦੁਨੀਆਂ ਦੀ ਕਿ ਰਾਜ ਪ੍ਰਾਪਤ ਕਰ ਲਿਆ, ਬੱਸ ਗੱਲਾਂ ਮੁੱਕ ਗਈਆਂ। ਫਿਰ ਅੱਗੇ ਸੁਖ ਦਾ ਸਾਹ ਲੈਣ ਵਾਸਤੇ ਲੋਕੀਂ ਇੰਤਜਾਮ ਕਰਦੇ ਨੇ। ਆਹ ਕੋਠੀਆਂ ਆਪ ਦੇ ਮਹਿਲ ਕਿਲ੍ਹੇ ਕੋਟ ਪਾ ਕੇ ਬਈ ਪੱਕੇ ਰਹਿਣਾ ਹੈ। ਭਾਉਂਦਾ ਜੋ ਵਾਹਿਗੁਰੂ ਨੂੰ ਹੁੰਦਾ ਸੋ ਹੈ। ਇਸ ਵਾਸਤੇ ਖਾਲਸੇ ਪੰਥ ਦਾ ਆਪਾਂ ਪਾਵਨ ਇਤਿਹਾਸ ਸ੍ਰਵਣ ਕਰਨਾ ਹੈ, ਮਨ ਬਿਰਤੀ ਸੰਕੋਚ ਕਰਕੇ ਜਰਾ ਸੰਭਲ ਕੇ ਕਿਉਂਕਿ ਸਾਡੇ ਘਰ ਦੀ ਕਥਾ ਹੈ ਅਸਾਂ ਇਸਨੂੰ ਸੁਣਨਾ ਤੇ ਮਨ ਦੇ ਵਿਚ ਵਸਾਉਣਾ ਹੈ, ਅੱਗੇ ਨੂੰ ਇਤਿਹਾਸ ਯਾਦ ਰਖਣਾ ਹੈ ਉਹ ਲਿਖ ਗਏ ਨੇ ਪ੍ਰਉਪਕਾਰ ਹੈ ਉਹਨਾਂ ਦਾ, ਜਿਸ ਤੋਂ ਅੱਜ ਸਾਨੂੰ ਰੋਸ਼ਨੀ ਮਿਲਦੀ ਹੈ। ਅਸੀਂ ਸੰਸਾਰੀਆਂ ਨੂੰ ਦੱਸ ਸਕਦੇ ਹਾਂ ਕਿ ਅਸੀਂ ਕੌਣ ਹਾਂ? ਸਾਡੀ ਕੀ ਵਿਥਿਆ ਹੈ? ਕੀ ਕੀਤਾ ਖਾਲਸੇ ਪੰਥ ਵਿੱਚ ਰਲ ਕੇ? ਏਥੇ ਇਕੱਲੇ ਦਾ ਸਬੰਧ ਨਹੀਂ, ਸਾਰੇ ਹੀ ਜਿੰਨੇ ਹਿੰਦੋਸਤਾਨ ਦੇ ਸਿੱਖ ਵਸਦੇ ਨੇ, ਸਾਰਿਆਂ ਦੇ ਪ੍ਰਵਾਹਾਂ ਦਾ, ਬਜ਼ੁਰਗਾਂ ਦਾ, ਸਾਰਿਆਂ ਦੀ ਇਕੱਠੀ ਘਾਲਣਾ ਹੈ। ਖਾਲਸਾ ਜੀ! ਜੋ ਪੰਥ ਵਿੱਚ ਆ ਕੇ ਇਕ ਰੂਪ ਹੋ ਜਾਂਦੇ ਨੇ, ਭਾਵੇਂ ਕਿਸੇ ਵੀ ਕੌਮ ਨਾਲ ਸਬੰਧ ਰਖਦਾ ਹੈ ਕਿਸੇ ਜਾਤ ਪਾਤ ਨਾਲ ਸਬੰਧ ਰਖਦਾ ਹੈ। ਏਥੇ ਕੋਈ ਸਵਾਲ ਨਹੀਂ ਹੈ। ਏਥੇ ਤਾਂ ਸਿਰਫ ਪੰਥ ਦਾ ਸਵਾਲ ਹੈ।

ਜੋ ਗੁਰੂ ਨਾਨਕ ਸਾਹਿਬ ਜੀ ਦਾ ਪੰਥ ਹੈ, ਏਥੇ ਕਿਸੇ ਨੂੰ ਹਟਕ ਨਹੀਂ, ਏਥੇ ਹਰੇਕ ਹੀ ਆ ਕੇ ਪੰਥ ਵਿਚ ਸ਼ਾਮਲ ਹੁੰਦਾ ਸੀ ਅਤੇ ਸੇਵਾ ਕਰਕੇ ਆਪਣਾ ਜੀਵਨ ਸਫਲ ਕਰਦਾ ਸੀ। ਸੋ ਇਸ ਵਾਸਤੇ ਇਹ ਸੱਚਾ ਸੁੱਚਾ ਮਾਰਗ ਹੈ ਖਾਲਸੇ ਪੰਥ ਦਾ। ਆਉ ਭਾਈ ਰਤਨ ਸਿੰਘ ਜੀ ਫੁਰਮਾਉਂਦੇ ਨੇ ਆਪਾਂ ਪ੍ਰੇਮ ਪੂਰਵਕ ਸ੍ਰਵਣ ਕਰਨਾ ਹੈ:-

ਦੋਹਰਾ॥ ਸ੍ਰੀ ਗੁਰ ਨਾਨਕ ਚਰਨ ਬੰਦ, ਗੁਰ ਗੋਬਿੰਦ ਸਿੰਘ ਧਜਾਇ॥ ਸਭ ਤੋਂ ਪ੍ਰਥਮੇ ਗੁਰ ਚਰਨਾਂ ਦਾ ਆਸਰਾ ਲੈਂਦੇ ਹੋਏ ਭਾਈ ਰਤਨ ਸਿੰਘ ਜੀ ਲਿਖਦੇ ਨੇ। ਗੁਰੂ ਨਾਨਕ ਸਾਹਿਬ ਜੀ ਨੂੰ ਧਿਆਉਂਦੇ ਹਨ ਅਤੇ ਦਸਵੀਂ ਜੋਤਿ ਨੂੰ ਸਮੁੱਚੇ ਤੌਰ ਤੇ ਅਰਦਾਸ ਕਰਦੇ ਹਨ ਜਿਵੇਂ ਆਪਾਂ ਹੁਣੇ ਹੀ ਅਰੰਭ ਕਰਨ ਲੱਗਿਆਂ ਕੀਤੀ ਹੈ ਸੂਖਮ ਜਿਹੇ ਰੂਪ ਵਿਚ ਗੁਰੂ ਨਾਨਕ ਗੁਰੂ ਗੋਬਿੰਦ ਸਿੰਘ ਜੀ ਦੇ ਚਰਨਾਂ ਨੂੰ ਧਿਆ ਕੇ ਅੱਗੇ ਕਥਾ ਅਰੰਭ ਕਰਦੇ ਹਨ।

ਲਿਖੋਂ ਉਤਪਤੀ ਖਾਲਸੇ, ਮੋ ਨਿਜ ਕਰਹੁ ਸਹਾਇ॥ ੧॥ ਹੇ ਗਰੀਬ ਨਿਵਾਜ ਗੁਰੂ ਨਾਨਕ ਪਾਤਸ਼ਾਹ! ਗੁਰੂ ਗੋਬਿੰਦ ਸਿੰਘ ਸਾਹਿਬ ਜੀਉ! ਮੈਂ ਤੁਹਾਡੇ ਖਾਲਸੇ ਪੰਥ ਦੀ ਉਤਪਤੀ ਜਿੰਨੀ ਮੈਨੂੰ ਬੁਧ ਬਲ ਦਿਤਾ ਹੈ ਮੈਂ ਲਿਖਣ ਲੱਗਿਆ ਹਾਂ ਮੇਰੀ (ਨਿਜ) ਆਪਣਾ ਹੱਥ ਦੇ ਕੇ ਸਹਾਇਤਾ ਕਰੋ। ੧।

ਚੌਪਈ-ਅਬ ਮੈਂ ਲਿਖੋਂ ਸਿੰਘਨ ਕੀ ਸਾਖੀ॥ ਹੁਣ ਭਾਈ ਸਾਹਿਬ ਜੀ ਕਹਿੰਦੇ ਨੇ ਸੁਣੋ ਖਾਲਸਾ ਜੀ! ਮੈਂ ਸਿੰਘਾਂ ਪਿਆਰਿਆਂ ਦੀਆਂ ਸਾਖੀਆਂ ਤੋਂ ਸ਼ੁਰੂ ਕਰਨ ਲੱਗਿਆਂ ਹਾਂ, ਸਿੰਘਾਂ ਦੀ ਸਾਖੀ ਲਿਖਦਾ ਹਾਂ।

ਜਿਹ ਬਿਧ ਬਡਨ ਅਸਾਡਨ ਆਖੀ॥ ਜਿਸ ਤਰ੍ਹਾਂ ਮੈਨੂੰ ਮੇਰੇ ਵੱਡਿਆਂ ਬਜੁਰਗਾਂ ਸ਼ਾਮ ਸਿੰਘ ਜੀ, ਮਤਾਬ ਸਿੰਘ ਜੀ, ਪਿਤਾ ਰਾਏ ਸਿੰਘ ਜੀ ਅਤੇ ਸੁੱਖਾ ਸਿੰਘ ਜੀ, ਜਿਨ੍ਹਾਂ ਜਿਨ੍ਹਾਂ ਪ੍ਰਾਚੀਨ ਸਿੰਘਾਂ ਨੂੰ ਮਿਲਦੇ ਰਹੇ ਨੇ ਜਿਵੇਂ ਉਹ ਵੱਡਿਆਂ ਬਜੁਰਗਾਂ ਸਿੰਘਾਂ ਨੇ ਆਖੀ ਹੈ। ਇਹਦੇ 'ਚ ਉਹਨਾਂ ਨੇ ਇਹ ਨਹੀਂ ਕਿਹਾ ਕਿ ਉਹਨਾਂ ਨੂੰ ਆਪਣੇ ਦਾਦੇ ਨੇ ਆਖੀ ਹੈ ਜੋ ਉਹਨਾਂ ਨੂੰ ਪ੍ਰਾਚੀਨ ਸਿੰਘਾਂ ਨੇ ਓਸ ਮੌਕੇ ਜਿਹੜੇ ਉਹਨਾਂ ਦੇ ਸਾਥੀ ਸਨ, ਜਿਹੜੇ ਭਾਈ ਮਤਾਬ ਸਿੰਘ ਨੂੰ ਮਿਲਦੇ ਰਹੇ ਇਹਨਾਂ ਦੇ ਪ੍ਰਵਾਰ ਵਿਚ ਵੀ ਉਹ ਵੀ ਮਿਲਣ ਆਉਂਦੇ ਸਨ, ਇਉਂ ਉਹਨਾਂ ਸਾਰਿਆਂ ਨੇ ਜਿਵੇਂ ਦੱਸਣੀ ਕੀਤੀ ਕਹਿੰਦੇ ਅਸੀਂ ਓਸ ਤਰ੍ਹਾਂ ਲਿਖਦੇ ਹਾਂ।

ਔਰ ਪੁਰਾਤਨ ਤੇ ਭੀ ਸੁਨੀ॥ ਹੋਰ ਪੁਰਾਤਨ ਸਿਖਾਂ ਤੋਂ ਮੈਂ ਜਿਸ ਤਰ੍ਹਾਂ ਸੁਣਿਆ ਹੈ ਇਤਿਹਾਸ ਨੂੰ।

ਹੁੰਤ ਜੁ ਬਿਰਧ ਸਿੱਖ ਬਹੁਗੁਣੀ॥ ੨॥ ਜਿਹੜੇ ਬਿਰਧ ਸਿਖ ਸਨ। ਜਿਹਨਾਂ ਨੇ ਤੇਗਾਂ ਮਾਰੀਆਂ ਸਨ ਪੰਥ ਵਿੱਚ ਰਲਕੇ ਅਤੇ ਗੁਣਵਾਨ ਸਿੰਘ ਹੁੰਦੇ ਸਨ। ਖਾਲਸਾ ਜੀ ਪੰਥ ਵਿੱਚ ਰਹਿਕੇ ਗੁਣ ਸਿੱਖੇ ਜਾਂਦੇ ਹਨ ਇਹ ਸਾਡੀ ਪਾਠਸ਼ਾਲਾ ਹੈ, ਇਹ ਸਾਡਾ ਪੜ੍ਹਾਈ ਕਰਨ ਦਾ ਸਕੂਲ ਹੈ ਗੁਰੂ ਖਾਲਸਾ ਪੰਥ ਜੋ ਹੈ ਜਿਥੇ ਅਣਜਾਣ ਆਉਂਦੇ ਹਨ ਔਰ ਬਾਲਕ ਬੁੱਧੀ ਵਿਚ ਆ ਕੇ ਫਿਰ ਕਿਵੇਂ ਸਿਆਣੇ ਬਣ ਜਾਂਦੇ ਹਨ? ਇਥੋਂ ਨਾਨਾ ਪ੍ਰਕਾਰ ਦੇ ਗੁਣ ਪ੍ਰਾਪਤ ਕਰ ਲੈਂਦੇ ਹਨ, ਜੋ ਸੰਸਾਰ ਵਿੱਚ ਵਰਤਣ ਵਿਚ ਆਉਂਦੇ ਨੇ ਉਹ ਵੀ ਅਤੇ ਪ੍ਰਮਾਰਥਕ ਵੀ। ੨।

ਸੋ ਮੈਂ ਕਹੋਂ ਯਥਾ ਮਤ ਮਾਹੀ॥ ਉਹ ਆਪਣੀ ਬੁੱਧ ਬਲ ਦੇ ਨਾਲ ਮੈਂ ਲਿਖਦਾ ਹਾਂ (ਦੱਸਦਾ ਹਾਂ)।

ਮਨ ਤਨ ਪ੍ਰੀਤ ਭਾਉ ਭੈ ਦਾਹੀ॥ ਆਪਣੇ ਮਨ ਕਰਕੇ, ਸਰੀਰ ਕਰਕੇ, ਪ੍ਰੀਤ ਕਰਕੇ (ਭਾਉ) ਪ੍ਰੇਮ ਕਰਕੇ, ਡਰ ਨੂੰ ਨਾਸ ਕਰਨ ਵਾਲੀ ਹੈ ਉਹ ਮੈਂ ਵਿਥਿਆ ਦਸਦਾ ਹਾਂ।

ਜਿਹ ਬਿਧਿ ਕਹੀ ਅੰਗਰੇਜਨ ਸੰਗ॥ ਜਿਸ ਤਰੀਕੇ ਨਾਲ ਅੰਗਰੇਜ਼ਾਂ ਨੂੰ ਦੱਸਣਾ ਕੀਤਾ। ਮੈਂ ਦੱਸਣਾ ਕੀਤਾ ਅੰਗਰੇਜ਼ਾਂ ਨੂੰ ਭਾਈ ਰਤਨ ਸਿੰਘ ਜੀ ਕਹਿੰਦੇ ਨੇ। ਕਿਉਂਕਿ ਕਾਰਣ ਬਣਿਆ ਨਾ ਦੱਸਣ ਦਾ। ਉਹ ਮੈਂ ਸਾਰੀ ਸਾਖੀ ਨੋਟ ਕਰਵਾ ਰਿਹਾ ਹਾਂ, ਜਿਵੇਂ ਅੰਗਰੇਜ਼ਾਂ ਨੂੰ ਲਿਖਵਾਈ ਹੈ। ਖਾਲਸਾ ਜੀ! ਇਹ ਤੁਹਾਡਾ ਇਤਿਹਾਸ ਜਿਹੜਾ ਨਾ, ਅੰਗਰੇਜ਼ਾਂ ਨੇ ਲਿਖਾਉਣਾ ਕੀਤਾ, ਇਹਨੂੰ ਉਹਨਾਂ ਰੱਖਣਾ ਕੀਤਾ ਇਹਦੀ ਉਹਨਾਂ ਸੱਚ ਝੂਠ ਦੀ ਪਰਖ ਕਰਕੇ, ਵਲਾਇਤ ਵਿਚ ਭੇਜਿਆ ਸਾਰਿਆਂ ਹੀ ਮੁਲਕਾਂ ਦੀਆਂ ਤਿੰਨ ਸੌ ਸੱਠ (੩੬੦) ਭਾਸ਼ਾ ਵਿਚ। ਇਸ ਨੂੰ ਨੋਟ ਕਰਕੇ ਸਾਰਿਆਂ ਮੁਲਕਾਂ ਨੂੰ ਉਹਦੀਆਂ ਨਕਲਾਂ ਭੇਜੀਆਂ ਗਈਆਂ, ਜੋ ਅੱਜ ਵੀ ਮੌਜੂਦ ਹੈਨ ਸਾਰੇ ਮੁਲਕਾਂ ਕੋਲ ਪ੍ਰਾਚੀਨ। ਕਿਸੇ

ਮੁਲਕ 'ਚ ਕੋਈ ਹੱਲਾ ਗੁੱਲਾ ਹੋ ਕੇ ਕਿਸੇ ਦੀ ਲਾਇਬਰੇਰੀ ਨਾਸ ਹੋ ਗਈ ਹੋਵੇ ਤਾਂ ਕੀ ਆਖਣਾ ਹੈ, ਨਹੀਂ ਜਿਥੇ ਜਿਥੇ ਬਾਦਸ਼ਾਹੀਆਂ ਦੀਆਂ ਲਾਇਬਰੇਰੀਆਂ ਕਾਇਮ ਹਨ ਉਥੇ ਸਭ ਦੇ ਵਿਚ ਇਹ ਮੌਜੂਦ ਪਿਆ ਹੈ।

ਰਖੋਂ ਉਥਾਨਕਾ ਸੋਊ ਪ੍ਰਸੰਗ॥ ੩॥ ਮੈਂ ਓਸੇ ਤਰੀਕੇ ਨਾਲ ਜਿਵੇਂ ਖਾਲਸੇ ਦਾ ਪ੍ਰਸੰਗ ਹੋਇਆ ਹੈ, ਜਿਸ ਤਰ੍ਹਾਂ ਓਥੇ ਬਤੀਤ ਹੋਈ ਹੈ, ਭਾਈ ਸਾਹਿਬ ਜੀ ਕਹਿੰਦੇ ਨੇ ਮੈਂ ਓਸੇ ਤਰ੍ਹਾਂ ਨੋਟ ਕਰਨ ਲੱਗਿਆਂ ਹਾਂ ਸਾਖੀ। ੩।

ਹੁਤੋ ਢਬਾਈ ਫ੍ਰਾਂਸੀਸ ਫਿਰੰਗੀ॥ ਉਹ ਫਿਰੰਗੀ ਅੰਗਰੇਜ ਸੀ, ਢਬਾਈ ਉਹਦਾ ਨਾਂ ਸੀ ''ਫ੍ਰਾਂਸੀਸ ਫਿਰੰਗੀ'' ਇਹ ਜੋ ਹੈ ਮੁਲਕ ਹੈ ਨਾ ਸਾਰੇ ਇਹਨਾਂ ਦੇ ਨਾਮ ਹਨ ਅੰਗਰੇਜ ਸੀ ਓਸ ਤੋਂ ਚਲਦਾ ਕਾਰਜ। ਫਰਾਂਸੀਸ=ਫਰਾਂਸ ਦੇ ਰਹਿਣ ਵਾਲਾ।

ਮ੍ਰਹੱਟਨ ਨੌਕਰ ਰਖਜੋ ਸੁ ਜੰਗੀ॥ ਉਹ ਅੰਗਰੇਜ਼ ਮਰਹੱਟਿਆਂ ਦਾ ਜੰਗੀ ਨੌਕਰ ਰੱਖਿਆ ਸੀ। ਉਹ ਭਾਵੇਂ ਹਿੰਦੋਸਤਾਨ ਵਿਚ ਰਾਜ ਵੀ ਕਰਨਾ ਚਾਹੁੰਦੇ ਸਨ। ਉਹ ਇਕ ਤਰ੍ਹਾਂ ਨਾਲ ਵਪਾਰੀ ਬਣ ਕੇ ਹਿੰਦੋਸਤਾਨ ਵਿਚ ਆਏ ਸਨ ਉਸ ਵੇਲੇ ਦੇ ਜੰਗੀ ਜਰਨੈਲ ਜਿਹੜੇ ਸਨ ਆਪਣੀ ਉਪਜੀਵਕਾ ਵਾਸਤੇ, ਆਪਣੇ ਨਿਰਬਾਹ ਵਾਸਤੇ। ਇਥੋਂ ਦੇ ਜਿਹੜੇ ਬਾਦਸ਼ਾਹ ਸਨ, ਜਾਂ ਇਥੋਂ ਦੇ ਸਰਦਾਰ ਰਾਜੇ ਸਨ ਓਸ ਮੌਕੇ ਉਹਨਾਂ ਕੋਲ ਨੌਕਰੀਆਂ ਕਰਦੇ, ਉਹਨਾਂ ਦੀਆਂ। ਉਹਨਾਂ ਦੀਆਂ ਜਰਨੈਲੀਆਂ ਕਰਦੇ, ਸਿਆਣੇ ਹੁੰਦੇ ਸਨ ਲੋਕ ਉਹ, ਇਸ ਕਰਕੇ ਆਪਣੀ ਸਿਆਣਪ ਨਾਲ ਜੀਵਨ ਬਤੀਤ ਕਰਦੇ, ਅਤੇ ਲੋਕਾਂ ਦਾ ਬੰਦੋਬਸਤ ਸਿਆਣਪ ਨਾਲ ਕਰਕੇ, ਲੋਕਾਂ ਕੋਲ ਨੌਕਰੀਆਂ ਲੈਂਦੇ ਸਨ।

ਇਕ ਕੰਪੂ ਤਿਸ ਸੁਪੁਰਦ ਕਰ ਦਯੋ॥ ਇਸੇ ਤਰ੍ਹਾਂ ਮਰਹੱਟਿਆਂ ਨੇ ਨੌਕਰ ਰੱਖ ਲਿਆ ਓਸ ਫਿਰੰਗੀ ਨੂੰ, ਨੌਕਰ ਰੱਖ ਕੇ ਇੱਕ ਕੰਪੂ ਭਾਵ ਇਕ ਬਰਗੇਡ ਸਮਝ ਲਉ ਫੌਜ ਦਾ, ਉਸਦੇ ਸਪੁਰਦ ਕਰ ਦਿੱਤਾ। (ਬਈ) ਇਹ ਤੁਹਾਨੂੰ ਫੌਜ ਦਿੱਤੀ, ਸਾਡੇ ਮੁਲਕ ਦਾ ਇੰਤਜਾਮ ਕਰੋ। ਸਾਡੀਆਂ ਹੱਦਾਂ ਦੀ ਰਾਖੀ ਕਰੋ, ਇਉਂ ਕਰਕੇ ਉਹਦੀ ਡਿਊਟੀ ਲਾ ਦਿੱਤੀ।

ਬਹੁਤ ਬਰਸ ਸੋ ਚਾਕਰ ਰਹਯੋ॥ ੪॥ ਬਹੁਤ ਸਾਲ ਬੜਾ ਸਮਾਂ ਇਥੇ ਚਾਕਰੀ ਨੌਕਰੀ ਕਰਦਾ ਰਿਹਾ ਮ੍ਰਹੱਟਿਆਂ ਦੀ। ੪।

ਭਜੋ ਬੂਢੋ ਤੌ ਤੱਕਜੋ ਵਤਨ॥ ਬਿਰਧ ਹੋ ਗਿਆ, ਹਮੇਸ਼ਾਂ ਹੀ ਹਰੇਕ ਨੂੰ ਆਪਣਾ ਆਪਣਾ ਵਤਨ, ਆਪਣਾ ਆਪਣਾ ਦੇਸ਼ ਪਿਆਰਾ ਹੁੰਦਾ ਹੈ, ਇਹ ਬੁੜ੍ਹਾ ਹੋ ਕੇ ਇਸ ਨੇ ਵੀ ਦੇਖਿਆ ਬਈ ਹੁਣ ਚਲੀਏ ਆਪਣੇ ਮੁਲਕ ਨੂੰ, ਆਪਣੇ ਦੇਸ਼ ਦੇ ਹਾਲਾਤ ਦੇਖੀਏ।

ਤੁਰਯੋ ਬੇਚ ਸਭ ਆਪਨ ਜਤਨ॥ ਜਤਨ ਕਰਕੇ ਆਪਣਾ ਭਾਵ ਜੋ ਜੋ ਆਪਣਾ ਮਾਲ ਧਨ ਬਣਾਇਆ ਸੀ, ਜੋ ਜੋ ਇਹਦੇ ਕੋਲ ਸਮਾਨ ਸੀ, ਉਹ ਵੇਚਣ ਵਾਸਤੇ ਉਸਨੇ ਤਿਆਰੀ ਕਰ ਲਈ, ਬਈ ਇਹ ਵੇਚ ਦੇਵਾਂ ਤੇ ਪੈਸਾ ਲੈ ਲਵਾਂ। ਪੈਸਾ ਲੈ ਕੇ ਮੈਂ ਆਪਣੇ ਮੁਲਕ ਨੂੰ ਚਲਾ ਜਾਵਾਂ, ਓਥੇ ਵਸਾਂ ਜਾ ਕੇ।

ਪੀਰੂ ਭੈਣ ਜਾਯੋ ਉਸ ਆਹਿ॥ ਇਸ ਦੀ ਇਕ ਭੈਣ ਸੀ, ਪੀਰੂ ਉਸ ਦਾ ਨਾਮ ਹੋਣਾ, ਉਸਦਾ ਇਕ ਪੁੱਤਰ ਸੀ, ਭਾਵ ਇਹ ਜਾਣ ਲੱਗਿਆ ਕੀ ਕਰ ਗਿਆ?

ਬਾਕੀ ਸੌਂਪ ਗਯੋ ਉਸ ਯਾਹਿ॥ ੫॥ ਜਿਹੜੀ ਇਹਦੇ ਕੋਲ ਫੌਜ ਸੀ, ਜੋ ਇਹਦੇ ਕੋਲ ਅਸਲਾ ਸੀ, ਸਾਮਾਨ ਸੀ, ਆਪਣੀ ਜਗ੍ਹਾ ਉਤੇ ਉਹਨੂੰ ਸਪੁਰਦ ਕਰ ਦਿੱਤਾ, ਲੈ ਬਈ ਬੱਚਾ! ਭਾਣਜੇ ਨੂੰ ਕਹਿਣ ਲੱਗਿਆ ਮੈਂ ਤਾਂ ਚਲਿਆਂ ਦੇਸ਼ ਨੂੰ, ਹੁਣ ਤੂੰ ਏਥੇ ਏਸ ਨੌਕਰੀ ਨੂੰ ਕਰ ਲੈ। ਆਪਣਾ ਨਿੱਜੀ ਸਾਮਾਨ ਤਾਂ ਉਸਨੇ ਵੇਚ ਦਿੱਤਾ ਜੋ ਉਸਨੇ ਬਣਾਇਆ ਸੀ। ਇਹ ਜੋ ਬਾਕੀ ਫੌਜ ਦਾ ਸਿਲਸਲਾ ਸਾਮਾਨ ਸੀ ਉਹ ਉਸਦੇ ਸਪੁਰਦ ਕਰ ਗਿਆ। ੫।

ਦੋਹਰਾ॥ ਸੋ ਪੀਰੂ ਇਕ ਕੰਪੂਓਂ, ਔਰ ਕੀਏ ਤਿੰਨ ਚਾਰ॥ ਉਹ ਗੱਭਰੂ ਸੀ ਨੌਜੁਆਨ ਸੀ ਉਸ ਨੇ ਇਕ ਕੰਪੂ ਤੋਂ ਤਿੰਨ ਚਾਰ, ਤਿੰਨ ਹਿੱਸੇ ਹੋਰ ਕਰ ਲਏ, ਚਾਰ ਬਰਗੇਡ ਬਣਾ ਲਏ।

ਦਿੱਲੀ ਅਤੇ ਆਗਰੋ ਗੰਗ, ਬੀਚ ਬਹਯੋ ਮਾਰ॥ ੬॥ ਮਰਹੱਟਿਆਂ ਵੱਲੋਂ ਇਹਨੂੰ ਇਜਾਜ਼ਤ ਸੀ ਸਾਡੀ ਰਾਖੀ ਕਰਨੀ

ਹੈ। ਸਾਡੇ ਜਿਹੜੇ ਆਕੀ ਇਲਾਕੇ ਨੇ ਉਹ ਮਾਰਕੇ ਮਿਲਾਉਣੇ ਹਨ ਸਾਡੇ ਨਾਲ। ਇਸ ਨੇ ਇਕ ਕੰਪੂ ਤੋਂ ਚਾਰ ਬਣਾ ਲਏ ਅਤੇ ਆਗਰੇ ਤੋਂ ਲੈ ਕੇ ਦਿੱਲੀ ਤੀਕਰ ਸਾਰਾ ਇਲਾਕਾ ਫਤੇ ਕਰ ਲਿਆ ਉਸਨੇ ਆਪਣਾ ਨਿੱਜੀ ਇਲਾਕਾ ਬਣਾ ਲਿਆ। ੬।

ਚੌਪਈ॥ ਮ੍ਰਹੱਟਨ ਕੋ ਤਬ ਸੰਸੋ ਪਯੋ॥ ਤਾਂ ਮਰਹੱਟਿਆਂ ਨੂੰ ਸੰਸਾ ਹੋ ਗਿਆ ਬਈ ਸਾਡੀ ਤਾਕਤ ਨਾਲੋਂ ਇਹ ਚਾਰ ਗੁਣਾਂ ਜ਼ਿਆਦਾ ਤਾਕਤ ਫੜ ਗਿਆ ਹੈ, ਔਰ ਆਪਣਾ ਮੁਲਕ ਬਣਾ ਲਿਆ ਵਖਰਾ ਇਸਨੇ। ਉਥੋਂ ਲਗਾਨ ਲੈਣਾ, ਆਪਣੇ ਸਪੁਰਦ ਆਪਣੇ ਖਜਾਨੇ ਭਰਨੇ ਸ਼ੁਰੂ ਕਰ ਦਿੱਤੇ।

ਚਾਹੈਂ ਮੁਲਕ ਉਸੈ ਤੇ ਲਯੋ॥ ਮਰਹੱਟੇ ਸੋਚਣ ਲੱਗੇ, ਇਸ ਤੋਂ ਮੁਲਕ ਲੈ ਲਈਏ ਆਪਣਾ, ਆਪਣੀ ਦਿੱਤੀ ਫੌਜ ਵਾਪਸ ਲੈ ਲਈਏ, ਦਿੱਤੀ ਸ਼ਕਤੀ ਵਾਪਸ ਲੈ ਲਈਏ ਇਸ ਤੋਂ, ਕਿਤੇ ਇਹ ਨਾ ਹੋਵੇ ਸਾਨੂੰ ਹੜੱਪ ਕਰ ਜਾਂਦਾ ਹੋਵੇ।

ਪੀਰੂ ਮਨਸੂਬੋ ਠਹਿਰਯੋ॥ ਇਹ ਪੀਰੂ ਭਾਣਜਾ ਜਿਹੜਾ ਸੀ ਓਸਨੇ ਮਨਸੂਬਾ ਬਣਾਇਆ, ਉਸਨੇ ਵੀ ਸਕੀਮ ਬਣਾਈ ਬਈ ਕਿਵੇਂ ਕਰੀਏ ਹੁਣ, ਇਹ ਹੁਣ ਹਿਲਜੁਲ ਕਰਦੇ ਨੇ ਸ਼ਾਇਦ ਮੇਰੇ ਨਾਲ ਲੜਾਈ ਸ਼ੁਰੂ ਕਰਨ।

ਬੇਚ ਦੇਸ ਅੰਗ੍ਰੇਜ਼ਨ ਦੈ ਗਯੋ॥ ੭॥ ਉਹਨੇ ਦੇਖਿਆ ਪਰਾਇਆ ਦੇਸ਼ ਹੈ। ਏਥੇ ਲੜਿਆਂ ਪੂਰਾ ਨਹੀਂ ਉਤਰ ਸਕਾਂਗਾ, ਤੇ ਕਿਉਂ ਨਾ ਹੁਣ ਮੈਂ ਕੰਪਨੀ ਨੂੰ ਵੇਚ ਦੇਵਾਂ ਮੁਲਕ। ਉਸਨੇ ਅੰਗਰੇਜ਼ਾਂ ਨਾਲ ਗੱਲ ਕਰ ਲਈ, ਇਹ ਮੁਲਕ ਮੇਰੇ ਸਪੁਰਦ ਹੈ ਮੇਰੇ ਨਾਲ ਗੱਲ ਕਰੋ ਮੈਨੂੰ ਪੈਸਾ ਦੇ ਦਿਉ, ਮੈਂ ਤੁਹਾਡੇ ਸਪੁਰਦ ਕਰ ਦਿੰਦਾ ਹਾਂ ਉਸਨੇ ਪੈਸੇ ਲੈ ਕੇ ਵੇਚ ਦਿੱਤਾ ਮੁਲਕ ਅੰਗਰੇਜ਼ਾਂ ਨੂੰ। ੭।

ਸੈਯ ਅਠਾਰਾਂ ਸੱਠੈ ਸਾਲ॥ ਅਠਾਰਾਂ ਸੌ ਸੱਠ (੧੮੬੦) ਸੰਮਤ ਸੀ ਓਸ ਮੌਕੇ।

ਗਯੋ ਮ੍ਰਹੱਟਨ ਕੋ ਵਹੁ ਗਾਲ॥ ਮਰਹੱਟਿਆਂ ਦੀ ਸ਼ਕਤੀ ਵੇਚ ਗਿਆ, ਇਹਨਾਂ ਦੀ ਫੌਜ, ਤਾਕਤ ਮੁਲਕ ਜੋ ਸੀ ਵੇਚ ਗਿਆ, ਗਾਲ ਗਿਆ, ਕੀ ਰਹਿ ਗਿਆ ਪੱਲੇ ਮਰਹੱਟਿਆਂ ਦੇ?

ਲਯੋ ਮੁਲਕ ਅੰਗ੍ਰੇਜ਼ਨ ਰੋਕ॥ ਫੇਰ ਅੰਗਰੇਜ਼ਾਂ ਨੇ ਮੁਲਕ ਰੋਕ ਲਿਆ ਓਸ ਮੌਕੇ ਦਿੱਲੀ ਤੋਂ ਆਗਰੇ ਤਾਈਂ ਜਿੰਨਾਂ ਮੁਲਕ ਸੀ ਸਾਰੇ 'ਤੇ ਅੰਗਰੇਜ਼ ਕਾਬਜ ਹੋ ਗਏ।

ਮ੍ਰਹੱਟਨ ਕੈ ਘਰ ਪਰ ਗਯੋ ਸ਼ੋਕ॥ ੮॥ ਮ੍ਰਹੱਟਿਆਂ ਦੇ ਘਰ ਸ਼ੋਕ ਪੈ ਗਿਆ। ਓਹ! ਸਾਡਾ ਮੁਲਕ, ਜਿੱਤਿਆ ਜਿਤਾਇਆ ਸ਼ਕਤੀ ਸਾਡੀ ਲੱਗੀ, ਮਾਇਆ ਸਾਡੀ ਲੱਗੀ, ਉਹ ਵੇਚ ਵੱਟ ਕੇ ਅਗਾਂਹ ਹੋਏ ਨੇ ਉਹ ਤਾਂ ਸਾਡਾ ਘਰ ਹੀ ਵੇਚ ਗਏ। ੮।

ਦਿੱਲੀ ਆਇ ਵੜਯੋ ਕਰਨੈਲ॥ ਇਹ ਜਿਹੜਾ ਅੰਗਰੇਜ਼ਾਂ ਦਾ ਕਰਨਲ ਸੀ, ਉਹਨੇ ਦਿੱਲੀ ਵਿੱਚ ਆ ਕੇ ਕਬਜਾ ਕਰ ਲਿਆ, ਦਿੱਲੀ ਵਿੱਚ ਆ ਕੇ ਫੌਜ ਉਤਾਰ ਦਿੱਤੀ।

ਲੌਨੀ ਅਖਤਰ ਜੋ ਜਰਨੈਲ॥ ਅੰਗਰੇਜ਼ਾਂ ਵੱਲੋਂ ਜੋ ਜਰਨੈਲ ਸੀ ਉਹਦਾ ਨਾਮ ਲੌਨੀ ਅਖਤਰ ਸੀ, ਉਸ ਲੌਨੀ ਅਖਤਰ ਨੇ ਇਥੇ ਆ ਕੇ ਦਿੱਲੀ ਦੇ ਵਿੱਚ।

ਸਿੰਘਨ ਘੇਰ ਲਈ ਚੜ੍ਹ ਦਿੱਲੀ॥ ਏਧਰੋਂ ਸਿੰਘਾਂ ਦਾ ਵੀ ਕੁਦਰਤੋਂ ਜ਼ੋਰ ਹੁੰਦਾ ਸੀ ਕਿ ਬਘੇਲ ਸਿੰਘ ਜੀ ਨੇ ਓਸ ਮੌਕੇ ਦਿੱਲੀ ਨੂੰ ਸੋਧਣਾ ਕੀਤਾ ਸੀ, ਦਿੱਲੀ ਨੂੰ ਲੁੱਟਣਾ ਕੀਤਾ ਸੀ, ਸਿੰਘਾਂ ਦਿੱਲੀ ਨੂੰ ਦਿਨ ਦੀਵੀਂ ਲੁਟਿਆ ਆ ਕੇ। ਉਹ ਕੁਦਰਤ ਨਾਲ ਦੇਵਨੇਤ ਨਾਲ ਜੋ ਅੰਗਰੇਜ਼ਾਂ ਨੇ ਮੁਲਕ ਖਰੀਦ ਲਿਆ ਸੀ, ਦਿੱਲੀ ਉਹਨਾਂ ਦੇ ਇਲਾਕੇ ਵਿਚ ਆਉਂਦੀ ਸੀ। ਕਾਬਜ਼ ਸਨ। ਆਪਣੀ ਇਥੇ ਰਾਜਧਾਨੀ ਨੂੰ ਆਪਣੇ ਸਪੁਰਦ ਕਰ ਲਿਆ ਉਹਨਾਂ ਨੇ ਅਤੇ ਇਧਰ ਕੁਦਰਤੀ ਸਿੰਘਾਂ ਨੇ ਜਦੋਂ ਹੱਲਾ ਕੀਤਾ ਦਿਵਾਲੀ ਦਾ ਜੋੜ ਮੇਲਾ ਨੇੜੇ ਆ ਰਿਹਾ ਕੁਛ ਮਾਰਾਂ ਮਾਰ ਲਈਏ, ਸਿੰਘਾਂ ਨੇ ਆ ਕੇ ਦਿੱਲੀ ਨੂੰ ਘੇਰ ਲਿਆ।

ਗੱਲ ਅੰਗ੍ਰੇਜ਼ਨ ਕਰ ਦਈ ਢਿੱਲੀ॥ ੯॥ ਅੰਗਰੇਜ਼ ਤਾਂ ਲੱਗੇ ਸੀ ਤਹਿਦ ਬਠਾਉਣ, ਸਿੰਘਾਂ ਨੇ ਆ ਕੇ ਦਿੱਲੀ ਨੂੰ ਘੇਰ ਲਿਆ, ਅੰਗਰੇਜ਼ਾਂ ਦੀ ਗੱਲ ਢਿੱਲੀ ਹੋ ਗਈ ਉਹ ਸੋਚਾਂ ਸੰਸੇ 'ਚ ਪੈ ਗਏ ਇਹ ਕੌਣ ਆ ਗਏ ਉਤੋਂ ਦੀ? ਇਹ ਕਿਹੜੇ ਮੁਲਕ ਦੀ ਫੌਜ ਹੈ? ਇਹ ਕੌਣ ਹਨ? ਇਹ ਕੀ ਬਣਿਆ? ਹੈਰਾਨਗੀ ਹੋ ਗਈ ਉਹਨਾਂ ਨੂੰ। ੯।

ਅੰਗ੍ਰੇਜ਼ਨ ਜਰਨੈਲ ਮਨ ਗੁੱਸਾ ਆਯਾ॥ ਜਿਹੜਾ ਇਹਨਾਂ ਦਾ ਜਰਨੈਲ ਸੀ ਉਸਦੇ ਮਨ 'ਚ ਗੁੱਸਾ ਆ ਗਿਆ, ਆਹ ਗਨੀਮ ਕੌਣ ਆ ਗਿਆ? ਇਹ ਕੌਣ ਹਨ ਸਾਡੇ 'ਤੇ ਚੜ੍ਹਨੇ ਵਾਲੇ।

ਨਾਂਹ ਸਿੰਘਨ ਸੋਂ ਜੋਰ ਬਸਾਯਾ॥ ਹੁਣ ਸਿੰਘਾਂ ਨਾਲ ਕੋਈ ਬਲ ਨਾ ਚੱਲਿਆ ਇਹਨਾਂ ਦਾ, ਸਿੰਘਾਂ ਦੇ ਸਰੂਪ ਦੇਖ ਕੇ ਸਿੰਘਾਂ ਦੀ ਸ਼ਕਤੀ ਨੂੰ ਵੇਖ ਕੇ, ਜਿਹਨਾਂ ਨੇ ਸਵਾ ਸਵਾ ਮਣ ਹਥਿਆਰ ਚੁੱਕੇ ਹੋਏ ਨੇ ਔਰ ਏਡੇ ਏਡੇ ਬਲੀ ਸਿੰਘ ਨੇ ਜਿਨ੍ਹਾਂ ਦੇ ਸਾਹਮਣੇ ਖੜ੍ਹਨਾ ਹੀ ਮੁਸ਼ਕਲ ਹੋ ਗਿਆ ਅੰਗਰੇਜ਼ ਜਿਵੇਂ ਕਹਿੰਦੇ ਨੇ ਸ਼ੌਕੀਨ ਬੰਦੇ ਜਿੰਨਾਂ ਕੁ ਉਹਨਾਂ ਕੋਲ ਬਲ ਸੀ ਸਿੰਘਾਂ ਦੇ ਬਲ ਨੂੰ ਵੇਖ ਕੇ ਹੈਰਾਨ ਹੋ ਗਏ ਅੱਗੋਂ ਬੋਲ ਵੀ ਨਾ ਸਕਿਆ ਕੋਈ ਅੰਗ੍ਰੇਜ਼।

ਤਬ ਅੰਗ੍ਰੇਜ਼ਨ ਪੁਛਯੋ ਪਤਿਸ਼ਾਹਿ॥ ਤਾਂ ਅੰਗਰੇਜ਼ਾਂ ਨੇ ਜੋ ਮੌਕੇ ਦਾ ਮੁਗਲ ਬਾਦਸ਼ਾਹ ਸੀ ਓਸ ਮੌਕੇ ਉਹਨੂੰ ਪੁਛਣਾ ਕੀਤਾ।

ਸਿੰਘਨ ਮੁਲਕ ਦੀਓ ਕਿਨ ਆਹਿ? ੧੦॥ ਇਹ ਜਿਹੜੇ ਸਿੰਘ ਨੇ, ਇਹ ਪੰਜਾਬ ਤੋਂ ਆਏ ਨੇ, ਇਹਨਾਂ ਨੂੰ ਮੁਲਕ ਕਿਹਨੇ ਦਿੱਤਾ ਹੈ? ਪੰਜਾਬ ਜਿਹਦੇ ਵਿਚ ਇਹ ਆਕੀ ਬੈਠੇ ਹਨ। ੧੦।

ਦੋਹਰਾ॥ ਮਾਰਯੋ ਕੌਣ ਗ਼ਨੀਮ ਇਨ? ਕੌਨ ਸਵਾਰਯੋ ਕਾਮ? ਉਹ ਪੁਛਦਾ ਹੈ ਬਾਦਸ਼ਾਹ ਦਾ ਕੀ ਕੰਮ ਕੀਤਾ? ਬਾਦਸ਼ਾਹ ਦਾ ਕਿਹੜਾ ਦੁਸ਼ਮਨ ਮਾਰਿਆ ਇਹਨਾਂ ਨੇ? ਅਤੇ ਕਿਹੜਾ ਬਾਦਸ਼ਾਹ ਦਾ ਕਾਰਜ ਇਹਨਾਂ ਨੇ ਸਿੱਧ ਕਰ ਕੇ ਦਿੱਤਾ? ਜਿਥੋਂ ਇਹਨਾਂ ਨੂੰ ਇਨਾਮ ਮਿਲ ਗਿਆ ਹੋਵੇ।

ਦੀਨੋ ਪਟੋ ਲਿਖਾਇ ਜਿਨ ਕਹੋ ਸ਼ਾਹਿ ਉਸ ਨਾਮ॥ ੧੧॥ ਪਾਤਸ਼ਾਹ ਜਿਨ੍ਹਾਂ ਨੇ ਇਹਨਾਂ ਨੂੰ ਪੰਜਾਬ ਦਾ ਪਟਾ ਲਿਖਕੇ ਦਿਤਾ ਮਾਲਕੀ **ਲਿਖਕੇ ਦਿੱਤੀ ਹੈ**, ਉਸ ਪਾਤਸ਼ਾਹ ਦਾ ਨਾਮ ਦੱਸੋ ਕੌਣ ਸੀ? ਅਸੀਂ ਪਤਾ ਕਰੀਏ। ੧੧।

ਚੌਪਈ॥ ਤਬ ਪਾਤਿਸ਼ਾਹਿ ਉੱਤਰ ਕਹਯੋ॥ ਤਦ ਦਿਲੀ ਦੇ ਪਾਤਸ਼ਾਹ ਉਤਰ ਦਿੱਤਾ ਅੰਗਰੇਜ਼ ਨੂੰ।

ਨਹੀਂ ਸ਼ਾਹਿ ਕਿਨ ਇਨ ਕੌ ਲਿਖ ਦਯੋ॥ ਕਿਸੇ ਪਾਤਸ਼ਾਹ ਨੇ ਇਹਨਾਂ ਨੂੰ ਨਹੀਂ ਲਿਖ ਕੇ ਦਿੱਤਾ, ਇਹਨਾਂ ਕੋਲ ਕੋਈ ਪਟਾ ਨਹੀਂ ਹੈ ਕੋਈ ਮਾਲਕੀ ਨਹੀਂ ਇਹਨਾਂ ਦੀ।

ਨਹੀਂ ਕਾਮ ਕੋਊ ਇਨੈ ਸਵਾਰਯੋ॥ ਤੇ ਨਾ ਹੀ ਇਹਨਾਂ ਨੇ ਬਾਦਸ਼ਾਹੀ ਕੋਈ ਕੰਮ ਸਵਾਰਿਆ ਹੈ ਕੋਈ ਸਿੱਧ ਕੀਤਾ ਜਾਂ ਬਾਦਸ਼ਾਹ ਦੇ ਕਿਸੇ ਦੁਸ਼ਮਣ ਨੂੰ ਮਾਰਿਆ ਹੋਵੇ।

ਨਾਂਹ ਗਨੀਮ ਕੋਊ ਇਨ ਨੈ ਮਾਰਯੋ॥ ੧੨॥ ਕੋਈ ਗ਼ਨੀਮ ਨਹੀਂ ਮਾਰਿਆ ਕੋਈ ਬਾਹਰੋਂ ਲੁਟੇਰਾ ਨਹੀਂ ਮਾਰਿਆ ਇਸ ਤਰ੍ਹਾਂ ਬੋਲਿਆ ਉਹ। ੧੨।

ਨਿਜਮਲ ਮੁਗਲ ਨੈ ਨਾਦਰ ਬੁਲਾਯੋ॥ ਨਿਜਾਮੂਦੀਨ ਜਿਹੜਾ ਸੀ ਮੁਗਲ, ਉਹਨੇ ਨਾਦਰਸ਼ਾਹ ਨੂੰ ਬੁਲਾਉਣਾ ਕੀਤਾ।

ਦਿੱਲੀ ਕੌ ਉਨ ਨਾਸ ਕਰਾਯੋ॥ ਤੇ ਉਹਨਾਂ ਨੂੰ ਸੱਦ ਕੇ ਪਠਾਣਾਂ ਨੂੰ ਦਿੱਲੀ ਦਾ ਉਹਨਾਂ ਨਾਸ ਕਰਵਾਇਆ।

ਰੁਹੇਲੇ ਨਜੀਬੇ ਅਹਿਮਦ ਸ਼ਾਹਿ ਸਦਵਾਯੋ॥ ਰੁਹੇਲਾ ਨਜੀਬਾ, ਨਜੀਬ ਖਾਂ ਜਿਹੜਾ ਸੀ ਓਸ ਮੌਕੇ ਦਿੱਲੀ ਦਾ ਬਾਦਸ਼ਾਹ ਉਹਨੇ ਫੇਰ ਅਹਿਮਦ ਸ਼ਾਹ ਅਬਦਾਲੀ ਨੂੰ, ਪਹਿਲਾਂ ਤਾਂ ਮੁਗਲ ਨਿਜ਼ਾਮੂਦੀਨ ਨੇ ਮੰਗਾਏ ਪਠਾਣ, ਉਹਨੇ ਸੱਦ ਕੇ ਮੁਗਲਾਂ ਨੂੰ ਨਾਸ ਕਰਵਾਇਆ ਫੇਰ ਇਹਨਾਂ ਨੇ ਪਠਾਣਾਂ ਨੂੰ ਸੱਦ ਕੇ, ਨਜੀਬਦੌਲਾ ਪਠਾਣ ਸੀ, ਇਹਨੇ ਪਠਾਣਾਂ ਨੂੰ ਸੱਦ ਕੇ ਮਹੱਟਿਆਂ ਦਾ ਨਾਸ ਕੀਤਾ। ਆਹ ਮਹੱਟਾ ਸ਼ਕਤੀ ਜਿਹੜੀ ਹੈ ਸਾਰੇ ਇਕੱਠੇ ਹੋ ਕੇ ਪਾਣੀਪਤ ਦੇ ਮੈਦਾਨ ਵਿਚ ਜਾ ਕੇ ਓਥੇ ਓਸਨੇ ਇਹਨਾਂ ਨੂੰ ਇਉਂ ਘੇਰ ਲਿਆ ਚੁਫੇਰਿਓਂ।

ਭਾਊ ਮਹੱਟੌ ਉਨੈ ਗਲਵਾਯੋ॥ ੧੩॥ ਦੇਸ਼ ਦਾ ਮਾਲਕ ਉਸ ਮੌਕੇ ''ਭਾਊ'' ਸੀ ਮਰਹੱਟਾ ਸੀ ''ਉਹਨੂੰ ਗਲਵਾਯੋ''

ਉਸਦਾ ਨਾਸ ਕਰਵਾ ਦਿੱਤਾ। ਦੱਸਿਆ ਇਤਿਹਾਸ ਵਿੱਚ ਨੌਂ ਕਰੋੜ ਰੁਪਏ ੯,੦੦,੦੦,੦੦੦) ਦੀ ਛਿਟੀ ਸੀ ਉਹਦੇ ਹੱਥ ਵਿਚ, ਇਤਨਾ ਅਮੀਰ ਉਸ ਵੇਲੇ ਮੂਹੱਟਾ ਦੇਸ ਸੀ, ਉਸਨੇ ਆ ਕੇ ਸਾਰੀ ਮੂਹੱਟਾ ਸ਼ਕਤੀ ਨੂੰ ਨਾਸ ਕਰ ਦਿੱਤਾ। ੧੩।

ਆਪ ਥੱਕ ਕੈ ਵਹੁ ਮੁੜ ਗਯੋ॥ ਲੜ ਲੜ ਕੇ ਇਥੇ ਪੰਜਾਬ ਵਿੱਚ ਥੱਕ ਗਿਆ, ਅਹਿਮਦ ਸ਼ਾਹ ਅਬਦਾਲੀ ਥੱਕ ਕੇ ਮੁੜਿਆ ਹੈ ਜਦੋਂ ਕੋਈ ਉਹਦਾ ਬਲ ਨਹੀਂ ਚਲਿਆ ਹੈ।

ਮੁਲਕ ਆਕੀ ਇਮ ਉਸ ਤੇ ਰਹਯੋ॥ ਵੈਸੇ ਰਾਜ ਤਾਂ ਮੁਗਲਾਂ ਦਾ ਹੀ ਸੀ ਉਦੋਂ ਤੋਂ ਆਕੀ ਹੋ ਗਿਆ ਮੁਲਕ ਭਾਵ ਸਿੰਘਾਂ ਨੂੰ ਮੁਲ਼ਖਈ ਦੱਸਿਆ, ਇਹ ਵੀ ਮੁਲਕ ਦੇ ਬਸ਼ਿੰਦੇ ਹਨ, ਇਹ ਆਕੀ ਹੋ ਗਏ, ਉਹ ਥੱਕ ਕੇ ਮੁੜ ਗਿਆ, ਇਸ ਕਰਕੇ ਇਹ ਆਕੀ ਹੋ ਗਏ ਪਿੱਛੇ ਇਹ ਮੁਗਲਾਂ ਤੋਂ।

ਸ਼ਾਹਿ ਦੁਸ਼ਟਿ ਇਮ ਕਪਟ ਉਚਾਰਾ॥ ਝੂਠ ਕਿਹਾ, ਸੱਚੀ ਗੱਲ ਕੋਈ ਨਾ ਕਹੀ, ਬਈ ਇਹਨਾਂ ਨੂੰ ਪਾਤਸ਼ਾਹੀ ਕਿਹਨੇ ਦਿੱਤੀਆ? ਜੋ ਖਾਲਸੇ ਪੰਥ ਨੇ ਗੁਰੂ ਸਾਹਿਬ ਜੀ ਦੇ ਚਰਨਾਂ ਦੀ ਸੇਵਾ ਕਰਕੇ ਪ੍ਰਾਪਤੀਆਂ ਕੀਤੀਆਂ ਸਨ, ਜਿਥੋਂ ਗੁਰੂ ਸਾਹਿਬ ਨੇ ਪ੍ਰਸੰਨ ਹੋ ਕੇ ਪਾਤਸ਼ਾਹੀਆਂ ਦਿੱਤੀਆਂ ਉਹ ਗੱਲ ਕੋਈ ਨਾ ਕਹੀ ਖਾਲਸੇ ਪੰਥ ਦੀ ਰਚਨਾ ਦੀ।

ਸਿੰਘਨ ਊਪਰ ਤੋੜਾ ਝਾੜਾ॥ ੧੪॥ ਇਹ ਤੋੜਾ ਝਾੜਿਆ ਉਸਨੇ, ਅੰਗ੍ਰੇਜ਼ ਇਹਨਾਂ ਦੇ ਗਲ ਪੈਣ, ਅੰਗ੍ਰੇਜ਼ ਇਹਨਾਂ ਦੀ ਸ਼ਕਤੀ ਨੂੰ ਨਸ਼ਟ ਕਰਨ ਤਾਂ ਕਿ ਪਰਤ ਕੇ ਦਿੱਲੀ ਵਿਚ ਨਾ ਆ ਸਕਣ। ੧੪।

ਸਿੰਘਨ ਕੋ ਉਨ ਰੱਖਤ ਬਤਾਯੋ॥ ਜੋ ਖਾਲਸਾ ਪੰਥ ਸੀ, ਜਿਹਨੂੰ ''ਨਾਨਕ ਪਾਤਸਾਹੀ ਪਾਤਸਾਹੁ'' ਪਾਤਸ਼ਾਹ ਗੁਰ ਨਾਨਕ ਜੀ ਨੇ ਜਿਨ੍ਹਾਂ ਨੂੰ ਪਾਤਸ਼ਾਹੀਆਂ ਬਖਸ਼ੀਆਂ ਸੀ। ਕਿਉਂਕਿ ਉਹਨਾਂ ਬਾਬਰ ਨਾਲ ਬਚਨ ਕੀਤਾ ਸੀ, ' ਬਾਬਰ! ਤੈਨੂੰ ਹਿੰਦੋਸਤਾਨ ਦੀ ਪਾਤਸ਼ਾਹੀ ਦਿੰਦੇ ਹਾਂ ਔਰ ਜੇ ਸਾਡੇ ਉਤੇ ਹੱਥ ਨਾ ਚੁੱਕਿਆ ਫੇਰ। ਜੇ ਸਾਡੇ ਉੱਤੇ ਹੱਥ ਚੁੱਕੇਂਗਾ ਤਾਂ ਫੇਰ ਅਸੀਂ ਖੋਹ ਕੇ ਸੰਗਤ ਨੂੰ ਦੇ ਦਿਆਂਗੇ ਇਹ ਪਾਤਸ਼ਾਹੀ। ਉਸਨੇ ਕਿਹਾ ਅਸੀਂ ਕਿਉਂ ਚੁਕਾਂਗੇ? ਪਰ ਇਹ ਛੇਤੀ ਹੀ ਕਾਹਲੇ ਪੈ ਗਏ, ਉਂਜ ਤਾਂ ਸੱਤ ਪਾਤਸ਼ਾਹੀਆਂ ਦਾ ਵਰਦਾਨ ਮਿਲਿਆ ਸੀ, ਲੇਕਿਨ ਕਾਹਲੇ ਪੈਣ ਕਰਕੇ ਇਹਨਾਂ ਤੋਂ ਗੁਰੂ ਨਾਨਕ ਪਾਤਸ਼ਾਹ ਜੀ ਨੇ ਖੋਹ ਲਿਆ। ਖੋਹ ਕੇ ਜੋ ਅੱਜ ਭੋਗ ਰਿਹਾ ਸਾਰਾ ਸੰਸਾਰ, ਪੰਜਾਬ ਵੀ ਵਿੱਚੇ ਹਿੰਦੋਸਤਾਨ, ਇਹ ਹਿੰਦੋਸਤਾਨ ਦੀ ਪਾਤਸ਼ਾਹੀ ਇਹ ਹੁਣ ਗੁਰੂ ਨਾਨਕ ਸਾਹਿਬ ਜੀ ਦੇ ਬਚਨਾਂ ਨਾਲ ਸਾਰਿਆਂ ਨੂੰ ਪ੍ਰਾਪਤ ਹੈ। ਨਹੀਂ ਤਾਂ ਇਹੋ ਜਿਹੇ ਬਸਤਰ ਆਦਿਕ ਇਹੋ ਜਿਹੇ ਫਲ ਮੇਵੇ, ਨਹੀਂ ਤਾਂ ਇਹੋ ਜਿਹੇ ਭੋਜਨ ਆਦਿਕ ਸਾਧਨ ਜਿਹੜੇ ਸਨ ਇਹ ਬਾਦਸ਼ਾਹ ਲੋਕਾਂ ਦੇ ਹੋਇਆ ਕਰਦੇ ਸਨ, ਗਰੀਬਾਂ ਨੂੰ ਇਹੋ ਜਿਹੇ ਕਿਥੇ ਵਿਚਾਰਿਆਂ ਨੂੰ? ਕਿਥੇ ਇਹੋ ਜਿਹੀ ਰੋਟੀ ਮਿਲਦੀ ਸੀ? ਨਾ ਕਪੜਾ ਮਿਲਦਾ ਸੀ, ਇਹ ਤਾਂ ਕੁਝ ਸਾਲ ਪਹਿਲਾਂ ਅੱਜ ਤੋਂ ਪੰਜਾਹ ਸੱਠ ਸਾਲ ਪਹਿਲਾਂ ਦੀ ਹਾਲਤ ਸੀ ਸਾਡੇ ਦੇਸ਼ ਦੀ ਇਹ ਕੀ ਹਾਲਤ ਸੀ ਹਾਲਾਂ ਕਿ ਇਤਨੇ ਮੁਗਲ ਵੀ ਰਾਜ ਕਰ ਗਏ, ਪਠਾਣ ਵੀ ਆਪਣਾ ਜ਼ੋਰ ਦਿਖਾ ਗਏ, ਸਾਰਾ ਕੁਛ ਲੁੱਟ ਲੁੱਟਈਏ ਕਰ ਗਏ। ਆਹ ਸਾਡਾ ਮੁਲਕ ਤਾਂ ਬਰਬਾਦ ਕਰ ਗਏ ਸਾਰਾ ਇਉਂ ਕਰਕੇ ਭਾਈ ਸਾਹਿਬ ਜੀ ਦੱਸਦੇ ਹਨ।

ਨਹਿੰ ਉਨ ਖਾਲਸੋ ਪੰਥ ਜਤਾਯੋ॥ ਜਿਵੇਂ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਰਚਨਾ ਕੀਤੀ ਸੀ ਖਾਲਸੇ ਪੰਥ ਦੀ, ਉਹ ਕੋਈ ਗੱਲ ਨਾ ਜਤਾਈ ਕੁਛ ਨਾ ਦੱਸਿਆ, ਝੂਠ ਹੀ ਮਾਰ ਦਿੱਤਾ।

ਨਹਿੰ ਉਨ ਗੁਰੂਅਨ ਭੇਦ ਕਛੂ ਕਹਾ॥ ਤੇ ਨਾ ਸਤਿਗੁਰਾਂ ਦਾ ਭੇਦ ਦਿੱਤਾ, ਕਿ ਸਤਿਗੁਰ ਸੱਚੇ ਪਾਤਸ਼ਾਹ ਜੀ ਨੇ ਕਿਵੇਂ ਖਾਲਸੇ ਪੰਥ ਨੂੰ ਸ਼ਕਤੀ ਦਿੱਤੀ? ਭਗਤੀ ਦਿੱਤੀ। ਕਿਵੇਂ ਨਾਮ ਦੀ ਦਾਤ ਵਰਤਾਈ? ਕਿਵੇਂ ਸੱਚੇ ਨਾਮ ਦਾ ਉਪਦੇਸ਼ ਦਿੱਤਾ? ਇਹ ਕਿਵੇਂ ਗੁਰੂ ਨਾਨਕ ਪਾਤਸ਼ਾਹ ਜੀ ਦਾ ਪੰਥ ਜਿਹੜਾ ਇਹ ਕਿਵੇਂ ਪ੍ਰਫੁਲਤ ਹੋਇਆ? ਕੋਈ ਗੱਲ ਨਾ ਦੱਸੀ।

ਗੁਰੂਅਨ ਸ਼ਾਹਨ ਜਿਮ ਝਗੜੋ ਰਹਾ॥ ੧੫॥ ਤੇ ਸਤਿਗੁਰਾਂ ਦਾ ਤੇ ਬਾਦਸ਼ਾਹਾਂ ਦਾ ਜਿਵੇਂ ਝਗੜਾ ਆਪਸ ਵਿਚ ਪਿਆ,

ਜਿਵੇਂ ਉਸ ਮੌਕੇ ਦੇ ਮੁਗਲ ਜਹਾਂਗੀਰ ਵਰਗੇ ਕਹਿੰਦੇ ਸਨ ਕਿ 'ਝੂਠੀ ਦੁਕਾਨ ਗੁਰ ਅਰਜਨ ਦੇਵ ਜੀ ਨੇ ਖੋਲ੍ਹੀ ਹੈ, ਮੈਂ ਇਸਨੂੰ ਬੰਦ ਕਰ ਦੇਣਾ ਹੈ', ਉਹ ਸਾਰੇ ਝਗੜੇ ਦੀ ਕੋਈ ਗੱਲ ਨਾ ਦੱਸੀ। ੧੫।

ਦੋਹਰਾ॥ ਸ੍ਰੀ ਗੁਰੂ ਨਾਨਕ ਜਿਮ ਭਯੋ ਆਗੇ ਵਧਯੋ ਪ੍ਰਤਾਪ॥ ਭਾਈ ਸਾਹਿਬ ਜੀ ਕਹਿੰਦੇ ਨੇ ਜਿਵੇਂ ਗੁਰੂ ਨਾਨਕ ਸਾਹਿਬ ਜੀ ਆਏ ਨੇ ਸੰਸਾਰ ਨੂੰ ਤਾਰਨ ਵਾਸਤੇ, ਅਤੇ ਅੱਗੇ ਉਹਨਾਂ ਤੋਂ ਪਾਤਸ਼ਾਹ ਜੋਤਿ ਪ੍ਰਕਾਸ਼ ਹੁੰਦੀ ਰਹੀ, ਜਿਵੇਂ ਗੁਰੂ ਨਾਨਕ ਪਾਤਸ਼ਾਹ ਦਾ ਪ੍ਰਤਾਪ ਵਧਿਆ ਸੰਸਾਰ 'ਤੇ ਉਹ ਕੋਈ ਗੱਲ ਨਾ ਪੱਲੇ ਪਾਈ ਕੁਛ ਨਾ ਲਿਖਾਇਆ।

ਜਿਮ ਬਾਬਰ ਪਰ ਕ੍ਰਿਪਾ ਭਈ ਕਹਯੋ ਨ ਮਨ ਰਖ ਪਾਪ॥ ੧੬॥ ਮਨ 'ਚ ਪਾਪ ਸੀ, ਰਈਅਤ ਕਹਿਕੇ ਮਰਵਾ ਦੇਈਏ, ਇਹਨਾਂ ਦੀ ਲੜਾਈ ਪੁਆ ਦੇਈਏ ਕਿਉਂਕਿ ਰਈਅਤ ਰਾਜ ਨਹੀਂ ਕਰ ਸਕਦੀ, ਰਈਅਤ ਕੋਲ ਕੀ ਬਲ ਹੁੰਦਾ ਪਾਤਸ਼ਾਹ ਕੋਲ ਤਾਂ ਸਾਰੀਆਂ ਤਾਕਤਾਂ ਹੁੰਦੀਆਂ ਹਨ ਇਸ ਵਾਸਤੇ ਮਨ 'ਚ ਪਾਪ ਰੱਖਿਆ ਬਈ ਸਿੰਘਾਂ ਦੀ ਸ਼ਕਤੀ ਨੂੰ ਨਸ਼ਟ ਕਰਵਾ ਦਿਆਂ ਇਹ ਸ਼ਕਤੀਸ਼ਾਲੀ ਨੇ ਇਸ ਵਾਸਤੇ ਮਨ ਵਿਚ ਪਾਪ ਸੀ ਉਹਨੇ ਕੋਈ ਗੱਲ ਨਾ ਪ੍ਰਗਟ ਕੀਤੀ। ੧੬।

ਚੌਪਈ॥ ਜਿਮ ਫਿਰ ਮੁਗ਼ਲਨ ਹਿੰਦੂ ਸਤਾਏ॥ ਜਿਵੇਂ ਫਿਰ ਮੁਗਲਾਂ ਨੇ ਹਿੰਦੋਸਤਾਨੀਆਂ ਨੂੰ ਦੁੱਖ ਦਿੱਤਾ, ਹਿੰਦੂਆਂ ਲੋਕਾਂ ਤੇ ਜ਼ੁਲਮ ਢਾਏ ਉਹ ਗੱਲ ਕੁਝ ਨਾ ਕਹੀ।

ਜਿਮ ਉਨ ਸਿਖ ਔ ਗੁਰੂ ਅਕਾਏ॥ ਜਿਸ ਤਰ੍ਹਾਂ ਗੁਰੂ ਸਾਹਿਬ ਜੀ ਦੇ ਉੱਤੇ ਹੱਲੇ ਬੋਲੇ, ਮਹਾਰਾਜ ਜੀ ਨੂੰ ਗ੍ਰਿਫਤਾਰ ਕੀਤਾ, ਤੱਤੀਆਂ ਤਵੀਆਂ 'ਤੇ ਬਿਠਾਇਆ, ਉਬਲਦੀਆਂ ਦੇਗਾਂ ਵਿਚ ਬਿਠਾਇਆ, ਉਹ ਕੋਈ ਗੱਲ ਨਾਂ ਕਹੀ, ਜਿਵੇਂ ਗੁਰੂ ਸਾਹਿਬਾਂ ਨੂੰ ਅਤੇ ਉਹਨਾਂ ਦੇ ਸਿੱਖਾਂ ਪਿਆਰਿਆਂ ਨੂੰ ਕਸ਼ਟ ਦਿੱਤੇ, ਉਹ ਕੋਈ ਗੱਲ ਨਾ ਦੱਸਣਾ ਕੀਤੀ।

ਜਿਮ ਜਿਮ ਗੁਰੂਅਨ ਸਿਰਰ ਸੁ ਕੀਯੋ॥ ਜਿਸ ਜਿਸ ਤਰ੍ਹਾਂ ਗੁਰੂਆਂ ਨੇ ਅੱਗੇ ਸਿਰੜ ਕੀਤਾ, ਸਿਦਕ ਕੀਤਾ, ਉਸ ਦੇ ਭਾਣੇ ਨੂੰ ਮੰਨ ਕੇ ਦਿਖਾਇਆ ਕਿ ਪ੍ਰਮੇਸ਼ਰ ਦੇ ਹੁਕਮ ਦੀ ਪਾਲਣਾ ਕਰੋ, ਜਿਵੇਂ ਵਾਹਿਗੁਰੂ ਕਰਦਾ ਹੈ ਠੀਕ ਹੈ, ਉਹ ਕੋਈ ਗੱਲ ਨਾ ਕਹੀ।

ਸੀਸ ਦੀਯੋ ਔ ਸਿਰਰ ਨ ਦੀਯੋ॥ ੧੭॥ ਉਹਨਾਂ ਨੇ ਸੀਸ ਵਾਰ ਦੇਣਾ ਕੀਤਾ ਹੈ, ਆਪਣਾ ਸਿਰੜ; ਸਿਦਕ ਨਹੀਂ ਛੱਡਿਆ ਹੈ, ਭਰੋਸਾ ਨਹੀਂ ਛੱਡਿਆ ਵਾਹਿਗੁਰੂ ਦਾ, ਹੌਂਸਲਾ ਨਹੀਂ ਛੱਡਿਆ। ੧੭।

ਜਿਹ ਬਿਧਿ ਬੈਰ ਸ਼ਾਹਨ ਗੁਰ ਭਯੋ॥ ਜਿਸ ਤਰੀਕੇ ਨਾਲ ਬਾਦਸ਼ਾਹ ਦਾ ਤੇ ਗੁਰੂਆਂ ਦਾ ਵੈਰ ਹੋ ਗਿਆ, ਕਿਥੇ ਉਥੋਂ ਬਖਸ਼ਸ਼ਾਂ ਲਈਆਂ ਸਨ, ਬਾਬਰ ਨੇ ਬਖ਼ਸ਼ਨ ਲਈ ਇਹਦੇ ਪੁਤਰ ਹਮਾਯੂੰ ਨੇ ਦੁਬਾਰੇ ਫਿਰ ਗੁਰੂ ਅੰਗਦ ਜੀ ਤੋਂ ਬਖਸ਼ਸ਼ ਲਈ, ਉਹ ਤਾਂ ਗੱਲ ਹੀ ਨਾ ਦੱਸਣਾ ਕੀਤੀ ਕੋਈ।

ਜਿਮ ਗੁਰ ਹੁਕਮ ਹੁਇ ਪੰਥ ਰਚਯੋ॥ ਜਿਵੇਂ ਸਤਿਗੁਰਾਂ ਦੇ ਹੁਕਮ ਨਾਲ ਪ੍ਰਮੇਸ਼ਰ ਦਾ ਹੁਕਮ ਹੋਇਆ—

"ਮੈਂ ਅਪਨਾ ਸੁਤ ਤੋਹਿ ਨਿਵਾਜਾ॥ ਪੰਥ ਪ੍ਰਚੁਰ ਕਰਬੇ ਕਹੁ ਸਾਜਾ॥" ਕਲਗੀਧਰ ਪਾਤਸ਼ਾਹ ਜੀ ਨੇ ਆਪਣੀ ਕਲਮ ਨਾਲ ਲਿਖਿਆ ਹੈ ਉਹ ਗੱਲ ਕੋਈ ਨਾ ਬਿਆਨ ਕੀਤੀ।

ਪੰਥ ਮਦਤ ਕੋ ਚੰਡਿ ਜਗਾਈ॥ ਖਾਲਸਾ ਜੀ ਬੜੀ ਹੈਰਾਨਗੀ ਦੀ ਗੱਲ ਹੈ, ਬਿਨਾਂ ਆਪਣੇ ਇਤਿਹਾਸ ਦੀ ਖੋਜ ਤੋਂ, ਬਿਨਾਂ ਹੀ ਕਿਸੇ ਗੱਲ ਤੋਂ ਆਪਣਿਆਂ ਸਿੱਖਾਂ ਵਿੱਚ ਵੀ ਇਹ ਗੱਲ ਚਲਦੀ ਹੈ, ਚਰਚਾ ਪਰਚਾ ਅਸੀਂ ਕਰਦੇ ਰਹਿੰਦੇ ਹਾਂ ਭਾਵ ਇਹ ਸਮਝ ਤੋਂ ਬਿਨਾਂ, ਸਤਿਗੁਰੂ ਸੱਚੇ ਪਾਤਸ਼ਾਹ ਜੀ ਦੱਸਦੇ ਨੇ ਉਸਨੂੰ ਸ਼ਕਤੀ ਕਹਿੰਦੇ ਹਾਂ ਅਸੀਂ, ਜਿਸਨੂੰ ਸੰਸਾਰੀ ਲੋਕ ਕੁਦਰਤ ਵੀ ਕਹਿੰਦੇ ਹਨ, ਗੁਰੂ ਨਾਨਕ ਸਾਹਿਬ ਜੀ ਨੇ ਆਪ ਬਿਆਨ ਕੀਤਾ ਪ੍ਰਥਮ ਬਾਣੀ ਜਪੁਜੀ ਸਾਹਿਬ ਵਿਚ ***"ਏਕਾ ਮਾਈ ਜੁਗਤਿ ਵਿਆਈ ਤਿਨ ਚੇਲੇ ਪਰਵਾਣੁ॥ ਇਕ ਸੰਸਾਰੀ ਇਕ ਭੰਡਾਰੀ ਇਕ ਲਾਇ ਦੀਬਾਣੁ॥"*** ਜਿਵੇਂ ਵਾਹਿਗੁਰੂ ਨੇ ਆਪ ਨਿਰਾਕਾਰ ਹੋ ਕਰਕੇ ਆਪਣੀ ਸ਼ਕਤੀ ਨੂੰ ਹੁਕਮ ਦੇ ਕੇ ਸੰਸਾਰ ਦੀ ਉਤਪਤੀ ਕੀਤੀ ਹੈ ਉਹ ਦੱਸਣੀ ਕੀਤੀ ਜੋ ਸਾਰੇ ਸੰਸਾਰ ਨੂੰ ਉਤਪਤਿ ਕਰਨ ਵਾਲੀ ਮਾਤਾ ਰੂਪ ਹੈ, ਉਸ ਰੂਪ

ਨੂੰ ਦਰਸਾਇਆ ਹੀ ਨਾ, ਉਹ ਇਸ ਵਾਸਤੇ ਸਾਰੀ ਗੱਲ ਭੇਦ ਵਿਚ ਰਖਣਾ ਕੀਤੀ, ਸੋ ਆਪਾਂ ਵੀ ਉਨ੍ਹਾਂ ਲੋਗਾਂ ਦੀਆਂ ਗੱਲਾਂ ਮਗਰ ਸਿਖ ਧਰਮ ਵਾਲੇ ਲੱਗੇ ਫਿਰਦੇ ਹਾਂ, ਆਪਣੇ ਘਰ ਦੀ ਵਿਚਾਰ ਨਹੀਂ ਕਰਦੇ ਜਿਵੇਂ ਸਾਹਿਬਾਂ ਨੇ ਨੈਣਾਂ ਦੇਵੀ ਦੇ ਪਹਾੜ ਉੱਤੇ ਜਾ ਕੇ ਜਗ ਦੀ ਰਚਨਾ ਕੀਤੀ ਜਿਥੋਂ ''ਚੰਡਿ ਜਗਾਈ'' ਚੰਡਿ ਤੋਂ ਚੰਡ ਜੋ ਅਕਾਲ ਪੁਰਖ ਦੀ ਸ਼ਕਤੀ ਹੈ, ਵਾਹਿਗੁਰੂ ਦੀ ਸ਼ਕਤੀ ਹੈ ਜੋ ਦੇਖੋ ਗੁਰਬਾਣੀ ਪੜ੍ਹਕੇ ਦਸਮ ਗ੍ਰੰਥ ਵਿੱਚ ਜਿਨ੍ਹੀ ਜਿਨ੍ਹੀ ਅਕਾਲ ਪੁਰਖ ਨੂੰ ਧਿਆਇਆ ਹੈ ਵਾਹਿਗੁਰੂ ਨੂੰ ਧਿਆਇਆ ਹੈ, ਉਹ ਨਿਰਾਕਾਰ ਦੇ ਤਾਂ ਦਰਸ਼ਨ ਨਹੀਂ ਹੁੰਦੇ, ਉਹਦੀ ਸ਼ਕਤੀ ਦੇ ਦਰਸ਼ਨ ਹੁੰਦੇ ਨੇ ਜਿਹਨੂੰ ਲੋਕ ਭਵਾਨੀ ਕਹਿੰਦੇ ਨੇ, ਕਾਲਕਾ ਕਹਿੰਦੇ ਨੇ, ਚੰਡੀ ਕਹਿ ਦਿੰਦੇ ਹਾਂ। ਸੋ ਜਿਹਨੂੰ ਅਸੀਂ ਸ੍ਰੀ ਸਾਹਿਬ ਦਾ ਸਰੂਪ ਮੰਨਦੇ ਹਾਂ ਉਸ ਸ਼ਕਤੀ ਭਗਤੀ ਨੂੰ ਕੋਈ ਗੱਲ ਜਿਵੇਂ ਸਤਿਗੁਰਾਂ ਨੇ ਪ੍ਰਗਟ ਕੀਤਾ, ਸ਼ਕਤੀ ਭਗਤੀ ਲੈ ਕੇ ਵਾਹਿਗੁਰੂ ਦੇ ਚਰਨਾਂ ਵਿਚ ਉਹਦੇ ਹੁਕਮ ਦੀ ਪਾਲਣਾ ਕੀਤੀ ਉਹ ਕੋਈ ਵੀ ਗੱਲ ਵਿਥਿਆ ਨਾ ਦੱਸਣੀ ਕੀਤੀ ਪੰਥ ਦੀ।

ਚੰਡਿ ਭੇਟ ਦਏ ਬੇਟ ਲਗਾਈ॥ ੧੮॥ ਆਪਣੇ ਸਪੁੱਤਰਾਂ ਤੀਕਰ ਆਪਣੀ ਸ਼ਕਤੀ ਭਗਤੀ ਦੇ ਸਭ ਕੁਛ ਕੁਛ ਆਪਣਾ ਆਹ ਤਾਂ ਅਸੀਂ ਮੰਨਦੇ ਹਾਂ ਸਰਬੰਸ ਦਾਨੀ ਹੈ ਸਤਿਗੁਰੂ ਆਪਣਾ ਸਰਬੰਸ ਹੀ ਦਾਨ ਕਰ ਦਿੱਤਾ। ਇਸ ਸੰਸਾਰ ਉੱਤੇ ਜਿਹੜਾ ਵੀ ਕੋਈ ਆਉਂਦਾ ਹੈ ਸ਼ਕਤੀ ਵਾਲਾ, ਉਹ ਅਕਾਲ ਪੁਰਖ ਦੇ ਚਰਨਾਂ ਵਿਚੋਂ ਲੈ ਕੇ ਆਉਂਦਾ ਹੈ, ਏਥੇ ਆ ਕੇ ਸੰਸਾਰ ਦੇ ਝੂਠ ਦੇ ਪਸਾਰੇ ਵਿਚ ਰਲਕੇ ਜਦੋਂ ਆਪਣੀ ਤਾਕਤ ਵਿਖਾਉਂਦਾ ਹੈ, ਜੋਰੀ ਕਰਦਾ ਹੈ। ਉਹ ਫਿਰ ਹੰਕਾਰੀ ਨੂੰ ਤੁਰੰਤ ਹੀ ਮਾਰਦਾ ਹੈ, ਹੰਕਾਰੀ ਦਾ ਨਾਸ ਕਰਦਾ ਹੈ। ਇਸ ਵਾਸਤੇ ਉਹ ਜੋ ਸ਼ਕਤੀ ਹੈ ਪ੍ਰਮੇਸ਼ਰ ਦੀ ਉਸ ਦਾ ਕੋਈ ਜਿਕਰ ਨਾ ਕੀਤਾ, ਕਹਿੰਦੇ ਨੇ ਸਤਿਗੁਰਾਂ ਨੇ ਉਸਨੂੰ ਜਗਾਇਆ, ਉਸਨੂੰ ਅਰਾਧਨ ਕੀਤਾ ਵਾਹਿਗੁਰੂ ਨੂੰ। ***''ਮਹਾਕਾਲ ਕਾਲਕਾ ਅਰਾਧੀ॥ ਇਹ ਬਿਧਿ ਕਰਤ ਤਪੀਸਿਆ ਭਯੋ॥ ਦੈ ਤੇ ਏਕ ਰੂਪ ਹੋਇ ਗਯੋ॥''*** ਇਸ ਤਰ੍ਹਾਂ ਉਹ ਸਾਰੀ ਕਥਾ ਵਾਪਰੀ ਸੀ ਸੰਸਾਰ 'ਤੇ ਉਹਨੂੰ ਪ੍ਰਗਟ ਕੀਤਾ। ੧੮।

ਦੇਹ ਆਪਨ ਵੀ ਚੰਡ ਚੜ੍ਹਾਈ॥ ਕਿਉਂਕਿ ਸਤਿਗੁਰਾਂ ਨੇ ਇਹ ਸ਼ਸਤ੍ਰ ਜੋ ਆਪਾਂ ਪ੍ਰਕਾਸ਼ ਰਖਦੇ ਹਾਂ ਮਹਾਰਾਜ ਦੇ ਚਰਨਾਂ ਵਿੱਚ, ਇਹ ਸਤਿਗੁਰਾਂ ਦਾ ਸਰੂਪ ਹਨ ''ਇਸ਼ਟ ਦੇਵ ਸ਼ਸਤ੍ਰ ਗੁਰੂ, ਗ੍ਰੰਥ ਸਾਹਿਬ ਗੁਰ ਸਬਦ'' ਤਿੰਨ ਇਸ਼ਟ ਹਨ ਗੁਰਸਿੱਖ ਦੇ, ਸੋ ਇਹ ਜੋ ਤਿੰਨ ਸਰੂਪ ਹਨ, ਸ਼ਸਤ੍ਰ ਵੀ ਸਰੂਪ ਹੈ ਪ੍ਰਮੇਸ਼ਰ ਦਾ, ਅਕਾਲ ਪੁਰਖ ਦਾ, ਗੁਰੂ ਗ੍ਰੰਥ ਸਾਹਿਬ ਜੀ। ਵਾਹਿਗੁਰੂ ਮੰਤ੍ਰ ਇਹ ਗੁਰੂ ਕਾ ਸਰੂਪ ਹੈ ਗੁਰੂ ਕਾ ਲਖਾਇਕ ਹੈ, ਉਹ ਕੋਈ ਗੱਲ ਨਾ ਕਹਿਣੀ ਕੀਤੀ ਉਸਨੇ।

ਵਹੁ ਤੁਰਕਨ ਸਿਰ ਭਈ ਬੁਰਾਈ॥ ਇਹ ਜੋ ਬੁਰਿਆਈ ਕਿਉਂਕਿ ਅੰਤ ਸਮੇਂ ਸਤਿਗੁਰਾਂ ਨੇ ਉਹ ਛੇੜ ਛੇੜ ਕੇ ਉਹਨਾਂ ਪਠਾਣਾਂ ਨੂੰ ਉਹ ਪੈਂਦੇ ਖਾਂ ਦੇ ਜੋ ਪੋਤਰੇ ਸਨ, ਉਹਨਾਂ ਨੇ ਸ਼ਸਤ੍ਰ ਚਲਾਇਆ ਨੰਦੇੜ ਵਿਚ ਸੋ ''ਦੇਹ ਆਪਨ ਵੀ ਚੰਡ ਚੜ੍ਹਾਈ'' ਦਾ ਭਾਵ ਸਬੂਤ ਦਿੰਦੇ ਨੇ ਕਿ ਸ਼ਸਤ੍ਰ ਭੇਟਾ ਆਪਣੇ ਸਰੀਰ ਨੂੰ ਕਰ ਦਿੱਤਾ। ਸ਼ਸਤ੍ਰ ਦੇ ਲੱਗਿਆਂ ਤੋਂ ਇਹ ਸਰੀਰ ਪਵਿਤ੍ਰ ਹੁੰਦਾ ਹੈ। ਭਾਈ ਤਾਰਾ ਸਿੰਘ ਦੇ ਡੇਰੇ ਨੂੰ ਜਦ ਘੇਰਾ ਪਿਆ, ਇਤਿਹਾਸ ਵਿਚ ਦੱਸਿਆ ਹੈ ਕਿ ਭਾਈ ਤਾਰਾ ਸਿੰਘ, ਸਿੰਘਾਂ ਦਾ ਆਪ ਇਸ਼ਨਾਨ ਕਰਾਇਆ ਕਰਦਾ ਸੀ, ਖੂਹ ਤੇ ਖੜ੍ਹਕੇ ਡੋਲੇ ਭਰ ਭਰ ਕੇ ਸਿੰਘਾਂ ਦਾ ਇਸ਼ਨਾਨ ਕਰਾਉਂਦਾ ਸੀ, ਜਦੋਂ ਆ ਕੇ ਮੁਗਲਾਂ ਨੇ ਘੇਰਾ ਪਾਇਆ ਅੰਮ੍ਰਿਤ ਵੇਲੇ ਸਿੰਘ ਇਸ਼ਨਾਨ ਕਰ ਰਹੇ ਸਨ, ਸਿੰਘਾਂ ਨੇ ਬੇਨਤੀ ਕੀਤੀ ਤਾਰਾ ਸਿੰਘ ਜੀ! ਰੋਜ ਤੁਸੀਂ ਸੇਵਾ ਕਰਦੇ ਓ ਪੰਥ ਦੀ ਅੱਜ ਅਸੀਂ ਤੁਹਾਡੀ ਸੇਵਾ ਕਰੀਏ ਇਸ਼ਨਾਨ ਕਰਵਾ ਕੇ, ਸੇਵਾ ਨੇ ਸਰੀਰ ਪਵਿਤ੍ਰ ਕਰਨਾ ਹੈ ਕਹਿੰਦੇ ਸਾਡਾ ਵੀ ਸਰੀਰ ਪਵਿਤ੍ਰ ਹੋਵੇ ਸੇਵਾ ਕਰਕੇ, ਕਹਿੰਦਾ ਮੈਦਾਨ 'ਚ ਹੋਵੇ ਸ਼ਸਤ੍ਰ ਖਾਓ ਉਹ ਸ਼ਸਤ੍ਰਾਂ ਦੇ ਨਾਲ ਤੁਹਾਡਾ ਸਰੀਰ ਪਵਿਤ੍ਰ ਹੋਵੇਗਾ। ਹੁਣ ਮੇਰੀ ਸੇਵਾ ਕੀਤਿਆਂ ਨਹੀਂ ਹੋਣਾ ਅੱਜ ਦੀ ਸੇਵਾ ਨਾਲ। ਇਸ ਵਾਸਤੇ ਸਾਹਿਬ ਸੱਚੇ ਪਾਤਸ਼ਾਹ ਜੀ, ਆਪਣੀ ਦੇਹ ਨੂੰ ਪਵਿੱਤ੍ਰ ਕਰਨ ਵਾਸਤੇ ਇਸਨੂੰ ਵੀ ਵਾਹਿਗੁਰੂ ਦੇ ਅਰਪਨ ਕਰ ਦਿੱਤਾ ਸਾਹਿਬਜ਼ਾਦੇ ਵੀ ਚਾਰੇ ਵਾਰ ਦਿੱਤੇ, ਸਰਬੰਸ ਵਾਰ ਦਿੱਤਾ ਮਾਤਾ ਪਿਤਾ ਸਭ ਵਾਰ ਦਿੱਤੇ, ਇਉਂ ਸਰਬੰਸ ਦਾਨੀ ਕਲਗੀਧਰ ਪਾਤਸ਼ਾਹ ਜੀ ਦੀ ਕੋਈ ਕਥਾ ਨਾ ਦੱਸੀ, ਕੁਝ ਨਾ ਦੱਸਿਆ ਅੰਗ੍ਰੇਜ਼ਾਂ ਦੇ ਪੱਲੇ ਕੁਝ ਨਾ ਪਾਇਆ। ਇਉਂ ਸਤਿਗੁਰਾਂ ਦੇ ਘਰ ਦੇ ਨਾਲ ਵੈਰ

ਕਰਕੇ ਇਹਨਾਂ ਨੇ ਸਤਿਗੁਰੂ ਤੇਗ ਬਹਾਦਰ ਸਾਹਿਬ ਜੀ ਨੂੰ ਸ਼ਹੀਦ ਕੀਤਾ ਇਹਨਾਂ ਨੇ ਦਿੱਲੀ ਵਿਚ ਜਿਸ ਤੋਂ ਉਹਨਾਂ ਦੇ ਸਾਹਿਬਜ਼ਾਦਾ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਧਰਮ ਜੁੱਧ ਦੀ ਰਚਨਾ ਕੀਤੀ, ਅਤੇ ਮੁਗਲਾਂ ਨਾਲ ਲੋਹਾ ਲੈਣ ਵਾਸਤੇ ਤਿਆਰੀ ਕੀਤੀ, ਖਾਲਸੇ ਪੰਥ ਦੀ ਰਚਨਾ ਕੀਤੀ, ਇਹ ਕੋਈ ਪੜਦਾ ਖੋਲਿਆ ਨਾ ਉਹਨਾਂ ਨੇ।

ਪੰਥ ਖ਼ਾਤਰ ਗੁਰ ਇਤੀਂ ਕਮਾਈ॥ ਗੁਰੂ ਸਾਹਿਬ ਜੀ ਨੇ ਪੰਥ ਦੀ ਖਾਤਰ, ਪੰਥ ਦੀ ਰਚਨਾ ਵਾਸਤੇ ਐਡੀ ਵੱਡੀ ਕਮਾਈ ਕੀਤੀ, ਐਡੀ ਵੱਡੀ ਕੁਰਬਾਨੀ ਕੀਤੀ। ਐਡਾ ਵੱਡਾ ਜਾਹੋ ਜਲਾਲ ਸੰਸਾਰ ਦੇ ਉੱਤੇ ਪ੍ਰਗਟ ਕਰਕੇ ਖਾਲਸੇ ਪੰਥ ਦਾ ਸਰੂਪ ਸਾਜਿਆ ਕੋਈ ਗੱਲ ਨਾ ਪ੍ਰਗਟ ਕੀਤੀ।

ਸੋਊ ਦੁਸ਼ਟ ਕੀ ਨਾਂਹਿ ਸੁਨਾਈ॥ ੧੯॥ ਮਨ ਵਿਚ ਦੁਸ਼ਟਤਾਈ ਸੀ ਉਹਨਾਂ ਦੇ ਹੋਰ ਵਿਚਾਰ ਸਨ ਜਿਸ ਕਰਕੇ ਨਾ ਹੀ ਜਤਾਇਆ ਅੰਗ੍ਰੇਜ਼ਾਂ ਨੂੰ। ੧੯।

ਦੋਹਰਾ॥ ਅਪਾਪੀਏ ਅਪਰਾਧ ਬਿਨ ਸ਼ੀਰ ਖੋਰ ਗੁਰ ਬਾਲ॥ ਪਾਪ ਰਹਿਤ, ਅਪਰਾਧ ਤੋਂ ਬਿਨਾਂ (ਸ਼ੀਰ ਖੋਰ) ਦੁਧ ਪੀਂਦੇ ਬੱਚਿਆਂ ਤੀਕਰ ਜੁਲਮ ਕੀਤਾ, ਇਹਨਾਂ ਨੇ ਕੋਈ ਸੋਚੀ ਨਾ, ਵਿਚਾਰ ਨਾ ਕੀਤੀ ਕਿ ਇਹ ਬੱਚੇ ਹਨ ਨਿਰਦੋਸ਼ ਹਨ, ਇਹ ਤਾਂ ਕੁਛ ਪਿਆਇਆਂ ਤੋਂ ਪੀਣ ਵਾਲੇ ਹਨ, ਕੋਈ ਜਲ ਪਾਣੀ ਛਕਾਇਆਂ ਤੋਂ ਛਕਣ ਵਾਲੇ ਬੱਚੇ ਹਨ, ਇਹਨਾਂ ਉਤੇ ਬਿਨਾਂ ਅਪਰਾਧ ਤੇ ਇਹਨਾਂ ਦਾ ਕਸੂਰ ਕੀ ਸੀ ਜਿਨ੍ਹਾਂ ਨੂੰ ਸਰਹੰਦ ਵਿਚ ਸ਼ਹੀਦ ਕਰ ਦਿੱਤਾ ਗਿਆ ਭਾਵ ਦੱਸਦੇ ਨੇ ਇਹ ਪਾਪ ਕੀਤੇ ਜੋ ਜੋ, ਔਰ ਹਕੂਮਤ ਨੇ ਦੁਸ਼ਟਤਾਈ ਕਮਾਈ ਉਹਦਾ ਪਾਪ ਇਹਨਾਂ ਦੇ ਸਿਰ ਚੜ੍ਹਿਆ, ਉਹ ਮੁਗਲਾਂ ਦੇ ਸਿਰ ਪਿਆ, ਉਸ ਗਜਬ ਦੇ ਵਿਚ ਮਾਰੇ ਗਏ ਨੇ ਇਹ। ਪਾਪ ਕੀਤੇ ਤੋਂ ਬਿਨਾਂ ਮਰਦਾ ਨਹੀਂ ਕੋਈ।

ਬੇਦੋਸ਼ੇ ਫੜ ਗਲ ਕਟੇ ਕਹਯੋ ਨ ਊਨੈਂ ਹਵਾਲ॥ ੨੦॥ ਬੇਦੋਸ਼ਿਆਂ ਬੱਚਿਆਂ ਦੇ ਜਦੋਂ ਗਲ ਕੱਟ ਦਿੱਤੇ, ਨੀਹਾਂ ਵਿਚ ਸ਼ਹੀਦ ਕੀਤਾ, ਅਤੇ ਉਹਨਾਂ ਨੂੰ ਕੋਹ ਕੋਹ ਕੇ ਮਾਰਿਆ ਜਿਬਹ ਕੀਤਾ, ਕਿਉਂਕਿ ਨੀਂਹਾਂ ਵਿਚ ਉਹਨਾਂ ਨੂੰ ਚਿਣ ਦਿੱਤਾ ਜਦੋਂ ਨੀਂਹ ਫਟ ਗਈ ਹੈ, ਸਰੀਰ ਬਾਹਰ ਡਿੱਗ ਪਏ ਹਨ, ਅਜੇ ਜਿਉਂਦੇ ਸਨ ਫੇਰ ਕਾਜ਼ੀ ਨੇ ਹੁਕਮ ਦਿੱਤਾ ਕਿ ਇਹਨਾਂ ਨੂੰ ਜਿਬਹਾ ਕੀਤਾ ਜਾਏ, ਗਲਾਂ ਤੇ ਛੁਰੀ ਫੇਰਕੇ ਉਹ ਸ਼ਹੀਦ ਕਰ ਦਿੱਤੇ, ਇਸ ਤਰ੍ਹਾਂ ਦੇ ਹੋਰ ਅਪਰਾਧ ਜਿਹੜੇ ਹੋਰ ਵੱਡੇ ਅਪਰਾਧ ਕੀਤੇ ਇਹਨਾਂ ਨੇ, ਇਤਨਾ ਜੁਲਮ, ਇਤਨਾ ਪਾਪ ਜਿਹੜਾ ਇਹਨਾਂ ਦੇ ਸਿਰ ਚੜ੍ਹਿਆ ਤੇ ਜਿਥੋਂ ਇਹ ਮਾਰੇ ਗਏ ਮੁਗਲ, ਉਹ ਗੱਲ ਕੋਈ ਪ੍ਰਗਟ ਨਾ ਕੀਤੀ ਆਪਣੀ। ੨੦।

ਚੌਪਈ॥ਫਿਰ ਬਹਾਦਰਸ਼ਾਹਿ ਗੁਰ ਲਯੋ ਰਿਝਾਈ॥ ਫੇਰ ਬਹਾਦਰ ਸ਼ਾਹ ਨੇ ਗੁਰੂ ਗੋਬਿੰਦ ਸਾਹਿਬ ਜੀ ਨੂੰ ਰਿਝਾ ਲਿਆ, ਪ੍ਰਸੰਨ ਕਰ ਲਿਆ, ਚਿੱਠੀਆਂ ਭੇਜ ਭੇਜ ਕੇ, ਕਿਉਂਕਿ ਨੰਦ ਲਾਲ ਜੀ ਮੁਣਸ਼ੀ ਸਨ ਉਹਦੇ ਮੁਣਸ਼ੀ ਰਾਹੀਂ, ਉਹਨਾਂ ਕਿਹਾ ਮੁਣਸ਼ੀ ਜੀ ਕਿਵੇਂ ਹੋਣਾ ਚਾਹੀਦਾ? ਔਰੰਗਜੇਬ ਨੇ ਹੁਕਮ ਕਰ ਦਿੱਤਾ ਤੂੰ ਹੁਣ ਅਨੰਦ ਪੁਰ ਸਾਹਿਬ ਤੋਂ ਤੂੰ ਲਿਆ ਗੁਰੂ ਜੀ ਨੂੰ ਫੜ ਕੇ ਜਦੋਂ ਸਾਰੇ ਜਰਨੈਲ ਫੇਹਲ ਹੋ ਗਏ, ਤਾਂ ਇਸਨੇ ਭਾਈ ਨੰਦ ਲਾਲ ਜੀ ਨੂੰ ਪੁੱਛਣਾ ਕੀਤਾ ਹੈ। ਉਹਨਾਂ ਕਿਹਾ ਉਹ ਸਾਹਿਬ ਹਨ ਉਹ ਖੁਦਾਈ ਤਾਕਤ ਹੈ ਪਾਤਸ਼ਾਹ! ਤੇਰੀ ਓਥੇ ਕੋਈ ਸ਼ਕਤੀ ਨਹੀਂ ਚਲਣੀ ਤੂੰ ਫੇਲ੍ਹ ਹੋ ਜਾਏਂਗਾ, ਉਹਨਾਂ ਕਿਹਾ ਜੀ ਮੈਨੂੰ ਕੋਈ ਰਾਹ ਦੱਸੋ ਮੁਣਸ਼ੀ ਸਾਹਿਬ! ਕਹਿਣ ਲੱਗੇ ਰਾਹ ਇਹੀ ਹੈ ਬਈ ਉਹਨਾਂ ਦੀ ਸ਼ਰਨ ਵਿਚ ਹੋ ਜਾ। ਪੱਤ੍ਰਕਾ ਲਿਖ ਉਨ੍ਹਾਂ ਨੂੰ ਆਪਣੇ ਵਲੋਂ, ਕਿ ਮੈਂ ਇਸ ਘਰ ਦਾ ਸੇਵਕ ਹਾਂ ਮਹਾਰਾਜ! ਮੇਰੇ ਤੇ ਤਾਂ ਹੁਕਮ ਕੀਤਾ ਪਿਉ ਨੇ ਪਰ ਇਸ ਤਰ੍ਹਾਂ ਟਾਲਾ ਕਰ ਚਲਿਆ ਤੇ ਮੇਰੇ ਤੇ ਕਿਰਪਾ ਰੱਖਿਓ। ਸਤਿਗੁਰਾਂ ਦੀ ਪ੍ਰਸੰਨਤਾ ਹੋ ਗਈ, ਇਹ ਚਿੱਠੀ ਸਤਿਗੁਰਾਂ ਨੂੰ ਲਿਖ ਕੇ ਸਰਹੰਦ ਤੋਂ ਆਪ ਇਹ ਕਸ਼ਮੀਰ ਨੂੰ ਚੱਲਿਆ ਗਿਆ ਸੀ, ਏਧਰ ਗਿਆ ਹੀ ਨਾ ਅਨੰਦਪੁਰ ਸਾਹਿਬ ਵਿਚ, ਏਸ ਵਾਸਤੇ ਸਤਿਗੁਰਾਂ ਦੀ ਪ੍ਰਸੰਨਤਾ ਸੀ, ਮੁਣਸ਼ੀ ਦੇ ਹੋਣ ਕਰਕੇ ਇਹਨਾਂ ਦੇ ਆਪਸ ਵਿਚੀਂ ਨੇੜੇ ਦੇ ਸਬੰਧ ਹੋ ਗਏ, ਕਿਉਂਕਿ ਉਹਦਾ ਬਹਾਦਰ ਸ਼ਾਹ ਦਾ ਮੁਣਸ਼ੀ

ਸੀ ਨੰਦ ਲਾਲ, ਇਸ ਕਰਕੇ ਉਹ ਹਰ ਮੌਕੇ ਦੇ ਉਤੇ ਗੱਲ ਕਰਦਾ ਸੀ, ਦੱਸਦਾ ਸੀ ਜੋ ਗੁਰੂ ਦੀ ਪ੍ਰਸੰਨਤਾ ਹੋਈ, ਗੁਰੂ ਨੇ ਪ੍ਰਸੰਨ ਹੋ ਕੇ ਉਹਨੂੰ ਰਾਜ ਦਿੱਤਾ।

ਪਤਸਾਹਿ ਕੀਯੋ ਸਭ ਕਲਾ ਦਿਖਾਈ॥ ਔਹ ਪਾਤਸ਼ਾਹੀ ਕਲਾ ਉਹਨੂੰ ਪਾਤਸ਼ਾਹ ਬਣਾ ਦਿੱਤਾ, ਮੁੜ ਕੇ ਪਾਤਸ਼ਾਹ ਬਣਾ ਦਿੱਤਾ ਬਹਾਦਰ ਸ਼ਾਹ ਨੂੰ ਔਰੰਗਜੇਬ ਵਰਗਿਆਂ ਦੀ ਉੱਤੇ ਤਾਕਤ ਨਾ ਚਲਣ ਦਿੱਤੀ ਇਹ ਗੁਰੂਆਂ ਨੇ ਕਲਾ ਵਿਖਾਈ, ਇਹ ਭਾਈ ਕੌਣ ਕਰ ਸਕਦਾ ਸੀ ਐਡੀ ਸਹਾਇਤਾ।

ਭੇਜ ਬੰਦੇ ਕੋ ਫਿਰ ਖੁਹਿ ਲਈ॥ ਫੇਰ ਪਾਂਤਿਸ਼ਾਹੀ ਇਸਦੀ ਖੋਹ ਲੈਣਾ ਕੀਤੀ, ਬੰਦੇ ਨੂੰ ਭੇਜਿਆ ਹੈ ਹਜੂਰ ਸਾਹਿਬ ਤੋਂ ਅਬਚਲ ਨਗਰ ਤੋਂ ਇਹਨਾਂ ਨੂੰ ਦਿੱਤੀ ਹੋਈ ਸ਼ਕਤੀ, ਕਿਉਂਕਿ ਸ਼ਰਤ ਕੀਤੀ ਮਹਾਰਾਜ ਨੇ ਕਿ ਇਹ ਜ਼ਾਲਮ ਜਿਨ੍ਹਾਂ ਨੇ ਜ਼ੁਲਮ ਕੀਤੇ ਸਨ ਉਹਨਾਂ ਨੂੰ ਸਜ਼ਾ ਦੇਣੀ ਹੈ। ਉਹ ਸ਼ਰਤ ਪੂਰੀ ਕਰ ਨਾ ਸਕਿਆ ਕਹਿੰਦਾ ਜੀ ਨਵੀਂ ਨਵੀਂ ਬਾਦਸ਼ਾਹੀ ਹੈ ਇਹ ਮੇਰੇ ਖ਼ਿਲਾਫ ਹੋ ਜਾਣਗੇ ਇਹ ਤਾਂ ਸਮਝਿਆ ਨਾ ਕਿ ਸਤਿਗੁਰਾਂ ਦੀ ਸ਼ਕਤੀ ਨਾਲ ਤਾਂ ਮੈਂ ਬਾਦਸ਼ਾਹ ਬਣ ਰਿਹਾ ਹਾਂ ਤੇ ਮੈਨੂੰ ਇਹ ਕੀ ਕਰ ਸਕਦੇ ਨੇ ਓਥੋਂ ਵਿਸਰ ਗਿਆ, ਵਿਸਰਨ ਕਰਕੇ ਕਹਿਣ ਲੱਗਾ ਜੀ ਅਜੇ ਨਹੀਂ ਅਜੇ ਠਹਿਰ ਕੇ ਕਰੂੰ, ਕਹਿਣ ਲੱਗੇ ਚੰਗਾ ਤੇਰੀ ਮਰਜ਼ੀ ਆ ਅਸੀਂ ਹੋਰ ਕਿਸੇ ਨੂੰ ਭੇਜ ਕੇ ਇਹ ਖੋਹ ਹੀ ਲੈਣੀ ਹੈ, ਸੋ ਬੰਦੇ ਬਹਾਦਰ ਨੂੰ ਭੇਜਿਆ ਪੰਥ ਖਾਲਸੇ ਦੇ ਨਾਲ ਬਈ ਜਾਹ ਜਾ ਕੇ ਵੈਰ ਲੈ ਸੇਵਾ ਕਰ।ਕਿਉਂਕਿ ਬੰਦੇ ਬਹਾਦਰ ਨਾਲ ਜਦ ਮਿਲਾਪ ਹੋਣ ਲੱਗਿਆ ਆਵੇਗਾ ਕਥਾ ਵਿਚ ਅੱਗੇ ਓਸ ਮੌਕੇ ਇਸਨੇ ਕਿਹਾ ਸੀ ਜੀ ਮੈਨੂੰ ਸਿਖ ਬਣਾ ਲਉ, ਸਤਿਗੁਰੂ ਕਹਿਣ ਲੱਗੇ ਸਿੱਖ ਬਣਨਾ ਬੜਾ ਔਖਾ, ਸਿਖ ਤਾਂ ਨਹੀਂ ਬਣ ਸਕਦਾ ਅਸੀਂ ਤਾਂ ਆਪ ਸਿਖ ਬਣ ਰਹੇ ਹਾਂ ਅਜੇ, ਤੇ ਉਹ ਇੰਨੀ ਗੱਲ 'ਤੇ ਕਹਿਣ ਲੱਗਿਆ ਚੰਗਾ ਮਹਾਰਾਜ ਫੇਰ ਮੈਨੂੰ ਸੇਵਾ ਬਖ਼ਸ਼ੋ, ਫੇਰ ਇਹ ਸੇਵਾ ਦਿੱਤੀ ਉਸਨੂੰ ਜਾਹ ਜਾ ਕੇ ਸਾਹਿਬਜ਼ਾਦਿਆਂ ਦੇ ਜੋ ਦੁਸ਼ਟ ਹਨ, ਜਿਨ੍ਹਾਂ ਨੇ ਸਾਹਿਬਜ਼ਾਦਿਆਂ 'ਤੇ ਜ਼ੁਲਮ ਕੀਤਾ ਹੈ ਉਹਨਾਂ ਨੂੰ ਮਾਰ ਇਹ ਤੈਨੂੰ ਸੇਵਾ ਲਾਉਂਦੇ ਹਾਂ। ਬੰਦੇ ਬਹਾਦਰ ਨੂੰ ਸੇਵਾ ਦੇ ਕੇ ਭੇਜਿਆ ਸੀ।

ਤੱਤ ਖਾਲਸੇ ਪੈ ਸੋਊ ਅਈ॥ ੨੧॥ ਤੱਤ ਖਾਲਸੇ ਦੀਆਂ ਗੱਲਾਂ ਆ ਗਈਆਂ, ਉਹਨਾਂ ਦਾ ਪ੍ਰਸੰਗ ਆ ਗਿਆ। ੨੧।

ਦੋਹਰਾ॥ ਕਹੀ ਨ ਗੱਲ ਵਹੁ ਗੁਰਨ ਕੀ ਔ ਕਹੀ ਨ ਗੱਲ ਵਹ ਪੰਥ॥ ਉਹਨਾਂ ਤੇ, ਸਤਿਗੁਰਾਂ ਤੇ ਕੋਈ ਜੋ ਜੋ ਜ਼ੁਲਮ ਕੀਤੇ ਮੁਗਲਾਂ ਨੇ, ਨਾ ਉਹ ਗੱਲ ਕਹੀ ਤੇ ਨਾ ਖਾਲਸੇ ਦੀ ਉਤਪਤੀ ਦੀ ਕਹੀ, ਕੋਈ ਗੱਲ ਨਾ ਦੱਸੀ ਕਿ ਸਤਿਗੁਰਾਂ ਨੇ ਬਹਾਦਰ ਸ਼ਾਹ 'ਤੇ ਕਿਵੇਂ ਕਿਰਪਾ ਕੀਤੀ, ਜਿਸਤੋਂ ਹੁਣ ਤਾਂਈ ਮੁਗਲ ਬੈਠੇ ਹਨ ਏਥੇ ਦਿੱਲੀ ਵਿਚ, ਉਹ ਤਾਂ ਗੱਲ ਵੀ ਨਾ ਜਤਾਈ, ਨਾ ਹੀ ਬਾਦਸ਼ਾਹੀ ਦੀ, ਨਾ ਗੁਰੂਆਂ ਦੀ, ਨਾ ਖਾਲਸੇ ਪੰਥ ਦੀ ਕੋਈ ਗੱਲ ਹੀ ਨਾ ਕੀਤੀ।

ਘੁਲਤੇ ਬੀਤੇ ਬਰਸ ਬਹੁ, ਪਾਤਿਸ਼ਾਹਿ ਔ ਗੁਰ ਸੰਤ॥ ੨੨॥ ਇਉਂ ਭਿੜਦਿਆਂ ਲੜਦਿਆਂ ਹੁਣ ਸੈਂਕੜੇ ਬਰਸ, ਸੌ ਵਰ੍ਹਾ ਇਉਂ ਸਦੀ ਲੰਘ ਗਈ ਲੜਦਿਆਂ ਭਿੜਦਿਆਂ, ਉਹ ਗੁਰੂ ਪੰਥ ਦੀ ਕਥਨੀ ਕੋਈ ਨਾ ਕੀਤੀ। ੨੨।

ਸੋਰਠਾ॥ ਬੰਦ ਬੰਦ ਸਿਖਨ ਕਟਾਇ ਖੋਪਰੀ ਸਿਰੋਂ ਉਤਾਰਿ ਕੈ॥ ਭਾਈ ਤਾਰੂ ਸਿੰਘ ਜੀ ਦੀ ਕਿਵੇਂ ਸ਼ਹੀਦੀ ਹੋਈ? ਭਾਈ ਮਨੀ ਸਿੰਘ ਦੇ ਕਿਵੇਂ ਬੰਦ ਬੰਦ ਕੱਟੇ ਗਏ? ਉਹ ਕੋਈ ਗੱਲ ਨਾ ਦੱਸਣੀ ਕੀਤੀ, ਕਿ ਅਸਾਂ ਮੁਗਲਾਂ ਨੇ ਕੀ ਕੀ ਕਹਿਰ ਕੀਤਾ ਸਿੱਖਾਂ ਦੇ ਨਾਲ? ਇਹ ਖਾਲਸਾ ਪੰਥ ਉਹ ਹੈ ਜਿਨ੍ਹਾਂ 'ਤੇ ਅਸੀਂ ਜ਼ੁਲਮ ਢਾਏ ਇਹ ਕੁੰਦਨ ਬਣ ਕੇ ਨਿਕਲੇ ਹਨ ਕੋਈ ਗੱਲ ਨਾ ਜਤਾਈ।

ਪਿੰਡ ਪਿੰਡ ਸੂਲੀ ਗਡਾਇ ਹਾਰ ਗਏ ਜਿਮ ਮੁਗਲ ਬਲ॥ ੨੩॥ ਜਿਵੇਂ ਮੁਗਲਾਂ ਨੇ ਆਪਣਾ ਬਲ ਲਾ ਕੇ ਜਿਹੜੇ ਰਈਸ ਸਨ ਖਾਲਸਾ ਜੀ ਅੱਜ ਵੀ ਸਿੱਖਾਂ ਦੇ ਰੂਪ ਵਿਚ ਹੈਗੇ ਨੇ ਇਹ ਜੰਡਿਆਲੀਏ ਹਨ ਗੁਰੂ ਪੰਥ ਦੇ ਦੋਖੀ ਗੁਰੂ ਕਹਾਉਂਦੇ ਸਨ ਅਤੇ ਅਹਿਮਦ ਸ਼ਾਹ ਅਬਦਾਲੀ ਦੇ ਸਾਥੀ ਸਨ ਇਹਨਾਂ ਨੇ ਵੀ ਆਪਣੇ ਪਿੰਡਾਂ ਵਿਚ ਸੂਲੀਆਂ ਗੱਡੀਆਂ ਸਨ ਪਿੰਡਾਂ ਦੇ ਵਿੱਚ ਚਰਖੜ੍ਹੀਆਂ ਲਾਈਆਂ ਸਨ, ਭਾਵੇਂ ਅਸਲ ਸਜ਼ਾ ਦਿੰਦੇ ਸਨ ਮੁਗਲ ਹਾਕਮ ਸਨ

ਉਹ ਵੀ ਅਤੇ ਹਿੰਦੂ ਜਿਹੜੇ ਸਨ ਜਿਨ੍ਹਾਂ ਨੂੰ ਚੌਧਰਾਂ ਮਿਲੀਆਂ ਸਨ ਉਹ ਵੀ ਖਾਲਸੇ ਨਾਲ ਧੱਕੇ ਕਰਦੇ ਰਹੇ, ਜ਼ੁਲਮ ਕਰਦੇ ਰਹੇ। ੨੩।

ਚੌਪਈ॥ ਔਰ ਨਾਦਰ ਗੱਲ ਸਭੀ ਨਾ ਕਹੀ॥ ਔਰ ਜਿਵੇਂ ਨਾਦਰ ਸ਼ਾਹ ਆਇਆ ਹਿੰਦੋਸਤਾਨ ਤੇ ਜਿਵੇਂ ਉਹਨੇ ਮੁਗਲਾਂ ਨੂੰ ਡੰਨ ਲਾਇਆ ਇਹਨਾਂ ਦੇ ਖਜਾਨੇ ਲੁੱਟ ਕੇ ਲੈ ਗਿਆ, ਉਹਦੀ ਵੀ ਕੋਈ ਗੱਲ ਨਾ ਕਹੀ।

ਦਿੱਲੀ ਲੁੱਟੀ ਜਿਨ੍ਹੇ ਕਤਲ ਕਰਹੀ॥ ਜਿਹਨੇ ਦਿੱਲੀ ਲੁੱਟੀ ਸੱਤਰ ਹਜਾਰ (੭੦੦੦੦) ਜਿਹਨੇ ਕਤਲ ਕੀਤਾ ਇੱਕੇ ਦਿਨ ਉਹ ਕੋਈ ਗੱਲ ਨਾ ਜਤਾਈ, ਸਾਡੀ ਭਾਂ ਕੀ ਦੱਸਣੀ ਸੀ ਆਪਣਿਆਂ ਦੀ ਵੀ ਕੋਈ ਨਾ ਦੱਸੀ ਬਈ ਸਾਡੇ ਹੀ ਆਕੇ ਪਠਾਣਾਂ ਨੇ ਮੁਸਲਮਾਨਾਂ ਉਤੇ ਕਿੱਡੇ ਵੱਡੇ ਜ਼ੁਲਮ ਕੀਤੇ, ਉਹ ਵੀ ਗੱਲ ਨਾ ਦੱਸਣੀ ਕੀਤੀ।

ਉਸ ਕਉ ਭੀ ਸਿੰਘ ਲੁਟਤੇ ਰਹੇ॥ ਸੋ ਸਿੰਘਾਂ ਨੇ ਭਾਂ ਨਾਦਰ ਦੀ ਵੀ ਬੰਬ ਬੁਲਾਈ ਸੀ, ਉਹ ਵਧਿਆ ਘਟਿਆ ਹੀ ਸਾਮਾਨ ਲੈ ਕੇ ਗਿਆ, ਬਾਕੀ ਹਿੰਦੋਸਤਾਨ ਦਾ ਜਿੰਨਾਂ ਸਾਮਾਨ ਸੀ, ਸੋਮਨਾਥ ਦੇ ਦਰਵਾਜਿਆਂ ਤੀਕਰ ਖਾਲਸੇ ਨੇ ਖੋਹ ਕੇ ਇਥੇ ਰੱਖੇ ਹੋਰ ਬੜੀਆਂ ਹੀ ਜਿਹੜੀਆਂ ਉਹ ਲੁੱਟਾਂ ਕਰਕੇ ਜਾਂਦੇ ਸਨ, ਸੱਤਰ ਸੱਤਰ ਹਜ਼ਾਰ (੭੦੦੦੦-੭੦੦੦੦) ਤਾਂ ਬੇਟੀਆਂ ਛੁਡਾ ਕੇ ਲਿਆਂਦੇ ਸਨ। ਖਾਲਸਾ ਜੀ ਫੇਰ ਹਿੰਦੋਸਤਾਨ ਵਿਚ ਘਰ ਘਰ ਆਪਣਾ ਖਰਚ ਸਿੰਘਾਂ ਨੂੰ ਭੇਜ ਕੇ ਪਹੁੰਚਾਉਂਦੇ ਸਨ ਉਹ ਗੱਲ ਤਾਂ ਨਾ ਕਹੀ, ਕਿਸੇ ਨਾ ਕਹੀ, ਇਸ ਵਾਸਤੇ ਅੰਗ੍ਰੇਜ਼ਾਂ ਕੋਲ ਝੂਠ ਹੀ ਮਾਰਦੇ ਰਹੇ ਮੁਗਲ।

ਕਾਬਲ ਕੰਧਾਰ ਦੇ ਰਾਹਿ ਲੁੱਟ ਖਹੇ॥ ੨੪॥ ਕਾਬਲ ਕੰਧਾਰ ਦੇ ਰਾਹ ਲੁੱਟ ਕੇ ਜਿਵੇਂ ਸਿੰਘਾਂ ਨੇ ਆਪਣਾ ਗੁਜ਼ਾਰਾ ਕੀਤਾ ਉਨ੍ਹਾਂ ਦੁਸ਼ਟਾਂ ਨੂੰ ਲੁੱਟ ਕੇ ਖਾਂਦੇ ਸਨ, ਕਿਉਂਕਿ ਓਸ ਵੇਲੇ ਕਿਰਤ ਵਿਰਤ ਤਾਂ ਕਰਨ ਨਹੀਂ ਸੀ ਕੋਈ ਦਿੰਦਾ, ਕਿਤੇ ਪਿੰਡ ਟਿਕਾਣੇ ਰਹਿਣ ਨਹੀਂ ਸੀ ਕੋਈ ਦਿੰਦਾ ਸਿੰਘਾਂ ਨੂੰ, ਜਿਥੇ ਕੋਈ ਪਿੰਡ ਵਿਚ ਸਿੰਘ ਪ੍ਰਗਟ ਹੋ ਜਾਏ ਓਸ ਪਿੰਡ ਨੂੰ ਥੇਹ ਬਣਾ ਦਿੰਦੇ ਸਨ ਮੁਗਲ, ਅਤੇ ਜੋ ਖਾਲਸੇ ਨੇ ਓਸ ਮੌਕੇ ਤੇਗਾਂ ਮਾਰੀਆਂ ਔਰ ਜੰਗਲਾਂ ਝਾੜਾਂ ਦੇ ਵਿਚ ਰਹਿ ਕੇ ਗੁਜ਼ਾਰੇ ਕੀਤੇ, ਭੁਖੇ ਪੇਟ ਨੰਗੇ ਤਨ ਤੇ ਰਹਿ ਕੇ ਜਿਨ੍ਹਾਂ ਨੇ ਹਾੜ ਸਿਆਲ ਸਾਰੇ ਕੱਟੇ, ਉਹਨਾਂ ਦੀ ਘਾਲਣਾ ਦੀ ਕੋਈ ਗੱਲ ਨਾ ਕੀਤੀ। ੨੪।

ਫਿਰ ਅਹਿਮਦਸ਼ਾਹਿ ਲਹੌਰ ਮੱਲ ਬਹਜੋ॥ ਫੇਰ ਅਹਿਮਦ ਸ਼ਾਹ ਅਬਦਾਲੀ ਜਦੋਂ ਲਹੌਰ ਮੱਲ ਕੇ ਬਹਿ ਗਿਆ, ਹਰਿਮੰਦਰ ਸਾਹਿਬ ਨੂੰ ਢਾਹਿਆ ਉਸਨੇ।

ਦਿੱਲੀ ਆਗਰੋ ਸਭ ਮੱਲ ਲਯੋ॥ ਦਿੱਲੀ ਤੋਂ ਆਗਰਾ ਤੱਕ ਲੈ ਕੇ ਇਲਾਕਾ ਜਿਹੜਾ ਸਾਰਾ ਹੀ ਮੱਲ ਲਿਆ ਸੀ। ਓਸਨੇ, ਦਿੱਲੀ ਤੋਂ ਛਿਆਨੀ ਭਰਾਵੇ, ਸਾਰੇ ਹਿੰਦੋਸਤਾਨ ਤੋਂ ਉਹ ਛਿਆਨੀ ਭਰਾਉਂਦਾ ਰਿਹਾ।

ਸੋ ਸਿੰਘਨ ਨੈ ਦਯੋ ਨਿਕਾਰ॥ ਉਹ ਸਿੰਘਾਂ ਨੇ ਜਿਵੇਂ ਭਜਾਇਆ ਲਹੌਰ ਤੋਂ, ਕਿਵੇਂ ਮੁਰਦਿਆਂ ਦੇ ਰਾਹ ਆਪਣੇ ਪੁੱਤਰ ਨੂੰ ਲੰਘਾਇਆ ਤੈਮੂਰ ਸ਼ਾਹ ਨੂੰ, ਉਹ ਕੋਈ ਗੱਲ ਨਾ ਦੱਸਣੀ ਕੀਤੀ ਮੁਗਲਾਂ ਨੇ।

ਲਏ ਸਿੰਘਨਿ ਉਸ ਸੂਬੇ ਮਾਰ॥ ੨੫॥ ਬਾਈ ਸੂਬਿਆਂ ਦਾ ਜੋ ਰਾਜ ਕਰਦੇ ਸਨ, ਸਿੰਘਾਂ ਨੇ ਉਹਦੇ ਸੂਬੇ ਵੀ ਮਾਰ ਲਏ, ਜਲੰਧਰ ਮਾਰ ਲਿਆ ਅਤੇ ਲਹੌਰ ਮਾਰ ਲਿਆ ਮੁਲਤਾਨ ਮਾਰ ਲਿਆ, ਇਸੇ ਤਰ੍ਹਾਂ ਜੰਮੂ ਮਾਰ ਲਿਆ ਉਹ ਕੋਈ ਗੱਲ ਨਾ ਕਹੀ ਸਿੰਘਾਂ ਦੀ। ੨੫।

ਦੋਹਰਾ॥ ਜਿਮ ਉਸ ਪੁਤ੍ਰ ਤੰਮੂਰ ਕੋ ਲੰਘਾਯੋ ਮੁਰਦਨ ਕੈ ਰਾਹਿ॥ ਤੇ ਤੈਮੂਰ ਸ਼ਾਹ ਨੂੰ ਮੁਰਦਿਆਂ ਦੇ ਰਾਹ ਲੰਘਾਇਆ। ਖਾਲਸਾ ਜੀ! ਆ ਕੇ ਗੁਜਰਾਂਵਾਲੇ ਨੂੰ ਘੇਰਾ ਪਾ ਲਿਆ, ਗੁਜਰਾਂਵਾਲੇ ਦੇ ਵਿਚੇ ਜੋ ਚੜ੍ਹਤ ਸਿੰਘ ਹੈ ਪੰਥ ਦੇ ਵਿੱਚ ਬੱਚਾ ਹੁੰਦਾ ਹੋਇਆ ਭਰਤੀ ਹੋਇਆ ਜਿਨ੍ਹਾਂ ਦੀ ਕਥਾ ਚੱਲ ਰਹੀ ਹੈ ਮਤਾਬ ਸਿੰਘ ਦੀ ਇਹਨਾਂ ਦੇ ਸਮੇਂ ਇਹ ਭਾਵ ਭੁਝੰਗੀ ਸੀ ਛੋਟਾ ਜਿਹਾ, ਜਦੋਂ ਪਠਾਣਾਂ ਨੇ ਬੁੱਢੇ ਦੇ ਕੋਟ ਜਿਥੇ ਆ ਕੇ ਬਿਆਸ ਤੇ ਸਤਿਲੁਜ ਰਲਦੇ ਨੇ ਇਹਦਾ ਹੇਠਲਾ ਜਿਹੜਾ ਏਰੀਆ ਹੈ, ਹਰੀ ਕੇ ਪੱਤਣ ਦਾ ਹੇਠਲਾ ਪਾਸਾ ਹੈ ਜਿਹੜਾ ਉਥੇ ਜਾ ਕੇ ਸਿੰਘਾਂ ਦੇ ਇਕੱਠ

ਨੂੰ ਘੇਰਾ ਪਾਇਆ, ਕਿਉਂਕਿ ਸਿੰਘ ਦਰਿਆਵਾਂ ਬੇਲਿਆਂ ਵਿਚ ਰਹਿੰਦੇ ਸਨ। ਏਥੇ ਜਿਵੇਂ ਜਿਵੇਂ ਸਾਖੀਆਂ ਹੋਈਆਂ ਸਿੰਘਾਂ ਨੂੰ ਘੇਰੇ ਪਾਏ ਤੇ ਪਿੰਡ ਕਤਲ ਕੀਤੇ ਇਹਨਾਂ ਨੇ ਉਹ ਕੋਈ ਗੱਲ ਨਾ ਕਿਸੇ ਸਿੰਘ ਦੀ ਵੀ ਕਹੀ, ਬਈ ਕਿਵੇਂ ਕਿਵੇਂ ਸਿੰਘ ਕਾਮਯਾਬ ਹੋਏ ਏਸ ਇਲਾਕੇ ਵਿਚ ਕੋਈ ਨਾ ਦੱਸਿਆ। ਏਥੇ ਆ ਕੇ ਪਠਾਣਾਂ ਨੇ ਲਹੌਰੋਂ ਸਲਾਹ ਕੀਤੀ ਚਲੋ ਸਿੰਘ ਤਾਂ ਦੇਖੀਏ। ਤੋ ਸਿੰਘ ਕਿਹੜਾ ਤੁਰੇ ਫਿਰਦੇ ਸਨ, ਇਹਨਾਂ 'ਤੇ ਪਾਬੰਦੀ ਸੀ, ਹਨ੍ਹੇਰੇ ਸਵੇਰੇ ਹੀ ਨਿਕਲਦੇ ਸਨ, ਆਪਣਾ ਦਾਅ ਮਾਰਕੇ ਸਿੰਘ ਲੁੱਟ ਲਿਜਾਂਦੇ ਸਨ। ਚਲੋ ਵੇਖੀਏ ਏਥੇ ਨਿਕਲੇ ਸਿੰਘ ਦਰਿਆਓਂ ਅਗਲੇ ਪਾਰ ਹੋ ਗਏ, ਤਾਂ ਇਹਨਾਂ ਨੇ ਸੁਨੇਹਾ ਭੇਜਿਆ, ਚਿੱਠੀ ਭੇਜੀ ਕਿ ਅਸੀਂ ਤਾਂ ਸਿੰਘੋ! ਤੁਹਾਨੂੰ ਵੇਖਣ ਆਏ ਸਾਂ, ਤੇ ਤੁਸੀਂ ਚੰਗੇ ਸਿੰਘ ਓ, ਤੁਸੀਂ ਤਾਂ ਦਰਿਆ ਪਾਰ ਹੋ ਗਏ ਸਾਡੀ ਧੂੜ ਉਡਦੀ ਵੇਖ ਕੇ। ਸਿੰਘ ਸ਼ੇਰ ਨੂੰ ਕਹਿੰਦੇ ਨੇ ਸ਼ੇਰ ਤਾਂ ਨਹੀਂ ਲੁਕਦੇ ਹੁੰਦੇ, ਤੁਸੀਂ ਤਾਂ ਗਿੱਦੜਾਂ ਵਾਲਾ ਕੰਮ ਕੀਤਾ। ਸਿੰਘਾਂ ਨੂੰ ਗੁੱਸਾ ਆਇਆ ਇਹ ਕੀ ਕਿਹਾ ਚੜ੍ਹਤ ਸਿੰਘ ਉਦੋਂ ਬੱਚਾ ਸੀ। ਤੇ ਚੜ੍ਹਤ ਸਿੰਘ ਨੇ ਖੰਡਾ ਖਿੱਚ ਲਿਆ ਕਹਿੰਦਾ ਮੈਂ ਇਹਦੇ ਨਾਲ ਲੈਂਦਾ ਹਾਂ ਲੋਹਾ, ਸੁੱਖਾ ਸਿੰਘ ਨੇ ਬਾਂਹ ਫੜ ਲਈ ਕਹਿੰਦਾ ਉਹ ਭੁਝੰਗੀਆ! ਇਹ ਮੈਨੂੰ ਪਤਾ ਅੱਗੇ ਕੀ ਖੜੀ ਹੈ ਬਲਾ ਤੇਰੇ ਖੰਡੇ ਨੇ ਕੜੀ ਨਹੀਂ ਕਟਣੀ ਉਹਦੀ ਸੰਜੋਅ ਦੀ, ਉਹ ਲੋਹੇ ਨਾਲ ਮੜ੍ਹਿਆ ਪਿਆ, ਉਹਦੇ ਨਾਲ ਅਸੀਂ ਟਾਕਰਾ ਲਵਾਂਗੇ। ਸੁੱਖਾਂ ਸਿੰਘ ਦੇ ਉੱਤੇ ਵੀ ਦੋਸ਼ ਲਾਇਆ ਸੀ, ਜਿਵੇਂ ਅੱਜ ਕੱਲ ਦੋਸ਼ ਲਾਉਂਦੇ ਨੇ ਇਹਨੇ ਲੜਕੀ ਮਾਰ ਦਿੱਤੀ ਹੈ। ਦੇਵਨੇਤ ਨਾਲ ਲੜਕੀ ਤਾਂ ਉਈਂ ਚੜ੍ਹਾਈ ਕਰ ਗਈ ਸੀ ਤੇ ਉਸਦੇ ਸਿਰ ਦੋਸ਼ ਲਾ ਦਿੱਤਾ ਇਹਨੇ ਜਾਣਕੇ ਮਾਰ ਦਿੱਤੀ ਹੈ ਸੋ ਇਸ ਵਾਸਤੇ ਉਹ ਸੁੱਖਾ ਸਿੰਘ ਕਹਿਣ ਲੱਗਾ ਲੈ ਹੁਣ ਮੇਰੇ ਹੱਥ ਵੇਖ। ਸੰਜੋਅ ਮੁਗਲਾਂ ਨੂੰ ਮਾਰਕੇ ਲਈ ਹੋਈ ਸੀ। ਸਿਰ ਤੋਂ ਲੈ ਕੇ ਪੈਰਾਂ ਤੀਕਰ ਲੋਹੇ ਨਾਲ ਮੜ੍ਹ ਕੇ ਸਰੀਰ, ਘੋੜੇ ਦੇ ਉਤੇ ਗੱਠਤਾਣ ਪਾ ਕੇ ਸੰਜੋਅ ਤੇ ਚੜ੍ਹਕੇ ਉਹਦੇ ਮੁਗਲ ਪਠਾਣ ਦੇ ਟਾਕਰੇ ਨੂੰ ਗਿਆ, ਜੁੱਧ ਹੋਵੇਗਾ ਵਰਣਨ ਆਵੇਗਾ ਅੱਗੇ ਕਿਵੇਂ ਟਾਕਰੇ ਹੋਏ ਕਿਵੇਂ ਜੰਗ ਸਿੰਘਾਂ ਦਾ ਹੋਇਆ, ਕਿਵੇਂ ਉਸ ਪਠਾਣ ਨੂੰ ਮਾਰਨਾ ਕੀਤਾ, ਉਸ ਚੜ੍ਹਤ ਸਿੰਘ ਦੀ ਬਾਂਹ ਫੜ ਲਈ ਤੇ ਚੜ੍ਹਤ ਸਿੰਘ ਨੂੰ ਨਾਲ ਲੈ ਗਿਆ, ਕਹਿੰਦਾ ਤੂੰ ਦੇਖੀਂ ਘੋੜਾ ਇਕ ਲਿਆਈਂ ਨੇੜੇ, ਜੰਗ ਵਿਚ ਘੋੜੇ ਨੇ ਵੀ ਸ਼ਹੀਦ ਹੋ ਜਾਣਾ ਅਤੇ ਓਸ ਮੌਕੇ ਇਹਨੂੰ ਮਾਰ ਕੇ ਨਿਕਲਣਾ ਆਪਾਂ, ਤੇ ਤੂੰ ਨੇੜੇ ਰਹੀਂ ਤੈਨੂੰ ਵੀ ਲੈ ਨਿਕਲਣਾ ਘੋੜਾ ਲਿਆਈਂ। ਇਹ ਚੜ੍ਹਤ ਸਿੰਘ ਓਥੇ ਘੋੜਾ ਲੈ ਕੇ ਖੜਾ ਸੀ, ਪਾਰ ਲੁਕਿਆ ਖੜਾ ਸੀ। ਜਦੋਂ ਭਾਈ ਸੁਖਾ ਸਿੰਘ ਨੇ ਏਸ ਪਠਾਣ ਨੂੰ ਢਾਹ ਲਿਆ, ਮਾਰ ਲਿਆ, ਉਦੋਂ ਫੱਟ ਘੋੜਾ ਲੈ ਕੇ ਆਇਆ ਤੇ ਚੜ੍ਹਾ ਕੇ ਘੋੜੇ 'ਤੇ ਪਾਰ ਲੰਘ ਗਏ। ਜਦੋਂ ਅੱਗੇ ਫੌਜ ਵਧੀ ਤਾਂ ਅੱਗੋਂ ਰਾਬਾ ਆਇਆ ਬੰਦੂਕਾਂ ਦਾ, ਜਿਨ੍ਹਾਂ ਦੇ ਵਿਚ ਅੱਧਾ ਅੱਧਾ ਕਿਲੋ ਬਰੂਦ ਪੈਂਦਾ ਜਿਨ੍ਹਾਂ ਦੇ ਨਾਲਾਂ ਵੱਡੀਆਂ ਰੱਖ ਕੇ ਸਿੰਘਾਂ ਰਾਬਾ ਮਾਰਿਆ, ਪਠਾਣਾਂ ਦਾ ਮੂੰਹ ਮੋੜ ਦਿੱਤਾ ਪਿੱਛੇ ਨੂੰ ਭੱਜ ਗਏ ਲਹੌਰ ਨੂੰ, ਇਹ ਸਿੰਘਾਂ ਦਾ ਵੇਖਿਆ ਉਨ੍ਹਾਂ ਸਿੰਘਾਂ ਦਾ ਦਰਸ਼ਨ ਕੀਤਾ ਕਿ ਹਾਂ ਹੈਗੇ ਸ਼ੇਰ, ਫੇਰ ਮੰਨੇ ਹਾਂ ਹੈਗੇ ਸ਼ੇਰ ਨੇ ਇਹ ਤਾਂ, ਇਹ ਤਾਂ ਕਮਾਲ ਕੀਤਾ ਇਹਨਾਂ ਨੇ ਇਉਂ ਕਰਕੇ ਸਿੰਘਾਂ ਦੀ ਭਾਈ ਕਥਾ ਆਵੇਗੀ ਲੇਕਿਨ ਦੁਸ਼ਮਣ ਕੌਣ ਦੱਸਦਾ ਹੁੰਦਾ ਕਿਸੇ ਦੀ ਤਾਕਤ। ਇਸ ਵਾਸਤੇ ਉਨ੍ਹਾਂ ਤਾਂ ਤੋੜਾ ਝਾੜਿਆ ਸੀ ਕਿ ਚੱਲ ਜਦੋਂ ਦਿਸ ਜਾਣਗੇ ਇਹ ਮਾਰੇਗਾ ਉਹਨਾਂ ਨੂੰ।

ਗਯੋ ਤਲਾਕ ਨਿਕਾਰ ਕੈ ਹਮ ਉਲਾਦ ਆਵੈ ਇਤ ਨਾਹਿ॥ ੨੬॥ ਅਹਿਮਦ ਸ਼ਾਹ ਨੂੰ ਬੁਲਾਇਆ ਹੈ ਉਹਦੇ ਪੁੱਤਰ ਨੂੰ ਇਹਨਾਂ ਨੇ ਗੁਜਰਾਂਵਾਲੇ ਨੂੰ ਘੇਰਾ ਪਾ ਲਿਆ ਲਹੌਰ ਤੋਂ ਚਲਕੇ ਤਮੂਰ ਸ਼ਾਹ ਨੇ, ਘੇਰਾ ਪਾ ਲਿਆ ਤੇ ਉਹਨੇ ਖਬਰ ਕੀਤੀ ਬੁੱਢੇ ਦਲ ਨੂੰ, ਬੁੱਢਾ ਦਲ ਦਾ ਇਤਿਹਾਸ ਆਵੇਗਾ ਸਾਖੀ ਆਵੇਗੀ, ਬੁੱਢੇ ਦਲ ਨੇ ਆਖਿਆ ਚਲੋ ਛਡਾਈਏ ਚਲ ਕੇ ਚੜ੍ਹਤ ਸਿੰਘ ਨੂੰ। ਜਦੋਂ ਇਹਦੇ ਘੇਰੇ ਤੋੜਨ ਵਾਸਤੇ ਆ ਗਏ। ਉਹਨੇ ਚਾਰ ਸੌ ਨੌਕਰ ਸਿੱਖ ਰਖਿਆ ਹੋਇਆ ਸੀ, ਉਹਨਾਂ ਨੇ ਤੈਮੂਰ ਨੂੰ ਦਸਿਆ ਦੇਖ ਖਾਲਸਾ ਆ ਰਿਹਾ, ਉਹਨੇ ਕਿਹਾ, ਹੁਣ ਕੀ ਕਰਾਂ? ਉਹਨੇ ਕਿਹਾ ਜਿਹੜਾ ਭੱਜ ਕੇ ਨਿਕਲ ਗਿਆ ਸੋ ਨਿਕਲ ਗਿਆ ਇਉਂ ਤਾਂ ਨਹੀਂ ਜਾਣਾ, ਏਧਰ ਸਿੰਘਾਂ ਨੇ ਜਦ ਆ ਕੇ ਹੱਲਾ ਬੋਲਿਆ, ਉਧਰੋਂ ਚੜ੍ਹਤ ਸਿੰਘ ਨੇ ਹੱਲਾ ਬੋਲ ਦਿੱਤਾ। ਫੇਰ ਤੈਮੂਰ ਸ਼ਾਹਿ ਨੂੰ ਭੱਜਣ ਤੋਂ ਸਿਵਾਏ ਰਾਹ

ਕੋਈ ਨਾ ਰਹਿ ਗਿਆ। ਲਹੌਰ ਨੂੰ ਭੱਜਿਆ। ਰਾਹਾਂ ਵਿਚ ਮੁਰਦਿਆਂ ਵਿੱਚ ਪਿਆ ਰਿਹਾ ਰਾਤ ਸਾਰੀ। ਤੋ ਸਿੰਘਾਂ ਦਾ ਹੱਲਾ ਤਾਂ ਗਿਆ ਰਾਵੀ ਦੇ ਕਿਨਾਰੇ ਤੀਕਰ। ਮਾਰਦੇ ਤੁਰੇ ਗਏ ਭਜਾ ਕੇ ਸਭ ਦਬੱਲ ਦਿਤੇ, ਇਹ ਮੁਰਦਿਆਂ ਵਿਚ ਪਿਆ ਰਿਹਾ, ਜਦ ਸਿੰਘ ਮੁੜ ਗਏ ਨਾ, ਫੇਰ ਨਿਕਲ ਕੇ ਭੱਜਿਆ। ਭਾਈ ਸਾਹਿਬ ਜੀ ਦਸਦੇ ਹਨ ਜਿਵੇਂ ਮੁਰਦਿਆਂ ਦੇ ਰਾਹ ਲੰਘਾਇਆ ਇਸਨੂੰ ਅਤੇ ਜਾਂਦਾ 'ਤਲਾਕ' ਲਿਖ ਗਿਆ ਮੇਰੀ ਨਾ ਕੋਈ ਉਲਾਦ ਏਧਰ ਆਵੇਗੀ ਹਿੰਦੋਸਤਾਨ ਵਿਚ। ਏਸ ਤਰ੍ਹਾਂ ਲਕੀਰਾਂ ਕਢਾਈਆਂ ਨੱਕ ਦੇ ਨਾਲ, ਉਹ ਕੋਈ ਗੱਲ ਨਾ ਦੱਸੀ, ਉਹਨਾਂ ਨੇ। ੨੬।

ਚੌਪਈ॥ ਫੇਰ ਪੋਤਰੇ ਉਸ ਕੇ ਆਏ॥ ਫੇਰ ਅਹਿਮਦ ਸ਼ਾਹ ਅਬਦਾਲੀ ਦੇ ਪੋਤਰੇ ਵੀ ਆਏ ਏਥੇ।

ਸੋਊ ਖਾਲਸੇ ਮਾਰ ਹਟਾਏ॥ ਚਾਰ ਕੁੰਟ ਤੋਂ ਮਾਰਕੇ ਖਾਲਸੇ ਨੇ ਉਹਨਾਂ ਦੇ ਦੰਦ ਖੱਟੇ ਕੀਤੇ, ਭਜਾਏ ਏਥੋਂ।

ਪੰਥ ਆਦਿ ਤੈ ਘੁਲਤੈ ਆਯੋ॥ ਆਦਿ ਤੋਂ ਜੋ ਸ਼ੁਰੂ ਤੋਂ ਜਦ ਪੰਥ ਦੀ ਰਚਨਾ ਕੀਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਧਰਮ ਜੁੱਧ ਲਾਇਆ ਹੈ। ਇਹ ਉਹਨਾਂ ਦੀ ਸਾਜਨਾ ਹੈ ਜੋ ਖਾਲਸਾ ਪੰਥ ਹੈ ਘੁਲਦਾ ਹੀ ਆਇਆ ਹੈ, ਲੜਦਾ ਹੀ ਤੁਰਿਆ ਆ ਰਿਹਾ ਹੈ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਲੈਕੇ।

ਦੁਸਟ ਪਤਸਾਹੈ ਰਯਤ ਸੁਨਾਯੋ॥ ੨੭॥ ਉਹ ਦੁਸ਼ਟ ਆਤਮਾ ਸੀ, ਉਸ ਨੇ ਰਯਤ ਦੱਸਿਆ ਖਾਲਸੇ ਨੂੰ। ਜੋ ਪਾਤਸ਼ਾਹੀਆਂ ਨਾਲ ਟੱਕਰ ਲੈਂਦਾ ਆਇਆ। ਇਹਨਾਂ ਨੇ ਪਾਤਸ਼ਾਹ ਦੀਆਂ ਨੱਕ ਨਾਲ ਲਕੀਰਾਂ ਕਢਾ ਦਿੱਤੀਆਂ, ਤਲਾਕ ਦੇ ਕੇ ਨਿਕਲ ਗਏ ਮੁਲਕ 'ਚੋਂ ਉਹਨਾਂ ਨੂੰ ਨਹੀਂ ਦੱਸਦਾ ਏ ਪਾਤਸ਼ਾਹ। ੨੭।

ਦੋਹਰਾ॥ ਦੁਸ਼ਟ ਦੁਸ਼ਟਾਈ ਨਹਿੰ ਤਜੇ ਜਿਮ ਸਰਪ ਤਜੇ ਬਿਖ ਨਾਹਿ॥ ਭਾਈ ਸਾਹਿਬ ਜੀ ਕਹਿੰਦੇ ਨੇ ਦੁਸ਼ਟ ਜਿਹੜਾ ਹੈ ਦੁਸ਼ਟਪੁਣਾ ਨਹੀਂ ਛੱਡਦਾ, ਜਿਵੇਂ ਸੱਪ ਜ਼ਹਿਰ ਨਹੀਂ ਛੱਡਦਾ। ਕਿੰਨਾਂ ਸੱਪ ਨੂੰ ਦੁੱਧ ਪਿਆ ਲਉ ਉਹਨੇ ਡੰਗ ਹੀ ਮਾਰਨਾ ਹੈ। ਇਸ ਤਰ੍ਹਾਂ ਕਰਕੇ ਇਹ ਵੀ ਦੁਸ਼ਟ ਨੇ, ਇਹ ਸੱਪਾਂ ਵਰਗੇ ਨੇ ਇਹ ਨਹੀਂ ਦੁਸ਼ਟਤਾਈ ਛੱਡਦੇ।

ਅਕਸਰ ਦੂਧ ਪਿਲਾਈਐ ਡੰਗ ਮਾਰਨ ਤੇ ਨ ਟਲਾਹਿ॥ ੨੮॥ ਭਾਵੇਂ ਕਿੰਨਾਂ ਦੁੱਧ ਪਿਆ ਲਉ ਸੱਪ ਨੂੰ ਉਹ ਡੰਗ ਮਾਰਨੋ ਨਹੀਂ ਟਲ ਸਕਦਾ, ਦੁੱਧ ਨਾਲ ਮਿੱਠਾ ਹੋ ਗਿਆ ਉਹ, ਕਦੇ ਨਹੀਂ ਹੋ ਸਕਦਾ। ਉਸ ਤਰ੍ਹਾਂ ਇਹ ਦੁਸ਼ਟ ਹਨ, ਸਭ ਦੁਸ਼ਟ ਹਨ ਮੁਗਲ ਜਿਹੜੇ ਨੇ ਝੂਠੇ ਡੰਗ ਚਲਾਉਂਦੇ ਨੇ। ੨੮।

ਚੌਪਈ॥ ਕੋਊ ਨ ਕਹੀ ਉਨ ਸਾਚੀ ਬਾਤ॥ ਕੋਈ ਸੱਚੀ ਗੱਲ ਨਾ ਕਹਿਣੀ ਕੀਤੀ ਉਹਨਾਂ ਨੇ।

ਝੂਠ ਕਹਯੋ ਉਨ ਸਮਝ ਸਾ ਘਾਤ॥ ਘਾਤ ਸਮਝਕੇ ਸਮਾਂ ਸਮਝ ਕੇ ਝੂਠ ਬੋਲੋ, ਇਹ ਸ਼ਕਤੀ ਹੈ ਅੰਗ੍ਰੇਜ ਦੀ ਬੜੀ ਤਕੜੀ, ਇਹਨਾਂ ਨਾਲ ਪੰਜਾ ਪੁਆ ਦਿਉ, ਪਹਿਲਾਂ ਇਹ ਸਾਡੇ ਨਾਲ ਲੜਦੇ ਆਏ ਨੇ, ਸ਼ਾਇਦ ਇਹਨਾਂ ਨਾਲ ਲੜਦੇ ਮਾਰੇ ਜਾਣ ਇਹ ਖਿਆਲ ਸੀ ਉਹਨਾਂ ਦੇ ਮਨ ਵਿਚ।

ਜਿਮ ਉਨ ਕਹਯੋ ਤਿਮ ਜਰਨੈਲ ਲਿਖ ਧਰਯੋ॥ ਜਿਵੇਂ ਉਸ ਬਾਦਸ਼ਾਹ ਨੇ ਕਿਹਾ, ਇਹ ਜਰਨੈਲ ਜੋ ਅਖਤਰ ਲੋਨੀ ਸੀ ਉਹਨੇ ਓਸੇ ਤਰ੍ਹਾਂ ਲਿਖ ਲਿਆ ਸਾਰਾ ਸਿੰਘਾਂ ਦਾ ਹਵਾਲਾ।

ਸੱਚ ਝੂਠ ਤਬ ਨਾਂਹ ਬਿਚਰਯੋ॥ ੨੯॥ ਲੇਕਨ ਉਹਨੇ ਕੋਈ ਸੱਚ ਝੂਠ ਦੀ ਵਿਚਾਰ ਨਾ ਕੀਤੀ ਕਿ ਇਹ ਸੱਚੀ ਕਹਿ ਰਿਹਾ ਕਿ ਝੂਠ ਕਹਿ ਰਿਹਾ, ਜੋ ਉਹਨਾਂ ਲਿਖਾਇਆ ਸੋਈ ਲਿਖ ਲੈਣਾ ਕੀਤਾ। ੨੯।

ਤੁਰਕ ਹਿੰਦੂ ਕੋ ਬੈਰ ਹੁਤੋ ਆਦਿ॥ ਤੁਰਕਾਂ ਦਾ ਤੇ ਹਿੰਦੂਆਂ ਦਾ ਵੈਰ ਅਰੰਭ ਤੋਂ ਹੀ ਪੈ ਗਿਆ ਸੀ। ਜਦ ਇਹਨਾਂ ਜੁਲਮ ਸ਼ੁਰੂ ਕਰ ਦਿੱਤੇ। ਸਿੰਘਾਂ ਨੇ ਉਲਾਦ ਕਰੜੀ ਸ਼ੁਰੂ ਕਰ ਦਿੱਤੀ, ਓਸੇ ਦਿਨ ਤੋਂ ਹੀ ਵੈਰ ਬੱਝ ਗਿਆ ਸੀ।

ਦੀਨ ਮਜ਼ਬ ਕੋ ਆਦੋ ਬਾਦ॥ ਆਦਿ ਤੋਂ ਲੈ ਕੇ ਦੀਨ ਤੇ ਮਜ਼ਬ ਦਾ, ਹਿੰਦੂ ਧਰਮ ਦਾ ਤੇ ਤੁਰਕ ਇਸਲਾਮ ਦਾ ਓਸੇ ਦਿਨ ਤੋਂ ਵੈਰ ਵਧ ਗਿਆ ਸੀ।

ਝੂਠ ਕਹਿਨ ਮੈਂ ਜੇ ਰਿਪੁ ਮਰੈ॥ ਝੂਠੀ ਗੱਲ ਕਿਹਾਂ ਤੋਂ ਜੇ ਦੁਸ਼ਮਨ ਮਰਦਾ ਹੋਵੇ।

ਤੁਰਕ ਹਿੰਦੂਅਨ ਤੇ ਕਬ ਟਰੈ॥ ੩੦॥ ਤੇ ਤੁਰਕ ਹਿੰਦੂਆਂ 'ਤੇ ਝੂਠੀ ਗੱਲ ਕਹਿਣ ਤੋਂ ਕਦੋਂ ਟਲਦਾ ਹੈ, ਉਹਨਾਂ ਤਾਂ ਆਪਣਾ ਵਿਚਾਰ ਕੇ ਕਹਿ ਹੀ ਦੇਣੀ ਹੈ ਗੱਲ। ੩੦।

ਦੋਹਰਾ॥ ਭੁਜਾ ਭਿਵਾਈਐ ਤੇਲ ਸਿਉਂ, ਦੀਜੈ ਤਿਲੈ ਲਗਾਇ॥ ਭਾਈ ਸਾਹਿਬ ਜੀ ਕਹਿੰਦੇ ਨੇ ਭੁਜਾ ਕਹਿੰਦੇ ਨੇ ਬਾਂਹ ਨੂੰ, ਤੇਲ ਦੇ ਨਾਲ ਬਾਂਹ ਗਿੱਲੀ ਕਰ ਲਈਏ ਤੇ ਤਿਲਾਂ ਵਿੱਚ ਦੇ ਦੇਈਏ, ਕਿ ਜਿੰਨੇ ਤਿਲ ਲੱਗ ਜਾਣ ਬਾਂਹ ਨੂੰ।

ਮਾਰੋ ਹਿੰਦੂਅਨ ਕਸਮ ਕਰ ਇਹ ਗਯੋ ਰਸੂਲ ਬਤਾਇ॥ ੩੧॥ ਇਹਨਾਂ ਦਾ ਰਸੂਲ ਕੀ ਕਹਿ ਗਿਆ ਹਿੰਦੂਅਨ ਨੂੰ ਇਹ ਕਾਫਰ ਕਹਿੰਦੇ ਨੇ, ਕਹਿੰਦੇ ਜਿੰਨੇ ਤਿਲ ਲੱਗ ਜਾਣ ਓਨੀਆਂ ਕਸਮਾਂ ਖਾ ਕੇ ਵੀ ਜੇ ਹਿੰਦੂ ਮਰਦਾ ਹੋਵੇ ਨਾ। ਤਾਂ ਕਦੀ ਨਾ ਟਲੋ ਇਹਨਾਂ ਨੂੰ ਮਾਰੋ, ਫਿਰ ਜਿਨ੍ਹਾਂ ਦਾ ਭਈ ਆਗੂ ਹੀ ਇਹ ਗੱਲ ਕਹਿ ਜਾਵੇ, ਗੁਰ ਪੀਰ ਕਹਿ ਜਾਵੇ। ਜਦੋਂ ਓਥੇ ਗਏ ਨਾ ਦਰਗਾਹ ਵਿੱਚ ਬਾਬਰ ਨੂੰ ਭੇਜਿਆ ਤਾਂ ਉਥੇ ਦਰਗਾਹ ਦੇ ਵਿਚ ਦੀ ਗੱਲ ਹੈ ਓਥੇ ਉਹਨਾਂ ਪੁੱਛਣਾ ਕੀਤਾ ਇਹ ਕਿਵੇਂ ਹੋਇਆ? ਬਾਬਰ ਨੇ ਜਦੋਂ ਪੁੱਛਿਆ ਨਾ ਮੁਹੰਮਦ ਨੂੰ ਤੈਨੂੰ ਦਰਗਾਹ 'ਚੋਂ ਕਿਹਨੇ ਕੱਢ ਦਿੱਤਾ ਕੀ ਗੱਲ ਹੈ? ਤੁਹਾਡੀ ਕੋਈ ਗੱਲ ਨਹੀਂ, ਤੁਹਾਡੇ ਸਪੁਰਦ ਕੁਝ ਨਹੀਂ ਹੈ। ਉਹਨੇ ਆਖਿਆ ਓਇ ਮੈਨੂੰ ਤਾਂ ਦਰਗਾਹ 'ਚੋਂ ਧੱਕੇ ਮਾਰ ਕੇ ਕੱਢ ਦਿੱਤਾ। ਤੂੰ ਆਪ ਦੀ ਉੱਮਤ ਨੂੰ ਆਹ ਸਿੱਖਿਆ ਦੇ ਕੇ ਆਇਆ? ਕਿ ਹਿੰਦੂਆਂ ਨੂੰ ਪੁਛਿਓ ਨਾ, ਕਤਲ ਕਰ ਦਿਓ, ਮਾਰ ਦਿਉ, ਇਹਨਾਂ ਨੂੰ, ਇਹਨਾਂ ਦੀ ਕੋਈ ਦਾਦ ਫਰਿਆਦ ਨਹੀਂ, ਇਹ ਕਾਫਰ ਹੁੰਦੇ ਨੇ, ਇਹ ਲਿਖਕੇ ਆਇਆ ਹੈਂ ਚਲ ਤੈਨੂੰ ਕੋਈ ਅਧਿਕਾਰ ਨਹੀਂ ਦਰਗਾਹ ਵਿਚ ਆਉਣ ਦਾ ਇਹ ਤਾਂ ਵਾਹਿਗੁਰੂ ਦੇ ਬੰਦੇ ਨੇ, ਸਭ ਖਲਕਤ ਤਾਂ ਪ੍ਰਮੇਸ਼ਰ ਦੀ ਹੈ (ਖ਼ੁਦਾ) ਦੀ ਹੈ। ਇਹ ਕਿਉਂ ਲਿਖ ਕੇ ਗਿਆ ਬਈ, ਇਹ ਕਿਉਂ ਐਸੀ ਭੈੜੀ ਸਿੱਖਿਆ ਦੇ ਗਿਆ, ਇਸ ਵਾਸਤੇ ਖੁਆਰ ਹੋਇਆ ਇਸ ਕਾਰਣ ਤੇ ਦਸਦੇ ਨੇ ਉਹ ਦੋਸ਼ੀ ਹੋਇਆ, ਤਾਂ ਸਾਡੀ ਇਹ ਹਾਲਤ ਹੋਈ। ਤੇ ਇਸ ਵਾਸਤੇ ਰਸੂਲ ਲਿਖ ਗਿਆ ਜਿੰਨਾਂ ਤੇਲ ਲਾ ਕੇ ਬਾਂਹ ਤਿਲਾਂ ਵਿਚ ਭਿਉਂਕੇ ਜਿੰਨੇ ਤਿਲ ਲੱਗ ਜਾਣ ਓਨੀਆਂ ਝੂਠੀਆਂ ਕਸਮਾਂ ਖਾ ਕੇ ਵੀ ਜੇ ਇੱਕ ਹਿੰਦੂ ਦਾ ਬੁਰਾ ਹੁੰਦਾ ਹੋਵੇ ਤਾਂ ਕਰ ਦਿਉ ਕੋਈ ਗੱਲ ਨਹੀਂ, ਕੋਈ ਗਲਤੀ ਨਹੀਂ ਇਉਂ ਕਹਿਆ ਗਿਆ ਇਹਨਾਂ ਨੂੰ ਤਾਂ ਕਰਦੇ ਰਹੇ ਜ਼ੁਲਮ। ੩੧।

ਰਤਨ ਸਿੰਘ ਨੈ ਜਿਮ ਸੁਨੀ ਸੋ ਤਉ ਧਰੀ ਲਿਖਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹੈ ਮੈਂ ਤਾਂ ਏਦਾਂ ਸੁਣਿਆਂ। ਜੋ ਜੋ ਮੇਰੇ ਸਾਹਮਣੇ ਆਈ ਨਿਗਾਹ ਵਿਚ ਮੈਂ ਤਾਂ ਲਿਖ ਕੇ ਇਤਿਹਾਸ ਵਿਚ ਨੋਟ ਕਰ ਦਿਤੀ ਹੈ ਉਹ ਗੱਲ।

ਸੁਨੋ ਸੰਤ ਮਨ ਲਾਇਕੈ ਆਗੈ ਕਹੂੰ ਬਧਾਇ॥ ੩੨॥ ਐ ਸੰਤ ਜਨੋ ! ਹੇ ਗੁਰ ਸਿਖੋ! ਮਨ ਲਾ ਕੇ ਸੁਨੋ ਸਾਖੀ ਨੂੰ, ਕਹਿੰਦੇ ਨੇ ਅੱਗੇ ਹੁਣ ਬਧੰਤ ਕਰਦਾ ਹਾਂ। ਇਹ ਤਾਂ ਮੂਲ ਰੂਪ ਹੋ ਗਿਆ ਨਾ। ਸ਼ੁਰੂ ਕਿਥੋਂ ਹੋਇਆ? ਅਰੰਭ ਕਿਥੋਂ ਹੋਇਆ? ਇਹ ਕਿਥੋਂ ਕਾਰਨ ਬਣਿਆ? ਏਡੇ ਜ਼ੁਲਮ ਦਾ ਇਹ ਤਾਂ ਹੈਗਾ, ਕਿਉਂਕਿ ਉਹਨਾਂ ਦਾ ਰਸੂਲ ਲਿਖ ਗਿਆ ਉਹਨਾਂ ਨੂੰ ਤੇ ਉਹ ਉਸਦੀ ਪਾਲਣਾ ਕਰਦੇ ਨੇ, ਉਸ ਹੁਕਮ ਦੀ ਪਾਲਣਾ ਕਰਦੇ ਹੋਏ ਇਹ ਜ਼ੁਲਮ ਕਰਦੇ ਨੇ। ਹੁਣ ਕਹਿੰਦੇ ਮੈਂ ਅੱਗੇ ਬਧੰਤ ਕਰਦਾ ਹਾਂ ਖਾਲਸੇ ਪੰਥ ਦਾ, ਅੱਗੇ ਕਿਵੇਂ ਵਾਧਾ ਹੋਇਆ ਉਹ ਪ੍ਰੇਮ ਪੂਰਬਕ ਸ੍ਰਵਣ ਕਰੋ। ੩੨।

(ਇਸ ਪੁਸਤਕ ਦੇ ਰਚਣ ਦਾ ਕਾਰਨ ਤੇ ਅੰਗ੍ਰੇਜ਼ਾਂ ਦੀ ਸੱਚੇ ਸਿੱਖ-ਇਤਿਹਾਸ ਲੱਭਣ ਦੀ ਕੋਸ਼ਿਸ਼)

ਦੋਹਰਾ॥ ਜਬ ਪਾਤਿਸਾਹੈ ਇਮ ਕਹਯੋ, ਇਨ ਦਯੋ ਰਾਜ ਕਿਨ ਨਾਹਿ॥ ਜਦੋਂ ਬਾਦਸ਼ਾਹ ਨੇ ਇਹ ਗੱਲ ਕਹੀ ਅੰਗ੍ਰੇਜ਼ਾਂ ਨੂੰ ਕਿ ਇਹਨਾਂ ਨੂੰ ਤਾਂ ਕਿਸੇ ਰਾਜ ਨਹੀਂ ਦਿੱਤਾ ਹੈ, ਇਹ ਤਾਂ ਆਪਣੇ ਆਪ ਆਕੀ ਹੋਏ ਫਿਰਦੇ ਨੇ।

ਰੱਯਤ ਆਕੀ ਹਮ ਭਈ, ਅਏ ਨਾਦਰ ਅਹਿਮਦ ਸਾਹਿ॥ ੧॥ ਇਹ ਸਾਡੀ ਰਈਅਤ ਆਕੀ ਹੋ ਗਈ ਹੈ, ਕਿਉਂਕਿ ਅਹਿਮਦ ਸ਼ਾਹ ਅਬਦਾਲੀ ਆਉਂਦਾ ਰਿਹਾ, ਨਾਦਰ ਆਇਆ, ਜਿਹੜੀ ਹਕੂਮਤ ਆਈ ਉਹ ਲੜਾਈ ਵਿਚ ਰੁਝੀ ਰਹੀ ਇਹ ਲੋਕ ਆਕੀ ਹੋ ਗਏ ਓਸ ਟਾਇਮ। ੧।

ਚੌਪਈ॥ ਤਬ ਅੰਗ੍ਰੇਜ਼ਨ ਤਿਉਂ ਹੀ ਲਿਖ ਲਯੋ॥ ਤਾਂ ਅੰਗ੍ਰੇਜ਼ਾਂ ਨੇ ਜਿਉਂ ਕਾ ਤਿਉਂ ਲਿਖ ਲਿਆ। ਇਹ ਬਾਦਸ਼ਾਹ ਹੈ ਹਿੰਦੋਸਤਾਨ ਦਾ ਇਹ ਸੱਚੀ ਗੱਲ ਹੀ ਲਿਖਾ ਰਿਹਾ। ਇਹ ਭਰੋਸਾ ਕਰਕੇ ਇਹ ਜਰਨੈਲ ਅਖਤਰ ਲੋਨੀ ਨੇ ਉਸੇ ਤਰ੍ਹਾਂ ਹੀ ਲਿਖਣਾ ਕੀਤਾ।

ਸਿੰਘਨ ਰਾਜ ਨ ਕਿਨਹੂੰ ਦਯੋ॥ ਲਿਖ ਦਿੱਤਾ ਕਿ ਸਿੰਘਾਂ ਨੂੰ ਰਾਜ ਨਹੀਂ ਕਿਸੇ ਦਿੱਤਾ।

ਨਹੀਂ ਪਰਵਾਨੋ ਸਿੰਘਾਂ ਪਾਹਿ॥ ਨਾ ਇਨ੍ਹਾਂ ਕੋਲ ਕੋਈ ਪਰਵਾਨਾ ਕਿਸੇ ਪਾਤਸ਼ਾਹ ਦਾ ਔਰਡਰ ਹੈ ਕਿ ਹੁਣ ਤੁਸੀਂ ਰਾਜ ਕਰੋ, ਇਹ ਤੁਹਾਨੂੰ ਜਗੀਰ ਦਿੱਤੀ ਹੈ।

ਨਹੀਂ ਬਖਸ ਕਿਨ ਕਰੀ ਪਤਿਸਾਹਿ॥ ੨॥ ਤੇ ਨਾ ਹੀ ਕਿਸੇ ਪਾਤਸ਼ਾਹ ਨੇ ਬਖਸ਼ੀਸ਼ ਦਿੱਤੀ ਹੈ ਇਹਨਾਂ ਨੂੰ ਇਨਾਮ ਦਿੱਤਾ ਇਹਨਾਂ ਨੂੰ ਭਾਵ ਤੁਸਾਂ ਬਾਦਸ਼ਾਹ ਦਾ ਕਾਰਜ ਸਵਾਰਿਆ ਹੈ, ਬੜੇ ਗਨੀਮ ਨਾਲ ਜੁੱਧ ਕੀਤਾ ਹੈ, ਇਹ ਤੁਹਾਨੂੰ ਇਨਾਮ ਦਿੰਦੇ ਹਾਂ, ਕਿਸੇ ਨਾ ਲਿਖਿਆ, ਕੋਈ ਗੱਲ ਨਾ ਦੱਸੀ। ੨।

ਦਿਲੀਸ਼ ਕਹਯੋ ਤਿਮ ਲਿਖਯੋ ਕਿਤਾਬ॥ ਦਿੱਲੀ ਦੇ ਮੁਗਲ ਬਾਦਸ਼ਾਹ ਨੇ ਜਿਵੇਂ ਲਿਖਾ ਦਿੱਤਾ, ਅਖਤਰ ਲੋਨੀ ਓਵੇਂ ਆਪਣੀ ਕਿਤਾਬ ਵਿਚ ਨੋਟ ਕਰ ਲਿਆ।

ਹੁਕਮ ਪਾਇ ਯੌ ਧਰੀ ਸ਼ਿਤਾਬ॥ ਹੁਕਮ ਪਾ ਕੇ ਓਸੇ ਵੇਲੇ ਲਿਖ ਕੇ (ਸ਼ਿਤਾਬੀ) ਛੇਤੀ ਨਾਲ ਉਹ ਕਿਤਾਬ ਬੰਦ ਕਰਕੇ ਰੱਖ ਦਿੱਤੀ ਕਿ ਸਿੰਘਾਂ ਦੀ ਆਹ ਹਿਸਟਰੀ ਹੈ, ਸਿੰਘਾਂ ਦੀ ਆਹ ਫਾਈਲ ਹੈ, ਜੋ ਸਿੰਘਾਂ ਨੇ ਏਥੇ ਰਾਜ ਕਿਵੇਂ ਕੀਤਾ? ਕਿਵੇਂ ਵਧੇ ਫੁੱਲੇ, ਉਹਨੇ ਇਹ ਲਿਖ ਕੇ ਬੰਦ ਕਰ ਦਿੱਤੀ ਕਿਤਾਬ।

ਜੌ ਨਹਿਂ ਪਰਵਾਨੋ ਸਿੰਘਨ ਪਾਹਿ॥ ਜੇ ਸਿੰਘਾਂ ਕੋਲ ਕੋਈ ਪ੍ਰਵਾਨਾ ਹੀ ਨਹੀਂ ਹੈ ਕਿਸੇ ਪਾਤਸ਼ਾਹ ਨੇ ਬਖਸ਼ੀਸ਼ ਨਹੀਂ ਦਿੱਤੀ, ਹੁਕਮ ਨਹੀਂ ਹੈ ਕਿਸੇ ਦਾ।

ਔ ਨਹਿਂ ਬਖਸ਼ਯੋ ਕਿਨ ਪਤਿਸਾਹਿ॥ ੩॥ ਤੇ ਨਾ ਹੀ ਇਹਨਾਂ ਨੂੰ ਬਖਸ਼ਸ਼ ਕੀਤੀ ਹੈ ਕਿਸੇ ਪਾਤਸ਼ਾਹ ਨੇ। ੩।

ਰੱਯਤ ਆਕੀ ਕਬ ਰਹਨੈ ਪਾਇ॥ ਤੇ ਰਈਅਤ ਕਿਵੇਂ ਆਕੀ ਹੋ ਸਕਦੀ ਹੈ, ਕਿੰਨਾਂ ਚਿਰ ਆਕੀ ਰਹਿ ਸਕਦੇ ਨੇ ਇਹ।

ਲਈਅਗੁ ਇਨ ਤੈ ਮੁਲਕ ਛਿਨਾਇ॥ ਅੰਗ੍ਰੇਜ਼ਾਂ ਸਲਾਹ ਕਰ ਲਈ ਇਹਨਾਂ ਤੋਂ ਮੁਲਕ ਖੋਹ ਲਉ। ਇਹਨਾਂ ਨੂੰ ਕਿਸੇ ਦਿੱਤਾ ਨਹੀਂ ਆਪਣੇ ਆਪ ਆਕੀ ਨੇ ਇਹ ਤੇ ਓਵੇਂ ਆਪਾਂ ਇਹਨਾਂ ਤੋਂ ਖੋਹ ਲਈਏ ਵਾਪਸ।

ਜਬ ਅੰਗ੍ਰੇਜ਼ਨ ਇਮ ਲਿਖ ਧਰਯੋ॥ ਜਦੋਂ ਅੰਗ੍ਰੇਜ਼ਾਂ ਨੇ ਇਸ ਤਰ੍ਹਾਂ ਲਿਖ ਕੇ ਸਿੰਘਾਂ ਦੀ ਸਾਰੀ ਸਾਖੀ ਜੋ ਮੁਗਲਾਂ ਨੇ ਦੱਸੀ, ਉਹ ਇਹਨਾਂ ਨੇ ਲਿਖ ਕੇ ਅੱਗੇ ਆਪਣਾ ਹੁਕਮ ਲਿਖ ਦਿੱਤਾ, ਕਿ ਕੋਈ ਪ੍ਰਵਾਹ ਨਹੀਂ ਇਹਨਾਂ ਦੀ, ਇਹ ਤਾਂ ਕੁਝ ਵੀ ਨਹੀਂ, ਇਹਨਾਂ ਨੂੰ ਮਾਰੋ ਤੇ ਆਪਣਾ ਰਾਜ ਕਾਇਮ ਕਰ ਲਉ।

ਦੁਸ਼ਟ ਮੁਗ਼ਲ ਤਬ ਖੁਸ਼ੀਅਨ ਭਰਯੋ॥ ੪॥ ਇਹ ਦੁਸ਼ਟ ਸੀ ਅਤੇ ਝੂਠ ਸੀ ਉਹਨੇ ਝੂਠ ਕਹੀ ਸੀ ਉਹ (ਗਾਥਾ) ਗੱਲ, ਉਹਨੇ ਵੀ ਅੱਗੋਂ ਆਖਿਆ ਕੰਮ ਬਣ ਗਿਆ। ਇਹਨਾਂ ਲਿਖ ਲਿਆ ਹੁਣ ਅੰਗ੍ਰੇਜ਼ਾਂ ਦੀ ਤੇ ਸਿੰਘਾਂ ਦੀ ਲੜਾਈ

ਹੋ ਜਾਵੇਗੀ। ਆਪਸ ਵਿਚੀਂ ਇਹਨਾਂ ਦੇ ਸਿੰਗ ਅੜ ਜਾਣਗੇ ਹੁਣ, ਠੀਕ ਹੈ ਬੜੀ ਖੁਸ਼ੀ ਮਨਾਈ ਉਹਨਾਂ ਨੇ, ਬੜੇ ਮੌਕੇ ਸਿਰ ਗੱਲ ਅਹੁੜੀ ਹੈ ਸਾਨੂੰ। ੪।

ਦੋਹਰਾ॥ ਤੁਰਕ ਨ ਖੁਸ਼ੀਆਂ ਕਿਮ ਕਰੈਂ, ਕਿਮ ਕਹੈਂ ਨ ਖੋਟੀ ਬਾਤ॥ ਭਾਈ ਸਾਹਿਬ ਜੀ ਕਹਿੰਦੇ ਹਨ ਤੁਰਕ ਕਿਵੇਂ ਨਾ ਖੁਸ਼ੀਆਂ ਕਰਨ, ਕਿਉਂ ਨਾ ਖੋਟੀ ਗੱਲ ਦੱਸਣ, ਜੇ ਇਉਂ ਝੂਠ ਵਿਚ ਸਰਦਾ ਉਹਨਾਂ ਦਾ ਝੂਠ ਵਿਚ ਉਹਨਾਂ ਦਾ ਕੰਮ ਬਣਦਾ ਤਾਂ ਕਿਉਂ ਨਾ ਆਖਣ।

ਤੁਰਕਨ ਔ ਹਿੰਦੂਅਨ ਹੁਤੋ, ਦੀਨ ਮਜ਼ੂਬ ਕੋ ਘਾਤ॥ ੫॥ ਤੁਰਕਾਂ ਦਾ ਤੇ ਹਿੰਦੂਆਂ ਦਾ ਦੀਨ ਮਜ਼ੂਬ ਦਾ ਵੈਰ ਬਣਿਆ ਹੋਇਆ ਸੀ ਇਹ ਤੁਰੀ ਆਉਂਦੀ ਸੀ ਲੜਾਈ ਮੁੱਢ ਤੋਂ। ੫।

ਚੌਪਈ॥ ਕਈ ਬਰਸ ਇਮ ਬੀਤਤ ਭਏ॥ ਕਈ ਸਾਲ ਲੰਘ ਗਏ ਇਸ ਤਰ੍ਹਾਂ ਹੀ। ਇਹ ਇਤਿਹਾਸ ਲਿਖੇ ਨੂੰ ਜਦੋਂ ਕਈ ਸਾਲ ਗੁਜਰ ਗਏ ਨਾ। ਅੰਗ੍ਰੇਜ਼ ਨੇ ਹਿੰਦੋਸਤਾਨ ਵਿਚ ਸੌ ਸਾਲ ਰਾਜ ਕੀਤਾ ਇਹਨਾਂ ਨੇ ਅਜੇ ਦਿੱਲੀ ਵਿਚ ਹੀ ਹਨ ਅਜੇ ਪੰਜਾਬ ਨੂੰ ਵਧੇ ਨਹੀਂ ਸਨ, ਅਜੇ ਸਲਾਹਾਂ ਕਰਦੇ ਸੀ ਅੱਗੇ ਵਧਣ ਦੀਆਂ।

ਰਣਜੀਤ ਸਿੰਘ ਮੁਲਖੱਯੈ ਸੰਤਏ॥ ਰਣਜੀਤ ਸਿੰਘ 'ਤੇ ਗੱਲ ਆ ਗਈ, ਸਿੱਖ ਰਾਜ ਕਾਇਮ ਹੋ ਚੁੱਕਿਆ ਸੀ। 'ਇਹਨੇ ਮੁਲਖੱਈਏ ਸਤਾਏ' ਖਾਲਸਾ ਜੀ ਜੇ ਕਹੀਏ ਨਾ ਰਣਜੀਤ ਸਿੰਘ ਦਾ ਰਾਜ, ਉਸਤਤ ਕਰਦਿਆਂ ਥਕਦੇ ਨਹੀਂਗੇ ਪਰ ਚਲੋ ਜਾ ਕੇ ਦੇਖੋ ਮੁਰਾਦਾਬਾਦ ਦਾ ਇਲਾਕਾ ਸਾਰਾ ਰਾਮਪੁਰ ਰਿਆਸਤ ਸੀ, ਇਹ ਸਾਰੇ ਉਜਾੜੇ ਕਰੇ ਉਹਨੇ ਸਿੱਖ ਰਾਜ ਵਿੱਚ, ਇਹ ਉੱਜੜ ਕੇ ਜਾ ਕੇ ਵੱਸੇ ਨੇ ਉਧਰ ਅੱਜ ਵੀ ਉਹਨਾਂ ਤੋਂ ਜਾ ਕੇ ਪੁੱਛੋ, ਸਿੱਖ ਦੱਸਣਗੇ ਉਹ ਅਸੀਂ ਸਿਖ ਹਾਂ, ਹੋਰ ਕਈ ਅਤੇ ਇਹ ਜਿਹੜਾ ਹੈਗਾ ਪਟਿਆਲਾ, ਨਾਭਾ, ਜੀਂਦ ਵਗੈਰਾ ਇਹਨਾਂ ਨੂੰ ਉਹ ਹੜੱਪ ਕਰਨਾ ਚਾਹੁੰਦਾ ਸੀ। ਇਹ ਸਾਰੇ ਮੁਲਕ ਨੂੰ ਆਪਣੇ ਰਾਜ ਵਿਚ ਮਿਲਾ ਲਵਾਂ ਸਿਖ ਰਾਜ ਵਿੱਚ, ਇਹਨਾਂ ਨੂੰ ਜ਼ੋਰ ਕਰ ਲਵਾਂ। ਤੇ ਮੁਲਖਈ ਜਿਹੜੇ ਨੇ ਭਈ ਰਜ਼ਾ ਨਾਲ ਤਾਂ ਕੁਛ ਕਰ ਲਉ, ਜੇ ਉਹਨਾਂ ਧੱਕੇ ਨਾਲ ਕਹੀਏ ਆਪਣੇ ਨਾਲ ਮਿਲਾਉਣਾ। ਤਾਂ ਫਿਰ ਔਖਾ ਹੀ ਹੈ ਨਾ! ਏਸ ਕਰਕੇ ਭਾਵੇਂ ਉਹ ਸਿਖ ਸਨ, ਪਰ ਇਹ ਜਦੋਂ ਰਈਅਤ ਸਨ, ਸਿਖ ਰਾਜ ਦੀ ਪਰਜਾ ਸੀ ਇਹਨੂੰ ਪਰਜਾ ਨਹੀਂ ਸਮਝਿਆ ਇਹਨੂੰ ਸਗੋਂ ਧੱਕੇ ਨਾਲ ਖੋਹ ਕੇ ਮਿਲਾਉਣਾ ਚਾਹਿਆ ਰਣਜੀਤ ਸਿੰਘ ਨੇ, ਜਿਥੋਂ ਕੰਮ ਵਿਗੜਿਆ ਸਾਰੀ ਗਲਤੀ ਤਾਂ ਰਣਜੀਤ ਸਿੰਘ ਦੀ ਹੈ ਇਹ, ਅੱਗੇ ਉਨ੍ਹਾਂ ਨੂੰ ਲਿਆਉਣਾ, ਅੰਗ੍ਰੇਜ਼ਾਂ ਦਾ ਆਉਣਾ ਤਾਂ ਹੋਇਆ ਰਣਜੀਤ ਸਿੰਘ ਦੀ ਅਸਲ ਗਲਤੀ ਹੈ।

ਉਇ ਅੰਗ੍ਰੇਜ਼ਨ ਕੋ ਲੈ ਆਏ॥ ਅਤੇ ਇਹ ਜਿਹੜੇ ਰਜਵਾੜੇ ਸਨ ਸਾਰੇ। ਇਹਨਾਂ ਨੂੰ ਦਿੱਲੀ ਸੱਦਿਆ ਉਨ੍ਹਾਂ ਨੇ, ਪਰਲੇ ਹਿੰਦੋਸਤਾਨ ਦੇ ਰਾਜੇ ਸੱਦੇ, ਇਹਨਾਂ ਤੇ ਦੇਖ ਲਉ ਸਾਡੇ ਰਾਜ ਵਿਚ ਰਹਿੰਦੇ ਨੇ, ਅਸੀਂ ਖੁਲ੍ਹ ਦਿੱਤੀ ਹੋਈ ਹੈ ਰਾਜ ਇਹੀ ਕਰਨ, ਸਰਕਾਰੀ ਖਜ਼ਾਨਾ ਜਿਹੜਾ ਮਾਮਲਾ ਭਰ ਛੱਡਿਆ ਕਰਨ, ਮੌਜ ਲੈਣ ਆਹ ਦੇਖ ਲਉ ਕਿੱਡੇ ਸੋਖੇ ਨੇ ਕੋਈ ਇਨ੍ਹਾਂ ਨੂੰ ਤਕਲੀਫ ਪੁੱਛ ਲਉ, ਕੋਈ ਤਕਲੀਫ ਹੈ ਸਾਡੇ ਰਾਜ ਵਿਚ, ਅੰਗ੍ਰੇਜ਼ ਬੜੇ ਤਰੀਕੇ ਨਾਲ ਕਾਬਜ਼ ਨੇ ਹਿੰਦੋਸਤਾਨ ਤੇ, ਸੋ ਇਸ ਵਾਸਤੇ ਇਹਨਾਂ ਨੂੰ ਜਦ ਦਿਖਾਇਆ ਗਿਆ ਤੇ ਇਹਨਾਂ ਦੇ ਮਨ ਵਿਚ ਆ ਗਈ ਕਿਉਂ ਨਾ ਅਸੀਂ ਵੀ ਅੰਗ੍ਰੇਜ਼ਾਂ ਦੇ ਮਤਹਿਤ ਹੋ ਜਾਈਏ। ਤੇ ਰਣਜੀਤ ਸਿੰਘ ਨੇ ਸਾਨੂੰ ਖਤਮ ਕਰਕੇ ਫੇਰ ਹਲ ਫੜਾ ਦੇਣੇ ਹਨ, ਰਾਜ ਪਾਟ ਸਾਡਾ ਖੋਹ ਲੈਣਾ ਹੈ। ਸਾਡੇ ਬਜ਼ੁਰਗਾਂ ਦੀ ਜੋ ਕੀਤੀ ਕਮਾਈ ਖੋਹ ਲੈਣੀ ਹੈ ਇਸ ਵਾਸਤੇ ਕਿਉਂ ਨਾ ਅਸੀਂ ਅੰਗ੍ਰੇਜ਼ਾਂ ਨਾਲ ਰਲੀਏ। ਇਉਂ ਕਰਕੇ ਸਾਰਾ ਕਾਰਜ ਵਿਗੜਿਆ। ਰਣਜੀਤ ਸਿੰਘ ਤੋਂ ਵਿਗੜੀ ਹੈ ਗੱਲ, ਇਤਿਹਾਸ ਕਿਸੇ ਦਾ ਲਿਹਾਜ਼ ਨਹੀਂ ਕਰਦਾ, ਇਹਨਾਂ ਸਿੰਘਾਂ ਨਾਲ ਮਿਲਕੇ ਹੀ ਰਾਜ ਕਾਇਮ ਕੀਤਾ ਸੀ ਨਾਲ ਹੋ ਕੇ ਇਹਨਾਂ ਦੇ ਬਜ਼ੁਰਗਾਂ ਨੇ, ਸਿਰ ਡਾਹ ਕੇ ਰਾਜ ਕਾਇਮ ਕੀਤਾ ਸੀ ਲਹੌਰ ਦਾ ਆਪਣੇ ਆਪ ਕਾਇਮ ਤਾਂ ਨਹੀਂ ਸੀ ਹੋ ਗਿਆ। ਸੋ ਇਸ ਵਾਸਤੇ ਇਹਨਾਂ ਕਾਰਨਾਂ ਕਰਕੇ ਜਿਥੋਂ ਕੰਮ ਵਿਗੜਿਆ ਸਾਰਾ।

ਇਹ ਅੰਗ੍ਰੇਜ਼ਾਂ ਨੂੰ ਲੈ ਆਏ। ਇਹਨਾਂ ਲਿਆ ਲੁਧਿਆਣੇ ਛਾਉਣੀ ਪੁਆਈ ਸਾਡੀ ਵੀ ਰਾਖੀ ਤੁਸੀਂ ਕਰੋ ਅਸੀਂ ਤੁਹਾਡੇ

ਮਤਹਿਤ ਹੋ ਜਾਂਦੇ ਹਾਂ।

ਲੁਧਿਹਾਣੈ ਸੋਊ ਆਣ ਬਹਾਏ॥ ੬॥ ਲੁਧਿਆਣੇ ਵਿੱਚ ਆ ਕੇ ਬਿਠਾ ਦਿੱਤਾ ਅੰਗ੍ਰੇਜ਼ਾਂ ਨੂੰ। ੬।

ਦੋਹਰਾ॥ ਸਾਲ ਅਠਾਰਾਂ ਸੈ ਬਿਤੇ, ਅਧਿਕ ਚੌਸਟੇ ਸੋਇ॥ ਅਠਾਰਾਂ ਸੌ ਚੌਸਟ ੧੮੬੪ ਦੇ ਵਿੱਚ ਆ ਕੇ ਇਹ ਸੰਮਤ ਜਦੋਂ ਆਇਆ ਬਤੀਤ ਹੋਇਆ।

ਮੋੜਯੋ ਪਾਰ ਉਤਾਰ ਤਿਨ, ਰਣਜੀਤ ਸਿੰਘ ਦਲ ਜੋਇ॥ ੭॥ ਜੋ ਰਣਜੀਤ ਸਿੰਘ ਦਾ ਦਲ ਏਧਰ ਆਇਆ ਸੀ ਉਹ ਸਕੀਮਾਂ ਕਰ ਰਹੇ ਸਨ ਫਲੌਰ ਕਿਲ੍ਹਾ ਬੰਨ੍ਹਿਆ ਗਿਆ। ਫਿਰੋਜਪੁਰ ਵਲੋਂ ਆਏ ਅੱਗੇ ਹੋ ਕੇ ਇਹ ਰਿਆਸਤਾਂ ਨੇ ਜਿਵੇਂ ਫਰੀਦਕੋਟ ਤੋਂ ਲੈ ਕੇ ਸਾਰੀਆਂ ਨਾਭਾ ਪਟਿਆਲਾ ਵਗੈਰਾ ਇਹ ਜਿਥੋਂ ਸਾਰੀਆਂ ਛੋਟੀਆਂ ਛੋਟੀਆਂ ਰਿਆਸਤਾਂ ਸਨ। ਆਹ ਜਿਥੇ ਆਪਾਂ ਬੈਠੇ ਹਾਂ ਇਹ ਸ਼ਹੀਦਾਂ ਦੀ ਮਿਸਲ ਦਾ, ਇਹ ਮਲੌਦ ਦੇ ਪਰਲੇ ਪਾਸੇ ਸਜਾਦਪੁਰ ਹੈ, ਅੰਬਾਲੇ ਤੋਂ ਉਤਲੇ ਪਾਸੇ ਏਥੇ ਇਹਨਾਂ ਦੀ ਰਿਆਸਤ ਸੀ, ਇਹ ਸਾਰਿਆਂ ਸਰਦਾਰਾਂ ਨੂੰ ਫਿਕਰ ਹੋ ਗਿਆ। ਰਣਜੀਤ ਸਿੰਘ ਆਉਂਦਾ ਏਧਰ ਸਾਨੂੰ ਹੜੱਪ ਕਰੇਗਾ। ਇਹ ਸਾਰੇ ਦੇ ਸਾਰੇ ਹੀ ਅੰਗ੍ਰੇਜ਼ਾਂ ਦੇ ਮਤਹਿਤ ਹੋ ਕੇ ਆਪੋ ਆਪਣੇ ਇਲਾਕੇ ਵਿਚ ਇਹਨਾਂ ਨੂੰ ਅੰਗ੍ਰੇਜ਼ਾਂ ਨੇ ਉਤਾਰਾ ਦੇ ਦਿੱਤਾ, ਉਹਨਾਂ ਦੀ ਫੌਜ ਆ ਕੇ ਉਤਰ ਗਈ ਏਥੇ ਅਤੇ ਰਣਜੀਤ ਸਿੰਘ ਨੂੰ ਕਿਹਾ ਤੇਰਾ ਸਾਡਾ ਸਬੰਧ ਨਹੀਂ ਬਣਨਾ ਹੁਣ ਆਪ ਦੇ ਘਰ ਵਾਪਸ ਚਲਿਆ ਜਾਹ ਇਉਂ ਰਣਜੀਤ ਸਿੰਘ ਨੂੰ ਆਪਣਾ ਦਲ ਜਿਹੜਾ ਸੀ ਫੌਜ ਵਾਪਸ ਲਜਾਣੀ ਪਈ ਅਤੇ ਇਹ ਏਰੀਆ ਉਹਨਾਂ ਨੂੰ ਅੰਗ੍ਰੇਜ਼ਾਂ ਨੂੰ ਛੱਡਣਾ ਪਿਆ। ੭।

ਸੋਰਠਾ॥ ਲੀਨੀ ਈਨ ਠਹਿਰਾਇ, ਸਤਦ੍ਰਵ ਪਾਰ ਨ ਹਮ ਲਖੈਂ॥ ਇਹ ਈਨ ਕਾਇਮ ਹੋ ਗਈ ਏਥੇ ਆ ਕੇ ਸਤਦ੍ਰਵ ਤੋਂ ਸਤਲੁਜ ਤੋਂ ਪਾਰ ਅਸੀਂ ਨਹੀਂ ਲੰਘਾਂਗੇ, ਤੇਰੇ ਵੱਲ (ਤਰਫ) ਨਹੀਂ ਆਵਾਂਗੇ।

ਮੁਲਖੱਯਨ ਦਿਲਾਸੈ ਲਾਇ, ਮੁਲਕ ਮਫੂਜਾ ਲਿਖ ਦਯੋ॥ ੮॥ ਇਹ ਲਿਖ ਦਿੱਤਾ ਸਾਰਿਆਂ ਨੇ ਇਹਨਾਂ ਨੂੰ ਲਾ ਕੇ ਦਿਲਾਸਾ ਦੇਕੇ ਹੁਣ ਨਹੀਂ ਏਧਰ ਆਉਣਗੇ। ਤੁਸੀਂ ਏਧਰ ਨਹੀਂ ਆਉਣਾ ਅਸੀਂ ਤੁਹਾਡੇ ਵੱਲ ਨਹੀਂ ਆਉਣਾ ਇਹ ਸ਼ਰਤ ਲਿਖ ਦਿੱਤੀ 'ਮਫੂਜਾ ਲਿਖਾਇ' ਸ਼ਰਤ ਲਿਖ ਦਿੱਤੀ, ਏਸ ਸ਼ਰਤ ਦੇ ਉੱਤੇ ਆਪਾਂ ਕਾਇਮ ਰਹੀਏ ਦੋਨੋਂ ਜਣੇ। ਤੁਸੀਂ ਏਧਰ ਰਾਜ ਕਾਇਮ ਕਰੋ, ਅਸੀਂ ਉਧਰ ਰਾਜ ਕਾਇਮ ਕਰਾਂਗੇ। ਇਧਰ ਅਸੀਂ ਕਰਾਂਗੇ ਤੁਸੀਂ ਉਧਰ ਰਾਖੀ ਕਰੋ। ਇਹ ਸ਼ਰਤ ਰਣਜੀਤ ਸਿੰਘ ਦੇ ਨਾਲ ਕਾਇਮ ਕਰ ਲਈ ਉਸ ਟਾਇਮ।

ਇਹ ਅਕਾਲੀ ਫੂਲਾ ਸਿੰਘ ਜੀ ਜੋ ਇਸ ਇਲਾਕੇ ਵਿਚ ਵਿਚਰਦੇ ਸਨ ਜਿਨ੍ਹਾਂ ਨੇ ਕੋਈ ਇਲਾਕਾ ਬੰਦੀ ਨਹੀਂ ਸੀ ਰੱਖੀ। ਖਾਲਸਾ ਜਿਥੇ ਤਾਂਈ ਬੈਠਾ ਸਾਰੇ ਹੀ ਪੂਜਦੇ ਸਨ ਪੰਥ ਨੂੰ। ਏਧਰਲੇ ਵੀ ਰਾਜੇ ਪੂਜਦੇ ਸਨ, ਮੱਥੇ ਟੇਕਦੇ ਸਨ, ਅਤੇ ਉਧਰਲੇ ਵੀ ਸਾਰੇ ਸਰਦਾਰ ਰਾਜੇ ਮੱਥੇ ਟੇਕਦੇ ਸਨ ਪੰਥ ਜਿਉਂ ਸੀ। ਪੰਥ ਕਰਕੇ ਪੂਜਾ ਹੁੰਦੀ ਸੀ ਤੇ ਇਹ ਫਿਰ ਅਕਾਲੀ ਫੂਲਾ ਸਿੰਘ ਨੇ ਦੇਖਿਆ ਅੰਗ੍ਰੇਜ਼ ਦੁਸ਼ਟ ਏਧਰ ਆ ਰਹੇ ਨੇ, ਇਹ ਤਾਂ ਹੌਲੀ ਹੌਲੀ ਰਾਜ ਖਤਮ ਕਰਨਗੇ, ਸਿੰਘਾਂ ਤੇ ਰਾਜ ਕਰਨਗੇ। ਉਦੋਂ ਅਜਾਦੀ ਦੀ ਚਿਣਗ ਜਾਗਦੀ ਸੀ, ਇਸ ਕਰਕੇ ਅੰਗ੍ਰੇਜਾਂ ਨੂੰ ਪਸੰਦ ਨਾ ਕੀਤਾ ਇਹਨਾਂ ਨੇ, ਇਹਨਾਂ ਜਿਉਂ ਐਥੋਂ ਸ਼ੁਰੂ ਕੀਤਾ ਕੰਮ, ਜਿੰਨੀਆਂ ਰਾਹ ਵਿਚ ਛਾਉਣੀਆਂ ਆਈਆਂ। ਲੁਧਿਆਣੇ ਤੀਕਰ ਅਨੰਦਪੁਰ ਤਾਈਂ ਸਭ ਛੁਪੋਲ ਮਾਰ ਕੇ ਕਤਲ ਕਰ ਦਿੱਤੀਆਂ। ਕਤਲ ਕਰਕੇ ਅਨੰਦਪੁਰ ਜਾ ਰਹੇ ਸਾਰੇ। ਉਹਨਾਂ ਨੇ ਰਣਜੀਤ ਸਿੰਘ ਕੋਲ ਇਤਲਾਹ ਕੀਤੀ ਤੁਹਾਡੀ ਸਾਡੀ ਸ਼ਰਤ ਹੈ ਸਾਡੇ ਤੇ ਕਿਉਂ ਜ਼ੁਲਮ ਹੋਇਆ, ਸਾਡੇ ਤੇ ਕਿਉਂ ਹੱਲਾ ਬੋਲਿਆ? ਇਹ ਕੌਣ ਹਨ? ਫੇਰ ਰਣਜੀਤ ਸਿੰਘ ਨੇ ਬਾਬੇ ਸਾਹਿਬ ਸਿੰਘ ਬੇਦੀ ਨੂੰ ਵਿੱਚ ਪਾ ਕੇ ਤੇ ਸਿੰਘਾਂ ਨੂੰ ਕਿਹਾ ਅਕਾਲੀ ਜੀ! ਇਹ ਤਾਂ ਅੰਗ੍ਰੇਜ਼ਾਂ ਨੇ ਆਉਣਾ ਸੀ, ਇਹ ਤਾਂ ਹੋਣਾ ਹੈ, ਸਤਿਗੁਰੂ ਦੇ ਹੁਕਮ ਦੀ ਪਾਲਣਾ ਹੋਣੀ ਹੈ ਤੇ ਤੁਸੀਂ ਜੰਗ ਨਾ ਕਰੋ। ਜੋ ਵਾਇਦਾ ਲਿਖ ਦਿੱਤਾ ਸਿੱਖ ਰਾਜ ਨੇ, ਇਹਨਾਂ ਨੂੰ ਕਰਨ ਦਿਉ ਤੁਸੀਂ ਆ ਜਾਉ ਅੰਮ੍ਰਿਤਸਰ ਨੂੰ ਇਉਂ ਅਨੰਦਪੁਰ ਤੋਂ ਸ੍ਰੀ ਅੰਮ੍ਰਿਤਸਰ ਨੂੰ ਲੈ ਗਏ ਸੀ। ਇਸ ਤਰ੍ਹਾਂ ਸ਼ਰਤਾਂ ਜਿਹੜੀਆਂ ਸਨ ਬੰਨ੍ਹੀਆਂ ਉਹਨਾਂ 'ਤੇ ਦੋਹਾਂ ਆ ਕੇ ਪਹਿਰਾ ਦੇਣਾ ਸ਼ੁਰੂ ਕਰ ਦਿੱਤਾ। ਉਸ ਟਾਇਮ ਦੀ

ਗੱਲ ਕਰਦੇ ਨੇ ਕਿ ਉਸ ਟਾਇਮ ਤੋਂ ਲੈਕੇ, ਸਿੱਖਾਂ ਦੇ ਵਿਚ ਫਿਰ ਇਹ ਸ਼ਰਤ ਹੋ ਗਈ। ਸਤਲੁਜ ਦੀ ਹੱਦ ਬੰਨ੍ਹੀ ਗਈ ਤੁਸੀਂ ਏਧਰ ਨਾ ਆਉ ਅਸੀਂ ਉਧਰ ਨਹੀਂ ਜਾਂਦੇ। ਇਹ ਰਾਖੀ ਜਿਹੜੀ ਸੀ ਅੰਗ੍ਰੇਜ਼ਾਂ ਨੇ ਲੈ ਲਈ ਆਪਦੇ ਜੁੰਮੇ ਭਾਵ ਇਤਿਹਾਸ ਨੇ ਦੱਸ ਦਿੱਤਾ ਹੈ। ਕਿ ਜੋ ਸ਼ੁਰੂ ਹੋਇਆ ਹੈ। ਕੰਮ, ਇਹ ਰਣਜੀਤ ਸਿੰਘ ਤੋਂ ਹੋਇਆ। ਜੇ ਰਣਜੀਤ ਸਿੰਘ ਇਹਨਾਂ 'ਤੇ ਨਾ ਤਦੀ ਕਰਦਾ, ਨਾ ਜੋਰ ਕਰਦਾ ਇਹ ਵੀ ਸਿੰਘ ਨੇ ਪਿਆਰੇ ਰਾਜ ਕਰਦੇ ਨੇ। ਇਹ ਸਿੰਘ ਰਾਜ ਕਰੀ ਜਾਣ ਇਹ ਵੀ ਤਾਂ ਆਪਣੇ ਵਿਚੋਂ ਹੀ ਤਾਂ ਸਨ। ਪੰਥ ਦੇ ਵਿਚੋਂ ਹੀ ਤਾਂ ਸਨ ਇਹ ਫੂਲਕੀਆਂ ਮਿਸਲਾਂ ਵੀ ਖਾਲਸੇ ਪੰਥ ਦੇ ਨਾਲ, ਇਹ ਵੀ ਮੰਨਦੇ ਪੂਜਦੇ ਸੀ। ਅਤੇ ਉਧਰਲੇ ਵੀ ਸਾਰੇ ਖਾਲਸਾ ਪੰਥ ਦੇ ਵਿੱਚ ਸਨ। ਲੇਕਿਨ ਇਹ ਦੁਫੇੜ ਪਾਉਣ ਕਰਕੇ ਆਪਸ ਵਿਚੀਂ ਘਰ ਦੀ ਫੁੱਟ ਨੇ ਸਾਰੇ ਬਿਬਾਦ ਸਿੰਘਾਂ ਦੀ ਸ਼ਕਤੀ ਨੂੰ ਨਸ਼ਟ ਕਰ ਦਿੱਤਾ। ਅੰਗ੍ਰੇਜ਼ਾਂ ਦਾ ਆਉਣਾ ਏਸ ਤਰ੍ਹਾਂ ਦੱਸਦੇ ਨੇ, ਏਸ ਤਰ੍ਹਾਂ ਅੰਗ੍ਰੇਜ਼ ਜਿਹੜੇ ਨੇ ਉਹ ਆ ਕੇ ਸਾਡੇ ਦੇਸ਼ ਵਿਚ ਕਾਮਯਾਬ ਹੋਏ ਨੇ। ਸਾਡੀ ਆਪਸ ਵਿਚੀਂ ਫੁੱਟ ਨੂੰ ਦੇਖ ਕੇ ਅੰਗ੍ਰੇਜਾਂ ਨੇ ਵਿੱਚ ਆ ਕੇ ਦਖਲ ਦਿੱਤਾ। ਜੇ ਖਾਲਸੇ ਦੀ ਏਕਤਾ ਰਹਿੰਦੀ, ਤਾਂ ਕਦੀ ਨਹੀਂ ਸੀ ਹੋ ਸਕਦਾ ਕਿ ਇਥੇ ਆ ਕੇ ਅੰਗ੍ਰੇਜ਼ ਪੈਰ ਧਰ ਸਕਣ। ਅੰਗ੍ਰੇਜ਼ ਆਪਣੇ ਏਰੀਏ ਵਿਚ ਰਹਿੰਦੇ ਨਾ ਰਹਿੰਦੇ ਏਧਰ ਉਹਨਾਂ ਦਾ ਆਉਣਾ ਬੜਾ ਮੁਸ਼ਕਲ ਸੀ। ਇਸ ਕਰਕੇ ਖਾਲਸਾ ਜੀ! ਇਹ ਪੰਥ ਦਾ ਇਤਿਹਾਸ ਹੈ। ਜਿਵੇਂ ਪੰਥ ਨੇ ਆ ਕੇ ਸ਼ੁਰੂ ਸ਼ੁਰੂ ਦੇ ਵਿੱਚ ਗੁਰੂ ਮਹਾਰਾਜ ਦੇ ਹੁਕਮ ਨਾਲ ਪੰਥ ਦੀ ਸਿਰਜਣਾ ਕਰਕੇ ਤੇ ਫੇਰ ਖਾਲਸੇ ਪੰਥ ਜੋ ਗੱਲ ਚੱਲੀ, ਗੁਰੂ ਖਾਲਸੇ ਪੰਥ ਦੀ, ਪੰਥ ਵਲੋਂ ਹੁਕਮ ਹੋਇਆ ਕਿ ਜਾਉ ਹੁਣ ਤੁਸੀਂ ਰਈਅਤ ਨੂੰ ਵਧਾਓ। ਥਾਂ ਥਾਂ ਨਿਆਂ ਦਿਉ। ਸੁਖ ਦਿਉ ਇਹਨਾਂ ਨੂੰ। ਇਹ ਪ੍ਰੇਮ ਸਹਿਤ ਰਾਜ ਕਰਨ ਅਤੇ ਮੌਜਾਂ ਕਰਨ। ਇਉਂ ਕਰਕੇ ਖਾਲਸੇ ਪੰਥ ਨੇ ਛੋਟੇ ਛੋਟੇ ਰਾਜ ਕਾਇਮ ਕਰ ਲਏ। ਜਿਵੇਂ ਪੰਜ ਤਰਨੇ ਦਲ ਫਿਰ ਬਾਰਾਂ ਮਿਸਲਾਂ ਬਣ ਗਈਆਂ। ਮਿਸਲਾਂ ਤੋਂ ਅਗਾਂਹ ਸਰਦਾਰ ਰਜਵਾੜੇ ਹੋ ਗਏ ਅਤੇ ਵੱਡੀਆਂ ਮਿਸਲਾਂ ਵਾਲੇ ਰਾਜੇ ਹੋ ਗਏ ਛੋਟੇ ਰਜਵਾੜੇ ਬਣ ਗਏ। ਇਉਂ ਥਾਉਂ ਥਾਈਂ ਖਾਲਸੇ ਪੰਥ ਨੇ ਪਸਰ ਕੇ, ਗੁਰੂ ਮਹਾਰਾਜ ਸੱਚੇ ਪਾਤਸ਼ਾਹ ਦੀ ਜੋ ਸਿੱਖਿਆ ਦਿੱਤੀ ਸੀ, ਜੋ ਸਿੱਖੀ ਦਾਨ ਦਿੱਤਾ ਸੀ, ਉਹ ਵਰਤਾਉਣੀ ਸ਼ੁਰੂ ਕਰ ਦਿੱਤੀ। ਨਿਆਂ ਇਨਸਾਫ ਸੰਸਾਰ ਵਿੱਚ ਸਿੱਖਾਂ ਨੇ ਦਿੱਤਾ। ਉਸ ਤੋਂ ਪਹਿਲਾਂ ਹਾਕਮ ਜਿਹੜੇ ਨੇ ਉਹ ਧੱਕੇ ਨਾਲ ਵੀ, ਜ਼ੁਲਮ ਨਾਲ ਵੀ ਕਾਨੂੰਨ ਨਾਲ ਵੀ ਰਾਜ ਕਰਦੇ ਰਹੇ ਹਿੰਦੋਸਤਾਨ ਦਾ ਇਉਂ ਖਾਲਸੇ ਪੰਥ ਦੀ ਉਤਪਤੀ ਦੀ ਕਥਾ ਆਪ ਨੇ ਸ੍ਰਵਣ ਕੀਤੀ ਹੈ। ਸੋ ਖਾਲਸਾ ਜੀ ਹਿਰਦੇ ਵਿਚ ਵਸਾਓ, ਖਾਲਸਾ ਪੰਥ ਦੀ ਅੱਜ ਵੀ ਕਲਾ ਪ੍ਰਤੱਖ ਹੈ। *''ਪ੍ਰਤੱਖ ਕਲਾ ਪਾਰਬ੍ਰਹਮ ਧਣੀਛੈ, ਗ੍ਰੰਥ ਪੰਥ ਖਾਲਸਾ ਵਰਤੰਤਾ''* ॥ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜੂਰੀ ਵਿਚ ਖਾਲਸਾ ਪੰਥ ਵਿਚਰਦਾ ਹੈ, ਅੱਜ ਵੀ ਉਹਦੀ ਕਲਾ ਚਲ ਰਹੀ ਹੈ। ਇਹ ਪਾਰਬ੍ਰਹਮ ਪ੍ਰਮੇਸ਼ਰ ਦੀ ਕਲਾ ਹੈ। ਪ੍ਰਤੱਖ ਗੁਰੂ ਪ੍ਰਮੇਸ਼ਰ ਦੀ ਕਲਾ ਹੈ, ਓਹਨਾਂ ਦੀ ਵਰਤ ਰਹੀ ਹੈ, ਤੇ ਖਾਲਸਾ (ਪੰਥ) ਉਹਨਾਂ ਦੇ ਭਾਣੇ ਦੇ ਉਤੇ ਪਹਿਰਾ ਦੇ ਰਿਹਾ ਹੈ। ਇਸ ਵਾਸਤੇ ਖਾਲਸਾ ਜੀ! ਜੋ ਸਤਿਗੁਰਾਂ ਦਾ ਹੁਕਮ ਹੈ, ਉਹਨਾਂ ਦੀ ਪਾਲਣਾ ਕਰਨ ਵਾਲਾ ਖਾਲਸਾ ਪੰਥ ਹੈ। ਜੋ ਆਪਣੀਆਂ ਗੱਲਾਂ ਕਰਦੇ ਹਨ, ਜਾਂ ਆਪਣੇ ਛੋਟੇ ਛੋਟੇ ਵਿਚਾਰਾਂ ਨੂੰ ਮੁੱਖ ਰਖਦੇ, ਵੱਡੇ ਝੇੜੇ ਪਾ ਕੇ, ਖਾਲਸੇ ਪੰਥ ਦੀ ਸ਼ਕਤੀ ਨੂੰ ਨਸ਼ਟ ਕਰ ਰਹੇ ਨੇ ਜੋਗ ਨਹੀਂ ਹੈ, ਸੇਧ ਲੈਣੀ ਚਾਹੀਦੀ ਹੈ ਇਤਿਹਾਸ ਤੋਂ ਜਿ ਪਿੱਛੇ ਕਿਤੇ ਗਲਤੀਆਂ ਹੋਈਆਂ ਹਨ, ਉਹਨਾਂ ਦੀ ਸੋਧ ਕਰਨੀ ਚਾਹੀਦੀ ਹੈ, ਉਹਨਾਂ ਨੂੰ ਸੁਧਾਰਨਾ ਚਾਹੀਦਾ ਹੈ। ਚਾਹੀਦਾ ਤਾਂ ਇਹੀ ਤਰੀਕਾ ਹੈ, ਤਾਂ ਕਿ ਖਾਲਸਾ ਪੰਥ ਪਰ ਹੁਣ ਤਾਂ ਬੱਸ ਆਹ ਇੱਕ ਦੂਜੇ ਨੂੰ ਨੀਚਾ ਵਿਖਾਉਣ ਦੀਆਂ ਗੱਲਾਂ ਰਹਿ ਗਈਆਂ। ਔਹ ਮਾੜਾ ਹੈ ਆਹ ਤਕੜਾ ਹੈ, ਇਹਦੇ ਵਿਚ ਆਹ ਸਿਫ਼ਤ ਆਹ ਖੋਟ ਹੈ। ਇਕ ਦੂਸਰੇ ਤੋਂ ਲੜ ਕੇ, ਜਿਹੜਾ ਕੋਈ ਸਤਿਗੁਰਾਂ ਦਾ ਹੁਕਮ ਸੀ ਕਿ ਖਾਲਸੇ ਪੰਥ ਵਿਚ ਕੋਈ ਗੱਲ ਹੁੰਦੀ ਹੈ। ਉਹ ਦੁਫੇੜ ਪੈਂਦੀ ਹੈ ਉਹਦੇ ਵਿਚ ਖਾਲਸਾ ਜੀ ਰਾਤ ਨਹੀਂ ਲੰਘਣੀ ਚਾਹੀਦੀ, ਸੂਰਜ ਉਗਣ ਤੋਂ ਪਹਿਲਾਂ ਪਹਿਲਾਂ ਖਾਲਸੇ ਵਿਚ ਮਿਲਾਪ ਹੋ ਜਾਣਾ ਚਾਹੀਦਾ। ਉਸ ਗੱਲ ਨੂੰ ਵਿਸਾਰ ਕੇ, ਆਪਣੇ ਰਹਿਤ ਨਾਮੇ ਨੂੰ ਵਿਸਾਰ ਕੇ ਇਹ ਸਾਰੀਆਂ ਖੁਆਰੀਆਂ ਹੋ ਰਹੀਆਂ ਹਨ ਜਿਸ ਦਾ ਫਲ ਅੱਜ ਦੀ ਜੋ ਖਾਲਸੇ ਦੀ ਉਤਪਤੀ ਹੈ, ਜੋ ਸਿੰਘਾਂ ਦਾ ਸਰੂਪ ਹੈ ਭੁਗਤ ਰਿਹਾ ਹੈ, ਉਹ ਲੇਖੇ ਦੇ ਰਿਹਾ ਹੈ, ਕਰਨੀ ਕਿਸੇ ਦੀ ਭਰਨੀ ਕਿਸੇ ਨੇ, ਇਹ ਨਹੀਂ ਚਾਹੀਦਾ। ਗੁਰੂ ਜੀ ਦੇ ਹੁਕਮ ਦੀ ਪਾਲਣਾ ਕੀਤੀ ਜਾਏ। ਸਤਿਗੁਰਾਂ ਦੇ ਹੁਕਮ 'ਤੇ ਚਲਕੇ ਜੋ ਖਾਲਸੇ ਪੰਥ ਦੀ ਰਹੁ ਰੀਤ ਸੀ ਉਸ ਨੂੰ ਤਿਲਾਂਜਲੀ ਦੇ ਦਿੱਤੀ ਗਈ ਹੈ, ਤਿਆਗ ਦਿੱਤਾ ਗਿਆ ਹੈ। ਸੋ ਆਓ ਆਪਾਂ ਸਤਿਗੁਰੂ ਦੇ ਚਰਨਾਂ ਵਿਚ ਬੈਠੇ ਹਾਂ। ਜੋ ਸਰੋਤੇ ਜਨ ਹਨ,

ਜਿਨ੍ਹਾਂ ਨੇ ਇਹ ਕਥਾ ਪੁਰਾਤਨ ਸੁਣੀ ਹੈ ਉਹ ਆਪਣੇ ਮਨ ਵਿਚ ਵਸਾਉਣ, ਕੀ ਕੀ ਇਹਦੇ ਵਿਚ ਖੁਟਿਆਈ ਕਿਥੋਂ ਪਈ ਹੈ। ਇਹ ਚਾਟਾ ਕਿਥੋਂ ਫਿਟਿਆ ਹੈ ਦੁੱਧ ਦਾ, ਤੇ ਕਾਂਜੀ ਕਿਹਨੇ ਪਾਈ ਹੈ, ਸੋ ਉਹਨਾਂ ਗੱਲਾਂ ਦਾ ਸੁਧਾਰ ਕਰੀਏ। ਇਹ ਖਾਲਸੇ ਦੀ ਉਤਪਤੀ ਲੈ ਕੇ ਕਥਾ ਸੁਣੀ ਹੈ ਆਪਾਂ ਇਹ ਖਾਲਸਾ ਅੱਗੇ ਵੱਧਦਾ ਹੀ ਤੁਰਿਆ ਜਾ ਰਿਹਾ ਹੈ, ਸੋ ਇਸ ਤਰ੍ਹਾਂ ਹੀ ਫੇਰ ਅੱਗੇ ਨੂੰ ਵਧੇ ਫੁੱਲੇ, ਇਹ ਸਤਿਗੁਰਾਂ ਦੀ ਜੋ ਬਖਸ਼ਸ਼ ਹੈ ਹਜੂਰ ਦੀ ਬਖਸ਼ਸ਼ ਹੈ ਉਹਦੀ ਇਵਜ ਵਿਚ ਜੋ ਸਤਿਗੁਰੂ ਸਾਨੂੰ ਵਡਿਆਈਆਂ ਦਿੰਦਾ ਹੈ ਅਸੀਂ ਉਹਨੂੰ ਭੋਗੀਏ ਤਾਂ ਖਾਲਸੇ ਪੰਥ ਦੀ ਚੜ੍ਹਦੀ ਕਲਾ ਹੋਵੇ ਇਹ ਸਾਹਿਬ ਭਾਈ ਸਾਹਿਬ ਦੱਸਦੇ ਇਹ ਭਾਈ ਰਤਨ ਸਿੰਘ ਜੀ ਗੁਰਮੁਖ ਪਿਆਰੇ ਜਿਨ੍ਹਾਂ ਦਾ ਗੁਰੂ ਖਾਲਸੇ ਪੰਥ ਨਾਲ ਸਬੰਧ ਹੈ। ਉਹ ਆਪਣੇ ਵਿਚਾਰ ਅਨੁਸਾਰ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਕਰਕੇ ਜਿੰਨਾਂ ਜਿੰਨਾਂ ਉਹਨਾਂ ਨੇ ਬਲ ਬੁੱਧ ਬਖਸ਼ੀ ਹੈ ਉਹਦੇ ਅਨੁਕੂਲ ਭਾਈ ਸਾਹਿਬ ਜੀ ਲਿਖਦੇ ਨੇ ਅੱਜ ਦੇ ਸੰਸਾਰੀ ਲੋਕ, ਵਿਰੋਧੀ ਲੋਕ ਵੀ ਇਸ ਗੱਲ ਨੂੰ ਮੰਨਦੇ ਹਨ ਕਿ ਠੀਕ ਭਾਈ ਰਤਨ ਸਿੰਘ ਨੇ ਜੋ ਲਿਖਿਆ ਹੈ ਉਹ ਸੱਚੋ ਸੱਚ ਬਿਆਨ ਕੀਤਾ ਹੈ, ਸਾਨੂੰ ਉਹਦੇ 'ਤੇ ਪਹਿਰਾ ਦੇਣਾ ਚਾਹੀਦਾ ਹੈ। ਤਾਂ ਕਿ ਖਾਲਸੇ ਪੰਥ ਦੀ ਵਿਗੜੀ ਜਿਹੜੀ ਹੈ ਉਹ ਸੋਰ ਜਾਵੇ ਫਿਰ ਖਾਲਸੇ ਪੰਥ ਦੀ ਚੜ੍ਹਦੀ ਕਲਾ ਓਵੇਂ ਹੀ ਫਿਰ ਚਮਕਦੀ ਹੋਵੇ। ਜੋ ਸੰਸਾਰੀ ਲੋਕ ਜਿਹੜੇ ਨੇ ਖਾਲਸੇ ਪੰਥ ਦੇ ਚਰਨੀਂ ਲੱਗ ਕੇ, ਚਰਨਾਂ ਨਾਲ ਜੁੜਕੇ ਜੀਵਾਂ ਦਾ ਉਧਾਰ ਹੁੰਦਾ ਹੈ, ਇਥੋਂ ਗਿਆਨ ਦੀ ਪ੍ਰਾਪਤੀ ਹੁੰਦੀ ਹੈ ਉਹ ਹੀ ਕਲਾ ਫਿਰ ਸਤਿਗੁਰੂ ਕਿਰਪਾ ਕਰਕੇ ਪ੍ਰਗਟਾਉਣ ਖਾਲਸੇ ਪੰਥ ਵਿੱਚ ਵਰਤੇ, ਜਿਸ ਕਰਕੇ ਸਾਰੇ ਹੀ ਖਾਲਸੇ ਪੰਥ ਦਾ ਲੋਕ ਸੁਖੀਆ ਪ੍ਰਲੋਕ ਸੁਹੇਲਾ ਹੋ ਸਕੇ। ੮।

ਦੋਹਰਾ॥ ਸੋਊ ਬਾਤ ਉਨ ਚਿਤ ਰਖੀ ਲੂਣੀ ਅਖੜ ਜਰਨੈਲ॥ ਲੋਨੀ ਅਖਤਰ ਜਰਨੈਲ ਨੂੰ ਹੁਕਮ ਹੋਇਆ ਵਲਾਇਤ ਵਲੋਂ ਕਿ ਜਿਨ੍ਹਾਂ ਸਿੰਘਾਂ ਦਿੱਲੀ ਵਿੱਚ ਆ ਕੇ ਤੁਹਾਨੂੰ ਘੇਰਿਆ ਹੈ, ਜਿਹਨਾਂ ਦੇ ਅੱਗੇ ਸਾਡੀ ਕੋਈ ਵਾਹ ਨਹੀਂ ਗਈ। ਉਹਨਾਂ ਦੀ ਵਿਥਿਆ ਉਹਨਾਂ ਦਾ ਇਤਿਹਾਸ ਲਿਖਣਾ ਕਰੋ। ਉਹਦੇ ਮਨ ਦੇ ਵਿੱਚ ਚੇਤਾ ਸੀ, ਖਿਆਲ ਸੀ ਕਿ ਬਾਦਸ਼ਾਹੀ ਹੁਕਮ ਹੋਇਆ ਹੈ, ਉਹਦੀ ਪਾਲਣਾ ਕਰਨੀ ਹੈ, ਕਿਉਂਕਿ ਲੰਦਨ 'ਚੋਂ ਹੁਕਮ ਹੋਇਆ ਹੈ ਕਿ ਤੂੰ ਸਾਰੀ ਵਿਥਿਆ ਲਿਖ ਕੇ ਸਾਨੂੰ ਭੇਜ। ਅਸੀਂ ਵਿਚਾਰ ਕਰਾਂਗੇ ਇਹਦੇ ਉੱਤੇ ਇਸ ਵਾਸਤੇ ਇਹਦੇ ਚਿੱਤ ਵਿਚ ਸੀ। ਜਦ ਕਿ ਲੁਧਿਆਣੇ ਦਾ ਹਾਕਮ ਬਣ ਕੇ ਇਥੇ ਪਹੁੰਚਿਆ ਫੌਜ ਨੂੰ ਲੈ ਕੇ।

ਲੁਧਿਹਾਣੈ ਆਇ ਪੁਛੀ ਜਬ ਭਯੋ ਸਿੰਘਨ ਸਜੋਂ ਮੇਲ॥ ੯॥ ਲੁਧਿਆਣੇ ਆ ਕੇ ਪੁੱਛਿਆ ਜਦੋਂ ਏਧਰਲਿਆਂ ਗੁਰਸਿੱਖਾਂ ਨਾਲ ਮੇਲ ਹੋਇਆ। ਕਚਹਿਰੀ ਲੱਗੀ, ਕਿਉਂਕਿ ਜਦੋਂ ਆਏ ਮਤਹਿਤ ਹੋ ਕੇ ਜਦੋਂ ਇਹਨਾਂ ਦੇ ਹੁਕਮਰਾਨ ਰਿਆਸਤਾਂ ਵਾਲੇ ਮਤਹਿਤ ਹੋ ਗਏ ਤਾਂ ਦੂਸਰੀ ਪਰਜਾ ਨੇ ਉਹਨਾਂ ਦੀਆਂ ਕਚਹਿਰੀਆਂ ਵਿੱਚ ਜਾਣਾ ਸੀ ਕੰਮ ਕਾਜ ਵਾਸਤੇ, ਜਗੀਰ ਜਾਇਦਾਦ ਵਾਸਤੇ, ਇਸ ਕਰਕੇ ਭਾਈ ਰਤਨ ਸਿੰਘ ਜੀ ਨੂੰ ਵੀ ਕਚਹਿਰੀ ਵਿਚ ਜਾਣਾ ਪਿਆ। ਜਿਸ ਕਰਕੇ ਓਧਰੋਂ ਅੰਗ੍ਰੇਜ਼ਾਂ ਦਾ ਹੁਕਮ ਸੀ ਕਿ ਸਾਨੂੰ ਲਿਖ ਕੇ ਭੇਜੋ ਸਾਰਾ ਇਤਿਹਾਸ। ਇਸ ਕਰਕੇ ਇਹਨਾਂ ਦਾ ਮੇਲ ਜੋਲ ਹੋਇਆ ਜਦੋਂ ਨੇੜੇ ਹੋਏ। ੯।

ਚੌਪਈ॥ ਤਬ ਜਰਨੈਲ ਸੋਚ ਚਿਤ ਆਈ॥ ਉਹ ਜਰਨੈਲ ਦੇ ਮਨ ਵਿਚ ਵਿਚਾਰ ਆਈ।

ਹੁਤੀ ਜੁ ਬਾਤ ਪਤਿਸ਼ਾਹ ਲਿਖਾਈ॥ ਜੋ ਬਾਦਸ਼ਾਹ ਨੇ ਉਹਦੇ ਨਮਿਤ ਲਿਖਾਇਆ ਸੀ ਕਿ ਸਿੰਘ ਰਈਅਤ ਹਨ, ਇਹਨਾਂ ਨੂੰ ਕਿਸੇ ਪਾਤਸ਼ਾਹੀ ਨਹੀਂ ਦਿੱਤੀ। ਇਹਨਾਂ ਨੂੰ ਕੋਈ ਮੁਲਕ ਜਗੀਰ ਨਹੀਂ ਦਿੱਤੀ, ਕੋਈ ਪਤਾ ਨਹੀਂ ਇਹਨਾਂ ਦੇ ਕੋਲ ਕੋਈ ਸਬੂਤ ਨਹੀਂ ਇਹਨਾਂ ਦੇ ਕੋਲ।

ਜਰਨੈਲ ਅਗੇ ਥੇ ਮਾਲੀ ਕਪਤਾਨ॥ ਇਹ ਮਾਲੀ ਮਰੇ ਸਾਹਿਬ ਜਿਹਨੂੰ ਕਹਿੰਦੇ ਨੇ ਇਹ ਕਪਤਾਨ ਸੀ ਜਰਨੈਲ ਦੇ ਅੱਗੇ ਅਖਤਰ ਲੋਨੀ ਦੇ।

ਜਿਹ ਜਾਨਤ ਹੈ ਬਹੁਤ ਜਹਾਨ॥ ੧੦॥ ਉਹ ਬੜਾ ਚਤੁਰ ਸੀ ਕਿਉਂਕਿ ਪਹਿਲਾ ਪਹਿਲਾ ਪ੍ਰਬੰਧ ਸੀ, ਮੁਲਕ ਜਾਣਦਾ ਸੀ ਕਿ ਇਹ ਕਪਤਾਨ ਹੈ ਇਹ ਜਰਨੈਲ ਦਾ ਆਗੂ ਹੈ। ਇਹਦੇ ਨਾਲ ਗੱਲ ਹੁੰਦੀ ਸੀ, ਕੋਈ ਗੱਲ ਹੋਵੇ ਅਰਜ਼ੀ

ਪਰਚਾ ਇਹਦੇ ਕੋਲ ਹੁੰਦਾ ਸੀ। ਇਹ ਉਹਦੇ ਕੋਲ ਪੇਸ਼ ਕਰਦਾ ਸੀ, ਜਰਨੈਲੀ ਰਾਜ ਸੀ ਨਾ ਗਵਰਨਰੀ ਰਾਜ ਹੋਇਆ ਪਹਿਲਾ। ੧੦।

ਤਿਸ ਕੋ ਕਹਯੋ ਜਰਨੈਲ ਬੁਲਾਇ॥ ਆਪ ਕਪਤਾਨ ਮਾਲੀ ਨੂੰ ਸੱਦ ਲਿਆ ਜਰਨੈਲ ਅਖਤਰ ਲੋਨੀ ਨੇ, ਉਨ੍ਹਾਂ ਨੂੰ ਬਣਾ ਕੇ ਸਵਾਰ ਕੇ ਇਹ ਗੱਲ ਦੱਸਣੀ ਕੀਤੀ।

ਬਹਾਇ ਪਾਸ ਉਸ ਖੂਬ ਸਮਝਾਇ॥ ਕੋਲ ਬਹਾ ਕਰਕੇ ਖੂਬ ਸਮਝਾਈ ਗੱਲ ਪੁਰਾਣੀ ਆਪਾਂ ਜੋ ਦਿੱਲੀ ਲਿਖਾਇਆ ਸੀ ਇਤਿਹਾਸ ਪਾਤਸ਼ਾਹ ਤੋਂ ਉਸਦਾ ਆਪਾਂ ਨਿਰਣਾ ਕਰਨਾ ਹੈ। ਸਚਾਈ ਕੀ ਹੈ? ਕਿਉਂਕਿ ਉਥੋਂ ਹੁਕਮ ਹੋਇਆ ਲੰਡਨ ਵਿਚੋਂ ਉਹਨਾਂ ਨੂੰ ਆਪਾਂ ਸੱਚੀ ਸੱਚੀ ਵਾਰਤਾ ਲਿਖ ਕੇ ਭੇਜਣੀ ਹੈ।

ਸਿੰਘਨ ਕੀ ਉਤਪਤੀ ਲਿਖਾਯੋ॥ ਕਪਤਾਨ ਨੂੰ ਹੁਕਮ ਹੋਇਆ ਕਿ ਜੋ ਸਿੰਘਾਂ ਦੀ ਉਤਪਤੀ, ਇਹ ਕਿਥੋਂ ਪੈਦਾ ਹੋ ਗਏ ਨੇ ਐਸੇ ਬਹਾਦਰ ਐਸੇ ਕਲਾਵਾਨ ਪੁਰਸ਼ ਜਿਹੜੇ ਨੇ ਉਹਨਾਂ ਦੀ ਉਤਪਤੀ ਲਿਖਾਉਣੀ ਹੈ ਦੁਬਾਰੇ।

ਜਿਮ ਕਰ ਖਾਲਸੇ ਰਾਜ ਆਦ ਪਾਯੋ॥ ੧੧॥ ਜਿਸ ਤਰ੍ਹਾਂ ਖਾਲਸੇ ਨੂੰ "ਆਦਿ ਰਾਜ" ਪ੍ਰਿਥਮ ਰਾਜ ਜਿਵੇਂ ਪ੍ਰਾਪਤ ਹੋਇਆ। ਕਿਉਂਕਿ ਜਦ ਅੰਗ੍ਰੇਜ਼ ਆਏ ਨੇ ਰਣਜੀਤ ਸਿੰਘ ਦਾ ਰਾਜ ਗਹਿਮਾਂ ਗਹਿਮ ਸੀ। ਬੜੀ ਚੜ੍ਹਦੀ ਕਲਾ ਵਿੱਚ ਸਿੰਘਾਂ ਦਾ ਰਾਜ ਸੀ। ੧੧।

ਜਿਮ ਕਹੀ ਦਿੱਲੀਪਤਿ ਤਿਮ ਹੈ ਸਾਤਿ॥ ਜਿਵੇਂ ਸਾਨੂੰ ਦਿੱਲੀ ਦੇ ਬਾਦਸ਼ਾਹ ਨੇ ਲਿਖਾਈ ਹੈ ਉਹ ਸੱਚ ਹੈ? ਜਾਂ ਉਹਦੇ ਵਿਚ ਕੋਈ ਫਰਕ ਹੈ ਆਪਾਂ ਨਿਰਣਾ ਕਰਨਾ ਹੈ। ਹੁਣ ਐਥੇ ਆਏ ਹਾਂ ਆਪਾਂ ਸਿੰਘਾਂ ਦੇ ਘਰ ਵਿੱਚ। ਏਥੇ ਸਿੰਘ ਵਸਦੇ ਨੇ, ਇਹਨਾਂ ਦਾ ਸਾਰਾ ਪਤਾ ਏਥੋਂ ਲਈਏ।

ਕੈ ਕੁਛ ਲਗਾਯੋ ਮੁਗਲਨ ਘਾਤ॥ ਇਹ ਵੀ ਆਪਾਂ ਨਿਰਣਾ ਕਰਨਾ ਹੈ ਕਿ ਉਹਨਾਂ ਦੀ ਤੇ ਇਹਨਾਂ ਦੀ ਦੁਸ਼ਮਣੀ ਹੈ ਸ਼ਾਇਦ ਕੋਈ ਘਾਤ ਲਾਇਆ ਹੋਵੇ, ਉਹ ਵਿਚਾਰ ਕਰਕੇ, ਸਾਡੇ ਨਾਲ ਇਹਨਾਂ ਦਾ ਭੇੜ ਕਰਾਉਣ ਦਾ ਖਿਆਲ਼ ਹੋਵੇ ਇਹਨਾਂ ਦਾ ਮੁਗਲਾਂ ਦਾ, ਇਹ ਵੀ ਆਪਾਂ ਨਿਰਣਾ ਕਰ ਲਈਏ।

ਹਿੰਦੂ ਤੁਰਕਨ ਮੇਲ ਕੁਛ ਨਾਹਿ॥ ਹੁਣ ਆਪਾਂ ਦੇਖਿਆ ਹੀ ਹੈ ਕਿ ਹਿੰਦੂਆਂ ਦਾ ਤੇ ਤੁਰਕਾਂ ਦਾ ਕੋਈ ਮੇਲ ਨਹੀਂ ਆਪਸ ਵਿਚ ਜਿਵੇਂ ਕਿ "ਤੁਰਕਨ ਸਿੰਘਨ ਐਸਾ ਮੇਲ॥ ਬਰੂਦ ਅਗਨਿ ਕੀ ਜੈਸੀ ਖੇਲ"॥ ਇਤਿਹਾਸ ਵਿੱਚ ਲਿਖਿਆ ਕਿ ਜਿਵੇਂ ਬਰੂਦ ਕੋਲ ਅੱਗ ਕੀਤੀ, ਪਟਾਕਾ ਪੈ ਜਾਣਾ ਓਸੇ ਵੇਲੇ ਈ, ਇਸ ਕਰਕੇ ਕਹਿੰਦੇ ਤੁਰਕਾਂ ਦਾ ਸਿੰਘਾਂ ਦਾ ਐਸਾ ਮੇਲ ਹੈ ਇਸ ਕਰਕੇ ਜਦ ਇਹਨਾਂ ਦਾ ਮੇਲ ਹੀ ਕੋਈ ਨਹੀਂ, ਬਣਦੀ ਕੋਈ ਨਹੀਂ ਉਹ ਦੁਸ਼ਮਣ ਹਨ ਇਹਨਾਂ ਦੇ ਜਾਨੀ ਤੇ ਉਹਨਾਂ ਨੇ ਕਿਉਂ ਨਾ ਇਹਨਾਂ ਦਾ ਬੁਰਾ ਕੀਤਾ ਹੋਵੇਗਾ। ਆਪਾਂ ਵਿਚਾਰਨਾ ਏਸ ਗੱਲ ਨੂੰ ਇਸ ਕਰਕੇ ਹੁਣ ਏਥੇ ਆਏ ਹਾਂ। ਲੁਧਿਆਣੇ ਵਿੱਚ ਸਿੰਘਾਂ ਤੋਂ ਪਤਾ ਕਰੀਏ।

ਮੁਸਲਮਾਨ ਕਦ ਸੱਚ ਕਹਾਇ॥ ੧੨॥ ਬਾਕੀ ਇਹ ਸਾਬਤ ਕਰ ਚੁੱਕੇ ਸੀ ਮੁਸਲਮਾਨ ਜਿਵੇਂ ਹਿੰਦੂਆਂ ਨੂੰ ਕਹਿੰਦੇ ਨੇ ਕਿ ਬੇਈਮਾਨੀ ਵਿਚ ਫਰਕ ਨਹੀਂ ਇਹਨਾਂ ਦੇ ਵਿਚ, ਇਹ ਨਹੀਂ ਕਰਦੇ ਕਿਸੇ ਨਾਲ ਲਿਹਾਜ ਇਸੇ ਤਰ੍ਹਾਂ ਤੁਰਕਾਂ ਦੇ ਉੱਤੇ ਵੀ ਦੋਸ਼ ਹੈ, ਕਿ ਇਹ ਸੱਚ ਨਹੀਂ ਬੋਲਦੇ ਇਹ ਕੂੜ ਬੋਲਦੇ ਹਨ, ਝੂਠ ਬੋਲਦੇ ਹਨ, ਇਹ ਸਾਰਾ ਅੰਗ੍ਰੇਜ਼ਾਂ ਨੂੰ ਨਿਰਣਾ ਹੋ ਗਿਆ ਸੀ ਜਦ ਇਹਨਾਂ 'ਤੇ ਹਕੂਮਤ ਕੀਤੀ। ੧੨।

ਕਿਮ ਕਰ ਜੱਟਨ ਸ਼ਾਹਿ ਸੂਬੇ ਮਾਰੇ॥ ਇਹਦੇ ਵਿਚ ਆਪਾਂ ਦੇਖੋ ਨਾ ਖਿਆਲ ਕਰਨ ਦੀ ਲੋੜ ਹੈ, ਐਹ ਜੱਟਾਂ ਜ਼ਿਮੀਦਾਰਾਂ ਨੇ ਜਿਹੜੇ ਖੇਤੀਬਾੜੀ ਕਰਦੇ ਨੇ ਇਹਨਾਂ ਨੇ ਬਾਦਸ਼ਾਹ ਦੇ ਸੂਬੇ ਕਿਵੇਂ ਮਾਰ ਲਏ ਭਾਈ। ਇਸ ਗੱਲ ਦਾ ਨਿਰਣਾ ਕਰੀਏ ਕਿ ਬਾਈ (੨੨) ਸੂਬਿਆਂ ਦੀ ਹਕੂਮਤ ਕਿਵੇਂ ਹਰਾ ਦਿੱਤੀ।

ਸ਼ਾਹਿ ਰੱਯਤ ਤੇ ਕਿਮ ਕਰ ਹਾਰੇ॥ ਬਾਦਸ਼ਾਹ ਹੁੰਦਿਆਂ ਪਰਜਾ ਤੋਂ ਕਿਵੇਂ ਹਾਰ ਗਏ ਉਹ?

ਬਾਈ ਸੂਬੇ ਮੁਗਲਨ ਪਾਹਿ॥ ਇਹ ਅਖਤਰ ਲੋਨੀ ਕਹਿੰਦਾ ਦੇਖੋ ਬਾਈ ਸੂਬੇ ਨੇ ਮੁਗਲਾਂ ਦੇ ਕੋਲ ਸਾਰੇ ਹਿੰਦੋਸਤਾਨ ਵਿਚ

ਬਾਈ ਸੂਬੇ, ਵੱਡੇ ਸੂਬੇ ਹਨ, ਅਤੇ ਛੋਟੇ ਛੋਟੇ ਹੋਰ ਟਾਪੂ ਜਜੀਰੇ ਵਖਰੇ ਨੇ। ਲੇਕਨ ਬਾਈ ਸੂਬਿਆਂ 'ਤੇ ਜਿਨ੍ਹਾਂ ਦਾ ਰਾਜ ਹੋਵੇ, ਜਿਥੇ ਐਡੀ ਵੱਡੀ ਸਲਤਨਤ ਹੋਵੇ, ਫੌਜ ਹੋਵੇ ਤੇ ਸਮੁੰਦਰਾਂ ਦੇ ਉੱਤੇ ਕਈ ਬੰਦਰਗਾਹਾਂ ਲਗਦੀਆਂ ਹੋਣ ਜਿਥੇ ਲੋਕ ਜਾ ਕੇ ਵਪਾਰ ਕਰਕੇ ਟੈਕਸ ਭਰਕੇ ਲੰਘਦੇ ਹੋਣ। ਉਹਨਾਂ ਨੂੰ ਕਿਵੇਂ ਹਾਰ ਹੋਈ। ਉਹ ਵੀ ਪੰਜਾਬ ਵਿਚ ਆ ਕੇ ਇਹਦਾ ਕੀ ਕਾਰਨ ਹੈ? ਇਹ ਆਪਾਂ ਨਿਰਣਾ ਕਢਣਾ ਹੈ।

ਕਈ ਜ਼ਜ਼ੀਰੈ ਸਾਮੁੰਦ੍ਰ ਮਾਹਿ॥ ੧੩॥ ਹੋਰ ਕਾਲੇ ਪਾਣੀ ''ਜ਼ਜ਼ੀਰੇ'' ਸਮੁੰਦਰਾਂ ਵਿਚ ਜਿਹੜੇ ਟਾਪੂ ਹੁੰਦੇ ਹਨ ਉਹਨਾਂ ਨੂੰ ਕਹਿੰਦੇ ਹਨ ਉਹ ਕਈ ਨੇ ਇੱਕ ਨਹੀਂ। ੧੩।

ਸਾਰੀ ਹਿੰਦ ਚੁਗੱਤਿਨਿ ਪਾਸ॥ ਚੁਗੱਤੇ ਜਿਹੜੇ ਨੇ ਮੁਗਲ ਇਹਨਾਂ ਦੀਆਂ ਜਾਤੀਆਂ ਹਨ ਅੱਡੋ ਅੱਡੀ, ਉਹ ਸਾਰੇ ਹਿੰਦੋਸਤਾਨ ਦਾ ਰਾਜ ਇਹਨਾਂ ਦੇ ਪਾਸ ਹੋਵੇ ਐਡਾ ਵੱਡਾ ਭਹਿਦ ਹੋਵੇ ਜਿਨ੍ਹਾਂ ਦਾ।

ਕੌਣ ਗ਼ਜ਼ਬ ਕਰ ਏ ਭਏ ਨਾਸ॥ ਕੀ ਗ਼ਜ਼ਬ ਹੋਇਆ? ਕੀ ਇਨ੍ਹਾਂ ਨੇ ਅਪਰਾਧ ਕੀਤਾ ਭਾਈ? ਕੀ ਪਾਪ ਹੋ ਗਿਆ ਇਹਨਾਂ ਤੋਂ? ਜਿਸ ਕਰਕੇ ਇਹਨਾਂ ਦਾ ਨਾਸ ਹੀ ਹੋ ਗਿਆ। ਇਹਨਾਂ ਦੀ ਹਕੂਮਤ ਖਤਮ ਹੋ ਗਈ।

ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ ਜੀ ਨੇ ਦੇਖ ਲਉ ਸੀਲੋਆਣੀ ਵਿੱਚ ਬੈਠ ਕਰਕੇ ਕਾਹੀ ਦੇ ਬੂਟੇ ਨੂੰ ਸੀਲ ਦੇ ਰਹੇ। ਜਦ ਸਾਹਿਬਜ਼ਾਦਿਆਂ ਦੀ ਖ਼ਬਰ ਸੁਣੀ ਕਿ ਬਜੀਦੇ ਨੇ ਸ਼ਹੀਦ ਕਰ ਦਿੱਤੇ ਨੇ। ਸਤਿਗੁਰਾਂ ਨੇ ਉਹਦੀ ਜੜ੍ਹ ਕੱਟ ਦਿੱਤੀ। ਕਹਿਣ ਲੱਗੇ ਅਸਾਂ ਹੁਣ ਮੁਗਲਾਂ ਦੀ ਜੜ੍ਹ ਵੱਢ ਦਿੱਤੀ ਹੈ ਕੱਟ ਦਿੱਤੀ ਹੈ ਹੁਣ ਨਹੀਂ ਇਹ ਹਰੇ ਹੋਣਗੇ। ਐਡਾ ਕੀ ਗ਼ਜ਼ਬ ਹੋ ਗਿਆ? ਕੀ ਪਾਪ ਕੀਤਾ ਇਹਨਾਂ ਨੇ?

ਰੱਯਤ ਛੇਲੀ ਹਾਕਮ ਸ਼ੇਰ॥ ਆਮ ਕਰਕੇ ਮਸ਼ਹੂਰ ਹੈ ਕਿ ਜਿਹੜੇ ਹਾਕਮ ਹੁੰਦੇ ਨੇ ਉਹ ਤਾਂ ਬੱਬਰ ਸ਼ੇਰ ਹੁੰਦੇ ਹਨ ਅਤੇ ਜਿਹੜੀ ਪਰਜਾ ਹੈ ਉਹ ਤਾਂ ਛੇਲੀ ਹੁੰਦੀ ਹੈ ਬੱਕਰੀਆਂ ਭੇਡਾਂ ਵਰਗੇ ਹੁੰਦੇ ਨੇ ਵਿਚਾਰੇ। ਸ਼ੇਰ ਅੱਗੇ ਇਹਨਾਂ ਦਾ ਕੀ ਮੁਕਾਬਲਾ ਹੁੰਦਾ ਹੈ?

ਹਾਕਮ ਬਾਜ਼ ਔ ਰਯਤ ਬਟੇਰ॥ ੧੪॥ ਜੈਸੇ ਬਟੇਰਿਆਂ ਦਾ ਸ਼ਿਕਾਰ ਬਾਜ਼ ਕਰਦੇ ਨੇ। ਹਾਕਮ ਕਹਿੰਦੇ ਨੇ ਬਾਜ਼ ਦੀ ਨਿਆਈਂ, ਰਈਅਤ ਜਿਹੜੀ ਆ ਉਹ ਬਟੇਰਿਆਂ ਦੀ ਨਿਆਈਂ ਹੁੰਦੀ ਹੈ। ਇਕ ਬ੍ਰਿਧ ਜਿਹਾ ਸ਼ਿਕਾਰੀ ਦੇਖਿਆ ਸ਼ਿਕਾਰ ਕਰਦਾ ਸੀ ਉਹ ਟੁੱਟੇ ਜਿਹੇ ਘੋੜੇ 'ਤੇ ਚੜਿਆ ਕਮਾਨਚੀ ਸੀ, ਹੱਥ ਵਿਚ ਗੁਲੇਲ, ਉਹਦੇ 'ਤੇ ਸ਼ਿਕਾਰ ਕਰਦਾ, ਸਹੇ ਨੂੰ ਤਿੱਤਰ ਨੂੰ, ਉੱਡੇ ਜਾਂਦੇ ਨੂੰ ਡੇਗਦਾ, ਅਤੇ ਉਹਦਾ ਬਾਜ਼ ਰੱਖਿਆ ਹੋਇਆ ਸੀ ਇੱਕ ਉਹ ਬਾਜ਼ ਉੱਤੇ ਉੱਡਦਾ ਰਹਿੰਦਾ। ਜਿਹੜਾ ਬਟੇਰਾ ਫਰਨ ਦੇ ਕੇ ਉੱਡਦਾ ਨਾ ਉਤੋਂ ਗਲ ਕੱਟ ਕੇ ਲੈ ਜਾਂਦਾ। ਉਹਦਾ ਧੜ ਥੱਲੇ ਡਿਗ ਪੈਂਦਾ ਉਹਦੀ ਕੁੰਡੀ ਲਾਈ ਹੋਈ ਸੀ ਸੋਟੀ ਨੂੰ ਉਹ ਕੁੰਡੀ ਨਾਲ ਆਪ ਤਾਂ ਸੁਖਾਲਾ ਜਿਹਾ ਸੀ ਚੁੱਕ ਕੇ ਖੁਰਜੀ ਵਿਚ ਪਾ ਲੈਂਦਾ, ਏਸ ਤਰ੍ਹਾਂ ਸ਼ਿਕਾਰ ਖੇਡਦਾ ਦੇਖਿਆ। ਨਾਲ ਉਹਦੇ ਕਈ ਕੁੱਤੇ ਹੁੰਦੇ ਏਸ ਤਰ੍ਹਾਂ ਛੱਡ ਕੇ ਉਹ ਝਾੜਾਂ ਦੇ ਵਿਚੋਂ ਜਾਨਵਰ ਨੂੰ ਕੱਢ ਦਿੰਦੇ। ਬੜਾ ਤਕੜਾ ਸ਼ਿਕਾਰੀ ਦੇਖਿਆ ਉਹ। ਸੋ ਇਸ ਤਰ੍ਹਾਂ ਕਰਕੇ ਕਹਿੰਦੇ ਨੇ ਕਿ ਬਾਜ਼ ਜਿਸ ਤਰ੍ਹਾਂ ਬਟੇਰਿਆਂ ਦਾ ਸ਼ਿਕਾਰ ਕਰਦਾ ਹੈ ਹਾਕਮਾਂ ਕੋਲ ਤਾਂ ਪਰਜਾ ਏਸ ਤਰ੍ਹਾਂ ਹੈ, ਪਰਜਾ ਇਹਨਾਂ ਦੇ ਅੱਗੇ ਕਿਵੇਂ ਅੜ ਗਈ, ਬਟੇਰੇ ਕਿਵੇਂ ਅੜ ਗਏ ਬਾਜ਼ਾਂ ਦੇ ਸਾਹਮਣੇ। ੧੪।

ਦੋਹਰਾ॥ ਛੇਲੀਅਨ ਮਾਰੇ ਸ਼ੇਰ ਕਿਮ, ਕਿਮ ਬਟੇਰਨ ਮਾਰੇ ਬਾਜ? ਆਹ ਨਿਰਣਾ ਕਰਨਾ ਇਸ ਗੱਲ ਦਾ ''ਛੇਲੀਆਂ'' ਭੇਡਾਂ ਬੱਕਰੀਆਂ ਨੇ ਸ਼ੇਰ ਕਿਵੇਂ ਮਾਰ ਲਏ ਅਤੇ ਬਾਜ਼ਾਂ ਨੂੰ ਬਟੇਰਿਆਂ ਨੇ ਕਿਵੇਂ ਮਾਰ ਲਿਆ। ਇਹ ਆਪਾਂ ਨਿਰਣਾ ਕਰਨਾ ਏਸ ਗੱਲ ਦਾ।

ਹਾਕਮ ਮਾਰੇ ਰੱਯਤੈਂ ਯਹ ਕਰਮਾਤਹਿ ਕਾਜ॥ ੧੫॥ ਰਈਅਤ ਹਾਕਮਾਂ ਨੂੰ ਮਾਰ ਲਵੇ, ਇਹ ਕਰਾਮਾਤ ਤੋਂ ਗੱਲ ਖਾਲੀ ਨਹੀਂ ਹੈ। ਜਿਨ੍ਹਾਂ ਪੁਰਸ਼ਾਂ ਜਿਨ੍ਹਾਂ ਇਨਸਾਨਾਂ ਨੇ ਹਾਕਮਾਂ ਨੂੰ ਮਾਰ ਲਿਆ ਉਹ ਬਿਨਾਂ ਕਲਾ ਤੋਂ ਨਹੀਂ ਹੋ ਸਕਦਾ। ਇਹ ਜ਼ਰੂਰ ਕਲਾ ਹੈ ਉਹਨਾਂ ਦੇ ਵਿੱਚ, ਕਿਸੇ ਪੀਰ ਦੀ ਪੁਸ਼ਤ ਪਨਾਹ ਹੈ ਇਹਨਾਂ ਨੂੰ। ੧੫।

ਹੈ ਇਨ ਮੈਂ ਕਿਛੁ ਸ਼ਕਤ ਬਲ, ਕੈ ਕਿਸ ਡਾਢੇ ਪੰਥ॥ ਇਹਨਾਂ ਦੇ ਵਿਚ ਜਾਂ ਤਾਂ ਕੋਈ ਸ਼ਕਤੀ ਬਲ ਹੈ, ਐਸੀ ਕੋਈ ਤਾਕਤ ਹੈ, ਕਰਾਮਾਤ ਹੈ ਤੇ ਜਾਂ ਕਿਸੇ ਡਾਢੇ ਪੁਰਖ ਦਾ ਇਹ ਪੰਥ ਹੈ। ਜਿਹਨੇ ਇਹ ਪੰਥ ਬਣਾ ਦਿੱਤਾ, ਕੋਈ ਉਹ ਪੁਰਖ ਡਾਢਾ ਹੀ ਹੈ। ਉਹ ਸਭ ਤੋਂ ਬਲੀ ਹੈ, ਕੋਈ ਲੋਕ ਉਹਦਾ ਨਿਰਣਾ ਕਰੋ, ਕੌਣ ਹੋਇਆ ਹੈ ਉਹ?

ਲਿਖੋ ਹਕੀਕਤ ਇਨ ਸਭੋ ਤੈਂ ਯਹ ਪਈਏ ਅੰਤ॥ ੧੬॥ ਇਹਨਾਂ ਦੀ ਸਾਰੀ ਹਕੀਕਤ ਲਿਖੀਏ ਮੁਢ ਤੋਂ ਲੈ ਕੇ ਇਹਨਾਂ ਨੂੰ ਪੈਦਾ ਕਰਨ ਵਾਲਾ ਕੌਣ ਹੈ, ਇਹ ਕਿਸ ਤਰ੍ਹਾਂ ਪ੍ਰਫੁੱਲਤ ਹੋ ਗਏ ਤੇ ਰਾਜ ਕਿਵੇਂ ਲੈ ਲਿਆ, ਤਾਂ ਹੀ ਕੋਈ ਅੰਤ ਆਵੇਗਾ ਆਪਾਂ ਨੂੰ ਇਉਂ ਤਾਂ ਪਤਾ ਨਹੀਂ ਲੱਗਣਾ, ਇਸ ਵਾਸਤੇ ਨਿਰਣਾ ਕਰੀਏ ਸਾਰਾ। ੧੬।

ਜਰਨੈਲ ਕੋ ਮਾਲੀ ਕਹੀ, ਜਿਮ ਕਹੀ ਦਿਲੀ ਕੇ ਸ਼ਾਹਿ॥ ਉਹ ਜਰਨੈਲ ਨੂੰ ਮਾਲੀ ਕਹਿੰਦਾ ਜਿਵੇਂ ਦਿੱਲੀ ਦੇ ਪਾਤਸ਼ਾਹ ਨੇ ਲਿਖਾਇਆ ਹੀ ਹੈ ਆਪਾਂ ਨੂੰ ਸਾਰਾ ਕੁਛ ਜਿਵੇਂ ਉਹਨੇ ਲਿਖਾਇਆ ਹੈ।

ਤੈਸੇ ਲਿਖਿ ਪਠਾਈਐ, ਪਹਿ ਲੰਦਨ ਪਤਿਸ਼ਾਹਿ॥ ੧੭॥ ਤੁਸੀਂ ਸ਼ਾਹ ਬਹਾਦਰ ਉਸ ਤਰ੍ਹਾਂ ਹੀ ਲਿਖ ਦਿਉ, ਲਿਖ ਕੇ ਭੇਜ ਦਿਉ ਲੰਦਨ ਦੇ ਬਾਦਸ਼ਾਹ ਨੂੰ ਜਿਨ੍ਹਾਂ ਦੇ ਆਪਾਂ ਸਿਪਾਹੀ ਹਾਂ, ਜਰਨੈਲ ਕਰਨੈਲ ਹਾਂ। ਉਹਨਾਂ ਨੂੰ ਉਹੀ ਵਾਰਤਾ ਲਿਖ ਦਿਉ ਕਿ ਦਿੱਲੀ ਦਾ ਬਾਦਸ਼ਾਹ ਆਹ ਲਿਖਾ ਕੇ ਗਿਆ। ਇਹ ਲਿਖਿਆ ਹੈ ਅਸੀਂ ਏਥੋਂ। ੧੭।

ਚੌਪਈ॥ ਜਰਨੈਲ ਅੰਗ੍ਰੇਜ਼ ਥੋ ਬਡੋ ਗਿਆਨੀ॥ ਇਹ ਜਰਨੈਲ ਅਖਤਰ ਲੋਨੀ ਬੜਾ ਗਿਆਨੀ ਸੀ, ਬੜਾ ਗਿਆਤਾ ਸੀ, ਰਾਜ ਨੀਤੀ ਵਿੱਚ ਨਿਪੁੰਨ ਸੀ।

ਕਹਾ ਮਰੀ ਸੋਊ ਉਸੈ ਨ ਮਾਨੀ॥ ਉਹ ਮਰੀ ਸਾਹਿਬ ਕਪਤਾਨ ਨੇ ਕਿਹਾ ਬਥੇਰਾ ਕਿ ਸਾਹਿਬ ਬਹਾਦਰ ਲਿਖ ਦਿਉ ਤੁਸੀਂ ਇਹ ਗੱਲ, ਬਾਦਸ਼ਾਹ ਨੇ ਠੀਕ ਦੱਸਿਆ ਹੋਵੇਗਾ ਲੇਕਿਨ ਉਹਨੇ ਨਹੀਂ ਮੰਨੀ ਕਹਿੰਦਾ ਨਾ ਬਈ ਇਹ ਤੇ ਗੱਲ ਅਜੇ ਨਿਰਣੇ ਕਰਨ ਵਾਲੀ ਹੈ। ਇਹ ਤਾਂ ਸੱਚ ਝੂਠ ਨਿਤਾਰਨਾ ਆਪਾਂ। ਗੱਲ ਭੇਜਣੀ ਹੈ ਸੱਚੀ ਬਿਲਕੁਲ, ਜੇ ਓਥੇ ਝੂਠੀ ਨਿਕਲ ਗਈ ਤਾਂ ਸਾਡੇ ਪੱਲੇ ਕੁਛ ਨਹੀਂ ਜੇ ਰਹਿਣਾ ਆਹ ਤੁਸਾਂ ਓਥੇ ਪੜਚੋਲ ਕੀਤੀ ਹੈ?

ਕਹਯੋ ਕੂੜ ਜੁ ਹੁਇ ਪਤਿਸ਼ਾਹਿ॥ ਜੇ ਪਾਤਸ਼ਾਹ ਨੇ ਝੂਠ ਬੋਲਿਆ ਹੋਇਆ, ਫੇਰ ਭਾਈ! ਫੇਰ ਕੀ ਜਬਾਬ ਹੈ।

ਦੇਇ ਬਾਤ ਮੋਹਿ ਕੂੜਿ ਕਰਾਹਿ॥ ੧੮॥ ਓਥੇ ਜਾਕੇ ਮੇਰੀ ਬਾਤ ਝੂਠੀ ਨਿਕਲ ਜਾਣੀ ਹੈ ਜਦ ਮੇਰੀ ਬਾਤ ਲਿਖ ਕੇ ਭੇਜੀ ਝੂਠੀ ਹੋ ਗਈ ਵਲਾਇਤ ਵਿੱਚ। ੧੮।

ਦੂਸਰ ਬਾਤ ਤਿਨ ਲਈ ਬਿਚਾਰ॥ ਦੂਸਰੀ ਬਾਤ ਇੱਕ ਹੋਰ ਮੇਰੀ ਵਿਚਾਰ ਵਿੱਚ ਹੈ।

ਹੁਤੋ ਬਿਰਧ ਔ ਬਡ ਖਬਰਦਾਰ॥ ਬਿਰਧ ਸੀ ਇਹ ਜਰਨੈਲ ਅਤੇ ਬੜਾ ਖਬਰਦਾਰ ਸੀ, ਹਰ ਪਾਸਿਓਂ ਹੁਸ਼ਿਆਰ ਸੀ ਅਖਤਰ ਲੋਨੀ।

ਸਿੰਘਨ ਔ ਪਤਸ਼ਾਹਨ ਮਾਹਿ॥ ਕਿਉਂਕਿ ਸਿੰਘਾਂ ਤੇ ਪਾਤਸ਼ਾਹਾਂ ਵਿਚ, ਹਾਕਮ ਦੇ ਵਿਚ।

ਲਖਯੋ ਸ਼ਰੀਕੋ ਜਰਨੈਲ ਵਾਹਿ॥ ੧੯॥ ਇਹ ਜਰਨੈਲ ਨੇ ਨਿਰਣਾ ਕਰ ਲਿਆ ਸੀ ਇਹਨਾਂ ਦਾ ਸ਼ਰੀਕਾ ਬੜਾ ਭਾਰੀ, ਬੜੀ ਦੁਸ਼ਮਣੀ ਹੈ ਤਕੜੀ। ੧੯।

ਕਹੀ ਬਾਤ ਜਉ ਸ਼ਾਹਿ ਸਚ ਹੋਗ॥ ਜੇ ਬਾਦਸ਼ਾਹ ਦੀ ਕਹੀ ਹੋਈ ਬਾਤ ਸੱਚ ਹੋਈ ਉਹਨੇ ਨਹੀਂ ਝੂਠ ਲਿਖਾਇਆ।

ਭਰੈ ਸ਼ਾਹਿਦੀ ਸਭ ਉਸ ਲੋਗ॥ ਆਪਾਂ ਉਹ ਨਿਰਣਾ ਕਰ ਲਉ, ਸਾਰੇ ਲੋਕ ਸ਼ਾਹਦੀ ਭਰਨਗੇ, ਪੁਰਾਣੇ ਜਿਹੜੇ ਨੇ, ਕਿ ਵਾਕਈ ਬਾਦਸ਼ਾਹ ਨੇ ਸੱਚ ਲਿਖਾਇਆ ਹੈ। ਜੇ ਬਾਦਸ਼ਾਹ ਨੇ ਕੂੜ ਲਿਖਾਇਆ ਝੂਠਾ ਤਾਂ ਵੀ ਨਿਰਣਾ ਹੋ ਜਾਏਗਾ ਏਥੇ ਆ ਕੇ ਕਿ ਬਾਦਸ਼ਾਹ ਨੇ ਝੂਠੀ ਗੱਲ ਲਿਖਾਈ ਹੈ।

ਜੋਊ ਸ਼ਾਹਿ ਹੈ ਝੂਠ ਉਚਾਰਾ॥ ਜੇ ਪਾਤਸ਼ਾਹ ਨੇ ਝੂਠ ਉਚਾਰਿਆ ਕਿਹਾ ਝੂਠ ਪਤਾਣ ਲਿਖਾ ਦਿਤਾ ਚਿੱਠਾ।

ਸਾਚ ਝੂਠ ਕਰ ਲੇਹੁ ਨਿਆਰਾ॥੨੦॥ ਇਸ ਵਾਸਤੇ ਹੇ ਸਾਹਬ ਸੱਚ ਤੇ ਝੂਠ ਨੂੰ ਨਿਆਰਾ ਨਿਆਰਾ ਕਰ ਲਈਏ। ਵਖੋ

ਵੱਖਰੇ ਕਰ ਲਈਏ ਸੱਚ ਝੂਠ ਨੂੰ। ੨੦।

ਅਕੈ ਲਿਖਤ ਕੋਊ ਪੁਰਾਤਨ ਲਭੱਯੈ॥ ਆਪਾਂ ਕੋਸ਼ਸ਼ ਕਰੋ ਸਾਨੂੰ ਕੋਈ ਪੁਰਾਤਨ ਲਿਖਤ ਮਿਲ ਜਾਵੇ, ਇਸ ਖਾਲਸੇ ਪੰਥ ਦੀ, ਇਹਨਾਂ ਪੁਰਾਤਨ ਲਿਖਤ ਜੋ ਹੋਵੇ ਕਿਸੇ ਕੋਲ ਜੇ ਉਹ ਲੱਭ ਜਾਵੇ ਸਾਨੂੰ।

ਇਮ ਕਰ ਹਮਰੋ ਮਨ ਪਤਿਅੱਯੈ॥ ਤੇ ਮੇਰਾ ਪਰਤਿਆਇਆ ਜਾਏਗਾ, ਮੇਰੇ ਮਨ ਨੂੰ ਪਤੀਜ ਆ ਜਾਏਗੀ ਮੇਰੇ ਮਨ ਨੂੰ ਭਰੋਸਾ ਹੋ ਜਾਇਗਾ।

ਲਿਖਤ ਭੇਜੀਐ ਲੰਦਨ ਸੋਊ॥ ਲੰਦਨ ਦੇ ਪਾਤਸ਼ਾਹ ਕੋਲ ਜਿਵੇਂ ਉਹਨੇ ਹੁਕਮ ਕੀਤਾ ਹੈ ਕਿ ਸਿੰਘਾਂ ਦੀ ਉਤਪਤੀ ਮੈਨੂੰ ਭੇਜੋ ਨਿਰਣਾ ਕਰਕੇ।

ਯਾ ਮੈਂ ਝੂਠ ਨ ਇਕ ਤਿਲ ਹੋਊ॥੨੧॥ ਮੈਂ ਉਹ ਚੀਜ਼ ਭੇਜਣੀ ਚਾਹੁੰਦਾ ਜਿਹਦੇ 'ਚ ਝੂਠ ਨਾ ਇਕ ਤਿਲ ਜਿੰਨਾਂ ਵੀ ਹੋਵੇ, ਰਤਾ ਮਾਸਾ ਝੂਠ ਨਾ ਹੋਵੇ, ਸੱਚੋ ਸੱਚ ਬਿਆਨ ਹੋਵੇ, ਉਹ ਲਿਖ ਕੇ ਮੈਂ ਭੇਜਣਾ ਚਾਹੁੰਦਾ ਹਾਂ। ੨੧।

ਦੋਹਰਾ॥ ਜਿਮ ਸਿੰਘਨ ਰਾਜ ਮੱਲਿਓ ਸਭ ਭਾਂਤ ਲਿਖਾਯੋ ਸਾਲ॥ ਖ਼ਬਰਦਾਰ ਕਰਦਾ ਹੈ ਕਿ ਜਿਵੇਂ ਸਿੰਘਾਂ ਨੇ ਰਾਜ ਮੱਲਿਆ ਚੱਠੇ ਤੋਂ ਲੈ ਕੇ ਉਹ ਸਾਰਾ ਸਾਲ ਸੰਮਤ ਸਭ ਲਿਖਾਉਣਾ ਹੈ। ਕਿਹੜੇ ਸੰਮਤ? ਕਿਹੜੇ ਸਾਲ ਵਿਚ? ਸਿੰਘਾਂ ਨੇ ਇਹ ਰਾਜ ਪ੍ਰਾਪਤ ਕੀਤਾ।

ਸੁਨ ਝੇੜੋ ਸਭ ਖਾਲਸੈ, ਜਾਨਯੋ ਜੱਗ ਹਵਾਲ॥੨੨॥ ਕਿਉਂਕਿ ਸਿੰਘਾਂ ਦਾ ਤੇ ਉਹਨਾਂ ਦਾ ਜੋ ਝੇੜਾ ਹੋਇਆ ਹੈ, ਫਸਾਦ ਹੋਇਆ ਹੈ ਇਸ ਹਵਾਲੇ ਨੂੰ ਸਾਰਾ ਜਗਤ ਜਾਣਦਾ ਹੈ, ਦੁਨੀਆਂ ਜਾਣਦੀ ਹੈ ਏਥੋਂ ਸਭ ਲੋਕ ਜਾਣਦੇ ਹੋਣਗੇ, ਇਹ ਤੂੰ ਨਿਰਣਾ ਕਰ ਪਹਿਲਾਂ। ੨੨।

ਚੌਪਈ॥ ਮਰੀ ਹੁੱਕਮ ਲੈ ਉੱਦਮ ਕੀਯੋ॥ ਜਿਹੜਾ ਮਰੀ ਨੇ ਹੁਕਮ ਲਿਆ ਅਖਤਰ ਲੋਨੀ ਤੋਂ। ਉਥੇ ਆ ਕੇ ਉੱਦਮ ਕੀਤਾ, ਸੋਚ ਕਰਨ ਵਾਸਤੇ ਕਿ ਸੱਚੋ ਸੱਚ ਬਿਆਨ ਕਰੀਏ।

'ਬੂਟੈ ਸ਼ਾਹਿ' ਮੌਲਵੀ ਸਦ ਲੀਯੋ॥ ਇਹ ਮਰੀ ਸਾਹਿਬ ਨੇ ਇਕ ਮੌਲਵੀ ਸੀ ਬੂਟੇ ਸ਼ਾਹ ਲੁਦਿਆਣੇ ਰਹਿੰਦਾ, ਚੰਗਾ ਵਿਦਾਵਾਨ ਸੀ, ਗਿਆਤਾ ਸੀ। ਉਹਨੇ ਜਾਣ ਕੇ ਵਿਦਵਾਨ ਹੈ ਅਤੇ ਪੁਰਾਣਾ ਹੈ ਏਸਤੋਂ ਕੋਈ ਨਿਰਣਾ ਕਰੀਏ ਪੁਛਕੇ।

ਲਿਖਨ ਕਤਾਬ ਉਸੈ ਫੁਰਮਾਯੋ॥ ਹੁਕਮ ਕਰ ਦਿੱਤਾ, ਲਉ ਮੌਲਵੀ ਸਾਹਿਬ! ਬੂਟੇ ਸ਼ਾਹ ਨੂੰ "ਇਹ ਸਿੰਘਾਂ ਦਾ ਜੋ ਝੇੜਾ ਮੁਗਲਾਂ ਨਾਲ ਕਿਉਂ ਝਗੜਾ ਹੋਇਆ ਅਤੇ ਇਹ ਕੌਣ ਹਨ? ਇਹ ਸਾਰਾ ਸਾਨੂੰ ਲਿਖ ਕੇ ਦਿਉ ਮੌਲਵੀ ਸਾਹਿਬ ਕਿ ਸੱਚ ਕੀ ਗੱਲ ਹੈ ਕਿਉਂ ਇਹਨਾਂ ਦਾ ਝਗੜਾ ਪਿਆ ਮੁਗਲਾਂ ਨਾਲ ਕਾਰਨ ਕੀ ਸੀ?

ਸਿੰਘਨ ਕੀ ਉਤਪਤੀ ਲਿਖਾਯੋ॥੨੩॥ ਇਸ ਵਾਸਤੇ ਸਿੰਘ ਕਿਉਂ ਪੈਦਾ ਹੋਏ? ਕਿਸਨੇ ਪੈਦਾ ਕੀਤੇ? ਇਹਨਾਂ ਦੀ ਉਤਪਤੀ ਦੀ ਸਾਰੀ ਕਥਾ ਲਿਖਾਓ। ੨੩।

ਜਿਮ ਹੁਇ ਸੱਚ ਸੋਊ ਮੈਂ ਲਿਖੈਯੋ॥ ਮਰੇ ਸਾਹਿਬ ਕਪਤਾਨ ਬੂਟੇ ਸ਼ਾਹ ਨੂੰ ਕਹਿੰਦਾ ਕਿ ਜਿਹੜੀ ਕਹਾਣੀ ਸੱਚੀ ਹੈ ਉਹ ਹੀ ਲਿਖਾਈਂ ਮੈਨੂੰ। ਝੂਠ ਨਾ ਲਿਖਾਈਂ। ਆਪਾਂ ਨਿਰਣਾ ਕਰਨਾ ਇਸ ਗੱਲ ਦਾ।

ਯਾ ਮੈਂ ਝੂਠ ਨ ਕਛੁ ਰਲੈਯੋ॥ ਰਤਾ ਜਿੰਨਾਂ ਝੂਠ ਨਾ ਇਹਦੇ ਵਿਚ ਰਲਾਈਂ, ਬਿਲਕੁਲ ਸੱਚੀ ਸੱਚੀ ਗੱਲ ਦੱਸਣੀ ਹੈ।

ਯਹਿ ਜਾਵਗ ਸ਼ਾਹ ਲੰਦਨ ਪਾਸ॥ ਕਿਉਂਕਿ ਜਿਹੜੀ ਆਪਾਂ ਲਿਖਤ ਕਰਨੀ ਹੈ ਜੋ ਆਪਾਂ ਨਿਰਣਾ ਕਰਨਾ ਹੈ। ਇਹ ਲੰਦਨ ਦੇ ਬਾਦਸ਼ਾਹ ਕੋਲ ਪਹੁੰਚਣੀ ਹੈ ਲਿਖਤ।

ਔਰ ਦੀਪਨ ਮੈਂ ਹੋਗ ਪ੍ਰਕਾਸ਼॥ ੨੪॥ ਅਤੇ ਉਹ ਸਾਰਿਆਂ ਦੀਪਾਂ ਵਿਚ, ਸਾਰਿਆਂ ਸੂਬਿਆਂ ਵਿੱਚ ਉਹਦਾ ਪ੍ਰਗਾਸ ਹੋਣਾ ਹੈ ਉਹ ਲਿਖਤ ਜਾਣੀ ਹੈ। ਖਾਲਸਾ ਜੀ ! ਇਹ ਜੋ ਤੁਹਾਡਾ ਇਤਿਹਾਸ ਹੈ ਪ੍ਰਾਚੀਨ ਪੰਥ ਪ੍ਰਕਾਸ਼ ਇਹਦੀ ਪ੍ਰਾਚੀਨ

ਜੋ ਲਿਖਤ ਹੈ, ਉਹ ਸਾਰੀ ਲਿਖਤ ਲਿਜਾ ਕੇ ਨਿਰਣਾ ਕਰਕੇ, ਜਦੋਂ ਸੱਚ ਪਛਾਣ ਲਿਆ ਇਹ ਬਿਲਕੁਲ ਸੱਚੀ ਹਕੀਕਤ ਹੈ, ਜਿਸ ਕਰਕੇ ਇਹ ਸਾਰਾ ਹੀ ਪੰਥ ਪ੍ਰਕਾਸ਼ ਸੱਚੀ ਹਕੀਕਤ ਹੈ ਰਤਾ ਜਿੰਨਾਂ ਕੂ ਝੂਠ ਨਹੀਂ। ਇਹ ਐਵੇਂ ਕਿਸੇ ਕਵੀ ਦਾ ਖਿਆਲ ਨਹੀਂ ਲਿਖਿਆ ਹੋਇਆ। ਬਿਲਕੁਲ ਇੰਨ ਬਿੰਨ ਸਿੰਘਾਂ ਨੇ ਜੋ ਭੁਗਤੀ ਸੀ ਸਿੰਘਾਂ ਦੇ ਨਾਲ ਜੋ ਵਾਪਰੀ ਸੀ। ਉਹ ਸਾਰੀ ਕਥਾ ਹੈ, ਅਤੇ ਗੁਰੂ ਸਾਹਿਬ ਜੀ ਦੀ ਇਹ ਬਖਸ਼ਸ਼ ਹੋਈ ਖਾਲਸੇ ਪੰਥ ਉਤੇ ਉਹ ਸੱਚੋ ਸੱਚ ਬਿਆਨ ਹੈ ਇਸ ਵਿਚ ਰੱਤਾ ਜਿੰਨਾਂ ਝੂਠ ਨਹੀਂ। ਇਸ ਕਰਕੇ ਉਹਨੂੰ ਖਬਰਦਾਰ ਕਰਦਾ ਹੈ ਕਿ ਤੂੰ ਐਸੀ ਵਿਥਿਆ ਲਿਖਾਉਣੀ ਹੈ ਉਹ ਬਿਲਕੁਲ ਸੱਚ ਹੋਵੇ। ੨੪।

ਦੋਹਰਾ॥ ਐਸੀ ਐਸ ਤਰੀਦ ਕਰ, 'ਬੂਟੇ ਸ਼ਾਹ' ਸਮਝਾਇ॥ ਇਹ ਮਰੇ ਸਾਹਿਬ ਜੋ ਹੈ ਏਸ ਤਰ੍ਹਾਂ ਤਰੀਦ ਕਰਕੇ ਉਸਨੂੰ ਖਬਰਦਾਰ ਕਰਕੇ ਬੂਟੇ ਸ਼ਾਹ ਨੂੰ ਚੰਗੀ ਤਰ੍ਹਾਂ ਸਮਝਾ ਦਿੱਤੀ ਗੱਲ।

ਲਿਖਯੋ ਹਕੀਕਤ ਖਾਲਸੈ ਜਿਮ ਸਿੰਘਨ ਭਯੋ ਵਧਾਇ॥ ੨੫॥ ਉਹ ਸਾਰੀ ਹਕੀਕਤ ਲਿਖੀਂ ਜਿਵੇਂ ਸਿੰਘਾਂ ਦਾ ਅੱਗੇ ਵਾਧਾ ਹੋਇਆ ਵਧਾਓ ਹੋਇਆ ਹੈ ਉਹ ਸਾਰੀ ਵਾਰਤਾ ਲਿਖਣੀ। ੨੫।

ਚੌਪਈ॥ ਉਸੀ ਕਚਹਿਰੀ ਹਮ ਥੇ ਗਏ॥ ਭਾਈ ਸਾਹਿਬ ਰਤਨ ਸਿੰਘ ਜੀ ਕਹਿੰਦੇ ਨੇ ਕਿ ਜਿਸ ਕਚਹਿਰੀ ਵਿੱਚ ਇਹ ਵਾਰਤਾ ਹੋ ਰਹੀ ਸੀ। ਬੂਟੇ ਸ਼ਾਹ ਨੂੰ ਹੁਕਮ ਦਿੱਤਾ ਜਾ ਰਿਹਾ ਸੀ ਮਰੇ ਸਾਹਿਬ ਵਲੋਂ, ਮੈਂ ਵੀ ਉਥੇ ਹੀ ਸਾਂ। ਜਦੋਂ ਮੈਂ ਆਪਣੇ ਕੰਨਾਂ ਨਾਲ ਸਾਰੀ ਗੱਲ ਸੁਣੀ, ਜਿਵੇਂ ਹੁਕਮ ਕੀਤਾ ਉਸਨੂੰ।

ਸੁਨ ਯਹ ਬਾਤ ਸੁ ਚਿੰਤਤ ਭਏ॥ ਇਹ ਬਾਤ ਸੁਣ ਕੇ ਸਿੰਘਾਂ ਦੀ ਉਤਪਤੀ ਤੇ ਸਿੰਘਾਂ ਦਾ ਇਤਿਹਾਸ ਲਿਖਣ ਵਾਸਤੇ ਅੰਗ੍ਰੇਜ਼ ਕਹਿ ਰਿਹਾ ਇੱਕ ਮੌਲਵੀ ਨੂੰ, ਮੇਰੇ ਚਿੰਤਾ ਹੋ ਗਈ ਮਨ ਵਿਚ। ਇਹਨਾਂ ਨੇ ਸਾਡੇ ਬਾਰੇ ਸੱਚ ਕੋਈ ਨਹੀਂ ਕਹਿਣੀ ਗੱਲ। ਝੂਠ ਲਿਖਾਉਣਗੇ, ਸਾਡੀ ਗੱਲ ਝੂਠੀ ਓਥੇ ਜਾਕੇ ਸਾਬਤ ਹੋਵੇਗੀ। ਭਾਈ ਰਤਨ ਸਿੰਘ ਜੀ ਨੂੰ ਚਿੰਤਾ ਹੋ ਗਈ ਇਸ ਗੱਲ ਦੀ ਜਦੋਂ ਚਿੰਤ ਹੋਈ ਮਨ ਦੇ ਵਿਚ।

ਯਹਿ ਮੌਲਵੀ ਹੈ ਮੁਸਲਮਾਨ॥ ਇਹ ਮੌਲਵੀ ਤਾਂ ਮੁਸਲਮਾਨ ਹੀ ਹੈ, ਇਹ ਸਾਡੇ ਬਾਰੇ ਸੱਚ ਕਿਵੇਂ ਲਿਖਾਇਗਾ। ਜਿਵੇਂ ਇਹਨਾਂ ਦੇ ਬਾਦਸ਼ਾਹ ਨੇ ਝੂਠ ਮਾਰਿਆ, ਇਹ ਵੀ ਕੋਈ ਝੂਠ ਮਾਰੇਗਾ।

ਕਬ ਸਿੱਖਨ ਜਸ ਕਰੈ ਬਖਾਨ॥ ੨੬॥ ਇਹਨਾਂ ਸਿੱਖਾਂ ਦਾ ਜਸ ਕਦੋਂ ਕਰਨਾ, ਇਹ ਤਾਂ ਸਾਨੂੰ ਝੂਠੇ ਸਾਬਤ ਕਰਨ ਦੀ ਕੋਸ਼ਸ਼ ਕਰੇਗਾ। ੨੬।

ਕਰ ਗੋਸ਼ਟ ਹਮ ਮਰੀ ਸਮਝਾਯੋ॥ ਕਹਿੰਦੇ ਮੈਂ ਮਰੀ ਸਾਹਿਬ ਨਾਲ ਮੁਲਾਕਾਤ ਕੀਤੀ, ਮੈਂ ਉਹਨਾਂ ਨਾਲ ਗੋਸ਼ਟ ਕੀਤੀ ਵਿਚਾਰ ਵਟਾਂਦਰਾ ਕੀਤਾ। ਅਤੇ ਮਰੀ ਸਾਹਿਬ ਨੂੰ ਸਮਝਾਉਣੀ ਕੀਤੀ ਗੱਲ।

ਉਸਕਾ ਲਿਖਿਆ ਹਮਹਿ ਦਿਖਾਯੋ॥ ਕਹਿਣ ਲੱਗੇ ਬੂਟੇ ਸ਼ਾਹ ਜੋ ਲਿਖੇ ਨਾ, ਉਸ ਦੀ ਲਿਖਤ ਮੈਨੂੰ ਦਿਖਾਇਓ। ਮੈਂ ਤੁਹਾਨੂੰ ਦੱਸਾਂਗਾ ਸੱਚ ਲਿਖਾਇਆ ਕਿ ਝੂਠ ਲਿਖਾਇਆ।

ਉਸ ਕੋ ਦੇਖ ਹਮ ਬਾਤ ਉਚਾਰੀ॥ ਉਹ ਜਦੋਂ ਮੈਨੂੰ ਵਿਖਾਈ ਗਈ ਉਹ ਲਿਖਤ ਬੂਟੇ ਸ਼ਾਹ ਦੀ ਸਾਰੀ ਤੇ ਫੇਰ ਮੈਂ ਮਰੇ ਸਾਹਿਬ ਨੂੰ ਇਸ ਤਰ੍ਹਾਂ ਗੱਲ ਕਹਿਣੀ ਕੀਤੀ।

'ਇਨ ਗਲ ਖਾਲਸੇ ਕਹੀ ਨ ਸਾਰੀ'॥ ੨੭॥ ਹੇ ਮੇਰੇ ਸਾਹਿਬ! ਸਾਰੀ ਵਿਥਿਆ ਨਹੀਂ ਦੱਸੀ ਇਹਨੇ। ਇਹ ਝੂਠ ਦੱਸ ਰਿਹਾ ਹੈ। ਬਹੁਤ ਗਲਤ ਗੱਲਾਂ ਤੁਹਾਨੂੰ ਦੱਸ ਦਿੱਤੀਆਂ ਨੇ ਏਸਨੇ, ਇਹ ਤਾਂ ਸੱਚ ਦੀ ਕੋਈ ਗੱਲ ਹੀ ਨਹੀਂ ਲਿਖੀ ਇਸਨੇ। ੨੭।

ਦੋਹਰਾ॥ ਸੋ ਮਰੀ ਹਮਾਰੋ ਮਿਤ ਭਯੋ, ਮੁਹਿ ਫਿਰ ਕਹਯੋ ਬੁਲਵਾਇ॥ ਫੇਰ ਉਸਨੇ ਬੁਲਾਇ ਮੈਨੂੰ ਮੇਰਾ ਮਿੱਤਰ ਬਣ ਗਿਆ। ਜਦ ਮੈਂ ਉਸਨੂੰ ਇਹ ਗੱਲ ਦੱਸੀ ਕਿਉਂਕਿ ਅੰਗ੍ਰੇਜ਼ ਸੀ ਭਰੋਸਾ ਹੋ ਗਿਆ ਉਸਨੂੰ। ਠੀਕ ਹੈ ਇਹਨਾਂ ਨੂੰ ਨਹੀਂ ਪਤਾ ਇਹਨਾਂ ਗੱਲਾਂ ਦਾ ਸਾਨੂੰ ਤੇ ਵਿਚਾਰ ਕੋਈ ਨਹੀਂ। ਇਸ ਕਰਕੇ ਉਸ ਦਿਨ ਤੋਂ ਕਹਿੰਦੇ ਮਿੱਤਰ ਹੋ

ਗਿਆ ਤੇ ਮੈਨੂੰ ਸੱਦ ਲਿਆ ਉਸਨੇ। ਆਪਣੀ ਕਚਹਿਰੀ ਵਿੱਚ ਸੱਦ ਕੇ ਮੈਨੂੰ ਸਮਝਾਈ ਗੱਲ ਦੱਸਣੀ ਕੀਤੀ।

'ਜਿਮ ਉਤਪਤਿ ਭਈ ਖਾਲਸੇ ਤਿਮ ਤੁਮ ਦੇਹੁ ਲਿਖਾਇ' ॥੨੮॥ ਹੇ ਭਾਈ ਸਾਹਿਬ ਜੀ ਜੇ ਇਹਨੇ ਝੂਠ ਲਿਖਾਇਆ ਤਾਂ ਕੋਈ ਬਾਤ ਨਹੀਂ, ਜਿਵੇਂ ਸੱਚ ਹੈ ਤੁਹਾਨੂੰ ਪਤਾ ਇਸ ਗੱਲ ਦਾ ਤੇ ਤੁਸੀਂ ਵੀ ਲਿਖਾਓ। ਤੁਸੀਂ ਵੀ ਲਿਖ ਕੇ ਦਿਉ ਮੈਨੂੰ। ੨੮।

ਚੌਪਈ॥ ਤੌ ਮੈਂ ਕਹੀ ਸੁਨ ਮਰੀ ਕਪਤਾਨ॥ ਤਾਂ ਮੈਂ ਉਹਨੂੰ ਕਿਹਾ ਮਰੀ ਸਾਹਿਬ। ਸੁਣੋ ਮੇਰੀ ਗੱਲ ਨੂੰ।

ਤੁਮ ਪਤੀਜਤ ਹੋਹਿ ਮੁਸਲਮਾਨ॥ ਪਰ ਤੁਸੀਂ ਤਾਂ ਭਰੋਸਾ ਇਹਨਾਂ 'ਤੇ ਰੱਖਦੇ ਹੋ, ਸਾਡੀ ਗੱਲ 'ਤੇ ਭਰੋਸਾ ਨਹੀਂ ਹੋਣਾ ਤੁਹਾਨੂੰ, ਪਰ ਅਸੀਂ ਤੁਹਾਨੂੰ ਕੀ ਕੀ ਦੱਸੀਏ ਸੱਚ ਕੀ ਹੈ।

ਤੁਰਕਨ ਹਿੰਦੁਅਨ ਬੈਰ ਹੈ ਆਦ॥ ਇਹ ਤਾਂ ਤੈਨੂੰ ਪਤਾ ਹੈ ਨਿਰਣਾ ਹੈ ਕਿ ਤੁਰਕਾਂ ਦਾ ਤੇ ਹਿੰਦੂਆਂ ਦਾ ਵੈਰ ਤਾਂ ਆਦ ਤੋਂ ਤੁਰਿਆ ਆਉਂਦਾ ਹੈ। ਜਦ ਤੋਂ ਇਹ ਤੁਰਕ ਆਏ ਹਨ ਹਿੰਦੋਸਤਾਨ ਵਿੱਚ ਉਦਣ ਦਾ ਵੈਰ ਵਧਾ ਹੈ।

ਖਹਾ ਖਹੀ ਕਰ ਰੱਖੈਂ ਬਾਦ॥ ੨੯॥ ਆਪਸੀ ਬਾਦ ਬਿਬਾਦ ਚਲ ਰਿਹਾ ਇਹਨਾਂ ਦਾ ਖਹਿ ਖਹਾਈ ਹੋ ਰਹੀ ਹੈ, ਟੱਕਰਾਂ ਹੋ ਰਹੀਆਂ ਨੇ। ਹਰ ਤਰ੍ਹਾਂ ਦੇ ਝਗੜੇ ਫਸਾਦ ਹੁੰਦੇ ਨੇ। ਹਿੰਦੂਆਂ ਦਾ ਹਰ ਤਰ੍ਹਾਂ ਨਾਲ ਬੁਰਾ ਕਰਦੇ ਨੇ। ੨੯।

ਹਿੰਦੁਅਨ ਦੀ ਤੁਰਕ ਖੋਟੀ ਕਹੈਂ॥ ਹਮੇਸ਼ਾਂ ਹੀ ਇਹ ਇਲਜ਼ਾਮ ਲਾਉਂਦੇ ਨੇ, ਖੋਟੀ ਕਰਨਗੇ ਗੱਲ, ਇਹਨਾਂ ਦੇ ਖਿਲਾਫ਼ ਕਰਨਗੇ ਜਦੋਂ ਕਰਨਗੇ।

ਹਿੰਦੂ ਤੁਰਕਨ ਨਿੰਦਤ ਰਹੈਂ॥ ਕਿਉਂਕਿ ਤੁਰਕ ਜਿਹੜੇ ਉਹ ਹਿੰਦੂਆਂ ਨੂੰ ਨਿੰਦਦੇ ਨੇ ਤੇ ਹਿੰਦੂ ਤੁਰਕਾਂ ਦੀ ਨਿੰਦਾ ਕਰਦੇ ਨੇ ਇਹ ਮਾੜੇ ਨੇ, ਇਹ ਤਾਂ ਹਮੇਸ਼ ਤੋਂ ਚਲੀ ਆਉਂਦੀ ਹੈ।

ਤਬ ਮਾਲੀ ਕਪਤਾਨ ਬਖਾਨੀ॥ ਤਾਂ ਮਾਲੀ ਕਪਤਾਨ ਕਹਿਣ ਲੱਗਿਆ ਸੁਣੋ ਭਾਈ ਸਾਹਿਬ ਜੀ!

ਹਮ ਅੰਗ੍ਰੇਜ਼ ਹੈਂ ਚਤੁਰ ਗਿਆਨੀ॥ ੩੦॥ ਅਸੀਂ ਅਣਜਾਣ ਬੰਦੇ ਨਹੀਂ ਹਾਂ, ਅਸੀਂ ਅੰਗ੍ਰੇਜ਼ ਸਮਝ ਰੱਖਦੇ ਹਾਂ ਏਨੀ, ਅਸੀਂ ਲੋਕ ਚਤੁਰ ਹਾਂ, ਪੜ੍ਹੇ ਲਿਖੇ ਹਾਂ, ਸਾਨੂੰ ਗਿਆਨ ਹੈ ਇਹਨਾਂ ਗੱਲਾਂ ਦਾ, ਹਮੇਸ਼ਾਂ ਅਸੀਂ ਨਿਰਣੇ ਕਰਦੇ ਚਲੇ ਆ ਰਹੇ ਹਾਂ, ਨਿਆਂ ਕਰਦੇ ਆਉਂਦੇ ਹਾਂ। ਕਿਉਂਕਿ ਕੰਪਨੀ ਜਿਹੜੀ ਹੈ ਇਹ ਹਿੰਦੋਸਤਾਂਨ 'ਤੇ ਕਾਬਜ਼ ਹੋਈ ਹੈ। ਇਹ ਲੋਕਾਂ ਨੂੰ ਅਸੀਂ ਤੁਹਾਨੂੰ ਨਿਆਂ ਦਿਆਂਗੇ ਤੁਹਾਡੇ ਤੇ ਬੇ-ਨਿਆਈਂ ਹੋ ਰਹੀ ਹੈ। ਤੁਸੀਂ ਤਾਂ ਸਾਰੇ ਇੱਕ ਦੂਸਰੇ 'ਤੇ ਜ਼ੁਲਮ ਕਰਦੇ ਹੋ। ਅਸੀਂ ਨਿਰਣੇ ਕਰਾਂਗੇ ਸੱਚ ਨੂੰ ਸੱਚ, ਝੂਠ ਨੂੰ ਝੂਠ, ਕਹਿਕੇ ਤੁਹਾਨੂੰ ਇਨਸਾਫ ਦਿਆ ਕਰਾਂਗੇ। ਇਉਂ ਕਚਹਿਰੀਆਂ ਲਾ ਲਾ ਕੇ ਇਹਨਾਂ ਨੇ ਅਦਾਲਤਾਂ ਲਾ ਲਾ ਕੇ, ਲੋਕਾਂ ਨੂੰ ਆਪਣੇ ਮਗਰ ਲਾਇਆ ਸੀ, ਕਿਉਂਕਿ ਜਿਹਨੇ ਰਾਜ ਕਰਨਾ, ਕਿਥੋਂ ਵਲਾਇਤੋਂ ਆਏ ਨੇ ਕਿੰਨੀ ਦੂਰ ਸਮੁੰਦਰਾਂ ਤੋਂ ਪਾਰ ਏਥੇ ਲੋਕਾਂ 'ਤੇ ਰਾਜ ਕਰਨਾ ਸੀ ਇਸ ਵਾਸਤੇ ਇਹਨਾਂ ਨੇ ਲੋਕਾਂ ਨੂੰ ਨਿਆਂ-ਇਨਸਾਫ ਦੇ ਰਾਜ ਕੀਤਾ ਸੀ ਪਹਿਲੇ ਪਹਿਲ। ੩੦।

ਸਾਚ ਝੂਠ ਹਮ ਖੂਬ ਬਿਚਾਰਹਿੰ॥ ਇਸ ਵਾਸਤੇ ਸੱਚ ਤੇ ਝੂਠ ਦੀ ਕਹਿੰਦੇ ਅਸੀਂ ਚੰਗੀ ਤਰ੍ਹਾਂ ਵਿਚਾਰ ਕਰ ਲੈਂਦੇ ਹਾਂ। ਨਿਰਣਾ ਕਰ ਲੈਂਦੇ ਹਾਂ ਫੇਰ ਕਿਸੇ ਨੂੰ ਕਹਿੰਦੇ ਹਾਂ।

ਦੂਧ ਨੀਰ ਜਿਮ ਹੰਸ ਨਿਆਰਹਿੰ॥ ਹੰਸ ਦੀ ਕਿਰਿਆ ਦਸਦੇ ਨੇ ਕਿ ਹੰਸ ਦੁੱਧ ਤੇ ਪਾਣੀ ਨੂੰ ਅਲੱਗ ਅਲੱਗ ਕਰ ਲੈਂਦਾ ਹੈ। ਉਹਨਾਂ ਦੀ ਖੁਰਾਕ ਹੀ ਹੈ ਦੁੱਧ ਤੇ ਸੁੱਚੇ ਮੋਤੀ। ਇਹ ਜਦੋਂ ਚੁੰਝ ਪਾਉਂਦਾ ਹੈ ਨਾ ਦੁੱਧ ਵਿੱਚ ਦੁੱਧ ਫਟ ਜਾਂਦਾ ਹੈ, ਪਾਣੀ ਅਲਹਿਦਾ ਹੋ ਜਾਂਦਾ ਹੈ ਫੁਟ ਅਲਹਿਦਾ ਹੋ ਜਾਂਦੇ ਨੇ। ਹੰਸ ਦੁੱਧ ਦੇ ਫੁਟ ਖਾ ਲੈਂਦੇ ਨੇ, ਪਾਣੀ ਨਹੀਂ ਪੀਂਦੇ ਹਨ, ਏਸ ਤਰ੍ਹਾਂ ਅਸੀਂ ਵੀ ਸੱਚ ਝੂਠ ਨੂੰ ਨਿਆਰਾ ਨਿਆਰਾ ਕਰ ਲੈਂਦੇ ਹਾਂ। ਵੱਖੋ ਵਖਰਾ ਕਰ ਲੈਂਦੇ ਹਾਂ।

ਬਿਸ਼ਕ ਲਿਖਾਵੋ ਸਚ ਹਮ ਪਾਹਿ॥ ਲਿਖਾਉ ਕੋਈ ਸੱਚੀ ਗੱਲ ਕਿਵੇਂ, ਇਹ ਬੂਟੇ ਸ਼ਾਹ ਜਿਵੇਂ ਲਿਖਦਾ ਹੈ ਲਿਖਣ ਦਿਉ ਉਹਨੂੰ ਅਸੀਂ ਝੂਠੀ ਨੂੰ ਝੂਠ ਸੱਚ ਨੂੰ ਸੱਚ ਕਰ ਲਾਂਗੇ, ਨਿਰਣਾ ਕਰ ਲਾਂਗੇ ਅਸੀਂ।

ਝੂਠ ਹੋਇ ਹਮ ਲਿਖੈਂ ਨ ਵਾਹਿ॥ ੩੧॥ ਜੇ ਉਹਦੀ ਗੱਲ ਝੂਠੀ ਹੋਈ ਅਸੀਂ ਨਹੀਂ ਲਿਖਦੇ ਜੇ ਤੁਹਾਡੀ ਗੱਲ ਝੂਠ ਹੋਈ ਅਸੀਂ ਉਹ ਵੀ ਨਹੀਂ ਲਿਖਦੇ, ਅਸੀਂ ਤਾਂ ਸੱਚੀ ਗੱਲ ਲਿਖਾਂਗੇ। ੩੧।

ਅੰਗ੍ਰੇਜ਼ ਲੋਕ ਜੇ ਪਰ ਭੂਮ ਜਾਵਤ॥ ਉਹ ਮਰੀ ਸਾਹਿਬ ਕਹਿੰਦਾ ਅਸੀਂ ਅੰਗ੍ਰੇਜ਼ ਲੋਕ ਹਾਂ ਜਦੋਂ ਅਸੀਂ ਪਰਾਈ ਧਰਤੀ 'ਤੇ ਜਾਂਦੇ ਹਾਂ।

ਤਿਸੈ ਹਵਾਲ ਸਭੀ ਲਿਖ ਲਜਾਵਤ॥ ਅਸੀਂ ਓਥੋਂ ਦਾ ਸਾਰਾ ਹੀ ਹਵਾਲਾ ਲਿਖ ਲੈਂਦੇ ਹਾਂ। ਏਥੇ ਕਿਵੇਂ ਕਿਵੇਂ ਕੌਮਾਂ ਰਹਿੰਦੀਆਂ ਨੇ ਇਹ ਕਿਵੇਂ ਸੱਚੇ ਨੇ ਕਿ ਝੂਠੇ ਨੇ। ਕੀ ਇਹਨਾਂ ਵਿਚ ਕਮੀ ਹੈ? ਕੀ ਇਹਨਾਂ ਵਿਚ ਵਾਧਾ ਹੈ? ਹਮੇਸ਼ਾਂ ਹੀ ਸਾਡਾ ਕੰਮ ਹੈ ਅਸੀਂ ਨਿਰਣਾ ਕਰਦੇ ਹਾਂ ਹਰੇਕ ਦਾ।

ਜੁਊ ਹੋਤ ਹੈ ਸਾਚ ਸਭ ਖਾਸ॥ ਖਾਸ ਕਰਕੇ ਜੋ ਸੱਚੀ ਗੱਲ ਹੁੰਦੀ ਹੈ, ਜੋ ਚੰਗੀ ਗੱਲ ਹੁੰਦੀ ਹੈ ਕਿਸੇ ਦੀ।

ਸੁਊ ਪੁਜਾਇਤ ਪਤਿ ਲੰਦਨ ਪਾਸ॥ ੩੨॥ ਅਸੀਂ ਉਹ ਲਿਖਤ ਕਰਕੇ ਲੰਦਨ ਦਾ ਜੋ ਸਾਡਾ ਪਾਤਸ਼ਾਹ ਹੈ ਅਸੀਂ ਉਥੇ ਉਹ ਭੇਜਦੇ ਹਾਂ ਲਿਖ ਕੇ। ੩੨।

ਦੋਹਰਾ॥ ਤੌ ਮਾਲੀ ਨੈ ਹਮ ਕਹਜੌ,'ਇਤਨੀ ਬਾਤ ਬਤਾਹੁ॥' ਤਾਂ ਮਾਲੀ ਕਹਿਣ ਲੱਗਾ ਰਤਨ ਸਿੰਘ ਜੀ! ਐਨੀ ਗੱਲ ਤਾਂ ਦੱਸਣਾ ਕਰੋ ਸਰਦਾਰ ਸਾਹਿਬ।

ਸਿੰਘਨ ਪਾਯੋ ਰਾਜ ਕਿਮ, ਔ ਦੀਨੋ ਕਿਨ ਪਤਿਸ਼ਾਹੁ' ॥ ੩੩॥ ਇਸ ਗੱਲ ਦਾ ਨਿਰਣਾ ਕਰੋ ਪਹਿਲੇ ਸਿੰਘਾਂ ਕਿਸ ਤੋਂ ਰਾਜ ਲਿਆ? ਕਿਹੜੇ ਪਾਤਸ਼ਾਹ ਨੇ ਇਹਨਾਂ ਨੂੰ ਰਾਜ ਦਿੱਤਾ? ਇਹ ਕਿਵੇਂ ਕੌਮ ਬਣੀ ਹੈ। ੩੩।

ਚੌਪਈ॥ ਤਿਸੈ ਬਾਤ ਮੈਂ ਐਸੇ ਕਹੀ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਉਹਨੂੰ ਮੈਂ ਇਉਂ ਉੱਤਰ ਦਿੱਤਾ, ਇਸ ਤਰ੍ਹਾਂ ਬਾਤ ਕਹੀ ਉੱਤਰ ਵਿੱਚ।

'ਸਿੰਘਨ ਪਤਿਸ਼ਾਹੀ ਸਾਹਿ ਸੱਚੈ ਦਈ'॥ ਸਿੰਘਾਂ ਨੂੰ ਸੱਚੇ ਪਾਤਸ਼ਾਹ ਨੇ ਦਿੱਤੀ ਪਾਤਸ਼ਾਹੀ। ਇਹ ਜੋ ਪਾਤਸ਼ਾਹੀ ਸਿੰਘਾਂ ਦੀ ਹੈ, ਸੱਚਾ ਪਾਤਸ਼ਾਹ ਜੋ ਹੈ ਨਾ, ਇਕ ਤਾਂ ਝੂਠੇ ਬਾਦਸ਼ਾਹ ਨੇ ਇਕ ਸੱਚਾ ਪਾਤਸ਼ਾਹ ਹੈ, ਉਹ ਸੱਚਾ ਪਾਤਸ਼ਾਹ ਜੋ ਹੈ ਨਾ ਉਹਨਾਂ ਨੇ ਦੇਣਾ ਕੀਤੀ। ਇਕ ਤਾਂ ਪਹਿਲੀ ਗੱਲ ਇਹ ਦੱਸਣੀ ਕੀਤੀ।

ਮਰੀ ਕਹਯੋ 'ਸ਼ਾਹ ਸੱਚੋ ਕੌਇ?' ਕੌਣ ਐ ਹੁਣ ਸੱਚਾ ਸ਼ਾਹ ਜਿਹੜਾ? ਬਾਕੀ ਤਾਂ ਦੁਨੀਆਂ ਦੇ ਝੂਠੇ ਨੇ ਤੇ ਸੱਚਾ ਬਾਦਸ਼ਾਹ ਜਿਹੜਾ ਉਹ ਕੌਣ ਹੈ? ਉਹਦੀ ਗੱਲ ਕਰੋ।

ਅਸਾਂ ਕਹਜੌ 'ਸ਼ਾਹ ਨਾਨਕ ਜੋਇ'॥ ੩੪॥ ਮਰੇ ਸਾਹਿਬ ਜੀ! ਨਾਨਕ ਸ਼ਾਹ ਜਿਹੜੇ ਹੋਏ ਨੇ ਉਹ ਸੱਚੇ ਸ਼ਾਹ ਹੋਏ ਨੇ। ਉਹਨਾਂ ਦਾ ਇਹ ਪੰਥ ਹੈ ਉਹਨਾਂ ਨੇ ਇਹ ਰਚਨਾ ਕੀਤੀ, ਓਹਨਾਂ ਨੇ ਹੀ ਰਾਜ ਦਿੱਤਾ ਖਾਲਸੇ ਨੂੰ। ੩੪।

ਮਰੀ ਕਹਯੋ 'ਭਯੋ ਨਾਨਕ ਫਕੀਰ''॥ ਮਰੀ ਸਾਹਿਬ ਕਹਿਣ ਲੱਗਾ ਸਾਰੀ ਦੁਨੀਆਂ ਜਾਣਦੀ ਹੈ, ਨਾਨਕ ਤਾਂ ਫਕੀਰ ਹੋਇਆ ਇੱਕ, ਉਹ ਤਾਂ ਫਕੀਰੀ ਲਿਬਾਸ ਸੀ ਉਹਨਾਂ ਦਾ।

ਉਨ ਸ਼ਾਹੀ ਕੀ ਕਯਾ ਤਦਬੀਰ? ਬਾਦਸ਼ਾਹੀ ਤਰੀਕੇ ਦਾ ਉਨ੍ਹਾਂ ਨੂੰ ਕੀ ਪਤਾ, ਕਿਸ ਤਦਬੀਰ ਨਾਲ ਕਿਸ ਤਰੀਕੇ ਨਾਲ ਰਾਜ ਕੀਤਾ ਜਾਂਦਾ? ਉਹ ਤਾਂ ਫੱਕਰ ਲੋਕ ਫਕੀਰ ਲੋਕ ਸਨ, ਇਉਂ ਉੱਤਰ ਦਿੱਤਾ ਉਸ ਨੇ।

ਹਮੈ ਕਹਯੋ 'ਵਹਿ ਸ਼ਾਹਿਨ ਸ਼ਾਹ॥ ਮੈਂ ਉਹਨੂੰ ਉੱਤਰ ਦਿੱਤਾ ਉਹ ਤਾਂ ਬਾਦਸ਼ਾਹਾਂ ਦਾ ਪਾਤਸ਼ਾਹ ਹੈ, ਉਹ ਤਾਂ ਸ਼ਾਹਾਂ ਦਾ ਸ਼ਾਹ ਹੋਇਆ ਬਾਬਾ ਨਾਨਕ।

ਦੀਨ ਦੁਨੀ ਸੱਚੋ ਪਤਿਸ਼ਾਹਿ॥ ੩੫॥ ਉਹ ਦੀਨ ਦਾ, ਧਰਮ ਦਾ ਅਤੇ ਇਹ ਦੁਨੀਆਂ ਦਾ ਵੀ ਅਤੇ ਸੱਚਾ ਪਾਤਸ਼ਾਹ ਹੋਇਆ ਹੈ ਪ੍ਰਮੇਸ਼ਰ ਹੋਇਆ ਹੈ ਉਹ ਤਾਂ। ੩੫।

ਕਈ ਸ਼ਾਹ ਤਿਨ ਕੀਏ ਫਕੀਰ॥ ਉਹਨਾਂ ਦੀ ਗੱਲ ਕਰਦਾਂ ਜਿਨ੍ਹਾਂ ਨੂੰ ਫਕੀਰ ਕਹਿਣਾ। ਉਹਨਾਂ ਨੇ ਤਾਂ ਕਈ ਬਾਦਸ਼ਾਹ

ਫਕੀਰ ਕੀਤੇ, ਉਹਨਾਂ ਦੀ ਗੱਲ ਸੁਣ ਕੇ, ਉਹਨਾਂ ਦੇ ਹੁਕਮ ਨੂੰ ਮੰਨਕੇ ਤਾਂ ਫਕੀਰ ਹੋ ਗਏ ਬਹੁਤ ਸਾਰੇ ਪਾਤਸ਼ਾਹ ਜਿਹੜੇ ਕਹਾਉਂਦੇ ਸਨ।

ਕਈ ਫਕੀਰ ਕਰ ਦੀਨੇ ਪੀਰ॥ ਤੇ ਕਈਆਂ ਫਕੀਰਾਂ ਨੂੰ ਪੀਰੀਆਂ ਬਖਸ਼ ਦਿੱਤੀਆਂ ਉਹਨਾਂ ਨੇ। ਮਾਲੋ ਮਾਲ ਕਰ ਦਿੱਤਾ, ਅਜ਼ਮਤਾਂ ਦੇ ਦਿੱਤੀਆਂ ਉਹਨਾਂ ਨੂੰ ਕਰਾਮਾਤਾਂ ਬਖਸ਼ ਦਿੱਤੀਆਂ।

ਰਹਯੋ ਆਪ ਹੁਇ ਬੇਪਰਵਾਹ॥ ਤੇ ਆਪ ਵੇਪਰਵਾਹ ਹੋ ਕੇ ਰਿਹਾ, ਉਹਨਾਂ ਨੂੰ ਕਿਸੇ ਰਾਜ ਕਿਸੇ ਪੀਰੀ ਪਾਰੀ ਦੀ ਕੋਈ ਉਹਨਾਂ ਨੂੰ ਪ੍ਰਵਾਹ ਨਹੀਂ ਸੀ ਉਹਦੇ ਕੋਲ ਤਾਂ ਖ਼ਜ਼ਾਨੇ ਭਰੇ ਹੋਏ ਸਨ, ਪਾਤਸ਼ਾਹੀਆਂ ਦੇ "ਨਾਨਕ ਪਾਤਸ਼ਾਹੀ ਪਾਤਸ਼ਾਹ" ਬਾਣੀ ਗਵਾਹ ਇਸ ਗੱਲ ਦੀ ਉਹ ਤਾਂ ਪਾਤਸ਼ਾਹਾਂ ਦਾ ਪਾਤਸ਼ਾਹ ਹੈ।

ਯੌ ਨਾਨਕ ਭਯੋ ਸ਼ਾਂਹਿਨ ਸ਼ਾਹਿ॥ ੩੬॥ ਤੇ ਮਰੇ ਸਾਹਿਬ ਨੂੰ ਕਹਿਣ ਲੱਗਿਆ ਜੇ ਬਾਬਾ ਨਾਨਕ ਫਕੀਰ ਨਹੀਂ ਸੀ ਉਹ ਸ਼ਾਹਿਨਸ਼ਾਹ ਹੈ, ਪਾਤਸ਼ਾਹਾਂ ਦਾ ਵੀ ਪਾਤਸ਼ਾਹ ਹੈ। ੩੬।

ਜਿਨ ਸ਼ਾਹ ਨਾਨਕ ਚਰਨ ਪ੍ਰਸਾਏ॥ ਕਹਿੰਦੇ ਨੇ ਸ਼ਾਹਾਂ ਨੇ ਗੁਰੂ ਨਾਨਕ ਸਾਹਿਬ ਜੀ ਦੇ ਚਰਨ ਪਰਸਣਾ ਕੀਤੇ ਨੇ, ਭਾਗੋ ਵਰਗੇ ਕਿਵੇਂ ਤਾਰ ਦਿੱਤੇ ਮਹਾਰਾਜ ਨੇ? ਬਾਬਰ ਵਰਗੇ ਕਿਵੇਂ ਤਾਰ ਦਿੱਤੇ ਹਨ? ਕਹਿੰਦੇ ਨੇ ਉਹ ਜਿਹੜਾ ਐਡਾ ਵੱਡਾ ਪਾਤਸ਼ਾਹ ਹੈ।

ਤਿਨ ਮੈਂ ਸ਼ਕਤਿ ਇਤੀ ਭਈ ਆਏ॥ ਉਹਨਾਂ ਦੇ ਵਿੱਚ ਜਿਨ੍ਹਾਂ ਦੇ ਉਤੇ ਕਿਰਪਾ ਕਰ ਦਿੱਤੀ ਬਾਬੇ ਨਾਨਕ ਨੇ, ਫਕੀਰਾਂ ਨੂੰ ਪੀਰ ਬਣਾ ਦਿੱਤਾ ਜਿਹਨਾਂ ਨੇ ਪਾਤਸ਼ਾਹ ਨੂੰ ਮੁਰੀਦ ਬਣਾਇਆ ਉਹਨਾਂ ਵਿਚ ਸ਼ਕੋਤੀ ਐਡੀ ਆ ਗਈ, ਜਿਨ੍ਹਾਂ ਗਰੀਬਾਂ ਉਤੇ ਦਇਆ ਕਰ ਦਿੱਤੀ ਵਾਹਿਗੁਰੂ ਨੇ ਗੁਰੂ ਨਾਨਕ ਸਾਹਿਬ ਨੇ, ਕਹਿੰਦਾ ਕਿ ਉਹਨਾਂ ਦੀ ਕਰਾਮਾਤ ਨੂੰ ਛੱਡ ਤੂੰ, ਉਹਨਾਂ ਦੀ ਪਾਤਸ਼ਾਹੀ ਨੂੰ ਛੱਡ, ਜਿਨ੍ਹਾਂ ਉਤੇ ਕ੍ਰਿਪਾ ਦ੍ਰਿਸ਼ਟੀ ਕੀਤੀ ਉਹ ਐਡੀਆਂ ਕਰਾਮਾਤਾਂ ਦੇ ਮਾਲਕ ਬਣੇ ਨੇ ਉਹਨਾਂ ਨੂੰ ਪਾਤਸ਼ਾਹ ਬਣਾ ਦਿੱਤਾ ਬਾਬੇ ਨਾਨਕ ਨੇ।

ਚਿੜੀਅਨ ਤੇ ਉਨ ਬਾਜ ਕੁਹਾਏ॥ ਚਿੜੀਆਂ ਤੋਂ ਉਨ੍ਹਾਂ ਨੇ ਬਾਜ਼ (ਕੁਹਾਏ) ਕੁਹਾ ਦਿੱਤੇ, ਤੁੜਾ ਦਿੱਤੇ ਚਿੜੀਆਂ ਤੋਂ ਬਾਜ਼।

ਛੇਲਨ ਕੋਲੋਂ ਸ਼ੇਰ ਤੁੜਾਏ॥ ੩੭॥ ਇਹ ਛੇਲਿਆਂ ਤੋਂ ਭਾਵ ਰਈਅਤ ਹੈ ਜਿਹੜੀ ਬੱਕਰੀ ਛੇਲੇ ਸਨ, ਇਨ੍ਹਾਂ ਤੋਂ ਉਹਨਾਂ ਨੇ ਸ਼ੇਰ ਤੁੜਾਏ ਇਹਨਾਂ ਤੋਂ ਉਨ੍ਹਾਂ ਨੇ ਬਾਦਸ਼ਾਹ ਮਰਵਾ, ਸ਼ੇਰ ਬੱਬਰ ਮਰਵਾ ਦਿੱਤੇ। ੩੭।

ਦੋਹਰਾ॥ ਜਿਨ ਕੈ ਘੋੜੇ ਗੈਲ ਲੱਖ, ਤੋਪਨ ਕਈ ਹਜ਼ਾਰ॥ ਉਹਦਾ ਉਤਰ ਦੱਸਦਾ ਹੈ ਜਿਨ੍ਹਾਂ ਦੇ ਕੋਲ ਲੱਖਾਂ ਘੋੜੇ ਤੇ ਹਜ਼ਾਰਾਂ ਦੀ ਗਿਣਤੀ ਵਿੱਚ ਜਿਨ੍ਹਾਂ ਕੋਲ ਤੋਪ ਖਾਨੇ ਸੀ ਮੁਗਲਾਂ ਕੋਲ।

ਤਖਤ ਪਤਿਸ਼ਾਹੀ ਬਹਿ ਕਰਤ, ਤਿਨ ਦਾਸਨ ਦੀਨੇ ਗਾਰ॥ ੩੮॥ ਤਖਤਾਂ ਤੇ ਬੈਠੇ ਜਿਹੜੇ ਪਾਤਸ਼ਾਹੀਆਂ ਕਰਦੇ ਸਨ ਨਿਆਂ-ਇਨਸਾਫ ਕਰਦੇ ਸਨ ਉਹਨਾਂ ਨੂੰ ਕਿਵੇਂ ਗਾਲ ਦਿੱਤਾ ਉਹਦੇ ਚੇਲਿਆਂ ਨੇ, ਉਹਦੇ ਸਿੱਖਾਂ ਸੇਵਕਾਂ ਨੇ ਇਹ ਤਾਂ ਦੱਸ। ੩੮।

ਭਾਂਗ ਨੁਗਦ ਲੈ ਨਾਮ, ਸਿਰ ਡਾਰੈਂ ਜਾਂ ਕੇ ਦਾਸ॥ ਏਥੇ ਹੁਣ ਪੰਥ ਦੀ ਗੱਲ ਆ ਗਈ ਹੈ, ਜਿਹੜਾ ਇਹਨਾਂ ਨੇ ਪੰਥ ਸਾਜਿਆ ਹੈ ਉਹ ਨਾਨਕ ਸਾਹਿਬ ਨੇ ਪੰਥ ਬਣਾਇਆ ਹੈ ਉਹ ਕਹਿੰਦਾ ਛੱਡ ਓਨਾਂ ਦੀ ਗੱਲ ਕਰਾਮਾਤ ਦੀ ਤਾਂ ਦੂਰ ਹੈ।

"ਭਾਂਗ ਨੁਗਦ ਲੈ ਨਾਮ ਸਿਰ" ਆਹ ਦੇਖਿਆ ਨਾ ਗੋਲਾ ਚਲਾਉਂਦਾ ਸਿੰਘ ਜਦੋਂ ਦੇਗ ਦੀ ਤਿਆਰੀ ਹੁੰਦੀ ਹੈ ਤੇ ਉਹ ਦੁਸ਼ਟਾਂ ਦੇ ਦੁਸ਼ਮਣਾਂ ਦੇ ਸਿਰ ਝਾੜਦਾ ਗੋਲਾ ਮਾਰਦਾ। ਕਹਿੰਦੇ ਨੇ ਉਹਨਾਂ ਦੇ ਦਾਸ ਤੇ ਐਸੀ ਕਰਾਮਾਤ ਦੇ ਮਾਲਕ ਨੇ ਆਹ ਭੰਗ ਦਾ ਨੁਗਦਾ ਲੈ ਕੇ, ਜਿਹਦਾ ਨਾਂ ਲੈ ਕੇ ਜਿਹਦੇ ਸਿਰ ਨੂੰ ਚਲਾ ਦਿੰਦੇ ਹਨ।

ਰਹੈ ਨ ਅੜਨੈ ਜੋਗ ਵਹੁ, ਤੁਰਤ ਹੋਇ ਤਿਹ ਨਾਸ॥ ੩੯॥ ਉਹ ਤਾਂ ਅੜਨ ਜੋਗਾ ਹੀ ਨਹੀਂ ਰਹਿ ਜਾਂਦਾ ਤੁਰੰਤ ਹੀ ਨਾਸ ਹੋ ਜਾਂਦਾ ਹੈ। ਉਹ ਜਿਹੜੇ ਦਾਸਰੇ ਨੇ ਉਹਦੇ ਚਾਟੜੇ ਸਿੱਖ ਸੇਵਕ ਨੇ ਜਿਹੜੇ ਉਹਨਾਂ ਦੇ ਘਰ ਦੇ ਲੰਗਰ

ਦੇਗ ਦੀ ਸੇਵਾ ਕਰਦੇ ਨੇ ਭਾਂਡੇ ਮਾਂਜਦੇ ਨੇ ਉਹਨਾਂ ਵਿਚ ਏਨੀ ਸ਼ਕਤੀ ਹੈ, ਓਹਨਾਂ ਵਿਚ ਏਡੀ ਤਾਕਤ ਆ ਜਾਂਦੀ ਹੈ, ਉਹ ਤੇ ਵੱਡੇ ਵੱਡੇ ਪਾਤਸ਼ਾਹ ਨੂੰ ਗਾਲ੍ਹ ਦਿੰਦੇ ਨੇ, ਉਹ ਤਾਂ ਭੰਗ ਦਾ ਨੁਗਦਾ ਮਾਰਿਆਂ ਹੀ ਫਨਾਹ ਕਰ ਦਿੰਦੇ ਨੇ ਹੋਰ ਤੋਪ ਦੇ ਗੋਲੇ ਦੀ ਤਾਂ ਲੋੜ ਹੀ ਨਹੀਂ ਪੈਂਦੀ ਉਥੇ। ੩੯।

ਕਬਿਤ ਬਤੀਸ॥ ਮਰੀ ਨੇ ਪਿਆਰੇ ਬਚ ਹਮ ਸਿਉਂ ਉਚਾਰੇ, ਤਬ', ਉਹ ਪਿਆਰਾ ਜਿਹਦੇ ਨਾਲ ਮੇਰਾ ਪ੍ਰੇਮ ਸੀ ਜਿਹਦੇ ਨਾਲ ਪਿਆਰ ਹੋ ਗਿਆ ਸੀ ਸਾਹਿਬ ਨਾਲ ਉਹਨੇ ਮੇਰੇ ਕੋਲ ਬਚਨ ਕਹੇ।

"ਨਾਨਕ ਜੀ ਪਾਈ ਜਿਮ ਸ਼ਾਹੀ ਕਹੋ ਸੋਊ ਢਬ"॥ ਉਹ ਢੰਗ ਦੱਸ ਗੁਰੂ ਨਾਨਕ ਸਾਹਿਬ ਨੇ ਕਿਥੋਂ ਪਾਤਸ਼ਾਹੀ ਪਾਈ, ਜਿਹੜੇ ਅੱਗੇ ਉਹਨਾਂ ਨੇ ਪਾਤਸ਼ਾਹ ਬਣਾ ਦਿੱਤੇ ਨੇ, ਬਾਬੇ ਨਾਨਕ ਨੇ ਪਾਤਸ਼ਾਹੀ ਕਿਥੋਂ ਲਿਆਂਦੀ ਸੀ, ਉਹ ਦੱਸ ਮੈਨੂੰ ਢੰਗ।

ਹਮ ਉਸੈ ਯੌਂ ਸੁਨਾਈ 'ਸੁਨੋ' ਸੰਤ ਮਿੱਤ ਭਾਈ! ਹੇ ਸੰਤ ਜਨੋ! ਹੇ ਮਿੱਤ੍ਰੋ! ਹੇ ਗੁਰਸਿਖੋ! ਮੈਂ ਜਿਵੇਂ ਉਹਨੂੰ ਸੁਣਾਈ ਇਹ ਗੱਲ, ਉਹਦਾ ਉੱਤਰ ਦਿੱਤਾ, ਤੁਸੀਂ ਵੀ ਸੁਣੋ ਚੰਗੀ ਤਰ੍ਹਾਂ।

ਸੁਨਿ ਕੈ ਬੁਲਾਇ ਸਮਝਾਇ ਕਹੀ ਨਿਜ ਰੱਬ॥ ਕਹਿੰਦੇ ਨੇ ਗੁਰੂ ਨਾਨਕ ਪਾਤਸ਼ਾਹ ਨੂੰ ਉਹਨਾਂ ਨੂੰ ਬੁਲਾ ਕੇ ਉਹਨਾਂ ਨੂੰ (ਨਿਜ) ਆਪ ਰੱਬ ਨੇ ਕਹਿਕੇ ਭੇਜਿਆ।

ਰਾਜਾ ਕਰ ਕਹਿਆ ਮੋਰ ਉਹੈ ਕਿਮ ਪੁਜੈ ਜੋਰ', ਕਹਿੰਦੇ ਤੂੰ ਮੇਰੇ ਵਲੋਂ ਰਾਜਾ ਹੈਂ ਮੇਰੇ ਵਲੋਂ ਤੂੰ ਬਾਦਸ਼ਾਹ ਹੈਂ, ਜਾਹ ਜਾ ਕੇ ਤੂੰ ਲੋਕਾਂ ਨੂੰ ਨਿਆਂ ਦੇ, ਇਨਸਾਫ਼ ਦੇ ਉਹਨਾਂ ਨੂੰ। ਔਹ ਰਈਅਤ ਉਤੇ ਜੁਲਮ ਹੋ ਰਹੇ ਨੇ ਦੁੱਖ ਦੇ ਰਹੇ ਨੇ ਹਾਕਮ ਲੋਕ, ਜਾਓ ਉਹਨਾਂ ਨੂੰ ਸਮਝਾਓ ਸਾਰੀ ਗੱਲ, ਕਹਿੰਦੇ ਨੇ ਗੁਰੂ ਨਾਨਕ ਸਾਹਿਬ ਨੂੰ ਆਪ ਪ੍ਰਮੇਸ਼ਰ ਨੇ ਆਪਣੇ ਕੋਲ ਬੁਲਾਇਆ ਕੋਲ ਬੁਲਾ ਕੇ ਉਹਨਾਂ ਨੂੰ ਇਸ ਢੰਗ ਨਾਲ ਸਮਝਾਉਣਾ ਕੀਤਾ।

ਅੰਗ ਸੋਂ ਲਗਾਇ ਕਹੀ ਜਾਵੀਐ ਜਰੂਰਿ ਅਬ॥ ਪ੍ਰਮੇਸ਼ਰ ਨੇ ਆਪਣੇ ਅੰਗ ਨਾਲ ਲਗਾਇਆ ਹੈ ਗੁਰੂ ਨਾਨਕ ਸਾਹਿਬ ਜੀ ਨੂੰ ਤੇ ਹੁਕਮ ਕੀਤਾ ਜਾਓ ਛੇਤੀ ਜਾਓ ਪਰਜਾ ਬੜੀ ਦੁਖੀ ਹੈ, ਪਾਪ ਵਰਤ ਰਿਹਾ ਦੁਨੀਆਂ ਉਤੇ ਅੰਧ ਧੁੰਧ ਹੋ ਰਹਿਆ ਹੈ ਔ ਮਜ਼ਲੂਮਾਂ, ਗਰੀਬਾਂ ਤੇ ਤਲਵਾਰ ਚਲ ਰਹੀ ਹੈ। ਕੋਈ ਪੁੱਛ ਪੁੱਛਾ ਨਹੀਂ ਰਿਹਾ। ਕੋਈ ਉਹਨਾਂ ਨੂੰ ਨਿਆਂ ਨਹੀਂ ਮਿਲ ਰਿਹਾ। ਜਾਓ ਮੈਂ ਤੈਨੂੰ ਬਾਦਸ਼ਾਹ ਬਣਾਇਆ, ਜਾਹ ਤੂੰ ਦੁਨੀਆਂ ਉਤੇ ਜਾਕੇ ਦੁਨੀਆਂ ਦੇ ਦਿਲਾਂ 'ਤੇ ਰਾਜ ਕਰ ਜਾ ਕੇ ਕਹਿੰਦੇ ਹੁਕਮ ਹੋਇਆ ਗੁਰੂ ਨਾਨਕ ਸਾਹਿਬ ਜੀ ਨੂੰ ਦਰਗਾਹ ਵਿਚੋਂ।

ਨਾਨਕ ਕਹਾਵੋ ਨਾਮ ਬੇਦੀ ਕੁਲ ਪਾਵੋ ਜਾਇ, ਜਾਓ ਆਪਣਾ ਨਾਮ ਨਾਨਕ ਕਹਾਓ ਅਤੇ ਬੇਦੀ ਕੁਲ ਜਿਹੜੀ ਉੱਤਮ ਕੁਲ ਹੈ ਸੰਸਾਰ ਤੇ ਉਹਦੇ ਵਿੱਚ ਜਾ ਕੇ ਪ੍ਰਵੇਸ਼ ਕਰੋ, ਉਹਦੇ ਵਿੱਚ ਜਾ ਕੇ ਜਨਮ ਧਾਰਨਾ ਕਰੋ।

ਰਾਖੋ ਜੋਊ ਆਵੈ ਸ਼ਰਨਿ ਦੁਸ਼ਟਨ ਕੋ ਗਾਰੋ ਦੱਬਿ॥ ੪੦॥ ਜਾਓ ਜਾ ਕੇ ਜਿਹੜਾ ਤੁਹਾਡੀ ਸ਼ਰਨ ਆਵੇ ਉਹਨੂੰ ਰੱਖ ਲਉ, ਉਹਨੂੰ ਬਚਾ ਲਉ ਤੇ ਜਿਹੜਾ ਦੁਸ਼ਟ ਉਹਨੂੰ ਗਾਲ ਦਿਉ, ਨਾਸ ਕਰ ਦਿਉ ਉਹਨਾਂ ਨੂੰ। ੪੦।

ਚੌਪਈ॥ ਮਰੀ ਕਹੈ ' ਹਮ ਸੁਨਾਵੋ ਸੁਬੱਬਾ॥ ਮਨ ਨੂੰ ਲੱਗ ਗਈ ਨਾ ਗੱਲ, ਕਹਿਣ ਲੱਗਿਆ ਸਾਰੀ ਵਾਰਤਾ ਸੁਣਾਉ ਸਾਰੀ ਗੱਲ ਖੋਲ੍ਹ ਕੇ ਸੁਣਾ ਇਹ।

ਨਾਨਕ ਰਾਜ ਕਿਮ ਭਯੋ ਥੋ ਰੱਬਾ'॥ ਗੁਰੂ ਨਾਨਕ ਸਾਹਿਬ ਨੂੰ ਰੱਬ ਨੇ ਕਿਵੇਂ ਰਾਜ ਦਿੱਤਾ ਇਸ ਦੁਨੀਆਂ ਦਾ। ਦੀਨ ਦੁਨੀਆਂ ਜੁ ਪਾਤਸ਼ਾਹ ਹੋਇਆ ਉਹ ਦੁਨੀਆਂ ਦਾ ਅਤੇ (ਦੀਨ) ਧਰਮ ਦਾ ਕਿਵੇਂ ਪਾਤਸ਼ਾਹ ਹੋਇਆ? ਉਹ ਧਰਮੀਆਂ ਨੂੰ ਧਰਮ ਦਿੱਤਾ ਹੈ ਉਨ੍ਹਾਂ ਨੇ, ਰਾਜਿਆਂ ਨੂੰ ਰਾਜ ਬਖਸ਼ਿਆ ਹੈ, ਫਕੀਰਾਂ ਨੂੰ ਪੀਰੀਆਂ ਬਖਸ਼ੀਆਂ ਹਨ ਇਹ ਮੈਨੂੰ ਸਾਰਾ ਢੰਗ ਦੱਸ ਖੋਹਲ ਕੇ ਕਿਸ ਤਰ੍ਹਾਂ ਦਾ ਉਹ ਪਾਤਸ਼ਾਹ ਹੋਇਆ ਹੈ।

ਜਿਮ ਉਸ ਕੋ ਹਮ ਉੱਤਰ ਦੀਨੋ॥ ਭਾਈ ਸਾਹਿਬ ਜੀ ਕਹਿੰਦੇ ਨੇ ਜਿਵੇਂ ਮੈਂ ਉਤਰ ਦਿੱਤਾ ਮਰੇ ਕਪਤਾਨ ਨੂੰ।

ਤਿਮੈ ਸੁਨੋ ਤੁਮ ਸੰਤਿ ਪ੍ਰਬੀਨੋ॥ ਏ ਪ੍ਰਬੀਨ ਜਨੋ! ਹੇ ਅਕਲਮੰਦੋ! ਹੇ ਸੰਤ ਜਨੋ, ਓਵੇਂ ਸੁਣਨਾ ਕਰੋ ਉਤਰ।

ਕਲਜੁਗ ਮੈਂ ਬਡ ਪਰ ਗਜੋ ਦੁੰਦ॥ ਕਲਜੁਗ ਦੇ ਵਿੱਚ ਬਹੁਤ ਵੱਡਾ (ਦੁੰਦ) ਕਲੇਸ਼ ਪੈ ਗਿਆ, ਭਾਵ ਜਿਵੇਂ ਅੱਜ ਦੇ ਸਮੇਂ ਵਿਚ ਦੇਖਿਆ ਤੁਸੀਂ, ਕੀ ਲੋਕਾਂ ਦੇ ਵਿੱਚ ਕੀ ਹਾਲ ਵਾਪਰਿਆ ਹੈ। ਹਰੇਕ ਝਗੜੀ ਜਾਂਦਾ ਪਿਉ ਪੁੱਤ ਨਾਲ ਝਗੜੀ ਜਾਂਦਾ ਧੀ ਮਾਂ ਨਾਲ ਝਗੜੀ ਜਾਂਦੀ ਹੈ, ਆਪਸ ਵਿਚ ਸੇਵਕ ਸਿੱਖ ਅਤੇ ਉਹ ਸਾਰੇ ਝਗੜੀ ਜਾਂਦੇ ਨੇ। ਇਹ ਕਾਰਨ ਕੀ? ਇਹ ਦੁਨੀਆਂ ਦੇ ਹਾਲਾਤ ਬਣ ਗਏ ਸੀ, ਉਸ ਟਾਇਮ ਤਾਂ ਬਹੁਤਾ ਹਨੇਰ ਛਾ ਗਿਆ ਸੀ। ਜਗ਼ਾਂ ਜਗ਼ਾਂ ਤੇ ਝਗੜੇ ਖੜ੍ਹੇ ਹੋ ਗਏ ਸਨ। ਇਉਂ ਸਾਰੀ ਵਿਥਿਆ ਭਾਈ ਸਾਹਿਬ ਨੂੰ ਕਹਿੰਦੇ ਮੈਨੂੰ ਦੱਸੋ ਖੋਲ੍ਹ ਖੋਲ੍ਹ ਕੇ ਸਾਰੀ ਗੱਲ ਮੈਨੂੰ ਸਮਝਾਓ।

ਵਧਯੋ ਕੁਧਰਮ ਧਰਮ ਭਯੋ ਮੰਦ॥ ਕੁਧਰਮ ਵਧ ਗਿਆ, ਪਾਪ ਵਧ ਗਿਆ, ਧਰਮ ਮੰਦਾ ਪੈ ਗਿਆ, ਧਰਮ ਦੀ ਲੁਹਾਈ ਹੋ ਗਈ, ਕੁਧਰਮੀਆਂ ਦੀ ਪਾਪ ਦੀ ਚੜ੍ਹਾਈ ਹੋ ਗਈ।

ਲਾਲਚ ਲਾਗੇ ਮਾਇਆ ਭੂਪ॥ ਇਹ ਮਾਇਆ ਜਿਹੜੀ ਹੈ, ਇਹ ਮੋਹਣੀ ਮਾਇਆ ਕਹਿੰਦੇ ਇਹਦੇ ਲਾਲਚ ਵਿੱਚ ''ਭੂਪ'' ਰਾਜੇ ਜਿਤਨੇ ਸਨ ਓਸ ਟਾਇਮ, ਸਭ ਲਾਲਚੀ ਹੋ ਗਏ ਸਨ। ਸਭ ਧਨ ਦੇ ਮਗਰ ਪੈ ਗਏ ਸਨ ਨਿਆਂ ਕੋਈ ਨਹੀਂ ਸੀ ਜਾਣਦਾ।

ਰਾਜਨਿ ਪਾਏ ਨਿਜਿ ਧਰਮ ਕੂਪ॥ ੪੨॥ ਰਾਜਿਆਂ ਦਾ ਜੋ ਧਰਮ ਸੀ ਨਿਆਂ ਕਰਨਾ। ਕੋਈ ਕਿਸੇ ਨੂੰ ਨਿਆਂ ਕਰਨਾ, ਇਹਨਾਂ ਨੇ ਖੂਹ ਵਿਚ ਪਾ ਦਿੱਤਾ ਸੀ ਉਸ ਮੌਕੇ ਆਪਣਾ ਨਿਆਂ। ਕੋਈ ਕਿਸੇ ਨੂੰ ਨਿਆਂ ਇਨਸਾਫ ਨਹੀਂ ਦੇ ਰਿਹਾ ਸੀ। ਸਭ ਮਾਇਆ ਦਾ ਹੋ ਗਿਆ ਸੀ ਜਿਵੇਂ ਅੱਜ ਪਸਾਰਾ ਮਾਇਆ ਦਾ, ਮਾਇਆ ਦਿਉ ਕੁਝ ਕਰਾ ਲਉ, ਜੇ ਮਾਇਆ ਨਹੀਂ ਤਾਂ ਕੁਝ ਵੀ ਨਹੀਂ, ਆਪਦਾ ਆਪ ਭੁਗਤ ਜੂ ਜਿਵੇਂ ਮਰਜ਼ੀ ਦੁਨੀਆਂ ਪਰਜਾ ਕਿੱਡੀ ਦੁਖੀ ਹੈ। ਇਹ ਨਿਆਂ ਹੋ ਗਿਆ ਸੀ ਉਸ ਟਾਇਮ। ੪੨।

ਪੰਥਿ ਧਾਰੀ ਭੇਜੇ ਜਗਿ ਅਏ॥ ਭਾਈ ਸਾਹਿਬ ਜੀ ਕਹਿੰਦੇ ਨੇ ਪੰਥ ਧਾਰੀ ਵੀ ਜਿਹੜੇ ਜਗਤ ਵਿਚ ਸਨ, ਜਿਨ੍ਹਾਂ ਨੂੰ ਪ੍ਰਮੇਸ਼ਰ ਨੇ ਪਹਿਲਾਂ ਭੇਜਿਆ ਗੁਰੂ ਨਾਨਕ ਸਾਹਿਬ ਜੀ ਤੋਂ ਸਰਬਲੋਹ ਵਿਚ ਲਿਖਿਆ ਗੁਰੂ ਨਾਨਕ ਸਾਹਿਬ ਜੀ ਤੋਂ ਪਹਿਲਾਂ ਜਿਹੜੇ ਭੇਜੇ। ਰਾਮਾ ਨੰਦ ਵਰਗੇ ਦੱਤਾ ਤ੍ਰੈਓ ਵਰਗੇ ਹੋਰ ਗੋਰਖ ਵਰਗੇ ਮਛਿੰਦ੍ਰ ਵਰਗੇ ਕਿਤਨੇ ਆਏ, ਉਹਨਾਂ ਨੇ ਕੀ ਏਥੇ ਆ ਕੇ ਚਾਲ ਚਲੀ। ਦੁਨੀਆਂ ਨੂੰ ਫਕੀਰ ਬਣਾ ਦਿੱਤਾ, ਦੁਨੀਆਂ ਨੂੰ ਹੋਰ ਭੂਤਨਿਆਂ ਵਰਗਾ ਬਣਾ ਦਿੱਤਾ ਕਿਸੇ ਦੇ ਸੁਆਹ ਮਲ ਦਿੱਤੀ ਕਿਸੇ ਦੇ ਭਗਵਾਂ ਭੇਖ ਕਰ ਦਿੱਤਾ। ਪੱਥਰ ਪੂਜ ਬਣਾ ਦਿੱਤਾ, ਦੁਨੀਆਂ ਤੇ ਨਵਾਂ ਹੀ ਢੰਗ ਚਲਾਇਆ ਹਰ ਇਕ ਨੇ। ਉਹ ਸਾਰੀ ਵਿਥਿਆ ਆਪਾਂ ਸਰਬ ਲੋਹ ਵਿਚ ਸੁਣੀ ਹੈ। ਇਹ ਸਾਰਾ ਜੋ ਪਹਿਲੇ ਜੁਗ ਤੋਂ ਲੈ ਕੇ ਸਮੇਂ ਤੋਂ ਜਿਵੇਂ ਦੁਨੀਆਂ ਵਿਚ ਵਾਪਰਿਆ ਸੀ, ਉਹ ਜਿਹੜੇ ਪੰਥੀ ਸਨ ਉਹਨਾਂ ਦੇ, ਉਹਨਾਂ ਨੇ ਕੁਚਾਲ ਫੜ ਲਈ ਸੀ। ਆਪਣੇ ਮਤਲਬ ਨੂੰ ਸਿੱਧ ਰੱਖਣ ਵਾਸਤੇ ਆਪਣੀਆਂ ਪੀਰੀਆਂ ਫਕੀਰੀਆਂ ਜ਼ਾਹਰ ਕਰਦੇ ਸੀ। ਸਚਾਈ ਦੀ ਕੋਈ ਗੱਲ ਨਹੀਂ ਸੀ। ਪ੍ਰਮੇਸ਼ਰ ਦੀ ਤਾਂ ਗੱਲ ਹੀ ਮੁੱਕ ਗਈ ਸੀ ਕਿ ਪ੍ਰਮੇਸ਼ਰ ਵੀ ਕੋਈ ਹੈ, ਜਾਂ ਕੋਈ ਸੱਚ ਵੀ ਹੈ। ਸਭ ਝੂਠ ਹੀ ਝੂਠ ਹੋ ਗਿਆ ਸੀ।

ਪੰਥਿ ਬਿਚਲਿ ਭੀ ਤਿਨਿ ਕੈ ਗਏ॥ ਅਤੇ ਉਹਨਾਂ ਦੇ ਪੰਥ ਜਿਹੜੇ ਚਲਾਏ ਸੀ 'ਬਿਚਲਿ ਗਏ' ਅੱਜ ਦੇਖਿਆ ਤੁਸੀਂ ਕੋਈ ਸੰਨਿਆਸੀ, ਵਿਰਾਗੀ, ਕੋਈ ਵੀ ਤੁਸੀਂ ਦੇਖੋ ਸੰਤ ਮਹਾਤਮਾ ਦੀਆਂ ਸੰਪਰਦਾਵਾਂ ਸਭ ਬਿਚਲ ਗਈਆਂ ਹਨ। ਖਤਮ ਹੋ ਗਈਆਂ ਹਨ। ਉਹਨਾਂ ਨੂੰ ਆਪਣੀ ਸੋਝੀ ਕੋਈ ਨਹੀਂ ਰਹਿ ਗਈ ਕਿਸੇ ਨੂੰ ਵੇਖੋ ਸਿਰ ਤੇ ਸੁਆਹ ਮਲੀ ਭਗਵੇਂ ਪਾਏ ਨੇ ਕੱਪੜੇ ਤੇ ਹੱਥ ਤੇ ਘੜੀ ਤੇ ਜੇਬਾਂ ਨੋਟਾਂ ਦੀਆਂ ਭਰੀਆਂ ਹਨ ਤੇ ਮੋਟਰ ਸਾਈਕਲਾਂ ਤੇ ਕਾਰਾਂ 'ਤੇ ਚੜ੍ਹੇ ਫਿਰਦੇ ਨੇ। ਜੈਸੇ ਅਮੀਰ ਲੋਕ ਫਿਰਦੇ ਨੇ ਐਸੇ ਸੰਤ ਸਾਧ ਉਹਨਾਂ ਦੀਆਂ ਸੰਪਰਦਾਵਾਂ ਹੋ ਗਈਆਂ ਪਿਛੇ। ਕਿਉਂਕਿ ਧਨ ਹੋ ਗਿਆ। ਉਹਨਾਂ ਨੂੰ ਜਗੀਰਾਂ ਲੋਕਾਂ ਦਿੱਤੀਆਂ ਲੰਗਰਾਂ ਵਾਸਤੇ ਆਏ ਗਏ ਦੇ ਭਲੇ ਵਾਸਤੇ ਕਿਸੇ ਦੀਨ

ਦੁਖੀ ਦੀ ਮਦਦ ਵਾਸਤੇ ਲੋਕਾਂ ਨੇ ਦਾਨ ਪੁੰਨ ਕੀਤੇ ਸੀ। ਲੇਕਨ ਉਹਨਾਂ ਨੇ ਆਪਣੀਆਂ ਨਿੱਜੀ ਜ਼ਾਇਦਾਦਾਂ ਬਣਾ ਲਈਆਂ ਅਤੇ ਉਹ ਬਿਚਲ ਗਏ ਹੁਣ ਤਾਂ ਬਹੁਤਾ ਕੰਮ ਖ਼ਰਾਬ ਹੋ ਗਿਆ ਲੇਕਨ ਓਦੋਂ ਹੀ ਬਿਚਲ ਗਏ ਸਨ। ਜਦੋਂ ਸਾਰੇ ਧਰਮ, ਪੰਥ, ਸੰਪਰਦਾਵਾਂ ਸਭ ਵਿਗੜ ਗਈਆਂ। ਜਿਨ੍ਹਾਂ ਦੇ ਕੋਲ ਨਿਆਂ ਧਰਮ ਕੁਛ ਨਾ ਰਿਹਾ ਉਸ ਟਾਇਮ ਦੀ ਗੱਲ ਕਰਦੇ ਨੇ ਭਾਈ ਸਾਹਿਬ।

ਮਾਇਆ ਮੋਹਿ ਸਭਨਿ ਕੋ ਛਰਿਯੋ॥ ਮਾਇਆ ਦੇ ਮੋਹ ਨੇ ਸਭ ਨੂੰ ਛਲ ਲਿਆ ਕਿਆ ਫਕੀਰ ਹੈ ਕਿਆ ਕੋਈ ਅਮੀਰ ਹੈ, ਕੋਈ ਬਾਦਸ਼ਾਹ ਹੈ ਕੋਈ ਨਾ ਬਚਿਆ।

ਧਰਮ ਹਾਰਿ ਨਿਜਿ ਕੁਲ ਚਹਿੰ ਭਰਜੋ॥ ੪੩॥ ਉਹ ਧਰਮ ਨੂੰ ਹਾਰ ਕੇ ਆਪਣੀ ਨਿਜੀ ਕੁਲ ਜਿਹੜੀ ਹੈ ਉਸਨੂੰ ਭਰਿਆ ਚਾਹੁੰਦਾ ਹੈ। ਡੇਰਿਆਂ ਦੀਆਂ ਜ਼ਮੀਨਾਂ ਡੇਰਿਆਂ ਦੇ ਪੈਸੇ, ਸੰਪਰਦਾਵਾਂ ਆਪਣੀਆਂ ਕੁਲਾਂ ਨੂੰ ਦੇ ਰਹੀਆਂ ਨੇ। ਆਪਣਿਆਂ ਪੁੱਤਰਾਂ ਨੂੰ ਆਪਣਿਆਂ ਭਰਾਵਾਂ ਦੇ ਪੁੱਤਰਾਂ ਧੀਆਂ ਨੂੰ ਆਪਣੀ ਕੁਲ ਨੂੰ ਔਰ ਫੁਫੀਆਂ ਭਾਈਆਂ ਨੂੰ ਪਾਲ ਰਹੇ ਨੇ ਕਿਆ ਚਾਲ ਚਲੀ ਹੋਈ ਹੈ ਇਉਂ ਭਾਈ ਰਤਨ ਸਿੰਘ ਜੀ ਖੋਲ੍ਹ ਕੇ ਦੱਸ ਰਹੇ ਨੇ ਸੰਗਤਾਂ ਨੂੰ। ੪੩।

ਸ੍ਰੀ ਮੁਖਵਾਕ ਸਲੋਕ ਮਃ ੧॥ "ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥"

ਗੁਰੂ ਨਾਨਕ ਸਾਹਿਬ ਜੀ ਨੇ ਲਿਖਿਆ ਆਪ "ਕਲਿ ਕਾਤੀ ਰਾਜੇ ਕਾਸਾਈ" ਕਲਿਜੁਗ ਜਿਹੜਾ ਹੈ ਕਾਤੀ ਦੀ ਨਿਆਈਂ ਹੈ, ਰਾਜੇ ਜਿਹੜੇ ਕਸਾਈਆਂ ਦੇ ਨਿਆਈਂ ਨੇ ਜਿਵੇਂ ਛੁਰੀਆਂ ਲੈ ਕੇ ਬੁਚੜ ਖਾਨਿਆਂ ਵਿਚ ਗਊਆਂ ਜਿਬਹ ਕੀਤੀਆਂ ਜਾ ਰਹੀਆਂ ਨੇ। ਇਸੇ ਤਰ੍ਹਾਂ ਹਾਕਮ ਉਹ ਨਹੀਂ ਵੇਖਦੇ ਦੁਖੀ ਹੈ ਕਿ ਸੁਖੀ, ਧਨ ਲਿਆ ਜੇ, ਤੂੰ ਆਪਣੇ ਹੱਕ ਦੀ ਗੱਲ ਕਹਾ ਲੈ। ਚਾਲ ਪਈ ਉਦੋਂ ਵੀ ਚਲ ਸੀ, ਹੁਣ ਵੀ ਓਹੋ ਈ ਰੰਗ ਬਣਿਆਂ ਜਾਂਦਾ। *'ਧਰਮੁ ਪੰਖ ਕਰਿ ਉਡਰਿਆ॥* ' ਧਰਮ ਪੰਖ ਲਾ ਕੇ ਉਡ ਗਿਆ ਸੀ, ਧਰਮ ਦਾ ਕਿਤੇ ਨਾਮ ਨਿਸ਼ਾਨ ਨਹੀਂ ਸੀ ਰਹਿ ਗਿਆ।

ਕੂੜੁ ਅਮਾਵਸ ਸਚੁ ਚੰਦ੍ਰਮਾ - ਕੂੜ ਦੀ ਮੱਸਿਆ "ਸੱਚ ਚੰਦ੍ਰਮਾ" ਸੱਚ ਚੰਦ੍ਰਮਾਂ ਜਿਵੇਂ ਰਾਤ ਨੂੰ ਰੋਸ਼ਨੀ ਕਰਦਾ ਹੈ ਕਹਿੰਦੇ ਨੇ ਕੂੜ ਦੀ ਮੱਸਿਆ ਛਾ ਗਈ ਸੀ, ਚੰਦ੍ਰਮਾਂ ਸੱਚ ਦਾ ਤਾਂ ਲੁਕ ਹੀ ਗਿਆ ਸੀ ਕਿਸੇ ਪਾਸੇ।

ਦੀਸੈ ਨਾਹੀ ਕਹ ਚੜਿਆ॥ ਜਦੋਂ ਮੱਸਿਆ ਦੀ ਰਾਤ ਹੁੰਦੀ ਹੈ ਚੰਦ੍ਰਮਾਂ ਕਦੋਂ ਹੁੰਦਾ ਹੈ। ਉਹ ਦਿੱਸਦਾ ਹੀ ਨਹੀਂ ਸੱਚ ਦਾ ਚੰਦ੍ਰਮਾਂ, ਝੂਠ ਹੀ ਝੂਠ ਫੈਲ ਗਿਆ ਸੀ।

ਪਹਲੇ ਮਹੱਲੇ ਕੀ ਜਨਮ ਸਾਖੀ ਲਿਖਜਤੇ॥

ਸ੍ਰੀ ਗੁਰੂ ਨਾਨਕ ਅਵਤਾਰ, ਬਾਲ-ਚੋਜ ਤੇ ਵਿਆਹ

ਦੋਹਰਾ॥ ਤੌ 'ਮਾਰੀ' ਨੈ ਫਿਰ ਕਹਜੋ 'ਸਭ ਹਮ ਦੇਹੁ ਬਤਾਇ॥ ਮਾਲੀ ਨੂੰ ਪ੍ਰੇਮ ਹੋ ਗਿਆ ਭਾਈ ਸਾਹਿਬ ਗੱਲਾਂ ਸੱਚੀਆਂ ਕਹਿ ਰਹੇ ਨੇ, ਉਹਨੂੰ ਇੰਨੀ ਖਿੱਚ ਹੋ ਗਈ ਕਹਿਣ ਲੱਗਾ ਮੈਨੂੰ ਸਾਰੀ ਗੱਲ ਦੱਸ ਦੇ ਖੋਲ੍ਹ ਕੇ, ਸਾਰੀ ਲਿਖਵਾ ਵਿਥਿਆ ਮੇਰੇ ਕੋਲ।

ਕੌਨ ਸਾਲ ਔ ਕਾਲ ਕੌਨ ਦੇਸ਼ ਕੌਨ ਔ ਥਾਇ' ॥ ੧॥ ਉਹ ਸਾਲ ਕਿਹੜਾ ਸੀ? ਉਹ ਦੇਸ਼ ਕਿਹੜਾ ਸੀ? ਉਹ ਸਮਾਂ ਕਿਹੜਾ ਸੀ? ਸੰਨ ਸੰਮਤ ਕੀ ਸੀ? ਜਦੋਂ ਗੁਰੂ ਨਾਨਕ ਸਾਹਿਬ ਐਡਾ ਵੱਡਾ ਰਾਖਾ ਦੁਨੀਆਂ ਤੇ ਭੇਜਿਆ ਪ੍ਰਮੇਸ਼ਰ ਨੇ ਆਪ। ੧।

ਰਤਨ ਸਿੰਘ ਬਾਚ॥ ਚੌਪਈ॥ ਸਾਲ ਸੁਨੌਂ ਅਬ ਬਿਕ੍ਰਮ ਰਾਇ॥ ਹੁਣ ਬਿਕ੍ਰਮੀ ਸੰਮਤ ਦੱਸਦੇ ਹਾਂ ਤੁਹਾਨੂੰ ਇਉਂ ਮਰੇ ਕਪਤਾਨ ਨੂੰ ਭਾਈ ਰਤਨ ਸਿੰਘ ਜੀ ਦੱਸਦੇ ਨੇ।

ਪੰਦ੍ਰਾਂ ਸੌ ਔ ਛਬੀਆ ਥਾਇ॥ ਪੰਦਰਾਂ ਸੌ ਛੱਬੀ (੧੫੨੬) ਸੰਮਤ ਸੀ ਉਸ ਵੇਲੇ, ਜਦੋਂ ਗੁਰੂ ਨਾਨਕ ਸਾਹਿਬ ਜੀ ਆਏ ਨੇ ਇਸ ਧਰਤੀ ਉਤੇ। ਸ੍ਰਿਸ਼ਟੀ ਨੂੰ ਸੁਖੀ ਕਰਨ ਵਾਸਤੇ, ਇਹਨਾਂ ਦੇ ਦੁੱਖਾਂ ਨੂੰ ਦੂਰ ਕਰਨ ਵਾਸਤੇ।

ਤਲਵੰਡੀ ਬੁਲਾਰ ਭੁਇ ਰਾਇ॥ ਰਾਇ ਬੁਲਾਰ ਦੀ ਤਲਵੰਡੀ, ਜੋ ਨਨਕਾਣਾ ਸਾਹਿਬ, ਲਾਹੌਰ ਤੋਂ ਪਰਲੇ ਪਾਸੇ ਹੈ ਜਿਹਦਾ ਹੁਣ ਨਾਮ ਨਨਕਾਣਾ ਸਾਹਿਬ ਹੈ, ਉਹ ਧਰਤੀ ਸੀ, ਉਹ ਜਗ੍ਹਾ ਸੀ, ਜਿਥੇ ਪ੍ਰਮੇਸ਼ਰ ਦੀ ਜੋਤਿ ਆਈ ਸੀ।

ਢਿਗ ਲਹੌਰ ਔ ਕਸੂਰਹਿ ਦਾਇ॥ ੨॥ ਕਸੂਰ ਤੇ ਲਹੌਰ ਇਹ ਆ ਲਗਦੇ ਦੋਇ ਪਾਸੀਂ (ਢਿਗ) ਨੇੜੇ ਨੂੰ ਕਹਿੰਦੇ ਨੇ, ਲਹੌਰ ਤੇ ਕਸੂਰ ਦੇ ਨੇੜੇ ਨੂੰ ਹੈ ਉਹ ਤਲਵੰਡੀ ਜਿਹੜੀ। ੨।

ਖੱਤ੍ਰੀ ਜਾਤਿ ਉਸ ਬੇਦੀ ਕਹਾਇ॥ ਉਹਨਾਂ ਦੀ ਖੱਤ੍ਰੀ ਜਾਤ ਹੈ ਬੇਦੀ ਕਹਾਉਂਦੇ ਨੇ, ਉਹ ਪਿਛੇ ਮਹਾਰਾਜ ਨੇ ਦਸਮ ਗ੍ਰੰਥ ਵਿਚ ਦੱਸੀ ਆਪਣੀ ਕਥਾ ਕਿਵੇਂ ਬੇਦੀ ਬਣੇ? ਕਿਵੇਂ ਸੋਢੀ ਬਣੇ? ਉਹ ਸਾਰੀ ਵਾਰਤਾ, ਉਹ ਬੇਦੀ ਕਹਾਉਂਦੀ ਸੀ ਬੇਦੀਆਂ ਦੀ ਕੁਲ ਸੀ ਏਥੇ, ਸੋਢੀਆਂ ਦੀ ਕੁਲ ਸੀ ਸੋਢੀ ਰਾਇ, ਗੁਰੂ ਰਾਮ ਦਾਸ ਸਾਹਿਬ ਚੌਥੇ ਪਾਤਸ਼ਾਹ ਇਹ ਸਾਰੀ ਵਿਥਿਆ ਜਿਹੜੀ ਹੈ ਕਹਿਣ ਲੱਗੇ ਉਹ ਖੱਤਰੀ ਸਨ ਜਾਤ ਦੇ, ਛੱਤ੍ਰੀਆਂ ਨੂੰ ਖੱਤ੍ਰੀ ਕਹਿੰਦੇ ਨੇ ''ਜਿਨੇ ਖੇਤ ਮਾਂਡਿਓ ਸੋ ਖੱਤ੍ਰੀ ਕਹਾਏ'' ॥ ਇਹ ਜੁੱਧ ਮੈਦਾਨ ਵਿਚ ਲੜਨ ਵਾਲੇ ਉਹ ਖੱਤ੍ਰੀ ਕਹੇ ਗਏ।

ਇਸ ਵਾਸਤੇ ਇਹ ਕੁਲ ਜਿਹੜੀ ਹੈ ਖੱਤ੍ਰੀਆਂ ਦੀ ਜਿਨ੍ਹਾਂ ਨੂੰ ਮਗਰੋਂ ਬੇਦੀ ਕਹਿਣ ਲੱਗ ਪਏ, ਇਹ ਉਸ ਕੁਲ ਦੀ ਗੱਲ ਸੀ, ਉਸ ਕੁੱਲ ਵਿਚ ਗੁਰੂ ਨਾਨਕ ਪਾਤਸ਼ਾਹ ਜੀ ਉਤਰੇ ਹਨ।

ਲਿਯੋ ਅਵਤਾਰ ਇਸੈ ਕੁਲ ਮਾਂਹਿ॥ ਇਸ ਕੁਲ ਵਿਚ ਅਵਤਾਰ ਧਾਰਨਾ ਕੀਤਾ ਬੇਦੀਆਂ ਦੀ ਕੁਲ ਵਿਚ।

ਹੁਤੀ ਕੁਲੈ ਵਹ ਅਤਿ ਧ੍ਰਮ ਕਾਰੀ॥ ਇਹ ਜਿਹੜੀ ਕੁਲ ਹੈ ਬੜੀ ਧਰਮ ਕਾਰੀ ਸੀ, ਆਦਿ ਤੋਂ ਲੈ ਕੇ ਇਹ ਕੁਲ ਚਲੀ ਆਉਂਦੀ ਹੈ ਬੜੀ ਧਰਮੱਗ ਸੀ॥

ਜਿਨ ਮੈਂ ਨਾਨਕ ਜਨਮ ਲਿਯੋ ਧਾਰੀ॥ ੩॥ ਜਿਸ ਕੁਲ ਵਿਚ ਗੁਰੂ ਨਾਨਕ ਸਾਹਿਬ ਜੀ ਨੇ ਜਨਮ ਲਿਆ ਹੈ, ਜਿਸ ਕੁਲ ਦੇ ਵਿਚ ਅਵਤਾਰ ਲਿਆ ਹੈ ਦਸਮ ਪਾਤਸ਼ਾਹ ਜੀ ਨੇ। ੩।

ਸਤਿਜੁਗ ਮੈਂ ਜੋ ਜੋਗ ਥਾ ਭਯੋ॥ ਜੋ ਸਤਿਜੁਗ ਵੇਲੇ ਅਵਤਾਰ ਆਉਣਾ ਸੀ, ਕਿਉਂਕਿ ਜਦੋਂ ਜੁਗ ਦਾ ਅੰਤ ਹੁੰਦਾ ਹੈ ਅਖੀਰ, ਪਾਪ ਵਧ ਜਾਂਦਾ ਹੈ, ਜ਼ੁਲਮ ਵਧ ਜਾਂਦਾ ਹੈ। ਫਿਰ ਉਸ ਦੇ ਖਾਤਮੇ ਵਾਸਤੇ ਉਹ ਜੁਗ ਦਾ ਅਵਤਾਰ ਆਉਂਦਾ

ਹੈ। ਪਹਿਲਾਂ ਭਾਵੇਂ ਕੋਈ ਹੋ ਜਾਵੇ ਲੇਕਨ ਉਸ ਜੁਗ ਦੇ ਅਵਤਾਰ ਨੇ ਉਤਰਨਾ ਹੁੰਦਾ ਹੈ ਇਹ ਤਾਂ ਸਤਿਜੁਗ ਤੋਂ ਸ਼ੁਰੂ ਕੀਤਾ ਹੈ। ਸਤਿਜੁਗ ਦੇ ਵਿਚ ਜਦੋਂ ਜੋਗ ਸਮਾਂ ਆਇਆ ਅਵਤਾਰ ਲੈਣ ਦਾ।

ਜਿਹ ਮਧ ਜਨਮ ਸੁ ਨਰਸਿੰਘ ਲਯੋ॥ ਉਸ ਸਮੇਂ ਨਰ ਸਿੰਘ ਨੇ ਜਿਹੜੀ ਕੁਲ ਵਿਚ ਲਿਆ ਸੀ। ਕੁਲ ਤੋਂ ਗੱਲ ਚਲੀ? ਕਿਹੜੀ ਕੁਲ ਵਿਚ ਉਨ੍ਹਾਂ ਨੇ ਆ ਕੇ ਅਵਤਾਰ ਲੈਣਾ ਕੀਤਾ ਕਹਿੰਦੇ ਸਤਿਜੁਗ ਵੇਲੇ ਜਿਹੜੀ ਕੁਲ ਵਿਚ ਨਰ ਸਿੰਘ ਅਵਤਾਰ ਉਤਰੇ ਸਨ। ਉਦੋਂ ਦੀ ਗੱਲ ਕਰਦੇ ਨੇ ਆਪਦੇ ਭਗਤ ਦੀ ਰੱਖਿਆ ਕਰਨ ਵਾਸਤੇ।

ਔ ਤ੍ਰੇਤੈ ਮੈਂ ਜੋਗ ਭਯੋ ਜੋਊ॥ ਔਰ ਜਦੋਂ ਤ੍ਰੇਤਾ ਜੁਗ ਆਇਆ ਇਹਦੇ ਵਿਚ ਜਦੋਂ ਜੋਗ ਸਮਾਂ ਆਇਆ, ਅਵਤਾਰ ਦਾ ਸਮਾਂ ਆਇਆ ਪ੍ਰਗਟ ਹੋਣ ਦਾ।

ਰਾਮ ਜਨਮ ਮਧ ਧਾਰਯੋ ਸੋਊ॥ ੪॥ ਰਾਮ ਜੀ ਨੇ ਜਨਮ ਲਿਆ ਸੀ ਏਸੇ ਕੁਲ ਵਿਚ। ੪।

ਦੁਆਪਰ ਜਨਮਯੋ ਕ੍ਰਿਸ਼ਨ ਜੋਗ ਸਿਧਿ॥ ਇਹ ਦੋ ਜਿਹੜੀਆਂ ਛੱਤ੍ਰੀਆਂ ਦੀਆਂ ਕੁੱਲਾਂ ਨੇ, ਇਕ ਸੂਰਜ ਬੰਸੀ ਇਕ ਚੰਦ੍ਰ ਬੰਸੀ ਇਹ ਦੋ ਕੁਲਾਂ ਨੇ। ਤੇ ਕ੍ਰਿਸ਼ਨ ਯਾਦਵ ਚੰਦ੍ਰ ਬੰਸੀ ਸਨ। ਇਹਨਾਂ ਦੇ ਗਲ ਜੋ ਉਹ ਚਿੰਨ੍ਹ ਪਾਇਆ ਜਾਂਦਾ ਸੀ ਇਕ ਆਮ ਕਰਕੇ ਜੈਸੇ ਹੁਣ ਤਗਮੇ ਬਖਸ਼ਦੇ ਨੇ, ਜਿਹੜੇ ਬਹਾਦਰੀਆਂ ਕਰਦੇ ਨੇ ਉਹਨਾਂ ਨੂੰ ਦਿੰਦੇ ਨੇ। ਉਨ੍ਹਾਂ ਖ਼ਿਤਾਬ ਦਿੰਦੇ ਨੇ। ਉਸ ਸਮੇਂ ਸੂਰਜ ਕੁਲ ਵਾਲੇ ਇਹ ਸੂਰਜ ਦਾ ਨਿਸ਼ਾਨ ਉਹਦੇ ਵਿਚ ਨਾਂ ਲਿਖਕੇ ਉਨ੍ਹਾਂ ਦੇ ਗਲ ਵਿਚ ਪਾਇਆ ਜਾਂਦਾ ਸੀ ਅਤੇ ਜਦੋਂ ਦੁਆਪਰ ਆਇਆ, ਕ੍ਰਿਸ਼ਨ ਜੀ ਆਏ ਫਿਰ ਚੰਦ੍ਰਮਾਂ ਦਾ, ਚੰਦ ਦਾ ਜਿਹੜਾ ਸਰੂਪ ਹੈ ਇਹ ਗਲ ਵਿਚ ਨਿਸ਼ਾਨੀ ਪਾਈ ਜਾਂਦੀ ਸੀ। ਉਹ ਕਹਿੰਦੇ ਨੇ ਫਿਰ ਦੁਆਪਰ ਆ ਗਿਆ, ਦੁਆਪਰ ਵਿਚ ਜਦੋਂ (ਜੋਗ) ਸਮਾਂ ਆਇਆ। ਉਸ ਮੈਂ ਫਿਰ ਕ੍ਰਿਸ਼ਨ ਅਵਤਾਰ ਆਏ। ਕ੍ਰਿਸ਼ਨ ਭਗਵਾਨ ਜੀ ਉਤਰੇ।

ਨਾਨਕ ਜਨਮ ਕੁਲ ਮਿਲੀ ਸੋਊ ਬਿਧਿ॥ ਇਸ ਵਾਸਤੇ ਇਹ ਉੱਤਮ ਕੁਲ ਸੀ ਅਵਤਾਰਾਂ ਦੀ ਕੁਲ ਸੀ। ਏਸੇ ਬਿਧੀ ਨਾਲ ਏਸ ਢੰਗ ਨਾਲ ਗੁਰੂ ਨਾਨਕ ਸਾਹਿਬ ਜੀ ਨੂੰ ਏਸੇ ਕੁਲ ਵਿਚ ਆਉਣਾ ਪਿਆ। ਇਹ ਸਾਰੀਆਂ ਕੁਲਾਂ ਤੋਂ ਉੱਤਮ ਕੁਲਾਂ ਸਨ।

ਪਿਤਾ ਨਾਮ ਥੋ ਕਾਲੂ ਦਾਸਿ॥ ਇਹਨਾਂ ਦੇ ਪਿਤਾ ਦਾ ਨਾਮ ਤਾਂ ਕਾਲੂ ਦਾਸ ਸੀ। ਔਰ ਕਲਿਆਣ ਚੰਦ ਵੀ ਲਿਖਿਆ ਇਤਿਹਾਸ ਦੇ ਵਿਚ, ਇਹ ਰਾਜੇ ਸਨ ਲਾਹੌਰ ਦੇ ਕੋਲ ਇਹਨਾਂ ਦਾ ਰਾਜ ਸੀ, ਰਾਜ ਕਰਿਆ ਕਰਦੇ ਸਨ।

ਮਾਤ ਨਾਮ ਥੋ ਤ੍ਰਿਪਤੋ ਤਾਸਿ॥ ੫॥ ਗੁਰੂ ਨਾਨਕ ਸਾਹਿਬ ਜੀ ਦੇ ਜੋ ਮਾਤਾ ਜੀ ਸਨ ਉਨ੍ਹਾਂ ਦਾ ਮਾਤਾ ਤ੍ਰਿਪਤਾ ਜੀ ਨਾਮ ਸੀ। ੫।

ਦੋਹਰਾ॥ ਧਰਮ ਮਾਹਿ ਹੋਵਤ ਘਨੇ, ਧਨ ਮਾਂਹ ਥੇ ਕਿਛੁ ਊਨ॥ ਭਾਈ ਸਾਹਿਬ ਜੀ ਕਹਿੰਦੇ ਨੇ ਉਸ ਸਮੇਂ ਧਰਮ ਵਿਚ ਤਾਂ ਬੜੇ ਬਲਵਾਨ ਸਨ, ਧਰਮੱਗ ਸਨ ਬੜੇ ਤਪੱਸਵੀ ਸਨ। ਬੜੇ ਧਰਮ ਵਾਲੇ ਸਨ, ਨਿਆਂ ਵਾਲੇ ਸਨ ਤੇ ਧਨ ਕਰ ਕੁਛ ਊਨ ਸਨ। ਕਿਉਂ ਰਾਜਧਾਨੀ ਤਿਆਗ ਦਿੱਤੀ, ਇਹਨਾਂ ਨੂੰ ਹੁਕਮ ਹੋਇਆ ਸੀ। ਮਾਤਾ ਪਿਤਾ ਨੇ ਬੜੀ ਤਪੱਸਿਆ ਕੀਤੀ, ਤਪ ਕੀਤਾ, ਤਪ ਕਰਨ ਤੋਂ ਬਾਅਦ ਅਕਾਸ਼ ਬਾਣੀ ਹੋਈ। ਕਿਉਂਕਿ ਤਪ ਕਰਕੇ ਇਹਨਾਂ ਨੇ ਇਕ ਮੰਗ ਮੰਗੀ ਸੀ ਕਿ ਹੁਣ ਕਲਜੁਗ ਦਾ ਜੋ ਅਵਤਾਰ ਹੈ ਇਹ ਮਹਾਰਾਜ ਸਾਡੀ ਕੁਲ ਵਿਚ ਉਤਰੇ। ਸਾਡੇ ਘਰ ਵਿਚ ਉਤਰੇ ਆ ਕੇ, ਇਹ ਸਾਡੀ ਮੰਗ ਹੈ। ਤਾਂ ਅਕਾਸ਼ਬਾਣੀ ਹੋਈ ਫਿਰ ਆਹ ਜਿਹੜਾ ਰਾਜ ਹੈ ਨਾ ਅੰਸ ਇਹ ਨਾ ਖਾਓ? ਆਪਣੀ ਕਿਰਤ ਕਰਕੇ ਖਾਓ ਕਮਾਈ ਕਰਕੇ ਖਾਓ। ਫਿਰ ਉਹ ਜਿਹੜੀ ਪ੍ਰਮੇਸ਼ਰ ਦੀ ਅੰਸ ਹੈ, ਉਹ ਫਿਰ ਆ ਕੇ ਉਤਰੇਗੀ। ਤੁਹਾਡੀ ਕੁਲ ਵਿਚ ਤੁਹਾਡੇ ਘਰ ਵਿਚ ਪ੍ਰਗਟ ਹੋਵੇਗੀ। ਇਸ ਕਰਕੇ ਆਪਣਾ ਰਾਜ ਭਾਗ ਸਭ ਤਿਆਗ ਦਿੱਤਾ ਸੀ। ਧਨ ਤਾਂ ਇਥੇ ਹੀ ਛੱਡ ਦਿੱਤਾ ਪਰਜਾ ਨੂੰ ਛੱਡ ਗਏ ਸਾਰਾ ਕੁਛ ਆਪ ਤਾਂ ਏਥੋਂ ਜਾ ਕੇ ਨਿਕਲ ਕੇ ਏਥੋਂ ਤੀਰਥ ਕਰਨ ਲੱਗ ਪਏ ਸਨ। ਜਾ ਕੇ ਰਾਇ ਬੁਲਾਰ ਦੇ ਨੌਕਰੀ ਕਰ ਲਈ ਸੀ ਵਜ਼ੀਰੀ

ਦੀ ਨੌਕਰੀ ਕਰ ਲਈ ਸੀ। ਇਸ ਕਰਕੇ ਕਹਿੰਦੇ ਧਨ ਵਿਚ ਕੁਛ ਊਣੇ ਸਨ ਧਨ ਨਹੀਂ ਸੀ। ਧਰਮ ਤਾਂ ਪਿਛੇ ਤੋਂ ਤੁਰਿਆ ਆਉਂਦਾ ਸੀ ਇਹਨਾਂ ਦਾ ਧਰਮੱਗ ਸਨ, ਬੰਦਗੀ ਵਾਲੇ ਸਨ ਅਤੇ ਏਥੇ ਆ ਕੇ ਧਨ ਦੇ ਵਿਚ ਕੁਛ ਊਣਤਾਈ ਸੀ ਧਨ ਨਹੀਂ ਇਹਨਾਂ ਦੇ ਕੋਲ।

ਕਿਛ ਕੁਲ ਕੈ ਕੁਛ ਉਨਹਿ ਕੋ, ਆਇ ਪ੍ਰਗਟਯੋ ਬਡ ਪੁਨ॥ ੬॥ ਕੁਛ ਤਾਂ ਕੁਲ ਦਾ ਪ੍ਰਤਾਪ ਕੁਛ ਪ੍ਰਮੇਸ਼ਰ ਦੀ ਜਦੋਂ ਜੋਤਿ ਉਤਰੀ ਕਹਿੰਦੇ ਨੇ ਆ ਪ੍ਰਤਾਪ ਵਧਿਆ ਹੈ, ਆ ਇਹਨੂੰ ਫਲ ਲੱਗਿਆ ਹੈ ਧਰਮ ਨੂੰ। ੬।

ਭਲ ਸਾਇਤ ਔ ਭਲ ਘੜੀ, ਭਲੋ ਨਿਛੱਤਰ ਜੋਗ॥ ਭਲੀ ਸਾਇਤ ਸੀ ਉਸ ਮੌਕੇ ਭਲਾ ਨਛੱਤਰ ਨਿਕਲਿਆ ਉਸ ਮੌਕੇ, ਉਸ ਟਾਇਮ ਜਦੋਂ ਗੁਰੂ ਨਾਨਕ ਸਾਹਿਬ ਉਤਰੇ ਨੇ। ਬੜਾ ਲਗਨ ਸੀ ਉਸ ਟਾਇਮ, ਬੜਾ ਸੋਹਣਾ ਨਿਛੱਤਰ ਸ਼ੀ।

ਭਲੀ ਰਾਸ ਔ ਗ੍ਰਿਹ ਭਲੇ, ਔਸਰ ਭਲੇ ਸੰਜੋਗ॥ ੭॥ ਉਹ ਰਾਸ ਵੀ ਭਲੀ ਸੀ ਗ੍ਰਿਹ ਵੀ ਚੰਗੇ ਲੱਗੇ ਹੋਏ ਸਨ। ਅਉਸਰ (ਸਮਾਂ) ਵੀ ਬੜਾ ਜੋਗ ਸੀ ਉਸ ਟਾਇਮ। ਜਿਸ ਕੁਲ ਵਿਚ ਅਵਤਾਰ ਆਏ ਉਹ ਟਾਇਮ ਬੜਾ ਸ਼ੁਭ ਹੁੰਦਾ ਹੈ, ਬੜਾ ਸ਼ੁਧ ਟਾਇਮ ਹੁੰਦਾ ਹੈ। ਜਿਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਬਗਸਰ ਆਏ ਨੇ ਆਉਣ ਸਾਰ ਨੀਲਾ ਘੋੜਾ ਸੀ, ਨੀਲਾ ਬਾਣਾ ਸੀ, ਸਰੋਵਰ ਵਿਚ ਦੀ ਲੰਘੇ ਦੁਮਾਲਾ ਨੀਲਾ ਰਹਿ ਗਿਆ, ਘੋੜੇ ਦਾ ਸਿਰ ਨੀਲਾ ਰਹਿ ਗਿਆ ਬਾਕੀ ਸਭ ਸਫੈਦ ਹੋ ਗਏ, ਜਦੋਂ ਸਫੈਦ ਹੋ ਗਏ ਤਾਂ ਬਾਹਰ ਨਿਕਲੇ। ਮਹਾਰਾਜ ਜੀ, ਕਹਿੰਦੇ ਭਾਈ ਪੁਰਬੀ ਲੱਗੀ ਹੋਈ ਸੀ ਇਹ ਸੰਜੋਗ ਲਗਨ ਏਸ ਮੌਕੇ ਦੇ ਜੁੜੇ ਹੋਏ ਸਨ। ਇਹ ਸ਼ੁਭ ਸਮਾਂ ਸੀ ਜਦੋਂ ਅਸੀਂ ਲੰਘੇ ਹਾਂ। ਉਹ ਜਿਵੇਂ ਰੰਗ ਬਦਲ ਗਿਆ ਆਏਂ ਸਰੀਰ ਦੇ ਕੀਤੇ ਕਰਮ ਪਾਪ ਸਭ ਬਦਲ ਜਾਂਦੇ ਹਨ। ਨਿਰਮਲ ਬੁਧ ਹੋ ਜਾਂਦੀ ਹੈ ਤੇ ਨਿਰਮਲ ਸੰਜੋਗ ਬਣ ਜਾਂਦਾ ਹੈ। ਇਸ ਕਰਕੇ ਸਮਾਂ ਪੁਰਬੀ ਦਾ ਵੇਖ ਕੇ ਅਸੀਂ ਲੰਘੇ ਹਾਂ ਇਸ਼ਨਾਨ ਹੋ ਗਿਆ। ਸਾਡੀ ਸਾਰੀ ਪੁਸ਼ਾਕ ਨੀਲੀ ਚਿੱਟੀ ਹੋ ਗਈ ਹੈ। ਘੋੜਾ ਵੀ ਚਿੱਟਾ ਹੋ ਗਿਆ ਹੈ। ਭਾਈ ਸਾਹਿਬ ਜੀ ਕਹਿੰਦੇ ਹਨ ਤਾਰਿਆਂ ਦੇ ਹਿਸਾਬ ਨਾਲ ਲਗਨ ਜੋਤਸ਼ੀਆਂ ਨੂੰ ਪਤਾ ਹੁੰਦਾ ਹੈ। ਕਿਹੜੇ ਕਿਹੜੇ ਲਗਨ ਸ਼ੁਭ ਹੁੰਦੇ ਨੇ। ੭।

ਜਨਮਤਿ ਹੀ ਤਿਹ ਮਾਤ ਪਿਤ, ਬਢਯੋ ਬਹੁਤ ਪਰਤਾਪ॥ ਗੁਰੂ ਨਾਨਕ ਸਾਹਿਬ ਜੀ ਦੇ ਪ੍ਰਗਟ ਹੋਣ ਨਾਲ ਹੀ, ਜੋ ਇਹਨਾਂ ਦੇ ਘਰ ਦਾ ਪ੍ਰਤਾਪ ਵਧਿਆ। ਜੋ ਆ ਕੇ ਮਾਲੋ ਮਾਲ ਹੋਏ ਉਹ ਦਸਦੇ ਹਨ। ਮਾਲੀ ਨੇ ਕਿਹਾ ਸੀ! ਹੁਣ ਤੂੰ ਨਿਰਣਾ ਕਰਕੇ ਦੱਸ ਦੇ ਸਾਰੀ ਗੱਲ। ਸਾਰੀ ਹੀ ਸੁਣਾ ਦੇ ਮੈਨੂੰ। ਕਿਸ ਤਰ੍ਹਾਂ ਇਹ ਕੁਲ ਵਿਚ ਆਏ ਨੇ? ਕਿਵੇਂ ਉਤਰੇ ਨੇ? ਕਿਵੇਂ ਅਵਤਾਰ ਹੋਇਆ? ਉਹ ਸਾਰੀ ਵਿਥਿਆ ਦੱਸ ਰਹੇ ਨੇ ਕਿ ਧਨ ਦੇ ਬੜੇ ਕਮਜ਼ੋਰ ਸਨ ਅਤੇ ਧਰਮ ਵਿਚ ਬੜੇ ਪ੍ਰਪੱਕ ਸਨ। ਅਤੇ ਉਸ ਸਮੇਂ ਕੀ ਹੋਇਆ ਜਦੋਂ ਗੁਰੂ ਨਾਨਕ ਸਾਹਿਬ ਉਤਰੇ। ਇਹ ਕੁਦਰਤੀ ''ਮਿਟੀ ਧੁੰਧ ਜਗ ਚਾਨਣ ਹੋਇਆ॥'' ਜਦੋਂ ਗੁਰੂ ਨਾਨਕ ਸਾਹਿਬ ਪ੍ਰਗਟ ਹੋਏ ''ਧੁੰਧ'' ਮਿਟ ਗਈ, ਹਨੇਰਾ ਮਿਟ ਗਿਆ। ਜਗਤ ਵਿਚ ਚਾਨਣ ਹੋ ਗਿਆ ਸੀ ਦਿਨ ਚੜ੍ਹ ਗਿਆ ਸੀ। ਇਉਂ ਪ੍ਰਤਾਪ ਵਧਿਆ ਸੀ।

ਰਿਧਿ ਸਿੱਧ ਨਉ ਨਿੱਧ ਯੁਤ,ਦੀਯੋ ਭੂਮ ਧਨ ਆਪ॥ ੮॥ ਰਿਧੀਆਂ, ਸਿਧੀਆਂ, ਨਉ ਨਿਧੀਆਂ ਧਰਤੀ ਨੇ ਆਪਣੇ ਵਿਚੋਂ ਪ੍ਰਗਟ ਕਰ ਦਿੱਤੇ ਸਾਰੇ ਖ਼ਜ਼ਾਨੇ। ੮।

ਚੌਪਈ॥ ਆਵਿਲ ਗਡਨ ਕੋ ਪ੍ਰਿਥੀ ਖੁਣਾਈ॥ ਆਵਲ ਕਹਿੰਦੇ ਨੇ ਭਾਵ ਜਿਵੇਂ ਜ਼ੇਰ ਕਹਿ ਦਿੰਦੇ ਹਾਂ ਆਪਾਂ। ਜੇਰ ਪੈਂਦੀ ਆ ਆਵਲ (ਅਉਲ) ਜਿਸ ਬੱਚੇ ਦਾਨੀ ਵਿਚ ਪ੍ਰਵੇਸ਼ ਹੁੰਦਾ ਹੈ ਸਰੀਰ ਦਾ ਤੇ ਪ੍ਰਗਟ ਹੁੰਦੀ ਹੈ, ਪਹਿਲੇ ਬੱਚੇ ਦਾ ਜਨਮ ਹੋ ਜਾਂਦਾ ਹੈ, ਖੁਲ੍ਹ ਜਾਂਦੀ ਹੈ ਫਿਰ ਉਹ 'ਆਵਲ' ਨਿਕਲਦੀ ਹੈ। ਉਹਨੂੰ ਗੱਡਣ ਦਾ ਸਮਾਂ ਆ ਗਿਆ, ਜਦੋਂ ਆਵਲ ਪਈ ਕਹਿੰਦੇ ਨੇ ਉਹਨੂੰ ਗੱਡਣ ਵਾਸਤੇ ਇਹਨਾਂ ਨੇ ਉੱਦਮ ਕੀਤਾ।

ਤਹਾਂ ਦਰਬ ਤਿਸ ਨਦਰੀ ਆਈ॥ ਧਰਤੀ ਪੁੱਟਣੀ ਕੀਤੀ ਕਿ ਦੱਬ ਦੇਈਏ ਏਸ ਨੂੰ ਦੱਬ ਦਿੰਦੇ ਨੇ ਲੋਕ, ਕਹਿੰਦੇ ਨੇ ਜਦੋਂ ਪੁੱਟਣੀ ਕੀਤੀ ਤਾਂ ਉਥੇ (ਦਰਬ) ਧਨ ਨਜ਼ਰ ਆਇਆ, ਵਿਚੋਂ ਮੋਹਰਾਂ ਨਿਕਲੀਆਂ, ਖਜ਼ਾਨਾ ਨਿਕਲਿਆ ਪੁੱਟਿਆ ਤੋਂ।

ਮਾਤ ਪਿਤਾ ਦਿਲ ਵਧਯੋ ਹੁਲਾਸ॥ ਜਦੋਂ ਧਨ ਨਿਕਲ ਪਿਆ, ਬੇਪਰਵਾਹ ਖ਼ਜ਼ਾਨੇ ਨਿਕਲ ਪਏ। ਤੇ ਮਾਤਾ ਪਿਤਾ ਦਾ ਬੜਾ (ਹੁਲਾਸ) ਬੜੀਆਂ ਖ਼ੁਸ਼ੀਆਂ ਕਿ ਇਹ ਬੱਚਾ! ਅਹਿ ਕੈਸਾ ਬੱਚਾ ਪ੍ਰਗਟ ਹੋਇਆ? ਇਹਦੇ ਨਾਲ ਹੀ ਐਡਾ ਪ੍ਰਤਾਪ ਵੱਧ ਗਿਆ, ਪਾਤਸ਼ਾਹੀ ਖਜ਼ਾਨੇ ਮਿਲ ਗਏ ਸਾਨੂੰ।

ਪੰਡਤ ਸੱਦ ਪੁਛਜੋ ਬਡ ਖਾਸ॥ ੯॥ ਖਾਸ ਜਿਹੜਾ ਆਪਣੇ ਗੁਰੂ ਘਰ ਦਾ ਪ੍ਰੋਹਤ ਸੀ ਪੰਡਤ ਹਰਿਦਿਆਲ, ਜਿਹੜਾ ਵਿਦਵਾਨ ਸੀ। ਬੇਦਾਂ ਦਾ ਗਿਆਤਾ ਸੀ ਇਹਨੂੰ ਸੱਦਣਾ ਕੀਤਾ। ਆਓ ਜੀ ਪੰਡਤ ਜੀ! ਲਾਓ ਟੇਵਾ, ਇਹ ਬਾਲਕ ਦਾ ਕੀ ਪ੍ਰਤਾਪ ਆ? ਕਿਸ ਤਰ੍ਹਾਂ ਇਹ ਬਾਲਕ? ਸਾਰਾ ਦੱਸਣਾ ਕਰੋ। ੯।

ਦੋਹਰਾ॥ ਪੰਡਤ ਟੇਵਾ ਲਿਖ ਧਰਜੋ, ਮਨ ਮੈਂ ਬਡਿ ਸੁਖ ਪਾਇ॥ ਪੰਡਤ ਬੜਾ ਅਨੰਦ ਹੋਇਆ ਬੜਾ ਮਨ ਵਿਚ ਪ੍ਰਸੰਨ ਹੋਇਆ। ਉਸਨੇ ''ਟੇਵਾ ਲਿਖ ਧਰਜੋ'' ਅਵਤਾਰ ਦਾ ਟੇਵਾ ਮੈਂ ਲਿਖ ਰਿਹਾਂ। ਕਲਜੁਗ ਦਾ ਅਵਤਾਰ ਗੁਰੂ ਨਾਨਕ ਸਾਹਿਬ ਪਾਤਸ਼ਾਹ ਜੋ ਪ੍ਰਮੇਸ਼ਰ ਦਾ ਸਰੂਪ ਆਏ ਨੇ, ਉਹ ਮੇਰੇ ਹੱਥੀਂ ਇਹ ਟੇਵਾ ਲਿਖਿਆ ਜਾ ਰਿਹਾ ਇਸ ਕਰਕੇ ਮਨ ਵਿਚ ਬੜਾ ਹੀ ਪ੍ਰਸੰਨ ਹੋਇਆ ਪੰਡਤ।

ਮੁੜ ਮੁੜ ਬਾਲਕ ਰੂਪ ਲਖ, ਮੰਦ ਮੰਦ ਮੁਸਕਾਇ॥ ੧੦॥ ਮੁੜ ਮੁੜ ਕੇ ਦਰਸ਼ਨ ਕਰਦਾ ਹੈ, ਮੁੜ ਮੁੜ ਕੇ ਰੂਪ ਦੇਖਦਾ ਹੈ। ਸਤਿਗੁਰੂ ਦਾ ਦੂਣ ਸਵਾਇਆ ਰੂਪ ਨਜ਼ਰ ਆਉਂਦਾ ਹੈ। 'ਮੰਦ ਮੰਦ ਮੁਸਕਾਇ' ਗੁਰੂ ਨਾਨਕ ਸਾਹਿਬ ਜੀ – ਆਏਂ ਜਿਵੇਂ ਫੁੱਲ ਕਿਰਦੇ ਨੇ ਰਸਨਾ ਤੋਂ ਐਂ ਹੌਲੀ ਹੌਲੀ ਹੱਸਦੇ ਨੇ ਮੁਸਕਰਾਉਂਦੇ ਨੇ। ਬਾਲਕ! ਬਾਲਕ ਤਾਂ ਇਸ ਤਰ੍ਹਾਂ ਰੋਂਦਾ ਹੈ, ਚੀਕਾਂ ਮਾਰਦਾ ਹੈ। ਇਹ ਬਾਲਕ ਖਿੜਖਿੜਾ ਹੱਸਦਾ ਹੈ, ਮੁਸ਼ਕੜੀਆਂ ਹੱਸਦਾ ਹੈ ਇਹ ਸਾਰੀ ਕਲਾ ਦੇਖ ਕਰ ਕੇ ਪੰਡਤ ਬੜਾ ਖੁਸ਼ ਹੋਇਆ। ੧੦।

ਚੌਪਈ ॥ ਟੇਵਾ ਪੰਡਤ ਧਰਜੋ ਲਿਖਾਇ॥ ਪੰਡਤ ਨੇ ਟੇਵਾ ਲਿਖ ਦਿੱਤਾ ਜਿਵੇਂ ਆਮ ਬਾਲਕਾਂ ਦਾ ਲਿਖਦੇ ਨੇ। ਲੋਕੀਂ ਲਿਖਾਂਦੇ ਨੇ ਇਸੇ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਦੀ ਵੀ ਜਨਮ ਪੱਤ੍ਰੀ ਲਿਖੀ ਗਈ।

ਦਯੋ ਮਾਤ ਪਿਤ ਬਹੁ ਸਮਝਾਇ॥ ਅਤੇ ਪੰਡਤ ਨੇ ਸੱਦ ਕੇ ਮਾਤਾ ਪਿਤਾ ਨੂੰ ਸਮਝਾਉਣਾ ਕੀਤਾ। ਇਹ ਪੁੱਤਰ ਨਾ ਜਾਣਿਓ, ਇਹ ਤੁਹਾਡਾ ਐਡਾ ਪ੍ਰਤਾਪੀ ਪੁੱਤਰ ਹੈ। ਦੇਖਿਓ! ਕਿਤੇ ਅਵੱਗਿਆ ਨਾ ਕਰ ਲਿਓ। ਉਹ ਸਮਝਾਉਂਦਾ ਹੈ, ਕੀ ਦੱਸਦਾ ਹੈ?

ਪੰਡਤ ਕਹਿ 'ਇਸ ਅਦਬ ਰਖਾਯੋ'॥ ਪੰਡਤ ਕਹਿਣ ਲੱਗਾ, ਇਹਨਾਂ ਦਾ ਅਦਬ ਕਰਨਾ, ਜਿਵੇਂ ਗੁਰ ਪੀਰ ਦਾ, ਅਦਬ ਕਰੀਦਾ ਹੈ, ਆਪ ਤੋਂ ਵੱਡੇ ਦਾ ਅਦਬ ਕਰੀਦਾ ਹੈ ਇਹਨਾਂ ਦਾ ਅਦਬ ਰੱਖਿਓ। ਬੱਚਾ ਨਾ ਸਮਝ ਲਿਉ ਕਿਤੇ ਇਹਨਾਂ ਨੂੰ।

ਇਹ ਕੋਈ ਪੁਰਖ ਪੂਰਨ ਹੈ ਆਯੋ॥ ੧੧॥ ਇਹ ਤੇ ਪੂਰਨ ਪੁਰਖ ਆਇਆ ਕੋਈ, ਇਹ ਮਹਾਂਬਲੀ ਆਇਆ ਕੋਈ, ਇਹ ਪ੍ਰਮੇਸ਼ਰ ਦਾ ਅਵਤਾਰ ਆਇਆ ਕੋਈ, ਕਿਤੇ ਐਵੇਂ ਨਾ ਸਮਝ ਲਿਉ ਇਨ੍ਹਾਂ ਨੂੰ ਐਵੇਂ ਕੋਈ ਬੱਚਾ ਪੈਦਾ ਹੋਇਆ। ੧੧।

ਨਿਹਕਲੰਕ ਜਨ ਯਹਿ ਭਜੋ ਆਪ॥ ਇਹ ਲਗਦਾ ਹੈ ਜਿਵੇਂ ਨਿਹਕਲੰਕ ਅਵਤਾਰ ਆਉਣਾ ਕਲਜੁਗ ਦੇ ਅਖੀਰ ਤੇ ਮੈਨੂੰ ਲਗਦਾ ਨਿਹਕਲੰਕ ਅਵਤਾਰ ਆ ਗਿਆ ਹੈ। ਮੈਨੂੰ ਤੇ ਏਡਾ ਪ੍ਰਤਾਪੀ ਦਿਸ ਰਿਹਾ।

ਜਾਪਤ ਇਸ ਕੋ ਇਤੋ ਪ੍ਰਤਾਪ॥ ਕਹਿੰਦੇ ਮੈਨੂੰ ਐਡਾ ਪ੍ਰਤਾਪ ਦਿਸ ਰਿਹਾ ਇਹਨਾਂ ਦਾ ਇਹ ਵੱਡਾ ਪ੍ਰਤਾਪੀ ਪੁਰਖ ਹੈ, ਨਾ ਜਾਣੀਏ ਕਿਤੇ ਨਿਹਕਲੰਕ ਅਵਤਾਰ ਹੀ ਨਾ ਆ ਗਿਆ ਹੋਵੇ।

ਨਕਾਰ ਅੱਛਰ ਉਨ ਮੁਹਰੇ ਧਰਾਯੋ॥ ਉਹ ਗਿਣਤੀ ਅੱਛਰਾਂ ਦੀ ਹੈ, ਜਿਵੇਂ ਆਪਾਂ ਅੱਖਰ ਤੋਂ ਨਾਂਅ ਰਖਦੇ ਹਾਂ, ਅੰਮ੍ਰਿਤ ਛਕਾ ਕੇ ਸਿੰਘ ਦਾ ਹਾਂ ਜੀ ਕਿਹੜਾ ਪਹਿਲਾ ਅੱਖਰ ਹੈ, ਸ਼ਬਦ ਦਾ ਪਹਿਲਾ ਅੱਖਰ ਉਹਦੇ 'ਤੇ ਨਾਉਂ ਰੱਖਿਆ ਜਾਂਦਾ। ਬਾਲਕ ਦਾ ਵੀ ਨਾਮ ਰੱਖਿਆ ਜਾਂਦਾ ਹੈ। ਇਹ ਮਰਯਾਦਾ ਪ੍ਰੰਪਰਾ ਚਲੀ ਆਉਂਦੀ ਹੈ। ਪੰਡਤ ਲੋਕ ਵੀ

ਏਸ ਤਰ੍ਹਾਂ ਕਰਦੇ ਸਨ। ਜਦ ਉਸ ਨੇ ਅੱਖਰ ਦੇਖਿਆ ਸ਼ਾਸਤ੍ਰ ਦਾ ਨੰਨਾ ਅੱਖਰ ਆਇਆ। ਨੰਨੇ ਅੱਖਰ ਤੋਂ ਉਹਨੂੰ ਭੁਲੇਖਾ ਪਿਆ ਕਿਤੇ ਉਹੀ ਨਾ ਹੋਵੇ।

ਨਿਹਕਲੰਕ ਤੇ ਨਾਨਕ ਕਹਵਾਯੋ॥ ੧੨॥ ਨਿਹਕਲੰਕ ਤੋਂ ਨਾਨਕ ਨਾਂ ਕਹਾਉਂਦਾ ਹੋਵੇ। ਨਿਹਕਲੰਕ ਗੁਰੂ ਨਾਨਕ ਦਾ ਵੀ ਵੇਦਾਂ ਵਿਚ ਹੋਣਾ ਲਿਖਿਆ। ਇਹ ਪੰਡਤ ਗਿਆਤਾ ਸੀ ਕਿਤੇ ਨਿਹਕਲੰਕ ਨਾਨਕ ਹੈ ਜਾਂ ਨਿਹਕਲੰਕ ਹੈ। ਕਿਹੜਾ ਅਵਤਾਰ ਹੈ ਜੋ ਨੰਨਾ ਅੱਖਰ ਆਇਆ ਹੈ ਅੱਗੇ। ੧੨।

ਜੋ ਕੋਊ ਪਾਵੇ ਦਰਸ਼ਨ ਆਇ॥ ਜਿਹੜਾ ਕੋਈ ਆ ਕੇ ਦਰਸ਼ਨ ਕਰਦਾ ਹੈ ਪਾਤਸ਼ਾਹ ਜੀ ਦਾ।

ਹੁਇ ਪ੍ਰਸੰਨ ਬਹੁ ਮੋਹਜੋ ਜਾਇ॥ ਉਹ ਪ੍ਰਸੰਨ ਹੋ ਜਾਂਦਾ ਹੈ ਦਰਸ਼ਨ ਪਾਉਣ ਵਾਲਾ ਮੋਹਿਆ ਹੀ ਜਾਂਦਾ ਹੈ। ਮਨ ਵਿਚ ਉਹਦੇ ਪਿਆਰ ਪੈ ਜਾਂਦਾ ਹੈ, ਰੀਝ ਲੱਗ ਜਾਂਦੀ ਹੈ ਦਰਸ਼ਨ ਦੀ।

ਕਈ ਵਾਰ ਵਹੁ ਦੇਖਜੋ ਚਹੈ॥ ਉਹ ਇਕ ਵਾਰੀ ਤ੍ਰਿਪਤ ਹੀ ਨਹੀਂ ਹੁੰਦਾ, ਕਈ ਵਾਰ ਮੁੜ ਮੁੜ ਕੇ ਦਰਸ਼ਨ ਕਰਨਾ ਚਾਹੁੰਦਾ ਹੈ।

ਦੇਖਤ ਦਰਸ ਨ ਉਸ ਤ੍ਰਿਪਤਹੈ॥ ੧੩॥ ਦਰਸ਼ਨ ਦੇਖ ਰੱਜਦਾ ਨਹੀਂ, ਭੁੱਖ ਰਹਿੰਦੀ ਹੈ ਫੇਰ ਦਰਸ਼ਨ ਕਰੀਏ, ਫੇਰ ਦਰਸ਼ਨ ਕਰੀਏ ਇਸ ਤਰ੍ਹਾਂ ਦਾ ਭਾਵ ਮੋਹਣੀ ਰੂਪ ਧਾਰਨ ਕੀਤਾ ਸਤਿਗੁਰਾਂ ਨੇ ਸਭ ਦੇ ਮਨਾਂ ਨੂੰ ਮੋਹ ਲਿਆ ਹੈ। ੧੩।

ਦੋਹਰਾ॥ ਕੋਊ ਕਹੈ ਯਹ ਭਯੋ ਸਿੱਧ, ਕੋਊ ਕਹੈ ਅਵਤਾਰ॥ ਆਪੋ ਆਪਣੇ ਖਿਆਲਾਂ ਦੇ ਅਨੁਸਾਰ ਲੋਕੀਂ ਹਿਸਾਬ ਲਾਉਂਦੇ ਨੇ ਕੋਈ ਸਿੱਧ ਲੋਕ ਆਖਦਾ, ਕੋਈ ਕਹਿੰਦਾ ਨਹੀਂ ਨਹੀਂ ਅਵਤਾਰ। ਇਹ ਕੋਈ ਵੱਡਾ ਅਵਤਾਰ ਉਤਰਿਆ ਹੈ, ਸਮਝ ਨਹੀਂ ਪੈ ਰਹੀ, ਖਿਆਲਾਂ ਅਨੁਸਾਰ ਉਹਨਾਂ ਨੂੰ ਸਮਝ ਰਹੇ ਨੇ ਲੋਕ।

ਕੋਊ ਕਹੈ ਪਾਤਸ਼ਾਹ ਯਹ, ਹੋਉਗੁ ਸੁ ਛਤ੍ਰਧਾਰ॥ ੧੪॥ ਕੋਈ ਕਹਿੰਦਾ ਇਹ ਤਾਂ ਪਾਤਸ਼ਾਹ ਹੋਵੇਗਾ, ਛਤ੍ਰ ਝੂਲਣਗੇ ਇਹਦੇ ਸਰੀਰ 'ਤੇ, ਦੁਨੀਆਂ ਦਾ ਬਾਦਸ਼ਾਹ ਹੋਵੇਗਾ, ਇਸ ਤਰ੍ਹਾਂ ਦੇ ਖਿਆਲ ਲਾਉਂਦੇ ਨੇ। ੧੪।

ਚੌਪਈ॥ ਧਨਵਾਨ ਕਹੈਂ ਦੇਈਐ ਯਾਹਿ॥ ''ਧਨਵਾਨ'' ਜਿਹਨਾਂ ਕੋਲ ਧਨ ਹੈ ਉਹਨਾਂ ਦੇ ਮਨ ਵਿਚ ਹੁਲਾਸ ਉਠਦਾ ਹੈ, ਆਪਾਂ ਸਾਰਾ ਹੀ ਧਨ ਇਹਨਾਂ ਨੂੰ ਦੇ ਦੇਈਏ। ਇਹ ਪਾਤਸ਼ਾਹ ਹੈ ਇਸ ਤਰ੍ਹਾਂ ਮਨ ਵਿਚ ਖਿੱਚ ਪੈ ਗਈ ਉਹਨਾਂ ਦੇ, ਧਨਵਾਨ ਤਾਂ ਕਹਿੰਦੇ ਨੇ ਸਾਰਾ ਧਨ ਹੀ ਇਹਨਾਂ ਨੂੰ ਭੇਟਾ ਕਰ ਦਈਏ।

ਨਿਰਧਨ ਕਹੈ ਧਨ ਇਤ ਸੋਵਿਆਹਿ॥ ਨਿਰਧਨ ਜਿਹੜੇ ਗਰੀਬ ਜਦੋਂ ਦਰਸ਼ਨਾਂ ਨੂੰ ਆਉਂਦੇ ਨੇ ਤਾਂ ਧਨ ਪ੍ਰਾਪਤ ਹੁੰਦਾ ਉਹਨਾਂ ਨੂੰ ਉਹ ਕਹਿੰਦੇ ਧਨ ਮਿਲਦਾ ਹੈ ਇਹਨਾਂ ਦਾ ਦਰਸ਼ਨ ਕੀਤਿਆਂ। ਸਾਰੀਆਂ ਲੋੜਾਂ ਪੂਰੀਆਂ ਹੁੰਦੀਆਂ ਇਛਾ ਪੂਰੀਆਂ ਹੁੰਦੀਆਂ ਹਨ। ਇਉਂ ਕਰਕੇ ਸਭ ਦੇ ਮਨ ਵਿਚ ਖਿੱਚ ਹੋ ਗਈ ਦਰਸ਼ਨਾਂ ਦੀ, ਚਲੀਏ ਦਰਸ਼ਨ ਕਰੀਏ ਉਹਨਾਂ ਦਾ।

ਕੋਊ ਕਹੈ ਇਸ ਸੇਵ ਪ੍ਰਤਾਵੈਂ॥ ਕਈ ਕਹਿੰਦੇ ਨੇ ਅੱਛਾ! ਜੇ ਇਹ ਗੱਲ ਹੈ, ਚਲੋ ਆਪਾਂ ਵੀ ਸੇਵਾ ਵਿਚ ਹਾਜ਼ਰ ਹੋਈਏ, ਪ੍ਰਤਿਆਵਾ ਲਈਏ ਇਹਨਾਂ ਦੇ ਦਰਸ਼ਨ ਦਾ ਕੀ ਮਹਾਤਮ ਮਿਲਦਾ ਹੈ? ਕੀ ਫਲ ਮਿਲਦਾ ਦਰਸ਼ਨ ਕੀਤਿਆਂ ਤੋਂ?

ਸੁਖਨਾ ਸੁਖੈਂ ਮੁਰਾਦਾਂ ਪਾਵੈਂ॥ ੧੫॥ ਜਿਹੜੇ ਸੁਖਣਾ ਸੁਖਦੇ ਨੇ ਹੇ ਮਹਾਰਾਜ! ਮੇਰਾ ਇਹ ਕਾਰਜ ਹੋ ਜਾਵੇ, ਤੁਹਾਡੀ ਕ੍ਰਿਪਾ ਹੋ ਜਾਵੇ, ਉਹਦੇ ਮਨ ਦੀਆਂ ਮੁਰਾਦਾਂ ਪੂਰੀਆਂ ਉਸੇ ਵੇਲੇ ਹੋ ਜਾਂਦੀਆਂ ਨੇ। ਜਿਹੜੀ ਕੋਈ ਸੁਖਣਾ ਸੁਖਦਾ ਪੂਰਨ ਹੋ ਜਾਂਦੀ ਹੈ। ੧੫।

ਜਿਮ ਜਿਮ ਸਤਿਗੁਰ ਕਲ ਪ੍ਰਗਟਾਵੈਂ॥ ਜਿਉਂ ਜਿਉਂ ਸਤਿਗੁਰੂ ਸੱਚੇ ਪਾਤਸ਼ਾਹ ਆਪਣੀ ਕਲਾ ਪ੍ਰਗਟ ਕਰਦੇ ਨੇਂ। ਆਪਣੇ ਪ੍ਰਤਾਪ ਨੂੰ ਜ਼ਾਹਰ ਕਰਦੇ ਨੇ ਸੰਸਾਰੀਆਂ ਦੇ ਵਿਚ।

ਤਿਮ ਤਿਮ ਲੋਕ ਸੁ ਦੇਖਨ ਆਵੈਂ॥ ਜਿਉਂ ਜਿਉਂ ਕਲਾ ਪ੍ਰਗਟ ਹੁੰਦੀ ਹੈ, ਜਿਹੜਾ ਦਰਸ਼ਨ ਕਰਦਾ ਹੈ ਮਹਿਮਾ ਹੀ ਗਾਉਂਦਾ ਤੁਰਿਆ ਜਾਂਦਾ ਹੈ। ਉਹ ਮਹਿਮਾ ਹੀ ਕਰਦਾ ਫਿਰਦਾ ਹੈ ਦੁਨੀਆਂ ਦੇ ਵਿਚ, ਤਿਉਂ ਤਿਉਂ ਲੋਕਾਂ ਨੂੰ ਖਿੱਚ ਪੈਂਦੀ ਹੈ ਦਰਸ਼ਨ ਕਰੀਏ ਚਲਕੇ। ਤਿਉਂ ਤਿਉਂ ਜੱਥੇ ਬੰਨ੍ਹ ਕੇ ਦਰਸ਼ਨਾਂ ਨੂੰ ਆਉਂਦੇ ਨੇ ਲੋਕ।

ਜੋ ਚਿਤ ਚਿਤਵੈ ਸੋਊ ਸੁਨਾਏ॥ ਜਦੋਂ ਸਤਿਗੁਰੂ ਬਚਨ ਬਿਲਾਸ ਕਰਦੇ ਨੇ, ਜੋ ਮਨ ਵਿਚ ਅਭਿਲਾਖਾ ਲਿਆਉਂਦੇ ਨੇ ਮੇਰੀ ਇਸ ਗੱਲ ਦਾ ਨਿਰਣਾ ਹੋ ਜਾਏ, ਤੇ ਸਤਿਗੁਰੂ ਓਹਦਾ ਵੀ ਨਿਰਣਾ ਕਰ ਦਿੰਦੇ ਨੇ। ਜਿਹੜੀ ਇੱਛਾ ਲੈ ਕੇ ਆਉਂਦਾ ਹੈ ਉਹਦੀ ਵਿਆਖਿਆ ਮਹਾਰਾਜ ਕਰ ਦਿੰਦੇ ਨੇ, ਸੁਨਾ ਦਿੰਦੇ ਨੇ ਉਸਨੂੰ, ਉਹਦੀਆਂ ਸਾਰੀਆਂ ਗੱਲਾਂ ਮਨ ਦੀਆਂ ਦੱਸ ਦਿੰਦੇ ਨੇ।

ਅਗਮ ਨਿਗਮ ਕੀ ਬਾਤ ਬਤਾਏ॥ ੧੬॥ 'ਅਗਮ ਨਿਗਮ' ਜੋ ਹੁਣ ਵਰਤ ਰਹੀ ਜੋ ਅੱਗੇ ਹੋਣ ਵਾਲੀ ਹੈ, ਸਾਰੀ ਵਾਰਤਾ ਦੱਸ ਦਿੰਦੇ ਨੇ। ਤੇਰੇ ਨਾਲ ਭਾਈ ਇਉਂ ਹੋਊਗਾ, ਤੇਰਾ ਪ੍ਰਤਾਪ ਵਧ ਜਾਊਗਾ, ਜਾਂ ਤੇਰੇ ਅੱਗੇ ਕੋਈ ਆਹ ਚੀਜ਼ ਆਉਣ ਵਾਲੀ ਹੈ ਸੰਭਲ ਜਾ ਤੱਕੜਾ ਹੋ, ਨਾਮ ਜਪ ਪ੍ਰਮੇਸ਼ਰ ਦਾ, ਕਹਿੰਦੇ ਅਗਮ ਨਿਗਮ ਦੀਆਂ ਬਾਤਾਂ ਦੱਸ ਦਿੰਦੇ ਨੇ ਆਏ ਨੂੰ। ੧੬।

ਕਾਲੂ ਕੇ ਮਨ ਪੁੱਤਰ ਭਾਇ॥ ਹੁਣ ਕਲਿਆਣ ਚੰਦ ਜੀ ਦੇ ਮਨ ਵਿਚ ਤਾਂ ਪੁੱਤਰ ਹੀ ਭਾਉਂਦਾ ਹੈ। ਉਹਨਾਂ ਨੂੰ ਮੋਹ ਜਾਲ ਵਿਚ ਮਹਾਰਾਜ ਨੇ ਪਾਇਆ ਹੋਇਆ ਹੈ। ਉਹ ਆਖਦਾ ਮੇਰਾ ਪੁੱਤਰ ਹੈ, ਕਲਾਵਾਨ ਹੈ ਚਲੋ ਦਰਸ਼ਨ ਕਰਦੇ ਨੇ ਲੋਕ। ਆਪਾਂ ਇਹਨਾਂ ਨੂੰ ਕਿਰਤ ਵਿਰਤ ਵਿਚ ਲਾਈਏ। ਇਹ ਕਾਰ ਵਿਹਾਰ ਘਰ ਦਾ ਇਹਨੂੰ ਸੌਂਪੀਏ ਸਾਰਾ, ਉਹਨਾਂ ਦੇ ਮਨ ਵਿਚ ਪੁੱਤਰ ਹੀ ਨਜ਼ਰ ਆਉਂਦਾ ਹੈ। ਇਉਂ ਕਰਕੇ ਆਪੋ ਆਪਣੀ ਦ੍ਰਿਸ਼ਟੀ ਨਾਲ ਸਾਰੇ ਦੇਖਦੇ ਨੇ।

ਚਹੈ ਕਰਾਈ ਕਾਰ ਉਨ ਪਾਹਿ॥ ਚਾਹੁੰਦੇ ਨੇ ਘਰ ਦੀ ਕੋਈ ਕਾਰ ਕਰਾਈਏ। ਇਹਨਾਂ ਨੂੰ ਵਿਹਾਰ ਕਰਮ ਤੇ ਲਾਈਏ। ਕੋਈ ਕੰਮ ਕਰਨ ਜਾਂ ਹੋਰ ਕੋਈ ਸੌਦਾ ਜਾਂ ਸੁਦਾਗਰੀ ਆਦਿ।

ਆਗਜਾ ਪਿਤ ਕੀ ਮੋੜੈਂ ਨਾਂਹੀ॥ ਸਤਿਗੁਰੂ ਸੱਚੇ ਪਾਤਸ਼ਾਹ ਆਪਨੇ ਪਿਤਾ ਦੀ ਆਗਿਆ ਨਹੀਂ ਮੋੜਦੇ। ਜਿਵੇਂ ਉਹ ਹੁਕਮ ਕਰਦੇ ਨੇ ਉਸੇ ਕੰਮ 'ਤੇ ਲੱਗ ਜਾਂਦੇ ਨੇ। ਜੇ ਉਹਨਾਂ ਨੇ ਪਸ਼ੂ ਚਾਰਨ ਤੇ ਲਾਇਆ ਪਸ਼ੂਆਂ ਮਗਰ ਲੱਗ ਗਏ। ਭਾਵ ਜਿਹੋ ਜਿਹਾ ਹੁਕਮ ਕਰਦੇ ਨੇ ਉਹਦੀ ਪਾਲਣਾ ਕਰਦੇ ਹਨ।

ਜਿਤ ਵਲ ਤੋਰੈਂ ਤਿਤ ਵਲ ਜਾਹੀਂ॥ ੧੭॥ ਜਿਧਰ ਨੂੰ ਤੋਰਦੇ ਨੇ ਪਿਤਾ ਜੀ ਉਸ ਪਾਸੇ ਤੁਰ ਜਾਂਦੇ ਨੇ ਉਸੇ ਕਾਰਜ ਵਾਸਤੇ। ੧੭।

ਸਤਿਨਾਮ ਜਪ ਮੁਖ ਤੇ ਕਰੈਂ॥ (ਸਤਿਨਾਮ) ਸਤਿ ਦਾ ਅਰਥ ਹੈ ਸੱਚ, ਸੱਚਾ ਨਾਮ ਵਾਹਿਗੁਰੂ ਹੈ, ਆਪਣੇ ਮੁਖਾਰ ਤੋਂ ਵਾਹਿਗੁਰੂ, ਵਾਹਿਗੁਰੂ, ਸਤਿਨਾਮ ਵਾਹਿਗੁਰੂ ਦਾ ਜਾਪ ਕਰਦੇ ਨੇ।

ਕਰਤਾ ਪੁਰਖ ਕਹਿ ਬਚਨ ਉਚਰੈਂ॥ ੧ਓ ਸਤਿਨਾਮ ਕਰਤਾ ਪੁਰਖ ਕਹਿ ਕੇ, ਬਚਨ ਉਚਰਦੇ। ਸੋ ਗੁਰੂ ਨਾਨਕ ਸਾਹਿਬ ਸੱਚੇ ਪਾਤਸ਼ਾਹ ਇਹਨਾਂ ਨੂੰ ਹੁਕਮ ਹੈ ਜਾ ਕੇ ਮੇਰਾ ਨਾਮ ਦਰਸਾਉ ਸੰਸਾਰ ਦੇ ਉਤੇ। ਉਹ ਦਸਦੇ ਨੇ ਆ ਕੇ ੧ਓ ਸਤਿਨਾਮ ਜਿਹਦਾ ਨਾਮ ਸੱਚਾ ਹੈ ਕਰਤਾ ਪੁਰਖ ਹੈ ਉਹ, ਉਹ ਕਰਤਾ ਪੁਰਖ, ਖਾਲਸਾ ਜੀ ਦੇਖੋ ਮਹਾਰਾਜ ਤਾਂ 'ਨਿਰਭਉ' 'ਨਿਰਵੈਰ' ਹੈ ਜਿਹੜਾ ਇਸ ਨਾਮ ਨੂੰ ਸਿਮਰਦਾ ਹੈ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਉਸਦਾ ਜੂਨੀਆਂ ਤੋਂ ਛੁਟਕਾਰਾ ਹੁੰਦਾ ਹੈ ਮੁਕਤੀਆਂ ਪਾ ਲੈਂਦਾ ਹੈ। ਉਸ 'ਤੇ ਕ੍ਰਿਪਾ ਦ੍ਰਿਸ਼ਟੀ ਹੁੰਦੀ ਹੈ ਨਾਮ ਦੀ। ਇਹ ਲੋਕਾਂ ਵਿਚ ਪ੍ਰਚਾਰ ਕਰਦੇ ਨੇ, ਸਭ ਦੁਨੀਆਂ ਨੂੰ ਇਸ ਤਰ੍ਹਾਂ ਸ਼ਬਦ ਕਹਿੰਦੇ ਨੇ। ਇਹ ਸ਼ਬਦ ਜਪਾਉਂਦੇ ਨੇ ਲੋਕਾਂ ਨੂੰ।

ਯਹੀ ਉਪਦੇਸ਼ ਸਭ ਬਾਲਨ ਦੇਵੈਂ॥ ਜਿਹੜੇ ਬੱਚੇ ਨਾਲ ਦੇ ਖੇਡਦੇ ਨੇ ਸਾਰਿਆਂ ਨੂੰ ਇਹੋ ਉਪਦੇਸ਼ ੧ਓ ਸਤਿਨਾਮ ਕਰਤਾ ਪੁਰਖ, ੧ਓ ਸਤਿਨਾਮ ਕਰਤਾ ਪੁਰਖ ਇਹ ਪਹਿਲਾਂ ਸੁਣਾਉਂਦੇ ਨੇ ਅਤੇ ਉਹਨਾਂ ਨੂੰ ਕਹਿੰਦੇ ਨੇ ਬਹਿ ਕੇ ਜਪੋ।

ਪੰਗਤਾਂ ਬਹਾ ਲੈਂਦੇ ਨੇ ਬੱਚਿਆਂ ਦੀਆਂ ਸਾਥੀਆਂ ਦੀਆਂ ਇਹ ਖੇਡਾਂ ਖੇਡਦੇ ਨੇ। ਜਿਵੇਂ ਬੱਚੇ ਘੱਟਾ ਮਿੱਟੀ ਨਾਲ ਖੇਡਦੇ ਨੇ, ਸਤਿਗੁਰੂ ਸੱਚੇ ਪਾਤਸ਼ਾਹ ਸੱਚੀ ਖੇਡ ਖੇਡਦੇ ਨੇ। ਸੱਚੇ ਨਾਮ ਦਾ ਵਪਾਰ ਕਰਦੇ, ਸੱਚੇ ਨਾਮ ਦਾ ਉਪਦੇਸ਼ ਕਰਦੇ। ਬਾਲਕਾਂ ਨੂੰ ਖੇਡਣ ਸਮੇਂ ਵੀ ਸੱਚਾ ਨਾਮ ਦ੍ਰਿੜ੍ਹਾਉਂਦੇ ਨੇ। ਇਉਂ ਸਤਿਗੁਰਾਂ ਦਾ ਆਦਿ ਤੋਂ ਲੈ ਕੇ ਚਲਿਆ ਕਰਮ ਹੈ। ਇਸ ਕਰਮ ਦੇ ਵਿਚ ਸਤਿਗੁਰੂ ਪ੍ਰਵਿਰਤ ਰਹਿੰਦੇ ਨੇ।

ਸਤਿ ਕਰਤਾਰ ਉਨ ਮੁਖੋਂ ਕਹੇਵੈਂ॥ ੧੮॥ ਅਤੇ ਬਚਨ ਜਿਵੇਂ ਮਿਲਦੇ ਹਾਂ ਆਪਾਂ ਆਪਸ ਵਿਚੀਂ, ਗੁਰਮੁਖੋ ਮੇਰਾ ਜਨਮ ਇਲਾਕਾ ਉਹੀ ਹੈ। ਮੇਰਾ ਵੀ ਜਨਮ ਉਸ ਇਲਾਕੇ ਵਿਚ ਹੈ। ਸਾਡੇ ਇਸ ਤਰ੍ਹਾਂ ਹੀ ਲੋਕੀਂ ਕਹਿੰਦੇ ਨੇ ਆਪਸ ਵਿਚੀਂ ਸਤਿ ਕਰਤਾਰ। ਉਹ ਕਹਿੰਦਾ ਸਤਿਕਰਤਾਰ ਜੀ ਸਤਿਕਰਤਾਰ, ਪੈਰੀਂ ਪਉਨਾ ਜੀ ਪੈਰੀਂ ਪਉਨਾ, ਸਤਿਗੁਰ ਦੇ ਘਰ ਦੇ ਇਹ ਸਾਰੇ ਉਪਦੇਸ਼ ਨੇ ਪੈਰੀਂ ਪਉਨਾ ਕਹਿਕੇ ਆਮ ਗ੍ਰਹਿਸਤੀ ਲੋਕ ਜਦੋਂ ਮਾਤਾ ਪਿਤਾ ਨੂੰ ਆਪ ਦੇ ਵੱਡਿਆਂ ਨੂੰ ਮਿਲਦੇ, ਜਾਂ ਬਰਾਬਰ ਦੇ ਮਿਲਦੇ ਤਾਂ ਇਹ ਸ਼ਬਦ ਉਚਾਰਦੇ ਹਨ। ਉਹਨੇ ਕਿਹਾ ਪੈਰੀ ਪਉਨਾ ਜੀ ਉਹਨੇ ਕਿਹਾ ਪੈਰੀਂ ਪਉਨਾ। ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਜਦੋਂ ਆ ਕੇ ਉਪਦੇਸ਼ ਦਿੱਤਾ ਉਦੋਂ ''ਸਤਿ ਕਰਤਾਰ ਸਤਿ ਕਰਤਾਰ'' ਇਹ ਉਪਦੇਸ਼ ਦਿੱਤਾ ਹੈ। ਕਰਤਾਰ ਸੱਚਾ ਹੈ ਕਰਤਾ ਪੁਰਖ ਸੱਚਾ ਹੈ। ਵਾਹਿਗੁਰੂ ਸੱਚਾ ਹੈ, ਜਿਵੇਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ ਅੰਮ੍ਰਿਤ ਧਾਰੀ ਗੁਰਸਿੱਖਾਂ ਨੂੰ ਫਤਹਿ ਮਿਲੀ ਹੈ ਗੁਰੂ ਨਾਨਕ ਦੇ ਘਰ ਵਿਚੋਂ ਇਸੇ ਤਰ੍ਹਾਂ ਹੀ ਉਦੋਂ ਸਤਿ ਕਰਤਾਰ ਦਾ ਸ਼ਬਦ ਸੀ ''ਸਤਿ ਕਰਤਾਰ ਸਤਿ ਕਰਤਾਰ ਜਪਦੇ ਸੀ। ਉਹਨਾਂ ਦੇ ਮੁਖੋਂ ਸਤਿ ਕਰਤਾਰ ਕਹਾਉਂਦੇ ਸਨ''। ੧੮।

ਦੋਹਰਾ॥ ਕੀਯੋ ਤੰਤਾਰੋ ਕਾਨਿਨਿਨਿ, ਮਰਦਾਨੈ ਦੀਯੋ ਫੜਾਇ॥ ਬਾਲਕ ਰੂਪ ਵਿਚ ਖੇਲਾਂ ਖੇਲਦੇ ਹਨ ਕਾਨੇ ਲੈ ਕੇ ਕਾਨੇ ਛਿਲਕੇ ਦੁਤਾਰਾ ਬਣਾ ਲਿਆ ਕਾਨਿਆਂ ਦੀ ਛਿਲ ਦਾ ਹੀ ਬੰਨ੍ਹ ਲਿਆ ਜਿਵੇਂ ਤਾਰ ਬੰਨ੍ਹੀ ਦੀ ਹੈ। ਇਹ ਮਰਦਾਨਾ ਵੀ ਬਚਪਨ ਦਾ ਸਾਥੀ ਨਾਲ ਹੀ ਖੇਡਦਾ ਸੀ। ਮਰਦਾਨੇ ਨੂੰ ਫੜਾ ਦਿੱਤਾ ਲੈ ਤੂੰ ਇਹ ਬਜਾਇਆ ਕਰ। ਮਰਾਸੀ ਹੈ ਸੀ ਲੈ ਬਜਾ ਤੂੰ ਦੁਤਾਰਾ ਕਾਨਿਆਂ ਦਾ ਬਣਾ ਕੇ।

ਬਜਾਇ ਸਬਦ ਬਹਿ ਗਾਵਈ, ਸਭ ਬਾਲਨ ਸਾਥ ਰਲਾਇ॥ ੧੯॥ ਉਹ ਬਜਾਉਂਦਾ ਹੈ ਮਰਦਾਨਾ ਸਤਿਗੁਰੂ ਸ਼ਬਦ ਗਾਉਂਦੇ ਨੇ। ਸਭ ਬਾਲਕਾਂ ਨੂੰ ਬਿਠਾ ਕੇ ਜੋਟੀਆਂ ਦੇ ਸ਼ਬਦ ਉਧਰੋ ਉਧਰੀ ਆਹਮੋ ਸਾਹਮਣੇ, ਇਕ ਤੁਕ ਪਾਤਸ਼ਾਹ ਬੁਲਾਉਂਦੇ ਨੇ ਦੂਜੀ ਤੁਕ ਸਾਰੇ ਬੱਚੇ ਬੁਲਾਉਂਦੇ ਨੇ। ਇਉਂ ਸ਼ਬਦ ਕੀਰਤਨ ਕਰਦੇ ਨੇ। ੧੯।

ਚੌਪਈ॥ ਜੇ ਸਭ ਬਾਲਨ ਕਥਾ ਲਿਖਾਈਂ॥ ਭਾਈ ਸਾਹਿਬ ਜੀ ਕਹਿੰਦੇ ਨੇ ਖਾਲਸਾ ਜੀ! ਹੇ ਸਾਧ ਸੰਗਤ! ਜੇ ਮੈਂ ਬਾਲਕ ਰੂਪ ਦੀ ਸਾਰੀ ਕਥਾ ਲਿਖਾਵਾਂ ਇਸ ਇਤਿਹਾਸ ਦੀ।

ਬਢੈ ਗ੍ਰੰਥ ਬਡ ਅੰਤ ਨ ਪਾਈਂ॥ ਇਹ ਗ੍ਰੰਥ ਬੜਾ ਵੱਡਾ ਹੋ ਜਾਏਗਾ। ਜੋ ਜੋ ਚੋਜ ਕੀਤੇ ਨੇ ਪਾਤਸ਼ਾਹ ਨੇ ਅੰਤ ਸ਼ੁਮਾਰ ਨਹੀਂ ਆਉਣਾ ਇਹਦਾ ਫਿਰ। ਵੱਡਾ ਗ੍ਰੰਥ ਬਣ ਜਾਇਗਾ, ਇਹ ਸਾਰੀਆਂ ਖੇਲਾਂ ਖੇਲ੍ਹਣ ਦਾ ਹੀ।

ਯਾਂ ਤੇ ਮੈਂ ਅਬ ਸੁਚ ਸੋਂ ਕਹੋਂ॥ ਇਸ ਵਾਸਤੇ ਮੈਂ ਸੂਖਛਮ ਰੂਪ ਵਿਚ ਸੂਚੀ ਪੱਤਰ ਹੀ ਲਿਖਦਾ ਹਾਂ। ਮੈਂ ਬਹੁਤ ਸੰਕੋਚ ਕਰਕੇ ਇਸ ਨੂੰ ਲਿਖਾਉਣਾ ਕਰ ਰਿਹਾ ਹਾਂ।

ਬੀਜ ਮਾਤ੍ਰ ਕੁਛ ਲਿਖਿਓ ਚਹੋਂ॥ ੨੦॥ ਬੀਜ ਮਾਤ੍ਰ ਕੁਛ ਨਾ ਕੁਛ ਤਾਂ ਲਿਖਣਾ ਪੈਣਾ ਹੀ ਹੈ। ਇਸ ਵਾਸਤੇ ਬਿਲਕੁਲ ਬੀਜ ਮਾਤ੍ਰ। ਜਿਵੇਂ ਬੀਜ ਬੀਜੀਏ ਇਕ ਦਾਣੇ ਤੋਂ ਕਿੰਨੇ ਦਾਣੇ ਪੈਦਾ ਹੁੰਦੇ ਨੇ। ਇਸ ਕਰਕੇ ਜਿਵੇਂ ਬੀਜ ਪਾਈਦਾ ਖੇਤ ਵਿਚ ਉਨਾਂ ਕੁ ਹੀ ਮੈਂ ਲਿਖਾ ਰਿਹਾ ਹਾਂ ਥੋੜ੍ਹਾ ਥੋੜ੍ਹਾ। ੨੦।

ਜਿਮ ਬਾਲਨ ਸੋਂ ਖੇਡ ਖਿਡਾਈ॥ ਜਿਸ ਤਰ੍ਹਾਂ ਸਤਿਗੁਰਾਂ ਨੇ ਬਾਲਾਂ ਨਾਲ ਖੇਡਾਂ ਖੇਡੀਆਂ ਨੇ ਜਦੋਂ ਉਸ ਸਮੇਂ ਦੀ ਰਚਨਾ ਖੇਲ੍ਹ ਦੀ।

ਖੇਤੀ ਉਜਾੜੀ ਫੇਰ ਜਮਾਈ॥ ਦੇਖ ਲਉ ਮਹੀਆਂ ਚਾਰਨ ਗਏ ਸਤਿਗੁਰੂ ਜੇ ਹੁਣ ਕਥਾ ਵਿਸਥਾਰ ਨਾਲ ਕਹੀਏ ਤਾਂ ਕਿੰਨਾਂ

ਸ਼ਬਦ ਦੂਰ ਤਾਈਂ ਬਣ ਜਾਂਦਾ ਹੈ। ਕਿਵੇਂ ਮਹੀਆਂ ਮਗਰ ਲੱਗੇ? ਕਿਵੇਂ ਖੇਤੀ ਉਜਾੜ ਦਿੱਤੀ? ਅਤੇ ਜ਼ਿੰਮੀਦਾਰ ਨੇ ਜਾ ਕੇ ਰਿਪੋਟ ਕੀਤੀ ਰਾਇ ਬੁਲਾਰ ਕੋਲ ਮੇਰੀ ਤਾਂ ਜੀ ਖੇਤੀ ਉਜਾੜ ਦਿੱਤੀ ਕਾਲੂ ਦੇ ਪੁੱਤਰ ਨੇ ਚੱਲ ਕੇ ਵੇਖੋ। ਗੁਰੂ ਨਾਨਕ ਪਾਤਸ਼ਾਹ ਜੀ ਬੇਪਰਵਾਹ ਸਨ, ਉਹਨਾਂ ਦੇ ਤਾਂ ਹੁਕਮ ਅੰਦਰ ਸਭ ਕੁਝ ਹੋ ਰਿਹਾ ਸੀ। ਇਹ ਜ਼ਿੰਮੀਦਾਰ ਨੇ ਕਚਹਿਰੀ ਵਿਚ ਆ ਕੇ ਰੌਲਾ ਪਾਇਆ ਕਿ ਮੇਰੀ ਖੇਤੀ ਉਜਾੜ ਦਿੱਤੀ ਮੱਝਾਂ ਛੱਡ ਕੇ ਚੱਲ ਕੇ ਦੇਖੋ। ਮੇਰੀ ਸਾਰੀ ਕਣਕ ਉਜਾੜ ਦਿੱਤੀ ਤਾਂ ਰਾਇ ਬੁਲਾਰ ਆਪ ਗਿਆ ਉਠ ਕੇ ਤਖਤ ਤੋਂ ਚੱਲੋ ਦੇਖੀਏ। ਤੇ ਉਦੋਂ ਸਾਦਾ ਸਮਾਂ ਸੀ, ਸਾਦੇ ਰਾਜੇ ਹੁੰਦੇ ਸਨ। ਇਸ ਕਰਕੇ ਰਾਇ ਬੁਲਾਰ ਤੁਰ ਪਿਆ। ਜਾ ਕੇ ਦੇਖਿਆ ਕਿਤੇ ਵਾੜ ਨਹੀਂ ਟੁੱਟੀ ਹੋਈ। ਕਿਤੇ ਇਕ ਸਿੱਟਾ ਨਹੀਂ ਭੁਰਿਆ ਹੋਇਆ। ਖੇਤੀ ਜਿਉਂ ਕੀ ਤਿਉਂ ਐਨ ਖੜ੍ਹੀ ਸੀ ਹਰੀ ਭਰੀ। ਜਾ ਕੇ ਉਥੇ ਝੂਠਾ ਹੋ ਗਿਆ ਜ਼ਿੰਮੀਦਾਰ। ਕਹਿੰਦਾ ਦੱਸ ਤੇਰੀ ਕਿਹੜੀ ਉਜਾੜੀ ਖੇਤੀ? ਝੂਠੇ ਲਾਂਭੇ ਲਾ ਰਿਹਾ ਹੈ ਤੂੰ ਖ਼ਬਰਦਾਰ ਹੋ ਜਾ! ਹਾਕਮ ਰਾਇ ਬੁਲਾਰ ਨੇ ਤਾੜ ਦਿੱਤਾ ਉਸਨੂੰ, ਏਸ ਤਰ੍ਹਾਂ ਕਹਿੰਦਾ ਤੂੰ ਲਾਂਭੇ ਲਾਉਣਾ ਗੁਰੂ ਨਾਨਕ ਸਾਹਿਬ ਜੀ ਤੇ। ਇਹ ਤਾਂ ਖ਼ੁਦਾ ਹਨ ਮਾਲਕ ਨੇ ਸੰਸਾਰ ਦੇ। ਇਉਂ ਕਰਕੇ ਭਾਈ ਸਾਹਿਬ ਜੀ ਕਹਿੰਦੇ ਨੇ ਜੇ ਮੈਂ ਸਾਰੀ ਕਥਾ ਲਿਖਾਂ ਇਹਦੇ ਵਿਚ। ਕਿਵੇਂ ਖੇਤੀਆਂ ਉਜਾੜੀਆਂ? ਕਿਵੇਂ ਸੱਪਾਂ ਨੇ ਛਾਵਾਂ ਕੀਤੀਆਂ? ਤਾਂ ਲੰਬਾ ਚੌੜਾ ਇਤਿਹਾਸ ਹੋ ਜਾਏਗਾ।

ਜਿਮ ਬਲਵੰਡ ਸੋਊ ਬਾਬਾ ਦੇਖਾ॥ ਜਿਸ ਤਰ੍ਹਾਂ ਬਲਵੰਡ ਰਾਜੇ ਨੇ ਆਪ ਬਾਬਾ ਜੀ ਨੂੰ ਦੇਖਣਾ ਕੀਤਾ, ਦਰਸ਼ਨ ਕੀਤੇ।

ਛਾਮ ਕਰਤਿ ਸ੍ਰਪੁ ਫੋਨਿ ਸਿਜੋਂ ਪੇਖਾ॥ ੨੧॥ ਸੱਪ ਨੇ ਕਿਵੇਂ ਛਾਯਾ ਕੀਤੀ ਮਹਾਰਾਜ 'ਤੇ, ਕਹਿੰਦੇ ਪਰਛਾਵਾਂ ਢਲ ਗਿਆ, ਮਹਾਰਾਜ ਪਏ ਸਨ ਧੁੱਪ ਆ ਗਈ ਤੇ ਸਰਪ ਨੇ ਆ ਕੇ ਛਾਯਾ ਕਰ ਲਈ ਆਪਣਾ ਫਣ ਤਾਣ ਲਿਆ। ਰਾਇ ਬੁਲਾਰ ਲੰਘ ਰਿਹਾ ਸੀ ਉਹਨੇ ਦੇਖਿਆ ਓਹੋ! ਆਹ ਬਾਲ ਨੂੰ ਤਾਂ ਖਾ ਗਿਆ ਹੋਣਾ। ਐਡਾ ਵੱਡਾ ਸੱਪ ਹੈ, ਜਦ ਦੇਖਿਆ ਉਸਨੇ ਤੇ ਸੱਪ ਅਲੋਪ ਹੋ ਗਿਆ। ਉਹਨੇ ਨਮਸਕਾਰ ਕੀਤੀ, ਧੰਨ ਹੈ ਤੂੰ, ਖ਼ੁਦਾ ਹੈ ਤੂੰ, ਜਾਗਦਾ ਹੈਂ ਜਿਉਂ ਦਾ ਜਿਉਂ ਆਇਆ। ਇਸ ਵਾਸਤੇ ਜਿਹੜੀਆਂ ਅੱਖੀਂ ਉਹਨੇ ਕਰਾਮਾਤਾਂ ਦੇਖੀਆਂ ਸੀ, ਉਸ ਕਰਕੇ ਉਹਨੂੰ ਕੌਣ ਭੁਲਾ ਸਕਦਾ ਸੀ। ਰਾਇ ਬੁਲਾਰ ਇਸ ਕਰਕੇ ਮੁਰੀਦ ਹੋਇਆ ਸੀ। ੨੧।

ਔਰ ਅਚੰਭੇ ਕੇਤੇ ਭਏ॥ ਹੋਰ ਅਨੇਕਾਂ ਪ੍ਰਕਾਰ ਦੇ ਅਚੰਭੇ ਦਿਖਾਉਣਾ ਕੀਤੇ ਪਾਤਸ਼ਾਹ ਨੇ।

ਸੁਨੇ ਰਾਇ ਕਿਛੁ ਅੱਖੀਂ ਦਿਖਏ॥ ਕੁਛ ਤੋ ਰਾਏ ਬੁਲਾਰ ਸ੍ਰਵਣ ਸੁਣੇ ਸੀ ਲੋਕਾਂ ਕੋਲੋਂ ਕਥਾ ਸੁਣੀਆਂ ਸਨ ਤੇ ਕੁਛ ਅੱਖੀਂ ਵੀ ਦੇਖੀਆਂ ਸਨ ਉਸਨੇ।

ਜਿਮ ਕਰ ਰਾਏ ਮਨ ਪਤੀਆਯੋ॥ ਜਿਸ ਕਰਕੇ ਰਾਜੇ ਦਾ ਮਨ ਪ੍ਰਤਿਆਇਆ, ਪ੍ਰਤੀਤ ਆ ਗਈ ਸਤਿਗੁਰਾਂ ਤੇ ਰਾਇ ਬਲਵੰਡ ਨੂੰ।

ਸਦ ਕਰ ਨਾਨਕ ਆਦਰ ਕਰਵਾਯੋ॥ ੨੨॥ ਇਸ ਕਰਕੇ ਆਪਣੇ ਘਰ ਵਿਚ ਸੱਦਿਆ ਗੁਰੂ ਨਾਨਕ ਸਾਹਿਬ ਜੀ ਨੂੰ, ਲਿਜਾ ਕੇ ਆਪਣੇ ਤਖਤ 'ਤੇ ਬਿਠਾ ਦਿੱਤਾ। ਆਪ ਚਰਨਾਂ ਵਿਚ ਬਹਿ ਗਿਆ, ਗੁਰੂ ਨਾਨਕ ਸਾਹਿਬ ਜੀ ਦੇ ਚਰਨ ਆਪਣੇ ਸੀਸ 'ਤੇ ਰੱਖ ਲਏ, ਇਉਂ ਕਰਿਆ ਕਰਦਾ ਜਦੋਂ ਮਹਾਰਾਜ ਆਉਂਦੇ ਖੇਡਕੇ। ੨੨।

ਦੋਹਰਾ॥ ਸਦ ਬਲਵੰਡ ਆਦਰ ਕੀਯੋ, ਪੁਤ੍ਰ ਭੋਏ ਦੀਓ ਸੁ ਪਾਇ॥ ਬਲਵੰਡ ਨੇ ਸੱਦ ਕੇ ਆਦਰ ਕੀਤਾ ਮਹਾਰਾਜ ਜੀ ਦਾ, ਰਾਇ ਭੋਏ ਉਹਦਾ ਪੁੱਤਰ ਸੀ। ਸਤਿਗੁਰਾਂ ਦੇ ਚਰਨਾਂ ਤੇ ਅਰਪਨ ਕਰ ਦਿੱਤਾ। ਇਹ ਤੁਹਾਡੀ ਬਰਕਤ ਹੈ ਤੁਹਾਡੀ ਦਾਤ ਹੈ, ਮਹਾਰਾਜ ਇਹਦੇ ਮਾਲਕ ਤੁਸੀਂ ਹੋ ਮੈਂ ਨਹੀਂ ਹਾਂ।

ਅੰਦਰ ਬਾਹਰ ਸਤਰ ਮਧ, ਨਾਨਕ ਖੇਡੇ ਧਾਇ॥ ੨੩॥ (ਅੰਦਰ) ਘਰ ਵਿਚ ਬਾਹਰ ਸਤਰਾਂ ਵਿਚ, ਮਹਿਲਾਂ ਵਿਚ ਘਰਾਂ ਵਿਚ, ਪਬੰਦੀਆਂ ਹੁੰਦੀਆਂ ਬਾਦਸ਼ਾਹਾਂ ਦੇ ਕੌਣ ਜਾ ਸਕਦਾ ਅੰਦਰ, ਗੁਰੂ ਨਾਨਕ ਸਾਹਿਬ ਜੀ ਨੂੰ ਖੁਲ੍ਹ ਕਰ ਦਿੱਤੀ ਉਸਨੇ ਗੁਰੂ ਨਾਨਕ ਸਾਹਿਬ ਜਿਥੇ ਮਰਜ਼ੀ ਖੇਡਣ, ਕਿਧਰੇ ਫਿਰਨ, ਇਹਨਾਂ ਨੂੰ ਕੋਈ ਨਾ ਰੋਕੇ, ਸਾਰੇ ਘਰ ਵਿਚ

ਹੁਕਮ ਕਰ ਦਿੱਤਾ। ੨੩।

ਸੋਰਠਾ॥ ਪਾਈ ਬਡਾਈ ਰਾਇ, ਪਾਰਸ ਲੋਹ ਤਤਬੀਰ ਛੁਹਿ॥ ਜਿਵੇਂ ਲੋਹੇ ਨਾਲ ਪਾਰਸ ਦੀ ਵੱਟੀ ਛੂਹ ਜਾਵੇ, ਉਸ ਤਰੀਕੇ ਨਾਲ ਸੋਨਾ ਹੋ ਜਾਂਦੀ ਹੈ। 'ਸਰਸ' ਬਾਰਾਂ ਵੰਨੀ ਦਾ ਸੋਨਾ ਬਣ ਜਾਂਦਾ ਹੈ। ਇਸੇ ਤਰ੍ਹਾਂ ਰਾਏ ਨੇ ਚਰਨ ਛੁਹਿ ਮਹਾਰਾਜ ਦੇ, ਏਸ ਦਾ ਵੀ ਪ੍ਰਤਾਪ ਵਧਿਆ, ਇਸਨੂੰ ਵੀ ਬਰਕਤ ਮਿਲੀ।

'ਦਈ ਸੁ ਮਰੀ' ਸੁਨਾਇ ਦਿੱਲੀ ਬਜੀਰੀ ਉਨ ਲੱਭੀ॥ ੨੪॥ ਮੈਂ ਮਰੀ ਕਪਤਾਨ ਨੂੰ ਇਹ ਸਾਰੀ ਸਾਖੀ ਸੁਣਾਈ, ਉਸਨੂੰ ਦਿੱਲੀ ਦੀ ਵਜ਼ੀਰੇ-ਆਜ਼ਮੀ ਜੋ ਹੈ ਵੱਡੀ ਵਜ਼ੀਰੀ ਸਭ ਤੋਂ ਲੱਭੀ, ਉਸਨੂੰ ਮਿਲ ਗਈ। ੨੪।

ਚੌਪਈ॥ਜਬ ਬਾਬਾ ਜੀ ਭਏ ਹੁਸ਼ਿਆਰ॥ ਜਦੋਂ ਬਾਬਾ ਜੀ ਦੀ ਅਵਸਥਾ ਵੱਡੀ ਹੋਈ ਹੁਸ਼ਿਆਰ ਹੋਏ, ਕਾਰਜ ਕਰਨ ਦੇ ਲਾਇਕ ਹੋਏ ਸਾਰੇ।

ਪੜ੍ਹਨ ਬਹਾਏ ਪਾਂਧੇ ਦ੍ਵਾਰ॥ ਪਾਂਧੇ ਕੋਲ ਪੜ੍ਹਨੇ ਭੇਜਿਆ ਮਹਾਰਾਜ ਨੂੰ ਕਿ ਇਹਨਾਂ ਨੂੰ ਵਿਦਿਆ ਪੜ੍ਹਾ ਦੇਈਏ।

ਜਿਮ ਪਾਂਧਾ ਦੀਯੋ ਬਾਬੇ ਪੜ੍ਹਵਾਇ॥ ਤੇ ਬਾਬਾ ਜੀ ਨੇ ਪਾਂਧਾ ਪੜ੍ਹਾ ਦਿੱਤਾ, ਪਾਂਧੇ ਨੂੰ ਝੂਠ ਛੁਡਾ ਕੇ ਅਸਲੀਅਤ ਦੱਸ ਦਿੱਤੀ। ਸੱਚੇ ਮਾਰਗ ਦਾ ਰਸਤਾ ਦਿਖਾ ਦਿੱਤਾ।

ਸੋ ਸਾਖੀ ਦਈ 'ਮਰੀ' ਸੁਨਾਇ॥ ੨੫॥ ਉਹ ਮੈਂ ਸਾਰੀ ਸਾਖੀ ਸੁਣਾਈ ਮਰੀ ਕਪਤਾਨ ਨੂੰ, ਸਾਰਾ ਇਤਿਹਾਸ ਦੱਸਣਾ ਕੀਤਾ ਭਾਈ ਸਾਹਿਬ ਕਹਿੰਦੇ ਹਨ। ੨੫।

ਔਰ ਅਚੰਭੇ ਬਹੁਤ ਦਿਖਾਏ॥ ਹੋਰ ਨਾਨ੍ਹਾ ਪ੍ਰਕਾਰ ਦੇ ਅਚੰਭੇ ਦਿਖਾ ਕੇ ਹੈਰਾਨ ਕੁਨ ਕਰ ਦਿੱਤਾ ਦੁਨੀਆਂ ਨੂੰ।

ਬਢਤ ਗ੍ਰੰਥ ਸਭ ਇਹਾਂ ਲਿਖਾਏ॥ ਇਹ ਗ੍ਰੰਥ ਵੱਧਣ ਤੋਂ ਮੈਂ ਸੰਕੋਚ ਕਰਦਾ ਹਾਂ ਭਾਈ ਸਾਹਿਬ ਜੀ ਕਹਿੰਦੇ ਨੇ, ਜੇ ਮੈਂ ਏਥੇ ਸਾਰੀਆਂ ਉਹ ਸਾਖੀਆਂ ਲਿਖਣ ਲੱਗ ਜਾਵਾਂ ਤਾਂ ਗ੍ਰੰਥ ਦਾ ਵਿਸਤਾਰ ਹੋ ਜਾਏਗਾ।

ਔਰ ਬਾਬੇ ਜਬ ਭਯਾ ਵਿਆਹਿ॥ ਜਦੋਂ ਬਾਬਾ ਜੀ ਦਾ ਵਿਆਹ ਹੋਇਆ ਹੈ ਆ ਕੇ ਅਚਲ ਬਟਾਲੇ।

ਭਏ ਬੇਟੇ ਦੋ ਉਨ ਧਰਜੋ ਨਾਇ॥ ੨੬॥ ਉਹਨਾਂ ਦੇ ਘਰ ਦੋ ਬੇਟੇ ਹੋਏ। ਕਿਉਂਕਿ ਇਹਨਾਂ ਦੇ ਪਿਤਾ ਜੀ ਨੇ ਇਹਨਾਂ ਨੂੰ ਸੁਲਤਾਨ ਪੁਰ ਭੇਜ ਦਿੱਤਾ ਸੀ ਇਹਨਾਂ ਦੇ ਭਣਵਈਏ ਦੇ ਘਰ। ਉਥੋਂ ਹੀ ਇਹਨਾਂ ਦਾ ਵਿਆਹ ਹੋ ਗਿਆ ਸੀ। ਜਿਥੇ ਹੱਟ ਸਾਹਿਬ ਹੈ ਹੱਟ ਕਰਦੇ ਰਹੇ ਸੁਲਤਾਨ ਪੁਰ ਵਿਚ। ਸੋ ਦੋ ਪੁੱਤਰ ਹੋਏ। ਉਹਨਾਂ ਪੁੱਤਰਾਂ ਦੇ ਨਾਮ ਵੀ ਏਥੇ ਰੱਖੇ ਗਏ। ਬਾਬਾ ਸ੍ਰੀ ਚੰਦ ਲਖਮੀ ਦਾਸ ਜੀ। ੨੬।

ਕਾਲੂ ਹੱਟ ਕਰਾਈ ਲੋੜੈ॥ ਹੁਣ ਕਾਲੂ ਚਾਹੁੰਦਾ ਇਹਨਾਂ ਨੂੰ ਕੋਈ ਦੁਕਾਨ ਪਾ ਕੇ ਦੇਈਏ। ਕਿਉਂਕਿ ਖੱਤ੍ਰੀ ਸਨ ਇਸ ਕਰਕੇ ਇਹ ਦੁਕਾਨ ਹੀ ਕਰਨ।

ਖਟ ਕਰ ਖਾਈਐ ਦ੍ਰਬ ਬਹੁ ਜੋੜੈ॥ ਖਟ ਕੇ ਖਾਈਏ ਤੇ ਧਨ ਜੋੜੇ ਇਕੱਠਾ ਕਰੇ ਧਨ ਬਹੁਤਾ।

ਸੋ ਬਾਬਾ ਉਸ ਪੜੈ ਨ ਰਾਹਿ॥ ਬਾਬਾ ਜੀ ਉਸ ਰਾਹ ਹੀ ਨਹੀਂ ਪੈਂਦੇ, ਹਿਸਾਬ ਕਿਤਾਬ ਵਿਚ ਆਉਂਦੇ ਹੀ ਨਹੀਂ, ਏਸ ਪਾਸੇ ਖਿਆਲ ਹੀ ਨਹੀਂ ਕਰਦੇ ਹਨ।

ਮਾਤ ਪਿਤਾ ਕਰੇ ਬਾਬੇ ਅਕਾਹਿ॥ ੨੭॥ ਬਾਬੇ ਨੂੰ ਮਾਤਾ ਪਿਤਾ ਹਟਾਉਂਦੇ ਹਨ ਤੂੰ ਕਰ ਕੋਈ ਦੁਕਾਨ, ਇਹ ਵੇਹਲਿਆਂ ਕਿਸ ਤਰ੍ਹਾਂ ਸਰੇਗਾ। ਜਿਸ ਤਰ੍ਹਾਂ ਭਾਈ ਅੱਜ ਕੱਲ੍ਹ ਵੀ ਬੱਚਿਆਂ ਨੂੰ ਉਹਨਾਂ ਦੇ ਮਾਂ ਬਾਪ ਜਿਹੜੇ ਨੇ ਕਾਰ ਵਿਹਾਰ 'ਤੇ ਲਾਉਣ ਵਾਸਤੇ ਕਈ ਕੁਛ ਕਹਿੰਦੇ ਹਨ ਕਿ ਕੁਛ ਕਰਿਆ ਕਰ ਤੂੰ ਨਿਖੱਟੂ ਬੈਠਾ ਹੈ, ਇਸ ਤਰ੍ਹਾਂ ਬਾਬੇ ਨੂੰ ਵੀ ਕਈ ਤਰ੍ਹਾਂ ਦੇ ਬਚਨ ਵੱਧ ਘੱਟ ਬੋਲਦੇ ਸਨ। ੨੭।

ਬਾਬਾ ਬੇਪਰਵਾਹੀ ਕਰੈ॥ ਬਾਬਾ ਬੇਪ੍ਰਵਾਹੀ ਕਰਦਾ ਹੈ, ਸੁਣੀ ਅਣਸੁਣੀ ਕਰ ਦਿੰਦਾ ਹੈ। ਕੋਈ ਧਿਆਨ ਨਹੀਂ ਦਿੰਦਾ ਇਹਨਾਂ ਦੀ ਗੱਲ ਵੱਲ।

ਫੜ ਰਬਾਬ ਸਬਦ ਉਚਰੈ॥ ਉਹ ਰਬਾਬ ਫੜ ਕੇ ਸ਼ਬਦ ਉਚਾਰਨ ਕਰਨ ਲੱਗ ਪੈਂਦੇ ਹਨ, ਕੀਰਤਨ ਕਰਨ ਲੱਗ ਜਾਂਦੇ ਹਨ।

ਸਾਥ ਕਰੈ ਮਰਦਾਨੈ ਪਰਚਾਵਾ॥ ਇਹ ਮਰਦਾਨਾ ਜੋ ਹੈ ਗੁਰੂ ਘਰ ਦਾ ਮਰਾਸੀ ਸੀ। ਇਸ ਨੂੰ ਮਾਤਾ ਪਿਤਾ ਨੇ ਨਾਲ ਤੋਰਿਆ ਹੋਇਆ ਹੈ। ਮਨ ਪਰਚਾਵਾ ਉਹਦੇ ਨਾਲ ਕਰਦੇ ਹਨ, ਸਖਾਈ ਮਿਤ੍ਰ ਹੈ ਇਹਨਾਂ ਦਾ ਸੇਵਕ ਹੈ।

ਲੈਣ ਦੇਣ ਕੁਛ ਰਖੈ ਨ ਦਾਵਾ॥ ੨੮॥ ਲੈਣ ਦੇਣ ਦਾ ਕੋਈ ਦਾਵਾ ਨਹੀਂ ਹੈ। ਕੋਈ ਲੈ ਜਾਏ ਕੋਈ ਦੇ ਜਾਏ ਕੋਈ ਪ੍ਰਵਾਹ ਨਹੀਂ ਕਿਸੇ ਚੀਜ਼ ਦੀ। ੨੮।

ਮੋਦੀ ਖਾਨਾ ਤੇ ਵੇਈਂ ਪ੍ਰਵੇਸ਼

ਦੋਹਰਾ॥ ਕਹੈ ਦਿਵਾਨਾ ਹ੍ਵੈ ਗਯੋ, ਸੁਨ ਆਯੋ ਜੈ ਰਾਮ॥ ਜੱਦ ਇਹ ਦਸ਼ਾ ਦੇਖੀ ਬਾਬਾ ਸੁਣਦਾ ਨਹੀਂ ਕਿਸੇ ਦੀ ਗਿਣਦਾ ਨਹੀਂ। ਤਾਂ ਦੁਨੀਆਂ ਵਾਲ਼ੇ ਲੋਕ ਕਹਿੰਦੇ ਨੇ 'ਦਿਵਾਨਾ' ਹੋ ਗਿਆ। ਦਿਵਾਨਾ ਕਹਿੰਦੇ ਨੇ ਮਸਤਾਨੇ ਨੂੰ, ਮਸਤਾਨਾ ਕਹਿੰਦੇਂ ਨੇ ਸ਼ੁਦਾਈ ਨੂੰ, ਉਹ ਤਾਂ ਅਕਲ ਬੁਧੀ ਜਿਹੜੀ ਥੋ ਬੈਠੇ ਨੇ, ਇਹਨਾਂ ਨੂੰ ਤਾਂ ਹੁਣ ਕੋਈ ਹੋਸ਼ ਨਹੀਂ ਹੈ। ਇਉਂ ਕਰਕੇ ਦਿਵਾਨਾ ਕਹਿਣ ਲੱਗ ਪਏ ਲੋਕ, ਜੈ ਰਾਮ ਜੀ, ਇਹਨਾਂ ਦੇ ਜੋ ਭਣਵਈਏ ਸਨ, ਬੇਬੇ ਨਾਨਕੀ ਦੇ ਜੋ ਘਰ ਵਾਲੇ ਸਨ, ਇਹ ਗੱਲ ਸੁਣ ਕੇ ਜੈ ਰਾਮ ਜੀ ਆਏ। ਇਹ ਕੀ ਗੱਲ ਹੋਈ? ਕਿਸ ਤਰ੍ਹਾਂ ਦਿਵਾਨੇ ਹੋ ਗਏ? ਕਿਸ ਤਰ੍ਹਾਂ ਮਸਤਾਨੇ ਹੋ ਗਏ ਨੇ?

ਹੁਤੋ ਬਹਣੋਊ ਸਤਿਗੁਰਹਿ, ਸੁਲਤਾਨ ਪੁਰੇ ਜਿਸ ਧਾਮ॥ ੨੯॥ ਇਹ ਸਤਿਗੁਰਾਂ ਦੇ ਭਣੋਈਏ ਸਨ ਸੁਲਤਾਨ ਪੁਰ ਦੇ ਰਹਿਣ ਵਾਲੇ। ਇਹ ਦੌਲਤ ਖਾਂ ਦੇ ਵਜ਼ੀਰ ਸਨ। ਇਹ ਹਾਕਮ ਸੀ ਦੌਲਤ ਖਾਂ ਏਥੋਂ ਦਾ। ੨੯।

ਚੌਪਈ॥ ਸੁਲਤਾਨ ਪੁਰੈ ਹੁਤੋ ਮੁਲਕ ਉਮਰਾਊ॥ ਉਮਰਾਓ ਦਾ ਮੁਲਕ ਸੀ ਭਾਵ ਮੁਗਲਾਂ ਵਲੋਂ ਇਹ ਥਾਪੇ ਹੋਏ ਸਨ। ਏਥੇ ਬੜਾ ਵੱਡਾ ਵਿਦਿਆਲਾ ਹੁੰਦਾ ਸੀ, ਔਰੰਗਜ਼ੇਬ ਏਥੇ ਈ ਪੜ੍ਹਿਆ ਸੀ ਸੁਲਤਾਨਪੁਰ ਤੋਂ ਹੋਰ ਬੜੇ ਹਾਕਮ ਸਨ। ਏਥੇ ਅਰਬੀ ਫਾਰਸੀ ਦਾ ਪਸਾਰ ਸੀ। ਬੜੇ ਬੜੇ ਸਕੂਲ ਸਨ ਇਸ ਕਰ ਕੇ ਗੁਰੂ ਨਾਨਕ ਸਾਹਿਬ ਜੀ ਏਥੇ ਆ ਗਏ। ਫੌਜਦਾਰ ਸੀ ਇਹ ਇਲਾਕਾ ਇੰਤਜ਼ਾਮ ਕਰਨ ਵਾਸਤੇ ਫੌਜ ਬੈਠੀ ਹੋਈ ਸੀ। ਉਹਨਾਂ ਸਾਰਿਆਂ ਦਾ ਪ੍ਰਬੰਧ ਦੌਲਤ ਖਾਂ ਕਰਦਾ ਹੁੰਦਾ ਸੀ।

ਦੌਲਤ ਖਾਨ ਨਾਮ ਕਹੈ ਤਾਹੂ॥ ਦੌਲਤ ਖਾਨ ਨਾਮ ਸੀ ਉਸਦਾ।

ਤਿਸੈ ਨਵਾਬ ਸੋਂ ਦਿਯੋ ਮਿਲਾਇ॥ ਜੈ ਰਾਮ ਜੀ ਨੇ ਨਵਾਬ ਦੌਲਤ ਖਾਨ ਦੇ ਨਾਲ ਗੁਰੂ ਨਾਨਕ ਸਾਹਿਬ ਜੀ ਦਾ ਮੇਲ ਕਰਵਾਇਆ।

ਮੋਦੀ ਖਾਨੋਂ ਉਸ ਦਯੋ ਸੌਂਪਾਇ॥ ੩੦॥ ਉਹਨਾਂ ਦੱਸਿਆ ਮੇਰਾ ਰਿਸ਼ਤੇਦਾਰ ਹੈ। ਇਹਨਾਂ ਨੂੰ ਤੁਸੀਂ ਮੋਦੀ ਖਾਨਾ ਜੋ ਫੌਜ ਨੂੰ ਰਸਤ-ਬਸਤ ਦੇਣੀ ਜਾਂ ਹੋਰ ਵੀ ਦੁਨੀਆਂ ਵਾਲੇ ਰਸਤ ਏਥੋਂ ਲੈਣ, ਸਰਕਾਰੀ ਹੱਟ ਜੋ ਹੁੰਦੀ ਹੈ ਉਹ ਠੇਕੇ ਤੇ ਚੜ੍ਹ ਜਾਂਦੀ ਹੈ। ਉਹ ਲੈਣ ਦੇਣ ਉਹਨਾਂ ਦਾ ਕਰਦੇ ਸੀ ਪਹਿਲੇ ਤੋਂ ਚਲਿਆ ਆਉਂਦਾ ਕਾਰਜ। ਉਹ ਜੋ ਮੋਦੀ ਖਾਨਾ ਜਿਹੜਾ ਸੀ ਬਾਬਾ ਨਾਨਕ ਜੀ ਨੂੰ ਸੌਂਪ ਦੇਣਾ ਕੀਤਾ ਆਪਣੀ ਵੱਲੋਂ। ੩੦।

ਸਭ ਉਸ ਕੀ ਜੋ ਕਥਾ ਕਥੱਯੈ॥ ਭਾਈ ਸਾਹਿਬ ਜੀ ਕਹਿੰਦੇ ਨੇ ਜੋ ਮੋਦੀ ਖਾਨਾ ਉਹਨਾਂ ਨੇ ਕੀਤਾ ਤੇ ਚਲਾਇਆ, ਦੁਨੀਆਂ ਨੂੰ ਤੇਰਾਂ ਤੇਰਾਂ ਦੇ ਹਿਸਾਬ ਨਾਲ ਤੋਲ ਤੋਲ ਕੇ ਨਿਹਾਲ ਕਰਦੇ ਤੁਰੇ ਗਏ। ਜੇ ਸਾਰੀ ਕਥਾ ਲਿਖੀਏ ਬਹੁਤ ਵੱਡੀ ਕਥਾ ਹੈ।

ਔਰ ਗ੍ਰੰਥ ਕਹੂੰ ਢੂੰਡਤ ਪੱਯੈ॥ ਹੋਰ ਗ੍ਰੰਥ ਕਿਤੋਂ ਲੱਭੀਏ ਤਾਂ ਹੀ ਗੱਲ ਹੈ ਨਾ, ਜਾ ਕੇ ਉਥੋਂ ਸਾਖੀਆਂ ਇਹਦੇ ਵਿਚ ਹੋਰ ਨੋਟ ਕਰੀਏ।

ਜਿਸ ਕੋ ਲੋੜ ਸੁਨਨ ਕੀ ਹੋਇ॥ ਇਸ ਵਾਸਤੇ ਗੁਰੂ ਸਿੱਖੋ! ਸਰੋਤੇ ਜਨੋ! ਜਿਨ੍ਹਾਂ ਨੇ ਹੋਰ ਸਾਖੀ ਲੰਬੀ ਸੁਣਨੀ ਹੋਵੇ।

ਔਰ ਗ੍ਰੰਥਨ ਤੇ ਸੁਨ ਲਏ ਸੋਇ॥ ੩੧॥ ਹੋਰ ਗ੍ਰੰਥਾਂ ਤੋਂ ਸੁਣ ਲੈ 'ਜਨਮ ਸਾਖੀ' ਆਦਿਕ ਤੋਂ ਪੜ੍ਹ ਲਉ ਸੁਣ ਲਉ ਓਥੋਂ ਸਾਰੇ ਪ੍ਰਸੰਗ ਮਿਲ ਜਾਣਗੇ। ੩੧।

ਬੀਜ ਮਾਤ੍ਰ ਜੋ ਚਹੀਯਤ ਲਿਖਈ॥ ਮੈਂ ਤਾਂ ਇਕ ਇਤਿਹਾਸ ਲਿਖ ਰਿਹਾ ਹਾਂ। ਇਤਿਹਾਸ ਲਿਖਾਉਣਾ ਬੀਜ ਮਾਤ੍ਰ ਜਿਤਨੀ ਕੁ ਸਾਨੂੰ ਜ਼ਰੂਰਤ ਹੈ। ਬਾਬਾ ਜੀ ਦੀ ਕਥਾ ਕਰਾਮਾਤ ਦੀ ਜਾਂ ਹਿੰਮਤ ਦੀ, ਜੋ ਜੋ ਉਹਨਾਂ ਕਾਰਨਾਮੇ ਕੀਤੇ ਸੂਖਮ ਰੂਪ ਵਿਚ ਮੈਂ ਲਿਖਾਉਣਾ ਚਾਹੁੰਦਾ ਹਾਂ।

ਸੁਨੋ 'ਮਰੀ' ਸੋ ਜਿਮ ਮੈਂ ਕਹੀ॥ ਮਰੀ ਸਾਹਿਬ ਜੋ ਮੈਂ ਤੁਹਾਨੂੰ ਕਹੀ ਹੈ ਹਕੀਕਤ ਕਥਾ ਗੁਰੂ ਨਾਨਕ ਪਾਤਸ਼ਾਹੀ ਜੀ ਦੀ।

ਤਹਿੰ ਬਾਬੇ ਦਿਲ ਉਦਾਸੀ ਆਈ॥ ਇਉਂ ਦਸਦੇ ਨੇ ਇਥੇ ਰਹਿੰਦਿਆਂ ਰਹਿੰਦਿਆਂ ਜਦੋਂ ਲੋਗ ਨਾ ਹੀ ਹਟੇ ਮਹਾਰਾਜ ਨੂੰ ਕਹਿਣ ਸੁਣਨ ਤੋਂ ਉਸ ਟਾਇਮ ਬਾਬੇ ਦੇ ਦਿਲ ਵਿਚ ਉਦਾਸੀ ਆ ਗਈ ਹੱਟ ਕਰਦਿਆਂ ਕਰਦਿਆਂ ।

ਭਯੋ ਉਦਾਸ ਕਹੂੰ ਸੁਰਤ ਨ ਲਾਈ॥ ੩੨॥ ਇਤਨੀ ਉਦਾਸੀ ਜਬਰਦਸਤ ਹੋ ਗਈ ਕਿਸੇ ਕੰਮ ਵੱਲ ਸੁਰਤ ਨਹੀਂ ਧਿਆਨ ਹੀ ਨਹੀਂ ਦਿੰਦੇ। ਕਿਸੇ ਕੰਮ ਵੱਲ ਸੁਰਤੀ ਨਹੀਂ ਰਖੀ। ਇਉਂ ਉਦਾਸ ਹੋ ਗਏ ਹਨ ਦੁਨੀਆਂ ਤੋਂ। ੩੨।

ਜਾਤ ਨਦੀ ਥੋ ਨਾਵਨ ਨਿੱਤ॥ ਕੋਲ ਵੇਈਂ ਵਗਦੀ ਐ ਸੁਲਤਾਨ ਪੁਰ ਦੇ ਉਹ ਨਿਤਾਪ੍ਰਤੀ ਇਸ਼ਨਾਨ ਵੇਈਂ ਵਿਚ ਕਰਦੇ ਸਨ। ਬੇਰ ਸਾਹਿਬ ਗੁਰਦੁਆਰਾ ਹੈ ਉਥੇ ਜਾਂਦੇ ਸਨ ਨਹਾਉਣ ਵਾਸਤੇ ਰੋਜ਼ਾਨਾ।

ਸਾਥ ਨਫ਼ਰ ਹੈ ਰਾਖੇ ਥਿੱਤ॥ 'ਨਫਰ' ਨੌਕਰ ਜਿਹੜੇ ਸਨ ਮੋਦੀ ਖਾਨੇ ਦੇ ਕਾਰਜ ਕਰਦੇ ਸਨ, ਉਹ ਨਾਲ ਨੌਕਰ ਰੱਖੇ ਹੋਏ ਸਨ। ਉਹਨਾਂ ਵਿਚੋਂ ਇਕ ਨੌਕਰ ਸਿਆਣਾ ਸੀ, ਗੁਰਮੁਖ ਸੀ ਜੋ ਮਹਾਰਾਜ ਦੀ ਸੇਵਾ ਵਿਚ ਹਾਜ਼ਰ ਰਹਿੰਦਾ। ਉਹ ਨਿੱਤ ਨਾਲ ਜਾਂਦੇ ਇਸ਼ਨਾਨ ਨੂੰ ਨਿਤਾਪ੍ਰਤੀ ਅੰਮ੍ਰਿਤ ਵੇਲੇ ਇਕ ਵਜੇ।

ਉਹਾਂ ਜਾਇ ਬਾਬੇ ਗੋਤਾ ਲਾਯੋ॥ ਜਦੋਂ ਗਏ ਨਦੀ ਤੇ ਬਸਤ੍ਰ ਉਤਾਰ ਕੇ ਜਦੋਂ ਬਾਬਾ ਜੀ ਨੇ ਗੋਤਾ ਲਾਇਆ ਭਾਵ ਚੁੱਭੀ ਲਾਈ ਹੈ ਵਿਚ।

ਘੜੀ ਪਹਿਰ ਲੌ ਨਿਕਸ ਨ ਆਯੋ॥ ੩੩॥ ਜਦੋਂ ਚੁੱਭੀ ਲਾਈ ਮਹਾਰਾਜ ਨੇ ਨਫਰ ਬਸਤ੍ਰ ਲੈ ਕੇ ਖੜਾ ਹੈ, ਨੌਕਰ ਖੜਾ ਹੈ ਘੜੀ ਲੰਘ ਗਈ ਹੈ, ਪਹਿਰ ਲੰਘ ਗਿਆ ਹੈ। ਬਾਬਾ ਤਾਂ ਨਿਕਲਿਆ ਹੀ ਨਾ ਚੁੱਭੀ ਲਾ ਕੇ, ਵਿਚ ਹੀ ਗੁਪਤ ਹੋ ਗਏ।

ਦੋਹਰਾ॥ ਉਸੀ ਨਫ਼ਰ ਨੇ ਬਿ-ਆਸ ਹੋਇ ਰੌਲੋ ਦੀਨੋ ਪਾਇ॥ ਇਹ ਨੌਕਰ ਜੋ ਮਹਾਰਾਜ ਦੇ ਨਾਲ ਸੀ ਬੇ-ਆਸ ਹੋ ਗਿਆ, ਇਹ ਤਾਂ ਨਹੀਂ ਨਿਕਲਦੇ ਹਨ। ਚੁੱਭੀ ਲਾ ਅਲੋਪ ਹੋ ਗਏ ਨੇ ਥੱਲੇ, ਉਹਨੇ ਪਹਿਰ ਕੁ ਉਡੀਕ ਕੇ ਰੌਲਾ ਪਾ ਦਿੱਤਾ।

'ਡੁਬਜੋ ਡੁਬਜੋ' ਕਹਿ ਉਠਿਓ ਸੁਨ ਦੌਲਤ ਖਾਂ ਗਜੋ ਧਾਇ॥ ੩੪॥ ਡੁਬ ਗਿਆ, ਡੁਬ ਗਿਆ ਡੁਬ ਗਿਆ ਦਾ ਬੋਲਾ ਉਸ ਨੇ ਜਦੋਂ ਬੋਲਿਆ। ਇਹ ਸੁਣ ਕੇ ਦੌਲਤ ਖਾਂ ਉਸ ਦਾ ਨਾਲ ਹੀ ਕਿਲ੍ਹਾ ਹੁਣ ਉਥੇ ਥਾਣਾ ਬਣਿਆ ਅੱਜ ਕੱਲ੍ਹ ਉਹ ਭੱਜ ਕੇ ਗਿਆ ਹੈ ਕੀ ਕਾਰਨ ਹੈ ਦੇਖੋ ਲੋਕੋ। ਦੁਨੀਆਂ ਇਤਨਾ ਪਿਆਰ ਕਰਦੀ ਸੀ ਆਪਸ ਵਿਚ ਕਿਤਨਾ ਸਨੇਹ ਨੇੜਤਾ ਰੱਖਦੇ ਸਨ ਵੇਖੋ, ਨਹੀਂ ਨੌਕਰ ਡੁੱਬ ਗਿਆ ਹਾਕਮ ਨੂੰ ਕੀ? ਲੇਕਿਨ ਏਨੀ ਹਮਦਰਦੀ ਰਖਦੇ ਸਨ ਬਾਬਾ ਜੀ ਦੇ ਨਾਲ, ਦੌਲਤ ਖਾਂ ਉੱਠ ਕੇ ਮੰਜੇ ਤੋਂ ਭੱਜ ਕੇ ਗਿਆ। ਕੀ ਹੋ ਗਿਆ? ਇਉਂ ਪਤਾ ਕਰਨ ਵਾਸਤੇ ਜਦੋਂ ਤੁਰਿਆ। ੩੪।

ਚੌਪਈ॥ ਤਹਾਂ ਜਾਇ ਤਿਨ ਜਾਲ ਪਵਾਏ॥ ਉਸੇ ਵੇਲੇ ਜਦੋਂ ਉਹਨਾਂ ਦੱਸਿਆ, ਬਾਬਾ ਡੁੱਬ ਗਿਆ ਹੈ। ਤਾਂ ਉਸ ਮੌਕੇ ਜਾ ਕੇ ਜਾਲ ਲਾ ਲਏ, ਜੋ ਬੜੇ ਬੜੇ ਜਾਲ ਜਿਨ੍ਹਾਂ ਕੋਲ ਜਿਨ੍ਹਾਂ ਨਾਲ ਮੱਛ ਕੱਛ ਵੀ ਫੜਦੇ ਸਨ। ਉਹ ਜਾਲ ਜਾ ਕੇ ਪੁਆਏ ਕਿ ਪਤਾ ਕਰੀਏ ਕਿਤੇ ਡੁੱਬ ਹੀ ਨਾ ਗਿਆ ਹੋਵੇ।

ਹੋਇ ਪਯੋ ਤੌ ਉਨ ਹਾਥਿ ਆਏ॥ ਜੇ ਉਥੇ ਹੋਣ ਮਹਾਰਾਜ ਤਾਂ ਉਹਨਾਂ ਨੂੰ ਥਿਆਵੇ, ਉਥੇ ਤਾਂ ਸਤਿਗੁਰੂ ਹੈ ਹੀ ਨਹੀਂ ਸਨ ਸੱਚਖੰਡ ਨੂੰ ਚਲੇ ਗਏ ਸਨ ਚੁੱਭੀ ਲਾ ਕੇ।

ਲੋਕ ਕਹੈਂ ਕਹੂੰ ਪਾਰ ਲੰਘ ਗਯੋ॥ ਦੁਨੀਆਂ ਦੇ ਲੋਕ ਇਕੱਠੇ ਹੋ ਗਏ ਸਾਰਾ ਸ਼ਹਿਰ ਇਕੱਠਾ ਹੋ ਗਿਆ। ਲੋਕ ਕਹਿਣ ਲੱਗੇ ਚੁੱਭੀ ਲਾ ਕੇ ਕਿਤੇ ਪਾਰ ਲੰਘ ਗਿਆ ਹੋਣਾ ਏਨਾ ਪਾਣੀ ਤਾਂ ਹੈ। ਵੇਈਂ ਖਾਲਸਾ ਜੀ ਹੁਣ ਤਾਂ ਬੰਦ ਹੋ ਗਈ ਹੈ। ਇਹ ਚਲਦੀ ਸੀ ਅਜੇ ਥੋੜੇ ਹੀ ਸਾਲ ਹੋਏ ਨੇ, ਇਹ ਵਗਦੀ ਸੀ ਲੋਕੀਂ ਇਸ਼ਨਾਨ ਕਰਦੇ ਸਨ। ਜੋੜ ਮੇਲੇ ਦਾ ਇਸ਼ਨਾਨ ਵੀ ਵਗਦੀ ਨਦੀ ਵਿਚ ਏਥੇ ਸੰਗਤਾਂ ਕਰਦੀਆਂ ਸਨ। ਥੋੜ੍ਹੇ ਸਮੇਂ ਤੋਂ ਹੁਣ ਇਹ ਬੰਦ ਹੋ ਗਈ ਹੈ। ਲੋਕਾਂ ਨੇ ਪਿਛੋਂ ਪਾਣੀ ਬੰਦ ਕਰ ਲਿਆ।

ਜਾਇ ਪਾਰ ਤਿਨ ਖੋਜ ਢੂੰਡਯੋ॥ ੩੫॥ ਜਦ ਦੁਨੀਆਂ ਦੇ ਲੋਕ ਕਹਿਣ ਲੱਗੇ ਉਹ ਤਾਂ ਪਾਰ ਲੰਘ ਗਿਆ ਹੋਣਾ ਭਾਈ। ਪਾਰ ਚਲੇ ਗਏ ਨੇ, ਉਹ ਪੈਰਾਂ ਦਾ ਖੋਜ ਦੇਖਦੇ ਹਨ ਬਈ ਪਾਰ ਲੰਘੇ ਹੋਣ ਤਾਂ ਪੈੜ ਦੇਖੀਏ, ਇਉਂ ਭਾਲਦੇ ਚਲੇ ਜਾ ਰਹੇ ਨੇ। ੩੫।

ਖੋਜ ਪ੍ਰਛਾਵੈ ਜੁਗਤਿ ਨ ਪਾਈ॥ ਬੜੀ ਜੁਗਤਿ ਕੀਤੀ ਖੋਜੀਆਂ ਨੇ ਕਿਤੇ ਨਿਸ਼ਾਨੀ ਪੈੜ ਦੀ ਲੱਭੀ ਨਹੀਂ ਦੇਖੀ।

ਕਹੈਂ ਲੋਕ 'ਰੁੜ੍ਹ ਗਯੋ ਕਿਥਾਈਂ'॥ ਤਾਂ ਦੂਸਰੇ ਦੁਨੀਆਂ ਦੇ ਲੋਕ ਦੋ ਦੋ ਗੱਲਾਂ ਕਰਦੇ ਹਨ। ਜਦ ਵੇਖਿਆ ਡੁੱਬਿਆ ਨਹੀਂ ਥਿਆਇਆ, ਕਹਿੰਦੇ ਫੇਰ ਪਾਰ ਲੰਘ ਗਿਆ ਹੋਊਗਾ, ਜਦੋਂ ਪਾਰ ਕੋਈ ਨਹੀਂ ਲੱਭਿਆ, ਕਹਿੰਦੇ ਰੁੜ੍ਹ ਗਿਆ ਹੋਊਗਾ। ਏਥੇ ਖੜ੍ਹਾ ਬੈਠਾ, ਦੁਨੀਆਂ ਵਾਲੇ ਤਾਂ ਏਸ ਤਰ੍ਹਾਂ ਹੀ ਗੱਲਾਂ ਕਰਦੇ ਹਨ।

ਜੈ ਰਾਮ ਕੈ ਘਰ ਪਿਟਣੋ ਪਰਾ॥ ਜੈ ਰਾਮ ਦੇ ਘਰ ਰੋਲਾ ਪੈ ਗਿਆ ਹੈ, ਪਿੱਟਣਾ ਪੈ ਗਿਆ ਹੈ। ਸਾਰੇ ਹੀ ਪ੍ਰਵਾਰ ਦੇ ਜਿਤਨੇ ਨੌਕਰ ਚਾਕਰ ਸਨ ਹੋਰ ਜੈ ਰਾਮ ਜੀ, ਘਰ ਵਾਲੀ ਅਤੇ ਉਹਦੇ ਪੁੱਤਰ ਧੀਆਂ ਸਭ ਪਿੱਟਣਾ ਪੈ ਗਿਆ ਰੋਣ ਲੱਗ ਪਏ ਹਨ।

ਦੌਲਤ ਖਾਨ ਬਹੁ ਸੰਸੈ ਭਰਾ॥ ੩੬॥ ਦੌਲਤ ਖਾਂ ਨੂੰ ਬੜਾ ਸੰਸਾ ਹੋ ਗਿਆ ਓਹੋ! ਮੇਰਾ ਏਡਾ ਲਾਇਕ ਮੋਦੀ ਖਾਨਾ ਚਲਾਉਣ ਵਾਲਾ ਮੋਦੀ, ਉਹ ਡੁੱਬ ਗਿਆ ਹੈ, ਮੈਨੂੰ ਬੜਾ ਘਾਟਾ ਪਿਆ ਹੈ। ਬੜਾ ਰੋ ਰਿਹਾ ਹੈ ਦੁਖੀ ਹੋ ਗਿਆ। ੩੬।

ਦੋ ਇਕ ਦਿਨ ਤਬ ਐਸ ਬਿਤਏ॥ ਇਕ ਦੋ ਦਿਨ ਇਸ ਤਰ੍ਹਾਂ ਹੀ ਲੰਘ ਗਏ, ਸਾਰੇ ਅਫਸੋਸ ਕਰਦੇ ਨੇ ਲੋਕ ਕਮਾਲ ਹੋ ਗਈ ਹੈ। ਏਡਾ ਚੰਗਾ ਬੰਦਾ ਸੀ, ਬਹੁਤ ਨੇਕ ਪੁਰਸ਼ ਸੀ। ਬੜੀ ਦਇਆ ਵਾਲਾ ਸੀ। ਸਭ ਨੂੰ ਦੇਈ ਜਾਂਦਾ ਸੀ ਰਾਸ਼ਨ ਪਾਣੀ। ਇਹ ਚੰਗਾ ਨਹੀਂ ਹੋਇਆ, ਮਾੜਾ ਹੋਇਆ ਏਸ ਤਰ੍ਹਾਂ ਲੋਕੀਂ ਗੱਲਾਂ ਕਰਦੇ ਹਨ।

ਤੀਜੇ ਦਿਨ ਗੁਰ ਨਿਕਸਤ ਭਏ॥ ਤੀਜੇ ਦਿਨ ਗੁਰੂ ਸਾਹਿਬ ਜੀ ਮਹਾਰਾਜ ਉਹ ਅਗਲੇ ਪਾਸੇ ਜਿਧਰੋਂ ਪਾਣੀ ਆਉਂਦਾ ਸੀ ਉਧਰੋਂ ਨਿਕਲੇ। ਉਸ ਪਾਸੇ ਜਾ ਕੇ ਤੀਸਰੇ ਦਿਨ ਗੁਰੂ ਸਾਹਿਬ ਵੇਈਂ ਵਿਚੋਂ ਨਿਕਲ ਕੇ ਬਾਹਰ ਆ ਕੇ ਖੜ੍ਹ ਗਏ ਹਨ।

ਧੋਤੀ ਕਟ ਮੋਢੈ ਵਹਿ ਪਰਨੋ॥ ਧੋਤੀ ਤਾਂ ਲੱਕ ਨੂੰ ਬੰਨ੍ਹੀ ਹੁੰਦੀ ਸੀ ਇਸ਼ਨਾਨ ਕਰਨ ਲੱਗਿਆਂ, ਜਿਵੇਂ ਆਪਾਂ ਕਛਹਿਰੇ ਰਖਦੇ ਹਾਂ। ਉਦੋਂ ਧੋਤੀਆਂ ਰਖਦੇ ਸਨ ਤੇ ਇਕ ਪਰਨਾ ਪਿੰਡਾ ਪੂੰਝਣ ਵਾਲਾ, ਮਲਣ ਵਾਲਾ ਅਤੇ ਧੋਤੀ ਮਗਰੋਂ ਉਹ ਪਰਨਾ ਬੰਨ੍ਹਿਆ ਜਾਂਦਾ ਸੀ ਉਹਨੂੰ ਵੀ ਗਿੱਲਾ ਕਰ ਲੈਂਦੇ ਸਨ। ਇਉਂ ਮੋਢੇ ਤੇ ਪਰਨਾ ਰਖਿਆ ਹੋਇਆ ਧੋਤੀ ਲੱਕ ਨਾਲ ਬੱਧੀ ਹੋਈ ਹੈ ਮਹਾਰਾਜ ਦੇ।

ਬੋਲੇ ਨਾਹ ਜਨ ਖੜਯੋ ਡਰਨੋ॥ ੩੭॥ ਜਿਵੇਂ ਖੇਤ ਵਿਚ ਡਰਨਾ ਗੱਡ ਦੇਈਦਾ ਹੈ, ਇਉਂ ਨਿਕਲਕੇ ਖੜ੍ਹ ਗਏ ਕਿਨਾਰੇ

'ਤੇ ਬੋਲਦੇ ਨਹੀਂ ਕਿਸੇ ਨਾਲ, ਕਿਸੇ ਨੂੰ ਬੁਲਾਉਂਦੇ ਨਹੀਂ, ਉਦਾਸੀ ਵਿਚ ਹਨ ਉਸੇ ਤਰ੍ਹਾਂ। ੩੭।

ਭਈ ਖਬਰ ਤਬ ਲੋਕ ਚਲਿ ਆਏ॥ ਇਹ ਖ਼ਬਰ ਦਿੱਤੀ ਕਿਸੇ ਨੇ ਖੇਤੀ ਵਾਲੇ ਜ਼ਿਮੀਦਾਰ ਨੇ ਕਿ ਉਥੇ ਬਾਬਾ ਤਾਂ ਉਸ ਪਾਸੇ ਨਿਕਲਿਆ ਹੋਇਆ ਹੈ। ਬਾਹਰ ਖੜ੍ਹਾ ਹੈ ਕਿਨਾਰੇ ਵੇਈਂ ਦੇ ਜਦ ਲੋਕਾਂ ਨੂੰ ਪਤਾ ਲੱਗਿਆ, ਗਏ ਲੋਕੀਂ ਭਜ ਕੇ।

ਆਗੈ ਪਾਛੈ ਚਹਿਤ ਬੁਲਾਏ॥ ਅੱਗੇ ਪਿੱਛੇ ਖਲੋਤੇ ਹਨ ਬੁਲਾਉਂਦੇ ਹਨ। ਕਿਉਂ ਜੀ ਕਿਥੇ ਗਏ ਸੀ? ਕੀ ਕਾਰਨ ਹੋਇਆ? ਕਿਥੋਂ ਆਏ ਹੋ? ਬਾਬਾ ਜੀ ਬੋਲਦੇ ਹੀ ਨਹੀਂ ਕਿਸੇ ਨਾਲ।

ਜੋ ਰਾਮ ਸੁਨਿ ਕੈ ਤੁਰਤ ਸੁ ਧਾਯੋ॥ ਜੋ ਰਾਮ ਨੂੰ ਪਤਾ ਲੱਗਿਆ ਹੈ ਉਹ ਵੀ ਤੁਰੰਤ ਗਿਆ ਹੈ ਭੱਜ ਕੇ।

ਦੌਲਤ ਖਾਨ ਅਚੰਭੋ ਆਯੋ॥ ੩੮॥ ਦੌਲਤ ਖਾਂ ਦੇ ਮਨ 'ਚ ਬੜਾ ਅਚੰਭਾ ਆਇਆ ਬੜਾ ਹੈਰਾਨ ਹੋ ਗਿਆ। ਇਹ ਕੀ ਕਾਰਨ ਬਣਿਆਂ ਹੈ? ਅਸੀਂ ਤਾਂ ਆਪਣੇ ਵੱਲੋਂ ਟੋਹ ਲਿਆ ਹੈ, ਉਹ ਰੁੜ੍ਹ ਗਏ ਹਨ, ਪਤਾ ਲਿਆ ਖੋਜ ਕਰਕੇ ਨਹੀਂ ਪਾਇਆ ਕਿਤੋਂ! ਆਹ ਤੀਸਰੇ ਦਿਨ ਅਚੰਭੇ ਵਾਲੀ ਗੱਲ ਹੈ, ਇਹ ਨਿਕਲ ਕੇ ਬਾਹਰ ਖੜੇ ਹਨ। ਇਉਂ ਦੌਲਤ ਖਾਂ ਆਪਣੀ ਆਪਣੀ ਥਾਂ 'ਤੇ ਹੈਰਾਨ ਹੋ ਰਿਹਾ ਹੈ। ੩੮।

ਦੋਹਰਾ॥ ਦੌਲਤ ਖਾਂ ਭੀ ਜਾ ਪੁਜਯੋ ਲਜਾਯੋ ਸਾਥ ਲਵਾਇ॥ ਦੌਲਤ ਖਾਂ ਵੀ ਪਹੁੰਚ ਗਿਆ ਮੌਕੇ 'ਤੇ ਜਾ ਕੇ ਮਹਾਰਾਜ ਸੱਚੇ ਪਾਤਸ਼ਾਹ ਨੂੰ ਪ੍ਰੇਮ ਦੇ ਨਾਲ ਆਉ ਚੱਲੋ ਆਪਣੇ ਘਰ ਨੂੰ ਚਲੋ, ਆਪ ਦਾ ਮੋਦੀ ਖਾਨਾ ਸੰਭਾਲੋ। ਇਉਂ ਪ੍ਰੇਮ ਦੀਆਂ ਗੱਲਾਂ ਕਰਕੇ ਮਹਾਰਾਜ ਨੂੰ ਨਾਲ ਲਿਆ।

ਬਾਬੇ ਮੋਹ ਕੁਛ ਨਾਂਹ ਕਰੈ ਰਹਯੋ ਖਾਨ ਮੋਹਿ ਪਾਇ॥ ੩੯॥ ਬੜੀਆਂ ਗੱਲਾਂ ਕੀਤੀਆਂ, ਬੜਾ ਪਿਆਰ ਕੀਤਾ ਖਾਨ ਨੇ ਬਾਬਾ ਜੀ ਕੋਈ ਧਿਆਨ ਨਹੀਂ ਦਿੰਦੇ ਕਿਸੇ ਗੱਲ 'ਤੇ। ੩੯।

ਚੌਪਈ॥ਤਬ ਦੌਲਤ ਨੇ ਹਕੀਮ ਬੁਲਾਏ॥ ਜਦ ਕੋਈ ਗੱਲ ਨਾ ਕਰਨ ਮਹਾਰਾਜ ਤਾਂ ਦੌਲਤ ਖਾਂ ਨੇ ਹਕੀਮਾਂ ਨੂੰ ਬੁਲਾਇਆ ਸ਼ਾਇਦ ਕੋਈ ਰੋਗ ਹੀ ਹੋ ਗਿਆ ਹੋਵੇ, ਇਹ ਵੀ ਨਹੀਂ ਪਤਾ, ਕਿਉਂ ਹੈਰਾਨ ਜੂ ਹੋ ਗਈ ਦੁਨੀਆਂ ਸਾਰੀ, ਕਾਰਨ ਕੀ ਹੋਇਆ? ਡੁੱਬ ਗਿਆ ਡੁੱਬ ਗਿਆ ਹੋ ਗਈ ਸੀ। ਰੋਣ ਵਾਲੇ ਰੋਏ ਕੁਰਲਾਏ ਨੇ ਤਾਂ ਫਿਰ ਬਾਬਾ ਹਾਜ਼ਰ ਹੈ ਤੇ ਫਿਰ ਬੋਲਦਾ ਕਿਉਂ ਨਹੀਂ ਹੈ? ਇਹਦਾ ਕੀ ਕਾਰਨ ਹੈ? ਕੋਈ ਰੋਗ ਹੋ ਗਿਆ। ਇਉਂ ਕਰਕੇ ਬੈਦ ਸੱਦਣੇ ਕੀਤੇ ਦੌਲਤ ਖਾਂ ਨੇ।

ਮਤ ਕਤ ਨਾਨਕ ਰੋਗ ਸੰਤਾਏ॥ ਕੀ ਪਤਾ ਲੱਗਦਾ ਹੈ ਕੋਈ ਸਰੀਰ ਵਿਚ ਰੋਗ ਪੈਦਾ ਹੋ ਗਿਆ ਹੋਵੇ। ਕੋਈ ਰੋਗ ਦੁਖਦਾਈ ਬਣ ਗਿਆ ਹੋਵੇ।

ਅਗਜੋਂ ਬਾਬੇ ਬੈਦ ਸਮਝਾਯਾ॥ ਮਹਾਰਾਜ ਨੇ ਬੈਦ ਨੂੰ ਸਮਝਾਇਆ ''ਭੋਲਾ ਵੈਦ ਨ ਜਾਣਈ ਕਰਕ ਕਰੇਜੇ ਮਾਹਿ'' ਉਹਨੂੰ ਕੀ ਪਤਾ? ਕੀ ਕਾਰਨ ਹੈ? ਇਉਂ ਕਰਕੇ ਮਹਾਰਾਜ ਨੇ ਉਹਨੂੰ ਸਮਝਾਯਾ ਕਿ ਮੈਨੂੰ ਕੋਈ ਤਕਲੀਫ ਨਹੀਂ ਹੈ, ਤੂੰ ਐਵੇਂ ਨਾ ਜ਼ੋਰ ਲਾ ਕਾਹਦੀ ਵੈਦਗੀ ਕਰੇਂਗਾ ਮੇਰੇ 'ਤੇ। ਜਦੋਂ ਉਹਨੂੰ ਸਮਝਾਇਆ ਉਹਨੂੰ ਪਤਾ ਲੱਗ ਗਿਆ ਬੈਦ ਨੂੰ ਇਹ ਤਾਂ ਪੁੱਜੇ ਹੋਏ ਪੁਰਖ ਨੇ, ਇਹ ਤਾਂ ਆਪ ਦੀ ਸ਼ਕਤੀ ਦੇ ਮਾਲਕ ਹਨ ਜਿਵੇਂ ਚਾਹੁਣ ਕਰਦੇ ਹਨ, ਅਸੀਂ ਤੇ ਐਵੇਂ ਲੋਕ ਇਹਨਾਂ ਦੇ ਦੁਆਲੇ ਹੋਏ ਹਾਂ। ਬੈਦ ਨੂੰ ਸਮਝ ਆ ਗਈ।

ਤੋ ਫਿਰ ਦੌਲਤ ਮਨ ਪਤੀਆਯਾ॥ ੪੦॥ ਦੌਲਤ ਖਾਂ ਨੂੰ ਯਕੀਨ ਹੋ ਗਿਆ ਬਾਬੇ ਨੂੰ ਕੋਈ ਪਾਗਲਪਨ ਨਹੀਂ ਹੋਇਆ, ਉਹਦਾ ਹੋਰ ਕੋਈ ਕਾਰਨ ਨਹੀਂ। ਮਨ ਉਨ੍ਹਾਂ ਦਾ ਯਕੀਨ ਕਰ ਗਿਆ ਵਾਕਿਆ ਹੀ ਕੋਈ ਗੱਲ ਹੈ। ਖਾਸ ਹੀ ਕੋਈ ਗੱਲ ਹੈ, ਜਿਸ 'ਤੇ ਬੋਲਦੇ ਨਹੀਂ ਹਨ। ਹੋਰ ਰੋਗ ਆਦਿ ਕੋਈ ਨਹੀਂ ਹੈ। ੪੦।

ਮੁੱਲਾਂ ਕਾਜੀ ਬਾਬੇ ਸੋਂ ਕਹੈਂ॥ ਇਹ ਮੁੱਲਾਂ ਕਾਜ਼ੀ ਬਾਬਾ ਜੀ ਦੀਆਂ ਕਰਾਮਾਤਾਂ ਦੇਖਦੇ ਹਨ ਰੋਜ਼ ਦਾ ਕੰਮ ਹੈ, ਅੱਗਿਓਂ ਖ਼ਹਿੰਦੇ ਹਨ ਇਹ ਨਵਾਂ ਹੀ ਪੀਰ ਪੈਦਾ ਹੋ ਗਿਆ ਹੈ। ਸਾਡੇ 'ਤੇ ਤਾਂ ਯਕੀਨ ਨਹੀਂ ਕਰਦਾ ਦੌਲਤ ਖਾਂ ਇਹਨਾਂ ਨਾਲ ਪਿਆਰ ਕਰਦਾ ਹੈ। ਇਹਨਾਂ ਦੇ ਅੱਗੇ ਪਿੱਛੇ ਫਿਰਦਾ ਹੈ। ਇਹ ਕਿਉਂ ਨਾ ਖਹਿਣ ਇਹਨਾਂ ਨੂੰ ਤਕਲੀਫ

ਹੋ ਗਈ ਇਸ ਗੱਲ ਦੀ। ਉਹ ਸ਼ਰੀਕਾ ਕਰਦੇ ਸਨ।

ਦ੍ਰਿਸ਼ਟ ਬੰਦ ਗਰ ਜਾਦੂ ਕਹੈਂ॥ ਉਹ ਹੋਰ ਗੱਲਾਂ ਬਣਾਉਂਦੇ ਨੇ ਕਹਿੰਦੇ ਨੇ ਇਹ ਜਾਦੂਗਰ ਹੈ। ਇਹ ਦ੍ਰਿਸ਼ਟ ਬੰਦ ਕਰ ਲੈਂਦਾ ਹੈ। ਇਹ ਹੱਥ ਦੀ ਸਫਾਈ ਕਰਦਾ ਹੈ, ਲੋਕਾਂ ਨੂੰ ਦਿੱਸਣ ਹੀ ਨੀ ਦਿੰਦਾ ਹੈ ਇਹ ਕੀ ਕਰਦਾ ਹੈ। ਐਸੇ ਗੱਲ ਤੋਰ ਲਈ ਬਾਬੇ 'ਤੇ ਲਾਉਣੀਆਂ ਦਿੱਤੀਆਂ।

ਉਨ ਕੀ ਦੌਲਤ ਮੰਨੀ ਨ ਬਾਤ॥ ਦੌਲਤ ਖਾਂ ਜਿਹਨੂੰ ਯਕੀਨ ਹੋ ਗਿਆ ਹੈ, ਬਾਬੇ ਦੀਆਂ ਕਲਾ ਦੇਖ ਚੁੱਕਿਆ ਹੈ ਮੰਨੀ ਨਾ ਉਹਨਾਂ ਦੀ ਗੱਲ। ਕਹਿੰਦਾ ਐਵੇਂ ਕਰਦੇ ਹਨ ਗੱਪਾਂ ਮਾਰਦੇ ਨੇ।

ਉਸ ਬਾਬੇ ਪਰ ਭਯੋ ਇਤਕਾਤ ॥ ੪੧॥ ਬਾਬੇ ਉਤੇ ਪੂਰਨ ਭਰੋਸਾ ਹੋ ਗਿਆ ਸੀ ਦੌਲਤ ਖਾਂ ਨੂੰ, ਉਹ ਪੂਰਾ ਯਕੀਨ ਕਰਦਾ ਸੀ। ੪੧।

ਯਹ ਹੈ ਪੂਰਨ ਪੁਰਸ਼ ਅਵਤਾਰੀ॥ ਇਹ ਤਾਂ ਪੂਰਨ ਪੁਰਖ ਹੈ ਅਵਤਾਰ ਪੁਰਸ਼ ਹੈ ਇਹ ਸੰਸਾਰ ਦੇ ਉਤੇ ਆਇਆ ਹੈ।

ਭਯੋ ਮੁਰੀਦ ਵਹ ਸਨ ਪਰਵਾਰੀ॥ ਸਣੇ ਪ੍ਰਵਾਰ ਦੇ ਮੁਰੀਦ ਹੋ ਚੁਕਿਆ ਸੀ ਦੌਲਤ ਖਾਨ ਨੂੰ ਤਾਂ, ਉਹਦਾ ਮੋਦੀ ਖਾਨਾ ਚਲਾਉਣ 'ਤੇ ਅਤੇ ਇਉਂ ਕਰਕੇ ਉਹਨੂੰ ਇਤਬਾਰ ਹੋ ਗਿਆ, ਤੇ ਭਰੋਸਾ ਹੋ ਗਿਆ ਚਰਨਾਂ 'ਤੇ।

ਹਿੰਦੂ ਤੁਰਕ ਬਾਬੇ ਕੋ ਸਮਸਰ॥ ਕਿਉਂਕਿ ਬਾਬਾ ਕਿਸੇ ਨਾਲ ਨਹੀਂ ਰਖਦਾ ਹੈ ਵੈਰ ਨਾ ਵਿਰੋਧ, ਸਭ ਨੂੰ (ਸਮਸਰ) ਬਰਾਬਰ ਸਮਝਦਾ ਸੀ ਹਿੰਦੂ ਹੋਵੇ ਮੁਸਲਮਾਨ ਹੋਵੇ, ਸਾਰਿਆਂ ਨੂੰ ਇਕ ਸਾਰ ਸਮਝਦੇ ਸਨ।

ਹੋਂਹ ਮੁਰੀਦ ਆਇ ਸੋ ਇਮ ਕਰ॥ ੪੨॥ ਇਸ ਤਰ੍ਹਾਂ ਕਰਕੇ ਬਰਾਬਰ ਸਮਝਦੇ ਸਭ ਨੂੰ, ਉੱਚਾ ਨੀਵਾਂ ਨਹੀਂ ਸੀ ਸਮਝਦੇ ਇਸ ਕਰਕੇ ਮੁਸਲਮਾਨ ਵੀ ਮੁਰੀਦ ਬਣ ਗਏ ਮਹਾਰਾਜ ਦੇ, ਹਿੰਦੂ ਵੀ ਸੇਵਕ ਬਣ ਗਏ ਆ ਕੇ। ੪੨।

ਦੋਊਅਨ ਕੋ ਗੁਰ ਸੱਚ ਦ੍ਰਿੜਾਵੈਂ॥ ਸੱਚ ਦੀ ਦੱਸ ਪਾਉਂਦੇ ਨੇ, ਸੱਚ ਹੀ ਤਾਂ ਲੁਕਿਆ ਹੋਇਆ ਸੀ। ਸੱਚ ਮੰਤ੍ਰ ਦੱਸਣ ਵਾਸਤੇ ਤਾਂ ਮਹਾਰਾਜ ਪ੍ਰਮੇਸ਼ਰ ਨੇ, ਨਿਰੰਕਾਰ ਨੇ ਅਨੇਕਾਂ ਹੀ ਭੇਜੇ ਸਨ। ਕੋਈ ਜੋਗੀਆਂ ਦੇ ਭੇਸ ਵਿਚ, ਕੋਈ ਸੰਤਾਂ ਦੇ ਭੇਸ ਵਿਚ, ਕੋਈ ਰਾਜਿਆਂ ਦੇ ਭੇਸ ਵਿਚ, ਕੋਈ ਜ਼ੋਰਾਵਰ ਬਲਵਾਨਾਂ ਦੇ ਭੇਸ ਵਿਚ ਅਨੇਕਾਂ ਨੂੰ ਭੇਜ ਭੇਜ ਕੇ ਦੇਖ ਲਿਆ ਸੀ। ਸੱਚ ਕੋਈ ਨਹੀਂ ਸੀ ਦੱਸਦਾ। ਇਹ ਕਲਜੁਗ ਦਾ ਸਮਾਂ ਸੀ, ਝੂਠੀਆਂ ਗੱਲਾਂ ਬਣਾ ਬਣਾ ਕੇ ਲੋਕਾਂ ਨੂੰ ਦੱਸ ਕੇ ਆਪਣੇ ਮਗਰ ਲਾਉਂਦੇ ਸਨ। ਇਸ ਕਰਕੇ ਦੌਲਤ ਖਾਂ ਨੂੰ ਯਕੀਨ ਆ ਚੁੱਕਿਆ ਸੀ ਉਹ ਕਿਸੇ ਦੀ ਗੱਲ ਨਹੀਂ ਸੀ ਮੰਨਦਾ।

ਜ਼ੁਲਮ ਕਰਨ ਤੈ ਦੁਅਨ ਹਟਾਵੈਂ॥ ਉਪਦੇਸ਼ ਦਿੰਦੇ ਸਤਿਗੁਰੂ ਜੀ ਜ਼ੁਲਮ ਨਾ ਕਰੋ ਕਿਸੇ 'ਤੇ। ਇਹ ਖ਼ਲਕਤ ਖ਼ੁਦਾ ਦੀ ਹੈ ਇਹਨੂੰ ਨਾ ਦੁੱਖ ਦਿਉ, ਇਸ ਨੂੰ ਨਾ ਤੰਗ ਕਰੋ ਪ੍ਰਮੇਸ਼ਰ ਦੀ ਰਚਨਾ ਹੈ। ਇਹ ਸਭ ਪ੍ਰਮੇਸ਼ਰ ਦਾ ਰੂਪ ਹੈ ਦੁਨੀਆਂ ਸੰਸਾਰ ਜਿਹੜਾ ਹੈ।

ਜਿਮ ਜਿਮ ਬਰਕਤ ਭਈ ਮਸਹੂਰੋ॥ ਸਤਿਗੁਰਾਂ ਦੀ ਬਰਕਤ, ਸਤਿਗੁਰਾਂ ਦੀ ਸਮਰੱਥਾ ਤਾਕਤ ਜਿਉਂ ਜਿਉਂ ਮਸ਼ਹੂਰੀ ਹੋਈ ਮਹਾਰਾਜ ਜੀ ਦੀ।

ਆਂਇ ਲੋਕ ਬਹੁ ਸੁਨ ਸੁਨ ਦੂਰੋ॥ ੪੩॥ ਦੂਰੋਂ ਦੂਰੋਂ ਲੋਕ ਆਉਣ ਲੱਗੇ ਇਕ ਐਸਾ ਪੁਰਸ਼ ਪੈਦਾ ਹੋਇਆ ਹੈ। ਉਹ ਸੁਲਤਾਨਪੁਰ ਦੇ ਵਿਚ ਹੱਟ ਕਰਦਾ ਹੈ। ੪੩।

ਦੋਹਰਾ॥ ਦੌਲਤ ਕੈ ਦੁਇ ਇਸਤਰੀ ਹੋਤੀਂ ਸੁਤਨ ਬਿਗੇਰ॥ ਇਹ ਦੌਲਤ ਖਾਂ ਦੀਆਂ ਦੋ ਬੇਗਮਾਂ ਸਨ, ਲੇਕਿਨ ਪੁੱਤਰ ਕੋਈ ਨਹੀਂ ਸੀ ਉਲਾਦ ਕੋਈ ਨਹੀਂ ਸੀ ਦੋਹਾਂ ਦੇ।

ਕੀਨੀ ਸੇਵਾ ਉਨਿ ਅਛੇ, ਦੁਇ ਦੁਇ ਜਨਮੇਂ ਸ਼ੇਰ॥ ੪੪॥ ਉਹਨਾਂ ਨੇ ਗੁਰੂ ਨਾਨਕ ਸਾਹਿਬ ਦੇ ਚਰਨਾਂ 'ਤੇ ਸਿਦਕ ਲਿਆਂਦਾ। ਮਹਾਰਾਜ ਸੱਚੇ ਪਾਤਸ਼ਾਹ ਦੀ ਸੇਵਾ ਵਿਚ ਹਾਜ਼ਰ ਹੋਏ, ਸ਼ਰਧਾ ਪ੍ਰੇਮ ਇਹੀ ਸੇਵਾ ਹੈ ਸਤਿ ਪੁਰਖਾਂ ਦੀ।

ਜਦੋਂ ਪ੍ਰੇਮ ਲਿਆਂਦਾ ਯਕੀਨ ਲਿਆਂਦਾ ਉਹਨਾਂ 'ਤੇ ਵਰਦਾਨ ਮੰਗਿਆ ਮਹਾਰਾਜ ਬਖ਼ਸ਼ਿਸ਼ ਕਰੋ। ਤੁਹਾਡੇ ਘਰ ਵਿਚੋਂ ਅਸੀਂ ਤਾਂ ਐਵੇਂ ਚਲੀਆਂ ਹਾਂ। ਜਦੋਂ ਮਹਾਰਾਜ ਨੇ ਬਖ਼ਸ਼ਿਸ਼ ਕਰ ਦਿੱਤੀ, ਦੋ ਦੋ ਸ਼ੇਰ ਬਹਾਦਰ ਜੰਮੇ, ਦੋ-ਦੋ ਪੁੱਤਰ ਇਕ ਇਕ ਦੇ ਹੋਏ। ੪੪।

ਚੌਪਈ॥ ਗਾਜੀ ਖਾਂ ਗਜ ਮਸਤ ਸੁਖਾਨ॥ ਇਕ ਦਾ ਨਾਂ 'ਗਾਜ਼ੀ ਖਾਂ' ਦੂਜੇ ਦਾ ਨਾਂ 'ਗਜ ਮਸਤ' ਖਾਂ ਸੀ।

ਮੀਰ ਖਾਨ ਔ ਜੋਲ ਖਾਂ ਮਾਨ॥ ਤੀਸਰੇ ਦਾ ਨਾਂ ਮੀਰ ਖਾਨ ਸੀ, ਚੌਥੇ ਦਾ ਨਾਮ ਜੋਲ ਖਾਨ ਸੀ। ਇਹ ਬੜੇ ਬਹਾਦਰ ਬੀਰ ਸਨ।

ਉਨਿ ਨਾਰਨ ਬਡ ਚਰਚਾ ਤੋਰੀ॥ ਜਦ ਉਹਨਾਂ ਨੂੰ ਪੁੱਤਰ ਮਿਲ ਗਏ, ਬਾਬੇ ਦੇ ਘਰ ਵਿਚੋਂ ਤਾਂ ਉਹਨਾਂ ਫਿਰ ਚਰਚਾ ਕਥਾ ਤੋਰ ਲਈਆਂ। ਬਾਬੇ ਅੱਗੇ ਬੇਨਤੀ ਕੀਤੀ ਸਾਡੇ ਮੋਦੀ ਨੇ, ਸਾਨੂੰ ਦੋ ਦੋ ਪੁੱਤਰਾਂ ਦੀ ਬਖ਼ਸ਼ਿਸ਼ ਕੀਤੀ। ਇਉਂ ਕਰਕੇ ਉਨ੍ਹਾਂ ਦੇ ਪ੍ਰਚਾਰ ਕਰਨ ਕਰ ਕੇ, ਜਿਸ ਹਾਕਮ ਕੋਲ ਨੌਕਰ ਰਹੀਏ, ਉਸ ਨੌਕਰ ਦੀ ਉਪਮਾ ਦੁਨੀਆਂ ਨੂੰ ਫੇਰ ਆਪੇ ਭਰੋਸਾ ਆਉਂਦਾ ਹੈ। ਇਉਂ ਕਰਕੇ ਮਹਾਰਾਜ ਦੀ ਚਰਚਾ ਸ਼ੁਰੂ ਹੋ ਗਈ।

ਕਹੈਂ ਬਾਬੇ ਦਈ ਹਮ ਜੋਰੀ॥ ੪੫॥ ਫੇਰ ਉਹ ਕਿਹਾ ਕਰਨ ਬਾਬੇ ਨੇ ਜੋੜੀਆਂ ਦਿੱਤੀਆਂ ਸਾਨੂੰ ਪੁੱਤਰਾਂ ਦੀਆਂ। ੪੫।

ਦੋਹਰਾ॥ ਬਾਬੇ ਕੈ ਜੀਅ ਇਮ ਹੁਤੀ, ਕਿਛ ਰਹੀਐ ਗੁਪਤਿ ਸੰਸਾਰ॥ ਸਾਹਿਬ ਸੱਚੇ ਪਾਤਸ਼ਾਹ ਜੀ ਮਨ ਵਿਚ ਇਉਂ ਚਾਹੁੰਦੇ ਸਨ ਕਿ ਕੁਛ ਗੁਪਤ ਰਹੀਏ, ਪ੍ਰਗਟ ਨ ਹੋਈਏ। ਕਿਉਂਕਿ ਸੰਸਾਰੀ ਮਗਰ ਪੈ ਜਾਂਦੇ ਹਨ। ਸਾਧਾਂ ਸੰਤਾਂ ਨੂੰ ਜੇ ਕੋਈ ਹੋਵੇ ਵੀ ਸੰਤ ਤਾਂ ਉਹਨੂੰ ਟਿਕਣ ਨਹੀਂ ਦਿੰਦੇ ਤੇ ਉਸ ਦੇ ਮਗਰ ਪਏ ਰਹਿੰਦੇ ਹਨ, ਸਾਨੂੰ ਆਹ ਬਖਸ਼ਿਸ਼ ਕਰੋ, ਸਾਨੂੰ ਆਹ ਬਖਸ਼ਿਸ਼ ਕਰੋ, ਕਿਉਂ ਲੋੜਵੰਦ ਨੇ ਸਾਰੇ ਲੋਕ ਇਸ ਕਰਕੇ ਆਪੋ ਆਪਣੇ ਮਨ ਦੀਆਂ ਭਾਵਨਾਂ ਲੈ ਕੇ ਲੋਕ ਤੰਗ ਕਰਦੇ ਹਨ। ਸੋ ਬਾਬਾ ਜੀ ਕਹਿੰਦੇ ਨੇ ਅਸੀਂ ਨਾ ਹੀ ਪ੍ਰਗਟ ਹੋਈਏ ਗੁਪਤ ਹੀ ਰਹੀਏ, ਕਿਸੇ ਨੂੰ ਨਾ ਦੱਸੀਏ ਅਸੀਂ ਕੌਣ ਹਾਂ।

ਸੋ ਤੌ ਪਰਗਟ ਜਗ ਭਯੋ, ਜਗੁ ਉਠ ਪਰ ਗਯੋ ਖਜਾਰ॥ ੪੬॥ ਉਹ ਤਾਂ ਗੱਲ ਈ ਨਾ ਰਹੀ ਗੁਪਤ ਰਹਿਣ ਦੀ ਉਹ ਤਾਂ ਪ੍ਰਗਟ ਹੋ ਗਈ ਤੇ ਦੁਨੀਆਂ ਮਗਰ ਪੈ ਗਈ ਬਾਬਾ ਜੀ ਦੇ, ਜਿਧਰ ਨੂੰ ਜਾਂਦੇ ਨੇ ਮਗਰ ਮਗਰ ਲੋਗ ਤੁਰਦੇ ਹਨ। ੪੬।

ਚੌਪਈ॥ ਭਾਨ ਚੜਯੋ ਕਿਮ ਛਾਨਯੋ ਰਹੈ॥ ਭਾਨ ਸੂਰਜ ਨੂੰ ਕਹਿੰਦੇ ਨੇ ਭਾਈ ਸਾਹਿਬ ਜੀ ਕਹਿੰਦੇ ਨੇ ਦੱਸੋ? ਜਦੋਂ ਸੂਰਜ ਚੜ੍ਹੇ ਫਿਰ ਲੁਕਿਆ ਨਹੀਂ ਰਹਿੰਦਾ। ਫਿਰ ਤਾਂ ਦਿਨ ਚੜ੍ਹ ਜਾਂਦਾ ਚਾਨਣ ਹੋ ਜਾਂਦਾ।

ਲਖ ਬਾਦਲ ਜੌ ਢਾਂਪਜੋ ਚਹੈ॥ ਭਾਵੇਂ ਲੱਖਾਂ ਬੱਦਲ ਹੋ ਜਾਣ ਤਾਂ ਵੀ ਦਿਨ ਰਹਿੰਦਾ ਹੈ, ਤਾਂ ਵੀ ਚਾਨਣ ਰਹਿੰਦਾ ਹੈ ਸੰਸਾਰ 'ਤੇ।

ਜਿਮ ਜਿਮ ਬਾਬੇ ਕੀ ਚਰਚਾ ਭਈ॥ ਜਿਉਂ ਜਿਉਂ ਬਾਬਾ ਜੀ ਦੀ ਚਰਚਾ ਹੋਈ ਹੈ ਦੁਨੀਆਂ ਵਾਲੇ ਕਰਦੇ ਹਨ। ਫਲਾਨੇ ਨੂੰ ਆਹ ਬਖਸ਼ਿਸ਼ ਹੋਈ ਫਲਾਨੇ ਨੂੰ ਆਹ ਬਖਸ਼ਿਸ਼ ਹੋਈ ਹੈ। ਉਹਨਾਂ ਜੋ ਬਚਨ ਕੀਤਾ ਉਹ ਸੱਚ ਹੋ ਗਿਆ ਇਉਂ ਕਰਕੇ ਜਦੋਂ ਦੁਨੀਆਂ 'ਤੇ ਚਰਚਾ ਚਲ ਪਈ।

ਥੋਰੈ ਹੀ ਮੈਂ ਬਹੁ ਫੈਲ ਗਈ॥ ੪੭॥ ਬਸ ਥੋੜ੍ਹੇ ਸਮੇਂ ਵਿਚ ਹੀ ਸਾਰੇ ਚਰਚਾ ਹੋ ਗਈ ਬਾਬਾ ਜੀ ਦੀ। ੪੭।

"ਜਿਸ ਨਰ ਕੋ ਹੁਇ ਸੀਤ ਦਬਾਯੋ॥" ਭਾਈ ਸਾਹਿਬ ਜੀ ਪ੍ਰਮਾਣ ਦਿੰਦੇ ਨੇ (ਸੀਤ) ਠੰਢ ਨੂੰ ਕਹਿੰਦੇ ਨੇ, ਜਿਸ ਪੁਰਖ ਨੂੰ ਪਾਲਾ ਲਗਦਾ ਹੋਵੇ, ਸੀਤ ਠੰਢ ਮਲੂਮ ਹੋਵੇ।

ਕਿਮ ਨ ਚਹੁਗਿ ਵਲ ਅਗਨ ਸਿਧਾਯੋ॥ ਉਹ ਕਿਉਂ ਨਾ ਇੱਛਾ ਕਰੇਗਾ ਅੱਗ ਬਲਦੀ ਹੋਵੇ ਅੱਗ ਸੇਕੀਏ, ਤਾਂ ਕਿ ਪਾਲਾ ਦੂਰ ਹੋ ਜਾਵੇ।

ਦੁਨੀਆਂ ਦੁਖਤ ਹੁਤੀ ਥੀ ਘਨੀ॥ ਦੁਨੀਆਂ ਬੜੀ ਦੁਖੀ ਸੀ, ਹਾਕਮ ਠਾਕੁਰ ਕੋਈ ਨਿਆਂ ਨਹੀਂ ਸੀ ਕਰ ਰਹੇ, ਭੁਖ ਮਰੀ ਬੜੀ ਸੀ, ਗਰੀਬੀ ਬੜੀ ਸੀ, ਭਾਰੀ ਆ ਗਈ ਦੁਨੀਆ 'ਤੇ।

ਦਰਸ਼ਨ ਪਾਇ ਭਈ ਸੁਖਮਨੀ॥ ੪੮॥ ਜਿਹੜਾ ਦਰਸ਼ਨ ਕਰਦਾ ਮਨ ਤੋਂ ਸੁਖੀ ਹੋ ਜਾਂਦਾ ਹੈ ਮਨ ਤਨ ਕਰਕੇ ਸੁਖੀ ਹੋ ਜਾਂਦਾ ਜਿਹੜਾ ਵੀ ਦਰਸ਼ਨ ਕਰਦਾ ਮਹਾਰਾਜ ਦਾ ਨਿਹਾਲ ਹੋ ਜਾਂਦਾ ਹੈ। ੪੮।

ਸਿੱਧ ਸਾਧ ਜੋ ਹਿੰਦੂ ਤੁਰਕੋ॥ ਦੁਨੀਆਂ 'ਤੇ ਬੜੇ ਸਿੱਧ ਸੰਤ ਲੋਕ ਭਾਵ ਤੁਰਕ ਫਕੀਰ ਕਿਆ ਹਿੰਦੂ ਫੱਕੀਰ ਜਿਤਨੇ ਵੀ ਸਨ ਦੁਨੀਆਂ 'ਤੇ।

ਹੁਤੋ ਜਿਨਹੁ ਮੈਂ ਕਿਛ ਥੋ ਜੁਰਕੋ॥ ਜਿਨ੍ਹਾਂ ਵਿਚ ਥੋੜ੍ਹਾ ਜਿਹਾ ਜੋਰ ਸੀ ਕੋਈ ਕਰਾਮਾਤ ਸੀ ਥੋੜ੍ਹੀ ਬਹੁਤੀ, ਉਹ ਸਾਰੇ ਦੇ ਸਾਰੇ ਹਿੰਦੂ ਕਿਆ? ਤੇ ਮੁਸਲਮਾਨ ਕੀ?

ਸੁਨਿ ਸੁਨਿ ਅਚਰਜ ਸਭ ਚਲਿ ਆਏ॥ ਸਤਿਗੁਰ ਦੀਆਂ ਕਥਾਵਾਂ ਸੁਣ ਕੇ, ਸਤਿਗੁਰ ਦੇ ਪਰਚੇ ਸੁਣ ਕੇ ਸਭ ਦਾ ਮਨ ਹੋ ਗਿਆ ਚਲੋ ਦਰਸ਼ਨ ਕਰੀਏ, ਐਸਾ ਬਾਬਾ ਪੈਦਾ ਹੋਇਆ ਸੰਸਾਰ 'ਤੇ ਜੋ ਸਾਰਿਆਂ ਦੇ ਕਾਰਜ ਰਾਸ ਕਰਦਾ।

ਦੇਖ ਭਾਲ ਸਭ ਹਾਰ ਸਿਧਾਏ॥ ੪੯॥ ਆਉਂਦੇ ਹਨ ਆਪਣੇ ਜ਼ੋਰ ਨਾਲ ਆਉਂਦੇ ਨੇ ਆਪਣਾ ਬਲ ਦਿਖਾਉਂਦੇ ਨੇ। ਮਹਾਰਾਜ ਨੂੰ ਦੇਖਕੇ ਦਰਸ਼ਨ ਕਰਕੇ ਅਤੇ ਕਰਾਮਾਤ ਦਾ ਜ਼ੋਰ ਲਾ ਕੇ ਆਖਰ ਥੱਕ ਜਾਂਦੇ ਨੇ। ਕੋਈ ਕਿਸੇ ਦੀ ਕਲਾ ਨਹੀਂ ਚਲਦੀ, ਕੋਈ ਕਿਸੇ ਦਾ ਜ਼ੋਰ ਨਹੀਂ ਚਲਦਾ, ਸਭੀ ਹਾਰ ਕੇ ਚਲੇ ਜਾਂਦੇ ਨੇ। ੪੯।

ਦੋਹਰਾ॥ ਅਜ਼ਮਤੀਅਨ ਅਜ਼ਮਤ ਦੇਵੈਂ, ਗਜਾਨੀਅਨ ਗਜਾਨ ਸੁਨਾਇ॥ ਸਤਿਗੁਰੂ ਬਖਸ਼ਿੰਦ ਹਨ ਜੇ ਕੋਈ ਆਖਦਾ ਮੈਨੂੰ ਵੀ ਕਰਾਮਾਤ ਮਿਲੇ ਤਾਂ ਸਾਹਿਬ ਕਰਾਮਾਤ ਹੀ ਬਖਸ਼ ਦਿੰਦੇ ਹਨ ਤੇ ਜਿਹੜੇ ਅਜ਼ਮਤਾਂ ਲਾਉਣ ਵਾਲੇ ਸ਼ਕਤੀਆਂ ਵਾਲੇ ਉਹਨਾਂ ਨੂੰ ਵੀ ਮਹਾਰਾਜ ਨਿਹਾਲ ਕਰ ਦਿੰਦੇ ਨੇ, ਜੋ ਕੁਛ ਮੰਗਦਾ ਆ ਕੇ ਉਹ ਸੋਈ ਸੋਈ ਸਾਹਿਬ ਜੀ ਦਿੰਦੇ ਹਨ। ਠਾਕੁਰ ਜੋ ਹੋਏ, ਮਾਲਕ ਜੋ ਹੋਏ ਸ੍ਰਿਸ਼ਟੀ ਦੇ, ਭਾਵ ਪ੍ਰਮੇਸ਼ਰ ਦਾ ਜੋ ਸਰੂਪ ਹਨ। ਗਿਆਨੀਆਂ ਨੂੰ ਗਿਆਨ ਗਿਆਤਾ ਬਣਾ ਦਿੰਦੇ ਹਨ, ਉਹਨਾਂ ਨੂੰ ਗਿਆਨ ਦੀ ਗੱਲ ਦੱਸਦੇ ਨੇ। ਸਰਬਲੋਹ ਵਿਚ ਵੀ ਆਉਂਦਾ ਹੈ ''ਗਿਆਨਨਿ ਮਹਿ ਗੁਰੂ ਨਾਨਕ ਗਿਆਨੀ'' ਜੇ ਗਿਆਨ ਦੀ ਕਥਾ ਗੱਲ ਪੁੱਛਣੀ ਕਰੋ ਤਾਂ ਗੁਰੂ ਨਾਨਕ ਸਾਹਿਬ ਗਿਆਨੀ ਸਭ ਤੋਂ ਸਿਰਮੌਰ ਹਨ ਉਹਨਾਂ ਦੇ ਕੋਈ ਤੁਲ ਨਹੀਂ।

ਜੈਸੀ ਮਨਸਾ ਕਰ ਆਵੈ, ਤੈਸੋ ਦੈਂ ਸਮਝਾਇ॥ ੫੦॥ ਜਿਹੋ ਜਿਹੀ ਕੋਈ ਭਾਵਨਾ ਕਰ ਕੇ ਆਉਂਦਾ ਹੈ, ਉਸੇ ਤਰੀਕੇ ਨਾਲ ਸਮਝਾ ਦਿੰਦੇ ਹਨ ਉਹਦਾ ਘਰ ਪੂਰਾ ਕਰ ਦਿੰਦੇ ਹਨ। ੫੦।

ਉਦਾਸੀ ਕੀਤੀ, ਸਿਧ ਗੋਸਟ

ਚੌਪਈ॥ ਬਾਬੇ ਕੋ ਉਦਾਸੀ ਆਈ॥ ਬਾਬਾ ਜੀ ਨੂੰ ਉਦਾਸੀ ਆਈ ਭਾਵ ਮਨ ਉਦਾਸ ਹੋ ਗਿਆ ਕਿ ਦੁਨੀਆਂ ਨੂੰ ਚਲ ਕੇ ਦੇਖੀਏ ਹੁਣ। ਕਿਥੇ ਕਿਥੇ ਪਾਪ ਹੈ ਕਿਥੇ ਕਿਥੇ ਭਰਮ ਹੈ, ਚਲ ਕੇ ਸੰਸਾਰ ਨੂੰ ਵੇਖਣਾ ਕਰੀਏ। ਇਉਂ ਬਾਬਾ ਜੀ ਦੇ ਮਨ ਵਿਚ ਫੁਰਨਾ ਉਠਿਆ।

ਬਾਬੈ ਸੁਰਤ ਪ੍ਰਦੇਸੈਂ ਲਾਈ॥ ਪਰਾਏ ਦੇਸਾਂ ਨੂੰ ਤਾਰਨ ਵਾਸਤੇ ਬਾਬਾ ਜੀ ਨੇ ਧਿਆਨ ਲਾਉਣਾ ਕੀਤਾ।

ਲੈ ਮਰਦਾਨੋਂ ਸਾਥ ਰਲਾਇ॥ ਮਰਦਾਨੇ ਨੂੰ ਸਾਥ ਲੈ ਲਿਆ ਸੱਚੇ ਪਾਤਸ਼ਾਹ ਜੀ ਨੇ।

ਲਯੋ ਰਬਾਬ ਉਨ ਮੋਢੈ ਚਾਇ॥ ੫੧॥ (ਰਬਾਬ) ਮਹਾਰਾਜ ਸੱਚੇ ਪਾਤਸ਼ਾਹ ਜੀ ਨੇ ਮੰਗਾ ਕੇ ਦਿੱਤੀ ਸੀ ਉਸਨੂੰ, ਮਰਦਾਨੇ ਨੇ ਆਪਣੇ ਮੋਢੇ 'ਤੇ ਰੱਖ ਲਈ। ੫੧।

ਜਹਿੰ ਬਾਬੇ ਕੋ ਖੁਸ਼ੀ ਚਿਤ ਆਵੈ॥ ਜਿਥੇ ਮਹਾਰਾਜ ਦਾ ਮਨ ਚਿਤ ਖੁਸ਼ ਹੁੰਦਾ ਹੈ, ਜਾਂ ਮਨ ਸ਼ਾਂਤ ਪ੍ਰਸੰਨ ਹੁੰਦਾ ਹੈ। ਇਉਂ ਤਾਂ ਪ੍ਰਸੰਨ ਹਨ ਸ਼ਾਂਤ ਹਨ ਪਰ ਜਿਥੇ ਉਹਨਾਂ ਦੀ ਮਰਜ਼ੀ ਹੁੰਦੀ ਹੈ ਰਜ਼ਾ ਹੁੰਦੀ ਹੈ।

ਰਬਾਬ ਬਜ਼ਾਇ ਸਬਦ ਬਹਿ ਗਾਵੈ॥ ਰਬਾਬ ਮਰਦਾਨਿਆ ਵਜਾ ਬਾਣੀ ਆਈ ਹੈ। ਇਹ ਦਰਗਾਹ ਦੀ ਬਾਣੀ ਹੈ, ਨਿਰੰਕਾਰ ਦੀ ਬਾਣੀ ਹੈ। ਬਾਣੀ ਆਈ ਹੈ, ਉਹ ਰਬਾਬ ਵਜਾਉਂਦਾ ਸੀ ਤਾਂ ਬਾਣੀ ਸਤਿਗੁਰੂ ਉਚਾਰਦੇ ਸਨ। ਇਉਂ ਰਬਾਬ ਵਜਵਾ ਕੇ ਸ਼ਬਦ ਕੀਰਤਨ ਕਰਦੇ ਸਨ।

ਸਿੱਧ ਸਾਧ ਔ ਪੀਰ ਮੁਰੀਦ॥ ਬੜੇ ਬੜੇ ਸਿੱਧ, ਸਾਧੂ ਬੜੇ ਬੜੇ ਪੀਰ ਅਤੇ ਉਹਨਾਂ ਦੇ ਸੇਵਕ ਮੁਰੀਦ ਜਿਹੜੇ ਨੇ।

ਦੇਖ ਭਾਲ ਹੁਇ ਅਗੈ ਤੁਰੀਦ॥ ੫੨॥ ਉਹਨਾਂ ਸਾਰਿਆਂ ਨੂੰ ਹੀ ਦੇਖ ਭਾਲ ਕੇ ਸਾਰਿਆਂ ਨੂੰ ਰਸਤਾ ਦੱਸ ਕੇ, ਫਿਰ ਅੱਗੇ ਚਾਲਾ ਕਰ ਜਾਂਦੇ ਹਨ। ੫੨।

ਜਹਿੰ ਜਹਿੰ ਬਾਬਾ ਦੇਸਹਿੰ ਜਾਇ॥ ਜਿਹੜੇ ਜਿਹੜੇ ਦੇਸ਼ ਵਿਚ ਬਾਬਾ ਜੀ ਗਏ ਗੁਰੂ ਨਾਨਕ ਪਾਤਸ਼ਾਹ।

ਦੇਇ ਉਪਦੇਸ਼ ਸਚਿ ਨਾਮਹਿ ਲਾਇ॥ ਸਭ ਨੂੰ ਸੱਚਾ ਉਪਦੇਸ਼ ਦੇ ਕੇ ਸੱਚੇ ਨਾਮ ਵਿਚ ਲਾਉਂਦੇ ਹਨ। ਝੂਠ ਛੁਡਾਉਂਦੇ ਹਨ ਪਖੰਡ ਛਡਾਂਦੇ ਹਨ ਮਹਾਰਾਜ। ਸੱਚਾ ਮਾਰਗ ਦੱਸ ਕੇ ਨਿਹਾਲ ਕਰਦੇ ਨੇ।

ਪੀਰ ਪਿਕੰਬਰ ਦੇਵੀ ਦੇਵ॥ ਬੜੇ ਬੜੇ ਪੀਰ ਪੈਗੰਬਰ ਦੇਵੀਆਂ ਦੇਵਤੇ ਜਿਥੇ ਜਿਥੇ ਉਹਨਾਂ ਦੇ ਸ਼ਿਵਾਲੇ ਬਣੇ ਹੋਏ ਸਨ, ਮੰਦਰ ਬਣੇ ਹੋਏ ਸਨ। ਜਿਥੇ ਜਿਥੇ ਲੋਕ ਪੂਜਾ ਕਰਦੇ ਸਨ, ਲੋਕ ਇਕੱਠੇ ਹੁੰਦੇ ਸਨ ਸਤਿਗੁਰੂ ਉਥੇ ਜ਼ਰੂਰ ਪਹੁੰਚਦੇ ਸਨ। ਏਥੇ ਕੀ ਚੀਜ਼ ਹੈ? ਉਥੇ ਕਿੰਨਾਂ ਕੁ ਸੱਚ ਹੈ? ਕਿੰਨਾਂ ਕੁ ਝੂਠ ਹੈ? ਉਹਨਾਂ ਦਾ ਝੂਠ ਸੱਚ ਪ੍ਰਗਟ ਕਰਕੇ ਮਹਾਰਾਜ ਫੇਰ ਅੱਗੇ ਹੋ ਜਾਂਦੇ ਸਨ।

ਦੂਰ ਕਰਾਈ ਇਨ ਕੀ ਸੇਵ॥ ੫੩॥ ਉਹ ਜਿਹੜੇ ਭੂਤਾਂ ਪ੍ਰੇਤਾਂ ਨੂੰ ਮੰਨਣ ਵਾਲੇ, ਐਵੇਂ ਝੂਠਿਆਂ ਪਖੰਡੀਆਂ ਨੂੰ ਮੰਨਣ ਵਾਲੇ ਸਨ, ਸਭ ਨੂੰ ਸੱਚ ਦਿਖਾ ਕੇ, ਉਹਨਾਂ ਦੀ ਸੇਵਾ ਤੋਂ ਹਟਾ ਕੇ ਸੱਚੇ ਮਾਰਗ 'ਤੇ ਲਾਉਂਦੇ ਸਨ। ੫੩।

ਬੀਰ ਸਿੱਧ ਔ ਮੰਤਰ ਤੰਤਰ॥ ਬੜੇ ਬੜੇ ਬੀਰ ਲੋਕ ਬੜੇ ਸਿੱਧ ਲੋਕ ਔਰ ਇਹ ਤੰਤਰ ਮੰਤਰ ਕਰਨ ਵਾਲੇ ਜਿਤਨੇ ਵੀ ਸਨ ਸੰਸਾਰ 'ਤੇ।

ਸੁਨੈ ਨ ਕਹੈ ਜਾਲਿ ਜਿਉ ਜੰਤਰ॥ ਉਹ ਜਿਹੜੇ ਜਾਲ ਕਰਨ ਵਾਲੇ, ਜੰਤਰ ਕਰਨ ਵਾਲੇ, ਸਿੱਧੀਆਂ ਲਾਉਣ ਵਾਲੇ, ਟੂਣੇ ਟਾਮਣ ਕਰਨ ਵਾਲੇ ਜਿਤਨੇ ਵੀ ਸਨ।

ਗੁਗੋ ਲੰਜਿ ਔ ਭੂਤ ਜੁ ਪ੍ਰੇਤ॥ ਭੂਤਾਂ ਪ੍ਰੇਤਾਂ ਨੂੰ ਵੱਸ ਕਰਨ ਵਾਲੇ, ਗੁੱਗੇ ਨੂੰ ਪੂਜਣ ਵਾਲੇ, ਇਹ ਸਾਰੇ ਜਿਤਨੇ ਲੋਗ ਸਨ।

ਦੂਰ ਕਰਾਏ ਇਨ ਕੇ ਹੇਤ॥ ੫੪॥ ਜੋ ਇਹਨਾਂ ਦਾ ਹਿਤਕਾਰ ਕਰਦੇ ਸਨ। ਸਭ ਲੋਕਾਂ ਨੂੰ ਸਮਝਾਇਆ ਓਇ ਝੂਠੀਆਂ ਗੱਲਾਂ। ਓ ਝੂਠੇ ਸੱਪਾਂ ਨੂੰ ਪੂਜਦੇ ਹੋ ਤੇ ਕਿਹਾ ਉਹਨੂੰ ਗੁੱਗਾ ਤੇ ਪੂਜਣਾ ਸੱਪ ਇਹ ਕਿਧਰਲੀਆਂ ਗੱਲਾਂ ਹਨ। ਇਹ ਝੂਠ ਹੈ ਸਾਰਾ, ਸਾਰਾ ਝੂਠ ਪ੍ਰਗਟ ਕਰ ਦਿੰਦੇ ਸੀ ਮਹਾਰਾਜ। ੫੪।

ਦੋਹਰਾ॥ ***ਤੁਰਕਨ ਕੈ ਹਿੰਦੁਆਨ ਕੈ, ਜਹਿੰ ਜਹਿੰ ਦੇਸਹਿ ਜਾਇ॥*** ਕੋਈ ਤੁਰਕਾਂ ਦਾ ਦੇਸ਼ ਹੈ ਕੋਈ ਹਿੰਦੂਆਂ ਦਾ, ਭਾਵੇਂ ਅਰਬਸਤਾਨ ਹੈ ਭਾਵੇਂ ਗੰਗਾ ਬਨਾਰਸ ਹੈ। ਜਿਹੜੇ ਜਿਹੜੇ ਦੇਸ਼ ਗਏ ਨੇ ਸਤਿਗੁਰੂ।

ਹੱਕ ਪਰਾਯੋ ਉਨ ਕਹੈ, ਉਸੈ ਸੂਰ ਉਸ ਗਾਇ॥ ੫੫॥ ਪਰਾਏ ਹੱਕ ਤੋਂ ਮਨ੍ਹਾ ਕਰਦੇ ਹਨ ਮਹਾਰਾਜ ਕਹਿੰਦੇ ਹਨ ਪਰਾਈ ਚੀਜ਼ ਨੂੰ ਨਾ ਵਰਤੋ। ਇਹ ਪਰਾਈ ਹੈ ਮੁਸਲਮਾਨਾਂ ਨੂੰ ਸੂਰ ਵਰਗੀ ਹੈ ਹਿੰਦੂ ਨੂੰ ਗਊ ਵਰਗੀ ਹੈ। ਇਹ ਕਸਮ ਹੈ ਤੁਹਾਨੂੰ, ਛੱਡੋ, ਝੂਠ ਨਾ ਬੋਲਿਆ ਕਰੋ। ਸੱਚ ਬੋਲਿਆ ਕਰੋ। ੫੫।

ਚੌਪਈ॥ ਐਸ ਭਾਂਤ ਉਨ ਸਾਚੁ ਸੁਨਾਇ॥ ਇਸ ਤਰੀਕੇ ਦੇ ਨਾਲ ਸੱਚ ਦੇ ਮਾਰਗ 'ਤੇ ਲਾਉਂਦੇ ਹਨ ਮਹਾਰਾਜ।

ਦੇਵੈ ਦੋਇਨ ਸਾਚ ਲਗਾਇ॥ ਹਿੰਦੂ ਚਾਹੇ ਮੁਸਲਮਾਨ ਹੈ ਸਭ ਨੂੰ ਸੱਚ ਦਾ ਰਸਤਾ ਦੱਸਦੇ ਨੇ ਸੱਚੇ ਮਾਰਗ 'ਤੇ ਤੋਰਦੇ ਹਨ।

ਤੁਰਕ ਕੁਰਾਨ ਔ ਹਿੰਦੂਅਨ ਬੇਦ॥ ਤੁਰਕਾਂ ਨੂੰ ਕੁਰਾਨ ਵਿਚੋਂ ਅਤੇ ਹਿੰਦੂਆਂ ਨੂੰ ਬੇਦਾਂ ਵਿਚੋਂ ਸ਼ਾਖ ਦਿੰਦੇ ਹਨ, ਪ੍ਰਮਾਣ ਦੇਂਦੇ ਨੇ ਸਤਿਗੁਰੂ।

ਵਾਚ ਕਹੇ ਉਨ ਸਚ ਸਚ ਭੇਦ॥ ੫੬॥ ਮੂੰਹ ਜ਼ਬਾਨੀ ਆਹ ਦੇਖੋ ਤੁਹਾਡੇ ਪੁਰਾਣਾਂ ਦੇ ਵਿਚ, ਤੁਹਾਡੇ ਇਹ ਬੇਦਾਂ ਵਿਚ ਇਹ ਕੁਛ ਲਿਖਿਆ ਤੁਹਾਡੇ ਵਾਸਤੇ। ਤੁਸੀਂ ਇਹ ਆਪ ਦਾ ਧਰਮ ਕਿਉਂ ਨਹੀਂ ਅਪਨਾਉਂਦੇ ਤੇ ਤੁਰਕਾਂ ਨੂੰ ਕੁਰਾਨ ਵਿਚੋਂ ਵਾਚ ਕੇ ਮਹਾਰਾਜ ਸੱਚੀ ਸੱਚੀ ਗੱਲ ਕਰਦੇ ਸਨ। ੫੬।

ਇਕ ਬਾਰ ਬਾਬਾ ਜੀ ਅਚਲੈ ਗਯੋ॥ ਇਕ ਵਾਰ ਦੱਸਦੇ ਨੇ ਅਚਲ ਵਟਾਲੇ ਦਾ ਮੇਲਾ ਲੱਗਦਾ ਹੈ, ਅੱਜ ਵੀ ਲੱਗਦਾ ਹੈ ਬੜਾ ਮੇਲਾ ਲੱਗਦਾ ਹੈ। ਇਕ ਵੇਰ ਅਚਲ ਵਟਾਲੇ ਦਾ ਮੇਲਾ ਆ ਗਿਆ, ਸਤਿਗੁਰੂ ਵੀ ਏਥੇ ਪਹੁੰਚੇ ਹਨ।

ਊਹਾਂ ਮੇਲਾ ਥਾ ਸਿੱਧਨ ਕਯੋ॥ ਇਹ ਸਿੱਧਾਂ ਨੇ ਮੇਲਾ ਕੀਤਾ ਇਹ ਕਰਦੇ ਹੁੰਦੇ ਸਨ ਸਿੱਧ ਲੋਕ।

ਕਰ ਗੋਸਟ ਤੇ ਭੀ ਜਿਤ ਲਏ॥ ਉਹਨਾਂ ਅੱਗੋਂ ਗੋਸ਼ਟਿ ਕੀਤੀ, ਮਹਾਰਾਜ ਨੇ ਉਹ ਵੀ ਜਿੱਤ ਲਏ।

ਲਾਇ ਸਿਧੀ ਤੇਊ ਥਕ ਗਏ॥ ੫੭॥ ਇਹਨਾਂ ਨੇ ਸਿੱਧੀਆਂ ਲਾਈਆਂ ਕਿਸੇ ਨੇ ਮ੍ਰਿਗਸ਼ਾਲਾ ਉਡਾ ਦਿੱਤੀ, ਕਿਸੇ ਨੇ ਖੱਪਰ ਉਡਾ ਦਿੱਤਾ, ਕੋਈ ਬਘਿਆੜ ਬਣ ਗਿਆ, ਕੋਈ ਸ਼ੇਰ ਬਣ ਗਿਆ, ਕੋਈ ਅਕਾਸ਼ 'ਤੇ ਚੜ੍ਹ ਤਾਰੇ ਤੋੜਨ ਲੱਗ ਪਿਆ। ਸਤਿਗੁਰਾਂ ਨੇ ਆਪਣੀ ਖੜਾਂਵ ਨੂੰ ਹੁਕਮ ਕੀਤਾ। ਲਿਆ ਜਰਾ ਇਕੱਠੇ ਕਰਕੇ। ਠਾਹ ਠਾਹ ਕਰ ਕੇ ਵੱਜੇ ਖੜਾਂਵ ਜਿਹੜਾ ਉਡੇ, ਕਈ ਸਰੋਵਰ ਦੇ ਜਲ ਦੇ ਉਤੇ ਤਰਦੇ ਫਿਰਨ। ਜਦੋਂ ਸਭ ਦੇ ਖੜਾਵਾਂ ਵਜੀਆਂ ਤੇ ਲਿਆ ਕੁੱਟ ਕੇ ਸਾਹਮਣੇ ਕੀਤੇ ਬਾਬੇ ਦੇ, ਕਹਿੰਦੇ ਕਿਉਂ? ਵਿਖਾਓ ਕੋਈ ਕਰਾਮਾਤ, ਹੁਣ ਕਰਾਮਾਤ ਉਥੇ ਕਿਥੇ ਚੱਲੇ? ਸਭ ਦੀ ਖਤਮ ਹੋ ਗਈ ਕਰਾਮਾਤ ਅਤੇ ਕੁੱਟ ਪਈ, ਕੁੱਟ ਕੇ ਸਿੱਧੇ ਕੀਤੇ ਮਹਾਰਾਜ ਨੇ। ਇਉਂ ਆ ਕੇ ਚਰਨੀ ਲੱਗੇ ਮਹਾਰਾਜ ਬਖਸ਼ ਲਉ। ਕਹਿੰਦੇ ਓਇ ਕੀ ਪਖੰਡ ਬਣਾਇਆ ਤੁਸੀਂ ਭਾਈ। ਇਹ ਕਿਉਂ ਲੋਕਾਂ ਨੂੰ ਪੁੱਠਾ ਮਾਰਗ ਦਸਦੇ ਹੋ, ਸੱਚਾ ਮਾਰਗ ਦੱਸੋ। ਇਹ ਲੋਗਾਂ ਨੂੰ ਸਮਝਾ ਕੇ ਮਹਾਰਾਜ ਨੇ ਸਿੱਧੇ ਰਸਤੇ ਪਉਣੇ ਕੀਤੇ। ੫੭।

ਸਿਧ ਕੁਰਲਾਣੈ ਬਾਲ ਗੁੰਦਾਈਂ॥ ਸਿੱਧਾਂ ਨੇ ਏਥੇ ਤਾਂ ਖਾਧੀ ਕੁੱਟ ਮਹਾਰਾਜ ਤੋਂ, ਐਸਾ ਸਿੱਧ ਨਵਾਂ ਹੀ ਜੰਮਿਆਂ ਕੋਈ ਸੁਣਿਆਂ ਨਾ ਕਿਤੇ ਗਿਣਿਆਂ ਤੇ ਸਾਡੀ ਤਾਂ ਸਾਰੀ ਕਰਾਮਾਤ ਖੋਹ ਲਈ। ਬਾਲ ਗੁੰਦਾਈ ਗੋਰਖ ਦਾ ਚੇਲਾ ਸੀ, ਇਹ ਟਿੱਲਾ ਵਜਦਾ ਸੀ। ਇਹ ਗੁਜਰਾਤ ਤੋਂ ਅਗਲੇ ਪਾਸੇ ਜਿਥੇ ਰਾਂਝਾ ਜੋਗੀ ਬਣਿਆ ਸੀ। ਉਹ ਵੀ ਬਾਲ ਗੁੰਦਾਈ ਕੋਲੇ ਹੀ ਗਿਆ ਸੀ। ਉਹ ਬਾਲ ਗੁੰਦਾਈ ਉਸ ਮੌਕੇ ਗੁਰੂ ਸੀ ਇਹਨਾਂ ਨਾਥਾਂ ਦਾ, ਉਹਦੇ ਕੋਲ ਜਾ ਕੇ ਸਿੱਧ ਕੁਰਲਾਏ ਸਾਨੂੰ ਤਾਂ ਬੜਾ ਮਾਰਿਆ ਉਸਨੇ। ਸਾਡੀ ਤਾਂ ਕਰਾਮਾਤ ਵੀ ਖੋਹ ਲਈ, ਸਾਡਾ ਮੇਲਾ ਵੀ ਗਿਆ ਆਇਆ, ਅਸੀਂ ਕਿਧਰ ਨੂੰ ਜਾਈਏ ਸਾਡੀ ਬਹੁੜੀ ਕਰ ਇਉਂ ਕਰਕੇ ਜਾ ਕੇ ਜਦੋਂ ਜੋਰ ਪਾਇਆ।

ਹਾਰ ਸਿਧਨ ਜਾਇ ਚੁਗਲੀ ਖਾਈ॥ ਸਿੱਧਾਂ ਨੇ ਹਾਰ ਕੇ ਚੁਗਲੀ ਖਾਧੀ ਜਾ ਕੇ, ਬਾਲ ਗੁੰਦਾਈ ਜਿਸ ਨੂੰ ਇਹ ਗੁਰੂ ਮੰਨਦੇ ਸਨ।

'ਨਾਨਕ ਸਿੱਧ ਨਵਾਂ ਇਕ ਭਯਾ॥ ਇਹ ਨਾਨਕ ਨਾਮ ਦਾ ਸਿੱਧ ਨਵਾਂ ਹੀ ਪੈਦਾ ਹੋਇਆ ਦੁਨੀਆਂ 'ਤੇ।

ਸਭ ਕੀ ਲਾਹਿ ਸੋਊ ਲੈ ਗਯਾ' ॥ ੫੮॥ ਸਭ ਦੀਆਂ ਸਾਡੀਆਂ ਤਾਂ ਲਾਹ ਕੇ ਲੈ ਗਿਆ। ਸਾਡੀ ਤਾਂ ਇੱਜ਼ਤ ਲਾਹ ਦਿੱਤੀ ਹੈ। ਸਾਡੀਆਂ ਤਾਂ ਕਰਾਮਾਤਾਂ ਸਭ ਖੋਹ ਲੀਤੀਆਂ ਨੇ ਉਸਨੇ। ੫੮।

ਸੁਨ ਉਨ ਸਿੱਧਨ ਕੀਯੋ ਹੰਕਾਰ॥ ਜਦੋਂ ਇਹ ਟਿੱਲੇ ਦੇ ਸਿੱਧਾਂ ਨੂੰ ਜਾ ਕੇ ਦੱਸੀ, ਇਹਨਾਂ ਨੇ ਬੜਾ ਹੰਕਾਰ ਕੀਤਾ, ਹੈਂ! ਸਾਡੇ ਨਾਲੋਂ ਵੱਡਾ ਵੀ ਕੋਈ ਜੰਮ ਪਿਆ ਸਿੱਧ। ਇਉਂ ਹੰਕਾਰ ਕਰਕੇ।

'ਈਹਾਂ ਆਵੇ ਤੌ ਜਾਊਗਾ ਹਾਰ॥ ਕਹਿੰਦੇ ਕੋਈ ਨਹੀਂ ਫਿਰ ਜੇ ਏਥੇ ਆ ਗਿਆ ਨਾ! ਏਥੋਂ ਜ਼ਰੂਰ ਹਾਰ ਕੇ ਜਾਇਗਾ। ਕੀ ਹੋਇਆ ਜੇ ਤੁਹਾਨੂੰ ਜਿੱਤ ਲਿਆ ਤਾਂ ਐਥੇ ਆਵੇ ਤਾਂ, ਅਸੀਂ ਹਰਾਵਾਂਗੇ ਉਸ ਨੂੰ।

ਯਹ ਸੁਨ ਬਾਬਾ ਜੀ ਉਹਾਂ ਸਿਧਾਰੇ॥ ਇਹ ਬਾਬਾ ਜੀ ਨੂੰ ਅੰਤਰਜਾਮੀ ਨੂੰ ਪਤਾ ਲੱਗ ਗਿਆ, ਇਹਨਾਂ ਚੁਗਲੀ ਖਾਧੀ ਹੈ ਸਾਡੇ 'ਤੇ ਉਹਨਾਂ ਬੜਾ ਹੰਕਾਰ ਕੀਤਾ, ਐਥੇ ਆਵੇ ਤਾਂ ਦਿਖਾਵਾਂਗੇ ਅਸੀਂ। ਤਾਂ ਮਹਾਰਾਜ ਉਥੇ ਹੀ ਜਾ ਨਿਕਲੇ। ਉਥੇ ਚਲੇ ਗਏ।

ਉਸ ਕੋ ਜੀਤ ਗੁਰ ਆਗੇ ਪਧਾਰੇ॥ ੫੯॥ ਬਾਲ ਗੁੰਦਾਈ ਨੂੰ ਜਾ ਜਿੱਤਿਆ। ਸਾਹਿਬ ਸੱਚੇ ਪਾਤਸ਼ਾਹ ਜਦੋਂ ਉਥੇ ਗਏ ਤਾਂ ਉਥੇ ਭਰਥਰੀ, ਗੋਪੀਚੰਦ ਮੰਗਲ ਨਾਥ ਆਦਿਕ ਹੋਰ ਅਨੇਕਾਂ ਨੂੰ ਤਾਰ ਕੇ, ਹੰਕਾਰੀ ਨਾਥਾਂ ਨੂੰ ਜਿੱਤ ਕੇ ਅੱਗੇ ਚਲੇ ਗਏ। ੫੯।

ਦੋਹਰਾ॥ ਫਰੀਦ ਪਟਨ ਮੁਲਤਾਨ ਮਧ, ਉੱਚਨ ਲੌਂ ਜੋ ਪੀਰ॥ ਪਾਕ ਪਟਨ, ਮੁਲਤਾਨ ਦੇ ਪੀਰ, ਮੁਲਤਾਨ ਤੋਂ ਅੱਗੇ ਉੱਚ ਦਾ ਇਲਾਕਾ ਜਿਹੜਾ ਇਧਰ ਦੇ ਬੜੇ ਪੀਰ ਸਨ। ਏਧਰਲੇ ਜਿੰਨੇ ਵੀ ਪੀਰ'ਫਕੀਰ ਸਨ ਸਭ ਨੂੰ ਨਿਹਾਲ ਕੀਤਾ। ਸਭ ਨੂੰ ਸੱਚਾ ਮਾਰਗ ਦੱਸਿਆ। ਸਭ ਤੋਂ ਪੁੱਠਾ ਰਾਹ ਛੁਡਾਇਆ।

ਸਬਹਨ ਸੋਂ ਕਰ ਗੋਸਟਾਂ, ਨਾਂਹ ਕਿਸਕੀ ਛਡੀ ਤਤਬੀਰ॥ ੬੦॥ ਗੁਰੂ ਨਾਨਕ ਸਾਹਿਬ ਜੀ ਨੇ ਸਭ ਨਾਲ ਜਾ ਕੇ ਗੋਸ਼ਟਿ ਕੀਤੀ, ਸਭ ਨਾਲ ਗਿਆਨ ਦੀਆਂ ਗੱਲਾਂ ਕੀਤੀਆਂ। ਕਿਸੇ ਦੀ 'ਤਤਬੀਰ' ਨਹੀਂ ਚੱਲੀ, ਕਿਸੇ ਦਾ ਕੋਈ ਤਰੀਕਾ ਨਹੀਂ ਚਲਿਆ ਮਹਾਰਾਜ ਦੇ ਅੱਗੇ, ਸਭ ਦੇ ਸਭ ਫੇਲ੍ਹ ਹੋ ਗਏ। ੬੦।

ਚੌਪਈ॥ ਐਸੇ ਔਰ ਕਹਾਂ ਲਗ ਗਨੀਐ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਮੈਂ ਕਿਥੋਂ ਤਿਕਰ ਗਿਣਾਂ ਬਾਬੇ ਦੀਆਂ ਕਲਾਂ, ਕਿੰਨੀਆਂ ਕਲਾਂ ਵਿਖਾਈਆਂ ਉਹਨਾਂ ਨੇ।

ਪਹੁੰਚੈਂ ਤਹਾਂ ਸਿੱਧ ਜਹਿੰ ਸੁਣੀਐ॥ ਉਹ ਜਿਥੇ ਵੀ ਸਿੱਧ ਆਦਿਕ ਕੋਈ ਪੀਰ ਫਕੀਰ ਸੁਣਦੇ ਸਨ ਉਥੇ ਜ਼ਰੂਰ ਪਹੁੰਚਦੇ ਬਾਬਾ ਜੀ।

ਉਨਕੀ ਸਿੱਧੀ ਦੇਖ ਦਿਖਾਇ॥ ਉਹਨਾਂ ਦੀ ਸਿੱਧੀ ਜਾ ਕੇ ਦੇਖਣੀ, ਜਿਵੇਂ ਵਲੀ ਕੰਧਾਰੀ ਦੀ ਸਿੱਧੀ ਦੇਖੀ ਜਾ ਕੇ ਅਤੇ ਆਪਣੀ ਸਿੱਧੀ ਦਿਖਾ ਕੇ।

ਝੂਠ ਛੁਡਾਵੈਂ ਸਚ ਦੇ ਲਾਇ॥ ੬੧॥ ਕਹਿੰਦੇ ਹਨ ਇਹ ਝੂਠ ਛੱਡ ਦੇ, ਪਖੰਡ ਛੱਡ ਦੇ, ਸੱਚ ਮਾਰਗ ਦੱਸ, ਸੱਚੇ ਮਾਰਗ 'ਤੇ ਚੱਲ ਖੁਦਾ ਦਾ ਨਾਮ ਜਪਾਉ ਤੇ ਜਪੋ ਇਉਂ ਮਹਾਰਾਜ ਸੱਚਾ ਮਾਰਗ ਦਰਸਾਉਂਦੇ ਸਭ ਨੂੰ। ੬੧।

ਦੋਹਰਾ॥ ਇਮ ਕਰ ਸੈਲ ਪੰਜਾਬ ਕੀ, ਲੀਨੇ ਲੋਕ ਪਤਜਾਇ॥ ਪੰਜਾਬ ਦੀ ਸੈਰ ਕੀਤੀ ਸਾਹਿਬਾਂ ਨੇ ਪਹਿਲੇ, ਸਭ ਲੋਕਾਂ ਨੂੰ ਪ੍ਰਤਿਆਵਾ ਦਿੱਤਾ, ਸਭ ਦਾ ਯਕੀਨ ਕਾਇਮ ਕਰ ਦਿੱਤਾ ਮਹਾਰਾਜ ਨੇ।

ਕਿਤ ਸੁੰਦਰ ਧਰਮਸਾਲ ਕਰ, ਨਿਜ ਨਿਜ ਧਰਮੋਂ ਲਾਇ॥ ੬੨॥ ਜਿਹੜੇ ਲੋਕ ਸ਼ਰਨ ਵਿਚ ਆਏ ਹਨ, ਉਥੇ ਸੁੰਦਰ ਧਰਮਸ਼ਾਲਾਂ ਬਣਵਾਈਆਂ ਅਤੇ ਉਨ੍ਹਾਂ ਨੂੰ ਸੱਚਾ ਮਾਰਗ ਦੱਸਿਆ ਹੈ ਸਿਮਰਨ ਕਰੋ, ਬਾਣੀ ਪੜ੍ਹੋ, ਅੰਮ੍ਰਿਤ ਵੇਲੇ ਜਾਗੋ, ਨਾਮ ਜਪੋ ਇਹ ਸ਼ੁਭ ਕਿਰਿਆ ਜਿਹੜੀ ਹੈ ਸਭ ਨੂੰ ਦਰਸਾਈ ਹੈ ਮਹਾਰਾਜ ਨੇ। ੬੨।

ਸਭੀ ਹਕੀਕਤ ਉਨੈ ਕੀ, ਇਹਾਂ ਲਿਖੀ ਯੌ ਨਾਹਿ॥ ਭਾਈ ਸਾਹਿਬ ਜੀ ਕਹਿੰਦੇ ਨੇ ਮੈਂ ਸਾਰੀ ਹਕੀਕਤ ਉਨ੍ਹਾਂ ਦੀ, ਮੈਂ ਸਾਰਾ ਇਤਿਹਾਸ ਨਹੀਂ ਲਿਖਿਆ।

ਜਨਮ ਸਾਖੀ ਪੁਰਾਤਨੋ, ਦੇਖੋ ਜਿਸ ਹੋਇ ਚਾਹਿ॥ ੬੩॥ ਜਿਸ ਨੂੰ ਹੈ ਕੋਈ ਲਗਨ ਕਿ ਅਸੀਂ ਹੋਰ ਸਾਖੀ ਦੇਖੀਏ ਉਹ ਪੁਰਾਤਨ ਜਨਮ ਸਾਖੀ ਵਿਚੋਂ ਦੇਖ ਲਉ ਪ੍ਰਸੰਗ। ੬੩।

ਕਲਜੁਗ ਔ ਬਾਬੇ ਕੀ ਗੋਸ਼ਟ ਕਾ ਪ੍ਰਸੰਗ-ਕਲਜੁਗ ਨੂੰ ਫਿਕਰ।

ਦੋਹਰਾ॥ ਕਲਜੁਗ ਔ ਜਿਮ ਸਤਿਗੁਰੂ, ਸਾਖੀ ਗੋਸਟ ਹੋਇ॥ ਭਾਈ ਸਾਹਿਬ ਜੀ ਕਹਿੰਦੇ ਨੇ ਕਲਜੁਗ ਦੀ ਸਤਿਗੁਰਾਂ ਦੀ ਜਿਵੇਂ ਆਪਸ ਵਿਚੀਂ ਜਿਵੇਂ ਗੋਸ਼ਟਿ ਹੋਈ ਹੈ। ਕਲਜੁਗ ਐਸ ਮੌਕੇ ਦਾ ਰਾਜਾ ਹੈ, ਕਲਜੁਗ ਵੀ ਸਿੱਖ ਬਣਿਆ ਗੁਰੂ ਨਾਨਕ ਸਾਹਿਬ ਜੀ ਦਾ। ਇਹ ਉਹਦੇ ਨਾਲ ਹੁਣ ਪਰਚਾ ਪੈਣ ਲੱਗਿਆ ਹੈ। ਕਲਜੁਗ ਆਇਆ ਹੈ ਮਹਾਰਾਜ ਦੇ ਪਾਸ ਮੇਰੇ ਹੀ ਰਾਜ ਵਿਚ ਇਹ ਨਿਆਂ ਤੇ ਸੱਚ ਦਾ ਰਸਤਾ ਦੱਸਣ ਲੱਗ ਪਏ, ਕੌਣ ਹੈ ਇਹ? ਇਉਂ ਕਲਜੁਗ ਨੂੰ ਫਿਕਰ ਹੋਇਆ।

ਜਿਮ ਜਿਮ ਲਿਖ ਆਗੈ ਗਏ, ਦੇਖ ਬਤਾਊਂ ਸੋਇ॥ ੧॥ ਮੇਰੇ ਤੋਂ ਪਹਿਲਾਂ ਵੀ ਤਾਂ ਲਿਖਿਆ ਕਿਸੇ ਨੇ, ਉਹ ਕਿਵੇਂ ਜਿਵੇਂ ਲਿਖ ਗਏ ਨੇ ਉਸ ਤਰ੍ਹਾਂ ਮੈਂ ਦੱਸਾਂਗਾ ਤੁਹਾਨੂੰ। ੧।

ਚੌਪਈ॥ ਕਿਛੁਕ ਭਾਵ ਗੁਰ ਸਬਦ ਬਿਚਾਰ॥ ਕੁਛਕ ਭਾਵ ਗੁਰੂ ਸ਼ਬਦ ਨੂੰ ਨਾਲ ਲੈਂਦੇ ਹਨ, ਕਿ ਗੁਰੂ ਸਾਹਿਬ ਜੀ ਆਪਣੇ ਸ਼ਬਦਾਂ ਵਿਚ ਕਿਵੇਂ ਗਿਆਨ ਦਿੱਤਾ ਹੈ।

ਕਹੌਂ ਦੇਖ ਸ੍ਰੀ ਗ੍ਰੰਥ ਮਝਾਰ॥ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਵਿਚੋਂ ਦੇਖ ਕੇ ਉਥੋਂ ਮੈਂ ਬਾਣੀ ਵਿਚੋਂ ਵੀ ਦੱਸਾਂਗਾ,

ਕਲੂ ਨਰਕ ਚਹਿ ਪਾਪੀ ਪਾਇ॥ ਕਲਜੁਗ ਜਿਹੜਾ ਹੈ ਉਹ ਕਹਿੰਦਾ ਹੈ ਮੈਂ ਇਹਨਾਂ ਨੂੰ ਨਰਕਾਂ ਵਿਚ ਸੁੱਟਾਂ। ਕਿਉਂ ਕਲਜੁਗ ਵਿਚ ਪਾਪੀਆਂ ਦਾ ਜਨਮ ਹੁੰਦਾ ਹੈ। ਅਪਰਾਧੀਆਂ ਦਾ ਜਨਮ ਹੁੰਦਾ ਹੈ। ਧਰਮੀਆਂ ਦਾ ਜਨਮ ਨਹੀਂ ਹੁੰਦਾ ਏਥੇ। ਏਸ ਵਾਸਤੇ ਕਲਜੁਗ ਚਾਹੁੰਦਾ ਮੈਂ ਇਹਨਾਂ ਪਾਪੀਆਂ ਨੂੰ ਸਜ਼ਾ ਦੇਵਾਂ, ਇਹਨਾਂ ਨੂੰ ਮੈਂ ਨਰਕਾਂ ਵਿਚ ਪਾਵਾਂ। ਇਹ ਕੋਈ ਚੰਗਾ ਕਰਮ ਤੇ ਕਰਦੇ ਨਹੀਂ ਇਸ ਕਰਕੇ।

ਪਰ ਸਤਿਗੁਰ ਜੀ ਚਹੈਂ ਕਢਾਇ॥ ੨॥ ਸਤਿਗੁਰੂ ਕਹਿੰਦੇ ਨੇ ਇਹਨਾਂ ਪਾਪੀਆਂ ਨੂੰ ਬਖਸ਼ ਦੇਣਾ ਹੈ। ਇਹਨਾਂ ਨੂੰ ਨਰਕਾਂ ਵਿਚ ਪੈਣ ਨਹੀਂ ਦੇਣਾ ਮੈਂ। ੨।

ਕਲੂ ਚਹੈ ਪਾਪੀ ਡੁਬ ਜਾਇ॥ ਕਲਜੁਗ ਕਹਿੰਦਾ ਪਾਪੀ ਸਾਰੇ ਹੀ ਡੁੱਬ ਜਾਣ, ਇਹਨਾਂ ਦਾ ਕੁਛ ਨਾ ਰਹੈ ਇਥੇ। ਇਹਨਾਂ ਨੂੰ ਸਜ਼ਾ ਦੇਵਾਂ ਇਹਨਾਂ ਦੇ ਪਾਪ ਦੀ।

ਬਾਬਾ ਚਹੈ ਉਨ ਪਾਰ ਲੰਘਾਇ॥ ਬਾਬਾ ਕਹਿੰਦਾ ਇਹਨਾਂ ਦੇ ਸਾਰਿਆਂ ਪਾਪਾਂ ਦੀ ਕਲਿਆਣ ਕਰ ਦੇਵਾਂ, ਇਹਨਾਂ ਦਾ ਪਾਰ ਉਤਾਰਾ ਕਰ ਦੇਵਾਂ, ਇਹਨਾਂ ਨੂੰ ਮੁਕਤੀ ਦਾਨ ਦੇਵਾਂ। ਇਉਂ ਦਾਤਾ ਬਖਸ਼ਿੰਦ ਹੈ ਨਾ ਗੁਰੂ ਨਾਨਕ ਸਾਹਿਬ।

ਬਾਬਾ ਆਪਨੀ ਛੱਡੈ ਨ ਬਾਣ॥ ਬਾਬਾ ਆਪਣੀ (ਬਾਣ) ਆਦਤ ਨਹੀਂ ਛੱਡਦਾ। ਬਾਬਾ ਕਹਿੰਦਾ ਮੈਂ ਸਭ ਨੂੰ ਤਾਰਨਾ ਮੈਂ ਸਭ ਦੀ ਕਲਿਆਣ ਕਰਨੀ ਹੈ।

ਤਾਰਜੋ ਚਾਹੈ ਸਗਲ ਜਹਾਨ॥ ੩॥ ਸਾਰਾ ਜਹਾਨ ਤਾਰਨਾ ਚਾਹੁੰਦੇ ਜਿਨ੍ਹਾਂ ਲੱਖਾਂ ਅਕਾਸ਼ ਤਾਰ ਦਿੱਤੇ ਖਾਲਸਾ ਜੀ। ਸਾਡੇ ਲੋਗਾਂ ਦੀ ਕਿਹੜੀ ਗੱਲ ਹੈ ਮਨੁੱਖਾਂ ਦੀ ਸਾਨੂੰ ਵੀ ਉਹ ਤਾਰਨਾ ਚਾਹੁੰਦੇ ਨੇ। ੩।

ਤੌ ਕਲਜੁਗ ਮਨ ਆਯੋ ਰੋਸ॥ ਤਾਂ ਕਲਜੁਗ ਦੇ ਮਨ ਵਿਚ ਬੜਾ ਰੋਸ ਆਇਆ ਇਹ ਚੰਗਾ ਆਇਆ ਕੋਈ। ਮੇਰਾ ਰਾਜ ਹੋਵੇ ਮੈਂ ਇਨ੍ਹਾਂ ਸਜ਼ਾ ਭੰਨ ਦੇਣਾ ਪਾਪੀਆਂ ਨੂੰ। ਇਹ ਬਾਬਾ ਕਹਿੰਦਾ ਮੈਂ ਇਹ ਬਖਸ਼ ਦੇਣੇ ਨੇ। ਇਸ ਤਰ੍ਹਾਂ ਕਿਵੇਂ ਹੋ ਸਕਦਾ ਮੇਰੇ ਰਾਜ ਵਿਚ ਕਿਵੇਂ ਤਾਰ ਦਿੰਦੇ ਹਨ। ਤਾਂ ਉਹਨੂੰ ਗੁੱਸਾ ਆਇਆ। ਜਦੋਂ ਕਲਜੁਗ ਨੇ ਗੁੱਸਾ ਖਾਧਾ।

'ਲਈ ਨਾਨਕ ਮੋਹਿ ਅਦਾਲਤ ਖੋਸ'॥ ਮੇਰੀ ਅਦਾਲਤ ਹੀ ਖੋਹ ਲਈ ਨਾਨਕ ਨੇ ਆ ਕੇ, ਮੇਰਾ ਨਿਆਂ ਇਨਸਾਫ ਸਭ ਖਤਮ ਕਰ ਦਿੱਤਾ।

ਹਮ ਚਾਹੈਂ ਨਿਜ ਅਦਲ ਬਹਾਯਾ॥ ਮੈਂ ਚਹੁੰਨਾਂ ਇਨਸਾਫ ਹੋਵੇ ਪਾਪੀ ਨੂੰ ਡੰਡ ਮਿਲੇ ਤੇ ਧਰਮੀ ਨੂੰ ਬਖਸ਼ਿਆ ਜਾਵੇ। ਇਹ ਬਾਬੇ ਨੇ ਤਾਂ ਮੇਰੀ ਅਦਾਲਤ ਖੋਹ ਲਈ, ਮੇਰਾ ਤਾਂ ਇਥੇ ਚਲਦਾ ਹੀ ਕੁਛ ਨਹੀਂ।

ਨਾਨਕ ਚਹੈ ਨਿਜ ਧਰਮ ਬ੍ਰਤਾਯਾ॥ ੪॥ ਤੇ ਗੁਰੂ ਨਾਨਕ ਸਾਹਿਬ ਕਹਿੰਦੇ ਨੇ ਧਰਮ ਵਰਤਾਈਏ, ਧਰਮ ਦੀ ਗੱਲ ਹੋਵੇ, ਧਰਮੀ ਲੋਕ ਹੋਣ। ਪਾਪਾਂ ਤੋਂ ਛੁੱਟ ਜਾਣ ਸਾਰੇ। ੪।

ਹਮਰੋ ਉਸ ਕੋ ਮਿਲੈ ਨ ਮੇਲ॥ ਇਸ ਵਾਸਤੇ ਬਾਬੇ ਨਾਨਕ ਦਾ ਤੇ ਮੇਰਾ ਮੇਲ ਕਿਵੇਂ ਹੋ ਸਕਦਾ ਹੈ? ਸਾਡੀ ਤਾਂ ਗੱਲ ਨਹੀਂ ਰਲਦੀ ਆਪਸ ਵਿਚੀਂ।

ਕਲਜੁਗ ਯੌਂ ਆਯੋ ਮਨ ਖੇਲ॥ ਇਉਂ ਮਨ ਵਿਚ (ਖੇਲ) ਰੋਸ ਵਿਚ ਆ ਗਿਆ, ਗੁੱਸੇ ਵਿਚ ਆ ਗਿਆ। ਆਪਣੀ ਕਲਾ ਦਿਖਾਉਣ ਉੱਤੇ ਆ ਗਿਆ ਮੈਂ ਆਪਣਾ ਜ਼ੋਰ ਦਿਖਾਵਾਂ ਬਾਬੇ ਨੂੰ, ਇਹ ਕਿਉਂ ਇਸ ਤਰ੍ਹਾਂ ਕਰਦਾ ਹੈ?

ਹੋਇ ਸੁ ਕਥਾ ਜਿਸ ਸੁਨਨੈ ਲੋਰ॥ ਭਾਈ ਸਾਹਿਬ ਜੀ ਕਹਿੰਦੇ ਨੇ ਦੇਖ ਲਉ ਕਿਵੇਂ ਕਲਜੁਗ ਨੇ ਕੀਤਾ ਸੀ। ਉਸ ਮੌਕੇ ਦੀ ਕਥਾ ਕਿਸੇ ਨੂੰ ਸੁਣਨ ਦੀ ਲੋੜ ਹੈ ਕਿ ਮੈਂ ਪ੍ਰਸੰਗ ਸਾਰਾ ਸਰਵਣ ਕਰਾਂ ਤਾਂ।

ਲਏ ਵੇਖ ਵਹਿ ਪੁਸਤਕ ਹੋਰ॥ ੫॥ ਹੋਰ ਜਨਮ ਸਾਖੀਆਂ ਵਿਚ ਹੋਰ ਪੁਸਤਕਾਂ ਵਿਚ ਵੇਖ ਲਵੋ। ਉਥੇ ਲਿਖੀਆਂ ਹੋਈਆਂ ਨੇ ਸਾਖੀਆਂ। ੫।

ਅਥ ਦੱਖਣ ਪ੍ਰਸੰਗ ਤੁਰਿਯੋ (ਦੱਖਣ ਦੀ ਉਦਾਸੀ)

ਦੋਹਰਾ॥ ਫਿਰ ਸਤਿਗੁਰ ਦੱਖਣ ਦਿਸੇ, ਤੁਰੇ ਸੁ ਕਰਨੇ ਸੈਲ॥ ਪਹਿਲਾਂ ਮਹਾਰਾਜ ਨੇ ਪੱਛਮ ਦੇਸ਼ਾਂ ਨੂੰ ਤਾਰਿਆ, ਹੁਣ ਦੱਖਣ ਦੇਸ਼ ਵਲ ਗਏ ਮਹਾਰਾਜ ਮਰਦਾਨੇ ਨੂੰ ਕਿਹਾ ਦੱਖਣ ਨੂੰ ਚਲੀਏ।

ਸਬਦ ਸਾਖੀ ਕੋ ਪੜ੍ਹਨ ਕੋ, ਮਰਦਾਨਾ ਕਰ ਲਯੋ ਗੈਲ॥ ੧॥ ਸ਼ਬਦ ਸਾਖੀਆਂ ਪੜ੍ਹਨ ਵਾਸਤੇ ਮਰਦਾਨੇ ਨੂੰ ਨਾਲ ਲੈ ਲਿਆ, ਚੱਲ ਮਰਦਾਨਿਆ! ਚਲੀਏ। ਨਾਲ ਲੈ ਗਿਆ ਸਾਥੀ ਨੂੰ ਬਾਬਾ। ੧।

ਚੌਪਈ॥ ਜਹਿੰ ਜਹਿੰ ਦੇਵਲ ਤੀਰਥ ਦੇਖੇ॥ ਜਿਥੇ ਜਿਥੇ ਵੱਡੇ ਵੱਡੇ ਮੰਦਰ ਨੇ ਦੱਖਣ ਵਿਚ, ਵੱਡੇ ਵੱਡੇ ਤੀਰਥ ਨੇ ਗੰਗਾ ਹੈ, ਗੋਦਾਵਰੀ ਹੈ, ਜਮਨਾ ਵਗਦੀ ਹੈ ਇਸ ਦਿਸ਼ਾ ਵਿਚ ਸਾਰੇ ਇਹਨਾਂ ਦੇ ਬਨਾਰਸ ਆਦਿਕ ਗੰਗਾ ਆਦਿਕ ਜਿਥੇ ਜਿਥੇ ਤੀਰਥ ਹਨ ਹਿੰਦੂਆਂ ਦੇ ਗਏ ਮਹਾਰਾਜ ਜੀ।

ਸਭ ਥਾਂ ਭ੍ਰਿਸ਼ਟ ਤੁਰਕਨ ਕੀਏ ਪੇਖੇ॥ ਹਰ ਜਗ੍ਹਾ ਉਤੇ ਭ੍ਰਿਸ਼ਟ ਕੀਤੇ ਦੇਖੇ ਤੁਰਕਾਂ ਨੇ। ਇਹ ਤੀਰਥ ਭ੍ਰਿਸ਼ਟ ਕਰ ਦਿੱਤੇ ਹਨ। ਸਭ ਜਗ੍ਹਾ ਉਤੇ ਜਾ ਕੇ ਇਹਨਾਂ ਨੇ ਗਊਆਂ ਮਾਰ ਮਾਰ ਕੇ ਤੀਰਥਾਂ ਵਿਚ ਪਾਈਆਂ। ਪਾਪ ਕੀਤਾ, ਇਹਨਾਂ ਤੀਰਥਾਂ ਵਿਚ ਬਲ ਤੱਕ ਤਾਕਤ ਨਾ ਰਹੇ। ਤਾਂ ਕਿ ਸਾਡਾ ਰਾਜ ਬਹਾਲ ਰਹੇ।

ਦੇਵਲ ਢਾਹਿ ਮਸੀਤੇਂ ਮਧ ਕਰੀ॥ (ਦੇਵਲ) ਮੰਦਰਾਂ ਨੂੰ ਕਹਿੰਦੇ ਨੇ, ਮੰਦਰ ਢਾਹ ਕੇ ਉਤੇ ਮਸੀਤਾਂ ਬਣਾ ਦਿੱਤੀਆਂ।

ਮੂਰਤ ਮਧ ਕਰ ਨਕਟੀ ਧਰੀ॥ ੨॥ ਅਤੇ ਮੂਰਤ ਵਿਚ ਰਖ ਦਿੱਤੀ ਨਕਟੀ ਕਰ ਕੇ। ਨੱਕ ਵੱਢਿਆ ਮੂਰਤ ਦਾ, ਪੱਥਰ ਦੀ ਬਣਾ ਕੇ ਰੱਖ ਦਿੱਤੀ ਵਿਚ। ੨।

ਯੌਂ ਬਾਬੇ ਦੇਖ ਸਬਦ ਉਚਾਰਯੋ॥ ਜਦੋਂ ਇਹ ਦਸ਼ਾ ਦੇਖੀ ਏਸ ਏਰੀਏ ਦੀ ਦੱਖਣ ਦੀ ਤਾਂ ਬਾਬਾ ਜੀ ਨੇ ਸ਼ਬਦ ਉਚਾਰਨ ਕੀਤਾ।

ਮੋ ਮੈਂ ਯਾ ਪੁਸਤਕ ਲਿਖ ਧਾਰਯੋ॥ ਮੈਂ ਆਪਣੀ ਪੁਸਤਕ 'ਚ ਲਿਖ ਦਿੱਤਾ ਉਹ ਪ੍ਰਸੰਗ।

"ਖੁਰਾਸਾਨ ਖਸਮਾਨਾ ਕੀਆ, ਹਿੰਦੁਸਤਾਨ ਡਰਾਇਆ"॥ ਇਹ ਕੁਰਾਸਾਨ ਤੋਂ ਆਏ ਨੇ ਇਰਾਨ ਤੋਂ ਏਧਰੋਂ ਆਏ ਨੇ ਤੁਰਕ ਅਰਬ ਦੇਸ਼ ਵਿਚੋਂ ਕੁਰਾਸਾਨ ਦੇ ਲੋਕ ਚੜ੍ਹਕੇ ਆਏ ਗੁੱਸਾ ਕਰਕੇ ਲੁੱਟਣ ਵਾਸਤੇ ਲੁਟੇਰੇ ਬਣਕੇ, ਤੇ

ਹਿੰਦੋਸਤਾਨ ਸਾਰਾ ਹੀ ਡਰ ਗਿਆ ਇਹ ਕਿਥੋਂ ਆ ਗਈ ਬਲਾ ਸਾਡੇ ਉੱਤੇ।

"ਕੋਈ ਮੁਗਲੁ ਨ ਹੋਆ ਅੰਧਾ, ਕਿਨੈ ਨ ਪਰਚਾ ਲਾਇਆ" ॥ ੩ ॥ ਕਲਜੁਗ ਦਾ ਰਾਜ ਨਾ, ਜੁਲਮੀਆਂ ਦਾ ਤਾਂ ਉਦੋਂ ਪ੍ਰਫੁੱਲਤ ਹੁੰਦੇ ਨੇ ਉਹ, ਉਹਨਾਂ ਨੂੰ ਤਾਂ ਤਾਕਤ ਮਿਲਦੀ ਹੈ। ਕਹਿੰਦੇ ਨੇ ਕਿਸੇ ਨੇ ਨਾ ਹਟਾਇਆ, ਕੋਈ ਮੁਗਲ ਅੰਨ੍ਹਾਂ ਨਹੀਂ ਹੋਇਆ। ਉਹ ਐਨੇ ਮੰਦਰ ਢਾਹ ਤੇ ਐਨੀਆਂ ਗਊਆਂ ਮਾਰ ਦਿੱਤੀਆਂ, ਐਨੇ ਤੀਰਥ ਭ੍ਰਿਸ਼ਟ ਕਰ ਦਿੱਤੇ। ਕਿਸੇ ਨਹੀਂ ਪਰਚਾ ਲਾਇਆ। ਕੋਈ ਸਾਧ ਨਾ ਨਿਕਲਿਆ ਵਿਚੋਂ, ਕੋਈ ਨਾ ਨਿਕਲਿਆ ਇਹਨਾਂ ਵਿਚੋਂ ਬਲੀ ਲੋਕ ਜਿਹੜਾ ਠੱਲ ਪਾਉਂਦਾ ਇਹਨਾਂ ਨੂੰ ਰੋਕਦਾ ਤੁਰਕਾਂ ਨੂੰ। ੩।

ਸੋਰਠਾ ॥ ਕਲਜੁਗ ਛੋਡਯੋ ਨਾਹਿ, ਕਿਸਹੂੰ ਦੇਵਤ ਮਧ ਬਲ ॥ ਭਾਈ ਸਾਹਿਬ ਜੀ ਕਹਿੰਦੇ ਨੇ ਕਲਜੁਗ ਨੇ ਤਾਂ ਕਿਸੇ ਵਿਚ ਬਲ ਹੀ ਨਹੀਂ ਛੱਡਿਆ ਕਿਸੇ ਦੇਵਤੇ ਵਿਚ ਕਿਸੇ ਪੀਰ ਫਕੀਰ ਵਿਚ ਤਾਕਤ ਨਹੀਂ ਸੀ ਰਹਿਣ ਦਿੱਤੀ।

ਭ੍ਰਿਸ਼ਟ ਕੀਏ ਸਭ ਥਾਇ, ਜੇ ਹਿੰਦੁਅਨ ਕੇ ਪੂਜ ਥੇ ॥ ੪ ॥ ਜੋ ਹਿੰਦੂਆਂ ਦੇ ਪੂਜਨੀਕ ਅਸਥਾਨ ਸਨ ਸਭ ਢਾਹ ਫੇਰੀ ਕਰ ਦਿੱਤੇ ਸਨ ਸਭ ਭ੍ਰਿਸ਼ਟ ਕਰ ਦਿੱਤੇ ਗਏ ਸੀ। ੪।

ਅਥ ਪੂਰਬ ਕੋ ਪ੍ਰਸੰਗ ਤੁਰਿਯੋ (ਉਦਾਸੀ ਪੂਰਬ ਕੀ)

ਦੋਹਰਾ ॥ ਤੇ ਬਾਬੇ ਚਿਤ ਧਰਯੋ, ਪੂਰਬ ਸੈਰ ਬਿਚਾਰ ॥ ਦੱਖਣ ਦੀ ਸੈਰ ਤੋਂ ਮਹਾਰਾਜ ਨੇ ਕਿਹਾ ਹੁਣ ਪੂਰਬ ਦੀ ਸੈਰ ਕਰੀਏ ਆਹ ਜੋ ਬਨਾਰਸ ਦਾ ਇਲਾਕਾ ਹੈ ਪਟਨੇ ਦਾ ਇਲਾਕਾ ਸਾਹਿਬਾਂ ਨੇ ਕਿਹਾ ਇਹ ਇਲਾਕਾ ਦੇਖੀਏ, ਦੱਖਣ ਤਾਂ ਸਮੁੰਦਰ ਤਾਈਂ ਵੇਖ ਲਿਆ ਸਾਰਾ।

ਝੂਠ ਸਾਚ ਜਹਿੰ ਜਹਿੰ ਢਪਯੋ ਦੇਖੀਐ ਸੋਊ ਉਘਾਰ ॥ ੧ ॥ ਜਿਥੇ ਝੂਠ ਹੈ ਜਿਥੇ ਸੱਚ ਹੈ ਸਾਰਾ ਪੜਦਾ ਚੁੱਕ ਕੇ ਦੇਖੀਏ, ਹੁਣ ਪੂਰਬ ਦੀ ਸੈਲ ਦਾ ਮਹਾਰਾਜ ਜੀ ਨੂੰ ਖਿਆਲ ਹੋ ਗਿਆ। ਪੂਰਬ ਦਿਸ਼ਾ ਨੂੰ ਚਲੀਏ। ੧।

ਚੌਪਈ ॥ ਪ੍ਰਿਥਮ ਸਤਿਗੁਰ ਕੀਯੋ ਗੰਗ ਇਸ਼ਨਾਨ ॥ ਪ੍ਰਿਥਮੇ ਗੰਗਾ ਦਾ ਆ ਗਿਆ ਜੋੜ ਮੇਲਾ, ਏਥੇ ਗੰਗਾ ਤੇ ਹਰਿਦੁਆਰ ਆ ਕੇ ਇਸ਼ਨਾਨ ਕੀਤਾ ਸਾਹਿਬਾਂ ਨੇ।

ਰਿਖੀ ਕੇਸ਼ ਰਿਖੀ ਦੇਖੇ ਥਾਨ ॥ ਰਿਸ਼ੀਕੇਸ਼ ਇਥੇ ਦੇਖੇ ਅਸਥਾਨ ਰਿਖੀਆਂ ਮੁਨੀਆਂ ਦੇ, ਅਗਲੇ ਪਾਸੇ ਰਿਖੀਕੇਸ਼ ਹੈ, ਹਰਿਦੁਆਰ ਤੋਂ ਅੱਗੇ ਜਾ ਕੇ ਸਟੇਸ਼ਨ ਲੱਗਦਾ ਹੈ। ਉਹਨਾਂ ਦੇ ਵੀ ਅਸਥਾਨ ਦੇਖਣੇ ਕੀਤੇ ਹਨ। ਜਿਥੇ ਗੋਦੜੀ ਸਾਹਿਬ ਗੁਰਦੁਆਰਾ ਹੈ। ਹਰਿਦੁਆਰ ਵਿਖੇ ਗੰਗਾ ਦੇ ਪਲੇਟਫਾਰਮ ਦੇ ਉਤੇ ਹੈ ਏਥੇ ਸਾਹਿਬ ਸੱਚੇ ਪਾਤਸ਼ਾਹ ਜੀ ਪੱਛਮ ਵੱਲ ਨੂੰ ਜਲ ਦੇਣਾ ਕੀਤਾ, ਲੋਕੀਂ ਸੂਰਜ ਨੂੰ ਚੜ੍ਹਾਉਂਦੇ ਸਨ। ਇਹ ਕੀ ਗੱਲ ਜੀ? ਸੂਰਜ ਨੂੰ ਜਲ ਅਸੀਂ ਦਿੰਦੇ ਆਂ ਤੁਸੀਂ ਓਧਰ ਨੂੰ ਮਹਾਰਾਜ ਕਹਿੰਦੇ ਏਧਰ ਕਿਹਨੂੰ ਜਲ ਦਿੰਦੇ ਓ ਤੁਸੀਂ? ਇਹ ਸਾਡੇ ਪਿੱਤਰਾਂ ਨੂੰ ਜਾਂਦਾ ਹੈ ਜਲ, ਇਹ ਸੂਰਜ ਦੀਆਂ ਕਿਰਨਾਂ ਦੁਆਰਾ ਜਾਂਦਾ ਹੈ। ਕਹਿਣ ਲੱਗੇ ਅੱਛਾ? ਕਿੱਡੀ ਕੁ ਦੂਰ? ਉਹਨਾਂ ਦੱਸਿਆ ਲੱਖਾਂ ਜੋਜਨ ਦੂਰ ਉੱਚਾ ਹੈ ਉਥੇ ਸਾਡਾ ਪਾਣੀ ਪਹੁੰਚਦਾ ਹੈ ਪਿੱਤਰਾਂ ਨੂੰ। ਅਖੇ ਤੁਸੀਂ ਏਧਰ ਕਿਹਨੂੰ ਪਾਉਨੇ ਓ ਪਾਣੀ? ਮਹਾਰਾਜ ਕਹਿੰਦੇ ਮੇਰੀ ਤਾਂ ਖੇਤੀ ਬੀਜੀ ਹੋਈ ਹੈ। ਮੈਂ ਆਪਣੀ ਖੇਤੀ ਨੂੰ ਪਉਣਾ ਹਾਂ ਪਾਣੀ। ਆਖਦੇ ਏਡੀ ਦੂਰ ਕਿਵੇਂ ਜਾ ਸਕਦਾ? ਮਹਾਰਾਜ ਕਹਿੰਦੇ ਤੁਹਾਡਾ ਉਤਾਂਹ ਚੜ੍ਹ ਸਕਦਾ ਮੇਰਾ ਤਾਂ ਪੱਧਰੇ ਪੱਧਰੇ ਜਾਂਦਾ। ਜੇ ਤੁਹਾਡਾ ਉਤਾਂਹ ਚੜ੍ਹਕੇ ਜਾ ਸਕਦਾ ਤਾਂ ਮੇਰਾ ਪੱਧਰੇ ਨਹੀਂ ਜਾ ਸਕਦਾ? ਕਿਹਾ ਝੂਠੇ, ਇਹ ਕਿਉਂ ਪਖੰਡ ਬਣਾਇਆ? ਕਦੀ ਪਾਣੀ ਵੀ ਉਤਾਂਹ ਨੂੰ ਚੜ੍ਹਿਆ? ਵੈਦਕ ਵਿਚ ਲਿਖਿਆ ਪੜ੍ਹਿਆ ਹੈ ਕਿ ਜਦੋਂ ਸੂਰਜ ਨਿਕਲੇ ਨਾ ਉਹਨੂੰ ਪਾਣੀ ਪਾਈਏ, ਉਹ ਪਾਣੀ ਦੇ ਵਿਚ ਦੀ ਜੋ ਕਿਰਨਾਂ ਪੈਂਦੀਆਂ ਸਰੀਰ 'ਤੇ ਉਹਦੇ ਨਾਲ ਕਈ ਰੋਗ ਹਟਦੇ ਹਨ। ਦੁਖ ਦੂਰ ਹੁੰਦੇ ਨੇ, ਉਹ ਤਾਂ ਇਲਾਜ ਵਾਸਤੇ ਲੋਕੀਂ ਰਿਸ਼ੀ ਮੁਨੀ ਕਰਦੇ ਸਨ ਲੇਕਿਨ ਇਹਨਾਂ ਅੱਜ ਦਿਆਂ ਪੰਡਤਾਂ ਨੇ, ਇਹਨਾਂ ਪਖੰਡ ਬਣਾ ਲਿਆ ਹੈ ਅਸੀਂ ਸੂਰਜ ਨੂੰ ਪਾਣੀ ਦਿੰਦੇ ਹਾਂ ਤੇ ਵਡੇਰਿਆਂ ਨੂੰ ਪਾਣੀ

ਦਿੰਦੇ ਹਾਂ, ਇਹ ਕਿੱਧਰ ਨੂੰ ਗਈ ਗੱਲ? ਇਸ ਵਾਸਤੇ ਸਾਹਿਬ ਸੱਚੇ ਪਾਤਸ਼ਾਹ ਜਿਥੇ ਜਿਥੇ ਵੀ ਝੂਠੀ ਗੱਲ ਸੀ, ਝੂਠ ਲੁਕਿਆ ਹੋਇਆ ਸੀ ਸਭ ਤੋਂ ਪੜਦਾ ਲਾਹ ਕੇ ਵੇਖਦੇ ਹਨ। ਦੁਨੀਆਂ ਵਾਲਿਆਂ ਨੂੰ ਦੱਸਦੇ ਹਨ, ਝੂਠ ਹੈ ਏਧਰ ਨਾ ਜਾਉ। ਇਹ ਸੱਚਾ ਮਾਰਗ ਹੈ ਏਧਰ ਜਾਉ ਇਉਂ ਸਾਹਿਬ ਉਪਦੇਸ਼ ਦਿੰਦੇ ਸਨ।

ਪਾਰ ਲੰਘ ਵਲਭੀ ਤਹਿੰ ਦੇਸ॥ ਓਥੋਂ ਪਾਰ ਲੰਘ ਗਏ। ਹਰਿਦੁਆਰ ਤੋਂ ਰਿਖੀਕੇਸ਼, ਰਿਖੀਕੇਸ਼ ਤੋਂ ਵਲਭੀ ਦੇਸ਼ ਵਜਦਾ ਹੈ, ਜਿਹਨੂੰ ਗੜ੍ਹਵਾਲ ਕਹਿੰਦੇ ਹਨ, ਗੜ੍ਹਵਾਲ ਦੀ ਰਿਆਸਤ ਹੈ ਇਹ ਇਸ ਤੋਂ ਅੱਗੇ ਸਿੱਧੇ ਹੀ ਨਾਨਕ ਮਤੇ ਆਦਿ ਨੂੰ ਚਲਿਆ ਜਾਂਦਾ ਹੈ। ਏਸੇ ਏਰੀਏ ਨੂੰ ਏਧਰ ਲੰਘ ਗਏ ਨੇ ਪਹਾੜਾਂ ਵਿਚ।

ਹੁਤੇ ਲੋਕ ਸਭ ਜੋਗੀ ਭੇਸ॥ ੨॥ ਕੀ ਦੇਖਦੇ ਹਨ ਸਾਹਿਬ? ਲੋਕ ਸਾਰੇ ਜੋਗੀ, ਗ੍ਰਿਹਸਤੀ ਵੀ ਜੋਗੀ, ਕੰਨ ਪਾਟੇ ਹੋਏ ਨੇ ਮੁੰਦਰਾਂ ਪਾਈਆਂ ਹੋਈਆਂ ਨੇ, ਹੈਗੇ ਗ੍ਰਿਹਸਤੀ, ਸਿਰ 'ਤੇ ਜਟਾਵਾਂ ਧਰੀਆਂ ਹੋਈਆਂ ਨੇ। ੨।

ਸਿਧ ਚੌਰਾਸੀ ਕੇ ਊਹਾਂ ਧਾਮ॥ ਚੌਰਾਸੀ ਸਿੱਧਾਂ ਦਾ ਅਸਥਾਨ ਸੀ ਏਸ ਏਰੀਏ ਵਿਚ।

ਗੋਰਖ ਮਤੋ ਹੁਤਿ ਤਿਸ ਕੋ ਨਾਮ॥ ਜਿਹਦਾ ਅੱਜ ਨਾਨਕ ਮਤਾ ਨਾਮ ਹੈ, ਨਾਨਕ ਮਤੇ ਦਾ ਨਾਮ ਗੋਰਖ ਮਤਾ ਸੀ ਪਹਿਲੇ।

ਊਹਾਂ ਕਲਜੁਗ ਕਾ ਭਯੋ ਪਸਾਰਾ॥ ਏਥੇ ਕਲਜੁਗ ਦਾ ਬੜਾ ਪਸਾਰਾ ਸੀ। ਸਿੱਧ ਲੋਕ ਆਪਣੀਆਂ ਝੂਠੀਆਂ ਸਿੱਧੀਆਂ ਦਿਖਾ ਕੇ ਲੋਕਾਂ ਨੂੰ। ਜੰਤਰਾਂ ਮੰਤਰਾਂ ਦੇ ਨਾਲ ਲੋਕਾਂ ਨੂੰ ਆਪਣੇ ਮਗਰ ਲਾਇਆ ਹੋਇਆ ਸੀ। ਸਾਰਾ ਦੇਸ਼ ਹੀ ਜੋਗੀ ਬਣਾਇਆ ਹੋਇਆ ਸੀ।

ਸਿੱਧਨ ਤਹਿੰ ਜੋਰ ਲਾਯੋ ਭਾਰਾ॥ ੩॥ ਗੁਰੂ ਨਾਨਕ ਸਾਹਿਬ ਗਏ ਨੇ ਤੇ ਸਿੱਧਾਂ ਨੇ ਬੜਾ ਜੋਰ ਲਾਇਆ। ਉਡਾਰੀਆਂ ਮਾਰੀਆਂ, ਸ਼ੇਰ, ਬਘਿਆੜ ਬਣੇ, ਮੂੰਹ ਵਿਚੋਂ ਅੰਗਿਆਰ ਸੁੱਟੇ, ਮ੍ਰਿਗਸ਼ਾਲਾ ਉਡਾਈਆਂ, ਅਕਾਸ਼ ਵਿਚ ਉਡੇ ਆਦਿਕ ਬੜਾ ਜੋਰ ਲਾਇਆ। ੩।

ਤਹਾਂ ਬਾਬੇ ਸਤਿਨਾਮ ਦ੍ਰਿੜਾਯਾ॥ ਸਤਿਗੁਰਾਂ ਨੇ ਏਥੇ ਵੀ ਸਤਿਨਾਮ ਦਾ ਉਪਦੇਸ਼ ਦਿੱਤਾ। ਓਇ ਝੂਠੇ ਲੋਕੋ। ਕਿਉਂ ਪਖੰਡ ਕਰਦੇ ਹੋ, ਇਹਨਾਂ ਵਿਚ ਕੀ ਤਾਕਤ ਹੈ? ਇਉਂ ਕਰਕੇ ਇਥੇ ਮਹਾਰਾਜ ਨੇ ਸਤਿਨਾਮ ਦਾ ਉਪਦੇਸ਼ ਦਿੱਤਾ ਜੋ ਅੱਜ ਵੀ ਵਰਤ ਰਿਹਾ ਹੈ।

ਗੋਰਖ ਮਤਜੋਂ 'ਮਤ ਨਾਨਕ' ਸਦਵਾਯਾ॥ ਪਹਿਲੇ ਗੋਰਖ ਮਤਾ ਲੋਕੀਂ ਕਹਿੰਦੇ ਸੀ ਤੇ ਹੁਣ ਨਾਨਕ ਮਤਾ ਕਹਿੰਦੇ ਹਨ।

ਬਦਰੀ ਕਿਦਾਰ ਔ ਦੇਸ ਉੜੀਸੇ॥ ਇਸ ਤੋਂ ਅੱਗੇ ਚਲੇ ਜਾਈਏ ਹੇਮਕੁੰਟ ਆ ਜਾਂਦਾ ਹੈ। ਇਕ ਪਾਸੇ ਬਦਰੀ ਨਾਥ ਦਾ ਮੰਦਰ ਹੈ ਉਥੇ ਚਲੇ ਜਾਂਦੇ ਨੇ। ਬਦਰੀ ਇਕ ਦੈਂਤ ਹੋਇਆ ਹੈ, ਸ਼ਿਵਾਂ ਨੇ ਮਾਰਿਆ ਉਸਨੂੰ ਇਸ ਕਰਕੇ ਉਹ ਬਦਰੀ ਨਰਾਇਣ। ਨਰਾਇਣ ਪ੍ਰਮੇਸ਼ਰ, ਬਦਰੀ, ਰਾਖਸ਼ ਸੀ। ਉਥੇ ਪ੍ਰਸੰਗ ਹੋਇਆ ਸੀ ਗ੍ਰੰਥਾਂ ਵਿਚ ਆਉਂਦਾ ਹੈ।

ਜਗਨ ਨਾਥ ਲਖਿ ਆਗੈ ਬੈਸੇ॥ ੪॥ ਜਗਨ ਨਾਥ ਪੁਰੀ ਨੂੰ ਦੇਖ ਕਰਕੇ ਮਹਾਰਾਜ ਉਸ ਤੋਂ ਅੱਗੇ ਹੋ ਗਏ। ਜਗਨ ਨਾਥ ਏਧਰ ਆ ਜਾਂਦਾ ਉੜੀਸਾ ਵਿਚ ਜਿਥੇ ਅੱਜ ਦਾ ਬੋਧ ਅਵਤਾਰ ਹੈ। ਜਿਥੇ ਕ੍ਰਿਸ਼ਨ ਭਗਵਾਨ ਜੀ ਦਾ ਅੰਤ ਹੋਇਆ ਹੈ, ਜਿਥੇ ਸੰਸਕਾਰ ਹੋਇਆ ਸੀ। ਉਸ ਮੰਦਰ ਦਾ ਨਾਮ ਜਗਨਨਾਥ ਹੈ। ਉਹ ਮੂਰਤੀ ਆਪਣੇ ਆਪ ਬਣੀ ਹੋਈ ਹੈ, ਇਉਂ ਕਰਕੇ ਨਾਲੇ ਕਲਜੁਗ ਦਾ ਅਵਤਾਰ ਹੈ ਬੋਧ ਅਵਤਾਰ ਪੱਥਰ ਦੀ ਮੂਰਤ ਉਸ ਜਗ੍ਹਾ ਉਤੇ ਉਥੇ ਵੀ ਮਹਾਰਾਜ ਗਏ। ੪।

ਹਿੰਗ ਖਲੜ ਜਿਮ ਖਲੜ ਮੁਸਕਾਵੈ॥ ਇਉਂ ਜਿਵੇਂ 'ਹਿੰਗ ਖਲੜ' ਖੱਲ ਦੀ ਬਣੀ ਹੁੰਦੀ ਝੋਲੀ ਜਿਹੀ, ਹਿੰਗ ਉਹਦੇ ਵਿਚ ਪਾਈ ਹੁੰਦੀ ਹੈ, ਉਹ ਵੇਚਣ ਵਾਲੇ ਲੋਕ ਜਦੋਂ ਆਉਂਦੇ ਨੇ ਤੇ ਜਦੋਂ ਉਹਨੂੰ ਖੋਲ੍ਹੀਏ ਤਾਂ ਹਿੰਗ ਦੀ ਵਾਸ਼ਨਾ ਆਉਣੀ ਹੈ। ਜਿਵੇਂ ਹਿੰਗ ਵਾਲੇ ਝੋਲੇ ਵਿਚੋਂ ਹਿੰਗ ਦੀ ਵਾਸ਼ਨਾ ਆਉਂਦੀ ਹੈ।

ਸੱਚ ਹਿੰਗ ਕਹੂੰ ਢੂੰਡੀ ਨ ਪਾਵੈ॥ ਹੁਣ ਸੱਚ ਰੂਪੀ ਹਿੰਗ ਕਿਤੇ ਲੱਭਦੀ ਨਹੀਂ ਹੈ, ਕਿਤੇ ਢੂੰਡੀ ਨਹੀਂ ਮਿਲਦੀ।

ਸਜਨ ਠੱਗ ਬਡ ਭਗਤ ਸਦਾਏ॥ ਇਹ ਸੱਜਣ ਠੱਗ ਬੜਾ ਭਗਤ ਕਹਾਉਂਦਾ ਸੀ, ਅੰਦਰੋਂ ਠੱਗ ਸੀ ਲੋਗਾਂ ਦੇ ਗਲ ਵਢਦਾ ਸੀ। ਲੋਕਾਂ ਨੂੰ ਮਾਰਦਾ ਸੀ ਕਤਲ ਕਰਕੇ ਉਹਨਾਂ ਦਾ ਧਨ ਪਦਾਰਥ ਖੋਹ ਲੈਂਦਾ ਸੀ।

ਭਗਤ ਓਹਲੈ ਗਲ ਲੋਕਨ ਕਟਾਏ॥ ੫॥ ਭਗਤ ਦਾ ਉਹਲਾ, ਮੁਸਲਮਾਨਾਂ ਵਾਸਤੇ ਮਸੀਤ, ਹਿੰਦੂਆਂ ਵਾਸਤੇ ਮੰਦਰ ਇਉਂ ਬਣਾਇਆ ਹੋਇਆ ਸੀ। ਭਗਤ ਦਾ ਪਰਦਾ, ਭਗਤੀ ਦਾ ਪੜਦਾ ਬੜਾ ਭਗਤ ਹੈ ਲੋਕਾਂ ਦੀ ਸੇਵਾ ਕਰਦਾ ਹੈ। ਲੋਕਾਂ ਦੇ ਗਲ ਕਟਦਾ ਸੀ, ਮਾਰਦਾ ਸੀ ਲੋਕਾਂ ਨੂੰ ਇਹ ਸਾਖੀ ਆਪ ਭਲੀ ਪ੍ਰਕਾਰ ਜਾਣਦੇ ਹੋ। ੫।

ਦੋਹਰਾ॥ ਸੋ ਸਤਿਗੁਰ ਜਾਇ ਸਿਖ ਕੀਯੋ, ਸਾਚੋ ਗਜਾਨ ਦ੍ਰਿੜਾਇ॥ ਸੋ ਐਸੇ ਐਸੇ ਮੁਲਕਾਂ ਵਿਚ ਜਿਥੇ ਬਹੁਤੇ ਪਖੰਡੀ ਰਹਿੰਦੇ ਸੀ ਲੋਕ ਸੱਜਣ ਠੱਗ ਵਰਗੇ ਵੱਡੇ ਵੱਡੇ ਧਾੜਵੀ ਚੋਰ ਧਰਮ ਨੂੰ ਮੂਹਰੇ ਰੱਖ ਕੇ ਇਹ ਚੋਰੀਆਂ ਕਰਦੇ ਸਨ, ਡਾਕੇ ਮਾਰਦੇ ਸਨ ਲੋਗਾਂ ਦਾ ਕਤਲ ਕਰਦੇ ਸਨ। ਸੋ ਬਾਬੇ ਨੇ ਉਸ ਦੇਸ਼ ਵਿਚ ਜਾ ਕੇ ਪ੍ਰਚਾਰ ਕੀਤਾ ਹੈ ਉਹਨਾਂ ਨੂੰ ਸੱਚਾ ਮਾਰਗ ਦਿਖਾਇਆ ਹੈ। ਉਹਨਾਂ ਦੇ ਕੁਕਰਮ ਪਾਪ ਜਿਹੜੇ ਸਨ ਛੁਡਵਾਏ ਹਨ। ਧਰਮ ਕਰਮ 'ਤੇ ਲਾਇਆ ਹੈ।

ਐਸੇ ਕੀਏ ਅਨੇਕ ਸਿੱਖ, ਕੌ ਸਭ ਸਕੈ ਗਿਨਾਏ॥ ੬॥ ਐਸੇ ਬੇ-ਗਿਣਤ ਸਿੱਖ ਬਣਾਏ ਮਹਾਰਾਜ ਨੇ। ਕਹਿੰਦੇ ਨੇ ਕੌਣ ਗਿਣਤੀ ਕਰੇ ਇਹਨਾਂ ਦੀ ਜਿਹੜੇ ਜਿਹੜੇ ਬਾਬੇ ਨਾਨਕ ਨੇ ਸਿੱਖ ਬਣਾਏ ਹਨ। ਜਿਨ੍ਹਾਂ ਜਿਨ੍ਹਾਂ ਨੂੰ ਕੁਰਾਹ ਤੋਂ ਹਟਾਕੇ ਸਿੱਧੇ ਰਸਤੇ ਪਾਇਆ ਹੈ। ਕੋਈ ਨਹੀਂ ਗਿਣਾ ਸਕਦਾ ਇਤਨੇ ਬੇ-ਓੜਕੇ ਹੋਏ ਨੇ। ੬।

ਚੌਪਈ॥ ਠੱਗੀ ਤੇ ਦਏ ਠੱਗ ਹਟਵਾਇ॥ ਜੋ ਠੱਗ ਲੋਕ ਸਨ ਠੱਗੀਆਂ ਮਾਰਦੇ ਸੀ ਲੋਕਾਂ ਨਾਲ, ਉਨ੍ਹਾਂ ਠੱਗਾਂ ਨੂੰ ਉਪਦੇਸ਼ ਦੇ ਕੇ ਮਹਾਰਾਜ ਨੇ ਠੱਗੀ ਕਰਨ ਤੋਂ ਹਟਵਾਏ ਹਨ।

ਕੁਰਾਹੋਂ ਮੁੜ ਸੁਭ ਰਾਹ ਦੀਏ ਪਾਏ॥ ਜੋ ਲੋਕ ਇਨਸਾਨੀਅਤ ਤੋਂ ਉਲਟ ਚਲ ਪਏ ਸਨ, ਕੁਰਾਹੇ ਪੈ ਗਏ ਸਨ ਉਹਨਾਂ ਨੂੰ ਸਿੱਧਾ ਰਸਤਾ ਵਿਖਾ ਦਿੱਤਾ ਹੈ। ਰਾਹੇ ਪਾ ਦਿੱਤੇ ਹਨ।

ਸਬਦ ਸਾਖੀ ਸਚ ਦੀਨੇ ਲਾਇ॥ ਸੱਚੇ ਪੁਰਖ ਦੀ, ਸੱਚੇ ਵਾਹਿਗੁਰੂ ਦੀ ਸ਼ਬਦ ਸਾਖੀ ਉਹਨਾਂ ਦੀਆਂ ਗੱਲਾਂ ਜਿਹਦੇ ਵਿਚ ਆਉਣ, ਇਹ ਸਾਰਿਆਂ ਲੋਕਾਂ ਨੂੰ ਏਸ ਤਰ੍ਹਾਂ ਸੁਣਾਈਆਂ ਹਨ। ਪ੍ਰਮੇਸ਼ਰ ਦੇ ਪਿਆਰਿਆਂ ਦਾ ਨਾਮ ਦੱਸਿਆ ਹੈ। ਜਿਨ੍ਹਾਂ ਜਿਨ੍ਹਾਂ ਨੇ ਆਪਣਾ ਸਵਾਰਿਆ ਸੀ ਅਤੇ ਉਹਨਾਂ ਸਾਰਿਆਂ ਲੋਗਾਂ ਨੇ ਹੀ ਸੱਚਾ ਮਾਰਗ ਫੜ ਲਿਆ। ਜਿਥੇ ਜਿਥੇ ਸੱਚ ਦੀ ਗੱਲ ਕਰਦੇ ਹਨ, ਲੋਕਾਂ ਦੇ ਮਨ ਵਿਚ ਬਹਿੰਦੀ ਹੈ ਤੇ ਸੱਚੇ ਮਾਰਗ 'ਤੇ ਤੁਰ ਪਏ ਹਨ।

ਧਰਮਸਾਲ ਦਈ ਬਹੁ ਥਾਂ ਪਾਇ॥ ੭॥ ਜਿਥੇ ਠੱਗਾਂ ਨੇ ਆਪ ਦੇ ਠੱਗ ਪੁਣੇ ਰਚੇ ਹੋਏ ਸਨ। ਜਿਹਦੇ ਵਿਚ ਜਾ ਕੇ ਠੱਗ ਲੁਕਦੇ ਸਨ, ਬੜੀਆਂ ਬੜੀਆਂ ਧਰਮਸ਼ਾਲਾਂ ਬਣਾਈਆਂ ਸਨ, ਬੜੇ ਬੜੇ ਸੁੰਦਰ ਮਕਾਨ ਬਣਾਏ ਸਨ, ਉਹਦੇ ਵਿਚ ਨਿਵਾਸ ਦੇ ਕੇ ਲੋਗਾਂ ਨੂੰ ਤੇ ਫਿਰ ਠੱਗਦੇ ਸਨ ਕਤਲ ਕਰ ਦਿੰਦੇ ਸਨ। ਸੋ ਸਾਹਿਬਾਂ ਨੇ ਉਨ੍ਹਾਂ ਸਾਰਿਆਂ ਨੂੰ ਹੀ ਸੁਧ ਕਰਕੇ ਧਰਮ ਕਰਮ 'ਤੇ ਲਾਇਆ ਅਤੇ ਉਥੇ ਧਰਮਸ਼ਾਲਾ ਬਣਾਈਆਂ। ਸੱਚੀ ਸੰਗਤ ਬਣਾਈ ਜੋ ਪ੍ਰਮੇਸ਼ਰ ਦਾ ਨਾਮ ਜਪੇ। ੭।

ਸਿੱਖ ਸੰਗਤ ਕੌ ਜੋੜ ਕਰਾਵੈਂ॥ ਜੋੜ ਮੇਲੇ ਕਰਦੇ ਹਨ ਸਿੱਖ ਸੰਗਤ ਮੇਲ ਕਰਦੇ ਨੇ, ਉਨ੍ਹਾਂ ਨੂੰ ਬਿਠਾ ਕੇ ਉਪਦੇਸ਼ ਕਰਦੇ ਨੇ।

ਸਤਿਨਾਮੁ ਕੌ ਜਾਪ ਜਪਾਵੈਂ॥ ਸਤਿ ਦਾ ਅਰਥ ਹੁੰਦਾ ਸੱਚ ਸੱਚੇ ਨਾਮ ਦਾ, ਵਾਹਿਗੁਰੂ ਮੰਤ੍ਰ ਦਾ ਜਾਪ ਜਪਾਉਂਦੇ ਨੇ ਸਭ ਨੂੰ।

"ਔਰ ਖੁਲਾਇਕੈ ਪਿੱਛੈ ਖਾਂਇ"॥ ਮਰਯਾਦਾ ਦੱਸਦੇ ਨੇ, ਭਾਈ ਜੋ ਸਿੱਖ ਹੈ ਸਾਡਾ ਉਸ ਦਾ ਪਰਮ ਧਰਮ ਚਾਹੀਦਾ ਕਿ ਗਰੀਬ ਗੁਰਬੇ ਦੇ ਮੁਖ ਵਿਚ ਪਾ ਕੇ, ਦੂਸਰੇ ਨੂੰ ਖੁਆ ਕੇ ਫੇਰ ਆਪ ਪਿਛੋਂ ਖਾਇ। ਜੋ ਅੱਜ ਤਾਈਂ ਗੁਰੂ ਕੇ ਲਾਲ ਜਿਨ੍ਹਾਂ ਨੂੰ ਗੁਰੂ ਨਾਨਕ ਪਾਤਸ਼ਾਹ ਦੀ ਸਿੱਖਿਆ ਮਿਲੀ ਹੈ ਉਹ ਏਸੇ ਤਰ੍ਹਾਂ ਹੀ ਕਰਦੇ ਹਨ। ਉਨ੍ਹਾਂ ਨੇ ਲੰਗਰ ਲਾਏ ਹਨ ਛੇਤ੍ਰ ਲਾਏ ਹਨ। ਲੋਕਾਂ ਨੂੰ ਛਕਾ ਕੇ ਫੇਰ ਛਕਦੇ ਹਨ।

ਦਯਾ ਧਰਮ ਇਤ ਲਾਏ ਰਾਹਿ॥ ੮॥ ਇਹ ਦਇਆ ਧਰਮ ਦੱਸਦਾ ਸੀ। ਦੂਸਰੇ 'ਤੇ ਦਇਆ ਕਰੋ, ਜੀਵ ਮਾਤ੍ਰ 'ਤੇ

ਦਇਆ ਕਰੋ। ਪ੍ਰਾਣੀ ਮਾਤ੍ਰ 'ਤੇ ਦਇਆ ਕਰੋ। ਉਹਨਾਂ ਦੀ ਰਖਸ਼ਾ ਕਰੋ, ਉਹਨਾਂ ਨੂੰ ਜਲ ਪਾਣੀ ਛਕਾ ਪ੍ਰਸੰਨਤਾ ਲਉ, ਇਹੀ ਪ੍ਰਮੇਸ਼ਰ ਦੀ ਪ੍ਰਸੰਨਤਾ ਹੈ ਆਤਮਾ ਪ੍ਰਮਾਤਮਾ ਹੈ। ਸਭ ਦੇ ਵਿਚ ਵਸਦਾ ਹੈ ਵਾਹਿਗੁਰੂ, ਕਿਸੇ ਦੀ ਆਤਮਾ ਪ੍ਰਸੰਨ ਕਰ ਦੇਈਏ ਜਾਣੋ ਪ੍ਰਮੇਸ਼ਰ ਪ੍ਰਸੰਨ ਹੋ ਗਿਆ ਹੈ। ਇਹ ਮਾਰਗ ਸੱਚਾ ਸਤਿਗੁਰਾਂ ਨੇ ਸਿਖਿਆ ਦੇ ਕੇ ਸਭ ਨੂੰ ਸਮਝਾਇਆ। ੮।

ਧੰਨਿ ਧੰਨਿ ਕਹੈ ਬਾਬੇ ਕੋ ਓਈ॥ ਓਹੀ ਲੋਕ ਜੋ ਠੱਗੀਆਂ 'ਤੇ ਲੱਗੇ ਸਨ, ਚੋਰੀਆਂ ਡਾਕਿਆਂ 'ਤੇ ਸਨ, ਚੋਰੀਆਂ ਡਾਕਿਆਂ 'ਤੇ ਲੱਗੇ ਸਨ, ਧੰਨ ਬਾਬਾ, ਧੰਨ ਬਾਬਾ, ਧੰਨ ਬਾਬਾ, ਹੋ ਰਹੀ ਐ ਸਾਰਿਆਂ ਦੇਸਾਂ ਵਿੱਚ।

ਵਾਹਿ ਵਾਹਿ ਗੁਰ ਆਖੈ ਤੋਈ॥ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਕਹਿੰਦੇ ਹਨ ਸਤਿਗੁਰੂ ਵਾਹਿਗੁਰੂ ਜਪੋ। (ਤੋਈ) ਉਹ ਠੱਗ ਵਾਹਿਗੁਰੂ ਵਾਹਿਗੁਰੂ ਜਪਦੇ ਹਨ।

'ਹਮ ਕੋ ਕੂੜੋਂ ਦੀਓ ਹਟਵਾਇ॥ ਲੋਕ ਸਿਫਤਾਂ ਕਰਦੇ ਹਨ ਦੇਖੋ ਸਾਨੂੰ ਕੂੜ ਤੋਂ, ਝੂਠ ਮਾਰਨ ਤੋਂ ਹਟਾਇਆ ਮਹਾਰਾਜ ਜੀ ਨੇ।

ਸਤਿ ਸਬਦ ਹਮ ਦੀਨੈ ਲਾਇ' ॥ ੯॥ ਲੋਕ ਸਿਫਤਾਂ ਕਰਦੇ ਹਨ ਦੇਖੋ ਸੱਚੇ ਸ਼ਬਦ 'ਤੇ ਲਾ ਦਿੱਤਾ ਹੈ। ਹੁਣ ਤਾਈਂ ਝੂਠ ਹੀ ਮਾਰਦੇ ਰਹੇ ਠੱਗੀਆਂ ਹੀ ਕਰਦੇ ਰਹੇ। ਸਾਨੂੰ ਸੱਚਾ ਮਾਰਗ ਦੱਸਿਆ ਹੈ, ਸੱਚੇ ਨਾਮ ਨੂੰ ਜਪਣ ਵਾਸਤੇ ਸਾਨੂੰ ਉਪਦੇਸ਼ ਦਿੱਤਾ ਇਨ੍ਹਾਂ ਨੇ। ੯।

ਦੇਸ ਬੰਗਾਲੈ ਔ ਕਾਵਰੂ ਦੇਸ॥ ਔਹ ਬੰਗਾਲ ਦੇਸ਼ ਜਿਹਨੂੰ ਕਹਿੰਦੇ ਨੇ (ਕਾਵਰੂ) ਕਮੱਛਿਆ ਜਿਥੇ ਜੰਤ੍ਰ ਮੰਤ੍ਰ ਦਾ ਬੜਾ ਜ਼ੋਰ ਸੀ। ਏਥੇ ਮਰਦਾਨੇ ਨੂੰ ਮੀਂਢਾ ਬਣਾ ਲਿਆ ਸੀ, ਓਸ ਦੇਸ਼ ਵਿਚ ਇਹ ਦੇਸ਼ ਉਹੀ ਹੈ ਕਿਤੇ ਇੱਕ ਠੱਗ ਕਿਤੇ ਦਸ ਠਗ ਕਿਤੇ ਪੰਜਾਹ ਠੱਗ, ਇਹ ਤਾਂ ਦੇਸ਼ ਹੀ ਠੱਗਾਂ ਦਾ। ਦੇਸ਼ ਹੀ ਜਾਦੂਗਰਾਂ ਦਾ, ਗਏ ਦਾ ਏਥੇ ਹਵਾਲ ਕੋਈ ਨਹੀਂ ਸੀ। ਸਾਖੀ ਆਪ ਜਾਣਦੇ ਹੀ ਹੋ।

ਲੰਘ ਗਏ ਰਾਜ ਤ੍ਰਿਯਾ ਦੇਸ॥ ਅੱਗੇ ਲੰਘ ਗਏ (ਤ੍ਰਿਯਾ ਦੇਸ) ਭਾਵ ਔਰਤਾਂ ਰਾਜ ਕਰਦੀਆਂ ਸਨ, ਮਰਦ ਕੋਈ ਨਹੀਂ ਸੀ ਰਾਜ ਕਰਦਾ ਏਸ ਦੇਸ਼ ਵਿਚ ਵੀ ਲੰਘ ਗਏ ਮਹਾਰਾਜ।

ਸ਼ਿਵ ਨਾਭ ਦੇਸ ਕੋਊ ਰਾਜਾ ਕਹੈ॥ ਭਾਈ ਸਾਹਿਬ ਜੀ ਕਹਿੰਦੇ ਹਨ ਸ਼ਿਵ ਨਾਭ ਰਾਜਾ ਹੈ ਕਿਸੇ ਦੇਸ਼ ਦਾ ਭਾਵ ਇਹ ਸੰਗਲਾ ਦੀਪ ਦਾ ਰਾਜਾ ਸੀ। ਇਹ ਦੀਪ ਦਾ ਨਾਂ ਹੈ ਅੱਗੇ ਸਮੁੰਦਰਾਂ ਦੇ ਵਿੱਚ ਵਸਦੇ, ਟਾਪੂ ਜਿਨ੍ਹਾਂ ਨੂੰ ਕਹਿੰਦੇ ਨੇ, ਇਹਨਾਂ ਨੂੰ ਦੀਪ ਕਹਿੰਦੇ ਨੇ ਜਿਹੋ ਜਿਹੀ ਸਮੱਗਰੀ ਇਥੇ ਪੈਦਾ ਹੁੰਦੀ ਹੈ, ਉਹੋ ਜਿਹਾ ਨਾਮ ਪਿਆ ਇਨ੍ਹਾਂ ਦਾ।

ਤਿਹ ਜਾ ਸਤਿਗੁਰ ਸਿਖ ਬਨਵਏ॥ ੧੦॥ ਇਹ ਜੋ ਲੋਕ ਜਾਦੂ ਮੰਤਰਾਂ 'ਤੇ ਲੱਗੇ ਹੋਏ ਸਨ ਇਹਨਾਂ ਨੂੰ ਜਾ ਕੇ ਸਿੱਖ ਬਣਾਇਆ ਮਹਾਰਾਜ ਜੀ ਨੇ। ੧੦।

ਦੋਹਰਾ॥ ਉਸੀ ਦੇਸ ਬਾਬੇ ਗਯੋ, ਜਿਹ ਬਹੁਤੇ ਬੇਈਮਾਨ॥ ਸਾਹਿਬ ਜੀ ਤਾਂ ਧਾ ਕੇ ਜਾਂਦੇ ਹਨ, ਜਿਥੇ ਬਹੁਤੇ ਬੇਈਮਾਨ ਹਨ ਉਸ ਦੇਸ਼ ਵਿਚ ਤਾਂ ਮਹਾਰਾਜ ਜਰੂਰ ਜਾਂਦੇ ਹਨ।

ਤੇ ਸਿਖ ਭਏ ਸੰਗਤ ਬਣੀ ਜਾਨ ਲਯੋ ਭਗਵਾਨ॥ ੧੧॥ ਉਹ ਸਤਿਗੁਰਾਂ ਦੀ ਕਲਾ ਨੂੰ ਵੇਖ ਕੇ ਸਿੱਖ ਬਣ ਗਏ, ਚਰਣ ਪਾਹੁਲ ਲੈ ਲਈ ਸਭ ਨੇ। ਉਹਨਾਂ ਨੇ ਜਾਣ ਲਿਆ ਪ੍ਰਮੇਸ਼ਰ ਹਨ। ''ਸ੍ਰੀ ਗੁਰੂ ਨਾਨਕ ਆਪ ਪਰਮੇਸ਼ਰ ਅਵਤਾਰ ਲੀਯੋ ਸਭ ਵੰਸ ਪ੍ਰਧਾਨਾ''। ੧੧।

ਚੌਪਈ॥ ਗਯੋ ਕਲੂ ਤਿਹ ਤੇ ਕਰ ਕੂਚ॥ ਸੋ ਜਿਥੇ ਜਿਥੇ ਬਾਬਾ ਨਾਨਕ ਜੀ ਨੇ ਚਰਨ ਪਾਏ ਹਨ। ਕਲਜੁਗੀ ਜੋ ਲੋਕ ਸਨ ਕਲਜੁਗ ਦੇ ਜੋ ਚੇਲੇ ਸਨ ਬਣੇ ਹੋਏ, ਝੂਠ ਫਰੇਬ, ਠੱਗੀਆਂ, ਚੋਰੀਆਂ ਜਾਦੂ, ਮੰਤਰ ਕਰਨ ਵਾਲੇ ਸਭ ਕੂਚ ਕਰ ਗਏ ਉਹਨਾਂ ਇਲਾਕਿਆਂ 'ਚੋਂ।

ਲਿਖੀ ਨ ਸਭੀ ਕਹੀ ਕਰ ਸੂਚ॥ ਮੈਂ ਸੂਚੀ ਦੇ ਮੁਤਾਬਕ ਲਿਖਿਆ ਹੈ ਸਾਰੀ ਨਹੀਂ ਮੈਂ ਕਹੀ, ਸਾਰੀ ਵਾਰਤਾ ਲਿਖੀ ਨਹੀਂ ਇਸ ਕਾਰਨ।

ਔ ਜੁ ਸਭ ਹੀ ਸਾਖੀ ਲਖਾਊਂ॥ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਜੋ ਸਾਰੀਆਂ ਜੋ ਸਾਖੀਆਂ ਜੋ ਜੋ ਟਾਪੂਆਂ ਵਿੱਚ ਹੋਈਆਂ ਨੇ ਜੇ ਮੈਂ ਸਾਰਾ ਇਤਿਹਾਸ ਲਿਖਾਉਣਾ ਕਰਾਂ।

ਗ੍ਰੰਥ ਬਧੈ ਔ ਅੰਤ ਨ ਪਾਊਂ॥ ੧੨॥ ਤਾਂ ਗ੍ਰੰਥ ਵਧ ਜਾਏਗਾ ਬੜਾ ਭਾਰੀ ਅੰਤ ਸ਼ੁਮਾਰ ਨਹੀਂ ਆਉਣਾ। ੧੨।

ਤੌ ਬਾਬਾ ਕਹੂੰ ਅਗੈ ਸਿਧਾਰੇ॥ ਤਾਂ ਬਾਬਾ ਜੀ ਇਸਤੋਂ ਅੱਗੇ ਚਲੇ ਗਏ ਹਨ। ੧੨।

ਜਾਇ ਵੜੇ ਕਿਤ ਸਮੁੰਦ੍ਰ ਮਝਾਰੇ॥ ਸਮੁੰਦਰ ਵਿਚ ਮੱਛ ਦਾ ਉਧਾਰ ਕਰਨਾ ਸੀ। ਮੱਛੀ ਮੱਛ ਬਣਿਆ ਸੀ ਜਨਕ ਦੇ ਚੇਲੇ ਸਨ ਇਹ ਸਾਰੇ ਹੀ। ਜੋ ਜਨਕ ਰਾਜੇ ਦੇ ਸਰਾਪ ਨਾਲ ਮੱਛ ਬਣੇ ਸਨ।

ਸੰਗਲਦੀਪ ਲੰਘ ਔਰ ਕੇਤੇ॥ ਇਹ ਸੰਗਲਾ ਦੀਪ ਲੰਘ ਕੇ ਹੋਰ ਕਿੰਨੇ ਦੀਪ ਦੱਸੀਏ ਜਿਹੜੇ ਮਹਾਰਾਜ ਟੱਪ ਗਏ।

ਜਿਨ ਕੇ ਪਰਤ ਨ ਨਿਜ ਕੌ ਭੇਤੇ॥ ੧੩॥ ਜਿਨ੍ਹਾਂ ਦਾ ਸਾਨੂੰ ਭੇਤ ਹੀ ਨਹੀਂ ਕਿੰਨੇ ਦੀਪ ਹਨ ਗਿਣਤੀਓਂ ਬਾਹਰ। ੧੩।

ਬਾਬੇ ਕੀ ਗਤ ਬਾਬੋ ਜਾਣੈ॥ ਇਹ ਤਾਂ ਬਾਬੇ ਦੀ ਗਤੀ ਨੂੰ ਬਾਬਾ ਹੀ ਜਾਣੇ, ਆਪਾਂ ਨੂੰ ਕੀ ਪਤਾ ਇਸ ਗੱਲ ਦਾ।

ਹਮ ਉਸ ਕੀ ਕਿਮ ਸ਼ਕਤਿ ਬਖਾਣੈ॥ ਅਸੀਂ ਉਹਨਾਂ ਦੀ ਸ਼ਕਤੀ ਨੂੰ ਕਿਵੇਂ ਜਾਣੀਏ? ਜਿਨ੍ਹਾਂ ਨੇ ਸਮੁੰਦਰਾਂ ਵਿਚ ਮੱਛ ਤਾਰ ਦਿੱਤੇ। ਮੱਛਾਂ ਤੇ ਜਾ ਕੇ ਡੇਰੇ ਕੀਤੇ। ਉਹ ਏਡੇ ਏਡੇ ਮੱਛ ਜਿਨ੍ਹਾਂ ਦੇ ਉੱਤੇ ਜੰਗਲ ਜੰਮਿਆਂ ਹੋਇਆ। ਮਿੱਟੀ ਚੜ੍ਹ ਚੜ੍ਹ ਕੇ ਜੰਗਲ ਬਣ ਗਏ ਹਨ। ਪੈਂਤੀ ਮੀਲ ਦਾ ਲੰਬਾ ਮੱਛ ਦਸਦੇ ਹਨ।

ਬਾਪ ਜਨਮ ਕਯਾ ਬੇਟੋ ਕਹੈ॥ ਇਸ ਤਰ੍ਹਾਂ ਭਾਈ ਸਾਹਿਬ ਜੀ ਕਹਿੰਦੇ ਨੇ ਕੀ ਅੰਤ ਲਈਏ ਬਾਬੇ ਦੀਆਂ ਸਾਖੀਆਂ ਦਾ। ਬਾਬੇ ਨੇ ਜਿੰਨੇ ਜੀਵ ਤਾਰੇ ਹਨ, ਕੋਈ ਅੰਤ ਸ਼ੁਮਾਰ ਨਹੀਂ ਹੈ। ਤਾਰੇ ਜੋ ਹੈਨ ਕਹਿੰਦੇ ਨੇ ਗਿਣ ਲਵੋਗੇ ਲੇਕਿਨ ਬਾਬੇ ਨੇ ਜੋ ਤਾਰੇ ਹਨ ਉਹ ਨਹੀਂ ਗਿਣੇ ਜਾਂਤੇ। ਤਾਰੇ ਗਿਣੇ ਜਾਤ ਹੈ, ਨਾ ਤਾਰੇ ਗਿਣੇ ਜਾਤ ਹੈ।। ਵਿਦਵਾਨਾਂ ਲੋਕਾਂ ਨੇ ਏਸ ਤਰ੍ਹਾਂ ਕਥਨ ਕੀਤਾ ਹੈ। ਇਸ ਵਾਸਤੇ ਬਾਬੇ ਦੀ ਗਤੀ ਨੂੰ ਬਾਬਾ ਜਾਣੇ। ਭਾਈ ਸਾਹਿਬ ਜੀ ਕਹਿੰਦੇ ਨੇ ਆਪਣੇ ਪਿਤਾ ਦੇ ਜਨਮ ਬਾਰੇ ਪੁੱਤਰ ਕੀ ਦਸ ਸਕਦਾ ਹੈ ਕਿ ਮੇਰੇ ਪਿਤਾ ਦਾ ਜਨਮ ਕਿਸ ਤਰ੍ਹਾਂ ਹੋਇਆ ਸੀ। ਭਾਵ ਨਹੀਂ ਦਸ ਸਕਦਾ।

ਬਾਬੈ ਕੀ ਗਤ ਬਾਬੋ ਲਹੈ॥ ੧੪॥ ਇਸ ਵਾਸਤੇ ਬਾਬੇ ਦੀ ਗਤੀ ਨੂੰ ਬਾਬਾ ਆਪ ਹੀ ਜਾਣ ਸਕਦਾ ਹੈ। ਹੋਰ ਨਹੀਂ ਕੋਈ ਬੁੱਝ ਸਕਦਾ। ੧੪।

ਉਤ ਦੇਸ ਬਾਬੋ ਜਾਇ ਜ਼ਰੂਰ॥ ਭਾਈ ਸਾਹਿਬ ਜੀ ਕਹਿੰਦੇ ਨੇ ਓਸ ਦੇਸ਼ ਵਿਚ ਤਾਂ ਬਾਬਾ ਜੀ ਜਰੂਰ ਹੀ ਜਾਂਦੇ ਹੰਨ ਜਿਸ ਦੇਸ਼ ਵਿੱਚ ਬਹੁਤੇ ਲੋਕ।

ਹੋਂਹਿ ਭੂਲੇ ਬਹੁ ਮੂਰਖ ਕੂਰ॥ ਜਿਥੇ ਭੁੱਲੇ ਹੋਇ ਲੋਕ ਹਨ ਬਹੁਤੇ ਮੂਰਖ ਹੋਣ ਜਿਥੇ, ਬਹੁਤੇ ਕੂੜੇ ਝੂਠੇ ਲੋਕ ਹੋਣ ਜਿਥੇ ਓਥੇ ਬਾਬਾ ਜੀ ਜਰੂਰ ਜਾਂਦੇ ਉਹਨਾਂ ਨੂੰ ਸੁਮੱਤ ਦੇਣ ਵਾਸਤੇ।

ਜਹਿਂ ਜਹਿਂ ਚਰਨ ਨਾਨਕ ਜੀ ਪਾਯੋ॥ ਜਿਸ ਜਿਸ ਟਾਪੂ ਦੇ ਵਿੱਚ ਜਿਸ ਜਗ੍ਹਾ ਉਤੇ ਗੁਰੂ ਨਾਨਕ ਪਾਤਸ਼ਾਹ ਜੀ ਨੇ ਚਰਨ ਪਾਏ ਹਨ।।

ਧਰਮ ਕਰਮ ਉਨ ਲੋਕਨ ਦ੍ਰਿੜ੍ਹਾਯੋ॥ ੧੫॥ ਉਹਨਾਂ ਸਭ ਨੂੰ ਧਰਮ ਕਰਮ 'ਤੇ ਲਾਇਆ ਹੈ ਜੋ ਧਰਮ ਦਾ ਕਰਮ ਹੈ ਕਿਉਂਕਿ ''ਕਰਮ ਲਿਖੰਤੈ ਪਾਈਐ ਇਹ ਰੁਤ ਸੁਹਾਈ''।। ਇਹ ਰੁੱਤ ਬੜੀ ਸੁਹਾਵਣੀ ਹੈ ਕਰਮਾਂ ਦੇ ਲਖਣਾਂ 'ਤੇ ਜੋ ਚੰਗੇ ਕਰਮ ਨੇ ਉਹਨਾਂ ਦੇ ਲਖਣਾਂ ਕਰਕੇ ਪ੍ਰਮੇਸ਼ਰ ਨੂੰ ਪਾਇਆ ਜਾ ਸਕਦਾ ਹੈ, ਹੋਰ ਕੋਈ ਲੱਛਣ ਨਹੀਂ ਆਪਣਾ ਕਰਮ ਜਿਹੜਾ ਹੈ, ਉਸਦੀ ਖੱਟੀ ਖਾਣੀ ਹੈ ਸਭ ਨੇ। ਨੇਕ ਕਰਮਾਂ ਦਾ ਨੇਕ ਫਲ ਹੈ, ਕੂੜੇ ਕਰਮਾਂ ਦਾ ਕੂੜਾ ਫਲ

'ਮਿਲੇਗਾ। ਇਸ ਵਾਸਤੇ ਸਾਹਿਬ ਜੀ ਨੇਕੀ 'ਤੇ ਲਾਉਂਦੇ ਹਨ ਸਭ ਨੂੰ। ਇਕ ਦੂਸਰੇ ਦਾ ਭਲਾ ਕਰਨ ਵਾਸਤੇ ਸਭ ਨੂੰ ਸਮਝਾਉਂਦੇ ਨੇ। ੧੫।

ਧਰਮਸਾਲ ਤਿਹ ਥਾਂ ਬਨਵਾਈਂ॥ ਉਨ੍ਹਾਂ ਉਨ੍ਹਾਂ ਜਗ੍ਹਾ ਉੱਤੇ ਜਾ ਕੇ ਸਤਿਗੁਰਾਂ ਨੇ ਧਰਮਸ਼ਾਲਾਂ ਬਣਾਈਆਂ ਹਨ।

ਕੀਯੋ ਸਿੱਖ ਤਹਿੰ ਦਯਾ ਦ੍ਰਿੜ੍ਹਾਈਂ॥ ਦਇਆ ਕੀਤੀ ਹੈ ਇਨ੍ਹਾਂ ਉੱਤੇ ਇਹਨਾਂ ਨੂੰ ਸਿਖ ਬਣਾਇਆ ਹੈ। ਜਿਹੜੇ ਲੋਕ ਕੁਰਾਹੇ ਪਏ ਨੇ, ਰਸਤਾ ਨਹੀਂ ਫੜਿਆ ਜਿਨ੍ਹਾਂ ਨੇ ਸਿੱਧਾ, ਓਥੇ ਜਾ ਕੇ ਧਰਮਸ਼ਾਲਾਂ ਬਣਾਉਂਦੇ ਨੇ। ਸੰਗਲਾਦੀਪ ਵਿੱਚ ਧਰਮਸ਼ਾਲਾ ਬਣਾਈ ਮਹਾਰਾਜ ਨੇ, ਜਿਥੇ ਇੱਕੀ ਮਣ ਲੂਣ ਰੋਜ਼ ਦਾ ਲੰਗਰ ਵਿੱਚ ਪੈਂਦਾ ਸੀ। ਜਿਥੇ ਰਾਜੇ ਨੂੰ ਸਿੱਖ ਕੀਤਾ ਫੇਰ ਉਹਦੀ ਨਗਰੀ ਨੂੰ ਸਿੱਖ ਕੀਤਾ, ਫੇਰ ਉਹਦਾ ਜੋ ਸਾਰਾ ਹੀ ਮੁਲਕ ਸੀ ਉਸਨੂੰ ਸਿਖ ਕੀਤਾ।

ਜੇ ਕੋਈ ਆਵੈ ਅਜ਼ਮਤ ਲੈਣ॥ ਸਾਹਿਬ ਸਮੁੱਚੇ ਤੌਰ ਤੇ ਦੱਸੀ ਜਾਂਦੇ ਨੇ ਸਾਖੀ, ਸੋ ਜੇ ਕੋਈ ਐਸਾ ਕਰਾਮਾਤ ਲੈਣ ਵਾਸਤੇ ਆ ਜਾਵੇ ਸਿੱਧ ਜੋਗੀ ਚਲੋ ਬਾਬਾ ਜੀ ਬੜੇ ਕਲਾਵਾਨ ਹਨ ਆਪਾਂ ਵੀ ਕੋਈ ਕਲਾ ਲੈ ਆਈਏ। ਮਹਾਰਾਜ ਦੇ ਚਰਨਾਂ 'ਚ ਬੇਨਤੀ ਕਰੇ ਮਹਾਰਾਜ ਮੈਨੂੰ ਵੀ ਕੋਈ ਸਿੱਧੀ ਬਖਸ਼ੋ, ਮੈਂ ਵੀ ਕੋਈ ਕਰ ਗੁਜਰਾਂ ਦੁਨੀਆਂ 'ਤੇ।

ਉਸ ਕੋ ਖੁਸ਼ ਗੁਰ ਤਿਮੋਂ ਕਰ ਦੇਨ॥ ੧੬॥ ਉਸਨੂੰ ਕਰਾਮਾਤ ਹੀ ਬਖਸ਼ ਦਿੰਦੇ ਨੇ, ਉਹਨੂੰ ਖੁਸ਼ ਕਰ ਦਿੰਦੇ ਨੇ ਨਿਹਾਲ ਕਰ ਦਿੰਦੇ ਨੇ ਜਿਹੜਾ ਆਵੈ। ੧੬।

ਅਥ ਪਸਚਮ ਕੋ ਪ੍ਰਸੰਗ (ਮੱਕਾ ਮਦੀਨਾ)

ਦੋਹਰਾ॥ ਮਰਦਾਨੈ ਬਾਬੇ ਕਹੀ 'ਹੌਸਿ ਰਹੀ ਮਨ ਮਾਂਹਿ॥ ਹੁਣ ਮਰਦਾਨਾ ਸਾਥ ਰਹਿੰਦਾ ਹੈ ਜਦ ਇਹਨੇ ਵੇਖਿਆ ਬਾਬਾ ਜੀ ਤਾਂ ਬੜੇ ਕਲਾਵਾਨ ਹਨ। ਐਸੀ ਐਸੀ ਜਗ੍ਹਾ 'ਤੇ ਜਾਂਦੇ ਨੇ ਉਹ ਠੱਗਾਂ ਨੂੰ ਬੜੇ ਭਲੇ ਮਾਨਸ ਬਣਾ ਰਹੇ ਨੇ। ਮਰਦਾਨਾ ਮੁਸਲਮਾਨ ਮਰਾਸੀ ਸੀ ਇਹਨੇ ਕਿਹਾ ਮਹਾਰਾਜ ਮੇਰੇ ਮਨ ਵਿਚ ਹੌਂਸ ਰਹਿ ਗਈ ਹੈ ਭਾਵ ਮੇਰੇ ਮਨ ਵਿਚ ਵੀ ਇੱਕ ਅਭਿਲਾਖਾ ਹੈ।

ਔਰ ਸੈਲ ਹਮ ਬਹੁ ਕਰੇ ਕਾਬੋ ਦੇਖਯੋ ਨਾਂਹਿ॥ ੧॥ ਬੜੀ ਸੈਰ ਕਰਵਾਈ ਆਪ ਜੀ ਨੇ, ਬੜੀ ਸੈਲ ਦੂਰ ਦੂਰ ਦੀ ਕੀਤੀ, ਕਾਬਾ ਨਾ ਦੇਖਿਆ ਜਿਥੇ ਹੱਜ ਕਰਨ ਵਾਸਤੇ ਲੋਕ ਜਾਂਦੇ ਹਨ ਸਾਡੇ ਮੁਸਲਮਾਨ, ਉਹ ਨਹੀਂ ਦੇਖਿਆ ਮਹਾਰਾਜ ਕਿਹੋ ਜਿਹਾ ਹੈ। ੧।

ਚੌਪਈ॥ ਤੌ ਬਾਬੇ ਜੀ ਉਸੈ ਫੁਰਮਾਯੋ॥ ਤਾਂ ਬਾਬਾ ਜੀ ਨੇ ਉਸ ਨੂੰ ਹੁਕਮ ਕੀਤਾ।

ਤੈ ਹਮ ਕਿਮ ਨਹਿੰ ਅਗੈ ਬਤਾਯੋ॥ ਜੇ ਤੇਰੀ ਅਭਿਲਾਖਾ ਸੀ ਮਰਦਾਨਿਆਂ! ਤੂੰ ਪਹਿਲਾਂ ਨਾ ਦੱਸਿਆ ਸਾਨੂੰ, ਇਹ ਕਿਹੜੀ ਢਿੱਲ ਵਾਲੀ ਗੱਲ ਸੀ।

ਜਬ ਕਹਤੋ ਤਬ ਦੇਤ ਦਿਖਾਈ॥ ਜਦੋਂ ਤੂੰ ਕਹਿੰਦਾ ਉਦੋਂ ਤੈਨੂੰ ਵਿਖਾ ਦਿੰਦੇ ਕਾਬਾ, ਮੱਕਾ ਮਦੀਨਾ ਵਿਖਾ ਦਿੰਦ।

ਕੈਸੀ ਥੀ ਯਹ ਦੇਰ ਲਗਾਈ॥ ੨॥ ਇਹ ਕਿਉਂ ਤੂੰ ਦੇਰ ਲਾਈ, ਕਿਉਂ ਭੁੱਲਿਆ ਰਿਹਾ। ਪਹਿਲਾਂ ਸਾਨੂੰ ਚੇਤਾ ਕਰਾ ਦਿੰਦਾ ਅਸੀਂ ਤੈਨੂੰ ਪਹਿਲਾਂ ਮਿਲਾ ਦਿੰਦੇ। ੨।

ਤਬ ਸਤਿਗੁਰ ਅੱਖੀਂ ਮਿਟਵਾਇ॥ ਸਤਿਗੁਰਾਂ ਨੇ ਕਿਹਾ ਦੇਖਣਾ ਕਾਬਾ ਫਿਰ? ਹਾਂ ਜੀ। ਕਹਿੰਦੇ ਮੀਟ ਅੱਖਾਂ ਚੱਲ ਤੈਨੂੰ ਵਿਖਾਈਏ ਚੱਲ ਕੇ।

ਜਾਇ ਖੁਲਾਯੋ ਹਜ ਕਾਬੇ ਥਾਇ॥ ਜਿਥੇ ਕਾਹਬਾ ਸੀ ਜਿਥੇ ਲੋਕ ਜਿਆਰਤ ਕਰਨ ਜਾਂਦੇ ਸਨ, ਓਥੇ ਮਹਾਰਾਜ ਕਿਹਾ ਖੋਲ੍ਹ ਅੱਖਾਂ! ਜਦੋਂ ਅੱਖਾਂ ਖੋਹਲੀਆਂ ਤਾਂ ਕਾਬੇ ਵਿਚ ਖੜ੍ਹੇ। ਲੈ ਕਹਿੰਦੇ ਵੇਖ ਲੈ ਹੁਣ ਕਰ ਲੈ ਦਰਸ਼ਨ।

ਪ੍ਰਿਥਮੈਂ ਜ਼ਾਰਤ ਰੋਜ਼ੇ ਕਰਵਾਈਂ॥ ਜਿਥੇ ਓਥੇ ਜ਼ਿਆਰਤ ਕਰਦੇ ਭਾਵ ਯਾਤਰਾ ਕਰਨ ਜਾਂਦੇ ਹਨ ਉਸ ਤੀਰਥ ਦੀ ਓਥੇ ਸਤਿਗੁਰਾਂ ਨੇ ਜਾ ਕੇ ਅੱਖਾਂ ਖੁਲ੍ਹਾਈਆਂ ਉਸਦੀਆਂ।

ਪਾਛੈ ਔਰਹਿ ਜਗ੍ਹਾ ਦਿਖਾਈ॥ ੩॥ ਕਹਿੰਦੇ ਲੈ ਇਹ ਜਗ੍ਹਾ ਉਹ ਹੈ ਜਿਥੇ ਲੋਕੀਂ ਹੱਜ ਕਰਨ ਆਉਂਦੇ ਨੇ, ਤੇ ਪਿੱਛੇ ਹੋਰ ਜਗ੍ਹਾ ਜਿਹੜੀਆਂ ਬਣੀਆਂ ਸੀ ਮਕਾਨ ਬੜਾ ਉਹ ਕਿਲ੍ਹੇ ਦੇ ਤੌਰ ਤੇ ਉਹ ਬਣਿਆ ਹੋਇਆ ਸੀ ਮੱਕਾ ਮਦੀਨਾ ਉਹ ਸਾਰੀ ਜਗ੍ਹਾ ਜਾ ਕੇ ਦਿਖਾਈ, ਆਹ ਦੇਖ, ਆਹ ਫਲਾਣੀ ਜਗ੍ਹਾ ਹੈ, ਆਹ ਫਲਾਣੀ ਜਗ੍ਹਾ ਹੈ ਆਹ ਸਰਾਂ ਹੈ ਇਥੇ ਉਤਰਦੇ ਨੇ ਲੋਕ ਆ ਕੇ। ਸੋ ਸਾਰੀਆਂ ਜਗ੍ਹਾ ਸਤਿਗੁਰਾਂ ਨੇ ਵਿਖਾ ਕੇ। ੩।

ਬਾਬੇ ਡੇਰਾ ਵਲ ਪਿਛਲੈ ਕੀਓ॥ ਓਨਾ ਚਿਰ ਤਾਂ ਉਥੋਂ ਦੇ ਮੁਲਾਣਿਆਂ ਨੂੰ ਨਜ਼ਰ ਵੀ ਨਹੀਂ ਆਏ ਕਿਸੇ ਨੂੰ ਅਤੇ ਉਸ ਕਾਬੇ ਦੇ ਪਿਛਲੇ ਪਾਸੇ ਵੱਲ ਉਤਾਰਾ ਕੀਤਾ, ਉਥੇ ਜਾ ਕੇ ਡੇਰਾ ਲਾ ਲਿਆ ਸਤਿਗੁਰਾਂ ਨੇ।

ਹੁਤਯੋ ਰਾਹ ਜੋ ਮੁੰਦਯੋ ਥੀਓ॥ ਇਹ ਜਿਹੜਾ ਰਾਹ ਮੁੰਦਿਆ ਹੋਇਆ ਸੀ ਭਾਵ ਇਕ ਦਰਵਾਜਾ ਬੰਦ ਸੀ। ਉਹ ਰਸਤੇ ਨੂੰ ਬੰਦ ਕਰ ਛੱਡਿਆ ਹੋਇਆ ਸੀ। ਇਸ ਕਾਰਨ ਵਾਸਤੇ ਦੱਸਦੇ ਨੇ ਕੀ ਕਾਰਨ ਸੀ?

ਇਤ ਖਾਤਰ ਥੋ ਧਰਜੋ ਮੁੰਦਾਇ॥ ਏਸ ਖਾਤਰ ਧਰਿਆ ਸੀ ਮੁੰਦ ਕੇ, ਬੰਦ ਕੀਤਾ ਹੋਇਆ ਸੀ ਕਾਰਨ ਸੀ ਉਹਦਾ।

ਆਵੈ ਪੀਰ ਖੁਲ੍ਹ ਆਪੇ ਜਾਇ॥ ੪॥ ਇਹ ਦਰਵਾਜਾ ਬੰਦ ਕਰ ਦਿਉ, ਜਦੋਂ ਕੋਈ ਪੀਰ ਆ ਗਿਆ ਨਾ ਬਲੀ ਏਥੇ ਕੋਈ ਸ਼ਕਤੀਵਾਨ ਬੰਦਾ ਤੇ ਇਹ ਆਪੇ ਹੀ ਦਰਵਾਜਾ ਖੁੱਲ੍ਹ ਜਾਇਗਾ। ੪।

ਐਸੀ ਭਈ ਤਹਾਂ ਗੁਰ ਕਲਾ॥ ਸਤਿਗੁਰਾਂ ਨੇ ਐਸੀ ਕਲਾ ਵਰਤਾਈ ਹੈ ਏਥੇ ਜਾ ਕਰਕੇ।

ਬਿਨ ਕੁੰਜੀ ਸੋਂ ਖੁਲ੍ਹ ਭਯੋ ਗਲਾ॥ ਇਹ ਗਲਾ ਜੋ ਬੰਦ ਕੀਤਾ ਹੋਇਆ ਸੀ, ਜਦੋਂ ਸਤਿਗੁਰਾਂ ਨੇ ਚਰਨ ਪਾਏ ਹਨ ਓਥੇ ਜਾ ਕੇ ਬੈਠੇ ਹਨ। ਜਿੰਦਰਾ ਸੀ ਬੜਾ ਭਾਰੀ ਲੱਗਿਆ ਹੋਇਆ ਕੋਈ ਮਣ ਡੇਢ ਮਣ ਦਾ ਬਿਨਾਂ ਕੁੰਜੀ ਤੋਂ ਆਪੇ ਖੁਲ੍ਹ ਗਿਆ।

ਐਸ ਅਚੰਭਾ-ਲਖਜੋ ਮੁਜਾਵਰ॥ ਇਹ ਜਿਹੜੇ ਮੁਜਾਰ ਸਨ ਏਥੇ, ਏਥੇ ਦੀ ਜ਼ਿਆਰਤ ਕਰਾਉਣ ਵਾਲੇ ਮੁੱਲਾਂ ਕਾਜ਼ੀ ਸਨ। ਉਹਨਾਂ ਨੇ ਅਚੰਭਾ ਦੇਖਿਆ, ਵਾਹ ਬਈ ਵਾਹ! ਆਹ ਦਰਵਾਜਾ ਜਿਹੜਾ ਕਦੇ ਖੁਲ੍ਹਿਆ ਹੀ ਨਹੀਂ ਸੀ, ਇਹ ਆਪੇ ਹੀ ਖੁਲ੍ਹ ਗਿਆ ਹੈ।

ਜਾਨਯੋ ਪੀਰ ਇਹਾਂ ਕੋਈ ਆਵਰ॥ ੫॥ ਉਹਨਾਂ ਨੇ ਸਮਝਿਆ ਕੋਈ ਪੀਰ ਆਇਆ ਹੈ, ਕਿਉਂ ਦੁਨੀਆਂ ਜ਼ਿਆਰਤ ਕਰਨ ਜਾਂਦੀ ਸੀ ਇਹ ਸਮਝ ਕੇ ਮੁਲਾਣਿਆਂ ਨੇ ਕਿ ਏਥੇ ਕੋਈ ਫਕੀਰ ਆਇਆ ਹੈ ਕਲਾਵਾਨ। ੫।

ਦੋਹਰਾ॥ ਪ੍ਰਿਥਮ ਮੁਜਾਵਰ ਸਮਝਿਓ ਹੋਗ ਵਲੀ ਅਯੋ ਕੋਇ॥ ਪਹਿਲਾਂ ਤਾਂ ਇਹਨਾਂ ਨੇ ਮਨ ਵਿੱਚ ਸਮਝਿਆ ਕੋਈ ਵਲੀ, ਪੀਰ ਆਇਆ ਹੋਇਗਾ ਰੱਬ ਦਾ ਪਿਆਰਾ, ਜਿਸਦੇ ਕਰਕੇ ਇਹ ਦਰਵਾਜੇ ਦਾ ਜਿੰਦਰਾ ਖੁਲ੍ਹਿਆ।

ਯਾਂ ਤੇ ਖੁਲ੍ਹਯੋ ਮਜ਼ਬੂਤ ਦਰ ਢੂੰਡ ਦੇਖੀਏ ਸੋਇ॥ ੬॥ ਇਹ ਬੜਾ ਮਜ਼ਬੂਤ ਦਰ ਸੀ। ਜਿੰਦਰਾ ਵੱਡਾ ਲੱਗਾ ਹੋਇਆ ਸੀ। ਇਹ ਵੇਖੀਏ ਬਈ ਕੌਣ ਆਇਆ ਹੈ, ਭਾਲ ਕਰੀਏ ਉਸਦੀ। ੬।

ਚੌਪਈ॥ ਕਰੀ ਤਲਾਸ਼ ਉਨ ਵਲੀ ਨ ਪਾਯਾ॥ ਤਲਾਸ਼ ਕੀਤੀ ਉਹਨਾਂ ਯਾਤਰੂਆਂ ਦੇ ਵਿਚ ਭਾਲਿਆ, ਕੋਈ ਆਇਆ ਹੋਵੇ। ਫੇਰ ਦੇਖਿਆ ਕੋਈ ਵਲੀ ਸਿੱਧ ਨਹੀਂ ਆਇਆ ਏਥੇ।

ਕਿਨੈ ਨ ਖੋਲੈ ਹਥ ਸਬਹਨ ਲਾਯਾ॥ ਸਾਰਿਆਂ ਨ ਹੱਥ ਲਾਇਆ ਓਸ ਦਰਵਾਜੇ ਨੂੰ, ਕਿਸੇ ਦੇ ਹੱਥ ਲਾਇਆਂ ਤੋਂ ਨਹੀਂ ਖੁਲ੍ਹਿਆ। ਉਹਨਾਂ ਨੂੰ ਭੁਲੇਖਾ ਪੈ ਗਿਆ ਨਾ ਸਾਰਿਆਂ ਯਾਤਰੂਆਂ ਨੂੰ ਇਕੱਠੇ ਕਰਕੇ ਲਾਓ ਬਈ ਹੱਥ ਕਿਹੜਾ ਲਾਉਂਦਾ? ਜਿਹਦੇ ਹੱਥ ਲਾਇਆਂ ਖੁਲ੍ਹ ਜਾਇਗਾ ਦਰਵਾਜਾ।

ਰਲਿ ਮਿਲਿ ਕੈ ਸਭ ਲਾਇ ਰਹੇ ਜੋਰ॥ ਸਭ ਨੇ ਇਕੱਠੇ ਹੋ ਕੇ ਰਲ ਮਿਲ ਕੇ ਜੋਰ ਲਾਇਆ ਖੋਹਲਣ 'ਤੇ।

ਸਗਵਾਂ ਅੜ ਰਹੇ ਜੋ ਥੇ ਔਰ॥ ੭॥ ਉਹ ਤਾਂ ਕੀ ਖੁਲ੍ਹਣਾ ਸੀ ਉਹ ਤਾਂ ਅੜਿਆ ਹੀ ਰਹਿ ਗਿਆ, ਸਗੋਂ ਹੋਰ ਵੀ ਅੜ ਗਏ ਜਿਹੜੇ ਸਨ, ਜਿੰਨੇ ਦਰਵਾਜੇ ਸੀ ਅੰਦਰ ਜਾਣ ਵਾਲੇ ਸਾਰੇ ਬੰਦ ਹੋ ਗਏ ਇੱਕ ਦਮ। ੭।

ਤਹਾਂ ਪ੍ਰਤਾਪ ਬਾਬੇ ਕੋ ਭਯੋ॥ ਸਤਿਗੁਰਾਂ ਦੇ ਪ੍ਰਤਾਪ ਨਾਲ ਇਹ ਕਲਾ ਵਰਤੀ ਓਥੇ ਕਾਹਬੇ ਵਿੱਚ।

ਖੁਲ੍ਹੋ ਹੁਤੋ ਸੋ ਸੱਭ ਅੜੈਯੋ॥ ਜਿਹੜੇ ਖੁੱਲ੍ਹੇ ਸਨ ਦਰਵਾਜੇ ਉਹ ਵੀ ਅੜ ਗਏ, ਬਾਬੇ ਦੀ ਕਲਾ ਨਾਲ ਸਾਰੇ ਰਸਤੇ ਬੰਦ ਹੋ ਗਏ।

ਬਹੁਤ ਸੋਚ ਮੁਜਾਵਰਨ ਅਈ॥ ਮੁਜਾਰਾਂ ਨੂੰ ਬੜੀ ਸੋਚ ਪਈ ਇਹ ਚੰਗੀ ਗੱਲ ਹੋਈ ਹੈ। ਕੌਣ ਆ ਗਿਆ ਏਥੇ? ਜਿਹਨੇ ਬੰਦ ਦਰਵਾਜੇ ਖੋਲ੍ਹਤੇ ਤੇ ਖੁੱਲ੍ਹੇ ਬੰਦ ਕਰ ਦਿੱਤੇ। ਹੁਣ ਕਿਵੇਂ ਜਾਇਆ ਕਰਾਂਗੇ ਅੰਦਰ ਫਿਕਰ ਹੋ ਗਿਆ ਸਭ ਨੂੰ।

ਯਹ ਤੋ ਬਾਤ ਭਈ ਅਬ ਨਈ॥ ੮॥ ਇਹ ਤਾਂ ਨਵੀਂ ਗੱਲ ਹੋ ਗਈ, ਇਹੋ ਜਿਹੀ ਤਾਂ ਕਦੀ ਹੋਈ ਨਹੀਂ ਸੀ ਏਥੇ। ੮।

ਦੋਹਰਾ॥ ਤਹਾਂ ਮੁਜਾਵਰਨ ਮਨ ਮਿਥੀ, ਹਿੰਦੂ ਆਇਓ ਹੋਇ॥ ਉਹਨਾਂ ਮੁਜਾਰਾਂ ਨੇ ਆਪਣੇ ਮਨ ਵਿਚ ਜਾਨਣਾ ਕੀਤੀ ਗੱਲ ਕੋਈ ਨਾ ਕੋਈ ਹਿੰਦੂ ਆ ਗਿਆ ਮੱਕੇ ਵਿੱਚ।

ਜਾਵੈ ਪਤ ਗਵਾਇ ਹਮ ਜਾਦੂਗਰਿ ਕਰ ਕੋਇ॥ ੯॥ ਕੋਈ ਹਿੰਦੂ ਜਾਦੂਗਰ ਆਇਆ ਏਥੇ, ਸਾਡੀ ਪੱਤ ਲਾਹ ਕੇ ਲੈ ਜਾਇਗਾ, ਸਾਡੀ ਇਹਦੇ ਵਿਚ ਬੇਇਜ਼ਤੀ ਹੋਵੇਗੀ। ਸਾਡੇ ਤਾਂ ਕਿਸੇ ਪੀਰ ਦੇ ਹੱਥ ਲਾਇਆਂ ਤੋਂ ਖੁਲ੍ਹਿਆ ਨਹੀਂ ਦਰ ਕੋਈ। ਤੇ ਜੇ ਉਹਨੇ ਆ ਕੇ ਮੰਤ੍ਰ ਨਾਲ ਖੋਹਲ ਦਿੱਤੇ ਤਾਂ ਸਾਡੇ ਪੱਲੇ ਕੁਛ ਨਹੀਂ ਰਹੇਗਾ। ੯।

ਚੌਪਈ॥ ਕਰੀ ਤਲਾਸ਼ ਤੌ ਬਾਬਾ ਦੇਖਾ॥ ਚਲੋ ਪਤਾ ਕਰੋ, ਪੜਤਾਲ ਕਰੋ, ਜਦੋਂ ਤਲਾਸ਼ ਕੀਤੀ ਤਾਂ ਬਾਬਾ ਜੀ ਨਜ਼ਰ ਆਏ ਉਹਨਾਂ ਨੂੰ।

ਲਖਿਓ ਬਾਬਾ ਉਨ ਹਿੰਦੂ ਭੇਖਾ॥ ਅਤੇ ਜਦੋਂ ਨਿਗਾਹ ਨਾਲ ਦੇਖਿਆ ਉਹਨਾਂ ਨੇ ਉਹਨਾਂ ਨੂੰ ਹਿੰਦੂ ਭੇਖ ਦਿੱਸਿਆ। ਇਹ ਬਾਬਾ ਤੇ ਹਿੰਦੂ ਹੈ। ਜਿਹੜਾ ਉਹਨਾਂ ਨੂੰ ਸ਼ੱਕ ਸੀ ਕੋਈ ਹਿੰਦੂ ਆਇਆ ਜਾਦੂਗਰ, ਦਰਵਾਜੇ ਬੰਦ ਕਰਕੇ ਚਲਿਆ ਜਾਇਗਾ ਸਾਡੀ ਪੱਤ ਨਹੀਂ ਰਹਿਣੀ। ਤੋ ਤਲਾਸ਼ ਕਰਦਿਆਂ ਉਹਨਾਂ ਨੂੰ ਬਾਬਾ ਜੀ ਦੇ ਦਰਸ਼ਨ ਹੋਏ, ਤਾਂ ਉਹਨਾਂ ਨੇ ਵੇਖਿਆ ਹਾਂ ਵਾਕਿਆ ਹੀ ਉਹੋ ਗੱਲ ਹੈ। ਇਹ ਹਿੰਦੂ ਹੈ ਕੋਈ ਜਿਹੜਾ ਏਥੇ ਆਇਆ, ਜਿਹਨੇ ਆ ਕੇ ਦਰਵਾਜੇ ਸਾਰੇ ਬੰਦ ਕਰ ਦਿੱਤੇ ਨੇ।

ਪੈਰ ਪਸਾਰ ਬਾਬਾ ਥੋ ਪਰਾ॥ ਸਤਿਗੁਰਾਂ ਨੇ ਪਹਿਲਾਂ ਗੁਪਤ ਰੂਪ ਵਿੱਚ ਮਰਦਾਨੇ ਨੂੰ ਸਭ ਕੁਝ ਦਿਖਾ ਦਿੱਤਾ ਤੇ ਬਾਬਾ ਜੀ ਪੈਰ ਪਸਾਰ ਕੇ ਕਾਹਬੇ ਵੱਲ ਕਰਕੇ ਲੱਤਾਂ ਤੇ ਮਹਾਰਾਜ ਬਿਰਾਜ ਗਏ ਰਾਤ ਨੂੰ।

ਘਸੀਟ ਉਨ੍ਹੈ ਵਲ ਦੂਜੀ ਕਰਾ॥ ੧੦॥ ਉਨ੍ਹਾਂ ਨੇ ਅੱਗੇ ਹੋ ਕੇ ਹੋ ਹੋ ਕੌਣ ਹੈ ਤੂੰ? ਏਥੇ ਕਾਫਰ ਆ ਗਿਆ। ਤੈਨੂੰ ਅਦਬ ਰੱਖਣ ਦਾ ਨਹੀਂ ਪਤਾ? ਤੂੰ ਲੱਤਾਂ ਕਰਕੇ ਕਾਬੇ ਵੱਲ ਪਿਆ ਹੈਂ। ਉਹਨਾਂ ਨੇ ਗੁੱਸੇ ਵਿਚ ਲੱਤਾਂ ਫੜ ਕੇ ਘੜੀਸ ਕੇ ਦੂਜੇ ਪਾਸੇ ਕਰ ਦਿੱਤੀਆਂ। ੧੦।

ਉਸੀ ਵੱਲ ਕੇ ਦਰ ਖੁਲ੍ਹ ਗਏ॥ ਜਿਧਰ ਨੂੰ ਲੱਤਾਂ ਕੀਤੀਆਂ ਉਸ ਪਾਸੇ ਦੇ ਦਰਵਾਜੇ ਖੁਲ੍ਹ ਗਏ। ਉਹਨਾਂ ਦੇ ਹੱਥ ਲਾਇਆਂ ਨਾ ਖੁੱਲ੍ਹੇ, ਜਦੋਂ ਬਾਬਾ ਜੀ ਦੇ ਚਰਨ ਜਿਹੜੇ ਪਾਸੇ ਕਰਨ ਓਸ ਪਾਸੇ ਦੇ ਦਰਵਾਜੇ ਖੁਲ੍ਹ ਜਾਣ।

ਬਾਬਾ ਨਿਕਾਰਯੋ ਸੋਊ ਅੜ ਰਹੇ॥ ਬਾਬਾ ਜੀ ਨੂੰ ਬਾਂਹ ਤੋਂ ਫੜਕੇ ਇਨ੍ਹਾਂ ਮੁਲਾਣਿਆਂ ਨੇ ਕੱਢੋ ਇਹਨੂੰ ਕਾਹਬੇ 'ਚੋਂ ਜਦੋਂ ਬਾਹਰ ਕੱਢਿਆ ਉਹ ਵੀ ਅੜ ਗਏ ਫਿਰ ਬੰਦ ਹੋ ਗਏ ਸਾਰੇ।

ਦੇਖ ਮੁਜਾਵਰਨ ਲਾਗੀ ਆਗ॥ ਇਹ ਕਲਾ ਵੇਖ ਕੇ ਮੁਜਾਰਾਂ ਦੇ ਤਾਂ ਅੱਗ ਲੱਗ ਗਈ, ਸਾਡੀ ਤਾਂ ਕਲਾ ਗਈ ਸਾਰੀ। ਇਹ ਤਾਂ ਹੋਰ ਹੀ ਜੰਤ੍ਰ ਮਾਰ ਦਿੱਤਾ ਤੂੰ ਹੁਣ ਅਸੀਂ ਕੀ ਕਰੀਏ?

ਬਾਬੇ ਸੁਟਿਓ ਕਢ ਬਾਹਰ ਲਾਗ॥ ੧੧॥ ਬਾਬਾ ਜੀ ਨੂੰ ਬਾਹਰ ਲੈ ਗਏ ਧੱਕੇ ਮਾਰਦੇ ਹੋਏ। ਚਲੋ ਬਾਹਰ ਕਾਹਬੇ ਤੋਂ ਤੁਹਾਡਾ ਹਿੰਦੂਆਂ ਦਾ ਏਥੇ ਕੀ ਕੰਮ ਹੈ? ਬਾਬਾ ਜੀ ਨੂੰ ਬਾਹਰ ਕਰੇ ਆਇ ਦੂਰ ਤੇ ਕਾਹਬਾ ਸਾਰਾ ਹੀ ਅੜ ਗਿਆ, ਬੰਦ ਹੋ ਗਿਆ। ੧੧।

ਦੋਹਰਾ॥ ਤੌ ਦਰ ਸਭ ਹੀ ਮੁੰਦ ਭਏ, ਰਹੇ ਜੋਰ ਸਭ ਲਾਇ॥ ਸਾਰੇ ਦਰਵਾਜੇ ਬੰਦ ਹੋ ਗਏ। ਸਭ ਨੇ ਜ਼ੋਰ ਲਾਇਆ ਖੁੱਲ੍ਹੇ ਕੋਈ ਨਾ ਦਰਵਾਜਾ।

ਊਹਾਂ ਹਾਜੀ ਹੁਤੇ ਪੰਜਾਬ ਕੇ, ਉਨ ਦਯੋ ਸਿਯਾਨ ਬਤਾਇ॥ ੧੨॥ ਪੰਜਾਬ ਦੇਸ਼ ਦੇ ਹਾਜੀ ਹੱਜ ਕਰਨ ਵਾਸਤੇ ਗਏ ਸਨ। ਉਹਨਾਂ ਨੇ ਸਾਹਿਬ ਨੂੰ ਪਛਾਣ ਲਿਆ ਇਹ ਤਾਂ ਨਾਨਕ ਪੀਰ ਹੈ, ਇਹ ਪੀਰਾਂ ਦਾ ਪੀਰ ਹੈ ਤੇ ਉਥੇ ਬੜੀਆਂ ਕਲਾਂ ਦਿਖਾਈਆਂ ਸਤਿਗੁਰਾਂ ਨੇ ਸਭ ਮੁਲਾਣਿਆਂ ਨੇ ਜ਼ੋਰ ਲਾ ਲਿਆ ਸੀ। ਮਹਾਰਾਜ ਸੱਚੇ ਪਾਤਸ਼ਾਹ ਨੂੰ ਪਛਾਣ ਕੇ ਦੱਸਦੇ ਹਨ। ੧੨।

ਚੌਪਈ॥ ਉਨੈ ਕਹਯੋ ਯਹ ਨਾਨਕ ਫਕੀਰ॥ ਉਹਨਾਂ ਹਾਜੀਆਂ ਨੇ ਕਿਹਾ ਇਹ ਤਾਂ ਨਾਨਕ ਫਕੀਰ ਹੈ, ਇਹ ਸਾਡੇ ਦੇਸ ਪੰਜਾਬ ਦਾ ਰਹਿਣ ਵਾਲਾ ਹੈ।

ਹਿੰਦੂ ਮੁਸਲਮਾਨ ਕੋ ਪੀਰ॥ ਹਿੰਦੂ ਵੀ ਇਸ ਨੂੰ ਗੁਰੂ ਮੰਨਦੇ ਹਨ ਮੁਸਲਮਾਨਾਂ ਦਾ ਵੀ ਪੀਰ ਹੈ। ਇਹ ਸਭ ਦਾ ਪੀਰ ਹੈ। ਨਾਨਕ ਸ਼ਾਹ ਫਕੀਰ॥ ਹਿੰਦੂ ਦਾ ਗੁਰੂ, ਮੁਸਲਮਾਨ ਦਾ ਪੀਰ॥

ਇਸ ਤੁਰਕ ਹਿੰਦੂ ਹੈ ਇਕਸ ਜਾਨੈ॥ ਇਹਨਾਂ ਨੂੰ ਤੁਰਕ ਤੇ ਹਿੰਦੂ ਵਿਚ ਕੋਈ ਫਰਕ ਨਹੀਂ ਹੈ। ਇਕੋ ਰੂਪ ਮੰਨਦੇ ਨੇ, ਜੈਸੇ ਮੁਸਲਮਾਨ ਤੈਸੇ ਹਿੰਦੂ, ਇਹ ਕੋਈ ਫਰਕ ਨਹੀਂ ਰਖਦੇ।

ਇਨ ਦੋਊ ਇਕ ਸਾਰ ਪਛਾਨੈ॥ ੧੩॥ ਇਸ ਨੇ ਤਾਂ ਦੋਵਾਂ ਨੂੰ ਇਕ ਸਾਰ ਪਛਾਣਿਆ ਹੈ। ਸਭ ਵਿਚ ਰੱਬ ਵੱਸਦਾ ਹੈ। ਸਭ ਇਹ ਖਲਕਤ ਖੁਦਾ ਦੀ ਹੈ। ੧੩।

ਹੱਕ ਨਾਮ ਇਨ ਸੱਚ ਦਿੜਾਯਾ॥ ਜੋ ਹੱਕ ਹੈ ਇਨਸਾਨਾਂ ਦਾ ਕਰਨ ਦਾ, ਸੱਚਾ ਨਾਮ ਜਪਣਾ। ਸਿਮਰਨ ਕਰਨਾ ਜੋ ਅਸੀਂ ਉਥੋਂ ਆਗਿਆ ਲੈ ਕੇ ਆਏ ਹਾਂ। ਹੁਕਮ ਲੈ ਕੇ ਆਏ ਹਾਂ ਕਿ ਅਸੀਂ ਤੇਰਾ ਨਾਮ ਜਪਾਂਗੇ ਸੱਚਾ। ਝੂਠ ਨਹੀਂ ਬੋਲਾਂਗੇ। ਸੱਚੀ ਕਿਰਤ ਕਰਾਂਗੇ। ਤੇਰੇ ਨਾਮ ਤੇ ਦਸਵੰਧ ਦਿਆਂਗੇ ਇਹ ਜੀਵ ਸਾਰੇ ਹੀ ਓਥੋਂ ਆਗਿਆ ਲੈ ਕੇ ਆਉਂਦੇ ਹਨ।

ਇਨ ਰਾਹਿ ਸੱਚੇ ਹੈ ਜਗ ਲਾਯਾ॥ ਉਹਨਾਂ ਪੀਰਾਂ ਫਕੀਰਾਂ ਨੂੰ ਦੱਸਿਆ, ਸਾਰੀ ਦੁਨੀਆਂ ਨੂੰ ਸੱਚੇ ਰਾਹ ਲਾਇਆ ਹੈ। ਇਹ ਬੜੇ ਸੱਚੇ ਫਕੀਰ ਹਨ, ਸੱਚੇ ਪੀਰ ਹਨ।

ਤੁਰਕ ਬੰਦਗੀ, ਹਿੰਦੂ ਭਗਤਿ ਲਾਏ॥ ਤੁਰਕਾਂ ਨੂੰ ਬੰਦਗੀ ਕਰਨ 'ਤੇ ਲਾਇਆ, ਹਿੰਦੂਆਂ ਨੂੰ ਭਗਤੀ ਕਰਨ 'ਤੇ ਲਾਇਆ ਹੈ।

ਕੁਫਰ ਹੰਕਾਰੋਂ ਦੋਊ ਹਟਾਏ॥ ੧੪॥ ਦੋਵਾਂ ਨੂੰ ਹਟਾਇਆ ਹੈ (ਕੁਫਰ) ਝੂਠ ਨਹੀਂ ਬੋਲਣਾ, ਹੰਕਾਰ ਨਹੀਂ ਕਰਨਾ। ਹੰਕਾਰ ਤੇ ਕੁਫਰ (ਝੂਠ) ਦੋਵੇਂ ਨਰਕ ਦੇ ਰਾਹ ਨੇ। ਇਹ ਦੋਵੇਂ ਪੁੱਠੇ ਰਾਹ ਨੇ, ਇਹਨਾਂ ਤੋਂ ਛੁਡਵਾਇਆ ਸਭ ਨੂੰ। ੧੪।

ਸੋਰਠਾ॥ ਜਾ ਕੇ ਇਤ ਪਗ ਪਾਇਅੜੇ ਦ੍ਵਾਜੇ ਨਹਿੰ ਖੁਲੇ॥ ਦੇਖਦੇ ਹੋ ਨਾ, ਇਹਨਾਂ ਦੇ ਤਾਂ ਚਰਣ ਪਾਇਆਂ ਤੋਂ ਜਿਹੜੇ ਦਰਵਾਜੇ ਅੜ ਗਏ ਨੇ, ਨਹੀਂ ਖੁਲ੍ਹਦੇ ਤੁਹਾਥੋਂ। ਬੋਲ੍ਹ ਕੇ ਵਿਖਾਓ ਜੇ ਸ਼ਕਤੀ ਹੈ ਤਾਂ, ਇਉਂ ਜਦ ਉਨ੍ਹਾਂ ਪੀਰਾਂ ਨੇ ਦੱਸਿਆ।

ਜੌ ਦੇਵੇ ਬਦ ਦੁਆਇ ਕਿਆ ਜਾਨਾ ਕਿਛ ਹੋਰ ਹੁਇ॥ ੧੫॥ ਜੇ ਬਦ-ਦੁਆ ਦੇਤੀ ਇਹਨਾਂ ਨੇ, ਤੇ ਕੀ ਜਾਣੀਏ, ਕੀ ਹੋ ਜਾਏ ਏਥੇ? ਭਲਿਓ ਲੋਕੋ ਇਹਨਾਂ ਦਾ ਅਦਬ ਕਰੋ ਓਇ! ਇਹਨਾਂ ਨਾਲ ਇਸ ਤਰ੍ਹਾਂ ਨਾ ਕਰੋ ਤੁਸੀਂ। ਸਰਾਪ ਨਹੀਂ ਕੋਈ ਦਿੱਤਾ ਤੁਹਾਨੂੰ ਕੁਛ ਨਹੀਂ ਆਖਿਆ ਹੈ। ਕਿਉਂ ਇਕ ਸਾਰ ਜਾਣਦੇ ਨੇ, ਮਤ ਜੇ ਤੁਸੀਂ ਇਹਨਾਂ ਨੂੰ ਤੰਗ ਕਰੋ ਤੁਹਾਨੂੰ ਕੋਈ ਬਚਨ ਕਹਿ ਦਿੱਤਾ ਤਾਂ ਉਹ ਫੋਰਨ ਹੋ ਜਾਇਗਾ। ਇਉਂ ਲੋਕਾਂ ਦੇ ਸਮਝਾਇਆਂ ਤੋਂ। ੧੫।

ਤਬ ਉਨ ਕੀਓ ਵਿਚਾਰ, ਲਾਇ ਜੋਰ ਹਮ ਸਭ ਥੱਕੇ॥ ਤਦੋਂ ਸਾਰਿਆਂ ਮੁਲਾਣਿਆਂ ਨੇ ਵਿਚਾਰ ਕੀਤੀ ਆਪਣਾ ਜੋਰ ਤਾਂ ਅਸੀਂ ਲਾ ਹੀ ਚੁੱਕੇ ਹਾਂ, ਕੋਈ ਕਸਰ ਨਹੀਂ ਛੱਡੀ, ਬਾਬੇ ਨੂੰ ਘੜੀਸ ਕੇ ਬਾਹਰ ਕੱਢਿਆ। ਓਸ ਪਾਸੇ ਦੇ ਦਰਵਾਜੇ ਖੁਲ੍ਹਦੇ ਨਹੀਂ, ਮੱਕਾ ਸਾਡਾ-ਮਗਰ ਮਗਰ ਫਿਰਦਾ ਇਹਨਾਂ ਦੇ ਤੇ ਸਾਡੀ ਕਾਹਦੀ ਸ਼ੇਖੀ ਰਹਿ ਗਈ । ਕੀ ਸਾਡੀ

ਵਡਿਆਈ ਰਹਿ ਗਈ ਹੈ।

ਖੁਲ੍ਹਯੋ ਨ ਕੋਊ ਕਿਵਾਰ ਹਮਰੀ ਸ਼ੇਖੀ ਇਮ ਗਈ॥ ੧੬॥ ਸਾਡੇ ਜਤਨ ਕੀਤਿਆਂ ਤਾਂ ਕੋਈ ਬੂਹਾ ਖੁਲ੍ਹਿਆ ਹੀ ਨਹੀਂ। ਸਾਡੀ ਸ਼ੇਖੀ ਤਾਂ ਇਉਂ ਜਾਂਦੀ ਰਹੀ। ੧੬।

ਚੌਪਈ॥ ਇਮੈ ਮੁਜਾਵਰਨ ਮਤੋਵ ਮਤਾਯੋ॥ ਤਾਂ ਸਾਰਿਆਂ ਮੁਜਾਰਾਂ ਨੇ ਇਕੱਠੇ ਹੋ ਕੇ ਆਪਸ ਵਿਚੀਂ ਸਲਾਹ ਕਰ ਲਈ, ਮਤਾ ਕਰ ਲਿਆ।

ਯਾਂ ਕੋ ਹਥ ਦਰਵਾਜਨ ਲਾਯੋ॥ ਆਪਾਂ ਬੇਨਤੀ ਕਰੀਏ, ਮਿੰਨਤ ਕਰੀਏ, ਇਹਨਾਂ ਦਾ ਹੱਥ ਲਵਾਈਏ, ਦਰਵਾਜਿਆਂ ਨੂੰ ਜਿਹੜੇ ਬੰਦ ਹੋ ਗਏ ਨੇ, ਸ਼ਾਇਦ ਖੁਲ੍ਹ ਜਾਏ ਇਹਨਾਂ ਦੇ ਹੱਥ ਲਾਇਆਂ ਤੋਂ।

ਲਾਯਤਿ ਖੁਲ੍ਹ ਦਰਵਾਜੋ ਅਏ॥ ਜੇ ਇਹਨਾਂ ਦੇ ਹੱਥ ਲਾਇਆਂ ਤੋਂ ਦਰਵਾਜੇ ਖੁਲ੍ਹ ਜਾਣ ਸਾਡੇ।

ਤੌ ਯਹ ਪੀਰ ਮੁਰੀਦ ਹਮ ਭਏ॥ ੧੭॥ ਫੇਰ ਤਾਂ ਸਾਡੇ ਪੀਰ ਹੋਏ, ਅਸੀਂ ਇਹਨਾਂ ਨੂੰ ਪੀਰ ਮੰਨ ਲਾਂਗੇ, ਅਸੀਂ ਮੁਰੀਦ ਬਣ ਜਾਂਗੇ ਇਹਨਾਂ ਦੇ। ੧੭।

ਜੌ ਇਸ ਤੈ ਨਹਿੰ ਖੁਲ੍ਹੈਂ ਕਿਵਾਰ॥ ਜੇ ਇਨ੍ਹਾਂ ਦੇ ਹੱਥ ਲਾਇਆਂ 'ਕਿਵਾੜ' ਦਰਵਾਜੇ ਨ ਖੁਲ੍ਹੇ।

ਤੌ ਇਸ ਦੇਯਗੁ ਜਾਨੌ ਮਾਰ॥ ਫੇਰ ਆਪਾਂ ਲਿਹਾਜ ਨੀ ਕਰਨੀ ਜਾਨੋਂ ਮਾਰ ਦਿਆਂਗੇ, ਸੰਗਸਾਰ ਕਰ ਦਿਆਂਗੇ ਇਹਨਾਂ ਦੇ ਉਤੇ, ਇਉਂ ਮੁਲਾਣਿਆਂ ਨੇ ਸਲਾਹ ਕਰ ਲਈ।

ਮੁਖ ਮੀਠੈ ਹੁਇ ਕਰਹੁ ਅਬ ਬਾਤ॥ ਆਪਾਂ ਪਹਿਲਾਂ ਨਾ ਵਿਗੜੇ ਮਿੱਠੀਆਂ ਗੱਲਾਂ ਕਰਕੇ ਮਿੱਠੇ ਮੂੰਹ ਹੋ ਕੇ ਬਾਬਾ ਜੀ ਤੋਂ ਮਿੰਨਤ ਤਰਲਾ ਕਰਕੇ ਬੇਨਤੀ ਕਰਕੇ ਹੱਥ ਲਵਾਈਏ ਦਰਵਾਜਿਆਂ ਨੂੰ।

ਅਬ ਦੇਖੋ ਇਸ ਯੌਂ ਕਰਮਾਤ॥ ੧੮॥ ਚਲ ਏਸ ਤਰੀਕੇ ਨਾਲ ਨਾਲੇ ਕਰਾਮਾਤ ਦਾ ਪਤਾ ਲੱਗ ਜਾਇਗਾ, ਬਾਬੇ ਵਿਚ ਕਰਾਮਾਤ ਹੈਗੀ ਹੈ। ੧੮।

ਹਾਥ ਜੋੜ ਸੋਊ ਠਾਢੇ ਭਏ॥ ਉਹ ਹੱਥ ਜੋੜ ਕੇ ਸਨਮੁਖ ਖੜੇ ਹੋ ਗਏ ਬਾਬਾ ਜੀ ਦੇ।

ਮਧ ਅਰਬੀ ਕੇ ਉਸ ਬਚ ਕਹੇ॥ ਅਰਬੀ ਵਿੱਚ ਇਹ ਬੋਲਦੇ ਹਨ, ਕਿਉਂਕਿ ਉਹਨਾਂ ਦੀ ਭਾਸ਼ਾ ਅਰਬ ਦੇਸ਼ ਦੀ ਐਸੀ ਸੀ। ਜੋ ਅਰਬੀ ਬੋਲੀ ਹੈ ਉਸ ਭਾਸ਼ਾ ਵਿਚ ਗੱਲ ਕਰਦੇ ਨੇ ਬਾਬਾ ਜੀ ਦੇ ਨਾਲ।

ਉਸੀ ਜ਼ਬਾਨ ਗੁਰ ਉੱਤਰ ਦਏ॥ ਸਤਿਗੁਰੂ ਓਸੇ ਜ਼ਬਾਨ ਵਿੱਚ ਅਰਬੀ ਵਿੱਚ ਉੱਤਰ ਦਿੰਦੇ ਨੇ ਉਹਨਾਂ ਨੂੰ।

ਕਰ ਆਦਰ ਤੇ ਪਾਸ ਬਹਏ॥ ੧੯॥ ਆਦਰ ਕਰਕੇ ਕੋਲ ਬਿਠਾਕੇ 'ਬੈਠੋ ਮਹਾਰਾਜ! ਜੀ ਆਇਆਂ ਨੂੰ, ਆਓ ਦਰਸ਼ਨ ਦਿਓ ਤੁਸੀਂ ਤਾਂ ਪੀਰ ਹੋ, ਤੁਸੀਂ ਤਾਂ ਬੜੇ ਚੰਗੇ ਹੋ।' ਇਉਂ ਕਰਕੇ ਸਿਫਤਾਂ ਕਰਕੇ ਕੋਲ ਬਿਠਾ ਲਿਆਂ ਉਹਨਾਂ ਨੂੰ ਸਤਿਗੁਰਾਂ ਨੇ ਵੀ ਉਹਨਾਂ ਨੂੰ ਕਿਹਾ ਆ ਜਾਓ, ਜੀ ਆਇਆਂ ਨੂੰ। ੧੯।

ਹਾਥ ਜੋੜ ਉਨ ਬਿਨਤੀ ਕਈ॥ ਹੱਥ ਜੋੜ ਕੇ ਗਲ ਵਿਚ ਪੱਲੇ ਪਾ ਕੇ ਬੇਨਤੀਆਂ ਕਰਦੇ ਨੇ।

'ਖਤਾ ਬਖਸ਼ੋ ਜੋ ਹਮ ਤੈ ਭਈ॥ ਹੇ ਪੀਰ ਜੀ! ਜੋ ਸਾਥੋਂ ਖਤਾ ਹੋ ਗਈ ਭੁੱਲ ਹੋ ਗਈ ਹੈ, ਆਪ ਬਖਸ਼ਿੰਦ ਹੋ, ਬਖਸ਼ ਦਿਓ ਭੁੱਲਾਂ ਸਾਡੀਆਂ।

ਤੁਮ ਹਾਥ ਲਾਇ ਕਿਵਾਰ ਖੁਲ੍ਹਾਵੋ॥ ਕਿਰਪਾ ਕਰੋ ਆਪ ਅਪਣੇ ਪਵਿਤ੍ਰ ਹੱਥ ਲਾ ਦਿਓ। ਇਹ ਕਿਵਾੜ ਮੱਕੇ ਦੇ ਖੁਲ੍ਹ ਜਾਣ।

ਤੁਮ ਹਾਜੀਅਨ ਕੋ ਹੱਜ ਕਰਾਵੋ'॥ ੨੦॥ ਇਹ ਆਏ ਨੇ ਸਾਰੇ ਯਾਤਰਾ ਕਰਨ ਵਾਸਤੇ ਇਹਨਾਂ ਦਾ ਹੱਜ ਕਰਵਾ ਦਿਉ ਤੁਸੀਂ ਕ੍ਰਿਪਾ ਕਰਕੇ। ੨੦।

ਦੋਹਰਾ॥ ਤੌ ਸਤਿਗੁਰ ਜੀ ਯੌਂ ਕਯੋ ਮਰਦਾਨੇ ਬੋਲ ਸੁਨਾਇ॥ ਸਤਿਗੁਰੂ ਜੀ ਪ੍ਰਸੰਨ ਹੋ ਗਏ ਇਹਨਾਂ ਦੀਆਂ ਬੇਨਤੀਆਂ

'ਤੇ, ਮਰਦਾਨੇ ਨੂੰ ਬੁਲਾਇਆ, ਮਰਦਾਨਿਆਂ! ਆ ਏਧਰ, ਲੈ ਇਉਂ ਕਰ ਜਾਕੇ।

ਉਠ ਤਿਨ ਦੀਨੌ ਖੋਲ੍ਹ ਦਰ ਆਇਸ ਬਾਬੇ ਪਾਇ॥ ੨੧॥ ਬਾਬੇ ਦੀ ਆਗਿਆ ਲੈ ਕੇ ਮਰਦਾਨੇ ਨੇ ਜਾ ਕੇ ਹੱਥ ਲਾਏ, ਦਰਵਾਜੇ ਸਾਰੇ ਖੁਲ੍ਹ ਗਏ, ਇਉਂ ਦਰਵਾਜੇ ਖੋਲ੍ਹ ਦਿੱਤੇ ਮਰਦਾਨੇ ਨੇ। ੨੧।

ਚੌਪਈ॥ ਇਮ ਮਰਦਾਨੈ ਮਦੀਨੈ ਦਿਖਾਯੋ॥ ਏਸ ਤਰ੍ਹਾਂ ਮਰਦਾਨੇ ਨੂੰ ਤੇ ਹਾਜੀਆਂ ਨੂੰ ਮੱਕਾ ਮਦੀਨਾ ਦਿਖਾਉਣਾ ਕੀਤਾ।

ਫਿਰ ਉਸਤੈ ਗੁਰ ਅਗੈ ਸਿਧਾਯੋ॥ ਫੇਰ ਸਤਿਗੁਰੂ ਕਹਿਣ ਲੱਗੇ ਚੱਲ ਹੁਣ ਅੱਗੇ, ਹੁਣ ਅਗਲੇ ਦੇਸ਼ ਨੂੰ ਜਾਂਦੇ ਨੇ।

ਕਹੈਂ ਦੇਸ ਜਿਸ ਪਸਚਮ ਨਾਇ॥ ਪੱਛਮ ਦਿਸ਼ਾ ਜਿਸ ਨੂੰ ਕਹਿੰਦੇ ਨੇ, ਓਸ ਦੇਸ਼ ਵਿਚ ਚਲੇ ਗਏ ਪੱਛਮ ਦਿਸ਼ਾ ਨੂੰ ਮਹਾਰਾਜ।

ਲੰਘ ਗਏ ਵਹਿ ਦੇਸਹਿ ਵਾਇ॥ ੨੨॥ ਪੱਛਮ ਦੇ ਦੇਸਾਂ ਨੂੰ ਵੀ ਲੰਘ ਗਏ ਹਨ। ੨੨।

ਚਲੇ ਚਲੇ ਕਿਤ ਅੱਗੈ ਸਿਧਾਰੇ॥ ਤੁਰੇ ਜਾ ਰਹੇ ਨੇ ਹੌਲੀ ਹੌਲੀ ਅੱਗੇ ਜਾਂਦੇ ਜਾਂਦੇ ਦੂਰ ਚਲੇ ਗਏ।

ਜਾਇ ਵੜੇ ਕਿਤ ਸਮੁੰਦ੍ਰ ਮਝਾਰੇ॥ ਕਿਸੇ ਸਮੰਦਰ ਵਿੱਚ ਜਾ ਦਾਖਲ ਹੋਏ ਨੇ ਸਤਿਗੁਰੂ।

ਊਹਾਂ ਵਰਨ ਸੋਂ ਭੇਟਾ ਭਈ॥ ਵਰਨ ਦੇਵਤਾ ਮਿਲਿਆ ਉਥੇ ਸਤਿਗੁਰਾਂ ਨੂੰ ਆ ਕੇ ਚਰਨ ਪਰਸੇ ਨੇ ਮਹਾਰਾਜ ਦੇ ਵਰਨ ਦੇਵਤੇ ਨੇ।

ਉਨ ਕੀ ਬਾਤੈਂ ਜਾਨੈ ਵਈਂ॥ ੨੩॥ ਉਹ ਸਤਿਗੁਰਾਂ ਨਾਲ ਬਚਨ ਕੀਤੇ ਬਰਨ ਨੇ ਜੋ ਕੀਤੇ ਨੇ। ਕਹਿੰਦੇ ਸਾਨੂੰ ਕੀ ਪੱਤਾ? ਕੀ ਬਚਨ ਕੀਤੇ ਨੇ? ਉਹਨਾਂ ਦੀਆਂ ਓਹੀ ਜਾਨਣ। ਜਦੋਂ ਭੇਟਾ ਹੋਈ ਜਦੋਂ ਮਿਲਿਆ ਵਰਨ ਦੇਵਤਾ। ੨੩।

ਤੁਰਕ ਉਸੇ ਖਵਾਜ ਖਿਜਰ ਸੁ ਆਖੈਂ॥ ਜੋ ਤੁਰਕ ਹਨ ਓਸ ਇਲਾਕੇ ਦੇ ਤੁਰਕਸਤਾਨ ਦੇ, ਉਹ ਖੁਆਜਾ ਖਿਜਰ ਕਹਿੰਦੇ ਹਨ। ਆਪਾਂ ਵਰਨ ਦੇਵਤਾ ਕਹਿੰਦੇ ਹਾਂ।

ਅਪਨੀ ਬੋਲੀ ਇਮ ਉਸ ਭਾਖੈਂ॥ ਤੁਰਕ ਲੋਕ ਆਪਣੀ ਬੋਲੀ ਵਿਚ ਇਸ ਤਰ੍ਹਾਂ ਉਸ ਨੂੰ ਕਹਿੰਦੇ ਹਨ ਖੁਆਜਾ ਖਿਜਰ।

ਊਹਾਂ ਮਰਦਾਨੇ ਨੇ ਭਉ ਖਾਯਾ॥ ਮਰਦਾਨੇ ਨੂੰ ਡਰ ਆਇਆ ਏਥੇ।

ਆਖ ਬਾਬੈ ਵਲ ਵਤਨ ਲਿਆਯਾ॥ ੨੪॥ ਉਹ ਕਹਿੰਦਾ ਮਹਾਰਾਜ ਅੱਗੇ ਨਹੀਂ ਜਾਣ ਦੀ ਲੋੜ, ਇਹ ਤਾਂ ਬੜਾ ਭਿਅੰਕਰ ਦੇਸ਼ ਹੈ ਇਹ ਤਾਂ ਸਮੁੰਦਰਾਂ ਦੇ ਕਿਨਾਰੇ ਉਤੇ। ਕਿਰਪਾ ਕਰੋ ਸਾਨੂੰ ਹੁਣ ਪੰਜਾਬ ਨੂੰ ਲੈ ਚਲੋ। ਇਸ ਤਰ੍ਹਾਂ ਮਰਦਾਨਾ ਬਾਬੇ ਨੂੰ ਆਖ ਕੇ ਆਪਣੇ ਦੇਸ਼ ਪੰਜਾਬ ਵੱਲ ਲੈਕੇ ਆਇਆ ਹੈ। ੨੪।

ਅਥ ਉੱਤਰ ਕਾ ਪ੍ਰਸੰਗ (ਉਦਾਸੀ ਉੱਤਰ ਦੀ)

ਦੋਹਰਾ॥ ਫਿਰ ਸਤਿਗੁਰ ਸੁਨ ਪਰਬਤੇ ਉੱਤਰ ਬਡੋ ਸੁ ਦੇਸ॥ ਇਹ ਉਦਾਸੀ ਕਰਕੇ ਆ ਗਏ ਹਨ ਪੰਜਾਬ ਵਿੱਚ। ਹੁਣ ਸਤਿਗੁਰਾਂ ਨੇ ਦੇਖਿਆ ਹੈ ਕਿ ਆਹ ਉੱਤਰ ਦਾ ਜਿਹੜਾ ਏਰੀਆ ਹੈ। ਭਾਵ ਪਹਾੜਾਂ ਦਾ ਏਰੀਆ ਜੋ ਜਾ ਰਿਹਾ। ਜੋ ਬਰਫ਼ ਦੇ ਪਹਾੜ ਹਨ, ਇਸ ਪਾਸੇ ਦਾ ਨਹੀਂ ਦੇਖਿਆ ਇਲਾਕਾ। ਇਹ ਵੀ ਦੇਖੀਏ।

ਸਿੱਧ ਸਾਧ ਸੁਨਤਹਿ ਘਨੇ ਦੇਵੀ ਦੇਵ ਮਹੇਸ॥ ੧॥ ਸੁਣਿਆ ਬਰਫ਼ਾਨੀ ਇਲਾਕੇ ਵਿਚ ਬੜੇ ਸਿੱਧ ਲੋਕ ਰਹਿੰਦੇ ਨੇ। ਬੜੇ ਸੰਤ ਲੋਕ ਰਹਿੰਦੇ ਨੇ ਅਤੇ ਦੇਵੀ ਦੇਵਤੇ (ਮਹੇਸ) ਸ਼ਿਵ ਜੀ ਵਰਗੇ ਏਸ ਇਲਾਕੇ ਵਿਚ ਰਹਿੰਦੇ ਨੇ। ੧।

ਚੌਪਈ॥ ਉਸੀ ਦੇਸ ਕੇ ਸੈਲਹਿ ਕਾਰਨ॥ ਸਤਿਗੁਰੂ ਜੀ ਓਸ ਦੇਸ ਦੀ ਸੈਰ ਵਾਸਤੇ।

ਲਾਭ ਹਾਨ ਸਚ ਝੂਠ ਬਿਚਾਰਨ॥ ਦੇਖਾਂਗੇ ਏਧਰ ਕੀ ਲਾਭ ਹੈ? ਕੀ ਹਾਨੀ ਹੈ? ਕੀ ਘਾਟਾ ਹੈ? ਕੀ ਵਾਧਾ ਹੈ? ਸਾਰਾ ਹੀ ਇਥੋਂ ਲੋਕਾਂ ਦਾ ਸੱਚ ਝੂਠ ਵੇਖਣ ਵਾਸਤੇ ਤੁਰ ਪਏ।

ਪ੍ਰਿਥਮ ਨੀਹਲ ਫਿਰ ਧਾਰਨ ਚੜੇ॥ (ਨੀਹਲ) ਕਹਿੰਦੇ ਨੇ ਜੋ ਪਹਾੜਾਂ ਦੇ ਪੈਰ ਨੇ, ਜਿਵੇਂ ਅਨੰਦਪੁਰ ਸਾਹਿਬ ਛੋਟੀਆਂ

ਛੋਟੀਆਂ ਪਹਾੜੀਆਂ, ਇਹ ਪਹਾੜਾਂ ਦੇ ਪੈਰ ਨੇ ਸ਼ੁਰੂ ਉਥੋਂ ਹੁੰਦਾ ਹੈ, ਫਿਰ ਅਗਲੀ ਧਾਰ ਚਲ ਪੈਂਦੀ ਹੈ। ਇਹ ਕਾਲੀ ਧਾਰ ਆ ਗਈ ਹੈ ਕਾਲੇ ਕਾਲੇ ਪਹਾੜ। ਇਸ ਧਾਰ ਉੱਤੇ ਪਹਿਲਾਂ ਤੁਾਂ ਹੇਠਾਂ ਗਏ ਨੇ, ਫਿਰ ਉਪਰਲੀ ਧਾਰ ਜਿਹੜੀ ਹੈ ਕਾਲੀ ਧਾਰ ਓਥੇ ਪਹੁੰਚ ਗਏ।

ਕਾਲੀਅਨ ਛੱਡ ਫਿਰ ਧੌਲੀਅਨ ਵੜੇ॥ ੨॥ ਦੁਨੀਆਂ ਵਸਦੀ ਹੈ ਇਹਨਾਂ ਸਾਰਿਆਂ ਪਹਾੜਾਂ ਵਿਚ ਵੀ, ਛੋਟੇ ਛੋਟੇ ਨਗਰ ਛੋਟੇ ਛੋਟੇ ਸ਼ਹਿਰ ਸਭ ਵਸਦੇ ਨੇ ਲੋਕ। ਸਾਹਿਬ ਨੇ ਉਹਨਾਂ ਨੂੰ ਓਥੇ ਹੀ ਕਿਰਤ ਕਮਾਈ ਦਿੱਤੀ ਹੈ। ਪਹਾੜਾਂ ਵਿੱਚ ਖੇਤੀਆਂ ਚਸ਼ਮੇ ਚਲ ਰਹੇ ਨੇ ਫੁਹਾਰੇ ਜਲ ਦੇ ਚਲ ਰਹੇ ਨੇ। ਲੋਕ ਵਸਦੇ ਹਨ। ਫੇਰ ਸਾਹਿਬ ਕਾਲੀਆਂ ਧਾਰਾਂ ਵਿਖਾ ਕੇ ਫਿਰ ਧੌਲੀਆਂ ਚੜ੍ਹ ਗਏ। ਇਹ ਸਾਰਾ ਇਲਾਕਾ ਪਹਾੜਾਂ ਦਾ ਜੋ ਹੈ ਓਸ ਇਲਾਕੇ ਨੂੰ ਦੇਖ ਦਿਖਾਕੇ ਮਹਾਰਾਜ ਅੱਗੇ ਬਰਫ਼ਾਨੀ ਧਾਰ ਆ ਗਈ ਚਿੱਟੇ ਰੰਗ ਦੀ। ੨।

ਜਗ੍ਹਾ ਜਗ੍ਹਾ ਜੌ ਸਭੀ ਲਖੱਯੈ॥ ਜਗ੍ਹਾ ਜਗ੍ਹਾ ਜਿਥੇ ਜਿਥੇ ਬਾਬਾ ਜੀ ਨੇ ਚਰਣ ਪਾਏ ਹਨ ਜੇ ਲਿਖਣੀ ਕਰੀਏ।

ਗ੍ਰੰਥ ਬਢਨ ਤੇ ਮਨਹੁੰ ਸੰਕੱਯੈ॥ ਮਨ ਵਿਚ ਸੰਕੋਚ ਆਉਂਦੀ ਹੈ ਗ੍ਰੰਥ ਨਾ ਵਧਾਓ।

ਜਿਨ ਕੌ ਲੌੜ ਸੁਣਨ ਕੀ ਹੋਇ॥ ਕਿ ਜਿਨ੍ਹਾਂ ਗੁਰਸਿੱਖਾਂ ਨੂੰ ਇਹ ਸਾਰਾ ਇਤਿਹਾਸ ਖੋਲ੍ਹ ਕੇ ਸੁਣਨ ਦੀ ਹੋਵੇ ਜ਼ਰੂਰਤ ਹੋਰ ਸੁਣੀਏ ਏਥੇ ਕਿਥੇ ਕਿਥੇ ਮਹਾਰਾਜ ਗਏ ਨੇ।

ਔਰ ਪੁਸਤਕ ਤੇ ਸੁਨਿ ਲੈ ਸੋਇ॥ ੩॥ ਉਹ ਅਭਿਲਾਖਾ ਵਾਲੇ ਲੋਕ ਹੋਰ ਪੁਸਤਕ ਤੋਂ ਜਨਮ ਸਾਖੀ ਆਦਿਕ ਤੋਂ ਉਹ ਦੇਖ ਲੈਣ ਕਿਥੇ ਕਿਥੇ ਚਰਣ ਪਾਏ ਨੇ। ੩।

ਦੋਹਰਾ॥ ਜਹਿ ਸਤਿਗੁਰ ਜੀ ਤਬ ਪੁਜੇ, ਦੇਖਜੋ ਠੀਕ ਨ ਕੋਇ॥ ਜਿਥੇ ਜਿਥੇ ਸਤਿਗੁਰੂ ਗਏ ਨੇ, ਪਹਿਲੇ ਪਹਾੜਾਂ ਦੇ ਥੱਲੇ ਥੱਲੇ, ਫੇਰ ਕਾਲੀ ਧਾਰ ਵਿੱਚ, ਫੇਰ ਧੌਲੀ ਧਾਰ ਵਿਚ ਗਏ ਨੇ। ਇਹ ਜਿਥੇ ਦੇਖਣ ਲੋਕ ਤਾਂ ਕੁਰਾਹੇ ਪਏ ਨੇ ਕੋਈ ਵੀ ਲੋਕ ਠੀਕ ਰਸਤੇ 'ਤੇ ਨਹੀਂ ਜਾ ਰਹੇ। ਸਭ ਹੀ ਜੰਤ੍ਰੀ ਮੰਤ੍ਰੀ ਤੇ ਤੰਤ੍ਰੀ ਦੇ ਨਾਲ ਲੋਕਾਂ ਨੂੰ ਮਗਰ ਲਾਇਆ ਹੋਇਆ ਹੈ ਅਤੇ ਝੂਠਾ ਹੀ ਉਪਦੇਸ਼ ਕਰਦੇ ਨੇ। ਸੱਚਾ ਨਾਮ ਪ੍ਰਮੇਸ਼ਰ ਦਾ ਕੋਈ ਨਹੀਂ ਦੱਸ ਰਿਹਾ, ਕਿਸੇ ਨੂੰ ਪਤਾ ਨਹੀਂ ਸਭ ਅਗਿਆਨੀ ਹਨ।

ਦੇਵੀ ਦੇਵ ਔ ਮੜ ਮਟੋ ਲਿੰਗ ਪੂਜਕ ਭਏ ਸੋਇ॥ ੪॥ ਕੀ ਦੇਖਿਆ ਓਥੇ? ਕਿਤੇ ਦੇਵੀਆਂ ਦੇ ਮੰਦਰ ਤੇ ਕਿਤੇ ਮੱਠ ਬਣੇ ਹੋਏ ਨੇ ਸਿੱਧਾਂ ਦੇ, ਆਪੋ ਆਪਣੇ ਡੇਰੇ ਉਸਾਰੇ ਸਾਰਿਆਂ ਨੇ ਕੀ ਪਤਾ ਕਦੋਂ ਦੇ ਲੱਗੇ ਹੋਏ ਨੇ? ਜਦ ਦੀ ਦੁਨੀਆਂ ਉਸਾਰੀ ਪ੍ਰਮੇਸ਼ਰ ਨੇ, ਉਸ ਦਿਨ ਤੋਂ ਨਾਲ ਹੀ ਇਹ ਪਖੰਡੀ ਲੋਕ। ਉਹ ਸਾਰੇ ਹੀ ਪੱਥਰ ਦੇ ਪੂਜਕ ਨੇ (ਲਿੰਗ) ਸ਼ਿਵਾਂ ਦੀ ਪੂਜਾ ਸਮੁੰਦ੍ਰਾਂ ਦੇ ਕਿਨਾਰਿਆਂ ਤੱਕ। ੪।

ਚੌਪਈ॥ ਜਹ ਕਿਤ ਬਾਬਾ ਜੀ ਜਾਵੇ ਦੇਸ॥ ਸਤਿਗੁਰੂ ਸੱਚੇ ਪਾਤਸ਼ਾਹ ਅੱਗੇ ਵਧਦੇ ਹਨ ਜਿਹੜੇ ਜਿਹੜੇ ਦੇਸ਼ ਵਿੱਚ ਚਰਣ ਪਾਉਂਦੇ ਨੇ।

ਤਹ ਨਾਮ ਦ੍ਰਿੜ੍ਹਾਵੈ ਸਤ ਉਪਦੇਸ॥ ਸੱਚੇ ਨਾਮ ਦਾ ਉਪਦੇਸ਼ ਦ੍ਰਿੜ੍ਹ ਕਰਾਉਂਦੇ ਨੇ ਜਗ੍ਹਾਂ ਜਗ੍ਹਾਂ।

ਤਉ ਮਰੀ ਸੌਂ ਹਮ ਯੌ ਕਹਯੋ॥ ਮਰੀ ਕਪਤਾਨ ਜਿਸਨੂੰ ਲਿਖਾ ਰਹੇ ਨੇ ਭਾਈ ਰਤਨ ਸਿੰਘ ਜੀ ਨੇ ਕੈਪਟਨ ਮਰੇ ਸਾਹਿਬ ਨੂੰ ਏਸ ਤਰ੍ਹਾਂ ਕਿਹਾ।

ਬਾਬੇ ਸਾਖੀ ਕਿਨੈ ਅੰਤ ਨ ਲਹਯੋ॥ ੫॥ ਕੋਈ ਅੰਤ ਨਹੀਂ ਆਉਂਦਾ ਬਾਬੇ ਦੀਆਂ ਸਾਖੀਆਂ ਦਾ, ਕਿਸੇ ਅੰਤ ਨਹੀਂ ਲਿਆ। ੫।

ਬਾਬੇ ਸਾਖੀ ਮਹਾਂ ਗੰਭੀਰ॥ ਬੜੀ ਗੰਭੀਰ ਹੈ, ਬੜੀ ਡੂੰਘੀ ਹੈ ਸਾਖੀ ਬਾਬਾ ਜੀ ਦੀ।

ਸਿੱਧ ਸਾਧ ਲਿਖ ਥਕ ਰਹੇ ਪੀਰ॥ ਸਿੱਧ ਲੋਕ, ਸਾਧਕ ਲੋਕ, ਪੀਰ ਆਦਿਕ, ਥੱਕ ਗਏ ਹਨ ਲਿਖ ਲਿਖ ਬਾਬੇ ਦੀ ਕਲਾ ਨੂੰ।

ਬਹੁਤ ਉਦਾਸੀ ਬਾਬੇ ਕਈ॥ ਬਾਬਾ ਜੀ ਨੇ ਬੜੀਆਂ ਉਦਾਸੀਆਂ ਕੀਤੀਆਂ ਹਨ। ਬੜੇ ਦੇਸ਼ ਫਿਰੇ ਹਨ, ਬੜੇ ਲੋਕਾਂ ਭੁੱਲਿਆਂ ਨੂੰ ਰਸਤੇ ਪਾਇਆ।

ਹਮ ਤੇ ਸਭੀ ਕਬ ਆਖੀ ਗਈ॥ ੬॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਮੈਂ ਕਿਹੜਾ ਸਾਰੀ ਆਖ ਸਕਿਆ ਹਾਂ। ਮੈਥੋਂ ਵੀ ਨਹੀਂ ਦੱਸੀ ਗਈ ਸ਼ਾਰੀ। ਕਿਉਂਕਿ ਸੰਖੇਪ ਵਿੱਚ ਕਹਿ ਰਹੇ ਨੇ। ੬।

ਬਾਬੇ ਸੈਲ ਅਕਾਸ਼ ਭੀ ਕੀਨਾ॥ ਬਾਬਾ ਜੀ ਨੇ ਅਕਾਸ਼ਾਂ ਦੀ ਵੀ ਸੈਰ ਕੀਤੀ ਹੈ। ਪੀਰ ਦੇ ਮੁੰਡੇ ਨੂੰ ਨਾਲ ਲੈ ਕੇ ਲੱਖ ਅਕਾਸ਼ ਵਿਖਾਇਆ ਸੀ, ਕਹਿਣ ਲੱਗੇ ਹੋਰ ਦੇਖਣੇ ਹਨ ਅੱਗੇ ਲੱਖਾਂ ਹੀ ਹੋਰ ਖੜ੍ਹੇ ਨੇ ਕੋਈ ਅੰਤ ਨਹੀਂ ਹੈ ਲੱਖ ਪਤਾਲ ਵਿਖਾਏ ਸੀ। ਕਹਿੰਦੇ ਹੋਰ ਪਤਾਲ ਹੈਨ "ਓੜਕ ਓੜਕ ਭਾਲਿ ਥਕੇ ਵੇਦੁ ਕਹਨ ਇਕ ਵਾਤੁ" ॥

ਬਾਬੈ ਸੈਲ ਬਹੁ ਕੀਓ ਜਮੀਨਾ॥ ਅਤੇ ਧਰਤੀ ਦੀ ਤਾਂ ਬੜੀ ਸੈਰ ਕੀਤੀ ਹੈ। ਕੋਈ ਟਾਪੂ, ਕੋਈ ਟਿਕਾਣਾ, ਕੋਈ ਮੁਲਕ ਛੱਡਿਆ ਨਹੀਂ ਹੈ ਜਿਥੇ ਨਹੀਂ ਗਏ ਸਨ।

ਬਾਬੇ ਕੀ ਗਤ ਬਾਬੋ ਜਾਣੈ॥ ਇਸ ਵਾਸਤੇ ਬਾਬੇ ਦੀ ਗਤੀ ਨੂੰ ਬਾਬਾ ਹੀ ਜਾਣ ਸਕਦਾ ਹੈ। ਗੁਰੂ ਨਾਨਕ ਸਾਹਿਬ ਜੀ ਨੂੰ ਗੁਰੂ ਨਾਨਕ ਸਾਹਿਬ ਆਪ ਹੀ ਜਾਣ ਸਕਦੇ ਹਨ।

ਕੈ ਜਾਣੈ ਜੁ ਨਾਲ ਫਿਰਾਣੈ॥ ੭॥ ਜਾਂ ਉਹ ਜਾਨਣ ਜੋ ਨਾਲ ਫਿਰ ਰਹੇ ਨੇ, ਮਰਦਾਨਾ ਅਤੇ ਬਾਲਾ ਜੋ ਨਾਲ ਵਿਚਰਦੇ ਨੇ, ਜਾਂ ਉਹਨਾਂ ਨੇ ਵੇਖਿਆ ਹੈ ਅੱਖਾਂ ਨਾਲ। ਜਾਂ ਉਹ ਕਹਿ ਸਕਦੇ ਨੇ। ਤਾਹੀਓਂ ਭਾਈ ਬਾਲਾ ਜੀ ਨੇ ਗੁਰੂ ਅੰਗਦ ਦੇਵ ਜੀ ਨੂੰ ਸਾਖੀ ਲਿਖਾਈ ਸੀ। ਜਦੋਂ ਗੁਰੂ ਅੰਗਦ ਦੇਵ ਜੀ ਨਾਲ ਮੇਲ ਹੋਇਆ ਤਾਂ ਸਾਹਿਬਾਂ ਨੂੰ ਪਤਾ ਲੱਗਿਆ ਇਹ ਬਾਲਾ ਜੀ ਹਨ, ਸਤਿਗੁਰਾਂ ਦੇ ਚੌਰ ਬਰਦਾਰ ਸੇਵਾਦਾਰ ਸਨ। ਇਹ ਨਾਲ ਰਹੇ ਨੇ, ਫੇਰ ਉਹਨਾਂ ਤੋਂ ਪੁੱਛਿਆ ਪ੍ਰੇਮ ਨਾਲ, ਤੁਸੀਂ ਬਾਬਾ ਜੀ ਦੇ ਨਾਲ ਰਹੇ ਹੋ ਉਹਨਾਂ ਦੀ ਜਨਮ ਸਾਖੀ ਲਿਖਾਉ ਸਾਨੂੰ। ਤਾਂ ਉਸ ਮੌਕੇ ਫਿਰ ਜਨਮ ਸਾਖੀ ਲਿਖਾਈ ਸੀ ਜਿਸਨੂੰ ਭਾਈ ਬਾਲੇ ਵਾਲੀ ਜਨਮ ਸਾਖੀ ਕਹਿੰਦੇ ਹਨ। ਸਭ ਹੀ ਜਨਮ ਸਾਖੀ ਦੇਖ ਲਉ ਕਿੱਡਾ ਵੱਡਾ ਗ੍ਰੰਥ ਹੈ। ਕਿਤਨਾ ਉਹਦੇ ਵਿਚ ਸੈਰ ਸਪਾਟਾ ਜੋ ਗੁਰੂ ਨਾਨਕ ਸਾਹਿਬ ਜੀ ਨੇ ਆਪਣਿਆਂ ਸੇਵਕਾਂ ਨੂੰ ਕਰਾਇਆ ਹੈ। ਉਹ ਸਾਰੀਆਂ ਸਾਖੀਆਂ ਨੋਟ ਕੀਤੀਆਂ ਹੋਈਆਂ ਨੇ। ੭।

ਜੋ ਉਨ ਕੀ ਸਭ ਠੌਰ ਬਤਈਐ॥ ਜੇ ਉਨ੍ਹਾਂ ਦੇ ਸਾਰੇ (ਠੌਰ) ਟਿਕਾਣੇ ਦੱਸੀਏ।

ਬਧੈ ਗ੍ਰੰਥ ਬਹੁ ਲਿਖਿਓ ਚਹੀਐ॥ ਲਿਖਿਆ ਚਾਹੁੰਦੇ ਹਾਂ ਪਰ ਮਜਬੂਰੀ ਹੈ ਕਿਉਂਕਿ ਗ੍ਰੰਥ ਬਹੁਤ ਵਧ ਜਾਵੇਗਾ।

ਜੋ ਲਿਖੀ ਨ ਹੋਤੀ ਔਰਹਿ ਠੌਰ॥ ਜੇ ਹੋਰ ਕਿਸੇ ਜਗ੍ਹਾ ਨਾ ਲਿਖੀ ਹੁੰਦੀ ਕਿ ਇਹ ਸਾਖੀ ਰਹਿ ਗਈ ਹੈ ਨਹੀਂ ਲਿਖੀ ਗਈ ਤਾਂ ਫਿਰ ਅਸੀਂ ਉੱਦਮ ਕਰਦੇ ਜਰੂਰ।

ਲਿਖਤੇ ਹਮ ਸਭ ਹੀ ਬਹੁ ਤੌਰ॥ ੮॥ ਫੇਰ ਤਾਂ ਬਹੁਤਾ ਵਿਸਥਾਰ ਕਰਕੇ ਲਿਖਣਾ ਹੀ ਪੈਂਦਾ ਸਾਨੂੰ, ਜਰੂਰ ਲਿਖਦੇ ਸਾਰੀਆਂ ਸਾਖੀਆਂ। ੮।

ਯਾ ਤੇ ਏ ਮੈ ਸੂਚਯੋ ਧਰੋਂ॥ ਤਾਂ ਕਰਕੇ ਮੈਂ ਤਾਂ ਸੂਖਮ ਰੂਪ ਵਿੱਚ ਹੀ ਸੂਚੀ ਪੱਤਰ ਵਾਂਗ ਹੀ ਮੈਂ ਤਾਂ ਨਿਸ਼ਾਨੀਆਂ ਹੀ ਦੇ ਰਿਹਾ ਹਾਂ ਸਾਹਿਬ ਐਸ ਦੇਸ਼ ਨੂੰ ਗਏ, ਏਸ ਏਰੀਏ ਨੂੰ ਗਏ ਹਨ।

ਆਗੈ ਹੋਇ ਨ ਤੌ ਸ਼੍ਰਮ ਕਰੋਂ॥ ਜੇ ਅੱਗੇ ਨਾ ਹੁੰਦੀ ਸਾਖੀ, ਸ਼ਬਦ ਲਿਖਿਆ ਹੋਇਆ। ਤਾਂ ਮੈਂ ਜਰੂਰ ਖੇਚਲ (ਮਿਹਨਤ) ਕਰਦਾ (ਸ਼੍ਰਮ) ਕਹਿੰਦੇ ਨੇ ਥਕੇਵਾਂ ਜਿਵੇਂ ਭਾਵ ਜੋਰ ਮੈਂ ਲਾਉਂਦਾ ਹਾਂ ਭਾਵੇਂ ਥਕਦਾ ਕੁਛ ਹੁੰਦਾ ਤਾਂ ਇਸ ਵਾਸਤੇ ਕਹਿੰਦੇ ਨੇ ਕਿ ਮੈਂ ਸੂਖਮ ਰੂਪ ਵਿਚ ਹੀ ਲਿਖਿਆ ਹੈ।

ਜੌਨਹਿੰ ਸਾਖੀ ਲਿਖੀ ਨ ਹੋਇ॥ ਜਿਹੜੀ ਸਾਖੀ ਨਹੀਂ ਲਿਖੀ ਗਈ, ਨਹੀਂ ਕਿਸੇ ਗ੍ਰੰਥ ਵਿਚ ਦੇਖਣਾ ਕੀਤੀ।

ਜ਼ਰੂਰਹਿ ਚਹਿਯਤ ਲਿਖ ਲਈ ਸੋਇ॥ ੯॥ ਜੋ ਜ਼ਰੂਰੀ ਸਾਨੂੰ ਚਾਹੀਦਾ ਸੀ ਲਿਖ ਲਈਏ ਉਸ ਸਾਖੀ ਨੂੰ ਨੋਟ ਜਰੂਰ ਕਰ ਦਿੰਦੇ। ੯।

ਦੋਹਰਾ॥ ਜੋ ਆਗੈ ਹੈ ਅਤਿ ਘਨੀ, ਸੋ ਮੈਂ ਕਹੀ ਘਟਾਇ॥ ਭਾਈ ਸਾਹਿਬ ਜੀ ਕਹਿੰਦੇ ਨੇ ਜਿਹੜੀਆਂ ਅੱਗੇ ਸਾਖੀਆਂ ਬਹੁਤ ਵਿਸਤਾਰ ਵਿਚ ਸਨ ਮੈਂ ਬਹੁਤ ਸੂਖਮ ਰੂਪ ਵਿਚ ਕਹੀਆਂ ਜੇ ਕੋਈ ਕਹੀ ਹੈ ਤਾਂ। ਬੜੀ ਸਾਖੀ ਲੰਬੀ ਨੂੰ ਘਟਾ ਕੇ ਛੋਟੀ ਜਿਹੀ ਕਰਕੇ ਦੱਸਣਾ ਕੀਤਾ।

ਆਗੈ ਹੈ ਪਰਛਿੰਨ ਜੋ ਸੋ ਮੈ ਦਯੋਂ ਪ੍ਰਗਟਾਇ॥ ੧੦॥ ਪ੍ਰਛਿੰਨ ਕਹਿੰਦੇ ਨੇ ਗੁਪਤ ਨੂੰ ਜੋ ਗੁਪਤ ਹੈ ਸਾਖੀ ਨਹੀਂ ਪ੍ਰਗਟ ਹੋਈ ਉਹ ਮੈਂ ਪ੍ਰਗਟਾ ਕੇ ਦੱਸੀ ਹੈ। ੧੦।

ਸਾਖੀ ਦਿੱਲੀ ਕੇ ਪਾਤਸ਼ਾਹ ਕੀ ਚਲੀ (ਦਿੱਲੀ ਕੈਦੋਂ ਸੰਤ ਸਾਧ ਛੁਡਾਏ, ਹਾਥੀ ਜਿਵਾਇਆ)

ਦੋਹਰਾ॥ ਆਗੈ ਸਾਖੀ ਯੌ ਸੁਨੋ, ਹੁਤੇ ਪਠਾਣ ਦਿਲੀ ਪਤਸ਼ਾਹਿ॥ ਹੁਣ ਅੱਗੇ ਸਾਖੀ ਸੁਣੋ ਜੋ ਇਉਂ ਹੈ ਉਦੋਂ ਲੋਦੀ ਪਠਾਣਾਂ ਦਾ ਰਾਜ ਸੀ ਹਿੰਦੋਸਤਾਨ ਵਿੱਚ ਮੁਗਲ ਨਹੀਂ ਸਨ ਅਜੇ ਆਏ। ਗੁਰੂ ਨਾਨਕ ਸਾਹਿਬ ਜੀ ਜਦੋਂ ਪ੍ਰਗਟ ਹੋਏ ਸਨ ਉਦੋਂ ਦਿੱਲੀ ਦਾ ਪਾਤਸ਼ਾਹ ਲੋਦੀ ਪਠਾਣ ਸੀ।

ਕ੍ਰੋਪੀ ਕੀਨੀ ਜਿਮ ਗੁਰੂ ਦਯੋ ਮੁਗਲਨ ਕੋ ਤਖਤ ਪਲਟਾਇ॥ ੧॥ ਸਾਹਿਬ ਸੱਚੇ ਪਾਤਸ਼ਾਹ ਜੀ ਜਦੋਂ ਦਿੱਲੀ ਪਹੁੰਚੇ ਨੇ ਇਹਨਾਂ ਪਠਾਣਾਂ ਨੇ ਜਿਵੇਂ ਮਹਾਰਾਜ ਦੇ ਨਾਲ ਵਰਤਾਉ ਕੀਤਾ ਤੇ ਸਤਿਗੁਰਾਂ ਨੇ ਕ੍ਰੋਪੀ ਕੀਤੀ ਇਹਨਾਂ 'ਤੇ ਅਤੇ ਇਹਨਾਂ ਦਾ ਰਾਜ ਪਲਟਾ ਕਰ ਦਿੱਤਾ। ਪਠਾਣਾਂ ਦਾ ਰਾਜ ਨਸ਼ਟ ਕਰਕੇ, ਮੁਗਲਾਂ ਨੂੰ ਜਿਵੇਂ ਪਲਟਾ ਕੇ ਦੇ ਦਿੱਤਾ ਰਾਜ, ਇਹ ਸਾਖੀ ਸੁਣੋ। ੧।

ਚੌਪਈ॥ ਲੋਦੀ ਬ੍ਰਹਮ ਖਾਂ ਪਾਤਸ਼ਾਹੁ ਥੋ ਜਦੀ॥ ਓਸ ਟਾਇਮ ਜਦੋਂ ਗੁਰੂ ਨਾਨਕ ਸਾਹਿਬ ਦਿੱਲੀ ਗਏ ਨੇ, ਬ੍ਰਹਮ ਖਾਨ ਲੋਦੀ ਪਠਾਣ ਉਹ ਮੁਲਕ ਦਾ ਪਾਤਸ਼ਾਹ ਸੀ।

ਉਸ ਆਵਤ ਵਕਤ ਬੁਰੈ ਭਯੋ ਤਦੀ॥ ਉਸ ਦਾ ਬੁਰਾ ਸਮਾਂ ਆ ਗਿਆ ਜਦ ਉਹਦੇ ਭੈੜੇ ਲੱਛਣਾਂ ਦਾ ਨਤੀਜਾ ਭੁਗਤਣਾ ਪੈ ਗਿਆ।

ਓਨ ਸਿੱਧ ਸਾਧ ਫੜ ਪੀਰ ਮੰਗਾਏ॥ ਉਸਨੇ ਹੁਕਮ ਦੇ ਦਿੱਤਾ ਆਹ ਜਿਹੜੇ ਸਾਧੂ ਬਿਭੂਤੀਆਂ ਲਾਈ ਫਿਰਦੇ ਨੇ, ਇਹ ਬੇ-ਫਾਇਦਾ ਨੇ, ਇਹ ਦੁਨੀਆਂ 'ਤੇ ਅੰਨ ਧਨ ਤਾਂ ਬਰਬਾਦ ਖਾਂਦੇ ਨੇ, ਲੇਕਿਨ ਦੁਨੀਆਂ ਨੂੰ ਇਹਨਾਂ ਦਾ ਫਾਇਦਾ ਕੋਈ ਨਹੀਂ ਹੈ। ਇਹਨਾਂ ਸਾਰਿਆਂ ਨੂੰ ਲਿਆਓ ਫੜਕੇ ਇਹਨਾਂ ਨੂੰ ਕੰਮ 'ਤੇ ਲਾਈਏ।

ਦੇ ਚੱਕੀ ਸਭ ਪੀਸਨ ਬਹਾਏ॥ ੨॥ ਸਭ ਸੰਤ ਮਹਾਤਮਾ ਸਿੱਧ ਸਾਧ ਕੋਈ ਚੰਗਾ, ਭਲਾ ਬੁਰਾ ਨਹੀਂ ਦੇਖਿਆ ਉਹਨਾਂ ਨੇ, ਸਭ ਨੂੰ ਲਿਆ ਕੇ ਪਕੜ ਕੇ ਜੇਲ੍ਹ ਖਾਨੇ ਵਿਚ ਦੇ ਦਿੱਤਾ ਹੈ। ਅਤੇ ਚੱਕੀਆਂ ਦੇ ਦਿੱਤੀਆਂ ਨੇ ਆਟਾ ਪੀਹਿਆ ਕਰੋ। ਕਿਉਂ ਏਸ ਤਰ੍ਹਾਂ ਵੇਹਲੀਆਂ ਰੋਟੀਆਂ ਖਾਂਦੇ ਫਿਰਦੇ ਹੋ? ਇਉਂ ਕਰਕੇ ਇਸ ਨੇ ਜ਼ੋਰ ਪਾ ਕੇ ਕਨੂੰਨ ਬਣਾ ਦਿੱਤਾ ਸਿੱਧ ਸਾਧ ਜਿਥੇ ਵੀ ਹੈ ਓਥੇ ਉਹਨਾਂ ਨੂੰ ਫੜ ਫੜ ਕੇ ਚੱਕੀ ਨਾਲ ਆਟਾ ਪਿਹਾਇਆ ਕਰੋ ਅਤੇ ਫੌਜ ਵਿੱਚ ਇਹ ਸਾਰਾ ਸਪਲਾਈ ਕਰੋ। ਇਉਂ ਹੁਕਮ ਦੇ ਦਿੱਤਾ ਸਭ ਸਾਧਾਂ ਨੂੰ ਚੱਕੀਆਂ ਦੇ ਕੇ ਪੀਸਣ ਲਾ ਦਿੱਤਾ। ੨।

ਦੁਨੀਆਂ ਤੁਮ ਝੂਠੇ ਲੁੱਟ ਖਾਈ॥ ਤੇ ਨਾਲੇ ਉਹਨਾਂ ਨੂੰ ਦਬਕੇ ਮਾਰਦੇ ਨੇ ਪਠਾਣ। ਓਇ! ਝੂਠਿਓ ਸਾਧੋ! ਤੁਸੀਂ ਦੁਨੀਆਂ ਲੁੱਟ ਕੇ ਐਵੇਂ ਪਖੰਡ ਕਰ ਕੇ ਖਾ ਲਈ ਸਾਰੀ। ਸਾਧ, ਸਾਧ ਰੱਬ ਦੇ ਪਿਆਰੇ ਬਣੇ ਫਿਰਦੇ ਹੋ ਦਿਖਾਓ ਰੱਬ ਕਿਥੇ ਹੈ? ਕੀ ਕਰਾਮਾਤ ਹੈ ਤੁਹਾਡੇ ਵਿਚ? ਕੀ ਕਮਾਈ ਹੈ ਤੁਹਾਡੀ? ਦਿਖਾਓ! ਨਹੀਂ ਤੇ ਪੀਹੋ ਚੱਕੀਆਂ, ਇਉਂ ਕਰਕੇ ਹੁਕਮ ਕਰ ਦਿੱਤਾ।

ਨਹਿ ਕਰਾਮਾਤ ਕਿਨ ਹਮੈਂ ਦਿਖਾਈ॥ ਅੱਜ ਤਾਂਈ ਕਿਸੇ ਸਾਧ ਨੇ ਕਰਾਮਾਤ ਨਹੀਂ ਵਿਖਾਈ ਮੈਨੂੰ। ਜੇ ਤੁਹਾਡੇ ਵਿਚ ਕਰਾਮਾਤ ਹੈ ਕੋਈ ਕਮਾਈ ਹੈ ਤਾਂ ਵਿਖਾਓ ਮੈਨੂੰ। ਨਹੀਂ ਤੇ ਚੱਕੀਆਂ ਪੀਹਣੀਆਂ ਪੈਣਗੀਆਂ। ਇਉਂ ਸਾਰਿਆਂ ਸਾਧਾਂ ਨੂੰ ਜਦੋਂ ਇਹਨੇ ਡਾਟ ਕੇ ਹੁਕਮ ਕਰ ਦਿੱਤਾ।

ਤਹਿੰ ਮੁਸਲਮਾਨ ਹਿੰਦੂਅਨ ਕਹਯੋ॥ ਉਥੇ ਮੁਸਲਮਾਨਾਂ ਹਿੰਦੂਆਂ ਨੇ ਇਹ ਗੱਲ ਕਹੀ।

ਜੋਗ ਛਡਾਵਨ ਹੈ ਤੁਹੀਂ ਅਹਯੋ॥ ੩॥ ਵਿੱਚ ਹਿੰਦੂ ਵੀ ਫਕੀਰ ਸਨ ਮੁਸਲਮਾਨ ਵੀ ਫਕੀਰ ਸਨ। ਇਹਨਾਂ ਨੇ ਕੋਈ ਨਹੀਂ ਛੱਡਿਆ ਸਭ ਨੂੰ ਚੱਕੀਆਂ ਪੀਹਣ 'ਤੇ ਲਾ ਦਿੱਤਾ। ਉਹ ਜਿਨ੍ਹਾਂ ਜਿਨ੍ਹਾਂ ਦਾ ਬਾਬੇ ਨਾਨਕ ਨਾਲ ਮੇਲ ਹੋਇਆ ਸੀ। ਉਹ ਸਾਰੇ ਹੀ ਇਕੱਠੇ ਹੋ ਕੇ ਵਿਚਾਰ ਕਰਦੇ ਨੇ, ਆਪਣੀ ਬੰਦ ਖਲਾਸੀ ਕਿਵੇਂ ਹੋਊ? ਕਹਿਣ ਲੱਗੇ ਬੱਸ ਬਾਬਾ ਹੀ ਛੁਡਾਊ ਹੁਣ। ਬਾਬਾ ਜੋ ਆਇਆ ਹੈ ਗੁਰੂ ਨਾਨਕ ਸਾਹਿਬ ਬੇਦੀ ਉਹੀ ਛੁਡਾ ਸਕਦਾ ਹੈ ਇਨ੍ਹਾਂ ਤੋਂ ਹੋਰ ਨਹੀਂ ਛੁਡਾ ਸਕਦਾ ਇਨ੍ਹਾਂ ਤੋਂ। ਸਾਧ ਸੰਤ ਅਰਦਾਸ ਕਰਦੇ ਹਨ ਗੁਰੂ ਜੀ ਅੱਗੇ ਕਿ ਮਹਾਰਾਜ ਇਸ ਕੈਦ ਵਿਚੋਂ ਛੁਡਾਉਣ ਦੇ ਜੋਗ ਤੁਸੀਂ ਹੀ ਹੋ। ੩।

ਤੁਝ ਹੀ ਕੋ ਹੈ ਬਿਰਦ ਕੀ ਲਾਜ॥ ਜਿਉਂ ਇਹ ਰੱਬ ਦਾ ਭੇਖ ਹੈ ਸੰਤਾਂ ਦਾ ਭੇਖ, ਪ੍ਰਮੇਸ਼ਰ ਦੇ ਪਿਆਰੇ ਤਾਂ ਕਹਾਉਂਦੇ ਹੋ, ਫੇਰ ਕਹਿੰਦੇ ਨੇ ਉਹਨਾਂ ਨੂੰ ਹੀ ਲਾਜ ਹੈ ਇਹ ਭੇਖ ਦੀ ਪ੍ਰਮੇਸ਼ਰ ਦੇ।

ਤੂੰ ਹੀ ਹੈਂ ਭੇਖ ਰਖਨੇ ਵਾਜ॥ ਅਰਦਾਸਾਂ ਕਰਦੇ ਹੇ ਬਾਬਾ ਨਾਨਕ! ਬਹੁੜ ਕਿਤੇ ਸਾਨੂੰ ਵੀ, ਤੂੰ ਹੀ ਇਸ ਭੇਖ ਦੀ ਲੱਜਿਆ ਰੱਖਣ ਵਾਲਾ ਹੈਂ, ਤੂੰ ਹੀ ਪ੍ਰਮੇਸ਼ਰ ਦੇ ਨਾਮ ਲੈਣ ਵਾਲਿਆਂ ਨੂੰ ਬਚਾ ਸਕਦਾ ਹੈਂ। ਹੋਰ ਕੋਈ ਨਹੀਂ ਏਨੀ ਕਲਾ ਰਖਣ ਵਾਲਾ।

ਸਭ ਸੂਰਨ ਕੇ ਦਲ ਨਹਿੰ ਹੋਇ। ਬੇਨਤੀਆਂ ਕਰਦੇ ਨੇ ਅਰਦਾਸਾਂ ਕਰਦੇ ਨੇ, ਹੇ ਸਾਹਿਬ ਜੀ! ਜੇ ਉਹ ਫੌਜਾਂ ਇਕੱਠੀਆਂ ਹੁੰਦੀਆਂ ਨੇ, ਫ਼ੌਜ ਵਿੱਚ ਸਾਰੇ ਸੂਰਬੀਰ ਨਹੀਂ ਹੁੰਦੇ, ਸਾਰੇ ਬਹਾਦਰ ਜੋਧੇ ਨਹੀਂ ਹੁੰਦੇ। ਕਮ-ਦਿਲੇ ਵੀ ਵਿੱਚੇ ਹੀ ਹੁੰਦੇ ਨੇ ਅਤੇ ਨਰਮ ਵੀ ਵਿੱਚੇ ਹੁੰਦੇ ਨੇ, ਸਾਰਿਆਂ ਇਕੱਠ ਹੁੰਦਾ ਉਨ੍ਹਾਂ ਦਾ ਇਸ ਵਾਸਤੇ।

ਸ਼ੇਰ ਝੱਲ ਮਧ ਏਕੋ ਕੋਇ॥ ੪॥ ਕਿਤਨਾ ਜਾਨਵਰ ਹੁੰਦਾ ਜੰਗਲਾਂ ਵਿੱਚ ਝੱਲਾਂ ਵਿੱਚ ਤੇ ਸ਼ੇਰ ਕਿਤੇ ਇੱਕ ਅੱਧਾ ਹੀ ਹੁੰਦਾ ਕਿਸੇ ਜੰਗਲ ਵਿੱਚ। ਸ਼ੇਰਾਂ ਦੇ ਵੱਗ ਤੇ ਨਹੀਂ ਫਿਰਦੇ। ਤੋ ਤੁਸੀਂ ਤਾਂ ਸ਼ੇਰ ਹੋ ਮਹਾਰਾਜ ਤੁਹਾਡੇ ਬਿਨਾਂ ਗਤੀ ਕੋਈ ਨਹੀਂ ਹੈ, ਤੁਹਾਡੇ ਬਿਨਾਂ ਕੋਈ ਛੁਡਾਉਣ ਵਾਲਾ ਨਹੀਂ। ੪।

ਦੋਹਰਾ॥ ਤੌ ਸਤਿਗੁਰ ਹਸਿ ਉਨ ਕਹਯੋ 'ਤੁਮ ਸਭ ਕਰਨੈ ਜੋਗ'॥ ਸਾਹਿਬ ਸੱਚੇ ਪਾਤਸ਼ਾਹ ਜੀ ਕਹਿੰਦੇ ਨੇ ਸਿੱਧਾਂ ਸਾਧਾਂ ਨੂੰ ਹੇ ਸੰਤ ਲੋਕੋ! ਹੇ ਰੱਬ ਦੇ ਪਿਆਰਿਓ! ਇਹ ਤਾਂ ਤੁਹਾਡੇ ਵਿਚ ਕਲਾ ਹੈ ਸਾਰੀ, ਇਹ ਤੁਸੀਂ ਕਰਨ ਜੋਗ ਹੋ ਸਾਰੇ ਕੰਮ ਨੂੰ।

ਹਮ ਕੋ ਜਸ ਤੁਮ ਦੇਤ ਹੋ, ਕੱਲ ਕੋ ਸਭ ਭਲ 'ਹੋਗ'॥ ੫॥ ਮਹਾਰਾਜ ਚਲੇ ਗਏ ਨੇ ਓਥੇ, ਪਹੁੰਚ ਗਏ ਨੇ, ਕਹਿੰਦੇ ਮੈਨੂੰ ਤਾਂ ਐਵੇਂ ਜਸ ਦੇ ਰਹੇ ਹੋ, ਮੇਰੀ ਤਾਂ ਸੋਭਾ ਕਰਨੀ ਚਾਹੁੰਦੇ ਹੋ। ਚਲੋ ਕਲ੍ਹ ਨੂੰ ਵਾਹਿਗੁਰੂ ਭਲੀ ਕਰੇਗਾ, ਕੱਲ੍ਹ ਨੂੰ ਠੀਕ ਹੋ ਜਾਏਗਾ ਸਾਰਾ ਕੁਝ। ੫।

ਚੌਪਈ॥ ਸਭ ਸੰਤਨ ਨਿੱਜ ਚੱਕੀ ਚਲਾਇ॥ ਸਾਰੇ ਸੰਤ ਚੱਕੀਆਂ ਫੇਰਦੇ ਸਨ, ਆਟਾ ਪੀਂਹਦੇ ਸਨ ਵਿਚਾਰੇ ਅਠਾਰਾਂ ਅਠਾਰਾਂ ਸੇਰ।

ਸਿਰ ਕੋ ਟੋਕਰੀ ਊਚੀ ਦਿਖਾਇ॥ ਸਤਿਗੁਰਾਂ ਨੇ ਕਲਾ ਵਿਖਾ ਦਿੱਤੀ, ਜਦੋਂ ਟੋਕਰੀ ਢੋਣ ਤੇ ਲਾਏ ਨੇ ਕਈ ਤੇ ਟੋਕਰੀ ਸਵਾ ਸਵਾ ਹੱਥ ਉੱਚੀ ਆਉਂਦੀ ਹੈ ਸਭ ਦੇ ਸਿਰ ਤੋਂ ਤੇ ਸਤਿਗੁਰਾਂ ਨੇ ਕਿਹਾ ਵਾਹਿਗੁਰੂ ਵਾਹਿਗੁਰੂ, ਸਤਿਨਾਮ ਵਾਹਿਗੁਰੂ ਜਪੋ ਭਾਈ ਗਾਲਾ ਪਾਈ ਚਲੋ ਤੇ ਚੱਕੀਆਂ ਵੀ ਆਪੇ ਚਲ ਪਈਆਂ। ਸਤਿਗੁਰਾਂ ਨੇ ਜਦੋਂ ਕਲਾ ਵਿਖਾਈ ਮਿੱਟੀ ਢੋਣ ਵਾਲੇ ਸਭ ਦੇ ਸਿਰ ਤੋਂ ਟੋਕਰੀਆਂ ਉੱਚੀਆਂ ਹੋ ਗਈਆਂ।

ਦਯੋ ਪੜਦਾ ਸਭ ਭੇਖ ਪਰ ਪਾਇ॥ ਸਾਰੇ ਭੇਖ ਤੇ ਪੜਦਾ ਪਾ ਦਿੱਤਾ ਮਹਾਰਾਜ ਨੇ, ਸਾਹਿਬ ਪ੍ਰਮੇਸ਼ਰ ਦਾ ਜੋ ਭੇਖ ਸੀ, ਨਾਲੇ ਉਨ੍ਹਾਂ ਬੇਨਤੀ ਕੀਤੀ ਸੀ ਸਾਹਿਬ ਬੇਨਤੀ ਪ੍ਰਵਾਨ ਕਰ ਲਈ ਸੀ। ਸਾਰੇ ਭੇਖ ਦੇ ਉੱਤੇ ਪੜਦਾ ਪਾ ਦਿੱਤਾ ਇੱਜਤ ਰੱਖ ਲਈ।

ਸਤਿਗੁਰ ਅਧਿਕ ਭਯੋ ਜਸੁ ਵਾਇ॥ ੬॥ ਤੇ ਸਤਿਗੁਰਾਂ ਦਾ ਤਾਂ ਜਸ ਹੋਣਾ ਹੀ ਸੀ। ਸਤਿਗੁਰਾਂ ਦੇ ਪ੍ਰਤਾਪ ਨੂੰ ਵੇਖ ਕੇ ਕਲਾ ਨੂੰ ਵੇਖ ਕੇ ਸਾਰੇ ਧੰਨ ਗੁਰੂ ਨਾਨਕ ਧੰਨ ਗੁਰੂ ਨਾਨਕ ਕਹਿਣ ਲੱਗ ਪਏ। ੬।

ਦੋਹਰਾ॥ ਮੁਯੋ ਹਾਥੀ ਹਥਵਾਨ ਕੋ ਸ੍ਰੀ ਸਤਿਗੁਰ ਦਯੋ ਉਠਾਇ॥ ਜਦੋਂ ਸਤਿਗੁਰੂ ਦਿੱਲੀ ਪਹੁੰਚੇ ਉਦੋਂ ਮਜਨੂੰ ਟਿੱਲੇ ਲੰਘੇ ਹਨ ਮਹਾਰਾਜ ਅੱਗੇ ਇਕ ਸ਼ਾਹੀ ਬਾਗ ਸੀ। ਏਥੋਂ ਦਾ ਮਾਲੀ ਸੀ ਬਾਗ ਸੁੱਕ ਗਿਆ ਸੀ। ਇਸ ਦਾ ਇੱਕ ਹਾਥੀ ਰੱਖਿਆ ਹੋਇਆ ਸੀ। ਜਦ ਲੋਕੀਂ ਸ਼ਾਦੀ ਕਰਦੇ ਨੇ, ਸ਼ਹਿਰਾਂ ਵਿਚ ਘੋੜੀਆਂ 'ਤੇ ਚੜ੍ਹਦੇ ਨੇ ਲਾੜਾ ਜਦੋਂ ਢੁਕਦਾ ਹੈ ਕਈ ਹਾਥੀਆਂ 'ਤੇ ਵੀ ਚੜ੍ਹਦੇ ਨੇ, ਜਿਹੜੇ ਵੱਡ ਵੱਡੇ ਉਮਰਾਓ, ਵਜ਼ੀਰ ਹੁੰਦੇ ਸਨ, ਉਹ ਜਦੋਂ ਆਪਣੇ ਬੱਚਿਆਂ ਦੀ ਸ਼ਾਦੀ ਕਰਦੇ, ਉਦੋਂ ਹਾਥੀ ਦੀ ਅੰਬਾਰੀ ਉੱਤੇ ਬਹਾ ਕੇ ਢੁਕਦੇ। ਇਸ ਮਾਲੀ ਦਾ ਬਾਗ ਤਾਂ ਸੁੱਕ ਗਿਆ ਸੀ। ਉਹਨੇ ਹਾਥੀ ਰੱਖਿਆ ਹੋਇਆ ਸੀ। ਹਾਥੀ ਨੂੰ ਲੈ ਜਾਂਦਾ ਜੇ ਕੋਈ ਜੰਞ 'ਤੇ ਜਾਂਦਾ ਤੇ ਉਹ ਲਾੜੇ ਨੂੰ ਲਿਜਾ ਕੇ ਜੋ ਜੋ ਉਹਨੂੰ ਦਿੰਦੇ ਪੈਸਾ ਧੇਲਾ ਉਹ ਲਿਆ ਕੇ ਸੰਤਾਂ ਮਹਾਪੁਰਖਾਂ ਦੀ ਸੇਵਾ ਕਰਦਾ। ਮੁੱਕਦੀ ਗੱਲ ਉਹਦਾ ਹਾਥੀ ਮਰ ਗਿਆ। ਮਹਾਰਾਜ ਜੀ ਨੇ ਉਹਦੇ ਬਾਗ ਵਿੱਚ ਚਰਣ ਪਾ ਕੇ ਉਹਦਾ ਸੁੱਕਾ ਬਾਗ ਹਰਾ ਕੀਤਾ ਅਤੇ ਮਰੇ ਹਾਥੀ ਨੂੰ ਮਰਦਾਨੇ ਰਾਹੀਂ ਜਲ ਦੇ ਛਿੱਟੇ ਮਰਵਾ ਕੇ ਜਿਉਂਦਾ ਕੀਤਾ। ਇਹ ਅਚੰਭਾ ਸਭ ਨੇ ਵੇਖਿਆ।

ਉਨ ਹੁਤੀ ਟਹਲੁ ਸੰਤਨ ਕਰੀ, ਕਰੀ ਦਯਾ ਗੁਰ ਤਾਂਹਿ॥ ੭॥ ਇਹਦੇ 'ਤੇ ਦਇਆ ਕਿਉਂ ਕੀਤੀ? ਸੰਤਾਂ ਦੀ ਟਹਲ ਕਰਦਾ ਸੀ, ਸੇਵਾ ਕਰਦਾ ਸੀ, ਆਇਆਂ ਸੰਤਾਂ ਮਹਾਤਮਾਂ ਨੂੰ ਅੰਨ ਪਾਣੀ ਛਕਾਉਂਦਾ ਸੀ। ਇਸ ਕਰਕੇ ਦਿਆਲੂ ਹੋ ਗਏ ਸਤਿਗੁਰੂ ਇਸ ਦੇ ਉਤੇ। ੭।

ਚੌਪਈ॥ ਯੌ ਸੁਨ ਗੁਰ ਪਰ ਸ਼ਾਹਿ ਰਿਸਾਯਾ॥ ਇਹ ਗੱਲ ਜਦ ਸੁਣੀ ਨਾ ਬਾਦਸ਼ਾਹ ਨੇ ਇਥੋਂ ਦੇ ਨੇ ਬਈ ਹੈਅ! ਕਹਿੰਦੇ ਜੀ ਐਸਾ ਸੰਤ ਆਇਆ ਆਪ ਦਾ ਸੁੱਕਾ ਬਾਗ ਹਰਿਆ ਹੋ ਗਿਆ, ਉਹ ਮਰਿਆ ਹੋਇਆ ਹਾਥੀ ਜਿਵਾ ਦਿੱਤਾ ਹੈ। ਇਉਂ ਸੁਣ ਕੇ ਬੜਾ ਕ੍ਰੋਪ ਹੋਇਆ ਹੈ। ਐਸਾ ਕੌਣ ਸਾਧ ਆ ਗਿਆ ਏਥੇ ਲਿਆਉ ਫੜ ਕੇ ਉਸ ਨੂੰ ਹੁਕਮ ਦਿੱਤਾ।

ਯਹ ਜਾਦੂ ਇਨ ਹਿੰਦੂ ਚਲਾਯਾ॥ ਇਹ ਹਿੰਦੂ ਇਸਨੇ ਜਾਦੂ ਚਲਾਇਆ ਹੈ। ਇਹ ਤਾਂ ਕਰਾਮਾਤ ਦਿਖਾਉਂਦਾ ਜਾਦੂ ਦਿਖਾਉਂਦਾ ਹੈ।

ਸ਼ਹਰੋਂ ਇਸ ਕੋ ਦਿਯ ਕਢਾਇ॥ ਇਹਨੂੰ ਸ਼ਹਿਰ 'ਚੋਂ ਬਾਹਰ ਕੱਢੀਏ ਦਿੱਲੀ 'ਚੋਂ, ਇਹ ਨਵੀਂ ਕਲਾ ਆ ਕੇ ਵਿਖਾਈ ਇਸਨੇ।

ਬਹੁਰ ਨ ਦਿੱਲੀ ਵਰਹੈ ਆਇ॥ ੮॥ ਏਸ ਤਰ੍ਹਾਂ ਕੱਢੋ ਇਸਨੂੰ ਇਹ ਪਰਤ ਕੇ ਦਿੱਲੀ ਨਾ ਵੜੇ ਇਹ ਸਾਧ ਜਿਹੜਾ। ਸਾਡਾ ਕੰਮ ਗੁਆ ਦੇਗਾ। ਇੱਕ ਤੇ ਚੱਕੀਆਂ ਆਪੇ ਚੱਲ ਪਈਆਂ। ਇਹ ਸਾਰੇ ਸਾਧ ਛੁਡਾਏਗਾ ਸਾਡਾ ਕੰਮ ਰੋਕ ਦੇਵੇਗਾ, ਇਹਨੂੰ ਹੀ ਦਿੱਲੀ ਤੋਂ ਕੱਢ ਦਿਉ। ਇਉਂ ਮਸ਼ਵਰਾ ਕੀਤਾ। ੮।

ਸਤਿਗੁਰ ਕਹਯੋ 'ਹਮ ਤੌ ਵਰੇ' ਆਇ॥ ਸਤਿਗੁਰੂ ਕਹਿਣ ਲੱਗੇ ਅਸੀਂ ਤਾਂ ਫੇਰ ਵੀ ਆਵਾਂਗੇ। ਛੇਵੀਂ, ਅੱਠਵੀਂ, ਨੌਵੀਂ, ਦਸਵੀਂ ਜੋਤਿ ਗਈ ਦਿੱਲੀ ਵਿੱਚ ਸੋ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਬਚਨ ਕੀਤਾ ਸੀ ਅਸੀਂ ਤਾਂ ਦਿੱਲੀ ਵਿਚ ਆ ਵੜੇ ਹਾਂ ਹੇ ਬਾਦਸ਼ਾਹ! ਤੂੰ ਸਾਨੂੰ ਕਿਵੇਂ ਕੱਢੇਗਾ?

ਕਰ ਔਰ ਬਹਾਵੈਂ ਦਿੱਲੀ ਪਤਿਸ਼ਾਹਿ॥ ਅਸੀਂ ਤਾਂ ਕਿਸੇ ਹੋਰ ਨੂੰ ਦਿੱਲੀ ਦਾ ਪਾਤਸ਼ਾਹ ਥਾਪਾਂਗੇ। ਦਿੱਲੀ ਵਿਚ ਕਿਸੇ ਪਾਤਸ਼ਾਹ ਦਾ ਰਾਜ ਬਹਾਲ ਕਰਾਂਗੇ।

ਅਬ ਆਇ ਬੋਲਯੋ ਤੁਮਰੋ ਕਾਲ॥ ਹੁਣ ਤਾਂ ਬਾਦਸ਼ਾਹ ਤੇਰਾ ਕਾਲ ਬੋਲਿਆ ਹੈ। ਤੂੰ ਜੋ ਅੱਤ ਚੁੱਕੀ ਹੈ ਨਾ? ਤੇਰੀ ਮੌਤ ਆ ਗਈ।

ਅਠਾਰਾਂ ਸੌ ਅਠੱਤਰੇ ਸਾਲ॥ ੯॥ ਅਠਾਰਾਂ ਸੌ ਅਠੱਤਰਵੇਂ (੧੮੭੮) ਸੰਮਤ ਬਿਕ੍ਰਮੀ ਵਿੱਚ ਆ ਕੇ। ੯।

ਦੋਹਰਾ॥ ਦਈ ਫਿਟਕ ਸ੍ਰੀ ਗੁਰ ਉਸੇ, ਭਈ ਬਾਇ ਉਸ ਮਾਰ॥ ਜਦੋਂ ਸਤਿਗੁਰਾਂ ਨੇ ਦਿੱਲੀ ਦੇ ਪਠਾਣ ਬ੍ਰਹਮ ਖਾਂ ਲੋਦੀ ਬਾਦਸ਼ਾਹ ਨੂੰ ਫਿਟਕ ਦਿੱਤੀ, ਇਹਨੂੰ ਬਾਇ ਮਾਰ ਗਈ। ਭਾਵ ਪਾਗਲ਼ ਹੋ ਗਿਆ, ਮਸਤਾਨਾ ਹੋ ਗਿਆ, ਸੁਝ ਬੂਝ ਜਾਂਦੀ ਰਹੀ, ਬੁਧਿ ਜਾਂਦੀ ਰਹੀ ਸਤਿਗੁਰਾਂ ਦੇ ਸਰਾਪ ਨਾਲ।

ਤਬ ਦਿੱਲੀ ਚੁਗਤੇ ਲਈ ਸਿੱਖੀ ਬਾਬੇ ਧਾਰ॥ ੧੦॥ ਤਾਂ ਉਸ ਤੋਂ ਬਾਅਦ ਫਿਰ ਚੁਗੱਤੇ ਆਉਂਦੇ ਨੇ ਭਾਵ ਇਹ ਮੁਗਲ ਆਉਂਦੇ ਨੇ, ਕਿਉਂਕਿ ਇਹ ਬਾਬੇ ਦੇ ਸਿੱਖ ਬਣ ਗਏ ਸਨ। ਬਾਬਰ ਆਇਆ ਹੈ, ਉਹ ਬਾਬਾ ਜੀ ਦਾ ਮੁਰੀਦ ਹੋ ਗਿਆ ਸੀ। ੧੦।

ਕਾਰੂੰ ਪਾਤਸ਼ਾਹ ਦਾ ਪ੍ਰਸੰਗ-ਕਾਰੂੰ ਦੀ ਗੋਸ਼ਟ ਦਾ ਉਧਾਰ

ਦੋਹਰਾ॥ ਤੋ ਮਾਲੀ ਸੁਨ ਹਮ ਕਹੀ 'ਸਭ ਸੰਸੇ ਭਏ ਦੂਰ॥ ਇਹ ਸਾਖੀਆਂ ਸੁਣਕੇ ਭਾਈ ਸਾਹਿਬ ਜੀ ਤੋਂ ਇਹ (ਮਾਲੀ) ਮਰੇ ਸਾਹਿਬ ਕਪਤਾਨ ਹੈ ਜੋ ਠੀਕ ਹੈ ਬਿਲਕੁਲ ਸੱਚ ਕਹੀ ਹੈ ਤੁਸੀਂ। ਇਹ ਤਾਂ ਮੈਨੂੰ ਤਸੱਲੀ ਹੋ ਗਈ ਹੈ, ਜੋ ਜੋ ਤੁਸਾਂ ਦੱਸਿਆ ਹੈ ਮੁਗਲਾਂ ਨੇ ਝੂਠ ਬੋਲਿਆ ਸੀ, ਤੁਸੀਂ ਸੱਚ ਦੱਸਿਆ ਹੈ। ਸੋ ਇਹ ਤਾਂ ਮੇਰੇ ਮਨ ਨੂੰ ਲੱਗ ਗਈ ਬਿਲਕੁਲ ਸੱਚ ਹੈ। ਜਿਵੇਂ ਤੁਸੀਂ ਦਸਦੇ ਹੋ ਏਸ ਤਰ੍ਹਾਂ ਬਾਬਾ ਨਾਨਕ ਹੋਇ ਨੇ ਮੇਰੇ ਸਾਰੇ ਸੰਸੇ ਦੂਰ ਹੋ ਗਏ ਹਨ।

ਕਾਰੂੰ ਗੋਸਟਨਹਿ ਕਹੀ ਯਾ ਮੈ ਸ਼ੱਕ ਜ਼ਰੂਰ॥ ੧॥ ਕਾਰੂੰ ਪਾਤਸ਼ਾਹ ਦੇ ਨਾਲ ਜੋ ਗੋਸ਼ਟਿ ਹੋਈ ਹੈ ਜੋ, ਉਹਦੇ ਵਿੱਚ ਜਰੂਰ ਸ਼ੱਕ ਪੈਂਦਾ ਹੈ। ੧।

ਚੌਪਈ॥ ਤਾ ਕੋ ਬੀਤੋ ਬਰਸ ਹਜ਼ਾਰ॥ ਕਾਰੂੰ ਪਾਤਸ਼ਾਹ ਦੀ ਸਾਖੀ ਵਿੱਚ ਮੈਨੂੰ ਏਸ ਕਰਕੇ ਸ਼ੱਕ ਪੈਂਦਾ ਕਿ ਉਹ ਸਮਾਂ ਲੰਘੇ ਨੂੰ ਤਾਂ ਹਜ਼ਾਰ ਵਰ੍ਹਾ ਹੋ ਗਿਆ। ਅਤੇ ਗੁਰੂ ਨਾਨਕ ਏਸ ਸੰਸਾਰ ਆਇਆਂ ਥੋੜ੍ਹਾ ਹੀ ਸਮਾਂ ਹੋਇਆ ਹੈ (ਮਸਾਂ ਚਾਰ ਕੁ ਸੌ ਸਾਲ) ਕਾਰੂੰ ਪਾਤਸ਼ਾਹ ਦੀ ਸਾਖੀ ਹਜ਼ਾਰ ਸਾਲ ਪਹਿਲਾਂ ਹੋ ਚੁੱਕੀ ਹੈ। ਇਹਦੇ ਵਿੱਚ ਮੈਨੂੰ ਸ਼ੱਕ ਪੈਂਦਾ ਕਿ ਆਹ ਸਾਖੀ ਗਲਤ ਲਿਖੀ ਗਈ, ਇਹਦਾ ਨਿਰਣਾ ਕਰੀਏ।

ਗੋਸ਼ਟ ਕਰੀ ਕਬ ਬਾਬੇ ਨਾਰ? ਜਦੋਂ ਹਜ਼ਾਰ ਵਰ੍ਹਾ ਪਹਿਲਾਂ ਹੋ ਚੁੱਕਿਆ ਕਾਰੂੰ ਪਾਤਸ਼ਾਹ, ਤਾਂ ਬਾਬੇ ਨਾਲ ਮੇਲ ਕਦੋਂ ਹੋਇਆ?

ਤਉ ਉਸਕੋ ਮੈਂ ਉੱਤਰ ਦਯੋ॥ ਭਾਈ ਸਾਹਿਬ ਜੀ ਕਹਿੰਦੇ ਹਨ ਤਾਂ ਮੈਂ ਮਰੇ ਸਾਹਿਬ ਨੂੰ ਇਸ ਤਰ੍ਹਾਂ ਉੱਤਰ ਦਿੱਤਾ।

ਯਹ ਗੋਸ਼ਟ ਮੇਂ ਸੰਸੋ ਭਯੋ॥ ੨॥ ਜਰੂਰ ਸੰਸਾ ਹੈ, ਸ਼ੱਕ ਹੈ ਇਸ ਗੋਸ਼ਟ ਵਿੱਚ ਮੈਂ ਤੁਹਾਨੂੰ ਨਿਰਣਾ ਕਰਕੇ ਦੱਸਦਾ ਹਾਂ। ੨।

ਬਾਬੇ ਕਹੀ ਨ ਜੋ ਮੁਖ ਸਾਖੀ॥ ਬਾਬਾ ਜੀ ਦੀ ਜੋ ਸਾਖੀ ਨਹੀਂ ਹੋਈ। ਬਾਬਾ ਜੀ ਨੇ ਜੋ ਆਪਣੇ ਮੁਖੋਂ ਨਹੀਂ ਕਹੀ।

ਲਿਖਾਰੀ ਲਿਖ ਸੋ ਗੋਸ਼ਟ ਰਾਖੀ॥ ਤੇ ਲਿਖਾਰੀਆਂ ਨੇ ਗੋਸ਼ਟਿ ਲਿਖ ਕੇ ਰੱਖ ਦਿੱਤੀ। ਸਾਖੀ ਤਾਂ ਹੋਈ ਨਹੀਂ ਉਹਦੇ ਨਾਲ, ਇਹ ਲਿਖਾਰੀਆਂ ਨੇ ਗਲਤੀ ਕੀਤੀ, ਲਿਖਾਰੀਆਂ ਨੇ ਲਿਖ ਦਿੱਤੀ ਐਵੇਂ।

ਆਗੇ ਮਿਲੇ ਉਨੋਂ ਤੈ ਚੌੜਾ॥ ਉਹਨਾਂ ਤੋਂ ਮੂਰਖ ਹੋਰ ਅੱਗੇ ਵਧ ਕੇ ਮਿਲੇ, ਜਿਹੜੇ ਉਹਨਾਂ ਲਿਖਾਰੀਆਂ ਤੋਂ ਅਗਾਂਹ ਲਿਖਾਰੀ ਬਣੇ ਲਿਖਣ ਵੇਲੇ ਉਹਨਾਂ ਨੇ ਹੋਰ ਚੌੜਾ ਕਰ ਦਿੱਤਾ ਪ੍ਰਸੰਗ ਨੂੰ।

ਉਨ ਅੱਛਰ ਬਹੁ ਔਰ ਦਏ ਤੋੜਾ॥ ੩॥ ਉਹਨਾਂ ਨੇ ਹੋਰ ਅੱਖਰ ਨਾਲੋਂ ਤੋੜ ਕੇ ਹੋਰ ਦੀ ਹੋਰ ਸਾਖੀ ਬਣਾ ਦਿੱਤੀ। ੩।

ਨਾਂਹ ਕਿਛ ਜਾਨਯੋ ਸੰਮਤ ਸਾਲ॥ ਇਸ ਪਾਸੇ ਧਿਆਨ ਹੀ ਨਹੀਂ ਦਿੱਤਾ ਕਿਸੇ ਨੇ, ਉਹ ਕਿਹੜਾ ਸੰਮਤ ਸੀ ਜਦੋਂ ਕਾਰੂੰ ਹੋਇਆ? ਜਦੋਂ ਗੁਰੂ ਨਾਨਕ ਸਾਹਿਬ ਆਏ ਨੇ ਉਦੋਂ ਕਿਹੜਾ ਸੰਮਤ ਸੀ? ਕਿਹੜਾ ਸਾਲ ਸੀ? ਕਿਹੜਾ ਸੰਨ ਸੀ? ਇਹ ਤਾਂ ਕਿਸੇ ਨੇ ਵਿਚਾਰ ਹੀ ਨਹੀਂ ਕੀਤੀ ਲਿਖਣ ਲੱਗਿਆਂ।

ਵਾਧ ਘਾਟ ਨਾਂਹ ਸਮਝਯੋ ਹਵਾਲ॥ ਇਸ ਹਾਲਾਤ ਨੂੰ ਸਮਝ ਨਹੀਂ ਸਕੇ ਕਿ ਵਾਧਾ ਘਾਟਾ ਕੀ ਹੈ? ਤੇ ਕੀ ਲਿਖ ਰਹੇ ਹਾਂ।

ਪੀਰ ਫਕੀਰ ਸਿਧ ਗੋਸਟ ਬੋਈ॥ ਕਿਉਂਕਿ ਉਸ ਮੌਕੇ ਦਾ ਸਮਾਂ ਸੀ ਜਿਤਨੇ ਪੀਰ ਫਕੀਰ ਸਨ ਅਤੇ ਸਿੱਧ ਲੋਕ ਸਨ, ਗੋਸ਼ਟੀ ਲੋਕ ਸਨ ਗੋਸ਼ਟਾਂ ਕਰਦੇ ਆਪਸ ਵਿੱਚ ਹਜ਼ਾਰਾਂ।

ਇਮ ਕਰ ਗੋਸਟ ਲਿਖ ਗਯੋ ਕੋਈ॥ ੪॥ ਇਸ ਕਰਕੇ ਕੋਈ ਲਿਖ ਗਿਆ ਵਿਚਾਰਾ, ਅਣਭੋਲ ਲਿਖ ਗਿਆ ਕੋਈ। ਇਹ ਬਾਬੇ ਜੀ ਦੇ ਨਾਲ ਕਾਰੂੰ ਦੀ ਗੋਸ਼ਟਿ ਹੋਈ ਕਾਰੂੰ ਨੂੰ ਕਿਹਾ ਚਾਲੀ ਗੰਜ ਕਿਉਂ ਜੋੜੇ ਨੇ, ਇਹ ਤੇਰੇ ਸਾਥ ਨਹੀਂ ਜਾਣੇ, ਉਹਨੂੰ ਸੂਈ ਦਿੱਤੀ ਆਹ ਸਾਡੀ ਸੂਈ ਓਥੇ ਲੈ ਜਾਈਂ ਅਸੀਂ ਦਰਗਾਹ ਵਿਚ ਲੈ ਲਵਾਂਗੇ। ਕਹਿੰਦੇ ਨੇ ਇਹ ਤਾਂ ਐਵੇਂ ਕਿਸੇ ਲਿਖਾਰੀ ਨੇ ਭੁਲੇਖੇ ਨਾਲ ਲਿਖ ਦਿੱਤੀ ਹੈ ਇਉਂ ਭਾਈ ਸਾਹਿਬ ਨੇ ਨਿਰਣਾ ਕੀਤਾ ਹੈ। ੪।

ਗੋਸ਼ਟਨ ਕੋ ਔ ਸਾਖੀ ਭਾਇ॥ ਗੋਸ਼ਟ ਨੂੰ ਹੀ ਸਾਖੀ ਲਿਖ ਦਿੰਦੇ ਨੇ, ਹੁਣ ਆਪਾਂ ਸਾਖੀ ਕਹਿ ਦਿੰਦੇ ਹਾਂ, ਉਦੋਂ ਗੋਸ਼ਟਾਂ ਕਹਿੰਦੇ ਸਨ।

ਨਹ ਮੂਰਖ ਕੇ ਸਮਝਤ ਥਾਂਇ॥ ਜਿਹੜੇ ਲਿਖਾਰੀ ਮੂਰਖ ਨੇ ਲਿਖੀ ਹੈ ਉਹਨੂੰ ਸਮਝ ਨਾ ਆਈ ਏਸ ਗੱਲ ਦੀ, ਮੈਂ ਸੰਮਤ ਸੰਨ ਤਾਂ ਦੇਖ ਲਵਾਂ ਕਿਹੜੇ ਕਿਹੜੇ ਸੰਮਤ ਵਿਚ ਹੋਏ ਨੇ।

ਉਸ ਯਾਰ ਦਿਵਾਨੋ ਜਾਕੋ ਕਹੀਐ॥ ਕਹਿੰਦੇ ਉਹਦਾ ਯਾਰ ਦਿਵਾਨਾ ਮਸਤਾਨਾ ਕੋਈ ਫੱਕਰ ਬੇਲੀ ਗਿਆ। ਉਹਨੇ ਸਾਖੀ ਨੂੰ ਹੋਰ ਚੌੜ ਕਰ ਦਿੱਤਾ।

ਉਨ ਹੀ ਮੈਂ ਤੇ ਉਨ ਕੋ ਲਹੀਐ॥ ਮੈਂ ਉਹਦੇ ਵਰਗਾ ਮੂਰਖ ਉਹਨੂੰ ਸਮਝਦਾ ਹਾਂ, ਜਿਹੜੇ ਅੱਗੇ ਲਿਖਣ ਵਾਲੇ ਸਨ, ਜਿਹਨਾਂ ਨੇ ਸਮਝ ਸੋਝ ਨਾ ਕੀਤੀ।

ਗਿਰੀ ਖੱਖਰ ਕਹਿੰ ਚੰਦ ਪੁਰਾਣਾ॥ ਖੱਖਰ ਕਿਤੇ ਡਿੱਗੀ ਦੇਖ ਲਈ, ਇਹੋ ਜਿਹਾ ਲਿਖਾਰੀ ਹੋਣਾ ਕਹਿੰਦੇ ਕੋਈ ਮੂਰਖ ਅਨਪੜ੍ਹ ਜਿਵੇਂ ਡਿੱਗੀ ਤਾਂ ਖੱਖਰ ਪਈ ਜਦੋਂ ਮੱਖੀਆਂ ਸ਼ਹਿਦ ਖਾ ਲੈਂਦੀਆਂ ਤਾਂ ਪਿੱਛੇ ਖਾਲੀ ਖੱਗਾ ਜਿਹਾ ਰਹਿ ਜਾਂਦਾ, ਉਹ ਕਿਤੇ ਦਰੱਖਤ ਨਾਲੋਂ ਲੱਗੀ ਹੋਈ ਡਿੱਗੀ ਸੀ ਤੇ ਉਹਨੇ ਮੂਰਖ ਨੇ ਦੇਖਿਆ। ਉਹਨੇ ਆਖਿਆ ਇਹ ਕੀ ਹੋਇਆ? ਇਹ ਕੀ ਚੀਜ਼ ਹੈ? ਕਹਿੰਦੇ ਉਹਨੂੰ ਇਉਂ ਭਾਸਿਆ ਜਿਵੇਂ ਚੰਦ੍ਰਮਾ ਪੁਰਾਣਾ ਹੋ ਕੇ ਡਿੱਗ ਪਿਆ। ਉਹਨੇ ਲਿਖ ਦਿੱਤਾ ਕਿ ਚੰਦ੍ਰਮਾ ਡਿਗ ਪਿਆ, ਖੱਖਰ ਦਾ ਤਾਂ ਉਹਨੂੰ ਪਤਾ ਹੀ ਨਾ ਲੱਗਾ। ਇਹੋ ਜਿਹਾ ਲਿਖਾਰੀ ਸੀ ਕੋਈ।

ਕੋਲੂ ਅੱਲਾਹਿ ਸੁਰਮੇਂ ਦਾਣਾ॥ ੫॥ ਕੋਹਲੂ ਵੇਖ ਲਿਆ ਓਸ ਨੇ ਕਿਤੇ ਇਹੋ ਜਿਹੇ ਮੂਰਖ ਲਿਖਾਰੀ ਨੇ, ਉਹਨੇ ਕਿਹਾ ਇਹ ਤਾਂ ਖੁਦਾ ਦਾ ਸੁਰਮੇ ਦਾਣਾ ਹੋਣਾ, ਭਾਵ ਉਹਦੇ ਵਿੱਚ ਲੱਠ ਪੈਂਦੀ ਹੈ ਉਹ ਸੁਰਮਚੂ ਸਮਝ ਲਿਆ ਕਿਸੇ ਨੇ ਖੁਦਾ ਦਾ ਕਿੱਡਾ ਕੁ ਵੱਡਾ ਕੱਦ ਹੋਊਗਾ। ਇਹ ਉਹਦਾ ਸੁਰਮੇ ਦਾਣਾ ਅੱਖਾਂ ਵਿਚ ਪੌਣ ਵਾਲਾ ਸੁਰਮੁਚੂ ਹੈ, ਕਹਿੰਦੇ ਉਹੋ ਜਿਹਾ ਲਿਖਾਰੀ ਹੋਣਾ ਕੋਈ। ੫।

ਦੋਹਰਾ॥ ਰਸੂਲੋਂ ਔ ਬਾਬਿਓਂ ਬਿਤੇ ਸੁ ਬਰਸ ਹਜ਼ਾਰ॥ ਕਿਉਂਕਿ ਜਦੋਂ ਇਹ ਸਾਖੀ ਹੋਈ ਹੈ (ਰਸੂਲੋਂ) ਮੁਸਲਮਾਨਾਂ ਦੀ ਅਤੇ ਬਾਬਾ ਜੀ ਦੀ ਉਸ ਸਮੇਂ ਤੋਂ ਹਜ਼ਾਰ ਵਰ੍ਹਾ ਪਹਿਲਾਂ ਹੋ ਚੁੱਕੀ ਹੈ।

ਦੇਤੇ ਆਏ ਸਾਖ ਇਹ ਗੰਜ ਚਾਲੀ ਕਾਰੂੰ ਵਾਰ॥ ੬॥ ਏਥੇ ਸਾਖੀ ਦੇ ਵਿੱਚ ਲਿਖ ਗਏ ਨੇ, ਚਾਲੀ ਗੰਜ ਜੋੜੇ ਸੀ ਕਾਰੂੰ ਬਾਦਸ਼ਾਹ ਨੇ। ਬਾਬਾ ਜੀ ਨੇ ਕਿਹਾ ਇਹ ਚਾਲੀ ਗੰਜ ਤੂੰ ਐਵੇਂ ਜੋੜ ਦਿੱਤੇ ਨੇ, ਦੱਸੇ। ਇਹ ਤੇਰੇ ਨਾਲ ਜਾਣਗੇ। ਇਹ ਤੇਰੇ ਨਾਲ ਨਹੀਂ ਜਾਣੇ। ਇਹ ਤਾਂ ਐਵੇਂ ਲਿਖ ਦਿੱਤਾ ਅਣਭੋਲ ਵਿੱਚ। ੬।

"ਹੁਤੋ ਕਾਰੂ ਪਾਤਸ਼ਾਹਿ ਇਕ" ਕਹੀ ਬਾਬੇ ਯੌਂ ਬਾਤ॥ ਬਾਬਾ ਜੀ ਨੇ ਤਾਂ ਕਿਸੇ ਨੂੰ ਸਾਖੀ ਵਿੱਚ ਪ੍ਰਮਾਣ ਦਿੱਤਾ ਸੀ ਕਿ ਕਾਰੂੰ ਪਾਤਸ਼ਾਹ ਇਕ ਹੋਇਆ ਸੀ, ਜਿਸ ਨੇ ਚਾਲੀ ਗੰਜ ਜੋੜੇ ਸਨ ਸਾਖੀ ਸੁਣਾਈ ਸੀ ਕਿਸੇ ਨੂੰ।

ਸੋ ਚਾਲੀ ਗੰਜ ਜੋੜ ਕੇ ਭਯੋ ਤੋ ਖਾਲੀ-ਜਾਤ॥ ੭॥ ਉਹ ਚਾਲੀ ਗੰਜ ਇਕੱਠਾ ਕਰਕੇ ਧਨ, ਫੇਰ ਵੀ ਖਾਲੀ ਚਲਿਆ ਗਿਆ ਦੁਨੀਆ ਤੋਂ। ੭।

ਇਕ ਅਮਰ ਪਿਕੰਬਰ ਸੰਤ ਹੁਤੋ, ਮਿਲ ਉਸ ਕਰਯੋ ਨਿਹਾਲ''॥ ਇੱਕ ਅਮਰ ਨਾਮ ਫੱਕਰ ਸੀ ਫਕੀਰ ਕੋਈ ਉਸ ਮੌਕੇ ਦਾ ਪਹੁੰਚਿਆ ਹੋਇਆ ਉਹ ਕਾਰੂੰ ਨੂੰ ਮਿਲਿਆ ਸੀ, ਉਹਨੇ ਇਹ ਗੱਲ ਕਹੀ ਸੀ ਕਾਰੂੰ! ਇਹ ਧਨ ਮੁਰਦਿਆਂ ਦੇ ਮੂੰਹ ਦੇ ਵਿਚੋਂ ਕੱਢ ਕੱਢ ਕੇ ਚਾਲੀ ਗੰਜ ਜੋੜ ਲਏ ਤੂੰ, ਇਹ ਤੇਰੇ ਨਾਲ ਜਾਣਗੇ? ਉਹਨੇ ਨਿਹਾਲ ਕੀਤਾ ਸੀ ਉਸਨੂੰ, ਅਮਰ ਫਕੀਰ ਨੇ।

ਮੂੜ੍ਹਨ ਗੋਸਟ ਲਿਖ ਕਹੀ, ਕਰੀ ਸੁ ਬਾਬੇ ਨਾਲ॥ ੮॥ ਮੂੜ੍ਹ ਲੋਕਾਂ ਨੇ ਬਾਬੇ ਜੀ ਦਾ ਨਾਮ ਲਾ ਦਿੱਤਾ ਕਿ ਇਹ ਸਾਖੀ ਬਾਬਾ ਜੀ ਨਾਲ ਕਾਰੂੰ ਦੀ ਹੋਈ ਹੈ ਇਹ ਗਲਤ ਗੱਲ। ੮।

ਸਾਖੀ ਸਤਿਗੁਰ ਕੀ ਬੰਸਾਵਲੀ ਕੀ ਤੁਰੀ

ਦੂਸਰੇ ਪਾਤਸ਼ਾਹ ਤੋਂ ਦਸ਼ਮੇਸ਼ ਜੀ ਤੱਕ

ਦੋਹਰਾ॥ ਤਬ ਮਾਲੀ ਨੇ ਹਮ ਕਹਯੋ, ਯਹ ਭੀ ਭੇਤ ਸੁਨਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਕਿ ਮਾਲੀ ਕਪਤਾਨ ਨੇ ਸਾਨੂੰ ਕਿਹਾ, ਇੱਕ ਭੇਦ ਹੋਰ ਦੱਸ ਸਾਨੂੰ, ਆਹ ਵੀ ਦੱਸ ਦੇ ਗੱਲ।

ਗੁਰ ਨਾਨਕ ਪਾਛੈ ਗੁਰ ਭਏ, ਤਿਨ ਕੌ ਦੇਹੁ ਬਤਾਇ॥ ੧॥ ਗੁਰੂ ਨਾਨਕ ਸਾਹਿਬ ਜੀ ਤੋਂ ਜੋ ਪਿਛੋਂ ਜਿਹੜੇ ਗੁਰੂ ਹੋਏ ਨੇ ਉਹਨਾਂ ਦਾ ਵੀ ਦੱਸੋ? ਕਿਵੇਂ ਪ੍ਰਸੰਗ ਹੋਇਆ। ੧।

ਚੌਪਈ॥ ਤਬ ਮੈਂ ਉਸਕੋ ਬਿਉਰੋ ਦਯੋ॥ ਤਦੋਂ ਮੈਂ ਉਸਨੂੰ ਸਾਰਾ ਬਿਉਰਾ ਦਿੱਤਾ। ਹਿਸਾਬ ਲਿਖ ਕੇ ਉਸਤੋਂ ਬਾਅਦ ਕਿਹੜੇ ਗੁਰੂ ਹੋਏ?

ਗੁਰ ਨਾਨਕ ਪਾਛੈ ਅੰਗਦ ਭਯੋ॥ ਗੁਰੂ ਨਾਨਕ ਸਾਹਿਬ ਜੀ ਤੋਂ ਪਿਛੋਂ ਗੁਰੂ ਅੰਗਦ ਦੇਵ ਜੀ ਗੁਰੂ ਹੋਏ ਨੇ।

ਜੋ ਉਨਕੀ ਸਭ ਕਥਾ ਕਥੱਯੈ॥ ਜੇ ਉਨ੍ਹਾਂ ਦੀ ਕਥਾ ਕਥਨ ਲੱਗੀਏ, ਗੁਰੂ ਅੰਗਦ ਸਾਹਿਬ ਜੀ ਦਾ ਪ੍ਰਸੰਗ ਲਿਖਣ ਲੱਗੀਏ।

ਗ੍ਰੰਥ ਬਧੈ, ਨਹਿੰ ਅੰਤ ਸੁ ਪੱਯੈ॥ ੨॥ ਗ੍ਰੰਥ ਵਧ ਜਾਵੇਗਾ, ਅੰਤ ਉਹਨਾਂ ਦਾ ਫੇਰ ਵੀ ਨਹੀਂ ਪਾਇਆ ਜਾਣਾ। ੨।

ਅੰਗਦ ਤੇ ਗੁਰ ਭਯੋ ਅਮਰਦਾਸ॥ ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਮਰਦਾਸ ਜੀ ਗੁਰੂ ਹੋਏ।

ਕੀਯੋ ਪਾਤਸ਼ਾਹੀ ਦਾਵਾ ਜਾਸ॥ ਜਿਨ੍ਹਾਂ ਨੇ ਪਾਤਸ਼ਾਹੀ ਦਾਵਾ ਕੀਤਾ ਹੈ। ਗੁਰੂ ''ਨਾਨਕ ਪਾਤਸ਼ਾਹੀ ਪਾਤਸ਼ਾਹ'' ਭਾਵ ਇਹਨਾਂ ਹਜ਼ਾਰਾਂ ਫਕੀਰਾਂ ਨੂੰ ਪਾਤਸ਼ਾਹ ਕਰ ਦਿੱਤਾ, ਹਜ਼ਾਰਾਂ ਪਾਤਸ਼ਾਹਾਂ ਨੂੰ ਫਕੀਰ ਬਣਾ ਦਿੱਤਾ ਹੈ ਗੁਰੂ ਨਾਨਕ ਜੀ ਦੇ ਘਰ ਵਿਚ ਵੀ ਪਾਤਸ਼ਾਹੀ ਦਾਵਾ ਬੱਝਿਆ ਹੈ।

ਬਾਈ ਸੂਬੇ ਜਿਨ੍ਹ ਨਿਵਾਏ॥ ਜਿਨ੍ਹਾਂ ਨੇ ਬਾਈ ਸੂਬੇ ਨਿਵਾ ਦਿੱਤੇ ਹਨ ਮਹਾਰਾਜ ਸੱਚੇ ਪਾਤਸ਼ਾਹ ਜੀ ਨੇ।

ਪਾਤਿਸ਼ਾਹੀ ਦਾਵੈ ਜਿਤਨ ਜਤਾਏ॥ ੩॥ ਜਿਤ ਲੈਣਾ ਪਾਤਸ਼ਾਹ ਨੂੰ, ਹਰਾ ਦੇਣਾ ਪਾਤਸ਼ਾਹ ਨੂੰ। ਸਾਹਿਬਾਂ ਨੇ ਸਾਰਿਆਂ ਉਤੇ ਜਿੱਤ ਪਾਈ ਹੈ। ਜਿਹੜਾ ਸਤਿਗੁਰਾਂ ਦੇ ਹਜੂਰ ਗਿਆ ਹੈ ਉਹੀ ਹਾਰ ਕੇ ਗਿਆ ਹੈ। ੩।

ਪੁਨ ਰਾਮਦਾਸ ਪੂਰਣ ਮਤ ਠਈ॥ ਗੁਰੂ ਅਮਰਦਾਸ ਜੀ ਤੋਂ ਬਾਅਦ ਫਿਰ ਗੁਰੂ ਰਾਮਦਾਸ ਜੀ ਪੂਰਨ ਪੁਰਖ ਹੋਏ। ਜਦੋਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਦਰਸ਼ਨ ਕਰਨ ਜਾਈਏ, ਸਰੋਵਰ ਦੀਆਂ ਪ੍ਰਕਰਮਾ ਵਿਚ ਚਰਣ ਰੱਖਣ ਸਾਰ ਹੀ ਮੂੰਹੋਂ ਨਿਕਲਦਾ ''ਧੰਨ ਗੁਰੂ ਰਾਮ ਦਾਸ'' ਪੂਰਨ ਪੁਰਖ, ਅਚੱਲ ਪੁਰਖ, ਜੋ ਸਰੋਵਰ ਦਾ ਸਰੂਪ ਧਾਰਨ ਕਰਕੇ ਬੈਠੇ ਹਨ।

ਤਬ ਤੇ ਫਿਰ ਘਰ ਸੋਢੀਯਨ ਰਹੀ॥ ਉਹਨਾਂ ਤੋਂ ਬਾਅਦ ਫੇਰ ਸੋਢੀਆਂ ਦੇ ਘਰ ਆ ਗਈ। ਗੁਰੂ ਰਾਮਦਾਸ ਜੀ ਸੋਢੀ ਪਾਤਸ਼ਾਹ ਸਨ, ਫੇਰ ਨਹੀਂ ਅਗਾਂਹ ਬਦਲੀ ਗੱਦੀ। ਫੇਰ ਤਾਂ ਘਰ ਸੋਢੀਆਂ ਦੇ ਰਹੀ।

ਫਿਰ ਅਰਜਨ ਗੁਰ ਹਰਿਗੋਬਿੰਦ॥ ਫੇਰ ਗੁਰੂ ਅਰਜਨ ਦੇਵ ਜੀ ਹੋਏ, ਉਨ੍ਹਾਂ ਤੋਂ ਬਾਅਦ ਉਹਨਾਂ ਦੇ ਸਾਹਿਬਜ਼ਾਦੇ ਗੁਰੂ

ਹਰਿਗੋਬਿੰਦ ਪਾਤਸ਼ਾਹ ਹੋਏ।

ਖੜਗ ਚਕਿਯੋ ਜਿਨ ਮਾਰ ਪੈਇੰਦ॥ ੪॥ ਜਿਨ੍ਹਾਂ ਨੇ ਤਲਵਾਰ ਚੁੱਕੀ ਅਤੇ ਦੁਸ਼ਟਾਂ ਨੂੰ ਓਸ ਮੌਕੇ ਦਬਾਇਆ ਮਾਰ ਕੇ, ਉਹਨਾਂ ਦਾ ਸਤਿਆਨਾਸ ਕਰ ਦਿੱਤਾ। ੪।

ਮੀਰੀ ਪੀਰੀ ਦੋਊ ਦਿਖਈ॥ ਜਿਨ੍ਹਾਂ ਨੇ ਪੀਰੀ ਤੇ ਮੀਰੀ ਦੋਵੇਂ ਕਲਾਂ ਦਿਖਾਈਆਂ (ਮੀਰੀ) ਬਾਦਸ਼ਾਹੀ (ਪੀਰੀ) ਜੋ ਇਲਾਹੀ ਕਲਾ ਪ੍ਰਮੇਸ਼ਰ ਦੀ ਕਲਾ ਦੋਨੋਂ ਕਲਾਂ ਦਿਖਾਈਆਂ ਹਨ।

ਸ਼ਾਹ ਜਹਾਂ ਕੋ ਹਾਰ ਸੁ ਦਈ॥ ਦੇਖੋ ਸ਼ਾਹ ਜਹਾਂ ਪਾਤਸ਼ਾਹ ਨੇ ਚਾਰ ਜੰਗ ਲੜੇ ਬੜੇ ਬੜੇ ਭਾਰੀ ਹਾਰ ਦਿੱਤੀ ਮੈਦਾਨ ਵਿੱਚੋਂ। ਗੁਰੂ ਹਰਿਗੋਬਿੰਦ ਸਾਹਿਬ ਜੀ ਸਾਹਮਣੇ ਜਿਹੜਾ ਆਇਆ ਤਲਵਾਰ ਚੁੱਕ ਕੇ, ਉਹ ਵਾਪਸ ਨਹੀਂ ਜਾਣਾ ਪਾਇਆ। ਉਹਨੂੰ ਮੈਦਾਨ-ਏ-ਜੰਗ ਵਿੱਚ ਰੱਖਿਆ ਸਾਹਿਬਾਂ ਨੇ ਇਹ ਕਲਾ ਦਿਖਾਈ ਮੀਰੀ ਦੀ।

ਲੱਲਾ ਕੰਬਰ ਮਾਰੇ ਫੌਜਦਾਰ॥ ਦੇਖ ਲਉ ਕਾਬਲ ਦਾ ਜੋ ਸੂਬਾ ਸੀ ਲਲਾ ਬੇਗ, ਇਸਨੂੰ ਮਾਰਿਆ ਹੈ ਮਰਾਝ ਦੇ ਜੰਗ ਵਿਚ, ਜੋ ਫੂਲ ਦੇ ਕੋਲ ਮਰਾਝ ਹੈ ਇਥੇ ਗੁਰੂ ਸਰ ਦਾ ਅਸਥਾਨ ਹੈ ਬਾਹਰਲੇ ਪਾਸੇ ਜਿਥੇ ਲਲਾ ਬੇਗ ਨਾਲ ਲੜਾਈ ਹੋਈ ਹੈ। ਪੈਂਤੀ ਹਜ਼ਾਰ (੩੫੦੦੦) ਇਸ ਦੇ ਨਾਲ ਪਠਾਣ ਸੀ ਜਿਨ੍ਹਾਂ ਨੂੰ ਇੱਕੇ ਦਿਨ ਵਿਚ ਨਾਸ ਕਰ ਦਿੱਤਾ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ।

ਫਿਰ ਪਤਸ਼ਾਹਿ ਸੋਂ ਲਈ ਸਵਾਰ॥ ੫॥ ਇਉਂ ਪਾਤਸ਼ਾਹ ਨੂੰ ਹਾਰ ਦੇ ਕੇ ਨਾਂਹ ਕਰਾ ਕੇ, ਦਸਦੇ ਨੇ ਉਸ ਮੌਕੇ ਜੋ ਵੀ ਦਰਬਾਰ ਵਿੱਚ ਸੂਰਮੇਂ ਬੈਠੇ ਸਨ। ਜਦੋਂ ਤਲਵਾਰ ਰੱਖਦੇ ਸਨ ਗੁਰੂ ਹਰਿ ਗੋਬਿੰਦ ਸਾਹਿਬ ਨਾਲ ਲੜਨ ਵਾਸਤੇ, ਸਭ ਨੀਵੀਆਂ ਪਾ ਜਾਂਦੇ ਸਨ। ਕੋਈ ਤਲਵਾਰ ਨਹੀਂ ਸੀ ਚੁੱਕਦਾ। ਕਿਉਂਕਿ ਸਭ ਨੂੰ ਯਕੀਨ ਹੋ ਗਿਆ ਸੀ ਜਿਹੜਾ ਵੀ ਸਾਹਿਬਾਂ ਦੇ ਸਾਹਮਣੇ ਗਿਆ, ਉਹ ਕਦੀ ਪਰਤ ਕੇ ਨਹੀਂ ਆਇਆ ਤੇ ਨਾ ਹੀ ਆਵੇਗਾ। ਪਾਤਸ਼ਾਹ ਨੂੰ ਤਲਵਾਰ ਦੇ ਜ਼ੋਰ ਦਬਾ ਕੇ ਫਿਰ ਸਵਾਰ ਲਈ ਹੈ। ੫।

ਦੋਹਰਾ॥ ਫਿਰ ਹਰਿ ਰਾਇ ਔ ਹਰ ਕ੍ਰਿਸ਼ਨ, ਭਏ ਤਿਮੈਂ ਗੁਰਦੇਵ॥ ਫਿਰ ਗੁਰੂ ਹਰਿ ਰਾਏ ਸਾਹਿਬ ਜੀ ਪਾਤਸ਼ਾਹ ਹੋਏ ਨੇ ਫਿਰ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਪਾਤਸ਼ਾਹ ਹੋਏ ਨੇ ਗੁਰੂ ਦੇਵ ਸਾਡੇ।

ਇਛੈਂ ਪੂਰੈਂ ਸਿਖਨ ਕੀ, ਸਿਖ ਕਰੈਂ ਗੁਰ ਸੇਵ॥ ੬॥ ਜੋ ਗੁਰ ਸਿੱਖਾਂ ਦੀਆਂ ਇੱਛਾਂ ਪੂਰਨ ਕਰਦੇ ਹਨ *"ਜੋ ਮਾਂਗੇ ਠਾਕੁਰ ਅਪਨੇ ਤੇ ਸੋਈ ਸੋਈ ਦੇਵੈ"॥ ਧਨਾਸਰੀ ਮ: ੫॥* ਜਿਹੜੀ ਜਿਹੜੀ ਕਿਸੇ ਸਿੱਖ ਨੇ ਬੇਨਤੀ ਕੀਤੀ ਹੈ ਸਤਿਗੁਰਾਂ ਨੇ ਪੂਰੀ ਕੀਤੀ ਹੈ ਕਿਸੇ ਨੂੰ ਖਾਲੀ ਨਹੀਂ ਜਾਣ ਦਿੱਤਾ ਗੁਰੂ ਘਰ ਵਿਚੋਂ। ੬।

ਚੌਪਈ॥ ਤੇਗ ਬਹਾਦਰ ਫਿਰ ਗੁਰ ਭਯੋ॥ ਫੇਰ ਗੁਰੂ ਤੇਗ ਬਹਾਦਰ ਨੌਵੇਂ ਪਾਤਸ਼ਾਹ ਜੀ ਗੁਰੂ ਹੋਏ ਹਨ।

ਪਰਸ੍ਵਾਰਥ ਹਿਤ ਜਿਨ ਸਿਰ ਦਯੋ॥ (ਪਰਸ੍ਵਾਰਥ) ਦੂਸਰੇ ਕੇ ਭਲੇ ਵਾਸਤੇ, ਹਿੰਦੂਆਂ ਦੀ ਪੱਤ ਰੱਖਣ ਵਾਸਤੇ, ਹਿੰਦੂ ਧਰਮ ਨੂੰ ਰੱਖਣ ਵਾਸਤੇ, ਵੱਡਾ ਪਰਉਪਕਾਰ ਕੀਤਾ। ਆਪਣਾ ਸੀਸ ਦੇ ਦਿੱਤਾ ਹੈ ਅਤੇ ਇਹਨਾਂ ਦੇ ਧਰਮ ਨੂੰ ਬਚਾ ਲਿਆ ਹੈ।

ਕਲਜੁਗ ਮੈਂ ਬਡ ਸਾਕਾ ਕੀਯੋ॥ ਕਲਜੁਗ ਦੇ ਵਿਚ ਆਣਕੇ ਵੱਡਾ ਸਾਕਾ ਕੀਤਾ ਹੈ ਜੈਸਾ ਕੋਈ ਕਰ ਨਾ ਸਕੇ।

ਧਰਮ ਕਰਮ ਰਖ ਹਿੰਦੂਅਨ ਲੀਯੋ॥ ੭॥ ਹਿੰਦੂਆਂ ਦਾ ਜੋ ਕਰਮ ਧਰਮ ਅੱਜ ਇਹਨਾਂ ਦਾ ਜੋ ਟਿੱਕਾ ਜਨੇਊ ਪ੍ਰਗਟ ਹੈ, ਉਹ ਸਾਰਾ ਗੁਰੂ ਤੇਗ ਬਹਾਦਰ ਜੀ ਦੀ ਕਿਰਪਾ ਨਾਲ ਬਚਿਆ ਹੈ। ਨਹੀਂ ਤੇ ਨਸ਼ਟ ਕਰ ਦੇਣਾ ਸੀ। ੭।

ਪੁਨ ਗੋਬਿੰਦ ਸਿੰਘ ਭਏ ਕਲ ਧਾਰੀ॥ ਫੇਰ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਕਲਗੀਧਰ ਪਾਤਸ਼ਾਹ, ਪੰਥ ਦੇ ਸਿਰਜਣਹਾਰ (ਕਲਾਧਾਰੀ) ਸਮਰੱਥ ਗੁਰੂ ਪੈਦਾ ਹੋਏ ਹਨ।

ਦੇ ਪਤਿਸ਼ਾਹੀ ਕੀਯੋ ਪੰਥ ਭਾਰੀ॥ ਜਿਨ੍ਹਾਂ ਨੇ ਪੰਥ ਨੂੰ ਪਾਤਸ਼ਾਹੀ ਦਿੱਤੀ ਹੈ ਅਤੇ ਭਾਰੀ ਪੰਥ ਸਾਜਣਾ ਕੀਤਾ ਹੈ। ਜੋ ਸਭ

ਤੋਂ ਬਲਕਾਰ ਬਲਵਾਨ ਨਿਕਲਿਆ ਹੈ।

ਜਿਮ ਦੀਪਕ ਤੇ ਦੀਪਕ ਜਾਗੈ॥ ਕਹਿੰਦੇ ਨੇ ਜਿਵੇਂ ਦੀਵੇ ਤੋਂ ਦੀਵਾ ਜਗ ਪੈਂਦਾ ਹੈ। ਇੱਕ ਦੀਵਾ ਜਗਦਾ ਹੈ, ਇੱਕ ਦੀਵੇ ਦੀ ਬੱਤੀ ਹੋਰ ਨਾਲ ਲਾ ਦੇਈਏ ਉਹ ਵੀ ਜਗ ਪੈਂਦੀ ਹੈ।

ਤਿਉਂ ਗੁਰ ਤੇ ਗੁਰ ਹੋਤ ਭਏ ਆਗੈ॥ ੮॥ ਇਸ ਤਰ੍ਹਾਂ ਗੁਰੂ ਤੋਂ ਗੁਰੂ ਅੱਗੇ ਜੋਤਿ ਤੋਂ ਜੋਤਿ ਜਗਦੀ ਤੁਰੀ ਆਈ ਹੈ। ਇਉਂ ਦਸਵੇਂ ਪਾਤਸ਼ਾਹ ਜੀ ਦੀ ਜੋਤਿ ਜਗੀ ਹੈ। ੮।

ਦੋਹਰਾ॥ ਸ੍ਰੀ ਸਤਿਗੁਰ ਜੋ ਦਸ ਭਏ, ਦਏ ਉਨਕੇ ਨਾਮ ਸੁਨਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਹੇ ਮਰੇ ਕਪਤਾਨ! ਸਾਡੇ ਦਸ ਗੁਰੂ ਹੋਏ ਨੇ ਅਸੀਂ ਉਹਨਾਂ ਦੇ ਨਾਮ ਤੈਨੂੰ ਦੱਸਣਾ ਕੀਤੇ ਹਨ ਇਹ ਨਾਮ ਸੀ ਸਾਡੇ ਸਤਿਗੁਰਾਂ ਦੇ ਜੋ ਗੁਰੂ ਨਾਨਕ ਪਾਤਸ਼ਾਹ ਜੀ ਤੋਂ ਅੱਗੇ ਸਾਡੇ ਗੁਰੂ ਹੋਏ ਨੇ।

ਤਿਮ ਹੀ ਬੂਟੇ ਸ਼ਾਹਿ ਤੇ, ਲਈ ਅਪਨੀ ਕਿਤਾਬ ਲਿਖਵਾਇ॥ ੯॥ ਤੇ ਬੂਟੇ ਸ਼ਾਹ ਜਿਹੜਾ ਹੈ ਲਿਖਾਰੀ ਮੁਸਲਮਾਨ, ਜਿਸਤੋਂ ਮਰੇ ਕਪਤਾਨ ਪਹਿਲਾਂ ਇਤਿਹਾਸ ਲਿਖਵਾਉਣ ਲੱਗਿਆ ਸੀ ਉਸ ਨੂੰ ਇਹ ਕਹਿ ਦਿੱਤਾ ਸੀ, ਕਿ ਸਾਡੇ ਬਾਦਸ਼ਾਹ ਨੇ ਹੁਕਮ ਕੀਤਾ ਹੈ ਕਿ ਸਿਖਾਂ ਦੀ ਤਾਰੀਖ ਹਿਸਟਰੀ ਲਿਖ ਕੇ ਲਿਆਉ ਤੋ ਮੈਂ ਬੂਟੇ ਸ਼ਾਹ ਨੂੰ ਲਾਇਆ ਹੈ। ਭਾਈ ਸਾਹਿਬ ਜੀ ਨੇ ਕਿਹਾ ਬੂਟੇ ਸ਼ਾਹ ਦੀ ਲਿਖਤ ਮੈਨੂੰ ਵਿਖਾਇਓ। ਜਦ ਉਹਦੀ ਲਿਖਤ ਵਿਖਾਈ ਤਾਂ ਉਹ ਕਹਿਣ ਲੱਗੇ ਇਹ ਲਿਖਤ ਤਾਂ ਝੂਠੀ ਹੈ। ਇਹ ਤਾਂ ਸੱਚੀ ਗੱਲ ਕੋਈ ਨਹੀਂ ਕਹੀ। ਤਾਂ ਮਰੀ ਨੇ ਰਤਨ ਸਿੰਘ ਜੀ ਨੂੰ ਕਿਹਾ ਤੁਸੀਂ ਸੱਚੀ ਕਹਾਣੀ ਲਿਖਾਓ। ਅਸੀਂ ਤਾਂ ਝੂਠ ਸੱਚ ਪਰਖ ਕੇ ਫੇਰ ਸਾਖੀ ਭੇਜਣੀ ਹੈ ਤਾਂ ਭਾਈ ਸਾਹਿਬ ਜੀ ਲਿਖਾ ਰਹੇ ਨੇ, ਉਹਨੇ ਬੂਟੇ ਸ਼ਾਹ ਨੂੰ ਲਿਖਾਰੀ ਲਾਇਆ ਹੋਇਆ ਹੈ ਕਿ ਤੂੰ ਲਿਖੀ ਜਾ, ਉਹ ਆਪਣੀ ਭਾਸ਼ਾ ਅਰਬੀ ਜਾਂ ਫਾਰਸੀ ਜਿਹੜੀ ਵੀ ਉਰਦੂ ਜਾਣਦਾ ਸੀ। ਉਸ ਭਾਸ਼ਾ ਵਿੱਚ ਹੀ ਇਤਿਹਾਸ ਲਿਖਾਉਂਦਾ ਰਿਹਾ ਹੈ। ਭਾਈ ਸਾਹਿਬ ਜੀ ਨੇ ਜਿਤਨਾ ਇਤਿਹਾਸ ਸੁਣਾਇਆ ਹੈ ਉਹ ਸਾਰਾ ਹੀ ਬੂਟੇ ਸ਼ਾਹ ਤੋਂ ਆਪਣੀ ਕਿਤਾਬ ਵਿੱਚ ਲਿਖਵਾ ਲਿਆ। ਇਤੀ ਸ੍ਰੀ ੬ਮ ਪਾਤਿਸ਼ਾਹੀ ਸੰਪੂਰਣੰ।

ਸਾਖੀ ਨੌਰੰਗੇ ਪਾਤਿਸ਼ਾਹ ਕੀ ਜੁਲਮੀ ਕੀ ਲਿਖਯਤੇ।

(ਨੌਵੇਂ ਪਾਤਸ਼ਾਹ ਦਾ ਸਾਕਾ)

ਦੋਹਰਾ॥ ਤਬ ਮਾਲੀ ਨੇ ਫਿਰ ਕਹਯੋ, ਯਹ ਭੀ ਭੇਤ ਬਤਾਇ॥ ਕਪਤਾਨ ਮਰੇ ਸਾਹਿਬ ਫੇਰ ਕਿਹਾ ਇਹ ਵੀ ਭੇਤ ਦੱਸੋ।

ਪਾਤਸ਼ਾਹਨ ਔ ਗੁਰਨ ਕੋ, ਪਰਯੋ ਬੈਰ ਜਿਤ ਭਾਇ? ॥ ੧॥ ਜੋ ਸੰਸਾਰੀ ਬਾਦਸ਼ਾਹ ਹਨ ਅਤੇ ਜੋ ਜਗਤ ਗੁਰੂ ਹਨ ਇਹਨਾਂ ਦਾ ਆਪਸ ਵਿੱਚ ਜਿਸ ਤਰ੍ਹਾਂ ਵੈਰ ਹੋਇਆ, ਵੈਰ ਪਿਆ। ਕੀ ਝਗੜਾ ਹੋ ਗਿਆ ਸੀ? ਕਿਉਂ ਇਹਨਾਂ ਵਿੱਚ ਅਣਬਣ ਹੋਈ ਸਾਰਾ ਭੇਤ ਦੱਸੋ। ੧।

ਚੌਪਈ॥ ਤਬ ਮੈਂ ਉਸਕੋ ਭੇਤ ਬਤਾਯੋ॥ ਭਾਈ ਰਤਨ ਸਿੰਘ ਕਹਿੰਦੇ ਹਨ ਫੇਰ ਮੈਂ ਉਸ ਨੂੰ ਭੇਦ ਦੱਸਣਾ ਕੀਤਾ।

ਗੁਰੂਅਨ ਸੋਂ ਜਿਮ ਉਨੈ ਕਮਾਯੋ॥ ਗੁਰੂਆਂ ਦੇ ਨਾਲ ਜਿਵੇਂ ਉਹਨਾਂ ਨੇ ਜ਼ੁਲਮ ਕਮਾਇਆ। ਜੋ ਤਸ਼ੱਦਦ ਕੀਤੇ, ਅਣਹੋਣੀਆਂ ਗੱਲਾਂ ਕੀਤੀਆਂ ਉਹਨਾਂ ਨੇ ਗੁਰੂਆਂ ਦੇ ਨਾਲ। ਇਥੋਂ ਬਖਸ਼ਸ਼ਾਂ ਲੈ ਕੇ ਏਥੇ ਗੁਰੂ ਘਰ ਨਾਲ ਅੜ ਬੈਠੇ ਜਿਸ ਕਰਕੇ ਇਹ ਵੈਰ ਵਧਿਆ ਹੈ ਅੱਗੇ।

ਕਦੇ ਰਾਜੀ ਕਦੇ ਗੁਸੇ ਰਹਾਵੈਂ॥ ਉਹਨਾਂ ਦਾ ਸੁਭਾਅ ਬਣ ਗਿਆ ਸੀ ਕਦੇ ਤਾਂ ਗੁਰੂ ਸਾਹਿਬ ਨਾਲ ਰਾਜੀ ਹੋ ਜਾਂਦੇ ਸਨ ਸਿਦਕ ਭਰੋਸੇ ਵਿਚ ਆ ਜਾਂਦੇ ਸਨ ਕਦੇ ਗੁੱਸੇ ਹੋ ਜਾਂਦੇ ਸਨ।

ਸੋ ਟਲ ਜਾਤ ਨਹੀਂ ਸਿਰ ਆਵੈਂ॥ ੨॥ ਉਹ ਇਸ ਤਰ੍ਹਾਂ ਕਰਕੇ ਟਲ ਜਾਂਦੇ ਸਨ ਸਿਰ ਨਹੀਂ ਸੀ ਆਉਂਦੇ। ੨।

ਰਾਜ ਨੌਰੰਗੇ ਸਿਰ ਜਬ ਆਯੋ॥ ਇਸ ਤਰ੍ਹਾਂ ਬਾਦਸ਼ਾਹ ਅੱਗਾ ਪਿੱਛਾ ਕਰਦੇ ਰਹੇ, ਆਪਣਾ ਸਮਾਂ ਬਤਾਉਂਦੇ ਰਹੇ। ਜਦੋਂ ਇਹ ਸ਼ਾਹੀ ਰਾਜਾ ਔਰੰਗਜ਼ੇਬ ਬਣਿਆ ਹੈ ਜਿਸ ਨੇ ਆਪਣੇ ਬਾਪ ਨੂੰ ਕੈਦ ਕਰ ਦਿੱਤਾ। ਆਪਦੇ ਭਰਾਵਾਂ ਨੂੰ ਕਤਲ ਕਰਕੇ, ਜੋ ਤਖਤ ਦੇ ਉੱਤੇ ਬੈਠ ਗਿਆ। ਉਨ੍ਹਾਂ ਦੀ ਇਹ ਰਹੁ ਰੀਤ ਹੀ ਚਲ ਪਈ ਸੀ। ਕਿ ਆਪਣੇ ਖਾਨਦਾਨ ਨੂੰ ਕਤਲ ਕਰਕੇ ਫੇਰ ਰਾਜ ਗੱਦੀ 'ਤੇ ਬੈਠਦੇ ਸਨ ਔਰੰਗਾ ਜਿਹੜਾ ਸੀ ਬੜਾ ਸ਼ਰੱਈ ਸੀ, ਬੜਾ ਕਰੋਧੀ ਸੀ। ਇਸ ਨੇ ਵੀ ਇਸ ਤਰ੍ਹਾਂ ਕੀਤਾ। ਸ਼ਾਹ ਜਹਾਂ ਨੂੰ ਕੈਦ ਕਰ ਦਾਰਾ ਮਰਵਾਯਾ। ਦਾਰਾ ਇਹਦਾ ਵੱਡਾ ਭਰਾ ਸੀ, ਜਿਵੇਂ ਉਹਨੂੰ ਮਾਰਿਆ ਤੇ ਬਾਪ ਨੂੰ ਕੈਦ ਕੀਤਾ।

ਇਹ ਸਾਰੀ ਕਥਾ ਭਾਵ ਇਹ ਔਰੰਗੇ ਦੇ ਸਿਰ ਆਈ ਹੈ ਇਸ ਨੇ ਕਰਣੀ ਕੀਤੀ ਹੈ। ਇਹ ਹਿੰਦੋਸਤਾਨ ਦਾ ਬਾਦਸ਼ਾਹ ਬਣ ਗਿਆ ਧੱਕੇ ਨਾਲ।

ਬਡੋ ਪਾਪ ਉਸ ਕੈ ਦਿਲ ਭਾਯੋ॥ ਏਸ ਦੇ ਦਿਲ ਵਿੱਚ ਵੱਡਾ ਪਾਪ ਭਾਇਆ ਹੈ ਭਾਵ ਕਿਸੇ ਧਰਮ ਨੂੰ ਨਸ਼ਟ ਕਰਨਾ ਕਿਸੇ ਕੌਮ ਨੂੰ ਬਰਬਾਦ ਕਰਨ ਦਾ ਖਿਆਲ ਆਇਆ, ਇਹਦੇ ਮਨ ਵਿਚ ਕਿ ਹਿੰਦੂਆਂ ਦਾ ਨਾਸ਼ ਕਰ ਦੇਈਏ। ਇੱਕ ਮੁਸਲਮਾਨ ਕੌਮ ਰਹਿਣ ਦੇਈਏ ਸੰਸਾਰ 'ਤੇ ਹੋਰ ਮੁਸਲਮਾਨ ਕੌਮ ਤੋਂ ਬਿਨਾਂ ਕੋਈ ਨਾ ਰਹੇ। ਇਸੇ ਕਰਕੇ ਮੁਸਲਮਾਨ ਕੌਮ ਵਾਲੇ ਹੋਰ ਜੋ ਦੂਸਰੇ ਲੋਕ ਨੇ, ਦੂਸਰੀਆਂ ਕੌਮਾਂ ਵਾਲਿਆਂ ਨੂੰ ਕਾਫਰ ਦੱਸਦੇ ਹਨ। ਕਿ ਇਹ ਕਾਫਰ ਹਨ, ਇਹ ਖੁਦਾ ਦੇ ਬੰਦੇ ਹੀ ਨਹੀਂ। ਇਸ ਤਰ੍ਹਾਂ ਔਰੰਗਜ਼ੇਬ ਦੇ ਮਨ ਵਿਚ ਪਾਪ ਆਇਆ ਹੈ।

ਇਤ ਨੌਰੰਗ ਉਤ ਤੇਗ ਬਹਾਦੁਰ॥ ਦੇਖੋ ਇਧਰ ਤਾਂ ਪਾਪੀ ਔਰੰਗਜ਼ੇਬ ਹੈ, ਉਧਰ ਗੁਰੂ ਤੇਗ ਬਹਾਦਰ ਹਨ ਸਾਹਿਬ ਸੱਚੇ ਪਾਤਸ਼ਾਹ ਜਿਨ੍ਹਾਂ ਵਿੱਚ ਨਿਰੰਕਾਰ ਦੀ ਜੋਤਿ ਬਰਾਜਮਾਨ ਹੈ।

ਭਏ ਜਗਤ ਮੈਂ ਦੁਊ ਉਜਾਗਰ॥ ੩॥ ਜਗਤ ਵਿਚ ਆਮ ਮਸ਼ਹੂਰੀ ਹੋ ਗਈ ਉਜਾਗਰ ਹੋ ਗਏ ਹਨ। ਗੁਰੂ ਤੇਗ ਬਹਾਦਰ ਜੀ ਬਖਸ਼ਿੰਦ ਹਨ, ਦਿਆਲੂ ਹਨ ਅਤੇ ਇਹ ਅਪਰਾਧੀ ਹੈ ਇਹ ਪਾਪੀ ਹੈ ਔਰੰਗਜੇਬ। ੩।

ਦੋਹਰਾ॥ ਹੁਤੋ ਨੌਰੰਗੇ ਪ੍ਰਣ ਕੀਯੋ ਤਖਤ ਬਹਨ ਸੌ ਕਾਲ॥ ਔਰੰਗਜੇਬ ਜਦੋਂ ਤਖਤ 'ਤੇ ਬੈਠਾ ਉਸਨੇ ਇਹ ਪ੍ਰਣ ਕੀਤਾ, ਇਕ ਸੌਂਹ ਖਾਧੀ ਸੀ।

'ਤੁਰਕ ਕਰੌਂ ਸਭ ਹਿੰਦੂਅਨ ਸੂਬੈ ਬਾਈਅਨ ਭਾਲਾ ॥੪॥ ਇਹ ਬਾਈ ਸੂਬਿਆਂ ਦਾ ਰਾਜ ਸੀ। ਬਾਈ ਦੇ ਬਾਈ ਸੂਬਿਆਂ ਵਿਚ ਜਿਤਨੇ ਵੀ ਹਿੰਦੂ ਵਸਦੇ ਹਨ ਇਹਨਾਂ ਸਭ ਹਿੰਦੂਆਂ ਨੂੰ ਲੱਭ ਲੱਭ ਕੇ ਸਭ ਨੂੰ ਤੁਰਕ ਕਰ ਦੇਣਾ ਹੈ। ਇਹ ਸੌਂਹ ਖਾਧੀ ਉਸ ਦਿਨ। ੪।

ਚੌਪਈ॥ ਤੇਗ ਬਹਾਦਰ ਬਡ ਬਲ ਧਾਰੀ॥ ਏਧਰ ਗੁਰੂ ਤੇਗ ਬਹਾਦਰ ਸਾਹਿਬ ਸੱਚੇ ਪਾਤਸ਼ਾਹ ਵੱਡੇ ਮਹਾਬਲੀ ਗੁਰੂ ਸਨ।

ਪ੍ਰਗਟ ਭਈ ਗਲ ਦੁਨੀਆਂ ਸਾਰੀ॥ ਸਾਰੀ ਦੁਨੀਆਂ ਵਿਚ ਇਹ ਗੱਲ ਪ੍ਰਗਟ ਹੋ ਗਈ ਸੀ। ਗੁਰੂ ਜੀ ਦਾ ਪਹਿਲਾ ਨਾਮ ''ਤਿਆਗ ਮੱਲ'' ਸੀ। ਕਰਤਾਰਪੁਰ ਦੇ ਜੰਗ ਵਿਚ ਗੁਰੂ ਜੀ ਨੇ ਤੇਗ ਦੇ ਐਸੇ ਜੌਹਰ ਦਿਖਾਏ ਕਿ ਦੁਸ਼ਮਣ ਵੀ ਆਪਦੀ ਬਹਾਦਰੀ ਵੇਖ ਕੇ ਅਸ਼ ਅਸ਼ ਕਰ ਉਠਿਆ। ਘੋੜੇ 'ਤੇ ਚੜ੍ਹਕੇ ਹੱਥ ਤਲਵਾਰ ਲੈ ਕੇ ਵੱਡੇ ਵੱਡੇ ਖਾਨਾਂ ਨੂੰ ਇਉਂ ਪਾੜ ਸੁਟਿਆ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇਹਨਾਂ ਦੀ ਬਹਾਦਰੀ ਤੋਂ ਪ੍ਰਸੰਨ ਹੋ ਕੇ ਇਨ੍ਹਾਂ ਦਾ ਨਾਮ ਤੇਗ ਬਹਾਦਰ ਰੱਖਿਆ ਸੀ।

ਜਾਂ ਪੈ ਆਇ ਪਰੈ ਕੋ ਦੁਖ॥ ਤਾਂ ਹੁਣ ਮਸ਼ਹੂਰੀ ਹੋ ਗਈ ਸੀ ਸਤਿਗੁਰਾਂ ਦੀ, ਜਿਸ ਦੇ ਉਤੇ ਵੀ ਕੋਈ ਦੁੱਖ ਆਵੇ, ਜੇ ਕਿਸੇ ਨੂੰ ਕੋਈ ਜ਼ਾਲਮ ਤੰਗ ਕਰੇ।

ਪਰੈ ਚਰਨ ਮੈਂ ਹੋਵੈ ਸੁਖ॥੫॥ ਗੁਰੂ ਸਾਹਿਬ ਜੀ ਦਾ ਨਾਮ ਲੈਂਦਿਆਂ ਹੀ ''ਤੇਗ ਬਹਾਦਰ ਸਿਮਰਿਐ ਘਰਿ ਨਉ ਨਿਧਿ ਆਵੈ ਧਾਇ॥ ਸਭ ਥਾਈਂ ਹੋਇ ਸਹਾਇ''। ਤੁਰਤ ਸਹਾਇਤਾ ਕਰਦੇ ਸੀ ਗਰੀਬ ਗਊ ਦੀ, ਸਭ ਦੀ ਰਖਸ਼ਾ ਕਰਦੇ ਸਨ। ਜਿਹਨੂੰ ਕੋਈ ਤਕਲੀਫ਼ ਹੋਵੇ ਕਿਸੇ ਨੂੰ ਕੋਈ ਜ਼ਾਲਮ ਤੰਗ ਕਰੇ ਕਿਸੇ ਨਾਲ ਜ਼ੁਲਮ ਕਰੇ, ਗੁਰੂ ਸਾਹਿਬ ਜੀ

ਦੇ, ਚਰਨਾਂ ਵਿਚ ਆਉਣ ਦੀ ਦੇਰ ਸੀ ਉਹਨੂੰ ਸੁਖ ਹੋ ਜਾਂਦਾ ਸੀ, ਸਾਹਿਬ ਉਹਨੂੰ ਬੇ-ਫ਼ਿਕਰ ਕਰ ਦਿੰਦੇ ਸਨ। ੫।

ਦੁਨੀਆਂ ਮਤਲਬ ਸੁਖ ਕੀ ਸਾਰੀ॥ ਦੁਨੀਆਂ ਤਾਂ ਸੁਖ ਦੀ ਯਾਰ ਹੈ, ਇਥੇ ਤਾਂ ਦੁੱਖ ਕੋਈ ਚਾਹੁੰਦਾ ਨਹੀਂ ਸਾਰੇ ਸੁੱਖ ਹੀ ਸੁੱਖ ਮੰਗਦੇ ਹਨ। ਕੋਈ ਨਹੀਂ ਕਹਿੰਦਾ ਮਹਾਰਾਜ ''ਤੇਰਾ ਭਾਣਾ ਮੀਠਾ ਲਾਗੈ॥ ਹਰਿ ਨਾਮ ਪਦਾਰਥ ਨਾਨਕ ਮਾਗੈ''। ਕੋਈ ਨਹੀਂ ਇਹ ਮੰਗ ਮੰਗਦਾ ਸਭ ਕਹਿੰਦੇ ਨੇ ਸੁਖ ਰੱਖੀਂ ਸੁੱਖ ਰੱਖੀਂ, ਦੁਖ ਕੌਣ ਲਵੇ? ਇਹ ਤਾਂ ਕੀਤੇ ਕਰਮਾਂ ਦਾ ਫਲ ਹੈ।

ਆਵੈ ਸ਼ਰਨੀ ਜਿਹ ਭੈ ਭਾਰੀ॥ ਜਿਹਨੂੰ ਬਹੁਤ ਭਾਰੀ ਡਰ ਹੋਵੇ ਜਿਹਦਾ ਕੋਈ ਇਲਾਜ ਨਾ ਹੋ ਸਕੇ। ਜਿਹਦੇ ਉਤੇ ਐਸੀ ਮੁਸੀਬਤ ਆਉਂਦੀ ਹੈ ਜਦੋਂ ਮੱਖਣ ਸ਼ਾਹ ਦਾ ਜਹਾਜ਼ ਡੁੱਬਣ ਲੱਗਿਆ ਤੇ ਗੁਰੂ ਸਾਹਿਬ ਦੀ ਸ਼ਰਨ ਲਈ। ਬਖਸ਼ੋ ਮਹਾਰਾਜ! ਸਮੁੰਦਰਾਂ ਵਿਚ ਸਤਿਗੁਰੂ ਜਾ ਹਾਜ਼ਰ ਹੋਏ। ਆਪ ਮੋਢਾ ਲਾ ਕੇ ਧੱਕ ਕੇ ਉਹਦਾ ਜਹਾਜ਼ ਤਾਰ ਦਿੱਤਾ ਐਸੇ ਬਖਸ਼ਿੰਦ ਗੁਰੂ ਸਨ।

ਲਗਤ ਚਰਨ ਹੁਇ ਤੁਰਤ ਸੁਖਾਰੈ॥ ਤੁਰੰਤ ਹੀ ਸੁਖਾਲਾ ਹੋ ਜਾਂਦਾ ਹੈ ਤੁਰੰਤ ਹੀ ਸੁਖ ਹੋ ਜਾਂਦਾ ਹੈ ਜਿਹੜਾ ਗੁਰੂ ਸਾਹਿਬ ਦੇ ਚੁਰਨੀਂ ਲੱਗ ਜਾਂਦਾ ਹੈ।

ਪ੍ਰਗਟ ਭਈ ਯਹ ਗਲ ਜਗ ਸਾਰੈ॥੬॥ ਸਾਰੇ ਜਗਤ ਵਿਚ ਇਹ ਗੱਲ ਪ੍ਰਗਟ ਹੋ ਗਈ ਸੀ। ਜ਼ਾਹਰ ਹੋ ਗਈ ਸੀ ਕਿ ਜਿਹਨੂੰ ਭਾਈ ਦੁੱਖ ਹੈ ਗੁਰੂ ਸਾਹਿਬ ਜੀ ਦੀ ਸ਼ਰਨ ਲਉ। ੬।

ਦੋਹਰਾ॥ ਚਲੀ ਕਹਾਵਤ ਸਭ ਜਗੈ, 'ਯਹ ਸਾਚੋ ਅਵਤਾਰ॥ ਸਾਰੀ ਦੁਨੀਆਂ ਉਤੇ ਇਹ ਕਹਾਣੀ ਚਲ ਪਈ ਇਹ ਤਾਂ ਸੱਚੇ ਅਵਤਾਰ ਹਨ ਉਹ ਕਰਤੇ ਪੁਰਖ ਦੇ ਸਰੂਪ ਹਨ।

ਸ਼ਰਨੀ ਆਵੈ ਜੋ ਉਸੈ, ਸੋਊ ਉਤਰੈ ਪਾਰ' ॥੭॥ ਏਸ ਸੱਚੇ ਅਵਤਾਰ ਦੀ ਜਿਹੜਾ ਵੀ ਸ਼ਰਨ ਵਿਚ ਆ ਜਾਵੇ, ਜਿਹੜਾ ਚਰਨਾਂ ਵਿਚ ਹਾਜ਼ਰ ਹੋ ਜਾਵੇ, ਉਸੇ ਦਾ ਪਾਰ ਉਤਾਰਾ ਹੋ ਜਾਂਦਾ ਹੈ। ੭।

ਚੌਪਈ॥ ਤੌ ਲੌ ਤੁਰਕਨ ਪਾਯੋ ਜ਼ੋਰ॥ ਉਸ ਸਮੇਂ ਤੁਰਕਾਂ ਨੇ ਵੀ ਜ਼ੋਰ ਪਾਇਆ ਉਹ ਆਪਣਾ ਪ੍ਰਣ ਪੂਰਾ ਕਰਨ 'ਤੇ ਤੁਲ ਪਿਆ।

ਮੁਸਲਮਾਨ ਕਰੈ ਹਿੰਦੂਨ ਟੋਰ॥ ਟੋਲ ਟੋਲ ਕੇ ਭਾਲ ਭਾਲ ਕੇ ਪਕੜ ਪਕੜ ਕੇ ਚੰਗੇ ਚੰਗੇ ਹਿੰਦੂਆਂ ਨੂੰ ਮੁਸਲਮਾਨ ਕਰਵਾ ਗਿਆ।

ਤੌ ਹਿੰਦੂਅਨ ਕੋ ਚਿੰਤਾ ਪਰੀ॥ ਤਾਂ ਹਿੰਦੂਆਂ ਨੂੰ ਚਿੰਤਾ ਹੋ ਗਈ, ਫ਼ਿਕਰ ਹੋ ਗਿਆ ਇਹਨਾਂ ਨੂੰ ਸਾਨੂੰ ਨਹੀਂ ਛੱਡਣਾ ਏਸ ਨੇ।

ਮਸਲਤ ਇਉਂ ਤਬ ਹਿੰਦੂਅਨ ਕਰੀ॥੮॥ ਸਾਰੇ ਹਿੰਦੂਆਂ ਨੇ ਰਲ ਕੇ (ਮਸਲਤ) ਸਲਾਹ ਕੀਤੀ ਕਿ ਹੁਣ ਕੀ ਇਲਾਜ ਕਰੀਏ, ਉਹਨਾਂ ਵਿਚੋਂ ਚਤੁਰ ਸਨ ਸਿਆਣੇ ਸਨ, ਉਹਨਾਂ ਸਾਰਿਆਂ ਨੇ ਵੀ ਘਾਤ ਵਿਚਾਰਿਆ। ੮।

'ਗੱਲ ਲਗਾਈਏ ਬ੍ਰਹਮਨ ਸੀਸ॥ ਅਸੀਂ ਕੀ ਲੈਣਾ ਏਸ ਗੱਲ ਤੋਂ ਆਪਾਂ ਬ੍ਰਹਮਣਾਂ ਨੂੰ ਪੂਜਦੇ ਹਾਂ ਬ੍ਰਹਮਣਾਂ ਦੇ ਸਿਰ ਗੱਲ ਤੋੜ ਦਿਉ, ਤੋੜਾ ਝਾੜ ਦਿਉ। ਬ੍ਰਹਮਣ ਸਾਡੇ ਗੁਰੂ ਹਨ ਅਸੀਂ ਇਹਨਾਂ ਨੂੰ ਪੂਜਦੇ ਹਾਂ ਤੇ ਇਹਨਾਂ ਨੂੰ ਮੁਸਲਮਾਨ ਕਰੋ। ਇਉਂ ਉਹਨਾਂ ਨੇ ਜਦੋਂ ਸੋਚ ਵਿਚਾਰ ਲਿਆ।

ਜੌ ਉਨ ਕੀ ਕਛੁ ਮੰਨੈ ਜਗਦੀਸ'॥ ਸ਼ਾਇਦ ਉਹਨਾਂ ਦੀ ਕਰਤਾ ਪੁਰਖ ਮੰਨ ਲਵੇ। ਇਹ ਬ੍ਰਹਮਣ ਨੇ ਕਹਿੰਦੇ ਅਸੀਂ ਵੱਡੇ ਹਾਂ ਸਾਰਿਆਂ ਤੋਂ ਅਸੀਂ ਕਹਿੰਦੇ ਹਾਂ ਬ੍ਰਹਮਾਂ ਦੇ ਮੁਖ ਤੋਂ ਨਿਕਲੇ ਹਾਂ। ਸੋ ਇਸ ਕਰਕੇ ਸ਼ਾਇਦ ਕਰਤਾ ਪੁਰਖ ਇਨ੍ਹਾਂ ਦੀ ਮੰਨ ਲਵੇ।

ਹਿੰਦੂ ਗਰੀਬਨ ਨੈ ਹਥ ਜੋੜੈ॥ ਤੇ ਹਿੰਦੂ ਗਰੀਬਾਂ ਨੇ ਔਰੰਗਜ਼ੇਬ ਦੇ ਅੱਗੇ ਹੱਥ ਜੋੜੇ ਤੇ ਖੜੇ ਹੋਏ।

ਨੌਰੰਗੈ ਅਗੈ ਖੜੈ ਭਏ ਸੌੜੈ॥੯॥ ਬੜੇ ਸੌੜੇ ਹੋ ਕੇ ਗਰੀਬੜੇ ਜਿਹੇ ਹੋ ਕੇ, ਜਾ ਕੇ ਔਰੰਗਜ਼ੇਬ ਦੀ ਕਚਹਿਰੀ ਵਿਚ ਜਾ ਖੜੇ। ੯।

'ਹਮ ਹੈਂ ਬ੍ਰਾਹਮਨੋਂ ਕੇ ਅਧੀਨ॥ ਕਹਿੰਦੇ ਪਾਤਸ਼ਾਹ ਸਾਡੇ ਕੀ ਵਸ ਹੈ? ਸਾਨੂੰ ਜਬਰੀ ਮੁਸਲਮਾਨ ਕੀਤਾ ਜਾਂਦਾ, ਅਸੀਂ ਤਾਂ ਬ੍ਰਹਮਣਾਂ ਦੇ ਅਧੀਨ ਹਾਂ। ਜੋ ਸਾਨੂੰ ਬ੍ਰਹਮਣ ਹੁਕਮ ਕਰਦੇ ਨੇ ਅਸੀਂ ਉਹੀ ਕਰਦੇ ਹਾਂ।

ਉਨ ਕੋ ਲਯਾਵੋ ਪਹਿਲੇ ਦੀਨ॥ ਸਾਨੂੰ ਮੁਸਲਮਾਨ ਕਰਨ ਦੀ ਤਾਂ ਕੋਈ ਜ਼ਰੂਰਤ ਹੀ ਨਹੀਂ। ਸਾਡੇ 'ਤੇ ਜ਼ੋਰ ਲਾਉਣ ਦੀ ਨਹੀਂ ਲੋੜ, ਤੁਸੀਂ ਪਹਿਲਾਂ ਬ੍ਰਹਮਣਾਂ ਨੂੰ ਲਿਆਉ ਦੀਨ ਵਿਚ। ਇਹਨਾਂ ਨੂੰ ਮੁਸਲਮਾਨ ਕਰ ਲਵੋ।

ਹਮ ਭੀ ਹੋਵਹਿ ਤਿਸਹੀ ਦੀਨ॥ ਬਸ ਅਸੀਂ ਜਿਹੜਾ ਦੀਨ ਉਹ ਮੰਨ ਲੈਣਗੇ, ਉਸੇ ਦੀਨ ਵਿਚ ਅਸੀਂ ਰਲ ਜਾਂਗੇ। ਇਹ ਹਿੰਦੂਆਂ ਨੇ ਆਪਣੇ ਗਲੋਂ ਬਲਾ ਲਾਹ ਕੇ ਬ੍ਰਹਮਣਾਂ ਦੇ ਸਿਰ ਸੁੱਟ ਦਿੱਤੀ ਪੰਡ।

ਗ੍ਰਿਹ ਹਿੰਦੂਅਨ ਯੌਂ ਛਲ ਕੀਨ॥੧੦॥ ਛਲ ਕਰ ਗਏ ਬ੍ਰਹਮਣਾਂ ਦੇ ਨਾਲ। ਔਰੰਗਜ਼ੇਬ ਤਾਂ ਅੱਗੇ ਹੀ ਚਾਹੁੰਦਾ ਸੀ ਕਿ ਕਿਸੇ ਟਿਕਾਣੇ ਗੱਲ ਲਾਉਣ। ਜਿਹਦਾ ਇਹ ਨਾਂ ਲੈਣਗੇ ਮੈਂ ਉਸ ਨੂੰ ਫੜ ਲੂੰਗਾ। ਤਾਂ ਉਹਨਾਂ ਨੇ ਜਦੋਂ ਇਹ ਕੀਤੀ ਸਲਾਹ। ਹਿੰਦੂ ਤਾਂ ਬਹੁਤ ਸਾਰੇ ਨੇ ਤੇ ਬ੍ਰਹਮਣ ਜਿਹੜੇ ਨੇ ਥੋੜੇ ਨੇ। ਥੋੜਿਆਂ ਨੂੰ ਸ਼ੁਧ ਕਰ ਲਈਏ ਪਹਿਲਾਂ ਇਹਨਾਂ ਨੂੰ ਮੁਸਲਮਾਨ ਬਣਾਇਆਂ ਜੇ ਦੂਸਰੇ ਹਿੰਦੂ ਆਪੇ ਹੀ ਬਣ ਜਾਣ ਤਾਂ ਬੜੀ ਚੰਗੀ ਗੱਲ ਹੈ। ਇਹ ਗੱਲ ਉਹਨਾਂ ਦੇ ਪਸੰਦ ਆ ਗਈ ਮੁਗਲਾਂ ਦੇ। ੧੦।

ਆਪਨ ਲੀਨੀ ਗੈਲ ਛੁਡਾਇ॥ ਗੱਲ ਕਾਹਦੀ ਆਪਣਾ (ਗੈਲ) ਖਹਿੜਾ ਛੁਡਾ ਲਿਆ ਇਹਨਾਂ ਹਿੰਦੂਆਂ ਨੇ ਜੋ ਰੋਜ਼ ਇਹਨਾਂ ਦੇ ਦੁਆਲੇ ਜ਼ੁਲਮ ਹੁੰਦਾ ਸੀ।

ਬ੍ਰਹਮਨ ਗਲ ਪਾਇ ਦਈ ਬਲਾਇ॥ ਇਹ ਜੋ ਬਲਾ ਸੀ ਮੁਸਲਮਾਨ ਕਰਨ ਦੀ ਗੱਲ ਇਹ ਬ੍ਰਹਮਣਾਂ ਦੇ ਗਲ ਪਾ ਦਿੱਤੀ ਹਿੰਦੂਆਂ ਨੇ।

ਤਬ ਉਨ ਲੀਨੋ ਬ੍ਰਹਮਣ ਬੁਲਾਇ॥ ਔਰੰਗਜ਼ੇਬ ਨੇ ਉਸੇ ਵੇਲੇ ਹੁਕਮ ਦੇ ਦਿੱਤਾ ਕਿ ਬ੍ਰਹਮਣਾਂ ਨੂੰ ਲਿਆਉ ਬੁਲਾ ਕੇ ਮੇਰੇ ਦਰਬਾਰ ਵਿਚ।

'ਮੁਸਲਮਾਨ ਹੋਹੁ' ਕਹਯੋ ਸੁਣਾਇ॥ ੧੧॥ ਜਦੋਂ ਬ੍ਰਹਮਣਾਂ ਨੂੰ ਬੁਲਾ ਕੇ ਲਿਆਂਦਾ ਤਾਂ ਉਹਨਾਂ ਨੂੰ ਹੁਕਮ ਕੀਤਾ ਇਸਨੇ ਕਿਉਂ ਬ੍ਰਹਮਣੋ? ਹੁਣ ਤੁਸੀਂ ਮੁਸਲਮਾਨ ਹੋ ਜਾਓ ਸਾਰੇ, ਮੇਰਾ ਰਾਜ ਹੈ ਮੈਂ ਤੁਹਾਨੂੰ ਮੁਸਲਮਾਨ ਬਨਾਉਣਾ ਹੈ। ੧੧।

'ਜੋ ਚਹੋ ਲਹੋ ਮੋਹਿ ਤੇ ਆਇ॥ ਜੇ ਕਿਸੇ ਗੱਲ ਦੀ ਲੋੜ ਹੈ ਤੁਹਾਡੀ ਕੋਈ ਮੰਗ ਹੈ ਤਾਂ ਮੇਰੇ ਕੋਲੋਂ ਲਵੋ। ਜੋ ਕਹੋਗੇ ਮੈਂ ਤੁਹਾਨੂੰ ਦੇ ਦੇਵਾਂਗਾ ਪਰ ਦੀਨ ਮੰਨਣਾ ਪਵੇਗਾ।

ਬਿਰਤ ਤੁਰਕਨ ਗੈਲ ਦਯੋ ਲਗਾਇ॥ ਤੁਰਕਾਂ ਦੇ ਪਿਛੇ ਲੱਗ ਗਏ ਹਨ।

ਨਹੀਂ ਮੁਲਕ ਤਜ ਜਾਉ ਪਾਰ॥ ਉਹਨਾਂ ਕਿਹਾ ਗੱਲਾਂ ਦੋਇ ਨੇ ਜਾਂ ਤਾਂ ਹੋ ਜਾਓ ਮੁਸਲਮਾਨ ਤੇ ਨਹੀਂ ਮੇਰੇ ਦੇਸ਼ ਨੂੰ ਛੱਡ ਦਿਓ, ਜਾਓ ਕਿਸੇ ਹੋਰ ਦੇਸ਼ ਦੇ ਵਿਚ ਜਾ ਰਹੋ।

ਮੁਲਕ ਰਹੋ ਮੁਹਿ ਮੈਂ ਦਯੋਂ ਮਾਰ॥੧੨॥ ਜੇ ਮੇਰੇ ਮੁਲਕ ਵਿਚ ਰਹਿਣਾ ਕੀਤਾ ਤਾਂ ਮੈਂ ਤੁਹਾਨੂੰ ਕਤਲ ਕਰ ਦੇਵਾਂਗਾ। ਤੁਹਾਨੂੰ ਜਾਨੋਂ ਮਾਰ ਦੇਵਾਂਗਾ। ੧੨।

ਦੋਹਰਾ॥ ਸਭ ਸੁਨ ਭਏ ਸੁ ਸਯਾਮ ਰੰਗ, ਜਨ ਮਰ ਗਯੋ ਪ੍ਰਵਾਰ॥ ਜਦੋਂ ਇਹ ਗੱਲ ਸੁਣੀ ਬ੍ਰਹਮਣਾਂ ਨੇ, ਕਿ ਤੁਸੀਂ ਮੁਸਲਮਾਨ ਹੋ ਜਾਓ! ਇਹ ਤਾਂ ਫਿਰ (ਸਿਆਮ ਰੰਗ) ਕਾਲਾ ਸਿਆਹ ਰੰਗ ਹੋ ਗਿਆ ਪੀਲੱਤਣ ਫਿਰ ਗਈ ਮੂੰਹਾਂ 'ਤੇ ਲਾਲੀਆਂ ਉੱਡ ਗਈਆਂ ਬ੍ਰਹਮਣਾਂ ਦੀਆਂ, ਖੀਰਾਂ ਦੀ ਤਾਕਤ ਕਿਧਰੇ ਨੂੰ ਗਈ। ਇਉਂ ਸਿਆਮ ਰੰਗ ਹੋ ਗਏ ਇਹ ਗੱਲ ਸੁਣਨ ਸਾਰ ਹੀ। ਜਿਵੇਂ ਪ੍ਰਵਾਰ ਮਰ ਜਾਏ ਕਿਸੇ ਦਾ ਜਿਵੇਂ ਉਹਨੂੰ ਦੁੱਖ ਹੁੰਦਾ ਹੈ ਨਾ ਤੇ ਰੋ ਰੋ ਕੇ ਉਹ ਕਾਲਾ ਪੀਲਾ ਜਿਹਾ ਹੋ ਜਾਂਦਾ ਹੈ ਇਉਂ ਬ੍ਰਹਮਣਾਂ ਦੇ ਨਾਲ ਵਰਤਿਆ ਭਾਣਾ।

ਇਕ ਦਿਸ਼ ਹੋਇ ਤਜਾਇ ਤਜ, ਜਾਈਏ ਕਹਾਂ ਸੰਸਾਰ ॥੧੩॥ ਵਿਚਾਰ ਕਰਦੇ ਨੇ ਜੇ ਪਤਾ ਹੋਵੇ ਐਧਰ ਤੁਰਕ ਨਹੀਂ

ਰਹਿੰਦੇ। ਆਪਾਂ ਉਥੇ ਚਲੇ ਜਾਈਏ ਪਰ ਹੁਣ ਚਾਰ ਚੁਫੇਰੇ ਤਾਂ ਇਹ ਰਹਿੰਦੇ ਨੇ। ਇਹਨਾਂ ਦੇ ਮੁਲਕਾਂ ਦੇ ਮੁਲਕ ਨੇ ਚਾਰ ਚੁਫੇਰੇ ਕਿਧਰ ਨੂੰ ਛੱਡ ਕੇ ਤੁਰ ਜਾਈਏ? ਜਿਥੇ ਜਾਵਾਂਗੇ ਉਥੇ ਮੁਸਲਮਾਨਾਂ ਦਾ ਤੇਜ ਹੈ ਰਾਜ ਹੈ। ੧੩।

ਚੌਪਈ॥ ਬ੍ਰਹਮਨ ਬਨੀ ਬਹੁ ਔਖੀ ਬਾਤ॥ ਬ੍ਰਹਮਣਾਂ ਨੂੰ ਬਹੁਤ ਔਖੀ ਗੱਲ ਆ ਬਣੀ ਹੈ, ਮੁਸੀਬਤ ਇਹਨਾਂ 'ਤੇ ਆ ਕੇ ਟੁੱਟ ਪਈ।

ਨਾ ਕਿਛੁ ਸੁਝੈ ਦਿਨ ਅਰ ਰਾਤ॥ ਇਹਨਾਂ ਨੂੰ ਕੁਝ ਸੁਝਦਾ ਨਹੀਂ ਹੁਣ, ਦਿਨ ਰਾਤ ਚਿੰਤਾ ਦੇ ਵਿਚ ਫੜੇ ਗਏ ਨੇ ਸੋਚਾਂ ਹੀ ਸੋਚੀ ਜਾਂਦੇ ਨੇ।

ਬ੍ਰਾਹਮਨ ਨੈ ਕਛ ਅਰਸਾ ਕੀਯੋ॥ ਤਾਂ ਬ੍ਰਹਮਣਾਂ ਨੇ ਕਿਹਾ ਜੀ ਸਾਨੂੰ ਕੋਈ ਵਕਤ ਦਿਉ ਥੋੜਾ ਜਿਹਾ। ਅਸੀਂ ਸੋਚ ਵਿਚਾਰ ਕਰ ਲਈਏ ਸਾਰੇ ਬੈਠ ਕੇ ਇਉਂ ਅਰਸਾ ਕਰ ਲਿਆ। ਔਰੰਗਜ਼ੇਬ ਦੇ ਨਾਲ ਐਨਾ ਚਿਰ ਸਾਨੂੰ ਦੇ ਦਿਉ, ਅਸੀਂ ਸੋਚ ਵਿਚਾਰ ਕੇ ਤੁਹਾਨੂੰ ਗੱਲ ਦੱਸਾਂਗੇ।

ਦਿਨੈ ਲੰਘਾਵਨ ਵਿਲਾਵ ਸੁ ਲੀਯੋ॥੧੪॥ (ਵਿਲਾਵ) ਬਹਾਨਾ ਬਣਾ ਲਿਆ ਦਿਨ ਲੰਘਾਉਣ ਵਾਸਤੇ। ੧੪।

ਲਾਗੇ ਕਰਨ ਸੁ ਤਪ ਅਰ ਜਾਪ॥ ਬਹੁਤ ਜਪ ਔਰ ਤਪ ਲੱਗੇ ਕਰਨ, ਲੱਗੇ ਪ੍ਰਮੇਸ਼ਰ ਨੂੰ ਧਿਆਉਣ। ਹੁਣ ਵਕਤ ਵਿਹਾਇ ਦਾ ਕੀ ਬਣੇ ਭਾਈ? ਇਹ ਤਾਂ ਹੁਣ ਦੁਖ ਦੇ ਮਾਰੇ, ਖਹਿੜਾ ਛੁਡਾਉਣ ਦੇ ਮਾਰੇ ਰੱਬ ਨੂੰ ਯਾਦ ਕਰਦੇ ਹਨ, ਪ੍ਰਮੇਸ਼ਰ ਵੀ ਜਾਣਦਾ ਸਭ ਕੁਝ। ਹੁਣ ਆਪਦੀ ਲੋੜ ਨੂੰ ਕਰਦੇ ਨੇ ਇਉਂ ਨਹੀਂ ਮੈਨੂੰ ਜਾਣਦੇ, ਉਹ ਉਪਰ ਚਲੇ ਗਏ ਕਸ਼ਮੀਰ ਵਿਚ ਜਿਥੇ ਸ਼ਿਵਾਂ ਦਾ ਮੰਦਰ ਕੈਲਾਸ਼ ਪਰਬਤ ਅਮਰਨਾਥ ਹੈ, ਉਥੇ ਪਹੁੰਚ ਕੇ ਜਪੁ ਤਪ ਲੱਗੇ ਕਰਨ, ਰੱਬ ਨੂੰ ਲੱਗੇ ਧਿਆਉਣ ਸਾਡੀ ਸਹਾਇਤਾ ਕਰੋ।

ਦੇਵਤਾ ਨ ਜਾਗੇ ਸਿਰ ਰਹੇ ਖਾਪ॥ ਖਪਾ ਹਟੇ ਸਿਰ, ਕੋਈ ਸ਼ਿਵ ਨਹੀਂ ਜਾਗੇ ਇਹਨਾਂ ਦੀ ਸਹਾਇਤਾ ਕਰਨ ਨੂੰ। ਤੇਤੀ ਕਰੋੜ ਦੇਵਤੇ ਦੇ ਪੂਜਕ ਹਨ, ਕੋਈ ਦੇਵਤਾ ਨਾ ਜਾਗਿਆ। ਸਭ ਦੇਵਤਿਆਂ ਨੂੰ ਇਨ੍ਹਾਂ ਨੇ ਯਾਦ ਕੀਤਾ ਕਦੀ ਇਹ ਸ਼ਿਵਜੀ ਨੂੰ ਯਾਦ ਕਰਨ, ਕਦੀ ਮਹਾਵੀਰ ਨੂੰ ਯਾਦ ਕਰਨ, ਕਦੀ ਰਾਮ ਜੀ ਨੂੰ ਯਾਦ ਕਰਨ, ਕਦੀ ਵਿਸ਼ਨੂੰ ਨੂੰ ਯਾਦ ਕਰਨ, ਕਿ ਸਾਡੀ ਸਹਾਇਤਾ ਕਰੋ ਤੇ ਔਰੰਗਜ਼ੇਬ ਤੇ ਸਾਡਾ ਖਹਿੜਾ ਛੁਡਾਓ। ਉਹ ਤਾਂ ਉਹਨਾਂ ਜੁੱਗਾਂ ਦੀ ਗੱਲ ਸੀ। ਉਹਨਾਂ ਜੁਗਾਂ ਦੇ ਅਵਤਾਰ ਸਨ। ਹੁਣ ਏਸ ਜੁੱਗ ਵਿਚ ਕੌਣ ਸਹਾਇਤਾ ਕਰੇ। ਕਲਯੁਗ ਵਿਚ ਆਣ ਕੇ ਕੋਈ ਦੇਵਤਾ ਇਹਨਾਂ ਦੀ ਸਹਾਇਤਾ ਵਾਸਤੇ ਨਾ ਉਠਿਆ।

ਤਬ ਚੁਗਲਨ ਨੈ ਚੁਗਲੀ ਬਨਾਈ॥ ਇਤਨੇ ਨੂੰ ਜਿਹੜੇ ਚੁਗਲ ਲੋਕ ਸਨ ਹਮੇਸ਼ਾਂ ਦੇਖ ਲਉ ਪਿਛੇ ਤੋਂ ਚਲੇ ਆਉਂਦੇ ਨੇ ਸਾਰੇ ਚੁਗਲੀਆਂ ਕਰਨ ਵਾਲੇ, ਆਪਸ ਵਿਚੀਂ ਇਕ ਦੂਜੇ ਦੀ ਚੁਗਲੀ ਕਰਦੇ ਹਨ ਇਕ ਦੂਜੇ ਮਰਵਾ ਕੇ ਖੁਸ਼ ਹਨ ਸੰਸਾਰੀ ਜਿਹੜੇ ਨੇ, ਉਹ ਮੋਹ ਮਮਤਾ ਜਿਵੇਂ ਕਿਸੇ ਨੂੰ ਫਾਇਦਾ ਅਪੜਦਾ ਹੋਵੇ। ਉਹਨਾਂ ਕਿਹਾ ਸ਼ਾਇਦ ਸਾਡੀ ਜਾਨ ਬਚ ਜਾਏਗੀ। ਆਪਾਂ ਚੁਗਲੀ ਕਰਕੇ ਇਹ ਸਾਨੂੰ ਰੱਖ ਹੀ ਲੈਣਗੇ ਇਹ ਸਾਨੂੰ ਭੇਤ ਦਿੰਦੇ ਨੇ। ਇਹ ਚੁਗਲਾਂ ਨੇ ਚੁਗਲੀ ਬਨਾਈ ਜਾ ਕੇ ਇਉਂ ਕਹਿਣ ਲੱਗੇ ਔਰੰਗਜ਼ੇਬ ਕੋਲ।

'ਕਰਤ ਹੈਂ ਬਾਹਮਨ ਜਾਦੂ ਉਪਾਈ'॥੧੫॥ ਔਰੰਗਜ਼ੇਬ ਤੂੰ ਤਾਂ ਇਸ ਖਿਆਲ ਵਿਚ ਲੱਗਿਆਂ ਤੈਥੋਂ ਟਾਇਮ ਲੈ ਗਏ ਹਨ, ਫਿਰ ਉਹ ਮੁਸਲਮਾਨ ਹੋ ਜਾਣਗੇ। ਉਹ ਤਾਂ ਜਾਦੂ ਦਾ ਉਪਾਉ ਕਰ ਰਹੇ ਹਨ, ਅਸੀਂ ਜਾਦੂ ਕਰ ਲਈਏ ਮੁਸਲਮਾਨਾਂ 'ਤੇ ਤਾਂ ਕਿ ਇਹਨਾਂ ਨੂੰ ਪਤਾ ਹੀ ਨਾ ਲੱਗੇ, ਸਾਡਾ ਖਹਿੜਾ ਛੁੱਟ ਜਾਇਗਾ। ੧੫।

ਦੋਹਰਾ॥ ਯਹ ਸੁਨ ਸ਼ਾਹਿ ਔਰੰਗ ਤਬ ਭਯੋ ਅਤੀ ਸੈ ਕੋਪ॥ ਇਹ ਸੁਣ ਕੇ ਔਰੰਗਜ਼ੇਬ ਨੂੰ ਬੜਾ ਕ੍ਰੋਧ ਚੜ੍ਹਿਆ। ਇਹਨੇ ਆਖਿਆ ਇਹ ਮੇਰੇ ਨਾਲ ਛਲ ਕਰਦੇ ਹਨ, ਮੈਂ ਤਾਂ ਇਹਨਾਂ ਨੂੰ ਹੁਣੇ ਸਜ਼ਾ ਦੇਵਾਂਗਾ।

ਕਾਸ਼ਮੀਰ ਮੈਂ ਹਿੰਦੂਆਂ ਕਾ ਜਿਉ ਕਰਯੋ ਧਰਮ ਉਨ ਲੋਪ॥੧੬॥ ਬਹੁਤੇ ਹਿੰਦੂ ਬ੍ਰਹਮਣ ਜਿਹੜੇ ਸਨ ਇਹ ਕਸ਼ਮੀਰ ਵਿਚ ਵਸਦੇ ਸਨ। ਕਸ਼ਮੀਰੀ ਪੰਡਤ ਵਿਦਵਾਨ ਸਨ ਸੋਹਣਾ ਇਲਾਕਾ ਇਹਨਾਂ ਨੇ ਚੁਣਿਆ ਸੀ ਏਸ ਇਲਾਕੇ

ਵਿਚ ਮੇਵੇ ਬੜੇ ਹੁੰਦੇ ਨੇ, ਔਰ ਠੰਢ ਰਹਿੰਦੀ ਹੈ ਗਰਮੀ ਨਹੀਂ ਪੈਂਦੀ, ਇਥੇ ਇਹਨਾਂ ਨੇ ਆਪਣੇ ਠਿਕਾਣੇ ਬਣਾਏ ਸੀ। ੧੬।

ਔਰੰਗਜ਼ੇਬ ਨੂੰ ਜਦੋਂ ਚੁਗਲਾਂ ਨੇ ਚੁਗਲੀ ਕਰ ਦਿੱਤੀ, ਉਸੇ ਵੇਲੇ ਹੁਕਮ ਕਰ ਦਿੱਤਾ ਸੂਬੇ ਨੂੰ ਕਿ ਪਕੜ ਇਹਨਾਂ ਨੂੰ ਮੁਸਲਮਾਨ ਕਰੋ। ਉਹਨੇ ਬ੍ਰਹਮਣ ਸਾਰੇ ਫੜ ਲਏ ਕਹਿੰਦਾ ਦਿਖਾਓ ਕੋਈ ਕਰਾਮਾਤ। ਜੇ ਕਰਾਮਾਤ ਨਹੀਂ ਤੇ ਆਓ ਤਲਵਾਰ ਦੇ ਘਾਟ। ਜੇ ਆਪਣੇ ਆਪ ਬਣ ਜਾਵੋ ਮੁਸਲਮਾਨ ਤਾਂ ਚੰਗੀ ਗੱਲ ਨਹੀਂ ਤਾਂ ਸਿਰ ਕਟਾਓ। ਇਸ ਤਰ੍ਹਾਂ ਬ੍ਰਹਮਣਾਂ ਦੇ ਸਿਰ ਕੱਟਣ ਲੱਗੇ। ਇਹ ਸਵਾ ਮਣ ਜਨੇਊ ਜਿਹੜੇ ਨੇ ਕਸ਼ਮੀਰ ਵਿਚ ਲੱਥੇ। ਉਹਨੇ ਪ੍ਰਣ ਕਰ ਲਿਆ ਸੂਬੇ ਨੇ ਰੋਜ਼ਾਨਾ ਸਵਾ ਮਣ ਜਨੇਊ ਉਤਾਰ ਕੇ ਰੋਟੀ ਖਾਂਦਾ ਸੀ। ਇਸ ਤਰ੍ਹਾਂ ਬਹੁਤ ਸਾਰੇ ਹਿੰਦੂ ਕਸ਼ਮੀਰ ਵਿਚ ਸਨ ਬ੍ਰਹਮਣ ਵੀ ਕਸ਼ਮੀਰ ਵਿਚ ਸਨ। ਜਦੋਂ ਇਹਨਾਂ ਉਤੇ ਤਲਵਾਰ ਉਠੀ, ਬਹੁਤ ਸਾਰੇ ਭੱਜੇ ਹਨ ਫਿਰ ਇਥੋਂ ਨਿਕਲ ਨਿਕਲ ਕੇ ਹੋਰ ਸੂਬਿਆਂ ਵਿਚ। ਸਾਰੇ ਸੂਬਿਆਂ ਦੇ ਵਿਚ ਤਾਂ ਤੁਰਕਾਂ ਦਾ ਰਾਜ ਸੀ। ਪਰ ਇਥੇ ਤਾਂ ਆਡਰ ਹੋ ਗਿਆ। ਇਸ ਤਰ੍ਹਾਂ ਜ਼ੁਲਮ ਕਰਕੇ ਇਹਨਾਂ ਦਾ ਧਰਮ ਦੂਰ ਕਰ ਦਿੱਤਾ।

ਚੌਪਈ॥ ਅਹਦੀਏ ਦੁੜਾਏ ਵਲ ਕਸ਼ਮੀਰ॥ ਅਹਿਦੀਏ ਇਹਨਾਂ ਦੇ ਉਸ ਟਾਇਮ ਦੇ ਇਕ ਕਿਸਮ ਦੇ ਫੌਜਦਾਰ ਹੁੰਦੇ ਸਨ। ਉਹਨਾਂ ਦੇ ਨਾਲ ਫੌਜਾਂ ਹੁੰਦੀਆਂ ਸਨ। ਉਹ ਹੁਕਮਰਾਨ, ਚੁੱਕ ਕੇ ਉਹਨਾਂ ਨੂੰ ਮੰਜਿਆਂ 'ਤੇ ਲਿਜਾਂਦੇ ਸਨ, ਅਤੇ ਉਹ ਜੋ ਆਡਰ ਕਰਦੇ ਸਨ, ਜਿਹੜੀ ਫੌਜ ਸੀ ਉਹ ਕਮਾਉਂਦੀ ਸੀ। ਨਾਲ ਫੌਜ ਦੇ ਕੇ ਅਹਿਦੀਆਂ ਨੂੰ ਭੇਜ ਦਿੱਤਾ। ਉਹ ਕਿਤੇ ਵੀ ਜਾਣ ਕਿਸੇ ਸੂਬੇ ਕੋਲ ਉਥੋਂ ਸਹਾਇਤਾ ਉਹਨਾਂ ਨੂੰ ਮਿਲ ਜਾਂਦੀ ਸੀ। ਫੌਜ ਮਿਲ ਜਾਂਦੀ ਸੀ, ਖਰਚਾ ਮਿਲ ਜਾਂਦਾ ਸੀ। ਇਉਂ ਅਹਿਦੀਆਂ ਨੂੰ ਹੁਕਮ ਹੋ ਗਿਆ ਜਾਓ ਕਸ਼ਮੀਰ ਵਿਚ ਜਾ ਕੇ ਮੁਸਲਮਾਨ ਉਹਨਾਂ ਨੂੰ ਕਰਨਾ ਕਰੋ।

ਹੁਕਮ ਸੁਣੇ ਤਿਨ ਕਰੀ ਨ ਧੀਰ॥ ਬੱਸ ਫੇਰ ਕਾਹਦੀ ਧੀਰਜ ਸੀ ਫੇਰ ਤਾਂ ਹੱਲਾ ਹੀ ਬੋਲ ਦਿੱਤਾ ਉਹਨਾਂ ਨੇ ਅੰਤ ਕਸ਼ਮੀਰ ਵਿਚ ਪਹੁੰਚ ਗਏ ਅਹਿਦੀਏ।

ਤੁਰਤ ਫੜੇ ਥੇ ਦੇ ਕੇ ਤਾਣ॥ ਤਾਣ ਦੇ ਕੇ, ਤਾਕਤ ਦੇ ਨਾਲ, ਜ਼ੁਲਮ ਦੇ ਨਾਲ ਜ਼ੋਰ ਦੇ ਕੇ ਤੁਰਤ ਫੜ ਲਏ ਸਾਰੇ ਹਿੰਦੂ ਬ੍ਰਹਮਣ।

ਸਭ ਹਿੰਦੂ ਕੀਏ ਮੁਸਲਮਾਨ॥੧੭॥ ਫੜ ਫੜ ਕੇ ਸਾਰੇ ਹਿੰਦੂਆਂ ਨੂੰ ਜਬਰੀ ਮੁਸਲਮਾਨ ਕੀਤਾ। ਇਹ ਸੁੰਨੀ ਕਹਾਉਂਦੇ ਹਨ। ੧੭।

ਹਿੰਦੂ ਬਚੈਂ ਲੁਕ ਬਤੇਰਾ ਕਰੈਂ॥ ਹਿੰਦੂ ਆਪਣੀ ਜਾਨ ਬਚਾਉਣ ਵਾਸਤੇ ਬਥੇਰਾ ਲੁਕਦੇ ਛਿਪਦੇ ਹਨ।

ਔਰ ਲਏ ਸਭ ਮੁਸਲੈ ਕਰੈਂ॥ ਉਹ ਜਿਹੜੇ ਜੰਗਲਾਂ ਨੂੰ ਚਲੇ ਗਏ ਨੇ ਲੁਕ ਛਿਪ ਗਏ ਉਹ ਅੱਜ ਬਚ ਗਏ ਨੇ। ਬਾਕੀ ਜਿਨ੍ਹਾਂ ਦੀ ਰਿਹਾਇਸ਼ ਸੀ ਪਿੰਡਾਂ ਸ਼ਹਿਰਾਂ ਵਿਚ ਉਹ ਤੁਰਤ ਫੜ ਕੇ ਮੁਸਲਮਾਨ ਕਰ ਦਿਤੇ।

ਯੌਂ ਸਭ ਜਗ ਸੁਨ ਭਯੋ ਤਰਾਸ॥ ਇਹ ਗੱਲ ਜਦੋਂ ਬਾਹਰ ਨਿਕਲੀ ਦੂਸਰਿਆਂ ਸੂਬਿਆਂ ਵਿਚ, ਤਰਾਸ ਤਰਾਸ ਕਰਨ ਲੱਗ ਪਈ ਦੁਨੀਆਂ ਸਾਰੀ ਡਰ ਗਈ।

ਤਬ ਬਿਪ ਆਏ ਸਤਿਗੁਰ ਪਾਸ॥੧੮॥ ਬਿਪ ਕਹਿੰਦੇ ਨੇ ਬ੍ਰਹਮਣਾਂ ਨੂੰ ਫੇਰ ਬ੍ਰਹਮਣ ਇਕੱਠੇ ਹੋ ਕੇ ਸਤਿਗੁਰਾਂ ਕੋਲ ਸ੍ਰੀ ਅਨੰਦ ਪੁਰ ਸਾਹਿਬ ਦੀਵਾਨ ਗੜ੍ਹ ਜਿਸ ਨੂੰ ਅੱਜ ਕਲ ਸ੍ਰੀ ਕੇਸ ਗੜ੍ਹ ਸਾਹਿਬ ਕਹਿੰਦੇ ਨੇ ਉਥੇ ਦੀਵਾਨ ਸਜਾਉਂਦੇ ਹੁੰਦੇ ਸਨ। ਗੁਰੂ ਤੇਗ ਬਹਾਦਰ ਸਾਹਿਬ ਜੀ ਪਾਸ ਆਏ ਹਨ। ੧੮।

ਦੋਹਰਾ॥ ਕਾਂਸ਼ੀ ਆਦਿ ਗੰਗਾ ਢਿਗੋਂ ਕੁਲਛੇਤਰ ਛੇਤਰ ਔਰ॥ ਕਾਂਸ਼ੀ ਤੋਂ, ਗੰਗਾ ਪਾਸੋਂ, ਕੁਲਛੇਤਰ ਤੋਂ ਹੋਰ।

ਰਲ ਬਹਿ ਆਏ ਫਰਯਾਦ ਸਭ ਤੇਗ ਬਹਾਦਰ ਕੋਲ॥੧੯॥ ਉੱਤਮ ਜਾਤੀਆਂ ਦੇ ਸਾਰੇ ਬ੍ਰਹਮਣ ਰਲ ਕੇ, ਵੱਡੇ ਵੱਡੇ ਵਿਦਵਾਨ ਬਹ੍ਮਣ ਸਨ ਸਾਰੇ ਬ੍ਰਹਮਣ ਰਲ ਕੇ ਗੁਰੂ ਤੇਗ ਬਹਾਦਰ ਜੀ ਦੇ ਚਰਨਾਂ ਵਿਚ ਪਹੁੰਚੇ। ੧੯।

ਚੌਪਈ॥ *ਆਇ ਬ੍ਰਹਮਨ ਸਭ ਐਸ ਪੁਕਾਰੇ॥* ਸਭ ਬ੍ਰਹਮਣਾਂ ਨੇ ਆ ਕੇ ਫਰਿਆਦ ਕੀਤੀ ਗੁਰੂ ਸਾਹਿਬ ਜੀ ਦੇ ਚਰਨਾਂ ਵਿਚ।

'ਸਤਿਗੁਰ ਸੁਨ ਆਏ ਤੁਮ ਦ੍ਵਾਰੇ॥ ਹੇ ਸੱਚੇ ਪਾਤਸ਼ਾਹ! ਸਤਿਗੁਰੂ ਜੀ ਅਸੀਂ ਤੁਹਾਡਾ ਨਾਮ ਸੁਣ ਕੇ ਤੁਹਾਡੇ ਦੁਆਰੇ 'ਤੇ ਆਏ ਹਾਂ ਸਾਡੀ ਫਰਿਯਾਦ ਸੁਣੋ ਗਰੀਬਾਂ ਦੀ।

ਹੋ ਛੱਤ੍ਰੀ ਤੁਮ ਬ੍ਰਹਮ ਉਜਾਗਰ॥ ਹੇ ਸਤਿਗੁਰੂ ਜੀ ਅਸੀਂ ਬ੍ਰਹਮਣ ਹਾਂ ਤੁਸੀਂ ਛੱਤ੍ਰੀ ਹੋ ਉਜਾਗਰ ਹੋ ਤੁਸੀਂ।

ਗਊ ਬ੍ਰਹਮਨ ਤੁਮ ਪ੍ਰਿਤਪਾਗਰ॥ ੨੦॥ ਗਊ ਬ੍ਰਹਮਣ ਦੀ ਪਾਲਣਾ ਕਰਨ ਵਾਲੇ ਹੋ ਭਾਵ ਰੱਖਿਆ ਕਰਨ ਵਾਲੇ ਹੋ। ੨੦।

ਅਬ ਆਇ ਪਰੀ ਹਮਨੈ ਪੈ ਭਾਰੀ॥ ਹੁਣ ਮੁਸੀਬਤ ਸਾਡੇ ਉਤੇ ਬੜੀ ਭਾਰੀ ਆ ਪਈ ਹੈ ਸਾਡੀ ਰੱਖਿਆ ਕਰੋ।

ਅਬ ਹਮ ਕੋ ਤੁਮ ਲੇਹੁ ਉਬਾਰੀ॥ ਹੁਣ ਤੁਸੀਂ ਬਚਾਉ ਸਾਨੂੰ ਮਹਾਰਾਜ! ਜਿਸ ਤਰ੍ਹਾਂ ਵੀ ਅਸੀਂ ਬਚਦੇ ਹਾਂ।

ਤੁਮ ਨਾਨਕ ਸਤਿਗੁਰ ਕਲਧਾਰੀ॥ ਤੁਸੀਂ ਤਾਂ ਗੁਰੂ ਨਾਨਕ ਸਾਹਿਬ ਹੋ ਨੌਵੀਂ ਜੋਤ ਹੋ ਗੁਰੂ ਨਾਨਕ ਸਾਹਿਬ ਜੀ ਦੀ। ਕਲਜੁਗ ਵਿਚ ਵੱਡੀ ਕਲਾ ਵਾਲੇ ਹੋ ਤੁਸੀਂ। ਤੁਹਾਡੇ ਕੋਲ ਸਾਰੀਆਂ ਤਾਕਤਾਂ ਹਨ।

ਰਾਖੋ ਹਿੰਦੂਅਨ ਹਿੰਦ ਮਝਾਰੀ॥੨੧॥ ਕਿਰਪਾ ਕਰੋ ਮਹਾਰਾਜ, ਔਰੰਗਜ਼ੇਬ ਦਾ ਹੁਕਮ ਹੋ ਗਿਆ ਹੈ ਜਾਂ ਕਲਾ ਵਿਖਾਓ ਜਾਂ ਦੇਸ਼ ਛਡ ਜਾਓ ਜਾਂ ਮੁਸਲਮਾਨ ਹੋ ਜਾਓ ਕੁਛ ਤਾਂ ਕਰੋ। ਇਉਂ ਕਰਕੇ ਮਹਾਰਾਜ ਆਪ ਦੀ ਕਲਾ ਵਰਤਾਉ, ਤੁਸੀਂ ਮੌਕੇ ਦੇ ਸਮੇਂ ਦੇ ਪਾਤਸ਼ਾਹ ਹੋ, ਰਾਖੇ ਹੋ, ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਹੋ। ਸਾਡੀ ਰੱਛਿਆ ਕਰੋ ਹਿੰਦੂਆਂ ਦੀ ਹਿੰਦ ਵਿਚ। ੨੧।

ਹਿੰਦੋਂ ਹਿੰਦੂ ਨ੍ਰਿਬੀਜ ਹੈਂ ਕਰਨੇ॥ ਔਰੰਗਜ਼ੇਬ ਨੇ ਪ੍ਰਣ ਕਰ ਲਿਆ ਹੈ। ਮੈਂ ਨ੍ਰਿਬੀਜ ਕਰਨੇ ਹਨ, ਬੀਜ ਵੀ ਨਹੀਂ ਰੱਖਣਾ ਹਿੰਦੂਆਂ ਦਾ ਏਥੇ। ਸਭ ਤੁਰਕ ਕਰ ਦੇਣੇ ਨੇ ਹਿੰਦੋਸਤਾਨ ਵਿਚ।

ਸ਼ਾਹਿ ਨੁਰੰਗੈ ਯੌ ਲਿਖ ਬਰਨੇ॥ ਉਸ ਨੇ ਲਿਖ ਕੇ ਇਉਂ ਹੁਕਮ ਦਿੱਤਾ ਹੈ ਕਿ ਕੋਈ ਢਿੱਲ ਨਾ ਕਰੋ ਸਭ ਨੂੰ ਮੁਸਲਮਾਨ ਕਰ ਲਉ ਜਿੰਨੇ ਇਹ ਹਿੰਦੂ ਨੇ।

ਤੁਰਕ ਪ੍ਰਿਥਮ ਹੈ ਬਾਹਮਨ ਕਰਨੇ॥ ਉਸਨੇ ਹੁਕਮ ਦਿੱਤਾ ਹੈ ਸਭ ਤੋਂ ਪਹਿਲਾਂ ਬ੍ਰਾਹਮਣਾਂ ਨੂੰ ਤੁਰਕ ਕਰਨਾ ਹੈ। ਕਿਉਂਕਿ ਹਿੰਦੂਆਂ ਨੇ ਆਪਣਾ ਖਹਿੜਾ ਛੁਡਾ ਲਿਆ ਹੈ। ਬ੍ਰਹਮਣਾਂ ਦੇ ਗਲ ਬਲਾ ਪਾ ਦਿੱਤੀ ਹੈ ਕਿ ਬ੍ਰਹਮਣਾਂ ਨੂੰ ਤੁਸੀਂ ਮੁਸਲਮਾਨ ਕਰ ਲਉ। ਉਸ ਤੋਂ ਪਿਛੇ ਅਸੀਂ ਹੋ ਜਾਵਾਂਗੇ। ਇਸ ਕਰਕੇ ਅਸੀਂ ਮਹਾਰਾਜ ਤੁਹਾਡੇ ਚਰਨਾਂ ਵਿਚ ਆਏ ਹਾਂ ਫਰਯਾਦ ਕਰਨ ਵਾਸਤੇ, ਸਾਡੀ ਰੱਖਿਆ ਕਰੋ। ਸਭ ਤੋਂ ਪਹਿਲਾਂ ਸਾਡੇ ਬ੍ਰਹਮਣਾਂ ਉਤੇ ਤਲਵਾਰ ਉਠਣੀ ਹੈ।

ਔਰ ਹਿੰਦੂ ਹੈਂ ਪਾਛੇ ਫਰਨੇ॥੨੨॥ ਦੂਸਰੇ ਹਿੰਦੂ ਪਿੱਛੋਂ ਫੜਨੇ ਨੇ, ਪਹਿਲਾਂ ਮੁਸਲਮਾਨ ਅਸੀਂ ਬ੍ਰਹਮਣਾਂ ਨੂੰ ਕਰਨਾ ਹੈ। ੨੨।

ਬ੍ਰਹਮਨ ਹੈਂ ਹਿੰਦੂਅਨ ਅਗਵਾਨ॥ ਕਿਉਂਕਿ ਬ੍ਰਹਮਣ ਲੋਕ ਹਿੰਦੂਆਂ ਦੇ ਆਗੂ ਹਨ, ਅਗਵਾਈ ਕਰਦੇ ਨੇ ਸਭ ਦੀ।

ਤੁਰਕ ਹੁਇ ਜਾਊ ਮਗਰ ਜਹਾਨ॥ ਇਹ ਸਾਰਾ ਹੀ (ਜਹਾਨ) ਹਿੰਦੋਸਤਾਨ ਤੁਰਕ ਹੋ ਜਾਊਗਾ, ਜੇ ਬ੍ਰਹਮਣ ਮੁਸਲਮਾਨ ਬਣਾ ਲਏ ਗਏ।

ਯਹ ਅਬ ਨੁਰੰਗੈ ਕਰੀ ਸਲਾਹਿ॥ ਹੇ ਮਹਾਰਾਜ ਜੀ! ਔਰੰਗਜ਼ੇਬ ਨੇ ਪੱਕੀ ਸਲਾਹ, ਕਰ ਲਈ ਪੱਕੀ ਦਲੀਲ ਧਾਰ ਲਈ ਹੈ।

ਤ੍ਰਾਹਿ ਤ੍ਰਾਹਿ ਆਏ ਤੁਮ ਪਾਹਿ॥੨੩॥ ਰੱਖਛਾ ਕਰੋ ਰੱਖਛਾ ਕਰੋ, ਅਸੀਂ ਤੁਹਾਡੇ ਪਾਸ ਆਏ ਹਾਂ। ਇਉਂ ਬ੍ਰਹਮਣ ਬੇਨਤੀਆਂ ਕਰਦੇ ਹਨ ਗਲ ਵਿਚ ਪੱਲੇ ਪਾ ਕੇ। ੨੩।

ਜੌ ਤੁਮ ਹੌ ਕਿਛ ਸਤਿਗੁਰ ਸੂਰੇ॥ ਹੇ ਸੱਚੇ ਪਾਤਸ਼ਾਹ! ਜੇ ਤੁਸੀਂ ਮਹਾਂ ਸੂਰਬੀਰ ਹੋ, ਪੂਰਨ ਸਤਿਗੁਰੂ ਹੋ, ਪ੍ਰਮੇਸ਼ਰ ਦੇ ਸਰੂਪ ਹੋ।

ਡੁਬਤਿ ਰਖੋ ਹਿੰਦੁਵਾਇਨ ਪੂਰੇ॥ ਹੇ ਮਹਾਰਾਜ ਹਿੰਦੂਆਂ ਦਾ ਜਹਾਜ਼ ਲੱਗਿਆ ਜੇ ਡੁੱਬਣ, ਰਖਿਆ ਕਰੋ।

ਨਹੀਂ ਤੋ ਤੁਰਕ ਤੁਹਿ ਪ੍ਰਿਥਮ ਕਰਾਵੈਂ॥ ਨਹੀਂ ਤਾਂ ਮਹਾਰਾਜ ਜਿਵੇਂ ਹਿੰਦੂਆਂ ਨੇ ਸਾਡੇ ਗਲ ਪਾਈ ਹੈ, ਅਸੀਂ ਤੁਹਾਡਾ

ਨਾਂ ਲੈ ਦਿੰਦੇ ਹਾਂ ਕਿ ਅਸੀਂ ਗੁਰੂ ਤੇਗ ਬਹਾਦਰ ਜੀ ਦੇ ਸਿੱਖ ਹਾਂ ਪਹਿਲੋਂ ਉਹਨਾਂ ਨੂੰ ਕਰ ਲੋ ਪਿਛੋਂ ਅਸੀਂ ਹੋ ਜਾਵਾਂਗੇ। ਹੇ ਮਹਾਰਾਜ ਤੁਹਾਡਾ ਨਾਮ ਲਵਾਂਗੇ ਅਸੀਂ।

ਤੁਹਿ ਤੇ ਪਿਛੈ ਹਮ ਦੀਨ ਮੈਂ ਆਵੈਂ॥ ੨੪॥ ਕਹਿ ਦੇਵਾਂਗੇ ਅਸੀਂ ਜੇ ਤੁਸੀਂ ਗੁਰੂ ਤੇਗ ਬਹਾਦਰ ਜੀ ਨੂੰ ਮੁਸਲਮਾਨ ਕਰ ਲਵੋ, ਤਾਂ ਉਹਨਾਂ ਤੋਂ ਪਿਛੋਂ ਅਸੀਂ ਦੀਨ ਵਿਚ ਆ ਜਾਵਾਂਗੇ ਉਸੇ ਵੇਲੇ। ੨੪।

ਤੁਮ ਛੱਤ੍ਰੀ ਹੋ ਖੜਗ ਉਠਾਵੋ॥ ਤੁਸੀਂ ਮਹਾਰਾਜ ਛੱਤ੍ਰੀ ਹੋ ਤੁਸੀਂ ਤਲਵਾਰ ਉਠਾਓ, ਜਦ ਤੁਸੀਂ ਤਲਵਾਰ ਚੁੱਕੋਗੇ।

ਸਭ ਹਿੰਦੂਅਨ ਕੋ ਗਲੈ ਲਗਾਵੋ॥ ਸਾਰੇ ਹਿੰਦੋਸਤਾਨ ਦੇ ਹਿੰਦੂਆਂ ਨੂੰ ਆਪਣੇ ਗਲ ਲਾ ਲਵੋ। ਤੁਹਾਡੇ ਚਰਨਾਂ ਵਿਚ ਆ ਜਾਣਗੇ।

ਤੁਮ ਪੈ ਮਾਯਾ ਆਵੈ ਘਨੀ॥ ਮਾਇਆ ਦਾ ਏਥੇ ਕੋਈ ਘਾਟਾ ਨਹੀਂ ਮਹਾਰਾਜ ਕਿਉਂਕਿ ਕਿਸੇ ਨਾਲ ਦੁਸ਼ਮਣੀ ਕਰਨੀ ਹੋਵੇ ਲੜਨਾ ਹੋਵੇ ਭਿੜਨਾ ਹੋਵੇ ਤਾਂ ਉਥੇ ਮਾਇਆ ਦੀ ਅਤੀ ਲੋੜ ਹੈ ਪਹਿਲੇ। *''ਆਦਿ ਭਵਾਨੀ ਈਸ਼ਰੀ ਮਾਯਾ ਜਾ ਕੋ ਨਾਮ॥ ਇਨ ਬਿਨ ਸਰੈ ਨਾ ਏਕ ਛਿਨ ਪੂਰਨ ਹੋਤ ਨ ਕਾਮ''॥* ਇਹਦੇ ਬਿਨਾਂ ਤਾਂ ਕਾਰਜ ਹੀ ਸਿੱਧ ਨਹੀਂ ਹੁੰਦਾ ਇਹ ਤੁਹਾਡੇ ਕੋਲ ਬੇਪਰਵਾਹੀਆਂ ਹਨ, ਬਹੁਤ ਮਾਯਾ ਹਿੰਦੋਸਤਾਨ ਵਿਚੋਂ ਤੁਹਾਡੇ ਚਰ੍ਹਦੀ ਆ ਦਰਬਾਰ ਵਿਚ।

ਕਰਮਾਤ ਤੁਮ ਪੈ ਅਨਗਨੀ॥੨੫॥ (ਅਨਗਨੀ) ਅਣਗਿਣਤ, ਬੇਅੰਤ ਤੁਹਾਡੇ ਪਾਸ ਆਤਮਕ ਸ਼ਕਤੀ ਹੈ। ੨੫।

ਦੋਹਰਾ॥ ਤੁਰਕਨ ਤੈ ਦਸ ਗੁਨ ਅਧਿਕ, ਹੈਂ ਹਿੰਦੂ ਹਿੰਦ ਮਾਹਿ॥ ਬੇਨਤੀਆਂ ਕਰਦੇ ਹਨ ਹੇ ਸੱਚੇ ਪਾਤਸ਼ਾਹ ਜੀ! ਤੁਰਕਾਂ ਨਾਲੋਂ ਦਸ ਗੁਣਾ ਹਿੰਦੋਸਤਾਨ ਵਿਚ ਹਿੰਦੂ ਵਸਦੇ ਨੇ, ਤੁਰਕ ਅਜੇ ਥੋੜੇ ਹਨ ਹਿੰਦੂ ਬਹੁਤੇ ਨੇ।

ਜੌ ਤੁਮ ਖੰਡਾ ਫੜ ਖੜੋ, ਸਭ ਰਲੈਂ ਤੁਮੈ ਸੰਗ ਆਇ॥੨੬॥ ਹੇ ਸੱਚੇ ਪਾਤਸ਼ਾਹ ਤੁਸੀਂ ਛੱਤ੍ਰੀ ਧਰਮ ਹੋ, ਜੇ ਤੁਸੀਂ ਖੰਡਾ ਫੜ ਲਵੋ ਤਲਵਾਰ ਚੁੱਕ ਲਵੋ, ਸਾਰੇ ਹਿੰਦੋਸਤਾਨ ਦੇ ਹਿੰਦੂ ਤੁਹਾਡੇ ਨਾਲ ਆ ਰਲਣਗੇ। ੨੬।

ਚੌਪਈ॥ ਗੁਰ ਨਾਨਕ ਬਚ ਗਏ ਬਿਕਾਯਾ॥ ਗੁਰੂ ਨਾਨਕ ਸਾਹਿਬ ਜੀ ਨੇ ਮੁਗਲਾਂ ਨੂੰ ਬਾਦਸ਼ਾਹੀ ਦਿੱਤੀ ਸੀ ਉਸ ਮੌਕੇ ਬਚਨ ਕੀਤਾ ਸੀ ਹੇ ਬਾਬਰ! ਤੈਨੂੰ ਅਸੀਂ ਬਾਦਸ਼ਾਹੀ ਦਿੰਦੇ ਹਾਂ ਹਿੰਦੋਸਤਾਨ ਦੀ ਪਰ ਇਕ ਗੱਲ ਯਾਦ ਰੱਖੀਂ, ਸਾਡੇ ਉਤੇ ਜੇ ਤਲਵਾਰ ਚੁੱਕੇਂਗਾ, ਅਸੀਂ ਇਹ ਬਾਦਸ਼ਾਹੀ ਵਾਪਸ ਲੈ ਲਵਾਂਗੇ। ਫੇਰ ਦੁਨੀਆਂ ਨੂੰ ਦੇ ਦਿਆਂਗੇ। ਲੋਕਾਂ ਨੂੰ ਦੇ ਦਿਆਂਗੇ ਪਾਤਸ਼ਾਹੀ, ਤੇਰੇ ਕੋਲ ਨਹੀਂ ਰਹਿਣ ਦੇਵਾਂਗੇ, ਤਾਂ ਬਾਬਰ ਨੇ ਬੇਨਤੀ ਕੀਤੀ ਸਿਆਣਿਆਂ ਦਾ ਕਹਿਣ ਹੈ ਕਿ ਦੇ ਕੇ ਵਾਪਸ ਨਹੀਂ ਲਈਦਾ। ਹੇ ਮਹਾਰਾਜ! ਤੁਸੀਂ ਸਾਨੂੰ ਬਖਸ਼ੀਸ਼ ਕਰਕੇ ਫੇਰ ਵਾਪਸ ਲੈ ਲਵੋਗੇ? ਸਾਹਿਬ ਸੱਚੇ ਪਾਤਸ਼ਾਹ ਕਹਿਣ ਲੱਗੇ ਇਹ ਵੇਖਣਾ ਪੈਂਦਾ ਹੈ ਬਾਬਰ! ਜੇ ਅਗਾਂਹ ਲਾਇਕ ਨਾ ਹੋਵੇ, ਉਸ ਵਰਦਾਨ ਨੂੰ ਸੰਭਾਲ ਨਾ ਸਕੇ ਤਾਂ ਉਸ ਤੋਂ ਖੋਹ ਲੈਣਾ ਬੇਹਤਰ ਹੈ। ਪਰ ਅਸੀਂ ਐਵੇਂ ਹੀ ਵਾਪਸ ਨਹੀਂ ਲੈਂਦੇ ਅਸੀਂ ਸਿਰ ਦੇ ਕੇ ਵਾਪਸ ਲੈ ਲਵਾਂਗੇ, ਸੀਸ ਦੇ ਕੇ ਲੈ ਲਵਾਂਗੇ। ਜਦ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਚਰਨਾਂ ਵਿਚ ਫਰਯਾਦ ਹੋਈ ਮਹਾਰਾਜ ਤੁਸੀਂ ਤਲਵਾਰ ਚੁੱਕੋ, ਅਸੀਂ ਤੁਹਾਡੇ ਨਾਲ ਹੋ ਕੇ ਮਰਨ ਮਾਰਨ ਨੂੰ ਤਿਆਰ ਹਾਂ ਅਸੀਂ ਤੁਹਾਡੇ ਮਗਰ ਚਲਾਂਗੇ ਹੁਕਮ ਕਰੋ ਤੁਸੀਂ। ਤਾਂ ਗੁਰੂ ਸਾਹਿਬ ਸੱਚੇ ਪਾਤਸ਼ਾਹ ਜੀ ਜੋ ਬਾਬਾ ਜੀ ਬਚਨ ਕਰ ਗਏ ਗੁਰੂ ਨਾਨਕ ਸਾਹਿਬ ਕਿ ਅਸੀਂ ਆਪਣਾ ਸੀਸ ਵਾਰ ਕੇ ਲੈ ਲਵਾਂਗੇ ਵਾਪਸ, ਉਸ ਬਚਨ 'ਤੇ ਵਿਕ ਗਏ ਹਨ, ਉਹਨਾਂ ਦੇ ਬਚਨਾਂ ਦੀ ਪਾਲਨਾ ਕਰਾਂਗੇ।

ਤੁਰਕਨ ਸੌਂ ਨਹਿ ਖੰਡਾ ਫੜਾਯਾ॥ ਸਾਨੂੰ ਹੁਕਮ ਨਹੀਂ ਹੋਇਆ ਖੰਡਾ ਫੜਨ ਦਾ, ਜੇ ਹੁਕਮ ਹੁੰਦਾ ਅਸੀਂ ਤਲਵਾਰ ਚੁਕ ਲੈਂਦੇ।

ਤੁਰਕ ਗਲੈਂ ਗਲੇਂ ਹਮ ਸੀਸ॥ ਸਾਡਾ ਸੀਸ ਲੱਗੇ ਤੋਂ ਤੁਰਕ ਗਲਣਗੇ ਨਾਸ਼ ਹੋਣਗੇ।

ਯੌਂ ਕਰ ਗਏ ਸਤਿਗੁਰ ਬਖਸ਼ੀਸ਼॥੨੭॥ ਸਤਿਗੁਰ ਬਖਸ਼ੀਸ਼ ਕਰ ਗਏ ਨੇ, ਅਸੀਂ ਸੀਸ ਦੇ ਕੇ ਲੈ ਲਵਾਂਗੇ ਵਾਪਸ। ਹੁਲ

ਅਸੀਂ ਐਵੇਂ ਨਹੀਂ ਖੋਂਹਦੇ ਤੁਹਾਡੇ ਤੋਂ, ਧੱਕਾ ਨਹੀਂ ਅਸੀਂ ਕਰਨਾ। ੨੭।

ਦੋਹਰਾ॥ ਜੇਕਰ ਤੁਮਰੋ ਭਲ ਭਵੇ ਸਿਰ ਦੇਤ ਨ ਲਾਵੈਂ ਬੇਰ॥ ਜੇ ਤੁਹਾਡਾ ਕਾਰਜ ਹੁੰਦਾ ਹੋਵੇ ਤੁਹਾਡਾ ਭਲਾ ਹੁੰਦਾ ਹੋਵੇ, ਸਾਹਿਬ ਕਹਿਣ ਲੱਗੇ, ਅਸੀਂ ਢਿੱਲ ਨਹੀਂ ਲਾਵਾਂਗੇ, ਤੁਰੰਤ ਸੀਸ ਲਾਵਾਂਗੇ।

ਦੇਉ ਤਾਂਕੀ ਜਾਇ ਜੜ੍ਹ, ਦਰਗਾਹੋਂ ਤੁਰਤ ਉਖੇੜ॥੨੮॥ ਅਸੀਂ ਸੀਸ ਦੇ ਦੇਵਾਂਗੇ ਇਨ੍ਹਾਂ ਦੀ ਜੜ੍ਹ ਪੁੱਟੀ ਜਾਏਗੀ। ਤੇ ਪ੍ਰਮੇਸ਼ਰ ਇਨ੍ਹਾਂ ਨੂੰ ਧੱਕੇ ਦੇ ਕੇ ਦਰਗਾਹ 'ਚੋਂ ਕੱਢ ਦੇਵੇਗਾ। ਇਉਂ ਇਹਨਾਂ ਦਾ ਰਾਜ ਖਤਮ ਹੋ ਜਾਏਗਾ ਫਿਰ ਤੁਹਾਡਾ ਕੀ ਵਿਗੜੇਗਾ, ਫਿਰ ਤੁਸੀਂ ਬਚ ਜਾਉਗੇ। ੨੮।

ਚੌਪਈ॥ ਤਬ ਬ੍ਰਹਮਣ ਕੇ ਮਨ ਯੌ ਆਈ॥ ਤਦ ਬ੍ਰਹਮਣਾਂ ਦੇ ਮਨ ਵਿਚ ਇਹ ਗੱਲ ਆ ਫੁਰੀ ਉਸ ਮੌਕੇ।

'ਕਬ ਮੁਯੋ ਕਬ ਜੜ੍ਹ ਉਖੜਾਈ॥ ਮਹਾਰਾਜ! ਕਦੋਂ ਤੁਹਾਡੀ ਸ਼ਹੀਦੀ ਹੋਈ, ਕਦੋਂ ਇਹਨਾਂ ਦੀ ਜੜ੍ਹ ਉਖੜੀ, ਇਹ ਤਾਂ ਮਹਾਰਾਜ ਸਾਡੇ 'ਤੇ ਤਾਂ ਸਮਾਂ ਆ ਗਿਆ ਹੈ। ਅਸੀਂ ਥੋੜ੍ਹੇ ਜੇ ਸਮੇਂ ਵਾਸਤੇ ਉਹਨਾਂ ਤੋਂ ਅਰਸਾ ਲਿਆ ਹੋਇਆ ਹੈ। ਇਹ ਕਿਵੇਂ ਹੋਵੇਗਾ ਸਾਡਾ ਤਾਂ ਪਹਿਲਾਂ ਹੀ ਖਾਤਮਾ ਹੋ ਜਾਵੇਗਾ।

ਤੁਰਕ ਕਰੈਂਗੇ ਹਮ ਇਤ ਸਾਲ॥ ਸਾਨੂੰ ਇਸੇ ਸਾਲ ਤੁਰਕ ਕਰ ਲੈਣਗੇ।

ਕਬ ਮਰ ਤੁਮ ਹਮ ਲਓ ਉਬਾਰ॥੨੯॥ ਤੁਸੀਂ ਕਦੋਂ ਸ਼ਹੀਦ ਹੋਏ ਤੇ ਕਦੋਂ ਸਾਨੂੰ ਬਚਾਇਆ? ਮਹਾਰਾਜ ਜੀ! ਏਧਰ ਖਿਆਲ ਕਰੋ ਸਾਡੇ ਵੱਲ। ੨੯।

ਬੂਡ ਮੂਏ ਨੌਕਾ ਕਿਤ ਕਾਮ॥ ਜਦੋਂ ਡੁਬ ਕੇ ਮਰ ਗਏ ਫਿਰ ਬੇੜੀਆਂ ਕਿਸ ਕੰਮ? ਫਿਰ ਬੇੜੀਆਂ ਕੀ ਕਰਾਂਗੇ ਅਸੀਂ?

ਭੂਖੇ ਮਰੇ ਖੀਰ ਕਿਤ ਕਾਮ॥ ਜੇ ਮਰ ਗਏ ਭੁੱਖ ਦੇ ਦੁਖੋਂ ਫਿਰ ਮਗਰੋਂ ਖੀਰ ਲਈ ਫਿਰਿਓ ਸਾਡੇ ਲਈਂ। ਫਿਰ ਸਾਡੇ ਕਿਸ ਕੰਮ ਉਹ ਖੀਰ ।

ਪਯਾਸ ਮੁਏ ਫਿਰ ਨੀਰ ਨੁਲੱਯੇ॥ ਜੇ ਮਰ ਗਏ ਪਿਆਸੇ ਪਾਣੀ ਪੀਣ ਨੂੰ ਮਿਲਿਆ ਤੇ ਮਗਰੋਂ ਮੁਰਦਾ ਨਹਾਉਂਦੇ ਫਿਰੋ, ਫਿਰ ਕਿਸ ਕੰਮ ਫਿਰ ਤਾਂ ਗੱਲ ਬਣਨੀ ਨਹੀਂ ਮਹਾਰਾਜ।

ਫਿਰ ਪਿਆਸ ਤਿਸ ਕੈਸ ਬੁਝੱਯੇ॥੩੦॥ ਫਿਰ ਪਿਆਸ ਉਹਨਾਂ ਮਰਨ ਵਾਲਿਆਂ ਦੀ ਕਿਵੇਂ ਬੁਝੇਗੀ, ਜਦੋਂ ਪਿਆਸੇ ਮਰ ਗਏ। ੩੦।

ਦੋਹਰਾ ॥ ਤਬ ਸਤਿਗੁਰ ਬਿਪ੍ਰਨ ਕਹਯੋ, ਯੌ ਕਹਿ ਗੈਲ ਛੁਡਾਇ॥ ਜਦੋਂ ਬਹੁਤੇ ਕਾਹਲੇ ਪੈ ਗਏ ਬ੍ਰਾਹਮਣ, ਮਹਾਰਾਜ ਛੇਤੀ ਕਰੋ, ਛੇਤੀ ਕਰੋ, ਤਾਂ ਸਾਹਿਬਾਂ ਨੇ ਹੁਕਮ ਕਰ ਦਿੱਤਾ ਜਾਓ ਤੁਸੀਂ ਆਪਣਾ ਖਹਿੜਾ ਛੁਡਾਓ। ਇਹ ਸਾਡਾ ਬਚਨ ਲੈ ਜਾਓ ਜੋ ਇਉਂ ਜਾ ਕੇ ਔਰੰਗਜ਼ੇਬ ਨੂੰ ਕਹਿ ਦੇਵੋ।

ਹਮ ਹੋਵਹਿੰਗੇ ਗੈਲ ਉਸ ਗੁਰ ਕੌ ਤੁਰਕ ਬਨਾਇ॥੩੧॥ ਅਸੀਂ ਉਹਦੇ ਨਾਲ ਹੀ ਹੋ ਜਾਵਾਂਗੇ, ਇਉਂ ਕਰੋ ਪਹਿਲਾਂ ਗੁਰੂ ਤੇਗ ਬਹਾਦਰ ਜੀ ਨੂੰ ਤੁਰਕ ਬਣਾ ਲਉ। ਜੇ ਤੁਸੀਂ ਉਹਨਾਂ ਨੂੰ ਤੁਰਕ ਬਣਾ ਲਿਆ ਨਾਲ ਹੀ ਤੁਰਕ ਅਸੀਂ ਬਣ ਜਾਵਾਂਗੇ। ੩੧।

ਚੌਪਈ॥ ਤਬ ਬਿਪ੍ਰਨ ਜਾਇ ਵੈਸੀ ਕਈ॥ ਤਾਂ ਜਿਵੇਂ ਗੁਰੂ ਸਾਹਿਬ ਨੇ ਹੁਕਮ ਫੁਰਮਾਇਆ ਸੀ ਤਾਂ ਬ੍ਰਹਮਣਾਂ ਨੇ ਔਰੰਗਜ਼ੇਬ ਨੂੰ ਉਸੇ ਤਰ੍ਹਾਂ ਕਹੀ।

ਜਿਮ ਸਤਿਗੁਰ ਥੀ ਉਨ ਸਮਝਈ॥ ਜਿਵੇਂ ਸਤਿਗੁਰਾਂ ਨੇ ਉਨ੍ਹਾਂ ਨੂੰ ਸਮਝਾਈ ਸੀ ਗੱਲ।

ਪ੍ਰਿਥਮ ਕਰੋ ਗੁਰ ਮੁਸਲਮਾਨ॥ ਜਿਵੇਂ ਸਤਿਗੁਰੂ ਜੀ ਨੇ ਬ੍ਰਹਮਣਾਂ ਨੂੰ ਕਿਹਾ ਸੀ ਪਹਿਲਾਂ ਸਤਿਗੁਰਾਂ ਨੂੰ ਮੁਸਲਮਾਨ ਕਰੋ।

ਮਗਰੇ ਹੋਵਗ ਸਗਲ ਜਹਾਨ॥੩੨॥ ਕਿ ਅਸੀਂ ਬ੍ਰਾਹਮਣ ਕੀ ਸਾਰਾ ਹਿੰਦੋਸਤਾਨ ਮਗਰੇ ਮੁਸਲਮਾਨ ਹੋ ਜਾਏਗਾ। ਸੋ ਖਾਲਸਾ ਜੀ ਦੇਖ ਲਉ ਕਿਥੇ ਗੱਲ ਆਈ ਹੈ ਇਤਿਹਾਸ ਵਿਚ। ਜੇ ਉਸ ਮੌਕੇ ਗੁਰੂ ਸਾਹਿਬ ਨਾ ਇਨ੍ਹਾਂ ਦੀ

ਸਹਾਇਤਾ ਕਰਦੇ ਤਾਂ ਇਹ ਕਾਰਨ ਤਾਂ ਹੋ ਹੀ ਜਾਣਾ ਸੀ ਵਰਤ ਹੀ ਜਾਣਾ ਸੀ ਭਾਣਾ, ਸੋ ਖੁਦ ਗੁਰੂ ਸਾਹਿਬ ਜੀ ਨੇ ਆਪਣੇ ਸੀਸ ਉਤੇ ਝੱਲ ਲਿਆ ਅਤੇ ਇਹਨਾਂ ਦੀ ਰੱਖਿਆ ਕੀਤੀ, ਬਚਾ ਲੈਣਾ ਕੀਤਾ। ੩੨।

ਸੋ ਬਿਪ੍ਰਨ ਜਾ ਚੁਗਲੀ ਕਰੀ॥ ਉਹ ਬ੍ਰਹਮਣਾਂ ਨੇ ਜਾ ਕੇ ਚੁਗਲੀ ਕੀਤੀ ਉਸੇ ਤਰ੍ਹਾਂ ਹੀ।

ਤੁਰਕਨ ਮੰਨ ਲਈ ਸੋ ਖਰੀ॥ ਔਰੰਗਜ਼ੇਬ ਨੇ ਖਰੀ ਮੰਨ ਲਈ, ਖਰੀ ਗੱਲ ਹੈ, ਠੀਕ ਹੈ। ਉਹਨੇ ਸੋਚਿਆ ਇਕ ਬੰਦੇ ਨੂੰ ਮੁਸਲਮਾਨ ਕਰਨ ਨਾਲ ਤੇ ਸਾਰਾ ਹਿੰਦੋਸਤਾਨ ਹੋ ਜਾਇਗਾ, ਅਸੀਂ ਸਾਰਿਆਂ ਨੂੰ ਕਿਉਂ ਲਹੂ ਲੁਹਾਣ ਕਰਨਾ ਹੈ, ਇਕ ਨੂੰ ਕਰਨਾ ਸੌਖਾ ਹੈ ਇਉਂ ਤੁਰਕਾਂ ਨੇ ਔਰੰਗਜ਼ੇਬ ਨੇ ਉਹਨਾਂ ਦਾ ਕਿਹਾ ਹੋਇਆ ਮੰਨ ਲਿਆ।

ਗੁਰ ਕੀ ਗੈਲ ਨੁਰੰਗੇ ਫਰੀ॥ ਉਸੇ ਵੇਲੇ ਸਤਿਗੁਰਾਂ ਦੇ ਉਤੇ ਹੁਕਮ ਚਾੜ੍ਹ ਦਿੱਤੇ ਕਿ ਗੁਰੂ ਸਾਹਿਬ ਦੀ ਭਾਲ ਕਰੋ। ਜਿਥੇ ਵੀ ਗੁਰੂ ਤੇਗ ਬਹਾਦਰ ਸਾਹਿਬ ਜੀ ਹੋਣ ਏਥੇ ਮੇਰੇ ਕੋਲ ਲੈ ਕੇ ਆਉ।

ਭੇਜ ਹਲਕਾਰੇ ਤਲਾਇਸ਼ ਕਰੀ॥੩੩॥ ਹਲਕਾਰਿਆਂ ਨੂੰ ਭੇਜਿਆ ਹੈ ਪਤਾ ਲਉ ਕਿਥੇ ਨੇ ਮਹਾਰਾਜ ਜੀ, ਇਉਂ ਤਲਾਸ਼ ਕੀਤੀ ਦੇਸ਼ ਵਿਚ। ੩੩।

ਉਤ ਸਤਿਗੁਰ ਨੈ ਕਰੀ ਤਿਆਰੀ॥ ਉਧਰ ਸਤਿਗੁਰੂ ਨੇ ਵੀ ਤਿਆਰੀ ਕਰ ਲਈ ਹੈ ਅਨੰਦ ਪੁਰ ਸਾਹਿਬ ਤੋਂ।

ਜੈਸੇ ਬਿਪ੍ਰਨ ਹੁਤੀ ਉਚਾਰੀ॥ ਜਿਸ ਤਰ੍ਹਾਂ ਬ੍ਰਾਹਮਣਾਂ ਨੇ ਜਾ ਕੇ ਕਿਹਾ ਸੀ।

ਆਪ ਚੱਲ ਗੁਰ ਦਿੱਲੀ ਆਏ॥ ਸਤਿਗੁਰੂ ਜੀ ਪੜਾਉ ਕਰਦੇ ਹੋਏ ਆਗਰੇ ਪਹੁੰਚੇ ਨੇ। ਮਾਈ ਥਾਨ ਗੁਰਦੁਆਰਾ ਸਾਹਿਬ ਸਤਿਗੁਰਾਂ ਦੀ ਯਾਦ ਵਿਚ ਹੈ ਉਥੇ। ਤਲਾਵ ਸਾਹਿਬ (ਗੁਰ ਕਾ ਤਾਲ) ਵੀ ਹੈ। ਉਥੋਂ ਦੀ ਹੁੰਦੇ ਹੋਏ ਦਿੱਲੀ ਪਹੁੰਚੇ ਹਨ।

ਤੁਰਕਨ ਘਰ ਜਾ ਆਪ ਬੰਧਾਏ॥੩੪॥ ਆਪ ਤੁਰਕਾਂ ਦੇ ਘਰ ਵਿਚ ਆਗਰਾ ਵੀ ਰਾਜਧਾਨੀ ਸੀ ਤੁਰਕਾਂ ਦੀ, ਅਤੇ ਉਥੇ ਜਾ ਕੇ ਆਪਣੇ ਆਪ ਬੰਧਾਇਆ ਹੈ, ਆਪ ਗ੍ਰਿਫਤਾਰੀ ਦਿੱਤੀ ਹੈ। ੩੪।

ਦੋਹਰਾ॥ ***ਦਿੱਲੀ ਦੁਵਾਰੈ ਖੜ ਗੁਰੂ, ਦੁਸਾਲੋ ਦੀਯੋ ਘਲਾਇ॥*** ਦਿੱਲੀ ਦਰਵਾਜੇ ਖੜ੍ਹ ਕੇ ਸਤਿਗੁਰਾਂ ਨੇ ਆਪਣਾ ਦੁਸ਼ਾਲਾ ਤੇ ਦਮੜੇ ਮਾਇਆ ਇਕ ਆਜੜੀ ਬੱਕਰੀਆਂ ਚਾਰਨ ਵਾਲੇ ਨੂੰ ਸੱਦ ਕੇ, ਇਹ ਵੀ ਇਤਿਹਾਸ ਨੇ ਦੱਸਿਆ ਇਹਦੀ ਲੜਕੀ ਦੀ ਸ਼ਾਦੀ ਕਰਨੀ ਸੀ ਇਹਨੂੰ ਪੈਸਿਆਂ ਦੀ ਲੋੜ ਸੀ ਤੇ ਚਿੱਤ ਵਿਚ ਰਹਿੰਦਾ ਸੀ ਕਿ ਕੋਈ ਕਾਰਨ ਬਣੇ ਔਰੰਗਜ਼ੇਬ ਦਾ ਐਲਾਨ ਹੋ ਗਿਆ ਸੀ ਜਿਹੜਾ ਗੁਰੂ ਤੇਗ ਬਹਾਦਰ ਨੂੰ ਫੜਾਵੇ ਉਹਨੂੰ ਇਨਾਮ ਦੇਵਾਂਗੇ ਤਾਂ ਉਸਨੇ ਵੀ ਸੁਣੀ ਸੀ ਇਹ ਗੱਲ। ਉਹਨੇ ਆਖਿਆ ਜੇ ਗੁਰੂ ਸਾਹਿਬ ਮੇਰੇ ਹੱਥ ਆ ਜਾਣ ਤਾਂ ਮੈਂ ਉਨ੍ਹਾਂ ਨੂੰ ਗ੍ਰਿਫਤਾਰ ਕਰਾਵਾਂ ਤਾਂ ਮੇਰਾ ਕਾਰਜ ਬਣ ਜਾਇਗਾ। ਸਾਹਿਬਾਂ ਨੇ ਕਿਹਾ ਚਲੋ ਇਹਦਾ ਵੀ ਕਾਰਜ ਕਰ ਦੇਈਏ, ਅਸੀਂ ਤੇ ਜਾਣਾ ਹੀ ਜਾਣਾ ਹੈ ਉਥੇ ਗ੍ਰਿਫਤਾਰੀ ਦੇਣੀ ਹੈ ਤੋ ਸਾਹਿਬ ਜੀ ਨੇ ਏਸੇ ਬੱਕਰੀਆਂ ਵਾਲੇ ਨੂੰ ਕਿਹਾ ਲੈ ਭਾਈ ਆਹ ਫੜ ਮੋਹਰ ਤੇ ਆਹ ਸਾਡਾ ਦੁਸ਼ਾਲਾ ਲੈ ਜਾ, ਅਤੇ ਮਠਿਆਈ ਪੁਆ ਲਿਆ ਹਲਵਾਈ ਤੋਂ। ਇਹ ਮਠਿਆਈ ਲੈਣ ਏਥੇ ਆ ਗਿਆ। ਆ ਕੇ ਹਲਵਾਈ ਨੂੰ ਕਹਿਣ ਲੱਗਾ ਲੈ ਭਾਈ ਮਠਿਆਈ ਪਾ ਦੇ। ਜਦੋਂ ਹਲਵਾਈ ਨੇ ਦੇਖਿਆ ਕਿ ਇਤਨਾ ਕੀਮਤੀ ਦੁਸ਼ਾਲਾ, ਇਸਦੇ ਵਿਚ ਮਠਿਆਈ ਪੁਆਉਣ ਵਾਸਤੇ ਲਿਆਇਆ ਹੈ। ਇਹ ਕਿਸ ਅਮੀਰ ਦਾ ਹੈ ਇਹ ਕਿਸੇ ਦਾ ਚੁਰਾ ਕੇ ਲਿਆਇਆ ਹੈ, ਮੋਹਰ ਇਹਦੇ ਕੋਲ ਕਿਥੇ ਹੈ ਗਰੀਬੜੇ ਕੋਲ। ਇਹ ਤਾਂ ਕਿਸੇ ਦੀ ਚੋਰੀ ਕੀਤੀ ਹੈ। ਉਹਨੇ ਇਤਲਾਹ ਕਰ ਦਿੱਤੀ ਪੁਲਸ ਵਿਚ ਜਾਂ ਦੇਖਿਆ ਦੁਸ਼ਾਲਾ ਤੇ ਮੋਹਰ ਇਹ ਬੰਦਾ ਹੈ ਮਠਿਆਈ ਲੈਣ ਆਇਆ । ਇਸਨੇ ਕਿਸੇ ਦੀ ਚੋਰੀ ਕੀਤੀ ਹੈ ਜਾਂ ਕੋਈ ਹੋਰ ਗੱਲ ਹੋਈ ਹੈ ਉਹਨੂੰ ਪੁਲਸ ਵਾਲਿਆਂ ਨੇ ਫੜ ਲਿਆ ਉਹ ਕਹਿੰਦਾ ਜੀ ਮੈਨੂੰ ਤਾਂ ਪਤਾ ਨਹੀਂ ਘੋੜਿਆਂ ਉਤੇ ਨੇ ਚੜ੍ਹੇ ਹੋਏ ਤੇ ਉਥੇ ਉਤਰੇ ਹੋਏ ਨੇ ਬਾਹਰ ਚਲ ਕੇ ਦੇਖ ਲਉ ਮੈਂ ਦਿਖਾ ਦਿੰਦਾ ਹਾਂ ਤਾਂ ਉਹ ਤੁਰਕ ਉਥੇ ਲੈ ਆਏ। ਐਲਾਨ ਸੀ ਔਰੰਗਜ਼ੇਬ ਦਾ ਅਤੇ ਜਦ ਵੇਖਿਆ ਗੁਰੂ ਸਾਹਿਬ ਹਨ ਉਸੇ ਵੇਲੇ ਹੀ ਇਨਾਮ ਮਿਲਿਆ। ਬੱਕਰੀਆਂ ਵਾਲੇ ਨੂੰ ਇਨਾਮ ਦਿਵਾ ਦਿੱਤਾ ਆਪ ਗ੍ਰਿਫਤਾਰ ਹੋ ਗਏ ਸਾਹਿਬ ਸੱਚੇ ਪਾਤਸ਼ਾਹ ਆਪ ਹੀ ਕਹਿੰਦੇ ਨੇ ਆਪਣਾ ਆਪ ਬੰਧਾ ਲਿਆ ਹੈ

ਆਪ ਗ੍ਰਿਫਤਾਰੀ ਦੇ ਦਿੱਤੀ ਹੈ।

ਹਲਵਾਈ ਹੱਟੀ ਜਾਇ ਧਰਯੋ ਪਰਗਟ ਹੋਣੇ ਦਾਇ॥੩੫॥ ਪ੍ਰਗਟ ਹੋਣ ਵਾਸਤੇ ਹਲਵਾਈ ਦੀ ਹੱਟੀ ਜਾ ਧਰਿਆ ਉਸਨੇ ਦੁਸ਼ਾਲਾ। ੩੫।

ਚੌਪਈ॥ ਸ਼ੋਹਰਤ ਭਈ ਨੌਰੰਗੈ ਫੜ ਲਯੋ॥ ਸ਼ੋਹਰਤ ਹੋ ਗਈ, ਜਸ ਫੈਲ ਗਿਆ ਤੇਗ ਬਹਾਦਰ ਜੀ ਦਾ ਕਿ ਗੁਰੂ ਸਾਹਿਬ ਆ ਗਏ ਨੇ, ਔਰੰਗਜ਼ੇਬ ਨੇ ਹੁਕਮ ਦੇ ਕੇ ਉਸ ਵੇਲੇ ਗ੍ਰਿਫਤਾਰੀ ਕਰਵਾ ਦਿੱਤੀ।

ਢੂੰਡਤ ਥੇ ਜਿਸ ਘਰ ਮੈਂ ਪਯੋ॥ ਜਿਹਨੂੰ ਲੱਭ ਰਹੇ ਸੀ ਜਿਹਨੂੰ ਦੇਸ਼ਾਂ ਵਿਚ ਲੱਭ ਰਹੇ ਸਨ, ਸੁਨੇਹੇ ਭੇਜੇ, ਸੂਬਿਆਂ ਵਿਚ ਉਹ ਤਾਂ ਘਰੇ ਹੀ ਆ ਮਿਲੇ ਐਥੇ ਹੀ ਲੱਭ ਗਏ ਨੇ।

ਇਮ ਨੌਰੰਗੇ ਕੇ ਹਥ ਆਏ॥ ਇਸ ਤਰ੍ਹਾਂ ਔਰੰਗਜ਼ੇਬ ਦੇ ਹੱਥ ਆਏ ਨੇ ਸਾਹਿਬ ਜੀ।

ਇਮ ਕਰ ਸਤਿਗੁਰ ਆਪ ਬੰਧਾਏ॥੩੬॥ ਇਸ ਤਰ੍ਹਾਂ ਕਰਕੇ ਸਤਿਗੁਰਾਂ ਨੇ ਆਪਣੇ ਆਪ ਨੂੰ ਬੰਧਾ ਲਿਆ ਹੈ ਗ੍ਰਿਫਤਾਰ ਹੋ ਗਏ ਨੇ। ੩੬।

ਕੈਦ ਪਾਇ ਬਹੁ ਦਿਵਾਯੋ ਤ੍ਰਾਸ॥ ਸਾਹਿਬਾਂ ਨੂੰ ਕੈਦ ਵਿਚ ਪਾਇਆ ਹੈ, ਪਿੰਜਰੇ ਵਿਚ ਬੰਦ ਕੀਤਾ ਹੈ। ਤ੍ਰਾਸ ਦਿੱਤਾ ਹੈ ਡਰ ਦਿੱਤਾ ਹੈ।

ਫੇਰ ਮੁਗਲ ਇਕ ਭੇਜਯੋ ਪਾਸ॥ ਫੇਰ ਮੁਗਲ ਇਕ ਭੇਜਿਆ ਹੈ ਸਤਿਗੁਰਾਂ ਦੇ ਕੋਲ।

ਖੋਟਾ ਬੋਲ ਔ ਤ੍ਰਾਸ ਦਿਖਾਯਾ॥ ਜਿਵੇਂ ਪੁਲਸ ਦਾ ਬੋਲਾ ਹੁੰਦਾ, ਖੋਟਾ ਬੋਲਣਾ ਮੰਦਾ ਬੋਲਣਾ ਅਤੇ ਡਰਾਵਾ ਅਸੀਂ ਐ ਕਰ ਦਿਆਂਗੇ ਅਸੀਂ ਵਾਹ ਕਰ ਦਿਆਂਗੇ। ਜੇ ਗੱਲ ਮੰਨ ਲਵੇਂ ਤਾਂ ਕੁਛ ਨਹੀਂ ਕਹਿੰਦੇ।

'ਤੁਰਕ ਹੋਹਿ' ਤਿਨ ਆਖ ਸੁਨਾਇਆ॥੩੭॥ ਉਹਨਾਂ ਨੇ ਇਸ ਤਰ੍ਹਾਂ ਆਖ ਕੇ ਸੁਨਾਇਆ ਹੈ ਕਿ ਤੁਸੀਂ ਤੁਰਕ ਹੋ ਜਾਓ ਭਾਵ ਮੁਸਲਮਾਨ ਬਣ ਜਾਉ। ੩੭।

ਅਕੈ ਦਿਖਾਇਓ ਕਰਾ ਜੁ ਮਾਤ॥ ਜੇ ਮੁਸਲਮਾਨ ਨਹੀਂ ਹੋਣਾ ਤਾਂ ਆਪਣੀ ਕਲਾ ਵਿਖਾਓ ਕੋਈ ਸਾਨੂੰ ਕਰਾਮਾਤ ਵਿਖਾਓ।

ਜਿਮ ਗੁਰੂ ਅਖਾਵੇਂ ਦਿਖਾਓ ਸੋਊ ਬਾਤ॥ ਜਿਵੇਂ ਦੁਨੀਆਂ ਦੇ ਗੁਰੂ ਕਹਾਉਂਦੇ ਹੋ ਤੁਸੀਂ, ਆਪਣੀ ਕੋਈ ਕਰਾਮਾਤ ਜਾਂ ਸ਼ਕਤੀ ਦਿਖਾਓ।

ਜਿਮ ਤੁਮ ਪਾਤਸ਼ਾਹੁ ਸੱਚੇ ਸਦਵਾਵੈਂ॥ ਇਹ ਤੁਰਕ ਕਹਿੰਦਾ ਹੈ ਆ ਕੇ ਜਿਵੇਂ ਤੁਸੀਂ ਆਪਣੇ ਆਪ ਨੂੰ ਸੱਚਾ ਪਾਤਸ਼ਾਹ ਅਖਵਾਉਂਦੇ ਹੋ, ਦਿਖਾਓ ਹੁਣ ਸੱਚ ਦੀ ਕਰਾਮਾਤ।

ਜਿਮ ਕਰ ਹਮ ਕੌ ਝੂਠ ਠਹਿਰਾਵੈਂ॥੩੮॥ ਜਿਸ ਤਰ੍ਹਾਂ ਸਾਨੂੰ ਤੁਸੀਂ ਝੂਠੇ ਠਹਿਰਾਉਂਦੇ ਹੋ ਇਹ ਝੂਠੇ ਬਾਦਸ਼ਾਹ ਨੇ ਦੁਨੀਆ ਦੇ ਅਸੀਂ ਸੱਚੇ ਹਾਂ ਸੋ ਸਾਨੂੰ ਦੱਸੋ ਕਿਸ ਤਰ੍ਹਾਂ ਹੋ ਤੁਸੀਂ। ੩੮।

ਨਹੀਂ ਹੋਹੁ ਤੂੰ ਮੁਸਲਮਾਨ॥ ਜੇ ਨਹੀਂ ਕਲਾ ਤੁਸੀਂ ਵਿਖਾਉਣੀ ਤਾਂ ਫਿਰ ਸਿੱਧੀ ਗੱਲ ਹੈ ਮੁਸਲਮਾਨ ਹੋ ਜਾਣਾ ਕਰੋ।

ਅਕੈ ਦਿਖਾਉ ਕੁਛ ਅਪਨੌ ਤਾਨ॥ ਜਾਂ ਆਪਣਾ (ਤਾਨ) ਜ਼ੋਰ ਵਿਖਾਉ, ਕਿਸ ਜ਼ੋਰ ਉਤੇ ਤੁਸੀਂ ਮੁਸਲਮਾਨ ਨਹੀਂ ਹੁੰਦੇ।

ਦਿਖਾਓ ਹਮੈਂ ਕੁਛ ਕਰਾ ਜੁ ਮਾਤ॥ ਕਰਾਮਾਤ ਜਿਸਨੂੰ ਕਹਿੰਦੇ ਨੇ ਜਾਂ ਫਿਰ ਸਾਨੂੰ ਉਹ ਵਿਖਾਉ ਕੋਈ।

ਰਾਮਰਾਇ ਜਿਮੇਂ ਮੰਨੋ ਬਾਤ॥੩੯॥ ਸਾਡਾ ਬਾਦਸ਼ਾਹ ਔਰੰਗਜ਼ੇਬ ਕਹਿੰਦਾ ਹੈ ਰਾਮ ਰਾਇ ਵਾਂਗ ਜਿਵੇਂ ਉਸਨੇ ਕਲਾਂ ਵਿਖਾਈਆਂ ਸਨ ਉਸੇ ਤਰ੍ਹਾਂ ਤੁਸੀਂ ਵੀ ਕੋਈ ਕਰਾਮਾਤ ਵਿਖਾਓ। ਉਸਨੇ ਸਾਡੇ ਬਾਦਸ਼ਾਹ ਨੂੰ ਬਹੱਤਰ (੭੨) ਕਲਾਂ ਵਿਖਾਈਆਂ ਸਨ ਜਿਵੇਂ ਬਕਰਾ ਜਿਉਂਦਾ ਕਰਨਾ, ਅਕਾਸ਼ ਵਿਚ ਬਾਰਾਂ ਸੂਰਜ ਵਿਖਾਉਣੇ, ਪਤਾਲ ਵਿਖਾਏ ਅਨੇਕਾਂ ਅਕਾਸ਼ ਵਿਖਾਏ, ਬਹਿਸ਼ਤਾਂ ਦੇ ਮੇਵੇ ਦਿਖਾਏ ਉਸਨੇ, ਆਦਿਕ ਜਿਵੇਂ ਔਰੰਗਜ਼ੇਬ ਕਹਿੰਦਾ ਸੀ ਉਹ ਉਵੇਂ ਹੀ ਕਰਦਾ ਸੀ, ਹੁਣ ਕਹਿੰਦਾ ਰਾਮ ਰਾਇ ਨੇ ਸਾਡੇ ਬਾਦਸ਼ਾਹ ਨੂੰ ਕਰਾਮਾਤਾਂ ਵਿਖਾਈਆਂ ਤੇ ਉਹ ਉਹਦਾ ਉਪਾਸ਼ਕ

ਬਣ ਗਿਆ ਸੀ। ਗੁਰੂ ਸਾਹਿਬ ਜੀ ਨੂੰ ਕਹਿਣ ਲੱਗੇ ਤੁਸੀਂ ਵੀ ਉਸੇ ਤਰ੍ਹਾਂ ਕਰਾਮਾਤ ਵਿਖਾਓ, ਮੈਂ ਤੁਹਾਨੂੰ ਆਪਣਾ ਪੀਰ ਮੰਨ ਲਵਾਂਗਾ। ੩੯।

ਦੋਹਰਾ॥ਤਬ ਸਤਿਗੁਰ ਫਿਰ ਇਮ ਕਹਯੋ, ਨਹਿੰ ਅੱਛਾ ਕੀਆ ਰਾਮਰਾਇ॥ ਸਤਿਗੁਰੂ ਕਹਿਣ ਲੱਗੇ ਚੰਗਾ ਥੋੜ੍ਹਾ ਕੀਤਾ ਉਸਨੇ, ਰਾਮਰਾਇ ਨੇ ਚੰਗੀ ਗੱਲ ਨਹੀਂ ਕੀਤੀ, ਤਾਹੀਓਂ ਗੁਰੂ ਘਰ ਵਿਚੋਂ ਬਰਖਾਸਤ ਹੋ ਗਏ, ਗੁਰਾਂ ਦੀ ਤੁਕ ਪਲਟਾਈ ਉਸਨੇ।

ਆਪ ਬਡਾਈ ਲੈ ਗਇਓ, ਗਲ ਪਿਛਲਨ ਪਾਇ ਬਲਾਇ॥੪੦॥ ਗੁਰੂ ਤੇਗ ਬਹਾਦਰ ਸਾਹਿਬ ਕਹਿੰਦੇ ਆਪ ਤਾਂ ਵਡਿਆਈਆਂ ਲੈ ਗਿਆ ਉਹ। ਆਪਣੀ ਜਾਨ ਵੀ ਬਚਾ ਗਿਆ ਤੇ ਏਥੇ ਸ਼ੋਭਾ ਵੀ ਕਰਾ ਗਿਆ। ਹੁਣ ਦੂਜਿਆਂ ਦੇ ਬਲਾ ਗਲ ਵਿਚ ਪਾ ਗਿਆ। ਹੁਣ ਸਾਨੂੰ ਕਹਿੰਦੇ ਨੇ ਤੁਸੀਂ ਵੀ ਸਾਨੂੰ ਕਰਾਮਾਤ ਵਿਖਾਓ। ੪੦।

ਚੌਪਈ॥ ਜੌ ਵਹੁ ਦੇ ਗਇਓ ਕਰਾ ਸੁ ਮਾਤ॥ ਗੁਰੂ ਸਾਹਿਬ ਕਹਿੰਦੇ ਨੇ ਜੇ ਉਹ (ਰਾਮਰਾਇ) ਤੁਹਾਨੂੰ ਕਰਾਮਾਤ ਵਿਖਾ ਗਿਆ ਉਹ ਤੁਹਾਨੂੰ ਇਸ ਕਾਰਨ।

ਤੌ ਹਮ ਕੌ ਤੈਂ ਆਖੀ ਬਾਤ॥ ਤਾਂ ਹੀ ਤੂੰ ਇਹ ਗੱਲ ਕਹੀ ਕਰਾਮਾਤ ਵਿਖਾਓ, ਜੇ ਉਹੀ ਨਾ ਵਿਖਾਉਂਦਾ ਕਰਾਮਾਤ ਤਾਂ ਸਾਨੂੰ ਕਿਉਂ ਪੁਛਦੇ ਤੁਸੀਂ।

ਪੀਰ ਫਕੀਰਨ ਲਾਗਯੋ ਪਾਪ॥ ਇਹ ਤਾਂ ਪੀਰ ਫ਼ਕੀਰਾਂ ਨੂੰ ਪਾਪ ਲੱਗ ਗਿਆ ਇਹਨਾਂ ਦੇ ਮਗਰ ਪਾਪ ਲੱਗ ਗਿਆ ਹੈ ਸਾਰਿਆਂ ਨੂੰ ਤੂੰ ਕਹੇਂਗਾ ਵਿਖਾਓ ਕਰਾਮਾਤ। ਜਿਸਦੇ ਵਿਚ ਕਰਾਮਾਤ ਨਹੀਂ ਉਹ ਫ਼ਕੀਰ ਹੀ ਨਹੀਂ। ਤੇ ਤੂੰ ਤਾਂ ਮੰਨਣਾ ਨਹੀਂ ਉਹ ਤਾਂ ਦੁਖੀ ਕਰ ਗਿਆ ਸਾਰਿਆਂ ਨੂੰ।

ਗਯੋ ਕਰਵਾਇ ਵਹੁ ਸਭ ਕੁ ਖਾਪ॥੪੧॥ ਤੇ ਉਹਨੇ ਤਾਂ ਖਾਤਮਾ ਕਰਵਾ ਦਿੱਤਾ ਸਾਰਿਆਂ ਦਾ, ਸਭ ਨੂੰ ਤੂੰ ਮਾਰੇਂਗਾ ਜਿਹਦੇ ਵਿਚ ਕਰਾਮਾਤ ਨਾ ਹੋਈ। ੪੧।

ਕਰਾਮਾਤ ਮਯ ਸਭ ਕਬ ਹੋਇ॥ ਸਾਰਿਆਂ ਵਿਚ ਕਰਾਮਾਤ ਨਹੀਂ ਹੁੰਦੀ ਕਿਸੇ ਇਕ ਅੱਧੇ ਦੇ ਵਿਚ ਹੋਈ ਇਹ ਇਲਾਹੀ ਤਾਕਤ ਹੈ ਉਹ ਸਾਰਿਆਂ ਵਿਚ ਕਿਵੇਂ ਹੋ ਸਕਦੀ ਹੈ।

ਬਿਨ ਕਰਾਮਾਤ ਤੁਮ ਛਡੋ ਨ ਕੋਇ॥ ਜਿਹਨੇ ਕਰਾਮਾਤ ਨਾ ਵਿਖਾਈ ਉਹਨੂੰ ਤੂੰ ਨਹੀਂ ਛੱਡਣਾ, ਉਹਨੂੰ ਤੂੰ ਰੋਅਬ ਮਾਰੇਂਗਾ।

ਯਹ ਕਰਾਮਾਤ ਹਮ ਦੇਇ ਨ ਜਾਹੀਂ॥ ਸਤਿਗੁਰੂ ਕਹਿਣ ਲੱਗੇ ਅਸੀਂ ਨਹੀਂ ਤੈਨੂੰ ਕਰਾਮਾਤ ਦਿੰਦੇ। ਜਿਹੜੀ ਪਿਛਲਿਆਂ ਦੇ ਗਲ ਬਲਾ ਪਵੇ। ਅਸੀਂ ਅੜਿਕਾ ਪਾਵਾਂਗੇ ਇਹਦੇ ਵਿਚ ਰੋਕਾਂਗੇ ਇਸ ਗੱਲ ਨੂੰ।

ਪਿਛਲਨ ਕੈ ਜੌ ਗੈਲ ਲਗਾਹੀਂ॥੪੨॥ ਜੋ ਪਿਛਲਿਆਂ ਦੇ ਗਲ ਲੱਗੇ ਐਸੀ ਗੱਲ ਕਿਉਂ ਕਰਾਂਗੇ। ਅਸੀਂ ਨਹੀਂ ਇਉਂ ਕਰਨੀ। ੪੨।

ਕਰਾਮਾਤ ਹੈ ਕਹਰ ਸੁ ਮਾਹਿ॥ ਕਰਾਮਾਤ ਤਾਂ ਨਾਮ ਹੈ ਕਹਿਰ ਦਾ ਕਿਸੇ 'ਤੇ ਜ਼ੁਲਮ ਕਰੀਏ ਤਾਕਤ ਵਿਖਾਈਏ ਇਹੀ ਕਰਾਮਾਤ ਹੈ? ਭੁਚਾਲ ਲਿਆਈਏ, ਭੁਚਾਲ ਆ ਜਾਏ ਦੁਨੀਆਂ ਦੇ ਮਹਿਲ ਡਿੱਗ ਪੈਣ, ਥੱਲੇ ਦੁਨੀਆਂ ਦਲੀ ਦੀ ਮਲੀ ਦੀ ਖਤਮ ਹੋ ਜਾਏ ਤੇ ਲਉ ਕਰਾਮਾਤ ਵੇਖੀ। ਜਾਂ ਹੋਰ ਕੋਈ ਐਸੀ ਕਲਾ ਵਿਖਾਈਏ ਜਿਹਦੇ ਨਾਲ ਬਰਬਾਦੀ ਹੋਵੇ ਮੌਤ ਦਾ ਨਿਸ਼ਾਨਾ ਦਿਸੇ ਉਹ ਕਾਹਦੀ ਕਰਾਮਾਤ । ਕਹਿੰਦੇ ਅਸੀਂ ਨਹੀਂ ਇਹ ਜ਼ੁਲਮ ਕਰਨਾ ਪੀਰ ਫਕੀਰਾਂ ਦਾ ਇਹ ਕੰਮ ਹੀ ਨਹੀਂ ਹੈ ਜੋ ਕਰਾਮਾਤ ਵਿਖਾ ਕੇ ਦੂਸਰਿਆਂ ਨੂੰ ਦੁੱਖ ਦੇਣ।

ਪੀਰ ਸ਼ਾਹ ਕੌ ਚਹੀਅਤ ਨਾਹਿ॥ ਇਸ ਵਾਸਤੇ ਪੀਰ ਨੂੰ ਤੇ ਬਾਦਸ਼ਾਹ ਨੂੰ ਇਹਨਾਂ ਦੋਵਾਂ ਨੂੰ ਨਹੀਂ ਚਾਹੀਦਾ ਪਾਤਸ਼ਾਹ ਕੋਲ ਕਰਾਮਾਤ ਹੁੰਦੀ ਹੈ ਜਾਂ ਪੀਰ ਫ਼ਕੀਰ ਕੋਲ ਹੁੰਦੀ ਹੈ।

ਕਹਿਰ ਹਟਾਵਨ ਕੌ ਕੀਓ ਦੋਊ॥ ਕਹਿਰ ਨੂੰ ਜ਼ੁਲਮ ਨੂੰ ਹਟਾਉਣ ਵਾਸਤੇ ਦੋਵੇਂ ਕੀਤੇ ਹਨ ਪੀਰ ਤੇ ਬਾਦਸ਼ਾਹ।

ਪੀਰ ਫ਼ਕੀਰ ਕਹਰ ਚਹਿ ਖੋਊ ॥੪੩॥ ਪੀਰ ਤੇ ਫ਼ਕੀਰ ਕਹਿਰ ਨੂੰ ਜ਼ੁਲਮ ਨੂੰ ਨਾਸ਼ ਕਰਨਾ ਚਾਹੁੰਦੇ ਹਨ। ੪੩।

ਦੋਹਰਾ॥ ਕਰਾਮਾਤ ਨਾਮ ਕਹਿਰ ਹੈ, ਸੋ ਹਮ ਕਰਤੇ ਨਾਹਿ॥ ਕਰਾਮਾਤ ਨਾਮ ਕਹਿਰ ਦਾ ਹੀ ਹੈ ਕਿਸੇ ਤੇ ਕਹਿਰ ਕਰੋ ਕਰਾਮਾਤ ਹੈ, ਉਹ ਨਹੀਂ ਅਸੀਂ ਕਰਦੇ, ਐਹੋ ਜਿਹੇ ਅਸੀਂ ਕਿਸੇ 'ਤੇ ਜ਼ੁਲਮ ਨਹੀਂ ਕਰਦੇ ਹਾਂ।

ਹਮਰੈ ਉਪਰ ਤੁਮ ਕਰੋ, ਤੌ ਤੁਹ ਪੁਛੈ ਖੁਦਾਇ॥੪੪॥ ਗੁਰੂ ਤੇਗ ਬਹਾਦਰ ਸਾਹਿਬ ਜੀ ਕਹਿਣ ਲੱਗੇ ਹੇ ਔਰੰਗਜ਼ੇਬ! ਅਜਿਹਾ ਕਹਿਰ ਤੂੰ ਸਾਡੇ 'ਤੇ ਕਰ। ਉਹ ਪਿਛੋਂ ਤੈਨੂੰ ਆਪੇ ਖੁਦਾ ਪੁਛ ਲਵੇਗਾ ਉਹ ਲੇਖਾ ਲਏਗਾ ਤੇਰੇ ਤੋਂ, ਤੂੰ ਕਰ ਜ਼ੁਲਮ ਜੋ ਕਰਨਾ ਹੈ ਸਾਡੇ 'ਤੇ। ੪੪।

ਚੌਪਈ॥ ਤਬੈ ਨੁਰੰਗੈ ਗੁੱਸਾ ਕੀਆ॥ ਔਰੰਗਜ਼ੇਬ ਨੂੰ ਬੜਾ ਗੁੱਸਾ ਆਇਆ ਏਸ ਗੱਲ 'ਤੇ ਇਹ ਸੁਣ ਕੇ।

'ਤੁਮ ਚਾਹਤ ਬਾਤਨ ਤੈ ਜੀਆ॥ ਕਹਿਣ ਲੱਗਾ ਹਾਂ ਸਮਝ ਗਿਆ ਮੈਂ ਗੱਲ, ਤੁਸੀਂ ਚਾਹੁੰਦੇ ਹੋ ਇਹਨੂੰ ਗੱਲੀਂ ਲਾ ਕੇ ਬਚ ਜਾਵਾਂਗਾ ਮੈਂ, ਪਰ ਇਹ ਗੱਲ ਨਹੀਂ ਹੋਣੀ । ਇਹ ਗੱਲ ਸੁਣ ਕੇ ਨਹੀਂ ਮੈਂ ਪਤੀਜਦਾ।

ਅਕੈ ਤਾਂ ਹੋਹੁ ਤੂੰ ਮੁਸਲਮਾਨ॥ ਬੱਸ ਦੋਈ ਗੱਲਾਂ ਜਾਂ ਤਾਂ ਮੁਸਲਮਾਨ ਹੋ ਜਾਣਾ ਕਰੋ।

ਅਕੈ ਤਾਂ ਤੂੰ ਕਰ ਮਰਨ ਪ੍ਰਵਾਨ॥੪੫॥ ਜਾਂ ਫਿਰ ਤੁਸੀਂ ਮਰਨਾ ਪ੍ਰਵਾਨ ਕਰੋ। ੪੫।

ਮਾਰੌਂ ਮੁੰਦ ਤੁਹਿ ਕੱਚੇ ਚਾਮ॥ ਇਹ ਦਬਕੇ ਮਾਰਦਾ ਹੈ ਕਹਿੰਦਾ ਮੈਂ ਗਊ ਦਾ ਚਮੜਾ ਲੁਹਾਕੇ ਮੜ੍ਹਾ ਦੇਵਾਂਗਾ ਜਿੰਦਾ ਕੱਚੇ ਚੰਮ ਵਿਚ ਮੜ੍ਹਾ ਕੇ।

ਧਰੌਂ ਧੂਪ ਤੋਹਿ ਮੱਧ ਦਰਾਮ॥ ਰੜੇ ਮੈਦਾਨ ਵਿਚ ਤੁਹਾਨੂੰ ਰੱਖ ਦੇਵਾਂਗਾ ਮੜ੍ਹਾ ਕੇ ਅਤੇ ਜਦੋਂ ਚਮੜਾ ਸੁੱਕੇਗਾ ਧੁਪ ਦੇ ਨਾਲ।

ਜਿਮ ਜਿਮ ਤੁਮ ਵਹਿ ਧੂਪ ਸੁਕਾਇ॥ ਜਿਉਂ ਜਿਉਂ ਧੁਪ ਸੁਕਾਵੇਗੀ ਚਮੜੇ ਨੂੰ।

ਤਿਮ ਤਿਮ ਤੁਮ ਕੌ ਮਿਲੈ ਸਜਾਇ॥੪੬॥ ਤਿਉਂ ਤਿਉਂ ਤੁਹਾਨੂੰ ਸਜ਼ਾ ਮਿਲੇਗੀ, ਜਦੋਂ ਚੰਮ ਸੁਕਦਾ ਹੈ ਤਾਂ ਬੰਦਾ ਔਖਾ ਹੁੰਦਾ ਹੈ ਤਕਲੀਫ ਹੁੰਦੀ ਹੈ। ੪੬।

ਗੁਰੂ ਅਖਾਇ ਲੁੱਟ ਖਾਯੋ ਜਹਾਨ॥ ਤੁਸੀਂ ਗੁਰੂ ਕਹਾਉਂਦੇ ਹੋ ਜਹਾਨ ਲੁੱਟ ਕੇ ਖਾ ਲਿਆ ਤੁਸੀਂ। ਸਾਰੀ ਦੁਨੀਆਂ ਤੋਂ ਮੱਥੇ ਟਿਕਾਉਂਦੇ ਹੋ ਮਾਇਆ ਇਕੱਠੀ ਕਰ ਲਈ ਹੈ। ਜੋ ਪੁੱਠੇ ਹਾਕਮਾਂ ਦੇ ਬਚਨ ਹੁੰਦੇ ਨੇ ਗੁਰੂ ਸਾਹਿਬ ਜੀ ਦੀ ਸ਼ਾਨ ਵਿਚ ਇਸ ਤਰ੍ਹਾਂ ਕਰਨ ਲੱਗਿਆ।

ਅਬ ਹੋਵਤ ਨਹਿੰ ਕਿਮ ਮੁਸਲਮਾਨ॥ ਹੁਣ ਹੁੰਦਾ ਕਿਵੇਂ ਨਹੀਂ ਮੁਸਲਮਾਨ?

ਕਯਾ ਮੁਸਲਮਾਨ ਸਮ ਹਿੰਦੂਨ ਨਾਹਿੰ॥ ਕੀ ਮੁਸਲਮਾਨ ਹਿੰਦੂਆਂ ਤੁਲ ਨਹੀਂ ਹੁੰਦੇ? ਕੋਈ ਫਰਕ ਹੈ ਸਾਡੇ ਵਿਚ? ਕਿਉਂ ਨਹੀਂ ਤੁਸੀਂ ਮੁਸਲਮਾਨ ਬਣਦੇ? ਕਿਉਂ ਸਾਨੂੰ ਬੁਰਾ ਸਮਝਦੇ ਹੋ?

ਹਮ ਤੈ ਤੁਮ ਜਿਮ ਨਠ ਨਠ ਜਾਹਿੰ॥੪੭॥ ਸਾਡੇ ਕੋਲੋਂ ਜਿਵੇਂ ਨਠ ਨਠ ਜਾਂਦੇ ਹੋ। ਸਾਨੂੰ ਭੈੜਾ ਸਮਝਦੇ ਹੋ। ੪੭।

ਤਬ ਸਤਿਗੁਰ ਮਨ ਕੀਯੋ ਬਿਚਾਰਾ॥ ਤਾਂ ਸਤਿਗੁਰੂ ਜੀ ਨੇ ਮਨ ਵਿਚ ਵਿਚਾਰ ਕੀਤੀ।

'ਆਇ ਪੁਜਯੋ ਹੈ ਵਕਤ ਹਮਾਰਾ॥ ਸਾਹਿਬ ਜੀ ਕਹਿੰਦੇ ਜੋ ਇਹਨਾਂ ਦੇ ਸਿਰ 'ਤੇ ਬੁਰਿਆਈ ਦੇਣੀ ਹੈ। ਇਹਨਾਂ ਦੀ ਜੜ੍ਹ ਪੁੱਟਣੀ ਹੈ ਉਹ ਟਾਇਮ ਆ ਗਿਆ ਹੈ।

ਜਿਸੈ ਵਕਤ ਹਮ ਟੋਲਤ ਆਏ॥ ਜਿਹੜੇ ਵਕਤ ਨੂੰ ਭਾਲਦੇ ਸਾਂ, ਟੋਲਦੇ ਸਾਂ ਅਸੀਂ ਸੀਸ ਲਾਈਏ ਇਹਨਾਂ ਦੀ ਜੜ੍ਹ ਪੁੱਟੀ ਜਾਵੇ ਉਹ ਸਮਾਂ ਆ ਗਿਆ ਹੈ ਗੁਰੂ ਸਾਹਿਬ ਨੇ ਆਪਣੇ ਮਨ ਵਿਚ ਵਿਚਾਰ ਕਰ ਲਿਆ।

ਵੋਹੁ ਵਕਤ ਹਮ ਭਯੋ ਲੁਭਾਏ' ॥੪੮॥ ਉਹ ਲੱਭ ਗਿਆ ਟਾਈਮ ਹੁਣ ਸ਼ਹੀਦੀ ਪਾਉਣ ਦਾ ਟਾਇਮ ਆ ਗਿਆ ਸਾਡਾ।

''ਚਿੰਤਾ ਤਾ ਕੀ ਕੀਜੀਐ, ਜੋ ਅਨਹੋਨੀ ਹੋਇ॥ ਦੁਨੀਆਂ ਵਿਚ ਕਿਹਾ ਹੈ ਜੋ ਅਨਹੋਣੀ ਬਾਤ ਹੋਈ ਹੈ, ਪ੍ਰਮੇਸ਼ਰ ਵਲੋਂ ਜੋ ਵਾਪਰ ਰਹੀ ਹੈ ਫਿਰ ਚਿੰਤਾ ਕਾਹਦੀ ਕਾਹਦਾ ਸਾਨੂੰ ਡਰ ਭੈ ਉਹਦਾ।

ਏਹ ਮਾਰਗੁ ਸੰਸਾਰ ਕੋ, ਨਾਨਕ ਥਿਰੁ ਨਹੀ ਕੋਇ''॥ ੫੧॥ ਇਹ ਸੰਸਾਰ ਦਾ ਰਸਤਾ ਹੀ ਐਸਾ ਹੈ, ਇਹ ਮਾਰਗ ਹੀ ਐਸਾ ਹੈ ਏਥੇ ਸਥਿਰ ਤਾਂ ਕੋਈ ਰਹਿ ਹੀ ਨਹੀਂ ਸਕਿਆ। ਇਹ ਮੌਤ ਧਰਮ ਹੈ ਇਨਸਾਨਾਂ ਦਾ। ਏਥੇ ਆ ਕੇ ਅਖੀਰ ਇਕ ਦਿਨ ਮੌਤ ਦੇ ਮੂੰਹ ਵਿਚ ਜਾਣਾ ਸਭ ਨੇ।

ਦੋਹਰਾ॥ ਤਬ ਸਤਿਗੁਰ ਜੀ ਜਾਨਿਓ, ਸਮਾਂ ਪਹੂਚਯੋ ਆਇ॥ ਤਬ ਸਤਿਗੁਰੂ ਜੀ ਸਮਝ ਗਏ ਹਨ ਕਿ ਸਮਾਂ ਆ ਗਿਆ ਹੈ ਸ਼ਹੀਦੀ ਦਾ ਟਾਇਮ ਆ ਗਿਆ ਸਾਡਾ।

ਸੋ ਅਬ ਢੀਲ ਨ ਚਾਹੀਐ, ਇਹ ਸਿਰ ਸੀਸ ਲਗਾਇ॥੪੯॥ ਸੋ ਹੁਣ ਢਿੱਲ ਨਹੀਂ ਕਰਨੀ ਚਾਹੀਦੀ ਹੁਣ ਔਰੰਗਜ਼ੇਬ ਦੁਸ਼ਟ ਦੇ ਸਿਰ ਇਹ ਠੀਕਰਾ ਭੰਨ ਦੇਈਏ। ਸੀਸ ਲਗਾ ਦੇਈਏ। ੪੯।

ਚੌਪਈ॥ ਤਬ ਸਤਿਗੁਰ ਨੇ ਐਸ ਉਚਾਰਾ॥ ਤਾਂ ਸਤਿਗੁਰੂ ਜੀ ਨੇ ਏਸ ਤਰ੍ਹਾਂ ਕਹਿਣਾ ਕੀਤਾ ਹੈ ਔਰੰਗੇ ਨੂੰ।

ਹਮਰਾ ਇਸ਼ਟ ਦੇਖੋ ਤੁਮ ਭਾਰਾ॥ ਹੇ ਔਰੰਗਜ਼ੇਬ! ਦੇਖ ਸਾਡਾ ਧਰਮ, ਸਾਡਾ ਇਸ਼ਟ ਦੇਵ ਦੇਖ ਕਿੱਡਾ ਭਾਰਾ ਤੇ ਬਲੀ ਹੈ।

ਕਰਾਮਾਤ ਹਮ ਐਸ ਦਿਖਾਹੀਂ॥ ਅਸੀਂ ਤੈਨੂੰ ਕਰਾਮਾਤ ਵਿਖਾ ਦਿੰਦੇ ਹਾਂ, ਲੈ ਵੇਖ ਲੈ, ਕਰਾਮਾਤ ਦੇਖਣੀ ਹੈ ਸਾਡੀ, ਤੈਨੂੰ ਅਸੀਂ ਏਸ ਢੰਗ ਨਾਲ ਕਰਾਮਾਤ ਵਿਖਾਉਂਦੇ ਹਾਂ।

ਹਮਰਾ ਸਿਰ ਤੂੰ ਪਾਵੈਂ ਨਾਹੀਂ॥੫੦॥ ਸਾਡਾ ਸੀਸ ਹੀ ਨਹੀਂ ਤੈਨੂੰ ਲੱਭਣਾ ਤੂੰ ਤਾਂ ਸਾਨੂੰ ਮੌਤ ਦੇ ਦਬਕੇ ਮਾਰਦਾ ਹੈ ਸਾਡਾ ਸੀਸ ਹੀ ਨਹੀਂ ਤੈਨੂੰ ਪ੍ਰਾਪਤ ਹੋਣਾ, ਲੈ ਸਾਡੀ ਕਰਾਮਾਤ ਏਹੀ ਹੋਊਗੀ। ੫੦।

ਹਮਰੇ ਸਿਰ ਕੌ ਤੇਗ ਲਗਾੱਯੈ॥ ਤੂੰ ਤਲਵਾਰ ਚਲਾ ਸਾਡੇ ਸੀਸ 'ਤੇ।

ਕਟੈ ਨ ਸੋ ਕਰਾਮਾਤ ਦਿਖੱਯੈ॥ ਜੇ ਤਲਵਾਰ ਸਾਡਾ ਸਿਰ ਨਾ ਕੱਟੇ ਤਾਂ ਕਰਾਮਾਤ ਹੋਈ ਨਾ ਇਹ। ਜਿਨ੍ਹਾਂ ਦਾ ਤੂੰ ਰੋਜ਼ ਕਤਲ ਕਰਦਾ ਹੈ। ਰੋਜ਼ ਲੋਕਾਂ ਨੂੰ ਤੂੰ ਮਰਵਾਉਂਦਾ ਹੈ ਸਾਡੇ 'ਤੇ ਵੀ ਚਲਾ ਵੇਖ ਤੇਰੀ ਤਲਵਾਰ ਸਾਡਾ ਰੋਮ ਨਹੀਂ ਕੱਟ ਸਕੇਗੀ।

ਤਲਵਾਰ ਤਿੱਖੀ ਕੋਊ ਲਯਾਯੋ ਬੇਸ॥ (ਬੇਸ) ਬਹੁਤ ਤਿੱਖੀ ਤਲਵਾਰ ਜਿਹੜੀ ਹੋਵੇ ਉਹ ਤੂੰ ਲਿਆ ਭਾਲ ਕੇ।

ਚਲਤਿ ਭਜਸੁ ਜੋਊ ਕਟਤ ਹਮੇਸ਼॥੫੧॥ ਉਹ ਜਿਹੜੀ ਰੋਜ਼ ਚਲਦੀ ਹੈ ਮਜ਼ਲੂਮਾਂ 'ਤੇ ਰੋਜ਼ ਜ਼ੁਲਮ ਕਰਦਾ ਲਿਆ ਤਾਂ ਸਾਡੇ 'ਤੇ ਚਲਾ ਕੇ ਦੇਖ ਲੈ। ੫੧।

ਦੋਹਰਾ॥ ਐਸੇ ਐਸੇ ਬਚਨ ਕਹਿ, ਗੁਰ ਬੈਠੇ ਚੌਂਕੀ ਨ੍ਹਾਇ॥ ਐਸ ਤਰ੍ਹਾਂ ਦੇ ਬਚਨ ਔਰੰਗਜ਼ੇਬ ਨੂੰ ਕਹਿ ਦਿੱਤੇ ਨੇ ਮਹਾਰਾਜ ਨੇ, ਆਪ ਸੀਸ ਗੰਜ ਗੁਰਦੁਆਰੇ ਦੇ ਪਾਸ ਖੂਹੀ ਹੈ ਉਥੇ ਇਸ਼ਨਾਨ ਕਰਕੇ ਬੋਹੜ ਦੇ ਥੱਲੇ ਚੌਂਕੀ ਉਪਰ ਬੈਠ ਗਏ ਨੇ ਮਹਾਰਾਜ।

ਤੇਗ ਲਗਵਾਈ ਸੀਸ ਨਿਜ, ਐਸੇ ਛਲ ਕੇ ਦਾਇ॥੫੨॥ ਔਰੰਗਜ਼ੇਬ ਨੂੰ ਛਲ ਲਿਆ ਹੈ ਕਿਉਂਕਿ ਸਾਹਿਬਾਂ ਦਾ ਹੁਕਮ ਸੀ, ਸੀਸ ਲਾਵਾਂਗੇ ਉਹਦੀ ਜੜ੍ਹ ਪੁੱਟੀ ਜਾਏਗੀ ਅਤੇ ਉਹਨੂੰ ਪਤਾ ਹੀ ਨਹੀਂ ਲੱਗਿਆ ਏਸ ਗੱਲ ਦਾ ਮੇਰੇ ਨਾਲ ਕੀ ਵਾਪਰਨ ਲੱਗਿਆ ਹੈ। ਸਾਹਿਬਾਂ ਨੇ ਕਹਿ ਕੇ ਕਿ ਤੂੰ ਕਰਾਮਾਤ ਦੇਖਣੀ ਹੈ ਤੇਰੀ ਤੇਗ ਸਾਡਾ ਸੀਸ ਨਹੀਂ ਕੱਟ ਸਕਦੀ ਔਰੰਗਜ਼ੇਬ ਆਪਣਾ ਭੁਲੇਖਾ ਦੂਰ ਕਰਨ ਵਾਸਤੇ ਉਸਨੇ ਤਲਵਾਰ ਮੰਗਾ ਲਈ, ਜ਼ਾਲਮ ਜੱਲਾਦ ਮੰਗਾ ਲਿਆ ਤੇਗ ਚਲਾਉ। ਉਹ ਤਾਂ ਭਾਣਾ ਵਰਤਾਉਣਾ ਸੀ ਸਾਹਿਬਾਂ ਨੇ ਤਾਂ ਉਹ ਤਲਵਾਰ ਚਲਾ ਕੇ ਚਲਿਆ ਗਿਆ। ੫੨।

ਚੌਪਈ॥ ਸੀਸ ਦਯੋ ਪਰ ਸਿਰਰ ਨ ਦੀਓ॥ ਜੋ ਬਚਨ ਮਹਾਰਾਜ ਜੀ ਨੇ ਕਰ ਲਿਆ ਹੈ ਕਿ ਸਿਰ ਦੇ ਦਿਆਂਗੇ ਪਰ ਕਰਾਮਾਤ ਨਹੀਂ ਵਿਖਾਵਾਂਗੇ। ਸੋ ਮਹਾਰਾਜ ਜੀ ਨੇ ਸੀਸ ਦੇ ਦਿੱਤਾ ਹੈ ਪਰ (ਸਿਰਰ) ਸਿਰੜ, ਨਹੀਂ ਹਾਰਿਆ, ਬਚਨ ਨਹੀਂ ਹਾਰਿਆ।

ਅਪਨੋ ਧਰਮ ਕਰਮ ਰਖ ਲੀਓ॥ ਆਪਣਾ ਧਰਮ ਕਰਮ ਵੀ ਰੱਖ ਲਿਆ ਹੈ। ਉਹ ਕਹਿੰਦਾ ਕੱਚੇ ਚੰਮ ਵਿਚ ਮੜ੍ਹਾ ਕੇ

ਧੁਪੇ ਰੱਖ ਦੇਵਾਂਗਾ। ਸਾਹਿਬਾਂ ਨੇ ਆਪਣੇ ਧਰਮ ਨੂੰ ਕਾਇਮ ਰੱਖਿਆ ਇਹ ਨਹੀਂ ਜਾਣ ਦਿੱਤਾ ਨਹੀਂ ਗਊ ਦੇ ਚਮੜੇ ਵਿਚ ਸਰੀਰ ਨੂੰ ਮੜ੍ਹਨ ਨਾ ਦਿੱਤਾ।

ਚਰਮ ਕਚੈ ਤੇ ਸਰੀਰ ਬਚਾਯੋ॥ ਜੋ ਸਰੀਰ ਨੂੰ ਮੜ੍ਹਨਾ ਚਾਹੁੰਦੇ ਕੱਚੇ ਚੰਮ ਦੇ ਵਿਚ ਸਾਹਿਬਾਂ ਨੇ ਬਚਾ ਲਿਆ ਹੈ।

ਤੁਰਕਨ ਕੈ ਸਿਰ ਸੀਸ ਲਗਾਯੋ॥੫੩॥ ਤੇ ਤੁਰਕਾਂ ਦੇ ਸਿਰ ਸੀਸ ਵੀ ਲਾ ਦਿੱਤਾ ਹੈ ਇਹ ਬੁਰਿਆਈ ਤੁਰਕਾਂ ਦੇ ਸਿਰ ਪਈ। ੫੩।

ਉਨ ਮੂੜ੍ਹਨ ਯਹਿ ਕਲਾ ਨ ਜਾਨੀ॥ ਉਹਨਾਂ ਮੂਰਖਾਂ ਨੂੰ ਕੀ ਪਤਾ ਏਸ ਕਲਾ ਦਾ, ਸਾਹਿਬਾਂ ਦੀ ਕਲਾ ਨੂੰ ਨਹੀਂ ਸਮਝ ਸਕੇ।

ਹਮ ਸਿਰ ਸਿਰ ਲਾਵਨ ਗਲ ਠਾਨੀ॥ ਇਸ ਗੱਲ ਨੂੰ ਸਮਝ ਨਹੀਂ ਸਕੇ ਕਿ ਸਾਡੇ ਸਿਰ ਸੀਸ ਲਗਾਉਣ ਦੀ ਗੱਲ ਪੱਕੀ ਠਾਨੀ ਹੋਈ ਹੈ।

ਯੌ ਸਤਿਗੁਰ ਬਡ ਸਾਕਾ ਕੀਯੋ॥ ਇਉਂ ਸਤਿਗੁਰਾਂ ਨੇ ਕਲਜੁਗ ਦੇ ਵਿਚ ਵੱਡਾ ਸਾਕਾ ਕੀਤਾ ਹੈ, ਵੱਡਾ ਭਾਣਾ ਵਰਤਾਇਆ ਹੈ।

ਪਰਸ੍ਵਾਰਥ ਹਿਤ ਨਿਜ ਸਿਰ ਦੀਯੋ॥੫੪॥ ਪਰ ਸੁਆਰਥ ਵਾਸਤੇ, ਆਪਣੇ ਵਾਸਤੇ ਨਹੀਂ ਆਪਣੀ ਜਾਨ ਬਚਾਉਣ ਵਾਸਤੇ ਨਹੀਂ ਕੀਤਾ। ਹਿੰਦੋਸਤਾਨ ਦੇ ਸਾਰੇ ਹਿੰਦੂਆਂ ਨੂੰ ਬਚਾਉਣ ਵਾਸਤੇ ਇਹ ਸਭ ਤੋਂ ਵੱਡਾ ਪਰਉਪਕਾਰ ਕੀਤਾ ਹੈ ਇਉਂ ਗਰੀਬ ਨਿਵਾਜ਼ ਸੱਚੇ ਪਾਤਸ਼ਾਹ ਜੀ ਨੇ ਸੀਸ ਵਾਰ ਕੇ ਹਿੰਦ ਨੂੰ ਰੱਖ ਲਿਆ ਅੱਜ ਸਾਰੀ ਦੁਨੀਆਂ ਉਨ੍ਹਾਂ ਨੂੰ ਚਿਤਾਰਦੀ ਹੈ ਉਨ੍ਹਾਂ ਦਾ ਨਾਮ ਲੈਂਦੀ ਹੈ। ਬੜੇ ਬੜੇ ਧਰਮੀ ਹਿੰਦੂ ਇਹ ਗੱਲ ਕਹਿੰਦੇ ਹਨ ਸ਼ਰੇਆਮ ਆਪਣੇ ਦਿਵਾਨਾਂ ਵਿਚ, ਜਲਸਿਆਂ ਵਿਚ, ਪਬਲਿਕ ਵਿਚ ਕਿ ਗੁਰੂ ਤੇਗ ਬਹਾਦਰ ਸਾਹਿਬ ਦਾ ਧੰਨਵਾਦ ਕਰੋ। ਸਭ ਤੋਂ ਪਹਿਲਾਂ ਉਠ ਕੇ ਉਹਨਾਂ ਦੇ ਦੁਆਰੇ 'ਤੇ ਜਾ ਕੇ ਕਹੋ ਧੰਨ ਗੁਰੂ ਤੇਗ ਬਹਾਦਰ ਧੰਨ ਗੁਰੂ ਤੇਗ ਬਹਾਦਰ। ਜੇ ਗੁਰੂ ਤੇਗ ਬਹਾਦਰ ਜੀ ਜਾ ਕੇ ਤੁਹਾਡੀ ਸਹਾਇਤਾ ਨਾ ਕਰਦੇ ਤਾਂ ਹਿੰਦੂ ਧਰਮ ਨਹੀਂ ਸੀ ਬਚ ਸਕਦਾ। ੫੪।

ਪ੍ਰਮਾਣ ਬਚਿਤ੍ਰ ਨਾਟਕ

ਦੋਹਰਾ॥ ਠੀਕਰ ਫੋਰਿ ਦਿਲੀਸ ਸਿਰ, ਪ੍ਰਭ ਪੁਰ ਕੀਯਾ ਪਯਾਨ॥ ਬਚਿਤ੍ਰ ਨਾਟਕ ਵਿਚ ਲਿਖਿਆ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਕਿਸ ਤਰ੍ਹਾਂ ਮਹਾਰਾਜ ਜੀ ਨੇ ਆਪਣਾ ਸਿਰ ਦੇ ਕੇ ਅਪਣਾ ਸਰੀਰ ਰੂਪੀ ਠੀਕਰਾ (ਢੋਰ) ਫੋੜ ਕੇ ਭੰਨ ਕੇ (ਦਿਲੀਸ) ਦਿੱਲੀ ਪਤਿ ਦਿੱਲੀ ਦੇ ਪਾਤਸ਼ਾਹ ਔਰੰਗਜ਼ੇਬ ਦੇ ਸਿਰ। (ਪ੍ਰਭ ਪੁਰ) ਪ੍ਰਭੂ ਦੀ ਪੁਰੀ ਸੱਚਖੰਡ ਨੂੰ ਪਿਆਨਾ ਕੀਤਾ ਜਾਣਾ ਕੀਤਾ ਹੈ। ਹਕੂਮਤ ਨੂੰ ਦੋਸ਼ੀ ਬਣਾ ਦਿੱਤਾ ਹੈ।

ਤੇਗ ਬਹਾਦਰ ਸੀ ਕ੍ਰਿਯਾ, ਕਰੀ ਨ ਕਿਨਹੂ ਆਨ॥ ਸੰਸਾਰ 'ਤੇ ਕੋਈ ਪੈਦਾ ਨਹੀਂ ਹੋਇਆ ਜਿਹੜਾ ਮੌਤ ਦੇ ਸਨਮੁਖ ਹੋ ਕੇ ਉਹਦੇ ਨਾਲ ਯੁੱਧ ਕਰਕੇ ਸ਼ਹੀਦ ਹੋਵੇ। ਕਿਸੇ ਨੇ ਮੂੰਹੋਂ ਮੰਗੀ ਹੋਵੇ ਮੌਤ ਐਸੀ ਕ੍ਰਿਆ ਕਿਸੇ ਨੇ ਨਹੀਂ ਕੀਤੀ। ਕੋਈ ਨਹੀਂ ਧਰਮੀ ਐਸਾ ਉਠਿਆ।

ਤੇਗ ਬਹਾਦਰ ਕੇ ਚਲਤ, ਭਯੋ ਜਗਤ ਕੋ ਸੋਕ॥ ਗੁਰੂ ਤੇਗ ਬਹਾਦਰ ਸਾਹਿਬ ਦੀ ਸ਼ਹੀਦੀ ਹੁੰਦਿਆਂ ਹੀ, ਸਾਰੇ ਜਗਤ ਵਿਚ ਕਿਉਂ ਧਰਮੀ ਸਨ। ਦੁਨੀਆਂ ਵਾਲਿਆਂ ਨੂੰ ਜਿੰਨੀ ਕੁ ਸਮਝ ਸੀ ਉਨੀ ਕੁ ਗੱਲ ਕੀਤੀ ਸੰਸਾਰ ਨੂੰ ਸ਼ੋਕ ਹੋ ਗਿਆ ਇਸ ਗੱਲ ਦਾ ਬੜਾ ਦੁੱਖ ਹੋਇਆ ਹੈ।

ਹੈ ਹੈ ਹੈ ਸਭ ਜਗ ਭਯੋ, ਜੈ ਜੈ ਜੈ ਸੁਰ ਲੋਕ॥ ਇਥੇ ਜਗਤ ਵਿਚ ਤਾਂ ਲੋਕਾਂ ਵਿਚ ਹਾਹਾਕਾਰ ਮੱਚ ਗਈ। ਹਾਏ ਹਾਏ ਬਹੁਤ ਹੀ ਲੋਹੜਾ ਆਇਆ ਹੈ, ਬਹੁਤ ਜੁਲਮ ਹੋਇਆ ਹੈ, ਉਧਰ ਸਵਰਗ ਦੇ ਵਿਚ ਜੈ ਜੈ ਕਾਰ ਜੈਕਾਰ ਧੰਨ ਗੁਰੂ ਤੇਗ ਬਹਾਦਰ ਸਾਹਿਬ, ਧੰਨ ਗੁਰੂ ਤੇਗ ਬਹਾਦਰ ਸਾਹਿਬ ਉਥੇ ਜੈ ਜੈ ਕਾਰ ਦੇ ਜੈਕਾਰੇ ਲੱਗੇ ਹਨ।

ਦੋਹਰਾ॥ ਐਸ ਚਰਿਤ ਸਤਿਗੁਰ ਕੀਯੋ, ਤਉ ਭਯੋ ਤੁਰਕ ਪਸ਼ੇਮਾਨ॥ ਜਦੋਂ ਐਸਾ ਚਰਿਤ੍ਰ ਕਰ ਵਿਖਾਇਆ ਸਤਿਗੁਰਾਂ ਨੇ ਤੇ ਤੁਰਕ ਬੜਾ ਪਸ਼ੇਮਾਨ ਹੋਇਆ। ਓ ਹੋ! ਮੈਂ ਤਾਂ ਛਲਿਆ ਗਿਆ, ਮੈਨੂੰ ਪਤਾ ਹੀ ਨਹੀਂ ਲੱਗਣ ਦਿੱਤਾ ਗੁਰੂ ਸਾਹਿਬ ਜੀ ਨੇ, ਉਹਨਾਂ ਭਾਣਾ ਵਰਤਾ ਦਿੱਤਾ ਮੈਨੂੰ ਦੋਸ਼ੀ ਠਹਿਰਾ ਦਿੱਤਾ।

ਨੌਰੰਗੋ ਤਬ ਝੁਰਿਓ, 'ਹਮ ਸਕੇ ਨ ਚਰਿਤ੍ਰ ਪਛਾਨ'॥੫੫॥ ਔਰੰਗਜ਼ੇਬ ਪਸ਼ੇਮਾਨ ਹੋਇਆ ਹੈ ਝੁਰਿਆ ਹੈ ਓ ਹੋ! ਸਤਿਗੁਰਾਂ ਦੇ ਚਰਿਤ੍ਰ ਨੂੰ ਅਸੀਂ ਸਮਝ ਨਹੀਂ ਸਕੇ। ੫੫।

ਚੌਪਈ॥ ਨੌਰੰਗੇ ਦਿਲ ਖ਼ੌਫ ਬਹੁ ਠਟਿਓ॥ ਖ਼ੌਫ ਆਇਆ ਹੈ ਡਰ ਆਇਆ ਹੈ ਔਰੰਗਜ਼ੇਬ ਨੂੰ ਭੈ ਭੀਤ ਹੋ ਗਿਆ ਹੈ।

ਹਿੰਦੂਅਨ ਜ਼ੁਲਮ ਕਰਨ ਤੇ ਹਟਿਓ॥ ਉਸੇ ਦਿਨ ਤੋਂ ਠੱਲ੍ਹ ਪੈ ਗਈ ਜੋ ਹਿੰਦੂਆਂ 'ਤੇ ਜ਼ੁਲਮ ਕਰਦਾ ਸੀ, ਉਸ ਦਿਨ ਤੋਂ ਹਟ ਗਿਆ ਜ਼ੁਲਮ ਕਰਨ ਤੋਂ, ਜਿਥੇ ਜਿਥੇ ਵੀ ਇਹਨਾਂ ਦੇ ਜਨੇਊ ਲਹਿੰਦੇ ਸਨ ਬੰਦ ਹੋ ਗਏ ਨੇ ਉਸ ਵੇਲੇ।

ਧੀਰੀ ਧੀਰੀ ਹ੍ਵੈ ਗਈ ਸਾਰੇ॥ ਸਾਰੇ ਧੀਰਜ ਹੋ ਗਈ ਸਹਿਜ ਵਿਚ ਆ ਗਏ ਨੇ ਸਾਰੇ ਹੀ ਸ਼ਾਂਤ ਹੋ ਗਏ ਨੇ।

ਭਈ ਮਾਲਕ ਕੇ ਦ੍ਵਾਰ ਪੁਕਾਰੇ॥੫੬॥ ਉਹ ਮਾਲਕ ਜੋ ਸੱਚਾ ਪਾਤਸ਼ਾਹ ਹੈ, ਗਰੀਬ ਨਿਵਾਜ਼ ਦੇ ਦੁਆਰੇ 'ਤੇ ਜਾ ਫਰਿਆਦ ਹੋਈ ਹੈ ਗਰੀਬਾਂ ਦੀ ਉਥੇ ਪੁਕਾਰ ਜਾ ਪਹੁੰਚੀ ਹੈ। ੫੬।

ਦੋਹਰਾ॥ ਪਰੀ ਪੁਕਾਰ ਦਰਬਾਰ ਸਚ ਮਾਲਕ ਕੀਯੋ ਬਿਚਾਰ॥ ਸੱਚੇ ਦਰਬਾਰ ਵਿਚ ਜਾ ਕੇ ਪੁਕਾਰ ਕੀਤੀ ਲੋਕਾਂ ਨੇ, ਸੰਸਾਰ ਦੀ ਉਥੇ ਕੂਕ ਫਰਿਆਦ ਸੁਣੀ ਗਈ ਹੈ ਤਾਂ ਉਸ ਮਾਲਕ ਨੇ ਵਿਚਾਰ ਕੀਤੀ ਕੀ ਹੋਣਾ ਚਾਹੀਦਾ ਹੁਣ।

ਪੀਰ ਪੈਗੰਬਰ ਤੁਰਕ ਕੇ ਦਰਬਾਰੋਂ ਦਏ ਨਿਕਾਰ॥੫੭॥ ਜਿੰਨੇ ਪੀਰ ਪੈਗੰਬਰ ਸੀ ਤੁਰਕਾਂ ਦੇ ਦਰਬਾਰ ਵਿਚ ਉਹ ਵੀ ਤਾਂ ਜਾਂਦੇ ਸਨ ਸਭ ਨੂੰ ਹੁਕਮ ਦੇ ਦਿੱਤਾ, ਖ਼ਬਰਦਾਰ! ਜੇ ਏਥੇ ਆਏ ਹੋ ਤਾਂ, ਸੱਚਖੰਡ ਵਿਚੋਂ ਕੱਢ ਦਿੱਤੇ ਸਾਰੇ। ੫੭।

ਚੌਪਈ॥ ਸੱਚ ਖੰਡ ਤੇ ਤਬੈ ਨਿਕਾਰੇ॥ ਸੱਚ ਖੰਡ ਤੋਂ ਉਸ ਦਿਨ ਤੋਂ ਕੱਢੇ ਗਏ ਨੇ ਸਾਰੇ।

ਡੇਰਾ ਦੀਨੋ ਪਿਛੈ ਦਰਬਾਰੇ॥ ਅਤੇ ਦਰਬਾਰ ਦੇ ਪਿਛੇ ਡੇਰਾ ਦਿੱਤਾ ਜਾਓ ਆਪਦਾ ਪਿਛੇ ਡੇਰਾ ਲਾਓ ਕਿਧਰੇ, ਉਸ ਦਿਨ ਦਰਗਾਹ ਵਿਚ ਨਹੀਂ ਜਾ ਸਕਦੇ।

ਤਬ ਤੈ ਘਟੀ ਪਤਿਸ਼ਾਹੀ ਦਿੱਲੀ॥ ਉਸੇ ਦਿਨ ਤੋਂ ਦਿੱਲੀ ਦੀ ਪਾਤਸ਼ਾਹੀ ਢਿੱਲੀ ਹੋ ਗਈ ਹੈ ਉਸੇ ਦਿਨ ਤੋਂ ਮੁਗਲ ਹਕੂਮਤ ਨੂੰ ਘਾਟਾ ਆ ਗਿਆ।

ਤਬ ਤੇ ਤੁਰਕ ਕਲਾ ਭਈ ਢਿੱਲੀ॥੫੮॥ ਤੁਰਕਾਂ ਦੀ ਕਲਾ ਵੀ ਢਿੱਲੀ ਹੋ ਗਈ ਉਸ ਦਿਨ ਤੋਂ। ੫੮।

ਇਤਿ ਸ੍ਰੀ ਤੇਗ ਬਹਾਦਰ ਸ੍ਰੀ ਬੈਕੁੰਠ ਪਧਾਰੇ॥

ਸਾਖੀ ਦਸਮੇ ਪਾਤਸ਼ਾਹਿ ਕੀ ਲਿਖਯਤੇ

(ਦਸ਼ਮੇਸ਼ ਜੀ ਨੇ ਅੰਸ ਕਿਉਂ ਨਾ ਰੱਖੀ?)

ਦੋਹਰਾ॥ ਫਿਰ ਦਸਮੇ ਪਾਤਿਸ਼ਾਹ ਸੋਂ, ਵਧਿਓ ਤੁਰਕਨ ਵੈਰ॥ ਫਿਰ ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਨਾਲ ਤੁਰਕਾਂ ਦਾ ਵੈਰ ਵਧ ਗਿਆ।

ਚੁਗਲੀ ਖਾਈ ਪਹਾੜੀਅਨ, ਗਯੋ ਚੰਗਿਆੜੋ ਫੈਲ॥੧॥ ਦਸਵੇਂ ਪਾਤਸ਼ਾਹ ਵਕਤ ਫੇਰ ਪਹਾੜੀਆਂ ਨੇ ਚੁਗਲੀ ਖਾਧੀ ਜਾ ਕੇ ਔਰੰਗਜ਼ੇਬ ਕੋਲ। ਕਹਿਣ ਲੱਗੇ ਜਾ ਕੇ ਵੇਖ ਉਹ ਤਾਂ ਸਿੱਖਾਂ ਨੂੰ ਇਕੱਠੇ ਕਰੀ ਜਾਂਦਾ ਹੈ। ਉਹਨੇ ਤਾਂ ਦਿੱਲੀ ਮਾਰ ਲੈਣੀ ਹੈ ਲਾਹੌਰ ਮਾਰ ਲੈਣਾ ਹੈ ਇਹਨਾਂ 'ਤੇ ਹੱਲਾ ਬੋਲ ਦੇਣਾ ਹੈ ਚੱਲ ਕੇ ਤਾਂ ਵੇਖੋ ਕੀ ਭਾਣਾ ਵਰਤ ਰਿਹਾ ਹੈ? ਉਹ ਦਸਵੇਂ ਪਾਤਸ਼ਾਹ ਜੰਗ ਦੀਆਂ ਤਿਆਰੀਆਂ ਕਰ ਕੇ ਬੈਠ ਗਏ ਨੇ। ਚੁਗਲੀ ਰੂਪੀ ਚੰਗਿਆੜੇ ਤੋਂ ਅੱਗੇ ਲੜਾਈ ਰੂਪ ਅੱਗ ਫੈਲ ਗਈ। ੧।

ਚੌਪਈ॥ ਕਾਜੀ ਮੁਗ਼ਲਨ ਤੁਰਕ ਸਿਖਾਏ॥ ਕਾਜੀਆਂ ਤੇ ਮੁਗ਼ਲਾਂ ਨੇ ਤੁਰਕਾਂ ਨੂੰ ਸਿਖਿਆ ਦੇਣੀ ਕੀਤੀ।

ਕਰਾਰ ਬਾਬਰ ਕੈ ਦਏ ਭੁਲਾਏ॥ ਬਾਬਰ ਨੇ ਜੋ ਇਕਰਾਰ ਕੀਤੇ ਸੀ ਕਿ ਅਸੀਂ ਤੁਹਾਡੇ ਘਰ ਦੇ ਮੁਰੀਦ ਹਾਂ ਅਸੀਂ ਕਿਉਂ ਤਲਵਾਰ ਚੁੱਕਾਂਗੇ ਤੁਹਾਡੇ 'ਤੇ? ਕਿਉਂ ਜ਼ੁਲਮ ਕਰਾਂਗੇ? ਉਹ ਇਕਰਾਰ ਨਾਮੇ ਸਾਰੇ ਭੁਲਾ ਦਿੱਤੇ ਇਹਨਾਂ ਤੁਰਕਾਂ ਨੇ।

ਹਿੰਦੁਨ ਹਿੰਦ ਕਬ ਦਈ ਕਹਾਵੈਂ॥ ਕਹਿੰਦੇ ਹਿੰਦੂ ਕੌਣ ਹੁੰਦੇ ਨੇ ਸਾਨੂੰ ਹਿੰਦੋਸਤਾਨ ਦੀ ਬਾਦਸ਼ਾਹੀ ਦੇਣ ਵਾਲੇ? ਕੌਣ ਨਾਨਕ ਪੀਰ? ਜਿਹਨੇ ਸਾਨੂੰ ਪਾਤਸ਼ਾਹੀ ਦਿੱਤੀ। ਹੁਣ ਇਹੋ ਜਿਹੀਆਂ ਗੱਲਾਂ ਕਰਨ ਲੱਗ ਪਏ ਨੇ ਬੇਮੁੱਖ ਹੋਣ ਲੱਗ ਪਏ ਨੇ ਗੁਰੂ ਘਰ ਤੋਂ।

ਦਈ ਪਿਕੰਬਰਨ ਆਪ ਬਨਾਵੈਂ॥੨॥ ਆਪਣੇ ਆਪ ਗੱਲਾਂ ਬਣਾਉਂਦੇ ਨੇ ਸਾਡੇ ਪਿਕੰਬਰਾਂ ਨੇ ਸਾਨੂੰ ਬਾਦਸ਼ਾਹੀ ਦਿੱਤੀ ਹਿੰਦੋਸਤਾਨ ਦੀ। ਕੌਣ ਹਿੰਦੂ ਪੀਰ ਜਿਹੜਾ ਸਾਨੂੰ ਪਾਤਸ਼ਾਹੀ ਦੇਵੇ। ੨।

ਗੁਰ ਗੋਬਿੰਦ ਸਿੰਘ ਸੁਨ ਗੁੱਸਾ ਆਯਾ॥ ਸਾਹਿਬ ਗੁਰੂ ਗੋਬਿੰਦ ਸਿੰਘ ਜੀ ਦਸਵੀਂ ਜੋਤਿ ਗੁਰੂ ਨਾਨਕ ਦੀ, ਜਦੋਂ ਉਹਨਾਂ ਨੇ ਇਹ ਬਚਨ ਸੁਣੇ ਕਿ ਤੁਰਕ ਵੇਮੁਖ ਹੋ ਗਏ ਨੇ ਹੁਣ ਆਪਣੀਆਂ ਗੱਲਾਂ ਬਣਾ ਬਣਾ ਕੇ ਲੋਕਾਂ ਨੂੰ ਦਸਦੇ ਨੇ ਸਾਹਿਬਾਂ ਨੂੰ ਗੁੱਸਾ ਆਇਆ ਏਸ ਗੱਲ 'ਤੇ।

ਤੁਰਕ ਨਾਸ਼ ਹਿਤ ਪੰਥ ਬਣਾਯਾ॥ ਤਾਂ ਇਹਨਾਂ ਨੇ ਵੀ ਪੰਥ ਦੀ ਸਾਜਨਾ ਕੀਤੀ ਹੈ ਇਹ ਤੁਰਕਾਂ ਨੂੰ ਨਾਸ ਕਰਨ ਵਾਸਤੇ ਖਾਲਸਾ ਪੰਥ ਬਣਾਇਆ ਹੈ।

ਪੁੱਤਰ ਚਾਰੇ ਦਏ ਅਖਾਈ॥ ਜਿਨ੍ਹਾਂ ਨੇ ਚਾਰੇ ਪੁੱਤਰ ਸ਼ਹੀਦ ਕਰਵਾ ਦਿੱਤੇ, ਸਰਬੰਸ ਵਾਰਿਆ।

ਪੰਥ ਖਾਤਰ ਨਿਜ ਅੰਸ ਗਵਾਈ॥੩॥ ਪੰਥ ਰੱਖਣਾ ਸੀ ਪੰਥ ਦਾ ਵਧੰਤ (ਵਾਧਾ) ਕਰਨਾ ਸੀ, ਦੇਖੋ ਕਿੱਡੀ ਸਹੀ ਪਾਈ ਮਹਾਰਾਜ ਨੇ, ਪੰਥ ਨੂੰ ਰੱਖਣ ਵਾਸਤੇ ਮਹਾਰਾਜ ਨੇ ਆਪਣੀ ਅੰਸ ਨਹੀਂ ਰੱਖੀ। ਆਪਣੀ ਅੰਸ ਨੂੰ ਸ਼ਹੀਦ ਕਰਵਾ ਦਿੱਤਾ ਪੰਥ ਦੀ ਸਾਜਨਾ ਵਾਸਤੇ। ੩।

ਦੋਹਰਾ॥ ਤਬ ਮਾਲੀ ਹਮ ਪੂਛਯੋ 'ਕਿਮ ਬੰਸ ਅੰਸ ਰਖੇ ਨ ਦੋਇ'? ਤਾਂ ਮਾਲੀ ਕਪਤਾਨ ਪੁਛਦਾ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਮੈਨੂੰ ਪੁੱਛਣ ਲੱਗੇ ਗੁਰੂ ਸਾਹਿਬ ਨੇ ਇਹ ਦੋਵੇਂ ਕਿਉਂ ਨਾ ਰੱਖੇ? ਨਾਲੇ ਪੰਥ ਰੱਖਦੇ ਨਾਲੇ ਅੰਸ ਰਖਦੇ, ਦੋਵੇਂ ਕਿਉਂ ਨਹੀਂ ਰੱਖੇ? ਇਹਨਾਂ ਪੰਥ ਰੱਖ ਲਿਆ ਅੰਸ ਕਿਉਂ ਨਾ ਰੱਖੀ? ਇਹਦਾ ਕੀ ਕਾਰਨ ਸੀ?

(ਉੱਤਰ) :- **ਅੰਸ ਹੋਇ ਫਿਰ ਬੰਸ ਪਰ, ਉਤਨੋ ਹੇਤ ਨ ਹੋਇ॥੪॥** ਭਾਈ ਸਾਹਿਬ ਜੀ ਕਹਿੰਦੇ ਨੇ ਜੇ ਆਪਣੀ ਬੰਸ

ਹੋਵੇ ਨਾ? ਆਪਣੀ ਅੰਸ ਹੋਵੇ ਤਾਂ ਫਿਰ ਉਹਦੇ ਨਾਲ (ਹੇਤ) ਪਿਆਰ ਹੁੰਦਾ। ਪੁੱਤਰਾਂ ਦਾ ਪਿਆਰ ਹੁੰਦਾ ਹੈ ਜਿਆਦਾ ਆਪੋ ਆਪਣੇ ਪਾਲਦੇ ਨੇ ਲੋਕੀਂ ਸਾਰੇ ਹੀ ਤੇ ਫਿਰ ਪੰਥ ਦੇ ਨਾਲ ਕਿਵੇਂ ਪਿਆਰ ਵਧਦਾ ਗੁਰੂਆਂ ਦਾ। ੪।

ਚੌਪਈ॥ ਦੱਤਾ ਤ੍ਰੈ ਔ ਗੋਰਖ ਸਿੱਧ॥ ਪਿਛਲੇ ਜਿਹੜੇ ਪੰਥ ਧਾਰੀ ਨੇ ਉਹਨਾਂ ਦੀ ਗੱਲ ਕਰਦੇ ਨੇ, ਦੱਤਾ ਤ੍ਰੈ ਦੇ ਸੰਨਿਆਸੀ, ਗੋਰਖ ਦੇ ਜੋਗੀ ਸਾਰੇ ਕਹਿੰਦੇ ਉਨ੍ਹਾਂ ਨੇ ਵੀ ਆਪਣੀ ਅੰਸ ਨਹੀਂ ਪੈਦਾ ਕੀਤੀ। ਉਹਨਾਂ ਨੇ ਆਪਣਾ ਜਿਹੜਾ ਪੰਥ ਹੈ ਉਹ ਰੱਖਿਆ ਹੈ।

ਪੰਥ ਰਖਾ ਉਨ ਰਖੀ ਨ ਬਿੰਦ॥ ਉਹਨਾਂ ਨੇ ਆਪਣੀ ਬਿੰਦ ਗ੍ਰਿਹਸਤ ਮਾਰਗ ਹੀ ਨਹੀਂ ਕੀਤਾ, ਏਸ ਵਾਸਤੇ ਪੰਥ ਦੀ ਰੱਖਿਆ ਕੀਤੀ ਆਪਣਾ ਪੰਥ ਬਣਾਇਆ।

ਮੁਹੰਮਦ ਨੇ ਵੀ ਅੰਸ ਗੁਆਈ॥ ਇਹ ਮੁਹੰਮਦ ਨੇ ਵੀ ਆਪਣੇ ਪੁੱਤਰਾਂ ਨੂੰ ਜਿਬਹਾ ਕਰਵਾ ਦਿੱਤਾ ਸੀ, ਸ਼ਹੀਦ ਕਰਵਾ ਦਿੱਤਾ ਉਹਨਾਂ ਨੇ ਵੀ ਆਪਣਾ ਪੰਥ ਰਖਿਆ ਹੈ ਅੰਸ ਨਹੀਂ ਰੱਖੀ।

ਉੱਤਮ ਬੰਸ ਉਨ ਰਖਯੋ ਬਧਾਈ॥੫॥ ਜੋ ਉੱਤਮ ਬੰਸ ਸੀ ਉਹਦਾ ਵਧੰਤ ਕੀਤਾ ਹੈ ਉਹਦਾ ਵਾਧਾ ਕੀਤਾ ਹੈ। ੫।

ਮਰੀ ਕਹੀ 'ਕਿਮ ਤੁਰਕ ਦਿਹੌ ਦੋਸ਼'॥ ਮਰੀ ਕਪਤਾਨ ਕਹਿਣ ਲੱਗਿਆ ਭਾਈ ਰਤਨ ਸਿੰਘ ਜੀ! ਫਿਰ ਤੁਰਕਾਂ ਨੂੰ ਕਿਵੇਂ ਦੋਸ਼ ਦਿੰਦੇ ਹੋ? ਤੁਰਕਾਂ ਨੂੰ ਕਹਿੰਦੇ ਹੋ ਸਾਡੇ 'ਤੇ ਜ਼ੁਲਮ ਕੀਤਾ ਫੇਰ ਉਨ੍ਹਾਂ ਨੂੰ ਦੋਸ਼ ਕਿਉਂ ਦਿੰਦੇ ਹੋ? ਉਹਨਾਂ ਨੇ ਤਾਂ ਫੇਰ ਠੀਕ ਹੀ ਕੀਤਾ, ਜੇ ਗੁਰੂ ਸਾਹਿਬ ਜੀ ਨੇ ਆਪ ਹੀ ਨਾ ਰੱਖੀ ਅੰਸ ਬੰਸ ਆਪਣੀ ਤੇ ਕਹਿੰਦੇ ਹੋ ਫਿਰ ਉਹਨਾਂ ਨੇ ਮਾਰਿਆ, ਇਹ ਕੀ ਕਾਰਨ? ਕੀ ਗੱਲ? ਖੋਹਲ ਕੇ ਦੱਸੋ ਮੈਨੂੰ?

ਇਮ ਕਰ ਕਰੀ ਥੀ ਸਤਿਗੁਰ ਹੋਸ॥ ਕਹਿੰਦੇ ਸਤਿਗੁਰਾਂ ਨੇ ਤਾਂ ਇਉਂ ਵਿਚਾਰ ਕੀਤਾ ਸੀ।

ਸੋ ਹਮ ਮਾਲੀ ਉੱਤਰ ਦਯੋ॥ ਜਿਵੇਂ ਮੈਂ ਕਪਤਾਨ ਮੇਰੇ ਸਾਹਿਬ ਨੂੰ ਉੱਤਰ ਦਿੱਤਾ ਸੁਣੋ ਖਾਲਸਾ ਜੀ!

ਖੂਨ ਸ਼ਜਾਦਨ ਕੋ ਸਿਰ ਲਯੋ॥੬॥ ਤੁਰਕਾਂ ਤੋਂ ਕੀ ਜ਼ੁਲਮ ਹੋਇਆ ? ਤੁਰਕ ਕਿਸ ਗੱਲ ਵਿਚ ਮਾਰੇ ਗਏ? ਕਹਿੰਦੇ ਸਾਹਿਬਜ਼ਾਦੇ ਸ਼ੀਰ ਖੋਰ ਜਿਹੜੇ ਦੁੱਧ ਪੀਣ ਵਾਲੇ ਬੱਚੇ ਸਨ, ਉਹਨਾਂ ਨੂੰ ਸ਼ਹੀਦ ਕੀਤਾ ਬਿਨਾਂ ਦੋਸ਼ ਤੋਂ ਇਹਨਾਂ ਨੇ। ਉਹ ਦੋਸ਼ ਇਹਨਾਂ ਦੇ ਸਿਰ ਗਜ਼ਬ ਪਿਆ ਹੈ, ਤੁਰਕਾਂ ਨੂੰ ਉਹ ਪਾਪ ਮਾਰ ਗਿਆ। ੬।

ਤੁਰਕਨ ਕੌ ਗੁਰ ਚਾਹਤ ਗਾਰਨ॥ ਤੁਰਕਾਂ ਨੂੰ ਸਤਿਗੁਰਾਂ ਨੇ ਗਾਲਣਾ ਸੀ, ਇਹ ਹੰਕਾਰੀ ਹੋ ਚੁੱਕੇ ਸਨ ਨਾਸ਼ ਕਰਨਾ ਸੀ ਇਹਨਾਂ ਦਾ।

ਅਯੋ ਦੋਸ਼ ਸਿਰ ਉਨ ਇਤ ਕਾਰਨ॥ ਇਸ ਕਾਰਨ ਕਰਕੇ ਉਹਨਾਂ ਦੇ ਸਿਰ ਦੋਸ਼ ਆ ਗਿਆ ਹੈ ਤੁਰਕਾਂ ਦੇ ਸਿਰ।

ਰਚਨਾ ਰਚੀ ਪੰਥ ਇਤ ਕਾਰਨ॥ ਇਸ ਕਾਰਨ ਤੇ ਰਚਨਾ ਕੀਤੀ ਆਪਣੇ ਪੰਥ ਦੀ, ਇਉਂ ਵਧਾਇਆ ਪੰਥ ਨੂੰ, ਅੰਸ ਨੂੰ ਨਹੀਂ ਵਧਾਇਆ।

ਸਿੱਖ ਉਬਾਰਨ ਦੁਸ਼ਟ ਸੰਘਾਰਨ॥ ੭॥ ਸੋ ਸਿੱਖਾਂ ਨੂੰ ਆਪਣਿਆਂ ਨੂੰ ਬਚਾਉਣ ਵਾਸਤੇ, ਸੰਤਾਂ ਦੀ ਰਖਿਆ ਕਰਨ ਵਾਸਤੇ, ਦੁਸ਼ਟਾਂ ਨੂੰ ਗਾਲਣ ਵਾਸਤੇ, ਇਹ ਸਾਹਿਬ ਜੀ ਨੇ ਜੋ ਉੱਤਮ ਪੰਥ ਹੈ ਉਸਦੀ ਰਚਨਾ ਕੀਤੀ ਹੈ। ੭।

ਦੇਹ ਆਪ ਹੀ ਤੁਰਕ ਸਿਰ ਲਾਈ॥ ਦੇਹ ਵੀ ਸਤਿਗੁਰਾਂ ਨੇ ਤੁਰਕਾਂ ਦੇ ਸਿਰ ਲਾਈ ਹੈ ਆਪ ਹੀ।

ਚਾਹਤ ਅਪਨੋ ਪੰਥ ਵਧਾਈ॥ ਕਿਉਂਕਿ ਗੁਰੂ ਸਾਹਿਬ ਚਾਹੁੰਦੇ ਆਪਣਾ ਪੰਥ ਵਧਾਉਣਾ।

ਅਕੈ ਬੰਸ ਕੈ ਅੰਸ ਹੀ ਹੋਇ॥ ਜਾਂ ਪੰਥ ਰਹੇਗਾ ਜਾਂ ਅੰਸ ਰਹੇਗੀ, ਇਕ ਗੱਲ ਰਹਿਣੀ ਹੈ।

ਰਾਮ ਕਿਸ਼ਨ ਭੀ ਕਰੇ ਨ ਦੋਇ॥ ੮॥ ਰਾਮ ਜੀ ਨੇ ਤੇ ਕ੍ਰਿਸ਼ਨ ਜੀ ਨੇ ਵੀ ਨਹੀਂ ਦੋ ਕੀਤੇ ਉਹਨਾਂ ਨੇ ਵੀ ਆਪਣਾ ਅੰਸ ਨਹੀਂ ਰੱਖਿਆ. ਬੰਸ ਰੱਖਿਆ ਹੈ। ੮।

ਦੋਹਰਾ॥ ਸ੍ਰੀ ਰਾਮ ਕ੍ਰਿਸ਼ਨ ਸੁਤ ਨਿਜ ਰੱਖੇ, ਦਯੋ ਰਾਜਕਨ ਪ੍ਰੀਤ॥ ਕਹਿੰਦੇ ਸ੍ਰੀ ਰਾਮ ਚੰਦਰ ਜੀ ਅਤੇ ਸ੍ਰੀ ਕ੍ਰਿਸ਼ਨ ਜੀ

ਨੇ ਆਪਣੇ ਪੁੱਤਰਾਂ ਨੂੰ ਰਾਜ ਦਿੱਤਾ ਪ੍ਰੀਤ ਪਿਆਰ ਕਰਕੇ।

ਸ੍ਰੀ ਸਤਿਗੁਰ ਸਿੱਖਨ ਦਯੋ, ਅਧਿਕ ਭਈ ਯੌਂ ਰੀਤ॥੯॥ ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਦਿੱਤਾ ਇਹ ਰੀਤੀ ਅਲੱਗ ਹੋਈ ਹੈ। ਉਹਨਾਂ ਨੇ ਆਪਣੀ ਅੰਸ ਬੰਸ ਨੂੰ ਰਾਜ ਦਿੱਤਾ ਸਤਿਗੁਰਾਂ ਨੇ ਦਿੱਤਾ ਪੰਥ ਖਾਲਸੇ ਨੂੰ ਇਸ ਕਰਕੇ ਇਹ ਨਿਆਰੀ ਰੀਤੀ ਕਰਨਾ ਕੀਤੀ ਹੈ। ੯।

ਅਪਨੇ ਅੰਸਹਿ ਹੋਤਿ ਢਿਗ, ਪਰ ਅੰਸਹਿ ਬਢਤਿ ਨ ਹੇਤ॥ ਕਿਉਂਕਿ ਆਪਣੀ ਜੇ ਅੰਸ ਕੋਲ ਹੋਵੇ ਤੇ ਪਰਾਈ ਅੰਸ ਪਰਾਏ ਜਿਹੜੇ ਸਤਿਗੁਰਾਂ ਤੋਂ ਸਿਖ ਬਣੇ ਸਨ ਉਨ੍ਹਾਂ ਨਾਲ ਪਿਆਰ ਨਹੀਂ ਹੋ ਸਕਦਾ ਸੀ।

ਭੂਮ ਪੁਤ੍ਰ ਜਿਹ ਘਾਸ ਹੈ, ਨਹਿੰ ਹੁਇ ਅੰਨ ਤਿਹ ਖੇਤ॥੧੦॥ (ਭੂਮ) ਧਰਤੀ ਦਾ ਪੁੱਤਰ ਘਾਹ ਜਿਸ ਧਰਤੀ ਵਿਚ ਘਾਹ ਹੋਵੇ ਉਥੇ ਅੰਨ ਨਹੀਂ ਪੈਦਾ ਹੋ ਸਕਦਾ। ਬੀਜੋ ਤੁਸੀਂ ਕਮਜੋਰ ਜਿਹਾ ਰਹਿ ਜਾਇਗਾ, ਕਿਉਂਕਿ ਧਰਤੀ ਮਾਂ ਆਪਣਾ ਦੁੱਧ ਜਿਹੜਾ ਹੈ ਉਹ ਘਾਹ ਨੂੰ ਪੁੱਤਰ ਨੂੰ ਦੇਊਗੀ, ਉਨਾਂ ਖੇਤੀ ਨੂੰ ਦੂਜੀ ਫਸਲ ਨੂੰ ਨਹੀਂ ਦੇਂਦੀ ਹੈ। ੧੦।

ਇਸ ਵਾਸਤੇ ਪ੍ਰਮਾਣ ਦਿੱਤਾ ਹੈ ਕਿ ਹਮੇਸ਼ਾਂ ਹੀ ਇਕ ਚੀਜ਼ ਰਹਿ ਸਕਦੀ ਹੈ ਦੋ ਨਹੀਂ ਰਹਿ ਸਕਦੇ। ਇਸ ਕਰਕੇ ਸਤਿਗੁਰਾਂ ਨੇ ਆਪਣੀ ਬੰਸ ਰੱਖ ਲਈ ਹੈ ਅੰਸ ਨਹੀਂ ਰੱਖਣੀ ਕੀਤੀ ।

ਖਾਲਸਾ ਕਿਉਂ ਸਾਜਿਆ?

ਦੋਹਰਾ॥ ਤਬੂ ਮਰੀ ਮੁਹਿ ਸੌਂ ਕਹੀ ਫਿਰ, ਭਿੰਨ ਭਿੰਨ ਮੋਹਿ ਸਮਝਾਇ॥ ਫੇਰ ਮਰੇ ਸਾਹਿਬ ਕਹਿਣ ਲੱਗੇ ਹੇ ਭਾਈ ਰਤਨ ਸਿੰਘ ਜੀ! (ਭਿੰਨ ਭਿੰਨ) ਵੱਖਰਾ ਵੱਖਰਾ ਕਰਕੇ ਮੈਨੂੰ ਸਾਰਾ ਪ੍ਰਸੰਗ ਸਮਝਾਓ। ਮੇਰੀ ਸਮਝ ਵਿਚ ਆ ਜਾਵੇ ਸਾਰੀ ਗੱਲ, ਇਉਂ ਖੋਲ੍ਹ ਖੋਲ੍ਹ ਮੈਨੂੰ ਸਾਰੀ ਦੱਸੋ।

'ਪੰਥ ਰਚਿਓ ਜਿਮ ਸਤਿਗੁਰੂ ਔਰ ਭਯੋ ਕਿਤ ਦਾਇ' ॥੧॥ ਜਿਵੇਂ ਪੰਥ ਰਚਿਆ ਹੈ ਸਤਿਗੁਰਾਂ ਨੇ ਜਾਂ ਹੋਰ ਕਿਸੇ ਪਾਸੇ ਸਾਜਿਆ ਹੈ ਭਾਵ ਕਿਤੇ ਭੋਰੇ ਵਿਚ ਜਾਂ ਕਿਤੇ ਪਹਾੜਾਂ ਵਿਚ ਕਹਿੰਦੇ ਲੁਕ ਛਿਪ ਕੇ ਬਣਾਇਆ ਹੈ। ਮੈਨੂੰ ਸਾਰੀ ਗੱਲ ਵਿਸਥਾਰ ਨਾਲ ਦੱਸਣੀ ਕਰੋ। ੧।

ਚੌਪਈ॥ ਥੀ ਤੁਰਕਨ ਕੀ ਬਡ ਪਤਿਸ਼ਾਹੀ॥ ਕਿਉਂਕਿ ਉਹ ਮੌਕਾ ਸੀ ਸਮਾਂ ਸੀ ਉਦੋਂ ਤੁਰਕਾਂ ਦੀ ਵੱਡੀ ਪਾਤਸ਼ਾਹੀ ਸੀ, ਚਲ ਰਿਹਾ ਸੀ ਉਨ੍ਹਾਂ ਦਾ ਸਿੱਕਾ।

ਹੁਕਮ ਤੁਰਤਿ ਲੰਘ ਸੂਬੇ ਬਾਈ॥ ਜਿਹੜਾ ਤੁਰਕਾਂ ਦਾ ਬਾਦਸ਼ਾਹ ਹੁੰਦਾ ਸੀ, ਜੋ ਹੁਕਮ ਹੁੰਦਾ ਸੀ ਉਸ ਦਾ ਜੋ ਹਿੰਦੋਸਤਾਨ ਦੇ ਬਾਈ ਸੂਬੇ ਸਨ ਤੁਰਤ ਹੀ ਉਸ 'ਤੇ ਅਮਲ ਹੁੰਦੀ ਸੀ, ਕਾਰਵਾਈ ਹੁੰਦੀ ਸੀ।

ਮੱਧ ਸਮੁੰਦਰ ਟਾਪੂ ਘਣੇ॥ ਸਮੁੰਦਰ ਵਿਚ ਜੋ ਬਹੁਤੇ ਟਾਪੂ ਸਨ ਉਹ ਤੁਰਕਾਂ ਦੇ ਮਤਹਿਤ ਸਨ ਇਹ ਪੁਰਤਗਾਲ ਆਦਿਕ।

ਦੱਖਣ ਪੂਰਬ ਪਰਬਤ ਸਣੇ॥੨॥ ਦੱਖਣ ਤੋਂ ਲੈ ਕੇ ਪੂਰਬ ਤੱਕ ਸਣੇ ਪਹਾੜਾਂ ਦੇ ਉਤੇ ਸਾਰੇ ਹੁਕਮ ਚਲਦਾ ਸੀ ਮੁਗਲ ਬਾਦਸ਼ਾਹ ਦਾ ਉਸ ਸਮੇਂ। ੨।

ਰੱਯਤ ਹੁਤੋ ਦੇਸ਼ ਉਨ ਸਾਰੋ॥ ਜਿਤਨਾਂ ਵੀ ਹਿੰਦੋਸਤਾਨ ਦੇਸ਼ ਹੈ ਅਤੇ ਟਾਪੂ ਆਦਿਕ ਨੇ ਇਹ ਸਾਰੇ ਹੀ ਉਸ ਮੌਕੇ ਮੁਗਲਾਂ ਦੀ ਰੱਯਤ ਸਨ।

ਕਿਮ ਕਰ ਬੱਧ ਗਯੋ ਸਿੰਘਨ ਪਸਾਰੋ? ਮਰੇ ਸਾਹਿਬ ਕਹਿੰਦਾ ਕਿ ਦੱਸੋ ਏਡਾ ਵੱਡਾ ਪੰਥ ਜਿਨ੍ਹਾਂ ਨੇ ਤੁਰਕਾਂ ਤੋਂ ਰਾਜ ਖੋਹ ਲਿਆ, ਔਰ ਆਪਣਾ ਰਾਜ ਸਥਾਪਿਤ ਕਰ ਲਿਆ ਹੈ ਇਹ ਕਿਸ ਤਰ੍ਹਾਂ ਹੋਇਆ? ਕਿਵੇਂ ਸਿੰਘਾਂ ਦਾ ਪਸਾਰਾ ਵਧ ਗਿਆ ਹੈ?

ਰੱਯਤ ਉਨ ਕਿਮ ਆਕੀ ਭਈ? ਰੱਯਤ ਤਾਂ ਆਕੀ ਨਹੀਂ ਹੋ ਸਕਦੀ ਪਾਤਸ਼ਾਹਾਂ ਤੋਂ, ਇਹ ਕਿਵੇਂ ਆਕੀ ਹੋ ਗਏ ਖਾਲਸੇ?

ਤਿਨ ਕੀ ਫੌਜ ਕਹਾਂ ਥੀ ਗਈ? ॥੩॥ ਉਹਨਾਂ ਦੀ ਫੌਜ ਕਿਸੇ ਮੁਹਿੰਮ 'ਤੇ ਚੜ੍ਹੀ ਹੋਈ ਸੀ ਜਾਂ ਕਿਸੇ ਲੜਾਈ ਵਿਚ ਗਈ ਹੋਈ ਸੀ? ੩।

ਕੈ ਉਨ ਸਿੰਘਨ ਖਬਰ ਨ ਪਾਈ? ਜਾਂ ਕਿ ਉਨ੍ਹਾਂ ਨੂੰ ਪਤਾ ਨਹੀਂ ਲੱਗਿਆ ਕਿ ਸਿੰਘ ਪੈਦਾ ਹੋ ਗਏ ਨੇ ਜਾਂ ਇਹ ਪੰਥ ਤਾਂ ਰਚਿਆ ਜਾ ਰਿਹਾ ਹੈ ਇਹ ਸਾਡੇ ਨਾਲ ਲੜਨਗੇ। ਇਹ ਦੱਸਣਾ ਕਰੋ।

ਕੈ ਤੁਰਕਨ ਗੁਰੂਅਨ ਬੈਰ ਨ ਥਾਈ॥ ਹੋ ਸਕਦਾ ਹੋਵੇ ਉਦੋਂ ਤੁਰਕਾਂ ਦਾ ਤੇ ਸਤਿਗੁਰਾਂ ਦਾ ਵੈਰ ਹੀ ਨਹੀਂ ਸੀ ਉਦੋਂ ਸੁਲਾਹ ਸਫਾਈ ਸੀ ਅਮਨ ਸੀ, ਕੀ ਕਾਰਨ ਸੀ?

ਕੈ ਤੁਰਕਨ ਸਿੰਘਨ ਹੋ ਗਈ ਮੀਜਾ? ਜਾਂ ਦੱਸੋ ਜਦੋਂ ਪੰਥ ਰਚਿਆ ਹੈ ਤੇ ਸਿੰਘਾਂ ਦੀ ਤੇ ਤੁਰਕਾਂ ਦੀ (ਮੀਜਾ) ਸੁਲਾਹ ਹੋ ਗਈ ਹੋਵੇ। ਉਦੋਂ ਇਹਨਾਂ ਨੇ ਪੰਥ ਰਚਿਆ ਹੋਵੇ।

ਕੈ ਉਨ ਜਾਨਯੋ ਪੰਥ ਨਾ ਤੀਜਾ? ॥੪॥ ਏਥੇ ਹੁਣ ਪੰਥ ਦੀ ਗੱਲ ਆਈ ਹੈ ਤੀਸਰਾ ਪੰਥ ਸਾਜਿਆ ਹੈ ਤੀਸਰੀ ਕੌਮ ਨਹੀਂ ਸਾਜੀ ਸਤਿਗੁਰਾਂ ਨੇ। ਇਹ ਸਾਰਾ ਇਤਿਹਾਸ ਪੜਚੋਲ ਕਰ ਦੇਖ ਲਵੋ ਕਿਤੇ ਵੀ ਕੌਮ ਦਾ ਸ਼ਬਦ ਨਹੀਂ ਆਵੇਗਾ। ਖਾਲਸਾ ਪੰਥ ਜਿਹਦੇ ਵਿਚ ਬਹੁਤ ਸਾਰੀਆਂ ਕੌਮਾਂ ਆ ਕੇ ਰਲੀਆਂ ਨੇ ਛੋਟੀ ਤੋਂ ਲੈ ਕੇ ਵੱਡੀ ਤਕ ਸਾਰੀਆਂ ਕੌਮਾਂ ਜਿਹਦੇ ਵਿਚ ਸ਼ਾਮਿਲ ਨੇ ਉਹ ਖਾਲਸਾ ਪੰਥ ਹੈ। ਜਾਂ ਉਹਨਾਂ ਤੀਜੇ ਪੰਥ ਨੂੰ ਜਾਣਿਆ ਨਹੀਂ? ੪।

ਕੈ ਉਨ ਮੈਂ ਨ ਥੋ ਕੋਊ ਸਯਾਨੋ? ਤੁਰਕਾਂ ਵਿਚ ਕੋਈ ਸਿਆਣਾ ਹੀ ਨਹੀਂ ਸੀ, ਜਿਹਨੂੰ ਪਤਾ ਨਾ ਲੱਗਾ ਕਿ ਤੀਸਰਾ ਪੰਥ ਬਣ ਰਿਹਾ ਹੈ। ਉਹਨਾਂ ਦਾ ਤੇ ਸਾਡਾ ਵੈਰ ਵਿਰੋਧ ਚਲ ਰਿਹਾ।

ਤੋ ਉਨ ਨਾਹਿ ਸਿੰਘਨ ਹੋਤ ਪਛਾਨੋ? ਕੀ ਕਾਰਨ? ਉਹ ਸਿੰਘਾਂ ਨੂੰ ਪੈਦਾ ਹੁੰਦਿਆਂ ਨੂੰ ਪਛਾਣ ਨ ਸਕੇ, ਇਹ ਸਿਪਾਹੀ ਪੈਦਾ ਹੋ ਰਹੇ ਨੇ, ਫੌਜ ਭਰਤੀ ਹੋ ਰਹੀ ਹੈ ਕੀ ਕਾਰਨ ਹੋਇਆ ਹੈ?

ਕੈ ਪੰਥ ਚਕਯੋ ਨ ਦਾਵੋ ਪਤਸ਼ਾਹੀ? ਹੋ ਸਕਦਾ ਹੈ ਇਹਨਾਂ ਨੇ ਸਧਾਰਨ ਰੂਪ ਧਾਰਨ ਕੀਤਾ ਹੋਵੇ। ਏਸ ਕਰਕੇ ਪੰਥ ਨੇ ਪਾਤਸ਼ਾਹੀ ਦਾਅਵਾ ਨਾ ਚੁਕਿਆ ਹੋਵੇ ਇਹ ਗੱਲ ਹੀ ਨਾ ਹੋਵੇ ਅਸੀਂ ਰਾਜ ਕਰਨਾ ਹੈ। ਖਾਲਸੇ ਦਾ ਤਾਂ ਸ਼ਬਦ ਹੈ। ''ਰਾਜ ਕਰੇਗਾ ਖਾਲਸਾ ਆਕੀ ਰਹੇ ਨਾ ਕੋਇ''। ''ਉਦੇ ਅਸਤ ਸਮੁੰਦਰ ਪ੍ਰਯੰਤੰ ਅਬਿਚਲ ਰਾਜ ਮਿਲਯੋ ਗੁਰ ਪੁਰਿ ਕੋ।'' ਸ੍ਰੀ ਸਰਬ ਲੋਹ। ਇਹ ਤਾਂ ਦਾਅਵਾ ਕਰਦਾ ਰਿਹਾ ਖਾਲਸਾ ਪੰਥ। ਕਈ ਵੇਰਾਂ ਤੁਰਕਾਂ ਨੇ ਕਿਹਾ ਤੁਸੀਂ ਵੀ ਲੈ ਲਉ ਤੇ ਰਲ ਮਿਲ ਕੇ ਰਾਜ ਕਰ ਲਈਏ। ਤਾਂ ਸਿੰਘਾਂ ਨੇ ਇਹ ਦਾਅਵਾ ਕੀਤਾ, ਸਾਨੂੰ ਸਤਿਗੁਰਾਂ ਨੇ ਪਾਤਸ਼ਾਹੀਆਂ ਬਖਸ਼ੀਆਂ ਸਾਡੀ ਕਾਠੀ ਕਾਠੀ ਨਾਲ ਰਾਜ ਲਾਇਆ ਅਸੀਂ ਤੁਹਾਡਾ ਦਿੱਤਾ ਲੈਣਾ ਕੋਈ। ਸਾਡੇ ਸਤਿਗੁਰੂ ਦੇਣ ਵਾਲੇ ਹਨ।

ਕੈ ਉਨ ਤੈ ਪੰਥ ਭਯੋ ਲੁਕਾਹੀ? ॥੫॥ ਜਾਂ ਉਨ੍ਹਾਂ ਤੁਰਕਾਂ ਤੋਂ ਫੌਜਦਾਰਾਂ ਤੋਂ ਕਿਤੇ ਲੁਕ ਕੇ ਪੰਥ ਬਣਾ ਦਿੱਤਾ ਗੁਰੂ ਸਾਹਿਬ ਨੇ। ੫।

ਦੋਹਰਾ॥ ਜਿਮ ਤਿਮ ਉੱਤਰ ਮੈਂ ਦਯੋ, ਸੁਨੋ ਸੋਊ ਗੁਰ ਸਿੱਖ॥ ਹੇ ਗੁਰ ਸਿਖੋ! ਭਾਈ ਰਤਨ ਸਿੰਘ ਜੀ ਕਹਿੰਦੇ ਨੇ ਜਿਵੇਂ ਮੈਂ ਉੱਤਰ ਦਿੱਤਾ ਕਪਤਾਨ ਮਰੇ ਸਾਹਿਬ ਨੂੰ ਸੁਣੋ!

ਜਨਮਤਿ ਲੁਕਯੋ ਨ ਪੰਥ ਯਹ, ਦਭ ਸੂਲਨ ਜਿਉਂ ਮੁਖ ਤਿੱਖ॥੬॥ ਇਹ ਤਾਂ ਜਨਮ ਹੁੰਦਿਆਂ ਹੀ ਲੁਕਿਆ ਨਹੀਂ ਕਿਉਂਕਿ ਸੂਲਾਂ ਜਦੋਂ ਪੈਦਾ ਹੁੰਦੀਆਂ ਨੇ, ਭਾਵੇਂ ਕੱਚੀ ਸੂਲ ਨੂੰ ਹੱਥ ਲਾ ਕੇ ਵੇਖੋ ਉਹ ਚੁੱਭਦੀ ਹੈ, ਕਹਿੰਦੇ ਉਨ੍ਹਾਂ ਦੇ ਸੂਲਾਂ ਵਰਗੇ ਤਿਖੇ ਸੀ ਮੂੰਹ। ਐਸਾ ਜੋ ਖਾਲਸਾ ਹੈ ਉਹ ਕਦੋਂ ਲੁਕਿਆ ਰਹਿ ਸਕਦਾ ਸੀ। ਉਹ ਲੁਕ ਦੇ ਕਦੋਂ ਪੈਦਾ ਹੋ ਸਕਦਾ ਸੀ। ੬।

ਚੌਪਈ ॥ ਸਿੰਘਨ ਪੰਥ ਕਬ ਲੁਕ ਛਿਪ ਹੋਯੋ॥ ਸਿੰਘਾਂ ਦਾ ਪੰਥ ਹੋਵੇ ਸ਼ੇਰਾਂ ਦਾ ਉਹ ਲੁਕ ਛਿਪ ਕੇ ਕਦੋਂ ਪੈਦਾ ਹੋ ਸਕਦਾ ਹੈ।

ਸਿੰਘਨ ਪੰਥ ਕਬ ਲੁਕੈ ਲੁਕੋਯੋ॥ ਸਿੰਘਾਂ ਦਾ ਪੰਥ ਕਦੋਂ ਲੁਕਿਆ ਹੋਇਆ ਰਹਿ ਸਕਦਾ ਹੈ? ਜਿਨ੍ਹਾਂ ਦਾ ਸਰੂਪ ਹੀ ਵਿਲੱਖਣ ਹੈ; ਇਹਨਾਂ ਦੀ ਯੂਨੀਫਾਰਮ ਹੀ ਵੱਖਰੀ ਹੈ। ਇਹ ਸ਼ਸਤ੍ਰਾਂ ਨਾਲ ਲੈਸ ਹੋਵੇ ਖਾਲਸਾ ਉਹ ਕਿਵੇਂ ਲੁਕਿਆ ਰਹਿ ਸਕਦਾ ਹੈ।

ਸਿੰਘਨ ਪੰਥ ਜੁਧ ਕੋ ਭਇਓ॥ ਸਿੰਘਾਂ ਦਾ ਤਾਂ ਪੰਥ ਹੀ ਜੁਧ ਕਰਨ ਵਾਸਤੇ ਪੈਦਾ ਕੀਤਾ। ਇਹ ਤੁਰਕ ਜ਼ੁਲਮ ਕਰਦੇ ਕਿਸੇ ਤਰ੍ਹਾਂ ਹਟਾਇਆ ਨਹੀਂ। ਕੋਈ ਸਿਮਰਨ ਕਰਦਾ ਬੰਦਗੀ ਕਰਦਾ, ਸੰਗਤ ਦਿਵਾਨ ਲਾਈ ਬੈਠੀ ਤੇ ਤੁਰਕਾਂ ਨੇ ਹੱਲਾ ਬੋਲ ਦੇਣਾ। ਇਹ ਤਾਂ ਆਮ ਕਰਕੇ ਲੋਕ ਦੁਨੀਆਂ ਦੇ ਲੋਕ ਕਿਸੇ ਤੀਰਥ 'ਤੇ ਜਾਂਦੇ, ਕੋਈ ਆਪਦਾ ਸ਼ਨਾਨ ਪਾਨ ਕਰਕੇ ਜਪ ਤਪ ਕਰਦਾ, ਮਾਲਾ ਫੇਰਦਾ ਤਲਵਾਰ ਕੱਢ ਕੇ ਹੱਥ ਵੱਢ ਕੇ ਰੱਖ ਦਿੰਦੇ ਸਨ। ਇਹ ਭਜਨ ਕਿਉਂ ਕਰਦਾ ਹੈ, ਇਹ ਸਾਧਾਂ ਫਕੀਰਾਂ 'ਤੇ ਵੀ ਢਿਲ ਨਹੀਂ ਸੀ ਕਰਦੇ ਤੇ ਸਿੰਘਾਂ ਉਤੇ ਕਿਵੇਂ ਕਰ ਸਕਦੇ ਸਨ।

ਸਿੰਘਨ ਜਨਮ ਸੰਗ ਸ਼ਸਤ੍ਰਨ ਲਇਓ॥ ੭॥ ਸਿੰਘਾਂ ਦਾ ਤਾਂ ਜਨਮ ਹੀ ਸ਼ਸਤ੍ਰਾਂ ਵਿਚੋਂ ਹੋਇਆ, ਇਹ ਤਾਂ ਖੰਡੇ ਦੀ ਪਾਹੁਲ ਵਿਚੋਂ ਪੈਦਾ ਹੋਇਆ ਖਾਲਸਾ ਪੰਥ। ੭।

ਸਿੰਘਨ ਪਾਹੁਲ ਖੰਡੇ ਕੀ ਦਈ॥ ਸਿੰਘਾਂ ਨੂੰ ਪਾਹੁਲ ਹੀ ਖੰਡੇ ਦੀ ਮਿਲੀ ਹੈ ਖਾਲਸਾ ਜੀ!

ਸਿੰਘਨ ਗੁੜ੍ਹਤੀ ਖੰਡੇ ਕੀ ਲਈ॥ ਗੁੜ੍ਹਤੀ ਦਿੰਦੇ ਨੇ ਜਨਮ ਜਦੋਂ ਹੁੰਦਾ ਬੱਚੇ ਦਾ ਉਦੋਂ ਲੋਕੀਂ ਗੁੜ ਜਿਹੜਾ ਹੈ ਉਦੋਂ ਉਹਨੂੰ ਗਰਮ ਕਰਕੇ ਗੁੜ ਦੀਆਂ ਗੁੜ੍ਹਤੀਆਂ ਦੇਂਦੇ ਨੇ, ਏਸ ਵਾਸਤੇ ਰੋਲ ਘਚੋਲਾ ਜਿਹਾ ਪੈਦਾ ਹੋ ਜਾਂਦਾ ਬੰਦਾ। ਕਿ ਜਿਹੋ ਜਿਹੀ ਗੁੜ੍ਹਤੀ ਮਿਲੇ ਉਹੋ ਜਿਹਾ ਹੀ ਬੰਦਾ ਹੁੰਦਾ ਹੈ। ਸਿੰਘਾਂ ਨੇ ਖੰਡੇ ਦੀ ਗੁੜ੍ਹਤੀ ਲਈ ਹੈ।

ਸਿਰ ਪਰ ਚੱਕਰ ਕਰਦੈਂ ਧਾਰੈਂ॥ ਸਿੰਘਾਂ ਨੇ ਸੀਸ 'ਤੇ ਦੁਮਾਲੇ ਝੁਲਾਉਣੇ, ਉੱਤੇ ਕ੍ਰਿਪਾਨਾਂ ਖੰਡੇ ਲਾਉਣੇ ਤੇ ਚੱਕਰ ਸਜਾਉਣੇ, ਦਸੋ ਐਸੇ ਸਰੂਪ ਵਾਲਾ ਖਾਲਸਾ ਲੁਕ ਕੇ ਕਦੋਂ ਪੈਦਾ ਹੋ ਸਕਦਾ ਹੈ।

ਕਦ ਵਹਿ ਲੁਕੈਂ ਜਿਮ ਸ਼ੇਰ ਨਖ ਵਾਰੈਂ॥ ੮॥ ਭਾਵ ਜੇ ਸ਼ੇਰ ਦੇ ਪੰਜੇ ਹੇਠਲੇ ਨੇ ਕਦੋਂ ਲੁਕਦਾ ਹੈ ਸ਼ੇਰ ਜਦੋਂ ਜੰਗਲ ਵਿੱਚ ਪੈਦਾ ਹੋਏ ਉਦੋਂ ਸੌ ਸੌ ਕੋਹ ਉੱਤੇ ਪਤਾ ਹੁੰਦਾ ਹੈ ਏਥੇ ਸ਼ੇਰ ਹੈ, ਉਹ ਲਕੋਇਆਂ ਥੋੜ੍ਹਾ ਰਹਿੰਦਾ। ਨਹੀਂ ਹੋਰ ਜਾਨਵਰ ਬਥੇਰੇ ਸ਼ੇਰ ਇੱਕ ਹੈ। ਜੇ ਉਹਦੀ ਵਿਲੱਖਣਤਾ ਨਾ ਹੋਵੇ ਤਾਂ ਉਹ ਲੁਕਿਆ ਰਹਿ ਸਕਦਾ ਹੈ, ਉਹਦਾ ਪਤਾ ਹੀ ਨਾ ਲੱਗੇ ਕਿਸੇ ਨੂੰ ਪਰ ਨਹੀਂ ਸ਼ੇਰਾਂ ਦਾ ਪੰਥ ਕਦੀ ਨਹੀਂ ਲੁਕਿਆ। ਇਹ ਤਾਂ ਭਾਈ ਤੁਰੰਤ ਹੀ ਹੋ ਜਾਂਦੇ ਨੇ। ੮।

ਪੰਥ ਰਚਯੋ ਇਮ ਸਤਿਗੁਰ ਪੂਰੇ॥ ਜਿਹੜੇ ਗੁਰੂ ਨੇ ਇਹ ਪੰਥ ਰਚਿਆ ਉਹ ਸਤਿਗੁਰੂ ਪੂਰਾ ਸੀ ਅਤੇ ਏਸੇ ਤਰ੍ਹਾਂ ਹੀ ਪੂਰਾ ਸੂਰਾ ਖਾਲਸਾ ਪੰਥ ਰਚਿਆ।

ਜੁਧੈ ਖਾਤਰ ਕਰਨ ਜਰੂਰੇ॥ ਜਰੂਰ ਹੀ ਜੁੱਧ ਵਾਸਤੇ ਖਾਲਸੇ ਦੀ ਰਚਨਾ ਹੋਈ ਐ।

ਬਿਨ ਜੁਧੈ ਕਬ ਪਯਤ ਪਾਤਸ਼ਾਹੀ॥ ਇਹ ਪਾਤਸ਼ਾਹੀ ਖਾਲਸੇ ਨੂੰ ਦੇਣੀ ਲੈ ਕੇ ਤੇ ਜਿੰਨਾਂ ਚਿਰ ਜੁੱਧ ਨਹੀਂ ਕਰਦੇ, ਸਿੰਘ ਤਾਂ ਬਿਚਾਰ ਰਖਦੇ ਸਨ ਕਿ ਜੁੱਧ ਕੀਤਿਆਂ ਬਿਨਾਂ ਕਦੋਂ ਪਾਤਸ਼ਾਹੀ ਮਿਲੀ ਸਾਨੂੰ।

ਆਦਿ ਜੁਧੈ ਬਿਧ ਗੁਰੂ ਉਠਾਈ॥ ੯॥ ਆਦਿ ਤੋਂ ਆਪ ਸਤਿਗੁਰਾਂ ਨੇ ਇਹ ਜੁੱਧ ਦੀ ਵਿਧੀ ਖਾਲਸੇ ਵਿੱਚ ਲਿਆਂਦੀ ਔਰ ਇਹਨਾਂ ਨੂੰ ਕਿਹਾ ਸਮਝਾਇਆ ਕਿ ਖਾਲਸਾ ਜੀ ਧਰਮ ਖਾਤਰ ਜਿਉਣਾ ਹੈ। ੯।

ਦੋਹਰਾ॥ ਗੁਰੂਅਨ ਮਧ ਪਤਿਸ਼ਾਹ ਤੇ ਵਧਯੋ ਹੁਤੋ ਥੋ ਬੈਰ॥ ਸਤਿਗੁਰਾਂ ਵਿੱਚ ਤੇ ਬਾਦਸ਼ਾਹ ਵਿੱਚ ਬਹੁਤ ਵੈਰ ਵੱਧ ਚੁਕਿਆ ਸੀ।

ਗੁਰੂ ਤੇਗ ਬਹਾਦਰ ਸਿਰ ਦਯੋ, ਉਨਿ ਸਿਖ ਕਰੇਂ ਕਿਮ ਬੈਰ॥ ੧੦॥ ਗੁਰੂ ਸਾਹਿਬ ਜੀ ਨੇ ਸੀਸ ਦਿੱਤਾ ਹੈ ਦਿੱਲੀ ਵਿਚ, ਉਨ੍ਹਾਂ ਦੇ ਸਿੱਖ ਕਿਵੇਂ ਬੈਰ ਕਰਨਗੇ, ਉਹ ਨਹੀਂ ਲਿਹਾਜ ਕਰਨਗੇ। ੧੦।

ਚੌਪਈ॥ ਗੁਰ ਤੇਗ ਬਹਾਦਰ ਦੇਹ ਦਿੱਲੀ ਲਾਈ॥ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਜਿਹੜਾ ਸੀਸ ਦਿੱਲੀ ਵਿਚ ਵਾਰਨਾ ਕੀਤਾ ਹੈ।

ਦਿੱਲੀ ਪਤ ਉਨ ਜੜ੍ਹ ਉਖੜਾਈ॥ ਉਨ੍ਹਾਂ ਨੇ ਦਿੱਲੀ ਦੇ ਪਾਤਸ਼ਾਹ ਦੀ ਜੜ੍ਹ ਦਿੱਲੀ ਤੋਂ ਉਖੇੜ ਦਿੱਤੀ ਹੈ।

ਗੁਰ ਗੋਬਿੰਦ ਸਿੰਘ ਸੋ ਲਖ ਲਈ॥ ਅੰਤਰਜਾਮੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਉਹ ਜਾਣ ਲਈ ਹੈ।

ਅਬ ਤੁਰਕਨ ਜੜ੍ਹ ਸੁਕ ਸੁ ਗਈ॥ ੧੧॥ ਕਿ ਹੁਣ ਤੁਰਕਾਂ ਦੀ ਜੜ੍ਹ ਸੁੱਕ ਗਈ ਹੈ ਬਿਲਕੁਲ, ਸਾਹਿਬਾਂ ਦੇ ਸਰਾਪ ਨਾਲ। ੧੧।

ਪਰ ਕਟੈ ਪਕੈ ਬਿਨ ਗਿਰੇ ਸੁ ਨਾਹਿ॥ ਦਰੱਖਤ ਸੁਕ ਜਾਂਦਾ ਹੈ ਤਾਂ ਜਿੰਨਾਂ ਚਿਰ ਵੱਢੀਏ ਨਾ ਡਿਗਦਾ ਨਹੀਂ ਓਨਾ ਚਿਰ ਖੜ੍ਹਾ ਰਹਿੰਦਾ ਹੈ ਇਸ ਵਾਸਤੇ ਸਾਹਿਬਾਂ ਨੇ ਵਿਚਾਰ ਕੀਤਾ ਹੈ ਇਹਨੂੰ ਹੁਣ ਕੱਟ ਕੇ ਸੁਟੀਏ ਰੁੱਖ ਨੂੰ, ਤੁਰਕਾਂ ਦੀ ਬਾਦਸ਼ਾਹੀ ਰੂਪੀ ਜੋ ਦਰੱਖਤ ਹੈ ਇਹਦੀ ਜੜ੍ਹ ਸੁੱਕ ਗਈ ਹੈ। ਹੁਣ ਇਹ ਕੱਟ ਕੇ ਸੁੱਟਣਾ ਪੈਣਾ ਹੈ।

ਅਕੈ ਗਿਰੇ ਵਡ ਪੌਣ ਵਗਾਰਿ॥ ਜਾਂ ਤਾਂ ਡਿਗ ਸਕਦਾ ਖਸਤਾ ਹੋ ਜਾਇ ਰੁਖ ਸੁੱਕ ਕੇ, ਕੋਈ ਵੱਡੀ ਹਨੇਰੀ ਆਵੇ ਉਹ ਉਲਟਾ ਕੇ ਮਾਰੇਗੀ ਜੜ੍ਹਾਂ ਤੋਂ ਪੁੱਟ ਕੇ। ਜਾਂ ਫਿਰ ਕੁਹਾੜਿਆਂ ਨਾਲ ਆਰਿਆਂ ਨਾਲ ਵੱਢਿਆ ਜਾ ਸਕਦਾ ਹੈ।

ਅਬ ਇਨ ਪਰ ਪੌਨ ਖੰਡੇ ਚਲਵੱਯੈ॥ ਹੁਣ ਤਾਂ ਫਿਰ ਖੰਡੇ ਦੀ ਪੌਣ ਚਲਾਈਏ ਇਨ੍ਹਾਂ 'ਤੇ ਹਨ੍ਹੇਰੀ ਲਿਆਈਏ ਖੰਡੇ ਦੀ ਧਾਰ ਦੀ, ਇਨ੍ਹਾਂ ਨਾਲ ਲੋਹਾ ਲਈਏ ਇਨ੍ਹਾਂ ਨੂੰ ਪੁੱਟ ਕੇ ਪਰ੍ਹਾਂ ਸੁੱਟੀਏ।

ਮਾਰ ਇਸੈ ਢਬ ਇਨੈਂ ਗਿਰੱਯੈ॥ ੧੨॥ ਐਸ ਢੰਗ ਦੇ ਨਾਲ ਮਾਰ ਕੇ ਇਨ੍ਹਾਂ ਨੂੰ ਗਿਰਾ ਦੇਈਏ। ੧੨।

ਤੌ ਸਤਿਗੁਰ ਨਿਜ ਫੜ ਤਲਵਾਰ॥ ਤਾਂ ਸਤਿਗੁਰੂ ਜੀ ਨੇ ਆਪ ਆਪਣੀ ਤਲਵਾਰ ਫੜ ਕੇ।

ਅਬ ਲੱਯੈ ਪਤਿਸ਼ਾਹੀ ਤੁਰਕਨ ਮਾਰ॥ ਹੁਣ ਤੁਰਕਾਂ ਨੂੰ ਮਾਰ ਕੇ ਪਾਤਸ਼ਾਹੀ ਖੋਹ ਲਈਏ ਇਨ੍ਹਾਂ ਤੋਂ ਹੁਣ ਇਹ ਲਾਇਕ ਨਹੀਂ ਰਹੇ।

ਫਿਰ ਸਤਿਗੁਰ ਚਿੱਤ ਐਸ ਬਿਚਾਰੀ॥ ਫੇਰ ਸਤਿਗੁਰੂ ਜੀ ਨੇ ਆਪਣੇ ਚਿੱਤ ਵਿੱਚ ਇਹ ਵਿਚਾਰ ਕੀਤੀ।

ਹਮ ਕਯਾ ਕਰਨੀ ਸ਼ਾਹੀ ਨਿਕਾਰੀ॥ ੧੩॥ ਇਹ ਪਾਤਸ਼ਾਹੀ ਅਸੀਂ ਕੀ ਕਰਨੀ ਹੈ (ਨਿਕਾਰੀ) ਜਿਹਦੇ ਵਿੱਚ ਝੂਠ ਮੂਠ ਬੋਲਣਾ ਪੈਂਦਾ ਹੈ ਅਨਿਆਂ ਕਰਨਾ ਪੈਂਦਾ ਹੈ ਸਾਨੂੰ ਕੀ ਲੋੜ ਹੈ, ਉਹ ਤਾਂ ਆਪ ਸੱਚੇ ਪਾਤਸ਼ਾਹ ਸਨ, ਅਸਾਂ ਕੀ ਪਾਤਸ਼ਾਹੀ ਕਰਨੀ ਹੈ? ੧੩।

ਸ੍ਰੀ ਨਾਨਕ ਗੱਦੀ ਹਮ ਚਹਿ ਘਰੀ॥ ਸਾਡੇ ਘਰ ਵਿੱਚ ਗੁਰੂ ਨਾਨਕ ਪਾਤਸ਼ਾਹ ਦੀ ਗੱਦੀ ਹੈ, ਅਸੀਂ ਉਹਦੇ ਵਾਰਸ ਹਾਂ। ਅਸੀਂ ਪਾਤਸ਼ਾਹੀ ਕੀ ਕਰਨੀ ਹੈ?

ਜਿਸੈ ਪਤਿਸ਼ਾਹੀ ਚਰਨੀ ਪਰੀ॥ ਬਾਦਸ਼ਾਹ ਜੋ ਕਹਾਉਣ ਵਾਲੇ ਹਨ ਅੱਜ ਦੇ ਉਹ ਤਾਂ ਚਰਨੀਂ ਲੱਗੇ ਉਹਨਾਂ ਨੇ ਤਾਂ ਰਾਜ ਇਥੋਂ ਮੰਗ ਕੇ ਲਿਆ।

ਹਮੈਂ ਪਤਿਸ਼ਾਹੀ ਕੀ ਕਯਾ ਪਰਵਾਹਿ॥ ਸਾਨੂੰ ਕੀ ਪਰਵਾਹ ਹੈ ਐਸੀਆਂ ਪਾਤਸ਼ਾਹੀਆਂ ਦੀ ਇਉਂ ਸਾਹਿਬ ਜੀ ਨੇ ਬਿਚਾਰ ਕੀਤਾ।

ਦੇਂ ਪਤਿਸ਼ਾਹੀ ਨਫਰਨ ਉਠਾਇ॥ ੧੪॥ (ਨਫਰਨ) ਆਪਣੇ ਨੌਕਰਾਂ ਚਾਕਰਾਂ ਨੂੰ ਦੇ ਦੇਈਏ ਇਹਨਾਂ ਤੋਂ ਖੋਹ ਲਈਏ, ਸਾਹਿਬਾਂ ਦਾ ਬਚਨ ਵੀ ਪੂਰਾ ਹੋ ਜਾਏ। ੧੪।

ਦੋਹਰਾ॥ ਸਤਿਗੁਰ ਚਿੱਤ ਮਧ ਇਮ ਠਟੀ, ਦਈਐ ਰਾਜਨ ਰਾਜ ਉਠਾਇ॥ ਸਤਿਗੁਰਾਂ ਨੇ ਚਿੱਤ ਵਿਚ ਠਾਣ ਲਈ ਸੀ ਕਿ ਇਨ੍ਹਾਂ ਰਾਜਿਆਂ ਦਾ ਰਾਜ ਪਲਟਾ ਕਰ ਦੇਈਏ, ਇਹ ਨਹੀਂ ਹੁਣ ਲਾਇਕ ਰਹੇ ਰਾਜ ਕਰਨ ਦੇ।

ਸਭ ਰਾਜਨ ਏ ਪਰਬਤੀ, ਦਯੈ ਖੰਡੋ ਫੜਵਾਇ॥ ੧੫॥ ਵਿਚਾਰ ਕੀਤੀ ਹੈ ਜਿੰਨੇ ਪਰਬਤ ਦੇ ਹਿੰਦੂ ਰਾਜੇ ਨੇ ਇਨ੍ਹਾਂ ਨੂੰ

ਖੰਡੇ ਫੜਾਈਏ, ਇਹਨਾਂ ਤੋਂ ਜੁੱਧ ਕਰਵਾਈਏ। ੧੫।

ਚੌਪਈ॥ ਫਿਰ ਸਤਿਗੁਰ ਚਿੱਤ ਸੋਝੀ ਆਈ॥ ਸਤਿਗੁਰਾਂ ਨੇ ਵਿਚਾਰ ਕੀਤਾ ਮਨ ਦੇ ਵਿੱਚ।

ਏਹ ਕਬ ਸਿੱਖ ਬਨੈਂ ਹਮ ਆਈ॥ ਸਤਿਗੁਰਾਂ ਨੇ ਵਿਚਾਰ ਕੀਤਾ ਇਹ ਤਾਂ ਪੱਥਰ ਪੂਜ ਨੇ ਇਹ ਕਦੋਂ ਸਾਡੇ ਸਿੱਖ ਬਣਨ ਲੱਗੇ ਹਨ।

ਮੁਖਤ ਨਿਆਮਤ ਇਨ ਕਿਮ ਦੱਯੈ॥ ਔਰ ਮੁਫ਼ਤ ਦੀ ਨਿਆਮਤ ਇਨ੍ਹਾਂ ਨੂੰ ਦੇਈਏ ਵੀ ਕਿਉਂ? ਇਹ ਕੀ ਲੱਗਦੇ? ਕੀ ਸੇਵਾ ਇਨ੍ਹਾਂ ਦੀ? ਕੀ ਘਾਲਣਾ ਇਹਨਾਂ ਦੀ ਗੁਰੂ ਘਰ ਵਿਚ? ਜਿਹੜੀ ਇਹਨਾਂ ਨੂੰ ਅਸੀਂ ਪਾਤਸ਼ਾਹੀ ਦੇ ਦੇਈਏ। ਇਨ੍ਹਾਂ ਨੂੰ ਰਾਜ ਬਖਸ਼ ਦੇਈਏ।

ਕਿਮ ਪੁਤ ਬਿਗਾਨੇ ਮੁੱਖ ਚੁਮੱਯੈ॥ ੧੬॥ ਆਪਣੇ ਬੱਚਿਆਂ ਨਾਲ ਤਾਂ ਹਰੇਕ ਪਿਆਰ ਕਰਦਾ ਹੈ। ਮੂੰਹ ਚੁੰਮਦੇ ਹਨ ਪਿਆਰ ਕਰਦੇ ਹਨ ਮਮਤਾ ਦੇ ਮਾਰੇ ਮਾਪੇ, ਉਹ ਕਹਿੰਦੇ ਇਹ ਸਾਡੇ ਪੁੱਤਰ ਨੇ, ਕਹਿੰਦੇ ਇਨ੍ਹਾਂ ਪਰਾਇਆਂ ਪੁੱਤਰਾਂ ਦਾ ਕਿਉਂ ਮੂੰਹ ਚੁੰਮੀਏ? ਇਨ੍ਹਾਂ ਨੂੰ ਕਿਉਂ ਦੇਈਏ ਅਸੀਂ ਬਾਦਸ਼ਾਹੀਆਂ। ੧੬।

ਓਇ ਪੱਥਰ ਪੂਜਕ ਭਿੱਜ ਨ ਨੀਰੋ॥ ਇਹ ਤਾਂ ਪੱਥਰ ਪੂਜ ਨੇ ਪੱਥਰ ਕਿੰਨਾਂ ਚਿਰ ਪਾਣੀ ਵਿਚ ਪਿਆ ਰਹੇ ਭਿੱਜਿਆ ਕਦੀ ਜਦੋਂ ਕੱਢੋ ਸੁੱਕੇ ਦਾ ਸੁੱਕਾ ਨਿਕਲਦਾ ਹੈ। ਇਸ ਵਾਸਤੇ ਇਹ ਲਾਇਕ ਨਹੀਂ ਪਾਤਸ਼ਾਹੀ ਦੇ।

ਓਇ ਆਦਿ ਅਕ੍ਰਿਤਘਣ ਘਰ ਗੁਰ ਤੀਰੋ॥ ਇਹ ਗੁਰ ਘਰ ਤੋਂ (ਆਦਿ) ਮੁਢ ਤੋਂ ਅਕ੍ਰਿਤਘਣ ਨੇ, ਪੱਥਰ ਪੂਜਦੇ ਨੇ, ਸਤਿਗੁਰੂ ਜਾਗਦੀ ਜੋਤਿ ਨੂੰ ਮਨਾਉਂਦੇ ਨੇ। ਇਹ ਤਾਂ ਪ੍ਰਮੇਸ਼ਰ ਨੂੰ ਨਹੀਂ ਜਾਣਦੇ ਪੱਥਰ ਨੂੰ ਪ੍ਰਮੇਸ਼ਰ ਸਮਝੀ ਬੈਠੇ ਹਨ।

ਰਜਪੂਤ ਸਦਾਵੈਂ ਆਪ ਸਿਪਾਹੀ॥ ਇਹ ਰਾਜਪੂਤ ਰਜ਼ੀਆ ਦੇ ਪੂਤ (ਰਜੀਆ) ਗੋਲੀ ਕਾ ਪੂਤ। ਮਹਾਰਾਜ ਜੀ ਨੇ ਇਹ ਵੀ ਵਿਚਾਰ ਕੀਤੀ ਕਿ ਜੇ ਇਨ੍ਹਾਂ ਨੂੰ ਦਿੱਤਾ ਅਸੀਂ ਰਾਜ, ਇਹ ਰਾਜਪੂਤ ਕਹਾਉਂਦੇ ਨੇ ਕਿ ਅਸੀਂ ਤਾਂ ਆਪ ਸਿਪਾਹੀ ਹਾਂ ਅਸੀਂ ਤਾਂ ਆਪ ਰਾਜਪੂਤ ਹਾਂ।

ਓਇ ਕਹੈਂ ਕਦੋਂ ਗੁਰ ਦਈ ਪਤਿਸ਼ਾਹੀ॥ ੧੭॥ ਸਾਹਿਬ ਜੀ ਕਹਿਣ ਲੱਗੇ ਇਹ ਕਦੋਂ ਕਹਿਣਗੇ ਸਾਨੂੰ ਸੱਚੇ ਪਾਤਸ਼ਾਹ ਨੇ ਰਾਜ ਦਿੱਤਾ ਹੈ। ਸਾਨੂੰ ਉਨ੍ਹਾਂ ਨੇ ਪਾਤਸ਼ਾਹੀ ਬਖਸ਼ੀ ਹੈ ਇਨ੍ਹਾਂ ਤਾਂ ਮੰਨਣਾ ਹੀ ਨਹੀਂ, ਇਹ ਤਾਂ ਕਹਿਣਗੇ ਸਾਡੇ ਪਿਉ ਦਾਦੇ ਰਾਜ ਕਰਦੇ ਆਏ ਨੇ ਓਸੇ ਤਰ੍ਹਾਂ ਅਸੀਂ ਹਾਂ, ਸਾਨੂੰ ਨਹੀਂ ਦਿੱਤਾ ਰਾਜ ਕਿਸੇ ਨੇ। ੧੭।

ਅਬ ਦਯੈ ਪਤਸ਼ਾਹੀ ਗਰੀਬਨ ਉਠਾਇ॥ ਮਨ ਵਿਚ ਵਿਚਾਰ ਆਈ ਸਤਿਗੁਰਾਂ ਦੇ ਉਹਨਾਂ ਨੂੰ ਦੇਈਏ ਜਿਹੜੇ ਸਿੱਖ ਨੇ ਸਾਡੇ, ਆ ਕੇ ਭਰਤੀ ਹੋਏ ਨੇ ਪੰਥ ਵਿੱਚ। ਇਹ ਪਾਤਸ਼ਾਹੀ ਇਹਨਾਂ ਤੋਂ ਖੋਹ ਕੇ ਇਹਨਾਂ ਨੂੰ ਦੇ ਦੇਈਏ ਉਹਨਾਂ ਗਰੀਬਾਂ ਸਿੱਖਾਂ ਨੂੰ ਪਾਤਸ਼ਾਹੀ ਦੇਈਏ।

ਵੈ ਜਾਨੈ ਗੁਰ ਦਈ ਹੈ ਮਾਇ॥ ੧੮॥ ਉਹ ਜਾਨਣਗੇ ਸਾਡੇ ਮਾਈ ਬਾਪ ਗੁਰੂ ਨੇ ਉਹਨਾਂ ਸਾਨੂੰ ਦਿੱਤੀ ਹੈ। ਸ਼ਕਤੀ ਸਾਨੂੰ ਪਾਤਸ਼ਾਹੀ ਦਿੱਤੀ। ਗਰੀਬ ਸਿੱਖ ਜਿਹੜੇ ਹਨ ਯਾਦ ਕਰਨਗੇ ਸਾਨੂੰ। ੧੮।

ਦੋਹਰਾ॥ ਦਯੀ ਚੀਜ ਚਹੈ ਗਰੀਬ ਕਉ, ਕਿਉਂ ਅਤਿ ਦਯੋ ਅਖਾਇ॥ ਮਹਾਰਾਜ ਜੀ ਕਹਿੰਦੇ ਗਰੀਬ ਨੂੰ ਦੇਣੀ ਚਾਹੀਦੀ ਹੈ ਚੀਜ਼, ਜਿਹਦੇ ਪਾਸ ਅੱਗੇ ਹੀ ਥਾਹ ਕੋਈ ਨਹੀਂ ਉਹਨੂੰ ਦੇਣ ਦਾ ਕੀ ਫਾਇਦਾ ਹੋਇਆ।

ਯਹਿ ਦਯਾਵਾਨ ਘਰ ਗੁਰੂ ਕੋ, ਅਰ ਗਰੀਬ ਨਿਵਾਜ ਅਵਾਇ॥ ੧੯॥ ਇਹ ਦਿਆਵਾਨ ਹੈ ਗੁਰੂ ਦਾ ਘਰ ਜਿਹੜਾ ਹੈ ਤੇ ਗਰੀਬ ਨਿਵਾਜ ਕਹਿੰਦੇ ਨੇ ਗੁਰੂ ਘਰ ਨੂੰ। ਇਹ ਗਰੀਬਾਂ ਨੂੰ ਨਿਵਾਜਣ ਵਾਲਾ ਹੈ ਇਹਨਾਂ ਨੂੰ ਕਿਉਂ ਨਾ ਨਿਵਾਜਿਆ ਜਾਏ? ੧੯।

ਚੌਪਈ॥ ਸਤ ਸਨਾਤ ਔ ਬਾਰਹ ਜਾਤ॥ ਬਾਰਾਂ ਜਾਤਾਂ ਤੇ ਸੱਤ ਸਨਾਤਾਂ ਹਨ। ਭਾਵ ਇਹ ਦੁਨੀਆਂ ਤੇ ਜੋ ਜਾਤੀ ਨਾਮ

ਆਪਣੇ ਆਪ ਨੂੰ ਫ਼ਖਰ ਨਾਲ ਲਿਖਦੇ ਨੇ ਸਾਡੀ ਫਲਾਨੀ ਜਾਤ ਸਾਡੀ ਫਲਾਨੀ, ਕੋਈ ਉੱਚਾ ਆਪੇ ਬਣਦਾ ਕੋਈ ਨੀਵਾਂ ਬਣਦਾ। ਇਸ ਤਰ੍ਹਾਂ ਥੋੜਾ ਬਣਿਆਂ ਜਾਂਦਾ, ਕੋਈ ਇਨ੍ਹਾਂ ਨੂੰ ਪਤਾ ਨਹੀਂ ਸੁਤਾ ਨਹੀਂ ਕਿਸੇ ਨੇ ਦੇਖਿਆ ਨਹੀਂ ਜਾਤ ਬਣੀ ਕਿਥੋਂ ਹੈ? ਲੇਕਿਨ ਆਪਸ ਵਿੱਚੀਂ ਲੋਕ ਮਾਣ ਕਰਦੇ ਨੇ ਹੰਕਾਰ ਵਿੱਚ ਆ ਕੇ ਸਾਡੀ ਜਾਤ ਬੜੀ ਉੱਚੀ ਹੈ, ਅਸੀਂ ਤਾਂ ਜੀ ਫਲਾਣੇ ਹੁੰਦੇ ਆਂ ਢਿਮਕੇ ਹੁੰਦੇ ਹਾਂ ਇਉਂ ਕਰਕੇ ਨਹੀਂ। ਭਾਈ ਸਾਹਿਬ ਜੀ ਕਹਿੰਦੇ ਬਾਰਾਂ ਜਾਤਾਂ ਸੱਤ ਸਨਾਤਾਂ ਦੇ ਵਿਚੋਂ।

ਜਾਨੈ ਨਹਿ ਰਾਜਨੀਤ ਕੀ ਬਾਤ॥ ਜਿਹੜੇ ਹੁਣ ਤਾਈਂ ਚਲੇ ਆ ਰਹੇ ਨੇ ਜਿਨ੍ਹਾਂ ਨੂੰ ਰਾਜਨੀਤੀ ਦਾ ਪਤਾ ਹੀ ਨਹੀਂ। ਜਿਨ੍ਹਾਂ ਵਿਚਾਰਿਆਂ ਨੇ ਖੇਤੀਆਂ ਹੀ ਕੀਤੀਆਂ ਸੀ, ਦੂਸਰਿਆਂ ਵੱਡਿਆਂ ਚੌਧਰੀਆਂ ਦੇ ਸੇਵਕ ਹੀ ਰਹਿ ਕੇ ਨਿਰਬਾਹ ਕੀਤਾ ਸੀ ਉਹ ਤਾਂ ਮੇਰੇ ਗੁਰੂ ਘਰ ਵਿਚ ਆ ਕੇ ਸਿਖ ਬਣ ਗਏ ਸਨ।

ਜੱਟ ਬੂਟ ਕਹਿੰ ਜਿੰਜ ਜਗ ਮਾਂਹੀਂ॥ ਜਿਨ੍ਹਾਂ ਨੂੰ ਜੱਟ ਬੂਟ ਕਹਿੰਦੇ ਨੇ ਲੋਕੀਂ ਜ਼ਿੰਮੀਦਾਰਾਂ ਕਰਨ ਵਾਲਿਆਂ ਨੂੰ ਸੰਸਾਰ ਵਿਚ।

ਬਨੀਏਂ ਬਕਾਲ ਕਿਰਾੜ ਖੱਤ੍ਰੀ ਸਦਾਈਂ॥ ੨੦॥ ਕੋਈ ਬਾਣੀਆਂ ਕਹਾਉਂਦਾ ਹੈ, ਕੋਈ ਕਲਾਲ ਕਹਾਉਂਦਾ ਹੈ, ਕੋਈ ਕਿਰਾੜ ਕਹਾਉਂਦਾ ਹੈ ਐਸ ਤਰ੍ਹਾਂ ਕਰਕੇ ਜਿਹੜੇ ਲੋਕ ਹਨ ਛੋਟੀਆਂ ਜਾਤਾਂ ਦੇ। ੨੦।

ਲੁਹਾਰ ਤ੍ਰਖਾਣ ਹੁਤ ਜਾਤ ਕਮੀਨੀ॥ ਇੱਕ ਲੁਹਾਰ ਇਕ ਤਰਖਾਣ ਭਾਵ ਲੋਕਾਂ ਦੀ ਕਾਰ ਕਰਕੇ ਬਣਾ ਬਣਾ ਕੇ ਦਾਤਰੀਆਂ ਰੰਬੇ ਅਤੇ ਜਿਹੜੇ ਰਾਮਗੜ੍ਹੀਏ ਨੇ ਉਹ ਹਨ, ਪੰਜਾਲੀਆਂ ਬਣਾ ਕੇ ਔਰ ਲੋਕਾਂ ਦੇ ਮਹਿਲ ਮਾੜੀਆਂ ਬਣਾ ਕੇ ਮਕਾਨ ਬਣਾ ਕੇ, ਇਉਂ ਵਿਚਾਰੇ ਸੇਵਕ ਬਣ ਕੇ ਕੰਮ ਕਰਦੇ ਨੇ ਹੋਰ ਜਿਹੜੇ ਸਨ ਜਾਤਾਂ ਵਾਲੇ।

ਛੀਪੇ ਕਲਾਲ ਨੀਚਨ ਪੈ ਕ੍ਰਿਪਾ ਕੀਨੀ॥ ਛੀਂਬੇ ਆਦਿਕ ਜੋ ਗਿਣੇ ਜਾਂਦੇ ਨੇ ਕਲਾਲ ਆਦਿਕ ਜੋ ਸ਼ਰਾਬ ਕੱਢਣ ਦਾ ਕੰਮ ਕਰਦੇ ਨੇ, ਦੁਨੀਆਂ ਵਾਲੇ ਉਹਨਾਂ ਨੂੰ ਨੀਚ ਸਮਝਦੇ ਹਨ ਕਿ ਅਸੀਂ ਵੱਡੀਆਂ ਜਾਤਾਂ ਇਹ ਛੋਟੀਆਂ ਜਾਤਾਂ ਨੇ ਬਣਾਈਆਂ ਵੀ ਇਹਨਾਂ ਦੀਆਂ ਆਪਦੀਆਂ ਹੋਈਆਂ ਕਿਤੇ ਹੋਰ ਇਹਦਾ ਪ੍ਰਸੰਗ ਨਹੀਂ ਆਇਆ। ਇਉਂ ਬਾਰਾਂ ਜਾਤਾਂ ਸੱਤ ਸਨਾਤਾਂ ਸਿੱਖ ਗੁਰੂ ਵਿੱਚ ਆ ਕੇ ਭਰਤੀ ਹੋਏ ਨੇ ਵਿੱਚੇ ਜੱਟ ਜ਼ਿੰਮੀਦਾਰ ਇਹਨਾਂ ਨੂੰ ਕਿਉਂ ਨਾ ਦੇਈਏ ਪਾਤਸ਼ਾਹੀ? ਇਹਨਾਂ 'ਤੇ ਕਿਰਪਾ ਕੀਤੀ।

ਗੁੱਜਰ ਗ੍ਵਾਰ ਹੀਰ ਕਮਜਾਤ॥ ਵਿਚੇ ਹੀ ਗੁੱਜਰ ਗ੍ਵਾਰ ਵਿਚਾਰੇ ਭਠਿਆਰੇ ਅਨਪੜ੍ਹ ਜਿਨ੍ਹਾਂ ਨੂੰ ਪਤਾ ਹੀ ਕਾਸੇ ਦਾ ਨਹੀਂ ਇਸ ਤਰ੍ਹਾਂ ਅਹੀਰ ਝਿਉਰ ਵਗੈਰਾ ਇਹ ਜਿਤਨੇ ਨੇ।

ਕੰਬੋਇ ਸੂਦਨ ਕੋਇ ਪੁਛੇ ਨ ਬਾਤ॥ ੨੧॥ ਕੰਬੋਜ, ਸੂਦ, ਵੈਸ਼ ਜਿਹੜੇ ਨੇ ਜਿਨ੍ਹਾਂ ਦੀ ਕੋਈ ਬਾਤ ਹੀ ਨਹੀਂ ਪੁੱਛਦਾ ਜਿਨ੍ਹਾਂ ਵਿਚਾਰਿਆਂ ਦੀ ਗੱਲ ਹੀ ਦੁਨੀਆਂ 'ਤੇ ਕੋਈ ਨਹੀਂ ਸੀ। ੨੧।

ਝੀਵਰ ਨਾਈ ਰੋੜੇ ਘੁਮਿਆਰ॥ ਝਿਉਰ, ਨਾਈ, ਅਰੋੜੇ ਤੇ ਘੁਮਿਆਰ ਸਿੱਖ ਜਿਹੜੇ ਨੇ ਸਾਰੇ।

ਸਾਇਣੀ ਸੁਨਿਆਰੇ ਚੂੜੇ ਚਮਿਆਰ॥ ਸੈਣੀ, ਸੁਨਿਆਰੇ, ਚੂੜੇ, ਚਮਾਰ ਵੀ ਇਹ ਸਿੱਖ ਜਾਤਾਂ ਬਣੀਆਂ।

ਭੱਟ ਔ ਬਾਹਮਣ ਹੁਤੇ ਮੰਗਵਾਰ॥ ਭੱਟ ਵੀ ਬ੍ਰਾਹਮਣ ਵੀ ਤੇ ਮੰਗਵਾਲ ਵੀ ਇੱਕ ਕੌਮ ਹੈ ਕਹਾਉਣ ਵਾਲੀ।

ਬਹੁਰੂਪੀਏ ਲੁਬਾਣੇ ਔ ਘੁਮਿਆਰ॥ ੨੨॥ ਬਹੁਰੂਪੀਏ ਜਿਹੜੇ ਬਣਦੇ ਨੇ ਕਈ ਰੂਪ ਧਾਰਨ ਕਰਦੇ ਨੇ, ਲੁਬਾਣੇ ਸਿੱਖ ਇਸ ਤਰ੍ਹਾਂ ਰਲ ਮਿਲ ਕੇ ਸਾਰੀਆਂ ਜਾਤਾਂ। ੨੨।

'ਇਨ ਗਰੀਬ ਸਿੰਘਨ ਕੋ ਦਯੈ ਪਤਿਸ਼ਾਹੀ॥ ਇਹ ਸਾਡੇ ਸਿੰਘ ਬਣ ਗਏ ਹੈਨ ਗਰੀਬ ਜਾਤਾਂ ਦੇ ਇਨ੍ਹਾਂ ਨੂੰ ਕਿਉਂ ਨਾ ਪਾਤਸ਼ਾਹੀ ਦੇਈਏ? ਇਉਂ ਗੁਰੂ ਸਾਹਿਬ ਜੀ ਨੇ ਚਿੱਤ ਵਿੱਚ ਠਾਣ ਲਈ।

ਏ ਯਾਦ ਰਖੈਂ ਹਮਰੀ ਗੁਰਿਆਈ'॥ ਇਹ ਯਾਦ ਰੱਖਣਗੇ ਸਾਡੀ ਗੁਰਿਆਈ ਨੂੰ, ਦਸਵਾਂ ਪਾਤਸ਼ਾਹ ਸਾਡਾ ਪਾਤਸ਼ਾਹ ਪੈਦਾ

ਹੋਇਆ ਹੈ, ਗੁਰੂ ਹੋਇਆ ਹੈ ਸਾਡਾ ਜਿਹਨੇ ਪਾਤਸ਼ਾਹੀਆਂ ਬਖਸ਼ੀਆਂ ਗਰੀਬਾਂ ਨੂੰ।

ਤੌ ਸਦਿ ਸਤਿਗੁਰ ਸਿਖ ਲਲਕਾਰੇ॥ ਤਾਂ ਸਤਿਗੁਰਾਂ ਨੇ ਆਪਣੇ ਸਿੱਖਾਂ ਨੂੰ ਸੱਦ ਕੇ ਲਲਕਾਰਿਆ, ਆਓ ਸਿੱਖੋ ਮੈਦਾਨ ਵਿੱਚ ਆਓ ਤੁਹਾਨੂੰ ਪਾਤਸ਼ਾਹੀਆਂ ਦੇਈਏ।

'ਫੜੋ ਸ਼ਸਤ੍ਰਨ ਲਿਹੁ ਤੁਰਕਨ ਮਾਰੇ' ॥ ੨੩ ॥ ਫੜੋ (ਸ਼ਸਤ੍ਰ) ਖੰਡੇ ਫੜੋ, ਸ੍ਰੀ ਸਾਹਿਬਾਂ ਬਰਛੀਆਂ ਫੜੋ ਤੇ ਤੁਰਕਾਂ ਨੂੰ ਮਾਰ ਲਵੋ ਹੁਣ ਤੁਹਾਡਾ ਸਮਾਂ ਆ ਗਿਆ। ੨੩।

ਦੋਹਰਾ॥ ਤੌ ਸਿੱਖਨ ਨੇ ਨਾਂਹ ਮੰਨਯੋ, ਤੁਰਕਨ ਤੇ ਖੌਫ ਕੀਨ॥ ਹੁਣ ਵਿਚਾਰੇ ਗਰੀਬ ਸਿੱਖ ਸਨ ਸਾਰੇ ਬਾਰਾਂ ਜਾਤਾਂ ਸੱਤ ਸਨਾਤਾਂ ਵਿਚੋਂ ਉਹਨਾਂ ਨੂੰ ਖੌਫ ਆਇਆ ਸੁਣ ਕੇ, ਡਰ ਗਏ, ਨਹੀਂ ਮਹਾਰਾਜ ਨਹੀਂ, ਇਹ ਨਹੀਂ ਹੋ ਸਕਦਾ ਸਾਥੋਂ, ਅਸੀਂ ਕਿਵੇਂ ਲੜਾਂਗੇ ਜਾਲਮਾਂ ਨਾਲ ਉਹ ਬੜੇ ਰਾਖਸ਼ ਨੇ।

'ਉਨ ਪੈ ਫੌਜੈਂ ਅਤਿ ਘਨੀ, ਕਬ ਛੋਡੈਂ ਰਾਜ ਜਮੀਨ' ॥ ੨੪ ॥ ਮਹਾਰਾਜ ਉਨ੍ਹਾਂ ਦੀ ਫੌਜ ਦੀ ਗਿਣਤੀ ਕੋਈ ਨਹੀਂ ਏਨੀਆਂ ਫੌਜਾਂ ਦੇ ਸ਼ਸਤ੍ਰ ਨੇ ਉਨ੍ਹਾਂ ਕੋਲ, ਉਹਨਾਂ ਨੇ ਇਉਂ ਧਰਤੀ ਦਾ ਰਾਜ ਕਦੋਂ ਛਡਿਆ ਸਾਨੂੰ ਗਰੀਬਾਂ ਨੂੰ। ੨੪।

ਚੌਪਈ॥ ਤੌ ਸਿਖਨ ਯੌ ਮੰਨੀ ਨ ਬਾਤ॥ ਤਾਂ ਸਿੱਖਾਂ ਨੇ ਨਾਂਹ ਕਰ ਦਿੱਤੀ, ਸਤਿਗੁਰਾਂ ਦਾ ਹੁਕਮ ਨਾ ਮੰਨਿਆ।

'ਹਮ ਤੇ ਤੁਰਕ ਕਬ ਮਾਰੇ ਜਾਤ॥ ਮਨ ਵਿਚ ਵਿਚਾਰਾਂ ਕਰਦੇ ਹਨ ਤੁਰਕ ਬਲੀ ਸਾਥੋਂ ਕਦੋਂ ਮਾਰੇ ਜਾਂਦੇ ਹਨ, ਇਹ ਨਹੀਂ ਮਰਨਗੇ ਸਾਥੋਂ। ਇਉਂ ਮਨਾਂ ਵਿੱਚ ਸੋਚਾਂ ਕਰਦੇ ਸੀ।

ਅਸੀਂ ਚਿੜੀਆਂ ਵੈ ਸਾਨੀ ਬਾਜ॥ ਹੇ ਸਤਿਗੁਰੂ ਜੀ! ਅਸੀਂ ਚਿੜੀਆਂ ਦੀ ਨਿਆਈਂ ਹਾਂ, ਉਹ ਬਾਜਾਂ ਦੀ ਨਿਆਈਂ ਨੇ ਤੇ ਅਸੀਂ ਕਿਵੇਂ ਉਹਨਾਂ ਨਾਲ ਲੜਾਂਗੇ ਬਾਜਾਂ ਨਾਲ ਚਿੜੀਆਂ ਕਿਵੇਂ ਲੜਨਗੀਆਂ।

ਹਮ ਛੇਲੇ ਵੈ ਬਘਯਾੜਨ ਸਾਜ' ॥ ੨੫ ॥ ਅਸੀਂ ਛੇਲੇ ਬਕਰੀਆਂ ਉਹ ਬਘਿਆੜ ਉਹ ਮਾਰ ਕੇ ਖਾ ਜਾਣਗੇ ਸਾਨੂੰ ਇਉਂ ਸਿਖ ਡਰ ਰਹੇ ਸਨ। ਭਉ ਖਾ ਕੇ ਸਿੱਖਾਂ ਨੇ ਹਾਂ ਹੀ ਨਾ ਕੀਤੀ। ਸਤਿਗੁਰੂ ਕਹਿਣ ਸ਼ਸਤ੍ਰ ਫੜੋ ਸਿਖੋ ਅਸੀਂ ਤੁਹਾਡੇ ਨਾਲ ਹਾਂ ਪਰ ਸਿੱਖ ਹੌਂਸਲਾ ਹੀ ਨਾ ਕਰਨ, ਜਦੋਂ ਨਾਂਹ ਕਰ ਦਿੱਤੀ। ੨੫।

ਤੁਮ ਮ੍ਰਿਗਨ ਤੇ ਕਿਮ ਸ਼ੇਰ ਮ੍ਰਵਾਵੋ॥ ਹੇ ਗੁਰੂ ਜੀ! ਇਹ ਹਰਨਾਂ ਤੋਂ ਸ਼ੇਰਾਂ ਨੂੰ ਸ਼ਿਕਾਰ ਕਿਵੇਂ ਕਰਾਉਂਦੇ ਹੋ ਤੁਸੀਂ, ਵਿਚਾਰ ਤਾਂ ਕਰੋ ਕਿਥੇ ਅਸੀਂ ਕਿਥੇ ਉਹ?

ਲੌਤੀ ਕੋ ਪਾਣੀ ਮਗਰੀ ਪਰ ਚੜ੍ਹਾਵੋ॥ ਲੌਤੀ ਕਹਿੰਦੇ ਨੇ ਨਦੀ ਨੂੰ ਜੋ ਛੋਟੀਆਂ ਨਦੀਆਂ ਪਹਾੜਾਂ ਤੋਂ ਉੱਤਰਦੀਆਂ। ਉੱਚੇ ਥਾਂ ਤੋਂ ਟਿੱਪਣੀ ਕੀਤੀ ਗੁਰਸਿੱਖਾਂ, ਗਿਆਨੀਆਂ ਨੇ ਪਰ ਉਹ ਅਰਥ ਦਾ ਨਹੀਂ ਪਤਾ ਲੱਗਿਆ, ਉਹ ਹੋਰ ਹੀ ਕੁਛ ਲਿਖਤਾ ਉਨ੍ਹਾਂ ਨੇ ਚੁੱਕ ਕੇ, ਉਹ ਜਿਹਦਾ ਕੋਈ ਮਤਲਬ ਨਹੀਂ ਸੀ ਬਣਦਾ। ਭਾਵ ਕਿ ਲੌਤੀ ਹੁੰਦੀ ਹੈ ਨਦੀ ਤੇ ਨਦੀ ਉਹ ਜਿਹੜੀ ਪਹਾੜ ਤੋਂ ਉਤਰਦੀ ਹੋਵੇ। ਉਹ ਛੋਟਾ ਰੂਪ ਹੁੰਦਾ ਉਹਦਾ। ਭਾਈ ਸਾਹਿਬ ਜੀ ਕਹਿੰਦੇ ਨੇ ਸਿੱਖਾਂ ਉੱਤਰ ਦਿੱਤਾ ਮਹਾਰਾਜ! ਸਾਨੂੰ ਚੰਗਾ ਵੇਖਿਆ, ਤੁਸੀਂ ਤਾਂ ਉਹ ਗੱਲ ਕੀਤੀ ਨਦੀ ਪਹਾੜ ਤੋਂ ਉਤਰਦੀ ਹੋਵੇ ਉਹਨੂੰ ਪਿਛਾਂਹ ਮੋੜਨਾ ਹੋਵੇ ਪਾਣੀ ਉਤਾਂਹ ਕਿਵੇਂ ਚੜ੍ਹ ਜਾਊ ਹੇਠਾਂ ਨੂੰ ਤਾਂ ਚਲੋ ਆ ਰਿਹਾ। ਜੇ ਅਸੀਂ ਕਹੀਏ ਮੋੜ ਕੇ ਉਤਾਂਹ ਲੈ ਜਾਈਏ ਇਹ ਤਾਂ ਨਹੀਂ ਜਾ ਸਕਦੀ ਇਸ ਵਾਸਤੇ ਅਸੀਂ, ਤਾਂ ਉਹ ਵਗਦੀ ਨਦੀ ਦੀ ਨਿਆਈਂ ਹਾਂ। ਸਾਨੂੰ ਕਿਉਂ ਪਿਛਾਂਹ ਨੂੰ ਮੋੜਦੇ ਹੋ? ਅਸੀਂ ਉਨ੍ਹਾਂ ਦੀ ਬਰਾਬਰੀ ਨਹੀਂ ਕਰ ਸਕਦੇ।

ਵਹੁ ਆਦ ਸਿਪਾਹੀ ਮੁਗਲ ਪਠਾਨ॥ ਉਹ ਆਦਿ ਤੋਂ ਸਿਪਾਹੀ ਨੇ ਕੋਈ ਮੁਗਲ ਕਹਾਉਂਦੇ ਨੇ ਕੋਈ ਪਠਾਣ ਕਹਾਉਂਦੇ ਨੇ, ਸ਼ੇਖ, ਸੱਯਦ ਆਦਿਕ ਕਿਤਨੀਆਂ ਕੌਮਾਂ ਬਹਾਦਰ ਹਨ।

ਹਮ ਜੱਟ ਬੂਟ ਨਾਈ ਤਰਖਾਨ॥੨੬॥ ਅਸੀਂ ਜੱਟ ਬੂਟ ਕੋਈ ਨਾਈ ਕੋਈ ਤਰਖਾਣ ਸਾਡਾ ਉਹਨਾਂ ਨਾਲ ਮਹਾਰਾਜ ਕੀ ਮੁਕਾਬਲਾ ਹੋ ਸਕਦਾ। ੨੬।

ਤੁਮ ਟੋਲੇ ਸਭ ਜਾਤ ਕਮੀਨ॥ ਤੁਸੀਂ ਤਾਂ ਮਹਾਰਾਜ, ਜਿੰਨੇ ਕਮੀਨੇ ਲੋਕ ਉਹ ਲੱਭ ਲਏ, ਸਾਥੋਂ ਮਹਾਰਾਜ ਇਹ ਕਾਰਜ ਨਹੀਂ ਹੋ ਸਕਣਾ।

ਹੁਤੇ ਜੋਊ ਸਭ ਸ਼ਸਤਰ ਹੀਨ॥ ਫੇਰ ਓਹ ਕੌਮਾਂ ਜਿਨ੍ਹਾਂ ਦੇ ਪਿਉ ਦਾਦੇ ਨੇ ਕਿਤੇ ਸ਼ਸਤ੍ਰ ਵੇਖਿਆ ਹੀ ਨਹੀਂ ਛੁਰੀ ਮਿਆਨੋ ਕੱਢੀ ਵੇਖ ਕੇ ਡਰ ਜਾਂਦੇ ਹੁੰਦੇ ਹਾਂ। ਇਹ ਤਾਂ ਵੱਢ ਦਿੰਦੀ ਹੁੰਦੀ ਹੈ, ਕੋਈ ਚੰਗੇ ਸਿੱਖ ਬਹਾਦਰ ਲੱਭੋ।

ਲਲਕਾਰੋ ਰਜਪੂਤਹਿ ਰਾਜੇ॥ ਜਿਹੜੇ ਰਾਜਪੂਤ ਰਾਜੇ ਰਾਜ ਕਰਦੇ ਨੇ ਉਨ੍ਹਾਂ ਨੂੰ ਲਲਕਾਰੋ। ਇਹਨਾਂ ਨੂੰ ਸਿੱਖ ਬਣਾ ਕੇ ਇਨ੍ਹਾਂ ਨੂੰ ਲੜਾਓ, ਇਹਨਾਂ ਮੁਗਲਾਂ ਪਠਾਣਾਂ ਨਾਲ।

ਜੋਊ ਸਵਾਰੈਂ ਤੁਮਰੋ ਕਾਜੇ॥ ੨੭॥ ਜੋ ਮਹਾਰਾਜ ਤੁਹਾਡਾ ਕਾਰਜ ਇਹ ਸਵਾਰ ਸਕਦੇ ਨੇ। ਮੁਸ਼ਕਲ ਹੈ ਸਾਥੋਂ ਨਹੀਂ ਇਹ ਕਾਰਜ ਹੁੰਦਾ। ੨੭।

ਦੋਹਰਾ॥ ਤੌ ਸ੍ਰੀ ਸਤਿਗੁਰ ਸੋਚਿਓ, 'ਕਯਾ ਯਹਿ ਸਿੱਖਨ ਕੀਨ॥ ਸਤਿਗੁਰੂ ਜੀ ਵਿਚਾਰਦੇ ਨੇ ਕਿ ਸਿੱਖਾਂ ਨੇ ਇਹ ਕੀ ਕੀਤਾ, ਅਸੀਂ ਤੇ ਇਹਨਾਂ ਨੂੰ ਪਾਤਸ਼ਾਹੀ ਬਖਸ਼ਣ ਲੱਗੇ ਹਾਂ, ਇਹਨਾਂ ਨੂੰ ਰਾਜੇ ਪਾਤਸ਼ਾਹ ਬਣਾ ਦੇਈਏ। ਇਹਨਾਂ ਨਾਂਹ ਹੀ ਕਰ ਦਿੱਤੀ ਹੈ ਇਉਂ ਸਤਿਗੁਰੂ ਜੀ ਵਿਚਾਰ ਕਰਦੇ ਹਨ।

ਹਮ ਚਾਂਹ ਦੇਂ ਪਤਿਸ਼ਾਹੀ ਸਿੱਖਨ, ਉਨਨੈ ਨਾਹਿ ਨਾਹਿ ਕੀਨ॥ ੨੮॥ ਅਸੀਂ ਤਾਂ ਚਾਹੁੰਨੇ ਆਂ ਇਹਨਾਂ ਸਿੱਖਾਂ ਨੂੰ ਪਾਤਸ਼ਾਹ ਬਣਾ ਦੇਈਏ, ਤਾਂ ਇਹ ਨਾਂਹ ਨਾਂਹ, ਨਾਂਹ ਜੀ ਨਾਂਹ, ਨਾਂਹ ਜੀ ਨਾਂਹ, ਮੰਨਣ ਹੀ ਕੋਈ ਨਾ। ਖਵਰੇ ਉਦੋਂ ਕਿੰਨੀਆਂ ਲਕੀਰਾਂ ਕੱਢਦੇ ਹਨ ਲੰਮਿਆਂ ਪੈ ਪੈ ਕੇ ਵੇਖਿਓ ਮਹਾਰਾਜ ਵੇਖਿਓ ਕਿਤੇ ਸਾਡੇ ਮੋਢੇ ਤੇ ਪੰਜਾਲਾ ਰੱਖ ਦਿਉ, ਸਾਥੋਂ ਨਹੀਂ ਚੁਕਿਆ ਜਾਣਾ ਕਿਵੇਂ ਲ਼ੇਲੜੀਆਂ ਲੈਂਦੇ ਹੋਣਗੇ ਓਸ ਟਾਈਮ। ੨੮।

ਚੌਪਈ॥ ਹੁਤੇ ਗੁਰੂ ਸ੍ਰੀ ਜਾਨੀ ਜਾਣ॥ ਅੰਤਰਜਾਮੀ ਪਾਤਸ਼ਾਹ ਸਨ ਉਨ੍ਹਾਂ ਤੋਂ ਕੋਈ ਗੱਲ ਭੁੱਲੀ ਤਾਂ ਹੀ ਨਹੀਂ ਸੀ।

ਸਭੀ ਬਿਧੀ ਗੁਰੂ ਲਈ ਪਛਾਣ॥ ਉਹ ਸਾਰੀ ਜੁਗਤਿ ਪਛਾਣ ਲਈ ਓਹੋ! ਇਹ ਕਿਉਂ ਨਹੀਂ ਹੌਂਸਲਾ ਧਾਰਦੇ, ਇਹ ਕਿਉਂ ਨਾਂਹ ਕਰਦੇ ਹਨ, ਉਹਨਾਂ ਦੇ ਅੰਦਰ ਦੀ ਗੱਲ ਬੁੱਝ ਲਈ ਸਤਿਗੁਰਾਂ ਨੇ।

'ਯਹ ਚਰਣ ਪਹੁਲ ਹੈ ਸ਼ਾਂਤ ਸਰੂਪ॥ ਇਹ ਸਿੱਖ ਹੀ ਚਰਣ ਪਹੁਲੀਏ ਨੇ, ਇਹਨਾਂ ਨੇ ਤਾਂ ਚਰਣ ਦਾ ਅੰਗੂਠਾ ਹੀ ਛਕਿਆ, (ਸ਼ਾਂਤ ਸਰੂਪ) ਗੁਰੂ ਨਾਨਕ ਸਾਹਿਬ ਜੀ ਸ਼ਾਂਤੀ ਦਾ ਸਮੁੰਦਰ ਸੀ ਉਹਨਾਂ ਦੀ ਚਰਣ ਪਹੁਲ ਲੈ ਕੇ ਇਹ ਸਭ ਸ਼ਾਂਤ ਹੋਏ ਨੇ, ਇਨ੍ਹਾਂ ਦੇ ਮਨ ਵਿਚ ਕੋਈ ਆਕੜ ਫਾਕੜ ਨਹੀਂ ਰਹਿ ਗਈ। ਇਹ ਤਾਂ 'ਗਰੀਬੀ ਗਦਾ ਹਮਾਰੀ'॥ ਗੁਰੂ ਨਾਨਕ ਘਰ ਦੀ ਗਰੀਬੀ ਗਦਾ ਸੀ, ਇਹੀ ਸਾਡੀ ਗੁਰਜ ਹੈ। ਇਉਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਵਿਚਾਰ ਕਰ ਲਈ ਇਹ ਤੇ ਵਿਚਾਰੇ ਸ਼ਾਂਤੀ ਰੂਪ ਨੇ। ਸਿਰਫ ਮਾਲਾ ਫੇਰ ਸਕਦੇ ਨੇ ਨਾਮ ਜਪ ਸਕਦੇ ਨੇ। ਇਸ ਤੋਂ ਵੱਧ ਨਹੀਂ ਇਹ ਕਦਮ ਚੁੱਕ ਸਕਦੇ ਅੱਗੇ।

ਤੇਜ ਨਾਹਿ ਯਹਿ ਮਾਹਿ ਅਨੂਪ॥ ੨੯॥ ਹੁਣ ਚਰਣ ਪਹੁਲ ਵਿਚ ਤੇਜ ਕਿਵੇਂ ਆਵੇ। ਕਈ ਗੁਰਸਿੱਖ ਜਿਥੇ ਸਾਧ ਸੰਗਤ ਦੀ ਚਰਣ ਪਹੁਲ ਹੁੰਦੀ ਹੈ, ਆਮ ਜਿਹੜੇ ਸਿੱਖ ਜਾਂਦੇ ਹਨ ਗੁਰੂ ਦਰਬਾਰ ਵਿੱਚ ਉਹ ਉਥੋਂ ਚੁਲਾ ਲੈ ਲੈਣਗੇ ਚਰਣ ਪਹੁਲ ਜਾਣ ਕੇ। ਹੁਣ ਕਈ ਖੰਡੇ ਧਾਰੀ ਅੰਮ੍ਰਿਤ ਛਕਿਆ ਜਿਨ੍ਹਾਂ ਨੇ ਉਨ੍ਹਾਂ ਨੂੰ ਵੇਖੋ ਵੇਖੀਂ ਉਹ ਵੀ ਚੁਲਾ ਲੈ ਲੈਂਦੇ ਨੇ, ਇਹ ਯੋਗ ਨਹੀਂ ਹੈ ਖਾਲਸਾ ਜੀ ਜਿਨ੍ਹਾਂ ਨੇ ਨਹੀਂ ਪਹੁਲ ਲਈ ਉਹ ਤਾਂ ਛਕਣ ਚਰਣ ਪਹੁਲ ਲੈਣ ਤੇ ਸਿੱਖ ਬਣ ਜਾਣ, ਮਨ ਵਿਚ ਗਰੀਬੀ ਆ ਜਾਵੇ, ਹੈਂਕੜ ਫੈਂਕੜ ਨਿਕਲ ਜਾਵੇ, ਪਰ ਜਿਨ੍ਹਾਂ ਵਿਚ ਭਰੀ ਹੈਂਕੜ ਫੈਂਕੜ ਹੈ, ਜਿਨ੍ਹਾਂ ਨੂੰ ਦਿੱਤਾ ਹੀ ਤੇਜ ਮਹਾਰਾਜ ਨੇ, ਖੰਡੇ ਦੀ ਪਹੁਲ ਦੇ ਸਾਜੇ ਹੋਏ ਉਹ ਕਿਉਂ ਚਰਣ ਪਹੁਲ ਲੈਣ? ਉਹਨਾਂ ਦਾ ਹੱਕ ਬਣਦਾ। ਇਸ ਵਾਸਤੇ ਆਪਣੇ ਹੱਕ ਸੱਚ ਨੂੰ ਪਛਾਨਣਾ ਚਾਹੀਦਾ। ਸੋ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਇਹ ਸਾਰੀ ਗੱਲ ਬੁੱਝ ਲਈ। ਇਹ ਤਾਂ ਵਿਚਾਰੇ ਚਰਣ ਪਹੁਲੀਏ ਸਿੱਖ ਨੇ ਇਹਨਾਂ ਦੇ ਕੀ ਵੱਸ ਦੀ ਗੱਲ ਹੈ। ਇਹਨਾਂ ਵਿਚ ਉਹ ਤੇਜ ਹੀ ਨਹੀਂ, ਇਉਂ ਜਦੋਂ ਸਤਿਗੁਰਾਂ ਨੇ ਜਾਣ ਲਿਆ।

ਦੋਹਰਾ॥ ਸੇਹਲੀ ਟੋਪੀ ਸਿਰ ਧਰੈਂ; ਦਾਸਹਿ ਨਾਮ ਕਹਾਇ॥ ਜਿਹੜੇ ਸਿੱਖ ਬਣਦੇ ਸਨ ਉਦੋਂ ਟੋਪੀ ਪਾਉਂਦੇ ਸਨ, ਸੇਲ੍ਹੀ ਟੋਪੀ, ਇਹ ਉਦਾਸੀ ਦਾ ਰੂਪ ਹੈ। ਇਹ ਉਦਾਸੀ ਮੱਤ ਵਾਲੇ ਧਾਰਨ ਕਰਦੇ ਸਨ। ਇਹ ਸੇਹਲੀ ਟੋਪੀ ਮਗਰੋਂ ਬਹੁਤ ਚਿਰ ਧਾਰਨ ਕਰਦੇ ਰਹੇ, ਦਸਵੇਂ ਪਾਤਸ਼ਾਹ ਤੱਕ ਸੇਲ੍ਹੀ ਟੋਪੀ ਦੇ ਧਾਰਨੀ ਹੁੰਦੇ ਸਨ। ਆਪਣੇ ਆਪ ਨੂੰ ਦਾਸ ਆਪਣੇ ਨਾਮ ਦੇ ਨਾਲ ਦਾਸ ਲਾਇਆ ਅਸੀਂ ਤਾਂ ਅੱਗੇ ਹੀ ਸੇਵਕ ਹਾਂ। ਅੱਗੇ ਹੀ ਚਰਣ ਪੂਜਦੇ ਹਾਂ ਤੁਹਾਡੇ ਇਉਂ ਸਾਹਿਬ ਸੱਚੇ ਪਾਤਸ਼ਾਹ ਜਾਣ ਗਏ ਹਨ। ਉਹ ਮਰੇ ਸਾਹਿਬ ਇਹ ਗੱਲ ਪੁਛਦਾ ਹੈ। ਉਹ ਨਿਰਣਾ ਕਰਦਾ ਹੈ ਹਰੇਕ ਗੱਲ ਦਾ ਸਿੱਖ ਐਡੇ ਤੇਜ ਧਾਰੀ ਕਿਥੋਂ ਹੋ ਗਏ।

ਹੁਤੀ ਦਯਾ ਮੱਧ ਰੂਪ ਧਰ ਇਮ ਨਾਂਹ ਸ਼ਸਤ੍ਰ ਫੜਾਇ॥ ੩੦॥ ਸਤਿਗੁਰਾਂ ਜਾਣ ਲਿਆ ਇਹ ਜਿਹੜਾ ਰੂਪ ਹੈ ਸੰਤਾਂ ਦਾ ਰੂਪ ਇਹ ਤਾਂ ਪੈਰ ਫੜੀ ਜਾਣ, ਇਹਨਾਂ ਵਿੱਚ ਦਇਆ ਹੁੰਦੀ ਸੀ ਇਹੀ ਕਾਰਨ ਹੈ ਇਹਨਾਂ ਦੇ ਨਾ ਸ਼ਸਤ੍ਰ ਫੜਨ ਦਾ, ਤਾਂ ਨਾਂਹ ਕਰਦੇ ਨੇ ਗਰੀਬ ਸਿੱਖ ਨਾ ਮਹਾਰਾਜ ਸਾਨੂੰ ਨਾ ਸ਼ਸਤ੍ਰ ਫੜਾਓ। ੩੦।

ਚੌਪਈ॥ ਅਬ ਸਿੱਖਨ ਰੂਪ ਪਲਟਾਈਐ॥ ਸਤਿਗੁਰਾਂ ਨੇ ਵਿਚਾਰ ਕੀਤੀ ਹੁਣ ਸਿੱਖਾਂ ਦਾ ਰੂਪ ਹੀ ਬਦਲੀਏ ਇਹਨਾਂ ਦੀ ਯੂਨੀਫਾਰਮ ਬਦਲੀਏ। ਇਨ੍ਹਾਂ ਨੂੰ ਕੋਈ ਤੇਜ ਸਰੂਪ ਦੇਈਏ, ਜਿਸ ਸਰੂਪ ਤੇ ਇਹ ਫਖਰ ਵੀ ਕਰਨ।

ਤੇਜ ਧਾਰੀ ਜਿਮ ਲਖ ਭੈ ਖਾਈਐ॥ ਤੇਜ ਧਾਰੀ ਜੋ ਪੁਰਖ ਹੁੰਦਾ ਹੈ ਉਹਨੂੰ ਤਾਂ ਵੇਖ ਕੇ ਭੈ ਆਉਂਦਾ ਹੈ, ਡਰ ਆਉਂਦਾ ਹੈ। ਐਸਾ ਰੂਪ ਇਹਨਾਂ ਦਾ ਬਣਾਈਏ ਖਾਲਸੇ ਦਾ।

ਤੇਜ ਨਾਮ ਕੋਊ ਇਨੈ ਧਰੱਯੈ॥ ਤੇਜ ਨਾਉਂ ਰਖਣਾ ਕਰੀਏ ਜੋ ਤਕੜਾ ਜਿਹਾ ਹੋਵੇ, ਜਿਸਨੂੰ ਸੁਣਕੇ ਹੀ ਅਗਲਾ ਘਬਰਾਏ।

ਕਰ ਪਾਹੁਲ ਇਨੈ ਤੇਜ ਪਿਲੱਯੈ॥ ੩੧॥ ਹੁਣ ਆਪਾਂ ਚਰਣ ਪਾਹੁਲ ਨੂੰ ਛੱਡੋ, ਹੁਣ ਆਪਾਂ ਤੇਜ ਜਿਹੀ ਪਾਹੁਲ ਪਿਆਈਏ, ਤਕੜੀ ਪਾਹੁਲ ਪਿਆਈਏ ਤੇਜ ਜਿਹੜੀ ਹੋਵੇ ਤਿੱਖੀ, ਉਹ ਪਿਆ ਕੇ ਸਿੱਖਾਂ ਨੂੰ ਤਾਂ ਕਿ ਇਹ ਤਕੜੇ ਹੋ ਜਾਣ। ੩੧।

ਯੌ ਸਤਿਗੁਰ ਸ੍ਰੀ ਚਿਤ ਲਯੋ ਧਾਰ॥ ਮਰੇ ਸਾਹਿਬ ਨੂੰ ਸਮਝਾਉਂਦੇ ਨੇ ਭਾਈ ਸਾਹਿਬ ਸਤਿਗੁਰਾਂ ਨੇ ਧਾਰਨਾ ਕਰ ਲਈ ਆਪਣੇ ਚਿੱਤ ਵਿੱਚ।

ਸੋ ਉੱਦਮ ਕੀਓ ਗੁਰੂ ਬਿਚਾਰ॥ ਸਤਿਗੁਰਾਂ ਨੇ ਬੜੀ ਲੰਬੀ ਚੌੜੀ ਵਿਚਾਰ ਤੋਂ ਬਾਅਦ ਉੱਦਮ ਕੀਤਾ ਹੈ। ਹੁਣ ਉਪਰਾਲਾ ਕਰਨ ਲੱਗੇ ਹਨ ਮਹਾਰਾਜ ਪੰਥ ਦੀ ਸਾਜਨਾ ਦਾ।

ਛੜ੍ਹੀ ਰੂਪ ਸੁੰਦਰ ਅਤਿ ਲਾਗੈ॥ ਇਹ ਛੜ੍ਹੀ ਰਾਜੇ ਸਨ ਜਿਹੜੇ ਲੋਕ ਇਹਨਾਂ ਦਾ ਸੁੰਦਰ ਰੂਪ ਅਤੀ ਸੁੰਦਰ ਲੱਗਦਾ ਹੈ। ਮਹਾਰਾਜ ਜੀ ਇਸ ਤੋਂ ਭੀ ਚੰਗਾ ਸਰੂਪ ਦੇਣਾ ਕਰਦੇ ਹਨ।

ਕੇਸ ਸੀਸ ਸਿਰ ਬਾਂਧੈ ਪਾਗੈ॥ ੩੨॥ ਛੜ੍ਹੀਆਂ ਦਾ ਰੂਪ ਕੈਸਾ ਹੈ, ਸਭ ਕੇਸਾਧਾਰੀ ਹੁੰਦੇ ਸਨ। ਸਭ ਦੇ ਮੁਖ 'ਤੇ ਦਾੜ੍ਹੇ ਮੁਛਹਿਰੇ ਹੁੰਦੇ ਸਨ, ਇਹ ਠੀਕ ਹੈ ਕੇਸ਼ ਰੱਖਣ ਸਿਰ 'ਤੇ ਦਸਤਾਰੇ ਸਜਾਉਣ ਪਗੜੇ ਬੰਨ੍ਹਣ, ਐਸਾ ਪੰਥ ਬਣਾਈਏ ਰੋਅਬਦਾਰ। ੩੨।

ਨਾਮ ਸਿੰਘ ਹੁਤੋ ਛੜ੍ਹਨ ਕੇਰੋ॥ ਛੱੜ੍ਹੀ ਵੀ ਆਪਣੇ ਆਪ ਨੂੰ ਸਿੰਘ ਕਹਾਉਂਦੇ ਸਨ। ਇਹ ਸਾਰਿਆਂ ਕਰਕੇ ਇਹ ਵੀ ਇਹਨਾਂ ਦਾ ਨਾਮ ਵਧੀਆ ਹੈ ਇਹ ਵੀ ਠੀਕ ਹੈ, ਛੱੜ੍ਹੀਆਂ ਵਾਲਾ ਹੀ ਨਾਮ ਰੱਖੀਏ ਖਾਲਸੇ ਦਾ।

ਸ੍ਰੀ ਗੁਰ ਜਾਨਯੋ ਯਹੀ ਭਲੇਰੋ॥ ਸਤਿਗੁਰਾਂ ਨੇ ਜਾਣਿਆਂ ਇਹ ਭਲੀ ਗੱਲ ਹੈ ਜੋ ਵਿਚਾਰ ਕੀਤੀ ਮਹਾਰਾਜ ਨੇ ਭਲੀ ਕੀਤੀ ਸਿੱਖਾਂ ਨੂੰ ਉਭਾਰਨ ਵਾਸਤੇ।

ਖੰਡੈ ਪਾਹੁਲ ਚਿੱਤ ਮਧ ਠਟੀ॥ ਕਿ ਖੰਡੇ ਦੀ ਪਾਹੁਲ ਚਿੱਤ ਵਿਚ ਧਾਰਨਾ ਕਰ ਲਈ। ਹੁਣ ਇਹਨਾਂ ਨੂੰ ਚਰਣ ਪਾਹੁਲ ਨਹੀਂ ਦੇਣੀ। ਖੰਡੇ ਦੀ ਪਾਹੁਲ ਦੇਈਏ ਤਾਂ ਕਿ ਤੇਜ ਧਾਰੀ ਹੋ ਜਾਣ।

ਇਮ ਹੋਵੈਗੋ ਖਾਲਸਾ ਹਠੀ॥ ੩੩॥ ਇਉਂ ਖਾਲਸਾ ਹਠੀ ਤਪੀ ਹੋ ਜਾਇਗਾ। ਜੋਧੇ ਬਣ ਜਾਣਗੇ, ਖਾਲਸਾ ਪੰਥ ਸੂਰਬੀਰਾਂ ਦਾ ਹੋ ਜਾਇਗਾ। ੩੩।

ਪੜੇ ਪਤਿਸ਼ਾਹੀ ਇਮ ਇਨ ਖੋਇ॥ ਇਨ੍ਹਾਂ ਪੜੇ ਪਾਤਸ਼ਾਹ ਖੋ ਦਿੱਤੇ ਹਨ, ਮਾਰ ਦਿੱਤੇ ਨੇ ਰੋਲ ਕੇ ਖਾਲਸੇ ਨੇ ਮੈਦਾਨ ਵਿੱਚ।

ਹੰਨੈ ਹੰਨੈ ਹਮ ਪਤਿਸ਼ਾਹ ਹੋਇ॥ ਹੁਣ ਖਾਲਸੇ ਨੇ ਇਉਂ ਜਾਣ ਲਿਆ ਸਾਨੂੰ ਸਤਿਗੁਰਾਂ ਨੇ ਪਾਤਸ਼ਾਹੀ ਦਿੱਤੀ ਹੈ ਅਸੀਂ ਹੰਨੇ ਹੰਨੇ ਪਾਤਸ਼ਾਹ ਬਣਾਂਗੇ।

ਕਾਣ ਕੂਟ ਵਾਂਗ ਲੋਹੇ ਕਰੈਂ॥ ਜਿਵੇਂ ਤਲਵਾਰਾਂ ਸ਼ਸਤ੍ਰ ਕਟਾਰਾਂ, ਬਰਛੇ ਬਣੇ ਹੁੰਦੇ ਨੇ ਕਿਵੇਂ ਵੱਢ ਵੱਢ ਕੇ ਡਲੇ ਕਰ ਦਿੰਦੇ ਨੇ ਛੋਟੇ ਛੋਟੇ ਚੁਟੰਗੇ ਦੇ, ਲੋਹਾ ਹੈ ਜਿਹੜਾ ਵੱਢ ਸੁੱਟਦਾ ਹੈ ਇਉਂ ਮਹਾਰਾਜ ਨੇ ਵਿਚਾਰ ਕਰ ਕੇ ਐਸਾ ਖਾਲਸਾ ਸਾਜੀਏ ਤੇਜ ਧਾਰੀ ਜਿਹੜਾ ਲੋਹੇ ਵਾਂਗ ਕੱਟੇ, ਜਾਣੇ ਹੀ ਨਾ ਇਹਨਾਂ ਦੀ ਪਰਵਾਹ।

ਖੰਡੇ ਪਾਹੁਲ ਪੀ ਖੰਡਯੋਂ ਨ ਟਰੈਂ॥ ੩੪॥ ਜਦੋਂ ਖੰਡੇ ਦੀ ਪਾਹੁਲ ਛਕ ਲਈ ਸਿੰਘਾਂ ਨੇ, ਫਿਰ ਖੰਡੇ ਫੜ ਕੇ ਕਦੋਂ ਮੈਦਾਨ ਵਿਚੋਂ ਟਲਣਗੇ, ਖੰਡਿਆਂ ਨਾਲ ਲੜਿਆ ਕਰਨਗੇ। ੩੪।

ਦੋਹਰਾ॥ ਖਾਲਸੋ ਹੋਵੈ ਖੁਦ ਖੁਦਾ, ਜਿਮ ਖੂਬੀ ਖੂਬ ਖੁਦਾਇ॥ ਇਹ ਦੂਹਰੀ ਵਿਚਾਰਧਾਰਾ ਕਰ ਲਈ, ਖਾਲਸੇ ਨੂੰ ਤਾਂ ਖੁਦਾ ਬਣਾ ਦੇਈਏ ਖੁਦ, ਜਿਵੇਂ ਖੁਦਾ ਵਿਚ (ਖੂਬੀ) ਖੂਬੀਆਂ ਗੁਣ ਹਨ।

ਆਨ ਨ ਮਾਨੈ ਆਨ ਕੀ, ਇਕ ਸੱਚੇ ਬਿਨ ਪਤਿਸ਼ਾਹਿ॥ ੩੫॥ ਬਿਨਾਂ ਇੱਕ ਸੱਚੇ ਪਾਤਸ਼ਾਹ ਤੋਂ ਕਿਸੇ ਦੀ ਆਨ ਨਹੀਂ ਮੰਨਦਾ (ਆਨ) ਹੋਰਦੀ ਐਸਾ ਖਾਲਸਾ ਬਣਾਈਏ ਜੋ ਬਿਨਾਂ ਇੱਕ ਅਕਾਲ ਪੁਰਖ ਤੋਂ ਕਿਸੇ ਨੂੰ ਨਾ ਮੰਨੇ, ਕਿਸੇ ਨੂੰ ਨਾ ਜਾਣੇ। ੩੫।

ਚੌਪਈ॥ ਭੂਤ ਪ੍ਰੇਤ ਔ ਮੜ੍ਹੀ ਮਸਾਣ॥ ਜਿਵੇਂ ਲੋਕ ਮੰਨਤਾਂ ਕਰਦੇ ਨੇ ਕੋਈ ਮੜ੍ਹੀਆਂ ਮੰਨਦੇ ਹਨ ਕੋਈ ਭੂਤਾਂ ਨੂੰ ਕੋਈ ਪ੍ਰੇਤਾਂ ਨੂੰ। ਸਾਹਿਬ ਕਹਿੰਦੇ ਨੇ ਐਸਾ ਨਹੀਂ ਮੈਂ ਖਾਲਸਾ ਬਣਾਉਣਾ ਜੋ ਥਾਂ ਥਾਂ ਜੰਡਾਂ ਪਿੱਪਲਾਂ ਨੂੰ ਮੱਥੇ ਟੇਕਦਾ ਫਿਰੇ, ਖਾਲਸਾ ਮੇਰਾ ਅਕਾਲ ਪੁਰਖ ਤੋਂ ਬਿਨਾਂ ਕਿਸੇ ਨੂੰ ਨਾ ਮੰਨੇ।

ਨਾਂਹ ਮਾਨੈ ਵਹਿ ਗੁਰੋ ਸੁਲਤਾਨ॥ ਕੋਈ ਗੁੱਗੇ ਨੂੰ ਮੰਨਦਾ, ਕੋਈ ਸਖੀ ਸੁਲਤਾਨ ਨੂੰ ਮੰਨਦਾ ਹੈ, ਮੈਂ ਨਹੀਂ ਐਸਾ ਖਾਲਸਾ ਬਣਾਉਣਾ, ਜੋ ਐਵੇਂ ਮੰਨਦਾ ਫਿਰੇ ਲੋਕਾਂ ਨੂੰ ਪਖੰਡੀਆਂ ਨੂੰ।

ਟਿੱਕੋ ਜਨੇਊ ਪਹਿਰੈਂ ਨ ਧੋਤੀ॥ ਨਾ ਇਹ ਕੋਈ ਟਿੱਕਾ ਲਾਉਣਗੇ, ਨਾ ਇਹ ਜਨੇਊ ਪਹਿਣਨਗੇ, ਨਾ ਹੀ ਇਹ ਧੋਤੀ ਬੰਨ੍ਹਣਗੇ ਤੇੜ।

ਇਕ ਸੁਨਹਿਰੇ ਖਾਂਹ ਬਹੁ ਗੋਤੀ॥ ੩੬॥ ਬਹੁਤੇ ਗੋਤਾਂ ਦੇ ਬਹੁਤ ਜਾਤਾਂ ਦੇ ਇੱਕੋ ਬਾਟੇ ਸੁਨਿਹਰਾ ਕਹਿੰਦੇ ਨੇ ਇੱਕ ਥਾਂ ਇਕੱਠੇ ਛਕਣਾ। ਜੇ ਇੱਕ ਦੂਸਰੇ ਤੋਂ ਸਿੰਘ ਸੁਨਹਿਰੀਏ ਹੁੰਦੇ ਸਨ ਇਕੱਠੇ ਗੱਫਾ ਛਕਣ ਵਾਲੇ। ੩੬।

ਇਉਂ ਸਾਹਿਬ ਸੱਚੇ ਪਾਤਸ਼ਾਹ ਨੇ ਵਿਚਾਰਧਾਰਾ ਕੀਤੀ, ਕਿ ਇੱਕੋ ਬਾਟੇ ਵਿਚ ਛਕ ਲਿਆ ਕਰਨ। ਤਾਹੀਓਂ ਵਰਤਾਰਾ ਲਾਉਂਦੇ ਨੇ ਜਦੋਂ ਅੰਮ੍ਰਿਤ ਛਕਾਉਂਦੇ ਨੇ ਤੇ ਅੰਮ੍ਰਿਤ ਛਕਾ ਕੇ ਮਗਰੋਂ ਇੱਕੋ ਬਾਟੇ ਵਿਚ ਜੋ ਅੰਮ੍ਰਿਤ ਥੱਲੇ ਡਿੱਗਿਆ ਹੁੰਦਾ ਉਹ ਸਾਰਾ ਇਕੋ ਬਾਟੇ ਵਿਚ ਛਕਾਉਂਦੇ ਨੇ, ਫੇਰ ਦੋਹਰਾ ਗੇੜਾ ਲਵਾਉਂਦੇ ਨੇ। ਫੇਰ ਜਦੋਂ ਪ੍ਰਸ਼ਾਦ ਵਰਤਦਾ ਇੱਕੇ ਬਾਟੇ ਵਿਚ ਕਹਿੰਦੇ ਹੁਣ ਬੈਠ ਜਾਓ ਬਾਟੇ ਦੇ ਆਲੇ ਦੁਆਲੇ ਸਾਰੇ, ਹੁਣ ਬਣ ਜਾਓ ਸਕੇ ਭਰਾ, ਇਉਂ ਉਦੋਂ ਤੋਂ ਮਰਯਾਦਾ ਚਲੀ ਆਉਂਦੀ ਹੈ ਖਾਲਸਾ ਜੀ! ਇਹ ਅੰਮ੍ਰਿਤ ਛਕਾ ਕੇ ਸਿੰਘ ਇਉਂ ਬਣਾਏ ਸਨ ਮਹਾਰਾਜ ਜੀ ਨੇ।

(ਅੰਮ੍ਰਿਤ ਸੰਸਕਾਰ)

ਕੇਸਗੜ੍ਹ ਸ੍ਰੀ ਖਾਲਸੇ ਕੋ ਪੰਥ ਕੀ ਉਤਪਤੀ ਕੀ ਸਾਖੀ॥

ਦੋਹਰਾ॥ ਇਤਨੀ ਬਾਤ ਵਿਚਾਰ ਕਰ, ਹੁਤੀ ਬਾਤ ਲਈ ਚੀਨ॥ ਇੰਨੀ ਗੱਲ ਵਿਚਾਰ ਕੇ ਸਤਿਗੁਰਾਂ ਨੇ ਜੋ ਗੱਲ ਕਰਨ ਵਾਲੀ ਸੀ ਉਹ ਆਪਣੇ ਮਨ ਵਿਚ ਪਛਾਣ ਲਈ ਸਤਿਗੁਰਾਂ ਨੇ।

ਸਤਿਗੁਰ ਬਹਿ ਸ੍ਰੀ ਕੇਸਗੰੜ੍ਹ, ਉੱਦਮ ਸੋਊ ਕੀਨ॥ ੧॥ ਸਤਿਗੁਰੂ ਜੀ ਨੇ ਕੇਸਗੜ੍ਹ ਜਿਸਦਾ ਪਹਿਲਾਂ ਨਾਮ ਗੁਰੂ ਤੇਗ ਬਹਾਦਰ ਜੀ ਨੇ 'ਦਿਵਾਨ ਗੜ੍ਹ' ਰੱਖਿਆ। ਏਥੇ ਦੀਵਾਨ ਸਜਦਾ ਸੀ, ਸੰਗਤਾਂ ਏਥੇ ਦਰਸ਼ਨਾਂ ਨੂੰ ਆਉਂਦੀਆਂ ਸਨ ਅਤੇ ਬਿਸਰਾਮ ਕਰਦੀਆਂ ਸਨ ਇਉਂ ਕੇਸਗੜ੍ਹ ਬੈਠ ਕੇ ਉੱਦਮ ਕੀਤਾ ਹੈ ਖਾਲਸੇ ਦੀ ਸਾਜਨਾ ਕਰ ਦੇਈਏ। ੧।

ਸੱਦ ਪੰਡਤ ਬਡ ਜੋਤਕੀ, ਮਹੂਰਤ ਖੂਬ ਕਢਾਇ॥ (ਪੰਡਤ) ਵਿਦਵਾਨ ਸੱਦੇ ਇਹ ਦੇਖਣਾ ਉਨ੍ਹਾਂ ਨੂੰ ਦੱਸੋ ਕੋਈ ਸੋਹਣਾ ਜਿਹਾ ਮਹੂਰਤ, ਕੋਈ ਦਿਨ ਮਿਥੋ, ਤਰੀਕ ਮਿਥੋ ਕਿਹੜਾ ਦਿਨ ਸ਼ੁਭ ਹੈ। ਉਹ ਸ਼ੁਭ ਦਿਨ ਤੇ ਆਪਾਂ ਖਾਲਸਾ ਦੀ ਸਾਜਨਾ ਕਰਨੀ ਹੈ।

ਕੀਏ ਭੁਜੰਗੀ ਛਾਂਟ ਪੰਜ, ਪੰਜੇ ਜਾਤ ਗਿਣਾਇ॥ ੨॥ ਕਿਵੇਂ ਸਿੱਖਾਂ ਨੇ ਰੌਲਾ ਪਾਇਆ, ਕੋਈ ਕਹਿੰਦਾ ਬੱਕਰੇ ਤੰਬੂ ਵਿਚ ਬੱਧੇ ਕੋਈ ਕਹਿੰਦਾ ਨਹੀਂ ਬੱਧੇ ਤੇ ਫਿਰ ਦਿਵਾਨ ਵਿੱਚ ਕਥਾ ਕਰਦਿਆਂ ਮਖੌਲ ਕਰਦੇ ਨੇ ਕਿ ਜੇ ਬੱਕਰਾ ਵੱਢਿਆ ਤਾਂ ਮਿਆਂ ਨਾ ਉਹਨੇ ਕੀਤੀ, ਬੋਲਿਆ ਨਹੀਂ ਬੱਕਰਾ ਬੱਕਰਾ ਮਿਆਂ ਕਰਦਾ, ਇਹ ਗੱਲਾਂ ਫਜੂਲ ਹਨ। ਖਾਲਸਾ ਜੋ ਸਾਜਿਆ ਮਹਾਰਾਜ ਨੇ ਆਪਣੀ ਕਲਾ ਵਿਚੋਂ ਪ੍ਰਗਟ ਕੀਤਾ ਹੈ। ਉਹ ਸਤਿਗੁਰੂ ਜਾਣਦਾ ਹੈ ਜੋ ਉਹਨਾਂ ਨੇ ਬਖਸ਼ਿਸ਼ਾਂ ਕੀਤੀਆਂ ਨੇ। ਇਹ ਬੱਕਰੇ ਨੂੰ ਮਿਆਂ ਮਿਆਂ ਕਰਾਉਣਾ ਇਹ ਮਖੌਲੀ ਨੇ ਕਿਉਂਕਿ ਆਪ ਤਾਂ ਉਹ ਸਿੱਖ ਬਣੇ ਨਹੀਂ ਆਪ ਤਾਂ ਉਹਨਾਂ ਛੜ੍ਹੀਆਂ ਵਾਲਾ ਰੂਪ ਨਹੀਂ ਧਾਰਿਆ, ਯੂਨੀਫਾਰਮ ਨਹੀਂ ਧਾਰੀ। ਚੱਕ੍ਰ ਤੋੜੇ ਨਹੀਂ ਸੀਸ 'ਤੇ ਸਜਾਏ, ਨਾ ਹੀ ਉਹਨਾਂ ਦੀ ਇੱਛਾ ਹੈ ਉਹ ਤਾਂ ਸ਼ਕੀਨੀ ਪੱਠੇ ਬਣੇ ਹੋਏ ਨੇ। ਵੱਖਰਾ ਹੀ ਰੂਪ ਬਣਾ ਲਿਆ ਹੈ। ਇਸ ਵਾਸਤੇ ਖਾਲਸੇ ਦੀ ਰਹੁ ਰੀਤ ਵਿਲੱਖਣ ਹੈ, ਖਾਲਸੇ ਨਾਲ ਕਿਸੇ ਦੀ ਮਰਯਾਦਾ ਨਹੀਂ ਮਿਲਦੀ। ਇਉਂ ਭਾਈ ਰਤਨ ਸਿੰਘ ਜੀ ਨਿਰਣਾ ਕਰਕੇ ਦੱਸ ਰਹੇ ਨੇ ਖਾਲਸੇ ਦੀ ਸਾਜਨਾ ਕਰਨ ਲੱਗੇ ਸਤਿਗੁਰੂ। ਪੰਜਾਂ ਹੀ ਜਾਤਾਂ ਵਿਚੋਂ ਪੰਜ ਭੁਜੰਗੀ ਛਾਂਟ ਕਰਕੇ ਸਤਿਗੁਰਾਂ ਨੇ ਦਿਵਾਨ ਵਿਚੋਂ ਅਲਹਿਦਾ ਕਰ ਲਏ। ੨।

ਚੌਪਈ॥ ਪੰਜ ਭੁਜੰਗੀ ਲਏ ਉਠਾਇ॥ ਪੰਜ ਭੁਜੰਗੀ ਛਾਂਟ ਕੇ ਵਖਰੇ ਕਰ ਲਏ।

ਚਾਰੈ ਬਰਨ ਇਕ ਕੀਏ ਭਰਾਇ॥ ਚਾਰਾਂ ਵਰਨਾਂ ਨੂੰ ਇਕੱਠਿਆਂ ਕਰਕੇ ਇੱਕ ਭਰਾ ਬਣਾ ਦਿੱਤੇ ਅੱਜ ਤੋਂ ਸਾਡਾ ਬਰਨ ਕੋਈ ਨਹੀਂ, ਤੁਸੀਂ ਭਰਾ ਸਕੇ ਹੋ, ਇਉਂ ਸਾਹਿਬਾਂ ਨੇ ਹੁਕਮ ਕੀਤਾ।

ਪ੍ਰਿਥਮ ਦਯਾ ਸਿੰਘ ਸੋਢਤੀ ਜਾਤ॥ ਇਹ (ਸੋਢਤੀ) ਖੱਤ੍ਰੀ ਸਨ ਪ੍ਰਿਥਮੇ ਦਇਆ ਸਿੰਘ ਜੀ ਉੱਠੇ ਹਨ।

ਬਸਤ ਲਹੌਰ ਹੁਤੇ ਬਖਯਾਤ॥ ੩॥ ਇਹ ਲਹੌਰ ਵਿੱਚ ਲਊ ਦਾ ਜਨਮ ਸੀ ਇਨ੍ਹਾਂ ਦਾ (ਬਿਖਆਤ) ਪ੍ਰਗਟ ਹੀ ਲਹੌਰ ਵਿਚ ਵਸਦੇ ਸਨ। ੩।

ਦੂਜੇ ਧਰਮ ਸਿੰਘ ਹਸਤਨਾਪੁਰ ਬਾਸੀ॥ ਇਹ ਹਸਤਨਾਪੁਰ ਦਿੱਲੀ ਨੂੰ ਕਹਿੰਦੇ ਨੇ, ਇਥੋਂ ਦੇ ਵਾਸੀ ਸਨ ਧਰਮ ਸਿੰਘ।

ਹੁਤੋ ਜੱਟ ਸਿਵ ਜਟੋ ਪ੍ਰਕਾਸ਼ੀ॥ ਇਹ ਜੱਟ ਸਿੱਖ ਸਨ ਸ਼ਿਵਾਂ ਨੇ ਇਸ਼ਨਾਨ ਕੀਤਾ ਜਦੋਂ ਸ਼ਿਵ ਜੀ ਨੇ ਆਪਣੀਆਂ ਜਟਾਂ ਨਿਚੋੜੀਆਂ ਉਹਦੇ ਵਿਚੋਂ ਜੱਟ ਪੈਦਾ ਕੀਤਾ।

ਤੀਜੋ ਮੁਹਕਮ ਸਿੰਘ ਦ੍ਵਾਰਕਾ ਜਾਯੋ॥ ਤੀਸਰੇ ਮੋਹਕਮ ਸਿੰਘ ਜੀ ਜੋ ਦ੍ਵਾਰਕਾ ਨਗਰੀ ਦੇ ਜਿਥੇ ਕ੍ਰਿਸ਼ਨ ਭਗਵਾਨ ਜੀ ਦਾ ਅੰਤਮ ਸੰਸਕਾਰ ਹੋਇਆ, ਜਿਥੇ ਬੌਧ ਅਵਤਾਰ ਪੈਦਾ ਹੋਇਆ। ਬੌਧ ਅਵਤਾਰ ਕਹਿੰਦੇ ਨੇ ਪੱਥਰ ਦੀ ਸਿਲ੍ਹਾ ਨੂੰ।

ਆਪਣੇ ਆਪ ਬਣਿਆ ਬੋਧ ਅਵਤਾਰ।

ਨਾਮਦੇਵ ਅਵਤਾਰ ਸੁ ਆਯੋ॥ ੪॥ ਇਹਨਾਂ ਦਾ ਛੀਂਬਿਆਂ ਦੇ ਘਰ ਜਨਮ ਸੀ। ਇਹ ਨਾਮਦੇਵ ਜੀ ਦੇ ਅਵਤਾਰ ਸਨ। ੪।

ਚੌਥੇ ਨਾਈ ਸਾਹਿਬ ਸਿੰਘ ਜੋਊ॥ ਚੌਥੇ ਨਾਈ ਜ਼ਾਤ ਦੇ ਸਾਹਿਬ ਸਿੰਘ ਜਿਨ੍ਹਾਂ ਦਾ ਨਾਮ ਸੀ।

ਸੈਣ ਭਗਤ ਜਹ ਰਹਤੇ ਸੋਊ॥ ਇਹ ਸੈਨ ਭਗਤ ਜਿਥੇ ਆਪਾਂ ਜਾਂਦੇ ਹਾਂ ਹਜੂਰ ਸਾਹਿਬ ਤੋਂ ਅੱਗੇ 'ਬਿਦਰ' ਦਾ ਜਨਮ ਸੀ, ਨਾਈ ਸਿੱਖ ਸਨ।

ਪੰਚਮ ਹਿੰਮਤ ਸਿੰਘ ਝੀਵਰ ਕਹੀਐ॥ ਤੇ ਪੰਜਵੇਂ ਹਿੰਮਤ ਸਿੰਘ ਜੀ ਝੀਵਰ ਜਿਨ੍ਹਾਂ ਦੀ ਜਾਤ ਸੀ। ਜੋ ਕ੍ਰਿਸ਼ਨ ਭਗਵਾਨ ਨੂੰ ਬਾਣ ਮਾਰਨ ਵਾਲਾ ਜੋ ਸ਼ਿਕਾਰੀ ਸੀ ਉਹਦਾ ਅਵਤਾਰ ਸਨ।

ਇਉਂ ਸਾਹਿਬ ਸੱਚੇ ਪਾਤਸ਼ਾਹ ਪੰਜੇ ਪਿਆਰਿਆਂ ਦੇ ਵਾਸਤੇ ਦਸਦੇ ਹਨ ਕਿ ਇਹ ਪੰਜ ਪਿਆਰੇ ਸਨ ਓਸ ਮੌਕੇ ਜੋ ਸੰਗਤ ਵਿਚੋਂ ਛਾਂਟ ਕੇ ਭੁਜੰਗੀ ਬਣਾਏ।

ਪੰਜ ਭੁਜੰਗੀ ਪੰਜ ਜਾਤ ਲਹੀਐ॥ ੫॥ ਇਹ ਪੰਜ ਭੁਜੰਗੀ ਇਹਨਾਂ ਪੰਜਾਂ ਜਾਤਾਂ ਵਿਚੋਂ ਸਨ। ੫।

ਪਾਹੁਲ ਖੰਡੇ ਤਯਾਰ ਕਰਵਾਈ॥ ਮਹਾਰਾਜ ਜੀ ਨੇ ਖੰਡੇ ਦੀ ਪਾਹੁਲ (ਅੰਮ੍ਰਿਤ) ਬਣਾਉਣਾ ਕੀਤਾ, ਭਾਵ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ।

ਜਲ ਮੱਧ ਆਨ ਮਿਠਾਈ ਪਾਈ॥ ਬਾਟਾ ਧਰਿਆ ਸੀ ਜਲ ਵਿੱਚ, ਮਾਤਾ ਜੀ ਸਾਹਿਬ ਦੇਵਾਂ ਜੀ ਨੇ (ਮਿਠਾਈ) ਮਿੱਠਾ, ਉਨ੍ਹਾਂ ਨੇ ਪਤਾਸਿਆਂ ਦੀ ਝੋਲੀ ਲਿਆ ਕੇ ਵਿੱਚ ਪਾਈ।

ਤਿਹ ਮੱਧ ਰਾਖੀ ਕਰਦ ਗਡਾਇ॥ ਖਾਲਸਾ ਜੀ ਹੁਣ ਨਿਰਣਾ ਦੇਖੋ ਨਿਹੰਗ ਸਿੰਘ ਖੰਡੇ ਤੇ ਕ੍ਰਿਪਾਨ ਦੀ ਰਹਤ ਰਖਦੇ ਨੇ ਕੇਸਾਂ ਵਿੱਚ ਰਖਦੇ ਨੇ ਦੁਮਾਲੇ ਦੇ ਵਿਚ ਵੀ ਖੰਡਾ ਤੇ ਕ੍ਰਿਪਾਨ ਸਜਾਉਂਦੇ ਨੇ। ਇਹ ਗਲ ਵਿਚ ਵੀ ਖੰਡੇ ਪਹਿਰਦੇ ਨੇ, ਸ੍ਰੀ ਸਾਹਿਬ ਵੀ ਪਹਿਰਦੇ ਨੇ ਤੇ ਆਮ ਕਰਕੇ ਸਿੱਖਾਂ ਨੂੰ ਇਕੱਲੀ ਕ੍ਰਿਪਾਨ ਦਾ, ਤੇ ਬਾਟੇ ਵਿਚ ਕ੍ਰਿਪਾਨ ਹੈ, ਬਾਟੇ ਵਿੱਚ ਖੰਡਾ ਰੱਖਿਆ ਇਕੱਲਾ, ਮਰਯਾਦਾ ਭੰਗ ਹੋਈ ਨਾ ਹੋਈ। ਤੇ ਤੁਸੀਂ ਖਾਲਸੇ ਪੰਥ ਦੀ ਮਰਯਾਦਾ ਦੇਖੋ ਵਿਚ ਕ੍ਰਿਪਾਨ ਹੋਵੇਗੀ ਬਾਟੇ ਦੇ ਨਾਲੇ ਖੰਡਾ ਹੋਵੇਗਾ। ਉਹ ਬਾਟੇ ਵਿੱਚ ਰੱਖੀ ਹੈ ਕ੍ਰਿਪਾਨ ਜੋ ਬਾਟੇ ਵਾਲਾ ਹੱਥ ਹੈ ਕ੍ਰਿਪਾਨ ਨੂੰ ਫੜਨਾ ਹੈ ਉਹਦੇ ਨਾਲ, ਤੇ ਖੰਡਾ ਜਿਹੜਾ ਉਹ ਬਾਣੀ, ਪੜ੍ਹਨੀ ਤੇ ਸੱਜੇ ਹੱਥ ਨਾਲ ਖੰਡਾ ਚਲਾਉਣਾ ਹੈ। ਇਉਂ ਪੁਰਾਤਨ ਮਰਯਾਦਾ ਚਲੀ ਆਉਂਦੀ ਹੈ।

ਸਤਿਗੁਰ ਰਾਖੀ ਕਰਦ ਧਾਰੇ ਦਾਇ॥ ੬॥ ਭਾਵ ਧਾਰ ਨੂੰ ਅੱਗੇ ਕਰਕੇ ਜਿਧਰ ਧਾਰ ਲੱਗੀ ਹੁੰਦੀ ਹੈ (ਦਾਇ) ਸੱਜੇ ਹੱਥ ਵਿਚ ਰੱਖਕੇ ਅੰਮ੍ਰਿਤ ਤਿਆਰ ਕਰਨ ਲੱਗੇ ਨੇ ਮਹਾਰਾਜ। ੬।

ਦੋਹਰਾ॥ ਸ੍ਰੀ ਸਤਿਗੁਰ ਸਤਿਨਾਮ ਕਹਿਓ, ਕਰਤਾ ਪੁਰਖ ਉਚਾਰ॥ ੧ਓ ਸਤਿਨਾਮ ਕਰਤਾ ਪੁਰਖ ਇਉਂ ਬਾਣੀ ਉਚਾਰਨ ਲੱਗੇ ਹਨ।

ਅਕਾਲ ਅਕਾਲਹ ਜਾਪ ਕਰ, ਤੋਰੀ ਕ੍ਰਿਪਾ ਨਿਜ ਧਾਰ॥ ੭॥ ਅਕਾਲ, ਸਤਿ ਸ੍ਰੀ ਅਕਾਲ ਦਾ ਜਾਪ ਕਰਦੇ ਹੋਏ ਕ੍ਰਿਪਾ ਦ੍ਰਿਸ਼ਟੀ ਕਰਕੇ ਖੰਡੇ ਬਾਟੇ ਦੇ ਉੱਤੇ ਤੋਰਨਾ ਕੀਤਾ ਖੰਡੇ ਨੂੰ। ੭।

ਚੌਪਈ॥ ਪ੍ਰਿਥਮ ਭਗੌਤੀ ਵਾਰ ਜੂ ਪੌੜੀ॥ ਜੋ ਭਗੌਤੀ ਦੀ ਵਾਰ ਹੈ ਜੋ ਚੰਡੀ ਦੀ ਵਾਰ ਜਿਹਨੂੰ ਆਪਾਂ ਕਹਿਨੇ ਹਾਂ ਵਾਰ ਭਗਉਤੀ ਦੀ ਹੈ, ਭਗੌਤੀ ਦੀ ਪਹਿਲੀ ਪੌੜੀ ਜਿਹੜੀ ਹੈ ਅਰਦਾਸ ਦੀ ਦਸਾਂ ਗੁਰੂਆਂ ਦਾ ਨਾਮ ਸਿਮਰ ਕੇ, ਪ੍ਰਿਥਮੇ ਸਤਿਗੁਰਾਂ ਨੇ ਜਦੋਂ ਤਿਆਰੀ ਕੀਤੀ, ਸਤਿਗੁਰਾਂ ਨੇ ਪਹਿਲੇ ਅਰਦਾਸ ਕੀਤੀ। ਅਰਦਾਸ ਕਰਕੇ ਫੇਰ ਅੱਗੇ ਬਾਣੀ ਨੂੰ ਪ੍ਰਚਲਤ ਕਰਦੇ ਹਨ, ਇਉਂ ਸਾਹਿਬਾਂ ਨੇ ਮਰਯਾਦਾ ਬੰਨ੍ਹੀ।

ਪੜ੍ਹ ਪ੍ਰਿਥਮੇਂ ਆਪ ਸਤਿਗੁਰ ਜੋੜੀ॥ ਇਹਨਾਂ ਰਚਨਾ ਉਦੋਂ ਹੀ ਕੀਤੀ ਹੈ ਚੰਡੀ ਦੀ ਵਾਰ ਦੀ ਜਦੋਂ ਅੰਮ੍ਰਿਤ ਤਿਆਰ ਕਰਨ ਲੱਗੇ ਸਨ।

ਨੌਂ ਪਤਸ਼ਾਹੀਅਨ ਲਯੋ ਧਿਆਇ॥ *''ਤੇਗ ਬਹਾਦਰ ਸਿਮਰਿਐ ਘਰ ਨਉ ਨਿਧ ਆਵੈ ਧਾਇ॥* ਸਭ ਥਾਈਂ ਹੋਇ ਸਹਾਇ''। ੧।

ਐਥੇ ਸਮਾਪਤ ਕੀਤਾ ਮਹਾਰਾਜ ਨੇ, ਪੌੜੀ ਪੜ੍ਹ ਕੇ ਵੇਖ ਲਉ ਚੰਡੀ ਦੀ ਵਾਰ ਇਸ ਵਾਸਤੇ ਸਤਿਗੁਰਾਂ ਨੇ ਉਦੋਂ ਹੀ ਤੁਰੰਤ ਜੋੜਨੀ ਕੀਤੀ। ਤੁਰੰਤ ਹੀ ਰਚਨਾ ਕੀਤੀ ਇਸ ਪੌੜੀ ਦੀ।

ਅਬ ਦਸਮਨ ਪਰ ਹੋਈਂ ਸਹਾਇ॥ ੮॥ ਹੁਣ ਦਸਵੀਂ ਜੋਤ ਦੇ ਉੱਤੇ ਸਹਾਇਤਾ ਕਰਨੀ, ਇਉਂ ਅਰਦਾਸ ਕੀਤੀ ਹੈ। ੮।

ਬਹੁੜ ਸਵੱਯੋ ਬੱਤੀ ਉਚਾਰੇ॥ ਫੇਰ ਬੱਤੀ ਸ੍ਵਯੇ ਉਚਾਰਨ ਕੀਤੇ ਹਨ।

ਸ੍ਰੀ ਸਤਿਗੁਰ ਸ੍ਰੀ ਮੁਖੋਂ ਸਵਾਰੇ॥ ਸਤਿਗੁਰਾਂ ਨੇ ਆਪਣੇ ਮੁਖਾਰਬਿੰਦ ਤੋਂ ਉਚਾਰਨ ਕੀਤੇ ਹਨ। ਇਹਨਾਂ ਦੀ ਵੀ ਤੁਰੰਤ ਰਚਨਾ ਹੋਈ ਹੈ।

ਤੇਜ ਤੇਜ ਜੋ ਚੰਡੀ ਬਾਣੀ॥ ਜੋ ਤੇਜ ਬਾਣੀ ਹੈ ਜਿਸ ਵਿਚ ਮਹਾਰਾਜ ਨੇ ਸੂਰਬੀਰਤਾ ਭਰਨੀ ਕੀਤੀ ਹੈ ਉਹ ਸਾਰੀ ਬਾਣੀ ਜਿਹੜੀ ਹੈ।

ਸੋਊ ਪਾਹੁਲ ਕੇ ਮੱਧੈ ਠਾਣੀ॥ ੯॥ ਜੋ ਭਗਉਤੀ ਅਸਤੋਤ ਆਦਿਕ ਤੇਜ ਤੇਜ ਬਾਣੀ ਹੈ ਉਹ ਵੀ ਉਸ ਮੌਕੇ ਪੜ੍ਹੀ ਹੈ ਸਤਿਗੁਰਾਂ ਨੇ। ੯।

ਤ੍ਰਿਭੰਗੀ ਛੰਦ॥ ''ਖਗ ਖੰਡ ਬਿਹੰਡੰ ਖਲ ਦਲ ਖੰਡੰ' ਖਗ=ਤਲਵਾਰ। ਖੰਡ=ਖੰਡਾ॥ ਖਲ=ਮੂਰਖ, ਮੂਰਖਾਂ ਦੇ ਦਲਾਂ ਦੇ ਨਾਸ ਕਰਨ ਵਾਲਾ, ਮੂਰਖਾਂ ਦੇ ਦਲ ਨੂੰ ਖੰਡ ਖੰਡ ਕਰ ਦੇਣ ਵਾਲਾ ਖੰਡਾ ਹੁੰਦਾ ਹੈ ਉਸਤੋਂ ਭਾਵ ਲਿਆ ਹੈ।

ਅਤਿ ਰਣ ਮੰਡੰ ਬਰ ਭੰਡੰ॥ ਅਤੀ ਜੰਗ ਨੂੰ ਕਰਨ ਵਾਲਿਆਂ ਦੇ (ਬਰ) ਬਲ ਨੂੰ (ਭੰਡੰ) ਨਾਸ ਕਰਨ ਵਾਲੀ ਹੈ।

ਭੁਜਦੰਡ ਅਖੰਡੰ ਤੇਜ ਪ੍ਰਚੰਡੰ, ਜਿਨ੍ਹਾਂ ਦੀਆਂ ਬਾਹਵਾਂ ਡੰਡਿਆਂ ਵਰਗੀਆਂ ਜਿਨ੍ਹਾਂ ਦਾ ਅਖੰਡ ਬਲ ਹੈ ਜਿਨ੍ਹਾਂ ਦਾ (ਪ੍ਰਚੰਡ) ਤਿੱਖਾ ਤੇਜ ਹੈ।

ਜੋਤਿ ਅਮੰਡੰ ਭਾਨ ਪ੍ਰਭੰ॥ (ਭਾਨ) ਜੋ ਸੂਰਜਾਂ ਨੂੰ (ਜੋਤਿ) ਪ੍ਰਕਾਸ਼ ਦੇਣ ਵਾਲਾ (ਅਮੰਡੰ) ਅਮੰਦ।

ਸੁਖ ਸੰਤਾ ਕਰਣੰ ਦੁਰਮਤਿ ਦਰਣੰ, ਸੰਤਾਂ ਨੂੰ ਸੁਖ ਦੇਣ ਵਾਲੇ ਦੁਰਮਤੀਆਂ ਨੂੰ ਨਾਸ ਕਰਨ ਵਾਲੇ, ਮਨਮਤੀਆਂ ਨੂੰ ਪਰੇ ਹਟਾਉਣ ਵਾਲੇ ਐਸੀ ਨਿਰਮਲ ਬੁੱਧ ਵਾਲੇ।

ਕਿਲਵਿਖ ਹਰਣੰ ਅਸਿ ਸਰਣੰ॥ (ਕਿਲਵਿਖ) ਪਾਪਾਂ ਨੂੰ ਦੂਰ ਕਰਨ ਵਾਲੇ, ਐਸਾ ਸਾਹਿਬ ਪ੍ਰਮੇਸ਼ਰ ਹੈ ਉਹਦੀ ਸਰਣ ਹਾਂ।

ਜੈ ਜੈ ਜਗ ਕਾਰਣਿ ਸ੍ਰਿਸਟਿ ਉਬਾਰਨ, ਜੋ ਜਗਤ ਦਾ (ਕਾਰਣ) ਮੂਲ ਰੂਪ ਹੈ ਸ੍ਰਿਸ਼ਟੀ ਨੂੰ ਬਚਾਉਣ ਵਾਲੇ ਜੈ ਹੋ ਜੈ ਹੋ।

ਮਮ ਪ੍ਰਤਿਪਾਰਣ ਜੈ ਤੇਗੰ॥ ਮਮ (ਮੇਰੀ) ਪਾਲਣਾ ਕਰਨ ਵਾਲੀ (ਤੇਗੰ) ਤਲਵਾਰ ਸ੍ਰੀ ਸਾਹਿਬ ਦੀ ਜੈ ਹੋਵੇ।

ਦੋਹਰਾ॥ ਪ੍ਰਿਥਮ ਅੰਚਰੀ ਭਰੀ, ਸ੍ਰੀ ਸਤਿਗੁਰ ਉਨ ਲਲਕਾਰ॥ ਉਨ੍ਹਾਂ ਪੰਜਾਂ ਸਿੰਘਾਂ ਨੂੰ ਲਲਕਾਰ ਕੇ ਪਹਿਲੀ ਚੁਲੀ ਭਰੀ ਹੈ।

ਸਨਮੁਖ ਨੇਤ੍ਰ ਰਖਵਾਇ ਕਰ, ਦਈ ਮੱਧ ਮੋਂ ਡਾਰ॥ ੧੦॥ ਸਨਮੁਖ ਹੋਵੋ ਨੇਤ੍ਰ ਖੋਹਲੋ ਤੇ ਨੇਤ੍ਰਾਂ ਵਿਚ ਚੁਲਾ ਭਰਕੇ ਪਾ ਦਿੱਤਾ। ੧੦।

ਚੌਪਈ॥ ਅਕਾਲ ਅਕਾਲ ਕਰ ਜਾਪ ਜਪਾਈ॥ ਇਉਂ ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹ॥ ਉਸ ਅਕਾਲ ਪੁਰਖ ਦਾ ਜਾਪ ਜਪਾਇਆ ਹੈ।

ਸ੍ਰੀ ਵਾਹਿਗੁਰੂ ਗੁਰ ਫਤੇ ਬੁਲਾਈ॥ ਅਕਾਲ ਅਕਾਲ ਦੇ ਜੈਕਾਰੇ ਗਜਾਏ ਤੇ ਗੁਰ ਫਤੇ ਬੁਲਾਈ।

ਪੁਨ ਪੰਚ ਪੰਚ ਸੀਸ ਅੰਚਰੀ ਪਾਇ॥ ਫੇਰ ਪੰਜ ਪੰਜ ਚੁਲੇ ਸੀਸ ਵਿਚ ਪਾਏ ਹਨ।

ਪੰਚ ਪੰਚ ਪੰਚਨ ਦਈ ਛਕਾਇ॥ ੧੧॥ ਪੰਜਾਂ ਨੂੰ ਹੀ ਏਸ ਤਰ੍ਹਾਂ ਪੰਜ ਮੂੰਹ ਵਿਚ ਚੁਲੇ, ਪੰਜ ਅੱਖਾਂ ਵਿਚ, ਪੰਜ ਸੀਸ ਵਿਚ ਪਾ ਕੇ ਅਤੇ ਛਕਾ ਕੇ। ੧੧।

ਇਕੈ ਸੁਨਹਿਰੇ ਸਭੀ ਰਲਾਏ॥ ਸਾਰਿਆਂ ਪੰਜਾਂ ਨੂੰ ਅੰਮ੍ਰਿਤ ਛਕਾ ਕੇ ਅਰਦਾਸ ਕਰਕੇ ਇੱਕੋ ਬਾਟੇ ਵਿਚ ਛਕਾਉਣਾ ਕੀਤਾ।

ਭਿੰਨ ਭੇਤ ਕਛੁ ਰਖਨ ਨ ਪਾਏ॥ ਹੁਕਮ ਕਰ ਦਿੱਤਾ ਅੱਜ ਤੋਂ ਭਾਈ ਛੂਤ ਛਾਤ ਨਹੀਂ ਕਰਨੀ, ਆਪਸ ਵਿਚ ਭਿੰਨ ਭੇਦ ਨਹੀਂ ਕਰਨਾ, ਇਹ ਨਾਈ ਹੈ, ਇਹ ਛੀਂਬਾ ਹੈ ਜਾਂ ਝਿਊਰ ਹੈ। ਤੁਸੀਂ ਇੱਕੇ ਜਾਤੀ ਦੇ ਹੋ ਸਾਰੇ। ਤੁਹਾਡਾ ਛੱਤ੍ਰੀ ਧਰਮ ਹੈ ਇਉਂ ਕਰਕੇ ਸਾਹਿਬ ਜੀ ਨੇ ਹੁਕਮਨਾਮਾ ਕੀਤਾ।

ਚਾਰ ਬਰਨ ਔ ਆਸ੍ਰਮ ਚਾਰ॥ ਦੁਨੀਆਂ ਵਿਚ ਜੋ ਚਾਰ ਬਰਨ ਤੇ ਚਾਰ ਆਸ਼੍ਰਮ ਹਨ।

ਜਨੇਊ ਟਿੱਕੈ ਦਿਯੋ ਉਤਾਰ॥ ੧੨॥ ਜਨੇਊ ਤੇ ਟਿੱਕੇ ਨੂੰ ਉਤਾਰ ਦਿਉ ਹੁਣ। ੬੨।

ਪੁਨ ਸਤਿਗੁਰ ਉਨ ਸਿੱਛਜਾ ਦਈ॥ ਫਿਰ ਸਤਿਗੁਰਾਂ ਨੇ ਸਿਖਿਆ ਦਿੱਤੀਆਂ ਪੰਜਾਂ ਪਿਆਰਿਆਂ ਨੂੰ।

'ਮੀਣੇ ਮਸੰਦਨ ਬਰਤਜੋ ਨਹੀਂ॥ ਜੋ ਮੀਣੇ ਲੋਕ ਨੇ ਤੇ ਮਸੰਦ ਨੇ ਗੁਰੂ ਘਰ ਦਾ ਦਸਵੰਧ ਉਗਰਾਉਂਦੇ ਨੇ ਤੇ ਆਪਣੇ ਘਰ ਬਹਿ ਕੇ ਖਾ ਜਾਂਦੇ ਨੇ, ਚੋਰੀਆਂ ਕਰਦੇ ਨੇ ਗੁਰੂ ਘਰ ਵਿਚੋਂ ਇਹਨਾਂ ਨਾਲ ਨਹੀਂ ਵਰਤਣਾ ਅੱਜ ਤੋਂ। ਇਹਨਾਂ ਦਾ ਗੁਰੂ ਸਾਹਿਬ ਜੀ ਨੇ ਬਾਈਕਾਟ ਕਰ ਦਿੱਤਾ।

ਕੁੜੀ ਮਾਰ ਰਮਰਈ ਨੜੀਮਾਰ॥ ਕੁੜੀ ਮਾਰ, ਰਾਮਰਾਈਏ ਤੇ ਨੜੀਮਾਰ ਜਿਹੜੇ ਨੇ।

ਜੋ ਇਨ ਮਿਲੇ ਸੁ ਹੁਇ ਹੈ ਖ੍ਵਾਰ॥ ੧੩॥ ਜਿਹੜਾ ਇਹਨਾਂ ਨਾਲ ਮੇਲ ਕਰੇਗਾ ਖੁਆਰ ਹੋਵੇਗਾ, ਇਹਨਾਂ ਨਾਲ ਮੇਲ ਨਹੀਂ ਕਰਨਾ। ੧੩।

ਜਥਾ ਸ਼ਕਤ ਗੁਰ ਗੋਲਕ ਪਾਯੋ॥ ਆਪਣੀ ਸ਼ਕਤੀ ਅਨੁਸਾਰ ਜਿੰਨੀ ਕੁ ਤੁਹਾਡੇ ਵਿਚ ਹਿੰਮਤ ਹੈ ਗੁਰੂ ਕੀ ਗੋਲਕ ਵਿਚ ਪਾਇਓ, ਅੱਗੇ ਖਾਲਸਾ ਜੀ ਸਵਾ ਰੁਪਿਆ ਲੈਂਦੇ ਸਨ, ਗੁਰੂ ਕੀ ਗੋਲਕ ਵਿੱਚ ਪਾਉਂਦੇ ਸਨ।

ਕੜਾਹ ਕਰਾਇ ਖਾਲਸੈ ਛਕਾਯੋ॥ ਕੜਾਹ ਪ੍ਰਸਾਦ ਦੀ ਦੇਗ ਖੁੱਲ੍ਹੀ ਕਰਕੇ ਖਾਲਸੇ ਨੂੰ ਛਕਾਓ। ਆਪ ਵੀ ਛਕੋ ਅੰਮ੍ਰਿਤ ਛਕਣ ਵਾਲੇ ਤੇ ਦੂਜਿਆਂ ਨੂੰ ਵੀ ਛਕਾਓ, ਇਉਂ ਖੁੱਲ੍ਹਾ ਪ੍ਰਸਾਦ ਬਣਾਓ।

ਪਹਿਰ ਕਛਹਿਰੇ ਸਿਰ ਬੰਧਯੋ ਪਾਗ॥ ਤੇਜ਼ ਕਛਹਿਰਾ ਪਹਿਨਣਾ ਹੈ ਸੀਸ ਦੁਮਾਲੇ ਝੁਲਾਉਣੇ ਨੇ।

ਗੁਰੂ ਗ੍ਰੰਥ ਬਚਨ ਪਰ ਰਹਯੋ ਲਾਗ'॥ ੧੪॥ ਗੁਰੂ ਗ੍ਰੰਥ ਸਾਹਿਬ ਜੀ ਦੇ ਬਚਨ 'ਤੇ ਰਹਿਣਾ ਹੈ। ਸਾਡੇ ਗੁਰੂ ਗੁਰੂ ਗ੍ਰੰਥ ਸਾਹਿਬ ਜੀ ਹਨ ਜੋ ਸ਼ਬਦ ਹੁਕਮ ਕਰਦੇ ਹਨ, ਏਸੇ ਕਰਕੇ ਹੁਕਮਨਾਮਾ ਸਵੇਰੇ ਲਿਆ ਜਾਂਦਾ ਹੈ। ਜੋ ਹੁਕਮ ਕਰਨ ਸਤਿਗੁਰੂ ਉਹਦੀ ਕਮਾਈ ਕਰਨੀ ਹੈ। ੧੪।

ਦੋਹਰਾ॥ ਯੌ ਕਹਿਕੈ ਸ੍ਰੀ ਸਤਿਗੁਰੂ, ਗਲ ਤੇਗੋ ਦੀਨੋ ਪਾਇ॥ ਇਉਂ ਹੁਕਮ ਕਰਕੇ ਮਹਾਰਾਜ ਜੀ ਨੇ ਸਿਖਿਆ ਦੇ ਕੇ ਗਲ ਵਿਚ ਸ੍ਰੀ ਸਾਹਿਬ ਪਾਇਆ ਹੈ।

ਕਰਦ ਚਕਰ ਸਿਰ ਪਰ ਧਰੈਂ, ਮੁਖੋਂ ਅਕਾਲ ਜਪਾਇ॥ ੧੫॥ ਚਕਰ ਤੇ ਕ੍ਰਿਪਾਨਾਂ, ਕ੍ਰਿਪਾਨ ਕਲਗੀ ਹੈ ਗੁਰੂ ਖਾਲਸੇ ਨੂੰ ਬਖਸ਼ਿਸ਼ ਕੀਤੀ, ਸੀਸ 'ਤੇ ਚੱਕਰ ਝੁਲਾ ਕੇ ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ ਦੇ ਜੈਕਾਰੇ ਗਜਾਉਣੇ ਸਿਖਾਏ ਮਹਾਰਾਜ ਨੇ। ੧੫।

ਚੌਪਈ॥ ਔਰ ਕਹੀ ਗੁਰਬਾਣੀ ਪੜ੍ਹਾਯੋ॥ ਹੁਕਮ ਕੀਤਾ ਸਤਿਗੁਰ ਜੀ ਨੇ ਭਾਈ ਗੁਰਸਿੱਖੋ ਬਾਣੀ ਪੜ੍ਹਨੀ ਹੈ, ਵੇਹਲਾ ਸਮਾਂ ਐਵੇਂ ਨਹੀਂ ਟਪਾਉਣਾ, ਬਾਣੀ ਪੜ੍ਹਦੇ ਰਹਿਣਾ ਹੈ ਆਪਣੇ ਜੀਵਨ ਨੂੰ ਸਫਲਾ ਕਰਨਾ ਹੈ।

ਜਪੁ ਜਾਪ ਦੋਇ ਵੇਲੇ ਜਪਾਯੋ॥ ਜਪੁ ਜਾਪੁ ਜਿਹੜਾ ਹੈ ਦੋਨੋ ਵੇਲੇ ਜਪਣਾ ਹੈ ਅੱਗੇ ਵਾਸਤੇ।

ਔ ਅਨੰਦ ਰਹਰਾਸਿ ਜਪੱਯੋ॥ ਅਨੰਦ ਸਾਹਿਬ ਦਾ ਪਾਠ ਕਰਕੇ ਭੋਗ ਪਾਉਣਾ ਹੈ। ਪੰਜ ਬਾਣੀਆਂ ਪੜ੍ਹ ਕੇ ਅਨੰਦ ਸਾਹਿਬ ਦਾ ਪਾਠ ਅਖੀਰ 'ਤੇ ਪੜ੍ਹਿਆ ਜਾਂਦਾ ਹੈ, ਭਾਵ ਮੋਹਰ ਛਾਪ ਲੱਗ ਜਾਂਦੀ ਹੈ। ਜਦੋਂ ਆਪਾਂ ਪਾਠਾਂ ਦੇ ਭੋਗ ਪਾਉਨੇ ਹਾਂ ਫੇਰ ਵੀ ਅਨੰਦ ਸਾਹਿਬ ਪੜ੍ਹਿਆ ਜਾਂਦਾ ਹੈ। ਕੋਈ ਕਾਰਜ ਕਰਨਾ ਹੋਵੇ ਕੋਈ ਇਮਾਰਤ ਉਸਾਰਨੀ ਹੋਵੇ ਜਾਂ ਅਰਦਾਸ ਕਰਨੀ ਹੋਵੇ, ਪਹਿਲਾਂ ਅਨੰਦ ਸਾਹਿਬ ਜੀ ਦੀਆਂ ਪੰਜ ਪਉੜੀਆਂ ਪੜ੍ਹਕੇ ਫੇਰ ਅਰਦਾਸ ਹੁੰਦੀ ਹੈ ਇਸ ਵਾਸਤੇ ਸੱਚੇ ਪਾਤਸ਼ਾਹ ਜੀ ਹੁਕਮ ਕਰਦੇ ਨੇ, ਜੋ ਉਹਨਾਂ ਦੇ ਪ੍ਰੇਮੀ ਗੁਰਸਿੱਖ ਜਿਨ੍ਹਾਂ 'ਤੇ ਮਿਹਰ ਹੈ ਸਤਿਗੁਰਾਂ ਦੀ ਉਹ ਅੱਜ ਵੀ ਉਸੇ ਤਰ੍ਹਾਂ ਹੀ ਜਪਦੇ ਹਨ।

ਚੰਡੀ ਬਾਣੀ ਖੜੇ ਪੜ੍ਹੱਯੋ॥ ੧੬॥ ਚੰਡੀ ਦੀ ਜੋ ਬਾਣੀ ਹੈ ਜੋ ਵਾਰ ਭਗਉਤੀ ਜੀ ਦੀ ਹੈ ਉਸਨੂੰ ਖੜ੍ਹੇ ਸਨਧ-ਬੱਧ ਹੋ ਕੇ ਸ਼ਸਤ੍ਰ ਧਾਰ ਕੇ ਖੜੇ ਹੋ ਕੇ ਪੜ੍ਹਿਓ। ੧੬।

ਦੋਇ ਵੇਲੇ ਉਠ ਬੰਧਯੋ ਦਸਤਾਰੇ॥ ਦੋਨੋ ਟਾਇਮ ਕੰਘਾ ਕਰਨਾ ਹੈ ਅਤੇ ਦਸਤਾਰ ਸੀਸ 'ਤੇ ਸਜਾਉਣੀ ਹੈ ਝੁਲਾਉਣੇ ਹਨ।

ਪਹਿਰ ਆਠ ਰੱਖਯੋ ਸ਼ਸਤ੍ਰ ਸੰਭਾਰੇ॥ ਅੱਠੇ ਪਹਿਰ ਸ਼ਸਤ੍ਰ ਸੰਭਾਲ ਕੇ ਰੱਖਣੇ ਹਨ, ਕਦੀ ਵਿਸਾਹ ਨਹੀਂ ਕਰਨਾ, ਇਉਂ ਸਨਧ-ਬੱਧ ਰਹਿਣ ਦਾ ਹੁਕਮ ਕਰਦੇ ਨੇ।

ਪੀਓ ਸੁਧਾ ਔ ਖੇਲੋ ਸ਼ਿਕਾਰ॥ ਆਓ ਆ ਕੇ ਗੁਰੂ ਕੇ ਲਾਲ ਬਣੋ ਆਉ ਆ ਕੇ ਅੰਮ੍ਰਿਤ ਪਾਨ ਕਰੋ ਅਤੇ ਸ਼ਿਕਾਰ ਖੇਲੋ, ਕਿਉਂਕਿ ਸ਼ਸਤ੍ਰ ਵਿਦਿਆ ਦੀ ਸੰਭਾਲ ਵਾਸਤੇ, ਸ਼ਸਤ੍ਰਾਂ ਦੇ ਅਭਿਆਸ ਵਾਸਤੇ ਆਓ ਇਹ ਜਰੂਰੀ ਹੈ ਜਿਹਨੇ ਸਿੰਘ ਸਜਣਾ ਹੈ ਅੰਮ੍ਰਿਤਪਾਨ ਕਰੋ ਅਤੇ ਫਿਰ ਸ਼ਸਤ੍ਰ ਦੇ ਅਭਿਆਸ ਵਾਸਤੇ ਸ਼ਸਤ੍ਰ ਵਿਦਿਆ ਸਿੱਖੋ।

ਸ਼ਸਤ੍ਰ ਵਿਦਿਆ ਜਿਮ ਹੋਇ ਸੰਭਾਰ॥ ੧੭॥ ਜਿਸ ਤਰ੍ਹਾਂ ਸ਼ਸਤ੍ਰ ਵਿਦਿਆ ਦੀ ਸੰਭਾਲ ਹੋ ਸਕੇ, ਇਹਦਾ ਅਭਿਆਸ ਹੋ ਸਕੇ। ੧੭।

ਕਰ ਝਟਕੈ ਬਕਰਨ ਕੋ ਖੱਯੋ॥ ਛੱਤ੍ਰੀਆਂ ਵਾਲਾ ਧਰਮ ਐਵੇਂ ਨਾ ਦੁਕਾਨਾਂ ਤੋਂ ਜਾ ਕੇ ਹੋਟਲਾਂ ਤੋਂ ਜਾਂ ਬਜ਼ਾਰਾਂ ਵਿਚੋਂ ਜਾ ਕੇ ਖਾਂਦੇ ਫਿਰੋ, ਇਹ ਨਹੀਂ ਕਰਨਾ, ਆਪ ਹੱਥੀਂ ਝਟਕਿਆ ਕਰੋ, ਆਪ ਸ਼ਿਕਾਰ ਖੇਲੋ ਫੇਰ ਛਕਣ ਦਾ ਹੁਕਮ ਹੈ।

ਮੁਰਦੈ ਕੁੱਠੇ ਨਿਕਟ ਨ ਜੱਯੋ॥ ਮੁਰਦੇ ਦੇ 'ਕੁੱਠੇ' ਕੁੱਠਾ ਮਾਸ ਜੋ ਮੁਸਲਮਾਨ ਆਪਣੇ ਤਰੀਕੇ ਕਲਮੇ ਨਾਲ ਕਲਮਾ ਪੜ੍ਹ ਕੇ ਬਣਾਉਂਦੇ ਹਨ। ਉਸਦੇ ਨੇੜੇ ਨਹੀਂ ਜਾਣਾ।

ਕੇਸਨ ਕੀ ਕੀਯੋ ਪ੍ਰਤਿਪਾਲ॥ ਕੇਸੀਂ ਇਸ਼ਨਾਨ ਕਰਨਾ ਹਰ ਚੌਥੇ ਦਿਨ ਇਉਂ ਪਾਲਣਾ ਕਰਨੀ ਹੈ ਕੇਸਾਂ ਦੀ ਸੰਭਾਲ ਕਰਨੀ ਹੈ।

ਨਹਿ ਉਸਤ੍ਰਨ ਸੋ ਕਟਯੋ ਬਾਲ॥ ੧੮॥ ਭਾਈ ਉਸਤਰਿਆਂ ਨਾਲ ਬਾਲ ਨਹੀਂ ਕੱਟਣੇ, ਰੋਮ ਨਹੀਂ ਸਰੀਰ ਤੋਂ ਲਾਹੁਣਾ, ਜਿਹੜਾ ਸਿੱਖ ਲਾਹ ਦੇਵੇ, ਉਹ ਪਤਿਤ ਸਮਝਿਆ ਜਾਵੇਗਾ। ੧੮।

ਪਿਤ੍ਰਨ ਕਰਮ ਸੁ ਛੋਰਨ ਕਰਨੋਂ॥ ਪਿਤ੍ਰਨ ਕਰਮ ਜੋ ਪਹਿਲਾਂ ਬ੍ਰਾਹਮਣਾਂ ਨੇ ਕਰਨ ਲਾਇਆ ਹੋਇਆ ਸੀ ਲੋਕਾਂ ਨੂੰ ਜੋ ਉਹਨਾਂ ਨੇ ਸ਼ਾਸਤ੍ਰਾਂ ਵਿੱਚ ਲਿਖੀ ਹੋਈ ਮਰਿਯਾਦਾ ਨੂੰ ਧਾਰਨ ਕੀਤਾ ਸੀ ਉਹ ਨਹੀਂ ਕਰਨਾ। ਜਨੇਊ ਟਿੱਕਾ ਆਦਿਕਾ ਨਹੀਂ ਪਹਿਨਣਾ ਅਤੇ ਨਾ ਹੀ ਸਰਾਧ ਆਦਿਕ ਮਨਾਉਣੇ ਹਨ। ਇਉਂ ਕਰਕੇ ਗੁਰੂ ਕਿਆਂ ਨੇ ਜਿਸ ਤਰੀਕੇ ਨਾਲ ਮਰਯਾਦਾ ਬਣਾਈ ਹੈ ਓਸ ਤਰੀਕੇ ਨਾਲ ਚਲਣਾ ਹੈ।

ਰਖਯੋ ਧਯਾਨ ਸੁ ਮਧ ਗੁਰ ਚਰਨੋਂ॥ ਸਦਾ ਵਾਸਤੇ ਆਪਣਾ ਖਿਆਲ ਜੋ ਹੈ ਜੋ ਸੁਰਤੀ ਹੈ ਉਸ ਨੂੰ ਗੁਰੂ ਕੇ ਚਰਨਾਂ ਦੇ ਵਿਚ ਜੋੜ ਕੇ ਰਖਣੀ ਹੈ। ਗੁਰੂ ਕੇ ਚਰਨ ਗੁਰ ਸ਼ਬਦ ਹੈ।

ਪਰੈ ਔਰ ਜੋ ਖੋਟੇ ਰਾਹਿ॥ ਜੇ ਕੋਈ ਜੱਥੇਬੰਦੀ ਵਿਚ ਖੋਟਾ ਕਰਮ ਕਰੇ, ਕੁਰਹਿਤ ਕਰੇ।

ਤਿਨ ਕੋ ਲਾਯੋ ਜਰੂਰ ਤਨਖਾਹਿ॥ ੧੯॥ ਉਹਨੂੰ ਤਨਖਾਹ ਲਾਉਣੀ ਹੈ ਤਨਖਾਹ ਦਾ ਭਾਵ ਹੈ, ਡੰਡ ਲਾਉਣਾ ਹੈ ਸਜ਼ਾ ਲਾਉਣੀ ਹੈ ਛੋਟੀ ਤੋਂ ਛੋਟੀ ਵੱਡੀ ਤੋਂ ਵੱਡੀ ਝਿਜਕਣਾ ਨਹੀਂ ਜੋ ਖਾਲਸੇ ਪੰਥ ਦਾ ਕਨੂੰਨ ਹੈ ਜੋ ਦੋਸ਼ੀ ਪਾਇਆ ਜਾਏ ਉਸਨੂੰ ਉਹਦੇ ਅਨਕੂਲ ਸਜ਼ਾ ਲਾਈ ਜਾਏ, ਤਾਕਿ ਅੱਗੇ ਨੂੰ ਸਿੰਘ ਤਿਆਰ ਬਰ ਤਿਆਰ ਰਹਿ ਸਕੇ। ੧੯।

ਦੋਹਰਾ॥ ਕਰੀ ਜੁ ਸਤਿਗੁਰ ਪ੍ਰਿਥਮ ਬਿਧ ਸੋਈ ਪੁਨ ਬਿਧ ਕੀਨ॥ ਸਤਿਗੁਰਾਂ ਨੇ ਪਹਿਲਾਂ ਜੋ ਵਿਧੀ ਕੀਤੀ ਹੈ ਜਿਸ ਤਰ੍ਹਾਂ ਖੰਡੇ ਬਾਟੇ ਦਾ ਅੰਮ੍ਰਿਤ ਤਿਆਰ ਕੀਤਾ ਹੈ ਸਿੰਘਾਂ ਨੂੰ ਛਕਾਇਆ ਹੈ। ਹੁਣ ਸਿੰਘਾਂ ਨੂੰ ਕਿਹਾ ਕਿ ਹੁਣ ਸਾਨੂੰ ਵੀ ਛਕਾਓ। ਫਿਰ ਉਹੀ ਵਿਧੀ ਕਰਨਾ ਕੀਤੀ ਹੈ ਅੰਮ੍ਰਿਤ ਤਿਆਰ ਕਰਨ ਦੀ। ਖਾਲਸਾ ਪੰਥ ਦੇ ਅੱਗੇ ਖੜੇ ਹੋ ਕੇ ਕਿਹਾ ਮੈਨੂੰ ਵੀ ਅੰਮ੍ਰਿਤ ਛਕਾਓ ਜਿਸ ਤਰ੍ਹਾਂ ਮੈਂ ਤੁਹਾਨੂੰ ਛਕਾਇਆ ਹੈ।

ਪੰਜ ਭੁਜੰਗੀ ਜੋ ਭਏ, ਗੁਰ ਉਨ ਤੇ ਪਾਹੁਲ ਲੀਨ॥ ੨੦॥ ਜੋ ਪਹਿਲਾਂ ਸਤਿਗੁਰਾਂ ਨੇ ਪੰਜ ਭੁਜੰਗੀ ਸਾਜਨਾ ਕੀਤੇ ਹਨ, ਹੁਣ ਸਤਿਗੁਰਾਂ ਨੇ ਉਹਨਾਂ ਤੋਂ ਪਾਹੁਲ ਲਈ ਹੈ, ਉਹਨਾਂ ਤੋਂ ਅੰਮ੍ਰਿਤ ਪਾਨ ਕੀਤਾ ਹੈ। ੨੦।

ਚੌਪਈ॥ ਵਹੀ ਵਰਤਾਰੇ ਭੁਜੰਗਨ ਵਰਤਾਯੋ॥ ਭੁਜੰਗੀ ਸਿੰਘਾਂ ਨੇ ਓਹੀ ਵਰਤਾਰਾ ਜੋ ਉਨ੍ਹਾਂ ਨਾਲ ਵਰਤਿਆ ਸੀ, ਉਸੇ ਤਰ੍ਹਾਂ ਹੀ ਪੰਜ ਪੰਜ ਚੁਲੇ ਕਰਕੇ ਛਕਾਉਣਾ ਕੀਤਾ ਹੈ।

ਆਪੇ ਗੁਰ ਚੇਲਾ ਕਹਿਵਾਯੋ॥ ''ਵਾਹੁ ਵਾਹੁ ਗੋਬਿੰਦ ਸਿੰਘ ਆਪੇ ਗੁਰ ਚੇਲਾ''॥ ਉਹ ਆਪੇ ਗੁਰੂ ਆਪੇ ਚੇਲਾ ਬਣ ਗਿਆ ਹੈ। ਪਹਿਲੇ ਉਹਨਾਂ ਨੂੰ ਅੰਮ੍ਰਿਤ ਪਾਨ ਕਰਾਇਆ ਹੈ ਫੇਰ ਆਪ ਪੰਥ ਦੇ ਚੇਲੇ ਬਣ ਗਏ ਹਨ।

ਯਹੀ ਆਦ ਹੁਤ ਆਯੋ ਵਰਤਾਰਾ॥ ਇਹ ਆਦਿ ਤੋਂ ਵਰਤਾਰਾ ਚਲਿਆ ਆਉਂਦਾ ਹੈ ਅੱਜ ਦੀ ਗੱਲ ਨਹੀਂ।

ਜਿਮ ਨਾਨਕ ਗੁਰ ਅੰਗਦ ਧਾਰਾ॥ ੨੧॥ ਜਿਵੇਂ ਗੁਰੂ ਨਾਨਕ ਸਾਹਿਬ ਜੀ ਤੋਂ ਗੁਰੂ ਅੰਗਦ ਸਾਹਿਬ ਜੀ ਵਿਚ ਉਨ੍ਹਾਂ ਵਿਚੋਂ ਜੋਤਿ ਵਿਚੋਂ ਜੋਤਿ ਬਿਰਾਜਮਾਨ ਹੋਈ ਹੈ। ੨੧।

ਪੀਯੋ ਪਾਹੁਲ ਗੁਰ ਬਚਨ ਨਿਵਾਰੀ॥ ਇਉਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਖੰਡੇ ਦੀ ਪਾਹੁਲ ਛਕਣੀ ਕੀਤੀ ਹੈ।

ਭਯੋ ਖਾਲਸੋ ਵਡ ਕਲ ਧਾਰੀ॥ ਇਉਂ ਖਾਲਸਾ ਸਜ ਗਿਆ ਹੈ ਤਿਆਰ ਬਰ ਤਿਆਰ ਯੋਗੀ ਵੀ ਹੈ ਤੇ ਰਾਜਾ ਵੀ ਹੈ ਇਉਂ ਵੱਡਾ ਕਲਾਧਾਰੀ ਖਾਲਸਾ ਪੰਥ ਪ੍ਰਚੁਰ ਹੋ ਗਿਆ ਹੈ।

ਸਾਲ ਬਾਵਨ ਪਰ ਸੱਤ੍ਰੈ ਸਈ॥ ਸਤਾਰਾਂ ਸੌ (ਪਰ) ਉਤੇ (ਬਾਵਨ) ਬਵੰਜਾ (੧੭੫੨) ਸੰਮਤ ਬਿਕ੍ਰਮੀ ਸੀ ਉਸ ਮੌਕੇ ਦਾ।

ਬੁਧਵਾਰ ਬਸਾਖੈ ਪੰਥ ਉਤਪਤਿ ਭਈ॥ ੨੨॥ ਬੁਧਵਾਰ ਦਾ ਦਿਨ ਸੀ ਵਿਸਾਖੀ ਦਾ ਪੁਰਬ ਸੀ ਉਸ ਦਿਨ ਜਿਸ ਦਿਨ ਖਾਲਸੇ ਪੰਥ ਦੀ ਉਤਪਤੀ ਹੋਈ। ੨੨।

ਖਾਲਸਾ ਪੰਥ ਪਸਰਨ ਕੀ ਸਾਖੀ

(ਖਾਲਸੇ ਦਾ ਵਾਧਾ ਤੇ ਰਾਜ ਦਾ ਵਰ)

ਦੋਹਰਾ॥ ਉਸ ਦਿਵਸ ਤੇ ਖਾਲਸੇ, ਲਗਯੋ ਪਸਾਰੋ ਹੋਨ॥ ਜਦੋਂ ਖਾਲਸੇ ਦੀ ਸਾਜਨਾ ਕਰ ਦਿੱਤੀ ਸੱਚੇ ਪਾਤਸ਼ਾਹ ਜੀ ਨੇ ਆਪ ਖਾਲਸੇ ਵਿਚ ਨਿਵਾਸ ਕਰ ਲਿਆ ਹੈ ਉਸ ਦਿਨ ਤੋਂ ਖਾਲਸੇ ਦਾ ਵਾਧਾ ਹੋਣ ਲੱਗਿਆ ਖਾਲਸੇ ਪੰਥ ਦਾ ਪਸਾਰਾ ਹੋਣ ਲਗਿਆ ਹੈ।

ਪੰਜ ਪਚਾਸਨ ਸੈਕੜੇ ਰਲ ਨਿਤ ਸਿੰਘ ਖਲੋਨ॥ ੧॥ ਹੁਣ ਨਿਤਾਪ੍ਰਤੀ ਦਾ ਕੰਮ ਚਲ ਪਿਆ ਹੈ। ਪੰਜ ਸਿੰਘ ਪਹਿਲੇ ਦਿਨ, ਦੂਸਰੇ ਪੰਜ ਜਿਨ੍ਹਾਂ ਨੂੰ ਬੀਰਾਂ ਦਾ ਖਿਤਾਬ ਮਿਲਿਆ ਹੈ, ਦੇਵਾ ਸਿੰਘ ਭਗਵਾਨ ਸਿੰਘ, ਟਹਿਲ ਸਿੰਘ ਬਲਧੀਰ॥ ਈਸ਼ਰ ਸਿੰਘ ਬਰ ਫਤੇ ਸਿੰਘ ਇਹ ਪੰਜੋਂ ਮੁਕਤੇ ਬਲ ਬੀਰ। ਫੇਰ ਉਸ ਤੋਂ ਕਦੀ ਪੰਜਾਹ ਸਿੰਘ ਕਦੀ

ਸੋ ਸਿੰਘ ਹੋ ਜਾਂਦਾ ਅੰਮ੍ਰਿਤ ਛਕਣ ਵਾਲਾ। ਰਲ ਮਿਲ ਕੇ ਨਿੱਤ ਸਿੰਘ ਆ ਖਲੋਂਦੇ ਹਨ ਅੰਮ੍ਰਿਤ ਛਕਣ ਵਾਸਤੇ, ਗਰੀਬ ਨਿਵਾਜ ਸਾਨੂੰ ਵੀ ਅੰਮ੍ਰਿਤ ਛਕਾਓ ਜੀ। ੧।

ਚੌਪਈ॥ ਯੌ ਸਤਿਗੁਰ ਕੰਮ ਸਭ ਖਾਲਸੈ ਦੀਯੋ॥ ਸਤਿਗੁਰਾਂ ਨੇ ਜਿਹੜੇ ਘਰ ਕਾਰਜ ਸਨ ਉਹ ਜਿਹੜੀ ਸੰਭਾਲ ਸੀ ਗੁਰੂ ਘਰ ਦੀ ਕਾਰਕੁੰਨ ਮੋਦੀਖਾਨੇ ਆਦਿਕ ਸਭ ਜਿੰਨੇ ਕੱਚੇ ਪਿੱਲੇ ਸੀ ਮੁਣਸ਼ੀ ਮੁਸੱਦੀ ਸਭ ਹਟਾ ਦਿੱਤੇ ਔਰ ਸਿੰਘਾਂ ਨੂੰ ਮੁਖਤਿਆਰ ਕਰ ਦਿੱਤਾ ਅੱਜ ਤੋਂ ਸਿੰਘੋ ਤੁਹਾਡੀ ਮੁਖਤਿਆਰੀ ਸਭ ਕੰਮ ਵਿਚ, ਸੁਣਨੀ ਨਹੀਂ ਕਿਸੇ ਦੀ ਆਪਦੀ ਕਰੋ, ਜੋ ਸਤਿਗੁਰੂ ਜੀ ਆਗਿਆ ਕਰਦੇ ਹਨ ਉਹਦੀ ਪਾਲਣਾ ਕਰਨੀ ਹੈ, ਕਿਸੇ ਦੀ ਗੱਲ 'ਤੇ ਨਹੀਂ ਇਤਬਾਰ ਕਰਨਾ, ਨਾ ਕਿਸੇ ਦੀ ਮੰਨਣੀ ਹੈ।

ਮੁਖਤਯਾਰ ਖਾਲਸਾ ਸਭ ਥਾਂ ਕੀਯੋ॥ ਸਭ ਜਗ੍ਹਾ ਉੱਤੇ ਲੈਣ ਦੇਣ ਦੀ ਖਾਲਸੇ ਨੂੰ ਮੁਖਤਿਆਰੀ ਦੇ ਦਿੱਤੀ।

ਦੱਖਣ ਪੂਰਬ ਉੱਤਰ ਵਾਇ॥ ਦੱਖਣ ਦੇਸ਼ ਵੱਲ, ਪੂਰਬ ਵੱਲ, ਉੱਤਰ ਵੱਲ ਹਰ ਜਗ੍ਹਾ।

ਪੱਛਮ ਮਧ ਭੀ ਦਏ ਘਲਾਇ॥ ੨॥ ਪੱਛਮ ਦੇਸ਼ ਵਿੱਚ ਵੀ ਪੰਜ ਪਿਆਰੇ ਭੇਜ ਦਿੱਤੇ ਹਨ। ਪੰਜ ਪੰਜ ਦੇ ਜੱਥੇ ਬਣਾ ਕੇ ਜਗ੍ਹਾ ਜਗ੍ਹਾ ਅੰਮ੍ਰਿਤ ਛਕਾਉਣ ਲੱਗ ਪਏ ਹਨ ਸਿੰਘਾਂ ਨੂੰ ਮਰਿਆਦਾ ਦੱਸਣ ਲੱਗ ਪਏ ਹਨ। ੨।

ਦੋਹਰਾ॥ ਅੰਮ੍ਰਿਤਸਰ ਪਟਣੈ ਵਿਖੈ, ਜਹਿੰ ਜਹਿੰ ਗੁਰ ਨਿਜ ਠੌਰ॥ ਪਟਣੇ ਸਾਹਿਬ ਅਤੇ ਸ੍ਰੀ ਅੰਮ੍ਰਿਤਸਰ ਜੀ ਵਿਖੇ ਜਿਥੇ ਜਿਥੇ ਸਤਿਗੁਰਾਂ ਦੇ ਵੱਡੇ ਤਖਤ ਸਨ, ਜਿਥੇ ਵੱਡੇ ਦਰਬਾਰ ਸਨ ਭਾਈ ਮਨੀ ਸਿੰਘ ਅੰਮ੍ਰਿਤਸਰ ਨੂੰ ਭੇਜਿਆ ਸੀ। ਗੁਰਾਂ ਦੇ ਜਿਥੇ ਅਸਥਾਨ ਸਨ।

ਭੁਜੰਗੀ ਭੇਜੇ ਮੁਖਤਯਾਰ ਕਰ, ਦਿਲਾਸਨ ਸਜੋਂ ਕਰ ਗੌਰ॥ ੩॥ ਜਿੰਨੇ ਵੀ ਜਥੇ ਸਨ ਉਹਨਾਂ ਨੂੰ ਦਿਲਾਸੇ ਦੇ ਕੇ ਤਕੜੇ ਹੋ ਕੇ ਸਿੰਘੋ ਆਪਾਂ ਹੁਣ ਮਲ ਹੀ ਲੈਣਾ ਹੈ ਰਾਜ, ਹੁਣ ਨਹੀਂ ਛੱਡਣਾ ਇਹਨਾਂ ਤੁਰਕਾਂ ਨੂੰ। ਇਉਂ ਦਿਲਾਸੇ ਦੇ ਕੇ ਦਲੇਰੀ ਦੇ ਕੇ ਮਹਾਰਾਜ ਨੇ ਭੇਜਣਾ ਕੀਤੇ ਹਨ ਸਿੰਘ। ੩।

ਚੌਪਈ॥ ਦਈ ਪ੍ਰਵਾਨਗੀ ਸਭ ਗੁਰ ਠੌਰ॥ ਸਭ ਜਗ੍ਹਾ ਉਤੇ ਸਤਿਗੁਰਾਂ ਨੇ ਪ੍ਰਵਾਨਗੀ ਦੇ ਦਿੱਤੀ ਪੰਜਾਂ ਪਿਆਰਿਆਂ ਨੂੰ ਇਉਂ ਆਗਿਆ ਬਖਸ਼ ਦਿੱਤੀ।

ਖੰਡੇ ਪਾਹੁਲ ਮਿਲੈ ਖ਼ੁਦ ਤੌਰ॥ ਖੰਡੇ ਦਾ ਅੰਮ੍ਰਿਤ ਪੰਜ ਪਿਆਰਿਆਂ ਵਲੋਂ ਆਪਣੇ ਤੌਰ 'ਤੇ ਸਤਿਗੁਰਾਂ ਵਲੋਂ ਬਖਸ਼ਸ਼ ਹੋਈ ਮਰਯਾਦਾ ਅਨੁਸਾਰ ਮਿਲਦਾ ਹੈ।

'ਜਹਿੰ ਜਹਿੰ ਪੰਜ ਭੁਜੰਗੀ ਹੋਇ॥ ਜਿਥੇ ਜਿਥੇ ਪੰਜ ਸਿੰਘਾਂ ਦਾ ਪ੍ਰਬੰਧ ਸੀ ਅੰਮ੍ਰਿਤ ਛਕਾਉਣ ਦਾ।

ਗੁਰਦ੍ਵਾਰੈ ਤੁਲ ਮੰਨ ਲਜੋ ਸੋਇ॥ ੪॥ ਸਤਿਗੁਰਾਂ ਨੇ ਹੁਕਮ ਕਰ ਦਿੱਤਾ ਸਿੰਘੋ! ਐ ਸਿਖੋ! ਅੰਮ੍ਰਿਤ ਛਕਣ ਵਾਲਿਓ! ਹੁਣ ਗੁਰਦੁਆਰਿਆਂ ਤੁਲ ਪ੍ਰਬੰਧ ਕਰ ਦਿੱਤਾ, ਅਨੰਦ ਪੁਰ ਸਾਹਿਬ ਆਉਣ ਦੀ ਲੋੜ ਨਹੀਂ ਬਹੁਤੀ, ਜਦੋਂ ਲੋੜ ਪਈ ਬੁਲਾ ਲਵਾਂਗੇ ਤੁਹਾਨੂੰ, ਤੁਹਾਡੇ ਇਲਾਕੇ ਵਿੱਚ ਵੱਡੇ ਵੱਡੇ ਧਾਮਾਂ ਉਤੇ ਅੰਮ੍ਰਿਤਪਾਨ ਹੋਵੇਗਾ। ਪੰਜਾਂ ਪਿਆਰਿਆਂ ਨੂੰ ਭੇਜ ਦਿੱਤਾ ਹੈ ਹੁਕਮ ਦੇ ਦਿੱਤਾ ਹੈ, ਉਥੇ ਆ ਕੇ ਅੰਮ੍ਰਿਤ ਛਕੋ, ਸਿੰਘ ਸਜੋ ਤਿਆਰ ਬਰ ਤਿਆਰ ਹੋਵੋ। ਇਉਂ ਜਗ੍ਹਾ ਜਗ੍ਹਾ ਉਤੇ ਭੇਜ ਦਿੱਤੇ ਪੰਜ ਪਿਆਰੇ, ਜੋ ਵੱਡਾ ਧਾਮ ਨਹੀਂ, ਗੁਰਦੁਆਰਾ ਵੱਡਾ ਨਹੀਂ ਤਾਂ ਕੋਈ ਗੱਲ ਨਹੀਂ। ਜਿਥੇ ਪੰਜ ਸਿੰਘ ਇਕੱਤ੍ਰ ਹੋ ਜਾਣ ਗੁਰਦੁਆਰਾ ਹੀ ਬਣ ਗਿਆ ਹੈ, ਉਹਨੂੰ ਗੁਰਦੁਆਰਾ ਹੀ ਮੰਨਿਓ ਤੁਸੀਂ। ੪।

ਪੰਜ ਭੁਜੰਗੀ ਜਹਿੰ ਇਕੱਤ੍ਰ ਹੋਇ॥ ਜਿਥੇ ਵੀ ਪੰਜ ਸਿੰਘ ਪੰਜ ਭੁਜੰਗੀ ਇਕੱਤ੍ਰ ਹੋ ਜਾਣ (ਭੁਜੰਗੀ) ਗੁਰਾਂ ਦੇ ਸੁਪੁੱਤ੍ਰ ਹਨ, ਭੁਜੰਗ ਕਹਿੰਦੇ ਹਨ ਸੱਪ ਨੂੰ ਜਿਵੇਂ ਸੱਪਾਂ ਦੇ ਬੱਚੇ ਤਿੱਖੇ ਹੁੰਦੇ ਹਨ ਕਿ ਨਹੀਂ ਤੇ ਗੁਰੂ ਦੇ ਸਪੁੱਤ੍ਰ ਭੁਜੰਗ ਸਿੰਘ ਹਨ। ਇਹਨਾਂ ਦੇ ਨਾਮ ਰੱਖੇ ਨੇ ਖਾਸ ਕਰਕੇ ਖਾਲਸਾ ਜੀ! ਇਹ ਖਾਲਸੇ ਦਾ ਸਰੂਪ ਹੈ। ਐਸੀ ਨੁਹਾਰ ਹੈ ਇਨ੍ਹਾਂ ਦੀ ਇਹ ਐਸੇ ਹੋਣੇ ਚਾਹੀਦੇ ਹਨ ਇਨ੍ਹਾਂ ਦਾ ਨਾਮ ਵੀ ਵਿਲੱਖਣ ਰੱਖੋ।

ਬੇਸ਼ਕ ਪਾਹੁਲ ਕਰ ਪਯਾਵੈਂ ਸੋਇ॥ ਬੇਸ਼ੱਕ ਆਗਿਆ ਹੈ ਸਾਡੀ, ਪਾਹੁਲ ਤਿਆਰ ਕਰਕੇ ਖੰਡੇ ਦੀ ਪਿਆ ਸਕਦੇ ਹਨ ਸਿੰਘਾਂ ਨੂੰ।

ਪੰਜ ਭੁਜੰਗੀਅਨ ਤੇ ਅਰਦਾਸ ਕਰਾਓ॥ ਹੁਣ ਇਕੱਲੇ ਭਾਈ ਸਾਹਿਬ ਅਰਦਾਸ ਕਰਦੇ ਨੇ ਫਿਰ ਆਪ ਸ਼ਸਤ੍ਰ ਧਾਰੀ ਹੀ ਨਹੀਂ, ਕੋਈ ਉਹਨਾਂ ਦਾ ਤੇਜ ਪ੍ਰਤਾਪ ਨਜ਼ਰ ਨਹੀਂ ਆਉਂਦਾ। ਇਸ ਵਾਸਤੇ ਮਹਾਰਾਜ ਸੱਚੇ ਪਾਤਸ਼ਾਹ ਨੇ ਹੁਕਮ ਕੀਤਾ ਪੰਜ ਸਿੰਘਨ 'ਤੇ ਅਰਦਾਸ ਕਰਾਵੈ॥ ਜੋ ਬਰ ਮਾਂਗੋ ਸੋਈ ਪਾਵੈ॥ ਪੰਜ (ਭੁਜੰਗੀਅਨ) ਸਿੰਘਾਂ ਤੋਂ ਅਰਦਾਸ ਕਰਾਓ।

ਜੋ ਮਾਂਗੋ ਸੋਈ ਫਲ ਪਾਓ॥ ੫॥ ਜੋ ਮੰਗੋ ਸੋ ਫਲ ਮਿਲੇਗਾ ਗੁਰੂ ਘਰ ਬਖਸ਼ਿੰਦ ਹੈ। *''ਜੋ ਮਾਂਗੈ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ॥''* ਏਥੇ ਕੋਈ ਕਮੀ ਨਹੀਂ, ਜੇ ਕੋਈ ਕਾਰਜ ਹੈ ਗੁਰ ਚਰਨਾਂ ਵਿਚ ਕਰਾਓ। ੫।

ਗੁਰਦ੍ਵਾਰਨ ਚੜ੍ਹਾਵੈ ਸਿੰਘ ਹੀ ਖਾਂਹ॥ ਗੁਰਦੁਆਰਿਆਂ ਦਾ ਜੋ ਚੜ੍ਹਤ ਚੜ੍ਹਾਵਾ ਹੈ ਅੱਗੇ ਵਾਸਤੇ ਭਾਈ ਮੈਨੂੰ ਨਹੀਂ ਭੇਜਣੀ ਅੱਜ ਤੋਂ ਗੋਲਕ ਜਿੰਨੀ ਹੈ ਓਥੇ ਹੀ ਰੱਖੋ ਤੁਸੀਂ ਹੋਰ ਸਿੰਘ ਜਿਉਂ ਸਜਾਉਣੇ ਨੇ ਪੰਥ ਸਜਾਉਣਾ ਹੈ ਫੇਰ ਖਰਚੇ ਵੀ ਹੋਣੇ ਨੇ। ਇਸ ਵਾਸਤੇ ਆਗਿਆ ਦੇ ਦਿੱਤੀ ਕਿ ਜੋ ਗੋਲਕ ਹੈ ਸਾਡੇ ਨਮਿਤ ਚੜ੍ਹਤ ਚੜ੍ਹਾਵਾ ਜੋ ਗੁਰਦੁਆਰਿਆਂ ਵਿੱਚ ਹੈ, ਉਹ ਸਿੰਘਾਂ ਨੂੰ ਛਕਾਇਆ ਕਰੋ ਉਹ ਸਿੰਘਾਂ 'ਤੇ ਵਰਤਿਆ ਜਾਏ।

ਜੇ ਬਚ ਰਹੈ ਤਉ ਮੈਂ ਪਹੁੰਚਾਂਇ॥ ਜੇ ਬਚ ਰਹੇ ਤਾਂ ਮੇਰੇ ਇਥੇ ਖਜਾਨੇ ਵਿਚ ਭੇਜ ਦਿਉ।

ਦਏ ਚਿੱਠੇ ਵੱਲ ਸੰਗਤ ਘੱਲ॥ ਹੁਕਮਨਾਮੇ ਲਿਖਾ ਕੇ ਲਿਖਾਰੀਆਂ ਤੋਂ ਜਿੱਥੇ ਜਿੱਥੇ ਸੰਗਤ ਸੀ ਸਤਿਗੁਰਾਂ ਦੀ ਭਾਰੀ ਤੋਂ ਭਾਰੀ, ਔਰ ਢਾਕੇ ਬੰਗਾਲੇ ਸਿੱਖ ਸਭ ਜਗ੍ਹਾ ਭੇਜ ਦਿੱਤੇ ਹਨ ਹੁਕਮਨਾਮੇ।

'ਖੰਡੈ ਪਾਹੁਲ ਲਉ ਆਇ ਚੱਲ॥ ੬॥ ਆਓ ਭਾਈ ਚਲਕੇ ਗੁਰਸਿਖੋ! ਜਿਥੇ ਜਿਥੇ ਵੀ ਖਾਲਸਾ ਹੈ ਆਓ ਖੰਡੇ ਦੀ ਪਾਹੁਲ ਛਕੋ ਅੱਗੇ ਵਾਸਤੇ ਤਿਆਰ ਬਰ ਤਿਆਰ ਹੋ ਜਾਓ। ੬।

ਖੰਡੈ ਪਾਹੁਲ ਪੀ ਹੋਵੋ ਤੇਜ ਧਾਰੀ॥ ਖੰਡੇ ਦੀ ਪਾਹੁਲ ਛਕੋ ਤੇ ਤੇਜ ਧਾਰੀ ਹੋਵੋ, ਤਿਆਰ-ਬਰ-ਤਿਆਰ ਹੋ ਜਾਓ।

ਲਓ ਤੁਰਕਨ ਕੋ ਅਬ ਤੁਮ ਮਾਰੀ॥ ਹੁਣ ਵਕਤ ਆ ਗਿਆ ਹੈ ਖਾਲਸਾ ਜੀ! ਹੁਣੇ ਮਾਰ ਲਉ ਇਨ੍ਹਾਂ ਤੁਰਕਾਂ ਨੂੰ ਥੋੜ੍ਹਿਆਂ ਦਿਨਾਂ ਦੇ ਵਿਚ ਹੀ ਤਿਆਰ-ਬਰ-ਤਿਆਰ ਹੋ ਜਾਓ, ਜਥੇਬੰਦ ਹੋ ਜਾਓ ਸਾਰੇ।

ਖੰਡੈ ਪਾਹੁਲ ਮੈਂ ਭਈ ਅਬ ਕਲਾ॥ ਸਤਿਗੁਰੂ ਜੀ ਕਹਿੰਦੇ ਨੇ ਖੰਡੇ ਦੀ ਪਾਹੁਲ ਵਿੱਚ ਕਲਾ ਆ ਗਈ ਹੁਣ, ਹੁਣ ਸਤਿਗੁਰੂ ਦਾ ਦਰਗਾਹੀ ਹੁਕਮ ਹੋ ਗਿਆ ਹੈ ਕਿ ਅੱਗੇ ਨੂੰ ਖੰਡੇ ਦੀ ਪਾਹੁਲ ਲੈਣੀ ਹੈ, ਚਰਣ ਪਾਹੁਲ ਨਹੀਂ ਲੈਣੀ, ਚਰਣ ਪਾਹੁਲ ਵਿੱਚ ਸ਼ਾਂਤੀ ਹੈ।

ਤੁਰਕ ਜਾਉਗ ਨੱਠ ਪੰਥ ਅਟਲਾ॥ ੭॥ ਪੰਥ ਅਟੱਲ ਰਹੇਗਾ ਕੋਈ ਇਸਦਾ ਸਾਹਮਣਾ ਨਹੀਂ ਕਰ ਸਕੇਗਾ, ਇਹਨਾਂ ਨੂੰ ਵੇਖਣ ਸਾਰ ਹੀ ਤੁਰਕ ਭੱਜ ਜਾਇਆ ਕਰਨਗੇ। ੭।

ਦੋਹਰਾ॥ ਸਤਿਗੁਰ ਕੀਨੇ ਬਚਨ ਜੋ, ਸੋ ਲਏ ਮਝੈਲਨ ਮੰਨ॥ ਸੋ ਸਭ ਤੋਂ ਪਹਿਲੇ ਮਝੈਲ ਸਿੰਘ ਗੁਰਾਂ ਦੇ ਚਰਨਾਂ ਵਿੱਚ ਆਏ ਨੇ। ਜੋ ਸਤਿਗੁਰਾਂ ਨੇ ਬਚਨ ਕੀਤਾ ਉਹ ਮਝੈਲ ਸਿੰਘਾਂ ਨੇ ਮੰਨ ਲਏ ਹਨ।

ਔਰਨ ਭੀ ਜਿਨ ਕਿਨ ਮੰਨੇ, ਭਏ ਭਾਗ ਉਨ ਧੰਨ॥ ੮॥ ਸਾਹਿਬ ਜੀ ਕਹਿੰਦੇ ਹਨ ਕਿ ਮਾਝੇ ਵਾਲਿਆਂ ਤਾਂ ਮੰਨੇ ਤੁਰੰਤ ਹੋਰ ਜਿਸ ਕਿਸੇ ਨੇ ਮੰਨੇ ਉਹਨਾਂ ਦੇ ਧੰਨ ਭਾਗ ਹੋ ਗਏ ਉਹ ਵੱਡਿਆਂ ਭਾਗਾਂ ਵਾਲੇ ਹੋ ਗਏ ਹਨ। ੮।

ਚੌਪਈ॥ ਇਮ ਖਾਲਸੇ ਪੰਥ ਭਯੋ ਉਤਪੰਨ॥ ਇਉਂ ਖਾਲਸਾ ਪੰਥ ਉਤਪੰਨ ਹੋ ਗਿਆ, ਪ੍ਰਗਟ ਹੋ ਗਿਆ ਸੰਸਾਰ ਵਿਚ।

ਦੇਖ ਸਤਿਗੁਰ ਬਹੁ ਹੋਇ ਪ੍ਰਸੰਨ॥ ਦੇਖ ਕੇ ਖਾਲਸਾ ਪੰਥ ਸਜਿਆ, ਸੈਂਕੜੇ ਸਿੰਘ ਹੋ ਗਏ ਕੋਲ ਦੇਖ ਦੇਖ ਕੇ ਮਹਾਰਾਜ ਬੜੇ ਪ੍ਰਸੰਨ ਹੋਇਆ ਕਰਨ।

ਸਤਿਗੁਰ ਖਾਲਸੈ ਸ਼ਸਤ੍ਰ ਫੜਾਵੈਂ॥ ਸਤਿਗੁਰ ਜੀ ਖਾਲਸੇ ਨੂੰ ਸ਼ਸਤ੍ਰ ਫੜਾਉਂਦੇ ਨੇ, ਉਹਨਾਂ ਸਨੱਧ-ਬੱਧ ਦੇਖ ਕੇ ਇਹਨੂੰ ਤੀਰ ਦਿਉ ਇਹਨੂੰ ਬਰਛਾ ਦਿਉ ਲਿਆ ਕੇ। ਸਤਿਗੁਰਾਂ ਨੇ ਹੁਕਮ ਕੀਤਾ ਸੀ ਜਿਹੜੇ ਸਿੱਖ ਨੇ ਮੈਨੂੰ ਪ੍ਰਸੰਨ ਕਰਨਾ ਹੈ ਮੇਰੀ ਖੁਸ਼ੀ ਲੈਣੀ ਹੈ ਉਹ ਸ਼ਸਤ੍ਰ ਲਿਆਓ ਚੰਗੇ ਤੋਂ ਚੰਗਾ। ਘੋੜਾ ਲਿਆਓ ਚੰਗੇ ਤੋਂ ਚੰਗਾ।

ਭਾਂਤ ਭਾਂਤ ਪੁਸ਼ਾਕ ਪਹਿਰਾਵੈਂ॥ ੯॥ ਬਹੁਤ ਭਾਂਤ ਦੇ ਪੁਸ਼ਾਕੇ ਕੇਸਰੀ, ਸਫੈਦ, ਸੁਰਮਈ ਐਹੋ ਜਿਹੇ ਭਾਂਤ ਭਾਂਤ ਦੇ ਸੋਹਣੇ ਵਧੀਆ ਵਧੀਆ ਖਜ਼ਾਨੇ ਵਿਚੋਂ, ਸੰਗਤਾਂ ਦੇ ਭੇਟ ਕੀਤੇ ਖਜ਼ਾਨੇ ਭਰੇ ਹੋਏ ਸਨ, ਪੰਥ ਨੂੰ ਵਰਤਾਉਣੇ ਸ਼ੁਰੂ ਕਰ ਦਿੱਤੇ ਅੱਜ ਤੋਂ ਇਹਨਾਂ ਦਾ ਹੱਕ ਹੋ ਗਿਆ ਹੈ। ੯।

ਮਧ ਸਤਿਗੁਰ ਬਹੈਂ ਮੰਜੀ ਡਹਾਇ॥ ਜਦੋਂ ਸਿੰਘ ਇਕੱਤ੍ਰ ਹੁੰਦੇ ਸ਼ਸਤ੍ਰ ਧਾਰੀ, ਸਤਿਗੁਰ ਵਿਚਕਾਰ ਪਲੰਗ ਸਜਾ ਕੇ ਬੈਠ ਜਾਂਦੇ ਨੇ।

ਚੁਫੇਰੇ ਖੜੈਂ ਸਿੰਘ ਸ਼ਸਤ੍ਰ ਲਗਾਇ॥ ਮਹਾਰਾਜ ਦੇ ਪਲੰਗੇ ਦੇ ਚਾਰ ਚੁਫੇਰੇ ਸਿੰਘ ਸਨੱਧਬੱਧ ਹੋ ਕੇ ਸ਼ਸਤ੍ਰ ਸਜਾ ਕੇ ਬਰਛੇ ਫੜ ਕੇ ਖੜੇ ਹੋ ਜਾਂਦੇ ਸਨ।

ਜਿਮ ਗੋਪਨ ਮਧ ਕਾਨ੍ਹ ਬਿਰਾਜੈ॥ ਪ੍ਰਮਾਣ ਦਿੱਤਾ ਹੈ ਮਥਰਾ, ਬਿੰਦ੍ਰਾਬਨ ਦਾ ਜਿਥੇ ਗੋਕਲ ਹੈ ਜਿਥੇ ਕ੍ਰਿਸ਼ਨ ਭਗਵਾਨ ਜੀ ਨੇ ਆ ਕੇ ਉਤਰਨਾ ਕੀਤਾ। ਜਿਵੇਂ ਕਾਨ੍ਹ ਜੀ ਗੋਪੀਆਂ ਦੇ ਵਿਚ ਫੱਬਦੇ ਸਨ ਰਾਸ ਲ਼ੀਲਾ ਕਰਿਆ ਕਰਦੇ ਸਨ, ਇਸੇ ਤਰ੍ਹਾਂ ਬੇਅੰਤ ਸਿੰਘਾਂ ਦੇ ਵਿੱਚ ਮਹਾਰਾਜ ਇਉਂ ਫੱਬਦੇ ਹਨ।

ਤਿਮ ਸਤਿਗੁਰ ਸਿੰਘਨ ਮਧ ਛਾਜੈ॥ ੧੦॥ ਇਉਂ ਸਿੰਘਾਂ ਦੇ ਵਿਚ ਸਜਦੇ ਨੇ ਸਤਿਗੁਰੂ ਜਿਵੇਂ ਗੋਪੀਆਂ ਦੇ ਵਿਚ ਕਾਨ੍ਹ ਸਜਦਾ ਸੀ। ੧੦।

ਕਵੈਦ ਕਰਾਵੈਂ ਸਿੰਘਨ ਦੁੜਾਇ॥ ਕੁਵੈਦ ਪਰੇਡ ਨੂੰ ਕਹਿੰਦੇ ਨੇ ਸਿੰਘਾਂ ਨੂੰ ਇੱਕ ਦੂਸਰੇ ਨੂੰ ਜੋੜੀ ਜੋੜੀ ਖੜ੍ਹੇ ਕਰ ਦਿੰਦੇ ਨੇ, ਚਲੋ ਸਿੰਘੋ ਭਾਜ ਲਾਓ ਜਿਵੇਂ ਫੌਜੀਆਂ ਨੂੰ ਟਰੇਨਿੰਗ ਦਿੰਦੇ ਨੇ, ਇਸ ਤਰ੍ਹਾਂ ਸਿੰਘਾਂ ਦੀ ਪਰੇਡ ਹੋਣ ਲੱਗੀ।

ਕਿਤੇ ਚੁਫੇਰ ਦੇਖੈਂ ਖੜਵਾਇ॥ ਕਈ ਵਾਰੀ ਚੁਫੇਰੇ ਖੜੀ ਕਰਕੇ ਫੌਜ ਸਾਰੀ ਦੇਖਦੇ ਨੇ ਉਹਨਾਂ ਸਾਰਿਆਂ ਨੂੰ ਨਿਗਾਹ ਵਿਚ ਦੀ ਕੱਢਦੇ ਨੇ, ਇਹ ਸਿੰਘ ਕਿੱਡਾ ਬਲੀ ਹੈ, ਇਹ ਕਿੱਡਾ ਕੁ ਸ਼ਸਤ੍ਰ ਚੁੱਕਣ ਦੇ ਜੋਗ ਹੈ। ਉਹਨਾਂ ਸਾਰਿਆਂ ਦਾ ਹੀ ਇਮਤਿਹਾਨ ਲੈਂਦੇ ਨੇ ਪਾਸ ਕਰਦੇ ਨੇ ਸਿੰਘਾਂ ਨੂੰ।

ਕਿਸੇ ਬਹਾਲੈਂ, ਦੇਂਇ ਉਠਾਇ॥ ਚੰਗਾ ਤੁਸੀਂ ਜੋੜਾ ਬੈਠ ਜਾਓ ਹੁਣ, ਚਲੋ ਸਿੰਘੋ ਤੁਸੀਂ ਉੱਠੋ ਜੋੜੀ ਦਿਖਾਓ ਸ਼ਸਤ੍ਰ ਵਿਦਿਆ ਦਾ ਕਰਤਵ।

ਕਿਸੈ ਉਠਾਵੈਂ ਕਿਸ ਦੇਂਇ ਨਸਾਇ॥ ੧੧॥ ਕਿਸੇ ਨੂੰ ਉਠਾ ਲੈਂਦੇ ਨੇ ਚੱਲ ਤੂੰ ਦੌੜ ਲਾ ਕੇ ਵਿਖਾ, ਕਿੰਨੀ ਤੇਜ਼ ਸਿੰਘ ਭੱਜਦਾ ਸਿੰਘ ਮੇਰਾ, ਕਿਸ ਤਰ੍ਹਾਂ ਭੱਜੇ ਜਾਂਦੇ ਘੋੜੇ 'ਤੇ ਚੜ੍ਹ ਜਾਂਦਾ ਹੈ ਉਤਰ ਜਾਂਦਾ ਹੈ। ੧੧।

ਕਿਸੈ ਫੜਾਵੈਂ ਮੋਟੇ ਸੋਟੇ॥ ਸ਼ਸਤ੍ਰ ਵਿਦਿਆ ਦਾ ਅਭਿਆਸ ਜਿਹੜੇ ਬਲੀ ਸਿੰਘ ਸਨ ਤਕੜੇ ਤਕੜੇ ਮੋਟੇ ਸਲੋਤਰ ਫੜਾ ਕੇ ਜੋੜੇ ਜੋੜੇ ਸਿੰਘਾਂ ਨੂੰ ਕਰ ਦਿੰਦੇ ਨੇ ਆਹਮੋ ਸਾਹਮਣੇ।

ਕਰੈਂ ਕੁਵਾਇਦ ਦੁਇ ਦੁਇ ਜੋਟੇ॥ ਦੋ ਦੋ ਜੋੜੇ ਕਰਕੇ ਜੋੜਾ ਕਰਕੇ ਸ਼ਸਤ੍ਰ ਵਿਦਿਆ ਦਾ ਅਭਿਆਸ ਕਰਦੇ ਨੇ ਸਲੋਤਰਾਂ ਨਾਲ ਕੁਤਕਿਆਂ ਨਾਲ ਲੜਨਾ ਪੈ ਜਾਏ ਗਦਾਂ ਨਾਲ ਗੁਰਜਾਂ ਨਾਲ ਲੜਨਾ ਪੈ ਜਾਏ ਤੇ ਉਦੋਂ ਤੇ ਉਹ ਭਾਰੀਆਂ ਹੁੰਦੀਆਂ ਨੇ, ਉਹ ਬਲੀ ਸਿੰਘਾਂ ਦਾ ਅਭਿਆਸ ਕਰਾਉਂਦੇ ਹਨ ਮੋਟੇ ਮੋਟੇ ਸੋਟੇ ਫੜਾ ਕੇ।

ਵਾਹਣ ਮਧ ਸਤਿਗੁਰ ਜਾ ਖੜੈਂ॥ ਕਦੀ ਕਦੀ (ਵਾਹਣ) ਹਲ ਵਾਹੇ ਖੇਤ ਵਿੱਚ ਸਤਿਗੁਰੂ ਜਾ ਖੜ੍ਹਦੇ ਸਨ।

ਚਕ ਚਕ ਢੀਮਨ ਸੋਂ ਸਿੰਘ ਲੜੈਂ॥ ੧੨॥ ਚੁੱਕ ਚੁੱਕ ਕੇ ਵਾਹਣ ਦੇ ਵਿਚੋਂ (ਢੀਮਾਂ) ਜੋ ਮੋਟੇ ਡਲੇ ਹੁੰਦੇ ਹਨ ਖੇਤ ਦੇ ਉਨ੍ਹਾਂ ਨਾਲ ਹੀ ਸਿੰਘ ਲੜਦੇ ਹਨ। ੧੨।

ਦੋਹਰਾ॥ ਸੋਂਚੀ ਖੇਡਹਿੰ ਸਿੰਘ ਜਿਮ, ਜੜੈਂ ਅੜੈਂ ਸੁ ਘੁਲਾਹਿੰ॥ ਅੱਗੇ ਪੱਖੀ ਸੋਂਚੀ ਖੇਡਦੇ ਹੁੰਦੇ ਸਨ ਪਿੰਡਾਂ ਦੇ ਵਿੱਚ ਲੋਕ, ਬੜੇ ਬੜੇ ਜੁਆਨ ਹੁੰਦੇ ਸਨ ਮਾਰਦੇ ਸੀ ਧੌਲ਼ਾਂ ਇੱਕ ਦੂਸਰੇ ਤੋਂ ਛਡਾਉਂਦੇ ਸਨ। ਏਸੇ ਤਰ੍ਹਾਂ ਸਿੰਘ ਬਲੀ ਸਨ ਜੋੜਾ ਜੋੜਾ ਕਢਦੇ ਨੇ ਇੱਕ ਫੜਨਾ ਚਾਹੁੰਦਾ, ਦੂਜਾ ਛਡਾਉਣਾ ਚਾਹੁੰਦਾ ਧੱਕੋ ਧੱਕੀ ਇੱਕ ਦੂਜੇ ਦੀਆਂ ਛਾਤੀਆਂ ਵਿਚ ਮਾਰਦੇ ਪੰਜੇ, ਇਉਂ ਸਿੰਘਾਂ ਨੂੰ ਖੇਲ੍ਹਾਂ ਕਰਾਉਂਦੇ ਨੇ ਸਤਿਗੁਰੂ।

ਸਤਿਗੁਰ ਦੇਖ ਖੁਸ਼ੀਆਂ ਕਰੈਂ, ਦੇ ਮੁਲਕ ਜਗੀਰੈਂ ਲਾਇ॥ ੧੩॥ ਜਦੋਂ ਸਤਿਗੁਰੂ ਜੀ ਖਿਡਾਉਂਦੇ ਨੇ ਸਿੰਘਾਂ ਨੂੰ, ਸਿੰਘ ਕਰਤਬ ਵਿਖਾਉਂਦੇ ਨੇ ਬੜੀਆਂ ਖੁਸ਼ੀਆਂ ਕਰਦੇ ਨੇ, ਸਿੰਘਾ! ਤੈਨੂੰ ਵੀਹ ਹਜ਼ਾਰੀ ਬਣਾਇਆ, ਤੈਨੂੰ ਤੀਹ ਹਜ਼ਾਰੀ ਬਣਾਇਆ, ਜਗੀਰਾਂ ਬਖਸ਼ਦੇ ਨੇ, ਖੁਸ਼ੀਆਂ ਦਿੰਦੇ ਨੇ। ੧੩।

ਚੌਪਈ॥ ਸਤਿਗੁਰ ਕਹਯੋ 'ਮੁਖੋਂ ਮੰਗਹੁ ਜਗੀਰਾਂ॥ ਸਤਿਗੁਰੂ ਕਹਿਣ ਲੱਗੇ ਸਿੰਘੋ! ਮੂੰਹੋਂ ਖੁਲ੍ਹੀਆਂ ਜਗੀਰਾਂ ਮੰਗੋ।

ਮਿਲਗ ਮੁਲਕ ਤੁਮ ਕੋ ਸੋਊ ਬੀਰਾਂ॥ ਬੀਰੋ! ਜਿਹੜਾ ਬਚਨ ਮੈਂ ਕਰ ਦਿੱਤਾ ਮੁਲਕ (ਦੇਸ਼) ਮੰਗ ਲਵੋ, ਜੇ ਕਿਸੇ ਨੇ ਰਾਜ ਲੈਣਾ ਕਿਸੇ ਨੇ ਮੁਲਕ ਦਾ ਉਹ ਤੁਹਾਨੂੰ ਪ੍ਰਾਪਤ ਹੋਵੇਗਾ, ਮਿਲੇਗਾ ਜਰੂਰ।

ਜਹਿੰ ਜਹਿੰ ਤੁਮਰੋ ਮਨ ਪਤੀਆਇ॥ ਆਪਣੇ ਮਨ ਵਿਚ ਵੇਖੋ ਧਿਆਨ ਨਾਲ ਜਿਥੇ ਜਿਥੇ ਤੁਹਾਡਾ ਮਨ ਹੋਵੇ, ਆਹ ਇਲਾਕਾ ਮੈਂ ਮੱਲਾਂ, ਐਹ ਮੈਨੂੰ ਜਗੀਰ ਮਿਲਣੀ ਚਾਹੀਦੀ ਹੈ, ਮੰਗੋ ਤੁਸੀਂ ਖੁਲ੍ਹੇ ਦਿਲ ਨਾਲ ਮੰਗੋ ਮੈਂ ਤੁਹਾਨੂੰ ਬਖਸ਼ਾਂਗਾ!

ਸੋਊ ਸੋਊ ਤੁਮ ਦੈਯਹੁ ਲਾਇ' ॥ ੧੪॥ ਜਿਹੜੀਆਂ ਜਿਹੜੀਆਂ ਮੰਗਾਂ ਤੁਸੀਂ ਮੰਗੋਗੇ ਤੁਹਾਡੀਆਂ ਪੂਰੀਆਂ ਕਰ ਦੇਵਾਂਗੇ। ੧੪।

ਸੁਨਤ ਬਚਨ ਗਿਰ ਨੇਰੇ ਪਏ॥ ਸੁਣ ਕੇ ਬਚਨ, ਨੇੜੇ ਡਿੱਗ ਪਏ ਗਰੀਬ ਸਿੱਖ ਸਨ ਜਿਹੜਾ ਆਪਣਾ ਰੋਟੀ ਦਾ ਨਿਰਬਾਹ ਮਸਾਂ ਕਰਦੇ ਸਨ ਤੇ ਉਹਨਾਂ ਤਾਂ ਨੇੜੇ ਹੀ ਡਿਗਣਾ ਸੀ। ਕਹਿੰਦੇ ਨੇੜੇ ਨੇੜੇ ਹੀ ਡਿਗ ਪਏ ਥੋੜ੍ਹੀ ਮੰਗ ਕਰਦੇ ਨੇ।

ਚਹੈਂ ਪੰਜਾਬ ਅਬ ਹਮ ਮਲ ਲਏ॥ ਕਹਿੰਦੇ ਮਹਾਰਾਜ ਜੀ ਜੇ ਤੁਹਾਡੀ ਕਿਰਪਾ ਤੇ ਆਹ ਪੰਜਾਬ ਹੀ ਮੱਲ ਲਈਏ, ਸਾਨੂੰ ਤਾਂ ਏਨਾ ਹੀ ਬੜਾ ਹੈ।

ਸਤਿਗੁਰ ਕਹਯੋ 'ਮੰਗੋ ਦੇਸ ਭਲ ਦੱਖਣ॥ ਸਤਿਗੁਰੂ ਕਹਿਣ ਲੱਗੇ ਸਿੰਘੋ! ਦੱਖਣ ਵਰਗਾ ਕੋਈ ਚੰਗਾ ਜਿਹਾ ਦੇਸ ਮੰਗੋ।

ਮੰਗੋ ਪਹਾੜ ਔ ਪੂਰਬ ਪੱਛਮ' ॥ ੧੫॥ ਪਹਾੜ ਮੰਗੋ ਸਾਰਾ ਸਿੰਘੋ! ਪੂਰਬ ਦੇਸ਼ ਮੰਗ ਲਵੋ, ਪੱਛਮ ਦੇਸ਼ ਮੰਗ ਲਵੋ ਤੁਹਾਨੂੰ ਮਾਲਕ ਬਣਾਈਏ। ੧੫।

ਸਿੰਘ ਕਹੈਂ ਹਮ ਦੂਰ ਕਿਮ ਜਾਵੈਂ॥ ਅਸੀਂ ਮਹਾਰਾਜ ਦੂਰ ਕਿਥੇ ਜਾਈਏ, ਆਪਣਾ ਇਹ ਘਰ ਛੱਡ ਕੇ।

ਮੱਧ ਪੰਜਾਬਹ ਰਾਜ ਕਮਾਵੈਂ॥ ਅਸੀਂ ਪੰਜਾਬ ਵਿੱਚ ਰਾਜ ਕਰੀਏ, ਆਪਣੇ ਘਰ ਦੇ ਕੋਲ ਹੀ ਰਾਜ ਹੋਵੇ।

ਮੁੜ ਮੁੜ ਸਿੰਘ ਬਹੁ ਮੰਗੈਂ ਪੰਜਾਬ॥ ਮਹਾਰਾਜ ਕਹਿਣ ਲੱਗੇ ਸਿੰਘੋ ਸੋਚ ਲਉ, ਕੋਈ ਖੁਲ੍ਹਾ ਮੁਲਕ ਮੰਗੋ, ਅਗੋਂ ਸਿੰਘ ਕਹਿਣ ਲੱਗੇ, ਨਹੀਂ ਮਹਾਰਾਜ! ਮੁੜ ਮੁੜ ਕੇ ਕਹਿਣ ਪੰਜਾਬ ਹੀ ਬਹੁਤ ਹੈ ਸਾਨੂੰ, ਬੱਸ ਇਹੀ ਦੇ ਦਿਉ, ਬਖਸ਼ ਦਿਉ।

ਆਪਸ ਮੈਂ ਲੜ ਹੋਣ ਖ਼ਰਾਬ॥੧੬॥ ਭਾਈ ਰਤਨ ਸਿੰਘ ਜੀ ਕਹਿੰਦੇ ਮਹਾਰਾਜ ਕਹਿੰਦੇ ਆਪਸ ਵਿਚ ਲੜਦੇ ਫਿਰਨਗੇ, ਕਚਹਿਰੀਆਂ ਵਿਚ ਭੁਗਤਦੇ ਫਿਰਨਗੇ ਤਰੀਕਾਂ ਖਰਾਬੀ ਹੋਵੇਗੀ, ਭਲੀ ਤਾਂ ਕੋਈ ਹੋਣੀ ਨਹੀਂ ਸਾਰਾ ਪੈਸਾ ਲੜਕੇ ਹਾਕਮਾਂ ਨੂੰ ਖੁਆ ਦਿਆ ਕਰਨਗੇ। ਜਿੰਨੀ ਕੁ ਕਮਾਈ ਕਰਨਗੇ। ੧੬।

ਸਤਿਗੁਰ ਕਹੈਂ ਮੰਗੋ ਜਗੀਰ ਘਨੇਰੀ॥ ਸਤਿਗੁਰੂ ਆਖਦੇ ਹਨ (ਘਨੇਰੀ) ਬਹੁਤੀ ਖੁਲ੍ਹੀ ਜਗੀਰ ਮੰਗੋ ਖਾਲਸਾ ਜੀ।

ਜਿਤਨੀ ਚਾਹੋ ਸੋਊ ਲਿਹੁ ਘੇਰੀ॥ ਜਿੰਨੀ ਚਾਹੀਦੀ ਓਨੀ ਜਗੀਰ ਘੇਰ ਲਵੋ, ਘੋੜੇ ਫੇਰ ਲਵੋ ਮੁਲਕ ਦੇ ਉੱਤੇ।

ਸਿੰਘ ਸ਼ਰੀਕੇ ਮੈਂ ਬਹੁ ਪਚੈਂ॥ ਸ਼ਰੀਕਾ ਜਿਹੜਾ ਉਹਦੇ ਵਿਚ (ਪਚੈਂ) ਪਚਦੇ ਭਾਵ ਕੁੜ੍ਹਦੇ ਕਿ ਉਹਨਾਂ 'ਤੇ ਵਾਰ ਕਰਾਂਗੇ,

ਜਿਨ੍ਹਾਂ ਸਾਡਾ ਪਾਣੀ ਵਢਿਆ ਸੀ, ਸਾਡੀ ਵਾਰੀ ਨਹੀਂ ਸੀ ਲੱਗਣ ਦਿੱਤੀ। ਉਹਨਾਂ ਨੂੰ ਤਾਂ ਦੱਸ ਦਿਆਂਗੇ, ਐਨਾ ਹੀ ਬੜਾ ਸ਼ਰੀਕਾਂ ਦੇ ਵੱਟ ਕੱਢਣ ਵਾਸਤੇ।

ਕਹੈਂ 'ਲਵੈਂ ਬਦਲੇ ਹਮ ਸੱਚੈਂ' ॥ ੧੭ ॥ ਸੱਚੀ ਗੱਲ ਤਾਂ ਇਹ ਹੈ ਬਦਲੇ ਲਵਾਂਗੇ ਜਿਨ੍ਹਾਂ ਸਾਡੇ ਨਾਲ ਕੀਤੀਆਂ ਵਧੀਕੀਆਂ, ਅਸੀਂ ਉਹਨਾਂ ਨਾਲ ਕਰਾਂਗੇ, ਸਾਡਾ ਬਦਲਾ ਨਿਕਲ ਜਾਇਗਾ। ੧੭।

ਅਪਨੇ ਅਪਨੇ ਘਰ ਕੇ ਨੇਰੇ॥ ਆਪਣੇ ਆਪਣੇ ਘਰ ਦੇ ਨੇੜੇ ਨੇੜੇ, ਆਪਣੇ ਪਿੰਡ ਦੇ ਨੇੜੇ ਨੇੜੇ ਮੰਗ ਕਰਦੇ ਨੇ ਮਹਾਰਾਜ ਫਲਾਣੇ ਦੇ ਵਾਹਣ ਮੈਨੂੰ ਮਿਲ ਜਾਣ ਹੀ ਵਾਧੂ ਨੇ।

ਚਹੈਂ ਮੁਲਕ ਹਮ ਸੋ ਲੇਂ ਘੇਰੇ॥ ਚਾਹੀਦੇ ਹਨ ਮੁਲਕ ਘੇਰ ਲਈਏ, ਆਪਣੇ ਸ਼ਰੀਕਾਂ ਦੀ ਜਾਇਦਾਦ ਖੋਹ ਲਈਏ।

ਹੁਤੇ ਗਰੀਬਨ ਕੇ ਵਹੁ ਜਾਏ॥ ਭਾਈ ਸਾਹਿਬ ਜੀ ਕਹਿੰਦੇ ਨੇ ਕੀ ਕਰਨ ਉਹਨਾਂ ਦੇ ਕੀ ਵੱਸ ਦੀ ਗੱਲ ਹੈ? ਬਹੁਤੇ ਗਰੀਬਾਂ ਸਿੱਖਾਂ ਦੇ (ਜਾਏ) ਪੁੱਤਰ ਸਨ, ਜਿਸ ਕਰਕੇ ਮੰਗ ਨਹੀਂ ਕਰ ਸਕਦੇ।

ਯਾਂਤੇ ਕਰਨ ਨ ਲੰਬੀ ਦਾਏ॥ ੧੮ ॥ ਜਿਸ ਕਰਕੇ ਲੰਬਾ ਦਾਅਵਾ ਨਹੀਂ ਕਰਦੇ ਕਿ ਸਾਨੂੰ ਪਹਾੜ ਮਿਲ ਜਾਣ ਜਾਂ ਸਾਨੂੰ ਮੁਲਕ ਜਗੀਰਾਂ ਮਿਲ ਜਾਣ। ਛੋਟੀਆਂ ਛੋਟੀਆਂ ਜਗੀਰਾਂ ਮੰਗਦੇ ਨੇ, ਲਉ ਜੀ ਸਾਡਾ ਨਿਰਬਾਹ ਹੋ ਜਾਏ ਤਾਂ ਚੰਗਾ ਜੀ ਇਹਦੇ ਵਿਚ ਹੀ ਰਾਜ਼ੀ ਹਾਂ। ੧੮।

ਦੋਹਰਾ॥ ਸ਼ਰੀਕ ਸ਼ਰੀਕੀਂ ਢਿਗ ਢਿਗੈ, ਮੰਗੈਂ ਪੰਜਾਬਹ ਪਾਸ॥ ਇਹ ਸ਼ਰੀਕਾਂ ਨਾਲ ਸ਼ਰੀਕੀ ਕਰਕੇ ਆਪਣੇ (ਢਿਗ ਢਿਗੈ) ਆਸ ਪਾਸ, ਨੇੜੇ, ਬੱਸ ਆਪਣੇ ਸ਼ਰੀਕਾਂ ਦੇ ਵਾਹਣ ਆ ਜਾਣ ਸਾਨੂੰ ਇਹ ਮੁਕਦੇ ਨਹੀਂ, ਇਸ ਕਰਕੇ ਪੰਜਾਬ ਦੇ ਆਸ ਪਾਸ ਹੀ ਮੰਗਦੇ ਹਨ ਸਿੰਘ ਲੰਬਾ ਦਾਅਵਾ ਨਹੀਂ ਕਰਦੇ।

ਸਤਿਗੁਰ ਦੇਂਇ ਵਿਲਾਯਤਾਂ, ਵਹਿ ਕਰੈਂ ਨ ਉਨ ਕੀ ਖਾਹਸ਼॥ ੧੯॥ ਸਤਿਗੁਰ ਵਲਾਇਤਾਂ ਬਖਸ਼ਦੇ ਨੇ ਹੁਕਮ ਕਰਦੇ ਨੇ, ਜੋ ਮੰਗੋਗੇ ਮਿਲ ਜਾਏਗਾ ਤੁਹਾਨੂੰ, ਹੋ ਜਾਇਗਾ। ਪਰ ਉਹ ਖਾਹਸ਼ ਨਹੀਂ ਰਖਦੇ ਇਸ ਗੱਲ ਦੀ ਬਹੁਤੇ ਦਾ ਉਨ੍ਹਾਂ ਨੂੰ ਲਾਲਚ ਹੀ ਕੋਈ ਨਹੀਂ ਹੈ। ੧੯।

ਚੌਪਈ॥ ਸ੍ਰੀ ਸਤਿਗੁਰ ਉਨ ਕੋ ਕਹਿ ਦਯੋ॥ ਸਤਿਗੁਰੂ ਉਹਨਾਂ ਨੂੰ ਫੇਰ ਆਖਣ ਲੱਗੇ, ਵਾਰ ਵਾਰ ਕਹਿੰਦੇ ਨੇ।

ਤੁਮ ਝਗੜ ਝਗੜ ਪੰਜਾਬ ਰਹਯੋ॥ ਸਿੰਘੋ! ਮੈਂ ਤਾਂ ਬੜੀ ਖੁਸ਼ੀ ਕਰਨ ਲੱਗਿਆ ਸੀ, ਬੜੀਆਂ ਵਲਾਇਤਾਂ ਦੇਣੀਆਂ ਸਨ ਬੜੇ ਟਾਪੂ ਦੇਣੇ ਸਨ ਮੇਰੇ ਕੋਲ ਕਿਹੜਾ ਘਾਟਾ ਹੈ ਗੰਜ ਲੱਗੇ ਪਏ ਨੇ ਹੀਰੇ, ਮਣੀਆਂ, ਪਾਰਸਾਂ ਦੇ ਪਰ ਤੁਸੀਂ ਮੰਗਦੇ ਹੀ ਕੁਝ ਨਹੀਂ। ਤੁਸੀਂ ਝਗੜ ਝਗੜ ਕੇ ਪੰਜਾਬ ਹੀ ਰਹੋਗੇ।

ਤੈ ਜੈ ਸਿੰਘ ਗੈਲੋ ਭਯੋ ਆਈ॥ ਇਤਨੇ ਨੂੰ ਜਿਹੜੇ ਕਿਤੇ ਗਏ ਹੋਏ ਸੀ ਸਿੰਘ, ਜੋ ਲਾਗੇ ਚਾਗੇ ਖੜੇ ਸੀ ਸਿੰਘ ਫਿਰ ਉਹਨਾਂ ਨੂੰ ਕਿਹਾ ਮਹਾਰਾਜ ਕਹਿੰਦੇ ਮੰਗੋ ਤੁਹਾਨੂੰ ਕੀ ਦੇਈਏ, ਬੋਲੋ! ਉਹੀ ਤੁਹਾਨੂੰ ਦਿਆਂਗੇ। ਅੱਗੇ ਜਿਨ੍ਹਾਂ ਨੂੰ ਨਹੀਂ ਸੀ ਪੁੱਛਿਆ ਉਹ ਜਿਹੜੇ ਨੇ ਬੋਲਦੇ ਨੇ ਸੱਚੇ ਪਾਤਸ਼ਾਹ ਜੀ।

ਤਿਸਕੋ ਔਰ ਵਲਾਇਤ ਬਤਾਈ॥ ੨੦॥ ਮਹਾਰਾਜ! ਇਹ ਨਹੀਂ ਲੈਂਦੇ ਸਾਨੂੰ ਦੇ ਦਿਉ ਮਹਾਰਾਜ! ਅਸੀਂ ਵੀ ਗਰੀਬ ਸਿੱਖ ਤੁਹਾਡੇ ਹਾਂ। ਮਹਾਰਾਜ! ਕਿਹਾ ਜਾਓ ਕਿਹੜੀ ਵਲਾਇਤ ਦੇਈਏ? ਜਾਂ ਅਮਰੀਕਾ ਤੱਕ ਸਿੱਖ ਕਰ ਦਿਉ ਉਹ ਕਰੋੜਾਂ ਪੰਤੀ ਅਮਰੀਕਾ ਵਿਚ ਬਣੇ ਬੈਠੇ ਨੇ। ਕਿਸੇ ਚੀਜ਼ ਦੀ ਪ੍ਰਵਾਹ ਨਹੀਂ। ਗੁਰਸਿੱਖੀ ਤੋਂ ਵੇਪਰਵਾਹ ਹੋ ਗਏ ਨੇ। ਸਿੱਖੀ ਨੂੰ ਤਿਲਾਂਜਲੀ ਦੇ ਦਿੱਤੀ। ਉਹਨਾਂ ਸਿੱਖਾਂ ਨੂੰ ਹੋਰ ਵਲਾਇਤ ਦੀ ਦੱਸ ਪਾਈ। ੨੦।

ਦੋਹਰਾ॥ ਗੁਰ ਬਿਲਾਸ ਮਧ ਬਹੁ ਲਿਖੀ, ਸੋ ਹਮ ਸੂਚ ਲਿਖਾਇ॥ ਭਾਈ ਰਤਨ ਸਿੰਘ ਜੀ ਵਾਰ ਵਾਰ ਕਹਿੰਦੇ ਨੇ 'ਗੁਰ ਬਿਲਾਸ' ਕ੍ਰਿਤ ਭਾਈ ਸੁੱਖਾ ਸਿੰਘ ਵਿੱਚ ਬਹੁਤ ਕੁਛ ਲਿਖਿਆ ਲੰਬੀ ਚੌੜੀ ਕਥਾ ਲਿਖੀ ਹੈ, ਜੋ ਮੈਂ ਸੂਚੀ ਵਾਗੂੰ ਸੂਖਮ ਜਿਹੀ ਕਥਾ ਦੱਸੀ ਐ।

ਜੋ ਸੂਚੀ ਸੀ ਸੁਖ ਸਿੰਘੈ, ਸੋ ਮੈਂ ਕਹੂੰ ਪ੍ਰਗਟਾਇ॥ ੨੧॥ ਜਿਹੜਾ (ਸੂਚੀ) ਸੰਕੋਚ ਰਹਿ ਗਿਆ ਸੁੱਖਾ ਸਿੰਘ ਤੋਂ, ਨਹੀਂ ਜਿਹੜੇ ਸ਼ਬਦ ਕਹਿ ਸਕਿਆ, ਮੈਂ ਉਹ ਉਹ ਸ਼ਬਦ ਕਹੇ ਨੇ, ਮੈਂ ਹੋਰ ਇਤਿਹਾਸ ਨੂੰ ਛੇੜਿਆ ਹੀ ਨਹੀਂ। ੨੧।

ਚੌਪਈ॥ ਜਿਸ ਕਉ ਹੁਇ ਸਭ ਸੁਨਨੈ ਲੋਰ॥ ਗੁਰ ਸਿਖਾਂ ਨੂੰ ਕਹਿੰਦੇ ਨੇ ਜੇ ਭਾਈ ਕਿਸੇ ਨੇ ਖੁਲ੍ਹ ਕੇ ਪ੍ਰਸੰਗ ਸ੍ਰਵਣ ਕਰਨੇ ਨੇ, ਬਹੁਤੇ ਪ੍ਰਸੰਗ ਸੁਣਨ ਦੀ ਲੋੜ ਹੋਵੇ।

ਸੋ ਲੇਵੈ ਗੁਰ ਬਿਲਾਸਹਿ ਟੋਰ॥ ਉਹ 'ਗੁਰ ਬਿਲਾਸ' ਵਿੱਚ (ਟੋਰ) ਟੋਲੋ, ਉਥੇ ਦੇਖੋ ਪ੍ਰਸੰਗ ਮਹਾਂਰਾਜ ਦੇ ਜਿਹੜੇ ਖੋਹਲ ਖੋਹਲ ਕੇ ਲਿਖੇ ਨੇ ਗੁਰ ਸਿਖ ਨੇ।

ਜਿਮ ਜਿਮ ਪਹਾੜੀਅਨ ਕਰੀ ਲੜਾਈ॥ ਜਿਵੇਂ ਜਿਵੇਂ ਪਹਾੜੀਆਂ ਨੇ ਸਤਿਗੁਰਾਂ ਨਾਲ ਲੜਾਈਆਂ ਵਿੱਢੀਆਂ ਤੇ ਲੜਾਈ ਫਸਾਦ ਕੀਤੇ ਹਨ।

ਤਿਮ ਸਿਰ ਉਨ੍ਹੈ ਬੁਰਜਾਈ ਆਈ॥ ੨੨॥ ਓਵੇਂ ਹੀ ਉਹਨਾਂ ਦੇ ਸਿਰ ਬੁਰਿਆਈ ਆਈ। ੨੨।

ਗੁਰ ਬਿਲਾਸ ਮਧ ਉਨ ਬਹੁ ਕਹੀ॥ (ਉਨ) ਭਾਈ ਸੁੱਖਾ ਸਿੰਘ ਹੋਰਾਂ ਨੇ ਗੁਰ ਬਿਲਾਸ ਵਿਚ ਬਹੁਤ ਵਧਾ ਕੇ ਕਥਾ ਕਹੀ ਹੈ।

ਸੋਇ ਕਹੂੰ ਮੈਂ ਜੁ ਉਸ ਤੈ ਰਹੀ॥ ਮੈਂ ਉਹੀ ਕਥਾ ਕਹਿ ਰਿਹਾ ਹਾਂ ਜਿਹੜੀ ਉਸ ਤੋਂ ਰਹਿ ਗਈ ਹੈ, ਨਹੀਂ ਲਿਖ ਸਕੇ।

ਹੈ ਯਹ ਕਥਾ ਬਡ ਅਪਰ ਅਪਾਰ॥ ਇਸ ਵਾਸਤੇ ਖਾਲਸਾ ਸੀ ਇਹ ਜੋ ਕਥਾ ਹੈ ਅਪਰ ਅਪਾਰ ਹੈ ਇਹਦਾ ਪਾਰਾਵਾਰਾ ਕੋਈ ਨਹੀਂ ਹੈ, ਬੜੀ ਕਥਾ ਵਿਲੱਖਣ ਹੈ।

ਕਬ ਹਮ ਪਾਇ ਸਕੈਂ ਹੈਂ ਪਾਰ॥ ੨੩॥ ਮੈਂ ਇਹਦਾ ਕਦੋਂ ਪਾਰਾਵਾਰ ਲੈ ਸਕਦਾ ਹਾਂ, ਮੈਂ ਇਹਦਾ ਭੇਦ ਜਾਣ ਸਕਾਂ, ਇਹ ਤਾਂ ਬੇਅੰਤ ਕਥਾ ਸਤਿਗੁਰ ਦੀ ਭਰਪੂਰ ਹੈ ਇਹ ਮੈਥੋਂ ਵੀ ਨਹੀਂ ਕਹੀ ਜਾਂਦੀ ਸਾਰੀ। ੨੩।

ਸੋਇ ਵਧਾਇ ਕਹੈਂ ਹਮ ਕਥਾ॥ ਉਹੀ ਅਸੀਂ ਵਧਾ ਕੇ ਪ੍ਰਸੰਗ ਕਥਾ ਅਸੀਂ ਦਸਦੇ ਹਾਂ।

ਅਬ ਬੁਧ ਹਮਰੀ ਆਵੈ ਜਥਾ॥ ਮੇਰੀ ਜਿਹੜੀ (ਬੁਧਿ) ਮਤਿ ਵਿੱਚ ਆਵੇਗੀ ਮੈਂ ਉਹ ਕਥਾ ਅੱਗੇ ਤੁਹਾਨੂੰ, ਖਾਲਸੇ ਦਾ ਜੋ ਵਧੰਤ ਹੋਇਆ ਹੈ ਪਸਾਰਾ ਹੋਇਆ ਹੈ ਉਹ ਤੁਹਾਨੂੰ ਸੁਣਾਵਾਂਗਾ।

ਸੋ ਅਬ ਕਥਾ ਸਿੰਘਨ ਪਰ ਆਈ॥ ਹੁਣ ਉਹ ਕਥਾ ਸਿੰਘਾਂ 'ਤੇ ਆ ਗਈ ਹੈ। ਜਿਹੜਾ ਖਾਲਸਾ ਪੰਥ ਸਾਜਿਆ ਜਿਵੇਂ ਉਹਨੇ ਕੁਰਬਾਨੀਆਂ ਦਿੱਤੀਆਂ, ਜਿਵੇਂ ਸ਼ਹੀਦੀਆਂ ਪ੍ਰਾਪਤ ਕੀਤੀਆਂ ਨੇ, ਗੁਰੂ ਘਰ ਤੋਂ ਬਖਸ਼ਸ਼ਾਂ ਲਈਆਂ ਕਮਾਈ ਕਰਕੇ, ਹੁਣ ਅਸੀਂ ਵਿਸਥਾਰ ਨਾਲ ਉਹ ਕਥਾ ਦਸਾਂਗੇ। ਹੁਣ ਤੁਸੀਂ ਸ੍ਰਵਣ ਕਰਨੀ ਸਿੰਘਾਂ ਸ਼ਹੀਦਾਂ ਦੀ ਕਥਾ।

ਸੁਨੋ ਪਿਆਰੇ ਗੁਰਮੁਖ ਭਾਈ॥ ੨੪॥ ਹੇ ਗੁਰਸਿਖੋ! ਮੇਰੇ ਭਰਾਓ, ਹੇ ਪਿਆਰੇ ਸੱਜਣੋ! ਸੁਣੋ ਸਤਿਗੁਰ ਦੇ ਪੰਥ ਦੀ ਕਥਾ । ੨੪।

ਦੋਹਰਾ॥ ਤੌ ਸਤਿਗੁਰ ਆਗਯਾ ਦਈ, ਮਝੈਲਨ ਕੌ ਸਮਝਾਇ॥ ਤਾਂ ਸਤਿਗੁਰਾਂ ਨੇ ਆਗਿਆ ਦਿੱਤੀ ਮਝੈਲ ਸਿੰਘਾਂ ਨੂੰ ਸੱਦਕੇ, ਜਿਨ੍ਹਾਂ ਨੂੰ ਪਹਿਲਾਂ ਮੁਖਤਯਾਰੀ ਦਿੱਤੀ ਗੁਰੂ ਘਰ ਦੀ।

ਪ੍ਰਿਥਮ ਵਧਾਯੋ ਖਾਲਸੈ, ਫਿਰ ਦਈਓ ਦੰਗੋ ਮਚਾਇ॥ ੨੫॥ ਖਾਲਸਾ ਜੀ ਜਿਥੇ ਜਿਥੇ ਭੇਜੇ ਨੇ ਸਾਰੇ ਦੇਸ਼ ਦੇ ਵਿਚ, ਪਹਿਲਾਂ ਤਾਂ ਖਾਲਸਾ ਵਧਾਓ ਸਿੰਘ ਸਜਾਓ, ਬਾਣੀ ਪੜ੍ਹਾਓ ਫਿਰ ਜਦੋਂ ਸਿੰਘ ਤਿਆਰ ਬਰ ਤਿਆਰ ਹੋ ਜਾਣ ਫਿਰ (ਦੰਗੋ) ਲੜਾਈ ਮਚਾ ਦਿਉ ਥਾਂ ਥਾਂ ਭੜਥੂ ਪਾ ਦਿਉ। ਕਿੱਥੇ ਕਿੱਥੇ ਸਾਂਭੇਗੀ ਹਕੂਮਤ। ੨੫।

ਨਿਹੰਗ ਸਿੰਘਾਂ ਦਾ ਵਰਤਾਰਾ

ਚੌਪਈ॥ ਪ੍ਰਿਥਮ ਭੁਜੰਗੀ ਵਲ ਮਾਝੇ ਘਲਾਏ॥ ਸਭ ਤੋਂ ਪਹਿਲਾਂ ਸਿੰਘ ਸਜਾਉਣ ਵਾਸਤੇ ਪੰਜ ਪਿਆਰਿਆਂ ਨੂੰ ਹੁਕਮ ਹੋਇਆ ਮਾਝੇ ਵਿਚ ਸਿੰਘ ਸਜਾਓ।

ਦੈ ਦੈ ਪਾਹੁਲ ਗੁਰ ਚੱਕ ਬਹਾਏ॥ (ਗੁਰੂ ਚੱਕ) ਸ੍ਰੀ ਅੰਮ੍ਰਿਤਸਰ ਜੋ ਹੈ ਸਿੰਘਾਂ ਨੂੰ (ਪਾਹੁਲ) ਖੰਡੇ ਦਾ ਅੰਮ੍ਰਿਤ ਛਕਾ ਛਕਾ ਕੇ ਸ੍ਰੀ ਅੰਮ੍ਰਿਤਸਰ ਬਠਾਉਣਾ ਕੀਤਾ ਹੈ।

ਯੌ ਭੁਜੰਗ ਨਿਹੰਗਨ ਕੌ ਪੰਥ ਬਹੁ ਭਯੋ॥ ਹੁਣ ਅਸੀਂ ਅਲਹਿਦਾ ਹੋ ਗਏ ਹਾਂ, ਹੁਣ ਸਾਨੂੰ 'ਨਿਹੰਗ ਨਿਹੰਗ' ਕਰਕੇ ਪ੍ਰਚਾਰਦੇ ਨੇ ਆਹ ਨਿਹੰਗ ਨੇ, ਸਾਨੂੰ ਸਿਖ ਪੰਥ ਵਿਚ ਨਹੀਂ ਗਿਣਦੇ, ਇਹ ਤਾਂ ਐਵੇਂ ਹੀ ਤੁਰੇ ਫਿਰਦੇ ਨੇ, ਇਹਨਾਂ ਨੇ ਕੀਤਾ ਕੁਛ ਸੇਵਾ ਕੰਮ ਆਦਿ। ਜਦੋਂ ਪੰਥ ਹੀ ਇਹ ਸੀ ਹੋਰ ਸੇਵਾ ਕਿਸਦੀ ਕਰਦਾ। ਸੇਵਾ ਪੰਥ ਦੀ ਮੰਨਦੇ ਹਾਂ ਪੰਥ ਨੇ ਜੋ ਕੁਰਬਾਨੀਆਂ ਕੀਤੀਆਂ ਇਹ ਆਪ ਦੇ ਨਾਮ ਲਿਖਾ ਲਈਆਂ ਉਹ ਅਸੀਂ ਹਾਂ ਇਉਂ ਪੰਥ ਜਿਹੜਾ ਹੋਇਆ ਪਹਿਲਾਂ ਸਿੰਘਾਂ ਦਾ ਨਿਹੰਗਾਂ ਦਾ ਹੀ ਹੋਇਆ ਹੈ। ਇਹ ਨਿਹੰਗ ਪੰਥ ਹੀ ਸਾਜਿਆ ਮਹਾਰਾਜ ਨੇ, ਆਪ ਵੀ ਉਹਨਾਂ ਨੇ ਨਿਹੰਗੀ ਬਾਣੇ ਪਾਏ ਨੇ। 'ਨਿਹੰਗ' ਜੋ ਮੈਦਾਨ ਵਿੱਚ ਸੂਰਮਾ ਮੂਹਰਲੀ ਕਤਾਰ ਵਿੱਚ ਲੜੇ ਉਹਨੂੰ ਕਹਿੰਦੇ ਨੇ ਨਿਹੰਗ, ਨਿਹੰਗ ਕੋਈ ਜਾਤ ਨਹੀਂ, ਨਿਹੰਗ ਕੋਈ ਫਿਰਕਾ ਨਹੀਂ ਹੈ ਵਖਰਾ। ਦੇਖੋ ਸਾਨੂੰ ਇਹ ਫਿਰਕਾ ਬਣਾਉਂਦੇ ਨੇ, ਇਹ ਨੇ ਨਿਹੰਗਾਂ ਦਾ ਫਿਰਕਾ। ਸੋ ਇਸ ਤਰ੍ਹਾਂ ਖਾਲਸਾ ਜੀ ਇਹ ਸਾਨੂੰ ਚੋਰ ਡਾਕੂ ਦਸਦੇ ਨੇ ਇਹ ਅਸਲ ਵਿਚ ਐਵੇਂ ਫਾਲਤੂ ਜਿਹਾ ਦਸਦੇ ਨੇ ਸਾਨੂੰ। ਪਰ ਕੋਈ ਨਹੀਂ ਸਾਨੂੰ ਕੀ ਤਕਲੀਫ ਹੈ ਜਿਹੋ ਜਿਹਾ ਕੋਈ ਕਰਤਬ ਕਰਦਾ ਓਹੋ ਜਿਹੀ ਉਸਨੂੰ ਪ੍ਰਾਪਤੀ ਹੁੰਦੀ ਹੈ। ਜੇ ਮਾੜਾ ਕਰਨਗੇ ਸਾਡੇ ਸਿੰਘ ਉਹਦਾ ਮਾੜਾ ਭੁਗਤ ਲੈਣਗੇ, ਚੰਗਾ ਕਰਨਗੇ ਚੰਗਾ ਭੁਗਤ ਲੈਣਗੇ ਔਰ ਇਹਨਾਂ ਨੂੰ ਵੀ ਆਪਣੀ ਕੀਤੀ ਦਾ ਫਲ ਭੁਗਤਣਾ ਪਏਗਾ।

ਇਉਂ (ਭੁਜੰਗ) ਜੋ ਸੱਪ ਵਾਂਗ ਡੰਗ ਮਾਰੇ (ਨਿਹੰਗ) ਸੂਰਮਾ, ਇਉਂ ਨਿਹੰਗ ਸਿੰਘਾਂ ਦਾ ਖਾਲਸਾ ਪੰਥ ਬਹੁਤ ਹੋ ਗਿਆ।

ਹਥ ਸੋਟੈਂ ਗਲ ਖੰਡੇ ਪਯੋ॥ ੨੬॥ ਹੱਥਾਂ ਵਿੱਚ (ਸੋਟੈਂ) ਸਲੋਤਰ ਗਲਾਂ ਵਿਚ ਖੰਡੇ ਭਾਰੇ ਭਾਰੇ ਪਾਏ ਨੇ ਖਾਲਸੇ ਪੰਥ ਨੇ। ੨੬।

ਕਈ ਫਿਰੈਂ ਕਈ ਰਹੈਂ ਗੁਰਦ੍ਵਾਰੇ॥ ਕਈ ਤਾਂ ਚਕ੍ਰਵਰਤੀ ਬਿਹੰਗਮ ਪ੍ਰਚਾਰ ਕਰਦੇ ਫਿਰਦੇ ਨੇ, ਕਈ ਗੁਰਦੁਆਰਿਆਂ ਵਿਚ ਰਹਿੰਦੇ ਨੇ ਭਾਵ ਗੁਰੂ ਘਰ ਦੀ ਸੇਵਾ ਕਰਦੇ ਨੇ। ਕੋਈ ਝਾੜੂ ਦੀ, ਕੋਈ ਲੰਗਰ ਦੀ, ਕੋਈ ਪ੍ਰਸ਼ਾਦ ਦੀ ਸਭ ਸਿੰਘ ਸੇਵਾ ਕਰ ਰਹੇ ਨੇ ਓਸੇ ਤਰ੍ਹਾਂ ਬਿਨਾਂ ਤਨਖਾਹ, ਕੋਈ ਅੱਜ ਤੱਕ ਤਨਖਾਹ ਲੈਂਦਾ ਵਿਖਾਓ। ਜਲ ਪਾਣੀ ਗੁਰੂ ਘਰ ਵਿਚੋਂ ਮਿਲਦਾ ਨਿਰਬਾਹ ਕਰਦੇ ਨੇ। ਕੋਈ ਮੰਗ ਨਹੀਂ ਜੈਸਾ ਸਰਬੱਤੀ ਮਿਲਦਾ ਅਨੰਦ ਰਹਿੰਦੇ ਨੇ ਸਿੰਘ ਇਉਂ ਖਾਲਸਾ ਪੰਥ ਜਿਉਂ ਕਾ ਤਿਉਂ ਹੈ ਭਾਵੇਂ ਉਹ ਸੂਖਮ ਰੂਪ ਵਿਚ ਹੈ, ਹੈ ਤਾਂ ਸਹੀ ਨਾ।

ਕਿਨ ਧ੍ਰਮਸਾਲਾਂ ਕਿਨ ਬੁੰਗੇ ਉਸਾਰੇ॥ ਕਈ ਗੁਰੂ ਕੇ ਸਿੱਖਾਂ ਨੇ ਧਰਮਸ਼ਾਲਾਂ ਬਣਾ ਲਈਆਂ ਹਨ, ਕਈਆਂ ਨੇ ਆਪੋ ਆਪਣਾ ਬੁੰਗਾ ਬਣਾ ਲਿਆ ਹੈ ਜਗ੍ਹਾ ਜਗ੍ਹਾ ਉੱਤੇ ਲੱਗੇ ਨੇ ਪ੍ਰਚਾਰ ਕਰਨ।

ਭੁਜੰਗਿਅਨ ਨਿਉਤੇ ਭੁਜੰਗੀ ਖੁਲਾਂਹ॥ ਲੈਣਾ ਦੇਣਾ ਖਾਲਸੇ ਆਨ ਦੇਵ ਸਭ ਝੂਠ। ਔਰ ਦੇਵ ਇਵ ਮਾਨੀਏ ਜਿਉਂ ਬਾਰੂ ਕੀ ਮੂਠ''॥ ਜਿਵੇਂ ਰੇਤੇ ਦੀ ਮੁੱਠੀ ਹੈ ਬਾਕੀ ਦੇਵਤੇ ਇਸ ਤਰ੍ਹਾਂ ਹਨ। ਲੈਣਾ ਦੇਣਾ ਖਾਲਸੇ ਨਾਲ ਹੀ ਹੈ, ਖਾਲਸੇ ਤੋਂ ਲਉ ਖਾਲਸੇ ਨੂੰ ਦਿਉ। ਕੋਈ ਪੰਜਾਂ ਸਿੰਘਾਂ ਨੂੰ ਲੰਗਰ ਛਕਾਉਂਦਾ ਕੋਈ ਦੋਂਹ ਸਿੰਘਾਂ ਨੂੰ ਕੋਈ ਇੱਕ ਸਿੰਘ ਨੂੰ। ਇਸ ਤਰ੍ਹਾਂ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਇਸ ਤਰ੍ਹਾਂ (ਭੁਜੰਗੀਅਨ) ਸਿੰਘਾਂ ਨੂੰ (ਭੁਜੰਗੀ) ਸਿੰਘ ਹੀ ਨਿਉਂਦੇ ਦਿੰਦੇ ਹਨ ਲੰਗਰ ਪਾਣੀ ਛਕਾਉਂਦੇ ਨੇ।

ਔਰਨ ਸੋਂ ਨਹਿੰ ਮੇਲ ਮਿਲਾਂਹ॥ ੨੭॥ ਸਿੰਘਾਂ ਤੋਂ ਬਿਨਾਂ ਮੇਲ ਹੀ ਨਹੀਂ ਕਰਦੇ ਸਿੰਘ, ਜੋ ਰਿਸ਼ਤਾ ਨਾਤਾ ਕਰਦੇ ਨੇ ਤਿਆਰ ਬਰ ਤਿਆਰ ਸਿੰਘਾਂ ਨਾਲ ਕਰਦੇ ਨੇ। ੨੭।

ਜੋ ਕਿਸੇ ਭੁਜੰਗੀ ਹੁਇ ਲੋੜ ਜ਼ਰੂਰ॥ ਜੇ ਕਿਸੇ ਭੁਜੰਗੀ ਸਿੰਘ ਨੂੰ ਅਤੀ ਜਰੂਰਤ ਹੋਵੇ ਕਿਸੇ ਵਸਤੂ ਦੀ।

ਦੇਖ ਸਿੰਘਨ ਘਰ ਸੋ ਲਏ ਘੂਰ॥ ਉਹ ਸਿੰਘਾਂ ਦੇ ਘਰ ਚਲਿਆ ਜਾਂਦਾ ਸਿੰਘੋ! ਕੋਈ ਜਲ ਪਾਣੀ ਬਣਾਓ ਜੇ ਕਿਸੇ ਸਿੰਘ ਨੇ ਜਲ ਪਾਣੀ ਬਣਾਉਣਾ ਹੈ ਰਸਤ ਬਸਤ ਲੈਂਦੇ ਨੇ ਆਪਦੇ ਗੁਰ ਭਾਈਆਂ ਤੋਂ ਹੋਰ ਕਿਸੇ ਨੂੰ ਕੁਛ ਨਹੀਂ ਕਹਿੰਦੇ।

ਇਤਨੀ ਕੁ ਬਸਤ ਸੁ ਲਏ ਉਠਾਇ॥ ਉਹ ਆਪਣਾ ਘਰ ਸਮਝ ਕੇ ਜਾ ਵੜਦੇ ਨੇ "ਆ ਗਏ ਨੇ ਨਿਹੰਗ, ਬੂਹੇ ਖੋਲ੍ਹ ਦੇ ਨਿਸੰਗ" ॥ ਇਉਂ ਆਮ ਚਰਚਾ ਹੋ ਗਈ ਸੀ ਦੁਨੀਆਂ ਵਿਚ ਸੋ ਜਿੰਨੀ ਕੁ ਲੋੜ ਹੁੰਦੀ ਹੈ, ਇਹ ਥੋੜ੍ਹਾ ਪੰਡਾਂ ਬੰਨ੍ਹ ਲੈਣਗੇ, ਕੋਈ ਲਾਲਚ ਸੀ ਕਿਤੇ ਲਿਜਾਣੀ ਸੀ। ਲੋੜ ਅਨੁਸਾਰ ਲੰਗਰ ਪਾਣੀ ਲਈ ਰਸਤ ਬਸਤ ਦੀ ਜਿੰਨੀ ਕੁ ਲੋੜ ਹੋਵੇ ਓਨੀ ਕੁ ਲੈ ਲੈਂਦੇ ਸੀ।

ਘਿਉ ਆਟਾ ਲੂਣੇ ਜੋ ਲਏ ਖਾਇ॥ ੨੮॥ ਘਿਉ, ਆਟਾ, ਲੂਣ ਜਿੰਨਾ ਕੁ ਛਕ ਲਈਏ, ਦੂਜੇ ਟਾਇਮ ਦੀ ਵੀ ਆਸ ਨਹੀਂ ਸੀ ਕਰਦੇ ਉਨਾਂ ਕੁ ਸਜਾ ਕੇ ਛਕ ਲੈਂਦੇ ਸਨ ਨਿਰਬਾਹ ਕਰਦੇ ਸੀ। ੨੮।

ਮੁਖੋਂ ਉਚਾਰੇ ਆਏ ਨਿਹੰਗ॥ ਮੁਖੋਂ ਕਹਿੰਦੇ ਨੇ ਗੁਰੂ ਕੇ ਨਿਹੰਗ ਆਏ ਨੇ, ਗੁਰੂ ਕੀ ਫੌਜ ਆਈ ਹੈ।

ਖੋਲ੍ਹ ਸਿੱਖਨੀ ਬੂਹੇ ਨਿਸੰਗ॥ ਘਰ ਵਾਲੀ ਸਿਖਨੀ ਨੂੰ ਸਿਖ ਕਹਿੰਦਾ ਇਹ ਸਿੰਘ ਆਏ ਨੇ ਉਠ ਕੇ ਨਿਸੰਗ ਹੋ ਕੇ ਬੂਹਾ ਖੋਹਲ ਦੇ, ਇਹ ਲੈ ਲੈਣਗੇ ਵਸਤੂ ਜਿੰਨੀ ਕੁ ਲੋੜ ਹੈ।

ਹੋਇ ਸਿੱਖਨੀ ਮੰਨੈ ਸੁ ਬਾਤ॥ ਜੋ ਸਿੱਖਨੀ ਹੋਵੇ, ਸ਼ਰਧਾਵਾਨ ਹੋਵੇ ਕਿਉਂ ਨਾ ਮੰਨੇ? ਜਦੋਂ ਆਪ ਦਾ ਪਤੀ ਹੁਕਮ ਕਰਦਾ ਹੈ ਤਾਂ ਓਸੇ ਵੇਲੇ ਲਉ ਮਹਾਰਾਜ ਜੀ ਲਉ ਪਤੀ ਦੇਵ ਜੀ, ਜੋ ਵੀ ਹੁਕਮ ਕਰਦੇ ਹਨ ਓਸੇ ਵੇਲੇ ਹਾਜ਼ਰ ਕਰਦੇ ਹਨ।

ਹਾਜਰ ਕਰਦੈ ਵਹੁ ਜਿਤਕੁ ਚਹਾਤ॥ ੨੯॥ ਜਿੰਨੀ ਕੁ ਚਾਹੀਦੀ ਹੈ ਹਾਜ਼ਰ ਕਰ ਦਿੰਦੇ ਨੇ ਓਨੀ ਵਸਤੂ। ੨੯।

ਦੋਹਰਾ॥ ਇਮ ਹੀ ਸਿੱਖ ਨਿਤ ਜਾ ਖੜੈਂ, ਸਿੰਘਨ ਘਰ ਪੁੱਛ ਟੋਲ॥ ਇਸੇ ਤਰ੍ਹਾਂ ਖਾਲਸਾ ਇਉਂ ਏਥੇ ਸਾਡੇ ਸਿੰਘ ਹੈਗੇ ਭਾਈ? ਉਹ ਅੱਗੋਂ ਦੱਸਦੇ ਹਾਂ ਜੀ ਏਥੇ ਹੈਗੇ ਨੇ ਦੋ ਚਾਰ ਘਰ ਜਾਂ ਦਸ ਘਰ ਉਹਨਾਂ ਦੇ ਘਰ ਟੋਲ ਕੇ ਸਿੰਘ ਜਾ ਖੜੇ ਹੁੰਦੇ ਨੇ। ਲਿਆਉ ਭਾਈ ਫੌਜ ਆਈ ਹੈ ਉਦੋਂ ਦੀ ਗੱਲ ਦਸਦੇ ਨੇ ਸਿੰਘਾਂ ਦੇ ਘਰ ਟੋਲ ਕੇ ਰਸਤ ਬਸਤ ਲੈ ਆਉਂਦੇ ਸਨ।

ਦੌੜ ਦੌੜ ਸਿੱਖਨੀ ਦਿਵੈਂ, ਸਿੰਘਨ ਕੋ ਕਰ ਬੋਲ॥ ੩੦॥ ਲਉ ਬਾਬਾ ਜੀ ਹੋਰ ਵਸਤੂ ਲੈ ਜਾਓ ਘਿਓ ਲੈ ਜਾਓ ਪ੍ਰਸਾਦ ਬਣਾ ਲਿਉ, ਦੁੱਧ ਲੈ ਜਾਓ ਖੀਰ ਬਣਾ ਲੋ ਇਉਂ ਬੋਲ ਬੋਲ ਕੇ ਸਿੰਘਾਂ ਨੂੰ ਰਸਤਾਂ ਬਸਤਾਂ ਸਿੱਖਣੀਆਂ ਹਾਜ਼ਰ ਕਰਦੀਆਂ ਹਨ। ੩੦।

ਚੌਪਈ॥ ਬਹੁਤ ਪੰਥ ਕਾ ਵਾਧਾ ਭਯੋ॥ ਜਦੋਂ ਰੋਜਾਨਾ ਹੀ ਸੈਂਕੜਿਆਂ ਦੀ ਗਿਣਤੀ ਵਿੱਚ ਸਿੰਘ ਸਜਣੇ ਸ਼ੁਰੂ ਹੋ ਗਏ ਪੰਥ ਦਾ ਬਹੁਤ ਵਾਧਾ ਹੋ ਗਿਆ। ਸਿੰਘਾਂ ਨੂੰ ਬਾਣੀ ਪੜ੍ਹਾ ਪੜ੍ਹਾ ਕੇ ਪੰਜਾਂ ਪਿਆਰਿਆਂ ਦੇ ਵਿੱਚ ਸ਼ਾਮਲ ਕਰਕੇ, ਜਥੇ ਬਣਾ ਕੇ ਭੇਜਣੇ ਸ਼ੁਰੂ ਕਰ ਦਿੱਤੇ।

ਬਹੁਤ ਖਰਚ ਤਬ ਉਨ ਕੋ ਚਹਯੋ॥ ਜਦੋਂ ਸੰਗਤ ਬਹੁਤ ਵੱਧ ਜਾਵੇ ਤਾਂ ਉਹਨਾਂ ਨੂੰ ਖਰਚਾ ਵੀ ਉਨਾਂ ਹੀ ਚਾਹੀਦਾ ਰਾਸ਼ਨ ਪਾਣੀ, ਸ਼ਸਤ੍ਰ ਅਸਤ੍ਰ ਸਾਰਾ ਕੁਛ ਚਾਹੀਦਾ ਹੈ।

ਜੋ ਸਿੰਘਨ ਗ੍ਰਿਬਨ ਹੁਇ ਘਰ ਨਾਹੀਂ॥ ਹੁਣ ਸਿੰਘ ਜਦੋਂ ਜਾ ਕੇ ਲੰਗਰ ਸਜਾਉਂਦੇ ਨੇ, ਸਿੰਘ ਉਦੋਂ ਗਰੀਬ ਸਿੱਖ ਬਣੇ ਸਨ। ਕਿਉਂਕਿ ਸਤਿਗੁਰਾਂ ਨੇ ਗਰੀਬਾਂ ਨੂੰ ਹੀ ਪਾਤਸ਼ਾਹੀ ਦੇਣੀ ਸੀ। ਦੂਜੇ ਤਾਂ ਅਭਿਮਾਨੀ ਸਨ ਮਾਇਆਧਾਰੀ ਤਾਂ ਗੱਲ ਨਹੀਂ ਸੀ ਸੁਣਦੇ ਸਤਿਗੁਰਾਂ ਦੀ। ਉਹ ਤੇ ਇੱਕ ਨਵੀਂ ਰੀਤ ਸਮਝਦੇ ਸੀ। ਫਸਾਦ ਹੋਊਗਾ ਹੁਣ, ਰੌਲਾ ਪਵੇਗਾ। ਜੋ ਗਰੀਬ ਸਿੰਘ ਹੁੰਦੇ ਉਹਨਾਂ ਦੇ ਘਰ ਵਿੱਚ ਕੁਛ ਹੁੰਦਾ ਤਾਂ ਹੈ ਨਹੀਂ ਸੀ ਕੁਛ, ਜੋ ਥੋੜ੍ਹਾ ਬਹੁਤ ਹੁੰਦਾ ਸੀ ਉਹ ਹਾਜ਼ਰ ਕਰ ਦਿੰਦੇ ਸਨ।

ਸੋ ਔਰਨ ਲੇਂ ਘਰੋਂ ਉਠਾਹੀਂ॥ ੩੧॥ ਤੋ ਸਿੰਘ ਘਰ ਵਿੱਚ ਤਾਂ ਜਾਂਦੇ ਰਸਤ ਲੈਣ, ਜਦੋਂ ਉਹਨਾਂ ਸਿੰਘਾਂ ਪਾਸੋਂ ਨਾ ਮਿਲੇ ਫਿਰ ਆਂਢੀਆਂ ਗੁਆਂਢੀਆਂ ਤੋਂ ਜਿਨ੍ਹਾਂ ਕੋਲ ਬਹੁਤਾ ਧਨ ਸੀ ਰਾਸ਼ਨ ਪਾਣੀ ਖੁਲ੍ਹਾ ਸੀ ਫੇਰ ਸਿੰਘ ਉਹਨਾਂ ਤੋਂ ਲੁਟ ਕੇ ਗੁਜ਼ਾਰਾ ਕਰਨ ਲੱਗ ਪਏ। ੩੧।

ਖਾਣੇ ਬਸਤ੍ਰ ਸੁ ਲਏਂ ਉਠਾਇ॥ ਖਾਣੇ ਵਾਸਤੇ ਘੋੜਿਆਂ ਨੂੰ ਦਾਣਾ, ਪੱਠਾ ਖੇਤਾਂ ਵਿਚੋਂ ਲੰਗਰ ਵਾਸਤੇ ਆਟਾ ਦਾਲ ਘਿਉ ਖੰਡ ਆਦਿ ਜਿਹਾ ਸਾਮਾਨ ਲੈ ਲੈਂਦੇ ਸੀ।

ਚਾਂਦੀ ਸੋਨੇ ਦੇਇ ਹਟਾਇ॥ ਚਾਂਦੀ ਸੋਨਾ ਨਹੀਂ, ਉਹ ਕਿਸੇ ਦਾ ਨੁਕਸਾਨ ਨਹੀਂ ਕਰਦੇ।

ਲਾਂਭ ਛਾਂਭ ਜਬ ਘੂਰਨ ਡਹੇ॥ ਜਦੋਂ ਲਾਂਭੇ ਛਾਂਭੇ ਲੋਕ ਕਹਿੰਦੇ ਸਾਡੇ ਕਿਉਂ ਆਉਂਦੇ ਹੋ ਤੁਸੀਂ ਆਪਦੇ ਸਿਖਾਂ ਦੇ ਮੰਗਿਆ ਕਰੋ। ਤਾਂ ਖਾਲਸੇ ਉਹਨਾਂ ਦੀ ਘੂਰ ਘੱਪ ਕਰਨ ਲੱਗ ਪਏ। ਜਦੋਂ ਆਂਢੀਆਂ ਗੁਆਂਢੀਆਂ ਨੂੰ ਘੂਰਨ ਲੱਗ ਪਏ ਸਿੰਘ, ਉਹਨਾਂ ਤੋਂ ਵੀ ਰਾਸ਼ਨ ਲੈਣ ਲੱਗ ਪਏ।

ਬਹੁਤ ਥਾਂਇ ਇਮ ਦੰਗੇ ਭਏ॥ ੩੨॥ ਬਹੁਤ ਥਾਂਈ ਲੋਕਾਂ ਨੇ ਇਸ ਤਰ੍ਹਾਂ ਹਟਾਉਣ ਦੀ ਕੋਸ਼ਿਸ਼ ਕੀਤੀ ਤੇ ਝਗੜਾ ਹੋ ਗਿਆ ਤਾਂ ਡਾਂਗ ਸੋਟਾ ਵੀ ਚੱਲ ਪਿਆ। ੩੨।

ਬਹੁਤ ਹੁਤੇ ਤਬ ਲੋਕ ਸੁਲਤਾਨੀ॥ ਕਿਉਂਕਿ ਲੋਕ ਸਿੱਖ ਨਹੀਂ ਸਨ (ਸੁਲਤਾਨੀ) ਭਾਵ ਗੁੱਗੇ ਸੁਲਤਾਨ ਦੇ ਸੇਵਕ ਬਣੇ ਹੋਏ ਸਨ। ਕੋਈ ਮੜ੍ਹੀ ਦਾ ਕੋਈ ਗੁੱਗੇ ਦਾ ਕੋਈ ਭੈਰੋਂ ਦਾ, ਐਸ ਤਰ੍ਹਾਂ ਲੋਕਾਂ ਨੂੰ ਚੇਲੇ ਬਣਾ ਕੇ ਪਿੰਡ ਪਿੰਡ ਵਿੱਚ ਪ੍ਰਚਾਰ ਕਰਦੇ ਸੀ। ਉਹ ਭੂਤ ਪ੍ਰੇਤਾਂ ਦੀ ਪੂਜਾ ਕਰਾਉਂਦੇ ਸਨ ਇਸ ਕਰਕੇ ਲੋਕ ਨਹੀਂ ਸੀ ਮੰਨਦੇ ਸਿੱਖ ਧਰਮ ਨੂੰ।

ਰਖਤ ਸਿੰਘਨ ਸੋਂ ਬਹੁ ਦੰਗ ਖਾਨੀ॥ ਇਸ ਕਰਕੇ ਸਿੰਘਾਂ ਨਾਲ ਫਸਾਦ ਸ਼ੁਰੂ ਕਰ ਲਿਆ (ਦੰਗ ਖਾਨੀ) ਝਗੜੇ ਕਰਦੇ ਨੇ ਆ ਕੇ, ਤੁਸਾਂ ਕਿਉਂ ਚੁੱਕਿਆ ਰਾਸ਼ਨ ਪਾਣੀ ਪੰਚਾਇਤਾਂ ਬਣ ਬਣ ਕੇ ਆਉਂਦੀਆਂ ਅੱਗੋਂ ਸਿਆਣੇ ਬਣ ਬਣ ਕੇ।

ਉਨ ਮਧ ਹੁਤੋ ਸਿੰਘ ਘਰ ਕੋਈ॥ ਤੇ ਉਨ੍ਹਾਂ ਵਿੱਚ ਕੋਈ ਘਰ ਸੀ ਸਿੰਘਾਂ ਦਾ, ਵਿਰਲੇ ਵਿਰਲੇ ਸਿੰਘਾਂ ਦੇ ਘਰ ਸਨ ਨਗਰਾਂ ਵਿੱਚ।

ਚਾਹੈਂ ਸਿੰਘਨ ਕੋ ਕਢਯੋ ਸੋਈ॥ ੩੩॥ ਉਹ ਜਿਹੜੇ ਦੂਸਰੇ ਸਨ ਸੁਲਤਾਨੀਏ ਉਹ ਚਾਹੁੰਦੇ ਨੇ ਇਹਨਾਂ ਨੂੰ ਬਾਹਰ ਕੱਢੋ, ਇਸ ਸਿੰਘ ਨੂੰ ਬਾਹਰ ਕੱਢ ਦੇਈਏ ਆਪੇ ਨਾ ਕੋਈ ਆਵੇਗਾ, ਇਹਨਾਂ ਕਰਕੇ ਆਉਂਦੇ ਨੇ। ੩੩।

'ਤੁਮ ਖਾਤਰ ਹਮ ਘਰ ਸਿੰਘ ਆਵੈਂ॥ ਉਹ ਜਦੋਂ ਸਿੰਘ ਤੁਰ ਜਾਂਦੇ ਨੇ ਉਹਨਾਂ ਨਾਲ ਜੰਗ ਕਰਦੇ ਨੇ ਲੜਾਈਆਂ ਕਰਦੇ। ਤੁਹਾਡੀ ਖਾਤਰ ਸਿੰਘ ਆਉਂਦੇ ਨੇ ਸਾਡੇ ਘਰ ਆ ਵੜਦੇ ਨੇ, ਤੁਹਾਡੇ ਆਉਣ ਤੁਸੀਂ ਉਹਨਾਂ ਦੀ ਸੇਵਾ ਕਰੋ ਨਾ ਕਰੋ ਅਸੀਂ ਕਿਹੜਾ ਉਹਨਾਂ ਦੇ ਵਿਚੋਂ ਹਾਂ ਅਸੀਂ ਕਿਹੜਾ ਮੰਨਦੇ ਹਾਂ ਉਹਨਾਂ ਨੂੰ ਸਾਡੇ ਘਰੋਂ ਕਿਉਂ ਚੁੱਕ ਕੇ ਲੈ ਗਏ ਰਾਸ਼ਨ ਪਾਣੀ ਸਿੰਘਾਂ ਨਾਲ ਗਰੀਬ ਜੋ ਵਿਰਲੇ ਵਿਰਲੇ ਹਨ ਉਹਨਾਂ ਨਾਲ ਝਗੜਾ ਫਸਾਦ ਕਰਦੇ ਹਨ।

ਇਮ ਕਰ ਹਮ ਕੋ ਬਹੁਤ ਸੰਤਾਵੈਂ॥ ਇਸ ਵਾਸਤੇ ਸਾਨੂੰ ਤਾਂ ਬੜਾ ਦੁੱਖ ਇਸ ਗੱਲ ਦਾ, ਸਾਨੂੰ ਤਾਂ ਬੜਾ ਸਤਾਉਂਦੇ ਨੇ ਰੋਜ਼ ਦਿਹਾੜੀ ਇਹੀ ਕੰਮ ਰਹਿੰਦਾ ਹੈ।

ਸੁਲਤਾਨੀਯਨ ਸਿੰਘਨ ਬੈਰ ਵਧ ਗਯੋ॥ ਇਸ ਕਾਰਨ ਸੁਲਤਾਨੀਆਂ ਦਾ ਤੇ ਸਿੰਘਾਂ ਦਾ ਆਪਸ ਵਿਚੀਂ ਵੈਰ ਵਧ ਗਿਆ। ਸਿੰਘਾਂ ਨੇ ਆਖਿਆ ਇਹ ਸਾਡੇ ਸਿੰਘਾਂ ਨੂੰ ਤੰਗ ਕਰਦੇ ਨੇ। ਇਹ ਘੂਰਦੇ ਨੇ ਸਿੰਘਾਂ ਕੋਲ ਰਪੋਟ ਹੋਣੀ ਸ਼ੁਰੂ ਹੋ ਗਈ। ਤੇ ਸਿੰਘ ਫਿਰ ਸੁਲਤਾਨੀਆਂ ਨੂੰ ਸੋਧਦੇ ਨੇ, ਕਿਉਂ ਤੁਸੀਂ ਕਿਧਰ ਦੇ ਆਏ ਹੋ ਤੁਸੀਂ ਹਿੰਦੂ ਹੋ? ਕੌਣ ਹੋ? ਤੁਸੀਂ ਤਾਂ ਮੁਸਲਮਾਨਾਂ ਨੂੰ ਪੂਜਦੇ ਹੋ ਰੋਟ ਚੜ੍ਹਾਉਂਦੇ ਹੋ ਫਲਾਣਾ ਕੰਮ ਕਰਦੇ ਹੋ, ਇਉਂ ਸਿੰਘ ਵੀ ਉਹਨਾਂ ਨੂੰ ਘੂਰਨ ਲੱਗ ਪਏ।

ਸਿੰਘਨ ਸੁਲਤਾਨੀਯਨ ਦੰਗ ਭਯੋ॥ ੩੪॥ ਸਿੰਘਾਂ ਦਾ ਤੇ ਸੁਲਤਾਨੀਆਂ ਦਾ ਦੰਗਾ ਹੋ ਗਿਆ, ਕਈ ਪਿੰਡਾਂ ਵਿਚ ਝਗੜੇ ਹੋ ਗਏ ਆਪਸ ਵਿਚੀਂ। ੩੪।

ਦੋਹਰਾ॥ ਗੁਰ ਸਿੰਘਨ ਘਰ ਥੀ ਕਮੀ, ਔ ਸੁਲਤਾਨੀਯਨ ਢੇਰ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਗੁਰਸਿੱਖ ਗਰੀਬ ਜਿਉਂ ਸੀ, ਇਹਨਾਂ ਨੇ ਮਿਹਨਤ ਮਜ਼ਦੂਰੀ ਕਰਕੇ ਛਕਣਾ ਸੀ, ਉਹਨਾਂ ਦੇ ਘਰ ਤਾਂ ਕਮੀ ਸੀ, ਰਾਸ਼ਨ ਪਾਣੀ ਨਹੀਂ ਸੀ ਹੁੰਦਾ ਜਿਹੜੇ ਸੁਲਤਾਨੀਏ ਸੀ, ਉਹ ਮੁਸਲਮਾਨਾਂ ਦੇ ਚੇਲੇ ਬਣੇ ਹੋਏ ਸੀ ਉਹਨਾਂ ਦੇ ਘਰ ਢੇਰ ਲੱਗੇ ਹੋਏ ਸਨ, ਬੇਅੰਤ ਵਸਤੂਆਂ ਸਨ ਰਾਸ਼ਨ ਪਾਣੀ ਖੁਲ੍ਹੇ ਸਨ।

ਵੜਨ ਨ ਦੇਵੈਂ ਖਾਲਸੈ, ਕਿਤ ਵੜੈਂ ਅਵੇਰ ਸਵੇਰ॥ ੩੫॥ ਲੋਕ ਰੋਕਣ ਲੱਗ ਪਏ ਸਾਡੇ ਨਹੀਂ ਉਤਰਨਾ, ਹੁਣ ਇਕੱਲਾ ਸਰੀਰ ਕੀ ਕਰੇ ਪਿੰਡ ਵਿਚ, ਉਹ ਬਹੁਤੇ ਸੌ ਪੰਜਾਹ ਖੜ੍ਹੇ ਹੋ ਜਾਂਦੇ। ਨਾਂ ਜੀ ਅਗਾਂਹ ਕਿਤੇ ਲਾਓ ਪੜਾਅ ਸਾਡੇ ਨਹੀਂ ਉਤਰਨਾ, ਇਉਂ ਦਿਨੇ ਤਾਂ ਵੜਨ ਨਾ ਦਿੰਦੇ। ਫੇਰ ਸਿੰਘਾਂ ਨੇ ਵਕਤ ਵੇਖ ਲਿਆ, ਜਦੋਂ ਉਹ ਸੌਂ ਜਾਂਦੇ ਸਨ, ਉਦੋਂ ਸਿੰਘ (ਅਵੇਰ ਸਵੇਰ) ਵੇਲਾ ਕੁਵੇਲਾ ਵੇਖ ਕੇ ਆ ਪੜਾਅ ਲਾਉਂਦੇ। ਆਪਦਾ ਲੰਗਰ ਪਾਣੀ ਛਕ ਕੇ ਬਣਾ ਕੇ ਫਿਰ ਕੂਚ ਕਰ ਜਾਂਦੇ। ਇਉਂ ਸਿੰਘਾਂ ਨੇ ਟਾਇਮ ਬਦਲ ਲਿਆ। ੩੫।

ਚੌਪਈ॥ ਥੋੜਨ ਸਿੰਘਨ ਵੜਨ ਨ ਦੇਂਇ॥ ਜੇ ਸਿੰਘ ਐਵੇਂ ਦੋ ਚਾਰ ਹੋਣ ਫੇਰ ਤਾਂ ਉਹ ਤਕੜੇ ਹੋ ਕੇ ਵੜਨ ਹੀ ਨਹੀਂ ਦਿੰਦੇ। ਨਹੀਂ ਨਹੀਂ ਅਸੀਂ ਨਹੀਂ ਤੁਸੀਂ ਹੋਰ ਕਿਤੇ ਜਾਓ, ਏਥੇ ਨਹੀਂ ਅਸੀਂ ਵੜਨ ਦਿੰਦੇ।

ਤੌ ਉਨਕੋ ਸਿੰਘ ਬਾਹਰ ਘਲੇਂਇ॥ ਜਦੋਂ ਸਿੰਘ ਫੇਰ ਕਹਿੰਦੇ ਜੀ ਤੁਸੀਂ ਔਹ ਟੋਭੇ ਤੇ ਲਾ ਲਉ ਪੜਾਅ ਘਰੇ ਨਾ ਹੁਣ ਤੁਸੀਂ ਸਾਡੇ ਲਾਇਆ ਕਰੋ। ਬਾਹਰ ਅਸੀਂ ਓਥੇ ਹੀ ਰਾਸ਼ਨ ਭੇਜ ਦਿਆਂਗੇ ਤੇ ਉਹ ਸਿੰਘ ਬਾਹਰ ਟੋਭਿਆਂ ਤੇ ਢਾਬਾਂ ਤੇ ਬਉਲੀਆਂ ਤੇ ਖੂਹਾਂ ਤੇ ਓਥੇ ਰਾਸ਼ਨ ਭੇਜਣ ਲੱਗ ਪਏ।

ਜਬ ਬਡ ਜਥਾ ਭੁਜੰਗੀਅਨ ਕੀਯੋ॥ ਜਦੋਂ ਸਿੰਘਾਂ ਨੇ ਜੱਥਾ ਵਧਾਇਆ ਆਪਦਾ, ਸਿੰਘਾਂ ਆਖਿਆ ਥੋੜ੍ਹਿਆਂ ਨਾਲ ਤਾਂ ਦੰਗਾ ਕਰਦੇ ਹਨ ਲੋਕ। ''ਭਾਰੀ ਭੁਜਾਨ ਕੋ ਭਾਰੀ ਭਰੋਸੋ'' ਤਕੜੇ ਹੋਈਏ ਆਪਾਂ ਵੀ ਇਕੱਠੇ ਹੋਈਏ। ਸਿੰਘਾਂ ਨੇ ਦਸਾਂ ਦਸਾਂ ਵੀਹਾਂ ਵੀਹਾਂ ਪੱਚੀਆਂ ਪੱਚੀਆਂ ਦਾ ਜੱਥਾ ਬਣਾ ਲਿਆ।

ਦਸ ਬੀਸਨ ਰਲ ਡੇਰਾ ਥੀਯੋ॥ ੩੬॥ ਦਸ ਵੀਹ ਇਕੱਠੇ ਹੋ ਕੇ ਜਾ ਡੇਰਾ ਲਾਉਂਦੇ ਨੇ, ਨਿਸੰਗ ਹੋਕੇ ਫੇਰ ਨਹੀਂ ਡਰਦੇ ਕਿਸੇ ਤੋਂ। ੩੬।

ਜਾਇ ਡੇਰਾ ਢਿਗ ਗ੍ਰਾਮੀ ਲਾਵੈਂ॥ ਜਾ ਕੇ ਪਿੰਡ ਦੇ ਬਾਹਰਲੇ ਪਾਸੇ ਆ ਕੇ ਖੂਹ ਟੋਭੇ 'ਤੇ ਡੇਰਾ ਲਾ ਲੈਂਦੇ ਹਨ।

ਜੌ ਉਨ ਕੌ ਕੋਈ ਘਨਾ ਸਤਾਵੈ॥ ਜੇ ਓਥੇ ਵੀ ਆ ਕੇ ਕੋਈ ਆਕੜੇ ਫਾਕੜੇ ਸਾਡੇ ਪਿੰਡ ਦਾ ਟੋਭਾ ਇਥੇ ਤੁਸੀਂ ਕਿਉਂ ਉਤਰੇ ਹੋ। ਝਗੜਾ ਕਰੇ ਫਿਰ ਅੱਗੋਂ ਸਿੰਘ ਕੀ ਕਰਦੇ ਹਨ।

ਦੇਵੈਂ ਨਹੀਂ ਤਿਸ ਬਹੁ ਸੰਤਾਂਹਿ॥ ਦੇਣਾ ਲੈਣਾ ਤਾਂ ਕੀ ਆ ਕੇ ਸੁਣਾਉਂਦੇ ਨੇ ਸਾਡੇ ਪੱਠੇ ਵੱਢ ਲਿਆਂਦੇ, ਤੁਸੀਂ ਆਹ ਕਰ ਲਿਆ, ਇਹ ਪਹਿਲੇ ਦਿਨ ਤੋਂ ਚਲਿਆ ਆਉਂਦਾ ਕੰਮ ਖਾਲਸੇ ਉਤੇ ਜਿਸ ਤਰ੍ਹਾਂ ਓਸ ਮੌਕੇ ਦਾ ਸਮਾਂ ਸੀ। ਉਸ ਵੇਲੇ ਤੰਗੀ ਤੁਰਸ਼ੀ ਸੀ ਸਿੰਘਾਂ ਫੇਰ ਪੇਟ ਪੂਜਾ ਤਾਂ ਕਰਨੀ ਹੋਈ। ਆਪ ਵੀ ਛਕ੍ਣਾ ਹੈ ਧਰਮ ਦੇ ਵਾਸਤੇ। ਲੋਕਾਂ ਨੂੰ ਉਦੋਂ ਵੀ ਪਸੰਦ ਨਹੀਂ ਸੀ ਜਿਹੜੇ ਦੋਖੀ ਸਨ ਗੁਰੂ ਘਰ ਦੇ ਗੁਰੂ ਪੰਥ ਦੇ ਅੱਜ ਵੀ ਉਹਨਾਂ ਨੂੰ ਇਹ ਗੱਲ ਪਸੰਦ ਨਹੀਂ ਹੈ। ਹੁਣ ਤਾਂ ਮਹਾਰਾਜ ਦੀ ਕ੍ਰਿਪਾ ਖਾਲਸਾ ਆਪਣੇ ਪੈਰਾਂ 'ਤੇ ਖੜਾ ਹੈ ਔਰ ਸਾਰੇ ਸਿੰਘਾਂ ਦੇ ਨਗਰਾਂ ਦੇ ਨਗਰ ਵਸਦੇ ਨੇ, ਪ੍ਰੇਮੀ ਜਨ ਬਹੁਤ ਨੇ। ਉਹਨਾਂ ਦਿਨਾਂ ਵਿੱਚ ਸਿੰਘ ਬਾਹਰ ਉਤਰਦੇ, ਬਾਹਰ ਬਾਹਰ ਵੀ ਲੋਕੀਂ ਆ ਕੇ ਝਗੜਾ ਕਰਦੇ।

ਖੂਹਨ ਖੇਤ ਉਜਾੜ ਸੁ ਜਾਂਹਿ॥ ੩੭॥ ਜਦੋਂ ਸਿੰਘਾਂ ਨੇ ਵੇਖਿਆ ਆਹ ਲੰਬੜਦਾਰ ਸੀ ਪਿੰਡ ਦਾ ਇਹ ਆਇਆ ਸੀ ਚੜ੍ਹਕੇ ਫੇਰ ਸਿੰਘ ਉਹਨਾਂ ਦੇ ਖੂਹਾਂ ਤੇ ਲਾਉਂਦੇ ਪੜਾਅ, ਵੱਢੇ ਪੱਠੇ ਆਦਿ ਛੱਲੀਆਂ ਭੁੰਨ ਭੁੰਨ ਕੇ ਖਾ ਕੇ, ਰੰਨੇ ਚੁਪ ਲਏ ਪੇਟ ਪੂਜਾ ਕਰ ਲਈ, ਘੋੜਿਆਂ ਨੂੰ ਵੱਢ ਕੇ ਕਣਕਾਂ ਪਾ ਦਿੱਤੀਆਂ, ਛੋਲੇ ਪਾ ਦਿੱਤੇ, ਘੋੜਿਆਂ ਨੂੰ ਵੀ ਚਾਰ ਲਿਆ, ਇਉਂ ਉਜਾੜ ਕੇ ਜਿਹੋ ਜਿਹਾ ਹੁੰਦਾ ਕੰਮ ਕਰਕੇ ਫਿਰ ਅਗਾਂਹ ਹੋ ਜਾਂਦੇ। ੩੭।

ਇਸੀ ਤੌਰ ਖਾਲਸੈ ਫੜ ਲਈ॥ ਇਹ ਤਰੀਕਾ ਖਾਲਸੇ ਨੇ ਫੜ ਲਿਆ ਜਦੋਂ ਉਹ ਨਹੀਂ ਪਿੰਡ ਵਿਚ ਵੜਨ ਦਿੰਦੇ ਦਿਨੇ।

ਕਈ ਕੁ ਦਿਨ ਇਮ ਗੁਜਰੇ ਭਈ॥ ਕਈ ਕੁ ਦਿਨ ਇਸ ਤਰ੍ਹਾਂ ਗੁਜ਼ਾਰਾ ਹੋਇਆ, ਸਿੰਘਾਂ ਨੇ ਨਿਰਬਾਹ ਕੀਤਾ ਕੁਝ ਕੁ ਸਮਾਂ।

ਔਰ ਪੰਥ ਬਹੁ ਬਾਧੈ ਭਏ॥ ਪੰਥ ਦਾ ਹੋਰ ਵਾਧਾ ਹੋ ਗਿਆ, ਰਾਤ ਦਿਨ ਸਿੰਘ ਸਜਣੇ ਸ਼ੁਰੂ ਹੋ ਗਏ।

ਸਿੰਘਨ ਲੈਨ ਨਜਰਾਨੇ ਠਏ॥ ੩੮॥ ਸਿੰਘਾਂ ਨੇ ਕਿਹਾ ਨਜ਼ਰਾਨਾ ਲਾਓ ਇਹਨਾਂ ਨੂੰ, ਇਉਂ ਨਹੀਂ ਲੋਟ ਆਉਂਦੇ ਫਿਰ ਸਿੰਘਾਂ ਨੇ ਬੰਨ੍ਹ ਦਿੱਤਾ। ਲਾਓ ਹਲ ਮਗਰ ਐਨਾ ਲਵਾਂਗੇ। ਰਾਸ਼ਨ ਲਵਾਂਗੇ, ਮਾਮਲਾ ਵੀ ਲਵਾਂਗੇ, ਹੁਣ ਸਿੰਘਾਂ ਨੇ ਜਦੋਂ ਨਜ਼ਰਾਨੇ ਠਹਿਰਾਅ ਲਏ ਤੁਹਾਥੋਂ ਲੈਣਾ ਹੀ ਲੈਣਾ ਹੈ ਇਤਨਾ। ੩੮।

ਦਿਨੋ ਦਿਨ ਪੰਥ ਬਧਤੋ ਜਾਇ॥ ਦਿਨੋ ਦਿਨ ਪੰਥ ਦਾ ਵਾਧਾ ਹੋਣ ਲੱਗ ਪਿਆ।

ਖਾਣ ਪਹਰਨ ਕੀ ਥੁੜ ਭਈ ਆਇ॥ ਖਾਣ ਪਹਿਣਨ ਦੀ ਥੁੜ ਆ ਗਈ। ਰਾਸ਼ਨ ਪਾਣੀ ਦੀ ਕਮੀ ਆ ਗਈ। ਇੰਤਜਾਮ ਤਾਂ ਕੋਈ ਹੈ ਨਹੀਂ ਸੀ ਓਸ ਟਾਇਮ ਦੇ ਉੱਤੇ। ਜਦੋਂ ਬਹੁਤ ਸਿੰਘ ਹੋ ਗਏ ਤਾਂ ਬਹੁਤਾ ਖਰਚਾ ਹੋਣ ਲੱਗਿਆ।

ਤੌ ਪੰਥ ਨੇ ਇਮ ਮਤੋ ਮਤਾਯੋ॥ ਤਾਂ ਖਾਲਸੇ ਪੰਥ ਨੇ ਆਪਸ ਵਿੱਚ ਇਕੱਤਰ ਹੋ ਕੇ ਆਪਸ ਵਿਚੀਂ ਗੁਰਮਤਾ ਸੋਧਿਆ। ਕਿਉਂ ਖਾਲਸਾ ਜੀ ਹੁਣ ਕਿਵੇਂ ਕਰੀਏ? ਹੁਣ ਤਾਂ ਸਿੰਘ ਅਸੀਂ ਜਿਆਦਾ ਹੋ ਗਏ ਹਾਂ, ਤੇ ਰਾਸ਼ਨ ਪਾਣੀ ਦੀ ਕਮੀ ਹੈ ਹੁਣ ਕਿਵੇਂ ਨਿਰਬਾਹ ਹੋਵੇਗਾ? ਸਿੰਘਾਂ ਨੇ ਗੁਰਮਤਾ ਇਉਂ ਸੋਧਿਆ।

ਚਹੀਯੈ ਪਿੰਡਨ ਪਰ ਨਜ਼ਰਾਨੋ ਲਾਯੋ॥ ੩੯॥ ਨਜ਼ਰਾਨੇ ਲਾ ਦਿਉ ਪਿੰਡਾਂ ਤੇ ਐਨੇ ਰੁਪਈਏ ਤੁਹਾਥੋਂ ਲੈਣੇ ਸਾਲ ਛਿਮਾਹੀ ਇਉਂ ਸਿੰਘਾਂ ਨੇ ਨਜ਼ਰਾਨੇ ਠਹਰਾਉਣੇ ਸ਼ੁਰੂ ਕਰ ਦਿੱਤੇ। ੩੯।

(ਸਿੰਘਾਂ ਦਾ ਤੇ ਤੁਰਕਾਂ ਦਾ ਵੈਰ ਤੇ ਖਾਲਸੇ ਦਾ ਝਾੜਾਂ ਵਿੱਚ ਚਲੇ ਜਾਣਾ)

ਦੋਹਰਾ॥ ਲੋਕ ਨਜ਼ਰਾਨੋ ਨਹਿੰ ਦੇਹੈਂ, ਸਿੰਘ ਲੇਵੈਂ ਦੰਗੋ ਮਚਾਇ॥ ਲੋਕ ਕਹਿੰਦੇ ਤੁਹਾਨੂੰ ਕਾਹਦਾ ਦੇਈਏ, ਸਰਕਾਰ ਜੋ ਹੈ ਅਸੀਂ ਸਰਕਾਰ ਦਾ ਹਾਲ੍ਹਾ ਭਰਦੇ ਹਾਂ, ਤੁਹਾਨੂੰ ਨਹੀਂ ਅਸੀਂ ਦਿੰਦੇ। ਫੇਰ ਸਿੰਘ ਫਸਾਦ ਕਰਦੇ, ਝਗੜਾ ਕਰਦੇ, ਦਿੰਦੇ ਹੋ ਕਿ ਨਹੀਂ, ਸਾਡੀ ਸਰਕਾਰ ਮੰਨਦੇ ਹੋ ਕਿ ਨਹੀਂ ਸਿੰਘ ਰੋਅਬ ਦੇਣ ਲੱਗ ਪਏ, ਦਬਾ ਦੇਣ ਲੱਗ ਪਏ।

ਤੁਰਕਨ ਢਿਗ ਤਿਨ ਜਾਇਕੈ, ਦਈ ਫਰਯਾਦ ਸੁਨਾਇ॥ ੪੦॥ ਉਹ ਸੁਲਤਾਨੀਆਂ ਨੇ ਤੁਰਕਾਂ ਦੇ ਠਾਣਿਆਂ ਵਿੱਚ ਜਾ ਕੇ, ਕਚਹਿਰੀਆਂ ਵਿੱਚ ਜਾ ਕੇ ਅਫਸਰਾਂ ਕੋਲ ਆਪਣੀਆਂ ਫਰਿਆਦਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ੪੦।

ਚੌਪਈ॥ ਤਉ ਚੜ੍ਹ ਫੌਜ ਤੁਰਕਨ ਕੀ ਆਈ॥ ਉਦੋਂ ਹਾਕਮ ਬੜੇ ਆਕੜ ਖੋਰ ਸਨ, ਉਹਨਾਂ ਨੇ ਫੌਜ ਨੂੰ ਹੁਕਮ ਕਰ ਦਿੱਤਾ, ਫੜੋ ਸਿੰਘਾਂ ਨੂੰ ਜਿਹੜੇ ਤੰਗ ਕਰਦੇ ਨੇ ਪਰਜਾ ਨੂੰ।

ਉਨ ਸਿੰਘਨ ਬਹੁ ਲਯੋ ਫੜਾਈ॥ ਹੁਣ ਫੌਜ ਨੇ ਜਾ ਕੇ ਬਹੁਤ ਸਾਰੇ ਸਿੰਘਾਂ ਨੂੰ ਗ੍ਰਿਫਤਾਰ ਕਰ ਲਿਆ।

ਫੜ ਫੜ ਦੀਨ ਲਹੌਰ ਘਲ੍ਹਾਇ॥ ਸਿੰਘਾਂ ਨੂੰ ਫੜਦੇ ਨੇ ਫੜਕੇ ਲਹੌਰ ਨੂੰ ਭੇਜ ਦਿੰਦੇ ਨੇ ਫੌਜ ਨਾਲ ਦੇ ਕੇ। ਇਉਂ ਸਿੰਘਾਂ ਦੀ ਫੜੋ ਫੜੀ ਸ਼ੁਰੂ ਹੋ ਗਈ।

ਤੁਰਕ ਨਵਾਬ ਸੁ ਦਏ ਮਰਵਾਇ॥ ੪੧॥ ਤੁਰਕਾਂ ਨੇ ਲਹੌਰ ਵਿੱਚ ਲਿਜਾ ਕੇ ਉਦੋਂ ਹੀ ਹੁਕਮ ਸਿੱਧਾ ਮਾਰ ਦਿਉ ਬੱਸ, ਸ਼ਹੀਦ ਕਰਨੇ ਸ਼ੁਰੂ ਕਰ ਦਿੱਤੇ ਸਿੰਘ। ੪੧।

ਐਸੀ ਬਾਤ ਸਿੰਘਨ ਸੰਗ ਭਈ॥ ਇਹੋ ਜਿਹੀ ਗੱਲ ਸਿੰਘਾਂ ਨਾਲ ਹੋ ਗਈ।

ਸਿੰਘਨ ਭੀ ਦਯੋ ਰੌਲੋ ਮਚਵਈ॥ ਸਿੰਘਾਂ ਨੇ ਰੌਲਾ ਪਾ ਦਿੱਤਾ ਕਹਿੰਦੇ ਪਾ ਦਿਉ ਰੌਲੇ ਤੇ ਰੌਲਾ, ਹੁਣ ਵੇਖੀ ਜਾਊ ਜਿਵੇਂ ਹੋਊਗੀ। ਸਾਡੇ ਸਿੰਘਾਂ ਨੂੰ ਫੜ ਕੇ ਸ਼ਹੀਦ ਕਰਨ ਲਗ ਪਏ ਨੇ ਸਿੰਘਾਂ ਨੇ ਫੇਰ ਦੰਗੇ ਮਚਾਉਣੇ ਸ਼ੁਰੂ ਕਰ ਦਿੱਤੇ ਨੇ ਦੇਸ ਵਿੱਚ।

ਥੋੜਨ ਕੋ ਸਿੰਘ ਭੀ ਲੈਂ ਮਾਰੀ॥ ਜਦੋਂ ਥੋੜੀ ਫੌਜ ਆਉਂਦੀ ਛੋਟੇ ਦਸਤੇ ਉਦੋਂ ਸਿੰਘ ਮਾਰ ਲੈਂਦੇ ਨੇ, ਉਹਨਾਂ ਦੇ ਸ਼ਸਤ੍ਰ ਘੋੜੇ ਉਹ ਸਿੰਘ ਖੋਹ ਲੈਂਦੇ ਨੇ ਸਿੰਘ ਤਕੜੇ ਹੋ ਕੇ।

ਬਹੁਤਨ ਦੇਖ ਸਿੰਘ ਰਲ ਜਾਇ ਝਾੜੀ॥ ੪੨॥ ਜਦੋਂ ਸਿੰਘ ਵੇਖਦੇ ਨੇ ਦੋ ਚਾਰ ਹਜ਼ਾਰ ਤੁਰਕ ਫੌਜ ਆ ਗਈ ਹੈ ਤਾਂ ਸਿੰਘ ਘੋੜਿਆਂ ਨੂੰ ਅੱਡੀਆਂ ਲਾਉਂਦੇ ਨੇ ਤੇ ਜੰਗਲਾਂ ਵਿਚ ਨਿਕਲ ਜਾਂਦੇ ਨੇ, ਝਾੜੀਂ ਰਲ ਜਾਂਦੇ ਨੇ ਫੇਰ ਕਿਥੇ ਲੱਭਦੇ। ੪੨।

ਸਿੰਘ ਤੁਰਕਨ ਬਧ ਗਇਓ ਵਾਦ॥ ਇਉਂ ਸਿੰਘਾਂ ਦਾ ਤੇ ਤੁਰਕਾਂ ਦਾ (ਵਾਦ) ਝਗੜਾ ਵਧ ਗਿਆ।

ਕਬ ਸਿੰਘਨ ਤੁਰਕਨ ਬਨਯੋ ਥੋ ਸ੍ਵਾਦ? ਸਿੰਘਾਂ ਦਾਂ ਤੇ ਤੁਰਕਾਂ ਦਾ ਕਦੋਂ ਸਵਾਦ ਬਣਿਆ ਸੀ, ਪਹਿਲੋਂ ਦਿਨੋਂ ਹੀ ਵੈਰ ਵਿਢਿਆ ਗਿਆ। ਜਦੋਂ ਸਿੰਘ ਹਥਿਆਰਾਂ ਤੋਂ ਬਿਨਾਂ ਸਨ ਤਾਂ ਵੀ ਇਹ ਛਡਦੇ ਨਹੀਂ ਸੀ, ਹੁਣ ਸ਼ਸਤ੍ਰ ਧਾਰ ਲਏ ਸਿੰਘਾਂ ਨੇ ਹੁਣ ਵੀ ਇਹ ਰੌਲਾ ਕਰਦੇ ਨੇ ਸਿੰਘਾਂ ਨਾਲ।

ਬੇਈਮਾਨ ਹਿੰਦੂ ਉਨ ਵਲ ਭਏ॥ ਬੇਈਮਾਨ ਲੋਕ ਜਿਹੜੇ ਸੀ ਸਾਰਿਆਂ ਨੂੰ ਨਹੀਂ ਕਿਹਾ ਹਿੰਦੂਆਂ ਨੂੰ ਬੇਈਮਾਨ ਲੋਕ ਜਿਹੜੇ ਸਨ, ਉਤੋਂ ਕਹਾਉਂਦੇ ਸਨ ਹਿੰਦੂ ਅੰਦਰੋਂ ਸੁਲਤਾਨ ਗੁੱਗੇ ਨੂੰ ਪੂਜਦੇ ਸਨ ਇਸ ਕਰਕੇ ਉਹਨਾਂ ਨੇ ਵੀ ਤੁਰਕਾਂ ਦਾ ਪੱਖ ਲਿਆ।

ਯਾਂਤੇ ਅਧਿਕ ਪੰਥਹ ਬੈਰ ਭਏ॥ ੪੩॥ ਜਿਸ ਕਰਕੇ ਬਹੁਤਾ ਵੈਰ ਵਧ ਗਿਆ, ਓਧਰ ਪਿੰਡਾਂ ਵਿਚ ਵੈਰ ਸ਼ੁਰੂ ਹੋ ਗਿਆ, ਓਧਰ ਥਾਣਿਆਂ ਵਿਚ ਫੌਜਾਂ ਵਿਚ ਸਭ ਸਿੰਘਾਂ ਦੇ ਵੈਰੀ ਹੋ ਗਏ। ੪੩।

ਹੁਤੇ ਸੁਲਤਾਨੀ ਅੱਧੇ ਮੁਸਲੰਮੇ॥ ਅੱਧੇ ਤਾਂ ਉਦੋਂ ਮੁਸਲਮਾਨ ਸੀ, ਜੋ ਉਹਨਾਂ ਦੀ ਕਿਰਿਆ ਨੂੰ ਮੰਨਦੇ ਨੇ, ਉਹਨਾਂ ਦੇ ਭੋਗ ਲੱਗੇ ਜੋ ਸੁਲਤਾਨ ਗੁੱਗੇ ਦਾ ਪ੍ਰਸ਼ਾਦ ਉਹ ਖਾ ਲੈਣ ਖਾਣ ਲੱਗ ਪਏ, ਇਸ ਕਰਕੇ ਤਾਂ ਮੁਸਲਮਾਨ ਹੁੰਦੇ ਨੇ ਅੱਧ ਪਚੱਧ ਹਿੰਦੂ ਨਾਮ ਹੀ ਰੱਖਿਆ ਹੋਇਆ ਸੀ। ਇਸ ਕਰਕੇ ਉਹ ਬੇਈਮਾਨ ਸਨ।

ਹਿੰਦੂ ਕਹਾਵੈਂ ਝੂਠੇ ਨਿਕੰਮੇ॥ ਨਿਕੰਮੇ ਲੋਕ ਆਪਣੇ ਆਪ ਨੂੰ ਹਿੰਦੂ ਕਹਾਉਂਦੇ, ਕਰਤੂਤ ਤੁਰਕਾਂ ਵਾਲੀ ਕਰਦੇ ਹਨ।

ਓਇ ਸਿੰਘਨ ਦਸ ਦੈਂ ਪਕੜਾਇ॥ ਤੇ ਜਦੋਂ ਸਿੰਘ ਆ ਜਾਂਦੇ ਨੇ ਪਿੰਡਾਂ ਵਿਚ ਉਹ ਕਹਿੰਦੇ ਨੇ, ਚੁਗਲ ਵੀ ਪਿੰਡਾਂ ਵਿਚ ਰਹਿੰਦੇ ਨੇ, ਜਦੋਂ ਸਿੰਘ ਕਦੇ ਹਨੇਰੇ ਸਵੇਰੇ ਘਰਾਂ ਵਿਚ ਆਉਂਦੇ ਨੇ ਖ਼ਬਰ ਲੈਣ ਬਾਲ ਬੱਚੇ ਦੀ ਤਾਂ ਉਹ ਚੁਗਲੀ ਕਰਕੇ ਸਿੰਘਾਂ ਨੂੰ ਫੜਾ ਦਿੰਦੇ ਨੇ। ਅੱਜ ਫਲਾਨੀ ਜਗ੍ਹਾ ਫਲਾਣੀ ਰਖ ਵਿਚ ਓਥੇ ਸਿੰਘ ਐਨੇ ਬੈਠੇ ਨੇ।

ਸਿੰਘ ਮਾਰੇਂ ਉਨ ਟੋਲ ਘਰ ਜਾਇ॥ ੪੪॥ ਸਿੰਘਾਂ ਨੂੰ ਵੀ ਭੇਦ ਮਿਲਣ ਲੱਗ ਪਿਆ ਕਿਉਂ ਕਿਹਨੇ ਚੁਗਲੀ ਖਾਧੀ ਸੀ? ਫਲਾਣਾ ਜੀ ਨੰਬਰਦਾਰ ਸੀ, ਫਲਾਣਾ ਸਫੈਦ ਪੋਸ਼ ਫਲਾਣਾ ਢਿਮਕਾ। ਫਿਰ ਸਿੰਘ ਵੀ ਉਹਨਾਂ ਦਾ ਘਰ ਪੁੱਛਕੇ ਇਹ ਘਰ ਹੈ ਉਸਦਾ ਸਿੰਘ ਪੈ ਜਾਂਦੇ, ਸਿੰਘ ਉਹਨਾਂ ਘਰਾਂ ਵਿਚ ਮਾਰਦੇ ਜਾ ਕੇ ਉਨ੍ਹਾਂ ਨੂੰ। ੪੪।

ਦੋਹਰਾ॥ ਜੋ ਸਿੰਘ ਕਾਬੂ ਉਨ ਆਵੈ, ਸੋਇ ਓਇ ਦੇਵੈਂ ਮਾਰ॥ ਜਿਹੜਾ ਸਿੰਘ ਫੌਜਦਾਰਾਂ ਦੇ ਕਾਬੂ ਆ ਜਾਏ ਭਾਵ ਉਹਨੂੰ ਪਤਾ ਲੱਗੇ ਜਾਂ ਹਥਿਆਰ ਨਾ ਚੁੱਕੇ ਉਹਨੂੰ ਤਾਂ ਮਾਰ ਹੀ ਦਿੰਦੇ ਹਨ ਜਾਨ ਤੋਂ।

ਸਿੰਘਨ ਔ ਸੁਲਤਾਨੀਅਨ ਵੱਧ ਗਈ ਇਮ ਬਡ ਰਾਰ॥ ੪੫॥ ਸਿੰਘਾਂ ਤੇ ਸੁਲਤਾਨੀਆਂ ਵਿਚ (ਰਾਰ) ਲੜਾਈ ਇਉਂ ਬੜੀ ਤੇਜ ਹੋ ਗਈ। ੪੫।

ਚੌਪਈ॥ ਥੋਰਨ ਜਟ ਸਿੰਘ ਕਾਬੂ ਨ ਆਵੈਂ॥ ਪਿੰਡਾਂ ਵਿਚ ਰਹਿਣ ਵਾਲੇ ਥੋੜੇ ਜੱਟਾਂ ਦੇ ਸਿੰਘ ਕਾਬੂ ਨਹੀਂ ਆਉਂਦੇ। ਇਹ ਵਿੱਚੇ ਜੱਟ ਨੇ ਕਹਾਉਂਦੇ ਤਾਂ ਸਾਰੇ ਆਪਣੇ ਆਪ ਨੂੰ ਹਿੰਦੂ ਨੇ ਇਹ। ਕਿਹੜਾ ਅੰਮ੍ਰਿਤ ਪਾਨ ਕੀਤਾ ਹੈ ਜੱਟ ਹੋਇ, ਹਿੰਦੂ ਹੋਇ, ਬਾਣੀਏ ਹੋਏ ਇਹ ਸਭ ਓਧਰ ਤੁਰਕਾਂ ਨਾਲ ਰਲ ਗਏ। ਥੋੜੇ ਜੱਟਾਂ ਨੂੰ ਸਿੰਘ ਸੋਧ ਲੈਂਦੇ ਨੇ।

ਸੋ ਬਹੁਤ ਤੁਰਕਨ ਚਾੜ੍ਹ ਲਿਆਵੈਂ॥ ਉਹ ਤੁਰਕਾਂ ਦੀ ਬਹੁਤੀ ਫੌਜ ਨੂੰ ਸਿੰਘਾਂ ਉਤੇ ਚੜ੍ਹਾ ਕੇ ਲੈ ਆਉਂਦੇ ਹਨ।

ਤੌ ਸਿੰਘਨ ਜਾਇ ਝਾੜੀ ਰਲ ਬਹੈਂ॥ ਸਿੰਘ ਫਿਰ ਹਰਨ ਹੋ ਜਾਂਦੇ ਨੇ ਜਾ ਕੇ ਜੰਗਲਾਂ ਝਾੜਾਂ ਦੇ ਵਿਚ ਵੜ ਜਾਂਦੇ ਨੇ।

ਆਗੈ ਪੀਛੈ ਫੜ ਤੁਰਕਨ ਖੋਹਿ ਖਹੈਂ॥ ੪੬॥ ਜਦੋਂ ਅੱਗਾ ਪਿੱਛਾ ਹੁੰਦਾ ਹੈ, ਰਾਹ ਤਾਂ ਹੁਣ ਵਗਦੇ ਹੀ ਹਨ, ਉਹਨਾਂ ਦਾ ਗੱਡਾ ਜਾ ਰਿਹਾ, ਊਠ ਜਾ ਰਿਹਾ, ਖੋਹ ਕੇ ਖਾਣਾ ਸ਼ੁਰੂ ਕਰ ਦਿੱਤਾ ਹੁਣ। ੪੬।

ਜਬ ਪਰ ਪੰਥਹੁ ਪੜੇ ਨ ਜੋਰ॥ ਜਦੋਂ ਪੰਥ ਤੇ ਉਨ੍ਹਾਂ (ਤੁਰਕ ਫੌਜ) ਦਾ ਜ਼ੋਰ ਨਾ ਪਵੇ।

ਫੜੈ ਸਿੰਘਨ ਕੈ ਪਿਤ ਮਾਤ ਟੋਰ॥ ਫੇਰ ਉਹ ਸਿੰਘਾਂ ਦੇ ਮਾਤਾ ਪਿਤਾ ਨੂੰ (ਟੋਰ) ਟੋਲ ਕੇ ਲੱਭ ਕੇ ਫੜ ਲੈਂਦੇ ਹਨ।

ਔਰ ਸਿੰਘ ਜੋਊ ਕਿਰਤ ਕਮਾਹਿ॥ ਹੋਰ ਨਗਰਾਂ ਵਿਚ ਜਿਹੜੇ ਕਿਰਤ ਵਿਰਤ ਕਰਨ ਵਾਲੇ ਸਿੰਘ ਸਨ।

ਉਨ ਕੌ ਪਕੜ ਸੋ ਦੇਂ ਮਰਵਾਹਿ॥ ੪੭॥ ਉਹਨਾਂ ਕਿਰਤੀ ਸਿੰਘਾਂ ਨੂੰ ਪਕੜ ਕੇ ਸ਼ਹੀਦ ਕਰਵਾ ਦਿੰਦੇ। ੪੭।

ਹੁਤੇ ਗੁਰਦ੍ਵਾਰੇ ਜੋ ਸਿੰਘ ਰਹੇਂ॥ ਜਿਹੜੇ ਸਿੰਘ ਗੁਰਦੁਆਰੇ ਜਾਂ ਧਰਮਸ਼ਾਲਾਂ ਵਿੱਚ ਰਹਿੰਦੇ ਸਨ।

ਧਰਮਸਾਲ ਮਧ ਬੁੰਗਨ ਬਹੇਂ॥ ਜਿਹੜੇ ਬੁੰਗਿਆਂ ਵਿਚ ਤੇ ਖੇਤਾਂ ਵਿਚ ਸਿੰਘ ਰਹਿੰਦੇ ਸਨ।

ਸੋ ਭੀ ਤੁਰਕਨ ਦੇਂਇ ਫੜਾਇ॥ ਪਨਾਹ ਦੇ ਬਹਾਨੇ ਨਾਲ ਉਨ੍ਹਾਂ ਸਿੰਘਾਂ ਨੂੰ ਵੀ ਫੜਾ ਦਿੱਤਾ ਹੈ।

ਤੁਰਕ ਤਿਨ ਮਾਰੇਂ ਸੀਸ ਕਟਾਇ॥ ੪੮॥ ਤੁਰਕ ਉਹਨਾਂ ਸਿਖਾਂ ਦੇ ਸਿਰ ਕੱਟਵਾ ਕੇ ਮਾਰ ਦਿੰਦੇ ਹਨ ਸ਼ਰੇਆਮ। ੪੮।

ਔਰ ਠੌਰ ਕਿਤ ਸਿੰਘ ਹਥ ਆਹਿ॥ ਹੋਰ ਥਾਵਾਂ ਤੇ ਵੀ ਜਿਥੇ ਸਿੰਘ ਹੱਥ ਆ ਜਾਂਦੇ ਸਨ।

ਤੁਰਤ ਫੁਰਤ ਤਿਹ ਦੇਂ ਮਰਵਾਹਿ॥ (ਤੁਰਤ ਫੁਰਤ) ਕਈਆਂ ਸਿੰਘਾਂ ਨੂੰ ਓਥੇ ਹੀ ਮਾਰਨਾ ਸ਼ੁਰੂ ਕਰ ਦਿੱਤਾ ਜਿਥੇ ਕੋਈ ਫੜਿਆ ਜਾਵੇ ਓਥੇ ਹੀ ਮਾਰ ਦੇਣਾ।

ਤੌ ਭੀ ਹੋਣੋਂ ਸਿੰਘ ਟਲੇ ਸੁ ਨਾਹੀਂ॥ ਭਾਵੇਂ ਕਿੰਨੀ ਸਖਤੀ ਕੀਤੀ ਗਈ ਪਰ ਸਿੰਘ ਬਨਣੋ ਨਹੀਂ ਹਟਦੇ, ਸਿੰਘ ਸਜੀ ਜਾਂਦੇ ਹਨ ਦਿਨ ਰਾਤ।

ਮਰਨੋਂ ਮਝੈਲੈ ਨਾਹਿ ਡਰਾਹੀਂ॥ ੪੯॥ ਜੋ ਮਾਝੇ ਦੇਸ਼ ਦੇ ਵਸਣ ਵਾਲੇ ਮਝੈਲ ਸਿੰਘ ਸਨ ਇਹ ਮਰਨ ਤੋਂ ਉੱਕਾ ਹੀ ਨਹੀਂ ਸੀ ਡਰਦੇ। ੪੯।

ਦੋਹਰਾ॥ ਰਹਤ ਖੂਬ ਬੁਧ ਖੂਬ ਲਖ, ਬਾਣੀ ਖੂਬ ਪੜ੍ਹਾਇ॥ ਜਦੋਂ ਅੰਮ੍ਰਿਤ ਛਕਾਉਣ ਲੋਕਾਂ ਨੂੰ ਸਿੰਘ ਬਣਾਉਣ ਵਾਸਤੇ ਸਿੰਘ ਵਿਚਰਦੇ ਇਹਨਾਂ ਦੀ ਰਹਿਤ ਵੇਖਦੇ, ਸਿੰਘਾਂ ਦੀ ਬੁੱਧੀ ਵੇਖਦੇ ਇਹਨਾਂ ਦੀਆਂ ਦਲੇਰੀਆਂ ਵੇਖਦੇ ਲੋਕ, ਇਹਨਾਂ ਦੇ ਹੌਂਸਲੇ ਵੇਖਦੇ ਸਿੰਘਾਂ ਦੇ ਕਰਤਬ ਵੇਖਦੇ, ਖੂਬ ਬਾਣੀ ਪੜ੍ਹਦੇ ਦੇਖਕੇ।

ਸੁਲਤਾਨੀ ਦਿਵਾਨੀ ਛੋਡ, ਆਇ ਸਤਿਗੁਰ ਪੰਥ ਰਲਵਾਹਿ॥ ੫੦॥ ਸੁਲਤਾਨੀ ਲੋਕ ਜਿਹੜੇ ਸੀ (ਦਿਵਾਨੀ) ਕਮਲੀ ਜਿਹੀ ਰਹਿਤ ਨੂੰ ਛੱਡ ਕੇ, ਆ ਕੇ ਪੰਥ ਵਿਚ ਰਲਦੇ ਸਨ, ਸਿੰਘ ਸਜਦੇ ਸਨ ਯੋਧੇ ਬਹੁਤੇ ਸਨ। ੫੦।

ਚੌਪਈ॥ ਦਿਨੇ ਰਾਤ ਪੰਥ ਵਧਤੋ ਆਵਤ॥ ਦਿਨ ਰਾਤ ਪੰਥ ਵਧਦਾ ਆਉਂਦਾ ਹੈ। ਜੇ ਦਿਨੇ ਤੁਰਕਾਂ ਨੇ ਇੰਤਜ਼ਾਮ ਕਰ ਲਿਆ ਸਿੰਘਾਂ ਨੂੰ ਇਕੱਤਰ ਨਹੀਂ ਹੋਣ ਦਿੰਦੇ ਤਾਂ ਰਾਤ ਬਰਾਤੇ ਅੰਮ੍ਰਿਤ ਪਾਨ ਕਰਾਉਂਦੇ ਇਹ ਰੋਜ ਦਾ ਕੰਮ ਸੀ।

ਘਰ ਤੇ ਲਯਾ ਕਈ ਸਿੰਘਨ ਖਲਾਵਤ॥ ਕਈ ਤਕੜਿਆਂ ਘਰਾਂ ਦੇ ਸਿੰਘ ਗਏ ਅਮੀਰ ਲੋਕ, ਉਹ ਆਪਦੇ ਘਰਾਂ ਤੋਂ ਲੰਗਰ ਤਿਆਰ ਕਰਕੇ ਲਿਆ ਕੇ ਸਿੰਘਾਂ ਨੂੰ ਛਕਾਉਂਦੇ।

ਕਿਸੈ ਪੁਤ੍ਰ ਪੌਤ੍ਰੈ ਕਈ ਆਪ॥ ਕਿਸੇ ਦਾ ਪੁੱਤਰ ਕਿਸੇ ਦਾ ਪੋਤਰਾ ਕੋਈ ਆਪ ਹੀ ਸਿੰਘਾਂ ਵਿਚ ਰਲਿਆ ਹੈ।

ਰਲੈ ਖਾਲਸੈ ਲਖ ਬਡ ਪਰਤਾਪ॥ ੫੧॥ ਖਾਲਸੇ ਦਾ ਵੱਡਾ ਪ੍ਰਤਾਪ ਜਾਣਕੇ ਲੋਕ ਖਾਲਸੇ ਪੰਥ ਵਿੱਚ ਰਲਦੇ ਨੇ। ੫੧।

ਕੋ ਭੂਖੋ ਕੋ ਨੰਗੋ ਹੋਊ॥ ਕਿਸੇ ਨੂੰ ਭੁਖ ਮਰੀ ਹੋ ਗਈ ਭਾਵ ਢਿੱਡੋਂ ਭੁੱਖੇ ਰਹਿਣ ਵਾਲੇ ਅਤੇ ਜਿਨ੍ਹਾਂ ਦੇ ਸਰੀਰ 'ਤੇ ਕੋਈ ਕੱਪੜਾ ਨਹੀਂ ਹੈ ਕਈ ਏਸ ਤਰ੍ਹਾਂ ਦੇ।

ਰਲ ਖਾਲਸੈ ਸੁਖ ਪਾਵੈ ਸੋਊ॥ ਉਹ ਖਾਲਸੇ ਵਿਚ ਰਲ ਜਾਂਦੇ ਨੇ ਏਥੇ ਵੰਡ ਕੇ ਛਕਦੇ ਨੇ।

ਮਾਮਲਯੋਂ ਟੋਟਾ ਜਿਸ ਜੁੰਮੇ ਰਹਾਇ॥ ਸਰਕਾਰੀ ਮਾਮਲਾ ਜੇ ਉਸਨੂੰ ਨਾ ਭਰਿਆ ਜਾਏ ਫਿਰ ਪੁਲਸ ਵਾਲੇ ਫੜਦੇ ਨੇ ਕਿ ਮਾਮਲਾ ਦਿਉ ਸਰਕਾਰ ਦਾ, ਜਿਸ ਨੂੰ ਤੋਟਾ ਪੈ ਜਾਂਦਾ ਸੀ ਜਿਮੀਦਾਰ ਨੂੰ। ਜਿਸ ਦੇ ਜੁੰਮੇ ਸਰਕਾਰੀ ਮਾਮਲਾ ਰਹਿ ਜਾਂਦਾ ਸੀ।

ਹੁਇ ਘਾਟੋ ਜਿਸ ਸੌਦੱਯੋਂ ਆਇ॥ ੫੨॥ ਕੋਈ ਵਪਾਰੀ ਹੈ ਕਿਸੇ ਨੂੰ ਕਿਸੇ ਸੌਦੇ ਵਿਚੋਂ ਘਾਟਾ ਪੈ ਗਿਆ, ਸ਼ਾਹੂਕਾਰ ਆਕੇ ਰੋਜ਼ ਡਾਂਟਦੇ ਹਨ। ੫੨।

ਜੋਰੋ ਜੋਰੀ ਜਿਸ ਗਲ ਪਾਇ॥ ਜੇ ਐਵੇਂ ਬਦੋ ਬਦੀ ਕਿਸੇ ਦੇ ਗਲ ਜੁਰਮ ਪਾਉਂਦੇ ਨੇ, ਐਵੇਂ ਤੁਹਮਤਾਂ ਲਾਉਂਦੇ ਸਨ ਸਰਕਾਰੀ ਅਫਸਰ ਭਾਲਣ ਲੱਗ ਜਾਂਦੇ ਕਿ ਫੜੀਏ ਉਸਨੂੰ ਕਿਉਂਕਿ ਤੁਰਕ ਹੀ ਅਫਸਰ ਹੁੰਦੇ ਸਨ।

ਰਹਿਨ ਨ ਮਿਲੈ ਕਹੂੰ ਕਿਤ ਜਾਇ॥ ਜਿਸਨੂੰ ਰਹਿਣ ਨੂੰ ਨਾ ਮਿਲੇ ਕਿਤੇ (ਜਾਇ) ਜਗ੍ਹਾ (ਥਾਂ)।

ਸੋ ਨਰ ਪੰਥ ਖਾਲਸੈ ਵੜੈ॥ ਐਸੇ ਲੋਕ ਜਿਨ੍ਹਾਂ ਨੂੰ ਪੁਲਸ ਫੌਜ ਤੰਗ ਕਰਦੀ, ਉਹ (ਨਰ) ਮਨੁੱਖ ਖਾਲਸੇ ਪੰਥ ਵਿਚ ਰਲ ਜਾਂਦੇ। ਚਲੋ ਸਿੰਘਾਂ ਨਾਲ ਰਲੀਏ।

ਨਹੀਂ ਗਮ ਵਹਿ ਕਾਹੂੰ ਕਰੈ॥ ੫੩॥ ਫੇਰ ਕਿਸੇ ਕਿਸਮ ਦਾ ਕੋਈ ਉਹ ਗਮ ਨਹੀਂ ਕਰਦੇ। ੫੩।

ਦੋਹਰਾ॥ ਇਸੀ ਤੋਰ ਨਿਤ ਖਾਲਸੋ, ਜਨਮੋ ਜਨਮ ਵਧਾਇ॥ ਇਸ ਤਰ੍ਹਾਂ ਨਿਤਾਪ੍ਰਤੀ ਖਾਲਸਾ (ਜਨਮੋ) ਜਨਮ ਤੋਂ ਹੀ ਭਾਵ ਜਦੋਂ ਅੰਮ੍ਰਿਤ ਛਕ ਕੇ ਸਿੰਘ ਸਜ ਜਾਂਦਾ ਤਾਂ ਕਹਿੰਦੇ ਹਨ ਤੇਰਾ ਨਵਾਂ ਜਨਮ ਹੋਇਆ। ਭਾਵ ਖਾਲਸਾ ਨਿਤ ਜਨਮਦਾ ਹੈ ਅੰਮ੍ਰਿਤ ਪਾਨ ਕਰਦਾ ਹੈ ਇਸ ਤਰ੍ਹਾਂ ਵਾਧਾ ਹੁੰਦਾ ਹੈ ਖਾਲਸੇ ਦਾ।

ਸੋ ਪੰਥ ਸਾਗਰ ਜਿਮ ਅਚੱਲ, ਕੌ ਇਸ ਸਕੈ ਸੁਕਾਇ॥ ੫੪॥ ਉਹ ਪੰਥ ਖਾਲਸਾ ਸਮੁੰਦਰ ਦੇ ਵਾਂਗ ਅਚੱਲ ਹੈ ਖਾਲਸੇ ਪੰਥ ਰੂਪੀ ਸਮੁੰਦਰ ਨੂੰ ਕੌਣ ਸੁਕਾ ਸਕਦਾ ਹੈ। ੫੪।

ਚੌਪਈ॥ ਪੰਥ ਥੋੜ੍ਹੋ ਔ ਥੋੜ੍ਹੋ ਅਸਬਾਬੁ॥ ਪਰ ਅਜੇ ਥੋੜ੍ਹਾ ਸੀ ਪੰਥ ਅਤੇ ਥੋੜ੍ਹਾ ਹੀ (ਅਸਬਾਬ) ਸਮਾਨ ਸੀ ਸਿੰਘਾਂ ਕੋਲ।

ਇਸ ਕਰ ਪੰਥਹੁੰ ਪੁਜੈ ਨ ਕਾਬੁ॥ ਜਿਸ ਕਰਕੇ ਪੰਥ ਤੋਂ ਕਾਬੂ ਨਹੀਂ ਪਾਇਆ ਜਾਂਦਾ ਕਿਉਂਕਿ ਹਥਿਆਰ ਵੀ ਥੋੜੇ ਹਨ, ਬਰੂਦ ਸਿੱਕੇ ਨੂੰ ਪਹੁੰਚਾਉਣ ਵਾਲਾ ਕੋਈ ਨਹੀਂ। ਘੋੜਾ ਜਖਮੀ ਹੋ ਗਿਆ ਉਹ ਵੀ ਨਵਾਂ ਸਪਲਾਈ ਨਹੀਂ ਹੋਣਾ ਹੁੰਦਾ।

ਸਰਬ ਦੇਸ਼ ਤੁਰਕਨ ਕੇ ਪਾਸ॥ ਦੇਸ਼ ਵਾਸੀ ਜਿਹੜੇ ਸਨ ਉਹ ਸਾਰੇ ਉਹਨਾਂ ਦੇ ਗੁਲਾਮ ਸਨ, ਸਾਰਾ ਦੇਸ਼ ਹੀ ਤੁਰਕਾਂ ਦੇ ਮਤਹਿਤ ਸੀ।

ਬਹੁਤੋ ਔ ਬਹੁਤੀ ਫੌਜ ਖਾਸ॥ ੫੫॥ ਤੁਰਕ ਬਹੁਤੇ ਸਨ ਪਰਜਾ ਨਾਲ ਰਲਕੇ ਹੋਰ ਬਹੁਤੇ ਹੋ ਜਾਂਦੇ ਸਨ, ਖਾਸ ਫੌਜ ਸੀ ਜਿਹੜੀ ਤੁਰਕਾਂ ਦੀ ਉਹ ਵੀ ਬਹੁਤ ਸੀ ਗਿਣਤੀ ਵਿੱਚ। ੫੫।

ਬਡੋ ਕੋਟ ਔ ਬਡੇ ਤੋਪਖਾਨੇ॥ ਵੱਡੇ ਵੱਡੇ ਕਿਲ੍ਹੇ ਕੋਟ ਉਸਾਰੇ ਹੋਏ ਸਨ ਪਿੰਡ ਪਿੰਡ ਸ਼ਹਿਰ ਸ਼ਹਿਰ ਦੇ ਵਿੱਚ ਤੇ ਤੋਪਖਾਨਿਆਂ ਦਾ ਇੰਤਜ਼ਾਮ ਸੀ। ਜਗ੍ਹਾ ਜਗ੍ਹਾ ਕਿਲ੍ਹਿਆਂ ਤੇ ਤੋਪਾਂ ਚੜ੍ਹਾਈਆਂ ਹੋਈਆਂ ਸਨ।

ਨਹੀਂ ਸਿੰਘਨ ਪੈ ਕਛੂ ਸਮਾਨੇ॥ ਸਿੰਘਾਂ ਦੇ ਪਾਸ ਕੋਈ ਵੱਡਾ ਸਮਾਨ ਨਹੀਂ ਸੀ, ਨਾ ਕੋਈ ਤੋਪਖਾਨਾ ਨਾ ਕੋਈ ਕਿਲ੍ਹਾ ਕੋਟ, ਰੜੇ ਪਧਰੇ ਹੀ ਰਹਿੰਦੇ ਸਨ, ਗੁਜ਼ਾਰਾ ਕਰਦੇ ਸੀ।

ਰਲ ਸੁਲਤਾਨੀਅਨ ਕਰੀ ਖੁਆਰੀ॥ ਨਾਲ ਸੁਲਤਾਨੀ ਸਖੀ ਸਰਵਰ ਦੇ ਚੇਲਿਆਂ ਨੇ ਰਲ ਕੇ ਖੁਆਰੀ ਕੀਤੀ ਹੈ।

ਛੱਡ ਘਰ ਸਿੰਘ ਰਲ ਗਏ ਝਾੜੀ॥ ੫੬॥ ਸਿੰਘਾਂ ਨੇ ਵੀ ਘਰਾਂ ਨੂੰ ਛੱਡ ਕੇ ਜੰਗਲਾਂ ਵਿੱਚ ਪ੍ਰਵੇਸ਼ ਕਰ ਲਿਆ ਹੈ। ਝਾੜਾਂ ਵਿੱਚ ਜਾ ਕੇ ਝੁੰਡਾਂ ਵਿੱਚ ਬਹਿ ਗਏ ਲੁਕ ਕੇ। ੫੬।

ਅਨੰਦ ਪੁਰ ਕੀ ਸਾਖੀ (ਮਸੰਦਾਂ ਨੂੰ ਦੰਡ ਕਿਉਂ ਦਿੱਤਾ)

ਚੌਪਈ॥ ਅਬ ਸੁਨੀਯੋ ਅਨੰਦਪੁਰ ਕੀ ਬਾਤ॥ ਹੁਣ ਅਨੰਦ ਪੁਰ ਸਾਹਿਬ ਦੀ ਗੱਲ ਸੁਣੋ।

ਰਹੀ ਬਾਤ ਅਬ ਉਤ ਵਲ ਜਾਤ॥ ਅੰਮ੍ਰਿਤ ਛਕਾਉਣ ਤੋਂ ਬਾਅਦ ਜਿਹੜੀ ਗੱਲ ਰਹਿ ਗਈ ਸੀ। ਸਤਿਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਵਿੱਚ ਹਨ। ਖਾਲਸਾ ਪ੍ਰਗਟ ਹੋ ਚੁਕਾ ਹੈ, ਹੁਣ ਉਧਰ ਜਿਹੜੀ ਗੱਲ ਰਹਿ ਗਈ ਉਹਦੇ ਵੱਲ ਜਾਂਦੇ ਹਾਂ।

ਪਰਯੋ ਬੈਰ ਜਿਮ ਪ੍ਰਬਤੀਅਨ ਸਾਥ॥ ਜਿਵੇਂ (ਪ੍ਰਬਤੀਅਨ) ਪਹਾੜੀਆਂ ਨਾਲ ਵੈਰ ਪੈ ਗਿਆ ਹੈ।

ਲਿਖਤ ਸਭੀ ਵਡ ਗ੍ਰੰਥ ਹੁਇ ਜਾਤ॥ ੧॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਜੇ ਅਸੀਂ ਇਹ ਸਾਰਾ ਪ੍ਰਸੰਗ ਲਿਖੀਏ ਤਾਂ ਇਹ ਗ੍ਰੰਥ ਵੱਡਾ ਹੋ ਜਾਇਗਾ, ਬਹੁਤ ਜਿਆਦਾ ਵੱਧ ਜਾਇਗਾ। ੧।

ਗੁਰ ਬਿਲਾਸ ਮੱਧ ਬਹੁ ਕਹੀ॥ ਗੁਰ ਬਿਲਾਸ ਗ੍ਰੰਥ ਵਿਚ ਭਾਈ ਸੁੱਖਾ ਸਿੰਘ ਜੀ ਨੇ ਬਹੁਤ ਵਿਸਥਾਰ ਨਾਲ ਪੰਥ ਦਾ ਹਾਲ ਲਿਖਿਆ ਹੈ।

ਕਹੀ ਚਹੀਐ ਜੋ ਉਸਤੇ ਰਹੀ॥ ਇਥੇ ਤਾਂ ਓਹੀ ਗੱਲ ਕਹਿਣੀ ਚਾਹੁੰਦੇ ਹਾਂ ਜੋ ਗੁਰਬਿਲਾਸ ਵਿਚ ਰਹਿ ਗਈ ਹੈ। ਉਹ ਅਸੀਂ ਲਿਖਦੇ ਹਾਂ ਪ੍ਰਸੰਗ।

ਯਾ ਤੇ ਬਹੁਤ ਨ ਕਹੂੰ ਪਸਾਰਾ॥ ਜਿਸ ਕਰਕੇ ਕਿਤੇ ਬਹੁਤ (ਪਸਾਰ) ਵਿਸਥਾਰ ਨਹੀਂ ਲਿਖਿਆ।

ਬਹੁਤ ਪਸਾਰੈ ਹੁਹਿ ਗ੍ਰੰਥ ਭਾਰਾ॥ ੨॥ ਜੇ ਮੈਂ ਬਹੁਤਾ ਵਿਸਥਾਰ ਕੀਤਾ, ਕਥਾ ਪ੍ਰਸੰਗ ਵਧਾਇਆ ਤਾਂ ਗ੍ਰੰਥ ਵੀ ਭਾਰਾ ਹੋ ਜਾਇਗਾ। ਵੱਡੀ ਪੋਥੀ ਬਣ ਜਾਇਗੀ। ੨।

ਬਹੁਤ ਹੋਇ ਜਿਸ ਸੁਨਨੈ ਹੇਤ॥ ਜਿਸਨੂੰ ਬਹੁਤੀ ਕਥਾ ਸੁਣਨ ਦਾ (ਹੇਤ) ਪਿਆਰ ਹੈ।

ਗੁਰ ਬਿਲਾਸ ਤੇ ਸੋ ਲੇਵੇ ਭੇਤ॥ ਉਹ ਗੁਰ ਬਿਲਾਸ ਤੋਂ ਭੇਤ ਲਵੇ। ਗੁਰ ਬਿਲਾਸ ਵਿਚੋਂ ਪੜ੍ਹ ਲਉ ਸੁਣ ਲਉ ਉਹ ਪ੍ਰਸੰਗ ਵੱਡੇ ਵੱਡੇ ਲਿਖੇ ਹੋਏ ਨੇ।

ਬੀਜ ਮਾਤ੍ਰ ਸੋ ਭੀ ਕਹਿ ਦੇਊਂ॥ ਉਹ ਪ੍ਰਸੰਗ ਵੀ ਮੈਂ (ਬੀਜ ਮਾਤ੍ਰ) ਥੋੜ੍ਹਾ ਥੋੜ੍ਹਾ ਨਾਲ ਦੀ ਨਾਲ ਤੁਹਾਨੂੰ ਸੁਣਾਉਂਦਾ ਹਾਂ।

ਪਰਸੰਗ ਅਗਲੋ ਪਿਛੈ ਮਿਲੇਊਂ॥ ੩॥ ਅਗਲਾ ਪ੍ਰਸੰਗ ਪਿਛਲਾ ਦੋਵੇਂ ਮਿਲਾ ਕੇ ਗੁਰ ਬਿਲਾਸ ਦਾ ਵੀ ਜੋ ਉਹਨਾਂ ਤੋਂ ਰਿਹਾ ਉਹ ਵੀ, ਮੈਂ ਦੋਨੋਂ ਪ੍ਰਸੰਗ ਮਿਲਾ ਕੇ ਤੁਹਾਨੂੰ ਸੁਣਾਵਾਂਗਾ। ੩।

ਦੋਹਰਾ॥ ਜਬ ਸਤਿਗੁਰ ਖੜਗੌ ਚੁਕਾ, ਪੰਥ ਬਧਾਵਨ ਉਪਾਇ॥ ਜਦੋਂ ਸਤਿਗੁਰੂ ਜੀ ਨੇ (ਖੜਗ) ਤਲਵਾਰ ਚੁੱਕ ਲਈ, ਪੰਥ ਨੂੰ ਵਧਾਉਣ ਵਾਸਤੇ।

ਹੇਤ ਵਧਯੋ ਸੰਗ ਖਾਲਸੈ, ਔਰ ਦਏ ਸਭ ਪਿੱਛੈ ਪਾਇ॥ ੪॥ ਖਾਲਸੇ ਨਾਲ ਪਿਆਰ ਵੱਧ ਗਿਆ ਸਤਿਗੁਰਾਂ ਦਾ, ਕਿਉਂਕਿ ਹੱਥੀਂ ਨਿੱਜੀ ਸਜਾਇਆ ਹੈ ਵਰਦਾਨ ਵੇਖ ਲਉ ਕਿੱਡਾ ਸਤਿਗੁਰਾਂ ਦਿੱਤਾ ਹੈ ਜਿਵੇਂ ਮਹਾਰਾਜ ਕਹਿੰਦੇ ਨੇ ''ਜਿਸਕੀ ਸਾਜਨਾ ਹਮ ਕਰੀ ਖਾਸ ਆਪਨੇ ਹਾਥ॥ ਤਿਸਕੀ ਸਮਸਰ ਜੋ ਕਰੇ ਜਲ ਜਾਵੈ ਕੁਲ ਸਾਥ'' ਹੋਰ ਸਭ ਪਿੱਛੇ ਪਾ ਦਿੱਤੇ ਹਨ ਸਭ ਕੁਝ ਖਾਲਸੇ ਦੇ ਸਪੁਰਦ ਕਰ ਦਿੱਤਾ ਹੈ। ੪।

ਚੌਪਈ॥ ਸਤਿਗੁਰ ਕਰੈਂ ਵਡ ਖਾਲਸੈ ਹੇਤ॥ ਸਤਿਗੁਰੂ ਜੀ ਖਾਲਸੇ ਨਾਲ ਬੜਾ ਪਿਆਰ ਕਰਦੇ ਹਨ। (ਹੇਤ) ਪਿਆਰ।

ਚੰਗੀ ਵਸਤੁ ਗੁਰ ਪੰਥੈ ਦੇਤ॥ ਸਤਿਗੁਰਾਂ ਦੇ ਕੋਲ ਚੰਗੇ ਚੰਗੇ ਹਥਿਆਰ ਚੰਗੇ ਘੋੜੇ ਅਤੇ ਧਨ ਮਾਲ ਪਦਾਰਥ ਆਉਂਦਾ ਹੈ। ਜਿਹੜੀ ਚੰਗੀ ਵਸਤੂ ਹੈ ਖਾਲਸੇ ਪੰਥ ਨੂੰ ਦਿੰਦੇ ਹਨ ਮਹਾਰਾਜ। ਉਹ ਮਸੰਦਾਂ ਨੂੰ ਕਹਿੰਦੇ ਦਾਲ ਫੁਲਕਾ ਖਾਓ।

ਜਹਿਂ ਹੁਤੇ ਮਸੰਦ ਮੇਵੜੇ ਜਾਤ॥ ਜਿਥੇ ਮੇਵੜੇ ਕਾਰੋਬਾਰੀਏ ਤੇ ਮਸੰਦ ਜਾਂਦੇ ਹੁੰਦੇ ਸਨ ਕਾਰੋਬਾਰ ਵਿੱਚ।

ਤਹਿੰ ਤਹਿੰ ਸਤਿਗੁਰ ਸਿੰਘਨ ਘਲਾਤ॥ ੫॥ ਓਥੇ ਓਥੇ ਸਿੰਘਾਂ ਨੂੰ ਘੱਲਿਆ ਕਰਨ। ਪਹਿਲਾਂ ਮਸੰਦਾਂ ਨੂੰ ਘਲਦੇ ਸਨ ਦਸਵੰਧ ਲੈਣ ਵਾਸਤੇ ਗੁਰੂ ਘਰ ਦਾ, ਹੁਣ ਉਹਨਾਂ ਨੂੰ ਮਹਾਰਾਜ ਆਗਿਆ ਨਹੀਂ ਦਿੰਦੇ। ਕਿਉਂਕਿ ਉਹ ਜਾਕੇ ਖਰਾਬੀ ਕਰਦੇ ਨੇ। ੫।

ਗੁਰਦ੍ਵਾਰਨ ਔ ਹਜ਼ੂਰੀਂਹ ਪਾਸ॥ ਵੱਡੇ ਗੁਰਧਾਮਾਂ ਦਾ ਇੰਤਜਾਮ ਅਤੇ ਹਜੂਰ (ਕਲਗੀਧਰ ਪਾਤਸ਼ਾਹ) ਦੇ ਚਰਨਾਂ ਵਿੱਚ ਵੀ ਖਾਲਸਾ ਮੁਖਤਿਆਰ, ਗੁਰਦੁਆਰਿਆਂ ਵਿਚ ਵੀ ਸਿੰਘ ਅੰਮ੍ਰਿਤਧਾਰੀ ਜਿਹੜੇ ਸੀ ਉਹਨਾਂ ਨੂੰ ਸਜਾ ਕੇ ਭੇਜ ਦਿੱਤਾ।

ਖਾਲਸੈ ਸੌਂਪੀ ਕਰਨ ਅਰਦਾਸ॥ ਇਹ ਗੁਰੂ ਘਰ ਦੀ ਅਰਦਾਸ ਉਦੋਂ ਮੇਵੜੇ ਸਦਾਉਂਦੇ ਸੀ ਅਰਦਾਸੀਏ, ਅਰਦਾਸ ਕਰਨ ਵਾਲੇ ਗੁਰੂ ਸਾਹਿਬ ਦੇ ਚਰਨਾਂ ਵਿੱਚ। ਇਹ ਅਰਦਾਸ ਦੀ ਜੋ ਪ੍ਰੰਪਰਾ ਸੀ ਮੁਯਾਦਾ ਉਹ ਵੀ ਮਹਾਰਾਜ ਨੇ ਅੰਮ੍ਰਿਤਧਾਰੀ ਸਿੰਘਾਂ ਨੂੰ ਸੌਂਪ ਦਿੱਤੀ ਹੈ।

ਮਾਲ ਮੁਲਖ ਔ ਤੋਸ਼ੇਖਾਨੀ॥ ਜਿੰਨਾਂ ਮਾਲ ਧਨ ਸੀ ਘੋੜੇ ਆਦਿਕ ਤੇ ਤੋਸ਼ੇਖਾਨੇ ਸਤਿਗੁਰਾਂ ਦੇ ਖਜਾਨੇ ਭਰੇ ਹੋਏ ਸਨ ਹਰੇਕ ਵਸਤੂਆਂ ਦੇ।

ਸਭੈ ਚੀਜ਼ ਪਾਸ ਖਾਲਸੈ ਠਾਨੀ॥ ੬॥ ਜਿਤਨੀ ਵੀ ਸਮੱਗ੍ਰੀ ਸੀ ਸਤਿਗੁਰਾਂ ਦੇ ਘਰ ਦੀ ਸਭ ਖਾਲਸੇ ਦੇ ਹੱਥ ਕਰ ਦਿੱਤੀ, ਲਉ ਜੀ ਤੁਸੀਂ ਵਰਤਾਉਣਾ। ੬।

ਮੇਵੜੇ ਮਸੰਦਨ ਕਹਯੋ 'ਸਿੰਘ ਹੋਵੋ॥ ਮੇਵੜਿਆਂ ਮਸੰਦਾਂ ਨੂੰ ਸਤਿਗੁਰੂ ਜੀ ਨੇ ਕਿਹਾ ਤੁਸੀਂ ਸਿੰਘ ਸਜੋ।

ਨਹੀਂ ਤਾਂ ਅਪਨੀ ਪਤ ਜਾਨ ਖੋਵਹੁ' ॥ ਸਾਹਿਬ ਜੀ ਨੇ ਹੁਕਮ ਕਰ ਦਿੱਤਾ, ਓ ਮੇਵੜਿਓ! ਈਰਖਾ ਕਿਉਂ ਕਰਦੇ ਹੋ ਤੁਸੀਂ ਅੰਮ੍ਰਿਤਪਾਨ ਕਰ ਲਉ, ਸਿੰਘ ਸਜੋ। ਤੇ ਜੇ ਐਵੇਂ ਖਾਹ ਮਖਾਹ ਸਿੰਘਾਂ ਨਾਲ ਗੱਲ ਕੀਤੀ ਨਾ ਕੋਈ ਤੁਸੀਂ ਆਪਦੀ ਪਤ ਗੁਆ ਲਉਗੇ, ਸਿੰਘ ਸੋਧ ਦੇਣਗੇ ਫੜਕੇ। ''ਸਿੰਘਾਂ ਨੂੰ ਖਬਰਦਾਰ ਕਰ ਦਿੱਤਾ ਮਹਾਰਾਜ ਨੇ''।

ਸੋਊ ਮਸੰਦਨ ਲਾਗੈ ਬੁਰੀ॥ ਸਤਿਗੁਰੂ ਤਾਂ ਭਲੀ ਕਹਿੰਦੇ ਨੇ ਅੰਮ੍ਰਿਤ ਛਕ ਲਉ, ਜਨਮ ਸਵਾਰ ਲਉ ਖਾਲਸੇ ਵਿੱਚ ਭਰਤੀ ਹੋ ਜਾਓ, ਹੁਣ ਇਨ੍ਹਾਂ ਮੇਵੜਿਆਂ ਮਸੰਦਾਂ ਨੂੰ ਬੁਰੀ ਲੱਗਦੀ ਹੈ ਹਰੇਕ ਗੱਲ।

ਜਨ ਉਨ ਲਾਗੀ ਸੀਨੈ ਛੁਰੀ॥ ੭॥ ਗੁਰੂ ਜੀ ਬਚਨ ਤਾਂ ਚੰਗਾ ਕਹਿੰਦੇ ਨੇ ਇਹਨਾਂ ਦੇ ਭਲੇ ਦਾ ਪਰ ਇਹਨਾਂ ਨੂੰ ਇਉਂ ਲੱਗਦਾ ਹੈ ਜਿਵੇਂ ਸੀਨੇ ਵਿੱਚ ਛੁਰੀ ਲੱਗਦੀ ਹੈ, ਇਉਂ ਦੁੱਖ ਲੱਗਦਾ ਹੈ। ੭।

ਤਿਨ ਮਾਤਾ ਪਹਿ ਚੁਗਲੀ ਖਾਈ॥ ਇਹਨਾਂ ਮਸੰਦਾਂ ਨੇ ਮੇਵੜਿਆਂ ਨੇ ਰਲ ਕੇ ਮਾਤਾ ਗੂਜਰੀ ਕੋਲ ਜਾ ਕੇ ਚੁਗਲੀ ਕੀਤੀ। ਗੁਰੂ ਸਾਹਿਬ ਦੇ ਉਤੇ ਰਿਪੋਟ ਲਾਉਂਦੇ ਨੇ ਜਾ ਕੇ।

ਕਹੈਂ 'ਗੁਰ ਕੌ ਕਮਲ ਤਨ ਆਈ॥ ਹੇ ਮਾਤਾ ਜੀ! ਅਸੀਂ ਤਾਂ ਇਹ ਅੰਦਾਜਾ ਲਾਈ ਬੈਠੇ ਹਾਂ ਸਤਿਗੁਰਾਂ ਦੇ (ਤਨ) ਸਰੀਰ ਵਿਚ ਕਮਲ ਆ ਗਿਆ ਹੈ ਭਾਵ ਗੁਰੂ ਹੁਣ ਕਮਲੇ ਹੋ ਗਏ ਨੇ ਇਹਨਾਂ ਨੂੰ ਪਤਾ ਹੀ ਨਹੀਂ ਰਿਹਾ ਕਿਸੇ ਗੱਲ ਦਾ।

ਦੇਵੈਂ ਸਿੰਘਨ ਮਾਲ ਲੁਟਾਇ॥ ਸਾਰਾ ਖਜ਼ਾਨਾ ਮਾਲ ਸਿੰਘਾਂ ਨੂੰ ਲੁਟਾਈ ਤੁਰੇ ਜਾਂਦੇ ਨੇ। ਲੈ ਲਉ, ਲੈ ਲਵੋ ਛਕ ਲਉ ਛਕਾ ਲਉ ਇਹ ਕੋਈ ਚੰਗੀ ਗੱਲ ਥੋੜੇ ਹੀ ਹੈ। ਖਜ਼ਾਨਾ ਹੀ ਲੁਟਾ ਦੇਣਾ ਹੈ। ਮਾਤਾ ਜੀ ਦੱਸੋ ਫੇਰ ਕੀ ਫਰਕ ਰਹਿ ਗਿਆ, ਕਮਲ ਹੋ ਗਿਆ ਇਨ੍ਹਾਂ ਨੂੰ।

ਕਿਮ ਸਿੰਘਨ ਤੇ ਮੁਲਕ ਮਿਲਾਇ॥ ੮॥ ਕਿਵੇਂ ਸਿੰਘਾਂ ਤੋਂ ਮੁਲਕ ਮਿਲ ਆਵੇਗਾ ਭਾਵ ਸਿੰਘਾਂ ਤੋਂ ਰਾਜ ਨਹੀਂ ਪ੍ਰਾਪਤ ਹੋ ਸਕਦਾ। ੮।

ਕਯਾ ਜਟ ਬੂਟਨ ਪਤਿਸਾਹੁ ਬਣਾਵੈਂ॥ ਨਵੀਂ ਗੱਲ ਦਸਦੇ ਨੇ ਅਸੀਂ ਇਹਨਾਂ ਨੂੰ ਪਾਤਸ਼ਾਹ ਬਣਾ ਦੇਣਾ ਹੈ ਆਹ ਜੱਟ ਬੂਟਾਂ ਨੂੰ ਪਾਤਸ਼ਾਹ ਬਣਾ ਦੇਣਗੇ।

ਕਯਾ ਛੇਲੀ ਸੇਤੀ ਸ਼ੇਰ ਤੁੜਾਵੈਂ॥ ਦੱਸੋ। ਇਹ (ਛੇਲੀ) ਬਕਰੀਆਂ ਵਰਗੇ ਲੋਕ ਇਹਨਾਂ ਤੋਂ (ਸ਼ੇਰ) ਤੁਰਕ ਫੌਜਾਂ ਦਾ ਸ਼ਿਕਾਰ ਕਿਵੇਂ ਕਰਵਾ ਦੇਣਗੇ।

ਚਿੜੀਅਨ ਤੇ ਮਰਵਾਏਂ ਬਾਜ॥ ਇਹ ਚਿੜੀਆਂ ਤੋਂ ਬਾਜ ਕਿਵੇਂ ਮਰਵਾ ਦੇਣਗੇ? ਨਵੀਂ ਗੱਲ ਹੈ ਨਾ। ਸਾਹਿਬ ਕਹਿੰਦੇ ਨੇ 'ਚਿੜੀਆਂ ਕੋਲੋਂ ਬਾਜ ਤੁੜਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ'' ''ਸਵਾ ਲਾਖ ਸੇ ਏਕ ਲੜਾਊਂ'' ਕਹਿੰਦੇ ਇਹ ਕਿਵੇਂ ਹੋ ਸਕਦਾ ਮਾਤਾ ਜੀ।

ਤੌ ਜੱਟ ਬੂਟਨ ਆਵੈ ਰਾਜ॥ ੯॥ ਇਹਨਾਂ ਜੱਟਾਂ ਬੂਟਾਂ ਇਹਨਾਂ ਦੇ ਪਿਉ ਦਾਦੇ ਕਿਸੇ ਨੇ ਰਾਜ ਕੀਤਾ? ਤੇ ਹੁਣ ਰਾਜ ਇਹਨਾਂ ਨੂੰ ਕਿਵੇਂ ਆ ਜਾਇਗਾ। ਜੇ ਚਿੜੀਆਂ ਤੋਂ ਬਾਜ ਮਰ ਜਾਣ, ਬੱਕਰੀਆਂ ਸ਼ੇਰਾਂ ਦਾ ਸ਼ਿਕਾਰ ਕਰਨ ਤਾਂ ਜੱਟ ਬੂਟਾਂ ਦੇ ਪਾਸ ਰਾਜ ਆਵੇਗਾ ਇਸ ਤਰ੍ਹਾਂ ਕਹਿੰਦੇ ਹਨ ਮਸੰਦ। ੯।

ਦੋਹਰਾ॥ ਜੌ ਪਾਤਸ਼ਾਹਿਨ ਯਹ ਸੁਨੀ, ਦੇਵੈਂ ਫੌਜ ਚੜ੍ਹਾਇ॥ ਮਾਤਾ ਜੀ ਇਹ ਜਿਹੜੀਆਂ ਗੱਲਾਂ ਅਨੰਦਪੁਰ ਵਿਚ ਹੁੰਦੀਆਂ ਨੇ ਜਦੋਂ ਪਾਤਸ਼ਾਹ ਨੇ ਸੁਣੀਆਂ ਤਾਂ ਉਹ ਤੁਰਕਾਂ ਦੀ ਫੌਜ ਚੜ੍ਹਾ ਦੇਣਗੇ ਸਤਿਗੁਰੂ ਜੀ ਉੱਤੇ।

ਠੌਰ ਨ ਲਭਊ ਗੁਰ ਲੁਕਨ, ਫੜ ਸਭ ਦੇਂ ਮਰਵਾਇ॥ ੧੦॥ ਗੁਰੂ ਲੁਕਨ ਨੂੰ (ਠੌਰ) ਜਗ੍ਹਾ ਨਹੀਂ ਮਿਲਣੀ ਕਿਧਰੇ, ਤੇ ਤੁਰਕ ਲੈ ਜਾਣਗੇ ਫੜ ਕੇ ਸਾਰਿਆਂ ਨੂੰ ਮਰਵਾ ਦੇਣਗੇ ਸਾਨੂੰ। ਏਸ ਤਰ੍ਹਾਂ ਦੀਆਂ ਗੱਲਾਂ ਕਰਕੇ ਚੁਗਲੀਆਂ ਕਰਕੇ ਮਸੰਦ ਮਾਤਾ ਗੂਜਰੀ ਜੀ ਨੂੰ ਗੁਰੂ ਜੀ ਦੇ ਵਿਰੁਧ ਭੜਕਾ ਰਹੇ ਹਨ ਕਿ ਗੁਰੂ ਜੀ ਕਮਲੇ ਹੋ ਗਏ। ੧੦।

ਚੌਪਈ॥ ਸੋਊ ਬਾਤ ਮਾਤਾ ਮੰਨ ਲਈ॥ ਮਾਤਾ ਜੀ ਨੇ ਉਹ ਗੱਲ ਮੰਨ ਲਈ ਇਨ੍ਹਾਂ ਮਸੰਦਾਂ ਦੀ, ਕਿਉਂਕਿ ਪੁਰਾਣੇ ਜੁ ਸੀ ਕੋਲ ਰਹਿਣ ਵਾਲੇ ਟਹਿਲੂਏ ਸੀ, ਇਉਂ ਮਾਤਾ ਜੀ ਨੂੰ ਯਕੀਨ ਕਰਾ ਦਿਤਾ ਪੱਕੀ ਗੱਲ ਹੈ।

'ਸਭੀ ਬਾਤ ਤੈਂ ਸੱਚੀ ਕਹੀ'॥ ਮਾਤਾ ਜੀ ਮਸੰਦਾਂ ਨੂੰ ਕਹਿਣ ਲੱਗੇ ਠੀਕ ਹੈ ਭਈ ਤੁਸੀਂ ਗੱਲਾਂ ਸਾਰੀਆਂ ਸੱਚੀਆ ਕਹੀਆਂ। ਹੈ ਏਵੇਂ ਹੀ ਗੱਲ ਜਿਵੇਂ ਤੁਸੀਂ ਆਖਿਆ।

ਦਿਵਾਨ ਮੁਸੱਦੀ ਸੱਦ ਲਏ ਸਾਰੇ॥ ਜਿੰਨੇ ਦੀਵਾਨ ਸਨ 'ਦਿਵਾਨ' ਕਹਿੰਦੇ ਨੇ ਜਿਵੇਂ ਅਦਾਲਤਾਂ ਕਰਦੇ ਹਨ (ਮੁਸੱਦੀ) ਮੁਨਸ਼ੀ ਲਿਖਣ ਪੜ੍ਹਨ ਵਾਲੇ। ਸਤਿਗੁਰੂ ਅਦਾਲਤ ਉਥੇ ਲਾਉਂਦੇ ਸਨ ਨਿਆਂ ਇਨਸਾਫ ਹੁੰਦਾ ਸੀ ਅਨੰਦਪੁਰ ਦਾ ਰਾਜ ਕਰਦੇ ਸੀ। ਉਹਨਾਂ ਨੂੰ ਸੱਦ ਕੇ ਸਾਰਿਆਂ ਨੂੰ।

ਕਹੈਂ ਗੁਰੂ ਗਈ ਬਾਇ ਸੁ ਮਾਰੇ॥੧੧॥ ਸਾਰਿਆਂ ਨੂੰ ਕਹਿੰਦੇ ਨੇ ਗੁਰੂ ਨੂੰ ਬਾਅ ਮਾਰ ਗਈ ਹੈ, ਬਾਅ ਕਹਿੰਦੇ ਹਨ ਕਮਲ ਨੂੰ, ਗੁਰੂ ਨੂੰ ਕਮਲ ਹੋ ਗਿਆ ਹੈ, ਗੁਰੂ ਕਮਲੇ ਹੋ ਗਏ ਨੇ ਇਉਂ ਕਹਿਣਾ ਸ਼ੁਰੂ ਕਰ ਦਿੱਤਾ, ਪ੍ਰਚਾਰ ਸ਼ੁਰੂ ਕਰ ਦਿੱਤਾ ਘਰ ਵਿਚ। ੧੧।

ਜਿਸ ਦਿਨ ਤੇ ਚੰਡੀ ਜਗਵਾਈ॥ ਮਾਤਾ ਜੀ ਨੇ ਕਹਿ ਦਿੱਤਾ ਜਿਸ ਦਿਨ ਤੋਂ ਅਨੰਦਪੁਰ ਸਾਹਿਬ ਚੰਡੀ ਜਗਾਈ ਹੈ! ਉਤੇ ਪਹਾੜ ਦੇ ਪ੍ਰਗਟ ਕੀਤੀ ਹੈ ਮਹਾਰਾਜ ਸੱਚੇ ਪਾਤਸ਼ਾਹ ਜੀ ਨੇ ਆਦਿ ਸ਼ਕਤੀ ਨੂੰ ਉਥੋਂ ਪ੍ਰਗਟ ਕਰਕੇ ਸ੍ਰੀ ਸਾਹਿਬ ਦੇ ਰੂਪ ਵਿਚ ਲਿਆਂਦਾ ਹੈ। ਗੁਰੂ ਖਾਲਸੇ ਨੂੰ ਗੋਦ ਵਿਚ ਪਾਇਆ ਹੈ ਮਾਤਾ ਜੀ ਕਹਿੰਦੇ ਉਸ ਦਿਨ ਤੋਂ ਹੀ ਫ਼ਰਕ ਪੈ ਗਿਆ, ਮੀਣੇ ਮਸੰਦ ਵੀ ਏਸੇ ਤਰ੍ਹਾਂ ਹੀ ਕਹੀ ਜਾਂਦੇ ਹਨ ਸਾਰਿਆਂ ਨੇ ਹੀ ਇਹ ਗੱਲ ਜਚਾ ਦਿੱਤੀ।

ਚੰਡੀ ਕੋਪ ਕਰ ਉਲਟੀ ਆਈ॥ ਚੰਡੀ ਕੋਪ ਕਰ ਗਈ ਹੈ ਇਸ ਕਰਕੇ ਉਲਟੀ ਪੈ ਗਈ ਇਹਨਾਂ ਨੂੰ, ਜਿਥੇ ਚੰਡੀ ਤੋਂ ਲਾਭ ਲੈਣਾ ਚਾਹੁੰਦੇ ਸਨ ਉਹ ਗੱਲ ਤਾਂ ਬਣੀ ਨਹੀਂ ਉਹ ਸਰੀਰ 'ਤੇ ਪੈ ਗਈ ਆ ਕੇ, ਇਸ ਕਰਕੇ ਮਹਾਰਾਜ ਨੂੰ ਪਤਾ ਹੀ ਨਹੀਂ ਰਿਹਾ, ਕੀ ਮੈਂ ਕਰਨਾ? ਕੀ ਨਹੀਂ ਕਰਨਾ।

ਪਤਿਸ਼ਾਹਿਨ ਸੌਂ ਚੱਕਯੋ ਬੈਰ॥ ਦੇਖੋ ਇਹ ਨਵੀਂ ਗੱਲ ਜਿਹੜੇ ਦੁਨੀਆਂ ਦੇ ਪਾਤਸ਼ਾਹ ਨੇ ਭਾਵ ਤੁਰਕ ਨੇ ਉਹਨਾਂ ਨਾਲ ਵੈਰ ਵਿੱਢ ਲਿਆ ਹੈ, ਜਦੋਂ ਰਾਜੇ ਬਾਦਸ਼ਾਹ ਨਾਲ ਵੈਰ ਵਿੱਢ ਲਈਏ ਫਿਰ ਕਿਥੋਂ ਖੈਰ ਰਹਿਣੀ ਹੈ। ਇਉਂ ਮਾਤਾ ਜੀ ਨੂੰ ਦੱਸੀ ਜਾਂਦੇ ਹਨ।

ਸੋ ਮਾਰਹਿੰਗੇ ਸਬਹਨਿ ਘੇਰ॥੧੨॥ ਉਹਨਾਂ ਨੇ ਘੇਰਾ ਪਾ ਲੈਣਾ ਹੈ ਸਾਨੂੰ ਫੜ ਕੇ ਮਾਰਨਗੇ ਸਾਰਿਆਂ ਨੂੰ। ੧੨।

ਅਬ ਮਿਲ ਸਬਹਨਿ ਕੀਯੋ ਉਪਾਇ॥ ਮਾਤਾ ਜੀ ਨੂੰ ਕਹਿੰਦੇ ਹਨ ਹੁਣ ਆਪਾਂ ਸਾਰੇ ਮਿਲ ਕੇ ਉਪਾਉ ਕਰ ਲਈਏ।

ਜੁਝਾਰ ਸਿੰਘ ਦਯੋ ਟਿੱਕੋ ਬਹਾਇ॥ ਸਾਹਿਬਜ਼ਾਦਾ ਜੁਝਾਰ ਸਿੰਘ ਨੂੰ ਗੁਰਗੱਦੀ ਦਾ (ਟਿੱਕੋ) ਤਿਲਕ ਲਾ ਕੇ ਗੁਰ ਗੱਦੀ 'ਤੇ ਬਿਠਾ ਦਿਉ। ਭਾਵ ਗੁਰੂ ਜੀ ਨੂੰ ਬੰਨ੍ਹ ਲਵੋ ਕਮਲੇ ਹੋ ਗਏ ਹਨ ਤੇ ਜੁਝਾਰ ਸਿੰਘ ਨੂੰ ਗੱਦੀ 'ਤੇ ਬੈਠਾ ਦਿਉ। ਇਉਂ ਸਲਾਹ ਕਰ ਲਈ ਮਾਤਾ ਜੀ ਦੇ ਕੋਲ ਮਸੰਦਾਂ ਨੇ।

ਤੌ ਸਤਿਗੁਰ ਸੁਨ ਕੋਪੀ ਧਾਰੀ॥ ਇਹ ਰਪੋਟ ਸਤਿਗੁਰਾਂ ਕੋਲ ਸਿੰਘਾਂ ਨੇ ਕਰ ਦਿੱਤੀ ਮਹਾਰਾਜ! ਆਹ ਕਰਦੇ ਨੇ, ਇਹ ਜਿਹੜੇ ਮਸੰਦ ਨੇ ਇਹ ਬੁਰਿਆਈ ਕਰਦੇ ਨੇ ਪੰਥ ਦੀ ਨਿੰਦਿਆਂ ਕਰਦੇ ਨੇ। ਤਾਂ ਸਤਿਗੁਰਾਂ ਨੂੰ ਸੁਣਕੇ ਬੜਾ ਗੁੱਸਾ ਆਇਆ।

ਕਹਯੋ ਬਚਨ 'ਸਬਹਨ ਗਈ ਬਾਇ ਮਾਰੀ'॥ ੧੩॥ ਸਤਿਗੁਰੂ ਜੀ ਨੇ ਬਚਨ ਕੀਤਾ ਭਾਈ ਸਾਰਿਆਂ ਮਸੰਦਾਂ ਨੂੰ ਬਾਅ ਮਾਰ ਗਈ ਭਾਵ ਬੁੱਧੀ ਭ੍ਰਿਸ਼ਟ ਹੋ ਗਈ, ਕਮਲੇ ਹੋ ਗਏ ਹਨ। ੧੩।

ਮਸੰਦਨ ਪਰ ਜਬ ਪਰ ਗਈ ਬਾਈ॥ ਸਤਿਗੁਰਾਂ ਦੇ ਬਚਨ ਨਾਲ ਜਦੋਂ ਮਸੰਦਾਂ ਤੇ ਬਾਅ ਪੈ ਗਈ ਭਾਵ ਕਮਲੇ ਹੋ ਗਏ।

ਗੁਰੂ ਗ੍ਰੰਥ ਤਿਨ ਦਯੋ ਫੁਕਾਈ॥ ਕਿਸੇ ਇਲਾਕੇ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਸਸਕਾਰ ਕਰ ਦਿੱਤਾ ਇਨ੍ਹਾਂ ਮਸੰਦਾਂ ਨੇ।

ਤਿਹ ਪਰ ਦੀਨੋ ਡੇਹਰੋ ਚਿਨਵਾਇ॥ ਉਹਦੇ ਉਤੇ ਦੇਹੁਰਾ ਬਣਵਾ ਦਿੱਤਾ ਭਾਵ ਗੁਰੂ ਗ੍ਰੰਥ ਸਾਹਿਬ ਜੀ ਦੀ ਸਮਾਧ ਬਣਾ ਦਿੱਤੀ।

ਹੁਤੇ ਪਿੰਡ ਤਿਸ ਥਾਂ ਪਰਨਾਇ॥ ੧੪॥ ਉਹ ਕੋਈ ਪਿੰਡ ਸੀ ਜਿਥੇ ਇਹ ਕਾਰਨਾਮਾ ਕੀਤਾ। ੧੪।

ਦੋਹਰਾ॥ ਗੁਰ ਸੰਗਤ ਉਨ ਤੋੜ ਬਹੁ ਤਿਹ ਥਾਂ ਲਈ ਪਰਸਾਇ॥ ਇਹਨਾਂ ਮਸੰਦਾਂ ਨੇ ਗੁਰੂ ਗ੍ਰੰਥ ਸਾਹਿਬ ਜੀ ਦਾ ਸਸਕਾਰ ਕਰਕੇ ਸੰਗਤ ਤੋੜ ਲਈ। ਲਉ ਸੰਗਤ ਜੀ ਉਧਰ ਤਾਂ ਵੇਖੋ ਕੀ ਸਿਲਸਲਾ ਸ਼ੁਰੂ ਹੋ ਗਿਆ। ਹੁਣ ਨਹੀਂ ਉਨ੍ਹਾਂ ਕੋਲ ਜਾਣ ਦੀ ਲੋੜ, ਏਥੇ ਹੀ ਦੇਹੁਰੇ ਨੂੰ ਮੰਨਣਾ ਸ਼ੁਰੂ ਕਰ ਦਿਉ। ਸੰਗਤਾਂ ਏਥੇ ਯਾਤਰਾ ਕਰਕੇ ਮੁੜ ਜਾਇਆ ਕਰਨ, ਇਉਂ ਗੁਰ ਸੰਗਤ ਵਿਚ ਉਲਟ ਪ੍ਰਚਾਰ ਸ਼ੁਰੂ ਕਰ ਦਿੱਤਾ।

ਐਸੀ ਐਸੀ ਬਾਤ ਸੁਨ, ਦਏ ਮਸੰਦ ਮਰਵਾਇ॥੧੫॥ ਜਦੋਂ ਐਸੇ ਬਚਨ ਸੁਣੇ ਸਤਿਗੁਰਾਂ ਨੇ, ਉਦੋਂ ਹੀ ਆਗਿਆ ਕਰ ਦਿੱਤੀ ਮਹਾਰਾਜ ਨੇ ਸਿੰਘੋ! ਜੇ ਏਥੋਂ ਤਕ ਪਹੁੰਚ ਗਏ ਨੇ ਮਸੰਦ, ਤੇ ਇਹਨਾਂ ਨੂੰ ਫੜੋ ਹੁਣ ਸੋਧੀਏ, ਇਹ ਮਸੰਦ ਕੀ ਲਗਦੇ ਨੇ ਸਾਡੇ, ਇਹਨਾਂ ਦਾ ਰਗੜਾ ਬੰਨ੍ਹ ਦੇਈਏ। ੧੫।

ਚੌਪਈ॥ ਸਤਿਗੁਰ ਹੁਕਮ ਖਾਲਸੈ ਭਯੋ॥ ਜਦੋਂ ਇਉਂ ਸਤਿਗੁਰਾਂ ਦਾ ਹੁਕਮ ਹੋ ਗਿਆ ਖਾਲਸੇ ਪੰਥ ਨੂੰ।

'ਮਸੰਦ ਭੇਟ ਚੰਡੀ ਕਰ ਦਯੋ'॥ ਸਾਹਿਬਾਂ ਦੇ ਹੁਕਮ ਦੀ ਪਾਲਣਾ ਕੀਤੀ ਉਦੋਂ ਮਸੰਦ ਚੰਡੀ ਭੇਟ ਕਰ ਦਿਤੇ। ਚੁੱਕ ਚੁੱਕ ਚੁਲ੍ਹਿਆਂ ਵਿਚ ਸਾੜੇ, ਕੁਝ ਤੇਗਾਂ ਨਾਲ ਝਟਕ ਦਿਤੇ, ਭੱਜਦਿਆਂ ਨੂੰ ਰਾਹ ਨਾ ਲੱਭਿਆ ਮਸੰਦਾਂ ਨੂੰ।

ਕਈ ਸ਼ਸਤ੍ਰੀ ਕਈ ਨੀਹਿ ਚਣਾਇ॥ ਕਈ ਤਾਂ ਸਿੰਘਾਂ ਨੇ ਸ਼ਸਤ੍ਰਾਂ ਨਾਲ ਝਟਕਾ ਦਿੱਤੇ, ਕਈਆਂ ਨੂੰ ਹਲ ਦੇ ਮਗਰ ਪਾ ਕੇ ਘੜੀਸਿਆ। ਕਈਆਂ ਨੂੰ (ਨੀਹਲ) ਨੀਹਾਂ ਵਿਚ ਚਿਣਵਾ ਦਿੱਤਾ।

ਕਈ ਘਸੀਟ ਮਾਰੇ ਕਈ ਤੇਲ ਤਲਾਇ॥੧੬॥ ਕਈਆਂ ਨੂੰ ਘੜੀਸ ਘੜੀਸ ਕੇ ਮਾਰਿਆ ਕਈਆਂ ਨੂੰ ਤੇਲ ਦੇ ਵਿਚ ਤੇਲਵਾ ਕੇ ਪਕੌੜਿਆਂ ਵਾਂਗ ਜਿਵੇਂ ਪਕੌੜੇ ਕੱਢੀਦੇ ਹਨ ਤਲ ਕੇ ਏਸ ਤਰ੍ਹਾਂ ਮਾਰਿਆ। ਸਤਿਗੁਰਾਂ ਦੇ ਮਹਿਲਾਂ ਦੇ ਨੇੜੇ ਇਕ ਖੂਹ ਸੀ, ਪਾਣੀ ਵਾਲਾ ਜੋ ਅੱਜ ਤਕ ਮੌਜੂਦ ਹੈ ਸਤਿਗੁਰਾਂ ਨੇ ਸਿੰਘਾਂ ਨੂੰ ਆਗਿਆ ਕੀਤੀ ਏਸ ਖੂਹ ਵਿਚੋਂ ਤੇਲ ਕੱਢੋ। ਸਤਿਗੁਰਾਂ ਦੇ ਹੁਕਮ ਨਾਲ ਤੇਲ ਨਿਕਲਿਆ। ਏਸ ਤਰ੍ਹਾਂ ਮਸੰਦਾਂ ਨੂੰ ਤੇਲ ਦੇ ਕੜਾਹਿਆਂ ਵਿਚ ਤਲ ਤਲ ਕੇ ਮਾਰਿਆ। ੧੬।

ਦੋਹਰਾ॥ ਔਰ ਬਾਤ ਲਿਖੋ ਗ੍ਰੰਥ ਅਧਿਕ ਹੁਇ ਜਾਇ॥ ਭਾਈ ਸਾਹਿਬ ਜੀ ਕਹਿੰਦੇ ਨੇ ਮੈਂ ਸੂਖਮ ਰੂਪ ਵਿਚ ਲਿਖਾਉਂਦਾ ਹਾਂ ਜੋ ਕੁਛ ਉਥੇ ਵਾਪਰਿਆ ਸੀ ਜੇ ਹੁਣ ਬਹੁਤਾ ਲਿਖੀ ਜਾਵਾਂ ਤਾਂ ਗ੍ਰੰਥ ਵਧ ਜਾਏਗਾ, ਗ੍ਰੰਥ ਵੱਡਾ ਹੋ ਜਾਏਗਾ।

ਗੁਰ ਬਿਲਾਸ ਮਧ ਟੋਲਿਕੈ, ਲੀਜੋ ਮਨ ਪਤਿਯਾਇ॥੧੭॥ ਭਾਈ ਜੇ ਤਸੱਲੀ ਕਰਨੀ ਹੈ ਆਪਣੇ ਮਨ ਦੀ, ਇਹ ਸਾਖੀ ਲਿਖੀ ਹੈ ਤਾਂ ਅੱਜ ਵੀ ਗੁਰ ਬਿਲਾਸ ਹੈਗਾ ਉਹ ਗੁਰ ਬਿਲਾਸ ਵਿਚੋਂ ਵੇਖ ਲਉ ਪੜ੍ਹ ਲਉ। ੧੭।

(ਅਨੰਦਪੁਰ ਜੰਗ) ਅਨੰਦਪੁਰ ਦਾ ਵੱਡਾ ਜੰਗ
ਅਨੰਦਪੁਰ ਛੱਡਣਾ ਤੇ ਚਮਕੌਰ ਮੱਲਣਾ

ਦੋਹਰਾ॥ ਮਾਤਾ ਗੁਜਰੀ ਭੀ ਤਬੈ, ਸਤਿਗੁਰ ਮਨੂੰ ਸੁ ਕੀਨ॥ ਤਾਂ ਮਾਤਾ ਗੁਜਰੀ ਜੀ ਨੇ ਆਖਿਆ ਹੇ ਲਾਲ ਜੀ! ਆਹ ਕੀ ਕਰ ਰਹੇ ਹੋ ਇਹ ਗੁਰੂ ਘਰ ਦੇ ਸੇਵਾਦਾਰ ਸਨ, ਇਹਨਾਂ ਉਤੇ ਨਾ ਇੰਨਾਂ ਧੱਕਾ ਕਰੋ, ਨਾ ਮਾਰੋ ਇਹਨਾਂ ਗਰੀਬਾਂ ਨੂੰ ਮਾਤਾ ਜੀ ਨੇ ਉਹਨਾਂ ਮਸੰਦਾਂ ਦੀ ਸਿਫ਼ਾਰਸ਼ ਕੀਤੀ।

ਪੰਥ ਖਾਲਸੈ ਹੱਥ ਤੈਂ, ਸਭ ਕੁਛ ਕਯੋਂ ਕਰ ਦੀਨ? ॥੧॥ ਐ ਲਾਲ ਜੀ, ਆਹ ਸਭ ਕੁਛ ਪੰਥ ਖਾਲਸੇ ਦੇ ਹੱਥ ਦੇ ਦਿੱਤਾ ਹੈ ਇਹ ਨਹੀਂ ਚੰਗੀ ਗੱਲ ਕੀਤੀ ਤੁਸਾਂ ਇਹਨਾਂ ਨੂੰ ਮੁਖਤਿਆਰੀ ਨਾ ਦਿਉ ਗੁਰੂ ਘਰ ਦੀ। ੧।

ਚੌਪਈ॥ ਏ ਦੰਗੀ ਬਹੁ ਦੰਗੋ ਮਚਾਵੈਂ॥ ਇਹ ਤਾਂ ਹੈਨ ਹੀ ਦੰਗਈ, ਫਸਾਦੀ ਨੇ ਇਹ ਤਾਂ ਦੰਗਾ ਮਚਾਉਂਦੇ ਨੇ।

ਲਾਇ ਬੁਰਾਈ ਹਮ ਸਿਰ ਜਾਵੈਂ॥ ਇਹ ਤਾਂ ਬੁਰਿਆਈ ਸਾਡੇ ਸਿਰ ਲਾ ਜਾਣਗੇ। ਕਰਦੇ ਇਹ ਨੇ ਝਗੜੇ, ਤੇ ਸਾਡੇ ਜੁੰਮੇ ਪੈ ਜਾਣਗੇ, ਦੋਸ਼ੀ ਸਾਨੂੰ ਬਣਾ ਲੈਣਗੇ।

ਬਖਤ ਬਣੈ ਕੋਊ ਰਹੁਗ ਨ ਪਾਸ॥ ਜਦੋਂ ਭੀੜ ਪਈ ਇਹਨਾਂ ਨੇ ਭੱਜ ਜਾਣਾ , ਤੁਹਾਡੇ ਕੋਲ ਨਹੀਂ ਕਿਸੇ ਨੇ ਰਹਿਣਾ।

ਜਿਸਕੋ ਤੂੰ ਕਹੈਂ ਖਾਲਸੋ ਖਾਸ॥੨॥ ਜਿਨ੍ਹਾਂ ਨੂੰ ਕਹਿੰਦੇ ਹੋ ਮੇਰਾ ਖਾਸ ਖਾਲਸਾ ਹੈ ਇਹ ਮੇਰਾ ਆਪਣਾ ਪੰਥ ਹੈ ਇਹ ਤਾਂ ਜਦੋਂ ਭੀੜ ਪਈ ਉਦੋਂ ਹੀ ਉੱਡ ਜਾਣਗੇ, ਕਿਸੇ ਪਾਸੇ ਨੂੰ ਭੱਜ ਜਾਣਾ ਇਹਨਾਂ ਨੇ, ਇਥੇ ਇਕ ਨੇ ਨਹੀਂ ਰਹਿਣਾ ਤੁਹਾਡੇ ਕੋਲ ਵੇਖ ਲਿਉ। ੨।

ਏ ਪੁਤ੍ਰ ਪਰਾਏ ਕਿਸ ਕੰਮ ਆਏ॥ ਪਰਾਏ ਪੁੱਤਰਾਂ ਨੂੰ ਦੇਈ ਜਾਂਦੇ ਹੋ ਸਭ ਕੁਝ, ਇਹ ਕਿਸ ਕੰਮ ਆਉਣਗੇ ਤੁਹਾਡੇ ਮਾਤਾ ਜੀ ਮਨ੍ਹਾਂ ਕਰਦੇ ਨੇ ਸਿੰਘਾਂ ਨੂੰ ਕੁਛ ਨਾ ਦਿਉ। ਇਹਨਾਂ ਦੇ ਕੋਈ ਚੀਜ਼ ਸਪੁਰਦ ਨਾ ਕਰੋ।

ਆਪਣੇ ਜਾਏ ਪਿਛੇ ਹਟਾਏ॥ ਤੁਸੀਂ ਆਪਣੇ (ਜਾਏ) ਸਪੁੱਤਰ ਪਿਛੇ ਹਟਾ ਦਿਤੇ ਹਨ, ਇਹਨਾਂ ਨੂੰ ਮੁਖਤਿਆਰੀ ਕਿਉਂ ਨਹੀਂ ਦਿੰਦੇ। ਇਹਨਾਂ ਪਰਾਇਆਂ ਪੁੱਤਰਾਂ ਨੂੰ ਕਿਉਂ ਅੱਗੇ ਕਰ ਦਿੱਤਾ ਹੈ।

ਬਚ ਕਹੇ ਮਾਇ ਮੰਨੇ ਨ ਕਾਇ॥ ਇਹੋ ਜਿਹੇ ਮਾਤਾ ਜੀ ਨੇ ਬਥੇਰੇ ਬਚਨ ਕਹੇ ਪਰ ਗੁਰੂ ਜੀ ਨੇ ਕੋਈ ਨਹੀਂ ਮੰਨਿਆਂ, ਮਾਤਾ ਜੀ ਵੀ ਨਹੀਂ ਮੰਨਦੇ। ਜਦੋਂ ਰੋਜ਼ ਹੀ ਮਾਤਾ ਜੀ ਏਸ ਤਰ੍ਹਾਂ ਕਹਿਣ ਤਾਂ ਸਤਿਗੁਰੂ ਜੀ ਕਹਿੰਦੇ ਨਹੀਂ ਮਾਤਾ ਜੀ ਇਹ ਖਾਲਸਾ ਪੰਥ ਹੈ ਇਹ ਅਕਾਲ ਪੁਰਖ ਦਾ ਖਾਲਸਾ ਹੈ, ਸਤਿਗੁਰੂ ਜੀ ਸਿਫ਼ਤਾਂ ਕਰਦੇ ਨੇ ਮਾਤਾ ਜੀ ਮਨ੍ਹਾ ਕਰਦੇ ਨੇ ਇਨ੍ਹਾਂ ਨੂੰ ਨਾ ਦਿਉ ਮੁਖਤਿਆਰੀਆਂ।

ਤੌ ਸਤਿਗੁਰ ਨੇ ਬੈਨ ਅਲਾਏ॥੩॥ ਤਾਂ ਸਤਿਗੁਰਾਂ ਨੇ ਏਸ ਤਰ੍ਹਾਂ ਬਚਨ ਕਹੇ। ੩।

ਸੁਨ ਮਾਤਾ ਗੁਜਰੀ॥ ਸੁਣ ਲੋਕਨ ਉਜਰੀ॥ ਮਾਤਾ ਜੀ! ਐਹ ਲੋਕਾਂ ਦੀਆਂ ਗੱਲਾਂ ਸੁਣਕੇ ਤੂੰ ਵੀ ਉਜੜਨਾ ਹੈ! ਇਹ੍ ਖਾਲਸੇ ਪੰਥ ਦੀ ਨਿੰਦਿਆ ਕੀਤੀ ਹੈ ਇਹ ਨਹੀਂ ਚੰਗੀ, ਇਹ ਤਾਂ ਉਲਟੀ ਪਵੇਗੀ ਤੁਹਾਡੇ 'ਤੇ।

ਪੰਥ ਨਿੰਦ ਉਚਾਰੈ॥ ਸੋ ਘਰ ਪਈ ਥਾਰੈ॥ ਤੂੰ ਪੰਥ ਦਾ, ਆਹ ਉਜੜ ਗਿਆ, ਉਜਾੜ ਜਾਣਗੇ, ਜਿਹੜਾ ਕਹਿੰਦੀ ਹੈ ਘੜੀ ਘੜੀ, ਗੱਲ ਉਹੋ ਹੀ ਹੋਣੀ ਹੈ, ਜਿਵੇਂ ਤੁਸੀਂ ਮੰਗ ਮੰਗਦੇ ਹੋ।

ਤੂੰ ਨਿੰਦਕਨ ਭਹਕਾਈ॥ ਨਿੰਦ ਪੰਥ ਨ ਸੁਣ ਤੂੰ ਕਾਈ॥੪॥ ਇਹ ਨਿੰਦਕ ਤੈਨੂੰ ਭਹਿਕਾਉਂਦੇ ਹਨ ਇਹ ਮਾਤਾ ਜੀ ਝੂਠੀਆਂ ਚੁਗਲੀਆਂ ਕਰਦੇ ਨੇ ਇਹਨਾਂ ਦੀ ਕੋਈ ਗੱਲ ਨਾ ਸੁਣਿਆ ਕਰ ਮਸੰਦਾਂ ਦੀ। ੪।

ਦੋਹਰਾ॥ ਤੌ ਸਤਿਗੁਰ ਸ੍ਰੀ ਖਾਲਸੇ, ਆਗਯਾ ਯੌਂ ਕਰ ਦੀਨ॥ ਤਾਂ ਸਤਿਗੁਰਾਂ ਨੇ ਖਾਲਸੇ ਨੂੰ ਖੁਲ੍ਹੀਆਂ ਛੁੱਟੀਆਂ ਦੇ ਦਿੱਤੀਆਂ, ਖਾਲਸੇ ਨੂੰ ਇਉਂ ਹੁਕਮ ਕਰ ਦਿੱਤਾ।

'ਸੰਕ ਨ ਕਰਿਯੋ ਕਿਸੇ ਕੀ, ਜੋ ਲਭੈ ਸੋ ਖਾਹੋ ਛੀਨ'॥੫॥ ਖਾਲਸਾ ਜੀ! ਕਿਸੇ ਦੀ ਸ਼ੰਕਾ ਨਹੀਂ ਕਰਨੀ, ਤੁਹਾਨੂੰ ਕੋਈ ਨਹੀਂ ਰੋਕਣ ਵਾਲਾ ਜਿਥੋਂ ਚੀਜ਼ ਲੱਭਦੀ ਹੈ, ਉਸਤੋਂ ਖੋਹ ਕੇ ਖਾਉ। ਅਨੰਦ ਲਉ ਕਿਸੇ ਦਾ ਲਿਹਾਜ਼ ਨਾ ਕਰੋ। ੫।

ਚੌਪਈ॥ ਕਈ ਬਾਰ ਸਿੰਘਨ ਲਏ ਲੂਟ॥ ਸਿੰਘਾਂ ਨੇ ਫੇਰ ਜਿਹੜੇ ਪਾਸੇ ਆਸੇ ਵਸਦੇ ਸੀ ਪਹਾੜੀ ਲੋਕ ਉਹਨਾਂ 'ਤੇ ਹੱਲੇ ਬੋਲ ਦਿੱਤੇ, ਲੁੱਟ ਲਏ ਸਿੰਘਾਂ ਨੇ ਪਿੰਡਾਂ ਦੇ ਪਿੰਡ।

ਕਮਲੌਟ ਆਦ ਸਭ ਕਰ ਲਈ ਛੂਟ॥ ਕਮਲੌਟ ਆਦਿਕ ਪਿੰਡ ਇਹ ਅਨੰਦਪੁਰ ਦੇ ਨੇੜੇ ਨੇੜੇ ਵਸਦੇ ਨੇ ਸਭ ਤੇ ਛੂਟ ਕਰ ਦਿੱਤੀ। ਹੱਲੇ ਬੋਲਤੇ ਕੋਈ ਹੁਣ ਲੁੱਟ ਲਿਆ ਕੋਈ ਸਵੇਰੇ ਲੁੱਟ ਲਿਆ, ਇਉਂ ਪਿੰਡਾਂ ਤੇ ਹੱਥ ਫੇਰਨਾ ਸ਼ੁਰੂ ਕਰ ਦਿੱਤਾ ਸਿੰਘਾਂ ਨੇ।

ਝੱਖੀ ਕਮਲੌਟ ਪਿੰਡ ਲੀਨੇ ਮਾਰ॥ ਜਿਥੇ ਨਿਰਮੋਹ ਗੜ੍ਹ ਹੈ ਇਹ ਝੱਖੀ ਪਿੰਡ ਹੈ ਤੇ ਕਮਲੌਟ ਪਿੰਡ ਹੈ ਇਹ ਵੀ ਮਾਰ ਲਏ ਖਾਲਸੇ ਨੇ ਸਭ ਲੁੱਟ ਲਏ ਪਹਾੜੀਏ।

ਦੂਣ ਟਿਬੈ ਕਰ ਦੀਨੋ ਖ਼ੁਆਰ॥੬॥ ਇਹ ਦੂਣ ਹੈ ਵਜਦੀ ਅਨੰਦਪੁਰ ਦੀ, ਇਹ ਜਿਹੜੇ ਟਿੱਬੇ ਨੇ ਛੋਟੀਆਂ ਛੋਟੀਆਂ ਪਹਾੜੀਆਂ ਸਭ ਖੁਆਰ ਕਰ ਦਿੱਤੇ ਨੇ, ਸਭ ਲੁੱਟ ਲਏ ਖਾਲਸੇ ਨੇ। ੬।

ਤੌ ਪ੍ਰਬਤੀਯਨ ਆਨ ਮਚਾਈ ਲੜਾਈ॥ ਇਹ ਰਯਤ ਹੈ ਪਹਾੜਾਂ ਦੇ ਰਾਜਿਆਂ ਦੀ, ਇਹਨਾਂ ਪ੍ਰਬਤੀ ਰਾਜਿਆਂ ਨੇ ਲੜਾਈ ਮਚਾ ਦਿੱਤੀ। ਅਨੰਦਪੁਰ ਸਾਹਿਬ 'ਤੇ ਚੜ੍ਹ ਚੜ੍ਹ ਕੇ ਆਉਣ ਲੱਗ ਪਏ। ਸਾਡੀ ਰਯਤ ਨੂੰ ਕਿਉਂ ਲੁੱਟਿਆ ਗਿਆ।

ਸਿੰਘਨ ਦੀਏ ਰਾਜੇ ਭਜਾਈ॥ ਸਿੰਘਾਂ ਨੇ ਰਾਜੇ ਭਜਾ ਦਿੱਤੇ।

ਹੋਇ ਫਿਕੇ ਘਰ ਬੈਠੇ ਜਾਇ॥ ਸਿੰਘਾਂ ਦੇ ਹੱਥ ਵੇਖ ਲਏ ਮੈਦਾਨ ਵਿਚ ਫਿੱਕੇ ਪੈ ਗਏ। ਡਰ ਕੇ ਘਰੀਂ ਬਹਿ ਗਏ ਅੰਦਰ ਵੜ ਕੇ।

ਮੁਲਕ ਲਯੋ ਉਨ ਸਿੰਘਨ ਉਗਰਾਹਿ॥੭॥ ਸਿੰਘਾਂ ਨੇ ਉਹਨਾਂ ਦਾ ਮੁਲਕ ਉਗਰਾਹ ਲਿਆ ਸਾਰਾ। ਜਦੋਂ ਰਾਜੇ ਡਰ ਕੇ ਲੁਕ ਕੇ ਘਰੀਂ ਵੜ ਕੇ ਬਹਿ ਗਏ। ਸਿੰਘਾਂ ਨੇ ਕਿਹਾ ਲਿਆਉ ਟਕੇ ਜਿਹੜਾ ਤੁਸੀਂ ਰਾਜਿਆਂ ਨੂੰ ਭਰਦੇ ਸੀ। ੭।

ਫਰਯਾਦੀ ਕਹਲੂਰੀਏ ਦਿੱਲੀ ਗਏ॥ ਕਹਿਲੂਰੀ ਰਾਜਾ ਜਿਹੜੀ ਰਿਆਸਤ ਵਿਚ ਅਨੰਦਪੁਰ ਸਾਹਿਬ ਹੈ। ਇਹ ਰਾਜਾ ਭੀਮਚੰਦ, ਇਹ ਚੁਗਲੀ ਕਰਨ ਵਾਸਤੇ ਦਿੱਲੀ ਪਹੁੰਚਿਆ ਨਾਲ ਹੋਰ ਰਾਜਿਆਂ ਵਜ਼ੀਰਾਂ ਨੂੰ ਲੈ ਗਿਆ।

ਸਭ ਪ੍ਰਬਤੀਯਨ ਪਰਸੁਕੈ ਲਏ॥ ਸਾਰੇ ਪਹਾੜੀ ਰਾਜੇ ਸਾਥ ਲਏ ਹਨ।

ਹੁਤ ਰਾਜੇ ਜੇ ਬਾਈ ਠਾਣੈ॥ ਇਹ ਬਾਈ ਧਾਰਾਂ ਦੇ ਵਿਚ ਜਿੰਨੇ ਰਾਜੇ ਸਨ।

ਸਤ ਧਾਰਨ ਮਧ ਜਲੰਧ੍ਰੀ ਜਾਣੈ॥੮॥ ਇਹ ਸੱਤ ਧਾਰਾਂ ਉਰੇ ਨੇ ਜਿਹਦੇ ਵਿਚ ਜਲੰਧਰ ਵੀ ਆਉਂਦਾ ਹੈ। ਜਲੰਧਰ ਸੂਬਾ

ਅੱਗਾ ਪਹਾੜੀਆਂ ਹੁਸ਼ਿਆਰਪੁਰ ਦਾ ਇਲਾਕਾ ਜਿਤਨਾ ਹੈ, ਇਹ ਦਸੂਹਾ ਮੁਕੇਰੀਆਂ ਤੋਂ ਲੈ ਕੇ ਇਹ ਅਨੰਦਪੁਰ ਦੀ ਦੂਣ ਤਾਈਂ ਜਿਤਨਾ ਏਰੀਆ ਸੀ। ਬਾਈ ਧਾਰਾਂ ਦੇ ਰਾਜੇ, ਇਹ ਸੱਤ ਜਿਹੜੇ ਹੇਠਲੇ ਪਾਸੇ ਨੇ ਜਲੰਧਰ ਨਾਲ ਸਬੰਧ ਸੀ ਸਭ ਰਾਜੇ ਇਕੱਠੇ ਹੋ ਕੇ ਦਿੱਲੀ ਫਰਯਾਦੀ ਗਏ। ੮।

ਤੌ ਆਇ ਅਨੰਦਪੁਰ ਘਤੀ ਲੜਾਈਂ॥ ਦਿੱਲੀਓਂ ਹੁਕਮ ਹੋ ਗਿਆ ਇਹਨਾਂ ਰਾਜਿਆਂ ਨੂੰ ਕਿ ਤੁਸੀਂ ਲੜਾਈ ਪਾ ਦਿਓ। ਇਹਨਾਂ ਨੇ ਇਕੱਠੇ ਹੋ ਕੇ ਅਨੰਦਪੁਰ ਸਾਹਿਬ ਆ ਕੇ ਲੜਾਈ ਪਾ ਦਿੱਤੀ।

ਹਾਰ ਭਜੇ ਵੈ ਰਾਜੇ ਬਾਈ॥ ਜਦੋਂ ਸਿੰਘਾਂ ਨੇ ਕਰਾਰੇ ਹੱਥ ਵਿਖਾਏ, ਇਹ ਬਾਈ ਧਾਰ ਦੇ ਰਾਜੇ ਸਭ ਹਾਰ ਕੇ ਨੱਠ ਗਏ।

ਤੌ ਸਭ ਰਾਜੇ ਸ਼੍ਰਮਿੰਦੇ ਭਏ॥ ਇਹ ਰਾਜੇ ਸ਼ਰਮਿੰਦੇ ਹੋ ਗਏ। ਪਹਿਲਾਂ ਇਹਨਾਂ ਨੂੰ ਪਾਉਂਟਾ ਸਾਹਿਬ ਚਾੜ੍ਹਾ ਛਕਾਇਆ ਸੀ ਉਥੇ ਸਾਰਾ ਜ਼ੋਰ ਲਾ ਕੇ ਵੇਖ ਚੁੱਕੇ ਸੀ। ਹੁਣ ਅਨੰਦਪੁਰ ਦੀ ਲੜਾਈ ਵਿਚ ਜਮ੍ਹਾਂ ਹੀ ਹਾਰ ਖਾ ਗਏ ਦੋ ਵੇਰਾਂ ਥਕ ਗਏ, ਹੁਣ ਸ਼ਰਮਿੰਦੇ ਹੋ ਕੇ ਫਿੱਕੇ ਹੋ ਕੇ ਚਲੇ ਗਏ।

ਟਕੇ ਦੇਨ ਦਿੱਲੀ ਪਤਿ ਸੌਂ ਰਹੇ॥੯॥ ਹੁਣ ਉਹਨਾਂ ਨੂੰ ਮਾਮਲਾ ਕੀ ਦੇਣ ਸਿੰਘ ਧੱਕੇ ਨਾਲ ਲੈਂਦੇ ਨੇ, ਉਗਰਾਹ ਲੈਂਦੇ ਨੇ ਮਾਮਲਾ। ਜਦੋਂ ਲੋਕਾਂ ਨੇ ਸਰਕਾਰ ਦਾ ਮਾਮਲਾ ਨਾ ਭਰਿਆ, ਤਾਂ ਇਹ ਪਹਾੜੀ ਰਾਜੇ (ਦਿੱਲੀ ਪਤਿ) ਔਰੰਗਜ਼ੇਬ ਦਾ ਮਾਮਲਾ ਦੇਣ ਵੱਲੋਂ ਰਹਿ ਗਏ, ਭਾਵ ਮਾਮਲਾ ਨਾ ਭੁਰਿਆ ਗਿਆ। ੯।

ਕਹੇਂ 'ਹਮਾਰੀ ਮੱਦਤ ਕਰੋ॥ ਔਰੰਗਜ਼ੇਬ ਨੂੰ ਰਾਜੇ ਕਹਿਣ ਲੱਗੇ ਜਾਂ ਤਾਂ ਸਾਡੀ ਮੱਦਦ ਕਰੋ, ਪੂਰੇ ਤੌਰ ਤੇ ਰੋਕੋ ਸਿੰਘਾਂ ਨੂੰ, ਅਸੀਂ ਦੋ ਪਾਸੀਂ ਦੋ ਸਰਕਾਰਾਂ ਨੂੰ ਮਾਮਲਾ ਕਿਵੇਂ ਦੇਵਾਂਗੇ।

ਨਹੀਂ ਤਾਂ ਮਾਮਲੋ ਉਨਹੀ ਕੋ ਭਰੋ॥ ਨਹੀਂ ਤਾਂ ਭਈ ਉਹਨਾਂ ਡਾਢਿਆਂ (ਸਿੰਘਾਂ) ਦਾ ਮਾਮਲਾ ਭਰਾਂਗੇ। ਜਿਹੜੇ ਰੋਜ਼ ਸਿਰ 'ਤੇ ਤਲਵਾਰ ਲੈ ਕੇ ਖੜ੍ਹੇ ਰਹਿੰਦੇ ਨੇ ਅਸੀਂ ਮਾਮਲਾ ਉਹਨਾਂ ਨੂੰ ਦੇ ਦੇਵਾਂਗੇ। ਇਉਂ ਦਿੱਲੀ ਨੂੰ ਜੁਆਬ ਦਿੱਤਾ ਜਦੋਂ ਰਾਜਿਆਂ ਨੇ।

ਉਨ ਨੈ ਫੌਜ ਬਹੁਤੈ ਕਰ ਲਈ॥ ਚੁਗਲੀ ਕਰਦੇ ਨੇ ਗੁਰੂ ਨੇ ਬਹੁਤੀ ਫੌਜ ਭਰਤੀ ਕਰ ਲਈ ਹੈ।

ਉਨ ਪਹਿ ਦ੍ਰਬ ਆਵਤ ਬਹੁਤਈਂ॥੧੦॥ ਉਹਨਾਂ ਦੇ ਪਾਸ ਤਾਂ (ਦ੍ਰਬ) ਧਨ ਬਹੁਤ ਹੀ ਆਉਂਦਾ ਹੈ। ਲੁੱਟ ਖਸੁੱਟ, ਉਗਰਾਹੀ ਦਾ, ਚੜ੍ਹਾਵੇ ਦਾ। ੧੦।

ਵਹੁ ਗੁਰੂ ਕਹਾਵੈ ਸਾਰੀ ਹਿੰਦ॥ ਉਹ ਤਾਂ ਆਪਣੇ ਆਪ ਨੂੰ ਸਾਰੀ ਹਿੰਦੂ ਕੌਮ ਦੇ ਗੁਰੂ ਕਹਾਉਂਦੇ ਨੇ ਭਾਵ ਸਾਰੇ ਹਿੰਦੁਸਤਾਨ ਦੇ।

ਵਹੁ ਚਾਹੈ ਮਾਰੈ ਪਤਸ਼ਾਹਨ ਜਿੰਦ॥ ਉਹ ਤਾਂ ਪਾਤਸ਼ਾਹਾਂ ਨੂੰ ਜਾਨੋ ਮਾਰਨਾ ਚਾਹੁੰਦੇ ਨੇ। ਉਹ ਤਾਂ ਤੁਹਾਡੇ ਦੁਸ਼ਮਣ ਨੇ, ਤੁਹਾਡੀਆਂ ਤਾਂ ਲਹੂ ਦੀਆਂ ਘੁੱਟਾਂ ਭਰਨ ਨੂੰ ਫਿਰਦੇ ਨੇ ਖਾਲਸੇ, ਹੁਣ ਨਹੀਂ ਉਹ ਸਾਡੇ ਕਾਬੂ ਆਉਂਦੇ, ਸਾਨੂੰ ਬਚਾਓ ਜਿਵੇਂ ਬਚਦੇ ਹਾਂ।

ਵਹੁ ਆਪ ਸੱਚਾ ਪਾਤਸ਼ਾਹ ਕਹਾਵੈ॥ ਉਹ ਗੁਰੂ ਤਾਂ ਆਪ ਤਖ਼ਤ ਲਾ ਕੇ ਬੈਠਾ ਹੈ ਕਹਿੰਦਾ ਮੈਂ ਸੱਚਾ ਪਾਤਸ਼ਾਹ ਹਾਂ।

ਵਹੁ ਤੁਮਕੌ ਝੂਠਾ ਸ਼ਾਹੁ ਬਨਾਵੈ॥੧੧॥ ਤੁਹਾਨੂੰ ਤਾਂ ਝੂਠਾ ਹੀ ਸ਼ਾਹੁ ਬਣਾਉਂਦੇ ਨੇ ਉਹ। ੧੧।

ਉਸ ਦਰਬ ਕਰੋੜਨ ਕੀ ਥੁੜ ਨਾਹਿ॥ ਉਥੇ ਤਾਂ ਵੇਖੋ ਜਾ ਕੇ ਧਨ ਕਿੰਨਾਂ ਉਨ੍ਹਾਂ ਕੋਲ, ਕਰੋੜਾਂ ਰੁਪਿਆਂ ਦੀ ਵੀ ਉਥੇ ਕਮੀ ਨਹੀਂ ਹੈ। ਉਹ ਤਾਂ ਕਰੋੜਾਂ ਪਤੀ ਨੇ।

ਕਈ ਰਸਾਇਣੀ ਰਹੈਂ ਸੰਗ ਵਾਇ॥ ਕਹਿੰਦੇ ਕਈ ਰਸਾਇਣੀ ਵੀ ਉਹਨਾਂ ਦੇ ਨਾਲ ਰਹਿੰਦੇ ਨੇ ਜਿਹੜੇ ਪਿੱਤਲ, ਤਾਂਬੇ ਲੋਹੇ ਤੋਂ ਸੋਨਾ ਬਣਾ ਦਿੰਦੇ ਨੇ।

ਰਾਜੇ ਭੀਮਚੰਦ ਕਹਿਲੂਰੀਏ ਕਹੀ॥ ਇਹ ਭੀਮਚੰਦ ਕਹਿਲੂਰੀਏ ਰਾਜੇ ਨੇ ਕਹੀ ਜਾ ਕੇ।

ਨੌਰੰਗੈ ਪਾਤਸ਼ਾਹਿ ਸੁਨ ਚਿੰਤਾ ਪਦੀ॥੧੨॥ ਔਰੰਗਜ਼ੇਬ ਬਾਦਸ਼ਾਹ ਨੇ ਜਦ ਸੁਣਿਆ ਤਾਂ ਉਸਨੂੰ ਬੜਾ ਭਾਰੀ ਫਿਕਰ ਹੋ ਗਿਆ। ੧੨।

ਮਤ ਕਤ ਹਮ ਪਰ ਚੜ੍ਹ ਆਏ॥ ਮਤਾਂ ਕਿਤੇ ਸਾਡੇ 'ਤੇ ਚੜ੍ਹ ਆਉਣ ਤੇ ਸਾਨੂੰ ਮਾਰ ਲੈਣ ਇਉਂ ਫ਼ਿਕਰ ਹੋ ਗਿਆ।

ਕੱਚੀ ਬਲਾਇ ਅਬ ਲਈਏ ਦਬਾਏ॥੧੩॥ ਅਜੇ ਬਲਾਅ ਕੱਚੀ ਹੈ ਇਸ ਨੂੰ ਏਥੇ ਹੀ ਦਬਾਅ ਲਈਏ। ੧੩।

ਦੋਹਰਾ॥ ਦਸ ਲਖ ਫੌਜ ਕਾਬਲ ਦਰੈ ਪਤਿ ਦਿੱਲੀ ਹੁਤੀ ਰਖਾਇ॥ ਦਸ ਲਖ ਫੌਜ ਕਾਬੁਲ ਦਰੇ ਤੇ, ਅਤੇ ਏਧਰ ਦਿੱਲੀ ਵਿਚ ਬੇਅੰਤ ਹੀ ਫੌਜ ਰੱਖੀ ਹੋਈ ਸੀ।

ਦੀਨੈ ਰੁੱਕੈ ਲਿਖ ਊਨੈ ਪੜੋ ਗੁਰੂ ਪਰ ਧਾਇ॥੧੪॥ ਸਭ ਸੂਬਿਆਂ ਨੂੰ ਹੁਕਮਨਾਮੇ ਭੇਜ ਦਿੱਤੇ ਕਿ ਚਾਰ ਚੁਫੇਰਿਓਂ ਅਨੰਦਪੁਰ 'ਤੇ ਧਾਵਾ ਕਰ ਦਿਉ। ਲੁੱਟ ਲਉ ਗੁਰੂ ਨੂੰ ਫੜ ਲਉ ਜਾਂ ਮਾਰ ਦਿਉ ਇਉਂ ਹੁਕਮ ਹੋ ਗਿਆ ਫੌਜਾਂ ਨੂੰ। ੧੪।

ਚੌਪਈ॥ ਚਾਰ ਵੱਲ ਤੈ ਫਉਜ ਸੁ ਦਉੜੀ॥ ਹੁਣ ਚਾਰਾਂ ਤਰਫਾਂ ਤੋਂ ਚਾਰੇ ਕੂੰਟਾਂ ਤੋਂ ਫੌਜ ਨੇ ਦੌੜ ਕਰ ਦਿੱਤੀ ਅਨੰਦਪੁਰ ਤੇ।

ਛੁਰੀ ਦੇਰ ਸੰਗ ਕਾਹਲ ਦੌੜੀ॥ ਜਿਵੇਂ ਛੁਰੀ ਖਰਬੂਜੇ ਤਰਬੂਜ ਨੂੰ ਕੱਟਣ ਲੱਗੀ ਦੇਰ ਨਹੀਂ ਲਾਉਂਦੀ, ਏਸੇ ਤਰ੍ਹਾਂ ਹੁਕਮ ਹੋਣ ਦੀ ਦੇਰ ਸੀ ਇਉਂ ਚਲ ਪਈ ਦੌੜ ਕੇ ਫੌਜ।

ਸਿੱਖ ਹੁਤੇ ਥੇ ਸੋ ਉਨ ਸਾਥ॥ ਹੁਣ ਤੁਰਕਾਂ ਦੀ ਫੌਜ ਨਾਲ ਸਿੱਖ ਵੀ ਸੀ, ਜੋ ਫੌਜ ਵਿਚ ਭਰਤੀ ਸਨ ਨੌਕਰੀ ਕਰਦੇ ਸਨ। ਉਹਨਾਂ ਸਿੱਖਾਂ ਨੂੰ ਜਦੋਂ ਪਤਾ ਲੱਗਿਆ ਜਿਹੜੇ ਉਹਨਾਂ ਦੇ ਨਾਲ ਸਿੱਖ ਸਨ, ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਅਨੰਦਪੁਰ ਸਾਹਿਬ 'ਤੇ ਧਾਵਾ ਹੋ ਰਿਹਾ ਹੈ।

ਘੱਲੀ ਖ਼ਬਰ ਉਨ ਸੁਨ ਸੁਨ ਬਾਤ॥੧੫॥ ਇਹ ਖ਼ਬਰਾਂ ਸੁਣ ਕੇ ਉਹਨਾਂ ਨੇ ਉਸ ਵੇਲੇ ਸਤਿਗੁਰਾਂ ਨੂੰ ਖ਼ਬਰਾਂ ਪਹੁੰਚਾ ਦਿੱਤੀਆਂ ਕਿ ਮਹਾਰਾਜ ਚਾਰ ਕੂੰਟ ਤੋਂ ਫੌਜ ਆ ਰਹੀ ਹੈ। ਆਪਦਾ ਮੋਰਚਾ ਤਕੜਾ ਕਰ ਲਉ। ੧੫।

ਸੁਣ ਅਨੰਦਪੁਰ ਭਾਜੜ ਪਰੀ॥ ਜਦੋਂ ਇਹਨਾਂ ਦੀ ਖ਼ਬਰ ਅਨੰਦਪੁਰ ਪਹੁੰਚੀ ਦਿਵਾਨ ਵਿਚ ਹਲਕਾਰੇ ਨੇ ਖ਼ਬਰ ਦਿੱਤੀ ਕਿ ਮਹਾਰਾਜ ਫੌਜਾਂ ਆ ਰਹੀਆਂ ਨੇ। ਅਨੰਦਪੁਰ ਸਾਹਿਬ ਵਿਚ ਤਾਂ ਭਾਜੜਾਂ ਪੈ ਗਈਆਂ ਸਭ ਲੋਕਾਂ ਨੂੰ, ਫ਼ਿਕਰ ਹੋ ਗਿਆ, ਕਿਉਂਕਿ ਅਨੰਦਪੁਰ ਸਾਹਿਬ ਮਹਾਰਾਜ ਵਸਾ ਰਹੇ ਸਨ ਨਵਾਂ ਨਵਾਂ ਜਿਥੇ ਚਾਰ ਕੂੰਟਾਂ ਤੋਂ ਲੋਕ ਆਉਂਦੇ ਸਨ ਜਿਥੇ ਮੇਲੇ ਲੱਗੇ ਰਹਿੰਦੇ ਸਨ, ਜੋ ਅਨੰਦ ਦੀ ਪੁਰੀ ਸੀ। ਉਥੇ ਇਕ ਦਮ ਹੀ ਭਾਜੜਾਂ ਪੈ ਗਈਆਂ ਲੋਕਾਂ ਨੂੰ ਫ਼ਿਕਰ ਪੈ ਗਿਆ ਕਿ ਹੁਣ ਜਾਨ ਬਚਾਈਏ ਨਿਕਲੀਏ ਏਥੋਂ।

ਲੋਕਨ ਨਠਨ ਨ ਲੱਭੈ ਗਰੀ॥ ਲੋਕਾਂ ਨੂੰ ਨੱਠਣ ਵਾਸਤੇ ਕੋਈ ਗਲੀ ਨਹੀਂ ਲੱਭਦੀ, ਰਸਤਾ ਨਹੀਂ ਲੱਭਦਾ, ਚਾਰੇ ਪਾਸਿਆਂ ਤੋਂ ਫੌਜ ਆ ਰਹੀ ਹੈ, ਸਮਾਂ ਦੇਖਦੇ ਕਿਥੇ ਸਿਰ ਲਕੋਈਏ।

ਸਤਿਗੁਰ ਰਹਯੋ ਬਹੁ ਧੀਰ ਧ੍ਰਵਾਇ॥ ਸਤਿਗੁਰਾਂ ਨੇ ਸੰਗਤ ਨੂੰ ਕਿਹਾ ਕਿਉਂ ਭੱਜੇ ਜਾਂਦੇ ਹੋ ਅਸੀਂ ਵੀ ਤਾਂ ਐਥੇ ਤੁਹਾਡੇ ਕੋਲ ਬੈਠੇ ਹਾਂ ਧੀਰਜ ਕਰੋ, ਹੌਸਲਾ ਨਾ ਛੱਡੋ, ਦੌੜਨ ਦੀ ਕੋਈ ਲੋੜ ਨਹੀਂ, ਬੇਫ਼ਿਕਰ ਹੋ ਕੇ ਰਹੋ ਅਸੀਂ ਤੁਹਾਡੇ ਰਾਖੇ ਹਾਂ। ਸਤਿਗੁਰਾਂ ਨੇ ਤਾਂ ਬਹੁਤ ਵੇਰਾਂ ਕਿਹਾ ਸੰਗਤ ਨੂੰ।

ਕਰੁਗੁ ਸਤਿਗੁਰ ਆਨ ਸਹਾਇ॥੧੬॥ ਉਹ ਗੁਰੂ ਨਾਨਕ ਪਾਤਸ਼ਾਹ ਸਹਾਇਤਾ ਕਰਨਗੇ ਆਪਣੀ। ਆਪਾਂ ਉਹਨਾਂ ਦੇ ਸਿੱਖ ਹਾਂ, ਸਾਡੀ ਰਾਖੀ ਕਰਨਗੇ ਸਤਿਗੁਰੂ। ੧੬।

ਅਨਪੁੱਛੇ ਲੋਕ ਭੱਜਨ ਪਏ॥ ਕਾਹਲ ਵਿਚ ਕੌਣ ਪੁੱਛੇ? ਹੁਕਮ ਕੌਣ ਲਵੇ? ਜੇ ਤਾਂ ਸੁੱਖ ਸਾਂਦ ਹੋਵੇ ਫੇਰ ਤਾਂ ਵੀਹ ਵੇਰਾਂ ਆਉਂਦੇ ਨੇ ਤੇ ਜਦੋਂ ਆਪੋ ਧਾਪ ਪੈ ਜਾਏ ਖ਼ਤਰਾ ਹੋ ਜਾਏ ਫਿਰ (ਅਣਪੁੱਛੇ) ਬਿਨਾਂ ਪੁੱਛੇ ਹੀ ਲੋਕ ਭੱਜ ਤੁਰਦੇ ਨੇ। ਕੀ ਪੁਛਣਾ? ਉਹ ਤਾਂ ਲੁਕਾਉਂਦੇ ਨੇ ਆਪਣਾ ਆਪ ਕਿ ਪਤਾ ਵੀ ਨਾ ਲੱਗ ਜਾਏ ਫਲਾਨੇ ਭੱਜ ਗਏ ਹਨ।

ਹੱਲਾ ਹੀ ਬੋਲ ਦਿੱਤਾ ਲੋਕਾਂ ਨੇ ਸਭ ਤਰਫੋਂ ਭਾਜੜ ਪੈ ਗਈ।

ਨਾਂਹਿ ਗੁਰੂ ਜੀ ਆਖੈ ਰਹੇ॥ ਸਤਿਗੁਰੂ ਜੀ ਨੇ ਬਥੇਰਾ ਕਿਹਾ ਖ਼ਤਰਾ ਨਾ ਮੰਨੋ ਤੁਹਾਡੇ ਨਾਲ ਹਾਂ, ਪਰ ਸਤਿਗੁਰਾਂ ਦੇ ਕਹੇ 'ਤੇ ਵੀ ਉਹਨਾਂ ਨੇ ਪ੍ਰਵਾਹ ਨਾ ਕੀਤੀ। ਦੌੜਨ ਦੀ ਕੀਤੀ ਸਭ ਨੇ।

ਸਤਿਗੁਰ ਕਹਯੋ ਤੁਮ ਦ੍ਰਿੜ੍ਹਤਾ ਧਾਰੋ॥ ਸਤਿਗੁਰੂ ਕਹਿੰਦੇ ਨੇ ਸਿੱਖਾਂ ਨੂੰ ਉਹ ਦ੍ਰਿੜਤਾ ਕਰੋ, ਹੌਸਲਾ ਕਰੋ, ਕੁਛ ਯਕੀਨ ਤਾਂ ਕਰੋ, ਅਸੀਂ ਜੋ ਤੁਹਾਡੇ ਨਾਲ ਹੀ ਰਹਿ ਰਹੇ ਹਾਂ ਪਰ ਉਸ ਮੌਕੇ ਤਾਂ ਅੱਗੋਂ ਪਿਛੋਂ ਤਾਂ ਬਥੇਰੇ ਮਹਾਰਾਜ ਜੀ! ਅਸੀਂ ਤਾਂ ਹੁਕਮ ਦੀ ਪਾਲਣਾ ਕਰਦੇ ਹਾਂ ਅਸੀਂ ਜੋ ਤੁਹਾਡਾ ਹੁਕਮ ਹੈ ਉਹਦੀ ਕਮਾਈ ਕਰਦੇ ਹਾਂ। ਜਦੋਂ ਸਮਾਂ ਆ ਗਿਆ ਗੁਰੂ ਜੀ ਦੇ ਕਹੇ ਤੋਂ ਵੀ ਨਹੀਂ ਰੁਕਦੇ ਉਦੋਂ ਤਾਂ ਭਾਜੜਾਂ ਪੈ ਗਈਆਂ ਸਭ ਨੂੰ।

ਕਰਤਾਰ ਆਇ ਹਮ ਕਰੁਗੁ ਸਹਾਰੋ॥੧੭॥ ਉਹ ਕਰਤਾ ਪੁਰਖ ਜਿਹਨੇ ਸਾਜਿਆ ਸ੍ਰਿਸ਼ਟੀ ਨੂੰ ਉਹ ਸਾਡਾ ਸਹਾਰਾ ਬਣਨਗੇ, ਸਾਡੀ ਸਹਾਇਤਾ ਕਰਨਗੇ, ਸਿਖੋ! ਘਬਰਾਓ ਮੱਤ ਬਥੇਰਾ ਕਿਹਾ ਹੈ। ੧੭।

ਆਈ ਆਈ ਚੌਤਰਫੋਂ ਹੋਇ॥ ਬਸ ਇਹ ਗੱਲ ਸੁਣਨ ਦੀ ਦੇਰ ਸੀ, ਆਈ ਆਈ-ਆ ਗਈ ਆ ਗਈ ਏਧਰੋਂ ਆ ਗਈ ਫੌਜ ਜਿਵੇਂ ਅਫਵਾਹਾਂ ਉਡਾਉਣ ਲੱਗ ਪੈਂਦੇ ਨੇ ਲੋਕ ਚਾਰੋਂ ਤਰਫ ਹੀ ਆਈ ਆਈ ਹੋਣ ਲੱਗ ਪਈ ਹੈ ਕਿ ਆਈ ਫੌਜ ਕਿ ਆਈ ਬਸ ਹੁਣੇ ਆਈ, ਆਥਣੇ ਆਈ ਇਉਂ ਸਾਰੇ ਕਾਹਲੇ ਪੈ ਗਏ ਹਨ।

ਡਾਢ ਸਕੈ ਕਰ ਨਨੈ ਕੋਇ॥ ਡਾਢੇ ਦੇ ਅੱਗੇ ਕੌਣ (ਨਨੈ) ਨਾਂਹ ਕਰ ਸਕਦਾ ਹੈ।

ਡੋਗਰੈ ਰਾਜੈ ਬਾਈ ਆਏ॥ ਇਹ ਜਿਹੜੇ ਡੋਗਰੇ ਸਨ, ਬਾਈ ਧਾਰਾਂ ਦੇ ਰਾਜੇ ਇਹ ਸਾਰੇ ਹੀ ਡੋਗਰੇ ਵਜਦੇ ਸਨ ਇਹਨਾਂ ਦੀ ਕੌਮ ਡੋਗਰਾ ਹੈ। ਸੋ ਇਹ ਸਾਰੇ ਹੀ ਜੰਮੂ ਦੇ ਰਹਿਣ ਵਾਲੇ, ਉੱਚੇ ਪਹਾੜਾਂ ਦੇ ਰਹਿਣ ਵਾਲੇ ਬਿਲਾਸਪੁਰੀਏ ਅਤੇ ਹੋਰ ਛੋਟੀਆਂ ਛੋਟੀਆਂ ਰਿਆਸਤਾਂ ਜਿੰਨੀਆਂ ਨੇ, ਸਭੀ ਦੌੜ ਪਏ ਹਨ ਸਭੀ ਆ ਗਏ।

ਜਾਲੰਧਰੀਏ ਤੌ ਬਾਈ ਧਾਏ॥ ੧੮॥ ਇਹ ਜਲੰਧਰੀਆਂ ਦੇ ਬਾਈ ਰਾਜੇ ਇਥੇ ਸਟੇਟਾਂ ਸਨ। ਨੇੜੇ ਨੇੜੇ ਦੀਆਂ ਜੋ ਛੋਟੀਆਂ ਪਹਾੜੀਆਂ ਨੇ ਜੈਸੇ ਕਾਂਗੜਾ ਹੈ ਬਿਲਾਸਪੁਰ ਹੈ ਇਹ ਛੋਟੇ ਜਿਹੜੇ ਇਹ ਵੀ ਬਾਈ ਰਾਜੇ ਸਨ। ਤੇ ਬਾਈ ਧਾਰਾਂ ਉਤਲੀਆਂ ਨੇ, ਜੋ ਕਾਲੀਆਂ ਪੀਲੀਆਂ ਧੌਲੀਆਂ ਆਦਿ ਵਜਦੀਆਂ ਨੇ। ੧੮।

ਦੋਹਰਾ॥ ਸਰਹੰਦੀ ਔ ਮਲੇਰੀਅਨ ਲਯੋ ਰੋਪੜ ਦਰੋ ਰੁਕਾਇ॥ ਸਰਹੰਦ ਦੇ ਲੋਕ ਤੇ ਮਲੇਰਕੋਟਲੀਏ ਇਹ ਪਠਾਣ ਹਨ। ਸਰਹੰਦੀ ਤੇ ਮੁਗਲ ਸਨ। ਇਹਨਾਂ ਨੇ ਰੋਪੜ ਦਾ ਰਸਤਾ ਰੋਕਿਆ।

ਦੂਆਬੇ ਰੋਕਯੋ ਲਹੌਰੀਅਨ, ਪ੍ਰਬਤੀਅਨ ਪਰਬਤ ਥਾਇ॥੧੯॥ ਇਹ ਦੁਆਬੇ ਦਾ ਜਿਹੜਾ ਦਰਾ ਸੀ ਜੋ ਹੁਸ਼ਿਆਰਪੁਰ ਦੇ ਵਲੋਂ ਆਉਂਦਾ ਰਸਤਾ ਇਹ ਲਾਹੌਰ ਵਾਲਿਆਂ ਨੇ ਰੋਕਿਆ ਹੈ ਅਤੇ ਏਧਰ ਪਹਾੜੀਆਂ ਨੇ ਪਹਾੜ ਰੋਕ ਲਿਆ ਹੈ ਪਹਾੜਾਂ ਨੂੰ ਨਾ ਚੜ੍ਹ ਜਾਵੇ ਉਤੇ। ੧੯।

ਚੌਪਈ॥ ਚਾਰ ਓਰ ਉਨ ਘੇਰਾ ਲਾਯੋ॥ ਚਾਰੋਂ ਤਰਫ ਫੌਜ ਨੇ ਬੜੀ ਸਕੀਮ ਨਾਲ ਜਿਵੇਂ ਕਿਸੇ ਨੂੰ ਘੇਰਾ ਪਾਈਦਾ ਹੈ ਇਉਂ ਘੇਰਾ ਪਾਉਣਾ ਕੀਤਾ।

ਅੰਨ ਘਾਸ ਕੁਛ ਬਜ਼ਨ ਨ ਪਾਯੋ॥ ਫੌਜ ਵਾਸਤੇ ਅੰਨ ਘੋੜਿਆਂ ਵਾਸਤੇ ਘਾਹ ਪੱਠਾ ਚਾਹੀਦਾ ਹੈ, ਅੰਦਰ ਕਿੰਨਾਂ ਚਿਰ ਹੋ ਗਿਆ, ਅੰਦਰ ਕਿੰਨਾਂ ਕੁ ਚਿਰ ਕੱਟਣ ਭਾਵ ਅੰਦਰ ਜਮ੍ਹਾਂ ਨਾ ਕਰਨ ਦਿੱਤਾ। ਜੇ ਪਹਿਲਾਂ ਖ਼ਬਰ ਹੋ ਜਾਂਦੀ ਸ਼ਾਇਦ ਜਮ੍ਹਾਂ ਕਰ ਲੈਂਦੇ। ਇਤਨੀ ਛੇਤੀ ਹੱਲਾ ਹੋਇਆ ਕਿ ਅੰਨ ਘਾਹ ਕਿਲ੍ਹੇ ਅੰਦਰ ਜਾਣ ਹੀ ਨਹੀਂ ਦਿੱਤਾ।

ਲੋਕਨ ਕੋ ਬਹੁ ਔਖੀ ਭਈ॥ ਸੋ ਦੁਨੀਆਦਾਰ ਜਿਨ੍ਹਾਂ ਨੇ ਇਥੇ ਆ ਕੇ ਵਸੇਬਾ ਕੀਤਾ ਸੀ ਬੜੇ ਔਖੇ ਹੋ ਗਏ ਕਿਵੇਂ ਨੱਠੀਏ। ਅਗਾਂਹ ਨਿਕਲਣ ਨੂੰ ਵੀ ਰਾਹ ਕੋਈ ਨਹੀਂ ਦਿਸਦਾ ਰਾਹ ਵਿਚ ਹੀ ਨਾ ਫੜੇ ਜਾਈਏ। ਇਉਂ ਫ਼ਿਕਰ ਹੋ ਗਿਆ ਲੋਗਾਂ ਨੂੰ।

ਲੋਕਨ ਤਬ ਨੱਠਨ ਕੀ ਠਈ॥੨੦॥ ਲੋਕਾਂ ਕਿਹਾ ਜਾਨ ਬਚਾਓ ਨਿਕਲੋ ਕੁਛ ਨਾ ਲਓ ਸਾਮਾਨ, ਲੋਕਾਂ ਨੂੰ ਤਾਂ ਭੱਜਣ ਦੀ ਪੈ ਗਈ। ੨੦।

ਤਬ ਸਤਿਗੁਰ ਇਮ ਲੋਕਨ ਕਹੀ॥ ਭੱਜਦੇ ਜਾਂਦੇ ਲੋਕਾਂ ਨੂੰ ਸਤਿਗੁਰੂ ਜੀ ਏਸ ਤਰ੍ਹਾਂ ਕਹਿੰਦੇ ਹਨ।

ਤੁਮ ਨੱਠੇ ਬਚਤੇ ਅਬ ਨਹੀਂ॥ ਓ ਨਾਂਹ ਭੱਜੋ, ਪਰ ਜੇ ਭੱਜੋਗੇ ਤਾਂ ਬਚਦੇ ਤੁਸੀਂ ਵੀ ਨਹੀਂ। ਇਹ ਖਿਆਲ ਕਰ ਲਉ ਹੁਣ ਕਿਧਰ ਭੱਜ ਕੇ ਨਿਕਲੋਗੇ। ਚਾਰੋਂ ਤਰਫ ਘੇਰਾ ਪੈ ਚੁਕਿਆ ਹੈ, ਹੁਣ ਨਾ ਕੋਸ਼ਿਸ਼ ਕਰੋ ਭੱਜਣ ਦੀ।

ਕੋਈ ਬਿਧ ਦੇ ਭਗਵੰਤ ਬਣਾਇ॥ ਹੌਸਲਾ ਕਰੋਗੇ ਕੋਈ ਮਹਾਰਾਜ ਐਸੀ ਵਿਧੀ ਬਣਾ ਦੇਣਗੇ, ਸਾਡੇ ਬਚਾਅ ਵਾਸਤੇ ਕੋਈ ਨਾ ਕੋਈ ਉਪਰਾਲਾ ਤਾਂ ਪ੍ਰਮੇਸ਼ਰ ਕਰੇਗਾ ਤੁਸੀਂ ਕਿਉਂ ਉਹਦਾ ਆਸਰਾ ਛੱਡਦੇ ਹੋ, ਪ੍ਰਮੇਸ਼ਰ ਤੇ ਓਟ ਰੱਖੋ।

ਜਲਤੀ ਅਗਨ ਬਰਖਾ ਬਰਖਾਇ॥੨੧॥ ਜਦੋਂ ਪ੍ਰਮੇਸ਼ਰ ਨੇ ਰੱਖਣਾ ਹੋਵੇ, ਬਲਦੀ ਅੱਗੇ ਦੇ ਵਿਚ ਪ੍ਰਮੇਸ਼ਰ ਮੀਂਹ ਪਾ ਸਕਦਾ ਹੈ। ਮੀਂਹ ਪਏ ਤੋਂ ਅੱਗ ਬੁਝ ਜਾਏਗੀ ਸਾਰੇ ਬਚ ਜਾਵਾਂਗੇ। ੨੧।

ਸਿੰਘ ਹੈਂ ਹਮ ਸੰਗ ਚਾਰ ਹਜ਼ਾਰ॥ ਸਾਡੇ ਨਾਲ ਚਾਰ ਹਜ਼ਾਰ ਸਿੰਘ ਹਨ ਜੋ ਸਤਿਗੁਰਾਂ ਦੇ ਕੋਲ ਮੌਜੂਦ ਹੀ ਰਹਿੰਦੇ ਸਨ, ਜੋ ਸਤਿਗੁਰਾਂ ਦੇ ਹਜ਼ੂਰ ਹੀ ਰਹਿੰਦੇ ਸਨ ਜਿਹੜੇ ਜਾ ਵੀ ਨਹੀਂ ਸਕਦੇ ਸਨ ਕਿਸੇ ਪਾਸੇ ਕਿਹਾ ਰਿਪੋਟਾਂ ਵਿਚ। ਜਿਹੜੇ ਦੂਰ ਦੂਰ ਦੇ ਬਿਹੰਗਮ ਸਿੰਘ ਸਨ।

ਸਕੈਂ ਨ ਪਰ ਹਮ ਪੈ ਲਖ ਚਾਰ॥ ਜੇ ਚਾਰ ਲੱਖ ਦੁਸ਼ਮਣ ਵੀ ਸਾਡੇ 'ਤੇ ਹੱਲਾ ਬੋਲ ਦੇਵੇ, ਉਹ ਸੰਗੇਗਾ ਉਹ ਵੀ ਡਰੇਗਾ, ਸਾਡੇ 'ਤੇ ਚਾਰ ਲੱਖ ਇਕੱਠੇ ਹੀ ਹੱਲਾ ਨਹੀਂ ਬੋਲ ਸਕਦੇ।

ਹੋਵਗੁ ਉਨ ਕੋ ਜਾਨ ਪਿਆਰੀ॥ ਕਿਉਂਕਿ ਉਹਨਾਂ ਨੂੰ ਜਾਨ ਪਿਆਰੀ ਹੈ, ਸਾਨੂੰ ਤਾਂ ਪਤਾ ਅਸੀਂ ਬਚਣਾ ਨਹੀਂ, ਜਦ ਸਾਡੇ 'ਤੇ ਹੱਲਾ ਹੋ ਰਿਹਾ ਚਾਰ ਚੁਫੇਰਿਓਂ ਘੇਰਾ ਪੈ ਰਿਹਾ ਹੈ, ਅਸੀਂ ਤਾਂ ਸੀਸ ਤਲੀ 'ਤੇ ਰੱਖਕੇ ਲੜਨਾ ਹੈ, ਜਾਨ 'ਤੇ ਖੇਲ੍ਹ ਜਾਣਾ ਹੈ ਤੇ ਇਹ ਫੌਜੀ ਨੇ ਵਿਚਾਰੇ ਆਪਦੇ ਪੇਟ ਦੀ ਖਾਤਰ ਕਰਦੇ ਹਨ ਨੌਕਰੀ, ਉਹਨਾਂ ਨੂੰ ਤਾਂ ਜਾਨਾਂ ਪਿਆਰੀਆਂ ਹੋਣਗੀਆਂ।

ਹਮ ਪਰ ਸਕੈਂ ਨਿਕਰਨੈ ਵਾਰੀ॥੨੨॥ ਇਸ ਵਾਸਤੇ ਸਾਡੇ 'ਤੇ ਕੋਈ ਵਾਰ ਨਹੀਂ ਕਰ ਸਕਦਾ, ਕਿਸੇ ਦੀ ਜੁਰਅਤ ਨਹੀਂ ਕਿ ਅੱਗੇ ਹੋ ਕੇ ਸਾਡੇ 'ਤੇ ਹੱਥ ਉਠਾਵੇ। ੨੨।

ਤੌ ਲੋਕਨ ਮਾਤਾ ਸਮਝਾਈ॥ ਤਾਂ ਸਤਿਗੁਰੂ ਤਾਂ ਰੋਕਦੇ ਨੇ ਲੋਕ ਫਰਿਆਦਾਂ ਕਰਦੇ ਨੇ, ਮਹਾਰਾਜ ਕੱਢੋ ਕਿਸੇ ਪਾਸੇ ਨੂੰ, ਜਦੋਂ ਸਤਿਗੁਰੂ ਨਹੀਂ ਮੰਨੇ ਤਾਂ ਸਾਰੇ ਲੋਕ ਵਸਨੀਕ ਇਥੋਂ ਦੇ ਮਾਤਾ ਗੁਜਰੀ ਜੀ ਦੇ ਕੋਲ ਚਲੇ ਗਏ। ਲੋਕਾਂ ਨੇ ਮਾਤਾ ਜੀ ਨੂੰ ਸਮਝਾਇਆ।

ਤੂੰ ਰਾਜਨ ਸਿਉਂ ਲੈ ਗੱਲ ਬਨਾਈ॥ ਮਾਤਾ ਜੀ! ਤੁਸੀਂ ਆਪਣੇ ਸਿੱਖਾਂ ਨੂੰ ਭੇਜ ਕੇ ਰਾਜਿਆਂ ਨਾਲ ਕੋਈ ਗੱਲ ਬਣਾ ਲਈਏ, ਤਹਿ ਕਰ ਲਈਏ, ਭਾਈ ਤੁਸੀਂ ਸਾਡੇ 'ਤੇ ਹੱਲਾ ਨਾ ਬੋਲੋ ਜਿਵੇਂ ਤੁਸੀਂ ਸਾਨੂੰ ਕਹੋ ਅਸੀਂ ਉਵੇਂ ਕਰ ਲੈਂਦੇ ਹਾਂ। ਇਉਂ ਮਾਤਾ ਜੀ ਨੂੰ ਕਹਿੰਦੇ। ਤੁਸੀਂ ਕੋਈ ਗੱਲ ਬਣਾ ਲਉ ਇਹਨਾਂ ਨਾਲ, ਕੋਈ ਜੋੜ-ਮੇਲ ਕਰ ਲਈਏ।

ਸਤਿਗੁਰ ਸੁਨ ਕਹੀ ਪਰਬਤੀ ਦਗੇਦਾਰ॥ ਸਤਿਗੁਰ ਨੇ ਮਾਤਾ ਜੀ ਦੀ ਗੱਲ ਸੁਣਕੇ ਕਹੀ ਹੇ ਮਾਤਾ ਜੀ! ਇਹ ਪਹਾੜੀ ਲੋਕ ਦਗੇਦਾਰ ਨੇ, ਇਹ ਧੋਖੇ ਬਾਜ਼ ਨੇ ਲੋਕ ਇਹ ਤੁਹਾਡੇ ਨਾਲ ਧੋਖਾ ਕਰਨਗੇ।

ਸੋ ਲੇਵੈਂਗੇ ਲੁਟ ਤੁਹਿ ਮਾਰ॥੨੩॥ ਹੇ ਮਾਤਾ ਜੀ ਇਹਨਾਂ ਤੁਹਾਡੀ ਲੁੱਟ ਮਾਰ ਕਰ ਲੈਣੀ ਹੈ। ਧਨ ਦੇ ਲਾਲਚ ਵਿਚ ਆ ਕੇ ਤੁਹਾਡੇ 'ਤੇ ਹੱਲਾ ਬੋਲ ਦੇਣਗੇ। ੨੩।

ਦੋਹਰਾ॥ ਇਹ ਦਗੇਦਾਰ ਹੈਂ ਆਦ ਕੇ, ਇਨ ਪਰ ਮਤਿ ਪਤੀਯਾਇ॥ ਇਹ ਅੱਜ ਤੋਂ ਥੋੜੇ ਆਦਿ ਤੋਂ ਲੈ ਕੇ ਦਗੇਦਾਰ ਹੈਨ ਇਹਨਾਂ 'ਤੇ ਮੱਤ ਭਰੋਸਾ ਕਰੋ ਮਾਤਾ ਜੀ।

ਏ ਲੇਵੇਂਗੇ ਸਭਨ ਫੜ, ਔ ਦੇਵੈਂ ਕੈਦੇ ਪਾਇ॥੨੪॥ ਜੇ ਇਹਨਾਂ 'ਤੇ ਇਤਬਾਰ ਕੀਤਾ ਤਾਂ ਸਭ ਨੂੰ ਫੜ ਲੈਣਗੇ ਅਤੇ ਜੇਲ੍ਹਾਂ ਵਿਚ ਪਾ ਦੇਣਗੇ, ਸਭ ਨੂੰ ਕੈਦ ਕਰ ਲੈਣਗੇ। ੨੪।

ਚੌਪਈ॥ ਤੌ ਮਾਤਾ ਕਹੀ ਉਨ ਠਾਕੁਰ ਉਠਾਇ॥ ਤਾਂ ਮਾਤਾ ਜੀ ਕਹਿੰਦੇ ਨੇ, ਉਹ ਤਾਂ ਠਾਕੁਰਾਂ ਦੀ ਸੌਂਹ ਖਾਂਦੇ ਨੇ। ਪੱਥਰ ਦਾ ਵੱਟਾ ਆਟੇ ਦੀ ਗਊ ਬਣਾ ਕੇ, ਥਾਲ ਵਿਚ ਰੱਖਕੇ ਇਹ ਕਹਿੰਦੇ ਨੇ ਆਹ ਵੇਖੋ ਸਤਿਗੁਰ ਜੀ ਸੌਂਹ ਲੱਗੇ ਸਾਨੂੰ ਗਊ ਦੀ, ਸੌਂਹ ਲੱਗੇ ਸਾਨੂੰ ਠਾਕੁਰਾਂ ਦੀ, ਜੇ ਅਸੀਂ ਤੁਹਾਡੇ 'ਤੇ ਹੱਲਾ ਬੋਲੀਏ, ਜਾਂ ਅਸੀਂ ਕੋਈ ਵਾਧਾ ਕਰੀਏ, ਜਦੋਂ ਆਪ ਸੌਂਹ ਖਾ ਰਹੇ ਨੇ। ਮਾਤਾ ਜੀ ਕਹਿੰਦੇ ਕੁਛ ਤਾਂ ਕਰੋ ਯਕੀਨ ਇਹਨਾਂ 'ਤੇ।

ਨਹਿੰ ਹਮ ਸੌਂ ਸਕੈਂ ਦਗੋ ਕਮਾਇ॥ ਮਾਤਾ ਜੀ ਕਹਿੰਦੇ ਆਹ ਤਾਂ ਸੌਂਹ ਖਾ ਲਈ ਵਿਚਾਰਿਆਂ ਨੇ, ਔਹ ਵੇਖੋ ਨਾ, ਪੰਡਤ ਆਇਆ ਸੀ ਉਹ ਸੌਂਹ ਖਾ ਕੇ ਗਿਆ, ਸਾਡੇ ਨਾਲ ਨਹੀਂ ਦਗਾ ਕਰਨਗੇ। ਮਾਤਾ ਜੀ ਯਕੀਨ ਕਰਦੇ ਹਨ ਉਹਨਾਂ 'ਤੇ।

ਸਤਿਗੁਰ ਕਹਯਾ ਤੁਮ ਲੇਹੁ ਪਤਯਾਇ॥ ਸਤਿਗੁਰੂ ਕਹਿਣ ਲੱਗੇ ਜੇ ਮੇਰੇ ਬਚਨ 'ਤੇ ਪ੍ਰਤੀਤ ਨਹੀਂ ਤਾਂ ਹੁਣ ਪ੍ਰਤਿਆ ਲੈਂਦੇ ਹਾਂ, ਇਹ ਦਗੇਬਾਜ਼ ਨੇ ਕਿ ਨਹੀਂ, ਹੁਣੇ ਪਤਾ ਲੱਗ ਜਾਂਦਾ ਹੈ, ਲਉ ਤੁਹਾਨੂੰ ਵਿਖਾਉਂਦੇ ਹਾਂ।

ਮਾੜ ਮੋਟ ਕਿਛ ਚੀਜ ਧ੍ਰਵਾਇ॥੨੫॥ (ਮਾੜ ਮੋਟ) ਥੋੜੀ ਬਹੁਤੀ ਮਾੜੀਆਂ ਮੋਟੀਆਂ ਟੁੱਟੀਆਂ ਭੱਜੀਆਂ ਵਸਤੂਆਂ ਇਕੱਠੀਆਂ ਕਰਕੇ, ਹੁਣੇ ਦਿਖਾਉਂਦੇ ਹਾਂ ਤੁਹਾਨੂੰ ਇਹਨਾਂ ਦਾ ਯਕੀਨ, ਵੇਖੋ ਕਿਵੇਂ ਭਰੋਸੇ ਵਾਲੀ ਗੱਲ ਕਰਦੇ ਨੇ ਕਿ ਦਗੇ ਵਾਲੀ ਕਰਦੇ ਨੇ। ੨੫।

ਟੂਟੀ ਫੂਟੀ ਜੁ ਮਾਰੀ ਚੀਜਾਂ॥ ਟੁੱਟੀਆਂ ਫੁੱਟੀਆਂ ਜੋ ਮਾੜੀਆਂ ਚੀਜਾਂ ਹਨ ਜੁੱਤੀਆਂ, ਕਾਠੀਆਂ ਹੋਰ ਘੋੜਿਆਂ ਦਾ ਸਾਮਾਨ ਰੰਬੇ ਦਾਤਰੀਆਂ ਹੋਰ ਜੋ ਮਾੜੀਆਂ ਚੀਜਾਂ ਸਨ।

ਕਰੀ ਤਯਾਰ ਦੇਖਨ ਕੌ ਮੀਜਾ॥ ਦੇਖਣ ਦੇ ਵਾਸਤੇ ਭਾਵ ਇਹਨਾਂ ਦੇ ਦਿਲ ਦੀ ਸਫਾਈ ਦੇਖਣ ਦੇ ਵਾਸਤੇ ਸਤਿਗੁਰਾਂ ਨੇ ਸਾਰਾ ਸਾਮਾਨ ਟੁੱਟਾ ਭੱਜਾ ਜੁੱਤੀਆਂ ਅਤੇ ਏਥੋਂ ਤਕ ਕਿ ਉਹ ਘੋੜਿਆਂ ਦੀ ਲਿੱਦ ਵੀ ਵਿਚ ਪਾਈ ਹੋਰ ਗੰਦਗੀ ਵੀ ਵਿਚ ਪਾਈ, ਪਾ ਕੇ ਖੁਰਜੀਆਂ ਨੂੰ ਤਿਆਰ ਕਰ ਲਿਆ।

ਭਾਰ ਬ੍ਰਦਾਰੀ ਲੱਦ ਚਲਾਈ॥ ਅਤੇ ਬੈਲ ਮੰਗ੍ਵਾ ਲਏ ਇਹਨਾਂ ਤੋਂ ਹੀ ਕਹਿਣ ਲੱਗੇ ਇਉਂ ਕਰੋ ਚਾਰ ਹਜ਼ਾਰ ਬੈਲ ਭੇਜੋ ਉਦੋਂ ਬੈਲਾਂ ਤੇ ਬਹੁਤਾ ਸਾਮਾਨ ਢੋਇਆ ਜਾਂਦਾ ਸੀ। ਉਹਨਾਂ ਨੇ ਫਟਾ ਫਟ ਭੇਜ ਦਿੱਤੇ, ਕਿ ਅਸੀਂ ਭਾਈ ਆਪਣਾ ਖਜ਼ਾਨਾ ਕੱਢਣਾ ਪਹਿਲੋਂ। ਸਤਿਗੁਰਾਂ ਨੇ ਰੋਲਾ ਪਾ ਦਿੱਤਾ, ਉਹਨਾਂ ਦੇ ਮਨ ਵਿਚ ਬਿਠਾ ਦਿੱਤਾ, ਲੈ ਖਜ਼ਾਨਾ, ਖਜ਼ਾਨਾ ਪਹਿਲਾਂ ਕੱਢਣਗੇ। ਖਜ਼ਾਨਾ ਨਿਕਲੇਗਾ, ਖਜ਼ਾਨੇ ਤੇ ਸਾਰੇ ਮਰ ਰਹੇ ਹਨ। ਖਜ਼ਾਨਾ ਲੁੱਟਣਾ ਪਤਾ ਨਹੀਂ ਕਿੰਨਾ ਕੁ ਖਜ਼ਾਨਾ ਇਹਨਾਂ ਦੇ ਕੋਲ। ਹੀਰਾ ਮੋਤੀ ਮੋਹਰਾਂ ਆਦਿਕ ਬੜਾ ਧਨ ਹੈ ਸਤਿਗੁਰਾਂ ਦੇ ਪਾਸ, ਨਿਕਲਣ ਦੇ ਅਸੀਂ ਲੁੱਟਾਂਗੇ। ਉਹਨਾਂ ਫਟਾ ਫਟ ਬੈਲ ਭੇਜ ਦਿਤੇ, ਸਾਮਾਨ ਭੇਜ ਦਿੱਤਾ, ਛੱਟਾਂ ਭੇਜ ਦਿੱਤੀਆਂ।

ਦਰਬ ਤੋਰੀ, ਇਮ ਗੁਰੂ ਬਜਾਈ॥੨੬॥ ਸਤਿਗੁਰਾਂ ਨੇ ਬੈਲਾਂ ਦੇ ਸਿੰਙਾਂ ਨਾਲ ਬੰਨ੍ਹਾ ਦਿੱਤੀਆਂ ਮਸ਼ਾਲਾਂ ਸਤਿਗੁਰਾਂ ਨੇ ਦੰਡੋਰਾ ~~ਫਿਰਵਾ~~ ਦਿੱਤਾ ਕਿ ਧਨ ਕੱਢ ਰਹੇ ਹਾਂ। ਪਹਿਲਾਂ ਖਜ਼ਾਨਾ ਨਿਕਲ ਰਿਹਾ ਅਨੰਦਪੁਰੀ ਵਿਚੋਂ। ੨੬।

ਯਹ ਬਾਤ ਰਾਜਨ ਕੰਨ ਪਈ॥ ਪਹਾੜੀ ਰਾਜਿਆਂ ਦੇ ਕੰਨਾਂ ਵਿਚ ਇਹ ਗੱਲ ਪਈ ਅੱਜ ਸਤਿਗੁਰਾਂ ਨੇ ਧਨ ਕੱਢ ਲੈਣਾ ਹੈ ਕੱਲ੍ਹ ਨੂੰ ਫੇਰ ਤੁਰਨਗੇ ਆਪ।

ਕਰ ਹੱਲਾ ਸਭ ਹੁੰ ਲੁੱਟ ਲਈ॥ ਜਦੋਂ ਸਕੀਮ ਦੇ ਨਾਲ ਸਤਿਗੁਰਾਂ ਨੇ ਏਥੋਂ ਬੈਲ ਤੋਰੇ ਤੇ ਸਿੰਘਾਂ ਨੂੰ ਹੁਕਮ ਕੀਤਾ ਸਿੰਘੋ! ਕੁਛਕੁ ਦੂਰ ਤਾਈਂ ਇਹਨਾਂ ਦੇ ਨਾਲ ਜਾਓ ਆਪਣੀ ਹੱਦ ਜਿਹੜੀ ਹੈ ਉਹ ਟਪਾ ਦਿਉ ਇਹਨਾਂ ਨੂੰ, ਹੱਦ ਟਪਾ ਕੇ ਤੁਸੀਂ ਮੁੜ ਆਉਣਾ ਛੇਤੀ ਨਾਲ ਹੀ। ਕਿਉਂਕਿ ਪਤਾ ਸੀ ਜੋ ਕੁਛ ਸਾਮਾਨ ਇਹਦੇ ਵਿਚ ਪਾਇਆ ਸੀ। ਇਉਂ ਹੁਕਮ ਹੋਇਆ ਸੀ ਫੌਜ ਨੂੰ। ਸੋ ਸਿੰਘਾਂ ਨੇ ਬੈਲ ਹੱਕ ਕੇ ਮੂਹਰੇ ਰਾਹੇ ਪਾ ਲਏ ਹਨ ਅਤੇ ਆਪਦੀ ਹੱਦ-ਬੰਦੀ

ਟਪਾ ਕੇ ਵਾਪਸ ਮੁੜ ਆਏ। ਜਦ ਤੁਰਕਾਂ ਨੂੰ ਪਤਾ ਲੱਗਾ ਧਨ ਆ ਗਿਆ ਸਾਡੇ ਏਰੀਏ ਵਿਚ, ਆਪ ਲੁਕੇ ਛਿਪੇ ਬੈਠੇ ਸਨ ਚਾਰ ਚੁਫੇਰੇ ਜਾਂ ਵਿਚਾਲੇ ਆ ਗਿਆ ਖਜ਼ਾਨਾ ਤੇ ਹੱਲਾ ਬੋਲ ਦਿੱਤਾ। ਪਹਾੜੀਆਂ ਨੇ ਇਕ ਦਮ।

ਛਲੀਅਨ ਕੋ ਕਰ ਛਲ ਦਿਖਰਾਯਾ॥ ਇਹ ਛਲੀਏ ਲੋਕ ਸਨ, ਛਲਦੇ ਸਨ ਝੂਠ ਮਾਰ ਕੇ, ਸੌਂਹ ਖਾ ਕੇ ਗਊ ਦੀ ਅਤੇ ਠਾਕੁਰਾਂ ਦੀ ਸੌਂਹ ਖਾ ਕੇ। ਮੁਸਲਮਾਨ ਭੀ ਆਏ ਹਨ ਉਹਨਾਂ ਨੇ ਕੁਰਾਨ ਲਿਆਂਦਾ ਸਾਨੂੰ ਕੁਰਾਨ ਦੀ ਸੌਂਹ, ਜੇ ਅਸੀਂ ਤੁਹਾਡੇ ਨਾਲ ਦਗਾ ਕਰੀਏ। ਇਹਨਾਂ ਆਖਿਆ ਸਾਨੂੰ ਗਊ ਦੀ ਸੌਂਹ ਠਾਕੁਰਾਂ ਦੀ ਸੌਂਹ ਜੇ ਅਸੀਂ ਤੁਹਾਡੇ 'ਤੇ ਹੱਲਾ ਬੋਲੀਏ। ਉਹ ਤਾਂ ਕਿਧਰੇ ਹੀ ਰਹਿ ਗਈਆਂ ਸੌਂਹਾਂ। ਇਹ ਕੀ ਜਾਣਦੇ ਸੀ ਸੌਂਹ ਨੂੰ। ਗੁਰੂ ਮਹਾਰਾਜ ਜੀ ਨੇ ਛਲੀਆਂ ਨੂੰ ਛਲ ਕਰਕੇ ਦਿਖਾਇਆ।

ਛਿੱਤ੍ਰ ਪੁਰਾਣਨ ਪਰ ਧ੍ਰਮ ਗਵਾਇਆ॥੨੭॥ ਪੁਰਾਣੇ ਛਿੱਤ੍ਰ ਜੋ ਖੁਰਜੀਆਂ ਵਿਚ ਪਏ ਹੋਏ ਸਨ ਉਹਦੇ 'ਤੇ ਇਹਨਾਂ ਨੇ ਆਪਣਾ ਧਰਮ ਗਵਾ ਦਿੱਤਾ। ਜੋ ਭਰੋਸਾ ਸੀ ਉਹ ਜਾਂਦਾ ਰਿਹਾ। ੨੭।

ਜੁੱਲੀ ਪਨਹੀਂ ਪਰ ਉਨ ਹਥ ਪਾਯਾ। ਪੁਰਾਣੀਆਂ ਜੁਲੀਆਂ ਤੇ ਟੁੱਟੀਆਂ (ਪਨਹੀ) ਜੁਤੀਆਂ ਤੇ ਜਾਂ ਧਰਮ ਗਵਾਇਆ ਇਹਨਾਂ ਨੇ ।

ਭਏ ਸ਼੍ਰਮਿੰਦੇ ਹਥ ਦਰਬ ਨ ਆਯਾ॥ ਜਦੋਂ ਉਹਨਾਂ ਨੇ ਤੰਬੂਆਂ ਵਿਚ ਲਿਜਾ ਕੇ ਖੁਰਜੀਆਂ ਖੋਹਲੀਆਂ ਤਾਂ ਸ਼ਰਮਿੰਦੇ ਹੋ ਗਏ, ਧਨ ਦੀਆਂ ਭਰੀਆਂ ਨੇ ਰਾਤ ਨੂੰ ਤਾਂ ਲੁੱਟਦੇ ਰਹੇ ਨੇ। ਜਦੋਂ ਸਵੇਰੇ ਉਠ ਕੇ ਹੱਥ ਪਾਏ ਤਾਂ ਹੱਥ ਲਿਬੜ ਗਏ ਗੰਦ ਨਾਲ ਟੁੱਟੀਆਂ ਜੁਤੀਆਂ ਆਦਿਕ ਨਿਕਲੀਆਂ। ਕਿਉਂਕਿ ਦੂਰੋਂ ਤਾਂ ਬੜਾ ਲਿਸ਼ਕਾਰਾ ਸੀ। ਧਰਮ ਇਮਾਨ ਵੀ ਗਵਾ ਲਿਆ ਆਪਣਾ ਅਤੇ ਧਨ ਵੀ ਹੱਥ ਨਾ ਆਇਆ ਏਸ ਕਰਕੇ ਸ਼ਰਮਿੰਦੇ ਹੋ ਗਏ ਹਨ।

ਤੋ ਭੀ ਮਾਤਾ ਮੰਨੀ ਨਾ ਬਾਤ॥ ਸਤਿਗੁਰਾਂ ਨੇ ਤਜਰਬਾ ਕਰ ਕੇ ਵਿਖਾ ਦਿੱਤਾ। ਧੋਖੇਬਾਜ਼ ਨੇ ਲੇਕਨ ਮਾਤਾ ਜੀ ਨੂੰ ਕੌਨ ਭਰਨ ਵਾਲੇ ਜਿਹੜੇ ਨੇ ਉਹ ਨਹੀਂ ਮੰਨਣ ਦਿੰਦੇ। ਮਾਤਾ ਜੀ ਕਹਿੰਦੇ ਇਹ ਨਹੀਂ ਹੋ ਸਕਦਾ, ਸਾਡੇ 'ਤੇ ਨਹੀਂ ਹੱਥ ਚੁੱਕ ਸਕਦੇ।

ਮੈਂ ਤੁਰ ਜਾਉਂਗ ਹੋਤ ਪ੍ਰਭਾਤ॥੨੮॥ ਮਾਤਾ ਜੀ ਵੀ ਐਨੇ ਰੁੱਖੇ ਹੋ ਗਏ ਕਹਿਣ ਲੱਗੇ ਤੁਸੀਂ ਨਾ ਤੁਰਿਓ ਬੇਸ਼ੱਕ ਮੈਂ ਤਾਂ ਪ੍ਰਭਾਤ ਹੁੰਦੀ ਹੀ ਤੁਰ ਜਾਣਾ ਹੈ, ਮੈਂ ਤਾਂ ਮੂੰਹ ਹਨੇਰੇ ਹੀ ਅਨੰਦਪੁਰ ਛੱਡ ਕੇ ਚਲੇ ਜਾਣਾ ਹੈ। ਮੈਂ ਤਾਂ ਨਹੀਂ ਹਟਣਾ, ਇਉਂ ਜਦੋਂ ਬਚਨ ਹੋ ਗਿਆ। ੨੮।

ਹੁਤੀ ਮਾਤਾ ਸਭ ਲੋਕਨ ਸਿਖਾਈ॥ ਲੋਕਾਂ ਨੇ ਸਿਖਾਈ ਸੀ ਮਾਤਾ, ਜਦੋਂ ਉਹ ਰੌਲਾ ਪਾਉਂਦੇ ਨੇ ਦੇਖੋ ਮਾਤਾ ਜੀ ਛੋਟੇ ਛੋਟੇ ਸਾਹਿਬਜ਼ਾਦੇ ਆਪਣੇ, ਦੇਖੋ ਮਾਤਾ ਜੀ ਐਹ ਸਾਮਾਨ ਕਿਧਰ ਜਾਊਗਾ, ਤੁਹਾਡੇ ਖਜਾਨੇ ਲੁੱਟ ਲੈਣਗੇ। ਇਸ ਤਰ੍ਹਾਂ ਮਾਤਾ ਜੀ ਨੂੰ ਸਿਖਾਉਂਦੇ ਨੇ।

ਮਾਤਾ ਚਲਨੈਂ ਬਾਤ ਠਹਿਰਾਈ॥ ਮਾਤਾ ਜੀ ਨੇ ਤਾਂ ਤੁਰਨ ਦੀ ਗੱਲ ਹੀ ਪੱਕੀ ਕਰ ਲਈ, ਬੱਸ ਆਪਾਂ ਤਾਂ ਖੜਨਾ ਨਹੀਂ ਹੁਣ, ਸਵੇਰ ਹੋਣ ਸਾਰ ਹੀ ਕੂਚ ਕਰ ਚਲਣਾ ਹੈ।

ਮਾਤਾ ਤੇ ਇਮ ਲੋਕਨ ਅਖਵਾਈ॥ ਮਾਤਾ ਜੀ ਤੋਂ ਲੋਕਾਂ ਨੇ ਇਉਂ ਅਖਵਾਯਾ, ਮਹਾਰਾਜ ਨੂੰ ਬਚਨ ਕਹਾਏ।

ਹਮਕੋ ਲੇ ਚਲ ਮੁਹਰੇ ਲਾਈ॥੨੯॥ ਮਾਤਾ ਜੀ! ਤੁਸੀਂ ਇਉਂ ਕਰਿਓ, ਸਾਨੂੰ ਹੁਕਮ ਦਿਉ ਚਲੋ ਭਾਈ ਮੂਹਰੇ ਲੱਗੋ ਚਲ ਕੇ। ਤੁਸੀਂ ਅੱਗੇ ਲਗ ਕੇ ਚਲਿਓ ਅਸੀਂ ਮੂਹਰੇ ਲਗ ਕੇ ਨਿਕਲਾਂਗੇ ਤੁਹਾਡੇ। ੨੯।

ਸੋਊ ਬਾਤ ਸਤਿਗੁਰ ਸੁਨ ਪਾਈ॥ ਉਹ ਡਰਦੇ ਨੇ ਕਿ ਸਤਿਗੁਰੂ ਸਾਨੂੰ ਕਿਤੇ ਰੋਕ ਨ ਲੈਣ, ਖ਼ਬਰਦਾਰ ਜਾਣਾ ਨਹੀਂ ਕਿਸੇ ਨੇ, ਏਸੇ ਕਰਕੇ ਮਾਤਾ ਜੀ ਨੂੰ ਕਹਿੰਦੇ ਹਨ ਕਿ ਸਾਨੂੰ ਨਾ ਰੋਕਿਓ। ਜਦੋਂ ਸਤਿਗੁਰਾਂ ਨੂੰ ਪਤਾ ਲੱਗਿਆ ਕਿ ਐਸੀਆਂ ਐਸੀਆਂ ਭੱਜਣ ਦੀਆਂ ਇਹ ਸਕੀਮਾਂ ਸੋਚਦੇ ਨੇ ਨਿਕਲ ਚਲੀਏ ਏਥੋਂ।

ਮਨ ਮਧ ਸਤਿਗੁਰ ਇਮ ਠਹਿਰਾਈ॥ ਸਤਿਗੁਰਾਂ ਨੇ ਆਪਣੇ ਮਨ ਵਿਚ ਇਉਂ ਠਾਣ ਲਈ, ਇਹਨਾਂ ਨੂੰ ਇਉਂ ਕਹਿ ਦੇਈਏ।

ਨਠੇ ਬਚੈਗਾ ਕੋਊ ਨਾਂਹਿ॥ ਸਤਿਗੁਰੂ ਕਹਿਣ ਲੱਗੇ ਓ ਸੁਣੋ! ਸਿਆਣੇ ਬਣੋ ਭਾਈ। ਜੇ ਏਥੋਂ ਭੱਜੋਗੇ ਨਾ ਕਿਸੇ ਨਹੀਂ ਬਚਣਾ, ਜਿੰਨੇ ਭੱਜਣ ਵਾਲੇ ਹੋਣਗੇ ਸਾਰੇ ਮਾਰੇ ਜਾਣਗੇ।

ਹਮ ਊਪਰ ਜਗ ਕਵਤ ਕਰਾਂਹਿ॥੩੦॥ ਸਾਡੇ ਉਤੇ ਜਗਤ ਦੇ ਲੋਕ ਉਂਗਲਾਂ ਕਰਨਗੇ ਕਿ ਆਹ ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ ਮਹਾਰਾਜ ਬੜੇ ਜੋਧੇ ਤੇ ਬੜੇ ਬਹਾਦਰ ਨੇ, ਉਹਨਾਂ ਤਾਂ ਪੰਥ ਬੜਾ ਡਾਢਾ ਪੈਦਾ ਕੀਤਾ, ਲੋਕੀਂ ਤਾਂ ਹੱਥ ਚੁੱਕ ਕੇ ਗੱਲਾਂ ਕਰਨਗੇ ਸਾਡੀਆਂ। ੩੦।

ਕਹਾ ਕਰੈਂ ਗੁਰ ਮੰਨੈ ਨ ਵਾਇ॥ ਸਤਿਗੁਰੂ ਕੀ ਕਰਨ ਜਦੋਂ ਉਹ ਮੰਨਦੇ ਹੀ ਨਹੀਂ। ਕਹਿੰਦੇ ਅਸੀਂ ਤਾਂ ਮੰਨਣੀ ਨਹੀਂ ਇਹ ਗੱਲ, ਅਸੀਂ ਤਾਂ ਜਾਣਾ ਹੀ ਜਾਣਾ ਹੈ।

ਚਾਰ ਓਰ ਲੋਕ ਨੱਠਣ ਜਾਇ॥ ਮਹਾਰਾਜ ਹੁਕਮ ਕੀਤਾ ਨਾ ਭੱਜਣ ਦਿਉ ਇਹਨਾਂ ਨੂੰ, ਭੱਜਦੇ ਹਨ ਸਿੰਘ ਰੋਕਦੇ ਹਨ ਇਹੁਨਾਂ ਨੂੰ। ਰੋਕੋ-ਭਾਈ ਨਾ ਭੱਜੋ-ਚਾਰੋਂ ਤਰਫਾਂ ਤੋਂ ਭੱਜਣ ਜਾਂਦੇ ਹਨ।

ਇਹ ਆਮ ਗੱਲਾਂ ਹਨ ਜੋ ਉਥੋਂ ਦੇ ਵਸਨੀਕ ਨੇ, ਜਿਹੜੇ ਅਨੰਦਪੁਰ ਸਾਹਿਬ ਰੌਣਕਾਂ ਵੇਖ ਕੇ ਆਏ ਸਨ। ਕੋਈ ਵਪਾਰ ਕਰਨ ਕਿਸੇ-ਨੇ ਹੱਟਾਂ ਪਾ ਲਈਆਂ। ਜੋ ਤਕੜਾ ਧਨਵਾਨ ਸੀ ਇਥੇ ਸਤਿਗੁਰਾਂ ਦੇ ਕੋਲ ਦਰਸ਼ਨ ਕਰਾਂਗੇ, ਨਾਲੇ ਇਥੇ ਸੁਖ ਦਾ ਸਾਹ ਹੈ। ਤੁਰਕ ਏਥੇ ਕਿਸੇ ਨੂੰ ਕੁਛ ਕਹਿ ਨਹੀਂ ਸਕਦੇ। ਇਉਂ ਆਪਣਾ ਨਿਰਬਾਹ ਕਰਨ ਵਾਸਤੇ ਲੋਕੀਂ ਏਥੇ ਵਸੇ ਸਨ ਆ ਕੇ। ਹੁਣ ਉਹਨਾਂ ਲੋਕਾਂ ਨੂੰ ਹੀ ਬਹੁਤੀ ਭਾਜੜ ਪੈ ਗਈ ਕਿ ਆਪਣਾ ਤਾਂ ਧਨ ਵੀ ਜਾਂਦਾ ਰਹੂਗਾ, ਪਤ ਵੀ ਜਾਂਦੀ ਰਹੇਗੀ ਤੇ ਮਾਰੇ ਜਾਵਾਂਗੇ, ਆਪਾਂ ਨੱਠੀਏ। ਕਿਉਂਕਿ ਉਹ ਟਹਿਲੂਏ ਬਣੇ ਸੀ, ਅਸੀਂ ਸ਼ਰਧਾਲੂ ਹਾਂ ਤੁਹਾਡੇ, ਅਸੀਂ ਫਲਾਨੇ ਸ਼ਹਿਰ ਤੋਂ ਆਏ ਹਾਂ, ਅਸੀਂ ਫਲਾਨੇ ਨਗਰ ਤੋਂ ਆਏ ਹਾਂ, ਅਸੀਂ ਤਾਂ ਏਥੇ ਤੁਹਾਡੇ ਚਰਨਾਂ ਵਿਚ ਰਹਿਣਾ ਚਾਹੁੰਦੇ ਹਾਂ। ਉਹ ਖੁਸ਼ਾਮਦੀ ਲੋਕ ਜਿਹੜੇ ਸੀ ਉਹ ਕਦੋਂ ਖੜੋਂਦੇ ਨੇ ਉਹ ਨਾਲੇ ਮਾਤਾ ਜੀ ਨੂੰ ਕਹੀ ਜਾਂਦੇ ਨੇ।

ਤੌ ਸਤਿਗੁਰ ਚਿੱਤ ਯੌ ਕਰ ਆਈ॥ ਤਾਂ ਸਤਿਗੁਰਾਂ ਨੇ ਵਿਚਾਰ ਲਿਆ ਮਨ ਵਿਚ।

ਇਨ ਤੇ ਲੀਜੈ ਲਿਖਤ ਕਰਾਈ॥੩੧॥ ਕਿ ਆਹ ਭੱਜਣ ਵਾਲਿਆਂ ਤੋਂ ਕੁਛ ਲਿਖਵਾ ਤਾਂ ਲਈਏ। ਭੱਜੇ ਜਾਂਦੇ ਨੇ ਨੱਠੇ ਜੋਂਦੇ ਨੇ, ਕੋਈ ਲਿਖਤ ਕਰਵਾ ਲਈਏ ਇਹਨਾਂ ਤੋਂ, ਕੱਲ੍ਹ ਨੂੰ ਸਾਡੇ 'ਤੇ ਨਾ ਕੋਈ ਗੱਲ ਆ ਜਾਵੇ ਕਿ ਸਤਿਗੁਰਾਂ ਨੇ ਰੋਕੇ ਨਾ ਜਾਂ ਇਹਨਾਂ ਨੂੰ ਕਿਹਾ ਨਹੀਂ ਤਾਂ ਸਤਿਗੁਰਾਂ ਨੇ ਕਿਹਾ ਕੋਈ ਲਿਖਤ ਕਰਵਾ ਲਈਏ ਇਹਨਾਂ ਤੋਂ। ੩੧।

ਦੋਹਰਾ॥ ਤੌ ਸਤਿਗੁਰ ਏਤੀ ਕਹੀ ਯਹ ਹਮ ਜਾਹੋ ਲਿਖਾਇ॥ ਫਿਰ ਸਤਿਗੁਰਾਂ ਨੇ ਕਿਹਾ ਲਉ ਭੱਜਣ ਵਾਲਿਓ! ਜੇ ਤੁਸਾਂ ਨਹੀਂ ਰਹਿਣਾ ਸਾਡੇ ਹੁਕਮ ਵਿਚ, ਨੱਠ ਜਾਣਾ ਹੈ ਸਵੇਰ ਨੂੰ ਤਾਂ ਏਨਾਂ ਕੁ ਤਾਂ ਲਿਖ ਦਿਓ ਤੁਸੀਂ।

ਸਤਿਗੁਰ ਕਹਿੰਦੇ ਥਕ ਗਏ, ਹਮ ਮੰਨੀ ਸਿਖ ਨ ਕਾਇ॥੩੨॥ ਇਹ ਲਿਖ ਦਿਉ ਸਾਨੂੰ ਸਤਿਗੁਰੂ ਤਾਂ ਕਹਿ ਕਹਿ ਕੇ ਥੱਕ ਲੱਥੇ ਸਨ ਤੇ ਅਸਾਂ ਸਿੱਖਾਂ ਨੇ ਕੋਈ ਗੱਲ ਨਹੀਂ ਮੰਨੀ। ਅਸਾਂ ਉਹਨਾਂ ਦੇ ਹੁਕਮ ਦੀ ਪਾਲਣਾ ਨਹੀਂ ਕੀਤੀ, ਏਨੀ ਗੱਲ ਲਿਖ ਦਿਓ ਜ਼ਰੂਰ ਸਾਨੂੰ। ੩੨।

ਚੌਪਈ॥ ਔ ਦੂਈ ਏਤੀ ਦਿਹੁ ਤੁਮ ਲਿਖ॥ ਇਕ ਹੋਰ ਗੱਲ ਲਿਖ ਦਿਓ ਜਿਵੇਂ ਤੁਹਾਨੂੰ ਦਸੱਦੇ ਹਾਂ ਤੁਸੀਂ ।

ਤੁਮ ਹਮ ਗੁਰੂ ਨਾ ਹਮ ਤੁਮ ਸਿਖ॥ ਸਾਨੂੰ ਲਿਖ ਦਿਉ ਗੁਰੂ ਜੀ! ਤੁਸੀਂ ਸਾਡੇ ਗੁਰੂ ਨਹੀਂ, ਅੱਜ ਤੋਂ ਅਸੀਂ ਤੁਹਾਡੇ ਸਿੱਖ ਨਹੀਂ। ਅਸੀਂ ਤੁਹਾਡਾ ਖਹਿੜਾ ਛੱਡਿਆ, ਸਾਨੂੰ ਜਾਣ ਲੱਗੇ ਨਿਕਲ ਜਾਣ ਦਿਉ। ਇਉਂ ਤੁਸੀਂ ਦੋ ਗੱਲਾਂ ਲਿਖ ਦਿਉ ਸਾਨੂੰ।

ਤੌ ਲੋਕਨ ਇਮ ਹੂੰ ਲਿਖ ਦਯੋ॥ ਭਾਈ ਘਬਰਾਏ ਹੋਏ ਲੋਕ ਇਕ ਦੂਜੇ ਨੇ ਪੱਕੀਆਂ ਸਲਾਹਾਂ ਕੀਤੀਆਂ ਹੋਈਆਂ ਸਨ। ਇਉਂ ਹੀ ਲਿਖ ਦਿੱਤਾ ਸਾਰਿਆਂ ਨੇ। ਕਿ ਤੁਸੀਂ ਸਾਡੇ ਅੱਜ ਤੋਂ ਗੁਰੂ ਹੀ ਨਹੀਂ ਹੋ, ਅਸੀਂ ਅੱਜ ਤੋਂ ਤੁਹਾਡੇ ਸਿੱਖ

ਨਹੀਂ ਹਾਂ। ਤੇ ਨਾਲੇ ਲਿਖਵਾ ਲਿਆ ਕੱਲ ਨੂੰ ਸਾਨੂੰ ਨ ਕਹਿਓ ਕਿ ਗੁਰੂ ਨੇ ਰੋਕਿਆ ਨਹੀਂ ਹੋਣਾ। ਕਿ ਸਤਿਗੁਰੂ ਤਾਂ ਕਹਿੰਦੇ ਥੱਕ ਗਏ ਸਿੱਖ ਹੀ ਨਹੀਂ ਰੁਕੇ। ਸਿੱਖ ਹੀ ਹੱਲਾ ਬੋਲ ਗਏ ਹਨ।

ਹੁਤੋ ਗੁਰੂ ਜੀ ਜਿਮ ਥੋ ਕਹਯੋ॥੩੩॥ ਹੁਣ ਜਿਸ ਤਰ੍ਹਾਂ ਵੀ ਕਿਹਾ ਸਤਿਗੁਰਾਂ ਨੇ ਸ਼ਾਇਦ ਏਨੀ ਗੱਲ 'ਤੇ ਰੁਕ ਜਾਣਗੇ ਤੁਸੀਂ ਸਾਡੇ ਗੁਰੂ ਨਹੀਂ, ਬਥੇਰਾ ਸਮਝਾਇਆ ਬਥੇਰਾ ਯਤਨ ਕੀਤਾ ਹੈ ਪਰ ਸਿੱਖਾਂ ਨੇ ਕੋਈ ਗੱਲ ਨਹੀਂ ਮੰਨੀ। ੩੩।

ਚਾਕਰ ਨਫਰ ਟਹਿਲੂਏ ਜੋਊ॥ ਜਿਹੜੇ ਨੌਕਰ ਰੱਖੇ ਹੋਏ ਸੀ ਗੁਰੂ ਘਰ ਦੀ ਟਹਿਲ ਕਰਨ ਵਾਸਤੇ। ਨਫਰ ਸਨ ਸੇਵਾਦਾਰ ਸਨ। ਕਿਉਂਕਿ ਫੌਜ ਤੋਂ ਥੋੜਾ ਕੰਮ ਕਰਾਇਆ ਜਾਂਦਾ। ਕੰਧਾਂ ਬਣਾਉਣੀਆਂ, ਕਿਲ੍ਹੇ ਉਸਾਰਨੇ ਜਾਂ ਹੋਰ ਕੋਈ ਨਿੱਕੇ ਨਿੱਕੇ ਕੰਮ ਹੁੰਦੇ ਨੇ ਜਿਹੜੇ ਉਹ ਨੌਕਰ ਰੱਖੇ ਸੀ ਮਹਾਰਾਜ ਨੇ। ਉਹ ਜਿਹੜੇ ਲੋਕ ਸਨ ਨੌਕਰ ਚਾਕਰ।

ਭਯੋ ਸਭੇ ਜਗ ਬੇਮੁਖ ਹੋਊ॥ ਸਾਰੇ ਬੇਮੁਖ ਹੋ ਗਏ। ਕੋਈ ਟਹਿਲੂਆ ਹੈ, ਕੋਊ ਨੌਕਰ ਹੈ, ਲਉ ਜੀ ਛੁੱਟੀ ਦੇ ਦਿਉ ਸਾਨੂੰ। ਸਾਨੂੰ ਤਨਖਾਹਾਂ ਦੇ ਦਿਉ ਜਿਹੜੀ ਕੋਈ ਦੇਣੀ ਹੈ ਜਿਹੜੀ ਕੋਈ ਰਹਿੰਦੀ ਹੈ ਤੇ ਅਸੀਂ ਤਾਂ ਜਾਵਾਂਗੇ। ਬੱਸ ਜੀ ਅੱਜ ਤੋਂ ਅਸੀਂ ਨੌਕਰੀ ਛੱਡੀ, ਇਉਂ ਲੋਕ ਬੇਮੁਖ ਹੋ ਗਏ ਸਾਰੇ ਗੁਰਾਂ ਤੋਂ।

ਐਸੋ ਸਤਿਗੁਰ ਸਾਂਗ ਵ੍ਰਤਾਯੋ॥ ਸਤਿਗੁਰਾਂ ਨੇ (ਸਾਂਗ) ਭਾਣਾ ਐਸਾ ਵਰਤਾ ਦਿੱਤਾ। ਸਤਿਗੁਰ ਨੇ ਐਸੇ ਸਾਂਗ ਵਰਤਾਇਆ, ਐਸਾ ਭਾਣਾ ਵਰਤਾਇਆ, ਸਭ ਦੇ ਹੌਸਲੇ ਟੁੱਟ ਗਏ ਸਿਦਕ ਉਤੇ ਕੋਈ ਨਾ ਰਹਿ ਗਿਆ।

ਬੁਰੇ ਬਖਤ ਇਮ ਲੋਕਨ ਦਿਖਾਯੋ॥੩੪॥ ਉਹਨਾਂ ਲੋਕਾਂ ਨੂੰ ਬੁਰਾ ਵਖਤ ਐਸਾ ਦਿਖਾਇਆ ਨਾ ਓ ਹੋ! ਮੌਤ ਹੀ ਆ ਗਈ। ਹੁਣ ਨੀ ਬਚਣਾ ਹੁਣ ਲੁੱਟੇ ਮਾਰੇ ਜਾਵਾਂਗੇ ਇਉਂ ਲੋਕਾਂ ਦੇ ਅੰਦਰ ਐਸਾ ਡਰ ਬਹਾਇਆ ਮਹਾਰਾਜ ਨੇ। ਐਸਾ ਸਾਂਗ ਵਰਤਾਇਆ ਆ ਕੇ। ੩੪।

ਲੋਕ ਗਏ ਸਭ ਸਿਦਕੋਂ ਹਾਰ॥ ਸਭ ਨੇ ਸਿਦਕ ਛੱਡ ਦਿੱਤਾ। ਸਿੱਖੀ ਤਾਂ ਸਿਦਕ ਦੀ ਹੈ। ਹੁਕਮ ਦੀ ਪਾਲਣਾ ਕਰਨੀ ਸਿੱਖੀ ਹੈ। ਜਦੋਂ ਹੁਕਮ ਹੀ ਪਾਲਣਾ ਛੱਡ ਦਿੱਤਾ, ਸਿਦਕ ਛੱਡ ਦਿੱਤਾ, ਫੇਰ ਸਿੱਖੀ ਕਿਥੇ ਰਹਿ ਗਈ ਇਉਂ ਸਿੱਖੀ ਤੋਂ ਹਾਰ ਗਏ ਲੋਕ ਸਾਰੇ।

ਐਸੀ ਭਈ ਸਮੇਂ ਕੀ ਕਾਰ॥ ਇਹ ਸਮੇਂ ਦਾ ਕੰਮ ਹੈ। ਸਮਾਂ ਹੀ ਐਸਾ ਵਿਖਾਇਆ ਮਹਾਰਾਜ ਨੇ ਜਿਸ ਤੋਂ ਹੌਸਲਾ ਹੀ ਕੋਈ ਨਾ ਕਰਦਾ। ਸਭ ਹੀ ਡਰ ਗਏ ਹਨ। ਹੁਣ ਤਾਂ ਭੱਜਿਆਂ ਹੀ ਭਾਵੇਂ ਜਾਨ ਬਚ ਜਾਏ ਹੋਰ ਕੋਈ ਹੀਲਾ ਨਹੀਂ ਐਸੀ ਕੁਦਰਤ ਵਰਤਾਈ ਮਹਾਰਾਜ ਨੇ।

ਜਿਮ ਜਿਮ ਸਤਿਗੁਰ ਧੀਰ ਧਰਾਵੀਂਹ॥ ਜਿਉਂ ਜਿਉਂ ਸਤਿਗੁਰੂ ਜੀ ਧੀਰਜ ਦਿੰਦੇ ਨੇ, ਭਾਈ ਫਿਕਰ ਨਾ ਕਰੋ ਅਸੀਂ ਤੁਹਾਡੇ ਨਾਲ ਹਾਂ, ਤੁਹਾਡੇ ਨਾਲ ਸਿੰਘ ਜੋਧੇ ਨੇ, ਤੁਹਾਡੇ 'ਤੇ ਅਸੀਂ ਹੱਲਾ ਨਹੀਂ ਹੋਣ ਦਿੰਦੇ। ਜਿਵੇਂ ਜਿਵੇਂ ਸਤਿਗੁਰੂ ਜੀ ਹੌਸਲਾ ਦਿੰਦੇ ਨੇ।

ਤਿਮ ਤਿਮ ਲੋਕ ਸੁ ਨੱਠੇ ਜਾਵੀਂਹ॥੩੫॥ ਜਿਉਂ ਜਿਉਂ ਸਤਿਗੁਰੂ ਰੋਕਦੇ ਨੇ ਤਿਉਂ ਤਿਉਂ ਲੋਕੀ ਘਬਰਾ ਕੇ ਭੱਜਦੇ ਹਨ। ੩੫।

ਦੋਹਰਾ॥ ਤੌ ਸਤਿਗੁਰ ਫਿਰ ਸਿੰਘਨ ਪਹਿ, ਚੜ੍ਹਯੋ ਲਿਖਾਯੋ ਓਮ॥ ਜਦੋਂ ਸਭ ਲੋਕਾਂ ਨੇ ਇਹ ਗੱਲ ਲਿਖ ਦਿੱਤੀ ਕਿ ਅੱਜ ਤੋਂ ਤੁਸੀਂ ਸਾਡੇ ਗੁਰੂ ਨਹੀਂ ਹੋ ਤੇ ਨਾ ਅੱਜ ਤੋਂ ਅਸੀਂ ਤੁਹਾਡੇ ਸਿਖ ਹਾਂ ਇਹ ਦੋ ਗੱਲਾਂ ਲਿਖਾ ਕੇ ਜੇਬ ਵਿਚ ਪਾ ਲਈਆਂ ਅਤੇ ਹੁਣ ਖਾਲਸੇ ਪੰਥ ਵਲ ਆਏ ਹਨ। ਕਈ ਲੋਕੀਂ ਸਿੰਘਾਂ ਦਾ ਨਾਮ ਲੈ ਕੇ ਬਦਨਾਮ ਕਰਦੇ ਨੇ ਇਕ ਦੂਸਰੇ ਨੂੰ ਖਾਲਸਾ ਜੀ! ਐਥੇ ਆ ਕੇ ਵਿਦਵਾਨਾਂ ਦਾ ਰੌਲਾ ਪੈਂਦਾ ਹੈ, ਇਹ ਸਾਡੇ ਕਥਾਕਾਰਾਂ ਦਾ ਔਹ ਦੇਸ਼ ਵੰਡਣ ਵਾਲੇ ਜਿਹੜੇ ਅਸੀਂ ਮਝੈਲ ਹਾਂ, ਅਸੀਂ ਮਲਵਈ ਹਾਂ, ਅਸੀਂ ਦੁਆਬੀਏ ਹਾਂ, ਇਹ ਉਹਨਾਂ ਦੀ ਗੱਲ ਹੈ। ਉਹਨਾਂ ਲੋਕਾਂ ਦੀ ਖਾਲਸੇ ਪੰਥ ਦੀ ਨਹੀਂ। ਜਿਥੇ ਪੰਥ ਨਾਮ ਆ ਜਾਏ ਨਾ। ਦੁਆਬਾ ਹੈ ਨਾ ਹੀ ਮਾਲਵਾ ਹੈ ਜੋ ਸਰਬੰਗੀ ਸਿੰਘ ਨੇ।

ਅੱਜ ਤੁਸੀਂ ਦੇਖਦੇ ਹੋ ਬੁੱਢੇ ਦਲ ਵਿਚ ਕੋਈ ਮਾਲ਼ਵੇ ਦਾ ਸਿੰਘ ਹੈ, ਕੋਈ ਮਾਝੇ ਦਾ ਸਿੰਘ ਹੈ, ਕੋਈ ਦੁਆਬੇ ਦਾ ਸਿੰਘ ਹੈ, ਲੇਕਿਨ ਪੰਥ ਵਿਚ ਕੋਈ ਵਿਤਕਰਾ ਨਹੀਂ, ਇਹ ਦੁਆਬੇ ਦਾ ਦੁਆਬੀਆ ਹੈ, ਇਹ ਮਝੈਲ ਹੈ, ਇਹ ਮਲਵਈ ਹੈ, ਨਾਂਹ! ਸਤਿਕਾਰ ਹੈ ਭਾਵ ਸਿੰਘਾਂ ਦੇ ਪੰਥ ਵਿਚ ਕੋਈ ਐਸੀ ਗੱਲ ਨਹੀਂ ਚਲਦੀ ਨਾ ਇਹ ਮੰਨਦੇ ਨੇ।

ਇਹ ਬਾਹਰਲਿਆਂ ਲੋਕਾਂ ਦੀਆਂ ਗੱਲ ਹਨ ਜੋ ਵੱਖੋ ਵੱਖਰੇ ਮੁਲਕਾਂ ਵਿਚੋਂ ਆ ਵਸੇ ਸੀ। ਉਹ ਭੱਜੇ ਨੇ ਸਿਦਕੋਂ ਉਹ ਡੋਲੇ ਨੇ। ਹੁਣ ਜੋ ਖਾਲਸੇ ਪੰਥ ਦੀ ਜਥੇਬੰਦੀ ਹੈ ਜਿਹਨਾਂ ਨਗਾਰੇ ਨਿਸ਼ਾਨ ਬਖ਼ਸ਼ੇ ਨੇ, ਜਿਨ੍ਹਾਂ ਨੂੰ ਬਖਸ਼ਿਸ਼ਾਂ ਦਿੱਤੀਆਂ ਨੇ ਉਸ ਖਾਲਸੇ ਦੀ ਗੱਲ ਕਰਦੇ ਨੇ ਹੁਣ, ਸਤਿਗੁਰੂ ਕਹਿੰਦੇ ਨੇ ਖਾਲਸੇ ਪੰਥ ਨੂੰ ਵੀ ਟੋਹ ਕੇ ਵੇਖ ਲਈਏ। ਇਹ ਕੀ ਕਹਿੰਦੇ ਹਨ। ਇਹ ਸਿਦਕ 'ਤੇ ਖੜ੍ਹੇ ਹਨ ਕਿ ਹਾਰ ਗਏ ਚੁਨਾਂ। ਸਤਿਗੁਰੂ ਤਾਂ ਇਮਤਿਹਾਨ ਲੈਂਦੇ ਹਨ ਸਭ ਦਾ, ਜਿਹੜਾ ਪਰਚੇ ਵਿਚੋਂ ਪਾਸ ਹੋਵੇ ਉਹੀ ਅੱਗੇ ਜਾ ਕੇ ਮਨਿਸਟਰ ਬਣਦਾ ਹੈ। ਜਿਹੜਾ ਨੰਬਰਾਂ ਵਿਚ ਹੀ ਹਾਰ ਗਿਆ ਹੈ ਉਹਦੀ ਕੀ ਗੱਲ ਹੈ। ਇਉਂ ਸਤਿਗੁਰੂ ਆਏ ਹਨ ਪੰਥ ਕੋਲ, ਤੇ ਪੰਥ ਦੇ ਜਥੇਬੰਦ ਸਿੰਘਾਂ ਨੂੰ ਪੁਛਣ ਲੱਗੇ।

ਸ੍ਰੀ ਖਾਲਸੇ ਤਬ ਨ ਲਿਖਯੋ, ਹਮ ਹੁਕਮ ਨ ਮੇਟਯੋ ਕੌਮ॥੩੬॥ ਜਿਨ੍ਹਾਂ ਨੂੰ ਸ੍ਰੀ ਖਾਲਸਾ, ਜਿਨ੍ਹਾਂ ਨੂੰ ਗੁਰੂ ਖਾਲਸਾ, *''ਖਾਲਸਾ ਮੇਰੋ ਸਤਿਗੁਰ ਪੂਰਾ, ਖਾਲਸਾ ਮੇਰੋ ਸ੍ਰਜਨ ਸੂਰਾ''* ਜਿਹਨੂੰ ਐਡੀਆਂ ਬਖਸ਼ਿਸ਼ਾਂ ਮਹਾਰਾਜ ਨੇ ਦਿੱਤੀਆਂ ਨੇ ਤੇ ਖਾਲਸੇ ਨੇ ਕੀ ਉਤਰ ਦਿਤਾ ਸਤਿਗੁਰਾਂ ਨੂੰ। ਨਾਂਹ ਨਾਂਹ ਨਾਂਹ ਮਹਾਰਾਜ ਅਸੀਂ ਨਹੀਂ ਅਸੀਂ ਨਹੀਂ ਇਸ ਤਰ੍ਹਾਂ ਕਰਨਾ ਅਸੀਂ ਤੁਹਾਡੇ ਹੁਕਮ ਦੀ ਪਾਲਣਾ ਕਰਨੀ ਹੈ, ਅਸੀਂ ਨਹੀਂ ਲਿਖਣਾ ਹੈ ਕਵਿਤਾ ਦੇ ਜੋੜ ਕਰਕੇ ਓਮ, ਕੌਮ, ਲਿਖ ਦਿੱਤਾ ਹੈ ਭਾਈ ਸਾਹਿਬ ਜੀ ਨੇ। ਭਾਵ 'ਏਥੇ ਕੌਮ ਦਾ ਕੋਈ ਸਵਾਲ ਨਹੀਂ ਪੈਦਾ ਹੁੰਦਾ। ਨਹੀਂ ਮਹਾਰਾਜ ਅਸੀਂ ਨਹੀਂ ਲਿਖਣਾ ਤੁਸੀਂ ਸਾਡੇ ਸਤਿਗੁਰੂ ਹੋ। ਤੁਸਾਂ ਸਾਨੂੰ ਸਿੰਘ ਸਾਜਿਆ ਹੈ। ਤੁਹਾਡੀਆਂ ਬਖਸ਼ਿਸ਼ਾਂ ਨਾਲ ਅਸੀਂ ਨਿਹਾਲ ਹੋਏ ਹਾਂ ਅਸੀਂ ਕਿਵੇਂ ਲਿਖ ਸਕਦੇ ਹਾਂ ਮਹਾਰਾਜ। ੩੬।

ਚੌਪਈ॥ ਕਹਯੋ ਖਾਲਸੈ, ਹਮ ਸਿਦਕ ਸੰਭਾਰੈਂ॥ ਸਿੰਘ ਕਹਿੰਦੇ ਨੇ ਮਹਾਰਾਜ ਅਸੀਂ ਸਿਦਕ ਨੂੰ ਸੰਭਾਲਾਂਗੇ, ਤੁਸਾਂ ਸਾਨੂੰ ਸਿੱਖੀ ਸਿਦਕ ਬਖਸ਼ਿਆ ਹੈ। ਅਸੀਂ ਉਹਦੀ ਪਾਲਣਾ ਕਰਾਂਗੇ, ਅਸੀਂ ਨਹੀਂ ਡੋਲਣਾ ਅਸੀਂ ਨਹੀਂ ਸਿੱਖੀ ਸਿਦਕ ਛਡਣਾ।

ਸੀਸ ਊਪਰ ਹਮ ਸਿਦਕ ਨ ਹਾਰੈਂ॥ ਅਸੀਂ ਨਹੀਂ ਮਹਾਰਾਜ ਸਿਦਕ ਨੂੰ ਹਾਰਨਾ, ਅਸੀਂ ਸੀਸ ਉਪਰ ਤੁਹਾਡੇ ਹੁਕਮ ਨੂੰ ਮੰਨਾਂਗੇ, ਪਾਲਣਾ ਕਰਾਂਗੇ ਹੁਕਮ ਦੀ।

ਏਕ ਸੀਸ ਕਯਾ ਸੌ ਸੀਸ ਤਾਈਂ॥ ਮਹਾਰਾਜ ਆਹ ਸਿਰ ਕੀ ਚੀਜ਼ ਹੈ ਇਹ ਤਾਂ ਤੁਹਾਨੂੰ ਦੇ ਚੁੱਕੇ ਹਾਂ, ਪਰ ਜੇ ਸਾਨੂੰ ਸੌ ਵੇਰਾਂ ਵੀ ਇਹ ਸੀਸ ਵਾਰੁਨਾ ਪਏ ਤੁਹਾਡੇ ਚਰਨਾਂ ਤੋਂ ਤਾਂ ਵੀ ਅਸੀਂ ਕਦੇ ਪਿਛੇ ਨਹੀਂ ਹਟਾਂਗੇ।

ਹਮ ਸਿੱਖੀ ਨਹਿੰ ਦੇਹਿੰ ਗੁਵਾਈ॥੩੭॥ ਅਸੀਂ ਸਿੱਖੀ ਲਈ ਮਹਾਰਾਜ! ਸਿੱਖੀ ਨਹੀਂ ਗਵਾਉਣੀ ਅਸੀਂ, ਅਸੀਂ ਸਿੱਖੀ ਸਿਦਕ ਨੂੰ ਧਾਰਨ ਰੱਖਣਾ ਹੈ। ੩੭।

ਹਮ ਕੋ ਜਾਵੋ ਜਹਾਂ ਖੜਾਇ॥ ਸਾਨੂੰ ਜਿਥੇ ਖੜ੍ਹਾ ਕਰ ਜਾਵੋਗੇ ਮਹਾਰਾਜ ਉਥੇ ਖੜ੍ਹਾਂਗੇ ਅਸੀਂ ਹੁਕਮ ਦੀ ਪਾਲਣਾ ਕਰਾਂਗੇ।

ਜੌ ਲੌ ਸਾਸ ਨ ਚੱਕੈਂ ਪਾਇ ॥ ਜਿੰਨਾਂ ਚਿਰ ਦੇਹ ਵਿਚ ਸ੍ਵਾਸ ਨੇ ਪੈਰ ਨਹੀਂ ਚੁਕਾਂਗੇ। ਜਿਥੇ ਖੜ੍ਹਾ ਕਰੋਗੇ ਉਥੇ ਹੀ ਖੜ੍ਹੇ ਰਹਾਂਗੇ। ਦਿਨ ਰਾਤ ਮੀਂਹ ਕਣੀ ਹੋਰ ਮੁਸੀਬਤਾਂ ਵਿਚ ਅਸੀਂ ਨਹੀਂ ਪੈਰ ਚੁੱਕਾਂਗੇ, ਹੁਕਮ ਦੀ ਪਾਲਣਾ ਕਰਾਂਗੇ, ਜੋ ਹੁਕਮ ਦੇਵੋਗੇ ਉਸਦੇ ਅਸੀਂ ਧਾਰਨੀ ਰਹਾਂਗੇ।

ਸ੍ਰੀ ਸਤਿਗੁਰ ਸਿੰਘ ਲੱਗੇ ਪਿਆਰੇ॥ ਜਦੋਂ ਐਡਾ ਸਿਦਕ ਵਿਖਾਇਆ ਖਾਲਸੇ ਨੇ, ਨਹੀਂ ਮਹਾਰਾਜ! ਤੁਹਾਡੇ ਚਰਨਾਂ ਤੋਂ ਅਸੀਂ ਸੌ ਸਿਰ ਵਾਰ ਸਕਦੇ ਹਾਂ, ਇਕ ਸੀਸ ਦੀ ਕੀ ਗੱਲ ਹੈ। ਇਉਂ ਮਹਾਰਾਜ ਨੂੰ ਸਿੰਘ ਬੜੇ ਪਿਆਰੇ ਲੱਗੇ, ਕਿ ਸਾਡੇ ਹੁਕਮ ਅੰਦਰ ਹੈ ਖਾਲਸਾ। ਇਹ ਸਿਦਕੀ ਹਨ ਮੇਰੇ, ਇਹ ਸੂਰਮੇ ਜੋਧੇ ਹਨ ਮੇਰੇ, ਸਤਿਗੁਰਾਂ ਨੂੰ ਬੜੇ ਪਿਆਰੇ ਲੱਗੇ ਸਿੰਘ।

ਹੁਇ ਪ੍ਰਸੰਨ ਗੁਰਬਚਨ ਉਚਾਰੇ॥੩੮॥ ਪ੍ਰਸੰਨ ਹੋ ਕੇ ਖਾਲਸੇ ਤੇ, ਉਸ ਸਮੇਂ ਸਤਿਗੁਰੂ ਜੀ ਨੇ ਬਚਨ ਕਹੇ। ੩੮।

ਧੰਨ ਖਾਲਸੋ ਧੰਨ ਪੰਥ ਭੁਜੰਗੀ॥ ਧੰਨ ਹੈ ਖਾਲਸਾ, ਧੰਨ ਭੁਜੰਗਾਂ ਦਾ ਪੰਥ, ਆਪਾਂ ਤਾਂ ਬੱਚਿਆਂ ਨੂੰ ਭੁਜੰਗੀ ਕਹਿੰਦੇ ਹਾਂ, ਅਸੀਂ ਸਤਿਗੁਰਾਂ ਦੇ ਭੁਜੰਗੀ ਹਾਂ ਸਾਰੇ ਉਹਨਾਂ ਦੇ ਸਾਹਿਬਜ਼ਾਦੇ ਹਾਂ, ਸਪੁਤ੍ਰ ਹਾਂ ਉਹਨਾਂ ਦੇ ਪੰਜਵੀਂ ਥਾਂ ਉਤੇ ਮਹਾਰਾਜ ਨੇ ਦਰਗਾਹ ਵਿਚ ਖਾਲਸੇ ਨੂੰ ਸਪੁਤ੍ਰ ਬਣਾਇਆ ਹੈ। ਪੰਜਾਂ ਪਿਆਰਿਆਂ ਵਿਚ ਖਾਲਸੇ ਨੂੰ ਸ਼ਾਮਲ ਕੀਤਾ ਹੈ, ਇਸ ਲਈ ਖਾਲਸੇ ਵਾਸਤੇ ਭੁਜੰਗੀ ਸ਼ਬਦ ਵਰਤਦੇ ਨੇ।

ਰਖਯੋ ਬੀਜ ਜਾਣ ਸਿੱਖੀ ਚੰਗੀ॥ ਧੰਨ ਹੋ ਖਾਲਸਾ ਜੀ! ਧੰਨ ਹੋ ਤੁਸੀਂ ਖਾਲਸਾ ਪੰਥ! ਤੁਸਾਂ ਇਹ ਚੰਗੀ ਵਸਤੂ ਜਾਣ ਕੇ ਸਿੱਖੀ ਦਾ ਬੀਜ ਰਖ ਲਿਆ ਹੈ। ਗੁਆਇਆ ਨਹੀਂ ਹੈ, ਸਿਦਕ ਨਹੀਂ ਹਾਰਿਆ, ਸਿੱਖੀ ਸਿਦਕ ਦੀ ਹੈ ਖਾਲਸਾ ਜੀ।

ਬਹੁਰ ਖਾਲਸੇ ਐਸ ਉਚਾਰਾ॥ ਮੁੜ ਕੇ ਖਾਲਸੇ ਨੇ ਇਸ ਤਰ੍ਹਾਂ ਬੇਨਤੀ ਕੀਤੀ, ਹੇ ਸੱਚੇ ਪਾਤਸ਼ਾਹ!

ਹਮੈ ਕੋਊ ਦੱਸੋ ਮੋਰਚਾ ਭਾਰਾ॥੩੯॥ ਹੁਕਮ ਫੁਰਮਾਓ ਮਹਾਰਾਜ ਜਿਧਰ ਭਾਰੀ ਮੋਰਚਾ ਹੋਵੇ, ਜਿਧਰ ਭਾਰੀ ਦੁਸ਼ਮਣ ਹੋਵੇ ਹੁਕਮ ਕਰੋ ਅਸੀਂ ਉਸ ਤੇ ਧਾਵਾ ਬੋਲ ਦੇਈਏ, ਹੱਲਾ ਬੋਲ ਦੇਈਏ ਦੁਸ਼ਮਣ ਨੂੰ ਮਾਰ ਲਈਏ। ੩੯।

ਤੌ ਸ੍ਰੀ ਸਤਿਗੁਰ ਐਸੇ ਕਹਯੋ॥ ਪ੍ਰਸੰਨ ਹੋ ਕੇ ਸਤਿਗੁਰੂ ਜੀ ਕਹਿਣ ਲੱਗੇ ਸੁਣੋ ਮੇਰਾ ਬਚਨ।

ਜਹ ਹਮ ਹੋਵੈਂ ਤਹ ਤੁਮ ਰਹਯੋ॥ ਅੱਜ ਤੋਂ ਨਾ ਜਿਥੇ ਮੈਂ ਹੋਵਾਂ ਉਥੇ ਤੁਸੀਂ ਰਹਿਣਾ ਹੈ। ਖਾਲਸੇ ਵਿਚ ਨਿਵਾਸ ਕਰ ਲਿਆ ਸਤਿਗੁਰਾਂ ਨੇ ਉਸੇ ਦਿਨ ਤੋਂ ਮੈਂ ਤੁਹਾਡੇ ਵਿਚੇ ਹੀ ਰਹਾਂਗਾ, ਤੁਹਾਡੇ ਵਿਚ ਪ੍ਰਵੇਸ਼ ਰਹਾਂਗਾ, ਤੁਹਾਥੋਂ ਬਾਹਰ ਨਹੀਂ ਹੋ ਸਕਦਾ। ਅੰਦਰ ਬਾਹਰ ਇਕ ਰੂਪ ਹੋਵਾਂਗਾ। ਬਾਹਰ ਵੀ ਤੁਹਾਡੇ ਮੈਂ ਹਾਂ, ਅੰਦਰ ਵੀ ਤੁਹਾਡੇ ਮੈਂ ਹਾਂ। ਇਸ ਵਾਸਤੇ ਜਿਥੇ ਮੈਂ ਹੋਵਾਂ ਉਥੇ ਤੁਸੀਂ ਹੋਵੋਗੇ, ਜਿਥੇ ਤੁਸੀਂ ਹੋਵੋਗੇ ਉਥੇ ਹੀ ਮੈਂ ਹੋਵਾਂਗਾ। ਮੈਂ ਅੱਜ ਤੋਂ ਤੁਹਾਡੇ ਨਾਲੋਂ ਅਲੱਗ ਨਹੀਂ ਹੋਵਾਂਗਾ।

ਬਾਤ ਖਾਲਸੈ ਸੋ ਮੰਨ ਲਈ॥ ਖਾਲਸੇ ਪੰਥ ਨੇ ਸਤਿਗੁਰਾਂ ਦੇ ਹੁਕਮ ਨੂੰ ਮੰਨ ਲਿਆ।

ਤੌ ਲੋਕਨ ਸੁਨ ਭਾਜੜ ਕਰ ਦਈ॥ ੪੦॥ ਹੁਣ ਤਾਂ ਬਚਨ ਹੋ ਗਿਆ ਖਾਲਸੇ ਨਾਲ ਸਤਿਗੁਰਾਂ ਦਾ ਹੁਣ ਤਾਂ ਨਾ ਖਾਲਸਾ ਹਿੱਲੇ। ਤਾਂ ਇਹ ਸੁਣ ਕੇ ਲੋਕਾਂ ਨੂੰ ਤਾਂ ਭਾਜੜਾਂ ਹੀ ਪੈ ਗਈਆਂ। ਲੋਕਾਂ ਨੂੰ ਤਾਂ ਨੱਠਣ ਨੂੰ ਰਾਹ ਹੀ ਕੋਈ ਨਾ ਲੱਭਿਆ। ੪੦।

ਦੋਹਰਾ॥ ਸਾਹਿਬਜ਼ਾਦਨ ਸਭਨ ਲੈ ਸਾਥ ਤਿਆਰੀ ਕੀਨ॥ ਛੋਟੇ ਵੱਡੇ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਗੁਰੂ ਸਾਹਿਬ ਜੀ ਤੇ ਖਾਲਸੇ ਪੰਥ ਨੇ ਤਿਆਰੀ ਕਰ ਦਿੱਤੀ।

ਸਮੇਂ ਸੰਝ ਤੈ ਆਨੰਦਪੁਰੋਂ ਤੁਰੇ ਰੋਪੜ ਵੱਲ ਚੀਨ॥੪੧॥ ਸੰਧਿਆਂ ਦੇ ਸਮੇਂ ਰਹਿਰਾਸ ਤੋਂ ਬਾਅਦ ਸ੍ਰੀ ਅਨੰਦਪੁਰ ਤੋਂ ਸਤਿਗੁਰਾਂ ਨੇ ਰੋਪੜ ਦਾ ਜੋ ਸ਼ਾਹੀ ਰਾਹ ਸੀ ਅਨੰਦਪੁਰ ਨੂੰ ਆਉਂਦਾ, ਇਸ ਵੱਡੇ ਰਾਹ ਤੇ ਕੂਚ ਕਰ ਦਿੱਤਾ। ੪੧।

ਚੌਪਈ॥ ਕਿਛਕ ਸਿੰਘ ਤੌ ਪੀਛੈ ਲਗਾਏ॥ ਪਿਛੇ ਜਿਥੇ ਸਾਹਿਬਜ਼ਾਦੇ ਮਾਤਾਵਾਂ ਦੇ ਡੋਲੇ ਅਤੇ ਖਾਸ ਖਾਸ ਵਸਤੂਆਂ ਉਹਦੀ ਰਾਖੀ ਵਾਸਤੇ ਕੁਛ ਤਾਂ ਯੋਧੇ ਚੁਣਕੇ ਪਿਛੇ ਲਾ ਦਿੱਤੇ, ਪਿਛੇ ਨਾ ਕੋਈ ਹੱਲਾ ਕਰ ਸਕੇ।

ਨਾਮਦਾਰ ਥੇ ਜੋ ਗੁਰ ਭਾਏ॥ ਜੋ ਸਤਿਗੁਰਾਂ ਨੂੰ ਭਾਉਂਦੇ ਸਨ ਨਾਮਵਰ ਸਨ, ਜਿਹੜੇ ਪੂਰੇ ਸੂਰੇ ਸਿੰਘ ਸਨ, ਹਠੀਏ ਤਪੀਏ ਸਿੰਘ ਸਨ, ਜੋ ਯੋਧਿਆਂ ਦੀ ਗਿਣਤੀ ਵਿਚ ਸਨ ਜੋ ਲੱਖਾਂ ਵਿਚ ਖੜ੍ਹਕੇ ਲੜਨ ਵਾਲੇ ਸਨ ਜਰਨੈਲ ਵੱਡੇ ਯੋਧੇ ਉਨ੍ਹਾਂ ਨੂੰ ਸਭ ਤੋਂ ਪਿਛੇ ਲਾਇਆ ਹੈ।

ਇਸੀ ਤੌਰ ਕੁਛ ਮੁਹਰੇ ਕੀਏ॥ ਇਸੇ ਤਰੀਕੇ ਨਾਲ ਕੁਛ ਅੱਗੇ ਲਾਏ ਹਨ, ਜੋ ਵੱਡੇ ਨਾਮਵਰ ਸਿੱਖ ਸਨ, ਉਹਨਾਂ ਨੂੰ ਹੁਕਮ ਹੋਇਆ ਸਾਹਿਬਾਂ ਦਾ ਕਿ ਤੁਸੀਂ ਅੱਗੇ ਅਗਵਾਈ ਕਰੋ ਅਗਾਂਹ ਦੇਖੋ।

ਕਿਛਕ ਦੁਵੱਲੀ ਥੇ ਕਰ ਦੀਏ॥੪੨॥ ਕੁਛ ਕੁ (ਦਵੱਲੀ) ਦੋਵੇਂ ਪਾਸੇ ਖੱਬੇ ਸੱਜੇ ਕਰ ਦਿੱਤੇ ਹਨ ਸਿੰਘ ਸੂਰਮੇ। ੪੨।

ਕਬੀਲੇ ਤੋਰੇ ਮੱਧ ਛਪਾਇ॥ ਖਾਲਸੇ ਪੰਥ ਦੇ ਵਿਚਾਲੇ (ਕਬੀਲੇ) ਡੋਲੇ ਮਾਤਾਵਾਂ ਉਹ ਛੁਪਾ ਲਏ ਹਨ ਕਿ ਪਤਾ ਨਾ ਲੱਗੇ।

ਸਤਿਗੁਰ ਭਯੋ ਉਨ ਕਰਨ ਸਹਾਇ॥ ਇਉਂ ਖਾਲਸੇ ਪੰਥ ਦੀ ਵਿਉਂਤਬੰਦੀ ਕਰਕੇ, ਸਤਿਗੁਰੂ ਜੀ ਉਤੇ ਸਹਾਇਤਾ ਤੇ ਖੜੇ ਹੋ ਗਏ ਹਨ ਭਾਵ ਨਿਗਰਾਨੀ ਕਰ ਰਹੇ ਹਨ। ਜੋ ਦੁਸ਼ਮਣ ਆਵੇਗਾ ਅਸੀਂ ਰੋਕਾਂਗੇ ਉਹਨੂੰ ਦੂਰੋਂ ਬਾਣ ਮਾਰ ਮਾਰ ਕੇ ਸੁੱਟਾਂਗੇ।

ਪਾਛੈ ਪੜੈ ਪਹਾੜੀਏ ਧਾਇ॥ ਜਦੋਂ ਉਥੋਂ ਚਾਲਾ ਮਾਰ ਲਿਆ ਹੈ ਜਦੋਂ ਕਾਫੀ ਪੈਂਡਾ ਲੰਘ ਗਏ ਨੇ ਫੇਰ ਪਤਾ ਲੱਗਾ ਲੋਕਾਂ ਨੂੰ ਸਤਿਗੁਰੂ ਤਾਂ ਕੂਚ ਕਰ ਗਏ ਨੇ, ਪਿਛੋਂ ਪਹਾੜੀਆਂ ਨੇ ਹੱਲਾ ਬੋਲ ਦਿਤਾ।

ਮਾਰ ਸਿੰਘਨ ਤੇ ਦਏ ਹਟਾਇ॥੪੩॥ ਜਦੋਂ ਆਉਂਦਿਆਂ ਤੇ ਸਿੰਘਾਂ ਨੇ ਰਾਬੇ ਛੱਡੇ ਨਾ ਰਾਮਜੰਗਿਆਂ ਦੇ ਤੇ ਤੀਰਾਂ ਦੀ ਬੁਛਾੜ ਕੀਤੀ, ਪਿਛਲੇ ਪਹਾੜੀਏ ਤਾਂ ਪਿਛੇ ਹੀ ਲਾਹ ਦਿੱਤੇ ਹਨ। ਕਿਉਂਕਿ ਅਨੰਦਪੁਰ ਖਾਲੀ ਹੋ ਚੁਕਿਆ ਹੈ, ਉਹਨਾਂ ਨੇ ਅਨੰਦਪੁਰ ਲੁੱਟਣ ਦੇ ਲੋਭ ਵਿਚ ਹੱਲਾ ਬੋਲ ਦਿਤਾ ਹੈ। ਜਿਹੜੇ ਸਤਿਗੁਰਾਂ ਦੇ ਪਿਛੇ ਆਏ ਵਹੀਰ ਦੇ ਉਹ ਸਿੰਘਾਂ ਤੀਰਾਂ ਦੀ ਬੁਛਾੜ ਕਰ ਕੇ ਪਿਛੇ ਹਟਾ ਦਿੱਤੇ। ੪੩।

ਆਗੈ ਚੜ੍ਹ ਗਯੋ ਸਰਸੈ ਨੀਰ॥ ਭਰਤਗੜ੍ਹ ਲੰਘ ਆਏ ਨੇ ਅੱਗੇ ਸਰਸਾ ਨਦੀ ਆਉਂਦੀ ਹੈ, ਪਹਾੜ 'ਤੇ ਵਰਖਾ ਹੋ ਗਈ ਹੈ ਤੇ ਪਾਣੀ ਚੜ੍ਹ ਗਿਆ ਹੈ, ਠਾਠਾਂ ਮਾਰਦੀ ਸਰਸਾ ਨਦੀ ਵਗ ਰਹੀ ਹੈ।

ਭਈ ਦੋਇ ਵੱਲੋਂ ਬਡ ਭੀੜ॥ ਦੋਂਹ ਪਾਸਿਆਂ ਤੋਂ ਬੜੀ ਭੀੜ ਹੋ ਗਈ ਹੈ ਕਿਉਂਕਿ ਅੱਗੇ ਪਾਣੀ ਚੜ੍ਹ ਗਿਆ ਹੈ ਪਿਛੇ ਚਾਰੋਂ ਤਰਫ ਤੋਂ ਦੁਸ਼ਮਣ ਚੜ੍ਹਿਆ ਹੋਇਆ ਹੈ। ਇਉਂ ਬੜੀ ਭੀੜ ਹੋ ਗਈ ਏਥੇ ਆਣਕੇ ਬੜਾ ਭਿਆਨਕ ਸਮਾਂ ਬਣ ਗਿਆ।

ਤਿਹ ਲੋਕਨ ਕੋ ਛੁਟ ਗਯੋ ਧੀਰ॥ ਇਥੇ ਸਭ ਲੋਕਾਂ ਦੀ ਧੀਰਜ ਛੁਟ ਗਈ, ਹੁਣ ਕੀ ਕਰਾਂਗੇ ਕਿਧਰ ਨੂੰ ਜਾਵਾਂਗੇ।

ਭਯੋ ਕੋਊ ਕਿਤ ਕਿਤੈ ਬਹੀਰ॥੪੪॥ ਐਸਾ ਸਮਾਂ ਵੇਖ ਕੇ ਫੇਰ ਜਿਧਰ ਕਿਸੇ ਨੂੰ ਰਾਹ ਲੱਭਿਆ ਸਿਰ ਲੁਕੌਣ ਨੂੰ ਉਸੇ ਪਾਸੇ ਨੂੰ ਕੋਈ ਕਿਸੇ ਪਾਸੇ ਚਲਿਆ ਗਿਆ। ਏਧਰ ਜਿਹੜੇ ਮਾਝੇ ਵਾਲੇ ਸਿੰਘ ਨੇ ਉਹਨਾਂ ਦਾ ਮਾਝੇ ਨੂੰ ਰੌਂਉ ਹੋ ਗਿਆ। ਕੁਝ ਦੁਆਬੇ ਵੱਲ ਨੂੰ ਹੋ ਗਏ, ਜਿਹੜੇ ਬਹਾਦਰ ਸਿੰਘ ਸਨ ਤਾਰੀਆਂ ਲਾਉਣ ਵਾਲੇ ਉਹ ਪਾਰ ਵੀ ਲੰਘੇ। ਬਹੁਤ ਸਾਰਾ ਸਾਮਾਨ ਲੰਘਾਉਣ ਦੇ ਵਿਚ ਬਹੁਤ ਸਾਰੇ ਸਿੰਘ ਵੀ ਰੁੜ੍ਹ ਗਏ ਹਨ ਅਤੇ ਸਾਮਾਨ ਵੀ ਡੁੱਬ ਗਿਆ ਹੈ। ਇਉਂ ਰਾਤ ਦਾ ਸਮਾਂ ਸੀ ਪਤਾ ਨਹੀਂ ਲੱਗ ਰਿਹਾ ਪਿਛੇ ਦੁਸ਼ਮਣ ਦਾ ਜ਼ੋਰ ਪੈ ਗਿਆ। ਏਥੇ ਆ ਕੇ ਕਈ ਸਿੰਘਾਂ ਧੀਰਜ ਛੱਡ ਦਿੱਤਾ, ਜਿਧਰ ਨੂੰ ਕਿਸੇ ਨੂੰ ਰਾਹ ਲੱਭਦਾ ਉਧਰ ਨੂੰ ਨਿਕਲਦੇ ਸੀ। ੪੪।

ਜੋ ਕੋਊ ਮੁੜ ਪਾਛੈ ਗਯੋ॥ ਕਈਆਂ ਨੇ ਕਿਹਾ ਕਿ ਚਲੋ ਪਿਛਾਂਹ ਨੂੰ ਚਲੀਏ ਅਨੰਦਪੁਰ ਸਾਹਿਬ ਨੂੰ ਜਿਹੜੇ ਪਿਛਾਂਹ ਨੂੰ ਮੁੜੇ ਹਨ ਇਥੋਂ।

ਸੋ ਤੋ ਲੁੱਟ ਪਹਾੜੀਅਨ ਲਯੋ॥ ਉਹ ਤਾਂ ਪਹਾੜੀਆਂ ਨੇ ਲੁੱਟ ਲਏ ਹਨ ਉਹ ਲੋਕ ਹੁਣ ਅਜੇ ਵੀ ਘਰਾਂ ਦੀ ਲਾਲਸਾ ਕਰਦੇ ਹਨ।ਦੇਖੋ ਅੱਗੇ ਤਾਂ ਰਾਹ ਨਹੀਂ ਲੱਭਦਾ ਕੋਈ ਦੁਸ਼ਮਣ ਖੜਾ ਹੈ ਚਲੋ ਪਿਛੇ ਘਰੀਂ ਜਾ ਵੜੀਏ। ਪਿੱਛੇ ਪਹਾੜੀਆਂ ਦੇ ਹੱਥ ਆ ਗਏ ਨੇ। ਕਿਉਂਕਿ ਪਹਾੜੀਏ ਪਿਛੇ ਸਨ, ਉਹਨਾਂ ਨੇ ਲੁੱਟ ਲਏ ਸਭ ਹੀ।

ਵੜਯ ਜੁ ਆਗੈ ਮਧ ਦਰਿਯਾਇ॥ ਤੇ ਜਿਹੜਾ ਅੱਗੇ ਦਰਿਆ ਵਿਚ ਜਾ ਵੜਿਆ ਅਸੀਂ ਪਾਰ ਲੰਘ ਜਾਵਾਂਗੇ।

ਸੋ ਰੁੜ੍ਹ ਗਯੋ ਕਿਤ ਹੱਥ ਨ ਆਇ॥੪੫॥ ਉਹ ਤਾਂ ਰੁੜ੍ਹ ਗਏ ਦਰਿਆ ਪਾਰ ਕਰਨ ਵਾਲੇ, ਉਹ ਤਾਂ ਕਿਸੇ ਹੱਥ ਨਹੀਂ ਆਏ। ਸਤਿਗੁਰਾਂ ਦੇ ਨਾਲ ਤਾਂ ਖਾਲਸਾ ਹੀ ਰਹਿ ਗਿਆ। ਬਾਕੀ ਜੋ ਭੀੜਾਂ ਤੁਰੀਆਂ ਸਨ ਚਾਲੇ ਵੇਲੇ ਉਹ ਸਾਰੇ ਦੇ ਸਾਰੇ ਦਰਿਆ ਦੀ ਭੇਟਾ ਹੋ ਗਏ। ੪੫।

ਦੋਹਰਾ॥ ਦਿਵਸ ਚੜ੍ਹਯੋ ਲਾਂਘਾ ਪਰਯੋ ਉਤਰ ਗਯੋ ਕਿਛ ਨੀਰ॥ ਪਹਾੜੀ ਨਦੀਆਂ ਹਨ ਬਰਖਾ ਦੇ ਪਾਣੀ ਦਾ ਜ਼ੋਰ ਸੀ, ਦਿਨ ਚੜ੍ਹਦੇ ਨਾਲ ਕੁਛ ਪਾਣੀ ਵੀ ਉਤਰ ਗਿਆ ਹੈ ਤੇ ਲਾਂਘਾ ਹੋ ਗਿਆ ਹੈ। ਜਿਹੜੇ ਬਲੀ ਸਿੰਘ ਉਨ੍ਹਾਂ ਨੇ ਮਾਤਾਵਾਂ ਦੇ ਡੋਲੇ ਆਦਿਕ ਲੰਘਾਉਣੇ ਸ਼ੁਰੂ ਕਰ ਦਿੱਤੇ।

ਕੋ ਆਗੈ ਕੋ ਪਾਛੈ ਵੜ੍ਯੋ ਧਰਯੋ ਨ ਕਿਨਹੂੰ ਧੀਰ॥੪੬॥ ਕੋਈ ਅੱਗੇ ਕੋਈ ਪਿਛੇ ਨਦੀ ਵਿਚ ਵੜ ਗਿਆ ਕਿਸੇ ਨੇ ਧੀਰਜ ਨਾ ਰੱਖੀ। ੪੬।

ਸਾਹਿਬਜ਼ਾਦੇ ਛਡ ਦੋਊ, ਰਹੇ ਸੁ ਸਤਿਗੁਰ ਸਾਥ॥ ਵੱਡਿਆਂ ਸਾਹਿਬਜ਼ਾਦਿਆਂ ਨੂੰ ਛੱਡ ਕੇ ਬਾਕੀ ਸਾਰੇ ਪ੍ਰਵਾਰ ਦਾ ਵਿਛੋੜਾ ਪੈ ਗਿਆ ਏਥੇ, ਵੱਡੇ ਸਾਹਿਬਜ਼ਾਦੇ ਤੇ ਕੁਛ ਕੁ ਸਿੰਘ ਸਤਿਗੁਰੂ ਜੀ ਨਾਲ ਨਦੀ ਸਰਸਾ ਤੋਂ ਪਾਰ ਹੋਏ ਹਨ।

ਛੋਟੇ ਗਏ ਵਡ ਮਾਤ ਸੰਗ, ਭਈ ਐਸੀ ਕੁਛ ਬਾਤ॥੪੭॥ ਐਸੀ ਕੁਦਰਤ ਵਰਤੀ ਹੈ ਛੋਟੇ ਸਾਹਿਬਜ਼ਾਦੇ ਮਾਤਾ ਗੁਜਰੀ ਜੀ ਦੇ ਨਾਲ ਸਨ, ਉਚਨਾਂ ਦੇ ਨਾਲ ਜਾ ਰਹੇ ਹਨ। ੪੭।

ਚੌਪਈ॥ ਵਖਤ ਭਾਰੀ ਅਤ ਸਭ ਪਰ ਆਯੋ॥ (ਵਖਤ ਭਾਰੀ) ਬੜੀ ਮੁਸੀਬਤ ਦਾ ਸਮਾਂ ਸਾਰਿਆਂ ਉਤੇ ਵਾਪਰ ਗਿਆ ਹੈ ਇਕ ਸਾਰ।

ਕੋਊ ਕਿਤੈ ਕੋਊ ਕਿਤ ਵਲ ਧਾਯੋ॥ ਕੋਈ ਕਿਧਰੇ ਨੂੰ ਕੋਈ ਕਿਸੇ ਪਾਸੇ, ਕੋਈ ਜੰਗਲਾਂ, ਝੜਾਂ ਬੇਲਿਆਂ ਵਿਚ ਨੂੰ (ਧਾਯੋ) ਦੌੜ ਪਿਆ, ਕੋਈ ਪਹਾੜੀਆਂ ਦੇ ਪਿੰਡਾਂ ਵਿਚ ਜਿਧਰ ਕਿਸੇ ਨੂੰ ਰਾਹ ਲੱਭਿਆ ਉਧਰੇ ਹੀ ਨਿਕਲ ਗਿਆ।

ਐਸਾ ਸਮਾਂ ਊਹਾਂ ਵਰਤ ਗਯੋ॥ ਉਸ ਸਮੇਂ ਐਸਾ ਵਾਹਿਗੁਰੂ ਦਾ ਭਾਣਾ ਵਰਤ ਗਿਆ।

ਸ੍ਰੀ ਕ੍ਰਿਸ਼ਨ ਪਰ ਜਿਮ ਥੋ ਅਯੋ॥੪੮॥ ਜਿਵੇਂ ਸ੍ਰੀ ਕ੍ਰਿਸ਼ਨ ਉਤੇ ਭਾਣਾ ਵਰਤ ਗਿਆ ਸੀ, ਜਿਸ ਤਰ੍ਹਾਂ ਸ੍ਰੀ ਕ੍ਰਿਸ਼ਨ ਜੀ 'ਤੇ ਔਖਾ ਸਮਾਂ ਆ ਗਿਆ ਸੀ। ੪੮।

ਨਠਯੋ ਭਗਵਾਨ ਕਲਜਮਨਹੁ ਹਾਰੀ॥ ਕਾਲਜਮਨ ਮਲੇਛ ਤ੍ਰਿੰਨ ਕਰੋੜ ਫੌਜ ਦਾ ਮਾਲਕ ਸੀ ਇਸ ਤੋਂ ਹਾਰ ਕੇ ਸ੍ਰੀ ਕ੍ਰਿਸ਼ਨ ਭਗਵਾਨ ਜੀ ਨੂੰ ਭੱਜਣਾ ਪਿਆ ਸੀ।

ਲੁਕਯੋ ਜਾਇ ਖਡ ਮੁਚਕੰਦ ਵਾਰੀ॥ ਮੁਚਕੰਦ ਰਿਖੀ ਜੋ ਪੁਰਾਣਾ ਛੱਤ੍ਰੀ ਯੋਧਾ ਸੀ, ਇਸਨੇ ਬਹੁਤ ਸਮਾਂ ਪਹਿਲਾਂ ਬਹੁਤ ਭਾਰੀ ਯੁੱਧ ਕੀਤਾ ਸੀ ਤੇ ਥੱਕ ਗਿਆ ਸੀ ਉਸਨੇ ਇਕ ਪਹਾੜ ਦੀ (ਖੱਡ) ਕੰਦਰਾ, ਗੁਫਾ ਵਿਚ ਜਾ ਸੌਣਾ ਕੀਤਾ ਸੀ ਤੇ ਜੁਗਾਂ ਤੋਂ ਸੁੱਤਾ ਪਿਆ ਸੀ, ਬੜੇ ਸਮੇਂ ਤੋਂ, ਭਗਵਾਨ ਨੇ ਸਕੀਮ ਸੋਚੀ ਮਲੇਛ ਕਾਲਜਮਨ ਨਾਲ ਹੱਥੋ ਹੱਥੀ ਯੁੱਧ ਕਰਨਾ ਠੀਕ ਨਹੀਂ। ਕਿਉਂਕਿ ਉਹ ਵੀ ਸ਼ਸਤ੍ਰ ਛੱਡ ਕੇ ਭੱਜ ਕੇ ਮਗਰ ਆਇਆ ਸੀ। ਜੇ ਸ਼ਸਤ੍ਰਾਂ ਨਾਲ ਲੜਦਾ ਤਾਂ ਭਗਵਾਨ ਸ਼ਸਤ੍ਰਾਂ ਨਾਲ ਇਹਨੂੰ ਮਾਰ ਦਿੰਦੇ ਸੂਰਮੇ ਦਾ ਕਰਮ ਨਹੀਂ ਕਿ ਖਾਲੀ ਹੱਥ ਨਿਹੱਥੇ ਉਤੇ ਹੱਲਾ ਬੋਲਣਾ। ਉਹਦੇ ਨਾਲ ਤੁੰਮਲ ਯੁਧ ਹੋਣਾ ਸੀ ਮੱਲ ਯੁੱਧ ਹੋਣਾ ਸੀ। ਕ੍ਰਿਸ਼ਨ ਭਗਵਾਨ ਨੇ ਸੰਕੋਚ ਕੀਤਾ ਕਿ ਮਲੇਛ ਨੂੰ ਹੱਥ ਨਹੀਂ ਲਾਉਣਾ। ਇਹਦਾ ਉਧਾਰ ਨਹੀਂ ਕਰਨਾ, ਇਹਦੀ ਗਤੀ ਨਹੀਂ ਕਰਨੀ ਕ੍ਰਿਸ਼ਨ ਭਗਵਾਨ ਜੀ ਨੇ ਏਸ ਗੁਫਾ ਵਿਚ ਜਾ ਕੇ ਸੁੱਤੇ ਪਏ ਮੁਚਕੰਦ ਰਿਖੀ ਤੇ ਆਪਣੇ ਉਪਰ ਲਈ ਹੋਈ ਪੀਲੀ ਚਾਦਰ ਪਾ ਦਿੱਤੀ ਅਤੇ ਆਪ ਗੁਫਾ ਵਿਚ ਜਾ ਕੇ ਲੁਕ ਗਏ। ਕਿ ਜਦੋਂ ਇਹ ਜਾਗੇਗਾ ਉਦੋਂ ਕਾਲਜਮਨ ਦਾ ਨਾਸ ਹੋ ਜਾਏਗਾ। ਜਦੋਂ ਕਾਲਜਮਨ ਨੇ ਮੁਚਕੰਦ ਨੂੰ ਕ੍ਰਿਸ਼ਨ ਭਗਵਾਨ ਸਮਝ ਕੇ ਉਤੋਂ ਚਾਦਰ ਲਾਹੀ ਤੇ ਉਸਨੂੰ ਝੰਜੋੜਿਆ ਤਾਂ ਮੁਚਕੰਦ ਨੇ ਆਪਣੇ ਨੇਤ੍ਰ ਖੋਹਲੇ ਜਿਸ ਨਾਲ ਕਾਲਜਮਨ ਉਥੇ ਹੀ ਭਸਮ ਹੋ ਗਿਆ।

ਬਹੁਤ ਫੌਜ ਪਹਾੜੀਅਨ ਕੀ ਪਈ॥ ਏਸੇ ਤਰ੍ਹਾਂ ਜਦੋਂ ਪਹਾੜੀਆਂ ਦੀ ਬਹੁਤ ਜਿਆਦਾ ਫੌਜ ਸਤਿਗੁਰਾਂ ਦੇ ਪਿਛੇ ਪਈ।

ਚੁੱਕ ਚੌਂਕੜੀ ਸਬਹਨ ਗਈ॥੪੯॥ ਸਭ ਦੀ ਚੌਂਕੜੀ ਚੁੱਕੀ ਗਈ ਭਾਵ ਇਕ ਵੇਰਾਂ ਸਭ ਦਾ ਪੈਂਤੜਾ ਹਿਲਾ ਕੇ ਰੱਖ ਦਿੱਤਾ। ਅੱਗੇ ਤਾਂ ਬੜੀ ਸਕੀਮ ਨਾਲ ਬੜੇ ਪੈਂਤਰੇ ਨਾਲ ਤੁਰਿਆ ਸੀ ਖਾਲਸਾ, ਪਰ ਇਥੇ ਜਦੋਂ ਪਿਛੋਂ ਪਹਾੜੀਆਂ ਦੀ ਫੌਜ ਆ ਗਈ, ਅੱਗੋਂ ਚਾਰ ਚੁਫੇਰਿਓਂ ਤੁਰਕਾਂ ਦੀ ਫੌਜ ਆ ਗਈ, ਉਧਰੋਂ ਰੋਪੜੀਆਂ ਦੀ ਫੌਜ ਆ ਗਈ

ਸਾਹਮਣਿਓਂ, ਸਭ ਦੀ ਚੌਂਕੜੀ ਹਿੱਲ ਗਈ ਇਕ ਵੇਰਾਂ ਤਾਂ, ਤੋ ਸਭ ਨੂੰ ਭਾਜੜ ਪੈ ਗਈ ਜਗ੍ਹਾ ਜਗ੍ਹਾ। ੪੯।

ਬਰੂਦ ਰਾਮਜੰਗੇ ਗਿੱਲੇ ਭਏ॥ ਉਤੋਂ ਵਰਖਾ ਪੈ ਰਹੀ ਸੀ ਰਾਮਜੰਗਿਆਂ ਵਿਚ ਤਾਂ ਬਰੂਦ ਚਲਣਾ ਸੀ, ਉਹ ਬਰੂਦ ਗਿੱਲਾ ਹੋ ਗਿਆ। ਹੁਣ ਸੁੱਕੇ ਬਰੂਦ ਨੂੰ ਅੱਗ ਪੈਂਦੀ ਹੈ, ਜਦੋਂ ਗਿੱਲਾ ਹੋ ਜਾਏ ਫੇਰ ਉਸਨੂੰ ਅੱਗ ਨਹੀਂ ਪੈਂਦੀ ਰਾਮਜੰਗੇ ਚਲਣੋਂ ਬੰਦ ਹੋ ਗਏ।

ਊਹਾਂ ਚਲਨ ਤੇ ਸੋ ਰਹਿ ਗਏ॥ ਰਾਮਜੰਗੇ ਚਲਣ ਤੋਂ ਰਹਿ ਗਏ ਭਾਵ ਬੰਦ ਹੋ ਗਏ।

ਕਿਸੇ ਨ ਪੈਰੀਂ ਪਨਹੀਂ ਰਹੀ॥ ਕਿਸੇ ਸਿੱਖ ਦੇ ਪੈਰੀਂ (ਪਨਹੀ) ਜੁੱਤੀ ਨਾ ਰਹੀ, ਨੰਗੇ ਪੈਰੀਂ ਹੋ ਗਏ, ਹੁਣ ਪੱਥਰਾਂ ਦਾ ਰਾਹ, ਤਿੱਖੇ ਪੱਥਰ ਤੇ ਕੰਡਿਆਲਾ ਰਾਹ ਜਿਥੇ ਕੰਡੇ ਝਾੜੀਆਂ ਮਲ੍ਹੇ ਖਿਲਰੇ ਹੋਏ ਸਨ ਉਥੇ ਲੜਨਾ ਜਾਂ ਤੁਰਨਾ ਬੜਾ ਮੁਸ਼ਕਲ ਹੋ ਗਿਆ।

ਐਸੀ ਬਿਪਤ ਸਬਹਨ ਪਰ ਪਈ॥।੫੦॥ ਐਸੀ ਬਿਪਤਾ ਦਾ ਸਮਾਂ ਸਾਰਿਆਂ ਦੇ ਉਤੇ ਵਾਪਰ ਗਿਆ। ਸਤਿਗੁਰਾਂ ਤੇ ਵੀ ਅਤੇ ਗੁਰੂ ਕੇ ਸਿੰਘਾਂ ਤੇ ਵੀ ਪੰਥ ਉਤੇ ਵਾਪਰ ਗਿਆ। ੫੦।

ਔਰ ਨਦੀ ਜੋ ਆਗੈ ਬਹਤੀ॥ ਅੱਗੇ ਜੋ ਸਰਸਾ ਨਦੀ ਵਗਦੀ ਸੀ।

ਉਨੈ ਡੁਬੋਈ ਜੋ ਚੀਜ਼ ਰਹਤੀ॥ ਸਤਿਗੁਰਾਂ ਦੇ ਕੋਲ 'ਵਿਦਿਆਧਰ ਗ੍ਰੰਥ' ਜੋ ਨੌਂ ਮਣ ਪੱਕੇ ਦਾ ਸੀ, ਉਹ ਗ੍ਰੰਥ ਵੀ ਰੁੜ੍ਹ ਗਿਆ ਹੈ ਉਥੇ, ਹੋਰ ਜੋ ਸਕੀਮ ਨਾਲ ਬੜੀਆਂ ਬੜੀਆਂ ਅਮੋਲਕ ਚੀਜਾਂ ਆਪਦੀ ਰਾਖੀ ਵਿਚ ਲੈ ਲਈਆਂ ਸਨ ਨਾਲ ਜਾਣਗੀਆਂ ਸਾਡੇ ਉਹ ਸਭ ਹੀ ਉਥੇ ਰੁੜ੍ਹ ਗਈਆਂ। ਹੁਣ ਜਾਨ ਦੀ ਸੰਭਾਲ ਨਹੀਂ ਮਿਲਦੀ ਹੋਰ ਵਸਤੂਆਂ ਨੂੰ ਕੌਣ ਸੰਭਾਲੇ ਉਥੇ।

ਅਗੇ ਆਈ ਰੋਪੜ ਤੁਰਕਾਰੀ॥ ਅੱਗੇ ਤੁਰਕਾਨੀ ਆ ਗਈ ਰੋਪੜ ਦੀ, ਇਹ ਰੋਪੜੀਆਂ ਦੀ ਫੌਜ ਅੱਗੇ ਆ ਖੜ੍ਹੀ ਰੋਕਣ ਵਾਸਤੇ।

ਬਹੁਤ ਪਠਾਣ ਹੋਤ ਜਹਿ ਮਾਰੀ॥੫੧॥ ਬੜੇ ਬੜੇ ਪਠਾਣ ਸੂਰਮੇ ਜੋ ਸਤਿਗੁਰਾਂ ਨੇ ਮਾਰੇ ਹਨ।

ਤੇ ਹੁਤੇ ਨੌਕਰ ਥੇ ਸਤਿਗੁਰ ਘਣੇ॥ ਇਹਨਾਂ ਵਿਚੋਂ ਬਹੁਤੇ ਪਠਾਣ ਸਤਿਗੁਰਾਂ ਦੇ ਚਰਨਾਂ ਵਿਚ ਨੌਕਰ ਸਨ। ਬਹੁਤ ਪਠਾਣ ਸਤਿਗੁਰਾਂ ਨੇ ਨੌਕਰ ਰੱਖੇ ਹੋਏ ਸਨ 'ਲੋਦੀ' ਕਰਕੇ। ਕਿਉਂਕਿ ਰਾਜ ਮੁਗਲਾਂ ਦਾ ਸੀ। ਇਹ ਲੋਦੀ ਪਠਾਣਾਂ ਦਾ ਰਾਜ ਬਦਲਿਆ ਸੀ। ਇਹ ਸਤਿਗੁਰਾਂ ਦੇ ਚਰਨਾਂ ਵਿਚ ਆ ਕੇ ਗੁਜ਼ਾਰਾ ਕਰਦੇ ਸਨ।

ਪਾਵਤ ਇਨਾਮ ਸੋਊ ਅਣਗਿਣੇ॥ ਇਹਨਾਂ ਨੂੰ ਸਤਿਗੁਰਾਂ ਦੇ ਚਰਨਾਂ ਵਿਚੋਂ ਅਣਗਿਣਤ ਇਨਾਮ ਮਿਲਦੇ ਸਨ। ਕਿਉਂਕਿ ਪਠਾਣ ਸਨ, ਯੋਧੇ ਸਨ ਤਕੜੇ ਬਹਾਦਰ ਸਨ ਸਤਿਗੁਰੂ ਖੁਸ਼ ਹੋ ਕੇ ਕਿ ਕਿਤੇ ਕੰਮ ਦੇਣਗੇ, ਫੌਜ ਏਵੇਂ ਰੱਖੀ ਜਾਂਦੀ ਹੈ, ਜੋ ਤਨਖਾਹਾਂ ਲੈਂਦੇ ਨਹੀਂ ਥਕਦੇ, ਵੇਹਲੇ ਰਹਿੰਦੇ ਨੇ।

ਘੋੜੇ ਜੋੜੇ ਉਨ ਦੇਤ ਇਨਾਮ॥ ਸਤਿਗੁਰੂ ਜੀ ਘੋੜੇ ਜੋੜੇ ਸ਼ਸਤ੍ਰ ਬਸਤ੍ਰ ਹੋਰ ਬੜੀਆਂ ਅਮੋਲਕ ਚੀਜਾਂ ਇਨਾਮ ਦਿੰਦੇ ਸਨ ਇਹਨਾਂ ਨੂੰ।

ਭਏ ਬੇਈਮਾਨ ਨ ਆਏ ਕਾਮ॥੫੨॥ ਹੁਣ ਜਦੋਂ ਸਮਾਂ ਆਇਆ ਉਦੋਂ ਪਠਾਣ ਬੇਈਮਾਨ ਹੋ ਗਏ ਜਿਸ ਵਾਸਤੇ ਰੱਖੇ ਸਨ ਉਹ ਕਿਸੇ ਕੰਮ ਨਾ ਆਏ। ਏਸੇ ਕਰਕੇ ਸਿੰਘ ਤੁਰਕ ਨੂੰ ਬੇਈਮਾਨ ਕਹਿਕੇ ਬੁਲਾਉਂਦੇ ਨੇ, ਇਹ ਬੇਈਮਾਨ ਨੇ, ਇਹਨਾਂ ਦਾ ਕੋਈ ਪਤਾ ਨਹੀਂ ਕਦੋਂ ਇਹਨਾਂ ਨੇ ਫਿਰ ਜਾਣਾ ਹੈ। ੫੨।

ਦੋਹਰਾ॥ ਸਤਿਗੁਰ ਉਨ ਸਯੋਂ ਹਿਤ ਰਖਤ, ਤਿਨ ਦੇਤ ਵੱਡੇ ਸਿਰੁਪਾਉ॥ ਸਤਿਗੁਰੂ ਇਹਨਾਂ ਨਾਲ ਪਿਆਰ ਕਰਦੇ ਸਨ, ਚਲੋ ਸੂਰਮੇਂ ਨੇ ਯੋਧੇ ਨੇ ਕੰਮ ਦੇਣਗੇ, ਏਸ ਵਾਸਤੇ ਵੱਡੇ ਵੱਡੇ ਸਿਰੋਪਾਉ, ਵੱਡੇ ਵੱਡੇ ਦੁਸ਼ਾਲੇ ਅਤੇ ਭੂਰੇ, ਲੋਈਆਂ, ਕੰਬਲ, ਭਾਵ ਚੰਗੀ ਚੰਗੀ ਵਸਤੂ ਦਿੰਦੇ ਸਨ।

ਵਹੁ ਲੜਤ ਪਹਾੜੀਅਨ ਸੰਗ, ਗੁਰ ਉਨਕੀ ਕਰਤ ਸਹਾਇ॥੫੩॥ ਜਦੋਂ ਕਦੇ ਉਹ ਪਠਾਣ ਉਹਨਾਂ ਪਹਾੜੀਆਂ ਨਾਲ ਲੜਦੇ ਸਨ ਤਾਂ ਸਤਿਗੁਰੂ ਜੀ ਉਹਨਾਂ ਪਠਾਣਾਂ ਦੀ ਸਹਾਇਤਾ ਕਰਦੇ ਹੁੰਦੇ ਸਨ। ੫੩।

ਚੌਪਈ॥ ਸਤਿਗੁਰ ਉਨਕੇ ਘਰ ਕੋ ਗਏ॥ ਹੁਣ ਇਹ ਲੋਦੀ ਪਠਾਣ ਸਨ ਰੋਪੜ ਦੇ ਵਿਚ ਸਤਿਗੁਰੂ ਇਹਨਾਂ ਦੇ ਘਰਾਂ ਨੂੰ ਗਏ ਹਨ, ਨੌਕਰ ਰਹੇ ਨੇ ਸਾਡੇ, ਆਹ ਰੋਪੜ ਵਿਚ ਵਸਦੇ ਨੇ ਚਲੀਏ ਉਹਨਾਂ ਦੇ ਪਾਸ ਕੋਈ ਟਿਕਾਣਾ ਦੇਣਗੇ ਸਾਨੂੰ।

ਸੱਦੇ ਜਾਇ ਸੁ ਬੇਮੁਖ ਭਏ॥ ਸਤਿਗੁਰਾਂ ਨੇ ਉਹਨਾਂ ਨੂੰ ਸੱਦਿਆ, ਉਹ ਬੇਮੁਖ ਹੋ ਗਏ ਭਾਵ ਸੱਦੇ ਤੋਂ ਆਏ ਨਹੀਂ ਹੁਕਮ ਮੰਨ ਕੇ ਅੰਦਰ ਹੀ ਲੁਕ ਗਏ ਸਾਰੇ।

ਹੁਤੀ ਹਵੇਲੀ ਉਨ ਤਕੜੀ ਬਨਾਈ॥ ਅੱਜ ਵੀ ਉਥੇ ਹਵੇਲੀ ਪਿੰਡ ਵਜਦਾ ਹੈ, ਇਥੇ ਹਵੇਲੀ ਬਣਾਈ ਦਰਿਆ ਦੇ ਕਿਨਾਰੇ ਤੇ, ਏਥੇ ਕਿਲ੍ਹਾ ਪਾਉ ਅਟਕਣ ਵਾਸਤੇ ਜੰਗ ਯੁੱਧ ਵਾਸਤੇ ਬੜੀ ਭਾਰੀ ਹਵੇਲੀ ਬਣਾਈ ਸੀ ਉਹਨਾਂ ਨੇ। ਮਹਾਰਾਜ ਨੇ ਜਾਣਿਆ ਏਥੇ ਵੜਕੇ ਜੰਗ ਕਰਾਂਗੇ।

ਚਹਯੋ ਗੁਰੂ ਵੜ ਕਰੀਏ ਲੜਾਈ॥੫੪॥ ਸਤਿਗੁਰਾਂ ਨੇ ਚਾਹਿਆ ਕਿ ਏਥੇ ਹਵੇਲੀ ਵਿਚ ਵੜਕੇ ਲੜਾਈ ਕਰੀਏ, ਆਏ ਦੁਸ਼ਮਣ ਨੂੰ ਰੋਕ ਦੇਵਾਂਗੇ। ੫੪।

ਉਨ ਵੜਨ ਨ ਦੀਨੇ ਲਏ ਪੱਟ ਅੜਾਈ॥ ਉਹਨਾਂ ਪਠਾਣਾਂ ਨੇ ਹਵੇਲੀ ਵਿਚ ਸਤਿਗੁਰੂ ਨੂੰ ਵੜਨ ਨਹੀਂ ਦਿੱਤਾ। ਸਗੋਂ ਦਰਵਾਜੇ ਹਵੇਲੀ ਦੇ ਬੰਦ ਕਰ ਲਏ।

ਸੋਈ ਹਵੇਲੀ ਦਰਿਯਾਇ ਰੁੜਾਈ॥ ਸਤਿਗੁਰਾਂ ਨੇ ਬਚਨ ਕਰ ਦਿੱਤਾ ਇਹ ਤੁਹਾਡਾ ਵੀ ਟਿਕਾਣਾ ਨਾ ਰਹੇ, ਤੁਹਾਡਾ ਵੀ ਰੁੜ੍ਹ ਜਾਏ। ਦਰਿਆ ਦਾ ਪਾਣੀ ਆਇਆ ਹਵੇਲੀ ਦੀ ਚਾਂਕੁਲੀ ਕਰ ਕੇ ਲੈ ਗਿਆ, ਉਹਨਾਂ ਦੇ ਕਿਲ੍ਹੇ ਕੋਟ ਰੋੜ੍ਹ ਕੇ ਲੈ ਗਿਆ ਦਰਿਆ ਸਤਿਲੁਜ।

ਜਬ ਭਏ ਪਠਾਣ ਲੋਦੀ ਬੇਈਮਾਨ॥ ਜਦੋਂ ਇਹ ਲੋਦੀ ਪਠਾਣ ਬੇਈਮਾਨ ਹੋ ਗਏ ਸਮੇਂ ਸਿਰ ਧੋਖਾ ਦੇ ਗਏ।

ਸਤਿਗੁਰ ਕਹਯੋ ਤੁਮ ਰਹੈ ਨ ਮਕਾਨ॥ ੫੫॥ ਸਤਿਗੁਰਾਂ ਨੇ ਸ੍ਰਾਪ ਦੇ ਦਿੱਤਾ ਤੁਹਾਡੇ ਇਹ (ਮਕਾਨ) ਘਰ ਨਹੀਂ ਰਹਿਣਗੇ। ਸਾਰੇ ਘਰ ਦਰਿਆ ਦੀ ਭੇਟਾ ਹੋ ਗਏ। ੫੫।

ਫੇਰ ਗੁਰੂ ਵੱਲ ਕੋਟਲੇ ਗਏ॥ ਪਿੰਡ ਨਿਹੰਗ ਕੋਟਲਾ ਇਥੋਂ ਦਾ ਪਠਾਣ ਨਿਹੰਗ ਖਾਨ ਸੀ। ਇਹ ਵੀ ਸ਼ਤਿਗੁਰਾਂ ਦਾ ਸੇਵਕ ਸੀ। ਹੁਣ ਮਹਾਰਾਜ ਏਧਰ ਆਏ ਨੇ ਨਿਹੰਗ ਖਾਨ ਕੋਲ ਚਲੀਏ, ਉਹ ਵੀ ਵੇਖੀਏ ਕਿਲ੍ਹਾ ਹਵੇਲੀ ਅੱਜ ਵੀ ਖੜ੍ਹੀ ਹੈ। ਅੱਜ ਉਹ ਛੋਟਾ ਕਿਲ੍ਹਾ ਹੈ, ਛੋਟੀਆਂ ਛੋਟੀਆਂ ਬਾਹੀਆਂ ਨੇ ਜਦੋਂ ਸਤਿਗੁਰੂ ਜੀ ਉਥੇ ਗਏ।

ਉਨ ਦਰਵਾਜੇ ਖੋਲ੍ਹ ਦਿਖਏ॥ ਉਸਨੇ ਫੱਟ ਦਰਵਾਜੇ ਖੋਲ੍ਹ ਦਿੱਤੇ, ਆਓ ਮਹਾਰਾਜ ਜੀ! ਐਹ ਤੁਹਾਡਾ ਹੀ ਸਭ ਕੁਛ। ਜਦੋਂ ਸਤਿਗੁਰੂ ਜੀ ਨੇ ਅੰਦਰ ਜਾ ਕੇ ਦੇਖਿਆ।

ਸੋ ਸਤਿਗੁਰ ਨ ਪਸੰਦੈ ਆਈ॥ ਉਹ ਸਤਿਗੁਰ ਦੇ ਪਸੰਦ ਨਾ ਆਈ। ਇਹ ਤਾਂ ਲੜਾਈ ਦਾ ਟਿਕਾਣਾ ਨਹੀਂ ਹੈ। ਇਹ ਤਾਂ ਛੋਟਾ ਕੋਟ ਹੈ, ਜਦੋਂ ਹੱਲਾ ਚਾਰ ਚੁਫੇਰਿਓਂ ਹੋਇਆ। ਇਹ ਤਾਂ ਇਕ ਰਹਿਣ ਵਾਲਾ ਮਕਾਨ ਹੈ ਇਸ ਨੇ ਹੱਲਾ ਨਹੀਂ ਸਹਾਰਨਾ।

ਹੁਤੀ ਨ ਹਵੇਲੀ ਕਰਨ ਲਗਾਈ॥੫੬॥ ਲੜਾਈ ਕਰਨ ਦੇ ਯੋਗ ਹਵੇਲੀ ਮਜ਼ਬੂਤ ਨਹੀਂ ਸੀ, ਛੋਟਾ ਜਿਹਾ ਕੋਟ ਸੀ। ਭਾਈ ਬਚਿੱਤ੍ਰ ਸਿੰਘ ਘਾਇਲ ਵੜਿਆ ਹੈ ਇਥੇ ਜਖ਼ਮੀ ਸਿੰਘ। ਉਹਨੂੰ ਵਾੜ ਲਿਆ ਹੈ ਅੰਦਰ, ਹੋਰ ਵੀ ਸਿੰਘ ਵੜ ਗਏ ਨੇ ਅੰਦਰ ਜਿਨ੍ਹਾਂ ਦਾ ਅੰਗੀਠਾ ਹੈ। ਅੱਜ ਵੀ ਅੰਗੀਠਾ ਉਸਦੇ ਅੰਦਰ ਹੈ। ਕੋਈ ਬਚਿੱਤ੍ਰ ਸਿੰਘ ਨਾਮ ਦਾ ਰਫੂਜੀ ਕੋਈ ਆਇਆ ਹੈ ਉਹਨੂੰ ਅਲਾਟ ਹੋਈ ਹੈ ਹਵੇਲੀ, ਉਹ ਰਹਿੰਦਾ ਹੈ, ਇਹਦਾ ਨਾਮ ਵੀ ਬਚਿੱਤ੍ਰ ਸਿੰਘ ਹੈ ਤੇ ਸ਼ਹੀਦ ਹੋਣ ਵਾਲਾ ਵੀ ਬਚਿੱਤ੍ਰ ਸਿੰਘ ਹੈ। ਜਿਸਦਾ ਅੰਗੀਠਾ ਅੰਦਰ ਹੈ ਜਿਸਦੀ ਨਿਹੰਗ ਖਾਨ ਨੇ ਸੇਵਾ

ਕੀਤੀ। ਜਦੋਂ ਇਹ ਹਵੇਲੀ ਪਸੰਦ ਨਾ ਆਈ।

ਤੌ ਸਤਿਗੁਰ ਲੰਘ ਨਦਰ ਪਸਾਰੀ॥ ਤਾਂ ਏਥੋਂ ਸਤਿਗੁਰੂ ਜੀ ਅੱਗੇ ਗਏ ਹਨ। ਜਿਥੇ ਭੱਠਾ ਸਾਹਿਬ ਗੁ: ਹੈ ਇਥੇ ਲੋਕਾਂ ਨੂੰ ਕੋਈ ਜਗ੍ਹਾ ਪੁੱਛੀ ਹੈ ਕਹਿੰਦੇ ਭੱਠਾ ਪਾਇਆ ਹੈ ਭੱਠੇ ਤੇ ਚੜ੍ਹ ਜਾਓ। ਆਹ ਹੀ ਸਾਡੇ ਕੋਲ ਜਗ੍ਹਾ ਹੈ। ਸਤਿਗੁਰਾਂ ਦੇ ਘੋੜੇ ਨੇ ਜਦੋਂ ਚਰਨ ਲਾਇਆ ਸੀਤਲ ਹੋ ਗਿਆ ਭੱਠਾ। ਉਥੇ ਹੀ ਠਰ ਗਿਆ ਹੈ। ਇਹ ਚੂਨੇ ਦਾ ਭੱਠਾ ਸੀ। ਰੋੜਾਂ ਨੂੰ ਸਾੜ ਕੇ ਚੂਨਾ ਬਣਾਇਆ ਜਾਂਦਾ ਸੀ। ਇਹ ਮਸਾਲੇ ਹੁੰਦੇ ਸਨ। ਸੀਮੰਟ ਤਾਂ ਉਦੋਂ ਹੈ ਨਹੀਂ ਸੀ ਇਹ ਵੀ ਜਗ੍ਹਾ ਸਤਿਗੁਰਾਂ ਦੇ ਪਸੰਦ ਨਾ ਆਈ, ਅੱਗੇ ਚਲੇ ਗਏ ਮਹਾਰਾਜ।

ਜਾਇ ਦੇਖੀ ਚਮਕੌਰ ਊਚੀ ਅਟਾਰੀ॥ ਅੱਗੇ ਚਮਕੌਰ ਸਾਹਿਬ ਆ ਗਏ ਹਨ। ਇਥੇ ਆ ਕੇ ਇਕ ਉਚੇ ਟਿੱਲੇ ਦੇ ਉਤੇ ਆ ਕੇ ਇਕ ਉਚੀ ਅਟਾਰੀ ਵੇਖੀ ਹੈ। ਹੈ ਤਾਂ ਕੱਚੀ ਹਵੇਲੀ ਸੀ ਪਰ ਮਜਬੂਤ ਸੀ ਉਸ ਟਾਈਮ।

ਸਤਿਗੁਰ ਉਤ ਵਲ ਕਰੀ ਸਵਾਰੀ॥ ਸਤਿਗੁਰਾਂ ਨੇ ਕਿਹਾ ਔਹ ਉਚੀ ਅਟਾਰੀ ਦਿਸਦੀ ਆ। ਇਹ ਵੀ ਕਿਨਾਰਾ ਸੀ ਦਰਿਆ ਦਾ, ਦਰਿਆ ਦੇ ਕਿਨਾਰੇ ਕਿਨਾਰੇ ਆ ਗਏ ਨੇ, ਸਤਿਗੁਰਾਂ ਨੇ ਆਪਣੀਆ ਸਵਾਰੀਆਂ ਉਸ ਪਾਸੇ ਨੂੰ ਕਰ ਲਈਆਂ ਨੇ, ਉਧਰ ਨੂੰ ਤੁਰ ਪਏ ਹਨ।

ਜਾਏ ਦੇਖੀ ਇਕ ਹਵੇਲੀ ਭਾਰੀ॥੫੭॥ ਜਾ ਕੇ ਦੇਖਿਆ ਹੈ ਸਤਿਗੁਰਾਂ ਨੇ ਇਕ ਭਾਰੀ ਹਵੇਲੀ ਹੈ, ਕੱਚਾ ਕੋਟ ਹੈ ਬੜਾ ਤਕੜਾ। ੫੭।

(ਵੱਡੇ ਸਾਹਿਬਜ਼ਾਦਿਆਂ ਦੀ ਸ਼ਹੀਦੀ, ਚਮਕੌਰ ਯੁੱਧ)

ਦੋਹਰਾ॥ ਰਾਉ ਪਕਰ ਬਾਹਰਹੁ ਲਯੋ, ਹਵੇਲੀ ਲਈ ਖੁਲ੍ਹਵਾਇ॥ (ਰਾਉ) ਜੋ ਇਸ ਹਵੇਲੀ ਦਾ ਮਾਲਕ ਸੀ। ਪਹਿਲੇ ਮਹਾਰਾਜ ਬਾਹਰ ਬਾਗ ਵਿਚ ਉਤਰੇ ਨੇ ਜਿਥੇ ਅੱਜ ਕਲ੍ਹ ਗੁ: ਸ੍ਰੀ ਦਮਦਮਾ ਸਾਹਿਬ ਹੈ ਇਥੇ ਬਾਗ ਸੀ, ਸਤਿਗੁਰੂ ਜੀ ਸਿੰਘਾਂ ਦੇ ਸਮੇਤ ਇਥੇ ਆ ਕੇ ਉਤਰੇ ਨੇ। ਇਥੇ ਖਲੋਤੇ ਨੇ ਪਤਾ ਕਰੋ ਏਸ ਹਵੇਲੀ ਦਾ ਮਾਲਕ ਕੌਣ ਹੈ। ਸਿੰਘਾਂ ਨੇ ਪਤਾ ਕੀਤਾ, ਉਹਦਾ ਇਕ ਭਰਾ ਸੀ ਜਿਸਨੂੰ ਉਹਨੇ ਬਾਹਰ ਕੱਢ ਰੱਖਿਆ ਸੀ। ਉਹਦਾ ਮਕਾਨ ਹਵੇਲੀ ਦੇ ਬਾਹਰਲੇ ਪਾਸੇ ਸੀ, ਉਹਨੂੰ ਮਿਲੇ। ਉਸਨੇ ਦੱਸਿਆ ਕਿ ਮੇਰੇ ਭਰਾ ਨੇ ਮੈਥੋਂ ਜਬਰਦਸਤੀ ਇਹ ਹਵੇਲੀ ਖੋਹ ਲਈ ਹੈ। ਉਸਨੇ ਦੱਸਿਆ ਕਿ ਪਿਛਲੇ ਪਾਸੇ ਮੇਰੇ ਮਕਾਨ ਵਿਚ ਦੀ ਇਕ ਬਾਰੀ ਹੈ ਹਵੇਲੀ ਵਿਚ ਦਾਖਲ ਹੋਣ ਨੂੰ, ਮਹਾਰਾਜ ਉਧਰ ਦੀ ਦਾਖਲ ਹੋ ਸਕਦੇ ਹਨ ਹਵੇਲੀ ਅੰਦਰ। ਸਤਿਗੁਰਾਂ ਨੇ ਉਹਨੂੰ ਮੋਹਰਾਂ ਦਿੱਤੀਆਂ ਮੁੱਠੀ ਭਰਕੇ। ਉਹ ਸਤਿਗੁਰ ਨੂੰ ਅੰਦਰ ਲੈ ਗਿਆ। ਉਸਦੇ ਮਾਲਕ ਨੂੰ ਬਾਹਰੋਂ ਪਕੜ ਕੇ ਉਸਤੋਂ ਹਵੇਲੀ ਨੂੰ ਖੁਲ੍ਹਵਾ ਲਿਆ। ਸਤਿਗੁਰੂ ਜੀ ਸਿੰਘਾਂ ਸਮੇਤ ਅੰਦਰ ਦਾਖਲ ਹੋ ਗਏ ਹਨ।

ਕਿਛਕ ਸਿੰਘ ਗੁਰ ਸੰਗ ਵੜੇ, ਦੁਇ ਸਾਹਿਬਜ਼ਾਦੇ ਰਲਵਾਏ॥੧॥ ਦੋਵੇਂ ਸਾਹਿਬਜ਼ਾਦਿਆਂ ਦੇ ਸਮੇਤ ਜਿੰਨੇ ਕੁ ਸਿੰਘ ਮਹਾਰਾਜ ਦੇ ਨਾਲ ਸਨ ਉਹ ਹਵੇਲੀ ਵਿਚ ਦਾਖਲ ਹੋ ਗਏ। ੧।

ਚੌਪਈ॥ ਤੌ ਮਲੇਰੀਅਨ ਆਨ ਘੇਰਾ ਪਾਯੋ। ਸਤਿਗੁਰੂ ਜੀ ਜਦੋਂ ਕੱਚੀ ਗੜ੍ਹੀ ਦੇ ਵਿਚ ਦਾਖਲ ਹੋ ਗਏ। ਹਵੇਲੀ ਵਾਲਿਆਂ ਦਾ ਰਾਜ ਸਾਜ ਇਹਨਾਂ ਦੇ ਡੋਲੇ ਬਾਹਰ ਕੱਢ ਦਿੱਤੇ ਨੇ। ਸਿੰਘ ਅਜੇ ਮੋਰਚੇ ਸੰਭਾਲ ਹੀ ਰਹੇ ਸਨ ਕਿ ਮਲੇਰ ਕੋਟਲੇ ਵਾਲਿਆਂ ਪਠਾਣਾਂ ਦੀ ਫੌਜ ਨੇ ਆ ਕੇ ਘੇਰਾ ਪਾ ਲਿਆ।

ਨਹਿ ਦਾਣਾ ਕਿਛ ਉਸ ਮਧ ਥਾਯੋ॥ ਅੰਦਰ ਕੋਈ ਅਨਾਜ ਵੀ ਨਹੀਂ ਸੀ ਜਿਸਦਾ ਸਿੰਘ ਲੰਗਰ ਸਜਾ ਲੈਂਦੇ, ਪ੍ਰਸ਼ਾਦ ਛਕ ਲੈਂਦੇ। ਭੁੱਖੇ ਸਨ ਛੇ ਸੱਤ ਮਹੀਨਿਆਂ ਦੇ ਚਲੇ ਆ ਰਹੇ। ਪਰ ਸਿਦਕ ਲੜ ਰਿਹਾ ਸੀ ਸਿਖੀ ਸਿਦਕ ਦੀ ਹੈ ਭੁੱਖੇ ਭਾਣੇ ਲੜ ਰਹੇ ਸਨ ਸਿਦਕ ਕਮਾ ਰਹੇ ਸਨ।

ਨਾਂਹਿ ਹੁਤੀ ਕੁਛ ਜੁਗਤ ਲੜਾਈ॥ ਨਾ ਹੀ ਕੋਈ ਲੜਾਈ ਦੀ (ਜੁਗਤੀ) ਮੋਰਚਾਬੰਦੀ ਸੀ। ਕਿਉਂ ਕੀ ਪਤਾ ਸੀ ਏਥੇ ਕੋਈ ਯੁੱਧ ਕਰਨਾ ਹੈ ਲੜਾਈ ਹੋਣੀ ਹੈ।

ਫੌਜ ਸਭੀ ਕੰਧ ਪਿਲਚੀ ਆਈ॥੨॥ ਮਲੇਰਕੋਟਲੇ ਵਾਲਿਆਂ ਦੀ ਫੌਜ ਨੇ ਹੱਲਾ ਬੋਲ ਕੇ ਕੰਧ ਉਤੇ ਚੜ੍ਹਨ ਦੀ ਕੋਸ਼ਿਸ਼ ਕੀਤੀ ਹੈ। ੨।

ਅਗਯੋਂ ਖਾਲਸੈ ਸ਼ਸਤ੍ਰ ਚਲਾਏ॥ ਅੱਗੋਂ ਸਿੰਘਾਂ ਨੇ ਵੀ ਸ਼ਸ਼ਤ੍ਰ ਚਲਾਉਣਾ ਕੀਤੇ।

ਹੁਤੇ ਬਚੇ ਥੇ ਜੋ ਉਨ ਪਾਏ॥ ਜੋ ਸਿੰਘਾਂ ਕੋਲ ਸ਼ਸਤ੍ਰ ਬਚੇ ਹੋਏ ਸਨ ਕਮਰ ਕਸਿਆਂ ਵਿਚ ਸਨ। ਰਾਮਜੰਗੇ ਵੀ ਸਨ ਵਿਚ, ਤੀਰ ਕਮਾਣਾਂ ਵੀ ਸਨ ਅਤੇ ਸ੍ਰੀ ਸਾਹਿਬ ਤਾਂ ਅੰਗ ਸੰਗ ਹੁੰਦੀ ਹੀ ਹੈ ਖਾਲਸੇ ਦੇ।

ਮਾਰ ਪਠਾਣ ਤਬ ਦਏ ਹਟਾਇ॥ ਸਿੰਘਾਂ ਨੇ ਹਵੇਲੀ ਦੇ ਅੰਦਰੋਂ ਐਸੀ ਮਾਰ ਕੀਤੀ, ਸ਼ਸਤ੍ਰਾਂ ਦੀ ਮਾਰ ਕੀਤੀ ਪਠਾਣਾਂ ਨੂੰ ਪਿਛੇ ਹਟਾ ਦਿੱਤਾ ਹੈ, ਸਤਿਗੁਰਾਂ ਨੇ ਐਸੇ ਬਾਣ ਚਲਾਏ ਹਨ ਕਿ ਪਠਾਣ ਦੂਰ ਪਿਛੇ ਹਟ ਗਏ ਹਨ।

ਤੌ ਲੌ ਨਾਹਰ ਖਾਂ ਪੜਯੋ ਆਇ॥੩॥ ਉਦੋਂ ਤੱਕ ਨਾਹਰ ਖਾਂ ਮਲੇਰਕੋਟਲੀਆ ਜੋ ਕਿ ਖ੍ਵਾਜਾ ਖਿਜ਼ਰ ਦਾ ਭਰਾ ਸੀ ਬੜਾ ਬਹਾਦਰ ਯੋਧਾ ਸੀ ਇਹਦੇ ਨਾਲ ਦਸ ਹਜ਼ਾਰ ਪਠਾਣ ਸੀ ਇਤਨੇ ਨੂੰ ਇਹ ਆਪਣੀ ਫੌਜ ਦੇ ਨਾਲ ਹੱਲਾ ਕਰਕੇ ਆ ਪਿਆ। ੩।

ਪੂਛਤੋ ਆਯੋ ਹੈ ਗੁਰ ਕਹੀਂ॥ ਪੁਛਦਾ ਆਇਆ ਹੈ ਕਹਾਂ ਹੈ ਗੁਰੂ ਗੋਬਿੰਦ ਸਿੰਘ, ਕਹਾਂ ਹੈ ਗੁਰੂ ਗੋਬਿੰਦ ਸਿੰਘ ਮੈਨੂੰ ਤਾਂ ਦੱਸੋ ਮੈਂ ਦੋ ਹੱਥ ਕਰਾਂ ਗੁਰਾਂ ਨਾਲ ਜਾ ਕੇ।

ਮੁਹਿ ਉਸੈ ਬਤਾਵੋ ਪਹੁੰਚੋ ਤਹੀਂ॥ ਮੈਨੂੰ ਦੱਸੋ ਤਾਂ ਸਹੀ ਉਹ ਕਿਥੇ ਹੈ ਮੈਂ ਉਥੇ ਹੀ ਪਹੁੰਚਾਂਗਾ। ਇਉਂ ਲਲਕਾਰੇ ਮਾਰਦਾ ਆ ਗਿਆ।

ਤੌ ਸਤਿਗੁਰ ਉਸ ਆਖ ਸੁਨਾਯੋ॥ ਗੜ੍ਹੀ ਵਿਚ ਉਪਰ ਬੈਠਿਆਂ ਸਤਿਗੁਰ ਨੇ ਉਸਦੀ ਆਵਾਜ਼ ਸੁਣੀ ਤੇ ਉਸ ਨੂੰ ਏਸ ਤਰ੍ਹਾਂ ਸੁਣਾਇਆ ਉਚੀ ਆਵਾਜ਼ ਵਿਚ।

ਹੋ ਤਕੜੋ, ਤੀਰ ਤੈਂ ਵਲ ਆਯੋ॥੪॥ ਓ ਨਾਹਰ ਖਾਂ। ਐਧਰ ਵੇਖ ਅਸੀਂ ਏਧਰ ਬੈਠੇ ਹਾਂ, ਤੱਕੜਾ ਹੋ। ਆਹ ਸਾਡਾ ਤੀਰ ਤੇਰੇ ਵੱਲ ਆ ਰਿਹਾ ਹੈ। ਰੋਕੀਂ ਇਸਨੂੰ। ੪।

ਲਗਯੋ ਛਾਤੀ ਤੋੜ ਲੰਘਯੋ ਸੰਜੋਇ॥ ਇਸ ਦਾ ਸਾਰਾ ਸਰੀਰ ਲੋਹੇ ਨਾਲ ਮੜ੍ਹਿਆ ਹੋਇਆ ਸੀ, ਸੰਜੋ ਪਾਈ ਹੋਈ ਸੀ। ਸਿੱਧਾ ਛਾਤੀ ਵਿਚ ਤੀਰ ਮਾਰਿਆ ਸਤਿਗੁਰਾਂ ਨੇ। ਸੰਜੋ ਨੂੰ ਪਾੜਦਾ ਹੋਇਆ ਸ਼ੂਕਦਾ ਪਾਰ ਲੰਘ ਗਿਆ ਹੈ।

ਗਯੋ ਦੁਵੱਲੋਂ ਪਾਰ ਸੁ ਹੋਇ॥ ਦੋਹਾਂ ਪਾਸਿਆਂ ਤੋਂ ਪਾਰ ਹੋ ਗਿਆ ਹੈ। ਤੀਰ ਵਿਚਾਲੇ ਨਹੀਂ ਅਟਕਿਆ ਇਤਨੇ ਜ਼ੋਰ ਦੇ ਨਾਲ ਮਾਰਿਆ ਸਤਿਗੁਰਾਂ ਨੇ ਸੜੱਕ ਦੇ ਕੇ ਪਾਰ ਹੋ ਗਿਆ।

ਗਿਰਯੋ ਭੂਮ ਪਰ ਝੂਮਹਿ ਸੋਇ॥ (ਸੋਇ) ਉਹ ਨਾਹਰ ਖਾਂ ਝੂਮ ਕੇ ਡਿਗਿਆ ਹੈ ਧਰਤੀ 'ਤੇ। ਜਿਵੇਂ ਬੇ-ਸੁਧ ਹੋ ਜਾਂਦਾ ਹੈ ਕੋਈ ਅਮਲ ਤੋਂ ਬਗੈਰ, ਇਸ ਤਰ੍ਹਾਂ ਬੁਰਜ ਦੇ ਵਾਂਗ ਧੜੰਮ ਕਰਕੇ ਜਾ ਡਿਗਿਆ ਹੈ।

ਲੈ ਲੋਥ ਨਠੇ ਉਸੈ ਸਥੋਇ॥੫॥ ਜੋ ਨਾਹਰ ਖਾਂ ਦੇ ਸਾਥੀ ਉਸਦੇ ਨਾਲ ਆਏ ਸਨ, ਉਹ ਉਸਦੀ ਲੋਥ ਲੈ ਕੇ ਨੱਠ ਉਠੇ ਹਨ। ੫।

ਦੋਹਰਾ॥ ਆਏ ਜੁ ਨਾਹਰ ਸਾਥ ਥੇ, ਸੋ ਬਹੁ ਦੀਨੇ ਮਾਰ॥ ਨਾਹਰ ਖਾਂ ਦੇ ਸਾਥੀਆਂ ਦੀ ਦਸ ਹਜ਼ਾਰ ਦੀ ਗਿਣਤੀ ਸੀ। ਜਿਹੜੇ ਇਸਦੇ ਨਾਲ ਆਏ ਸਨ। ਪਿਛੇ ਨਹੀਂ ਮੁੜਨ ਦਿੱਤੇ ਸਤਿਗੁਰਾਂ ਨੇ ਮਾਰ ਮਾਰ ਬਾਣ ਇਹਨਾਂ ਦੀਆਂ ਛਾਤੀਆਂ ਵਿੰਨ੍ਹ ਦਿੱਤੀਆਂ ਪੁਰਾਤਨ ਸਿੰਘ ਇਉਂ ਵੀ ਦਸਦੇ ਹੁੰਦੇ ਹਨ ਕਿ ਸਤਿਗੁਰਾਂ ਨੇ ਅਸਤ੍ਰ ਵਿਦਿਆ ਦੀ ਜੁਗਤ ਕੀਤੀ ਸੀ। ਦਿਬ ਅਸਤ੍ਰ ਜਿਹਦੇ ਨਾਲ ਇਕ ਤੋਂ ਦਸ, ਦਸ ਤੋਂ ਸੌ, ਸੌ ਤੋਂ ਹਜ਼ਾਰ, ਹਜ਼ਾਰ ਤੋਂ ਦਹਿ ਹਜ਼ਾਰ

ਇਉਂ ਫੈਲ ਜਾਂਦਾ ਸੀ। ਉਹਦੇ ਸਾਥੀ ਸਨ ਜਿਹੜੇ ਉਹਦੀ ਲੋਥ ਨੂੰ ਚੁੱਕਣ ਪੈਂਦੇ ਸਨ ਲੈ ਚਲੀਏ ਪਿਛੇ ਜਰਨੈਲ ਨੂੰ ਤਾਂ ਸਤਿਗੁਰੂ ਥਾਂਇ ਢੇਰ ਕਰਦੇ ਗਏ ਉਹਨਾਂ ਨੂੰ, ਉਹਦੇ ਨਾਲ ਦੇ ਸਾਥੀ ਸਭ ਸੁਆ ਦਿੱਤੇ ਧਰਤੀ ਉਤੇ।

ਕਿਛ ਸਤਿਗੁਰ ਕੁਛ ਖਾਲਸੈ, ਕਰ ਸਾਹਬਜ਼ਾਦਨ ਵਾਰ॥੬॥ ਕੁਛ ਸਤਿਗੁਰੂ ਮਾਰੀ ਜਾਂਦੇ ਨੇ, ਕੁਛ ਇਨ੍ਹਾਂ ਦੇ ਜੱਥੇ ਦੇ ਖਾਲਸੇ ਨੇ ਵਾਰ ਕੀਤੇ ਹਨ, ਕੁਛ ਸਾਹਿਬਜ਼ਾਦਿਆਂ ਨੇ ਤੀਰ ਮਾਰੇ ਹਨ ਇਉਂ ਸਾਥੀਆਂ ਸਮੇਤ ਨਬੇੜ ਦਿੱਤਾ ਇਸਨੂੰ। ੬।

ਚੌਪਈ॥ ਯਹੀ ਖਬਰ ਉਸ ਭਈ ਬਿਰਾਦਰ॥ ਇਹ ਖਬਰ ਉਸਦੇ (ਬਿਰਾਦਰ) ਭਰਾ ਨੂੰ ਹੋ ਗਈ। ਜਦੋਂ ਉਸ ਨੂੰ ਪਤਾ ਲੱਗਿਆ।

ਖ੍ਵਾਜ ਖਿਜਰ ਬਡ ਕਹਾਤ ਬਹਾਦਰ॥ ਬੜਾ ਬਹਾਦਰ ਕਹਾਉਂਦਾ ਸੀ ਖ੍ਵਾਜਾ ਖਿਜਰ ਉਸਦਾ ਨਾਮ ਸੀ।

ਸੋ ਆਯੋ ਜਿਮ ਮਸਤੋ ਫੀਲੋ॥ ਉਹ ਆਇਆ ਹੈ ਮਸਤ (ਫੀਲੋ) ਹਾਥੀ ਦੀ ਤਰ੍ਹਾਂ, ਗੁਰੂ ਜੀ ਦੇ ਨਾਲ ਲੜਨ ਵਾਸਤੇ।

ਲੋਥ ਭਈ ਪਿਖ ਮੁਖ ਭਯੋ ਪੀਲੋ॥੭॥ ਜਦੋਂ ਭਰਾ ਦੀ ਲੋਥ ਪਈ ਵੇਖੀ ਸਾਹਮਣੇ, ਮੂੰਹ ਦਾ ਰੰਗ ਪੀਲਾ ਹੋ ਗਿਆ ਲਾਲੀਆਂ ਸਭ ਉਡ ਗਈਆਂ ਮੁਖ ਤੋਂ ਕਿ ਨਾਹਰ ਖਾਂ ਐਡਾ ਬਹਾਦਰ ਸੀ ਇਕੇ ਬਾਣ ਨਾਲ ਪਾਰ ਬੁਲਾ ਦਿੱਤਾ ਹੈ। ੭।

ਆਗੈ ਸਤਿਗੁਰ ਸ਼ੇਰ ਦਿਖਾਯੋ॥ ਅੱਗੇ ਮਹਾਬਲੀ ਕੇਹਰ ਸ਼ੇਰ ਦਿਸੇ ਹਨ ਸਤਿਗੁਰੂ, ਐਡੇ ਸਤਿਗੁਰੂ ਬਾਣ ਮਾਰਦੇ ਹਨ ਨਾਹਰ ਖਾਂ ਨੇ ਇਕੋ ਵਾਰ ਨਹੀਂ ਝੱਲਿਆ ਹੈ। ਇਉਂ ਜਦੋਂ ਸਤਿਗੁਰੂ ਬੱਬਰ ਸ਼ੇਰ ਦਿਸੇ ਹਨ ਸਾਮ੍ਹਣੇ।

ਹੁਇ ਸ਼ਰਮਿੰਦੇ ਸੀਸ ਕੰਧ ਲੁਕਾਯੋ॥ ਸ਼ਰਮਿੰਦਾ ਹੋ ਗਿਆ, ਵੇਖ ਕੇ ਡਰ ਗਿਆ ਹੈ। ਜੋ ਗੜ੍ਹੀ ਦੀ ਕੰਧ ਸੀ ਉਹਦੇ ਨਾਲ ਸਿਰ ਵੱਜਾ ਜਾ ਕੇ, ਲੁਕਣ ਲਈ ਮੈਨੂੰ ਨਾ ਵੱਜ ਜਾਵੇ। ਇਹ ਕੰਧ ਉਹਲੇ ਜਾਕੇ ਲੁਕ ਗਿਆ।

ਸਤਿਗੁਰ ਉਸੈ ਬਹੁਤ ਲਲਕਾਰਾ॥ ਸਤਿਗੁਰੂ ਜੀ ਉਪਰ ਖੜੇ ਹਨ ਉਹਨਾਂ ਨੇ ਉਸਨੂੰ ਬਹੁਤ ਵਾਰੀ ਲਲਕਾਰਿਆ ਹੈ।

ਆਉ ਹਮੈਂ ਤੁਮ ਕਰੈਂ ਦੁਇ ਬਾਰਾ॥੮॥ ਓ ਖ੍ਵਾਜਾ ਖਿਜ਼ਰ ਆ ਐਧਰ ਸਾਹਮਣੇ, ਦੋ ਵਾਰ ਤਾਂ ਕਰੀਏ ਉਧਰੋ ਓਧਰੀ, ਵਿਟਾਂਦਰਾ ਕਰੀਏ ਸ਼ਸਤ੍ਰਾਂ ਦਾ। ੮।

ਉਸੈ ਹਵਾਸ ਤਉ ਉੱਡ ਗਏ॥ ਉਹਦੇ ਤਾਂ ਹਵਾਸ ਹੀ ਉੱਡ ਗਏ ਸਨ, ਉਸਦੀ ਤਾਂ ਸੁਧ ਬੁਧ ਹੀ ਜਾਂਦੀ ਰਹੀ ਸੀ ਵੇਖ ਕੇ ਸਤਿਗੁਰਾਂ ਨੂੰ।

ਉਨੈ ਤੀਰ ਸਤਿਗੁਰ ਲਖ ਲਏ॥ ਉਸ ਨੇ ਸਤਿਗੁਰੂ ਜੀ ਦੇ ਤੀਰਾਂ ਦੇ ਜੌਹਰ ਦੇਖ ਲਏ ਸਨ (ਲਖ) ਜਾਣ ਲਏ ਸਨ।

ਆਪ ਰਹਯੋ ਵਹਿ ਬਹਿ ਕੰਧ ਓਟ॥ ਆਪ ਉਹ ਕੰਧ ਦੀ ਓਟ ਵਿਚ ਬੈਠਾ ਹੈ, ਉਤਾਂਹ ਨਹੀਂ ਸਿਰ ਚੁੱਕਦਾ।

ਘੱਲ ਲਵਾਵੈ ਔਰਨ ਚੋਟ॥੯॥ ਇਹ ਸਿਪਹ ਸਲਾਰ ਸੀ ਹੋਰਨਾਂ ਹੁਕਮ ਦਿੰਦਾ ਕਿ ਅੱਗੇ ਹੋ ਕੇ ਗੁਰੂ ਜੀ 'ਤੇ ਹੱਲਾ ਕਰੋ। ਹੋਰਨਾਂ ਨੂੰ ਘੱਲ ਕੇ ਹੱਲਾ ਕਰਵਾਉਂਦਾ ਹੈ। ੯।

ਤਉ ਬਜੀਰ ਤੁਰਤ ਤਹਿੰ ਆਯੋ॥ ਤਾਂ ਤੁਰਤ ਹੀ ਸਰਹੰਦ ਦਾ ਸੂਬਾ ਬਜ਼ੀਰ ਖਾਂ ਆ ਗਿਆ ਹੈ।

ਆਨ ਉਨੈਂ ਭੀ ਜੰਗ ਮਚਾਯੋ॥ ਆ ਕੇ ਉਸ ਨੇ ਭਿਆਨਕ ਜੰਗ ਸ਼ੁਰੂ ਕਰ ਦਿੱਤਾ।

ਪਾਛੇ ਪੜੇ ਪਹਾੜੀ ਆਏ॥ ਉਸਤੋਂ ਪਿਛੋਂ ਪਹਾੜੀਏ ਆ ਗਏ ਹਨ।

ਉਨ ਨੈ ਭੀ ਬਹੁ ਜ਼ੋਰ ਲਗਾਏ॥੧੦॥ ਉਨ੍ਹਾਂ (ਭੀਮਚੰਦ) ਵਗੈਰਾ ਨੇ ਵੀ ਬੜਾ ਜ਼ੋਰ ਲਗਾਇਆ ਹੈ। ਇਹ ਵੀ ਮੈਦਾਨ ਵਿਚ ਲੜੇ ਨੇ ਸਿੰਘਾਂ ਨਾਲ। ੧੦।

ਦੋਹਰਾ॥ ਸਭੈ ਲਾਇ ਬਲ ਥਕ ਰਹੇ, ਟੁੱਟੀ ਸੁ ਜਾਗਾ ਨਾਹਿ॥ ਅਜੇ ਸਤਿਗੁਰੂ ਆਏ ਸਨ ਕਿ ਜਦੋਂ ਇਹਨਾਂ ਨੇ ਹੱਲਾ ਬੋਲ ਦਿੱਤਾ ਅਤੇ ਸਾਰਿਆਂ ਨੇ ਜ਼ੋਰ ਲਾਇਆ ਆਪੋ ਆਪਣਾ। ਇਹ ਜੁੱਗਾ ਭਾਵ ਮੋਰਚਾ ਨਹੀਂ ਤੋੜ ਸਕੇ ਸਤਿਗੁਰੂ

ਆਕੀ ਰਹੇ ਹਨ। ਸਤਿਗੁਰਾਂ ਨੇ ਗੜ੍ਹੀ ਦੇ ਨੇੜੇ ਨਹੀਂ ਢੁੱਕਣ ਦਿੱਤਾ ਕਿਸੇ ਨੂੰ, ਦੂਰ ਦੂਰ ਰੱਖਿਆ ਹੈ।

ਡੇਰੇ ਕੀਨੇ ਗਿਰਦ ਤਿਨ, ਮਾਨੁਖ ਬਹੁ ਮਰਵਾਇ॥੧੧॥ ਬੜੀ ਫੌਜ ਮਾਰੀ ਗਈ ਹਜ਼ਾਰਾਂ ਦੀ ਗਿਣਤੀ ਵਿਚ ਤਾਂ ਏਨ੍ਹਾਂ ਨੇ ਦੂਰ ਦੂਰ ਡੇਰੇ ਕਰ ਦਿੱਤੇ ਨੇ ਜਿਥੇ ਸਤਿਗੁਰਾਂ ਦਾ ਤੀਰ ਨਾ ਪਹੁੰਚੇ। ਏਸ ਤਰ੍ਹਾਂ ਦੂਰ ਦੂਰ ਘੇਰਾ ਪਾ ਕੇ ਬੈਠ ਗਏ। ੧੧।

ਚੌਪਈ॥ ਅਬ ਅੰਦਰ ਕੀ ਬਾਤ ਸੁਨਾਊਂ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਇਹ ਤਾਂ ਬਾਹਰਲੀ ਗੱਲ ਹੈ। ਜਿਹੜੇ ਬਾਹਰੋਂ ਹੱਲਾ ਬੋਲ ਬੋਲ ਜਾਂਦੇ ਹਨ। ਉਹਨਾਂ ਦੀ ਇਹ ਦਸ਼ਾ ਬਣਾ ਦਿੱਤੀ ਸਤਿਗੁਰਾਂ ਨੇ। ਹੁਣ ਹਵੇਲੀ ਦੇ ਅੰਦਰ ਦੀ ਸੁਣੋ ਅੰਦਰ ਕੀ ਦਸ਼ਾ ਹੈ। ਅੰਦਰ ਸਿੰਘਾਂ ਅਤੇ ਸਤਿਗੁਰਾਂ ਨਾਲ ਕੀ ਵਾਪਰ ਰਿਹਾ ਹੈ।

ਹੁਤੋ ਨ ਅੰਦਰ ਅੰਨ ਕਿਥਾਊਂ॥ ਅੰਦਰ ਕਿਸੇ ਵੀ ਥਾਂ ਤੇ ਥੋੜ੍ਹਾ ਮਾਤ੍ਰ ਵੀ ਅੰਨ ਨਹੀਂ ਸੀ।

ਕੰਧ ਚਿਣੀ ਕਿਛ ਆਛੀ ਨਾਂਹ॥ ਕੰਧ ਵੀ ਕੱਚੀ ਸੀ, ਕੋਈ ਖਾਸ ਚੰਗੀ ਤਰ੍ਹਾਂ ਨਹੀਂ ਸੀ ਚਿਣੀ ਹੋਈ।

ਹੁਤੇ ਨਾ ਮੁਰਚੇ ਰੱਖੇ ਮਾਂਹ॥੧੨॥ ਉਹ ਤਾਂ ਵਸਣ ਵਾਲਾ ਘਰ ਬਣਾਇਆ ਸੀ ਕਿਸੇ ਚੌਧਰੀ ਨੇ, ਤੇ ਨਾ ਹੀ ਉਨ੍ਹਾਂ ਵਿਚ ਮੋਰਚੇ ਰੱਖੇ ਹੋਏ ਸਨ, ਜਿਥੋਂ ਦੀ ਜੰਗ ਕੀਤਾ ਜਾ ਸਕੇ। ੧੨।

ਜਿਨ ਸਿੱਧੇ ਕਰ ਸ਼ਸਤ੍ਰ ਚਲਾਏ॥ ਇਨ੍ਹਾਂ ਮੋਰਚਿਆਂ ਵਿਚ ਬੈਠ ਕੇ ਸਿੱਧੇ ਕਰਕੇ ਸ਼ਸਤ੍ਰ ਚਲਾ ਸਕਣ, ਐਸਾ ਕੋਈ ਮੋਰਚਾ ਵੀ ਨਹੀਂ ਸੀ ਰੱਖਿਆ। ਬਸ ਉਤੋਂ ਨੰਗੀ ਕੰਧ ਤੋਂ ਲੜਨਾ ਪੈਂਦਾ ਸੀ।

ਜਿਸੈ ਓਟ ਕਰ ਸੀਸ ਬਚਾਏ॥ ਕੋਈ ਕਿੰਗਰਾ ਨਹੀਂ ਸੀ ਇਸ ਕੋਟ ਨੂੰ ਜਿਸਦੀ ਓਟ ਕਰਕੇ ਆਪਣਾ ਸੀਸ ਬਚਾ ਸਕਣ ਤੇ ਆਪਣਾ ਵਾਰ ਕਰ ਸਕਣ ਦੁਸ਼ਮਣ 'ਤੇ।

ਨਾਂਹ ਲੱਭੈ ਤਿਹ ਭੁੰਨਣ ਕੋ ਦਾਣਾ॥ ਜਿਥੇ ਅਨਾਜ ਹੀ ਕੋਈ ਨਹੀਂ ਸੀ, ਇਹ ਨਹੀਂ ਕੋਈ ਅੰਦਰ ਦਾਣਾ ਹੋਵੇ ਜੋ ਭੁੰਨ ਕੇ ਛਕ ਲਈਏ, ਬਿਲਕੁਲ ਹੀ ਅੰਨ ਕੋਈ ਨਹੀਂ ਸੀ।

ਜੋ ਲੱਭੈ ਤਾਂ ਕਦ ਮਿਲੈ ਖਾਣਾ॥੧੩॥ ਜੇ ਲੱਭ ਵੀ ਜਾਂਦਾ ਅੰਦਰੋਂ ਤਾਂ ਸਮਾਂ ਕਦੋਂ ਸੀ, ਜੋ ਭੁੰਨ ਕੇ ਖਾ ਲੈਂਦੇ ਜੰਗ ਤਾਂ ਖੜਕ ਪਿਆ ਆਉਂਦਿਆਂ ਸੀ, ਆਉਂਦਿਆਂ ਹੀ ਉਧਰੋਂ ਫੌਜਾਂ ਦੇ ਹੱਲੇ ਹੋ ਗਏ ਸਨ। ੧੩।

ਦਾਰੂ ਸਿੱਕੋ ਗਯੋ ਮੁਕਾਈ॥ ਤੇ ਹੁਣ ਜਿਹੜੀਆ ਬੰਦੂਕਾਂ, ਸੁਕਾ ਲਿਆ ਸਿੰਘਾਂ ਨੇ ਬਰੂਦ, ਪਿੱਛੇ ਤਾਂ ਗਿੱਲਾ ਹੋ ਗਿਆ ਸੀ। ਜਿਹੜਾ ਬਰੂਦ ਸੁਕਾ ਲਿਆ ਉਹ ਵੀ ਮੁੱਕ ਗਿਆ ਬੰਦੂਕਾਂ ਚਲਦੀਆਂ ਚਲਦੀਆਂ ਵਿਚੋਂ।

ਰਹਯੋ ਨ ਤੀਰ ਤੁਨੀਰਨ ਮਾਂਹੀ॥ ਜੋ (ਤੁਨੀਰ) ਭੱਥੇ ਭਰੇ ਹੋਏ ਸਨ ਸਿੰਘਾਂ ਦੇ ਤੀਰਾਂ ਦੇ, ਉਹ ਵੀ ਮੁੱਕ ਗਏ। ਭੱਥਿਆਂ ਦੇ ਵਿਚ ਕੋਈ ਤੀਰ ਨਹੀਂ ਸੀ ਰਹਿ ਗਿਆ ਭਾਵ ਚਲ ਗਏ।

ਜ਼ਖਮੀ ਜੋਗ ਕਿਤ ਲਭੈ ਨ ਪਾਨੀ॥ ਜੋ ਜ਼ਖਮੀ ਸਿੰਘ ਸਨ ਉਹਨਾਂ ਦੇ ਵਾਸਤੇ ਪਾਣੀ ਦਾ ਵੀ ਕੋਈ ਪ੍ਰਬੰਧ ਨਹੀਂ ਸੀ ਅੰਦਰ।

ਐਸੀ ਔਖੀ ਤਹਾਂ ਬਿਹਾਨੀ॥੧੪॥ ਐਸਾ ਔਖਾ ਸਮਾਂ ਬਣਿਆ ਖਾਲਸੇ 'ਤੇ। ੧੪।

ਸ਼ਸਤ੍ਰ ਚਲਾਵਤ ਬਾਂਹਿ ਥਕ ਗਈ॥ ਸ਼ਸਤ੍ਰਾਂ ਨੂੰ ਚਲਾਉਂਦਿਆਂ ਭਾਵ ਦੁਸ਼ਮਣ 'ਤੇ ਮਾਰਦਿਆਂ ਸਿੰਘਾਂ ਦੀਆਂ ਬਾਂਹਾਂ ਥੱਕ ਗਈਆਂ।

ਥਕੀ ਦੇਹ ਮਧ ਸ਼ਕਤਿ ਨ ਰਹੀ॥ ਥੱਕੇ ਹੋਏ ਸਰੀਰਾਂ ਵਿਚ ਕੋਈ ਬਲ ਨਾ ਰਹਿਆ ਤਾਕਤ ਨਾ ਰਹੀ।

ਤੌ ਭੀ ਸਿੰਘਨ ਹਠ ਨਹਿੰ ਛੋਰਯੋ॥ ਫੇਰ ਵੀ ਸਿੰਘਾਂ ਨੇ ਹੱਠ ਨਹੀਂ ਛੱਡਿਆ। ਹਠੀ ਤਪੀ ਸਿੰਘ ਹੁੰਦੇ ਸਨ ਯੋਧੇ।

ਪਰੈ ਜੋਰ ਜਿਤ ਵਲ ਤਾਂਹਿ ਦੌਰਯੋ॥੧੫॥ ਜਿਹੜੀ ਕੰਧ ਤੇ ਜੋਰ ਪੈਂਦਾ ਉਧਰ ਦੌੜਦੇ ਨੇ ਸਾਰੇ, ਹੱਲਾ ਰੋਕਦੇ ਨੇ ਅੱਗੇ ਹੋ ਕੇ। ੧੫।

ਦੋਹਰਾ॥ ਤੌ ਸਤਿਗੁਰ ਸਿੰਘਨ ਕਹਯੋ, 'ਗਯੋ ਦਾਰੂ ਸਿਕੋ ਮੁਕਾਇ॥ ਤਾਂ ਸਤਿਗੁਰਾਂ ਨੇ ਕਿਹਾ ਸਿੰਘੋ! ਦਾਰੂ ਸਿੱਕਾ ਤਾਂ

ਮੁੱਕ ਗਿਆ ਬੰਦੂਕਾਂ ਦਾ, ਤੀਰ ਵੀ ਮੁੱਕ ਗਏ ਨੇ ਚਲਣ ਵਾਲੇ।

ਫੜ ਤੇਗੈਂ ਗਿਰਦੈ ਫਿਰੋ, ਹਵੇਲੀ ਕੇ ਧਾਇ' ॥੧੬॥ ਹੁਣ ਤੇਗਾਂ ਖਿੱਚ ਲਉ ਮਿਆਨ ਵਿਚੋਂ, ਹਵੇਲੀ ਦੇ ਚਾਰ ਚੁਫੇਰੇ ਗੇੜਾ ਦਿਓ, ਇਉਂ ਗਿਰਦਾਉਰੀ ਕਰੋ ਹਵੇਲੀ ਦੀ, ਭਾਜ ਕਰ ਦੁਸ਼ਮਣ ਨੂੰ ਪਿਛੇ ਹਟਾਓ। ੧੬।

ਚੌਪਈ॥ ਤੌ ਸਿੰਘਨ ਵੈਸੇ ਮੰਨ ਲਈ॥ ਸਤਿਗੁਰਾਂ ਨੇ ਜੋ ਹੁਕਮ ਫੁਰਮਾਇਆ ਹੈ ਸਿੰਘਾਂ ਨੇ ਪ੍ਰਵਾਣ ਕਰ ਲਿਆ ਹੈ ਸਿਰ ਮੱਥੇ ਤੇ, ਉਸ ਵੇਲੇ ਗੁਰਮਤਾ ਸੋਧ ਕੇ ਸਤਿਗੁਰਾਂ ਤੋਂ ਥਾਪੜੇ ਲੈ ਕੇ ਬਾਹਰ ਨਿਕਲਣ ਲੱਗੇ ਹਨ।

ਦੁਇ ਦੁਇ ਨਿਕਸ ਗਿਰਦਾਵਲ ਕਈ॥ ਦੋ ਦੋ ਸਿੰਘ ਨਿਕਲੇ ਹਨ ਇਕ ਦੀ ਮਦਦ ਦੂਸਰਾ ਹੁੰਦਾ ਹੈ, ਇਉਂ ਗਿਰਦਾਵਰੀ ਕੀਤੀ, ਚਾਰ ਚੁਫੇਰੇ ਮਹਾਰਾਜ ਦੇ ਹੁਕਮ ਨਾਲ ਦੁਆਲੇ ਦੁਆਲੇ ਲੜੇ ਹਨ।

ਵੈ ਮਰ ਜਾਂਹਿ ਤੌ ਆਵੈਂ ਔਰ॥ ਜਦੋਂ ਉਹ ਜੋੜੀ ਸਿੰਘਾਂ ਦੀ ਸ਼ਹੀਦ ਹੋ ਜਾਂਦੀ ਹੈ ਤੇ ਦੋ ਸਿੰਘ ਮਹਾਰਾਜ ਹੋਰ ਕੱਢ ਦਿੰਦੇ ਨੇ ਬਾਹਰ, ਹੁਣ ਤੁਸੀਂ ਚਲੋ ਭਾਈ।

ਐਸੀ ਭਈ ਊਹਾਂ ਕੁਛ ਤੌਰ॥੧੭॥ ਇਸ ਤਰ੍ਹਾਂ ਦਾ (ਤੌਰ) ਤਰੀਕਾ, ਸਕੀਮ ਵਰਤੀ ਗਈ, ਸਤਿਗੁਰਾਂ ਨੇ ਇਸ ਤਰ੍ਹਾਂ ਲੜਾਈ ਦਾ (ਤੌਰ) ਢੰਗ ਬਦਲ ਦਿੱਤਾ ਹੈ। ਸੋ ਦੂਰੋਂ ਠਾਹ ਠਾਹ ਦੀ ਲੜਾਈ ਹੋ ਰਹੀ ਸੀ, ਜਾਂ ਉਤੋਂ ਛੂੰ ਛੂੰ ਕਰਦੇ ਹੁਣ ਤਲਵਾਰਾਂ ਦੀ ਲੜਾਈ ਮੱਚ ਪਈ ਹੈ, ਇਕ ਪਾਸੇ ਲੱਖਾਂ ਹਨ ਤੇ ਘੇਰਾ ਬੇਸ਼ੁਮਾਰ ਹੈ। ਉਹ ਆਈ ਜਾਂਦੇ ਨੇ ਪਿਛੋਂ ਮਰੀ ਜਾਂਦੇ ਨੇ, ਸਿੰਘ ਵੀ ਬੜੇ ਯੋਧੇ ਨੇ ਮਹਾਰਾਜ ਦਾ ਹੁਕਮ ਹੈ *ਸਵਾ ਲਾਖ ਸੇ ਏਕ ਲੜਾਊਂ॥ ਤਭੀ ਗੋਬਿੰਦ ਸਿੰਘ ਨਾਮ ਕਹਾਊਂ॥* ਇਹ ਦੋ ਦੋ ਸਿੰਘ ਲੱਖਾਂ ਨਾਲ ਲੜ ਰਹੇ ਹਨ, ਮਾਰ ਮਾਰ ਕੇ ਚਾਰ ਚੁਫੇਰਿਓਂ ਸਥਰ ਲਾਹ ਰਹੇ ਨੇ। ੧੭।

ਨਿਕਸ ਨਿਕਸ ਸਿੰਘ ਬਹੁ ਮਰ ਗਏ। ਗੜ੍ਹੀ 'ਚੋਂ ਨਿਕਲ ਨਿਕਲ ਕੇ ਬਾਹਰ, ਜੋੜੀ ਜੋੜੀ ਸਿੰਘਾਂ ਦੀ, ਜਦੋਂ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ।

ਤੌ ਗੁਰ ਲਖੇ ਸਿੰਘ ਥੋੜੇ ਰਹੇ॥ ਤਾਂ ਸਤਿਗੁਰਾਂ ਨੇ ਜਾਣਿਆਂ ਹੁਣ ਸਿੰਘ ਥੋੜੇ ਰਹਿ ਗਏ ਨੇ। ਚਾਲ੍ਹੀ ਸਿੰਘ ਤਾਂ ਸਾਰੇ ਸਨ ਤਾਂ ਹੁਣ ਦੇਖ ਲਉ ਜੋੜੀ ਜੋੜੀ ਜੋ ਸਿੰਘ ਨਿਕਲਦੇ ਸਨ ਕਿੰਨਾਂ ਕੁ ਸਮਾਂ ਕੱਟ ਸਕਦੇ ਸਨ, ਸਿੰਘਾਂ ਦੀ ਫੌਜ ਬਿਲਕੁਲ ਥੋੜ੍ਹੀ ਸੀ। ਇਉਂ ਜਦੋਂ ਗੁਰੂ ਜੀ ਨੇ ਦੇਖਿਆ ਕਿ ਥੋੜੇ ਪੰਜ ਦਸ ਸਿੰਘ ਰਹਿ ਗਏ ਨੇ ਸਾਡੇ ਕੋਲ।

ਕਹੀ ਸਤਿਗੁਰ 'ਅਬ ਬਾਹ੍ਰ ਨ ਜਾਵੋ॥ ਤਾਂ ਸਤਿਗੁਰਾਂ ਨੇ ਹੁਕਮ ਕੀਤਾ ਬੱਸ ਕਰੋ ਸਿੰਘੋ! ਦਰਵਾਜਾ ਬੰਦ ਕਰ ਦਿਉ ਹੁਣ ਬਾਹਰ ਨਿਕਲਕੇ ਨਹੀਂ ਲੜਨਾ।

ਫੜ ਤੇਗੈਂ ਢਿਗ ਕੰਧਨ ਖੜਾਵੋ" ॥੧੮॥ ਉਪਰਲੀਆਂ ਕੰਧਾਂ ਜਿਹੜੀਆਂ ਹਨ, ਉਪਰਲੀ ਜੋ ਦੁਆਲੇ ਦੀਆਂ ਕੰਧਾਂ ਹਨ, ਤੇਗਾਂ ਫੜ ਕੇ ਉਨ੍ਹਾਂ ਦੇ ਪਾਸੇ ਖੜੇ ਹੋ ਜਾਓ। ੧੮।

ਸੋ ਤੁਰਕਨ ਗੱਲ ਲੀਨੀ ਜਾਨ॥ ਤਾਂ ਤੁਰਕਾਂ ਨੂੰ ਪਤਾ ਲੱਗ ਗਿਆ ਫੌਜਦਾਰਾਂ ਨੂੰ ਕਿ ਹੁਣ ਜਿਹੜੇ ਬਾਹਰ ਨਹੀਂ ਨਿਕਲਦੇ ਅੰਦਰ ਬਿਲਕੁਲ ਥੋੜੇ ਰਹਿ ਗਏ ਨੇ। ਇਹ ਗੱਲ ਤੁਰਕਾਂ ਨੇ ਜਾਣ ਲਈ।

ਭਯੋ ਦਾਰੂ ਸਿੱਕੋ ਮਧ ਮੁਕਾਨ॥ ਕੋਈ ਫਾਇਰ ਵੀ ਨਹੀਂ ਹੋ ਰਿਹਾ। ਅੱਗੇ ਨੂੰ ਤੀਰ ਵੀ ਨਹੀਂ ਕੋਈ ਆ ਰਿਹਾ, ਹੁਣ ਤਾਂ ਇਸ ਮਕਾਨ ਵਿਚੋਂ ਦਾਰੂ ਸਿੱਕਾ ਮੁਕ ਗਿਆ ਹੈ।

ਕਰ ਹੱਲੇ ਵੈ ਸਭ ਹੀ ਧਾਏ॥ ਇਹ ਗੱਲ ਜਾਣ ਕੇ ਲੱਖਾਂ ਫੌਜਾਂ ਨੇ ਹੱਲਾ ਬੋਲ ਦਿੱਤਾ।

ਪਰੇ ਚੁਫੇਰਯੋਂ ਰੌਲ ਮਚਾਏ॥੧੯॥ ਬੜਾ ਰੌਲਾ ਪਾਇਆ ਫੜ ਲਉ ਫੜ ਲਉ ਮਾਰ ਲਉ, ਮਾਰ ਲਉ ਕਰਕੇ, ਚਾਰ ਚੁਫੇਰਿਓਂ ਆ ਗਏ ਹਨ ਹੱਲਾ ਬੋਲ ਕੇ। ੧੯।

ਕੋ ਪਯਾਦੋ ਕੋ ਆਯੋ ਅਸਵਾਰ॥ ਕੋਈ ਪੈਦਲ ਆ ਰਹੇ ਨੇ, ਕੋਈ ਅਸਵਾਰ ਹੋ ਕੇ ਆ ਰਹੇ ਹਨ, ਕਿਉਂਕਿ ਗੜ੍ਹੀ ਉੱਚੀ

ਜਗ੍ਹਾ ਹੈ। ਅਜੇ ਵੀ ਉੱਚੀ ਜਗ੍ਹਾ 'ਤੇ ਹੈ, ਕੰਧ ਅਜੇ ਵੀ ਉਸੇ ਤਰ੍ਹਾਂ ਹੈ, ਹੇਠਾਂ ਵਾਲਾ ਥੜਾ ਬਹੁਤ ਉੱਚਾ ਹੈ। ਆਵਾ ਪਿਆ ਹੈ, ਆਵੇ ਦੇ ਉਤੇ ਹੀ ਕਿਤੇ ਹਵੇਲੀ ਚਿਣੀ ਗਈ ਹੈ। ਇਹ ਉਦੋਂ ਦਰਿਆ ਦੇ ਕਿਨਾਰੇ ਤੇ ਫਾਂਟ ਵਗਦੀ ਸੀ, ਪਰਲਾ ਪਾਸਾ ਜਿਹੜਾ ਹੈ ਹੁਣ ਤਾਂ ਨਹਿਰ ਬਣ ਗਈ ਹੈ, ਅੱਗੇ ਪਤਾ ਨਹੀਂ ਲੱਗਦਾ। ਇਹ ਜੇ ਪੈਦਲ ਆਈਏ ਨਾ ਨਾਲ ਨਾਲ ਬੂੜ ਮਾਜਰੇ ਵਲੋਂ ਤੇ ਦਰਿਆ ਦੀ ਫਾਂਟ ਆਉਂਦੀ ਹੈ। ਜਿਹੜੀਆਂ ਦੋ ਨਦੀਆਂ ਸਮਾਹੀ ਆਦਿਕ ਬਣਕੇ, ਉਹ ਪਿਛਲੇ ਪਾਸੇ ਰਹਿ ਗਈਆਂ ਹਨ। ਇਹ ਜਦੋਂ ਪਾਣੀ ਆਉਂਦਾ ਸੀ ਏਥੋਂ ਦੀ ਵਗਦਾ ਸੀ ਚਮਕੌਰ ਸਾਹਿਬ ਦੇ ਨਾਲ। ਹੁਣ ਜਿਹੜੀ ਉਹ ਨਦੀ ਬੰਦ ਹੋ ਗਈ ਹੈ। ਉਰਲੇ ਪਾਸੇ ਜਿਧਰ ਦਮਦਮਾ ਸਾਹਿਬ ਹੈ ਇਹ ਵੀ ਪਾਣੀ ਵਗਦਾ ਅਸੀਂ ਵੇਖਿਆ ਹੈ। ਤੁਰਕਾਂ ਨੇ ਜਾਣ ਲਿਆ ਇਸ ਹਵੇਲੀ 'ਤੇ ਧਾਵਾ ਬੋਲ ਕੇ ਗਏ ਹਨ।

ਉਡੀ ਧੂੜ ਭਯੋ ਧੁੰਧੂਕਾਰ॥ ਜਦੋਂ ਘੋੜਿਆਂ ਤੇ ਕੁਛ ਪੈਦਲ ਹੱਲਾ ਬੋਲਿਆ ਹੈ ਲੱਖਾਂ ਬੰਦਿਆਂ ਨੇ ਤਾਂ ਗਰਦਾ ਉਡਿਆ ਹੈ। ਧੂੰਆਂ ਧਾਰ ਹੋ ਗਿਆ ਹੈ। ਉਹ ਫਾਇਰ ਕਰਦੇ ਤੁਰੇ ਆਉਂਦੇ ਨੇ, ਧੂੰਆਂ ਬਰੂਦ ਦਾ ਵੀ ਉਡਦਾ ਹੈ ਘੱਟਾ ਵੀ ਉਡਦਾ ਹੈ। ਇਉਂ ਆਪਸ ਵਿਚ ਮੂੰਹ ਦਿਸਣੋ ਹਟ ਪਏ ਨੇ ਏਨਾ ਧੁੰਧੂਕਾਰ ਹੋ ਗਿਆ ਹੈ।

ਉਨ ਧਰ ਪੌੜੀ ਹੱਥ ਕੰਧੀਂ ਪਾਏ॥ ਉਹਨਾਂ ਨੇ ਲਿਆ ਪੌੜੀਆਂ ਧਰੀਆਂ ਹਨ, ਕੰਧ 'ਤੇ ਚੜ੍ਹਨ ਵਾਸਤੇ ਉਦਮ ਕਰਦੇ ਨੇ।

ਅਗਯੋਂ ਸਿੰਘਨ ਕਟ ਹਥ ਗਿਰਾਏ॥੨੦॥ ਅੱਗੇ ਖਾਲਸਾ ਖੜ੍ਹਾ ਹੈ ਤਲਵਾਰਾਂ ਲੈ ਕੇ, ਜਿਹੜਾ ਕੋਈ ਕੰਧ 'ਤੇ ਹੱਥ ਪਾਉਂਦਾ ਹੈ, ਤਲਵਾਰ ਗੁੱਟ 'ਤੇ ਮਾਰ ਕੇ ਹੱਥ ਲਾਹ ਕੇ ਸੁਟ ਦਿੰਦੇ ਨੇ, ਉਹ ਪੌੜੀਆਂ ਤੋਂ ਹੇਠਾਂ ਡਿੱਗ ਪੈਂਦਾ ਹੈ। ੨੦।

ਦੋਹਰਾ॥ ਚੌਫੇਰਯੋਂ ਚੜ੍ਹ ਹਥ ਘਤੰ, ਤਿਮ ਤਿਮ ਸਿੰਘ ਕਟਾਂਹ॥ ਹੁਣ ਹਵੇਲੀ ਦੇ ਚਾਰ ਚੁਫੇਰਿਓਂ ਹੀ ਸਿੰਘ ਖੜੇ ਨੇ, ਜਦੋਂ ਕੋਈ ਉਤੇ ਹੱਥ ਪਾਉਂਦਾ ਹੈ, ਸਿੰਘ ਤਿਉਂ ਤਿਉਂ ਹੱਥ ਵੱਢ ਕੇ ਸੁੱਟੀ ਜਾਂਦੇ ਨੇ ਉਹਨਾਂ ਦੇ।

ਉਨ ਕੋ ਦਾਵ ਸੁ ਨਾਂਹ ਲਗਯੋ, ਗਿਰ ਗਿਰ ਭੂਮਾਂਹ ਪਾਂਹ॥ ੨੧॥ ਉਹਨਾਂ ਦਾ ਹਵੇਲੀ 'ਤੇ ਚੜ੍ਹਨ ਦਾ ਦਾਅ ਨਹੀਂ ਲੱਗਿਆ, ਉਤੇ ਚੜ੍ਹਨ ਤੇ ਫਿਰ ਜੰਗ ਕਰਨ, ਜਦੋਂ ਹੱਥ ਕੱਟੇ ਜਾਂਦੇ ਹਨ ਤਾਂ ਡਿੱਗ ਡਿੱਗ ਕੇ ਧਰਤੀ 'ਤੇ ਪੈਂਦੇ ਹਨ। ੨੧।

ਚੌਪਈ॥ ਇਕ ਇਕ ਦੁਇ ਦੁਇ ਹੁਤੀ ਥੀ ਗੋਲੀ॥ ਜੋ ਸਿੰਘਾਂ ਨੇ ਰਾਮਜੰਗੇ ਰੱਖੇ ਹੋਏ ਸਨ ਉਨ੍ਹਾਂ ਵਿਚ ਇਕ ਇਕ ਦੋ ਦੋ ਗੋਲੀਆਂ ਅਜੇ ਹੈਸਨ, ਉਹ ਕੰਧ ਦੇ ਕੋਲ ਖੜੀਆਂ ਕੀਤੀਆਂ ਹੋਈਆਂ ਸਨ ਆਪ ਤੇਗਾਂ ਦੇ ਨਾਲ ਲੜਦੇ ਸਨ।

ਪਾਸ ਢੁਕੇ ਤਬ ਉਨ ਪਰ ਠੋਲੀ॥ ਜੇ ਕੋਈ ਉਤੇ ਚੜ੍ਹ ਹੀ ਆਇਆ ਹੈ ਕੰਧ ਦੇ, ਜਦੋਂ ਉਹ ਪਾਸ ਢੁਕਦਾ ਹੈ ਉਹ ਜਿਹੜੀ ਗੋਲੀ ਬਚ ਗਈ ਇਕ ਅੱਧੀ ਉਹ ਉਨ੍ਹਾਂ ਦੇ ਉਤੇ ਫਾਇਰ ਖੋਹਲ ਕੇ ਮਾਰ ਕੇ ਸੁੱਟ ਦਿੰਦੇ ਨੇ।

ਇਕ ਇਕ ਦੁਇ ਦੁਇ ਤਿਨ ਦਏ ਗੇਰ॥ ਇਸ ਤਰ੍ਹਾਂ ਇਕ ਇਕ ਦੋ ਦੋ ਫਾਇਰ ਸਨ ਜਿਹੜੇ ਉਤੇ ਚੜ੍ਹੇ ਉਨ੍ਹਾਂ ਬੰਦੂਕਾਂ ਨਾਲ ਮਾਰ ਕੇ ਹੇਠਾਂ ਸੁੱਟ ਦਿੱਤੇ ਨੇ।

ਭਏ ਤੁਰਕ ਕੇ ਤਹਿ ਬਹੁ ਢੇਰ॥੨੨॥ ਜਿਹੜੇ ਤੁਰਕ ਫੌਜੀ ਉਤੇ ਚੜ੍ਹਨ ਦਾ ਯਤਨ ਕਰਦੇ ਹਨ, ਉਹਨਾਂ ਦੇ ਹੱਥ ਵੱਢ ਵੱਢ ਕੇ ਢੇਰ ਲਾ ਦਿੱਤੇ ਨੇ। ਜਦੋਂ ਹੇਠਾਂ ਡਿਗਦੇ ਹਨ ਕਿਸੇ ਦਾ ਸਿਰ ਪਾੜ ਜਾਂਦਾ ਹੈ, ਕਿਸੇ ਦੀ ਲੱਤ ਟੁੱਟ ਜਾਂਦੀ ਹੈ ਕਿਸੇ ਦੀ ਰੀੜ ਦੀ ਹੱਡੀ ਆਦਿਕ ਇਸ ਤਰ੍ਹਾਂ ਕੰਧਾਂ ਦੇ ਚਾਰੇ ਪਾਸੀਂ ਸਿੰਘਾਂ ਨੇ ਤੁਰਕਾਂ ਦੀਆਂ ਲੋਥਾਂ ਦੇ ਢੇਰ ਲਾ ਦਿੱਤੇ। ੨੨।

ਐਸੋ ਰੌ ਰੌ ਜਬ ਊਹਾਂ ਭਯੋ॥ ਜਦੋਂ ਇਸ ਤਰ੍ਹਾਂ ਉਥੇ ਬੜਾ ਭਿਆਨਕ ਜੰਗ ਡੰਡ ਰੌਲਾ ਪਿਆ।

ਸਾਹਬ ਜੁਝਾਰ ਸਿੰਘ ਮਨ ਮੈਂ ਠਯੋ॥ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੇ ਮਨ ਵਿਚ ਵਿਚਾਰ ਕੀਤਾ।

'ਅਬ ਜੀਵਨ ਕੋ ਕੁਛ ਧ੍ਰਮ ਨਾਹੀਂ॥ ਉਹਨਾਂ ਕਿਹਾ ਹੁਣ ਜੀਵਨ ਦਾ ਤਾਂ ਕੋਈ ਧਰਮ ਨਹੀਂ ਰਿਹਾ, ਹੁਣ ਤਾਂ ਕੋਈ ਵਾਹ ਨਹੀਂ ਰਹੀ।

ਪੁਤ੍ਰ ਜੀਵੈਂ ਲੜ ਪਿਤਾ ਮਰਾਹੀਂ॥੨੩॥ ਪੁਤ੍ਰ ਜਿਉਂਦੇ ਹੋਣ ਤੇ ਪਿਤਾ ਸਾਡਾ ਸਾਹਮਣੇ ਸ਼ਹੀਦ ਹੁੰਦਾ ਹੋਵੇ, ਇਹ ਛਤ੍ਰੀਆਂ ਦੀ ਰੀਤੀ ਨਹੀਂ, ਕਿ ਆਪਣੇ ਹੁੰਦਿਆਂ ਪੁਤ੍ਰ ਆਪਣੇ ਪਿਤਾ ਨੂੰ ਸ਼ਹੀਦ ਹੁੰਦਾ ਵੇਖ ਨਹੀਂ ਸਕਦਾ। ਪੁੱਤਰ ਦਾ ਫਰਜ਼ ਹੈ ਪਿਤਾ ਤੋਂ ਪਹਿਲਾਂ ਸ਼ਹੀਦ ਹੋ ਜਾਵੇ। ਫੇਰ ਪਿਤਾ ਤੇ ਦੁਸ਼ਮਣ ਆਵੇ, ਉਨਾਂ ਚਿਰ

ਆਉਣਾ ਨਾ ਪਾਏ। ਇਹ ਗੱਲ ਸਾਹਿਬਜ਼ਾਦਿਆਂ ਨੇ ਮਨ ਵਿਚ ਵਿਚਾਰ ਕਰਕੇ ਪਿਤਾ ਤੋਂ ਪਹਿਲਾਂ ਸਾਨੂੰ ਸ਼ਹੀਦ ਹੋਣਾ ਚਾਹੀਦਾ ਹੈ। ੨੩।

ਅਭਿਮੰਨੂ ਮੁਯੋ ਪਿਤ ਅਰਜਨ ਜੀਵਤ॥ ਪ੍ਰਮਾਣ ਦਿੰਦੇ ਨੇ ਦੇਖੋ ਮਹਾਂਭਾਰਤ ਦੇ ਵਿਚ, ਅਰਜੁਨ ਦਾ ਪੁਤ੍ਰ ਅਭਿਮੰਨੂ ਸੀ। ਆਪਣੇ ਪਿਤਾ ਅਰਜੁਨ ਨੂੰ ਲੜਾਈ ਵਿਚ ਯੁੱਧ ਕਰਦੇ ਨੂੰ ਵੇਖਕੇ, ਅਭਿਮੰਨੂ ਦੇ ਦਿਲ ਵਿਚ ਆਇਆ ਕਿ ਮੈਂ ਆਪਣੇ ਪਿਤਾ ਤੋਂ ਪਹਿਲਾਂ ਜੰਗ ਵਿਚ ਸਨਮੁਖ ਹੋ ਕੇ ਮਰਾਂ, ਅਭਿਮੰਨੂ ਪਹਿਲਾਂ ਆਪ ਲੜ ਕੇ ਮਰਿਆ ਸੀ।

ਮੇਘ ਨਾਦ ਮੁਯੋ ਰਾਵਣ ਥੀਵਤ॥ ਰਾਵਣ ਦਾ ਪੁੱਤਰ ਸੀ ਮੇਘਨਾਦ, ਮੇਘਨਾਦ ਆਪਣੇ ਪਿਤਾ ਰਾਵਣ ਤੋਂ ਪਹਿਲਾਂ ਲੜ ਕੇ ਮਰਿਆ ਹੈ।

ਰੀਤਿ ਯਹੀ ਛਤ੍ਰਿਯਨ ਕੀ ਕਹੈਂ॥ ਇਹੀ ਛੱਤ੍ਰੀਆਂ ਦੀ ਰੀਤੀ ਚਲੀ ਆਉਂਦੀ ਹੈ ਕਿ ਪਿਤਾ ਤੋਂ ਅੱਗੇ ਹੋ ਕੇ ਪ੍ਰਾਣ ਦੇਣੇ।

ਪ੍ਰਾਣ ਪਿਤਾ ਹਮ ਮੁਹਰੇ ਦਹੈਂ॥੨੪॥ ਅਸੀਂ ਪਿਤਾ ਤੋਂ ਪਹਿਲਾਂ ਪ੍ਰਾਣ ਦੇਈਏ, ਸਾਹਿਬ ਜੁਝਾਰ ਸਿੰਘ ਜੀ ਨੇ ਮਤਾ ਪਕਾ ਲਿਆ। ੨੪।

ਫੜ ਤੇਗੋ ਹੁਇ ਬਾਹਰ ਧਾਯੋ॥ ਆਗਿਆ ਲੈ ਕੇ ਸਤਿਗੁਰਾਂ ਦੀ ਤੇਗਾ ਲੈਕੇ ਹਵੇਲੀ ਤੋਂ ਬਾਹਰ ਨਿਕਲੇ ਨੇ, ਮੁਸਲਮਾਨਾਂ ਦੇ ਉਸ ਮੌਕੇ ਦੇ ਵੱਡੇ ਵੱਡੇ ਲਿਖਾਰੀ ਸਨ ਜਿਹਨਾਂ ਨੇ ਅੱਖਾਂ ਨਾਲ ਯੁੱਧ ਵੇਖਿਆ, ਉਹਨਾਂ ਨੇ ਆਪਣੀਆਂ ਲਿਖਤਾਂ ਵਿਚ ਲਿਖ ਦਿੱਤਾ ਹੈ ਕਿ ਫੌਜਦਾਰ ਕਹਿੰਦੇ ਨੇ ਓ ਜ਼ਰਾ ਬਚਕੇ ਜਾਣਾ, ਆਪਣੇ ਪਿਤਾ ਦੇ ਕਰਮਕਸੇ ਦਾ ਨੀਮਚਾ ਲਿਆਇਆ ਹੈ, ਨੀਮਚਾ ਛੋਟੇ ਤੇਗੇ ਨੂੰ ਕਹਿੰਦੇ ਨੇ। ਕਿਉਂਕਿ ਸਾਹਿਬਜ਼ਾਦੇ ਉਮਰ ਦੇ ਬਹੁਤ ਛੋਟੇ ਸਨ ਅਨਦਾੜ੍ਹੀਏ ਸਨ, ਉਹ ਕਹਿੰਦੇ ਓ ਖਬਰਦਾਰ ਹੋ ਜਾਓ ਜਿਹਨੂੰ ਛੋਹ ਜਾਂਦੇ ਸਨ ਦੋ ਟੁਕੜੇ ਕਰ ਜਾਂਦੇ ਸਨ।

ਅਗੈ ਅੜਯੋ ਸੋ ਮਾਰ ਗਿਰਾਯੋ॥ ਐਨੀ ਤੇਜੀ ਨਾਲ ਹੱਲਾ ਬੋਲਿਆ ਅੰਦਰੋਂ ਸਾਹਿਬਜ਼ਾਦਿਆਂ ਨੇ ਜਿਹੜਾ ਅੱਗੇ ਅੜਿਆ ਮਾਰ ਗਿਰਾਇਆ ਹੈ ਉਸਨੂੰ।

ਉਸ ਪਾਸੈ ਹੁਇ ਗਯੋ ਉਜਾੜਾ॥ ਇਤਨੀ ਤੇਜੀ ਨਾਲ ਸਾਹਿਬਜ਼ਾਦਿਆਂ ਨੇ ਜਿਧਰ ਹੱਲਾ ਬੋਲਿਆ ਹੈ ਉਹ ਪਾਸਾ ਹੀ ਉਜਾੜ ਹੋ ਗਿਆ ਹੈ ਭਾਵ ਵੇਹਲਾ ਕਰ ਦਿੱਤਾ ਹੈ, ਢੇਰ ਲਾ ਦਿੱਤੇ ਹਨ ਮਾਰ ਮਾਰ ਕੇ ਤੁਰਕਾਂ ਦੇ।

ਆਪਾਂ ਉਥੇ ਯਾਤਰਾ ਕਰਨ ਜਾਂਦੇ ਹਾਂ, ਸਾਹਿਬ ਅਜੀਤ ਸਿੰਘ ਜੀ ਕਤਲੌਰ ਸਾਹਿਬ ਤੱਕ ਜੁਧ ਕਰਦੇ ਆਏ ਨੇ, ਏਥੋਂ ਤਾਈਂ ਮਾਰ ਕੇ ਸਫਾਈਆਂ ਕਰਦੇ ਪਿਛੇ ਮੁੜ ਗਏ ਸਨ।

ਏਧਰ ਜੁਝਾਰ ਸਿੰਘ ਜੀ ਨੇ ਤਿੰਨ ਤਿੰਨ ਮੀਲ ਉਜਾੜ ਕਰ ਦਿੱਤਾ ਭਾਵ ਵੇਹਲਾ ਕਰ ਦਿੱਤਾ ਜਿਧਰ ਹੱਲਾ ਬੋਲਿਆ।

ਉਨ ਜਾਨਯੋ ਦਲ ਆਇ ਪਯੋ ਸਾਰਾ॥੨੫॥ ਸਾਹਿਬਜ਼ਾਦੇ ਤਾਂ ਇਕੱਲੇ ਇਕੱਲੇ ਸਨ ਨਾਲ ਪੰਜ ਪੰਜ ਸਿੰਘ ਸਨ ਲੇਕਿਨ ਦੁਸ਼ਮਣ ਜਿਹੜੇ ਸਨ ਉਹਨਾਂ ਨੂੰ ਇਸ ਤਰ੍ਹਾਂ ਜਾਪਿਆ ਜਿਵੇਂ ਖਾਲਸੇ ਦਾ ਜੋ ਦਲ ਅਨੰਦਪੁਰ ਸੀ ਸਾਰਾ, ਉਹੀ ਆ ਪਿਆ ਸਾਨੂੰ। ੨੫।

ਦੋਹਰਾ॥ ਗਰਦ ਗੁਬਾਰਹਿ ਮੱਧ ਤਹਿਂ, ਪਰ ਕੌ ਸੁਝੈ ਨ ਆਪ॥ ਗਰਦ ਗੁਬਾਰ ਹੋ ਗਿਆ ਹੈ ਚਾਰ ਚੁਫੇਰੇ, ਧੂੰਆਂ ਧਾਰ ਹੋ ਗਿਆ ਹੈ, ਹੁਣ ਰੌਲੇ ਗੌਲੇ ਵਿਚ, ਐਨੇ ਘੱਟੇ ਉਡਦੇ ਵਿਚ ਆਪਣਾ ਪਰਾਇਆ ਨਹੀਂ ਦਿੱਸਦਾ। ਭਾਵ ਜਦੋਂ ਚਿਹਰਾ ਨਹੀਂ ਦਿਸਦਾ, ਇਹ ਕੌਣ ਆ ਰਿਹਾ ਮੂਹਰੇ, ਪਛਾਣ ਹੀ ਨਹੀਂ ਰਹਿ ਗਈ। ਤੋ ਝੱਟਕਾਅ ਝੱਟਕਾਅ ਸੁੱਟੀ ਆਉਂਦੇ ਨੇ ਸਾਹਿਬਜ਼ਾਦੇ।

ਰੌਲੋ ਗੌਲੋ ਬਹੁ ਉਹਾਂ, ਭਯੋ, ਆਪਸ ਮਧ ਖਾਪ॥੨੬॥ ਇਉਂ ਜਦੋਂ ਸਾਹਿਬਜ਼ਾਦਿਆਂ ਨੇ ਯੁੱਧ ਮਚਾਇਆ ਤੇ ਤੁਰਕਾਂ ਨੂੰ ਆਪਣਾ ਪਰਾਇਆ ਨਹੀਂ ਸੁੱਝਿਆ। ਉਹ ਜਿਹੜਾ ਆਇਆ ਉਹਦੇ ਸਿਰ ਵਿਚ ਠੋਕੀ ਜਾਣ ਭਾਵ ਆਪਸ ਵਿਚ ਉਹ ਲੜ ਕੇ (ਖਾਪ) ਖਪ ਗਏ, ਲੜ ਕੇ ਮਰ ਗਏ, ਆਪਸ ਵਿਚੀਂ ਕਤਲੇਆਮ ਕਰ ਦਿੱਤੀ ਉਹਨਾਂ ਦੇ ਯੋਧਿਆਂ ਨੇ। ਯੁੱਧ ਵਿਚ ਜੋਸ਼ ਹੀ ਐਸਾ ਹੁੰਦਾ ਹੈ ਹੁਣ ਜਦੋਂ ਦਿਸੇ ਕੁਝ ਨਾ, ਜਦੋਂ ਝੋਲ੍ਹਾ ਪੈਂਦਾ ਹੈ ਉਸੇ ਨੂੰ ਮਾਰਦੇ ਨੇ ਪ੍ਰਛਾਵੇਂ ਨੂੰ ਵੀ ਤਲਵਾਰਾਂ ਮਾਰਦੇ ਹਨ। ੨੬।

ਕਈ ਸੁ ਤੁਰਕਨ ਮਾਰ ਤਿਹ, ਸ੍ਰੀ ਜੁਝਾਰ ਸਿੰਘ ਸ਼ਹੀਦੀ ਲੀਨ॥ ਇਸ ਤਰ੍ਹਾਂ ਸ੍ਰੀ ਜੁਝਾਰ ਸਿੰਘ ਨੇ ਬਹੁਤ ਸਾਰੇ ਤੁਰਕਾਂ ਨੂੰ ਮਾਰ ਕੇ ਜੰਗ ਵਿਚ ਸ਼ਹੀਦੀ ਪ੍ਰਾਪਤ ਕੀਤੀ ਹੈ। ਇਹ ਖਾਲਸਾ ਜੀ! ਲਿਖਾਰੀ ਤੋਂ ਨਾਮ ਦੇ ਵਿਚ ਫਰਕ ਪਿਆ ਹੈ, ਅਜੀਤ ਸਿੰਘ ਦੀ ਥਾਂ ਜੁਝਾਰ ਸਿੰਘ ਤੇ ਜੁਝਾਰ ਸਿੰਘ ਦੀ ਜਗ੍ਹਾ ਜੋਰਾਵਰ ਸਿੰਘ ਲਿਖ ਦਿੱਤੇ।ਨਾਮਾਂ ਦਾ ਫਰਕ ਆਇਆ ਥੋੜਾ ਜਿਹਾ।

ਤਿਮ ਮਗਰ ਜੋਰਾਵਰ ਸਿੰਘ ਜੀ, ਪਰਯੋ ਸ਼ੇਰ ਜਿਮ ਚੀਨ॥੨੭॥ ਹੁਣ ਜਦੋਂ ਵੱਡੇ ਭਾਈ ਨੂੰ ਸ਼ਹੀਦ ਹੁੰਦੇ ਦੇਖਿਆ ਹੈ, ਏਸੇ ਤਰ੍ਹਾਂ ਜੋਰਾਵਰ ਸਿੰਘ ਨਿਕਲ ਕੇ ਪਿਆ ਜਿਵੇਂ ਸ਼ੇਰ ਨਿਕਲ ਕੇ ਪੈਂਦਾ ਹੈ ਜੰਗਲ ਦੇ ਵਿਚੋਂ, ਇਉਂ ਹੱਲਾ ਬੋਲ ਦਿੱਤਾ ਹੈ ਉਹਨਾਂ ਨੇ। ੨੭।

ਚੌਪਈ॥ ਦੇਖ ਭਾਈ ਦੁਖ ਸਹਯੋ ਨ ਗਯੋ॥ ਜਦੋਂ ਸੱਕਾ ਭਰਾ ਦਲਾਂ ਦੇ ਵਿਚ ਸ਼ਹੀਦ ਹੁੰਦਾ ਹੋਵੇ ਫੇਰ ਭਰਾ ਨੂੰ ਵੇਖ ਕੇ ਭਰਾ ਤੋਂ ਕਿਥੇ ਜਰਿਆ ਜਾਂਦਾ ਹੈ, ਇਉਂ ਦੁਖ ਸਹਿਆ ਨਾ ਗਿਆ। ਸ਼ਹੀਦੀ ਵੇਖ ਕੇ ਸਾਹਿਬਜ਼ਾਦੇ ਜੋਰਾਵਰ ਸਿੰਘ ਜੀ ਜਰ ਨਾ ਸਕੇ।

ਫੜ ਖੰਡੈ ਸੋ ਮਗਰੈ ਧਯੋ॥ ਸਤਿਗੁਰਾਂ ਦੀ ਆਗਿਆ ਲੈ ਕੇ, ਫੜ ਕੇ ਦੋ ਧਾਰਾ ਖੰਡਾ ਮਗਰੇ ਹੀ ਉਸਨੇ ਹੱਲਾ ਕਰ ਦਿੱਤਾ।

"ਜਾਇ ਭਾਈ ਜਿਮ ਸ਼ਸਤ੍ਰਨ ਕਰੇ"॥ ਜਿਵੇਂ ਵੱਡੇ ਸਾਹਿਬਜ਼ਾਦੇ ਲੜੇ ਹਨ ਉਸ ਤਰ੍ਹਾਂ ਆਪਣੇ ਭਰਾ ਵਾਂਗੂੰ ਸ਼ਸਤ੍ਰ ਕੀਤੇ ਹਨ, ਭਾਵ ਦੁਸ਼ਮਣ ਦੇ ਨਾਲ ਉਸੇ ਤਰ੍ਹਾਂ ਟਾਕਰਾ ਕੀਤਾ।

ਮਾਰੈ ਉਸੈ ਜੋ ਆਗੈ ਅਰੇ॥੨੮॥ ਜਿਹੜਾ ਅੱਗੇ ਆਉਂਦਾ ਹੈ ਉਸੇ ਨੂੰ ਮਾਰ ਲੈਂਦੇ ਨੇ, ਉਸੇ ਨੂੰ ਢਾਹ ਲੈਂਦੇ ਨੇ। ਇਉਂ ਜਿਹੜਾ ਅੱਗੇ ਅੜਿਆ ਦੋ ਫਾੜ ਕਰ ਦਿੱਤਾ ਉਸਨੂੰ ਇਉਂ ਹੀ ਲੰਘ ਗਿਆ ਵਿਚ ਦੀ ਚੀਰ ਕੇ। ੨੮।

ਕਿਸੈ ਢਾਲ ਕਿਸ ਭਗੌਤੀ ਛੁਹਈ॥ ਕਿਸੇ ਨੂੰ ਢਾਲ ਮਾਰੀ ਮੂੰਹ ਤੇ ਪੁੱਠਾ ਮਾਰਿਆ ਕਿਸੇ ਨੂੰ (ਭਗੌਤੀ) ਸ੍ਰੀ ਸਾਹਿਬ ਜੀ ਦੇ ਨਾਲ ਝਟਕਾਇਆ ਹੈ। ਇਉਂ ਲੱਗਣ ਸਾਰ ਹੀ ਨੇੜੇ ਜਿਸਤੇ ਵਾਰ ਕੀਤਾ ਦੁਖੰਡ ਕਰ ਦਿੱਤਾ ਹੈ ਉਹ ਸੰਭਲ ਨਹੀਂ ਸਕਿਆ ਆਪਣੇ ਆਪ ਨੂੰ।

ਜਿਸੈ ਛੁਹੀ ਉਸੈ ਕਟ ਕਰ ਗਈ॥ ਜਿਹਨੂੰ ਛੋਹ ਗਈ ਹੈ ਉਸ ਨੂੰ ਦੋ ਟੁਕੜੇ ਕਰ ਗਈ ਹੈ।

ਸਨਮੁਖ ਉਨਕੈ ਅੜਯੋ ਨ ਕੋਇ॥ ਮੁਗਲ, ਪਠਾਣ, ਸ਼ੇਖ ਸੱਯਦ ਬੜੇ ਬੜੇ ਯੋਧੇ ਸਨ ਲੇਕਿਨ ਸਾਹਿਬਜ਼ਾਦੇ ਦੇ ਸਾਹਮਣੇ ਨਹੀਂ ਕੋਈ ਅੜ ਸਕਿਆ। ਦੂਰੋਂ ਫਾਇਰ ਕਰਦੇ ਸਨ ਦੂਰੋਂ ਤੀਰ ਚਲਾਉਂਦੇ ਸਨ।

ਮਾਰ ਗਿਰਾਏ ਬੰਦੂਕਨ ਸੋਇ॥੨੯॥ ਅਤੇ ਸਾਹਿਬਜ਼ਾਦਿਆਂ ਦੇ ਉਤੇ ਬੰਦੂਕਾਂ ਦੇ ਫਾਇਰ, ਇਕੱਠੀ ਹਜ਼ਾਰ ਹਜ਼ਾਰ ਬੰਦੂਕ ਕਰ ਕੇ ਬੰਦੂਕਾਂ ਦੇ ਫਾਇਰ ਕਰਦੇ ਸਨ। ਇਉਂ ਇਸ ਤਰੀਕੇ ਨਾਲ ਸ਼ਹੀਦ ਕੀਤੇ ਗਏ ਸਾਹਿਬਜ਼ਾਦੇ ,ਵਾਸਤਵ ਵਿਚ ਇਕੱਲਾ ਜਾਂ ਸੌ ਪੰਜਾਹ ਇਹਨਾਂ ਦੇ ਨਾਲ ਲੜਕੇ ਸਾਹਮਣੇ ਆ ਕੇ ਨਹੀਂ ਵਾਰ ਕਰ ਸਕਿਆ ਕੋਈ। ੨੯।

ਐਸੀ ਭਾਂਤ ਤਹਿ ਦੋਵੇਂ ਭਾਈ॥ ਐਸੇ ਤਰੀਕੇ ਨਾਲ ਉਥੇ ਦੋਵੇਂ ਸੱਕੇ ਭਾਈ ਸਾਹਿਬਜ਼ਾਦਾ ਅਜੀਤ ਸਿੰਘ ਜੀ ਅਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ।

ਸਾਥ ਪਠਾਣਨ ਸ਼ਹੀਦੀ ਪਾਈ॥ ਜਿਹੜੀ ਪਠਾਣਾਂ ਦੀ ਫੌਜ ਸੀ ਬੜੀ ਜ਼ਬਰਦਸਤ ਆਈ ਹੋਈ, ਇਹਨਾਂ ਦੇ ਨਾਲ ਲੜ ਕੇ ਸ਼ਹੀਦੀ ਪ੍ਰਾਪਤ ਕੀਤੀ ਹੈ।

ਸਤ੍ਰੈ ਸਏ ਬਾਸਟੇ ਸਾਲ॥ ਸਤਾਰਾਂ ਸੌ ਬਾਹਠ (੧੭੬੨) ਸੰਮਤ ਸੀ ਉਸ ਮੌਕੇ ਜਦੋਂ ਚਮਕੌਰ ਦਾ ਯੁੱਧ ਹੋਇਆ ਹੈ।

ਐਸ ਭਈ ਪਰ ਗੁਰ ਦੋਊ ਬਾਲ॥੩੦॥ ਏਸ ਤਰ੍ਹਾਂ ਦੋਵੇਂ ਗੁਰੂ ਕੇ (ਬਾਲ) ਸਾਹਿਬਜ਼ਾਦਿਆਂ ਦੇ ਨਾਲ ਐਸੀ ਹੋਈ ਹੈ, ਭਾਵ ਐਸਾ ਭਾਣਾ ਵਰਤਿਆ ਹੈ ਇਹ ਚਮਕੌਰ ਦਾ ਯੁੱਧ ਹੋਇਆ ਹੈ ਤੇ ਸ਼ਹੀਦੀ ਪ੍ਰਾਪਤ ਕੀਤੀ। ੩੦।

ਇਤਿ ਸ੍ਰੀ ਸਾਹਿਬ ਅਜੀਤ ਸਿੰਘ ਜੀ ਵਾ ਜੁਝਾਰ ਸਿੰਘ ਜੀ ਚਮਕੌਰ ਸ਼ਹੀਦੀ ਪਾਈ।

ਚਮਕੌਰ ਦਾ ਹੋਰ ਹਾਲ
(ਚਮਕੌਰ ਛੱਡਣਾ, ਭਾਈ ਸੰਤ ਸਿੰਘ, ਗਨੀ ਖਾਂ, ਨਬੀ ਖਾਂ, ਮਾਹੀ)

ਦੋਹਰਾ॥ ਕਰਤ ਲਰਾਈ ਇਮ ਤਹਾਂ ਸਮਾਂ ਸੰਝ ਭਈ ਆਇ॥ ਇਉਂ ਸਾਹਿਬਜ਼ਾਦਿਆਂ ਜਿਉਂ ਅੰਮ੍ਰਿਤ ਵੇਲੇ ਤੋਂ ਯੁੱਧ ਮਚਾਇਆ ਹੈ (ਸੰਝ) ਸੰਧਿਆ ਦਾ ਟਾਇਮ ਹੋ ਗਿਆ ਹੈ ਭਾਵ ਦਿਨ ਛੁਪ ਗਿਆ ਹੈ, ਲੜਾਈ ਯੁੱਧ ਕਰਦਿਆਂ ਫੇਰ ਸ਼ਹੀਦੀਆਂ ਹੋਈਆਂ ਹਨ।

ਡੇਰਨ ਗਏ ਸ੍ਰਦਾਰ ਤੁਰ, ਚੌਂਕੀ ਚੁਫੇਰ ਕਰਵਾਇ॥੧॥ ਜੋ ਸਰਦਾਰ ਸਨ ਫੌਜ ਦੇ ਲੜਾਉਣ ਵਾਲੇ, ਜਦੋਂ ਉਹਨਾਂ ਵੇਖਿਆ ਸੰਧਿਆ ਹੋ ਗਈ ਹਨੇਰਾ ਹੋ ਗਿਆ ਹੈ, ਚਾਰ ਚੁਫੇਰੇ ਪਹਿਰੇ ਫੌਜ ਦੇ ਲਾ ਕੇ ਇੰਤਜਾਮ ਕਰਕੇ ਪਿਛੇ ਡੇਰਿਆਂ ਵਿਚ ਚਲੇ ਗਏ ਹਨ। ਤਿੰਨ ਤਿੰਨ ਮੀਲ ਤੇ ਤਾਂ ਤੀਰ ਆਉਂਦਾ ਸੀ ਸਤਿਗੁਰਾਂ ਦਾ ਉਸਤੋਂ ਪਿਛੇ ਇਹਨਾਂ ਦੇ ਡੇਰੇ ਸਨ। ੧।

ਚੌਪਈ॥ ਬਹੁ ਚੁਕਸਾਈ ਚੁਫੇਰੇ ਕਰ ਗਏ॥ ਬੜੀ ਚੌਕਸੀ ਬੜਾ ਇੰਤਜਾਮ, ਸਾਰਿਆਂ ਨੂੰ ਖਬਰਦਾਰ ਕਰਕੇ ਮਤ ਗੁਰੂ ਅੰਦਰੋਂ ਨਿਕਲ ਜਾਂਦਾ ਹੋਵੇ, ਇਉਂ ਚਾਰ ਚੁਫੇਰੇ ਜਿੰਨੀਆਂ ਚੌਂਕੀਆਂ ਲਾਈਆਂ ਸਨ, ਉਹਨਾਂ ਨੂੰ ਹੁਕਮ ਦੇ ਕੇ ਖੜ੍ਹੇ ਕਰ ਕੇ ਜਾਂਦੇ ਨੇ।

ਮਾਨੁਖਨ ਸੰਗ ਮਾਨੁਖ ਖੜਵਏ॥ ਬੰਦੇ ਦੇ ਨਾਲ ਬੰਦਾ ਜੋੜ ਕੇ ਇਉਂ ਖੜ੍ਹੇ ਕੀਤੇ ਹਨ ਜਿਵੇਂ ਕੰਧਾਂ ਖੜ੍ਹੀਆਂ ਕੀਤੀਆਂ ਨੇ।

ਔਰਨ ਕੈ ਢਿਗ ਔਰ ਖੜਵਏ॥ ਉਹਨਾਂ ਦੇ ਪਾਸ ਹੋਰ ਖੜ੍ਹੇ ਕੀਤੇ ਨੇ ਭਾਵ ਜੋ ਫੌਜੀਆਂ ਦੀ ਕੰਧ ਕੀਤੀ ਹੈ, ਉਹਨਾਂ ਦੇ ਪਿਛੇ ਹੋਰ, ਫੇਰ ਉਹਨਾਂ ਦੇ ਪਿਛੇ ਹੋਰ ਇਉਂ ਲਾ ਲਾ ਕੇ ਚਾਰ ਚੁਫੇਰਾ ਬੰਦ ਕੀਤਾ ਹੈ ਕਿਸੇ ਪਾਸਿਓਂ ਕੋਈ ਬੰਦਾ ਨਿਕਲ ਨਾ ਜਾਏ।

ਤਿਨ ਮਧ ਰਾਤ ਕੌ ਲਖਨ ਨ ਪਏ॥੨॥ ਉਨ੍ਹਾਂ ਦੇ ਵਿਚ ਦੀ ਰਾਤ ਨੂੰ ਕਿਵੇਂ ਲੰਘ ਜਾਏਗਾ ਕੋਈ, ਜਿਥੇ ਬੰਦੇ ਨਾਲ ਬੰਦਾ ਖੜ੍ਹਾ ਹੈ, ਉਨ੍ਹਾਂ ਦੇ ਵਿਚੋਂ ਦੀ ਕੋਈ ਲੰਘ ਨਾ ਜਾਏ। ੨।

ਏਕ ਕਹੈਂ ਗੁਰ ਰਹੁਗੋ ਨਾਂਹੀ॥ ਹੁਣ ਸਿਪਾਹੀ ਜਿਨ੍ਹਾਂ ਨੇ ਹੱਥ ਵੇਖੇ ਨੇ, ਜੰਗ ਦਾ ਨਜ਼ਾਰਾ ਵੇਖਿਆ ਹੈ, ਉਹ ਕਈ ਤਾਂ ਏਸ ਤਰ੍ਹਾਂ ਕਹਿੰਦੇ ਨੇ ਗੁਰੂ ਨੂੰ ਕਿਹੜਾ ਰੋਕ ਲਊਗਾ, ਇਹ ਗੁਰੂ ਨਹੀਂ ਰੁਕਣੇ। ਗੁਰੂ ਨੇ ਨਿਕਲ ਹੀ ਜਾਣਾ ਹੈ ਇਉਂ ਜਦੋਂ ਕਹਿੰਦਾ ਹੈ ਇਕ ਸਿਪਾਹੀ।

ਓਇ ਫਿਰ ਕਹੈਂ ਕਿਮ ਜਾਉਗ ਉਡਾਹੀ॥ ਦੂਜਾ ਕਹਿੰਦਾ ਕਿਉਂ ਕਿਹੜੇ ਤਰੀਕੇ ਨਾਲ ਨਿਕਲੂ ਜਦੋਂ ਰਾਹ ਹੀ ਕੋਈ ਨਹੀਂ ਕਿਧਰ ਉੱਡ ਕੇ ਚਲੇ ਜਾਣਗੇ। ਜੋ ਫੌਜੀਆਂ ਦੀਆਂ ਕੰਧਾਂ ਬਣਾਈਆਂ ਹੋਈਆਂ ਉਹ ਆਪਸ ਵਿਚ ਗੱਲਾਂ ਕਰਦੇ ਹਨ।

ਚਾਰ ਕੁੰਟ ਉਸ ਫੜਨੈ ਵਾਰੋ॥ ਫੇਰ ਚਾਰ ਕੂੰਟਾਂ ਦੀ ਫੌਜ ਚੜ੍ਹੀ ਹੋਈ ਹੈ ਅਜੇ ਆ ਭੀ ਰਹੀ ਹੈ, ਉਹ ਚਾਰ ਚੁਫੇਰੇ ਤਾਂ ਉਹਨਾਂ ਨੂੰ ਫੜਨ ਵਾਲੇ ਖੜ੍ਹੇ ਨੇ ਤੇ ਕਿਹੜੇ ਰਸਤੇ ਲੰਘਣਗੇ ਏਥੋਂ ਦੀ।

ਲੱਖ ਲੋਕ ਉਸ ਭਏ ਦੁਆਰੇ॥੩॥ ਲੱਖਾਂ ਦੀ ਗਿਣਤੀ ਵਿਚ ਉਸ ਦੇ (ਦੁਆਰੇ) ਦੁਆਲੇ (ਭਏ) ਹੋਏ ਹਾਂ। ਭਾਵ ਲੱਖਾਂ ਦੀ ਗਿਣਤੀ ਵਿਚ ਉਸਦੇ ਦੁਆਲੇ ਘੇਰਾ ਪਾਇਆ ਹੋਇਆ ਹੈ। ਕਿਥੋਂ ਦੀ ਲੰਘਣਗੇ ਸਤਿਗੁਰੂ। ੩।

ਓਇ ਲਾਇ ਫੰਘ ਕਿਤ ਜਾਇ ਉਡਾਹੀ॥ ਜਾਂ ਕੋਈ ਖੰਭ ਤਾਂ ਉਹਨਾਂ ਨੂੰ ਲੱਗੇ ਨਹੀਂ ਫੰਘ ਲਾ ਕੇ ਉੱਡ ਜਾਣਗੇ, ਅਕਾਸ਼ ਨੂੰ ਇਹ ਕਿਵੇਂ ਲੰਘ ਜਾਣਗੇ ਇਉਂ ਉੱਤਰ ਦਿੰਦੇ ਨੇ।

ਉਸ ਜ਼ਮੀਨ ਮਧ ਬਡਯੋ ਨ ਜਾਹੀ॥ ਉਹਨਾਂ ਤੋਂ ਧਰਤੀ ਵਿਚ ਤਾਂ ਵੜਿਆ ਕੋਈ ਨਹੀਂ ਜਾਣਾ ਭਾਵ ਧਰਤੀ ਵਿਚ ਰਸਤਾ

ਕੋਈ ਨਹੀਂ ਜਿਥੋਂ ਦੀ ਉਹ ਲੰਘ ਜਾਣਗੇ।

ਠੀਕ ਬਾਤ ਗੁਰ ਔਖੀ ਬਣੀ॥ ਗੱਲ ਤਾਂ ਠੀਕ ਹੈ ਗੁਰਾਂ ਨੂੰ ਬੜੀ ਔਖੀ ਬਣੀ ਹੈ ਕਿਉਂਕਿ ਐਡਾ ਸਖਤ ਘੇਰਾ, ਐਨੀ ਜਿਆਦਾ ਫੌਜ, ਇਕ ਅੱਧੇ ਦਾ ਲੰਘਣਾ ਤਾਂ ਬੜਾ ਹੀ ਮੁਸ਼ਕਲ ਸੀ ਉਥੋਂ ਦੀ, ਕਿਵੇਂ ਲੰਘ ਜਾਣਗੇ।

ਹੁਤੀ ਬਾਤ ਜਿਮ ਲੋਕਨ ਗਿਣੀ॥੪॥ ਜੋ ਲੋਕੀਂ ਆਪਸ ਵਿਚ ਗਿਣਤੀ ਗਿਣਦੇ ਸਨ, ਲੋਕੀਂ ਆਪਸ ਵਿਚੀਂ ਗੱਲਾਂ ਕਰਦੇ ਸਨ, ਜਿਹੜੇ ਸਿਆਣੇ ਸਨ ਜੋ ਗੁਰੂ ਦੀ ਤਾਕਤ ਤੋਂ ਜਾਣੂੰ ਸਨ ਉਹ ਕਹਿੰਦੇ ਸਨ ਗੁਰੂ ਲੰਘ ਜਾਣਗੇ, ਜੋ ਅਨਜਾਣ ਸਨ ਉਹ ਕਹਿੰਦੇ ਸੀ ਗੁਰੂ ਕਿਵੇਂ ਲੰਘ ਜਾਣਗੇ, ਰਸਤਾ ਜਦੋਂ ਕੋਈ ਨਹੀਂ ਹੈ। ੪।

ਤੌ ਸਤਿਗੁਰ ਕੁਛ ਸੁਝੈ ਨਾਹੀਂ॥ ਜਦੋਂ ਸਤਿਗੁਰਾਂ ਨੂੰ ਪਤਾ ਲੱਗਾ ਕਿ ਘੇਰਾ ਬੜਾ ਸਖਤ ਹੈ, ਹੁਣ ਕੀ ਤਰੀਕਾ ਇਥੇ ਵਰਤਿਆ ਜਾਵੇ, ਸੋਚਾਂ ਵਿਚਾਰਾਂ ਆਉਂਦੀਆਂ ਨੇ, ਲੰਘਣਾ ਵੀ ਇਥੋਂ ਦੀ ਜ਼ਰੂਰ ਹੈ ਰਸਤਾ ਵੀ ਕੋਈ ਨਹੀਂ, ਸਤਿਗੁਰੂ ਸੋਚਦੇ ਨੇ ਕਿਵੇਂ ਲੰਘੀਏ, ਕੀ ਤਰੀਕਾ ਵਰਤੀਏ।

ਰਹੀ ਨ ਫਉਜ ਕੁਛ ਲੜਨੈ ਵਾਹੀਂ॥ ਜੋ ਸਤਿਗੁਰਾਂ ਦੇ ਨਾਲ ਫੌਜ ਸੀ ਉਹ ਸ਼ਹੀਦ ਹੋ ਚੁੱਕੀ ਹੈ, ਲੜਨ ਵਾਲੀ ਫੌਜ ਕੁਛ ਵੀ ਨਹੀਂ ਰਹੀ।

ਸਾਹਬਜਾਦਨ ਸ਼ਹੀਦੀ ਪਾਈ॥ ਸਤਿਗੁਰਾਂ ਦੇ ਦੋਵੇਂ ਸਾਹਿਬਜ਼ਾਦੇ ਉਹ ਵੀ ਸ਼ਹੀਦੀਆਂ ਪਾ ਚੁੱਕੇ ਨੇ।

ਬਹੁ ਸਤਿਗੁਰ ਇਮ ਭਈ ਸੁਚਾਈ॥ ੫॥ ਦਿਲ ਵਿਚ ਇਸ ਤਰ੍ਹਾਂ ਦੇ ਵਿਚਾਰ ਹੋਈ, ਸੋਚਦੇ ਨੇ ਇਸ ਤਰ੍ਹਾਂ ਸਾਥੀ ਸਭ ਸ਼ਹੀਦ ਹੋ ਗਏ ਨੇ, ਜਿਨ੍ਹਾਂ ਨੇ ਲੱਖਾਂ ਨਾਲ ਲੜ ਕੇ ਵਿਖਾਇਆ, ਜੇ ਉਹ ਨਾਲ ਹੁੰਦੇ ਕਿੰਨੀ ਤਾਕਤ ਸੀ, ਹੁਣ ਕਿਵੇਂ ਲੰਘਿਆ ਜਾਏ ਵਿਚਾਰ ਕਰਦੇ ਨੇ। ੫।

ਦੋਹਰਾ॥ਤੌ ਸ੍ਰੀ ਸਤਿਗੁਰ ਸੋਚਿਓ, ਹਮ ਸੁਤ ਦੀਨੇ ਸੌਂਪਵਾਇ॥ ਸਤਿਗੁਰੂ ਜੀ ਨੇ ਵਿਚਾਰ ਕੀਤੀ ਅਸੀਂ ਇਕੱਲੇ ਰਹਿ ਗਏ ਹਾਂ, ਅਸੀਂ ਪੁੱਤਰ ਤਾਂ ਸੌਂਪ ਦਿੱਤੇ ਅਕਾਲ ਪੁਰਖ ਨੂੰ, ਜਿਸ ਦੀ ਦਾਤ ਸੀ ਉਸ ਦੇ ਹਾਜਰ ਕਰ ਦਿੱਤੀ ਹੈ।

ਹਮ ਦੂਜੈ ਬਚਤੇ ਨਾਂਹ ਦਿਸੈ, ਕਿਛੁ ਹੋਵਗੁ ਉਨੇ ਰਜਾਇ॥੬॥ ਹੁਣ ਅਸੀਂ ਜਿਹੜੇ ਦੂਜੇ ਰਹਿੰਦੇ ਹਾਂ ਇਹ ਵੀ ਬਚਦੇ ਨਹੀਂ ਦਿਸਦੇ, ਉਹ ਰਜ਼ਾ ਹੋਊ ਵਾਹਿਗੁਰੂ ਦੀ ਉਹਦਾ ਹੁਕਮ ਹੀ ਇਸ ਤਰ੍ਹਾਂ ਹੋਵੇਗਾ, ਉਹਦਾ ਭਾਣਾ ਹੀ ਏਸ ਤਰ੍ਹਾਂ ਵਾਪਰਨਾ ਹੋਣਾ ਹੈ, ਤਾਂ ਕੀ ਚਿੰਤਾ ਕਰਨੀ ਹੈ। ਕੀ ਸੋਚਾਂ ਸੋਚਣੀਆਂ ਹਨ ਇਉਂ ਸਤਿਗੁਰੂ ਵਿਚਾਰਾਂ ਕਰਦੇ ਨੇ ਮਨ ਵਿਚ। ੬।

ਚੌਪਈ॥ ਪਰ ਭਲੀ ਭਈ ਸਿਰ ਤੁਰਕੇ ਲਾਇ॥ ਪਰ ਭਲਾ ਹੀ ਹੋਇਆ ਸਾਡਾ ਸੀਸ ਤੁਰਕਾਂ ਦੇ ਸਿਰ ਤਾਂ ਲੱਗੇਗਾ! ਇਉਂ ਤਾਂ ਨਹੀਂ ਅਸੀਂ ਅਜਾਈਂ ਜਾਣ ਲੱਗੇ ਹਾਂ।

ਬਚਨ ਪੂਰਨ ਹਮ ਬਡਿਅਨ ਭਾਇ॥ ਸਾਡੇ ਵੱਡਿਆਂ ਦੇ ਬਜ਼ੁਰਗਾਂ ਦੇ ਬਚਨ ਪੂਰੇ ਹੋ ਜਾਣਗੇ। ਜਦੋਂ ਸਤਿਗੁਰਾਂ ਨੇ ਬਾਬਰ ਨੂੰ ਬਾਦਸ਼ਾਹੀ ਦਿੱਤੀ ਹੈ ਹਿੰਦੋਸਤਾਨ ਦੀ ਤਾਂ ਸਤਿਗੁਰੂ ਜੀ ਨੇ ਕਿਹਾ ਸੀ ਸਾਡੇ ਤੇ ਨਾ ਹੱਲਾ ਬੋਲਿਓ, ਜੇ ਸਾਡੇ ਤੇ ਹੱਥ ਚੁਕੋਗੇ ਤਾਂ ਅਸੀਂ ਬਾਦਸ਼ਾਹੀ ਵਾਪਸ ਲੈ ਲਵਾਂਗੇ।

ਅਬ ਹਮ ਖਾਲਸੈ ਦਯੋ ਗੁਰਾਈ॥ ਤਾਂ ਸਤਿਗੁਰਾਂ ਨੇ ਵਿਚਾਰ ਕੀਤਾ ਹੈ ਹੁਣ ਗੁਰੂ ਖਾਲਸੇ ਨੂੰ ਆਪਣਿਆਂ ਸਿੰਘਾਂ ਨੂੰ ਗੁਰਿਆਈ ਦੇ ਦੇਈਏ।

ਦੱਯੋ ਟਿੱਕੋ ਖਾਲਸੈ ਲਾਈ॥੭॥ ਤੇ ਖਾਲਸੇ ਨੂੰ ਗੁਰਿਆਈ ਦਾ ਤਿਲਕ ਦੇ ਦੇਈਏ ਇਹ ਆਦਿ ਤੋਂ ਰੀਤ ਚਲੀ ਆਈ ਹੈ ਹੁਣ ਖਾਲਸੇ ਪੰਥ ਨੂੰ ਗੁਰਗੱਦੀ ਦੇ ਕੇ ਅਗਲੀ ਕਾਰਵਾਈ ਕਰਾਂਗੇ। ੭।

ਜਾਂਹ ਸਤਿਗੁਰ ਥੇ ਬੈਠੇ ਆਪ॥ ਜਿਥੇ ਆਪ ਸਤਿਗੁਰੂ ਬੈਠੇ ਸਨ, ਸਾਰੀ ਹਵੇਲੀ ਦੇ ਉਪਰ ਜਿਥੇ ਚਬੂਤਰਾ ਬਣਿਆ ਹੋਇਆ ਹੈ, ਜਿਥੋਂ ਚਾਰ ਚੁਫੇਰਾ ਦਿਸਦਾ ਸੀ ਸਤਿਗੁਰੂ ਉਥੇ ਬੈਠੇ ਸਨ ਤਖ਼ਤ 'ਤੇ।

ਸੰਤ ਸਿੰਘ ਬੈਠਾਇਆ ਥਾਪ॥ ਸੰਤ ਸਿੰਘ ਬੰਗੇਸਰੀ ਦਸਦੇ ਨੇ, ਬੰਗਾਲ ਦੇਸ਼ ਦੇ ਇਲਾਕੇ ਦਾ ਸਿੰਘ ਸੀ ਇਹ, ਚਾਰ ਕੂੰਟ ਦਾ ਪਾਲਸਾ ਸੀ ਮਹਾਰਾਜ ਦੇ ਕੋਲ। ਏਸੇ ਕਰਕੇ ਸਤਿਗੁਰਾਂ ਨੇ ਕੋਈ ਜਾਤ ਪਾਤ ਜਾਂ ਇਥੇ ਵੇਰਵਾ, ਹੁਣ ਕਿਹੜੀਆਂ ਕਿਹੜੀਆਂ ਜਾਤੀਆਂ ਦੇ ਲੋਕ ਰਹਿੰਦੇ ਨੇ ਉਧਰ ਜਿਹੜੇ ਸਾਨੂੰ ਚੇਤਾ ਵੀ ਨਹੀਂ, ਯਾਦ ਵੀ ਨਹੀਂ, ਜਿਨ੍ਹਾਂ ਦੀ ਕੋਈ ਲਿਖਤ ਵੀ ਨਹੀਂ ਫਲਾਨੀ ਜਾਤ ਦਾ ਸੀ। ਉਹਦਾ ਚਿਹਰਾ ਮੁਹਰਾ ਦਸਦੇ ਨੇ ਸਤਿਗੁਰਾਂ ਦੇ ਨਾਲ ਰਲਦਾ ਸੀ ਸਤਿਗੁਰਾਂ ਦੇ ਚਿਹਰੇ ਨਾਲ ਰਲਦਾ ਸੀ। ਭਾਈ ਸੰਤ ਸਿੰਘ ਨੂੰ ਟਿੱਕਾ ਦੇਣ ਵਾਸਤੇ ਬੈਠਾਇਆ ਹੈ।

ਪਗੜੀ ਅਪਨੀ ਸੀਸ ਸਵਾਰੀ॥ ਉਸ ਚਬੂਤਰੇ ਤੇ ਜਿਥੇ ਸਤਿਗੁਰੂ ਆਪ ਬੈਠੇ ਸਨ ਉਥੇ ਬੈਠ ਕੇ, ਆਪਣੀ ਦਸਤਾਰ ਉਸ ਦੇ ਸੀਸ ਉਤੇ ਸਜਾ ਦਿੱਤੀ ਹੈ।

ਸੰਤ ਸਿੰਘ ਸਿਰ ਆਪ ਸੁਧਾਰੀ॥੮॥ ਆਪਣੇ ਹੱਥਾਂ ਨਾਲ ਸੰਤ ਸਿੰਘ ਦੇ ਸੀਸ ਤੇ ਮਹਾਰਾਜ ਨੇ ਦਸਤਾਰਬੰਦੀ ਕੀਤੀ। ੮।

ਨਿਜ ਕਲਗੀ ਸਿਰ ਦਈ ਲਗਾਇ॥ ਜਿਹੜੀ ਕਲਗੀ ਸਤਿਗੁਰਾਂ ਨੇ ਆਪਣੀ ਦਸਤਾਰ ਦੇ ਉਤੇ ਲਾਈ ਹੋਈ ਸੀ, ਉਹ ਵੀ ਕਲਗੀ ਉਹਦੇ ਸੀਸ ਤੇ ਸਜਾ ਦਿੱਤੀ ਹੈ।

ਦਈ ਪੁਸ਼ਾਕ ਅਪਨੀ ਪਹਿਰਾਇ॥ ਆਪਣੇ ਸਰੀਰ ਤੇ ਮਹਾਰਾਜ ਨੇ ਜੋ ਸੁੰਦਰ ਪੁਸ਼ਾਕਾ ਪਹਿਨਿਆ ਹੋਇਆ ਸੀ, ਉਹ ਵੀ ਉਤਾਰ ਕੇ ਸੰਤ ਸਿੰਘ ਨੂੰ ਪਹਿਨਾ ਦਿੱਤਾ ਹੈ।

ਗੁਰੂ ਤੌਰ ਸਿੰਘ ਰਖਿ ਬਹਾਯੋ॥ ਜੈਸੇ ਗੁਰੂ ਸਾਹਿਬ ਆਪ ਬੈਠਦੇ ਸਨ ਉਸ ਤੌਰ ਤਰੀਕੇ ਨਾਲ ਇਉਂ ਸਿੰਘ ਨੂੰ ਬੈਠਾ ਦਿੱਤਾ ਹੈ ਗੁਰਗੱਦੀ 'ਤੇ।

ਗੁਰ ਨਾਨਕ ਜਿਮ ਅੰਗਦ ਟਿਕਾਯੋ॥੯॥ ਜਿਸ ਤਰ੍ਹਾਂ ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਤੋਂ ਬਾਅਦ ਗੁਰੂ ਅੰਗਦ ਸਾਹਿਬ ਜੀ ਨੂੰ ਗੁਰੂ ਬਣਾ ਦਿੱਤਾ ਸੀ ਏਸੇ ਤਰ੍ਹਾਂ ਗੁਰੂ ਜੀ ਨੇ ਖਾਲਸੇ ਨੂੰ ਗੁਰਿਆਈ ਬਖਸ਼ ਦਿੱਤੀ ਹੈ। ੯।

ਸੱਦ ਖਾਲਸੈ ਕੁਨਸ ਕਰਵਾਈ॥ ਸੱਦ ਕੇ ਖਾਲਸੇ ਨੂੰ (ਕੁਨਸ) ਨਮਸਕਾਰ ਕਰਵਾਈ ਹੈ, ਭਾਈ ਸੰਤ ਸਿੰਘ ਨੂੰ ।

ਸਤਿਗੁਰ ਸਿੰਘਨ ਦਈ ਪਤਿਸ਼ਾਹੀ॥ ਸਤਿਗੁਰਾਂ ਨੇ ਸਿੰਘਾਂ ਨੂੰ ਪਾਤਸ਼ਾਹੀ ਦੇ ਦਿੱਤੀ ਹੈ, ਗਿਆਰਵੀਂ ਜਗ੍ਹਾ ਉੱਤੇ ਖਾਲਸੇ ਨੂੰ ਗੁਰਿਆਈ ਪ੍ਰਾਪਤ ਹੋਈ ਹੈ, ਇਸੇ ਕਰਕੇ ਪੰਥ ਨੂੰ ਗੁਰੂ ਖਾਲਸਾ ਕਹਿੰਦੇ ਹਨ। ਗੁਰੂ ਖਾਲਸਾ ਖਾਲਸਾ ਗੁਰੂ।

ਸੰਤ ਸਿੰਘ ਇਮ ਕਹਯੋ ਸਮਝਾਈ॥ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਭਾਈ ਸੰਤ ਸਿੰਘ ਜੀ ਨੂੰ ਏਸ ਤਰ੍ਹਾਂ ਸਮਝਾਉਣਾ ਕੀਤਾ ਹੈ, ਸਿਖਿਆ ਦਿੱਤੀ ਹੈ ਕਿ ਅੱਗੇ ਨੂੰ ਤੁਸਾਂ ਕੀ ਕਰਨਾ ਹੈ।

'ਹੋਈਂ ਸ਼ਹੀਦ ਮਤ ਫਿਰਿਓ ਜਾਈ'॥੧੦॥ ਹੁਕਮ ਕੀਤਾ ਦੇਖੀਂ ਕਿਤੇ ਗ੍ਰਿਫਤਾਰੀ ਨਹੀਂ ਦੇਣੀ ਹੈ, ਸ਼ਹੀਦੀ ਪ੍ਰਾਪਤ ਕਰਨੀ ਹੈ, ਸ਼ਹੀਦ ਹੋ ਜਾਣਾ ਹੈ ਮਤ ਕਿਤੇ ਫੜੇ ਜਾਉ ਏਥੇ। ੧੦।

ਦੋਹਰਾ॥ ਜੀਵਨ ਸਿੰਘ ਰੰਘਰੇਟੜੋ, ਬੰਦੂਕੀ ਖੂਬ ਅਖਵਾਇ॥ ਇਹ ਰੰਘਰੇਟਾ ਸਿੰਘ ਜੋ ਰੰਘਰੇਟਾ ਦਲ ਬਣਿਆ ਹੈ, ''ਰੰਘਰੇਟੇ ਗੁਰੂ ਕੇ ਬੇਟੇ'', ਇਹਨਾਂ ਨੂੰ ਗੁਰੂ ਘਰੋਂ ਖਿਤਾਬ ਮਿਲੇ ਨੇ, ਪਿਛਲੇ ਲੋਕੀਂ ਧਿਰਕਾਰ ਕੇ ਬੁਲਾਉਂਦੇ ਸੀ ਚੱਲ ਓਇ ਚੂੜ੍ਹਿਆ, ਚਲ ਓਇ ਚਮਿਆਰਾ! ਸਤਿਗੁਰੂ ਦੇ ਘਰ ਜੋ ਸਿੰਘ ਸਜ ਗਏ ਨੇ ਉਹਨਾਂ ਤੇ ਕਿਰਪਾ ਹੋਈ ਹੈ, ਉਹਨਾਂ ਨੂੰ ਬਖਸ਼ਸ਼ ਕੀਤੀ ਹੈ ਮਹਾਰਾਜ ਸੱਚੇ ਪਾਤਸ਼ਾਹ ਜੀ ਨੇ। ਇਹ ਜੋ ਭਾਈ ਜੀਵਨ ਸਿੰਘ ਰੰਘਰੇਟਾ ਬੜਾ ਬੰਦੂਕੀਆ ਸੀ ਭਾਵ ਬੰਦੂਕ ਚਲਾਉਣ ਵਿਚ ਬੜੇ ਮਾਹਰ ਸਨ। ਗੁਰੂ ਜੀ ਦੇ ਨਾਲ ਮਦਨ ਸਿੰਘ, ਕੋਠਾ ਸਿੰਘ ਜਿਹੜੇ ਹੇਠਾਂ ਜੋ ਦਰਵਾਜਾ ਸੀ, ਉਹਦੇ ਪਹਿਰੇਦਾਰ ਸਨ ਇਥੇ ਦੋ ਰੰਘਰੇਟੇ ਸਿੰਘ ਸਨ।

ਏਕ ਬੁਰਜ ਮਧ ਸੋ ਬਹਯੋ, ਏਕਲ ਹੀ ਥੋ ਸਾਇ॥੧੧॥ ਭਾਈ ਜੀਵਨ ਸਿੰਘ ਜੀ ਨੂੰ ਇਕ ਬੁਰਜ ਵਿਚ ਇਕੱਲੇ ਨੂੰ ਕਾਇਮ ਕੀਤਾ, ਇਕ ਬੁਰਜ ਵਿਚ ਉਸਨੂੰ ਬੈਠਾਇਆ ਸੀ, ਉਹ ਬੈਠਾ। ਜੋ ਬਰੂਦ ਬਚਿਆ ਸੀ ਉਹ ਸਾਰਾ ਇਸ ਦੇ ਕੋਲ ਸੀ, ਕਿਉਂਕਿ ਇਹਦਾ ਫਾਇਰ ਖਾਲੀ ਨਹੀਂ ਸੀ ਜਾਂਦਾ। ਇਕ ਇਕ ਫਾਇਰ ਨਾਲ ਕਈਆਂ ਨੂੰ ਉਲਟਾਉਂਦਾ ਸੀ, ਇਕ ਬੁਰਜ ਤੇ ਇਹ ਇੱਕਲਾ ਹੀ ਸੀ ਯੁੱਧ ਕਰ ਰਿਹਾ। ੧੧।

ਚੌਪਈ॥ਠੌਰ ਠੌਰ ਔਰ ਹੁਤੇ ਬਹਾਇ॥ ਜਗ੍ਹਾ ਜਗ੍ਹਾ ਤੇ ਹੋਰ ਸਿੰਘਾਂ ਦੀ ਵੀ ਡਿਊਟੀ ਲਾਈ ਤੁਸੀਂ ਏਥੇ ਏਥੇ ਪਹਿਰਾ ਰੱਖਣਾ।

ਪਰ ਦਾਰੂ ਗਯੋ ਉਸੈ ਮੁਕਾਇ॥ ਪਰ ਭਾਈ ਜੀਵਨ ਸਿੰਘ ਜੀ ਦਾ ਦਾਰੂ ਸਿੱਕਾ ਮੁੱਕ ਗਿਆ, ਬੰਦੂਕ ਖਾਲੀ ਹੋ ਗਈ ਹੈ।

ਥਕੇ ਹੁਤੇ ਅਰੁ ਨੀਂਦ ਅਕਾਏ॥ ਸੱਤ ਮਹੀਨਿਆਂ ਦਾ ਯੁੱਧ ਚਲਿਆ ਆਉਂਦਾ ਸੀ, ਫੇਰ ਭੁੱਖੇ ਤਿਹਾਇਆਂ ਦਾ ਅਤੇ ਫੇਰ ਨੀਂਦ ਵੀ ਵੇਖ ਲਉ। ਭੁੱਖ ਤੇ ਨੀਂਦ ਕਿਸੇ ਨੂੰ ਛੱਡਦੀ ਨਹੀਂ, ਉਧਰ ਉਨੀਂਦਰੇ ਵੀ ਸਨ ਅਕਾਏ ਸੀ ਨੀਂਦ ਦੇ। ਨਾ ਦਿਨੇ ਨਾ ਰਾਤ, ਲੜਦੇ ਹੀ ਰਹਿਣਾ ਹੈ ਚੌਵੀ ਘੰਟੇ, ਇਉਂ ਬਹੁਤ ਮੁਸੀਬਤ ਦਾ ਸਮਾਂ ਆ ਗਿਆ ਸੀ।

ਸਭ ਸਿੰਘ ਮੱਧ ਚਾਲੀ ਏਥਾਏ॥੧੨॥ ਇਹ ਗਿਣਤੀ ਵਿਚ ਸਾਰੇ ਚਾਲੀ ਸਿੰਘ ਸਨ। ੧੨।

ਕਿਛ ਜ਼ਖਮੀ ਕਿਛ ਪਰੇ ਥੇ ਮਰੇ॥ ਅਤੇ ਕੁਝ ਸਿੰਘ ਜਿਹੜੇ ਜਿਉਂਦੇ ਸਨ ਉਹ ਜਖਮੀ ਸਨ ਤੇ ਕੁਛ ਸ਼ਹੀਦ ਹੋ ਚੁੱਕੇ ਸਨ, ਕਿਉਂਕਿ ਕਿਲ੍ਹੇ ਦੇ ਉਤੋਂ ਫਾਇਰ ਆਉਂਦਾ ਸੀ ਚਾਰ ਚੁਫੇਰਿਓਂ ਹਨੇਰੀ ਵਾਙੂੰ ਬੰਦੂਕਾਂ ਜਿਹਦੇ ਕੋਈ ਲੱਗ ਗਿਆ ਫਾਇਰ ਜਾਂ ਬਾਹਰੋਂ ਸਿੰਘ ਆਏ ਸਨ ਜਖਮੀ ਹੋਏ ਬਹੁਤ ਸਾਰੇ ਅਤੇ ਉਹ ਸ਼ਹੀਦ ਹੋ ਗਏ ਅੰਦਰ ਚੜ੍ਹਾਈ ਕਰ ਗਏ ਸਨ।

ਇਮ ਕਰ ਸੰਸੋ ਬਹੁ ਗੁਰ ਕਰੇ॥ ਏਸ ਕਰਕੇ ਸਤਿਗੁਰੂ ਸੰਸਾ ਕਰਦੇ ਸਨ ਕਿ ਹੁਣ ਤਾਂ ਅਖੀਰਲਾ ਯੁੱਧ ਆ ਗਿਆ ਹੈ। ਕਿ ਇਥੋਂ ਨਿਕਲਣਾ ਸੌਖਾ ਨਹੀਂ ਹੈ, ਮੁਸ਼ਕਲ ਹੋ ਗਈ ਹੈ।

ਹੁਤੋ ਗ਼ਨੀ ਖਾਂ ਗੁਰ ਸੰਗ ਪਠਾਣ॥ ਇਹ ਗ਼ਨੀ ਖਾਂ ਨਬੀ ਖਾਂ ਇਹ ਦੋਵੇਂ ਮਾਛੀਵਾੜੇ ਦੇ ਪਠਾਣ ਸਨ। ਇਹ ਗ਼ਨੀ ਖਾਂ ਜਿਹੜਾ ਸੀ ਉਹ ਮਹਾਰਾਜ ਦੇ ਨਾਲ ਸੀ ਉਸ ਵੇਲੇ, ਭਾਈ ਰਤਨ ਸਿੰਘ ਜੀ ਦਸ ਰਹੇ ਨੇ ਕਿ ਸਤਿਗੁਰਾਂ ਦੀ ਫੌਜ ਦੇ ਵਿਚ ਸੀ ਉਸ ਵੇਲੇ ਉਹ।

ਪਹੁੰਚਯੋ ਭਾਈ ਤਿਸਕੋ ਆਣ॥੧੩॥ ਉਹਦਾ ਜੋ ਭਰਾ ਸੀ ਉਹਨੂੰ ਪਤਾ ਸੀ ਕਿ ਸਤਿਗੁਰਾਂ ਦੇ ਨਾਲ ਮੇਰਾ ਭਰਾ ਹੈ, ਉਹ ਪਹੁੰਚਿਆ ਹੈ ਰਾਤ ਨੂੰ। ੧੩।

ਮਾਰ ਵਾਜ ਉਨ ਸੱਦਯੋ ਤਾਂਹਿ॥ ਉਹਨੇ ਗ਼ਨੀ ਖਾਂ ਨੂੰ ਅਵਾਜ਼ ਮਾਰਕੇ ਓ ਗ਼ਨੀ ਖਾਂ! ਮੈਂ ਤੇਰਾ ਭਰਾ ਹਾਂ, ਮੈਂ ਆਇਆ ਹਾਂ, ਆ ਜਾ ਤੂੰ ਬਾਹਰ ਨਿਕਲ ਆ ਕਿਲ੍ਹੇ ਵਿਚੋਂ।

ਆਉ ਨਿਕਸ ਹਮ ਰੱਖ ਲੈ ਤਾਂਹਿ॥ ਆ ਜਾ ਬਾਹਰ ਮੈਂ ਤੁਹਾਨੂੰ ਰੱਖ ਲਾਂਗਾ। ਮੈਂ ਕਹਾਂਗਾ ਮੇਰਾ ਭਰਾ ਹੈ।

ਸੋਊ ਬਾਤ ਗੁਰ ਕੈ ਕੰਨ ਪਈ॥ ਉਹਦੀ ਗੱਲ ਗੁਰੂ ਜੀ ਦੇ ਕੰਨ ਪਈ ਇਹਦਾ ਭਰਾ ਆ ਗਿਆ ਹੈ ।

ਸੱਦ ਪਠਾਣ ਉਸ ਗੱਲ ਸਮਝਈ॥੧੪॥ ਨਬੀ ਖਾਨ ਨੂੰ ਸੱਦ ਕੇ ਉਹਨੂੰ ਗੱਲ ਸਮਝਾਈ ਹੈ। ਨਬੀ ਖਾਨ! ਤੇਰਾ ਭਰਾ ਆਇਆ ਹੈ ਬਾਹਰ, ਆਵਾਜ਼ਾਂ ਦਿੰਦਾ ਹੈ, ਜਿਵੇਂ ਅਸੀਂ ਕਹਿੰਦੇ ਹਾਂ ਉਵੇਂ ਬਚਨ ਕਰ। ੧੪।

ਲੈ ਚਲ ਹਮ ਕੋ ਅਪਨੇ ਨਾਲ॥ ਤੂੰ ਸਾਨੂੰ ਵੀ ਨਾਲ ਲੈ ਚਲ, ਅਸੀਂ ਤੇਰੇ ਨਾਲ ਨਿਕਲਦੇ ਹਾਂ ਐਥੋਂ ਚੱਲ ਆਪਾਂ ਚਲਦੇ ਹਾਂ।

ਹਮ ਕਰ ਦੇਂਗੇ ਤੁਮੈ ਨਿਹਾਲ॥ ਸਤਿਗੁਰਾਂ ਨੇ ਕਿਹਾ ਜੇ ਤੂੰ ਸਾਨੂੰ ਲੈ ਚੱਲੇਂਗਾ ਤਾਂ ਅਸੀਂ ਤੈਨੂੰ ਨਿਹਾਲ ਕਰ ਦੇਵਾਂਗੇ। ਹਰ ਪਾਸੇ ਤੋਂ ਤੈਨੂੰ ਬਖਸ਼ਿਸ਼ਾਂ ਕਰ ਦਿਆਂਗੇ। ਮਾਇਆ ਦੇ ਵੀ ਭੰਡਾਰ ਦਿਆਂਗੇ ਅਤੇ ਹੋਰ ਵੀ ਜੋ ਤੂੰ ਮੰਗੇਗਾ ਉਹ ਵਰ ਦਾਨ ਦਿਆਂਗੇ। ਤੂੰ ਸਾਨੂੰ ਇਥੋਂ ਨਾਲ ਲੈ ਚਲ।

ਹੁਤੋ ਪਠਾਣ ਸਿਦਕ ਕੋ ਪੂਰੋ॥ ਐਸੇ ਜੰਗ ਵਿਚ ਜਿਹੜਾ ਸ਼ਾਮਲ ਹੋਇਆ ਸਤਿਗੁਰਾਂ ਦੇ ਨਾਲ, ਉਹ ਸਿਦਕੀ ਸੀ। ਇਕ ਸਤਿਗੁਰਾਂ ਨੇ ਤੁਰਕੀ ਦਲ ਰੱਖਿਆ ਹੋਇਆ ਸੀ। ਬੜੇ ਬੜੇ ਯੋਧੇ ਸੂਰਮੇ, ਦਿੱਲੀ ਦੇ ਦਰੋਗੇ ਜਿਹਨੇ ਸ੍ਰੀ ਗੁਰੂ ਤੇਗ ਬਹਾਦਰ ਨੂੰ ਕੈਦ ਰੱਖਿਆ ਸੀ, ਉਹਨੇ ਬੇਨਤੀ ਕੀਤੀ ਸੀ ਮਹਾਰਾਜ! ਮੈਂ ਤੁਹਾਡੇ ਨਾਲ ਚਲਦਾ ਹਾਂ, ਏਥੇ ਕਿਉਂ ਬੈਠੇ ਹੋ, ਆਉ ਬੂਹੇ ਖੋਲ੍ਹੀਏ ਚਲੀਏ, ਨਿਕਲ ਚਲੀਏ ਏਥੋਂ ਇਹ ਤੁਹਾਨੂੰ ਸ਼ਹੀਦ ਕਰ ਦੇਣਗੇ। ਸਤਿਗੁਰੂ ਤੇਗ ਬਹਾਦਰ ਜੀ ਨੇ ਕਿਹਾ ਸੀ ਅਸੀਂ ਤਾਂ ਕਿਸੇ ਕਾਰਨ ਆਏ ਹਾਂ, ਇਉਂ ਨਹੀਂ । ਇਉਂ ਕਰ ਜੇ ਤੇਰੇ ਮਨ ਵਿਚ ਸੇਵਾ

ਕਰਨ ਦਾ ਫੁਰਨਾ ਹੈ, ਸਾਹਿਬਜ਼ਾਦਾ ਅਨੰਦਪੁਰ ਬੈਠੇ ਹੈ ਉਥੇ ਚਲਿਆ ਜਾਹ, ਉਹਨਾਂ ਕੋਲ ਜਾ ਕੇ ਸੇਵਾ ਕਰ। ਉਹ ਵੀ ਆਪਣੀ ਗਾਰਦ ਦੇ ਸਮੇਤ ਏਥੇ ਆਇਆ ਸੀ। ਅਤੇ ਬੜੇ ਬੜੇ ਸੈਦ ਖਾਨ ਵਰਗੇ ਜਰਨੈਲ ਜਿਹੜੇ ਸਤਿਗੁਰਾਂ ਦੇ ਚਰਨੀ ਲੱਗੇ ਸਨ, ਸ਼ਰਣ ਵਿਚ ਆ ਗਏ ਸਨ, ਉਹ ਵੀ ਨਾਲ ਸਨ ਇਹ ਸਭ ਤੁਰਕੀ ਦਲ ਵਿਚ ਸਨ। ਇਹਨਾਂ ਦਾ ਦਲ ਸੀ ਇਕ ਇਹ ਤੁਰਕਾਂ ਨੇ ਪਠਾਣਾਂ ਨੇ ਵੀ ਉਸ ਯੁੱਧ ਵਿਚ ਹਿੱਸਾ ਪਾਇਆ ਸੀ ਲੜੇ ਸਨ ਤਾਂ ਇਹਨੂੰ ਸਤਿਗੁਰਾਂ ਨੇ ਕਿਹਾ ਸੀ ਸਾਨੂੰ ਵੀ ਲੈ ਚੱਲ ਨਾਲ, ਅਸੀਂ ਵੀ ਨਿਕਲ ਚਲਦੇ ਹਾਂ ਤੇਰੇ ਨਾਲ, ਤੈਨੂੰ ਨਿਹਾਲ ਕਰ ਦਿਆਂਗੇ ਫਿਕਰ ਨਾ ਕਰ।

ਉਨੈ ਕਹੀ 'ਲੈ ਚਲਗੁ ਜ਼ਰੂਰੋ' ॥੧੫॥ ਤਾਂ ਉਹਨੇ ਕਿਹਾ ਮਹਾਰਾਜ ਜ਼ਰੂਰ ਜੋ ਖਿਦਮਤ ਬਖਸ਼ਦੇ ਹੋ ਮੈਨੂੰ, ਸੇਵਾ ਦਸਦੇ ਹੋ, ਚਲੋ ਮੇਰੇ ਨਾਲ ਮੈਂ ਚਲਦਾ ਹਾਂ। ੧੫।

ਦੋਹਰਾ॥ ਹੁਤੀ ਮੋਰੀ ਇਕ ਬੁਰਜ ਮਧ, ਸੋ ਗੁਰ ਦਈ ਖੁਲ੍ਹਾਇ॥ ਗੁਪਤ ਰਸਤੇ ਵੀ ਹੁੰਦੇ ਨੇ ਕਿਲ੍ਹੇ 'ਚੋਂ ਨਿਕਲਣ ਵਾਸਤੇ, ਕਿਸੇ ਟਾਇਮ ਘੇਰਾ ਪੈ ਜਾਇ ਗੁਪਤ ਰਸਤੇ ਨਿਕਲਣਾ, ਬੁਰਜ ਦੇ ਵਿਚ ਇਕ ਗੁਪਤ ਮੋਰੀ ਸੀ, ਇਹਨੂੰ ਖੁਲ੍ਹਾਅ ਦਿਉ ਐਥੋਂ ਦੀ ਨਿਕਲਾਂਗੇ ਬਾਹਰ।

ਕਮਰ ਖੰਜਰ ਇਕ ਹਥ ਫੜਯੋ, ਹੁਤ ਮੋਹਰੈ ਖੀਸੇ ਪਾਇ॥੧੬॥ ਆਪਣੇ ਸ਼ਸਤ੍ਰ ਅਸਤ੍ਰ ਸਤਿਗੁਰਾਂ ਦੇ ਕੋਲ ਸਨ। ਇਕ ਖੰਜਰ ਤਾਂ ਕਮਰ ਵਿਚ ਸੀ ਮਹਾਰਾਜ ਦੇ ਕੀਮਤੀ ਜਿਹਦੇ 'ਚ ਹੀਰੇ ਜੜੇ ਹੋਏ ਸਨ, ਇਕ ਖੰਜਰ ਸਤਿਗੁਰਾਂ ਨੇ ਹੱਥ ਵਿਚ ਲੈ ਲਿਆ ਹੈ ਕੁਛ ਮੋਹਰਾਂ ਖੀਸੇ ਵਿਚ ਪਾਈਆਂ ਹਨ ਇਉਂ ਨਿਕਲੇ ਹਨ ਉਥੋਂ ਦੀ। ੧੬।

ਚੌਪਈ॥ ਨਿਕਸ ਸਤਿਗੁਰ ਜਬ ਆਗੈ ਧਾਯੋ॥ ਸਤਿਗੁਰੂ ਗੜ੍ਹੀ ਦੇ ਵਿਚੋਂ ਨਿਕਲ ਕੇ ਜਦੋਂ ਅੱਗੇ ਧਾਏ ਹਨ ਭਾਵ ਅੱਗੇ ਦੌੜੇ ਹਨ।

ਖੜ੍ਹੇ ਪਹਿਰੂ ਕਿਤ ਲੰਘਨ ਨ ਪਾਯੋ॥ ਅੱਗੇ ਵੇਖਿਆ ਪਹਿਰੇਦਾਰ ਖੜ੍ਹੇ ਨੇ ਕੋਈ ਰਾਹ ਲੰਘਨ ਨੂੰ ਨਹੀਂ ਦਿਸਿਆ, ਜਿਥੇ ਤਾੜੀ ਸਾਹਿਬ ਹੈ ਏਥੋਂ ਤਾਈਂ ਘੇਰਾ ਪਿਆ ਹੋਇਆ ਸੀ ਬੜਾ ਸਖਤ।

ਤੌ ਸਤਿਗੁਰ ਦਯੋ ਰੋਲੋ ਮਚਾਇ॥ ਸਤਿਗੁਰਾਂ ਨੇ ਜੰਗ ਦੀ ਚਾਲ ਖੇਲ੍ਹੀ ਹੈ ਕਿਵੇਂ ਇਹਨਾਂ ਵਿਚ ਹਫੜਾ ਦਫੜੀ ਪਾਈਏ, ਤਾਂ ਇਹ ਲਾਇਨਾਂ ਟੁੱਟਣ, ਪਹਿਰੇਦਾਰ ਐਧਰ ਉਧਰ ਹੋਣ ਤਾਂ ਅਸੀਂ ਲੰਘੀਏ ਵਿਚ ਦੀ ਤੌ ਸਤਿਗੁਰਾਂ ਨੇ ਏਥੇ ਆ ਕੇ ਰੌਲਾ ਪਾ ਦਿੱਤਾ। ਓ ਹਿੰਦ ਦਾ ਪੀਰ ਗਿਆ, ਹਿੰਦ ਦਾ ਪੀਰ ਗਿਆ, ਹਿੰਦ ਦਾ ਪੀਰ ਗਿਆ। ਇਹ ਸੁਣ ਕੇ ਦੂਜੇ ਵੀ ਰੌਲਾ ਪਾਉਣ ਲੱਗ ਪਏ।

ਭਾਗਯੋ ਹਿੰਦੂ ਇਮ ਕਹਯੋ ਸੁਨਾਇ॥੧੭॥ ਭੱਜ ਗਿਆ, ਭੱਜ ਗਿਆ ਹਿੰਦੂ ਗੁਰੂ ਉਹਨਾਂ ਸਾਰਿਆਂ ਰੌਲਾ ਪਾ ਦਿੱਤਾ ਤੇ ਹਫੜਾ ਦਫੜੀ ਪੈ ਗਈ ਉਹਨਾਂ ਵਿਚ। ੧੭।

ਗਯੋ ਗਯੋ ਭਯੋ ਚਾਰੋਂ ਓਰ॥ ਚਾਰੋਂ ਤਰਫ ਗਿਆ ਓ ਗਿਆ, ਗਿਆ ਓ ਗਿਆ, ਪੈ ਗਿਆ ਰੌਲਾ ਗਏ ਗਏ ਦਾ, ਸਾਰੇ ਕਿਧਰ ਗਿਆ, ਕਿਧਰ ਗਿਆ, ਇਉਂ ਹਿੱਲ ਗਿਆ ਉਹਨਾਂ ਦਾ ਪੈਂਤਰਾ, ਸਾਰੇ ਉਲਝ ਗਏ ਉਧਰੋਂ ਉਧਰੀਂ।

ਸਤਿਗੁਰ ਭੀ ਕਹਿ ਉਸ ਹੀ ਤੌਰ॥ ਜਿਵੇਂ ਉਹ ਬੋਲੀ ਜਾਂਦੇ ਨੇ ਸਤਿਗੁਰੂ ਵੀ ਓਵੇਂ ਹੀ ਬੋਲੀ ਜਾਂਦੇ ਨੇ, ਹਾਂ ਗਿਆ ਬਈ ਗਿਆ, ਗਿਆ ਹਿੰਦ ਦਾ ਪੀਰ ਗਿਆ ਹਿੰਦ ਦਾ ਪੀਰ ਇਉਂ ਰੌਲਾ ਪੈ ਗਿਆ ਚਾਰੋਂ ਤਰਫ਼।

ਤੌ ਪਠਾਣ ਗੁਰ ਆਗੈ ਲਾਯੋ॥ ਸਤਿਗੁਰੂ ਕਹਿੰਦੇ ਚਲ ਹੁਣ, ਹੁਣ ਤਾਂ ਰਾਹ ਵਿਹਲੇ ਹੋ ਗਏ ਨੇ। ਤਾਂ ਸਤਿਗੁਰੂ ਜੀ ਨੇ ਉਹ ਪਠਾਣ ਅੱਗੇ ਲਾ ਲਏ ਹਨ। ਚਲ ਹੁਣ ਜਿਧਰ ਨੂੰ ਚਲਣਾ ਹੈ, ਮਾਛੀਵਾੜੇ ਵੱਲ ਨੂੰ ਸਿੱਧਾ ਹੋ ਚੱਲ।

ਵੜ ਮਧ ਤੁਰਕਨ ਦਰਯਾਇ ਵਲ ਧਾਯੋ॥੧੮॥ ਤੁਰਕਾਂ ਦੇ ਵਿਚ ਵੜ ਕੇ ਨਾਲ ਹੀ ਰਲ ਗਏ ਹਨ ਅੱਗੇ ਉਹ ਪਠਾਣ ਲੱਗਿਆ ਹੋਇਆ ਹੈ। ਸਤਿਗੁਰਾਂ ਨੇ ਕਲਗੀ ਤੋੜਾ ਉਥੇ ਸੰਤ ਸਿੰਘ ਜੀ ਦੇ ਸਜਾ ਦਿੱਤਾ, ਇਥੇ ਆਪ ਬਗੈਰ ਕਲਗੀ ਤੋਂ ਸਨ ਤੇ ਆਪ ਨਾਲ ਰਲ ਗਏ ਉਹਦੇ ਅੱਗੇ ਦਰਿਆ ਦੇ ਨਾਲ ਹੀ ਕਾਛੜ ਸੀ, ਉਧਰ ਝਲ ਵੱਲ ਹੋ ਗਏ ਮਹਾਰਾਜ। ੧੮।

ਦੌੜ ਦਪੌੜ ਕਰ ਗਏ ਝੱਲ॥ ਇਉਂ ਦੌੜ ਦਪੌੜ ਕਰਦੇ ਹੋਏ ਹੱਲਾ ਬੋਲਦੇ ਹੋਏ ਝੱਲ ਨੂੰ ਨਿਕਲੇ ਮਹਾਰਾਜ।

ਆਗੈ ਦੇਖਯੋ ਇਕ ਮਾਹੀ ਚੱਲ॥ (ਮਾਹੀ) ਮਹੀਆਂ ਚਾਰਨ ਵਾਲਾ, ਕਿਉਂਕਿ ਮੱਛਰ ਤੇ ਮੱਖੀ ਆਦਿਕ ਦਿਨੇ ਪਸ਼ੂਆਂ ਨੂੰ ਚਰਨ ਨਹੀਂ ਦਿੰਦੇ, ਹੁਣ ਇਹ ਦਰਿਆਵਾਂ ਤੇ ਇਹ ਜਿਹੜੇ ਪਸ਼ੂ ਚਾਰਦੇ ਨੇ ਉਹਨਾਂ ਨੂੰ ਇਹ ਪਤਾ ਹੈ ਉਹ ਹਨੇਰੇ ਹੀ ਚਾਰਦੇ ਹਨ ਬੀੜਾਂ ਵਿਚ। ਉਦੋਂ ਮੱਖੀ ਮੱਛਰ ਸਭ ਟਿਕਿਆ ਹੁੰਦਾ ਹੈ। ਜਦੋਂ ਅੱਗੇ ਗਏ ਹਨ ਗੁਰੂ ਜੀ ਤਾਂ ਇਕ (ਮਾਹੀ) ਮੱਝਾਂ ਚਾਰਨ ਵਾਲਾ ਵੇਖਿਆ।

ਉਨ੍ਹੈ ਲਯੋ ਥੋ ਗੁਰੂ ਪਛਾਣ॥ ਉਸਨੇ ਵੇਖ ਕੇ ਸਤਿਗੁਰਾਂ ਨੂੰ ਪਛਾਣ ਲਿਆ ਕਿ ਆਹ ਤਾਂ ਗੁਰੂ ਗੋਬਿੰਦ ਸਿੰਘ ਜੀ ਹਨ। ਜਿਹੜੇ ਚਮਕੌਰ ਵਿਚ ਯੁੱਧ ਕਰ ਰਹੇ ਨੇ ਇਹ ਤਾਂ ਆਪ ਨਿਕਲ ਰਹੇ ਨੇ, ਉਹਨੇ ਕਿਤੇ ਦਰਸ਼ਨ ਕੀਤੇ ਹੋਣਗੇ, ਉਹਨੇ ਪਛਾਣ ਲਏ।

ਵਹੁ ਲਗਯੋ ਤਉ ਡੰਡ ਸਉ ਪਾਣ॥੧੯॥ ਉਹ ਲੱਗਾ (ਡੰਡ) ਰੌਲਾ ਪਾਉਣ ਕਿ ਗੁਰੂ ਤੇ ਆਹ ਜਾਂਦਾ, ਆਹ ਜਾਂਦਾ, ਜਦੋਂ ਇਕ ਦੋ ਵੇਰਾਂ ਕਿਹਾ। ੧੯।

ਸਤਿਗੁਰ ਉਸ ਦਈ ਮੋਹਰ ਫੜਾਇ॥ ਸਤਿਗੁਰੂ ਨੇ ਕਿਹਾ ਓ ਮੂਰਖਾ! ਉਰੇ ਆ, ਕਿਉਂ ਰੌਲਾ ਪਾਉਨਾ, ਮੁੱਠੀ ਭਰਕੇ ਉਹਦੀ ਮੁੱਠੀ 'ਚ ਮੋਹਰਾਂ ਦੀ ਪਾ ਦਿੱਤੀ, ਆਹ ਧਨ ਲੈ ਚੁੱਪ ਕਰ, ਬੋਲ ਨਾ।

ਇਸਤੇ ਰੌਲਾ ਔਰ ਦਯੋ ਪਾਇ॥ ਉਹਨੇ ਵੇਖਿਆ ਮਾਇਆ ਮਿਲਦੀ ਹੈ, ਉਹਨੇ ਹੋਰ ਰੌਲਾ ਪਾ ਦਿੱਤਾ ਓ ਆਹ ਜਾਂਦੇ ਏ ਗੁਰੂ, ਆਹ ਜਾਂਦਾ, ਜਦੋਂ ਇਹ ਗੱਲ ਉਸਨੇ ਫੇਰ ਕਹੀ।

ਗੁਰ ਸੋਚੈਂ ਨਾ ਦਏ ਫੜਾਇ॥ ਸਤਿਗੁਰਾਂ ਕਿਹਾ ਇਹਦਾ ਮੂਰਖ ਦਾ ਕੀ ਜਾਣਾ, ਰੌਲਾ ਪਾਉਂਦਾ, ਹੁਣੇ ਫੌਜ ਵਾਲੇ ਕਿਸੇ ਸੁਣ ਲਿਆ ਉਹ ਆ ਜਾਣਗੇ, ਮੱਤ ਸਾਡੀ ਗ੍ਰਿਫਤਾਰੀ ਕਰਾਉਂਦਾ ਹੋਵੇ।

ਨਾ ਮੰਨੇ ਵਹਿ ਕਿਸ ਹੀ ਦਾਇ॥੨੦॥ ਮਹਾਰਾਜ ਨੇ ਕਿਹਾ ਤੂੰ ਹੋਰ ਮੋਹਰਾਂ ਲੈ, ਹੋਰ ਕੁਝ ਲੈ ਲੈ ਮੰਨ ਜਾ, ਪਰ ਉਹ ਕਾਹਨੂੰ ਮੰਨਦਾ ਸੀ, ਮੂਰਖ ਸੀ। ੨੦।

ਦੋਹਰਾ॥ ਧਾਯੋ ਗੁਰ ਆਗੈ ਕਰੀ, ਪੇਟ ਖੰਜਰ ਦਯੋ ਧਸਾਇ॥ ਜਦੋਂ ਨਾ ਹੀ ਕਿਸੇ ਤਰ੍ਹਾਂ ਮੰਨਿਆ ਤਾਂ ਸਤਿਗੁਰਾਂ ਨੇ ਹੱਲਾ ਬੋਲ ਦਿੱਤਾ, ਜੋ ਸਤਿਗੁਰਾਂ ਨੇ ਹੱਥ ਵਿਚ ਖੰਜਰ ਫੜਿਆ ਹੋਇਆ ਸੀ, ਉਹਦੇ (ਪੇਟ) ਢਿੱਡ ਵਿਚ ਖੁਭੋ ਦਿੱਤਾ।

ਘੋਲ ਘਾਲ ਉਸ ਬਹੁ ਕਰੀ, ਛੋਡਯੋ ਪ੍ਰਾਣ ਉਡਾਇ॥੨੧॥ ਉਹਨੇ ਬਥੇਰਾ ਛੁੱਟਣ ਦਾ ਹੀਲਾ ਕੀਤਾ, ਉਹਨੂੰ ਸੰਘੀਓਂ ਫੜ ਲਿਆ ਮਹਾਰਾਜ ਨੇ, ਚੰਗਾ ਘੋਲ ਬੱਝਾ ਉਥੇ ਢਾਹ ਲਿਆ ਸਤਿਗੁਰਾਂ ਨੇ ਉਹਨੂੰ ਗਲ਼ੋਂ ਛਡਿਆ ਹੀ ਨਹੀਂ, ਬੋਲਣ ਵੀ ਨਹੀਂ ਦਿੱਤਾ। ਇਉਂ ਜਦੋਂ ਉਹਦਾ ਢਿੱਡ ਪਾੜਿਆ, ਆਂਦਰਾਂ ਬਾਹਰ ਕੱਢੀਆਂ ਇਉਂ ਜਦੋਂ ਠੰਢਾ ਹੋ ਗਿਆ ਪ੍ਰਾਣ ਉੱਡ ਗਏ, ਫੇਰ ਛੱਡ ਦਿੱਤਾ ਸਤਿਗੁਰਾਂ ਨੇ। ੨੧।

ਸਾਖੀ ਮਾਛੀਵਾੜੇ ਕੀ ਲਿਖਯਤੇ
(ਮਾਛੀਵਾੜੇ, ਭਾਈ ਗੁਲਾਬਾ, ਉੱਚ ਦੇ ਪੀਰ, ਕਰਦ ਭੇਟ)

ਚੌਪਈ॥ ਤੌ ਸਤਿਗੁਰ ਜਬ ਗਏ ਅਗੇਰੇ॥ ਉਸ ਨੂੰ ਖਤਮ ਕਰਕੇ ਮਹਾਰਾਜ ਜਦੋਂ ਅੱਗੇ ਗਏ ਨੇ।

ਢੁੱਕੇ ਮਾਛੀਵਾੜੇ ਨੇਰੇ॥ ਮਾਛੀਵਾੜੇ ਜੰਡ ਸਾਹਿਬ ਜਿਥੇ, ਮਾਛੀਵਾੜੇ ਦੇ ਨੇੜੇ ਢੁੱਕੇ ਹਨ।

ਸਤਿਗੁਰ ਕੋ ਗਯੋ ਪਠਾਣ ਬਹਾਇ॥ ਉਹ ਪਠਾਣ ਗ਼ਨੀ ਖਾਂ ਸਤਿਗੁਰੂ ਜੀ ਨੂੰ ਉਥੇ ਬੈਠਾ ਕੇ ਆਪ ਪਿੰਡ ਵਿਚ ਚਲਾ ਗਿਆ।

ਲਯਾਯੋ ਖਤ੍ਰੀ ਗੁਲਾਬੋ ਬੁਲਾਇ॥੧॥ ਖੱਤ੍ਰੀ ਗੁਲਾਬਾ ਜੋ ਗੁਰੂ ਘਰ ਦਾ ਮਸੰਦ ਸੀ ਉਸਨੂੰ ਬੁਲਾ ਕੇ ਲੈ ਆਇਆ ਗ਼ਨੀ ਖਾਂ। ੧।

ਦੋਹਰਾ॥ ਸੁਨਹੁ ਸਾਖੀ ਮਾਛੀਵਾੜੇ, ਗੁਰ ਬਹੇ ਖਤ੍ਰੀ ਘਰ ਜਾਇ॥ ਹੁਣ ਮਾਛੀਵਾੜੇ ਦੀ ਸਾਖੀ ਸੁਣੋ, ਗੁਰੂ ਜੀ ਉਸ ਗੁਲਾਬੇ ਖੱਤ੍ਰੀ ਦੇ ਘਰ ਜਾ ਬਿਰਾਜੇ ਹਨ।

ਪਠਾਣ ਸੱਯਦ ਖਿਜਮਤ ਕਰੀ, ਗੁਰ ਤੋਰਹਿ ਸਿਰਹੁ ਉਠਾਇ॥੨॥ ਉਹਨਾਂ ਪਠਾਣਾਂ ਨੇ ਜੋ ਸੱਯਦ ਸਨ ਨੇ ਬੜੀ ਸੇਵਾ ਕੀਤੀ ਹੈ, ਆਪਣੇ ਸਿਰ 'ਤੇ ਉਠਾ ਕੇ ਭਾਵ ਚੁੱਕ ਕੇ ਤੁਰੇ ਹਨ।

ਚੌਪਈ॥ ਉਨ ਕੁਛ ਧਰਯੋ ਆਗੈ ਪਰਸਾਦਿ॥ ਇਹ ਗੁਲਾਬੇ ਖੱਤ੍ਰੀ ਨੇ ਅੱਗੇ ਲਿਆ ਕੇ ਪ੍ਰਸ਼ਾਦ ਰੱਖਿਆ ਹੈ ਅਤੇ ਮੱਥਾ ਟੇਕਿਆ ਹੈ।

ਸੋ ਮੁਖ ਪਾਯੋ ਕਰ ਗੁਰ ਯਾਦ॥ ਉਹਨੂੰ ਪਤਾ ਸੀ ਕਿ ਭਿਅੰਕਰ ਯੁੱਧ ਲੱਗਿਆ ਹੋਇਆ ਬੜੇ ਚਿਰ ਦਾ ਮੋਰਚਾ ਲੱਗਿਆ ਹੋਇਆ, ਖਾਣੇ ਪੀਣੇ ਦਾ ਕੋਈ ਪ੍ਰਬੰਧ ਨਹੀਂ ਹੋਇਆ। ਗ਼ਨੀ ਖਾਂ ਨੇ ਵੀ ਦੱਸ ਦਿੱਤਾ ਕਿ ਮਹਾਰਾਜ ਨੂੰ ਕੁਛ ਛਕਣ ਵਾਸਤੇ ਲੈ ਕੇ ਚੱਲ। ਸੋ ਉਹ ਜਦੋਂ ਆਪਣੇ ਘਰ ਵਿਚੋਂ ਪ੍ਰਸ਼ਾਦ ਲਿਆਇਆ ਗੁਰੂ ਜੀ ਨੇ ਮੁਖ ਵਿਚ ਪਾਇਆ ਹੈ।

ਸੰਝ ਪੜੀ ਤੌ ਅੰਦਰ ਆਏ॥ ਹੁਣ ਅੰਮ੍ਰਿਤ ਵੇਲੇ ਆ ਗਏ ਸਨ ਏਥੇ ਮਹਾਰਾਜ ਤੇ ਸੰਧਿਆ ਦਾ ਟਾਇਮ ਹੋ ਗਿਆ ਤਾਂ ਗੁਲਾਬਾ ਸਤਿਗੁਰੂ ਜੀ ਨੂੰ ਆਪਣੇ ਘਰ ਲੈ ਗਿਆ।

ਮਧ ਹਵੇਲੀ ਭਏ ਟਿਕਾਏ॥੩॥ ਉਹ ਜਿਹੜੀ ਹਵੇਲੀ ਦੇ ਉਪਰ ਚੁਬਾਰਾ ਸੀ, ਉਸ ਦੇ ਵਿਚ ਸਤਿਗੁਰਾਂ ਆਸਣ ਲਾ ਦਿੱਤਾ, ਉਥੇ ਸਤਿਗੁਰੂ ਜੀ ਦਾ ਟਿਕਾਣਾ ਕੀਤਾ ਹੈ। ੩।

ਇੱਕ ਦੋਇ ਤਹਿੰ ਸਿੰਘ ਚਲ ਆਏ॥ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮਾਨ ਸਿੰਘ ਜੀ ਏਥੇ ਆ ਕੇ ਮਿਲਦੇ ਨੇ, ਉਹ ਨਿਸ਼ਾਨੀ ਦੱਸੀ ਸੀ ਨਾ ਆਹ ਤਾਰੇ ਦੇ ਸੇਧ ਨੂੰ ਆਇਓ ਉਥੇ, ਧ੍ਰੂ ਦੀ ਸੇਧ ਦੱਸੀ ਸੀ। ਇਸ ਤਰ੍ਹਾਂ ਮਹਾਰਾਜ ਸੱਚੇ ਪਾਤਸ਼ਾਹ ਨੂੰ ਤਾਰੇ ਦੀ ਸੇਧ ਇਹ ਸਿੰਘ ਭਾਲਦੇ ਆਏ ਹਨ। ਇਉਂ ਇਕ ਦੋ ਸਿੰਘ ਇਥੇ ਆ ਕੇ ਰਲ ਗਏ ਹਨ ਮਹਾਰਾਜ ਦੇ ਨਾਲ।

ਤੇ ਗੁਰਹਿ ਛੁਪਾਇ ਬਹਾਏ॥ ਸਤਿਗੁਰੂ ਜੀ ਏਥੇ ਇੱਕ ਕਿਸਮ ਦਾ ਛੁਪ ਕੇ ਬੈਠੇ ਹਨ, ਉਹਨਾਂ ਨੂੰ ਵੀ ਗੁਰੂ ਜੀ ਨੇ ਉਥੇ ਛੁਪਾ ਕੇ ਬਿਠਾ ਦਿੱਤਾ।

ਇੱਕ ਦਿਨ ਗੁਰ ਬਕਰੋ ਮੰਗਵਾਯੋ॥ ਇਕ ਦਿਨ ਮਹਾਰਾਜ ਨੇ ਹੁਕਮ ਕੀਤਾ ਗੁਲਾਬੇ ਨੂੰ ਕਿ ਗੁਲਾਬਿਆ! ਇਉਂ ਕਰ ਚੁਟੰਗਾ ਲਿਆ, ਕਈ ਮਹੀਨਿਆਂ ਦੇ ਕੜਾਕੇ ਲੱਗੇ ਹੋਏ ਹਨ, ਚੁਟੰਗਾ ਲਿਆਉ, ਡਲ੍ਹੇ ਛਕੀਏ, ਇਹ ਹੁਕਮ ਕਰਕੇ ਬਕਰਾ ਮੰਗਵਾਉਣਾ ਕੀਤਾ ਹੈ।

ਸਿੰਘਨ ਤੈ ਝਟਕੋ ਕਰਵਾਯੋ॥੪॥ ਵਧੀਆ ਚੁਟੰਗਾ ਭਾਲ ਕੇ ਲਿਆਂਦਾ ਹੈ, ਸਿੰਘਾਂ ਨੂੰ ਹੁਕਮ ਕੀਤਾ ਹੈ ਝਟਕਾਓ ਬਕਰੇ ਨੂੰ ''ਕਰ ਝਟਕੇ ਬਕਰਨ ਕੋ ਖਈਓ, ਕੁੱਠੇ ਮੁਰਦੇ ਨੇ ਨ ਜਈਓ'' ਸਤਿਗੁਰੂ ਦਾ ਛੜ੍ਹੀ ਧਰਮ ਜਿਉਂ ਹੋਇਆ ਛੱਤ੍ਰੀਆਂ ਦੀ ਆਦਿ ਤੋਂ ਲੈ ਕੇ ਰੀਤੀ ਚਲੀ ਆਉਂਦੀ ਹੈ। ਇਸੇ ਤਰ੍ਹਾਂ ਚੰਦ੍ਰ ਵੰਸੀ ਛੱਤ੍ਰੀ ਤੇ ਸੂਰਜ ਵੰਸੀ ਛੱਤ੍ਰੀ ਵੀ ਸ਼ਿਕਾਰ ਆਦਿਕ ਖੇਡਦੇ ਆਏ ਨੇ। ੪।

ਜਿਮ ਸਤਿਗੁਰ ਝਟਕੋ ਕਰ ਖਾਵਹਿੰ॥ ਜਿਸ ਤਰ੍ਹਾਂ ਸਤਿਗੁਰੂ ਝਟਕਾ ਕਰ ਕੇ ਛਕਦੇ ਸਨ।

ਸੁਟ ਸੰਖੀ ਘਰ ਤੁਰਕ ਗਿਰਾਵਹਿੰ॥ ਲਾਗੇ ਹੀ ਇਕ ਕਾਜ਼ੀ ਦਾ ਘਰ ਸੀ, ਸਤਿਗੁਰ ਜਦੋਂ ਛਕਦੇ ਨੇ ਤੇ ਸੰਖੀ ਵਿਹਲੀ ਹੁੰਦੀ ਹੈ ਨਾ ਤੇ ਨਾਲ ਹੀ ਉਹਦੇ ਵੇਹੜੇ ਵਿਚ ਸੁੱਟ ਦਿੰਦੇ ਆ, ਪ੍ਰਗਟ ਹੋਣ ਵਾਸਤੇ ਇਹ ਨਾ ਆਖਣ ਕਿ ਸਤਿਗੁਰ ਲੁਕ ਕੇ ਗਏ ਨੇ। ਜਦੋਂ ਸਤਿਗੁਰੂ ਉਹਦੇ ਘਰ ਵਿਚ ਸੰਖੀਆਂ ਸੁੱਟਦੇ ਹਨ ਬਕਰੇ ਦੀਆਂ।

ਦੇਖ ਤੁਰਕ ਦੇ ਖੱਤ੍ਰੀ ਗਾਰੈ॥ ਬੱਕਰੇ ਦੀਆਂ ਹੱਡੀਆਂ ਡਿੱਗੀਆਂ ਨੂੰ ਵੇਖ ਕੇ ਤੁਰਕ ਕਾਜ਼ੀ ਗੁਲਾਬੇ ਖੱਤ੍ਰੀ ਨੂੰ ਗਾਲ੍ਹਾਂ ਕੱਢਦਾ ਹੈ ਕਿ ਮੇਰੇ ਘਰ ਹੱਡੀਆਂ ਕਿਉਂ ਸੁੱਟੀਆਂ ਹਨ।

'ਹਮਰੇ ਘਰ ਤੂੰ ਹੱਡੀਆਂ ਡਾਰੈ' ॥੫॥ ਸਾਡੇ ਘਰ ਵਿਚ ਹੱਡੀਆਂ ਸੁੱਟਦਾ ਆ ਕੇ ਇਹ ਚੰਗੀ ਗੱਲ ਨਹੀਂ ਤੇਰੇ ਵਾਸਤੇ। ਅੱਗੋਂ ਗਾਲ੍ਹਾਂ ਵੀ ਕੱਢਣ ਲੱਗ ਪਿਆ। ੫।

ਦੋਹਰਾ॥ਤੋ ਖੱਤ੍ਰੀ ਸਤਿਗੁਰ ਕਹੀ, ਮੈਂ ਹੋ ਮਾੜੋ ਔਤ॥ ਜਦੋਂ ਸਤਿਗੁਰੂ ਸੰਖੀਆਂ ਸੁੱਟਣ ਲੱਗ ਪਏ ਤੇ ਕਾਜ਼ੀ ਰੌਲਾ ਪਾਉਣ ਲੱਗ ਪਿਆ ਤਾਂ ਖੱਤ੍ਰੀ ਨੇ ਹੱਥ ਜੋੜੇ ਮਹਾਰਾਜ! ਮੈਂ ਤਾਂ ਬਹੁਤ ਮਾੜਾ ਗਰੀਬ ਹਾਂ, ਵੇਖਿਓ ਕਿਤੇ, ਆਹ ਰੌਲਾ ਪੈਂਦਾ ਕਿਤੇ ਮੈਂ ਨਾ ਮਾਰਿਆ ਜਾਵਾਂ। ਅਜੇ ਤਾਂ ਇਹਨਾਂ ਨੂੰ ਏਸ ਤਰ੍ਹਾਂ ਹੈ ਕਿ ਇਹਨਾਂ ਦੇ ਕੋਈ ਪ੍ਰਾਹੁਣਾ ਆਇਆ ਹੋਇਆ ਹੈ, ਅਜੇ ਪਤਾ ਨਹੀਂ ਲੱਗਿਆ ਪੂਰੀ ਤਰ੍ਹਾਂ।

ਖਬਰ ਹੋਇ ਕਿਤ ਤੁਰਕ ਕਉ, ਮਾਰੈ ਮੋਹਿ ਅਲਬੱਤ॥੬॥ ਉਹ ਕਹਿੰਦਾ ਜੇ ਤੁਰਕਾਂ ਨੂੰ ਖਬਰ ਹੋ ਗਈ, ਮੈਨੂੰ ਕਿਸਨੇ ਪੁਛਣਾ ਮਾਰ ਹੀ ਦੇਣਗੇ ਆ ਕੇ ਉਸੇ ਵੇਲੇ। ੬।

ਚੌਪਈ॥ਤੋ ਸਤਿਗੁਰ ਕਏ ਰੁਪੱਯੇ ਡਾਰ॥ ਤਾਂ ਸਤਿਗੁਰ ਨੇ ਜੇਬ ਵਿਚ ਹੱਥ ਪਾਇਆ, ਰੁਪਈਆਂ ਦੀ ਮੁੱਠੀ ਭਰਕੇ ਠਨੱਕ ਠਨੱਕ ਕਰਦੀ ਜਦੋਂ ਸੁੱਟੀ ਉਹਦੇ ਵਿਹੜੇ ਵਿਚ।

ਸੋ ਚੁਗ ਕਾਜੀ ਰਹਯੋ ਮਸ਼ਟ ਮਾਰ॥ ਉਹ ਦਬਾਦਬ ਚੁਗਣ ਲੱਗ ਪਿਆ (ਮਸ਼ਟ ਮਾਰ) ਚੁੱਪ ਹੋ ਗਿਆ। ਹੁਣ ਰੌਲਾ ਨਹੀਂ ਪਾਉਂਦਾ। ਕੋਈ ਨਹੀਂ ਕੋਈ ਡਰ ਨਹੀਂ ਤੇਰੇ ਪ੍ਰਾਹੁਣੇ ਹੋਏ ਸਾਡੇ ਹੋਏ, ਇਕੋ ਹੀ ਗੱਲ ਹੈ, ਫੇਰ ਇਸ ਤਰ੍ਹਾਂ ਲੱਗ ਪਿਆ ਮਿੱਠੀਆਂ ਮਿੱਠੀਆਂ ਗੱਲਾਂ ਕਰਨ।

ਇਸੀ ਭਾਂਤ ਗੁਰ ਦਸ ਦਿਨ ਰਹਯੋ॥ ਐਸੇ ਤਰੀਕੇ ਨਾਲ ਦਸ ਦਿਨ ਰਹੇ ਸਤਿਗੁਰੂ ਉਥੇ ਹੀ ਮਾਛੀਵਾੜੇ ਵਿਚ।

ਤੋ ਸਤਿਗੁਰ ਤਹਿੰ ਚਲਨੋ ਚਹਯੋ॥੭॥ ਤਾਂ ਸਤਿਗੁਰੂ ਜੀ ਨੇ ਉਥੋਂ ਚਲਣਾ ਚਾਹਿਆ ਹੈ। ਉਥੋਂ ਅੱਗੇ ਜਾਣਾ ਚਾਹੁੰਦੇ ਹਨ। ੭।

ਤੋ ਪਠਾਣ ਸਹਿਤ ਸੱਯਦ ਰਲਵਾਯੋ॥ ਮਾਛੀਵਾੜੇ ਦੇ ਕੋਲ ਚੜ੍ਹਦੇ ਵਾਲੇ ਪਾਸੇ ਇਕ ਪਿੰਡ ਆ, ਉਥੇ ਇਕ ਸੱਯਦ ਰਹਿੰਦਾ ਹੈ, ਉਹ ਮਹਾਰਾਜ ਦਾ ਸਿਦਕੀ ਸੇਵਕ ਸੀ ਸਤਿਗੁਰਾਂ ਦੇ ਕਹੇ ਤੋਂ ਉਹਨੂੰ ਬੁਲਾ ਕੇ ਲਿਆਂਦਾ ਹੈ, ਹੁਣ ਲੰਘਣਾ ਜਿਉਂ ਹੈ ਤੁਰਕਾਂ ਦੀਆਂ ਫੌਜਾਂ ਚਾਰ ਚੁਫੇਰੇ ਛਾਈਆਂ ਬੈਠੀਆਂ ਸੀ।

ਕਹਿ ਸਤਿਗੁਰ ਕੋ ਬਾਨੋਂ ਬਟਵਾਯੋ॥ ਸਤਿਗੁਰਾਂ ਨੂੰ ਕਹਿਕੇ ਬਾਣਾ ਬਦਲਿਆ ਹੈ।

ਡੌਲ ਹਾਜਨ ਕੀ ਲਈ ਬਨਵਾਇ॥ ਡੀਲ ਡੌਲ ਉਹਨਾਂ ਨੇ ਹਾਜੀਆਂ ਵਾਲੀ ਬਣਵਾ ਲਈ, ਹਾਜੀ ਮੁਸਲਮਾਨ ਨੀਲੇ ਚੋਲੇ ਖੁੱਲ੍ਹੇ ਗਿੱਟਿਆਂ ਤਾਈਂ ਅਤੇ ਕੇਸ ਪਿਛੇ ਨੂੰ ਸੁੱਟ ਲੈਣੇ, ਉਤੋਂ ਪਗੜਾ ਮਾਰ ਲੈਣਾ, ਉਹ ਪੱਲਾ ਜਿਵੇਂ ਛਡਦੇ ਨੇ ਉਧਰ ਉੱਚ ਦੇ ਇਲਾਕੇ ਵਿਚ, ਐਸ ਤਰੀਕੇ ਨਾਲ ਦਸਤਾਰਾ ਬਣਾ ਲਿਆ।

ਬਾਣੋ ਨੀਲ ਕੇਸ ਖਿੰਡਵਾਇ॥੮॥ ਉਥੇ ਲਾਗੇ ਹੀ ਮੱਟੀ ਸੀ, ਇਕ ਮਾਈ ਨੇ ਰੇਜਾ ਭੇਟ ਕੀਤਾ, ਉਹਨੂੰ ਰੰਗ ਕੇ ਉਹਦਾ ਚਾਦਰਾ ਬਣਾ ਕੇ ਉਪਰ ਚਾਦਰਾ ਲਿਆ ਹੈ। ੮।

ਤਿਮ ਸਿਖਨ ਬਾਣੈ ਬਨਵਾਇ॥ ਇਉਂ ਸਿੱਖਾਂ ਦੇ ਵੀ ਬਾਣੇ ਉਸ ਤਰ੍ਹਾਂ ਬਣਵਾ ਲਏ। ਜਿਵੇਂ ਸਤਿਗੁਰਾਂ ਨੇ ਉੱਚ ਦੇ ਪੀਰਾਂ ਵਾਲਾ ਭੇਸ ਬਣਾਇਆ ਸੀ।

ਫੜ ਅਸਤਾਵੈ ਪਠਾਣ ਭਏ ਰਾਹਿ॥੯॥ (ਅਸਤਾਵੈ) ਜਿਹੜੇ ਪਲੰਘਾ ਚੁਕਦੇ ਹਨ ਉਹਨਾਂ ਦੇ ਪਾਸ ਫਾਉੜੀ ਜਿਹੀ ਵਰਗਾ ਇਕ ਸਲੋਤਰ ਹੁੰਦਾ ਹੈ, ਜਿਸਨੇ ਸਾਹ ਲੈਣਾ ਹੋਵੇ, ਉਹ ਪਲੰਘ ਥੱਲੇ ਲਾ ਲੈਂਦੇ ਹੈ ਤੇ ਉਹ ਸਾਹ ਲੈ ਲੈਂਦੇ ਹੈ। ਇਸ ਤਰ੍ਹਾਂ ਉਹ ਹੱਥਾਂ ਵਿਚ ਫੜ ਕੇ ਪਲੰਘਾ ਚੁਕ ਕੇ, ਐਸਾ ਭੇਸ ਬਣਾ ਕੇ ਤੁਰ ਪਏ ਨੇ ਉਥੋਂ। ੯।

ਪੀਰ ਉੱਚ ਕੇ ਕਹਿਤੇ ਜਾਇ॥ ਜੇ ਕੋਈ ਪੁਛਦਾ ਹੈ ਇਹ ਉੱਚ ਦੇ ਪੀਰ ਨੇ, ਏਧਰ ਆਪਣੇ ਆਏ ਸਨ ਦਰਸ਼ਨ ਦੇਣ ਵਾਸਤੇ ਸਿੱਖੀ ਸੇਵਕੀ ਵਿਚ, ਇਉਂ ਕਹਿੰਦੇ ਤੁਰੇ ਜਾ ਰਹੇ ਨੇ।

ਨਬੀ ਗ਼ਨੀ ਖਾਂ ਥੇ ਤਿੰਹ ਨਾਇ॥ ਨਬੀ ਖਾਂ ਤੇ ਗ਼ਨੀ ਖਾਂ ਉਹਨਾਂ ਪਠਾਣਾਂ ਦੇ ਨਾਮ ਸਨ, ਉਹ ਸਤਿਗੁਰੂ ਜੀ ਦੇ ਪਲੰਘੇ ਦੇ ਮੂਹਰਲੇ ਪਾਸੇ ਲੱਗੇ ਹਨ।

ਤੁਰੈ ਢਲ ਤਊ ਮੁਲਤਾਨ ਸਦਾਇ॥ ਤੁਰ੍ਹੇ ਇਸ ਤਰ੍ਹਾਂ ਉਸ ਢਾਲ ਦੇ ਜਿਵੇਂ ਮੁਲਤਾਨੀ ਹੁੰਦੇ ਨੇ, ਮੁਲਤਾਨ ਇਲਾਕਾ ਉੱਚ ਦਾ ਇਲਾਕਾ ਵਜਦਾ ਹੈ। ਉਧਰਲਾ ਤਰੀਕਾ ਬਣਾ ਕੇ ਏਧਰ ਨੂੰ ਛੱਡਿਆ ਲੜ ਲੰਮਾ ਸਾਰਾ ਇਕ ਉਤੇ ਨੂੰ ਐਥੇ ਅੜਾਇਆ, ਪਿੱਛੇ ਨੂੰ ਛੱਡਿਆ ਹੋਇਆ ਸੀ।

ਜਾ ਪਹੁੰਚਵਹਿ ਕਨੇਚ ਗਿਰਾਇ॥ ੧੦॥ ਅੱਗੇ ਕਨੇਚ ਪਿੰਡ ਹੈ ਉਥੇ ਚਲੇ ਗਏ ਹਨ। ੨੦।

ਦੋਹਰਾ॥ ਤਿਹ ਥਾਂ ਹੁਤੋ ਮਸੰਦ ਇਕ, ਫਤਾ ਤਾਂਹਿ ਸੁ ਨਾਇ॥ ਇਸ ਕਨੇਚ ਪਿੰਡ ਵਿਚ ਫੱਤਾ ਨਾਮ ਦਾ ਗੁਰੂ ਘਰ ਦਾ ਮਸੰਦ ਸੀ।

ਸਤਿਗੁਰ ਕਹਯੋ ਬੁਲਾਇ ਉਸ, ਕਿਮ ਹਮ ਅਗੈ ਪੁਜਾਇ॥੧੧॥ ਸਤਿਗੁਰੂ ਜੀ ਨੇ ਉਸ ਮਸੰਦ ਨੂੰ ਬੁਲਾ ਕੇ ਕਿਹਾ ਕਿ ਕਿਸੇ ਤਰ੍ਹਾਂ ਸਾਨੂੰ ਅੱਗੇ ਪਹੁੰਚਦਾ ਕਰੋ। ਭਾਵ ਏਰੀਆ ਜਿਹੜਾ ਤੁਰਕਾਂ ਦਾ ਉਹ ਅਸੀਂ ਪਾਰ ਕਰ ਜਾਈਏ। ੧੧।

ਚੌਪਈ॥ ਘੋੜੀ ਘਰ ਕੀ ਹਮ ਕੋ ਦੇਹ॥ ਤੇਰੇ ਘਰ ਜੋ ਘੋੜੀ ਹੈ ਉਹ ਸਾਨੂੰ ਹਾਜ਼ਰ ਕਰ ਦੇ।

ਹਮ ਤੁਮ ਦਰਬ ਘਣੀ ਭਰ ਦੇਂਹ॥ ਅਸੀਂ ਤੈਨੂੰ ਉਸ ਘੋੜੀ ਦਾ ਬਹੁਤਾ (ਮੁੱਲ) ਧਨ ਦੇ ਦੇਂਦੇ ਹਾਂ। ਘੋੜੀ ਦੀ ਬੜੀ ਭਾਰੀ ਕੀਮਤ ਤਾਰ ਦੇਂਦੇ ਹਾਂ।

ਬੁਰੈ ਦਿਵਸ ਸੁ ਤਬ ਤਿਹ ਆਏ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਬੁਰੀ ਸਾਇਤ ਆ ਗਈ ਇਸਦੀ, ਉਸ ਵੇਲੇ ਫੱਤੇ ਮਸੰਦ ਦੇ ਬੁਰੇ ਦਿਨ ਆ ਗਏ।

ਕਹਯ ਘੋੜੀ ਦੇਇ ਹਮ ਚੜੈਂ ਫਾਹੇ॥੧੨॥ ਔਖਾ ਹੋ ਗਿਆ ਕਿ ਹੁਣ ਮੇਰਾ ਗੁਰੂ ਕੀ ਕਰ ਲੈਣਗੇ, ਮੈਂ ਆਪ ਦੇ ਪਿੰਡ ਵਿਚ ਬੈਠਾਂ ਇਸ ਤਰ੍ਹਾਂ ਕਰ ਕਹਿਣ ਲੱਗਾ ਤੁਹਾਨੂੰ ਘੋੜੀ ਦੇ ਕੇ ਮੈਂ ਫਾਹੇ ਚੜ੍ਹਨਾਂ, ਤੁਰਕ ਮੈਨੂੰ ਫੜ ਲੈਣਗੇ, ਫਾਂਸੀ ਦੇ ਦੇਣਗੇ। ੧੨।

ਤਬ ਸਤਿਗੁਰ ਐਸੇ ਉਸ ਕਹਯੋ॥ ਤਦੋਂ ਸਤਿਗੁਰਾਂ ਨੇ ਉਸਨੂੰ ਇਸ ਤਰ੍ਹਾਂ ਕਿਹਾ।

ਤੂੰ ਮਰਨੋ ਫਾਹਯੋ ਅਬ ਕਬ ਰਹਯੋ॥ ਭਲਾ ਹੁਣ ਤੂੰ ਬਚ ਰਹੇਂਗਾ, ਹੁਣ ਤੈਨੂੰ ਫਾਹਾ ਨਹੀਂ ਲੱਗੇਗਾ, ਸਾਨੂੰ ਘੋੜੀ ਨਾ ਦੇ ਕੇ। ਜਦੋਂ ਤੇਰੀ ਮੰਗ ਹੀ ਏਹੀ ਹੈ ਫਾਹੇ ਲੱਗਣ ਦੀ, ਹੁਣ ਤੂੰ ਫਾਹੇ ਲੱਗ ਕੇ ਮਰਨੋਂ ਹੁਣ ਕਿਵੇਂ ਰਹਿ ਜਾਵੇਗਾ ਭਾਵ ਨਹੀਂ ਰਹੇਗਾ ਅਵੱਸ਼ ਫਾਹੇ ਲੱਗੇਗਾ।

ਸੋ ਲਹੌਰ ਜਾਇ ਫਾਹੈ ਚਰਯੋ॥ ਕੋਈ ਐਸਾ ਕੇਸ ਬਣਿਆਂ ਇਹਦੇ ਉੱਤੇ, ਇਹਦੇ ਤੇ ਮੁੱਕਦਮਾ ਬਣ ਗਿਆ ਤੇ ਲਾਹੌਰ

ਚਲਿਆ ਗਿਆ ਫੈਸਲਾ ਇਹਦਾ, ਹਾਕਮਾਂ ਨੇ ਫੜ ਕੇ ਉਸੇ ਵੇਲੇ ਇਸਨੂੰ ਮੌਤ ਦਾ ਹੁਕਮ ਦੇ ਦਿੱਤਾ, ਫਾਹੇ ਲਾ ਦਿੱਤਾ।

ਸਤਿਗੁਰ ਬਚਨ ਨ ਉਸ ਤੈ ਟਰਯੋ॥੧੩॥ ਸਤਿਗੁਰੂ ਜੀ ਦਾ ਉਸ ਤੋਂ ਬਚਨ ਨਹੀਂ ਟਲਿਆ, ਅਟੱਲ ਰਿਹਾ। ੧੩।

ਤੁਰ ਸਤਿਗੁਰ ਜਬ ਆਗੈ ਧਏ॥ ਇਥੋਂ ਕਨੇਚ ਤੋਂ ਤੁਰ ਕੇ ਜਦੋਂ ਅੱਗੇ ਨੂੰ ਚਲੇ ਹਨ।

ਸ੍ਰਾਇ ਦੁਰਾਹਿ ਤੁਰਕਨ ਘਿਰਵਏ॥ ਜਦੋਂ ਦਿਲੀਓਂ ਆਈਏ ਇਹ ਸਰਾਵਾਂ ਸ਼ੇਰ ਸ਼ਾਹ ਸੂਰੀ ਨੇ ਬਣਾਈਆਂ ਸਨ। ਇਹ ਸੜਕ ਵੀ ਜਿਹੜੀ ਪਹਿਲੀ ਸੀ ਛੋਟੀ ਇੱਟ ਦੀ ਪੁਰਾਣਿਆਂ ਸਿੱਖਾਂ ਨੇ ਵੇਖੀਆਂ ਹੋਣੀਆਂ ਨੇ ਕਿਸੇ ਕਿਸੇ ਏਰੀਏ ਵਿਚ ਛੋਟੀ ਇੱਟ ਦੀ ਸੜਕ ਹੁੰਦੀ ਸੀ। ਦੁਰਾਹੇ ਦੀ ਸਰਾਂ ਵਿਚ ਤੁਰਕਾਂ ਦੀ ਫੌਜ ਸੀ, ਇਥੇ ਮਹਾਰਾਜ ਜੀ ਜਦ ਪਹੁੰਚੇ, ਤਾਂ ਤੁਰਕ ਫੌਜ ਨੇ ਸਤਿਗੁਰਾਂ ਨੂੰ ਘੇਰ ਲਿਆ।

ਕਹੈਂ 'ਪੀਰ ਹਮ ਜ਼ਯਾਫਤ ਖਾਏ॥ ਫੌਜਦਾਰ ਨੇ ਪੁਛਣਾ ਕੀਤਾ ਇਹ ਪੀਰ ਕਿਧਰ ਨੂੰ ਜਾ ਰਹੇ ਹਨ, ਕਹਿੰਦੇ ਉੱਚ ਦੇ ਪੀਰ ਨੇ ਜੀ। ਇਹ ਫੌਜਦਾਰ ਕਹਿਣ ਲੱਗਿਆ ਸਾਡੀ (ਜ਼ਯਾਫਤ) ਨਿਉਂਦਾ, ਸਾਡਾ ਨਿਉਂਦਾ ਛਕਣ। ਅੱਜ ਪ੍ਰਸ਼ਾਦ ਇਥੇ ਛਕਣ, ਤੁਹਾਡੇ ਪੀਰ ਸਾਡੇ ਵੀ ਪੀਰ ਨੇ।

ਅਬ ਇਕ ਰਾਤ ਈਹਾਂ ਰਹਿ ਜਾਏ'॥੧੪॥ ਹੁਣ ਇੱਕ ਰਾਤ ਸਾਡੇ ਕੋਲ ਜ਼ਰੂਰ ਰਹਿ ਕੇ ਜਾਓ, ਅਸੀਂ ਸੇਵਾ ਕਰਾਂਗੇ ਪੀਰਾਂ ਦੀ। ੧੪।

ਤੌ ਸੱਯਦ ਪਠਾਣ ਇਮ ਗਲ ਬਾਮੰ॥ ਨਾਲ ਮਾਛੀਵਾੜੇ ਦੇ ਨੇੜੇ ਦੇ ਪਿੰਡ ਦਾ ਇਕ ਸੱਯਦ ਸੀ ਮਹਾਰਾਜ ਦਾ ਸੇਵਕ ਦੋ ਪਠਾਣ ਨਬੀ ਖਾਂ ਤੇ ਗ਼ਨੀ ਖਾਂ ਸਨ। ਇਹਨਾਂ ਨੂੰ ਪਤਾ ਸੀ ਗੁਰੂ ਸਾਹਿਬ ਤਾਂ ਗੁਰੂ ਨਾਨਕ ਦੀ ਜੋਤ ਹਨ, ਇਹਨਾਂ ਨਹੀਂ ਖਾਣਾ ਤੁਰਕਾਂ ਦਾ ਇਹ ਗੱਲ ਠੀਕ ਨਹੀਂ। ਉਹਨਾਂ ਟਾਲਾ ਕੀਤਾ ਕਹਿਣ ਲੱਗੇ ਹਨ।

'ਪੀਰ ਹਮਾਰੈ ਰੋਜੋ ਮੁਦਾਮੰ॥ (ਰੋਜੋ ਮੁਦਾਮੰ) ਭਾਵ ਰੋਜੇ ਰੱਖੇ ਹੋਏ ਸਾਡੇ ਪੀਰਾਂ ਦੇ, ਰੋਜੇ ਕਹਿੰਦੇ ਨੇ ਵਰਤ ਨੂੰ ਜਿਵੇਂ ਹਿੰਦੂ ਵਰਤ ਕਹਿ ਲੈਂਦੇ ਨੇ ਮੁਸਲਮਾਨ ਉਸਨੂੰ ਰੋਜ਼ਾ ਕਹਿੰਦੇ ਨੇ, ਇਹ ਸਾਰਾ ਦਿਨ ਕੋਈ ਚੀਜ਼ ਨਹੀਂ ਖਾਂਦੇ। ਰਾਤ ਨੂੰ ਚੰਦ੍ਰਮਾਂ ਵੇਖ ਕੇ ਰੋਜ਼ਾ ਖੋਲ੍ਹਦੇ ਨੇ, ਸਾਰਾ ਦਿਨ ਕੋਈ ਚੀਜ਼ ਨਹੀਂ ਖਾਣੀ ਪੀਣੀ। ਇਉਂ ਇਹਨਾਂ ਨੇ ਬਹਾਨਾ ਲਾਇਆ ਹੈ ਕਿ ਪੀਰ ਸਾਹਿਬ ਨੇ ਰੋਜੇ ਰੱਖੇ ਹੋਏ ਨੇ।

ਇਕ ਜੌਂ ਸੇਤੀ ਰੋਜੋ ਖੋਲੈਂ॥ ਹੋਰ ਕੁਛ ਨਹੀਂ ਖਾਂਦੇ, ਇਕ ਜੌਂ ਰੋਜ਼ ਖਾਂਦੇ ਨੇ, ਇਕੋ ਹੀ ਦਾਣਾ, ਉਹਦੇ ਨਾਲ ਰੋਜ਼ਾ ਖੋਲ੍ਹ ਲੈਂਦੇ ਨੇ।

ਫੜ ਤਸਬੀ ਮੁਖੋਂ ਥੋੜੇ ਬੋਲੈ॥ ੧੫॥ (ਤਸਬੀ) ਮਾਲਾ ਫੜ ਕੇ ਭਜਨ ਹੀ ਕਰੀ ਜਾਂਦੇ ਨੇ, ਬੰਦਗੀ ਕਰੀ ਜਾਂਦੇ ਨੇ, ਮੁਖੋਂ ਬਿਲਕੁਲ ਥੋੜਾ ਬੋਲਦੇ ਨੇ, ਜਿਆਦਾ ਬੋਲਦੇ ਵੀ ਨਹੀਂ। ੧੫।

ਔਰ ਮੁਰੀਦ ਖਾਇ ਜਾਂਹ ਜ਼ਰੂਰ'॥ ਹੋਰ ਮੁਰੀਦ ਜਿਹੜੇ ਨੇ ਨਾਲ, ਗ਼ਨੀ ਖਾਂ, ਨਬੀ ਖਾਂ ਨੇ ਕਿਹਾ ਅਸੀਂ ਜ਼ਰੂਰ ਖਾਵਾਂਗੇ, ਸਾਡੇ ਪੀਰ ਨਹੀਂ ਛਕਦੇ, ਜਦ ਇਹ ਬਚਨ ਹੋਇਆ।

ਬਿਧੀ ਬਣਾਈ ਐਸ ਸ਼ਹੂਰ॥ ੧੬॥ (ਸ਼ਹੂਰ) ਭਾਵ ਹੋਸ਼ ਕਰਕੇ ਸਿਆਣਪ ਕਰਕੇ, ਉਹਨਾਂ ਨੇ ਵਿਧੀ ਬਣਾਈ ਸਤਿਗੁਰਾਂ ਨੂੰ ਬਚਾਈਏ, ਇਹ ਭੋਜਨ ਤੁਰਕਾਂ ਦਾ ਸਤਿਗੁਰਾਂ ਨੇ ਛਕਣਾ ਨਹੀਂ, ਕੋਈ ਭੇਦ ਨਾ ਖੁੱਲ੍ਹ ਜਾਵੇ। ੧੬।

ਦੋਹਰਾ॥ ਤੌ ਸਿਖਨ ਭੋ ਖਾਇਓ, 'ਅਬ ਹਮ ਭੀ ਭਵਗੁ ਹਵਾਲ॥ ਸਤਿਗੁਰਾਂ ਦੇ ਨਾਲ ਸਿੰਘ ਹਨ, ਭਾਈ ਦਇਆ ਸਿੰਘ, ਭਾਈ ਧਰਮ ਸਿੰਘ ਅਤੇ ਭਾਈ ਮਾਨ ਸਿੰਘ ਹਨ। ਉਨ੍ਹਾਂ ਨੇ ਵਿਚਾਰ ਕੀਤਾ ਓ ਹੋ! ਫੇਰ ਮੁਰੀਦਾਂ ਵਿਚ ਤਾਂ ਅਸੀਂ ਵੀ ਆਵਾਂਗੇ, ਕਿਉਂਕਿ ਸਾਰਿਆਂ ਨੇ ਮੁਸਲਮਾਨੀ ਸਰੂਪ ਬਣਾਇਆ ਹੋਇਆ ਸੀ, ਸਾਡਾ ਕੀ ਹਵਾਲ ਹੋਊਗਾ ਸਾਨੂੰ ਖਾਣਾ ਪਊਗਾ, ਤੁਰਕਾਂ ਦੇ ਫੇਰ ਸਾਡੇ ਧਰਮ ਦੀ ਕੀ ਬਚਤ ਹੋਵੇਗੀ, ਇਉਂ ਫ਼ਿਕਰ ਹੋਇਆ ਸਿੰਘਾਂ ਨੂੰ।

ਅਬ ਧਰਮ ਹਮਾਰੋ ਕਿਮ ਰਹੈ, ਗੁਰ ਸੋਂ ਔ ਜਗ ਨਾਲ' ॥੧੭॥ ਹੁਣ ਸਾਡਾ ਧਰਮ ਕਿਵੇਂ ਬਚੇਗਾ, ਸਤਿਗੁਰਾਂ ਨਾਲ ਅਤੇ ਸੰਸਾਰ ਦੇ ਉਤੇ। ਸਾਡਾ ਧਰਮ ਨਹੀਂ ਤੁਰਕਾਂ ਦਾ ਖਾਣਾ, ਤੁਰਕ ਹਿੰਦੂਆਂ ਦਾ ਵੀ ਖਾ ਲੈਂਦੇ ਨੇ, ਸਿੱਖਾਂ ਦਾ ਵੀ ਖਾ ਲੈਂਦੇ ਨੇ। ਲੇਕਿਨ ਸਾਡੇ ਧਰਮ ਵਿਚ ਤਾਂ ਬਹੁਤੀ ਮਨਾਹੀ ਹੈ ਅਸੀਂ ਨਹੀਂ ਖਾ ਸਕਦੇ। ਇਉਂ ਸਿਖਾਂ ਨੇ ਕਿਹਾ ਆਹ ਤਾਂ ਮੁਸ਼ਕਲ ਬਣੀ, ਸਾਨੂੰ ਖਾਣਾ ਪਵੇਗਾ ਇਹਨਾਂ ਦਾ। ੧੭।

ਚੌਪਈ॥ ਤੌ ਸਤਿਗੁਰ ਉਨ ਦਯੋ ਫੁਰਮਾਇ॥ ਸਤਿਗੁਰਾਂ ਕੋਲ ਬੇਨਤੀ ਕੀਤੀ, ਕਿ ਸੱਚੇ ਪਾਤਸ਼ਾਹ ਜੀ, ਸਾਡੀ ਹਾਲਤ ਕੀ ਹੋਵੇਗੀ, ਅਸੀਂ ਕਿਵੇਂ ਬਚਾਂਗੇ, ਤਾਂ ਸਤਿਗੁਰੂ ਜੀ ਨੇ ਸਿੰਘਾਂ ਨੂੰ ਹੁਕਮ ਕੀਤਾ।

'ਲਯੋ ਸਰਬਲੋਹ ਕਰਦ ਫਿਰਾਇ॥ ਸਿੰਘੋ! ਸ਼ੰਕਾ ਨਾ ਕਰੋ, ਭੋਜਨ ਤੁਹਾਡੇ ਪਾਸ ਲੈ ਕੇ ਆਉਣ ਛਕਣ ਵਾਸਤੇ ਤਾਂ ਸ਼ੰਕਾ ਨਹੀਂ ਕਰਨੀ, ਸਰਬਲੋਹ ਦੀ ਕ੍ਰਿਪਾਨ ਭੇਟ ਕਰ ਲੈਣੀ ਉਹਦੇ ਵਿਚ।

ਜੋਰ ਜੁਲਮ ਸੰਗ ਤੁਰਕ ਨ ਹੋਇ॥ ਜ਼ੁਲਮ ਕਰਕੇ ਧੱਕੇ ਨਾਲ ਤੁਰਕ ਨਹੀਂ ਹੋ ਸਕਦਾ ਕੋਈ।

ਤੌ ਹੋ ਤੁਰਕ ਸੰਗ ਤੁਰਕਨੀ ਹੋਇ॥੧੮॥ ਤੁਰਕ ਕਿਵੇਂ ਬਣਦਾ ਹੈ? ਜੇ (ਤੁਰਕਨੀ) ਮੁਸਲੀ ਦਾ ਸੰਗ ਕਰੇ, ਇਹ ਮਨ ਦੀ ਖੇਡ ਹੈ ਮਨ ਜਦੋਂ ਕਰੇਗਾ, ਮਨ ਕਰਕੇ ਉਹ ਤੁਰਕ ਹੋ ਸਕਦਾ ਹੈ, ਆਪ ਹੋਊਗਾ ਜਾਣਕੇ। ਜੋ (ਤੁਰਕਣੀ) ਮਲੇਛਣੀ ਦਾ ਸੰਗ ਕਰੇਗਾ ਸਿੱਖ, ਇਸੇ ਵਾਸਤੇ ਪਰ ਇਸੜ੍ਹੀ ਮਨ੍ਹਾ ਹੈ ਸਿੱਖ ਨੂੰ ਤੇ ਤੁਰਕਣੀ ਦਾ ਤਾਂ ਖਾਸ ਕਰਕੇ, ਧਰਮ ਵਿਚ ਦਖਲ ਹੁੰਦਾ ਹੈ। ੧੮।

ਇੱਕ ਔਰ ਗਲ ਕਰਤ ਪਤਯਾਇਓ॥ ਤੁਹਾਡੇ ਮਨ ਵਿਚ ਪ੍ਰਤਿਆਵਾ ਆ ਜਾਵੇ ਤੁਹਾਨੂੰ ਪਤਾ ਲੱਗ ਜਾਏ, ਅਸੀਂ ਨਹੀਂ ਇਨ੍ਹਾਂ ਦਾ ਖਾਧਾ ਪੀਤਾ ਤੇ ਇਉਂ ਕਰ ਲਿਉ ਤੁਸੀਂ।

ਪੱਲੇ ਬਾਂਧ ਕੁਛ ਖਾਣਾ ਲਯਾਇਓ॥ ਜਦੋਂ ਖਾਣਾ ਤੁਹਾਡੇ ਕੋਲ ਆਵੇ ਉਦੋਂ ਆਪਣੇ ਪੱਲੇ ਬੰਨ੍ਹ ਲਿਉ ਥੋੜਾ ਜਿਹਾ ਤੇ ਆਪਣੇ ਨਾਲ ਲਿਆਇਓ।

ਜੇ ਤੁਮਰੋ ਕੁਝ ਮਨ ਸੰਕਾਇ॥ ਜੇ ਫੇਰ ਤੁਹਾਡੇ ਮਨ ਵਿਚ ਕੋਈ ਸ਼ੰਕਾ ਰਹਿ ਗਈ, ਫੇਰ ਇਉਂ ਕਰ ਲਉ।

ਪੰਜ ਚੁੱਭੇ ਲਯੋ ਅੰਮ੍ਰਿਤਸਰ ਲਾਇ' ॥੧੯॥ ਫੇਰ ਅੰਮ੍ਰਿਤਸਰ ਸਰੋਵਰ ਦੇ ਵਿਚ ਪੰਜ ਪੰਜ ਚੁੱਭੇ ਲਾ ਲਇਓ, ਇਸ਼ਨਾਨ ਕਰ ਲਉ ਸਣ ਕੇਸ਼ੀ ਚੁੱਭੇ ਲਾ ਕੇ। ੧੯।

ਸੋਊ ਡਉਰ ਸਿੱਖਨ ਕਰ ਲਈ॥ ਉਈ ਡਉਲ ਉਹ ਤਰੀਕਾ ਸਿੰਘਾਂ ਨੇ ਕੀਤਾ ਹੈ ਜਦੋਂ ਭੋਜਨ ਆਇਆ ਹੈ, ਮੁਸਲਮਾਨਾਂ ਦੇ ਨਾਲ ਬੈਠੇ ਹਨ ਗੁਰਸਿਖ।

ਤੁਰਕਨ ਕਹੀ 'ਕਿਮ ਕਰਦ ਛੁਹਈ'॥ ਸਿੰਘਾਂ ਨੇ ਕ੍ਰਿਪਾਨ ਕੱਢੀ ਤੇ ਭੇਟਾ ਕਰ ਲਈ, ਇਹ ਵੇਖ ਕੇ ਤੁਰਕ ਕਹਿਣ ਲੱਗੇ ਆਹ ਕੀ ਕੀਤਾ, ਇਹ ਕਰਦ ਤੁਸਾਂ ਕਿਉਂ ਛੁਹਾਈ ਹੈ ਖਾਣੇ ਨੂੰ।

ਕਹੀ ਪਠਾਣ 'ਸ਼ਰ੍ਹਾ ਅਈ ਨਈ॥ ਗ਼ਨੀ ਖਾਂ ਨਬੀ ਖਾਂ ਬੋਲੇ ਨੇ ਔਰ ਸੱਯਦ ਪੀਰ ਸਾਹਿਬ, ਕਹਿਣ ਲੱਗੇ ਜੀ ਨਵੀਂ ਸ਼ਰ੍ਹਾ ਚਲੀ ਹੈ, ਅਜੇ ਏਧਰ ਨਹੀਂ ਆਈ ਇਹ ਗੱਲ ਅਸੀਂ ਉਧਰੋਂ ਜਿਉਂ ਆਏ ਹਾਂ ਮੱਕੇ ਮਦੀਨੇ ਵਲੋਂ ਇਹ ਨਵੀਂ ਸ਼ਰ੍ਹਾ ਚਲਾਈ ਹੈ। ਉਥੇ ਹਾਜੀਆਂ ਨੇ ਰਲਕੇ।

ਧਰਮ ਕੀਯੋ ਅਬ ਹਾਜੀਅਨ ਮਈ' ॥੨੦॥ ਹਾਜੀਆਂ ਵਿਚ ਇਹ ਗੱਲ ਪ੍ਰਸਿੱਧ ਹੋਈ ਹੈ ਅੱਗੇ ਵਾਸਤੇ ਇਉਂ ਕਰਦ ਲਾ ਕੇ, ਕਿਉਂਕਿ ਇਹ ਵੀ ਕਰਦ ਨਾਲ ਜਿਬਹਾ ਕਰਦੇ ਨੇ, ਛੁਰੀ ਨਾਲ ਜਿਬਹ ਕਰਦੇ ਨੇ ਉਹਨੂੰ ਹਲਾਲ ਸਮਝਦੇ ਨੇ, ਕਹਿਣ ਲੱਗੇ ਇਹ ਨਵਾਂ ਤਰੀਕਾ ਮੱਕੇ ਵਿਚ ਹਾਜੀਆਂ ਨੇ ਬੈਠਕੇ, ਨਵੀਂ ਸ਼ਰ੍ਹਾ ਬਣਾਈ ਹੈ ਕਿ ਅੱਗੇ ਨੂੰ ਜਦੋਂ ਖਾਣਾ ਖਾਣਾ ਹੋਵੇ ਉਦੋਂ ਕਰਦ ਭੇਟ ਕਰਕੇ ਖਾਇਆ ਕਰੋ। ੨੦।

ਪ੍ਰਾਤ ਖੋਹਲ ਕਰ ਦੇਖਯੋ ਖਾਨਾ॥ ਖਾਣਾ ਖਾ ਕੇ ਆ ਗਏ ਨੇ ਗੁਰਸਿਖ, ਸੰਸੇ ਵਿਚ ਸਨ, ਅੰਮ੍ਰਿਤ ਵੇਲੇ ਖੋਹਲ ਕੇ ਦੇਖਿਆ ਹੈ ਉਹ ਭੋਜਨ।

ਕੜਾਹ ਚਾਵਲ ਦਿਖੁ ਮਨ ਪਤੀਆਣਾ॥ ਜਦੋਂ ਖੋਹਲ ਕੇ ਵੇਖਿਆ ਤਾਂ ਕੜਾਹ ਪ੍ਰਸ਼ਾਦ ਤੇ ਚਉਲ, ਇਹ ਦੇਖ ਕੇ ਮਨ ਨੂੰ ਤਸੱਲੀ ਹੋ ਗਈ, ਕਿ ਸਤਿਗੁਰਾਂ ਨੇ ਉਹ ਖਾਣਾ ਆਪਣੀ ਕਲਾ ਨਾਲ ਸਾਡੇ ਅਗਿਓਂ ਚੁੱਕ ਲਿਆ, ਇਹ ਚਉਲ ਪ੍ਰਸ਼ਾਦ ਸਾਨੂੰ ਮਿਲਿਆ ਹੈ ਇਹ ਛਕਿਆ ਹੈ, ਇਸ ਤਰ੍ਹਾਂ ਮਨ ਦੀ ਸ਼ੰਕਾ ਦੂਰ ਹੋ ਗਈ।

ਊਹਾਂ ਤੈ ਤੁਰ ਮੋਹੀ ਗਏ॥ ਉਥੋਂ ਦੋਰਾਹੇ ਦੀ ਸਰਾਂ ਤੋਂ ਤੁਰਕੇ ਹੋਰ ਪਿੰਡਾਂ ਵਿਚ ਦੀ ਹੁੰਦੇ ਹੋਏ ਮੋਹੀ ਪਿੰਡ ਗਏ ਹਨ ਸਤਿਗੁਰੂ ਜੀ।

ਜਟਪੁਰ ਲੰਮੀ ਲੰਘ ਭਗਤੇ ਠਏ॥੨੧॥ ਲੰਮਾ ਜੱਟ ਪੁਰਾ ਲੰਘ ਕੇ ਅੱਗੇ ਭਗਤੇ ਜਾ ਕੇ ਪੜਾਉ ਕੀਤਾ ਹੈ, ਸ੍ਰੀ ਦਸ਼ਮੇਸ਼ ਜੀ ਨੇ। ੨੧।

ਸਾਖੀ ਕਾਂਗੜ ਤਪੇ ਦੀਨੇ ਕਿਆਂ ਕੀ

(ਲਖਮੀਰ ਪਾਸ ਡੇਰਾ, ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ)

ਦੋਹਰਾ॥ ਤੌ ਸ੍ਰੀ ਸਤਿਗੁਰ ਤੁਰ ਪੁਜੇ, ਕਾਂਗੜ ਤੱਪੇ ਜਾਇ॥ ਸਤਿਗੁਰ ਜੀ ਅੱਗੇ ਚਲੇ ਆ ਰਹੇ ਨੇ, ਤੁਰ ਕਾਂਗੜ, ਤਪੇ ਜਾ ਪੁੱਜੇ ਹਨ।

ਦੀਨੈ ਕੀ ਢਿਗ ਪਿੰਡ ਮਧੇ, ਹੁਤ ਲਖਮੀਰ ਤਿਹ ਗਾਇ॥੧॥ ਦੀਨਾ ਤੇ ਕਾਂਗੜ ਦੋ ਪਿੰਡ ਨੇ ਇਥੇ ਕੋਲ ਹੀ, ਇਹ ਲਖਮੀਰ ਇਸ ਇਲਾਕੇ ਦਾ ਮਾਲਕ ਸੀ, ਵੱਡਾ ਘਰ ਸੀ ਇਹਨਾਂ ਦਾ। ੧।

ਚੌਪਈ॥ਤਿਸ ਚੁਬਾਰੇ ਜਾ ਸਤਿਗੁਰ ਬਹੇ॥ ਪਹਿਲੋਂ ਇਥੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇਹਨਾਂ ਦੇ ਵੱਡਿਆਂ ਨੂੰ ਆ ਕੇ ਨਿਵਾਜਿਆ ਸੀ, ਹੁਣ ਦਸਮੇਸ਼ ਗੁਰ ਜੀ ਵੀ ਇਹਨਾਂ ਦੇ ਚੌਬਾਰੇ ਵਿਚ ਉਤਰੇ ਹਨ।

ਆ ਲਖਮੀਰ ਚਰਨ ਤਿਹ ਗਹੇ॥ ਲਖਮੀਰ ਨੂੰ ਪਤਾ ਲੱਗਿਆ ਸਤਿਗੁਰੂ ਜੀ ਆ ਗਏ ਨੇ ਸ੍ਰੀ ਅਨੰਦਪੁਰ ਸਾਹਿਬ ਤੋਂ, ਜਾ ਕੇ ਚਰਨ ਫੜ ਲਏ ਮਹਾਰਾਜ ਦੇ, ਨਮਸਕਾਰ ਕੀਤੀ।

ਸਤਿਗੁਰ ਖੁਸੀ ਅਗਯੋਂ ਉਸ ਦਈ॥ ਸਤਿਗੁਰਾਂ ਨੇ ਖੁਸ਼ੀਆਂ ਦਿੱਤੀਆਂ ਵਰ ਦਾਨ ਦਿੱਤਾ ਹੈ, ਆਸ਼ੀਰਵਾਦ ਦਿੱਤਾ ਹੈ ਉਸਨੂੰ।

ਔਰ ਹਕੀਕਤ ਉਸ ਯੌਂ ਕਹੀ॥੨॥ ਹੋਰ ਹਕੀਕਤ ਉਸਨੂੰ ਇਸ ਤਰ੍ਹਾਂ ਕਹੀ ਹੈ। ੨।

'ਜੌ ਤੂੰ ਟਿਕਾਇ ਸਕੈਂ ਹਮ ਪਾਹਿ॥ ਕਿਉਂਕਿ ਗੁਲਾਬਾ ਵੀ ਸਿਦਕ ਤੋੜ ਗਿਆ ਸੀ, ਫੱਤਾ ਵੀ ਸਿਦਕੋਂ ਹਾਰ ਗਿਆ, ਜਿਥੇ ਜਾਂਦੇ ਸਨ, ਬੇ-ਸਿਦਕੇ ਸਿਖ ਹੋ ਗਏ ਸਨ, ਸਾਰੇ ਮਹਾਰਾਜ ਨੂੰ ਕਹਿਣ ਅੱਗੇ ਚਲੋ ਜੀ ਹੁਣ ਕਿਰਪਾ ਕਰੋ ਜੀ, ਸਾਰਿਆਂ ਨੇ ਕਿਹਾ ਮਹਾਰਾਜ ਅੱਗੇ ਚੱਲੋ, ਭਾਵ ਸਾਡੇ ਤੇ ਨਾ ਮੁਸੀਬਤ ਆ ਜਾਏ, ਗੁਰੂਆਂ ਤੇ ਮੁਸੀਬਤ ਪਈ ਹੈ ਇਉਂ ਜਾਣਿਆ ਸਭ ਨੇ।

ਇਥੇ ਜਦੋਂ ਆਏ ਮਹਾਰਾਜ ਜੀ ਤਾਂ ਉਸਨੂੰ ਕਿਹਾ ਭਾਈ ਜੇ ਤੂੰ ਸਾਨੂੰ ਅਟਕਾ ਸਕਦਾ ਹੈ ਤਾਂ ਸਾਨੂੰ ਦੱਸ ਦੇ ਨਹੀਂ ਤਾਂ ਅਸੀਂ ਅੱਗੇ ਹੋ ਜਾਂਦੇ ਹਾਂ, ਜਦੋਂ ਇਸ ਤਰ੍ਹਾਂ ਸਤਿਗੁਰੂ ਜੀ ਨੇ ਲਖਮੀਰ ਨੂੰ ਕਿਹਾ।

ਤੌ ਹਮ ਕਿਛ ਕਟਹੈਂ ਦਿਨ ਯਾਹਿ॥ ਫੇਰ ਤਾਂ ਅਸੀਂ ਕੁਛ ਦਿਨ ਕੱਟੀਏ ਏਥੇ, ਰਹੀਏ ਅਟਕੀਏ, ਜੇ ਨਹੀਂ ਅਟਕਾ ਸਕਦਾ ਤਾਂ ਹੁਣੇ ਦਸ ਦੇ।

ਕਹੀ ਲਖਮੀਰ ਹੂੰ ਹਮ ਸਿਰ ਕੈ ਸਾਥ'॥ ਤਾਂ ਲਖਮੀਰ ਕਹਿਣ ਲੱਗਿਆ ਮਹਾਰਾਜ ਸਾਡੇ ਸਿਰ ਨਾਲ ਸੋਦੇ ਨੇ, ਜਿੰਨਾਂ ਚਿਰ ਸਾਡੇ ਧੜਾਂ 'ਤੇ ਸਿਰ ਨੇ, ਉਨਾਂ ਚਿਰ ਆਪ ਏਥੇ ਰਹੋ ਮਹਾਰਾਜ ਤੁਹਾਡਾ ਆਪਣਾ ਘਰ ਹੈ, ਤੁਹਾਡੀਆਂ ਬਖਸ਼ਸ਼ਾਂ ਹਨ, ਤੁਹਾਡੇ ਸੇਵਕ ਹਾਂ ਅਸੀਂ।

ਹਾਥ ਜੋੜ ਉਨ ਯੌਂ ਕਹੀ ਬਾਤ॥੩॥ ਹੱਥ ਜੋੜ ਕੇ ਬੇਨਤੀ ਕੀਤੀ ਸੱਚੇ ਪਾਤਸ਼ਾਹ! ਸਾਡਾ ਇਹਦੇ ਵਿਚ ਕੁਛ ਨਹੀਂ, ਅਸੀਂ ਦੁਸ਼ਮਣ ਦੇ ਨਾਲ ਟਾਕਰਾ ਕਰਾਂਗੇ, ਆਵੇ ਕਿਹੜਾ ਆਉਂਦਾ ਏਥੇ, ਸਰਹੰਦੀ ਜਾਂ ਕੋਈ ਹੋਰ ਤੁਸੀਂ ਨਿਸਚਿੰਤ ਹੋ ਕੇ ਆਪਣਾ ਘਰ ਸਮਝ ਕੇ ਏਥੇ ਰਹੋ। ੩।

ਊਹਾਂ ਸਤਿਗੁਰ ਪ੍ਰਗਟ ਹੁਇ ਬਹੇ॥ ਲਖਮੀਰ ਦੇ ਪਾਸ ਫੌਜ ਵੀ ਸੀ, ਮਹਾਰਾਜ ਸੱਚੇ ਪਾਤਸ਼ਾਹ ਜੀ ਨੇ ਇਥੇ ਪ੍ਰਗਟ ਹੋਣਾ ਕੀਤਾ ਹੈ। ਪਹਿਲੇ ਤਾਂ ਹਾਜੀਆਂ ਵਾਲਾ ਭੇਸ ਬਣਾਇਆ ਸੀ, ਹੁਣ ਮਹਾਰਾਜ ਨੇ ਫੇਰ ਸ਼ਸਤ੍ਰ ਬਸਤ੍ਰ ਧਾਰ ਕੇ ਕਮਰ ਕਸੇ ਲਾ ਕੇ, ਆਪਦਾ ਤਖ਼ਤ ਲਾ ਕੇ ਬੈਠ ਗਏ ਹਨ।

ਸੁਨਿ ਸੁਨਿ ਸਿੰਘ ਤਿਹ ਥਾਂ ਬਹੁ ਅਏ॥ ਇਹ ਖ਼ਬਰਾਂ ਦਾ ਸਿੰਘਾਂ ਨੂੰ ਪਤਾ ਲੱਗਿਆ, ਕਿਉਂਕਿ ਪਿਛੋਂ ਵੀ ਆ ਰਹੇ ਨੇ ਸਿੰਘ ਜਿਹੜੇ ਬਚੇ ਖੁਚੇ ਸਨ, ਜਿਹੜੇ ਅੰਨਦਪੁਰ ਸਾਹਿਬ ਦਾ ਘੇਰਾ ਪੈਣ ਤੋਂ ਪਹਿਲਾਂ ਘਰਾਂ ਨੂੰ ਗਏ ਸਨ ਉਹਨਾਂ ਨੂੰ ਵੀ ਪਤਾ ਲੱਗਿਆ , ਇਉਂ ਪਤਾ ਲੈ ਕੇ ਸਿੰਘਾਂ ਨੇ ਏਧਰ ਨੂੰ ਵਹੀਰ ਘੱਤੇ ਆਏ ਚਲੀਏ ਸਤਿਗੁਰਾਂ ਦੇ ਚਰਨਾਂ ਵਿਚ ਹਾਜ਼ਰ ਹੋਈਏ ਸੇਵਾ ਕਰੀਏ।

ਔਰ ਸੁਨੋ ਜੋ ਪਿਛਲਨ ਭਈ॥ ਇਹ ਹੁਣ ਪਿਛੇ ਨੂੰ ਕਥਾ ਗਈ ਹੈ ਜਦੋਂ ਅਨੰਦਪੁਰ ਸਾਹਿਬ ਤੋਂ ਚਲੇ ਮਹਾਰਾਜ, ਪਿਛਲਾ ਅਜੇ ਕੋਈ ਇਤਿਹਾਸ ਨਹੀਂ ਦਿੱਤਾ, ਪਿਛੇ ਕੀ ਹੋਇਆ, ਭਾਈ ਸਾਹਿਬ ਜੀ ਕਹਿੰਦੇ ਹਨ ਹੁਣ ਪਿਛਲਿਆਂ ਨਾਲ ਕੀ ਵਾਪਰਿਆ, ਜਦੋਂ ਸਰਸਾ ਨਦੀ ਤੋਂ ਨਿਖੜੇ ਹਨ ਮਹਾਰਾਜ, ਹੁਣ ਇਹ ਸੁਣੋ ਉਥੋਂ ਲੈ ਕੇ।

ਯੌਂ ਸਾਹਿਬਜ਼ਾਦਨ ਛੋਟਨ ਸਿਰਵਈ॥੪॥ ਜਿਵੇਂ ਛੋਟੇ ਸਾਹਿਬਜ਼ਾਦਿਆਂ ਉਪਰ ਆ ਕੇ ਭਾਣਾ ਵਰਤਿਆ ਕਰਤਾਰ ਦਾ। ਛੋਟੇ ਸਾਹਿਬਜ਼ਾਦਿਆਂ ਤੇ ਮਾਤਾ ਜੀ ਦੇ ਪ੍ਰਸੰਗ ਦਾ ਪਤਾ ਨਹੀਂ ਸੀ ਲੱਗਿਆ, ਕਿ ਉਨ੍ਹਾਂ ਨਾਲ ਕੀ ਵਾਪਰਿਆ ਹੈ ਸੋ ਇਉਂ ਦੱਸਦੇ ਹਨ। ੪।

ਸਰਸਯੋਂ ਭਯੋ ਬਹੁਤੋ ਬਿਚਲਉ॥ ਸਰਸਾ ਨਦੀ ਜਦੋਂ ਲੰਘੇ ਨੇ ਬੜਾ ਬਿਚਲਉ ਹੋ ਗਿਆ, ਭਾਵ ਸਾਰਾ ਪ੍ਰਬੰਧ ਟੁੱਟ ਗਿਆ ਸੀ ਏਥੇ, ਜੋ ਇੰਤਜ਼ਾਮ ਸਤਿਗੁਰ ਜੀ ਬੜੇ ਮਜ਼ਬੂਤੀ ਨਾਲ ਚਲੇ ਆਉਂਦੇ ਸਨ, ਏਥੇ ਆ ਕੇ ਸਾਰਾ ਹੀ ਪ੍ਰਬੰਧ ਹਿੱਲ ਗਿਆ ਸੀ, ਆਪੋ ਧਾਪ ਪੈ ਗਈ ਸੀ ਸਾਰਿਆਂ ਨੂੰ।

ਤੁਰੈ ਊਹਾਂ ਤੇ ਲੋਕ ਨਿਜ ਨਿਜ ਦਉ॥ ਉਧਰ ਆਪੋ ਆਪਣੇ ਦਾਅ ਨਾਲ ਜਿਧਰ ਕਿਸੇ ਦਾ ਮੂੰਹ ਹੋਇਆ ਏਧਰ ਚਲੀਏ ਏਧਰ ਬਚ ਰਹਾਂਗੇ। ਇਥੋਂ ਜਿਤਨੇ ਸਿਖ ਤੁਰੇ ਨੇ, ਜਿੰਨਾਂ ਪ੍ਰਵਾਰ ਤੁਰਿਆ ਹੈ, ਕਬੀਲਾ ਆਪਣਾ ਆਪਣਾ ਰਸਤਾ ਮੱਲਿਆ ਹੈ, ਸਤਿਗੁਰੂ ਜੀ ਅੱਗੇ ਲੰਘ ਚੁੱਕੇ ਸਨ।

ਰੋਪੜ ਤਾਕ ਗੁਰ ਰਖੀ ਸੰਭਾਰਾ॥ ਰੋਪੜ ਤਕ ਤਾਂ ਸਤਿਗੁਰੂ ਜੀ ਨੇ ਸੰਭਾਲ ਕੀਤੀ ਹੈ ਸਿੱਖਾਂ ਦੀ, ਪ੍ਰਵਾਰ ਦੀ ਨਿਗਾਹ ਰੱਖੀ ਹੈ ਸਾਰਿਆਂ ਉਤੇ ਤੇ ਦੁਸ਼ਮਣ ਨੂੰ ਪਿਛੇ ਟਾਲਦੇ ਚਲੇ ਆਏ ਹਨ।

ਲਯਾਏ ਸਤਿਗੁਰ ਵਾਰਨ ਨਾਰਾ॥੫॥ ਸਤਿਗੁਰੂ ਜੀ ਸਾਹਿਬਜ਼ਾਦਿਆਂ ਨੂੰ ਨਾਲ ਲਿਆਏ ਹਨ। ੫।

ਦੋਹਰਾ॥ ਊਹਾਂ ਫੌਜੈਂ ਬਹੁ ਮਿਲੀਂ, ਚਾਰ ਤਰਫ ਤੇ ਆਇ॥ ਏਥੋਂ ਤਾਈਂ ਤਾਂ ਸਿੰਘ ਚਲੇ ਆਏ ਨੇ ਨਾਲ, ਚਾਲ੍ਹੀ ਸਿੰਘ ਹੀ ਨਹੀਂ, ਹੋਰ ਵੀ ਬਹੁਤ ਜੱਥੇ ਸਨ ਨਾਲ, ਹੋਰ ਵੀ ਸਿੰਘ ਬਹੁਤ ਸਾਰੇ ਲੰਘ ਆਏ ਸੀ ਪਾਰ, ਇਥੇ ਤਾਈਂ ਤਾਂ ਸਿੰਘਾਂ ਦੀ ਸਤਿਗੁਰੂ ਸੰਭਾਲ ਕਰਦੇ ਆਏ ਸਨ, ਜੰਗ ਜੁਧ ਕਰਦੇ, ਜਦੋਂ ਰੋਪੜ ਦਾ ਰਾਹ ਆ ਗਿਆ, ਇਥੇ ਤਾਂ ਬਹੁਤ ਫੌਜ ਇਕੱਠੀ ਹੋ ਗਈ, ਤੁਰਕਾਂ ਦੇ ਜਿਹੜੇ ਛੋਟੇ ਹਾਕਮ ਸਨ ਏਧਰ ਉਧਰ, ਚੌਪੜੀਏ, ਮਲੇਰੀਏ, ਇਹ ਸਾਰੇ ਇਕੱਠੇ ਹੋ ਗਏ ਸਨ ਏਥੇ, ਇਹਨਾਂ ਨੇ ਅੱਗਾ ਰੋਕ ਲਿਆ, ਐਥੋਂ ਅੱਗੇ ਨਹੀਂ ਲੰਘਣ ਦੇਣਾ, ਏਥੇ ਚਾਰ ਤਰਫਾਂ ਤੋਂ

ਫੌਜ ਇਕੱਠੀ ਹੋ ਕੇ ਆ ਮਿਲੀ ਹੈ।

ਬਡ ਮਾਤਾ ਲੈ ਪੋਤਰਨ, ਗਈ, ਬਿਛਰ ਕਿਤ ਦਾਇ॥੬॥ ਵੱਡੇ ਮਾਤਾ ਗੁਜਰੀ ਜੀ ਛੋਟੇ ਪੋਤਰਿਆਂ ਨੂੰ ਲੈ ਕੇ (ਕਿਸੇ ਦਾਅ) ਜਿਧਰ ਨੂੰ ਉਹਨਾਂ ਨੂੰ ਰਸਤਾ ਲੱਭਿਆ, ਨਾਲ ਗੰਗੂ ਰਸੋਈਆ ਸੀ ਮਾਤਾ ਜੀ ਦੇ ਇਹ ਚਲਿਆ ਆਉਂਦਾ ਸੀ, ਘਰ ਦਾ ਟਹਿਲੂਆ ਸੀ, ਵਾਕਫ ਸੀ ਜਦੋਂ ਤੁਰੇ ਸਨ ਉਦੋਂ ਵੀ ਨਾਲ ਸੀ, ਇਹਨੇ ਵਾਗ ਫੜੀ ਹੋਈ ਸੀ ਘੋੜਿਆਂ ਦੀ। ੬।

ਚੌਪਈ॥ ਅਬ ਔਰ ਸਿੰਘਨ ਸੁਨਾਊਂ ਗਾਥ॥ ਜਿਹੜੇ ਹੋਰ ਸਿੰਘ ਸਨ ਨਾਲ ਜਥੇਬੰਦ ਸਨ, ਉਹਨਾਂ ਦੀ (ਗਾਥਾ) ਕਥਾ ਸੁਣਾਉਂਦਾ ਹਾਂ ਭਾਈ ਰਤਨ ਸਿੰਘ ਜੀ ਕਹਿੰਦੇ ਨੇ।

ਆਏ ਰੋਪੜ ਲੌ ਸਤਿਗੁਰ ਸਾਥ॥ ਰੋਪੜ ਤਾਈਂ ਸਤਿਗੁਰੂ ਜੀ ਦੇ ਨਾਲ ਚਲੇ ਆਏ ਹਨ।

ਖੜਿ ਖੜਿ ਲੜ ਲੜ ਭਏ ਸ਼ਹੀਦ॥ ਉਹ ਫੌਜ ਦੇ ਸਾਹਮਣੇ ਖੜ੍ਹ ਖੜ੍ਹ ਕੇ ਲੜ ਲੜ ਕੇ ਸ਼ਹੀਦ ਹੋ ਗਏ, ਇਉਂ ਆਪ ਲੜਦੇ ਭਿੜਦੇ ਸਿੰਘ ਏਥੇ ਤਾਈਂ ਪਹੁੰਚੇ।

ਕਹੈਂ 'ਗੁਰੂ ਕਿਮ ਜਾਇ ਵਗੀਦ' ॥੭॥ ਮਹਾਰਾਜ ਦੇ ਅੱਗੇ ਲੰਘਣ ਵਾਸਤੇ, ਕਿਵੇਂ ਅੱਗੇ ਵਗ ਜਾਣ, ਪੰਜਾਬੀ ਬੋਲੀ ਵਿਚ ਕਹਿੰਦੇ ਹਨ 'ਵਗੀਦ' ਭਾਵ ਕਾਵਿ ਦੇ ਹਿਸਾਬ ਨਾਲ ਕਥਨ ਕੀਤਾ ਹੈ, ਕਿ ਸਤਿਗੁਰੂ ਜਿੰਨਾਂ ਅੱਗੇ ਵਗ ਜਾਣਗੇ, ਜਿੰਨਾਂ ਅੱਗੇ ਚਲੇ ਜਾਣਗੇ ਉਨਾਂ ਹੀ ਠੀਕ ਹੈ, ਅੱਗੇ ਰਸਤਾ ਸਾਫ ਹੈ ਇਉਂ ਕਹਿੰਦੇ ਹਨ ਸਿੰਘ। ੭।

ਸਰਸ ਪਰ ਬਹੁ ਪ੍ਰਥਤੀ ਅਕਾਏ॥ ਸਰਸਾ ਨਦੀ ਤਕ ਤਾਂ ਪਹਾੜੀਆਂ ਨੇ ਬੜਾ ਅਕਾਇਆ, ਉਹਨਾਂ ਨਾਲ ਪਿਛੇ ਲੜਦੇ ਭਿੜਦੇ ਆ ਰਹੇ ਸਨ।

ਇਮ ਕਰ ਪਹੁੰਚੇ ਰੋਪੜ ਆਏ॥ ਇਸ ਤਰ੍ਹਾਂ ਲੜਦੇ ਭਿੜਦੇ ਸਿੰਘ ਰੋਪੜ ਤਕ ਪਹੁੰਚੇ ਸਨ।

ਰੋਪੜੀਯਨ ਦਏ ਬੂਹੇ ਖੋਲ੍ਹ॥ ਤੇ ਸਤਿਗੁਰੂ ਤਾਂ ਅੱਗੇ ਲੰਘ ਗਏ ਸਨ, ਏਥੇ ਜਦੋਂ ਸਿੰਘ ਆਏ ਨੇ ਪਿਛੋਂ ਲੜਦੇ ਭਿੜਦੇ, ਇਹਨਾਂ ਨੇ ਬੂਹੇ ਖੋਹਲ ਦਿੱਤੇ ਰੋਪੜ ਵਾਲਿਆਂ ਨੇ, ਆਉ ਖਾਲਸਾ ਜੀ! ਆ ਜਾਓ ਖਾਲਸਾ ਜੀ! ਨੇੜੇ ਹੋਣ ਕਰਕੇ ਇਹ ਪਹਿਲਾਂ ਵੀ ਇਹ ਲੋਦੀ ਪਠਾਣ ਸਨ, ਮਹਾਰਾਜ ਦੇ ਦਰਸ਼ਨਾਂ ਨੂੰ ਜਾਂਦੇ ਰਹਿੰਦੇ ਸਨ। ਸਤਿਗੁਰੂ ਇਹਨਾਂ 'ਤੇ ਬਖਸ਼ਿਸ਼ਾਂ ਕਰਦੇ ਸਨ। ਇਹਨਾਂ ਨੇ ਬੂਹੇ ਖੋਹਲ ਦਿੱਤੇ ਕਹਿੰਦੇ ਆ ਜਾਓ ਅੰਦਰ, ਆ ਜਾਓ ਅੰਦਰ, ਇਸ ਤਰ੍ਹਾਂ ਕਰਕੇ।

ਕਹੈਂ 'ਗੁਰੂ ਰਹਿ ਹਮਰੇ ਕੌਲ॥ ੮॥ ਕਹਿੰਦੇ ਸਾਡੇ ਕੋਲ ਹੀ ਨੇ ਸਤਿਗੁਰੂ, ਆ ਜਾਓ। ਤੁਸੀਂ ਵੀ ਆ ਜਾਓ ਅੰਦਰ, ਇਉਂ ਸਿੰਘਾਂ ਨੂੰ ਭੁਲਾਵਾ ਦੇ ਕੇ ਅੰਦਰ ਵਾੜ ਲਿਆ। ੮।

ਦੁਇ ਦੁਇ ਚਾਰ ਚਾਰ ਲਏ ਵਾਰ॥ ਕਿਸੇ ਨੇ ਦੋ ਕਿਸੇ ਨੇ ਚਾਰ ਸਿੰਘਾਂ ਨੂੰ ਆਪੋ ਆਪਣੇ ਘਰਾਂ ਵਿਚ ਵਾੜ ਲਿਆ।

ਲੂਟ ਕੂਟ ਦੇਂਹ ਤਿਤ ਹੀਂ ਮਾਰ॥ ਅੰਦਰ ਵਾੜ ਕੇ ਖੋਹ ਲਿਆ ਸਿੰਘਾਂ ਨੂੰ, ਜੋ ਕਿਸੇ ਕੋਲ ਕੋਈ ਸ਼ਸਤ੍ਰ ਵਸਤੂ ਚੰਗਾ ਸੀ, ਸਭ ਖੋਹ ਲਿਆ ਤੇ ਅੰਦਰੇ ਹੀ ਸ਼ਹੀਦ ਕਰ ਦਿੱਤਾ ਸਿੰਘਾਂ ਨੂੰ।

ਕਿਛਕ ਸਿੰਘ ਜੋ ਕੋਟਲੈ ਵੜ ਰਹੇ॥ ਨਾਲ ਹੀ ਰੋਪੜ ਦੇ ਪਹਾੜ ਵੱਲ ਦਾ ਪਾਸਾ ਜੋ ਪਾਸ ਹੀ ਹੈ ਉਥੇ ਕੋਟਲਾ ਪਿੰਡ ਹੈ ਭੱਠੇ ਸਾਹਿਬ ਦੇ ਕੋਲ, ਕੁਛ ਸਿੰਘ ਉਧਰ ਨੂੰ ਹੋਏ, ਨਿਹੰਗ ਖਾਂ ਪਠਾਣ ਕੋਟਲੇ ਵਾਲਾ ਇਹ ਵੀ ਸਤਿਗੁਰਾਂ ਦੇ ਕੋਲ ਜਾਇਆ ਕਰਦਾ ਸੀ, ਇਹ ਨੇਕ ਸੀ, ਕੋਟਲੇ ਕੁਛ ਸਿੰਘਾਂ ਨੇ ਇਹਦੇ ਕੋਲ ਜਾ ਆਸਰਾ ਲਿਆ।

ਨਾਂਹ ਉਨ ਖੋਹੇ ਔ ਮਾਰੇ ਨਹੇਂ॥੯॥ ਕੋਟਲੇ ਵਾਲਿਆਂ ਨੇ ਨਾ ਮਾਰਿਆ ਨਾ ਖੋਹਿਆ, ਇਹਨਾਂ ਨੇ ਸੇਵਾ ਕੀਤੀ ਹੈ। ੯।

ਜ਼ਖਮੀ ਹੋਇ ਤਹਿ ਬਚਿੱਤ੍ਰ ਸਿੰਘ ਵਰਯੋ॥ ਭਾਈ ਬਚਿੱਤ੍ਰ ਸਿੰਘ ਜੀ ਬੜਾ ਭਾਰੀ ਯੋਧਾ ਸੀ, ਭਾਈ ਬਚਿੱਤ੍ਰ ਸਿੰਘ ਉਦੇ ਸਿੰਘ ਸਕੇ ਭਰਾ ਭਾਈ ਮਨੀ ਸਿੰਘ ਦੇ ਪੁੱਤਰ ਸਨ, ਦੋਵੇਂ ਯੋਧੇ ਸਨ ਜੰਗੀ, ਜਿਨ੍ਹਾਂ ਨੇ ਮਸਤ ਹਾਥੀ ਮੋੜ ਦਿੱਤਾ

ਸੀ, ਪਹਾੜੀਆਂ ਦਾ। ਬਚਿੱਤ੍ਰ ਸਿੰਘ ਬੜਾ ਭਾਰੀ ਜੰਗ ਕਰਦਾ ਹੋਇਆ ਘਾਇਲ ਹੋਇਆ ਸੀ, ਨਿਹੰਗ ਖਾਂ ਨੇ ਆਪਣੀ ਹਵੇਲੀ ਅੰਦਰ ਵਾੜ ਲਿਆ, ਪਨਾਹ ਦਿੱਤੀ।

ਪਠਾਣ ਖਾਨ ਉਸ ਚੰਗੋ ਕਰਯੋ॥ ਨਿਹੰਗ ਖਾਂ ਪਠਾਣ ਨੇ ਜਿਰਾਹ ਸੱਦ ਕੇ ਜਖ਼ਮ ਸੁਆਏ ਹਨ, ਟਾਂਕੇ ਲਵਾਏ ਹਨ, ਉਸਨੇ ਬੜਾ ਚੰਗਾ ਕੀਤਾ ਹੈ।

ਔਰ ਸਿੰਘ ਜੋ ਜ਼ਖਮੀ ਗਏ॥ ਹੋਰ ਵੀ ਜੋ ਸਿੰਘ (ਜ਼ਖਮੀ) ਘਾਇਲ ਹੋਏ ਸਿੰਘ ਅੰਦਰ ਵੜੇ ਹੋਏ ਸਨ।

ਵੈ ਭੀ ਉਸ ਥੈ ਚੰਗੇ ਕਰਏ॥੧੦॥ ਉਹਨਾਂ ਨੂੰ ਵੀ ਰਾਜੀ ਕੀਤਾ ਉਹਨਾਂ ਦਾ ਵੀ ਇਲਾਜ ਕੀਤਾ ਹੈ। ੧੦।

ਦੋਹਰਾ॥ਕਈ ਵਾਰ ਵਹੁ ਪਠਾਣ ਥੋ, ਜਾਇ ਰਹਤੋ ਗੁਰੂ ਹਜੂਰ॥ ਇਹ ਨਿਹੰਗ ਖਾਂ ਪਠਾਣ ਗੁਰੂ ਜੀ ਦੇ ਹਜ਼ੂਰ ਸ੍ਰੀ ਅਨੰਦਪੁਰ ਸਾਹਿਬ ਜਾਇਆ ਕਰਦਾ ਸੀ ਅਤੇ ਸਤਿਗੁਰਾਂ ਦੇ ਪਾਸ ਰਿਹਾ ਕਰਦਾ ਸੀ।

ਘੋੜੈ ਜੋੜੈ ਉਸ ਚੰਗੈ, ਕਰ ਖੁਸ਼ੀਆਂ ਦੇਤ ਹਜੂਰ॥੧੧॥ ਹਜ਼ੂਰ ਜਿਵੇਂ ਰੋਪੜੀਆਂ ਨੂੰ ਘੋੜੇ ਜੋੜੇ ਦਿੰਦੇ ਸਨ, ਦੁਸ਼ਾਲੇ ਸਰੋਪਾ ਦਿੰਦੇ ਸਨ, ਇਹ ਨਿਹੰਗ ਖਾਂ ਤੇ ਬੜੀਆਂ ਖੁਸ਼ੀਆਂ ਕਰਦੇ ਮਹਾਰਾਜ ਬੜੀ ਬਖਸ਼ਸ਼ਾਂ ਕਰਦੇ ਹੁੰਦੇ ਸਨ। ਇਹ ਨੇਕ ਬਖਤ ਸੀ, ਇਸਨੇ ਸਿਦਕ ਰੱਖਿਆ ਸਤਿਗੁਰਾਂ 'ਤੇ। ੧੧।

ਚੌਪਈ॥ ਅਬ ਅਗੈ ਫੇਰ ਸੁਨਹੁ ਵੈ ਬਾਤ॥ ਹੁਣ ਅੱਗੇ ਪਿਛੇ ਜੋ ਪ੍ਰਸੰਗ ਰਹਿ ਗਿਆ ਸੀ, ਹੁਣ ਅੱਗੇ ਦੀ ਉਹ ਸਾਖੀ ਸੁਣੋ।

ਜਿਮ ਕੀਏ ਬਜੀਦੇ ਸ਼ੀਰਖੋਰ ਘਾਤ॥ ਜਿਵੇਂ ਬਜੀਦੇ ਪਾਪੀ ਨੇ (ਸ਼ੀਰਖੋਰ) ਦੁਧ ਪੀਣ ਵਾਲੇ ਸਾਹਿਬਜ਼ਾਦਿਆਂ, ਬੱਚਿਆਂ ਨੂੰ ਸ਼ਹੀਦ ਕੀਤਾ ਉਹ ਪ੍ਰਸੰਗ ਦਸਦੇ ਹਨ।

ਰੋਪੜੋਂ ਜੁਦੀ ਮਾਤ ਉਨ ਕੀਨੀ॥ ਗੰਗੂ ਬ੍ਰਾਹਮਣ ਨੇ ਰੋਪੜ ਤੋਂ ਮਾਤਾ ਜੀ ਨੂੰ ਅਲਹਿਦਾ ਕਰ ਲਿਆ ਏਥੋਂ ਮਾਤਾ ਜੀ ਨੂੰ ਗੰਗੂ ਕਹਿਣ ਲੱਗਿਆ, ਮਾਤਾ ਜੀ ਹੁਣ ਅੱਡੋ ਅੱਡੀ ਸਾਰੇ ਨਿਕਲ ਰਹੇ ਹਨ, ਆਪਾਂ ਵੀ ਨਿਕਲਦੇ ਹਾਂ। ਮੇਰਾ ਪਿੰਡ ਨੇੜੇ ਹੈ, ਮੈਂ ਤੁਹਾਨੂੰ ਪਿੰਡ ਲੈ ਚਲਦਾ ਹਾਂ, ਮੇਰੇ ਨਾਲ ਚੱਲੋ।

ਹੁਤੋ ਬਾਹਮਨ ਰਸੋਈਓ ਮਤ ਹੀਨੀ॥੧੨॥ ਇਹ ਗੰਗੂ ਬ੍ਰਾਹਮਣ ਜਾਤ ਦਾ ਸੀ, ਮਤ ਦਾ ਹੀਣਾ ਸੀ ਲੋਭੀ ਲਾਲਚੀ ਸੀ, ਗੁਰੂ ਘਰ ਦਾ ਰਸੋਈਆ ਵੀ ਰਿਹਾ ਸੀ ਪਹਿਲੇ। ੧੨।

ਉਸ ਕੈ ਮਨ ਮੈਂ ਬਡ ਲਬ ਆਯੋ॥ ਗੰਗੂ ਧਨ ਵੇਖ ਕੇ ਭ੍ਰਮ ਗਿਆ, ਉਸਦੇ ਮਨ ਵਿਚ ਲੋਭ ਆ ਗਿਆ।

ਉਨ ਦੇਖਯੋ ਥੋ ਜੁ ਮਾਤ ਚੁਕਾਯੋ॥ ਜੋ ਮਾਤਾ ਜੀ ਨੇ ਉਥੋਂ ਧਨ ਚੁਕਿਆ ਸੀ, ਖੁਰਜੀ ਪਾਈ ਸੀ, ਇਹ ਦੇਖਦਾ ਸੀ ਉਸ ਮੌਕੇ, ਇਹਨੂੰ ਪਤਾ ਸੀ ਕਿ ਮਾਤਾ ਜੀ ਕੋਲ ਬਹੁਤ ਸਾਰਾ ਧਨ ਹੈ।

ਹੀਰੇ ਮੋਤੀ ਮਾਣਕ ਸਬਜ਼ੇ॥ ਹੀਰੇ, ਮੋਤੀ, ਮਾਣਕ, ਸਬਜ਼ੇ ਇਹ ਜਵਾਹਰਾਤ ਜਿਸਨੂੰ ਕਹਿੰਦੇ ਨੇ, ਇਹਨਾਂ ਦੀਆਂ ਜਾਤੀਆਂ ਨੇ ਅੱਗੇ। ਇਉਂ ਹੀਰੇ ਪੰਨੇ ਆਦਿਕ ਜਵਾਹਰਾਤ ਦੇਖਿਆ ਮਾਤਾ ਜੀ ਨੂੰ ਖੁਰਜੀ ਵਿਚ ਪਾਉਂਦਿਆਂ ।

ਹੁਤੋ ਗਲਯੋ ਬਾਮਣ ਜਿਤ ਗਜਬੈ॥੧੩॥ ਜਿਸ ਗਜਬ 'ਚ ਬਾਹਮਣ ਗਲ਼ ਗਿਆ, ਮਰ ਗਿਆ ਲੋਭ ਦੇ ਵਿਚ। ੧੩।

ਲੈ ਮਾਤੈ ਨਿਜ ਗਇਓ ਗਰਾਮ॥ ਲੋਭ ਦੇ ਕਾਰਨ ਮਾਤਾ ਜੀ ਨੂੰ ਆਪਣੇ ਪਿੰਡ ਲੈ ਗਿਆ। ਉਥੇ ਜਾ ਕੇ ਮੈਂ ਧਨ ਅੱਗੇ ਪਿਛੇ ਕਰ ਲਵਾਂਗਾ, ਲੁਕੋ ਲਵਾਂਗਾ ਇਉਂ ਮਨ ਵਿਚ ਲੋਭ ਸੀ ਪਾਪੀ ਦੇ।

ਸਾਹੇੜੀ ਥੋ ਉਸ ਕੋ ਨਾਮ॥ ਜਿਹਨੂੰ ਖੇੜੀ ਕਹਿ ਦੇਂਦੇ ਨੇ ਸਹੇੜੀ ਪਿੰਡ ਹੈ, ਇਹ ਪਿੰਡ ਦਾ ਨਾਮ ਸਹੇੜੀ ਸੀ, ਜਿਥੋਂ ਦੇ ਇਹ ਰਹਿਣ ਵਾਲਾ ਸੀ।

ਜਾਇ ਉਜਾੜ ਮਧ ਢੱਕ ਬਹਾਈ॥ ਉਜਾੜ ਦੇ ਵਿਚ ਜਾ ਕੇ ਜਿਥੇ ਢੱਕ ਆਦਿਕ ਬੀੜ ਸੀ ਜੰਗਲ ਸੀ। ਉਥੇ ਜਾਕੇ ਮਾਤਾ ਜੀ ਦਾ ਡੇਰਾ ਕਰਵਾ ਦਿੱਤਾ।

ਚੀਜ ਸਭੀ ਉਨ ਕਰੀ ਕਬਜਾਈ॥੧੪॥ ਜਿੰਨੀ ਵਸਤੂ ਸੀ ਮਾਤਾ ਜੀ ਦੇ ਨਾਲ ਧਨ ਪਦਾਰਥ ਸੀ, ਉਹ ਸਾਰੀ ਉਸਨੇ

ਆਪਣੇ ਕਬਜ਼ੇ ਵਿਚ ਕਰ ਲਈ, ਕਿ ਮਾਤਾ ਜੀ ਇਥੇ ਚੋਰ ਨੇ ਬੜੇ ਤੇ ਮੈਂ ਇਹ ਧਨ ਨੂੰ ਚੰਗੀ ਤਰ੍ਹਾਂ ਸੰਭਾਲਦਾ ਹਾਂ ਧਨ ਨੂੰ ਸੰਭਾਲ ਕੇ ਫੇਰ ਤੁਹਾਡੀ ਸੇਵਾ ਵਿਚ ਮੈਂ ਹਾਜ਼ਰ ਹਾਂ, ਇਉਂ ਮਾਤਾ ਜੀ ਨੂੰ ਆਖ ਕੇ ਸਾਰਾ ਧਨ ਆਪਣੇ ਕਬਜ਼ੇ ਵਿਚ ਕਰ ਲਿਆ। ੧੪।

ਕਹੈ 'ਮਾਤਾ! ਹਮ ਜ਼ਿਮੀਂ ਦਬਾਈ॥ ਜਦੋਂ ਧਨ ਪਾਸੇ ਕਰ ਲਿਆ, ਮਾਤਾ ਜੀ ਨੇ ਪੁਛਿਆ, ਖੁਰਜੀ ਸੀ ਮਾਇਆ ਸੀ, ਧਨ ਕਿਥੇ ਰੱਖਿਆ, ਕਹਿਣ ਲੱਗਾ ਮਾਤਾ ਜੀ! ਮੈਂ ਧਰਤੀ ਵਿਚ ਦਬ ਦਿੱਤੀ ਹੈ। ਲੁਕੋ ਦਿੱਤੀ ਹੈ, ਫੇਰ ਕੱਢ ਲਵਾਂਗੇ ਆਪਾਂ, ਜਦੋਂ ਲੋੜ ਹੋਈ ਉਦੋਂ ਲੈ ਚਲਾਂਗੇ ਕੱਢ ਕੇ।

ਤੁਮ ਮਨ ਚਿੰਤਾ ਕਰਯੋ ਨ ਕਾਈ' ॥ ਮਾਤਾ ਜੀ ਮੈਂ ਸਾਰਾ ਧਨ ਸੰਭਾਲ ਲਿਆ ਹੈ, ਤੁਸੀਂ ਮਨ ਵਿਚ ਕੋਈ ਚਿੰਤਾ ਨਾ ਕਰਿਓ।

ਮਾਤਾ ਕਹੈ 'ਹਮ ਚਿੰਤਾ ਜਾਨ॥ ਮਾਤਾ ਜੀ ਕਹਿਣ ਲੱਗੇ ਛੋਟੇ ਸਾਹਿਬਜ਼ਾਦੇ ਨੇ ਮੇਰੇ ਨਾਲ, ਸਾਨੂੰ ਧਨ ਦੀ ਕਾਹਦੀ ਚਿੰਤਾ ਹੈ, ਸਾਨੂੰ ਤੇ ਆਪਣੀਆਂ ਜ਼ਿੰਦਗੀਆਂ ਦੀ ਚਿੰਤਾ ਹੈ। ਕਿਸੇ ਤਰ੍ਹਾਂ ਜਾਨ ਬਚ ਰਹੇ, ਤੂੰ ਉਹ ਤਰੀਕਾ ਵਰਤ।

ਹਮ ਕੌ ਬਹਾਊ ਕਿਤੇ ਕਲਬ ਮਕਾਨ॥੧੫॥ ਸਾਨੂੰ ਬਾਹਰ ਉਜਾੜ ਨਾ ਬਿਠਾ, ਸਾਨੂੰ ਇਕੱਲਾ ਮਕਾਨ ਹੋਵੇ, ਜਿਥੇ ਕੋਈ ਆਵਾਜਾਈ ਨਾ ਹੋਵੇ ਕਿਸੇ ਦੀ, ਉਥੇ ਪਿੰਡ ਵਿਚ ਜਾ ਕੇ ਬਿਠਾ। ੧੫।

ਦੋਹਰਾ॥ ਤੇ ਬਾਹਮਨ ਨਿਸ ਘਰ ਨਿਜੈ, ਮਾਤਾ ਰੱਖੀ ਬਹਾਇ॥ ਇਹ ਗੰਗੂ ਬਾਮ੍ਹਣ ਆਪਣੇ ਨਿਜੀ ਘਰ ਵਿਚ ਮਾਤਾ ਜੀ ਨੂੰ ਲੈ ਗਿਆ ਰਾਤ ਨੂੰ ਉਥੇ ਅੰਦਰ ਆਸਣ ਲਵਾ ਦਿੱਤਾ ਜਾ ਕੇ।

ਪਰ ਰੰਘੜਨ ਮੋਰੰਡੈ ਕਹਯੋ, ਮੁਹਿ ਮਿਲਾਉ ਨਿਬਾਬੈ ਜਾਇ॥੧੬॥ ਮਾਤਾ ਜੀ ਨੂੰ ਘਰੇ ਬਿਠਾ ਕੇ ਨੇੜੇ ਹੀ ਬਾਗਾ ਵਾਲੀ ਜਿਸਨੂੰ ਅੱਜ ਕੱਲ ਮੋਰਿੰਡਾ ਕਹਿੰਦੇ ਹਨ। ਇਥੋਂ ਦੇ ਰੰਘੜ ਹਾਕਮ ਸਨ ਥਾਣੇਦਾਰ ਦੋ, ਜਾਨੀ ਖਾਂ ਤੇ ਮਾਨੀ ਖਾਂ, ਉਹਨਾਂ ਕੋਲ ਜਾ ਕੇ ਕਹਿਣ ਲੱਗਾ ਮੇਰਾ ਵਜ਼ੀਦ ਖਾਂ ਦੇ ਨਾਲ ਮੇਲ ਕਰਾਓ, ਮੈਂ ਉਹਨੂੰ ਦੱਸਾਂਗਾ ਭੇਦ ਵਾਲੀ ਗੱਲ, ਇਨਾਮ ਲਵਾਂਗੇ ਤੁਹਾਨੂੰ ਵੀ ਮਿਲੇਗਾ ਮੈਨੂੰ ਵੀ ਮਿਲੇਗਾ। ੧੬।

ਚੌਪਈ॥ ਮੈਂ ਦੇਊਂਗੁ ਗੁਰ ਪੁਤ੍ਰ ਫੜਵਾਇ॥ ਉਹਨਾਂ ਨੇ ਪੁਛਿਆ ਕੀ ਗੱਲ ਹੈ? ਕਹਿਣ ਲੱਗਾ, ਗੁਰਾਂ ਦੇ ਪੁੱਤਰ ਨੇ ਮੇਰੇ ਕੋਲ, ਮੈਂ ਉਹਨਾਂ ਨੂੰ ਗ੍ਰਿਫਤਾਰ ਕਰਵਾ ਦੇਵਾਂਗਾ।

ਮੋਕੋ ਦਿਓ ਇਨਾਮ ਦਿਵਾਇ॥ ਤੁਸੀਂ ਮੇਰੇ ਅਗੇ ਲਗੋ, ਸਰਹੰਦ ਚਲੀਏ, ਇਨਾਮ ਦਿਵਾਇਓ ਤੁਸੀਂ।

ਜ਼ਿਮੀਦਾਰੋ ਰੰਘੜਨ ਨੇ ਕੀਯੋ॥ ਇਹ ਹਾਕਮ ਰੰਘੜ ਜੋ ਸਨ ਇਹ ਜ਼ਿਮੀਦਾਰ ਸਨ, ਉਹਨਾਂ ਨੇ ਇਸ ਤਰ੍ਹਾਂ ਕੀਤਾ।

ਤੁਰਤ ਬਾਮਨ ਉਨ ਸੰਗ ਲੈ ਲੀਯੋ॥੧੭॥ (ਤੁਰਤ) ਛੇਤੀ ਹੀ ਉਹਨਾਂ ਨੇ ਪੁਲਸ ਨਾਲ ਲੈ ਲਈ ਅਤੇ ਬਾਮ੍ਹਨ ਨੂੰ ਅੱਗੇ ਲਾ ਲਿਆ। ੧੭।

ਬਾਮਣ ਮੋੜ ਸ਼ਤਾਬੀ ਲਯੋ॥ ਤੁਰੰਤ ਹੀ ਮੋੜ ਲਿਆਂਦਾ ਉਹਨੂੰ ਨਾਲ, ਚੱਲ ਪਹਿਲਾਂ ਸਾਨੂੰ ਗ੍ਰਿਫਤਾਰ ਕਰਵਾ।

ਦਏ ਦਿਖਾਲ ਉਸ ਚੌਕਸ ਭਯੋ॥ ਉਹਨੇ ਥਾਣੇਦਾਰਾਂ ਨੂੰ ਦਿਖਾ ਦਿਤਾ, ਕਿ ਔਹ ਸਾਹਮਣੇ ਬੈਠੇ ਆ ਘਰ ਦੇ ਅੰਦਰ ਉਹਨਾਂ ਉਦੋਂ ਹੀ ਚੌਕਸੀ ਕਰ ਲਈ, ਪਹਿਰਾ ਲਾ ਲਿਆ, ਨਿਗਰਾਨੀ ਕਰ ਲਈ ਪੁਲਸ ਨੇ।

ਜਾਨੀ ਮਾਨੀ ਰੰਘੜ ਦੁਇ ਭਾਈ॥ ਇਹ ਰੰਘੜ ਜਾਨੀ ਖਾਂ ਤੇ ਮਾਨੀ ਖਾਂ ਦੋਵੇਂ ਭਰਾ ਸਨ। ਇਹ ਬੰਦੇ ਬਹਾਦਰ ਵੇਲੇ ਵੀ ਬਚ ਰਹੇ ਸਨ।

ਉਨ ਆਨ ਮੁਰੰਡੇ ਘਰ ਰਖੇ ਬਹਾਈ॥੧੮॥ ਉਹਨਾਂ ਨੇ ਮੋਰਿੰਡੇ ਲਿਆਕੇ ਥਾਣੇ ਵਿਚ ਬਿਠਾ ਰੱਖੇ, ਜਿਥੇ ਅੱਜ ਕੱਲ ਸਾਹਿਬਜ਼ਾਦਿਆਂ ਦੀ ਯਾਦ ਵਿਚ ਗੁਰਦੁਆਰਾ ਸਾਹਿਬ ਬਣ ਰਿਹਾ ਹੈ। ੧੮।

ਇਕ ਸਾਂਭੇ ਇਕ ਗਯੋ ਸਿਰਹੰਦ॥ ਇਕ ਭਰਾ ਤਾਂ ਇਥੇ ਨਿਗਰਾਨੀ ਵਾਸਤੇ ਰਹਿ ਗਿਆ, ਇਕ ਸੂਬੇ ਬਜੀਦ ਖ਼ਾਂ ਨੂੰ ਖ਼ਬਰ ਦੇਣ ਵਾਸਤੇ ਸਰਹੰਦ ਚਲਾ ਗਿਆ।

ਫੜਾਇ ਬਜੀਦੈ ਕਰ ਦਏ ਬੰਦ॥ ਇਹਨਾਂ ਨੇ ਬਜੀਦੇ ਨੂੰ ਖ਼ਬਰ ਕਰ ਦਿੱਤੀ, ਉਹਨਾਂ ਨੇ ਝੱਟ ਫੜ ਕੇ ਬੰਦ ਕਰ ਦਿੱਤੇ। ਮਾਤਾ ਗੁਜਰੀ ਜੀ, ਛੋਟੇ ਸਾਹਿਬਜ਼ਾਦੇ।

'ਦਿਵੋ ਅਨਾਮ ਗੁਰ ਪੁਤ੍ਰ ਫੜਾਵੋ॥ ਕਚਹਿਰੀ ਵਿਚ ਕਹਿੰਦਾ ਬਜੀਦ ਖਾਂ ਨੂੰ ਇਨਾਮ ਦਿਉ, ਅਸੀਂ ਗੁਰੂ ਦੇ ਪੁੱਤਰ ਫੜਾਏ ਨੇ, ਵੱਡਾ ਕੰਮ ਕੀਤਾ ਹੈ।

ਦੀਨ ਮਜ਼ਹਬ ਤੁਮ ਮਦਦ ਪੁਚਾਵੋ'॥੧੯॥ ਦੀਨ ਮਜ਼ਹਬ ਦੇ ਵਾਸਤੇ ਅਸੀਂ ਮਦਦ ਕੀਤੀ ਹੈ ਤੁਹਾਡੀ, ਸਾਨੂੰ ਇਨਾਮ ਦਿਵਾਓ, ਖਜ਼ਾਨੇ ਵਿਚੋਂ ਰੁਪਈਏ ਦਿਉ। ੧੯।

ਇਹ ਸੁਨ ਫੌਜ ਨਵਾਬ ਚੜ੍ਹ ਆਈ॥ ਇਹ ਸੁਣ ਕੇ ਨਵਾਬ ਦੀ ਫੌਜ ਸਾਹਿਬਜ਼ਾਦਿਆਂ ਨੂੰ ਲੈਣ ਵਾਸਤੇ ਚੜ੍ਹ ਆਈ ਹੈ।

ਲਏ ਸਿਰਹੰਦ ਉਨ ਢਿਗ ਮੰਗਾਈ॥ ਉਸਨੇ ਆਪਣੇ ਕੋਲ ਸਰਹੰਦ ਹੀ ਮੰਗਵਾ ਲਏ ਹਨ ਸਾਹਿਬਜ਼ਾਦੇ ਤੇ ਮਾਤਾ ਜੀ।

ਚਾੜ੍ਹ ਬੁਰਜ ਸੋ ਤਕੜੇ ਕਰੇ॥ ਕਿਲ੍ਹੇ ਦੇ ਬੁਰਜ ਸਨ ਚਾਰ ਚੁਫੇਰੇ, ਇਹ ਠੰਢਾ ਬੁਰਜ ਵਜਦਾ ਸੀ, ਇਥੇ ਬੁਰਜ 'ਤੇ ਚਾੜ੍ਹ ਕੇ ਉਹਨਾਂ ਨੂੰ ਤਕੜੇ ਪਹਿਰੇ ਲਾ ਦਿੱਤੇ ਨੇ ਚਾਰ ਚੁਫੇਰੇ।

ਮਾਤਾ ਗੁਜਰੀ ਸਾਥੇ ਫੜੇ॥੨੦॥ ਮਾਤਾ ਗੁਜਰੀ ਜੀ ਵੀ ਨਾਲ ਹੀ ਗ੍ਰਿਫਤਾਰ ਕਰ ਲਏ ਸਨ। ੨੦।

ਔਰ ਖੱਤ੍ਰੀ ਹੁਤੋ ਸੁਚਾ ਨੰਦ ਨਾਮ॥ ਇਥੋਂ ਦਾ (ਸੁੱਚਾ ਨੰਦ) ਝੂਠਾ ਨੰਦ ਜਿਸਨੂੰ ਖਾਲਸਾ ਕਹਿੰਦਾ ਹੈ, ਖੱਤ੍ਰੀ ਸੀ।

ਕਿਤ ਘੱਲਯੋ ਥੋ ਕਰਣ ਸਾਕ ਗੁਰਧਾਮ॥ ਇਸ ਨੇ ਗੁਰੂ ਘਰ ਵਿਚ ਗੁਰੂ ਕੇ ਸਾਹਿਬਜ਼ਾਦਿਆਂ ਨਾਲ ਰਿਸ਼ਤਾ ਕਰਨ ਵਾਸਤੇ ਅਨੰਦਪੁਰ ਸਾਹਿਬ ਵਿਚ ਬੰਦੇ ਭੇਜ ਦਿੱਤੇ ਸਨ ਕਿ ਜਾਓ ਗੁਰੂ ਘਰ ਦੇ ਵਿਚ ਮੇਰੀ ਲੜਕੀ ਦਾ ਰਿਸ਼ਤਾ ਕਰ ਆਓ।

ਗੁਰੂ ਨ ਮੰਨਯੋ ਉਸ ਰਾਖਯੋ ਯਾਦ॥ ਸਤਿਗੁਰਾਂ ਨੇ ਨਾਂਹ ਕਰ ਦਿੱਤੀ, ਨਾਂਹ ਭਾਈ! ਅਸੀਂ ਨਹੀਂ ਇਥੋਂ ਦੇ ਅਹਿਲਕਾਰਾਂ ਦਾ, ਮੁਨਸ਼ੀਆਂ ਮਸੰਦੀਆਂ ਦਾ ਰਿਸ਼ਤਾ ਪ੍ਰਵਾਨ ਕਰਦੇ। ਇਸ ਦੁਸ਼ਟ ਨੂੰ ਉਦੋਂ ਦਾ ਗੁੱਸਾ ਸੀ। ਇਸ ਨੇ ਇਸ ਗੱਲ ਦਾ ਚੇਤਾ ਰੱਖਿਆ ਸੀ, ਝੂਠਾ ਨੰਦ ਨੇ।

ਇਮ ਕਰ ਸਮਝਯੋ ਉਨ ਵਹਿ ਬਾਦ॥੨੧॥ ਉਸਨੇ ਉਹ (ਬਾਦ) ਵੈਰ ਸਮਝਿਆ ਮੇਰੇ ਕਾਹਦੇ ਸੱਜਣ ਨੇ, ਦੁਸ਼ਮਣ ਨੇ ਮੈਨੂੰ ਹੁਣ ਟਾਇਮ ਮਿਲਿਆ ਹੈ ਮੈਂ ਬਦਲਾ ਲਵਾਂ ਇਉਂ ਝੂਠੇ ਨੰਦ ਨੇ ਸਤਿਗੁਰੂ ਜੀ ਦੇ ਸਾਹਿਬਜ਼ਾਦਿਆਂ ਨਾਲ ਵੈਰ ਕੀਤਾ। ੨੧।

ਉਨ ਕਹਯੋ 'ਨਵਾਬ! ਏ ਸਰਪ ਵਿਸੂਰੇ॥ ਉਸ ਬੇਈਮਾਨ ਨੇ ਕਿਹਾ ਇਹ ਤਾਂ ਸੱਪ ਨੇ (ਵਿਸੂਰੇ) ਵਿਸ਼ ਵਾਲੇ, ਜ਼ਹਿਰੀਲੇ ਸੱਪ ਨੇ ਇਹ ਸਾਹਿਬਜ਼ਾਦੇ ਬੱਚੇ ਨਾ ਸਮਝੋ ਤੁਸੀਂ, ਇਸ ਦੁਸ਼ਟ ਨੇ ਕਚਹਿਰੀ ਵਿਚ ਇਉਂ ਲੂਤੀ ਲਾਈ।

ਛੋਟੇ ਬਡੇ ਏ ਡਸਗ ਜ਼ਰੂਰੇ॥ ਸੱਪ ਜ਼ਹਿਰੀਲਾ ਜਿਹੜਾ ਭਾਵੇਂ ਛੋਟਾ ਹੋਵੇ ਭਾਵੇਂ ਵੱਡਾ, ਉਹ ਜ਼ਰੂਰ ਡਸਣਗੇ, ਇਹ ਜ਼ਰੂਰ ਡੰਗ ਮਾਰਨਗੇ। ਇਹ ਵੱਡੇ ਹੋਏ ਤੇ ਫੇਰ ਠੀਕ ਨਹੀਂ, ਅੱਗੇ ਇਕੱਲੇ ਗੁਰੂ ਗੋਬਿੰਦ ਸਿੰਘ ਜੀ ਨਹੀਂ ਤੁਹਾਥੋਂ ਲੋਟ ਆਉਂਦੇ, ਤੇ ਜਦੋਂ ਇਹ ਸਾਹਿਬਜ਼ਾਦੇ ਵੱਡੇ ਹੋ ਗਏ, ਉਹਨਾਂ ਦੇ ਸਾਥੀ ਬਣੇ, ਉਠ ਖੜੇ ਫੇਰ ਕੀ ਬਣੇਗਾ, ਇਉਂ ਸਗੋਂ ਬਲਦੀ ਤੇ ਤੇਲ ਪਾ ਕੇ ਭਾਂਬੜ ਮਚਾ ਦਿੱਤੇ, ਚੁਗਲੀ ਲੂਤੀ ਲਾ ਕੇ।

ਔ ਜੁ ਇਨ ਕੌਊ ਤੁਹਮਤ ਉਠਾਈ॥ ਹੋਰ ਜੇ ਇਹਨਾਂ ਨੇ ਤੇਰੇ 'ਤੇ ਕੋਈ ਤੋਹਮਤ ਲਾ ਦਿੱਤੀ।

ਤੁਹ ਤੇ ਨਾਂਹਿ ਸੋ ਦਿੱਤੀ ਜਾਈ॥੨੨॥ ਉਹ ਤੇਰੇ ਪਾਸੋਂ ਦਿੱਤੀ ਨਹੀਂ ਜਾਣੀ। ੨੨।

ਅਬ ਇਨ ਕੌ ਦੇ ਮਲੇਰੀਯਨ ਸੌਂਪਾਇ॥ ਹੁਣ ਇਹਨਾਂ ਨੂੰ ਮਲੇਰ ਕੋਟਲੇ ਵਾਲੇ ਪਠਾਣਾਂ ਨੂੰ ਸੌਂਪ ਦੇ।

ਮਾਰੇ ਜਿਨੈ ਹੈ ਕਈ ਭਰਾਇ॥ ਜਿਨ੍ਹਾਂ ਦੇ ਕਈ ਭਰਾ ਜੰਗ ਦੇ ਵਿਚ ਮਾਰ ਦਿੱਤੇ, ਗੁਰੂ ਗੋਬਿੰਦ ਸਿੰਘ ਨੇ।

ਉਨਕੈ ਹੱਥੀਂ ਇਨੈ ਮਰਵਾਇ॥ ਇਹ ਚੁਗਲੀ ਕਰਦਾ ਝੂਠਾ ਨੰਦ ਉਹਨਾਂ ਦੇ ਹੱਥੀਂ ਮਰਵਾ ਦੇ ਇਹਨਾਂ ਸਾਹਿਬਜ਼ਾਦਿਆਂ ਨੂੰ।

ਤਉ ਬਜੀਦੈ ਲਏ ਬੁਲਵਾਇ॥੨੩॥ ਤਦੋਂ ਬਜੀਦੇ ਨੇ ਮਲੇਰ ਕੋਟਲੇ ਵਾਲੇ ਪਠਾਣਾਂ ਨੂੰ ਬੁਲਾਇਆ ਹੈ ਆਪਣੇ ਪਾਸ। ੨੩।

ਸ਼ੇਰ ਮੁਹੰਮਦ ਬਡ ਉਨ ਥਾਯੋ॥ ਮਲੇਰਕੋਟਲੇ ਵਾਲੇ ਪਠਾਣਾਂ ਵਿਚੋਂ ਉਹਨਾਂ ਦਾ ਵੱਡਾ ਭਾਈ ਸ਼ੇਰ ਮੁਹੰਮਦ ਸੀ।

ਅਖਵਾਜ ਖਿਜਰ ਭੀ ਸਾਥੋ ਆਯੋ॥ ਖਵਾਜਾ ਖਿਜ਼ਰ ਵੀ ਇਹ ਫੌਜਾਂ ਦਾ ਸਿਪਾਹਸਲਾਰ ਸੀ, ਰੋਪੜ ਤੋਂ ਲੈ ਕੇ ਚਮਕੌਰ ਸਾਹਿਬ ਤਕ ਇਹ ਯੁੱਧ ਵਿਚ ਮੌਜੂਦ ਸੀ, ਇਹ ਵੀ ਸ਼ੇਰ ਮੁਹੰਮਦ ਦੇ ਨਾਲ ਆਇਆ ਹੈ, ਬਜੀਦੇ ਦੇ ਸੱਦੇ ਤੋਂ।

'ਤੁਮਰੋ ਮਾਰਯੋ ਗੁਰ ਨਾਹਰ ਖਾਂ ਭਾਈ॥ ਤੁਹਾਡਾ ਭਰਾ ਨਾਹਰ ਖਾਂ ਕਿੱਡਾ ਬਹਾਦਰ ਸੀ, ਉਸਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਚਮਕੌਰ ਦੇ ਜੰਗ ਵਿਚ ਮਾਰਿਆ ਹੈ।

ਉਸ ਬੇਟੇ ਤੁਮ ਦੇਹੁ ਮਰਵਾਈ' ॥੨੪॥ ਉਸੇ ਗੁਰੂ ਦੇ ਬੇਟੇ ਨੇ ਇਹ ਜਿਨ੍ਹਾਂ ਨੇ ਤੁਹਾਡਾ ਸੱਕਾ ਭਾਈ ਮਾਰਿਆ, ਹੁਣ ਬਦਲਾ ਲੈਣ ਦਾ ਸਮਾਂ ਹੈ ਤੁਸੀਂ ਇਹਨਾਂ ਨੂੰ ਮਰਵਾ ਦਿਉ। ੨੪।

ਦੋਹਰਾ॥ ਸ਼ੇਰ ਮੁਹੰਮਦ ਨਾਂਹ ਗਨੀ, ਬੋਲਯੋ ਸੀਸ ਹਿਲਾਇ॥ ਇਹ ਨਹੀਂ ਠੀਕ, ਸ਼ੇਰ ਮੁਹੰਮਦ ਇਸ ਤਰ੍ਹਾਂ (ਸੀਸ) ਸਿਰ ਹਿਲਾ ਕੇ ਬੋਲਿਆ।

'ਹਮ ਮਾਰੈਂ ਸ਼ੀਹ ਖੋਰਿਆਂ, ਜਗ ਮੈਂ ਔਜਸ ਆਇ॥੨੫॥ ਅਸੀਂ (ਸ਼ੀਰਖੋਰ) ਦੁੱਧ ਪੀਂਦੇ ਬੱਚਿਆਂ ਨੂੰ ਮਾਰ ਕੇ ਸੰਸਾਰ ਵਿਚ ਅਪਜਸ ਹੋ ਜਾਏਗਾ। ਸਾਡੀ ਤਾਂ ਬਹਾਦਰੀ ਕੀਤੀ ਹੈ ਉਥੇ ਤੁਹਾਨੂੰ ਇਕ ਇਕ ਤੀਰ ਨਾਲ ਪਰੋਇਆ ਗੁਰੂ ਨੇ, ਤੇ ਤੁਸੀਂ ਆਹ ਜ਼ੁਲਮ ਕੀ ਕੀਤਾ? ਸਾਹਿਬਜ਼ਾਦਿਆਂ ਨੂੰ ਦੁਧ ਪੀਣ ਵਾਲੇ ਬੱਚਿਆਂ ਨੂੰ ਸ਼ਹੀਦ ਕਰੋ। ਅਸੀਂ ਨਹੀਂ ਅਪਜਸ ਖੱਟਣਾ, ਅਸੀਂ ਬੁਰਿਆਈ ਨਹੀਂ ਲੈਣੀ, ਕਚਹਿਰੀ ਵਿਚ ਜੁਆਬ ਦਿੱਤਾ ਸ਼ੇਰ ਮੁਹੰਮਦ ਖਾਨ ਨੇ। ੨੫।

ਚੌਪਈ॥ ਓਇ ਮੁਏ ਕਰ ਜੰਗ ਲਰਾਈ॥ ਇਹ ਤਾਂ ਸਾਡੇ ਭਰਾਵਾਂ ਦੀ ਗੱਲ ਹੈ ਉਹ ਤਾਂ ਬਹਾਦਰੀ ਨਾਲ ਮਰੇ ਨੇ, ਜੰਗ ਕਰਕੇ ਲੜਾਈ ਵਿਚ ਕੋਈ ਮਰੇ ਕੋਈ ਜੀਵੇ, ਉਥੇ ਤਾਂ ਜਿਹਦਾ ਦਾਅ ਚਲ ਗਿਆ ਸੁ ਚਲ ਗਿਆ। ਜੰਗ ਵਿਚ ਜਿਹੜਾ ਜਾਂਦਾ ਲੜਨ ਮਰਨ ਵਾਸਤੇ ਜਾਂਦਾ ਹੈ।

ਮਾਰੈਂ ਸ਼ੀਰਖੋਰ ਕਯਾ ਬਡਿਆਈ॥ ਅਸੀਂ ਦੁੱਧ ਪੀਣ ਵਾਲੇ ਬੱਚਿਆਂ ਨੂੰ ਮਾਰੀਏ ਇਹਦੇ ਵਿਚ ਕੀ ਵਡਿਆਈ ਹੈ? ਸਾਡੀ ਕੀ ਬਹਾਦਰੀ ਨਿਕਲੇਗੀ ਇਹਦੇ ਵਿਚ।

ਉਨੇ ਨ ਮਾਨੀ, ਹਾਹ ਨਾਰਾ ਮਾਰਾ॥ ਉਸਨੇ ਨਹੀਂ ਮੰਨੀ ਗੱਲ ਬਜੀਦੇ ਦੀ, ਹਾਅ ਦਾ ਨਾਹਰਾ ਮਾਰਿਆ, ਆਹ ਹਾ ਹਾ..... ਇਹ ਨਹੀਂ ਚਾਹੀਦਾ ਪਾਪੀਓ! ਖੁਦਾ ਅੱਗੇ ਕੀ ਜੁਆਬ ਦਿਉਗੇ, ਤੁਸੀਂ ਤਾਂ ਦੋਸ਼ੀ ਹੋ ਜਾਉਗੇ, ਜ਼ੁਲਮ ਨਾ ਕਰੋ ਐਡਾ, ਹਾਅ ਦਾ ਨਾਹਰਾ ਮਾਰਿਆ, ਅਤੇ ਕਚਹਿਰੀ 'ਚੋਂ ਉਠ ਕੇ ਚਲਾ ਗਿਆ।

ਤੌ ਨਬਾਬ ਔਰ ਠਟਯੋ ਬਿਚਾਰਾ॥੨੬॥ ਤਾਂ (ਨਬਾਬ) ਵਜੀਦੇ ਨੇ ਹੋਰ ਤਰੀਕਾ ਸੋਚਿਆ ਹੈ, ਜਦੋਂ ਇਹ ਨਹੀਂ ਮੰਨੇ। ੨੬।

ਸੱਦ ਬਾਲਕ ਉਨ ਦੋਊ ਬਹਾਏ॥ ਬਜੀਦ ਖਾਂ ਨੇ ਦੋਹਾਂ ਸਾਹਿਬਜ਼ਾਦਿਆਂ ਨੂੰ ਮੰਗਾ ਲਿਆ ਬੁਰਜ ਵਿਚੋਂ ਅਤੇ ਕਚਹਿਰੀ ਵਿਚ ਬਿਠਾ ਲਿਆ ਉਹਨਾਂ ਨੂੰ।

'ਹੋਹੁ ਮੁਸਲਮਾਨ' ਸੁਖਨ ਅਲਾਏ॥ (ਸੁਖਨ ਅਲਾਏ) ਮੂੰਹ ਤੋਂ ਬੋਲਿਆ, ਸਾਹਿਬਜ਼ਾਦਿਓ! ਤੁਸੀਂ ਮੁਸਲਮਾਨ ਹੋ ਜਾਓ, ਅਸੀਂ ਤੁਹਾਡੀ ਪ੍ਰਵ੍ਰਿਸ਼ ਕਰਾਂਗੇ, ਤੁਹਾਡੀ ਜਿੰਦਗੀ ਰੱਖ ਲਵਾਂਗੇ, ਤੁਹਾਨੂੰ ਪਾਲਾਂ ਪੋਸਾਂਗੇ ਇਹੋ ਜਿਹੇ ਖੋਟੇ ਬਚਨ ਕਰਨ ਲੱਗੇ।

ਨਹ ਆਵਨ ਦੀਨ ਤੋਂ ਦੈਯਗੁ ਮਾਰ॥ ਇਹ ਵੀ ਖਿਆਲ ਕਰਿਓ ਬੱਚਿਓ! ਤੁਹਾਨੂੰ ਨਹੀਂ ਪਤਾ ਇਹਨਾਂ ਗੱਲਾਂ ਦਾ ਜੇ ਤੁਸੀਂ ਸਾਡਾ ਦੀਨ ਨਾ ਮੰਨਿਆ ਤਾਂ ਅਸੀਂ ਤੁਹਾਨੂੰ ਜਾਨ ਤੋਂ ਮਾਰ ਦੇਵਾਂਗੇ, ਇਸ ਤਰ੍ਹਾਂ ਡਰਾਉਂਦੇ ਵੀ ਹਨ।

ਜਿਮ ਮਾਰਯੋ ਤੁਮ ਪਿਤ ਕਰ ਖ੍ਵਾਰ॥ ੨੭॥ ਜਿਵੇਂ ਤੁਹਾਡੇ ਪਿਤਾ ਨੂੰ ਮਾਰਿਆ ਖੁਆਰ ਕਰਕੇ, ਸਾਹਿਬਜ਼ਾਦਿਓ! ਉਵੇਂ ਤੁਹਾਨੂੰ ਮਾਰਾਂਗੇ। ੨੭।

ਯਹ ਸੁਨ ਬਾਲਕਨ ਗੁੱਸੋ ਆਯੋ॥ ਇਹ ਸੁਣ ਕੇ ਸਾਹਿਬਜ਼ਾਦਿਆਂ ਨੂੰ ਗੁੱਸਾ ਚੜ੍ਹ ਗਿਆ ।

'ਹਮਰੈ ਪਿਤ ਕੋ ਸਕੈ ਮਰਵਾਯੋ॥ ਓਇ ਬਕਵਾਸ ਨਾ ਕਰ, ਸਾਡੇ ਪਿਤਾ ਨੂੰ ਕੌਣ ਮਰਵਾ ਸਕਦਾ ਹੈ, ਕੌਣ ਜੰਮਿਆ ਹੈ ਉਹਨਾਂ ਨੂੰ ਮਾਰਨ ਵਾਲਾ।

ਹਮਰੋ ਪਿਤਾ ਬਡ ਰਖਤ ਹਥਯਾਰ॥ ਸਾਡੇ ਪਿਤਾ ਜੀ ਤਾਂ ਜੰਗੀ ਹਥਿਆਰ ਰਖਦੇ ਨੇ ਬੜੇ ਜਬਰਦਸਤ।

ਮਾਰਨ ਵਾਰੇ ਵਹੁ ਲਏ ਮਾਰ'॥੨੮॥ ਜਿਹੜਾ ਉਹਨਾਂ ਨੂੰ ਮਾਰਨ ਜਾਂਦਾ ਹੈ, ਉਹਨੂੰ ਥਾਈਂ ਮਾਰ ਲੈਂਦੇ ਨੇ ਉਹ ਸਾਡੇ ਪਿਤਾ ਤਾਂ ਐਸੇ ਯੋਧੇ ਨੇ। ਤੁਸੀਂ ਉਸਨੂੰ ਕੀ ਮਾਰ ਲਵੋਗੇ। ੨੮।

ਸੁਨਿ ਨਿਬਾਬ ਯੋਂ ਸੁਖਨ ਉਚਾਰੇ॥ ਸਾਹਿਬਜ਼ਾਦਿਆਂ ਦਾ ਜੁਆਬ ਸੁਣਕੇ ਬਜੀਦ ਖਾਂ ਇਉਂ ਬੋਲਿਆ ਆਪਣੇ ਮੂੰਹੋਂ।

'ਹੈਂ ਇਹ ਲਰਕੇ ਜ਼ਿਬਹ ਕਰਨੇ ਵਾਰੇ॥ ਬਜੀਦਾ ਗੁੱਸੇ ਵਿਚ ਆ ਗਿਆ, ਕਹਿਣ ਲੱਗਾ ਇਹ ਲੜਕੇ ਤਾਂ ਜ਼ਿਬਹ ਕਰਨ ਵਾਲੇ ਨੇ। (ਜ਼ਿਬਹ) ਜਿਵੇਂ ਕਸਾਈ ਬੱਕਰੇ ਨੂੰ ਮਾਰਦੇ ਹਨ, ਧੌਣ ਤੇ ਗੋਡਾ ਰੱਖਕੇ ਬੱਕਰੇ ਦੇ ਫੇਰ ਧੌਣ ਤੇ ਫੇਰਦੇ ਨੇ ਛੁਰਾ। ਕਹਿੰਦਾ ਇਹ ਤਾਂ ਛੁਰਾ ਫੇਰਨ ਵਾਲੇ ਨੇ, ਜ਼ਿਬਹ ਕਰਨ ਵਾਲੇ ਨੇ, ਇਹ ਤਾਂ ਬੜੇ ਜ਼ਹਿਰੀਲੇ ਨੇ।

ਜੌ ਏਹ ਹੋਹਿਂ ਨ ਮੁਸਲਮਾਨ॥ ਬਜੀਦ ਖਾਂ ਕਹਿਣ ਲੱਗਾ ਜੇ ਇਹ ਮੁਸਲਮਾਨ ਨ ਹੋਣ।

ਕਰੋ ਜ਼ਿਬਹ ਇਨ ਮਾਰੋ ਜਾਨ'॥੨੯॥ ਉਦੋਂ ਹੀ ਹੁਕਮ ਦੇ ਦਿੱਤਾ, ਇਹਨਾਂ ਨੂੰ ਜ਼ਿਬਹ ਕਰਕੇ ਜਾਨੋਂ ਮਾਰ ਦਿਉ। ੨੯।

ਦੋਹਰਾ॥ ਇਤਕ ਕਹੀ ਜਬ ਦੁਸਟ, ਸੁਨਿ ਤੁਰਕ ਭਏ ਪਰਸੰਨ॥ ਸਾਹਿਬਜ਼ਾਦਿਆਂ ਦਾ ਜਵਾਬ ਸੁਣ ਕੇ ਜਦੋਂ ਬਜੀਦੇ ਦੁਸ਼ਟ ਨੇ ਇਹ ਹੁਕਮ ਸੁਣਾ ਦਿੱਤਾ ਇਹਨਾਂ ਨੂੰ ਸਜਾਏ ਮੌਤ ਦਿੱਤੀ ਜਾਏ, ਜਿਹੜੇ ਦੁਸ਼ਟ ਤੁਰਕ ਸਨ ਉਹ ਤਾਂ ਬੜੇ ਪ੍ਰਸੰਨ ਹੋਏ। ਇਹ ਠੀਕ ਹੈ ਬੇਸਮਝ ਲੋਕ, ਜਿਨ੍ਹਾਂ ਨੂੰ ਪਤਾ ਹੀ ਨਹੀਂ ਕਿ ਇਸ ਵਿਚ ਜਸ ਹੈ ਜਾਂ ਅਪਜਸ ਹੈ, ਇਹਦੇ ਵਿਚ ਬਹਾਦਰੀ ਐ ਜਾਂ ਗੀਦੀਪੁਣਾ, ਜਿਨ੍ਹਾਂ ਨੂੰ ਐਨੀ ਸਮਝ ਨਹੀਂ ਉਹਨਾਂ ਤਾਂ ਆਪੇ ਖੁਸ਼ ਹੋਣਾ ਹੈ ਜੋ ਬੇਈਮਾਨ ਤੁਰਕ ਸਨ ਉਹ ਖੁਸ਼ ਹੋਏ ਹਨ, ਜਿਹੜੇ ਸਿਆਣੇ ਸਨ, ਉਹਨਾਂ ਨੇ ਹਾਅ ਦਾ ਨਾਅਰਾ ਮਾਰਿਆ।

ਫੜੈਂ ਘਸੀਟੈਂ ਹੋਵਤੈਂ ਆਯੋ ਉਨੈ ਨ ਤਰਸ ਮਨ॥੩੦॥ ਉਹਨਾਂ ਦੁਸ਼ਟਾਂ ਜਲਾਦਾਂ ਦੇ ਮਨ ਵਿਚ ਤਰਸ ਨਹੀਂ ਆਇਆ, ਉਦੋਂ ਹੀ ਬਾਹਾਂ ਤੋਂ ਫੜ ਕੇ ਕਚਹਿਰੀ ਵਿਚੋਂ ਘੜੀਸਿਆ ਉਹਨਾਂ ਨੇ ਸਾਹਿਬਜ਼ਾਦਿਆਂ ਨੂੰ ਹੇਠਾਂ ਉਤੇ ਕਰਕੇ ਭਾਵ ਜਿਵੇਂ ਆਮ ਬੇਈਮਾਨ ਦੁਸ਼ਟ ਕਰਦੇ ਨੇ ਜਿਨ੍ਹਾਂ ਦੇ ਮਨ ਵਿਚ ਭੈ ਨਾ ਹੋਵੇ ਖੁਦਾ ਦਾ। ਰੱਬ ਦਾ ਡਰ ਨਾ ਹੋਵੇ ਮਸੂਮ ਬੱਚਿਆਂ ਨੂੰ ਅਸੀਂ ਕਿਉਂ ਲੱਗੇ ਮਾਰਨ। ੩੦।

ਚੌਪਈ॥ ਹੁਤੋ ਉਹਾਂ ਥੋ ਛੁਰਾ ਇਕ ਵਾਰੋ॥ ਇਕ ਛੁਰੇ ਵਾਲਾ ਸੀ ਜਲਾਦ ਉਥੇ।

ਦੈ ਗੋਡੇ ਹੇਠ ਕਰ ਜ਼ਿਬਹ ਡਾਰੋ॥ ਉਸ ਨੇ ਆਪਣੇ ਗੋਡੇ ਹੇਠਾਂ ਲੈ ਕੇ ਜ਼ਿਬਹ ਕਰ ਸੁੱਟਿਆ। ਸ਼ਹੀਦ ਕਰ ਦਿੱਤੇ।

ਤੜਫ ਤੜਫ ਗਈ ਜਿੰਦ ਉਡਾਇ॥ ਇਸ ਤਰ੍ਹਾਂ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ, ਇਸ ਤਰ੍ਹਾਂ ਤੜਫ ਤੜਫ ਕੇ ਉਨ੍ਹਾਂ ਦੇ ਪ੍ਰਾਣ ਉਡ ਗਏ ਭਾਵ ਨਿਕਲ ਗਏ।

ਇਮ ਸ਼ੀਰਖੋਰ ਦੁਇ ਦਏ ਕਤਲਾਇ॥੩੧॥ ਇਉਂ (ਸ਼ੀਰਖੋਰ) ਦੁੱਧ ਪੀਣ ਵਾਲਿਆਂ ਦੋਹਾਂ ਬੱਚਿਆਂ ਨੂੰ ਕਤਲ ਕਰਵਾ ਦਿੱਤਾ ਦੁਸ਼ਟਾਂ ਨੇ। ੩੧।

ਯਹੀ ਬਾਤ ਬਡ ਮਾਤ ਸੁਣ ਲਈ॥ ਇਹੀ ਗੱਲ ਮਾਤਾ ਗੁਜਰੀ ਜੀ ਨੇ ਠੰਢੇ ਬੁਰਜ ਵਿਚ ਸੁਣ ਲਈ, ਕਿ ਸਾਹਿਬਜ਼ਾਦਿਆਂ ਨੂੰ ਪਾਪੀਆਂ ਨੇ ਸ਼ਹੀਦ ਕਰ ਦਿੱਤਾ।

ਗਿਰ ਬੁਰਜੋਂ ਦਏ ਪ੍ਰਾਣ ਉਡਈ॥ ਇਉਂ ਮਾਤਾ ਜੀ ਸਾਹਿਬਜ਼ਾਦਿਆਂ ਨੂੰ ਵੇਖਦੇ ਹੋਏ ਬੁਰਜ ਉਤੋਂ ਡਿੱਗ ਪਏ, ਉਨ੍ਹਾਂ ਦੇ

ਵੀ ਪ੍ਰਾਣ ਉਡਾਰੀ ਮਾਰ ਗਏ।

ਐਸੋ ਭਯੋ ਤਹਾਂ ਬਡ ਕਾਰਾ॥ ਐਸ ਤਰ੍ਹਾਂ ਵੱਡਾ ਕਾਰਾ ਹੋਇਆ ਹੈ, ਵੱਡਾ ਜ਼ੁਲਮ ਹੋਇਆ ਹੈ।

ਹਾਹਾਕਾਰ ਸੁਨ ਜਗਤ ਉਚਾਰਾ॥੩੨॥ ਜਦੋਂ ਇਹ ਖ਼ਬਰ ਕਿਲ੍ਹੇ ਤੋਂ ਬਾਹਰ ਨਿਕਲੀ, ਸਾਰੇ ਜਗਤ ਵਿਚ ਹਾਹਾਕਾਰ ਮੱਚ ਗਈ, ਹਾਏ ਜੁਲਮੀਓ, ਹਾਏ ਓ ਪਾਪੀਓ, ਐਡਾ ਅਪਰਾਧ ਕੀਤਾ ਤੁਸੀਂ ਦੁਸ਼ਟੋ। ੩੨।

ਦੋਹਰਾ॥ਕਹੋਂ ਕਹਾਂ ਉਸ ਵਕਤ ਗਲ, ਜੋ ਉਨ ਜ਼ੁਲਮੀ ਕੀਨ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਉਸ ਸਮੇਂ ਦੀ ਕੀ ਗੱਲ ਕਹਾਂ, ਜਿਸ ਸਮੇਂ ਇਹਨਾਂ ਨੇ ਐਡਾ ਵੱਡਾ ਕਹਿਰ ਕੀਤਾ ਹੈ, ਐਡਾ ਵੱਡਾ ਪਾਪ ਕੀਤਾ ਹੈ ਜ਼ੁਲਮ ਬੇਈਮਾਨਾਂ ਨੇ।

ਅੰਬਰ ਚਹਿਯਤ ਹੁਤ ਗਿਰਯੋ, ਚਹੀਯਤ ਫਟੀ ਜਮੀਨ॥੩੩॥ ਏਸ ਜ਼ੁਲਮ ਨੂੰ ਵੇਖ ਕੇ ਅਸਮਾਨ ਡਿੱਗਣਾ ਚਾਹੁੰਦਾ ਸੀ ਉੱਤੋਂ, ਅਤੇ (ਜ਼ਮੀਨ) ਧਰਤੀ ਫਟ ਜਾਣਾ, ਗਰਕ ਹੋ ਜਾਣਾ ਚਾਹੁੰਦੀ ਸੀ। ਏਨਾ ਜ਼ੁਲਮ ਵੇਖ ਕੇ। ੩੩।

(ਗੁਰੂ ਜੀ ਨੂੰ ਖਬਰ ਪਹੁੰਚੀ, ਜ਼ਫਰਨਾਮਾ)

ਦੋਹਰਾ॥ ਸੋ ਸੁਨੀਓ ਗਲ ਗੁਰੂ, ਜੋ ਜਾ ਬੈਠੇ ਰਾਇ ਕੋਲ॥ ਜਦੋਂ ਇਹ ਸ਼ਾਰੀ ਖ਼ਬਰ ਪਹੁੰਚੀ ਹੈ, ਉਦੋਂ ਸਤਿਗੁਰੂ ਜੀ ਰਾਇ 'ਕੱਲੇ ਕੋਲ ਬੈਠੇ ਸਨ, ਜੋ ਰਾਏ ਕੋਟ ਦਾ ਹਾਕਮ ਸੀ।

ਆਯੋ ਤਰਫ ਸਿਰਹੰਦ ਕੇ, ਉਨ ਕਹੇ ਜੋ ਰੋਇ ਬੋਲ॥੧॥ ਉਸਨੇ ਸਰਹੰਦ ਦੀ ਤਰਫ ਭੇਜਿਆ ਸੀ ਮਾਹੀ ਨੂੰ ਨੂਰੇ ਮਾਹੀ ਨੂੰ ਖ਼ਬਰ ਲਿਆਉਣ ਵਾਸਤੇ। ਕਿਉਂਕਿ ਸਾਹਿਬ ਜੀ ਨੇ ਕਿਹਾ ਸੀ ਛੇਤੀ ਖ਼ਬਰ ਮੰਗਾਓ। ਤਾਂ ਰਾਇ ਕੱਲਾ ਕਹਿਣ ਲੱਗਾ ਇਹ ਸਾਡਾ ਮਾਹੀ ਹੈ ਇਹ ਘੋੜੇ ਤੇ ਸੌ ਕੋਹ ਚਲਿਆ ਜਾਂਦਾ ਹੈ ਤੇ ਮੁੜ ਆਉਂਦਾ ਹੈ। ਇਹ ਸ਼ਾਮ ਨੂੰ ਸਰਹੰਦ ਤੋਂ ਮੁੜ ਆਉਂਦਾ ਹੈ ਜਾ ਕੇ। ਇਹਨੂੰ ਭੇਜਦੇ ਹਾਂ, ਉਸਨੂੰ ਭੇਜਿਆ ਸੀ। ਗੁਰੂ ਜੀ ਉਡੀਕ ਰਹੇ ਸਨ ਮਾਹੀ ਨੂੰ, ਉਹ ਬੜੀ ਜਲਦੀ ਪਤਾ ਲੈ ਕੇ ਆ ਗਿਆ। ਉਹ ਰੋ ਰੋ ਕੇ ਗੱਲਾਂ ਦੱਸ ਰਿਹਾ ਹੈ । ਹੇ ਸੱਚੇ ਪਾਤਸ਼ਾਹ! ਆਹ ਜ਼ੁਲਮ ਕੀਤਾ,ਉਹਨੇ ਸਾਰੀ ਗੱਲ ਦੱਸੀ ਸਾਹਿਬਜ਼ਾਦਿਆਂ ਦੀ। ਕਿਉਂਕਿ ਇਹ ਮੁਸਲਮਾਨ ਸੀ, ਉਹਨੇ ਸਾਰੇ ਮੁਸਲਮਾਨਾਂ ਨਾਲ ਗੱਲ ਕੀਤੀ ਤਸੱਲੀ ਨਾਲ ਉਥੋਂ ਪਤਾ ਕਰਕੇ ਆਇਆ। ੧।

ਚੌਪਈ॥ ਸੁਨ ਸਤਿਗੁਰ ਚੁਪ ਉਸ ਕਰਵਾਯੋ॥ ਉਹ ਰੋਵੇ ਨਾਲੇ ਹਾਲ ਦੱਸੇ, ਸਤਿਗੁਰਾਂ ਨੇ ਕਿਹਾ ਚੁੱਪ ਕਰ, ਬਸ ਕਰ, ਰਹਿਣ ਦੇ, ਹੌਸਲਾ ਕਰ, ਧੀਰਜ ਕਰ।

'ਕਹੁ ਸਿੱਖਾ ਤੂੰ ਕਿਤ ਤੇ ਆਯੋ॥ ਹੇ ਸਿੱਖਾ! ਤੂੰ ਕਿਹੜੇ ਪਾਸਿਓਂ ਆਇਆਂ, ਇਹ ਦੱਸ।

ਖਬਰ ਕੌਊ ਮਾਤਾ ਕੀ ਆਣੀ॥ ਕੋਈ ਮਾਤਾ ਜੀ ਦੀ ਖ਼ਬਰ ਲਿਆਂਦੀ ਹੈ, ਮਾਤਾ ਜੀ ਦੇ ਨਾਲ ਕਿਸ ਤਰ੍ਹਾਂ ਹੋਇਆ ਹੈ।

ਕਿ ਸਾਹਿਬਜ਼ਾਦਨ ਸਿਰ ਜ਼ੁਲਮੀ ਵਿਹਾਣੀ॥੨॥ ਜੋ ਸਾਹਿਬਜ਼ਾਦਿਆਂ ਦੇ ਸਿਰ ਕੀ ਜ਼ੁਲਮ ਵਾਪਰਿਆ ਹੈ। ੨।

ਤੌ ਸਿਖ ਚਕ ਸਿਰ ਘੱਟਾ ਪਾਯੋ॥ ਤਾਂ ਸਿੱਖ ਨੇ ਆਪਣੇ ਸਿਰ ਵਿਚ ਚੁਕ ਕੇ (ਘੱਟਾ) ਮਿੱਟੀ ਪਾਉਣੀ ਸ਼ੁਰੂ ਕਰ ਦਿੱਤੀ ਵੈਰਾਗ ਵਿਚ ਆ ਕੇ, ਭਾਵ ਇਤਨਾ ਪ੍ਰੇਸ਼ਾਨ ਹੋਇਆ ਹੈ, ਜ਼ੁਲਮ ਸੁਣਕੇ, ਉਥੋਂ ਤੋਂ ਰੋਂਦਾ ਹੀ ਤੁਰਿਆ ਆਇਆ ਹੈ। ਰੋਂਦਾ ਵਿਚਾਰਾ, ਸਿਰ ਵਿਚ ਮਿੱਟੀ ਪਾ ਕੇ ਕਹਿਣ ਲੱਗਿਆ।

ਤੁਰਕਨ ਅਪਣੋ ਨਾਸ਼ ਕਰਾਯੋ॥ ਹੇ ਸੱਚੇ ਪਾਤਸ਼ਾਹ ਕੀ ਪੁੱਛਦੇ ਹੋ? ਮਾਤਾ ਜੀ ਦੀ ਖ਼ਬਰ, ਤੁਰਕਾਂ ਨੇ ਆਪਣੀਆਂ ਜੜ੍ਹਾਂ ਪੁੱਟ ਲਈਆਂ ਨੇ। ਆਪਣਾ ਨਾਸ਼ ਕਰਵਾ ਲਿਆ।

ਕਹੋਂ ਕਹਾਂ ਮੁਖੋਂ ਕਿਹਾ ਨ ਜਾਈ॥ ਹੇ ਸੱਚੇ ਪਾਤਸ਼ਾਹ! ਕੀ ਕਹਾਂ ਆਪਣੇ ਮੁਖ ਤੋਂ, ਮੂੰਹ ਤੋਂ ਗੱਲ ਕਹੀ ਨਹੀਂ ਜਾਂਦੀ ਮੇਰੇ ਤੋਂ।

ਜਿਮ ਸਾਹਿਬਜ਼ਾਦਨ ਕੈ ਸੀਸ ਬਿਹਾਈ॥੩॥ ਜਿਸ ਤਰ੍ਹਾਂ ਸਾਹਿਬਜ਼ਾਦਿਆਂ ਦੇ ਸੀਸ 'ਤੇ ਵਾਪਰੀ ਹੈ ਇਹ ਜੋ ਜ਼ੁਲਮ ਉਹਨਾਂ 'ਤੇ ਕੀਤਾ ਗਿਆ ਹੈ। ਉਹ ਤਾਂ ਜਬਾਨ ਨਹੀਂ ਕਹਿ ਸਕਦੀ, ਇਤਨਾ ਭਾਰੀ ਕਹਿਰ ਕਮਾਇਆ ਜ਼ੁਲਮੀਆਂ ਨੇ। ੩।

ਮੱਧ ਕਚਹਿਰੀ ਕਾਰੋ ਕਰਯੋ॥ ਆਮ ਤਾਂ ਜਲਾਦ ਕਤਲਗਾਹ ਵਿਚ ਲੈ ਜਾਂਦੇ ਨੇ ਦੋਸ਼ੀਆਂ ਨੂੰ। ਸਾਹਿਬਜ਼ਾਦਿਆਂ ਦਾ ਤਾਂ ਕਚਹਿਰੀ ਵਿਚ ਹੀ ਜਿਥੇ ਇਨਸਾਫ ਕੀਤਾ ਜਾਂਦਾ ਹੈ, ਜਿਥੇ ਇਨਸਾਫ ਪਸੰਦ ਲੋਕ ਵੀ ਬੈਠੇ ਹੁੰਦੇ ਹਨ, ਜਿਥੇ ਨਿਆਂ ਕਰਨਾ ਸੀ, ਨਿਆਂ ਵਾਲੀ ਕੁਰਸੀ ਤੇ ਬੈਠ ਕੇ ਪਾਪ ਕੀਤਾ ਇਹਨਾਂ ਪਾਪੀਆਂ ਨੇ।

ਨਾਂਹ ਵਹਿ ਪਰਵਰਦਗਾਰੋਂ ਡਰਯੋ॥ ਐਡੇ ਪਾਪੀ ਅਪਰਾਧੀ ਨੇ ਪਰਵਦਗਾਰ ਤੋਂ ਪ੍ਰਮੇਸ਼ਰ ਤੋਂ ਖੁਦਾ ਤੋਂ ਵੀ ਨਹੀਂ ਡਰੇ।

ਘੜੀ ਕੁ ਗੁਰ ਰਹੇ ਮਸ਼ਟਹ ਮਾਰ॥ ਘੜੀ ਕੁ ਤਾਂ ਸਤਿਗੁਰੂ (ਮਸਟਮਾਰ) ਚੁਪ ਕਰ ਗਏ ਹਨ, ਬੋਲੇ ਨਹੀਂ।

ਫਿਰ ਬੋਲੇ ਗੁਰ ਜੀ ਦ੍ਰਿੜ ਧਾਰ॥੪॥ ਫਿਰ ਸਤਿਗੁਰੂ ਜੀ ਦ੍ਰਿੜ੍ਹ ਹੋ ਕੇ ਆਪਣੇ ਮਨ ਵਿਚ ਬੋਲੇ ਹਨ। ੪।

'ਊਹਾਂ ਹੁਤੈ ਕਚਹਿਰੀ ਸਿਖ ਘਨੇਰੇ॥ ਕਿਉਂਕਿ ਸਿੱਖ ਚਾਰ ਚੁਫੇਰੇ ਵਸਦੇ ਸਨ, ਕਚਹਿਰੀ ਵਿਚ ਜ਼ੁੰਮੇਵਾਰ ਬੰਦੇ ਹਨ, ਕਾਰਕੁਨ ਗੁਰੂ ਕੇ ਸਿੱਖ ਜਿਹੜੇ ਸਨ। ਸਾਹਿਬ ਸੱਚੇ ਪਾਤਸ਼ਾਹ ਕਹਿੰਦੇ ਨੇ ਉਥੇ ਸਾਡੇ ਸਿਖ ਵੀ ਸਨ ਕਚਹਿਰੀ ਦੇ ਵਿਚ, ਜਿਨ੍ਹਾਂ ਦੇ ਦੇਖਦਿਆਂ ਜ਼ੁਲਮ ਹੋਇਆ।

ਕਿਨੈ ਨ ਮੋੜੇ ਤੁਰਕ ਉਤ ਵੇਰੈ॥ ਉਸ ਵੇਲੇ ਕਿਸੇ ਨਹੀਂ ਮਨ੍ਹਾਂ ਕੀਤਾ ਏਹਨਾਂ ਨੂੰ? ਕਿ ਇਹ ਪਾਪ ਕਰਨ ਲੱਗੇ ਹੋ, ਜ਼ੁਲਮ ਕਰਨ ਲੱਗੇ ਹੋ?, ਇਹ ਨਿਆਂ ਦੀ ਗੱਲ ਨਹੀਂ ਹੈ, ਇਨਸਾਫ ਦੀ ਗੱਲ ਨਹੀਂ ਹੈ, ਕੋਈ ਅਹਿਲਕਾਰ ਨਹੀਂ ਬੋਲਿਆ। ਸਾਡੇ ਸਿੱਖ ਵਿਚ ਬੈਠੇ ਸਨ ਉਹ ਵੀ ਨਹੀਂ ਬੋਲੇ। ਇਹ ਕੀ ਹੋਇਆ?

ਹਮ ਤਕਸੀਰ ਪਤਸਾਹਿ ਭੀ ਥੇਂ ਨਾਂਹਿ॥ ਗੁਰੂ ਜੀ ਕਹਿੰਦੇ ਨੇ ਅਸੀਂ ਕੋਈ ਸਰਕਾਰੀ ਨੁਕਸਾਨ ਵੀ ਨਹੀਂ ਸੀ ਕੀਤਾ, ਉਨ੍ਹਾਂ ਦੇ ਵੀ ਅਸੀਂ ਕੋਈ ਦੇਣਦਾਰ ਨਹੀਂ ਸੀ, ਕੋਈ ਸਾਡੇ 'ਤੇ ਦੋਸ਼ ਨਹੀਂ ਸੀ। ਉਲਟੀਆਂ ਇਹ ਕਸਮਾਂ ਖਾ ਕੇ, ਝੂਠ ਬੋਲ ਕੇ ਸਾਡੇ 'ਤੇ ਹਮਲਾਵਰ ਹੋਏ ਸਨ। ਦੋਸ਼ੀ ਤੇ ਇਹ ਸਨ ਅਸੀਂ ਸਰਕਾਰ ਦੇ ਦੋਸ਼ੀ ਨਹੀਂ ਸਾਂ।

ਉਸ ਕੋ ਮਾਰਤ ਥਾ ਕੋਊ ਨਾਂਹਿ॥੫॥ ਉਹਨਾਂ ਨੂੰ ਕੋਈ ਮਾਰਦਾ ਤਾਂ ਨਹੀਂ ਸੀ, ਸੱਚ ਬੋਲਣ ਤੇ। ੫।

ਦੋਹਰਾ॥ ਪਰਸ਼ਾਰਥ ਕੇ ਕਾਰਣੈ, ਸਿਰ ਸਿਖ ਦੇਤ ਥੇ ਲਾਇ॥ ਸਾਹਿਬ ਸੱਚੇ ਪਾਤਸ਼ਾਹ ਜੀ ਕਹਿੰਦੇ ਨੇ ਕਿ ਗੁਰੂ ਨਾਨਕ ਦੇ ਸਿੱਖ ਪਰਉਪਕਾਰ ਵਾਸਤੇ ਆਪਣਾ ਸੀਸ ਲਾ ਦਿੰਦੇ ਸਨ, ਜਿਥੇ ਕਿਸੇ ਗਰੀਬ ਦਾ ਬੁਰਾ ਹੁੰਦਾ ਹੋਵੇ, ਉਥੇ ਆਪਣੀ ਜਾਨ ਵਾਰ ਦਿੰਦੇ ਸਨ। ਸਾਹਿਬਜ਼ਾਦਿਆਂ ਦੇ ਸ਼ਹੀਦ ਹੁੰਦਿਆਂ ਕਿਸੇ ਹੌਸਲਾ ਨਹੀਂ ਕੀਤਾ? ਕਿਸੇ ਨਹੀਂ ਅੜਿਕਾ ਪਾਇਆ, ਕਿਉਂ ਕਰਦੇ ਹੋ ਪਾਪ?

ਤਿਹ ਹੁਤੋ ਮਸੰਦ ਸੁਲੱਖਣੋ, ਸਿਖ ਸੈ ਚੌਦਾਂ ਅਰਥਾਇ॥੬॥ ਸਰਹੰਦ ਵਿਚ ਸੁਲੱਖਣਾ ਮਸੰਦ ਸੀ, ਚੌਦਾਂ ਸੌ ਸਿਖ ਸਰਹੰਦ ਵਿਚ ਵਸਦਾ ਸੀ ਉਸ ਸਮੇਂ, ਐਨੇ ਸਿਖ ਤੇ ਉਸ ਮਸੰਦ ਦੇ ਹੁੰਦਿਆਂ ਇਹ ਅਨਰਥ ਹੁੰਦੇ ਨੂੰ ਕਿਸੇ ਨਾ ਡੱਕਿਆ ਤੁਰਕਾਂ ਨੂੰ, ਕਿ ਇਹ ਪਾਪ ਕਿਉਂ ਕਰ ਰਹੇ ਹੋ ਤੁਸੀਂ। ੬।

ਚੌਪਈ॥ ਰਾਇ ਪੁਰਯੋ ਥੋ ਕਚਹਿਰੀ ਮਾਹਿ॥ ਰਾਇਪੁਰੀਆ ਮਸੰਦ ਵੀ ਉਥੇ ਕਚਹਿਰੀ ਵਿਚ ਬੈਠਾ ਸੀ।

ਚਿਨਾਲ ਥਲਯੋਂ ਬੁਲਾਕੀ ਗਲ ਥੰਭੀ ਨਾਂਹਿ॥ ਚਿਨਾਰਥਲ ਤੋਂ ਬੁਲਾਕੀ ਅਹਿਲਕਾਰ ਸੀ ਉਥੇ ਸਰਹੰਦ ਦੇ ਇਹਨੇ ਵੀ ਗੱਲ ਨਾ ਥੰਮ੍ਹੀ।

ਉਨਿ ਬਾਲ ਮਾਰਨ ਕੋ ਕਯਾ ਥੋ ਦਾਇ॥ ਉਹਨਾਂ ਦਾ ਬੱਚਿਆਂ ਨੂੰ ਮਾਰਨ ਦਾ ਕੀ ਕੰਮ ਸੀ।

ਬਿਨੈ ਦਾਹਿ ਕਿਸ ਲਗੈ ਨ ਹਾਇ॥੭॥ ਬਿਨਾਂ ਦਾਹਿ ਤੋਂ (ਦਾਹਿ) ਸੇਕ ਲੱਗੇ ਤੋਂ ਬਿਨਾਂ ਤਕਲੀਫ ਨਹੀਂ ਹੁੰਦੀ, ਇਹਨਾਂ ਨੂੰ ਕੋਈ ਦੁਖ ਨਾ ਹੋਇਆ? ਸਾਡੇ ਗੁਰੂ ਦੇ ਸਾਹਿਬਜ਼ਾਦੇ ਨੇ, ਇਹਨਾਂ 'ਤੇ ਜ਼ੁਲਮ ਹੋ ਰਿਹਾ। ੭।

ਜਿਨ ਤਨ ਲਗੀ ਸੋ ਤਨ ਜਾਣੈ॥ ਜਿਸ ਸਰੀਰ ਨੂੰ ਲੱਗੀ ਸੀ ਉਹੀ ਜਾਣਦੇ ਸਨ, ਦੂਸਰਿਆਂ ਨੂੰ ਕੀ ਤਕਲੀਫ ਸੀ।

ਔਰ ਲੋਕ ਇਕ ਕੂੜ ਬਖਾਣੈ॥ ਹੋਰ ਲੋਕ ਐਵੇਂ ਝੂਠ ਮਾਰਦੇ ਨੇ, ਮੈਨੂੰ ਬੜਾ ਪ੍ਰੇਮ ਹੈ ਤੇਰੇ ਨਾਲ, ਸਮਾਂ ਪੈਣ ਤੇ ਮੈਂ ਤੇਰੇ ਪਿਛੇ ਸਿਰ ਲਾ ਦਿਆਂਗਾ, ਇਹ ਤਾਂ ਸਭ ਕੂੜੀਆਂ ਗੱਲਾਂ, ਕੋਈ ਕਿਸੇ ਦੀ ਥਾਂ ਨਹੀਂ ਮਰਿਆ, ਉਸ ਮੌਕੇ ਕੋਈ ਨਹੀਂ ਕਿਸੇ ਦੀ ਬਾਂਹ ਫੜਦਾ।

ਇਤਨੀ ਕਹਿ ਗੁਰ ਅੰਸੂ ਗਿਰਾਈ॥ ਇੰਨੀ ਗੱਲ ਕਹਿ ਕੇ ਗੁਰੂ ਜੀ ਦੇ ਨੇਤਰਾਂ ਚੋਂ ਅਥਰੂ ਡਿਗੇ ਹਨ।

ਤੌ ਸਿਖਨ ਇਮ ਅਰਜ਼ ਸੁਨਾਈ॥ ੮॥ ਉਹ ਕੋਲ ਸਿਦਕੀ ਸਿਖ ਜਿਹੜੇ ਬੈਠੇ ਨੇ ਜੋ ਗੁਰੂ ਜੀ ਨੂੰ ਪੂਰਨ ਰੂਪ ਸਮਝਦੇ ਸਨ, ਇਹ ਪ੍ਰਮੇਸ਼ਰ ਹਨ ਬ੍ਰਹਮ ਗਿਆਨੀ ਹਨ, ਉਹਨਾਂ ਨੇ ਬੇਨਤੀ ਕੀਤੀ ਹੇ ਸਤਿਗੁਰੂ। ੮।

'ਤੂ ਕਰਤੇ ਪਰਿ ਪੂਰਨ ਗਯਾਨੀ॥ ਤੁਸੀਂ ਤਾਂ ਕਰਤੇ ਪੁਰਖ ਉਪਰ ਪੂਰਨ ਭਰੋਸਾ ਰਖਦੇ ਹੋ ਬ੍ਰਹਮ ਗਿਆਨੀ ਹੋ, ਉਹਦੇ ਹੁਕਮ ਬਿਨਾਂ ਕੁਛ ਨਹੀਂ ਹੋ ਰਿਹਾ, ਮਹਾਰਾਜ ਆਹ ਕੀ ਕਾਰਨ ਹੋਇਆ, ਤੁਸਾਂ ਵੀ ਨੇਤਰਾਂ ਤੋਂ ਜਲ ਛੱਡ ਦਿੱਤਾ ਹੈ, ਇਹ ਕਿਉਂ ਹੋਇਆ?

ਤੁਮ ਭੀ ਗੇਰਯੋ ਨੈਨ ਤੇ ਪਾਨੀ'? ਤੁਸਾਂ ਵੀ ਨੇਤਰਾਂ ਤੋਂ ਪਾਣੀ ਗੇਰ ਦਿੱਤਾ ਹੈ ਇਹਦਾ ਕੀ ਕਾਰਨ ਹੋਇਆ?

ਤੌ ਸਤਿਗੁਰ ਇਮ ਬਚਨ ਸੁਨਯੋ॥ ਤਾਂ ਸਤਿਗੁਰਾਂ ਨੇ ਇਸ ਤਰ੍ਹਾਂ ਬਚਨ ਕੀਤਾ ਹੈ, ਹੇ ਭਾਈ ਸਿਖੋ ਸੁਣੋ।

ਹਰੈ ਬਿਰਛ ਤੋੜ ਪਤ ਮੰਗਵਯੋ॥੯॥ ਕਹਿਣ ਲੱਗੇ ਕਿ ਹਰੇ ਬ੍ਰਿਛ ਦਾ ਪੱਤਾ ਤੋੜ ਕੇ ਲਿਆਉ। ੯।

ਤੁਟਯੋ ਪਤਿ ਤਿਤ ਨੀਰ ਸਿਮਾਯੋ॥ ਜਿਥੋਂ ਪੱਤਾ ਟੁੱਟਿਆ, ਉਥੋਂ ਪਾਣੀ, ਦਾ ਤੁਪਕਾ ਨਿਕਲਿਆ, ਜਦੋਂ ਪਾਣੀ ਸਿਮ ਆਇਆ।

ਸੋ ਸਿੱਖਨ ਦਿਖਾਇ ਪਤਿਆਯੋ॥ ਵੇਖੋ ਸਿੱਖੋ! ਇਹ ਦਰਖਤ ਹੈ, ਜੜ੍ਹ ਹੈ, ਇਹਦੇ ਵਿਚੋਂ ਵੀ ਪਾਣੀ ਸਿੰਮਿਆਂ ਹੈ ਤਕਲੀਫ ਹੋਈ ਹੈ ਨਾ, ਜਿਹਦੇ ਤਨ ਨੂੰ ਲੱਗੀ ਉਹਨੂੰ ਤਕਲੀਫ ਹੋਈ । ਸਾਡੇ ਜਿਗਰ ਦੇ ਟੁਕੜੇ ਸਨ, ਏਸ ਕਰਕੇ ਸਾਨੂੰ ਵੀ ਤਕਲੀਫ ਹੋਈ।

'ਜੜ੍ਹ ਬਿਰਛਨ ਸਿੰਮ ਆਵੈ ਨੀਰ॥ ਇਹ ਜੜ੍ਹ ਬ੍ਰਿਛ ਹਨ ਜਦੋਂ ਇਹਨਾਂ ਵਿਚੋਂ ਪਾਣੀ ਸਿੰਮ ਸਕਦਾ, ਇਹਨਾਂ ਨੂੰ ਵੀ ਦੁਖ ਤਕਲੀਫ ਪਹੁੰਚਦੀ ਹੈ।

ਯਹ ਤੋ ਮਾਨਸ ਚੇਤਨ ਸਰੀਰ' ॥੧੦॥ ਇਹ ਤਾਂ ਮਨੁੱਖ ਦਾ ਚੇਤਨ ਸਰੀਰ ਹੈ, ਇਹਦੇ ਚੋਂ ਪਾਣੀ ਨਿਕਲਣਾ ਕੋਈ ਵੱਡੀ ਗੱਲ ਨਹੀਂ ਸੀ। ੧੦।

ਦੋਹਰਾ॥ ਫਿਰ ਸਤਿਗੁਰ ਉਸ ਸਿਖ ਪੁਛਯੋ, ਕਿਨ ਹਾਅ ਨਾਰਾ ਮਾਰਯੋ ਨਾਹਿ? ਫੇਰ ਸਤਿਗੁਰੂ ਜੀ ਨੇ ਉਸ ਮਾਹੀ ਨਾਮ ਦੇ ਸਿਖ ਨੂੰ ਪੁਛਿਆ ਕਿ ਕਿਸੇ ਨੇ ਹਾਅ ਦਾ ਨਾਹਰਾ ਨਹੀਂ ਮਾਰਿਆ ਐਡੀ ਕਚਹਿਰੀ ਦੇ ਵਿਚ?

ਉਸੀ ਸਿਖ ਤਬ ਇਮ ਕਹੀ, 'ਇਕ ਮਲੇਰੀ ਪਠਾਣ ਕਹਾਹਿ॥੧੧॥ ਉਸੇ ਸਿਖ ਨੇ ਕਿਹਾ ਮਹਾਰਾਜ! ਸ਼ੇਰ ਮੁਹੰਮਦ ਨਾਮ ਦੇ ਇਕ ਮਲੇਰ ਕੋਟਲੇ ਦੇ ਪਠਾਣ ਨੇ 'ਹਾਅ ਦਾ ਨਾਅਰਾ' ਮਾਰਿਆ ਹੈ। ੧੧।

ਚੌਪਈ॥ ਤੌ ਸਤਿਗੁਰ ਸ੍ਰੀ ਮੁਖੋਂ ਫੁਰਮਾਯੋ'॥ ਸਤਿਗੁਰੂ ਜੀ ਨੇ ਹੁਕਮ ਕੀਤਾ, ਆਪਣੇ ਮੁਖੋਂ ਇਉਂ ਕਿਹਾ।

'ਅਪੁਨੀ ਜੜ੍ਹਾਂ ਗਯੋ ਵਹੁ ਲਾਯੋ॥ ਉਹ ਆਪਣੀ ਜੜ੍ਹ ਰੱਖ ਗਿਆ ਹੈ। ਸਤਿਗੁਰੂ ਜੀ ਨੇ ਉਥੇ ਆ ਕੇ ਤੁਰਕਾਂ ਦੀਆਂ ਜੜ੍ਹਾਂ ਪੁੱਟ ਦਿੱਤੀਆਂ ਨੇ। ਕਹਿਣ ਲੱਗੇ ਉਹਨੇ ਆਪਣੀ ਜੜ੍ਹ ਰਖ ਲਈ ਹੈ। ਦੱਸੋ ਕਿਤੇ ਤੁਰਕਾਂ ਦਾ ਥਾਣਾ, ਕੋਈ ਉਹਨਾਂ

ਦਾ ਰਾਜਪਾਟ ਰਹਿ ਗਿਆ ਹੋਵੇ। ਅੱਜ ਮੌਜੂਦ ਹੈ ਮਲੇਰਕੋਟਲਾ, ਉਹ ਜਿਉਂ ਕੇ ਤਿਉਂ ਵਸੇ ਨੇ, ਉਨ੍ਹਾਂ ਨੂੰ ਕੋਈ ਤਕਲੀਫ ਨਹੀਂ ਹੋਈ। ਕਿਤਨੇ ਘੱਲੂਘਾਰੇ ਹੋਏ ਨੇ ਉਹਨੇ ਥੇਹ ਕਰ ਦਿੱਤੇ ਨੇ ਥਾਂ ਥਾਂ ਉਹਨੇ ਵੀ ਇਸਨੂੰ ਕੁਛ ਨਹੀਂ ਕਰਿਆ। ਸੋ ਖਾਲਸਾ ਜੀ ਸਤਿਗੁਰਾਂ ਦਾ ਬਚਨ ਜੋ ਹੈ, ਅੱਗੇ ਆ ਖੜੋਂਦਾ ਹੈ ਆਹ ਜਦੋਂ ਪਾਕਿਸਤਾਨ ਹਿੰਦੋਸਤਾਨ ਬਣਿਆ ਉਦੋਂ ਵੀ ਏਵੇਂ ਹੀ ਹੋਇਆ ਹੈ। ਨਵੇਂ ਪਿੰਡ ਤੋਂ ਲੈ ਕੇ ਏਥੋਂ ਜਿਉਂ ਲੱਗੇ ਤੁਰਕਾਂ ਨੂੰ ਮਾਰਨ, ਮਾਰਦੇ ਮਾਰਦੇ ਅੱਗੇ ਹੱਦ ਆ ਗਈ, ਸੂਆ ਆ ਗਿਆ ਪਾਣੀ ਵਾਲਾ, ਸੂਏ ਦੇ ਪਰਲੇ ਪਾਸੇ ਮਲੇਰ ਕੋਟਲੇ ਦੀ ਹੱਦ ਸੀ, ਉਰੇ ਪੰਜਾਬ ਦੀ, ਜਦੋਂ ਉਥੋਂ ਉਹ ਪਾਰ ਹੋ ਗਏ, ਉਹਨਾਂ ਦੇ ਮਨ ਵਿਚ ਕੋਈ ਮੈਲ ਨਾ ਰਹੀ, ਉਹ ਸ਼ਾਂਤ ਹੋ ਗਏ, ਏਧਰ ਵੀ ਸ਼ਾਂਤੀ ਹੋ ਗਈ। ਉਥੋਂ ਦੋਵੇਂ ਧਿਰਾਂ ਮੁਸਲਮਾਨ ਸਾਰੇ ਉਧਰ ਨੂੰ ਚਲੇ ਗਏ, ਸਿੰਘ ਏਧਰ ਨੂੰ ਮੁੜ ਆਏ, ਇਹ ਕਲਾ ਸਤਿਗੁਰਾਂ ਦੀ ਵੇਖੀ, ਉਹਨਾਂ ਦਾ ਬਚਨ ਕੰਧ ਵਾਂਗ ਅੱਗੇ ਖੜ੍ਹ ਗਿਆ ਆ ਕੇ, ਕੋਈ ਨਹੀਂ ਕਿਸੇ ਦਾ ਨੁਕਸਾਨ ਕਰ ਸਕਿਆ, ਉਹਨਾਂ ਦੇ ਬਚਨ ਅਟੱਲ ਹਨ।

ਉਨ ਕਰਨੀ ਸਿਰ ਔਰਨ ਪਈ॥ ਉਹਨਾਂ ਦੀ ਕੀਤੀ ਹੋਰਨਾਂ ਦੇ ਸਿਰ ਪਈ ਹੈ।

ਵਾਜ ਗੁਰੂ ਕੀ ਉਨ ਰਖ ਗਈ' ॥੧੨॥ ਉਹਨਾਂ ਸਤਿਗੁਰਾਂ ਦਾ ਬਚਨ ਰੱਖ ਗਿਆ, ਸਤਿਗੁਰਾਂ ਨੇ ਕਿਹਾ ਆਪਣੀ ਜੜ੍ਹ ਰੱਖ ਲਈ ਹੈ, ਦੂਸਰਿਆਂ ਤੇ ਭਾਣਾ ਵਰਤਿਆ ਸਭ ਤੁਰਕਾਂ ਤੇ ਸਭ ਨਸ਼ਟ ਹੋ ਗਏ। ਸਾਰਿਆਂ ਦੀਆਂ ਜੜ੍ਹਾਂ ਪੁੱਟੀਆਂ ਗਈਆਂ ਹਨ। ੧੨।

ਖਿਆਲ ਪਾਤਸ਼ਾਹੀ ੧੦

ਸ੍ਰੀ ਦਸਮੇਸ਼ ਜੀ ਦੀ ਰਚੀ ਹੋਈ ਬਾਣੀ ਹੈ ਇਹ (ਖਿਆਲ) ਸੰਗੀਤ ਦੀ ਬੋਲੀ ਵਿਚ ਇਕ ਗੀਤ ਦੀ ਬੰਦਸ਼ ਨੂੰ ਖਿਆਲ ਕਹਿੰਦੇ ਹਨ। ਇਹ ਬੰਦਸ਼ ਸ੍ਰੀ ਦਸ਼ਮੇਸ਼ ਜੀ ਦੀ ਗਾਉਣ ਦੇ ਪਹਿਲੂ ਤੋਂ ਬੜੀ ਰਸਦਾਇਕ ਤੇ ਮਨ ਨੂੰ ਗੜ੍ਹੁੰਦ ਕਰ ਦੇਣ ਵਾਲੀ ਹੈ।

ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ॥ ਪਿਆਰੇ ਮਿਤ੍ਰ ਵਾਹਿਗੁਰੂ ਨੂੰ, (ਮੁਰੀਦਾਂ) ਦਾਸਾਂ ਦਾ ਚੜ੍ਹਦੀਆਂ ਕਲਾਂ ਤੇ ਪ੍ਰੇਮ ਦੀ ਦਸ਼ਾ ਦਾ ਹਾਲ ਕਹਿਣਾ।

ਤੁਧ ਬਿਨ ਰੋਗ ਰਜਾਈਆਂ ਦਾ ਓਢਣ, ਨਾਗ ਨਿਵਾਸਾਂ ਦੇ ਰਹਿਣਾ॥ ਤੁਧ ਬਿਨ (ਹੇ ਵਾਹਿਗੁਰੂ) ਤੇਰੇ ਬਿਨਾਂ ਰੋਗ ਬਿਮਾਰੀ। ਰਜਾਈਆਂ-ਰਜਾਈ ਦਾ ਬਹੁ ਵਚਨ, ਜੋ ਕਿ ਠੰਢ ਤੋਂ ਬਚਣ ਲਈ ਰੂੰ ਪਾ ਕੇ ਬਣਾਈ ਜਾਂਦੀ ਹੈ। ਓਢਣ-ਉਪਰ ਲੈਣਾ ਭਾਵ ਸੋਹਣਿਆਂ ਬਿਸਤਰਿਆਂ ਤੇ ਸੌਣਾ। ਨਾਗ-ਸੱਪ ਨਿਵਾਸਾਂ-ਨਿਵਾਸ=(ਘਰ) ਦਾ ਬਹੁ ਵਚਨ। ਰਹਿਣਾ=ਵਸਣਾ।

ਹੇ ਪਿਆਰੇ ਵਾਹਿਗੁਰੂ! ਤੇਰੇ ਸੇਵਕਾਂ ਦਾ ਹਾਲ ਇਸ ਤਰ੍ਹਾਂ ਹੈ ਕਿ (ਉਹ ਦਾਸ) ਤੇਰੀ ਯਾਦ ਤੋਂ ਬਿਨਾਂ (ਸੋਹਣੇ ਸੋਹਣੇ ਬਿਸਤਰਿਆਂ) ਤੇ ਸੌਣ ਨੂੰ ਬਿਮਾਰੀ, ਅਤੇ ਸੋਹਣੇ ਸੋਹਣੇ ਘਰਾਂ ਵਿਚ ਰਹਿਣ ਨੂੰ ਸੱਪਾਂ ਦੀਆਂ ਖੁੱਡਾਂ ਵਿਚ ਰਹਿਣ ਦੇ ਸਮਾਨ ਸਮਝਦੇ ਹਨ।

ਸੂਲ ਸੁਰਾਹੀ ਖੰਜਰੁ ਪਿਆਲਾ, ਬਿੰਗ ਕਸਾਈਆਂ ਦਾ ਸਹਿਣਾ॥ ਸੂਲ-ਨੇਜਾ, ਭਾਲਾ, ਸੁਰਾਹੀ=ਲੰਮੇ ਪਤਲੇ ਗਲ ਵਾਲਾ ਬਰਤਨ। ਪਿਆਲਾ=ਕੌਲਾ। ਬਿੰਗ=ਇਕ ਸ਼ਸਤ੍ਰ ਜਿਸ ਨਾਲ ਕਸਾਈ ਬਕਰੇ ਨੂੰ ਹਲਾਲ ਕਰਦੇ ਹਨ। ਕਸਾਈ=ਕਸਾਬ, ਮਾਸ ਵੱਢ ਕੇ ਵੇਚਣ ਵਾਲਾ ਬੁੱਚੜ। (ਹੇ ਪ੍ਰਭੂ ਤੇਰੀ ਯਾਦ ਤੋਂ ਬਿਨਾਂ ਸਾਨੂੰ) ਸੁਰਾਹੀ (ਸੂਲ) ਨੇਜੇ ਵਰਗੀ (ਕੌਲਾ) ਖੰਜਰ ਵਾਂਗ (ਮਾਰੂ ਹਥਿਆਰ ਦਿਸਦੇ ਹਨ) ਜੋ ਕਿ ਬੁੱਚੜਾਂ ਦੇ ਬਿੰਗ ਸ਼ਸਤ੍ਰ ਵਾਂਗ

ਸਹਾਰਦੇ ਹਨ।

ਯਾਰੜੇ ਦਾ ਸਾਨੂੰ ਸੱਥਰ ਚੰਗਾ, ਭੱਠ ਖੇੜਿਆਂ ਦਾ ਰਹਿਣਾ॥ ਯਾਰੜੇ ਦਾ=ਪਿਆਰੇ ਮਿਤ੍ਰ ਦਾ, ਪ੍ਰਭੂ ਦੀ ਯਾਦ ਵਿਚ। ਸੱਥਰ=ਭੁੰਞੇ ਸੌਣਾ। ਖੇੜਿਆਂ-ਖੁਸ਼ੀਆਂ। ਭੱਠ=ਭੱਠਾ, ਆਵਾ।

ਹੇ ਪਰਮ ਪਿਆਰੇ ਪ੍ਰਭੂ! ਤੇਰੀ ਯਾਦ (ਸਾਡੇ ਦਿਲਾਂ ਵਿਚ ਕਾਇਮ ਰਹੇ) ਇਸ ਦੇ ਹੁੰਦਿਆਂ ਸਾਨੂੰ ਭੁੰਞੇ ਸੌਣਾ ਵੀ ਚੰਗਾ ਲਗਦਾ ਹੈ, ਪਰ ਤੇਰੀ ਯਾਦ ਤੋਂ ਖਾਲੀ ਖੁਸ਼ੀਆਂ ਖੇੜਿਆਂ. ਵਿਚ ਰਹਿਣਾ, ਭੱਠ ਵਿਚ ਪੈ ਕੇ ਸੜਨ ਦੇ ਸਮਾਨ ਹੈ।

ਦੋਹਰਾ॥ਦੀਨੇ ਕੀ ਹੀ ਬੈਠ ਗੁਰ, ਬੈਂਤਾਂ ਲਿਖੀ ਵਿਚਾਰ॥ ਜਿਸ ਨੂੰ ਆਪਾਂ ਜ਼ਫਰਨਾਮਾ ਕਹਿੰਦੇ ਹਾਂ। ਦੀਨੇ ਕਾਂਗੜ ਬੈਠੇ ਹਨ ਸਤਿਗੁਰੂ, ਇਕਲੇ ਬੈਠ ਕੇ ਇਹ ਬੈਂਤਾਂ ਲਿਖੀਆਂ ਹਨ, ਭਾਵ ਜਿਸਨੂੰ ਹਕਾਇਤਾਂ ਕਹਿੰਦੇ ਹਾਂ ਉਹ ਸਤਿਗੁਰਾਂ ਨੇ ਵਿਚਾਰ ਕੇ। ਦੀਨੇ ਦੇ ਨਾਲ ਹੀ ਪਿੰਡ ਭਾਈ ਕਾ ਦਿਆਲਪੁਰਾ ਹੈ, ਇਹ ਰੋਹੀ ਵਿਚ ਸੀ, ਸਤਿਗੁਰੂ ਜੀ ਨੇ ਦੀਨੇ ਪਿੰਡ ਤੋਂ ਦੇਖਿਆ ਹੈ, ਰੋਹੀ ਦੇ ਵਿਚ ਇਕ ਝਿੜੀ ਸੀ, ਉਥੇ ਇਕਾਂਤ ਜਗ੍ਹਾ ਤੇ ਆ ਕੇ ਬੈਠ ਕੇ ਇਥੇ ਬੈਂਤਾਂ ਲਿਖਦੇ ਸਨ, ਜਫਰਨਾਮਾ ਲਿਖਦੇ ਸਨ ਸਤਿਗੁਰੂ ਜੀ।

ਕਿਛ ਜੰਗ ਕਿਛ ਨਸੀਹਤ, ਕਿਛ ਉਲਾਂਭੇ ਹਕੀਕਤ ਡਾਰ॥੧੩॥ ਜ਼ਫਰਨਾਮੇ ਵਿਚ ਕੁਛ ਤਾਂ ਜੰਗ ਦੇ ਪ੍ਰਸੰਗ ਦਿੱਤੇ ਨੇ, ਜੋ ਪਿਛੇ ਵਾਪਰ ਚੁੱਕੇ ਨੇ, ਕੁਛ ਹਕੀਕਤਾਂ ਸਮੇਂ ਦੀਆਂ, ਜੋ ਇਹਨਾਂ ਨੇ ਕਸਮਾਂ ਸੌਂਹਾਂ ਖਾਧੀਆਂ ਸਨ ਉਹਨਾਂ ਤੇ ਪਾਣੀ ਫੇਰ ਦਿੱਤਾ, ਮੁੱਕਰ ਗਏ ਝੂਠ ਬੋਲ ਗਏ ਕੁਛ ਉਹ ਲਿਖਿਆ, ਕੁਛ ਨਸੀਹਤਾਂ ਦਿੱਤੀਆਂ, ਕੁਛ ਉਲਾਂਭੇ ਦਿਤੇ। ਤੁਸੀਂ ਬਚਨ ਦਿੱਤਾ ਸੀ ਕਿ ਅਸੀਂ ਹੱਲਾ ਨਹੀਂ ਕਰਾਂਗੇ, ਤੁਸੀਂ ਅਜ਼ਾਦ ਹੋ ਜਿਧਰ ਮਰਜੀ ਜਾ ਸਕਦੇ ਹੋ। ਤੁਸੀਂ ਸਾਡੇ ਤੇ ਹਮਲਾ ਕਰ ਦਿੱਤਾ, ਸਾਡੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰ ਦਿੱਤਾ, ਮਾਤਾ ਜੀ ਨੂੰ ਸ਼ਹੀਦ ਕਰ ਦਿੱਤਾ, ਇਸ ਤਰ੍ਹਾਂ ਉਲਾਂਭੇ ਦਿੱਤੇ ਮਹਾਰਾਜ ਨੇ। ਇਸ ਤਰ੍ਹਾਂ ਨਿਹੋਰੇ ਦਿੱਤੇ ਔਰੰਗਜ਼ੇਬ ਨੂੰ ਜੋ ਹਕਾਇਤਾਂ ਦੇ ਵਿਚ ਲਿਖਿਆ ਹੈ। ੧੩।

ਚੌਪਈ॥ਸੋ ਨੌਰੰਗੈ ਵਲ ਦਈ ਘਲਾਇ॥ ਇਹ ਹਕੀਕਤ ਸਾਰੀ ਲਿਖ ਕੇ ਜ਼ਫਰਨਾਮੇ ਦੇ ਰੂਪ ਵਿਚ ਔਰੰਗਜ਼ੇਬ ਦੇ ਕੋਲ ਔਰੰਗਾਬਾਦ ਭੇਜ ਦਿੱਤਾ।

ਦਯਾ ਸਿੰਘ ਲੈ ਪਹੁੰਚਯੋ ਜਾਇ॥ ਭਾਈ ਦਇਆ ਸਿੰਘ ਭਾਈ ਧਰਮ ਸਿੰਘ ਜੀ ਨੂੰ ਏਥੋਂ ਅਹਿਦੀਏ ਬਣਾ ਕੇ ਭੇਜਿਆ, ਭਾਈ ਦਇਆ ਸਿੰਘ ਜੀ ਨੂੰ ਪਲੰਘ ਦੇ ਉਤੇ ਬਿਠਾ ਕੇ ਚਾਰ ਕੁਹਾਰ ਲਾ ਕੇ ਉਹ ਔਰੰਗਾਬਾਦ ਗਏ, ਦੇਖ ਲਉ ਦੱਖਣ ਵਿਚ ਹੈ, ਉਹ ਜ਼ਫਰਨਾਮਾ ਔਰੰਗਜ਼ੇਬ ਨੂੰ ਜਾ ਕੇ ਸਿੰਘਾਂ ਨੇ ਦੇ ਦਿੱਤਾ।

ਥੋੜੀ ਉਨ ਸੁਨੀ ਬਹੁਤੀ ਰਹੀ॥ ਇਹਦੇ ਵਿਚ ਤਾਅਨੇ ਦਿੱਤੇ ਸਨ, ਉਹਨੂੰ ਸ਼ਰਮਿੰਦਾ ਕੀਤਾ ਸੀ। ਕਹਿੰਦੇ ਨੇ ਥੋੜੀ ਸੁਣੀ ਉਸਨੇ, ਅਜੇ ਬਹੁਤ ਹਕਾਇਤਾਂ ਦੀ ਬਾਣੀ ਪਿਛੇ ਰਹਿੰਦੀ ਸੀ। ਥੋੜੀ ਜਿਹੀ ਸੁਣ ਕੇ ਸ਼ਰਮ ਆਈ ਉਸਨੂੰ ਕਿ ਮੈਂ ਕੀ ਜ਼ੁਲਮ ਕਰ ਬੈਠਾ। ਮੈਂ ਆਪਣੇ ਬਚਨ 'ਤੇ ਵੀ ਨਾ ਰਿਹਾ, ਮੈਂ ਮਰਦ ਕਹਾਉਂਦਾ ਸਾਂ ਆਪਣੇ ਆਪਨੂੰ ਲਾਹਨਤਾਂ ਸੁਣ ਸੁਣ ਕੇ ਸ਼ਰਮਿੰਦਾ ਹੋ ਗਿਆ।

ਜਾਂ ਨਿਸੁ ਨੌਰੰਗੈ ਫੌਤੋ ਭਈ॥੧੪॥ ਜਦੋਂ ਰਾਤ ਨੂੰ ਔਰੰਗਜ਼ੇਬ ਦੀ (ਫੌਤੋ ਭਈ) ਮੌਤ ਹੋ ਗਈ। ਏਸ ਤਰ੍ਹਾਂ ਔਰੰਗਜ਼ੇਬ ਨੂੰ ਮਾਰਨ ਵਾਸਤੇ (ਜ਼ਫਰਨਾਮਾ) ਫਤ੍ਹੇ ਦੀ ਚਿਠੀ ਲਿਖੀ ਮਹਾਰਾਜ ਨੇ। ੧੪।

ਸੀਤ ਪ੍ਰਸ਼ਾਦ ਦਬਾਯਾ, ਦੀਨਿਓ ਤੁਰੇ

ਔਰ ਸੁਨੋ ਸਤਿਗੁਰ ਦੀ ਗੱਲ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਹੋਰ ਸਤਿਗੁਰਾਂ ਦੇ ਬਿਲਾਸ ਸੁਣੋ, ਫੇਰ ਸਤਿਗੁਰਾਂ ਨੇ ਕੀ ਕਰਿਆ।

ਜਿਮ ਦੀਨੇ ਤੋਂ ਗੁਰ ਭਏ ਚੱਲ॥ ਜਿਵੇਂ ਲਖਮੀਰ ਕੋਲੋਂ ਦੀਨੇ ਕਾਂਗੜ ਤੋਂ ਸਤਿਗੁਰੂ ਜੀ ਅੱਗੇ ਚੱਲੇ ਹਨ।

ਇਕ ਦਿਨ ਸਤਿਗੁਰ ਭਏ ਦਿਆਲ॥ ਇਕ ਦਿਨ ਸਤਿਗੁਰੂ ਜੀ ਲਖਮੀਰ ਦੀ ਸੇਵਾ ਵੇਖ ਕੇ ਦਿਆਲੂ ਹੋ ਗਏ ਅਤੇ ਪਾਤਸ਼ਾਹੀ ਬਖਸ਼ਣ ਲੱਗੇ ਹਨ।

ਦਯੋ ਪ੍ਰਸਾਦਿ ਨਿਕਾਰ ਨਿਜ ਥਾਲ॥੧੫॥ ਸਤਿਗੁਰਾਂ ਨੇ ਆਪਣੇ ਨਿਜੀ ਥਾਲ ਵਿਚੋਂ ਪ੍ਰਸ਼ਾਦ ਦਿੱਤਾ ਇਹਨਾਂ ਨੂੰ ਕਿ ਲੈ ਲਖਮੀਰ ਤੇਰੇ 'ਤੇ ਮਿਹਰ ਹੋਈ ਹੈ ਅਕਾਲ ਪੁਰਖ ਦੀ ਆਹ ਤੈਨੂੰ ਸੀਤ ਪ੍ਰਸ਼ਾਦ ਦਿੰਦੇ ਹਾਂ। ਇਹ ਤੂੰ ਛਕ ਲੈ। ੧੫।

ਸੋ ਲਖਮੀਰ ਨਿਜ ਘਰ ਲੈ ਗਯੋ॥ ਹੋਰਨਾਂ ਇਤਿਹਾਸਾਂ ਵਿਚ ਲਿਖਿਆ ਹੈ ਖੋਲ੍ਹ ਕੇ, ਲਖਮੀਰ ਮਹਾਰਾਜ ਨੂੰ ਕਹਿਣ ਲੱਗਾ ਕਿ ਸਾਰਾ ਪ੍ਰਵਾਰ ਮਿਲ ਕੇ ਛਕਾਂਗੇ, ਤੁਹਾਡਾ ਸ਼ੀਤ ਪ੍ਰਸ਼ਾਦ ਥੋੜਾ ਥੋੜਾ ਵਰਤ ਕੇ। ਇਹ ਪ੍ਰਸ਼ਾਦ ਨੂੰ ਆਪਣੇ ਘਰ ਨੂੰ ਲੈ ਗਿਆ।

ਜਾਇ ਘਰਨੀ ਕੈ ਪਾਨੈ ਦਯੋ॥ ਜਾ ਕੇ (ਘਰਨੀ) ਘਰ ਵਾਲੀ ਦੇ (ਪਾਨੈ) ਹੱਥ ਦਿੱਤਾ ਹੈ ਗੁਰਾਂ ਦਾ ਪ੍ਰਸ਼ਾਦ, ਲਉ ਸਾਰਾ ਪ੍ਰਵਾਰ ਆਪਾਂ ਮਿਲ ਕੇ ਛਕੀਏ।

ਸੋ ਘਰਨੀ ਕੋਨੈ ਦਬਵਾਯੋ॥ ਉਹ ਪ੍ਰਸ਼ਾਦ ਘਰ ਵਾਲੀ ਨੇ ਘਰ ਦੀ ਇਕ ਨੁੱਕਰ ਵਿਚ ਟੋਆ ਪੁੱਟਕੇ ਦਬਵਾ ਦਿੱਤਾ।

'ਹਮ ਸਰਵਰੀ ਕਿਮ ਜੀਐਂ ਖਾਯੋ॥੧੬॥ ਘਰ ਵਾਲੀ ਨੇ ਝਗੜਾ ਪਾ ਲਿਆ ਅਸੀਂ ਸਰਵਰ ਦੇ ਚੇਲੇ ਹਾਂ, ਅਸੀਂ ਕਿਵੇਂ ਜੀਵਾਂਗੇ ਇਹ ਖਾਕੇ ਸ਼ੀਤ ਪ੍ਰਸ਼ਾਦ। ੧੬।

ਹਮਰੀ ਜੜ੍ਹ ਅਬ ਹੀ ਤੇ ਜਾਇ'॥ ਸਾਡੀ ਤਾਂ ਪੀਰ ਜੜ੍ਹ ਪੁੱਟ ਦੇਣਗੇ, ਹੁਣੇ ਤੋਂ ਜਾਂਦੇ ਰਹਾਂਗੇ, ਸਾਡਾ ਟੱਬਰ ਵੀ ਨਹੀਂ ਰਹਿਣਾ, ਮਰ ਜਾਏਗਾ ਖਾ ਕੇ।

ਲੀਨੋ ਉਨ ਲਖਮੀਰ ਭੁਲਾਇ॥ ਲਖਮੀਰ ਜੋ ਮਹਾਰਾਜ ਦੇ ਚਰਨਾਂ ਦਾ ਸੇਵਕ ਸੀ। ਇਹਨੂੰ ਵੀ ਭਰਮਾ ਲਿਆ, ਇਹਦਾ ਵੀ ਮਨ ਦੂਰ ਕਰ ਦਿੱਤਾ ਸਤਿਗੁਰਾਂ ਤੋਂ।

ਫਿਰ ਸਤਿਗੁਰ ਕੈ ਪਾਸਹਿ ਆਯੋ॥ ਰਾਤ ਲੰਘੀ ਹੈ ਜਦੋਂ ਦਿਨ ਚੜ੍ਹਿਆ ਹੈ, ਸਤਿਗੁਰਾਂ ਦੇ ਕੋਲ ਹਾਜ਼ਰ ਹੋਇਆ ਹੈ ਆ ਕੇ, ਜਦੋਂ ਮਹਾਰਾਜ ਦੇ ਪਾਸ ਆਇਆ।

ਕਹਯੋ ਉਨੈਂ ਹਮ ਟਬਰ ਖੁਲਾਯੋ॥੧੭॥ ਸਤਿਗੁਰਾਂ ਨੇ ਪੁਛਿਆ, ਸੁਣਾ ਭਾਈ! ਸੀਤ ਪ੍ਰਸ਼ਾਦ ਛਕ ਲਿਆ ਸੀ ਤਾਂ ਝੂਠ ਬੋਲ ਗਿਆ, ਕਹਿਣ ਲੱਗਾ ਜੀ ਅਸੀਂ ਸਾਰੇ ਟੱਬਰ ਨੇ ਖਾਧਾ ਰਲ ਕੇ, ਜਦੋਂ ਇਸ ਤਰ੍ਹਾਂ ਝੂਠ ਬੋਲਿਆ। ੧੭।

ਦੋਹਰਾ॥ਸਤਿਗੁਰ ਜਾਨੀ ਜਾਨ ਹੁਤਿ, ਕਹੀ ਲਖਮੀਰ! ਤੈਂ ਝੂਠੀ ਬਾਤ॥ ਸਤਿਗੁਰੂ ਤਾਂ ਅੰਤਰਜਾਮੀ ਸਨ, ਜਾਣੀ ਜਾਣ ਸਨ, ਕਹਿਣ ਲੱਗੇ ਓ ਲਖਮੀਰ! ਆਹ ਝੂਠੀ ਗੱਲ ਕਹਿੰਦਾ ਹੈਂ। ਝੂਠ ਬੋਲਿਆ ਹੈ ਸਾਡੇ ਕੋਲ।

ਤੌ ਸਤਿਗੁਰ ਗੁੱਸੋ ਕੀਯੋ, ਰਹਯੋ ਦੂਰ ਮਨ ਜਾਤ॥੧੮॥ ਤਾਂ ਸਤਿਗੁਰੂ ਜੀ ਗੁੱਸਾ ਕੀਤਾ ਇਸ ਉਤੇ ਜਿਹੜਾ ਮਨ ਪ੍ਰੇਰਤ ਹੋਇਆ ਸੀ ਇਹਨੂੰ ਪਾਤਸ਼ਾਹੀ ਦੇਣ ਵਾਸਤੇ, ਉਹ ਮਨ ਦੂਰ ਹੋ ਗਿਆ ਇਸ ਤੋਂ। ਝੂਠਿਆਂ ਨਾਲ ਗੁਰੂਆਂ ਦੀ ਕੋਈ ਸੰਗਤ ਨਹੀਂ, ਇਉਂ ਸਾਹਿਬ ਸੱਚੇ ਪਾਤਸ਼ਾਹ ਕਹਿਣ ਲੱਗੇ। ੧੮।

ਚੌਪਈ॥ ਓ ਲਖਮੀਰਾ ਯਹ ਕਯਾ ਕੀਯੋ॥ ਓ ਲਖਮੀਰਿਆ ਆਹ ਕੀ ਕੀਤਾ ਈ ਗਜ਼ਬ, ਇਹ ਤੂੰ ਐਡਾ ਵੱਡਾ ਝੂਠ

ਬੋਲਿਆ ਸਾਡੇ ਕੋਲ ਆ ਕੇ।

ਲਿਖਯੋ ਲਿਲਾਰ ਮੇਟ ਕਿਮ ਲੀਯੋ॥ ਓ ਤੇਰੇ ਮੱਥੇ ਤੇ ਅਸੀਂ ਪਾਤਸ਼ਾਹੀ ਲਿਖ ਦਿੱਤੀ ਸੀ, ਤੈਨੂੰ ਤੇ ਪਾਤਸ਼ਾਹ ਬਣਾ ਦਿੱਤਾ ਸੀ ਦੁਨੀਆਂ ਦਾ ਤੂੰ ਉਹ ਕਿਵੇਂ ਮੇਟ ਲਿਆ ਆਪਦੇ ਮੱਥੇ ਤੋਂ ਤੂੰ ਲਿਖਿਆ ਹੋਇਆ।

ਹਮ ਆਏ ਤੁਹ ਕਰਨ ਨਿਹਾਲ॥ ਅਸੀਂ ਤਾਂ ਦੂਰੋਂ ਤੈਨੂੰ ਨਿਹਾਲ ਕਰਨ ਆਏ ਸਾਂ। ਤੇਰੇ ਖਾਨਦਾਨ ਵਿਚ ਪਾਤਸ਼ਾਹੀ ਦੇਣੀ ਸੀ, ਇਹ ਤੂੰ ਕੀ ਕੀਤਾ ਹੈ।

ਪਤਿਸ਼ਾਹੀ ਤੁਮ ਲਿੱਖਨ ਭਾਲ॥੧੯॥ ਤੇਰੇ ਮੱਥੇ ਤੇ ਪਾਤਸ਼ਾਹੀ ਲਿਖਣ ਵਾਸਤੇ ਆਏ ਸੀ, ਤੂੰ ਝੂਠ ਬੋਲਿਆ ਸਾਡੇ ਅੱਗੇ ਆ ਕੇ। ੧੯।

ਕਪਟੀ ਕੈ ਸੰਤ ਨੇੜ ਨ ਬਹੈਂ॥ ਕਪਟੀ ਦੇ ਜੋ ਝੂਠਾ ਬੰਦਾ ਹੋਵੇ ਨਾ, ਸੰਤ ਲੋਕ ਉਸਦੇ ਨੇੜੇ ਨਹੀਂ ਬਹਿੰਦੇ, ਉਹਦੀ ਸੰਗਤ ਨਹੀਂ ਕਰਦੇ, ਅਸੀਂ ਨਹੀਂ ਰਹਿੰਦੇ ਤੇਰੇ ਕੋਲ ਤੂੰ ਝੂਠ ਬੋਲਦਾ ਹੈਂ। ਇਉਂ ਜਦੋਂ ਸਤਿਗੁਰੂ ਜੀ ਨੇ ਫਿਟਕ ਦੇ ਦਿੱਤੀ।

ਅਬ ਹਮ ਇਤ ਤੈ ਚਲਿਓ ਚਹੈਂ॥ ਹੁਣ ਅਸੀਂ ਇਥੋਂ ਜਾਣਾ ਚਾਹੁੰਦੇ ਹਾਂ।

ਨਹਿ ਸ਼ਸਤਰ ਕਿਛ ਬਸਤਰ ਦਯੋ॥ ਸਤਿਗੁਰੂ ਜੀ ਜਿਥੋਂ ਵੀ ਵਿਦਾਇਗੀ ਲੈਂਦੇ ਸਨ ਉਥੇ ਕੋਈ ਨਾ ਕੋਈ ਆਪਣੀ ਨਿਸ਼ਾਨੀ ਸ਼ਸਤ੍ਰ ਬਸਤ੍ਰ ਦੇ ਕੇ ਜਾਂਦੇ ਸਨ, ਪਰ ਇਥੇ ਲਖਮੀਰ ਨੂੰ ਨਾ ਕੋਈ ਸ਼ਸਤ੍ਰ ਅਤੇ ਨਾ ਹੀ ਕੋਈ ਬਸਤ੍ਰ ਆਪਣੀ ਨਿਸ਼ਾਨੀ ਵਜੋਂ ਦਿੱਤਾ।

ਨਾਂਹ ਨਜ਼ਰਾਨੋ ਉਸ ਤੈ ਲਯੋ॥੨੦॥ ਲਖਮੀਰ ਤੋਂ ਨਜ਼ਰਾਨਾ ਵੀ ਨਹੀਂ ਲਿਆ। ਮਹਾਰਾਜ ਉਥੇ ਖੜ੍ਹੇ ਵੀ ਨਹੀਂ, ਇਕ ਦਮ ਹੀ ਉਠ ਕੇ ਖੜ੍ਹੇ ਹੋ ਗਏ, ਉਦੋਂ ਚਾਲੇ ਦਾ ਹੁਕਮ ਦੇ ਦਿੱਤਾ। ੨੦।

ਸਾਖੀ ਬਿਰਾੜਨ ਜਾਲ ਪੀਲੂ ਦ੍ਵਾਰਨ ਕੀ
(ਕਪੂਰਾ ਢਾਹੈ ਚੜ੍ਹਿਆ। ਬੈਰਾੜਾਂ ਦਾ ਕੈਰਾਪਨ। ਮਝੈਲਾਂ ਨੂੰ ਵਰ)

ਦੋਹਰਾ॥ ਯੌ ਕਹਿ ਕੈ ਗੁਰ ਉਠ ਤੁਰੇ, ਕੋਟ ਕਪੂਰੇ ਵੱਲ॥ ਲਖਮੀਰ ਨੂੰ ਇਸ ਤਰ੍ਹਾਂ ਕਹਿ ਕੇ ਉਦੋਂ ਹੀ ਕੋਟ ਕਪੂਰੇ ਵਲ ਚਲ ਪਏ ਹਨ।

ਉਹਿ ਭੀ ਢਾਹੈ ਜਿਮ ਚੜੈ, ਸੋਊ ਸੁਨਾਊਂ ਗੱਲ॥੧॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਸੁਣੋ ਖਾਲਸਾ ਜੀ! ਜਿਵੇਂ ਕਪੂਰੇ ਨੂੰ ਢਾਹਾ ਲੱਗਿਆ, ਹੁਣ ਮੈਂ ਤੁਹਾਨੂੰ ਉਹ ਵਾਰਤਾ ਸੁਣਾਉਂਦਾ ਹਾਂ। ੧।

ਚੌਪਈ॥ਜਬ ਸਤਿਗੁਰ ਧੁਰ ਪਹੁੰਚੇ ਕੋਟ॥ ਦੀਨੇ ਕਾਂਗੜ ਤੋਂ ਤੁਰ ਕੇ ਜਦੋਂ ਸਤਿਗੁਰੂ ਜੀ ਕੋਟ ਕਪੂਰੇ ਪਹੁੰਚੇ ਹਨ।

ਮਿਲਯੋ ਕਪੂਰੋ ਮਨ ਰਖ ਖੋਟ॥ ਸਤਿਗੁਰਾਂ ਦਾ ਸ਼ਰਧਾਲੂ ਸੀ ਅਨੰਦਪੁਰ ਸਾਹਿਬ ਵੀ ਜਾਇਆ ਕਰਦਾ ਸੀ, ਸੁੰਦਰ ਸੁੰਦਰ ਘੋੜੇ ਮਹਾਰਾਜ ਨੂੰ ਭੇਟਾ ਕਰਦਾ ਸੀ, 'ਦਲ ਸਿੰਗਾਰ' ਘੋੜਾ ਇਹਨੇ ਭੇਟਾ ਕੀਤਾ ਸੀ, ਜਿਸਤੇ ਸਤਿਗੁਰੂ ਜੀ ਸਵਾਰੀ ਕਰਦੇ ਸਨ ਇਹ ਮਨ ਵਿਚ ਖੋਟ ਰਖਕੇ ਕਿਥੇ ਹੁਣ ਮੇਰੇ ਕੋਲ ਆ ਗਏ ਨੇ। ਇਹ ਤੁਰਕਾਂ ਵਲੋਂ ਚੌਧਰੀ ਸੀ ਏਸ ਇਲਾਕੇ ਦਾ, ਹਾਕਮ ਬਣਾਇਆ ਹੋਇਆ ਸੀ। ਪਿਛਲੀਆਂ ਸਾਰੀਆਂ ਲੜਾਈਆਂ ਦੀਆਂ ਖ਼ਬਰਾਂ ਸੁਣੀਆਂ ਹੋਈਆਂ ਸਨ। ਕਿ ਇਹ ਦੁਸ਼ਮਣ ਨੇ ਹਕੂਮਤ ਦੇ ਤੇ ਅਸੀਂ ਹਕੂਮਤ ਦੇ ਬੰਦੇ ਹਾਂ ਕਾਰ ਕਰਨ ਵਾਲੇ ਅੱਗੇ ਸਾਨੂੰ ਚੌਧਰਾਂ ਦਿੱਤੀਆਂ ਹੋਈਆਂ ਨੇ, ਮੈਂ ਇਹਨਾਂ ਨੂੰ ਰੱਖ ਕੇ ਕਿਵੇਂ ਬਚ ਸਕਦਾ ਹਾਂ। ਇਹਨਾਂ ਮਗਰ ਫੌਜ ਲੱਗੀ ਹੋਵੇਗੀ, ਮਨ ਵਿਚ ਖੋਟ ਰਖਿਆ ਚਲੋ ਉਤੋਂ ਉਤੋਂ ਜਾ ਆਈਏ। ਜਿਥੇ ਅੱਜ ਅਸਥਾਨ ਹੈ ਗੁਰਦੁਆਰਾ ਸਾਹਿਬ ਹੈ ਦਸਵੀਂ ਪਾਤਸ਼ਾਹੀ ਜੀ ਦਾ, ਇਹ ਢਾਬ ਸੀ ਉਸ ਵੇਲੇ।

ਸਤਿਗੁਰ ਕਹਯੋ 'ਅਸਾਂ ਅੰਦਰ ਉੜ੍ਹਾਇ॥ ਜਦੋਂ ਕਪੂਰਾ ਚੌਧਰੀ ਆਇਆ ਹੈ, ਸਤਿਗੁਰੂ ਜੀ ਕਹਿਣ ਲੱਗੇ ਸਾਨੂੰ ਹਵੇਲੀ ਦੇ ਅੰਦਰ ਉਤਾਰ ਦੇਹ, ਇਥੇ ਪੱਕੀ ਹਵੇਲੀ ਸੀ, ਅਟਾਰੀ ਅੱਜ ਵੀ ਖੜ੍ਹੀ ਹੈ, ਸਕੂਲ ਬਣਿਆਂ ਬਚਿਆਂ ਦਾ ਉਹਦੇ ਵਿਚ।

ਕਮਰਕਸਾ ਹਮ ਈਹਾਂ ਖੁਲਵਾਇ॥੨॥ ਸਾਡਾ ਕਮਰਕਸਾ ਇਥੇ ਖੁਲ੍ਹਵਾਓ। ੨।

ਅਨੰਦਪੁਰ ਤੇ ਹਮ ਜਾ ਦਿਨ ਤੁਰਾਹੀਂ॥ ਜਿਸ ਦਿਨ ਤੋਂ ਅਸੀਂ ਅਨੰਦਪੁਰ ਸਾਹਿਬ ਤੋਂ ਤੁਰੇ ਹਾਂ।

ਕਮਰਕਸਾ ਹਮ ਖੋਲਯੋ ਨਾਂਹੀ॥ ਉਸ ਦਿਨ ਤੋਂ ਅਸੀਂ ਜੰਗੀ ਕਮਰਕਸਾ ਨਹੀਂ ਖੋਲ੍ਹਿਆ, ਉਦੋਂ ਦਾ ਲਾਇਆ ਹੋਇਆ।

ਮੁਗਲਨ ਕੀ ਹਮ ਸ਼ਾਹੀ ਗੁਵਾਈ॥ ਦੇਖ ਲੈ ਕਪੂਰਿਆ ਮੁਗਲਾਂ ਦੀਆਂ ਅਸੀਂ ਜੜ੍ਹਾਂ ਪੁੱਟ ਕੇ ਆਏ ਹਾਂ, ਉਹਨਾਂ ਦੀ (ਸ਼ਾਹੀ) ਬਾਦਸ਼ਾਹੀ ਜੋ ਸੀ ਹਿੰਦੋਸਤਾਨ ਦੀ ਉਹ ਸਾਰੀ ਗਵਾ ਦਿੱਤੀ ਹੈ, ਖਤਮ ਕਰਕੇ ਆਏ ਹਾਂ।

ਹੋਹੁ ਖਾਲਸੋ ਤੂੰ ਲੈ ਪਤਿਸ਼ਾਹੀਂ॥੩॥ ਕਪੂਰਿਆ ਤੂੰ ਹੁਣ ਖਾਲਸਾ ਬਣ, ਅੰਮ੍ਰਿਤਪਾਨ ਕਰ ਲੈ ਅਸੀਂ ਤੈਨੂੰ ਪਾਤਸ਼ਾਹੀ ਦੇਂਦੇ ਹਾਂ। ੩।

ਕਪੂਰੈ ਸਿਰ ਖੋਟੀ ਘਰੀ ਆਈ॥ ਕਪੂਰਾ ਵੀ ਲਖਮੀਰ ਵਾਂਗ ਮਾੜੀ ਕਿਸਮਤ ਵਾਲਾ ਸੀ, ਉਹਦੇ ਸਿਰ ਤੇ ਖੋਟੀ ਘੜੀ ਆਈ, ਖੋਟਾ ਸਮਾਂ ਆ ਗਿਆ।

ਉਸਦੈ ਮੁਖ ਤੇ ਖੋਟੀ ਅਖਵਾਈ॥ ਉਸਦੇ ਮੂੰਹ ਤੋਂ ਐਸਾ ਖੋਟਾ ਬਚਨ ਨਿਕਲਿਆ।

'ਹਮ ਬੰਦੇ ਹਾਂ ਤੁਰਕਨ ਕੋਊ॥ ਕਹਿਣ ਲੱਗਾ ਜੀ ਅਸੀਂ ਤਾਂ ਬੰਦੇ ਹੀ ਤੁਰਕਾਂ ਦੇ ਹਾਂ, ਉਹਨਾਂ ਵਲੋਂ ਸਾਨੂੰ ਚੌਧਰਾਂ ਮਿਲੀਆਂ ਨੇ, ਅਸੀਂ ਹਾਕਮੀ ਕਰਦੇ ਹਾਂ ਇਸ ਇਲਾਕੇ 'ਤੇ।

ਫੜ ਦੇਂ ਤੁਰਤ ਫਾਹੈ ਹਮ ਤੋਊ" ॥੪॥ ਸਾਨੂੰ ਤਾਂ ਤੁਰਕ ਫੜ ਕੇ ਉਸੇ ਵੇਲੇ ਹੀ ਫਾਹੇ ਚੜ੍ਹਾ ਦੇਣਗੇ। ੪।

ਤੌ ਸਤਿਗੁਰ ਸੁਨ ਮੁਖੋਂ ਉਚਾਰਾ॥ ਸਤਿਗੁਰੂ ਜੀ ਤਾਂ ਖੁਸ਼ੀਆਂ ਵਿਚ ਆਏ ਸਨ ਕਿ ਸੇਵਕਾਂ ਨੂੰ ਨਿਹਾਲ ਕਰੀਏ, ਪਰ ਜਦੋਂ ਇਹਨੇ ਅੱਗੋਂ ਬਚਨ ਕੀਤਾ ਕਿ ਮੈਨੂੰ ਤਾਂ ਤੁਰਕ ਫਾਹੇ ਦੇ ਦੇਣਗੇ, ਅਸੀਂ ਤਾਂ ਤੁਰਕਾਂ ਦੇ ਆਦਮੀ ਹਾਂ ਤਾਂ ਸਤਿਗੁਰਾਂ ਨੇ ਆਪਣੇ ਮੁਖਾਰਬਿੰਦ ਤੋਂ ਇਉਂ ਕਿਹਾ।

'ਕਪੂਰੋ ਕਤੂਰੋ ਭਯੋ ਨਿਕਾਰਾ'॥ ਕਪੂਰਿਆ ਕੁੱਤਿਆ ਤੂੰ ਨਿਕਾਰਾ ਹੋ ਗਿਆ ਹੈਂ, ਇਉਂ ਸਤਿਗੁਰਾਂ ਨੇ ਬਚਨ ਕੀਤਾ।

ਤੂੰ ਫਾਹੋ ਫਾਹੋ ਕਰੈਂ ਜ਼ਰੂਰ॥ ਮੈਨੂੰ ਫਾਹੇ ਦੇ ਦੇਣਗੇ, ਮੈਨੂੰ ਫਾਹੇ ਦੇ ਦੇਣਗੇ, ਮੁੜ ਮੁੜ ਕੇ ਇਹੋ ਗੱਲਾਂ ਕਰਦਾ, ਮੈਨੂੰ ਤੁਰਕ ਫਾਹੇ ਦੇ ਦੇਣਗੇ। ਤੁਰਕਾਂ ਦੇ ਬੰਦੇ ਹਾਂ।

ਤੂੰ ਫਾਹੇ ਚੜ੍ਹ ਮਰਹਿੰ ਜ਼ਰੂਰ॥ ੫॥ ਤੂੰ ਜ਼ਰੂਰ ਫਾਹੇ ਚੜ੍ਹ ਕੇ ਹੀ ਮਰੇਂਗਾ ਤੂੰ ਨਹੀਂ ਬਚ ਸਕਦਾ, ਸਰਾਪ ਹੋ ਗਿਆ ਸਤਿਗੁਰਾਂ ਦਾ। ੫।

ਦੋਹਰਾ॥ ਇਤਨੀ ਕਹਿ ਗੁਰ ਤੌ ਤੁਰੇ, ਅਗਲੀ ਰੋਹੀ ਵੱਲ॥ ਇਤਨਾਂ ਬਚਨ ਕਹਿ ਕੇ ਸਤਿਗੁਰਾਂ ਨੇ ਉਦੋਂ ਹੀ ਕੂਚ ਕਰ ਦਿੱਤਾ ਇਥੋਂ, ਅਗਲੀ (ਰੋਹੀ) ਉਜਾੜ ਬੀਆਬਾਨ ਖਿਦਰਾਣੇ ਦੀ ਢਾਬ ਨੂੰ।

ਮੁਯੋ ਕਪੂਰੋ ਚੜ੍ਹ ਫਾਹੈ, ਈਸੈ ਮੰਝ ਘਰ ਵੱਲ॥੬॥ ਜਿਥੇ ਈਸੇ ਖਾਂ ਦਾ ਕੋਟ ਹੈ, ਇਹ ਜਾਤ ਦਾ ਮੰਝ ਸੀ ਤੁਰਕ, ਇਹਦੇ ਘਰ ਜਾ ਕੇ ਫਾਹੇ ਲਗਿਆ ਇਹ ਕਪੂਰਾ, ਈਸੇ ਖਾਂ ਨੇ ਫਾਹੇ ਦਿੱਤਾ ਇਸਨੂੰ। ੬।

ਚੌਪਈ॥ ਔਰ ਕਪੂਰੇ ਸੁਨੋ ਕਹਾਨੀ॥ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਕਪੂਰੇ ਨਾਲ ਅੱਗੇ ਕਿਵੇਂ ਵਾਪਰੀ ਉਹ ਕਹਾਣੀ ਸੁਣੋ ਹੋਰ।

ਚੜ੍ਹ ਫਾਹੈ ਜਿਮ ਮੁਯੋ ਅਗਯਾਨੀ॥ ਇਹ (ਅਗਯਾਨੀ) ਬੇ-ਸਮਝ ਜਿਵੇਂ ਫਾਹੇ ਚੜ੍ਹ ਕੇ ਮਰਿਆ ਹੈ।

ਕਪੂਰੇ ਘੋੜੇ ਥੇ ਈਸੇ ਦਏ॥ ਕਪੂਰੇ ਨੇ ਈਸੇ ਖਾਂ ਨੂੰ ਘੋੜੇ ਵੇਚੇ ਸਨ।

ਉਨੈਂ ਟਕੇ ਪਰ ਦੁਆਬੈ ਲਿਖਏ॥੭॥ ਈਸੇ ਖਾਂ ਨੇ ਲਿਖਤ ਕੀਤੀ ਸੀ ਕਿ ਜਦੋਂ ਮੈਂ ਦੁਆਬੇ ਦਾ ਮਾਮਲਾ ਉਗਰਾਵਾਂਗਾ, ਉਦੋਂ ਮੈਂ ਤੁਹਾਨੂੰ ਪੈਸੇ ਉਤਾਰ ਦੇਵਾਂਗਾ। ਉਤਨੀ ਮੁਨਿਆਦ ਲੈ ਲਈ ਸੀ। ੭।

ਜਾ ਰੌਨੀ ਗ੍ਰਾਮ ਉਨ ਖੂਨ ਗੁਜਾਰਯੋ॥ ਪਰ੍ਹੇ ਦੁਆਬੇ ਦੇ ਵਿਚ ਰੌਨੀ ਪਿੰਡ ਹੈ, ਉਥੇ ਕੀ ਹੋਇਆ ਉਥੇ ਜਦੋਂ ਲੈਣ ਗਿਆ ਪੈਸੇ ਦੁਆਬੇ ਵਿਚ, ਇਹਦੇ ਮਨ ਵਿਚ ਖੋਟ ਆਈ, ਉਹਨੇ ਮਾਮਲਾ ਉਗਰਾਉਣਾ, ਆਪਾਂ ਤਾਂ ਆਪਦਾ ਪੈਸਾ ਲੈਣਾ ਹੀ ਹੈ। ਜਿਹੜਾ ਉਹਨੇ ਇਕੱਠਾ ਕੀਤਾ ਉਸਨੇ ਪੈਸਾ, ਆਪਾਂ ਉਹ ਚੋਰੀ ਕਰ ਲਈਏ, ਇਹ ਮਨ ਵਿਚ ਖੋਟ ਰਖ ਕੇ ਨਾਲ ਚੋਰਾਂ ਨੂੰ ਲੈ ਗਿਆ। ਉਹ ਜਦੋਂ ਮਾਮਲਾ ਇਕੱਠਾ ਕਰ ਕੇ ਲਿਆਏ, ਰਾਤ ਨੂੰ ਚੋਰ ਪੈ ਗਏ, ਪਹਿਰੇਦਾਰ ਅਜੇ ਜਾਗਦੇ ਸਨ, ਚੋਰਾਂ ਨੇ ਪਹਿਰੇਦਾਰ ਮਾਰ ਦਿੱਤੇ, ਉਹਨਾਂ ਦੀ ਪੜਤਾਲ ਹੋਈ ਜਦੋਂ ਪੈੜ ਲਈ ਇਹ ਕਾਰਣ ਕੀ ਬਣਿਆ, ਤਾਂ ਸਾਬਤ ਹੋ ਗਿਆ ਕਿ ਕਪੂਰਾ ਚੋਰ ਲਿਆਇਆ ਨਾਲ। ਉਸ ਦੋਸ਼ ਨਾਲ ਕਪੂਰਾ ਫੜਿਆ ਗਿਆ।

ਦੈ ਫਾਹੈ ਤਿਨ ਈਸੋ ਮਾਰਯੋ॥ ਈਸੇ ਖਾਂ ਦੇ ਕੋਟ ਦੇ ਕੋਲ ਨਾਲ ਹੀ ਉਸਦੀ ਸਮਾਧ ਬਣੀ ਹੋਈ ਹੈ, ਏਥੇ ਆਪਦੇ ਪਿੰਡ ਲਿਆਕੇ ਈਸੇ ਖਾਂ ਨੇ ਕਪੂਰੇ ਨੂੰ ਫਾਹੇ ਦਿੱਤਾ।

ਗੁਰੂ ਬਚਨ ਨਹਿੰ ਖਾਲੀ ਗਯੋ॥ ਗੁਰੂ ਦਾ ਬਚਨ ਖਾਲੀ ਨਹੀਂ ਗਿਆ, ਗੁਰੂ ਜੀ ਦਾ ਦਿੱਤਾ ਹੋਇਆ ਸਰਾਪ ਪੂਰਾ ਹੋਇਆ।

ਹੁਇ ਬੇਈਮਾਨ ਕਪੂਰੋ ਮਾਰਯੋ॥੮॥ ਧਨ ਤੇ ਬੇਈਮਾਨ ਹੋ ਕੇ, ਇਮਾਨ ਤਾਂ ਕੋਈ ਨਾ ਰਿਹਾ, ਇਸ ਕਰਕੇ ਧਨ ਤੋਂ ਬੇਈਮਾਨ ਹੋ ਕੇ ਕਪੂਰਾ ਮਾਰਿਆ ਗਿਆ। ੮।

ਆਗੈ ਸੁਨੋਂ ਔਰ ਗੁਰ ਬਾਤ॥ ਗੁਰੂ ਮਹਾਰਾਜ ਜੀ ਦੀ ਅੱਗੇ ਹੋਰ ਕਹਾਣੀ ਸੁਣੋ।

ਤੁਰ ਆਗੇ ਰਹੇ ਰੋਹੀ ਜਾਤ॥ ਕੋਟਕਪੂਰੇ ਤੋਂ ਅੱਗੇ ਰੋਹੀ ਹੈ, ਇਹ ਜੰਗਲ ਪਿਆ ਸੀ ਬੀਆਬਾਨ ਸਾਰਾ ਇਲਾਕਾ ਲੱਖੀ

ਜੰਗਲ ਵਗੈਰਾ ਜਿਵੇਂ ਦੋਦਾ ਕਾਉਣੀ, ਇਹ ਜਿੰਨੇ ਪਿੰਡ ਸਨ ਇਹ ਸਾਰੇ ਰੋਹੀ ਵਿਚ ਸਨ, ਜੰਗਲਾਂ ਵਿਚ ਸਨ, ਰੋਹੀ ਵਿਚ ਤੁਰੇ ਜਾਂਦੇ ਹਨ ਸਤਿਗੁਰੂ ਜੀ।

ਸਤਿਗੁਰ ਫੌਜ ਊਹਾਂ ਰਖ ਲਈ॥ ਉਥੇ ਸਤਿਗੁਰਾਂ ਨੇ ਬਰਾੜਾਂ ਦੀ ਫੌਜ ਰੱਖ ਲਈ, ਬਰਾੜ ਬੜੇ ਜੰਗੀ ਲੋਕ ਸਨ।

ਆਈ ਅਵਾਈ ਤੁਰਕਨ ਕੀ ਭਈ॥੯॥ (ਅਵਾਈ) ਅਫਵਾਹ ਹੁਣ ਆਏ ਹੁਣ ਆਏ, ਕੱਲ੍ਹ ਨੂੰ ਆ ਜਾਣਗੇ ਪਰਸੋਂ ਨੂੰ ਆ ਜਾਣਗੇ, ਨੇੜੇ ਹੀ ਆਉਂਦੇ ਸਨ, ਪਿਛੋਂ ਮੁਗਲਾਂ ਦੀ ਫੌਜ ਸਰਹੰਦ ਤੋਂ ਚੜ੍ਹੀ ਆ ਰਹੀ ਹੈ, ਇਉਂ ਅਵਾਈ ਹੋ ਗਈ ਲੋਕਾਂ ਵਿਚ। ੯।

ਰੋਕ ਰੁਪੱਯੋ ਕੀਯੇ ਅਸਵਾਰ॥ ਜੋ ਘੋੜ ਅਸਵਾਰ ਹੋਵੇ ਉਹਨੂੰ ਇਕ ਰੁਪਿਆ ਤਨਖਾਹ ਰੋਜ਼ ਦੀ।

ਪਾਵ ਪਿਯਾਦੋ ਜੋ ਰਹਿ ਨਾਲ॥ ਪੈਦਲ ਤੁਰਨ ਵਾਲੇ ਸਨ ਜੋ ਨਾਲ ਰਹਿੰਦੇ ਸਨ।

ਜਟ ਬਿਰਾੜ ਥੇ ਟੈਰਨ ਵਾਲੇ॥ ਇਸ ਇਲਾਕੇ ਦੇ ਬਰਾੜ ਜੱਟ ਉਹਨਾਂ ਦੇ ਕੋਲ ਟੈਰਾਂ ਸਨ ਭਾਵ ਛੋਟੇ ਛੋਟੇ ਘੋੜੇ ਘੋੜੀਆਂ ਟੁੱਟੇ ਭੱਜੇ ਜਿਹੇ ਇਹੋ ਜਿਹਾ ਸਾਮਾਨ ਸੀ ਇਹਨਾਂ ਕੋਲ।

ਸੇਲ ਬ੍ਰਛੀ ਫੜ ਭਏ ਗੁਰ ਨਾਲੇ॥ ੧੦॥ ਸੇਲੇ ਤੇ ਬਰਛੀਆਂ ਫੜਕੇ ਉਹ ਗੁਰੂ ਜੀ ਦੇ ਨਾਲ ਹੋ ਤੁਰੇ। ੧੦।

ਦੋਹਰਾ॥ ਦਰਬ ਪ੍ਰਦੇਸੋਂ ਸਿਖ ਘਲੈਂ, ਸਤਿਗੁਰ ਉਨ ਕੋ ਦੇਂਹਿ॥ ਪ੍ਰਦੇਸ਼ਾਂ ਵਿਚ ਜੋ ਅਮੀਰ ਸਿਖ ਰਹਿੰਦੇ ਸਨ, ਗਜ਼ਨੀ, ਕਾਬਲ, ਕੰਧਾਰ ਵਿਚ ਬੜੇ ਬੜੇ ਅਮੀਰ ਸਿਖ ਰਹਿੰਦੇ ਸਨ, ਉਹਨਾਂ ਨੂੰ ਸਤਿਗੁਰਾਂ ਦੀ ਮੁਸੀਬਤ ਦਾ ਪਤਾ ਲੱਗਾ ਸੀ ਕਿ ਬੜਾ ਘੋਰ ਯੁੱਧ ਹੋ ਰਿਹਾ ਹੈ। ਹੁਣ ਸਤਿਗੁਰੂ ਮਾਲਵੇ ਵਿਚ ਨਿਕਲ ਗਏ ਨੇ, ਹੁਣ ਵਿਦੇਸ਼ਾਂ ਵਿਚੋਂ ਸਿਖ ਧਨ ਭੇਜਦੇ ਹਨ।

ਜੋ ਕੁਛ ਆਵਤ ਢਿਲ ਲਗੈ, ਢੰਗੋ ਤੁਰਤ ਕਰ ਲੇਂਹਿ॥੧੧॥ ਜੇ ਕਿਤੇ ਬਰਾੜਾਂ ਨੂੰ ਤਨਖਾਹ ਦੇਣ ਵਿਚ ਦੇਰੀ ਹੋ ਜਾਂਦੀ ਤਾਂ ਝੱਟ ਦੰਗਾ ਕਰ ਲੈਂਦੇ ਸਨ। ਸਾਨੂੰ ਤਾਂ ਹੁਣੇ ਦਿਉ ਤਨਖਾਹ। ਹੁਣੇ ਪੈਸਾ ਦਿਉ ਸਾਡਾ ਰੋਜ਼ਾਨਾ ਜਿਹੜਾ ਬੱਧਾ ਹੈ ਫੇਰ ਅੱਗੇ ਤੁਰਾਂਗੇ ਨਾਲ, ਇਉਂ ਇਹਨਾਂ ਨੂੰ ਤਨਖਾਹਾਂ ਦੇ ਕੇ ਅੱਗੇ ਜਾਂਦੇ। ੧੧।

ਚੌਪਈ॥ ਕਦੈ ਕਿਤੈ ਕਦ ਕਿਤ ਲੈ ਜਾਵੈਂ॥ ਹੁਣ ਬਰਾੜਾਂ ਨੇ ਪਿੰਡਾਂ ਦੇ ਗੇੜੇ ਬੰਨ੍ਹ ਲਏ ਹਨ, ਸਾਡੀ ਨੌਕਰੀ ਲੱਗੀ ਰਹੇ। ਏਧਰੋਂ ਤੁਰਕ ਆਉਂਦੇ ਨੇ, ਐਧਰੋਂ ਪਤਾ ਲੱਗਿਆ ਕਿ ਕਸੂਰ ਤੇ ਲਹੌਰ ਵਾਲੇ ਵੀ ਆਉਂਦੇ ਨੇ, ਇਉਂ ਸਤਿਗੁਰਾਂ ਨੂੰ ਕਦੇ ਕਿਸੇ ਪਿੰਡ ਕਦੇ ਕਿਸੇ ਪਿੰਡ ਐਧਰ ਨਹੀਂ ਐਧਰ, ਔਧਰ ਨਹੀਂ ਐਧਰ, ਏਸ ਤਰ੍ਹਾਂ ਮਹਾਰਾਜ ਨੂੰ ਲਈ ਫਿਰਦੇ ਨੇ, ਤਨਖਾਹਾਂ ਲਈ ਚਲੋ, ਇਉਂ ਆਪਣਾ ਸਾਜ ਬਾਜ ਬਣਾ ਕੇ ਗੁਰੂ ਜੀ ਦੇ ਨਾਲ ਤੁਰੇ ਹੋਏ ਸਨ।

ਤੁਰਕਨ ਕੀ ਕਹਿਵਾਈ ਸੁਣਾਵੈਂ॥ ਅਤੇ ਉਤੋਂ ਕਹਿੰਦੇ ਹਨ ਤੁਰਕ ਆ ਗਏ ਔਹ ਫੌਜ ਆ ਗਈ, ਇਉਂ ਕਹਿਕੇ ਸੁਣਾਉਂਦੇ ਨੇ।

ਅਬਲੂ ਮਹਿਮੈ ਡੋਡੈ ਮੱਤੀ॥ ਕਦੇ ਅਬਲੂ ਕਦੇ ਮਹਿਮੇ, ਕਦੇ ਡੋਡ ਆਦਿਕ ਇਹਨਾਂ ਪਿੰਡਾਂ ਨੂੰ ਲੈ ਤੁਰੇ।

ਕਦੈ ਕਾਉਨੀ ਕਦ ਝੰਡੋ ਪੱਤੀ॥੧੨॥ ਕਦੇ ਕਉਣੀ ਪਿੰਡ ਕਦੇ ਝੰਡਾ ਪੱਤੀ ਇਹਨਾਂ ਪਿੰਡਾਂ ਦੇ ਵਿਚ ਲਿਜਾ ਕੇ ਸਤਿਗੁਰਾਂ ਨੂੰ। ੧੨।

ਕਦੈ ਭਾਈ ਕੇ ਚੱਕੀਂ ਜਾਹਿ॥ ਕਦੇ ਭਾਈ ਕੇ ਚੱਕ ਏਥੇ ਫੇਰ ਮੋੜ ਲਿਆਉਂਦੇ ਨੇ, ਚਲੋ ਜੀ ਉਹ ਰੋਹੀ ਠੀਕ ਹੈ ਇਉਂ ਲਈ ਫਿਰਦੇ ਨੇ ਅੱਗੇ ਪਿੱਛੇ।

ਕੋਊ ਨ ਆਖੈ 'ਬਹੁ ਇਸ ਥਾਇ'॥ ਜਿਥੇ ਜਾਂਦੇ ਨੇ ਸਿੱਖ ਵੀ ਕਹਾਉਂਦੇ ਨੇ ਮਹਾਰਾਜ ਦੇ, ਆਉਂਦੇ ਵੀ ਹਨ ਪਰ ਇਹ ਗੱਲ ਕੋਈ ਨਹੀਂ ਕਹਿੰਦਾ ਆਪਣੇ ਮੂੰਹ ਤੋਂ ਮਹਾਰਾਜ ਇਹ ਤੁਹਾਡੇ ਮਕਾਨ ਨੇ, ਆਹ ਸਾਡੇ ਭਾਵੇਂ ਕਿਲ੍ਹੇ ਕੱਚੇ ਨੇ ਤੁਹਾਡੇ ਨੇ ਬੈਠੋ, ਇਸ ਤਰ੍ਹਾਂ ਨਹੀਂ ਕੋਈ ਕਹਿੰਦਾ, ਚੰਗਾ ਜੀ, ਚੰਗਾ ਮਹਾਰਾਜ ਦਰਸ਼ਨ ਹੋਏ ਸਾਨੂੰ, ਮਤਲਬ

ਹੁਣ ਅਗਾਂਹ ਤੁਰੋ ਏਥੇ ਅਟਕੋ ਨਾ। ਜੇ ਅਟਕਣਗੇ ਤਾਂ ਖਰਚਾ ਦੇਣਾ ਪਊ, ਰਸਤ ਬਸਤ ਦੇਣੀ ਪਊਗੀ, ਜਦੋਂ ਸਮਾਂ ਆ ਜਾਂਦਾ ਹੈ ਨਾ ਮੁਸੀਬਤ ਦਾ ਉਦੋਂ ਕੋਈ ਸਿਖ ਸਿਦਕ ਦਾ ਪੱਕਾ ਰਹਿੰਦਾ, ਨਹੀਂ ਸਭ ਸਿਦਕ ਤੋਂ ਡੋਲ ਜਾਂਦੇ ਹਨ।

ਹੁਤੋ ਰੋਹੀ ਮਧ ਜੋਊ ਗ੍ਰਾਮ॥ ਇਸ (ਰੋਹੀ) ਵੱਡੇ ਜੰਗਲ ਵਿਚ ਜੋ ਕੋਈ ਪਿੰਡ ਸੀ ਤਕੜਾ।

ਕਹਾਂ ਜਾਨੌ ਮੈ ਤਿਨ ਕੈ ਨਾਮ॥੧੩॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਮੈਂ ਉਸ ਇਲਾਕੇ ਵਿਚ ਗਿਆ ਆਇਆ ਨਹੀਂ ਕਦੀ, ਮੈਨੂੰ ਕੀ ਪਤਾ ਉਹਨਾਂ ਪਿੰਡਾਂ ਦੇ ਨਾਮ ਜਿਥੇ ਜਿਥੇ ਮਹਾਰਾਜ ਨੂੰ ਲਈ ਫਿਰਦੇ ਰਹੇ। ੧੩।

ਜਾ ਜਾ ਡੇਰਾ ਜਹਿੰ ਜਹਿੰ ਕੀਯਾ॥ ਜਿਥੇ ਜਿਥੇ ਵੀ ਸਤਿਗੁਰਾਂ ਨੇ ਜਾ ਜਾ ਕੇ (ਡੇਰਾ) ਉਤਾਰਾ ਕੀਤਾ, ਰਾਤ ਕੱਟੀ।

ਓ ਨ ਕੁਛ ਚਾਰੈ ਸਗਵੋਂ ਚਹਿੰ ਲੀਯਾ॥ ਉਨ੍ਹਾਂ ਸਤਿਗੁਰਾਂ ਨੂੰ ਤਾਂ ਰਸਤ ਬਸਤ ਕੀ ਦੇਣੀ ਸੀ, ਸਗੋਂ ਉਹ ਚਾਹੁੰਦੇ ਹਨ ਕਿ ਸਾਨੂੰ ਕੁਛ ਦੇ ਜਾਣ, ਸਾਡੇ ਪਿੰਡ ਆ ਕੇ ਰਾਤ ਕੱਟੀ ਹੈ।

ਇਕ ਇਕ ਕੂਨੌ ਇਕ ਇਕ ਪਾਸ॥ ਹੁਣ ਜਿਹੜੇ ਨੌਕਰ ਰੱਖੇ ਨੇ ਮਹਾਰਾਜ ਨੇ, ਇਕ ਇਕ ਰੁਪਏ ਰੋਜ਼ ਤੇ, ਉਹਨਾਂ ਘੋੜ ਸਵਾਰਾਂ ਕੋਲ ਇਕ ਇਕ ਕੂਨਾ ਪਾਣੀ ਦਾ ਭਰਿਆ ਹੋਇਆ (ਕੂਨਾ) ਕਪੜੇ ਦੀ ਬਣਾਈ ਹੋਈ ਛੋਟੀ ਮਸ਼ਕ ਨਾਲ ਕਾਠੀ ਬੱਧੀ ਸੀ।

ਦੇਹਿੰ ਨ ਔਰੈ ਜੌ ਗੁਰ ਮੰਗੈ ਖਾਸ॥੧੪॥ ਕਿਸੇ ਦੂਜੇ ਨੂੰ ਤਾਂ ਕੀ ਦੇਣਾ ਸੀ ਜੇ ਖਾਸ ਗੁਰੂ ਜੀ ਵੀ ਮੰਗਣ ਪਾਣੀ ਤਾਂ ਉਹਨਾਂ ਨੂੰ ਵੀ ਨਹੀਂ ਸੀ ਦਿੰਦੇ। ਅਸੀਂ ਮੁਫਤ ਪਾਣੀ ਕਿਉਂ ਦੇਈਏ। ਇਹ ਸਾਡਾ ਪਾਣੀ ਹੈ, ਇਉਂ ਲੋਕਾਂ ਦੇ ਸੁਭਾਅ ਦਸਦੇ ਨੇ। ੧੪।

ਪਹਿਲੇ ਲੈਂ ਦਰਬ ਪਾਛੈ ਰਹੈਂ॥ ਮਹੀਨੇ ਦੀ ਤਨਖਾਹ ਪਹਿਲਾਂ ਦੇ ਦਿਉ, ਫੇਰ ਨੌਕਰੀ ਕਰਾਂਗੇ, ਪਹਿਲਾਂ ਪੈਸੇ ਲੈ ਕੇ ਫੇਰ ਰਹਿੰਦੇ ਨੇ, ਭਾਵੇਂ ਰਹਿਣ ਤੇ ਭਾਵੇਂ ਚਾਲਾ ਮਾਰ ਜਾਣ ਰਾਤ ਨੂੰ। ਮਨ ਮਰਜ਼ੀ ਦੀ ਨੌਕਰੀ ਕਰਦੇ ਸਨ, ਇਉਂ ਇਤਿਹਾਸ ਦਸਦਾ ਹੈ।

ਆਯੋ ਆਈ ਬਹੁ ਮੁਖੋਂ ਸੁਨਹੈਂ॥੧੫॥ ਬੱਸ ਹੁਣ ਆਈ ਫੌਜ ਹੁਣ ਆਈ ਫੌਜ, ਕੱਲ ਨੂੰ ਟਾਕਰਾ ਹੋ ਜਾਣਾ, ਬਸ ਆ ਰਲੇ ਖੜੇ ਨੇ, ਫਲਾਨੇ ਪਿੰਡ ਆ ਗਈ ਫੌਜ ਫਲਾਨੇ ਪਿੰਡ ਆ ਗਈ, ਐਸ ਤਰ੍ਹਾਂ ਦੀਆਂ ਗੱਲਾਂ ਮੂੰਹੋਂ ਕਹਿੰਦੇ ਹਨ। ੧੫।

ਦੋਹਰਾ॥ਉਸੀ ਰੋਹੀ ਮਧ ਇਕ ਦਿਵਸ, ਸਤਿਗੁਰ ਲਾਗੀ ਪਯਾਸ॥ ਉਸੇ ਰੋਹੀ ਵਿਚ ਵਿਚਰਦਿਆਂ ਵਿਚਰਦਿਆਂ ਇਕ ਦਿਨ ਸਤਿਗੁਰਾਂ ਨੂੰ ਜਲ ਦੀ ਪਿਆਸ ਲੱਗੀ ਹੈ।

ਸਤਿਗੁਰ ਭੇਜਯੋ ਲੈਨ ਜਲ, ਖਾਨੈ ਬਿਰਾੜ ਸੁ ਪਾਸ॥੧੬॥ ਖਾਨਾਂ ਨਾਮ ਦਾ ਬਰਾੜ ਸੀ, ਉਸਦੇ ਪਾਸ ਇਕ ਸਿੱਖ ਨੂੰ ਪਾਣੀ ਲੈਣ ਵਾਸਤੇ ਭੇਜਿਆ ਹੈ, ਕਿ ਲਿਆ ਕੇ ਸਾਨੂੰ ਜਲ ਛਕਾਓ। ੧੬।

ਚੌਪਈ॥ ਸੋ ਖਾਨੈ ਨੈ ਨਹਿੰ ਜਲ ਦਯੋ॥ ਜਦੋਂ ਖਾਨੇ ਨੂੰ ਸਿੱਖਾਂ ਜਲ ਵਾਸਤੇ ਪੁੱਛਿਆ ਹੈ ਕਿ ਸਤਿਗੁਰਾਂ ਨੂੰ ਪਿਆਸ ਲੱਗੀ ਹੈ, ਜਲ ਦੇ ਦਿਉ ਕਹਿੰਦਾ ਹਾਂ ਹਾਂ ਮੇਰੇ ਕੋਲ ਪਾਣੀ ਨਹੀਂ ਹੈ, ਤੇ ਨਾ ਮੈਂ ਦੇਣਾ ਹੈ ਗੱਲਾਂ ਕਰੀ ਜਾਂਦੇ ਸਨ, ਸਿਖ ਵੀ ਹਾਂ ਤੁਹਾਡੇ ਤੇ ਆਕੜ ਕੇ ਵੀ ਰਹਿਣਾ, ਦੋਵੇਂ ਗੱਲਾਂ ਕਰਨੀਆਂ, ਅੱਜ ਵੀ ਮੌਜੂਦ ਹੈ ਫ਼ਰਕ ਅੱਜ ਵੀ ਕੋਈ ਨਹੀਂ ਪਿਆ। ਖੈਰ ਥੋੜ੍ਹਾ ਥੋੜ੍ਹਾ ਫ਼ਰਕ ਪਿਆ ਹੈ।

'ਨਹਿ ਜਲ ਹਮ ਪੈ' ਮੁੱਕ੍ਰਤ ਭੱਯੋ॥ ਮੁੱਕਰ ਹੀ ਗਿਆ, ਕਹਿੰਦਾ ਮੇਰੇ ਕੋਲ ਤਾਂ ਪਾਣੀ ਹੈ ਹੀ ਨਹੀਂ ਐਵੇਂ ਤੁਹਾਨੂੰ ਕਿਸੇ ਨੇ ਕਹਿ ਦਿੱਤਾ ਹੈ ਕਿ ਖਾਨੇ ਕੋਲ ਪਾਣੀ ਹੈ।

ਗੁਰ ਭੇਜੀ ਦੁਇ ਮੁਹਰ ਨਿਕਾਰ॥ ਜਦੋਂ ਮੁੱਕਰ ਗਿਆ, ਸਤਿਗੁਰਾਂ ਨੇ ਖੀਸੇ ਵਿਚੋਂ ਦੋ ਮੋਹਰਾਂ ਕੱਢ ਕੇ ਭੇਜੀਆਂ ਪਾਣੀ ਵਾਸਤੇ ਸੋਨੇ ਦੀਆਂ, ਉਹਨੂੰ ਕਹਿਓ ਪੈਸੇ ਲੈ, ਪਾਣੀ ਦੇ ਦੇ।

ਉਨ ਭਰ ਦੀਨ ਬੇਲੂਏ ਚਾਰ॥ ੧੭॥ (ਬੇਲੂਆ) ਮਿਣਤੀ ਵਾਲਾ ਭਾਂਡਾ ਉਸਨੇ ਚਾਰ ਭਰ ਦਿੱਤੇ। ਬੇਲੂਆ=ਛੰਨੇ ਤੋਂ ਵੀ ਛੋਟਾ ਬਰਤਨ। ੧੭।

ਤੌ ਸਤਿਗੁਰ ਸੱਦ ਖਾਨੈ ਕਹਯੋ॥ ਜਦੋਂ ਪਾਣੀ ਮੁੱਲ ਦਿੱਤਾ ਤਾਂ ਸਤਿਗੁਰਾਂ ਨੇ ਖਾਨੇ ਨੂੰ ਸੱਦ ਲਿਆ, ਲਿਆਉ ਸਾਡੇ ਕੋਲ ਇਹਨੂੰ, ਖਾਨੇ ਨੂੰ ਬੁਲਾ ਕੇ ਕਿਹਾ ਸਤਿਗੁਰਾਂ ਨੇ।

'ਪਾਣੀਓਂ ਪਤਲੋ ਖਾਨੋ ਭਯੋ॥ ਓਇ ਖਾਨਿਆਂ ਤੂੰ ਪਾਣੀਓਂ ਪਤਲਾ ਹੋ ਗਿਆ, ਸਾਨੂੰ ਵੀ ਤੂੰ ਮੁੱਲ ਪਾਣੀ ਦਿੱਤਾ, ਸਾਨੂੰ ਪਿਆਸ ਲੱਗੀ ਤੋਂ ਵੀ ਤੂੰ ਸਾਨੂੰ ਜਲ ਨਹੀਂ ਦੇ ਸਕਿਆ। ਪਾਣੀ ਤੋਂ ਵੀ ਪਤਲਾ ਹੈ ਤੇਰਾ ਹਿਰਦਾ।

ਦੋ ਹਡੀਆਂ ਲੈ ਪਾਣੀ ਦੀਤਾ' ॥ ਮਾਇਆ (ਹੱਡੀ ਹੀ ਹੈ) ਕਾਹਦੀ ਹੈ, ਦੋ ਹੱਡੀਆਂ ਲੈ ਕੇ ਪਾਣੀ ਦਿੱਤਾ ਤੂੰ ਸਾਨੂੰ ਵਾਹ ਓ ਪਾਣੀਓਂ ਪਤਲਿਆ ਇਉਂ ਸਤਿਗੁਰਾਂ ਨੇ ਬਚਨ ਕਰ ਦਿੱਤਾ।

ਐਸ ਸ਼੍ਰਮਿੰਦੋ ਖਾਨੋਂ ਕੀਤਾ॥੧੮॥ ਚੰਗਾ ਸ਼ਰਮਿੰਦਾ ਕੀਤਾ ਉਸਨੂੰ, ਫੇਰ ਤੂੰ ਨਾਲੇ ਨੌਕਰ ਹੈਂ ਗੁਰਾਂ ਦਾ, ਪਾਣੀ ਦੀ ਗੱਲ ਕੀ ਹੁੰਦੀ ਹੈ। ਸੋ ਕਹਿੰਦੇ ਨੇ ਤੂੰ ਪਾਣੀਓਂ ਵੀ ਪਤਲਾ ਰਹਿ ਗਿਆ ਖਾਨਿਆਂ, ਸ਼ਰਮਿੰਦਾ ਕੀਤਾ ਮਹਾਰਾਜ ਜੀ ਨੇ। ੧੮।

ਦੋਹਰਾ॥ਆਵਤ ਮਝੈਲੈਂ ਗੁਰ ਦਿਖੇ, ਭੇਜਯੋ ਬਿਰਾੜ ਦੁੜਾਇ॥ ਜਦੋਂ ਅੱਗੇ ਚਲੇ ਗਏ ਰਾਮੇਆਣੇ ਦੇ ਇਲਾਕੇ ਵਿਚ, ਏਧਰੋਂ ਸਿੰਘ ਤਾਂ ਆਉਂਦੇ ਸਨ, ਇਕੱਲਾ ਇਕੱਲਾ, ਦੋ ਦੋ, ਚਾਰ ਚਾਰ ਰਲਕੇ, ਜਿਉਂ ਜਿਉਂ ਪਤਾ ਲੱਗਦਾ ਸੀ ਸਤਿਗੁਰੂ ਏਧਰ ਜਾ ਰਹੇ ਨੇ ਤੇ ਸਰਹੰਦੋਂ ਫੌਜ ਜਾ ਰਹੀ ਹੈ ਪਿਛੇ। ਤੇ ਗੁਰੂ ਕੇ ਸਿੰਘ ਜਿਹੜੇ ਵਿਛੜੇ ਹੋਏ ਸੀ ਰਾਹ ਵਿਚੋਂ ਉਹ ਵੀ ਇਕੱਠੇ ਹੋਏ ਤੁਰੇ ਆਉਂਦੇ ਸਨ। ਇਹਦੇ ਵਿਚ ਖਾਲਸਾ ਜੀ ਦੁਆਬੇ ਦੇ, ਮਾਝੇ ਦੇ, ਮਾਲਵੇ ਦੇ ਸਾਰੇ ਈ ਸਿੰਘ ਨਿਖੜੇ ਸਨ। ਜਿਹੜੇ ਮਝੈਲ ਸਿੰਘ ਉਥੋਂ ਅੰਮ੍ਰਿਤਸਰ ਨੂੰ ਚਲੇ ਗਏ ਸਨ ਨਿਕਲਕੇ ਉਹਨਾਂ ਦੀ ਗੱਲ ਕਰਦੇ ਨੇ, ਉਥੋਂ ਇਕੱਠੇ ਹੋ ਕੇ ਚਲੋ ਸਤਿਗੁਰਾਂ ਦੇ ਨਾਲ ਚਲ ਕੇ ਸੇਵਾ ਕਰੀਏ ਇਕੱਠੇ ਹੋਕੇ। ਉਹਨਾਂ ਮਝੈਲ ਸਿੰਘਾਂ ਦਾ ਜੱਥਾ ਆਉਂਦਾ ਵੇਖਿਆ ਸਤਿਗੁਰਾਂ ਨੇ, ਔਹ ਸਿੰਘ ਆ ਰਹੇ ਨੇ ਏਧਰੋਂ ਮਾਝੇ ਵਲੋਂ ਆ ਰਹੇ ਨੇ, ਮਹਾਰਾਜ ਜੀ ਨੇ ਇਕ ਬੈਰਾੜ ਨੂੰ ਦੌੜਾਇਆ ਉਹਨਾਂ ਵੱਲ ਭੇਜਿਆ ਹੈ ਕਿ ਜਾਹ ਜਾ ਕੇ ਪਤਾ ਲੈ ਕੇ ਆ।

ਦੇਖ ਆਇ ਤਿਨ ਕਹਯੋ, 'ਯਹ ਮਝੈਲ ਮਾੜੇ ਭਏ ਆਇ' ॥੧੯॥ ਟੈਰ ਤੇ ਸਵਾਰ ਜੋ ਬਰਾੜ ਦੇਖਣ ਵਾਸਤੇ ਭੇਜਿਆ ਸੀ, ਉਸ ਨੇ ਦੇਖ ਕੇ ਆਕੇ ਕਿਹਾ ਜੀ ਉਹ ਮਾੜੇ ਮਝੈਲ, ਉਹ ਨਿਕੰਮੇ, ਉਹ ਜਿਹੜੇ ਉਥੋਂ ਭੱਜ ਗਏ ਸਨ ਹੋਰ ਕਈ ਗੱਲਾਂ ਕੀਤੀਆਂ ਹੋਣਗੀਆਂ, ਉਹ ਜੀ ਉਹ ਆਉਂਦੇ ਨੇ, ਹੋਰ ਕਿਹੜੇ? ਮਾੜੇ ਬੰਦੇ, ਔਹ ਜਿਹੜੇ ਤੁਹਾਨੂੰ ਛੱਡ ਗਏ ਸੀ, ਏਸ ਤਰ੍ਹਾਂ ਦੇ ਉਲਾਂਭੇ ਦਿੰਦਾ। ੧੯।

ਚੌਪਈ॥ ਸੁਨ ਸਤਿਗੁਰ ਤਿਸ ਐਸ ਫੁਰਮਾਯੋ॥ ਜਦੋਂ ਮਝੈਲਾਂ ਨੂੰ ਬੁਰਾ ਭਲਾ ਕਿਹਾ, ਸੁਣ ਕੇ ਸਤਿਗੁਰੂ ਜੀ ਨੇ ਏਸ ਤਰ੍ਹਾਂ ਕਿਹਾ।

'ਤੈ ਮਝੈਲ ਕਿਮ ਮਾੜੇ ਬਤਾਯੋ॥ ਕਿਉਂ ਤੂੰ ਇਹਨਾਂ ਦਾ ਮਾੜਾਪਨ ਕੀ ਦੇਖਿਆ?ਤੂੰ ਇਹਨਾਂ ਨੂੰ ਮਾੜੇ ਕਿਉਂ ਕਿਹਾ ਇਹ ਦੱਸ, ਤੈਨੂੰ ਤਾਂ ਭੇਜਿਆ ਖ਼ਬਰ ਲੈ ਕੇ ਆ ਉਹ ਕੌਣ ਆਉਂਦੇ ਨੇ? ਤੇ ਤੂੰ ਇਹਨਾਂ ਨੂੰ ਮਾੜੇ ਮਾੜੇ ਕਹਿੰਦਾ, ਕੀ ਮੜੱਪਣ ਦੇਖਿਆ ਇਹਨਾਂ ਦਾ?

ਫੇਰ ਮਝੈਲਨ ਮਤ ਕਹਯੋ ਮਾੜੇ॥ ਖ਼ਬਰਦਾਰ ਹੋ ਜਾ ਫੇਰ ਮਾੜੇ ਕਿਹਾ ਮਝੈਲ ਸਿੰਘਾਂ ਨੂੰ।

ਅਹੈਂ ਮਝੈਲ ਤੁਮ ਘਰ ਕੇ ਲਾੜੇ' ॥੨੦॥ ਇਹ ਮਾਝੇ ਦੀ ਬੋਲੀ ਆ, ਆ ਓ ਲਾੜਿਆ! ਉਧਰ। ਜਦੋਂ ਸਿੰਘ ਆ ਕੇ ਨਿਰਬਾਹ ਕਰਦੇ ਰਹੇ ਨੇ, ਘਰ ਘਰ ਰਹਿੰਦੇ ਰਹੇ ਨੇ ਮਗਰੋਂ ਜਦੋਂ ਖਾਲਸੇ ਉਧਰ ਮੁਗਲ ਰਹਿਣ ਨਹੀਂ ਸੀ ਦਿੰਦੇ, ਉਦੋਂ ਮਾਲਵੇ ਵਿਚ ਆ ਕੇ ਗੁਜ਼ਾਰਾ ਕਰਦੇ ਸਨ। ਖਾਸ ਕਰਕੇ ਆਹ ਲੱਖੀ ਜੰਗਲ ਦਾ ਇਲਾਕਾ ਜਿਹੜਾ ਹੈ, ਇਥੇ ਰਿਹਾ ਕਰਦੇ ਸਨ, ਨਿਰਬਾਹ ਕਰਦੇ ਸਨ। ਕਈ ਵੇਰਾਂ ਬੈਰਾੜ ਲੜ ਪੈਂਦੇ ਤੇ ਕਈ ਵੇਰਾਂ ਰਾਜ਼ੀ ਹੋ ਜਾਂਦੇ, ਉਹ ਸੁਭਾਅ ਅਨੁਸਾਰ ਸੀ, ਮਾੜੀ ਜਿਹੀ ਗੱਲ ਤੋਂ ਤਿੜਕ ਪੈਂਦੇ ਨੇ ਫੇਰ ਰਾਜ਼ੀ ਵੀ ਹੋ ਜਾਂਦੇ ਨੇ, ਐਹੋ ਜਿਹਾ ਸੁਭਾ

ਸੀ ਇਹਨਾਂ ਦਾ। ੨੦।

ਔਰ ਸੂਮੋ ਸੁ ਬੀਯੋ ਬਿਰਾੜ ਹੁਤ ਭਾਈ॥ ਹੋਰ ਸੂਮੋ ਨਾਮ ਦਾ ਖਾਨੇ ਦਾ ਦੂਜਾ ਭਾਈ ਸੀ।

ਚਹੈਂ ਗੁਰੂ ਤੇ ਕਰਾਮਾਤ ਪਰਤਾਈ॥ ਉਹਦੇ ਮਨ ਵਿਚ ਹੋਰ ਹੀ ਖਿਆਲ, ਕਹਿੰਦੇ ਨੇ ਗੁਰੂ ਕਰਾਮਾਤੀ ਹੈ ਗੁਰੂ ਦੀ ਕਰਾਮਾਤ ਤਾਂ ਦੇਖੀਏ ਕਿ ਕਰਾਮਾਤ ਹੈ ਇਹਨਾਂ ਦੇ ਵਿਚ ਉਹ ਇਹ ਹੀ ਪ੍ਰਤਿਆਵਾ ਲੈਣਾ ਚਾਹੁੰਦਾ ਸੀ ਹੈ ਕਿ ਨਹੀਂ।

ਨਿੱਤ ਲਿਆਵੈ ਮਾਂਹ ਦੁੱਧ ਬੂਰੀ॥ ਜਿੰਨਾਂ ਚਿਰ ਸਤਿਗੁਰੂ ਜੀ ਰੋਹੀ ਰਹੇ ਨੇ ਉਹ ਸੂਮਾਂ ਬੈਰਾੜ ਸਤਿਗੁਰੂ ਜੀ ਵਾਸਤੇ ਬੂਰੀ ਮੱਝ ਦਾ ਦੁੱਧ ਲਿਆ ਕੇ ਮਹਾਰਾਜ ਜੀ ਦੇ ਹਾਜ਼ਰ ਕਰਿਆ ਕਰਦਾ।

ਫੇਰ ਲਿਆਏ ਕਾਲੀ ਕੂਰੀ॥੨੧॥ ਇਕ ਦਿਨ ਕਾਲੀ ਮੱਝ ਦਾ ਦੁੱਧ ਲਿਆਇਆ, ਜਿਸਦੇ ਸਰੀਰ 'ਤੇ ਕੋਈ ਡੱਬ ਨਹੀਂ ਸੀ, ਮਨ ਵਿਚ ਇਹ ਖਿਆਲ ਬੁੱਝ ਲੈਣਗੇ ਸਾਡੀ ਗੱਲ ਨੂੰ ਕਿ ਨਹੀਂ, ਰੋਜ਼ ਬੂਰੀ ਦਾ ਲਿਆਇਆ ਕਰੇ ਉਸ ਦਿਨ ਕਾਲੀ ਦਾ ਲਿਆਇਆ। ੨੧।

ਸਤਿਗੁਰ ਹੱਥ ਧਰ ਸੀਸ ਹਿਲਾਯੋ॥ ਸਤਿਗੁਰੂ ਅੰਤਰਜਾਮੀ ਸਨ, ਉਹਨਾਂ ਨੇ ਉਹਦੇ ਸਿਰ 'ਤੇ ਹੱਥ ਰਖ ਕੇ ਹਿਲਾਇਆ ਉਹਦਾ ਸਿਰ, ਕਿਉਂ ਓਇ! ਕਰਾਮਾਤਾਂ ਵੇਖੰਣੀਆਂ ਸਾਡੀਆਂ, ਚੰਗਾ ਸਿੱਖ ਬਣਿਆਂ ਤੂੰ ਸਾਡਾ।

'ਕਰਾਮਾਤ ਜਗ ਦੇਖਨ ਆਯੋ॥ ਵਾਹ ਓ ਜਗਤ ਦੇ ਲੋਕੋ! ਕਰਾਮਾਤ ਵੇਖਦੇ ਫਿਰਦੇ ਨੇ, ਕਿ ਗੁਰੂਆਂ ਵਿਚ ਕਰਾਮਾਤ ਹੈ ਕਿ ਨਹੀਂ। ਅਜੇ ਪਤਾ ਨਹੀਂ ਲੱਗਿਆ ਕਰਾਮਾਤ ਦਾ, ਜਦੋਂ ਇਸ ਤਰ੍ਹਾਂ ਦਾ ਬਚਨ ਹੋਇਆ।

ਹੇ ਸਿੱਖਾ! ਤੈਂ ਕਯਾ ਕੰਮ ਕੀਯੋ?॥ ਸਤਿਗੁਰੂ ਕਹਿੰਦੇ 'ਓਏ ਸਿੱਖਾ!' ਕੀ ਕੰਮ ਕੀਤਾ ਤੂੰ? ਹੈਂ! ਤੈਨੂੰ ਇਤਨੀ ਵਿਚਾਰ ਨਹੀਂ ਗੁਰੂਆਂ ਦੀਆਂ ਕਰਾਮਾਤਾਂ ਪਰਖਦਾ ਹੈਂ।

ਅੰਤ ਗੁਰਨ ਕੋ ਚਾਹਤ ਲੀਯੋ'॥੨੨॥ ਉਹਦਾ ਸਿਰ ਚੰਗੀ ਤਰ੍ਹਾਂ ਹਿਲਾ ਕੇ ਕਿਹਾ ਓ ਗੁਰਾਂ ਦਾ ਅੰਤ ਲੈਣਾ ਤੂੰ, ਵੇਖਣੀ ਆ ਕਰਾਮਾਤ? ਸ਼ਾਬਾਸ਼ੇ ਤੇਰੇ। ਕਰਾਮਾਤ ਤਾਂ ਕਹਿਰ ਦਾ ਨਾਮ ਹੁੰਦਾ, ਹੁਣੇ ਭਾਣਾ ਵਰਤਾਈਏ ਤੁਹਾਡੇ ਤੇ ਪਤਾ ਲੱਗ ਜਾਏ ਕਿ ਕਰਾਮਾਤ ਹੈਗੀ ਜਾਂ ਨਹੀਂ। ੨੨।

ਦੋਹਰਾ॥ਜੋੜ ਹਾਥ ਸਿੱਖਨ ਕਹਯੋ, 'ਹਮ ਨਾਰਨ ਯਹ ਛਲ ਕੀਨ'॥ ਜਿਹੜਾ ਸਿੱਖ ਦੁੱਧ ਲਿਆਉਂਦਾ ਸੀ ਹੁਣ ਮੁਆਫੀ ਮੰਗਦਾ ਹੈ ਹੁਣ ਬਹਾਨਾ ਬਣਾਉਂਦਾ ਹੈ ਮਹਾਰਾਜ ਮੈਂ ਨਹੀਂ ਲਿਆਇਆ ਇਹ ਤਾਂ ਸਾਡੇ ਘਰ ਵਾਲਿਆਂ ਨੇ ਛਲ ਕੀਤਾ। ਉਹਨਾਂ ਨੇ ਇਹ ਗੱਲ ਕੀਤੀ ਹੈ, ਅੱਜ ਕਾਲੀ ਮੱਝ ਦਾ ਦੁੱਧ ਦੇ ਦਿੱਤਾ ਅੱਗੇ ਤਾਂ ਬੂਰੀ ਦਾ ਰੋਜ਼ ਲਿਆਉਂਦਾ ਸਾਂ। ਆਪਣੇ ਤੋਂ ਗੱਲ ਟਾਲਦਾ ਹੈ।

ਸਤਿਗੁਰ ਕਹੀ 'ਫਿਰ ਨ ਕਰਯੋ, ਅਬ ਹਮ ਬਖਸ਼ ਸੁ ਦੀਨ'॥੨੩॥ ਸਤਿਗੁਰੂ ਕਹਿੰਦੇ ਅੱਗੇ ਨੂੰ ਨਾ ਕਰਿਓ ਇਹੋ ਜਿਹਾ ਕੰਮ, ਹੁਣ ਤਾਂ ਅਸੀਂ ਤੁਹਾਨੂੰ ਬਖਸ਼ ਦਿੰਦੇ ਹਾਂ। ੨੩।

ਸਾਖੀ ਮੁਕਤਸਰ ਜੀ ਕੀ ਲਿਖਯਤੇ॥

(ਮੁਕਤਸਰ ਯੁੱਧ, ਟੁੱਟੀ ਗੰਢੀ, ਬਿਰਾੜਾਂ ਦੀ ਕਾਇਰਤਾ)

ਚੌਪਈ॥ ਕਪੂਰੇ ਕਤੂਰੇ ਫਿਰ ਗਲ ਆਈ॥ ਭਾਈ ਸਾਹਿਬ ਕਹਿੰਦੇ ਕਪੂਰੇ ਨੂੰ ਕਤੂਰੇ ਦਾ ਸਰਾਪ ਦਿੱਤਾ ਜਿਹੜਾ ਹੁਣ ਉਹਦੀ ਗੱਲ ਫੇਰ ਸੁਣੋ ਤੁਸੀਂ।

ਵਲ ਤੁਰਕਨ ਉਨ ਖਬਰ ਘਲਾਈ ॥ ਕਪੂਰਾ ਅੰਦਰੋਂ ਬੇਈਮਾਨ ਸੀ, ਉਸ ਨੇ ਤੁਰਕਾਂ ਵੱਲ ਖਬਰ ਭੇਜ ਦਿੱਤੀ, ਕਿ ਸਤਿਗੁਰੂ ਮੇਰੇ ਇਲਾਕੇ ਵਿਚ ਵਿਚਰ ਰਹੇ ਹਨ।

'ਲੇਵੋ ਬੇਸ਼ਕ ਗੁਰੂ ਫੜਾਈ'॥ ਬੇਸ਼ੱਕ ਆ ਕੇ ਗੁਰੂ ਨੂੰ ਫੜ ਲਵੋ। ਇਉਂ ਉਧਰੋਂ ਸੱਚਾ ਹੁੰਦਾ ਹੈ ਡਰਾਕਲ।

ਨਹਿੰ ਹਮ ਕਿਛ ਉਸ ਮਦਤ ਕਰਾਈ॥੧॥ ਅਸੀਂ ਉਹਨਾਂ ਦੀ ਕੋਈ ਮਦਦ ਨਹੀਂ ਕੀਤੀ, ਨਾ ਹੀ ਅਸੀਂ ਆਪਣੇ ਕਿਲ੍ਹੇ ਵਿਚ ਉਨ੍ਹਾਂ ਨੂੰ ਉਤਰਨ ਦਿੱਤਾ ਹੈ। ੧।

ਸੋ ਸੁਨ ਤੁਰਕ ਤੁਰਤ ਚੜ੍ਹ ਆਏ॥ ਅੱਗੇ ਤਾਂ ਸੰਗਦੇ ਸੀ ਤੁਰਕ ਕਿ ਖ਼ਬਰੇ ਸਤਿਗੁਰ ਨਾਲ ਕਿੰਨੀ ਕੁ ਫੌਜ ਫੇਰ ਇਕੱਠੀ ਹੋ ਗਈ, ਡਰਦੇ ਸੀ। ਇਹ ਖ਼ਬਰ ਸੁਣਕੇ ਤੁਰਤ ਹੀ ਫੇਰ ਤੁਰਕ ਚੜ੍ਹਾਈ ਕਰ ਕੇ ਆ ਗਏ।

ਇਤ ਵਲ ਭੀ ਦਈ ਖਬਰ ਘਲਾਏ॥ ਸੱਚੇ ਹੋਣ ਵਾਸਤੇ ਕਪੂਰੇ ਨੇ ਸਤਿਗੁਰਾਂ ਵੱਲ ਵੀ ਖਬਰ ਭੇਜ ਦਿੱਤੀ, ਕਿ ਕੋਈ ਇਸ ਤਰ੍ਹਾਂ ਨਾ ਕਹੇ ਕਪੂਰੇ ਨੇ ਕਰਾਇਆ ਸਾਰਾ ਕੁਛ ਤੇ ਕਰਾਉਂਦਾ ਆਪ ਫਿਰਦਾ ਹੈ। ਉਧਰ ਵੀ ਖਬਰ ਕਰ ਦਿੱਤੀ ਕਿ ਗੁਰਾਂ ਨੂੰ ਫੜ ਲਉ ਅਸੀਂ ਮਦਤ ਨਹੀਂ ਕਰਦੇ ਬਿਲਕੁਲ ਏਧਰ ਵੀ ਖਬਰ ਕਰ ਦਿੱਤੀ ਕਿ ਮਹਾਰਾਜ ਫੌਜ ਆ ਰਹੀ ਨੇੜੇ, ਹੁਣ ਅਗਾਂਹ ਪਿਛਾਂਹ ਹੋਣਾ ਹੈ ਤੇ ਹੋ ਜਾਉ।

ਆਓ ਆਈ ਜਬ ਬਹੁ ਭਈ॥ ਜਦੋਂ (ਆਉ ਆਈ) ਬਹੁਤੀ ਹੋ ਗਈ, ਕਿ ਫੌਜ ਆ ਗਈ ਹੈ, ਆ ਗਈ ਹੈ ਨੇੜੇ।

ਬੈਰਾੜਨ ਬਿਧ ਨਠਨੈ ਕਈ॥੨॥ ਇਹ ਬੈਰਾੜ ਜਿਹੜੇ ਨੌਕਰ ਰੱਖੇ ਨੇ ਇਹਨਾਂ ਨੇ ਭੱਜਣ ਦੀ ਵਿਧੀ ਬਣਾਈ ਹੈ, ਦੌੜਨ ਦਾ ਤਰੀਕਾ ਸੋਚਿਆ ਹੈ। ੨।

ਕੂਨੇ ਜਲ ਕੇ ਲਏ ਭਰਾਇ॥ ਉਸੇ ਵੇਲੇ ਇੰਤਜਾਮ ਕਰ ਲਿਆ, ਜਲ ਦੇ ਕੂਨੇ ਭਰ ਕੇ ਕਮਰਕਸੇ ਕਰ ਲਏ ਕਿ ਰੋਹੀ ਵਿਚ ਜਲ ਦੀ ਲੋੜ ਪਵੇਗੀ।

ਲੀਨੀ ਰੋਹੀ ਲੰਬੀ ਤਕਾਇ॥ ਲੰਬੀ ਰੋਹੀ ਵੱਲ ਨੂੰ ਮੂੰਹ ਕਰ ਲਿਆ, ਔਹ ਮਲੋਟ ਫਾਜਲਕੇ ਵੱਲ ਨਿਕਲ ਜਾਵਾਂਗੇ, ਇਉਂ ਮੂੰਹ ਕਰ ਲਿਆ ਐਧਰ ਮੁਕਤਸਰ ਨੂੰ।

ਸੰਜਮ ਔਰ ਮਝੈਲਨ ਕੀਯਾ॥ ਇਹ ਜੋ ਮਝੈਲ ਸਿੰਘ ਸਨ ਇਹਨਾਂ ਨੇ ਸੰਜਮ ਕੀਤਾ ਹੈ। ਉਹ ਸਿਦਕੀ ਸਿੱਖਾਂ ਨੇ ਮਸ਼ਵਰਾ ਕੀਤਾ ਹੈ।

ਉਨ ਬਾਂਧਯੋ ਮਰਨੈ ਪੁਰ ਹੀਯਾ॥੩॥ ਮਝੈਲ ਸਿੰਘ ਕਹਿਣ ਲੱਗੇ ਆਪਾਂ ਤਾਂ ਆਏ ਹਾਂ ਮਰਨ ਵਾਸਤੇ, ਅਸੀਂ ਤਾਂ ਸ਼ਹੀਦੀਆਂ ਲਵਾਂਗੇ, ਸੇਵਾ ਕਰਾਂਗੇ ਗੁਰੂ ਕੀ, ਆਪਾਂ ਨਹੀਂ ਮੁੜਨਾ ਹੈ, ਜਿਨ੍ਹਾਂ ਮੁੜਨਾ ਮੁੜ ਜਾਣ। ੩।

ਬਿਰਾੜਨ ਸਤਿਗੁਰ ਦਈ ਸਲਾਹਿ॥ ਬੈਰਾੜ ਸਿਖਾਂ ਨੇ ਸਤਿਗੁਰਾਂ ਨੂੰ ਸਲਾਹ ਦਿੱਤੀ। ਜਦੋਂ ਜੰਗ ਦਾ ਸਮਾਂ ਆ ਜਾਵੇ ਉਦੋਂ ਮਸ਼ਵਰੇ ਹੁੰਦੇ ਹਨ ਹੁਣ ਕੀ ਇੰਤਜਾਮ ਚਾਹੀਦਾ ਕਿਵੇਂ ਕਰੀਏ?

'ਚਲੋ ਰੋਹੀ ਕਿਤ ਲੰਮੈ ਦਾਇ'॥ ਬਰਾੜਾਂ ਨੇ ਸਲਾਹ ਦਿੱਤੀ ਆਹ ਲੰਬੀ ਰੋਹੀ ਪਈ ਹੈ, ਇਹ ਨਿਰਜੀਵੀ ਹੈ ਇਥੇ ਕੋਈ ਬੰਦਾ ਨਹੀਂ, ਕੋਈ ਜਾਨਵਰ ਨਹੀਂ ਏਧਰ ਨਿਕਲ ਚਲੀਏ ਦੂਰ ਜੰਗਲ ਵਿਚ ਨਿਕਲ ਚਲੀਏ ਦੂਰ ਰੋਹੀ ਵਿਚ

ਵੜ ਜਾਈਏ ਜਾ ਕੇ।

ਸਤਿਗੁਰ ਕਹੀ 'ਕਯਾ ਲੋਕਨ ਹਾਲ॥ ਸਤਿਗੁਰ ਕਹਿਣ ਲੱਗੇ ਅਸੀਂ ਤਾਂ ਘੋੜਿਆਂ 'ਤੇ ਨਿਕਲ ਚਲਾਂਗੇ, ਆਹ ਜਿਹੜੀ ਸੰਗਤ ਹੈ ਇਹਨਾਂ ਦਾ ਕੀ ਹਾਲ ਹੋਵੇਗਾ। ਆਪਾਂ ਛੱਡ ਕੇ ਭੱਜ ਚਲੀਏ ਇਹਨਾਂ ਨੂੰ? ਨਾ ਇਹ ਨਹੀਂ ਗੱਲ ਚੰਗੀ ਅਸੀਂ ਨਹੀਂ ਇਧਰ ਜਾਣਾ।

ਅਹਿ ਸਜ਼ਾਦੈ ਜੋ ਹਮ ਨਾਲ' ॥੪॥ (ਸਜ਼ਾਦੈ) ਜੋ ਪੈਦਲ ਚਲਣ ਵਾਲੇ ਹਨ ਸਾਡੇ ਨਾਲ ਇਹਨਾਂ ਦੀ ਕੀ ਹਾਲਤ ਹੋਵੇਗੀ। ੪।

ਦੋਹਰਾ॥ਫੇਰ ਬਿਰਾੜਨ ਗੁਰ ਕਹੀ, 'ਚਹੋ ਸਿਖਨ ਸਾਥ ਨਿਬਾਹੁ॥ ਬੈਰਾੜ ਕਹਿਣ ਲੱਗੇ ਅੱਛਾ! ਇਹ ਸਿੱਖਾਂ ਦਾ ਸਾਥ ਨਿਭਾਉਣਾ ਚਾਹੁੰਦੇ ਹੋ ਤੁਸੀਂ, ਜਿਹੜੇ ਪੈਦਲ ਆਏ ਹੋਏ ਹਨ। ਫਿਰ ਤੁਹਾਡੀ ਮਰਜ਼ੀ।

ਫੜ ਮਾਰਗ ਸੋ ਪੈੜ ਪੜ, ਜਾਉਗੇ ਬਡ ਉਤਰਾਹੁ॥੫॥ ਆਹ ਆ ਰਹੇ ਨੇ ਦੇਖ ਲਉ, ਆਹ ਮਗਰੇ ਆਉਂਦੇ ਨੇ ਪੈੜ ਦੱਬੀ ਆਪਾਂ ਨੂੰ ਫੜ ਕੇ ਮਾਰ ਦੇਣਗੇ ਤੇ ਉਤਰਾਅ ਆ ਜਾਊ, (ਉਤਰਾਅ) ਉਤਰ ਜਾਊਗਾ ਸਾਰਾ ਚਾਅ, ਜਿਹੜਾ ਜੰਗ ਕਰਨ ਦਾ ਹੈ ਮਝੈਲਾਂ ਨੂੰ। ਇਹ ਪੈਦਲਾਂ ਤਾਂ ਫੜੇ ਜਾਣਾਂ, ਘੋੜਿਆਂ ਵਾਲੇ ਤਾਂ ਭਜਾ ਕੇ ਨਿਕਲ ਜਾਣਗੇ। ੫।

ਚੌਪਈ॥ ਤਉ ਮਝੈਲਨ ਦਈ ਸਲਾਹਿ॥ ਤਾਂ ਮਝੈਲ ਸਿੰਘਾਂ ਨੇ ਸਲਾਹ ਦਿੱਤੀ, ਮਹਾਰਾਜ ਜੀ! ਸਾਡਾ ਵਿਚਾਰ ਹੈ ਇਉਂ ਹੋਣਾ ਚਾਹੀਦਾ।

'ਜਿਮ ਕਰ ਸਤਿਗੁਰ ਹੋਇ ਨਿਬਾਹੁ॥ ਸਤਿਗੁਰੂ ਜਿਵੇਂ ਆਪਾਂ ਨਿਰਬਾਹ ਕਰਨਾ ਹੈ, ਆਪਾਂ ਟਾਇਮ ਵਿਚਾਰਨਾ ਹੈ। ਜਿਵੇਂ ਕਰਕੇ ਸਤਿਗੁਰੂ ਜੀ ਦਾ ਨਿਰਬਾਹ ਹੋਵੇ, ਉਵੇਂ ਕਰੀਏ।

ਜੋ ਸਭ ਹਮ ਤੁਮ ਮਗਰੈ ਜਾਂਹਿ॥ ਸਾਡੀ ਤਾਂ ਸਲਾਹ ਇਹ ਹੈ ਮਹਾਰਾਜ! ਜੇ ਅਸੀਂ ਸਾਰੇ ਹੀ ਤੁਹਾਡੇ ਮਗਰ ਮਗਰ ਤੁਰੇ ਗਏ, ਤੁਸੀਂ ਮੂਹਰੇ ਮੂਹਰੇ ਤੁਰੇ ਗਏ ਸਵਾਰ ।

ਤੌ ਤੁਰਕ ਸਭ ਤੁਮ ਮਗਰੇ ਧਾਂਹਿ॥੬॥ ਤੁਰਕ ਤਾਂ ਆਪਣੇ ਮਗਰੇ ਹੀ ਤੁਰੇ ਆਉਣਗੇ ਪੈੜ ਦੱਬੀ, ਕਿ ਏਧਰ ਨੂੰ ਗਏ ਨੇ, ਇਉਂ ਤਾਂ ਚੰਗਾ ਨਹੀਂ ਹੋਣਾ। ੬।

ਬਿਨਾਂ ਲੜੇ ਏ ਮੁੜਤੇ ਨਾਂਹਿ॥ ਹੇ ਮਹਾਰਾਜ! ਜਿਹੜੀ ਐਡੀ ਦੂਰੋਂ ਆਏ ਨੇ ਸਰਹੰਦ ਤੋਂ, ਜਿੰਨਾਂ ਚਿਰ ਇਹਨਾਂ ਨਾਲ ਲੜਾਈ ਨਹੀਂ ਪਾਉਂਦੇ ਜਿੰਨਾਂ ਚਿਰ ਟੱਕਰ ਨਹੀਂ ਹੁੰਦੀ ਉਨਾਂ ਚਿਰ ਤਾਂ ਮੁੜਦੇ ਨਹੀਂ, ਇਹ ਅੱਗਾ ਵੇਖ ਕੇ ਹੀ ਮੁੜਨਗੇ।

ਜਹੀਂ ਜਾਹੋ ਤਹੀਂ ਏ ਜਾਂਹਿ॥ ਮਹਾਰਾਜ ਜਿੰਨੀ ਮਰਜੀ ਰੋਹੀ ਤਕਾਅ ਲਈਏ, ਜਿਥੇ ਤੁਸੀਂ ਜਾਉਗੇ, ਮਗਰੇ ਮਗਰ ਜਾਣਗੇ, ਇਹ ਤਾਂ ਠੱਲ੍ਹਣੇ ਪੈਣਗੇ ਲੜਾਈ ਕਰਕੇ, ਜੰਗ ਕਰਕੇ ਇਹਨਾਂ ਨੂੰ ਰੋਕਿਆ ਜਾਏਗਾ।

ਏਹ ਜੰਗਲੀ ਕਤ ਖਾਂਹ ਲੜਾਈ॥ ਮਝੈਲ ਕਹਿਣ ਲੱਗੇ ਇਹ ਜਾਂਗਲੀ ਲੋਕ ਜਿਹੜੇ ਜੰਗਲ ਦੇ ਰਹਿਣ ਵਾਲੇ ਨੇ ਇਨ੍ਹਾਂ ਲੜਾਈ ਕਦੋਂ ਖਾਣੀ ਹੈ। ਇਹਨਾਂ ਜੰਗ ਕੋਈ ਵੇਖਿਆ ਨਹੀਂ ਉਹੋ ਜਿਹਾ ਇਹ ਕਦੋਂ ਲੜਾਈ ਵਿਚ ਖੜ੍ਹੋਣਗੇ।

ਸਿੰਘ ਮਝੈਲ ਲੜਾਈ ਖਾਈ॥ ੭॥ ਅਸੀਂ ਮਹਾਰਾਜ ਲੜਾਈਆਂ ਟਾਕਰੇ ਕਰਦੇ ਹੀ ਆਏ ਹਾਂ ਅਨੰਦਪੁਰ ਤੋਂ ਤੁਹਾਡੇ ਚਰਨਾਂ ਵਿਚ ਤੇ ਸਾਡਾ ਰੋਜ਼ ਦਾ ਕੰਮ ਇਹ ਕੋਈ ਨਾ ਕੋਈ ਮੁਹਿੰਮ ਚੜ੍ਹੀ ਆਉਂਦੀ ਹੈ ਏਥੇ ਰੋਜ਼ ਜੰਗ ਖੜਕਦਾ ਰਹਿੰਦਾ ਪੰਜਾਬ ਵਿਚ ਅਸੀਂ ਤਾਂ ਲੜਾਂਗੇ ਭਿੜਾਂਗੇ, ਤੁਸੀਂ ਇਹਨਾਂ ਦੀ ਸਲਾਹ ਨਾ ਲਵੋ। ਤੁਸੀਂ ਮਹਾਰਾਜ ਚਲੋ ਅੱਗੇ, ਅਸੀਂ ਖੜ੍ਹਦੇ ਹਾਂ ਏਥੇ, ਇਉਂ ਸਲਾਹ ਦਿੱਤੀ। ੭।

ਪੰਥ ਮਝੈਲਨ ਆਗਯਾ ਦੱਯੈ॥ ਮਹਾਰਾਜ! ਅਸੀਂ ਜੋ ਮਝੈਲ ਸਿੰਘ ਹਾਂ ਪੰਥ ਵਿਚ, ਸਾਨੂੰ (ਆਗਿਆ) ਹੁਕਮ ਕਰੋ ਤੁਸੀਂ, ਹੁਕਮ ਦਿਉ, ਅਸੀਂ ਆਏ ਚਾਹੁੰਦੇ ਹਾਂ ।

ਲਰ ਮਰ ਤੁਮ ਮਗਰੋਂ ਹਟਵੱਯੈ॥ ਅਸੀਂ ਲੜ ਕੇ ਮਰ ਜਾਵਾਂਗੇ ਤੇ ਤੁਹਾਡਾ ਪਿੱਛਾ ਛੁਟੇਗਾ, ਕਿਉਂਕਿ ਤੁਸੀਂ ਅੱਗੇ ਨਿਕਲ ਜਾਉਗੇ, ਇਹਨਾਂ ਨੂੰ ਭੁਲੇਖਾ ਪੈ ਜਾਇਗਾ ਕਿ ਸਤਿਗੁਰੂ ਏਥੇ ਲੜ ਰਹੇ ਨੇ। ਜਿੰਨਾਂ ਚਿਰ ਅਸੀਂ ਲੜਦੇ ਰਹਾਂਗੇ ਉਨਾਂ ਚਿਰ ਤੁਹਾਨੂੰ ਸਮਾਂ ਅੱਗੇ ਨਿਕਲਣ ਦਾ ਬਣ ਜਾਇਗਾ।

ਤੌ ਗੁਰ ਕਹਯੋ ਕੁਛ ਆਗੈ ਹੋਵਹੁ॥ ਸਤਿਗੁਰੂ ਜੀ ਕਹਿੰਦੇ ਨੇ ਕੋਈ ਨਹੀਂ ਥੋੜੇ ਜਿਹੇ ਤਾਂ ਅੱਗੇ ਚਲੋ, ਹੋਰ ਅੱਗੇ ਚਲੋ ਥੋੜੇ ਜਿਹੇ।

ਭਲ ਜਾਗਾ ਕੋਊ ਦੇਖ ਖਲੋਵਹੁ॥੮॥ ਕੋਈ ਭਲੀ ਜਗ੍ਹਾ ਦੇਖ ਕੇ ਖੜ੍ਹੇ ਹੋ ਜਾਇਓ ਉਥੇ, ਜਿਥੇ ਲੜਾਈ ਨੂੰ ਚੰਗੀ ਜਗ੍ਹਾ ਹੈ ਉਥੇ ਠਹਿਰ ਜਾਇਓ ਤੁਸੀਂ। ੮।

ਕਰਤ ਬਾਤ ਇਮ ਰਾਤਿ ਬਿਤਈ॥ ਸਾਰੀ ਰਾਤ ਇਉਂ ਮਸ਼ਵਰੇ ਹੁੰਦੇ ਰਹੇ, ਉਧਰੋਂ ਉਧਰੀ ਵਿਚਾਰ ਵਿਟਾਂਦਰਾ ਹੁੰਦਾ ਰਿਹਾ।

ਮੁਹਿਰੱਖਨ ਖਬਰ ਆਨ ਇਮ ਦਈ॥ (ਮੁਹਿਰੱਖਨ) ਖਬਰ ਲਿਆਉਣ ਵਾਲੇ, ਜਸੂਸਾਂ ਨੇ ਆ ਕੇ ਸਤਿਗੁਰੂ ਨੂੰ ਏਸ ਤਰ੍ਹਾਂ ਖਬਰ ਦਿੱਤੀ ਹੈ।

'ਤੁਰਕ ਕਸੂਰੀਅਨ ਉਗਰ ਡੇਰਾ ਪਾਇਆ॥ ਹੇ ਸੱਚੇ ਪਾਤਸ਼ਾਹ! ਜਦੋਂ ਮਝੈਲਾਂ ਸਿੰਘਾਂ ਦਾ ਜੱਥਾ ਲੰਘਿਆ ਨਾ, ਤੇ ਕਸੂਰੀ ਪਠਾਣ ਜਿਹੜੇ ਨੇ ਉਹਨਾਂ ਵੀ ਬਾਹਰ ਡੇਰਾ ਲਾਇਆ ਹੈ। ਉਹ ਵੀ ਸਾਡੇ ਮਗਰ ਆਉਂਦੇ ਹੋਣਗੇ ਏਧਰ ਨੂੰ।

ਮਗਰੇ ਮਗਰ ਹਮ ਹੋਊਗਾ ਆਯਾ॥੯॥ ਸਾਡੇ ਮਗਰੇ ਮਗਰ ਪਠਾਣਾਂ ਦੀ ਫੌਜ ਦਾ ਦਸਤਾ ਆਉਂਦਾ ਹੋਵੇਗਾ। ੯।

ਦੋਹਰਾ :-ਇਤਨੀ ਸੁਨ ਸਭ ਨਠ ਤੁਰੇ, ਸ੍ਰੀ ਸਤਿਗੁਰ ਭੀ ਛੋਡ॥ ਜਦੋਂ ਇਹ ਗੱਲ ਦੱਸੀ ਮਝੈਲਾਂ ਸਿੰਘਾਂ ਨੇ, ਅਸੀਂ ਮਾਝੇ 'ਚੋਂ ਆਏ ਹਾਂ ਸਾਡੇ ਮਗਰੇ ਹੀ ਕਸੂਰ ਵਾਲੇ ਨਿਕਲੇ ਨੇ, ਇਹ ਗੱਲ ਸੁਣ ਕੇ ਕਹਿੰਦੇ ਭਾਜੜ ਹੀ ਪੈ ਗਈ ਫੇਰ ਤਾਂ ਸਤਿਗੁਰੂ ਜੀ ਨੂੰ ਛੱਡ ਕੇ ਸਭ ਭੱਜ ਤੁਰੇ।

ਆਪੋ ਆਪਣੀ ਉਨ ਪਈ, ਬਿਰਾੜ ਕਹਾਵਤ ਟੋਡ॥੧੦॥ ਬਰਾੜ ਜਿਹੜੇ ਆਪਣੇ ਆਪ ਨੂੰ (ਟੋਡ) ਸੂਰਮੇ ਕਹਾਉਂਦੇ ਸਨ, ਸਭ ਨੂੰ ਆਪੋ ਆਪਣੀ ਪੈ ਗਈ, ਸਭ ਨਠ ਗਏ ਟੈਰਾਂ ਭਜਾ ਕੇ। ੧੦।

ਚੌਪਈ॥ ਕੋਊ ਕਿਤੇ ਕੋਊ ਕਿਤ ਵਲ ਭਯੋ॥ ਆਪੋ ਆਪਣੇ ਪਿੰਡਾਂ ਵਲ ਨੂੰ ਕੋਈ ਕਿਧਰੇ ਨੂੰ ਕੋਈ ਕਿਧਰੇ ਨੂੰ ਇਉਂ ਚਾਲਾ ਕਰ ਗਏ।

ਲੁਕਨ ਨਠਨ ਕੋ ਸਭ ਠਭ ਠਯੋ॥ ਸਾਰਿਆਂ ਨੇ ਢੱਬ ਬਣਾ ਲਿਆ, ਲੁਕਣ ਛਿਪਣ ਦੀਆਂ ਗੱਲਾਂ ਲੱਗੇ ਕਰਨ ਕਿਵੇਂ ਨਿਕਲੀਏ, ਸਤਿਗੁਰਾਂ ਦਾ ਛਡ ਕੇ ਖਹਿੜਾ ਕਿਵੇਂ ਨੱਠੀਏ।

ਕੋਊ ਕਹੈ 'ਮੈਂ ਪੱਕੀ ਖ਼ਬਰ ਲਿਆਵਾਂ'॥ ਕੋਈ ਕਹਿੰਦਾ ਮਹਾਰਾਜ ਮੈਂ ਪੱਕੀ ਖਬਰ ਲਿਆਵਾਂ, ਬਹਾਨਾ ਬਣਾਉਂਦੇ ਜਾਣ ਦਾ ਕਿ ਅਗਾਂਹ ਹੀ ਨਿਕਲ ਜਾਵਾਂਗੇ, ਭੱਜਣ ਦਾ ਜਿਉਂ ਤਰੀਕਾ ਸੋਚਿਆ, ਇਉਂ ਸਲਾਹਾਂ ਕਰਕੇ ਮਹਾਰਾਜ ਜੀ ਨੂੰ ਕਹਿੰਦੇ ਨੇ।

ਕੋਈ ਕਹੈ 'ਮੈਂ ਮੁਹਰਖੀ ਜਾਵਾਂ'॥੧੧॥ ਕੋਈ ਕਹਿੰਦਾ ਮੈਂ ਮੂਹਰੇ ਜਾਊਂ, ਮੈਂ ਪਤਾ ਲਵਾਂ ਕਿ ਕਿੰਨੀ ਕੁ ਦੂਰ ਫੌਜ ਰਹਿੰਦੀ ਹੈ। ਇਉਂ ਬਹਾਨੇ ਬਣਾਉਂਦੇ ਹਨ। ੧੧।

ਗੜਵੋ ਪੜਯੋ ਸਤਿਗੁਰ ਢਿਗ ਰਹਯੋ॥ ਜਿਨ੍ਹਾਂ ਨੇ ਗੜਵਾ ਚੁੱਕਿਆ ਸੀ ਜਲ ਦਾ ਉਹ ਕੋਲ ਹੀ ਪਿਆ ਰਹਿ ਗਿਆ, ਗੜਵਾ ਵੀ ਗੜਵਈ ਛਡ ਕੇ ਭੱਜ ਗਿਆ। ਦੂਰ ਹੋ ਗਏ ਨੇ ਸਤਿਗੁਰਾਂ ਦੇ ਕੋਲੋਂ, ਸਤਿਗੁਰੂ ਜੀ ਬੈਠੇ ਰਹਿ ਗਏ ਰੋਹੀ ਵਿਚ।

ਕੋਊ ਕਿਤੈ ਕੋਊ ਕਿਤ ਵਲ ਗਯੋ॥ ਕੋਈ ਕਿਧਰੇ ਨੂੰ ਕੋਈ ਕਿਧਰੇ ਨੂੰ ਨਿਕਲ ਗਏ ਨੇ ਦੂਰ, ਆਪਣੇ ਆਪ ਨੂੰ ਲੁਕੋ ਲਿਆ। ਆਪਾਂ ਦੂਰ ਹੋ ਜਾਓ ਵੇਖੀ ਜਾਓ, ਜਦੋਂ ਫੌਜ ਨੇੜੇ ਆਈ ਆਪਾਂ ਅੱਡੀਆਂ ਲਾ ਚਲਾਂਗੇ। ਆਪਾਂ ਨੂੰ ਕੀ ਲੋੜ ਹੈ

ਮੁੜ ਕੇ ਆਉਣ ਦੀ।

ਲੇਤ ਰੁਪਯਾ ਬੈਰਾੜ ਜੁ ਰੋਜ॥ ਜੋ ਰੋਜ਼ ਦਾ ਰੁਪੱਯਾ ਲੈਂਦੇ ਸੀ, ਤਨਖਾਹ ਪਹਿਲਾਂ ਲੈਂਦੇ, ਜੇ ਨਾ ਤਨਖਾਹ ਦਿੰਦੇ ਤਾਂ ਝਗੜਾ ਕਰ ਲੈਂਦੇ ਸਨ ਤੇ ਫਿਰ ਅਸੀਂ ਜਾਂਦੇ ਹਾਂ, ਬਹਾਨਾ ਬਣਾਉਂਦੇ ਸੀ।

ਤਿਤ੍ਰ ਬਿਤ੍ਰ ਭਈ ਸਭ ਉਨ ਫੌਜ॥੧੨॥ ਜਿੰਨੀ ਫੌਜ ਰੱਖੀ ਹੋਈ ਸੀ ਸਭ ਤਿਤ੍ਰ ਬਿਤ੍ਰ ਹੋ ਗਈ। ਸਭ ਛੱਡ ਕੇ ਭੱਜ ਗਏ, ਕੋਈ ਵੀ ਨਾ ਰਹਿ ਗਿਆ ਕੋਲ। ੧੨।

ਹੁਤੇ ਮਝੈਲ ਪਿਆਦੇ ਪੈਰੀਂ॥ ਇਹ ਜਿਹੜੇ ਲੋਕ ਪੈਦਲ ਸਨ ਤੁਰ ਕੇ ਆਏ ਮਾਝੇ ਵਿਚੋਂ।

ਰੋਜ਼ ਨ ਮੰਗਦੇ ਖਾਤ ਸੰਗੈਰੀ॥ ਇਹ (ਰੋਜ਼ੀ) ਤਨਖਾਹ ਨਹੀਂ ਸੀ ਮੰਗਦੇ, ਜੋ ਲੰਗਰ ਵਿਚ ਪਕਦਾ ਸੀ ਉਹੀ ਛਕਦੇ ਸਨ। ਲੰਗਰ ਪਾਣੀ ਛਕਦੇ ਸੀ ਉਹ ਤਨਖਾਹ ਨਹੀਂ ਸੀ ਲੈਂਦੇ।

ਸੋ ਆਗੈ ਗੁਰ ਹੱਥ ਬੰਨ੍ਹ ਖੜਾਵੈਂ॥ ਇਹ ਸਾਰੇ ਸਿੰਘ ਸਤਿਗੁਰਾਂ ਅੱਗੇ ਹੱਥ ਜੋੜ ਕੇ ਖਲੋ ਗਏ।

ਐਸ ਮਨਸੂਬੋ ਗੁਰੂ ਦਿਖਾਵੈਂ॥੧੩॥ ਸਤਿਗੁਰੂ ਜੀ ਐਸੇ ਮਨਸੂਬੇ ਬਣਾ ਕੇ ਦਿਖਾਉਂਦੇ ਨੇ, ਦੇਖੋ ਮਹਾਰਾਜ! ਕੀ ਚਾਲਾਂ ਕਰਦੇ ਨੇ, ਭੱਜਣ ਦਾ ਬਹਾਨਾ ਕਿਵੇਂ ਬਣਾ ਲਿਆ ਇਹਨਾਂ ਨੇ। ੧੩।

'ਹਮ ਪਾਵੈਂਗੇ ਈਹਾਂ ਲੜਾਈ॥ ਸਤਿਗੁਰੂ ਜੀ ਅਸੀਂ ਲੜਾਂਗੇ ਏਥੇ, ਸਾਨੂੰ ਹੁਕਮ ਕਰੋ, ਅਸੀਂ ਏਥੇ ਯੁੱਧ ਮਚਾਉਂਦੇ ਹਾਂ।

ਤੁਮ ਚੜ੍ਹਯੋ ਬਡ ਰੋਹੀ ਜਾਈ॥ ਤੁਸੀਂ ਮਹਾਰਾਜ ਕਿਸੇ ਲੰਬੀ ਰੋਹੀ ਨੂੰ ਕੂਚ ਕਰ ਜਾਇਓ।

ਏ ਬਿਨ ਲੜੇ ਹਮ ਛਡੈਂ ਨਾ ਗੈਲੈ॥ ਜਿੰਨਾਂ ਚਿਰ ਆਪਾਂ ਲੜਦੇ ਨਹੀਂ, ਖਹਿੜਾ ਨਹੀਂ ਛਡਣਾ ਇਹਨਾਂ ਨੇ।

ਤੁਰਕ ਸੰਗ ਰੋਹੀ ਮਹਿ ਰੈਲੈ'॥੧੪॥ ਅਸੀਂ ਇਹਨਾਂ ਤੁਰਕਾਂ ਨੂੰ ਰੋਹੀ 'ਚ ਰੋਲਾਂਗੇ, ਏਥੇ ਮਾਰਾਂਗੇ ਇਹਨਾਂ ਤੁਰਕਾਂ ਨੂੰ। ੧੪।

ਦੋਹਰਾ॥ ਸ੍ਰੀ ਸਤਿਗੁਰ ਸੋਈ ਮੰਨੀ, ਜੋਇ ਖਾਲਸੇ ਦਈ ਸਲਾਹਿ॥ ਜੋ ਖਾਲਸੇ ਨੇ ਸਲਾਹ ਦਿੱਤੀ, ਉਹੀ ਮੰਨ ਲਈ ਸਤਿਗੁਰਾਂ ਨੇ ਠੀਕ ਹੈ ਖਾਲਸਾ ਜੀ! ਜਿਵੇਂ ਤੁਸੀਂ ਕਹਿੰਦੇ ਹੋ ਸਾਨੂੰ ਪ੍ਰਵਾਣ ਹੈ।

ਆਗੇ ਪਾਛੇ ਦੇਖ ਮੁੜ ਆਏ, ਬੈਰਾੜ ਗੁਰ ਪਾਹਿ॥੧੫॥ ਇਹ ਬੈਰਾੜ ਜਿਹੜੇ ਨਠ ਗਏ ਸਨ, ਉਹ ਅੱਗਾ ਪਿਛਾ ਦੇਖ ਕੇ ਮੁੜ ਆਏ ਹਨ ਉਦੋਂ ਇਹ ਅਜੇ ਸਿੰਘ ਨਹੀਂ ਸਨ ਸਜੇ, ਇਹ ਤਾਂ ਸਾਰੇ ਕੱਚੇ ਪਿੱਲੇ ਸਨ ਉਦੋਂ। ਇਹ ਜਿਹੜੇ ਕਸੂਰੋਂ ਮਾਝੇ ਵੱਲੋਂ ਆਏ ਸਨ, ਇਹ ਸਿੰਘ ਸਜੇ ਸਨ, ਤਿਆਰ ਬਰ ਤਿਆਰ ਸਨ। ਗੁਰਾਂ ਦੀ ਸੰਗਤ ਕੀਤੀ ਹੋਈ ਸੀ। ਉਹਨਾਂ ਨੂੰ ਭਰੋਸਾ ਸੀ। ਜਿਨ੍ਹਾਂ ਨੇ ਅਜੇ ਅੰਮ੍ਰਿਤ ਪਾਨ ਹੀ ਨਹੀਂ ਕੀਤਾ, ਸਿੰਘ ਨਹੀਂ ਸਜੇ ਅਜੇ, ਉਨ੍ਹਾਂ ਨੂੰ ਕੀ ਪਤਾ ਸਤਿਗੁਰੂ ਵਿਚ ਕੀ ਕਲਾ ਹੈ। ਸਤਿਗੁਰੂ ਕਿਵੇਂ ਪਰਖ ਲੈ ਰਹੇ ਹਨ ਸਭ ਦੀ, ਆਪ ਮਾਲਕ ਨੇ ਸ੍ਰਿਸ਼ਟੀ ਦੇ। ਇਸ ਕਰਕੇ ਬਰਾੜਾਂ ਨੂੰ ਭਰੋਸਾ ਨਹੀਂ ਸੀ, ਸਿੰਘਾਂ ਨੂੰ ਭਰੋਸਾ ਸੀ ਗੁਰੂ ਜੀ ਤੇ। ਇਉਂ ਬੈਰਾੜ ਮੁੜ ਆਏ ਹਨ। ੧੫।

ਚੌਪਈ॥ ਉਨ ਆਇ ਮੰਜੋ ਲੀਯੋ ਉਠਾਇ॥ ਉਹਨਾਂ ਨੇ ਆ ਗੜਵਾ ਚੁੱਕਿਆ, ਮਹਾਰਾਜ! ਏਥੇ ਕੀ ਕਰਦੇ ਹੋ? ਛੇਤੀ ਕਰੋ, ਚੱਲੋ ਚੱਲੋ ਉਠੋ ਚਲੀਏ ਅਗਾਂਹ॥

'ਕਹਾਂ ਬੈਠੇ ਹੋ ਫੌਜੈਂ ਭਈ ਆਇ'॥ ਕਿਥੇ ਬੈਠੇ ਹੋ ਅਵੇਸਲੇ ਹੋ ਕੇ ਚੁਪ ਕਰਕੇ, ਮਹਾਰਾਜ! ਫੌਜਾਂ ਤਾਂ ਆ ਗਈਆਂ ਮਗਰ ਇਉਂ ਭਾਈ ਜਿਹੜੇ ਭੱਜੇ ਸਨ, ਹੁਣ ਸਤਿਗੁਰੂ ਤਾਂ ਤੁਰ ਪਏ ਨੇ, ਏਥੇ ਨਹੀਂ ਡੇਰਾ ਜਮਾਉਂਦੇ, ਚਲੀਏ ਦਬਾਦਬ ਰੋਹੀ 'ਚ ਨਿਕਲ ਚਲੀਏ।

ਤੌ ਸਤਿਗੁਰ ਘੋੜੋ ਮੰਗਵਾਯੋ॥ ਤਾਂ ਸਤਿਗੁਰੂ ਜੀ ਨੇ ਆਪਣਾ ਘੋੜਾ ਮੰਗਵਾਇਆ, ਸਵਾਰੀ ਕਰਨ ਵਾਸਤੇ।

ਸੱਤਿਨਾਮ ਕਹਿ ਆਸਨ ਲਾਯੋ॥੧੬॥ ਪਹਿਲਾਂ ਪੈਦਲ ਹੀ ਤੁਰੇ ਆਏ ਸਨ, ਸਤਿਨਾਮ ਵਾਹਿਗੁਰੂ ਕਹਿਕੇ ਘੋੜੇ 'ਤੇ ਸਵਾਰ ਹੋ ਗਏ ਹਨ ਸਤਿਗੁਰੂ ਜੀ। ੧੬।

ਚੜ੍ਹ ਰੋਹੀ ਕੀ ਓਰ ਸਿਧਾਰੇ॥ ਘੋੜੇ 'ਤੇ ਚੜ੍ਹ ਕੇ (ਰੋਹੀ) ਜੋ ਅੱਜ ਕੱਲ੍ਹ ਸ੍ਰੀ ਮੁਕਤਸਰ ਦਾ ਇਲਾਕਾ ਹੈ ਇਸ ਪਾਸੇ ਨੂੰ ਨਿਕਲ ਤੁਰੇ ਨੇ ਅੱਗੇ।

ਤੌ ਸੂਰਜ ਕਿਛ ਕੀਯੋ ਉਜਾਰੇ॥ ਤਾਂ ਸੂਰਜ ਵੀ ਚੜ੍ਹ ਆਇਆ ਹੈ, (ਉਜਾਰੇ) ਚਾਨਣ ਕੀਤਾ ਹੈ ਸੂਰਜ ਨੇ।

ਦਿਸੀ ਗਰਦ ਫੌਜ ਨਿਕਟ ਆਵਤ॥ ਪਿਛੋਂ ਫੌਜ ਆ ਰਹੀ ਸਰਹੰਦ ਤੋਂ, ਉਦੋਂ ਇਹੀ ਨਿਸ਼ਾਨੀਆਂ ਹੁੰਦੀਆਂ ਸੀ, ਗਰਦ ਗੁਬਾਰ ਚੜ੍ਹਦਾ ਜਿਵੇਂ ਹਨੇਰੀਆਂ ਹੁੰਦੀਆਂ ਨੇ। ਕੱਚੀ ਧਰਤੀ ਭਾਵ ਰੇਤਾ ਹੁੰਦਾ ਸੀ, ਘੋੜਿਆਂ ਦੇ ਪੋੜਾਂ (ਸੁੰਮਾਂ) ਨਾਲ ਗਰਦਾ ਅਸਮਾਨ ਨੂੰ ਛੂਹ ਜਾਂਦਾ ਸੀ ਜਾ ਕੇ। ਗਰਦ ਗੁਬਾਰ ਦੇਖ ਕੇ ਪ੍ਰਤੀਤ ਹੋਇਆ ਕਿ ਫੌਜ ਤਾਂ ਆ ਰਹੀ ਹੈ, ਨੇੜੇ ਆ ਰਹੀ ਹੈ ਦੂਰ ਤਾਂ ਹੈ ਨਹੀਂ।

ਲਯੋ ਖੋਜ ਓਹਿ ਮਗਰੇ ਧਾਵਤ॥੧੭॥ ਤੇ ਉਹ ਖੋਜ ਲੈ ਕੇ ਸਤਿਗੁਰਾਂ ਦਾ, ਏਸ ਪਾਸੇ ਨੂੰ ਪੈੜਾਂ ਜਾ ਰਹੀਆਂ ਨੇ, ਮਗਰੇ ਮਗਰ ਉਹ ਆ ਰਹੇ ਸਨ। ੧੭।

ਤੌ ਖਾਲਸੈ ਗੁਰ ਢਿਗ ਹੱਥ ਜੋੜੈ॥ ਤਾਂ ਸਿੰਘਾਂ ਨੇ ਸਤਿਗੁਰੂ ਜੀ ਦੇ ਪਾਸ ਹੱਥ ਜੋੜੇ ਹਨ।

'ਹੁਕਮ ਹੋਇ ਇਤ ਹਮ ਖੜੇਂ ਠੌਰੈ'॥ ਜੇ ਹੁਕਮ ਹੋਇ ਤਾਂ ਮਹਾਰਾਜ ਏਥੇ ਖੜ੍ਹ ਜਾਈਏ, ਖਿਦਰਾਣੇ ਦੀ ਢਾਬ 'ਤੇ ਪਹੁੰਚ ਕੇ, ਮਹਾਰਾਜ! ਏਥੇ ਫੇਰ ਲਾਈਏ ਮੋਰਚਾ, ਇਉਂ ਆਗਿਆ ਲਈ ਹੈ।

ਭਵਾਂ ਸਾਥ ਗੁਰ ਆਗਯਾ ਕਈ॥ ਨੇਤਰਾਂ ਦੇ ਇਸ਼ਾਰੇ ਨਾਲ ਕਹਿੰਦੇ ਠੀਕ ਹੈ ਲਾ ਦਿਉ ਮੋਰਚਾ ਏਥੇ।

'ਇਹਾਂ ਚਾਹਤ ਤੁਮ ਸ਼ਹੀਦੀ ਲਈ'॥੧੮॥ ਸਿੰਘੋ! ਤੁਸੀਂ ਇਥੇ ਸ਼ਹੀਦੀਆਂ ਪ੍ਰਾਪਤ ਕਰਨੀਆਂ ਚਾਹੁੰਦੇ ਹੋ, ਮੁਕਤੀ ਚਾਹੁੰਦੇ ਹੋ? ਲਾ ਦਿਉ ਮੋਰਚਾ ਫਿਰ। ੧੮।

ਤੁਰਤ ਖਾਲਸੋ ਗਯੋ ਖਲੋਇ॥ (ਤੁਰਤ) ਉਸੇ ਵੇਲੇ ਹੀ ਜੋ ਮਾਝੇ ਵਿਚੋਂ ਆਇਆ ਖਾਲਸਾ ਉਹ ਖੜ੍ਹ ਗਿਆ ਉਥੇ ਮੋਰਚੇ ਤੇ।

ਝੰਡੈ ਖੜਾਯੋ ਉਹਾਂ ਗਡੋਇ॥ ਜੋ ਸਤਿਗੁਰੂ ਜੀ ਦੇ ਨਾਲ ਨਿਸ਼ਾਨ ਸਾਹਿਬ ਸੀ ਉਥੇ ਗੱਡ ਦਿੱਤਾ, ਪਤਾ ਲੱਗੇ ਕਿ ਇਥੇ ਫੌਜ ਉਤਰੀ ਹੋਈ ਹੈ।

ਦਈ ਨਗਾਰੇ ਚੋਬ ਲਗਾਇ॥ ਨਗਾਰਿਆਂ 'ਤੇ ਚੋਬਾਂ ਲਾ ਦਿੱਤੀਆਂ।

ਕੀਯੋ ਕੜਾਕ ਬੰਦੂਕਨ ਚਲਾਇ॥੧੯॥ (ਕੜਾਕ) ਬੰਦੂਕਾਂ ਦੀ ਠਾਹ ਠਾਹ ਦੀ ਅਵਾਜ, ਫਾਇਰ ਕੀਤੇ ਹਨ ਬੰਦੂਕਾਂ ਦੇ, ਖੜਾਕ ਕੀਤਾ ਹੈ ਪਤਾ ਲੱਗੇ, ਏਧਰ ਫੌਜ ਹੈ ਆਪਣਾ ਆਪ ਪ੍ਰਗਟ ਜੋ ਕਰਨਾ ਸੀ, ਯੁੱਧ ਕਰਨਾ ਸੀ ਸਿੰਘਾਂ ਨੇ, ਏਸ ਕਰਕੇ ਫੋਕੀਆਂ ਛਲਕਾਂ ਕੀਤੀਆਂ ਸਿੰਘਾਂ ਨੇ। ਫਾਇਰ ਕੀਤੇ ਰਾਮਜੰਗਿਆਂ ਦੇ। ੧੯।

ਦੋਹਰਾ॥ ਤੁਰਕਨ ਖੜਕੋ ਕੰਨ ਪਯੋ, ਪਏ ਚੀਲ ਜਿਮ ਆਇ॥ ਜਦੋਂ ਬੰਦੂਕਾਂ ਦਾ ਖੜਕਾ ਤੁਰਕਾਂ ਦੇ ਕੰਨ ਵਿਚ ਪਿਆ, ਜਿਵੇਂ ਇੱਲ ਪੈਂਦੀ ਹੈ ਮਾਸ ਤੇ ਇਉਂ ਹੱਲਾ ਬੋਲ ਕੇ ਪਏ ਹਨ, ਝਪਟ ਕੇ।

ਤੰਬੂਅਨ ਜਿਮ ਕਪੜੇ ਟੰਗੇ, ਝਾੜਨ ਊਪਰ ਪਾਇ॥੨੦॥ ਜੋ ਤੰਬੂ ਸਾਹਿਬ ਗੁਰਦੁਆਰਾ ਆਪਣੀ ਛਾਉਣੀ ਹੈ ਇਸ ਜਗ੍ਹਾ ਉਤੇ। ਝਾੜਾਂ ਦੇ ਉਤੇ ਕੱਪੜੇ ਪਾਏ ਸਨ, ਜਿਵੇਂ ਤੰਬੂ ਲੱਗੇ ਹੁੰਦੇ ਹਨ, ਵੱਡੇ ਵੱਡੇ ਚੋਲੇ, ਵੱਡੇ ਵੱਡੇ ਕਛਹਿਰੇ, ਚਾਦਰੇ ਇਉਂ ਖਿਲਾਰ ਕੇ ਪਾ ਦਿੱਤੇ ਸਿੰਘਾਂ ਨੇ। ੨੦।

ਚੌਪਈ॥ਦੇਖ ਤੰਬੂ ਮਨ ਸੰਸਾ ਆਯਾ॥ ਜੋ ਉਨ੍ਹਾਂ ਨੇ ਪਾਏ ਹੋਏ ਬਸਤ੍ਰ ਸਨ ਝਾੜੀਆਂ ਤੇ, ਫੌਜ ਵਾਲਿਆਂ ਨੂੰ ਤੰਬੂ ਪ੍ਰਤੀਤ ਹੋਏ ਤੇ ਮਨ ਵਿਚ ਸੰਸਾ ਹੋ ਗਿਆ, ਡਰ ਹੋ ਗਿਆ, ਭੈ ਬੈਠ ਗਿਆ ਉਨ੍ਹਾਂ ਦੇ ਮਨ ਵਿਚ।

ਤੀਰੰਦਾਜ ਗੁਰ ਉਨ ਸੁਨ ਪਾਯਾ॥ ਸਭ ਨੇ ਸੁਣਿਆ ਸੀ ਕਿ ਗੁਰੂ ਜੀ ਕਿੱਡੇ ਤੀਰ ਅੰਦਾਜ ਨੇ, ਜਿਨ੍ਹਾਂ ਦਾ ਸਵਾ ਸਵਾ ਕੋਹ ਤੇ ਤੀਰ ਮਾਰ ਕਰਦਾ ਹੈ।

ਸਵਾ ਕੋਸ ਉਸ ਮਾਰੇ ਤੀਰ॥ ਸਤਿਗੁਰਾਂ ਨੇ ਸਵਾ ਸਵਾ ਕੋਹ ਤੇ ਤੀਰ ਦੇ ਨਾਲ ਦੁਸ਼ਮਣ ਮਾਰੇ ਸਨ।

ਕੋਊ ਕਹੈ ਵਹੁ ਜਾਦੂਗੀਰ॥੨੧॥ ਆਪੋ ਆਪਣੀਆਂ ਗੱਲਾਂ ਲੋਕ ਕਰਦੇ ਨੇ ਕਿ ਉਹ ਤਾਂ ਜਾਦੂਗਰ ਨੇ ਭਾਵ ਉਹ ਜਾਦੂ ਨਾਲ ਹੀ ਬੰਨ੍ਹ ਕੇ ਮਾਰ ਦੇਣਗੇ ਏਥੇ। ਤੇ ਏਥੇ ਹੀ ਗੁਰੂ ਹੋਣੇ ਨੇ ਸਿੱਖਾਂ ਦੇ ਵਿਚ ਜਿਹੜੇ ਅੜ ਕੇ ਖੜ੍ਹ ਗਏ ਨੇ ਨਗਾਰੇ ਤੇ ਚੋਟ ਲਾਉਣ ਦਾ ਇਹੀ ਮਤਲਬ ਹੁੰਦਾ ਹੈ ਕਿ ਅਸੀਂ ਏਥੇ ਆਕੀ ਖੜ੍ਹੇ ਹਾਂ, ਆਉ ਜਿਸਨੇ ਸਾਡੇ ਨਾਲ ਲੜਨਾ ਹੈ। 'ਨਿਸ਼ਾਨ' ਦੀ ਇਹ ਨਿਸ਼ਾਨੀ ਹੁੰਦੀ ਹੈ ਏਥੇ ਫੌਜ ਖੜ੍ਹੀ ਹੈ। ੨੧।

ਹੁਇ ਹੁਇ ਇਕੱਠੈ ਬਹੁਤੇ ਤੁਰੈਂ॥ ਇਕੱਠੇ ਹੋ ਹੋ ਕੇ ਬਹੁਤੀ ਗਿਣਤੀ ਵਿਚ ਤੁਰੇ ਸਨ।

ਕਿਤ ਆਗੈ ਕਿਤ ਪਾਛੈ ਮੁਰੈਂ॥ ਕਿਤੇ ਅੱਗੇ ਵਧ ਜਾਂਦੇ ਹਨ ਕਿਤੇ ਪਿਛੇ ਨੂੰ ਮੁੜ ਪੈਂਦੇ ਹਨ। ਇਉਂ ਬਹਾਨੇ ਕਰਦੇ ਹਨ, ਸੰਗਦੇ ਅਗਾਂਹ ਤੁਰਦੇ ਨਹੀਂ।

ਜੋ ਲੁਕਯੋ ਛੁਪਯੋ ਉਨ ਪਾਯੋ॥ ਪਿਛੋਂ ਫੌਜ ਜੋ ਆ ਰਹੀ ਸੀ, ਉਹ ਪਹਿਲੋਂ ਜਿਹੜੇ ਭੱਜ ਗਏ ਸੀ, ਜਿਹੜੇ ਨਾਲ ਨਹੀਂ ਸਨ ਰਲੇ ਸਤਿਗੁਰਾਂ ਦੇ, ਲੁਕਿਆ ਛੁਪਿਆ ਜਿਹੜਾ ਫੌਜ ਵਾਲਿਆਂ ਨੂੰ ਮਿਲਿਆ।

ਸੋ ਗਰੀਬ ਉਨ ਮਾਰ ਗਿਰਾਯੋ॥੨੨॥ ਉਨ੍ਹਾਂ ਗਰੀਬਾਂ ਨੂੰ ਇਹਨਾਂ ਨੇ ਐਵੇਂ ਮਾਰ ਕੇ ਸੁੱਟ ਦਿੱਤਾ ਜਾਂ ਕੋਈ ਕਾਰ ਵਿਹਾਰ ਕਰਦਾ, ਕੋਈ ਡੇਲੇ ਤੋੜਦਾ, ਸਿੱਖ ਮਿਲ ਗਿਆ ਉਹ ਵੀ ਫੌਜ ਨੂੰ ਵੇਖ ਕੇ ਲੁਕ ਗਿਆ, ਉਹਨੂੰ ਵੀ ਮਾਰ ਘੱਤਿਆ ਫੌਜ ਵਾਲਿਆਂ ਨੇ। ੨੨।

ਆਗੈ ਸੁਨੋਂ ਸਤਿਗੁਰ ਵਲ ਗੱਲ॥ ਹੁਣ ਸਤਿਗੁਰਾਂ ਵੱਲ ਅਗਲੀ ਵਾਰਤਾ ਸੁਣੋ।

ਸਿੰਘਨ ਛੋਡ ਖੜੇ ਜਾਂਹ ਚੱਲ॥ ਸਿੰਘਾਂ ਨੂੰ ਛੱਡ ਕੇ ਚੱਲ ਕੇ ਜਿਥੇ ਆਪ ਜਾ ਖੜ੍ਹੇ ਨੇ ਸਤਿਗੁਰੂ। ਕਿਉਂਕਿ ਸਤਿਗੁਰੂ ਅੱਗੇ ਲੰਘ ਗਏ ਨੇ, ਸਿੰਘ ਏਥੇ ਢਾਬ ਤੇ ਖੜ੍ਹ ਗਏ ਨੇ ਜੰਗ ਵਾਸਤੇ, ਹੁਣ ਉਧਰ ਦਾ ਪ੍ਰਸੰਗ ਦਸਦੇ ਨੇ।

ਸਵਾ ਕੋਸ ਇਕ ਟਿੱਬੀ ਹੋਤ॥ ਉਥੋਂ ਤਕਰੀਬਨ ਸਵਾ ਕੋਹ ਤੇ ਇਕ ਟਿੱਬੀ ਸੀ ਰੇਤੇ ਦੀ (ਜਿਸ ਥਾਂ ਅੱਜ ਕਲ੍ਹ ਗੁਰਦੁਆਰਾ ਸ੍ਰੀ ਟਿੱਬੀ ਸ਼ਾਹਿਬ ਹੈ) ਉਦੋਂ ਇਹਦੇ ਤੇ ਜੰਡ ਬੇਰੀਆਂ, ਮਲ੍ਹੇ, ਝਾੜ ਬੂੜ ਜਿਹਾ ਖੜ੍ਹਾ ਸੀ, ਇਹ ਟਿੱਬਾ ਖੜਾ ਸੀ ਉੱਚਾ ਸਾਰਾ। ਇਹ ਤਾਂ ਮਗਰੋਂ ਕਾਰ ਸੇਵਾ ਵਾਲਿਆਂ ਨੇ ਇਸ ਨੂੰ ਢਾਹ ਕੇ ਪੱਧਰਾ ਕਰ ਕੇ, ਦੂਰ ਤਾਈਂ ਖਿਲਾਰਿਆ। ਜਿਥੇ ਗੁਰਦੁਆਰਾ ਸਾਹਿਬ ਹੈ ਉਥੋਂ ਤਾਈਂ ਉੱਚਾ ਥਾਂ ਹੈ ਸਾਰਾ। ਇਹ ਟਿੱਬਾ ਸੀ ਖਿਲਾਰਿਆ ਗਿਆ ਹੈ ਉੱਤੇ ਚੜ੍ਹਕੇ ਸਾਰਾ ਮੁਕਤਸਰ ਦਿਸਦਾ ਸੀ। ਇਹ ਢਾਬ ਵਾਲੀ ਥਾਂ ਡੂੰਘੀ ਸੀ, ਬਹੁਤ ਨੀਵੀਂ ਸੀ।

ਜਾਇ ਖੜੇ ਔਰ ਤਿਹ ਕੀ ਢੋਤ॥੨੩॥ ਅਤੇ ਜਿਹੜੇ ਦੂਸਰੇ ਸੰਗੀ ਹਨ ਇਹਦੀ (ਢੋਤ) ਹੇਠਲੀ ਥਾਂ ਸੀ, ਉਹਦੇ ਉਹਲੇ ਵਿਚ ਜਾ ਖੜ੍ਹੇ ਨੇ। ੨੩।

ਆਪ ਗੁਰੂ ਚੜ੍ਹ ਉਪਰ ਖੜੋਏ॥ ਆਪ ਗੁਰੂ ਜੀ ਟਿੱਬੀ ਦੇ ਉਪਰ ਜਾ ਖੜੋਤੇ ਹਨ।

ਦੇਖੈਂ ਖੜ ਜੁ ਉਤ ਵਲ ਹੋਏ॥ ਜਿਧਰ ਨੂੰ ਯੁੱਧ ਹੋ ਰਿਹਾ ਸੀ ਉਧਰ ਨੂੰ ਟਿੱਬੀ ਤੇ ਖੜ੍ਹ ਕੇ ਦੇਖ ਰਹੇ ਹਨ।

ਉਨ ਸਿੰਘਨ ਕੀ ਅਬ ਸੁਨ ਗੱਲ॥ ਹੁਣ ਉਨ੍ਹਾਂ ਸਿੰਘਾਂ ਦੀ ਕਹਾਣੀ ਸੁਣੋ, ਜਿਹੜੇ ਉਥੇ ਮੋਰਚੇ ਤੇ ਖੜ੍ਹੇ ਸਨ, ਖਿਦਰਾਣੇ ਦੀ ਢਾਬ ਤੇ।

ਪੜੇ ਘਣੇ ਹੁਇ ਇਨ ਪਰ ਚੱਲ॥੨੪॥ (ਇਨ ਪਰ) ਇਨ੍ਹਾਂ ਸਿੰਘਾਂ ਦੇ ਉਪਰ ਚਲ ਕੇ (ਘਣੇ) ਬਹੁਤੇ ਆ ਪਏ ਹਨ ਫੌਜ ਵਾਲੇ। ੨੪।

ਦੋਹਰਾ॥ਸਿੰਘ ਸੁ ਚਾਲੀ ਕੁਲ ਸਭੀ, ਤਿਨ ਇਮ ਮਿਥ ਲਈ ਬਾਤ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਸਿੰਘ ਗਿਣਤੀ ਵਿਚ ਕੁਲ ਚਾਲ੍ਹੀ ਸਨ ਉਹਨਾਂ ਨੇ ਇਸ ਤਰ੍ਹਾਂ ਗੱਲ ਮਿਥ ਲਈ ਹੈ।

'ਇਕ ਇਕ ਲੜਿ ਮਰ ਮੁਕੈਗੋ, ਤੌ ਦੂਰ ਰਹੁ ਗੁਰ ਜਾਤਿ'॥੨੫॥ ਇਹ ਮਸ਼ਵਰਾ ਕੀਤਾ ਸਿੰਘਾਂ ਨੈ ਇੱਕ ਇੱਕ ਬਾਹਰ ਨਿਕਲ ਕੇ ਲੜਾਂਗੇ, ਏਨੇ ਨੂੰ ਸਤਿਗੁਰੂ ਦੂਰ ਚਲੇ ਜਾਣਗੇ ਨਿਕਲ ਕੇ। ੨੫।

ਚੌਪਈ॥ ਜਿਮੈਂ ਖਾਲਸੈ ਕਰੀ ਸਲਾਹਿ॥ ਜਿਵੇਂ ਸਿੰਘਾਂ ਨੇ ਸਲਾਹ ਕੀਤੀ ਸੀ।

ਇਕ ਇਕ ਨਿਕਲ ਮਰੈਂ ਤਿਹ ਥਾਹਿ॥ ਇਕੱਲਾ ਇਕੱਲਾ ਨਿਕਲ ਕੇ ਉਸ ਥਾਂ ਤੇ ਸਿੰਘ ਸ਼ਹੀਦ ਹੁੰਦਾ ਹੈ।

ਹੁਤੀ ਕਿਛਕ ਤਿਤ ਜਗ੍ਹਾ ਨਿਵਾਨ॥ ਅਤੇ ਹੇਠਲੇ ਪਾਸੇ ਜਿਧਰ ਢਾਬ ਸੀ, ਜਗ੍ਹਾ ਡੂੰਘੀ ਸੀ ਬੜੀ, ਕੁਛ ਨਿਵਾਨ ਜਗ੍ਹਾ ਸੀ।

ਖੜੇ ਸਿੰਘ ਕਛ ਪੜਦੋ ਤਾਨ॥੨੬॥ ਅਗਲੇ ਪਾਸੇ ਝਾੜਾਂ ਤੇ ਬਸਤ੍ਰ ਪਾ ਦਿੱਤੇ ਨੇ, ਇਉਂ ਪੜਦਾ ਤਾਣ ਕੇ ਕੁਛ ਲੁਕੋ ਕੀਤਾ ਹੈ। ੨੬।

ਇਕ ਇਕ ਮਰੈ ਔ ਕਈਅਨ ਮਾਰੈ॥ ਕਈ ਕਈ ਤੁਰਕਾਂ ਨੂੰ ਮਾਰ ਕੇ ਇਕ ਇਕ ਸਿੰਘ ਸ਼ਹੀਦ ਹੁੰਦਾ ਹੈ।

ਪੜੈ ਸ਼ੇਰ ਜਿਮ ਸ਼ਮਸ਼ੇਰ ਉਘਾੜੈ॥ (ਸ਼ਮਸ਼ੇਰ) ਤਲਵਾਰ ਨੂੰ ਉਲਾਰ ਕੇ ਸ਼ੇਰ ਦੀ ਨਿਆਈਂ ਪੈਂਦੇ ਹਨ ਦੁਸ਼ਮਣ ਨੂੰ।

ਦੇਖ ਸ਼ਮਸ਼ੇਰ ਤੁਰਕ ਜਾਇ ਪਰਾਇ॥ ਦੇਖ ਕੇ ਤਲਵਾਰ ਨੂੰ ਤੁਰਕ ਪਿਛਾਂਹ ਹਟ ਜਾਂਦੇ ਹਨ ਅਤੇ ਭੱਜ ਨਿਕਲਦੇ ਹਨ।

ਤੀਰ ਗੋਲੀ ਸੰਗ ਮਾਰੇਂ ਆਇ॥੨੭॥ ਸਿੰਘਾਂ ਨੂੰ ਦੂਰੋਂ ਤੀਰ ਜਾਂ ਗੋਲੀਆਂ ਮਾਰਦੇ ਹਨ ਆ ਕੇ ਇਕੱਠੇ ਹੋ ਕੇ। ੨੭।

ਜੌ ਸਿੰਘਨ ਪੈ ਬੰਦੂਕ ਤਿਆਰ॥ ਜਿਹੜੀਆਂ ਸਿੰਘਾਂ ਦੇ ਪਾਸ ਬੰਦੂਕਾਂ ਤਿਆਰ ਸਨ ਦਾਰੂ ਸਿੱਕੇ ਨਾਲ।

ਦੋ ਦੋ ਗੋਲੀ ਘਤ ਵੈ ਕਰੈਂ ਵਾਰ॥ ਸਿੰਘ ਬੰਦੂਕਾਂ ਵਿਚ ਦੋ ਦੋ ਗੋਲੀਆਂ ਪਾ ਕੇ ਫਾਇਰ ਕਰਦੇ ਨੇ ਦੁਸ਼ਮਣ ਦੇ ਉਤੇ।

ਉਨ ਨੈ ਭੇਦ ਨ ਸਿੰਘਨ ਪਾਯੋ॥ ਉਹਨਾਂ ਨੂੰ ਏਸ ਗੱਲ ਦਾ ਭੇਤ ਨਹੀਂ ਲੱਗਿਆ ਏਥੇ ਸਾਰੇ ਚਾਲ੍ਹੀ ਸਿੰਘ ਨੇ, ਗੁਰੂ ਸਾਹਿਬ ਏਥੇ ਹੈ ਨਹੀਂ ਗੇ। ਆਪ ਅੱਗੇ ਨਿਕਲ ਗਏ ਨੇ, ਇਸ ਗੱਲ ਦਾ ਲੁਕੋ ਰਿਹਾ। ਤੋ ਸਿੰਘਾਂ ਨੇ ਇਥੇ ਵੀ ਅੜਿਕਾ ਪਾ ਲਿਆ, ਕਿੰਨਾਂ ਚਿਰ ਲੜਦਿਆਂ ਨੂੰ ਹੋ ਗਿਆ ਸਾਰਾ ਦਿਨ ਲੰਘ ਚਲਿਆ। ਸਿੰਘਾਂ ਨੇ ਜਾਣਿਆਂ ਗੁਰੂ ਸਾਹਿਬ ਨਿਕਲ ਗਏ ਹੋਣਗੇ। ਪਰ ਉਹ ਆਪਣਿਆਂ ਪਿਆਰਿਆਂ ਨੂੰ ਛੱਡ ਕੇ ਕਦੋਂ ਜਾਂਦੇ ਸਨ ਸਤਿਗੁਰੂ। ਉਹ ਕੋਲ ਹੀ ਖੜ੍ਹੇ ਸਨ ਉਥੋਂ ਤੀਰਾਂ ਦੀ ਵਰਖਾ ਕਰਦੇ ਸਨ।

ਉਨ ਜਾਨੋ ਸਿੰਘ ਸੈਂਕਰਨ ਮਾਹਯੋ॥੨੮॥ ਉਹਨਾਂ ਨੂੰ ਇਹ ਪ੍ਰਤੀਤ ਹੋਇਆ ਕਿ ਸਿੰਘ ਚਾਲ੍ਹੀ ਨਹੀਂ ਸੈਂਕੜੇ ਹੀ ਹਨ ਨਾਲ, ਫੌਜ ਹੋਊਗੀ ਤਕੜੀ ਗੁਰੂ ਜੀ ਦੇ ਨਾਲ। ੨੮।

ਗੁਰੂ ਮੱਧ ਉਨ ਇਨਨੈ ਜਾਨਯੋ॥ ਉਹਨਾਂ ਨੇ ਇਹ ਵੀ ਜਾਣਿਆਂ ਗੁਰੂ ਜੀ ਇਹਨਾਂ ਦੇ ਵਿਚ ਹੀ ਨੇ, ਉਹ ਵੀ ਲੜ ਰਹੇ ਹਨ।

ਇਮ ਕਰ ਰਹੇ ਵਹਿ ਬਹੁਤ ਸੰਕਾਨਯੋ॥ ਇਉਂ ਕਰਕੇ ਉਹਨਾਂ ਨੂੰ ਬਹੁਤ ਸ਼ੰਕਾ ਹੋਈ, ਭੈ ਭੀਤ ਹੋਇ ਹੋਏ ਨੇ।

ਜਬ ਫਟ ਮਾਰ ਉਨ ਸਭ ਲਖ ਲਏ॥ ਜਦੋਂ ਸਿੰਘਾਂ ਨੂੰ ਲੜਦਿਆਂ ਲੜਦਿਆਂ ਨੂੰ ਤੀਜਾ ਪਹਿਰ ਹੋ ਗਿਆ, ਜਦੋਂ ਸ਼ਸਤ੍ਰਾਂ ਦੇ ਫਟ ਮਾਰ ਕੇ ਉਹਨਾਂ ਨੇ ਸਭ ਨੂੰ ਜਾਣ ਲਿਆ।

ਹੱਲੋ ਕਰ ਮਧ ਛਪੜੀ ਪਏ॥੨੯॥ ਹੱਲਾ ਕਰਕੇ ਜਦੋਂ ਇਸ (ਛੱਪੜੀ) ਢਾਬ ਦੇ ਵਿਚ ਪਏ ਤੁਰਕ। ੨੯।

ਦੋਹਰਾ॥ਜੋ ਜੀਵਤ ਕੋਊ ਬਚਯੋ, ਸੋ ਉਨ ਦੀਨੋ ਮਾਰ॥ ਜਿਹੜਾ ਕੋਈ ਸਿੰਘ ਫੱਟੜ ਪਿਆ ਹੋਇਆ ਸੀ, ਅਜੇ ਸਹਿਕਦਾ ਸੀ ਉਹਨਾਂ ਨੂੰ ਮਾਰਿਆ ਬਹੁਤਿਆਂ ਨੇ, ਉੱਂ ਤਾਂ ਡਰਦੇ ਭੀ ਸਨ ਜਦੋਂ ਦੇਖਿਆ ਡਿੱਗੇ ਪਏ ਨੇ ਸਿੰਘ, ਉਹਨਾਂ ਤੇ ਸ਼ਸਤ੍ਰ ਖਿੱਚ ਲਏ, ਉਹਨਾਂ ਸਿੰਘਾਂ ਨੂੰ ਮਾਰਨਾ ਸ਼ੁਰੂ ਕੀਤਾ।

ਸ਼ਸਤਰ ਬਸਤਰ ਉਨ ਹੁਤੈ, ਸੋ ਸਭ ਲਏ ਉਤਾਰ॥੩੦॥ ਨੰਗ ਭੁੱਖ ਨਾਲ ਲੜਦੀ ਸੀ ਦੁਨੀਆਂ ਉਸ ਵੇਲੇ, ਜਿਹੜੇ ਕੋਈ ਸ਼ਸਤ੍ਰ ਬਸਤ੍ਰ ਸਨ ਸਿੰਘਾਂ ਕੋਲ, ਉਹ ਸਭ ਉਤਾਰ ਲਏ ਤੁਰਕ ਫੌਜ ਨੇ। ੩੦।

ਚੌਪਈ॥ ਲਗੀ ਧੂਪ ਕੁਛ ਪਯਾਸ ਸਤਾਏ॥ ਸਵੇਰ ਤੋਂ ਲੜਦਿਆਂ ਨੂੰ ਜਦੋਂ ਦੁਪਹਿਰਾ ਉਤੋਂ ਦੀ ਲੰਘਿਆ ਤਾਂ ਤੁਰਕਾਂ ਨੂੰ ਪਿਆਸ ਨੇ ਬੜਾ ਦੁਖੀ ਕੀਤਾ।

ਸੋ ਫਿਰ ਨੱਠ ਪਿਛਾਹਾਂ ਧਾਏ॥ ਜਦੋਂ ਪਤਾ ਲੱਗਾ ਕਿ ਪਾਣੀ ਹੈ ਨਹੀਂ ਬਾਰਾਂ ਬਾਰਾਂ ਕੋਹ ਅੱਗੇ ਪਿਛੇ, ਫਿਰ ਪਿਛਾਂਹ ਹੀ

ਇਹਨਾਂ ਤੱਕਿਆ ਕਿ ਪਿਛਾਂਹ ਹੀ ਭੱਜੀਏ ਹੁਣ। ਘੋੜੇ ਵੀ ਪਿਆਸੇ, ਬਲਦ ਵੀ ਪਿਆਸੇ, ਇਉਂ ਪਿਆਸੇ ਹੀ ਨਾ ਮਰੋ, ਜਿਉਂ ਭੱਜੇ ਪਿਛਾਂਹ ਨੂੰ।

ਉਤ ਵਲ ਕੀ ਅਬ ਸੁਨੋਂ ਕਹਾਨੀ॥ ਹੁਣ ਸਤਿਗੁਰੂ ਜੀ ਜਿਥੇ ਖੜ੍ਹੇ ਦੇਖ ਰਹੇ ਨੇ ਜੰਗ ਦਾ ਨਜ਼ਾਰਾ ਉਧਰ ਦੀ ਕਹਾਣੀ ਸੁਣੋ।

ਹੁਤੇ ਖੜੇ ਗੁਰ ਟਿੱਬੀ ਮਕਾਨੀ॥ ੩੧॥ ਉਹ ਜੋ ਟਿੱਬੀ ਦਾ ਮਕਾਨ ਜੋ ਅੱਜ ਅਸਥਾਨ ਹੈ ਮਹਾਰਾਜ ਜੀ ਦਾ, ਇਥੇ ਖੜੇ ਸਤਿਗੁਰੂ ਜੀ ਵੇਖ ਰਹੇ ਸੀ ਜੰਗ ਦਾ ਨਜ਼ਾਰਾ। ੩੧।

ਬਿਰਾੜਨ ਕਹੀ ਗੁਰ ਚਲੀਐ ਆਗੈ॥ ਜੋ ਬੈਰਾੜਾਂ ਦੀ ਫੌਜ ਨਾਲ ਸੀ ਸਤਿਗੁਰਾਂ ਦੇ, ਕਹਿੰਦੇ ਚਲੋ ਮਹਾਰਾਜ ਜੀ ਹੁਣ ਅੱਗੇ ਚਲੀਏ, ਹੁਣ ਆਪਾਂ ਏਥੇ ਕੀ ਕਰਨਾ? ਦਿਨ ਛੁਪਣ ਵਾਲਾ ਹੈ ਆਪਾਂ ਅੱਗੇ ਨਿਕਲੀਏ।

ਸਿੰਘਨ ਮਾਰ ਫਿਰ ਹਮ ਗੈਲ਼ ਲਾਗੈ॥ ਤੁਰਕਾਂ ਦੀ ਫੌਜ ਸਿੰਘਾਂ ਨੂੰ ਮਾਰ ਕੇ ਫੇਰ ਸਾਡੇ ਪਿੱਛੇ ਲੱਗੇਗੀ ਪਿੱਛਾ ਕਰੇਗੀ।

ਤੌ ਸ੍ਰੀ ਸਤਿਗੁਰ ਐਸ ਉਚਾਰੀ॥ ਤਾਂ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਏਸ ਤਰ੍ਹਾਂ ਕਿਹਾ।

'ਤੁਰਕ ਨਠੈਂ ਉਨ ਆਈ ਹਾਰੀ॥੩੨॥ ਓ ਤੁਰਕ ਤਾਂ ਭੱਜ ਗਏ ਨੇ, ਉਹਨਾਂ ਨੂੰ ਤਾਂ ਹਾਰ ਹੋ ਗਈ ਹੈ ਕਿਉਂਕਿ ਬੈਰਾੜ ਤਾਂ ਡਰਦਾ ਕੋਈ ਟਿੱਬੀ ਦੇ ਉਤੇ ਵੀ ਨਹੀਂ ਖੜਾ ਹੈ, ਕਿ ਸਾਨੂੰ ਤੁਰਕ ਦੇਖ ਨਾ ਲੈਣ ਸਤਿਗੁਰੂ ਜੀ ਇਕੱਲੇ ਹੀ ਖੜੇ ਦੇਖਦੇ ਰਹੇ ਨੇ। ਕਹਿੰਦੇ ਬਰਾੜ ਕਿ ਮਹਾਰਾਜ ਚਲੀਏ ਅਗਾਂਹ, ਉਨ੍ਹਾਂ ਨੂੰ ਮਾਰ ਕੇ ਸਾਡੇ ਪਿਛੇ ਪੈਣਗੇ। ੩੨।

ਤੁਰਕ ਨੱਠਾ ਔ ਅੱਖੀਂ ਘੱਟਾ॥ ਇਥੇ ਅਮੋਘ ਬਾਣ ਚਲਾਇਆ ਮਹਾਰਾਜ ਜੀ ਨੇ। ਅਮੋਘ ਬਾਣ ਦਾ ਮਤਲਬ ਹੁੰਦਾ ਕਿ ਫੌਜ ਦੀ ਸੁਧ ਬੁਧ ਚਲੀ ਜਾਂਦੀ ਹੈ, ਭਮੱਤ੍ਰੀ ਲੱਗ ਜਾਂਦੀ ਹੈ ਉਨ੍ਹਾਂ ਨੂੰ, ਕੋਈ ਡਰ ਬਹਿ ਜਾਂਦਾ ਉਨ੍ਹਾਂ ਨੂੰ ਕਿ ਮਰੇ ਕਿ ਮਰੇ, ਨਿਕਲੀਏ ਭੱਜੀਏ ਤਾਂ, ਨਹੀਂ ਪਿਆਸੇ ਮਰ ਜਾਂਗੇ, ਏਥੇ ਕਿਸੇ ਨੇ ਸਾਨੂੰ ਪਾਣੀ ਨਹੀਂ ਪੁਛਣਾ। ਤੁਰਕਾਂ ਦੇ ਅੱਖੀਂ ਘੱਟਾ ਪੈ ਗਿਆ ਹੈ ਔਰ ਤੁਰਕ ਭੱਜ ਨਿਕਲੇ ਨੇ।

ਬਿਰ ਬਿਰ ਤਕੈ ਮੁਖ ਲਾਗੈ ਗੱਟਾ॥ ਬਿਰ ਬਿਰ ਤੱਕਦੇ ਨੇ ਮੂੰਹ ਵਿਚ ਗੱਟਾ ਲੱਗ ਗਿਆ ਬੋਲਦੇ ਵੀ ਨਹੀਂ। ਇਕ ਦੂਜੇ ਨੂੰ ਬੁਲਾਉਂਦਾ ਵੀ ਕੋਈ ਨਹੀਂ। ਇਉਂ ਪਿਛੇ ਭੱਜੇ ਭੱਜੇ ਇਕੋ ਮੂੰਹ ਵਿਚੋਂ ਸ਼ਬਦ ਆ ਗਿਆ।

ਕਹਿ ਗੁਰ ਮੁਹਰਖੇ ਦੁੜਾਏ॥ ਸਤਿਗੁਰਾਂ ਨੇ ਕਿਹਾ ਹੈ (ਮੁਹਰਖੇ) ਖ਼ਬਰ ਲਿਆਉਣ ਵਾਲੇ, ਜਾਓ ਭਾਈ ਖਬਰ ਲਿਆਓ ਜੰਗ ਮੈਦਾਨ ਦੀ।

ਦਈ ਖਬਰ ਉਨ ਤੁਰਕ ਭਏ ਜਾਏ॥੩੩॥ ਉਹਨਾਂ ਘੋੜ ਸਵਾਰਾਂ ਨੇ ਆ ਕੇ ਖ਼ਬਰ ਦਿੱਤੀ, ਮਹਾਰਾਜ! ਤੁਰਕ ਤਾਂ ਮੁੜ ਗਏ ਟੱਕਰਾਂ ਮਾਰਕੇ, ਲੋਥਾਂ ਖਿਲਰੀਆਂ ਪਈਆਂ ਨੇ ਸਭ ਨਿਕਲ ਗਏ ਨੇ ਏਥੋਂ। ੩੩।

ਤੌ ਸਤਿਗੁਰ ਪਾਛੈ ਫਿਰ ਆਏ॥ ਸਤਿਗੁਰੂ ਜੀ ਪਿਛੇ ਜੰਗ ਮੈਦਾਨ ਵਿਚ ਆਏ ਹਨ ਜਿਥੇ ਸ਼ਹੀਦੀ ਪ੍ਰਾਪਤ ਕੀਤੀ ਹੈ ਸਤਿਗੁਰੂ ਜੀ ਦੇ ਪਿਆਰੇ ਸਿੰਘਾਂ ਨੇ।

ਆਇ ਉਤਰੇ ਉਨਿ ਸਿੱਖਨ ਪਾਹੇ॥ ਉਨ੍ਹਾਂ ਸਿੰਘਾਂ ਕੋਲ ਆ ਕੇ ਉਤਰੇ ਹਨ ਮੈਦਾਨ ਵਿਚ।

ਲੈ ਰੁਮਾਲ ਗੁਰ ਮੁਖ ਉਨ ਪੋਛਾ॥ ਸਤਿਗੁਰਾਂ ਨੇ ਆਪਣੇ ਖੀਸੇ 'ਚੋਂ ਰੁਮਾਲ ਕੱਢ ਕੇ ਉਹਨਾਂ ਦੇ ਮੂੰਹ ਪੂੰਝੇ ਹਨ ਸਾਫ਼ ਕੀਤੇ ਹਨ ਸ਼ਹੀਦ ਹੋਇਆ ਤਾਂ ਵੀ ਅਤੇ ਦੂਸਰਿਆਂ ਦਾ ਵੀ।

ਦੈ ਦੈ ਖੁਸ਼ੀਆਂ ਬਰ ਬਡ ਲੋਚਾ॥੩੪॥ ਲੋਚਾ (ਇੱਛਾ) ਜੋ ਜੋ ਸਿੰਘਾਂ ਦੀ ਦਿਲੀ ਇੱਛਾ ਸੀ, ਜੋ ਆਤਮਾ ਦੇ ਵਿਚੋਂ ਮੰਗ ਕੀਤੀ ਸੀ, ਸਤਿਗੁਰ ਬਖਸ਼ੀ ਜਾਂਦੇ ਨੇ, ਖੁਸ਼ੀਆਂ ਦਿੰਦੇ ਨੇ, ਜੋ ਉਹਨਾਂ ਦੀ ਲੋਚਾ ਸੀ ਪੂਰੀ ਕਰਦੇ ਜਾਂਦੇ ਨੇ। ੩੪।

ਦੋਹਰਾ॥ ਮੱਧ ਜਗ੍ਹਾ ਤੇ ਸਤਿਗੁਰੂ ਲੋਥੈਂ ਲਈਂ ਮਿਣਾਇ॥ (ਮੱਧ ਜਗ੍ਹਾ) ਜੋ ਢਾਬ ਸੀ ਜਿਥੋਂ ਨਿਕਲ ਕੇ ਲੜਦੇ ਸਨ ਵਿਚਕਾਰ ਵਾਲੀ ਥਾਂ ਉਥੋਂ ਕਰਮਾਂ ਪਾਉਣੀਆਂ ਸ਼ੁਰੂ ਕਰ ਦਿੱਤੀਆਂ ਮਹਾਰਾਜ ਨੇ।

ਜਿਤੀ ਜਿਤੀ ਕਰਮੈਂ ਭਈ, ਦੀ ਤਿਤੀ ਜਗੀਰਿੰਹ ਲਾਇ॥੩੫॥ ਢਾਬ ਵਾਲੀ ਥਾਂ ਤੋਂ ਓਨੀਆਂ ਓਨੀਆਂ ਕਰਮਾਂ ਮਿਣ

ਕੇ, ਓਨੀਆਂ ਓਨੀਆਂ ਜਗੀਰਾਂ ਦੇ ਦਿੱਤੀਆਂ ਹਨ। ੩੫।

ਚੌਪਈ॥ ਕੋਈ ਬੀਸ ਤੀਸਨ ਪਰ ਪਰਯੋ॥ ਕੋਈ ਵੀਹ ਕਰਮਾਂ ਤੇ ਕੋਈ ਤੀਹ ਕਰਮਾਂ ਤੇ ਸਿੰਘ ਸ਼ਹੀਦ ਹੋਏ ਪਏ ਸਨ।

ਚਾਲੀ ਕੋਈ ਪਚਾਸਨ ਪਰ ਮਰਯੋ॥ ਕੋਈ ਚਾਲ੍ਹੀ ਕਰਮਾਂ ਤੇ ਕੋਈ ਪੰਜਾਹ ਕਰਮਾਂ ਤੇ ਜਾ ਕੇ ਸ਼ਹੀਦ ਹੋਇਆ।

ਸੌ ਸੌ ਦੋਇ ਦੋ ਸੌ ਲੌ ਪਏ॥ ਕੋਈ ਸੌ ਸੌ ਕਰਮਾਂ ਤੇ ਕੋਈ ਦੋ ਦੋ ਸੌ ਕਰਮਾਂ ਤੇ ਸ਼ਹੀਦ ਹੋਇਆ ਪਿਆ ਹੈ ਸਿੰਘ।

ਅਗੇ ਗਿਰੇ ਮਰ ਮੁਖਿ ਪਿਛੈ ਨ ਕਏ॥੩੬॥ ਅਗਾਂਹ ਨੂੰ ਹੋ ਕੇ ਦੁਸ਼ਮਣ ਦੇ ਸਨਮੁਖ ਜੰਗ ਕਰਦੇ ਹੋਏ ਛਾਤੀਆਂ ਭਾਰ ਡਿੱਗੇ ਹਨ, ਪਿਛਾਂਹ ਮੁੜ ਕੇ ਨਹੀਂ ਵੇਖਿਆ ਹੈ ਪਿਛੇ ਨੂੰ ਭੱਜੀਏ ਜਾਂ ਪਿੱਛੇ ਕੋਈ ਸਾਡਾ ਸਾਥੀ ਹੈ। ਸਤਿਗੁਰਾਂ ਤੋਂ ਬਿਨਾਂ ਕਿਸੇ ਦੀ ਓਟ ਨਹੀਂ ਤੱਕੀ। ਇਕ ਉਨ੍ਹਾਂ ਦੇ ਨਾਮ ਤੇ ਉਹਨਾਂ ਦੇ ਹੁਕਮ ਤੇ ਦੋ ਦੋ ਸੌ ਕਰਮਾਂ ਤੇ ਜਾ ਕੇ ਸ਼ਹੀਦ ਹੋਏ ਨੇ।

ਦਸ ਭੀ ਪੰਜ ਭੀ ਕਰਮਨ ਬਹੁ ਪਏ॥ ਕੋਈ ਸਿੰਘ ਦਸਾਂ ਕਰਮਾਂ ਤੇ ਕੋਈ ਪੰਜਾਂ ਕਰਮਾਂ ਤੇ ਵੀ ਸ਼ਹੀਦ ਹੋਏ ਪਏ ਸਨ।

ਤੇਤੇ ਗੁਰੂ ਹਜ਼ਾਰੀ ਕਏ॥ ਉਹਨਾਂ ਨੂੰ ਹਜ਼ਾਰੀਆਂ ਦੇ ਖਿਤਾਬ ਦਿੱਤੇ ਨੇ. ਇਹ ਮੇਰਾ ਪੰਜ ਹਜ਼ਾਰੀ, ਇਹ ਦਸ ਹਜ਼ਾਰੀ, ਇਹ ਮੇਰਾ ਵੀਹ ਹਜ਼ਾਰੀ ਹੈ।

ਉਨ ਮੱਧ ਸਿਖ ਜੀਵਤ ਦੁਇ ਪਾਏ॥ ਉਨ੍ਹਾਂ ਦੇ ਵਿਚੋਂ ਦੋ ਸਿੱਖ, ਸਤਿਗੁਰਾਂ ਨੂੰ ਜਿਉਂਦੇ ਮਿਲੇ ਹਨ। ਇਕ ਭਾਈ ਮਹਾਂ ਸਿੰਘ ਦਾ ਨਾਮ ਲੈਂਦੇ ਹਨ ਉਨ੍ਹਾਂ ਵਿਚੋਂ।

ਹੁਤੇ ਹਜੂਰ ਪੁਰ ਅਨੰਦ ਥਾਏ॥੩੭॥ ਜੋ ਸ੍ਰੀ ਅਨੰਦਪੁਰ ਸਾਹਿਬ ਸਤਿਗੁਰਾਂ ਦੇ ਚਰਨਾਂ ਵਿਚ ਰਹਿੰਦੇ ਸਨ। ਸਰਸਾ ਨਦੀ ਤੇ ਵਿਛੋੜੇ ਤੋਂ ਬਾਅਦ ਫਿਰ ਆ ਕੇ ਮਿਲੇ ਸਨ ਇਥੇ। ਕਿਉਂਕਿ ਉਥੇ ਐਸਾ ਚੀਕ ਚਿਹਾੜਾ ਪਿਆ, ਜਿਧਰ ਕਿਸੇ ਨੂੰ ਰਾਹ ਮਿਲਿਆ ਹੈ ਉਧਰ ਹੀ ਸਿੰਘ ਨਿਕਲ ਗਿਆ ਹੈ। ਜਿਹੜਾ ਕੋਈ ਜਿਉਂਦਾ ਸੀ ਹੁਣ ਸਤਿਗੁਰਾਂ ਦਾ ਸਾਥ ਦੇਣ ਵਾਸਤੇ ਏਥੇ ਆਏ ਨੇ। ਉਹਨਾਂ ਵਿਚੋਂ ਦੋ ਸਿੰਘ ਜਿਉਂਦੇ ਮਿਲੇ ਹਨ। ੩੭।

ਸਤਿਗੁਰ ਜਬ ਉਨ ਮੁਖ ਝਾੜੇ॥ ਸਤਿਗੁਰੂ ਜੀ ਨੇ ਜਦੋਂ ਰੁਮਾਲ ਦੇ ਨਾਲ ਉਹਨਾਂ ਦੇ ਮੁਖੜੇ (ਝਾੜੇ) ਸਾਫ ਕੀਤੇ।

ਕਿਛਕ ਨੈਨ ਉਨ ਸਿੰਘਨ ਉਘਾੜੇ॥ ਉਨ੍ਹਾਂ ਸਿੰਘਾਂ ਕੁਛਕੁ ਨੇਤ੍ਰ ਖੋਹਲੇ ਹਨ, ਕਿ ਕੌਣ ਸਾਡਾ ਮੂੰਹ ਪੂੰਝ ਰਿਹਾ ਹੈ। ਜਦੋਂ ਨੇਤ੍ਰ ਖੋਹਲ ਕੇ ਦੇਖਿਆ।

ਸਤਿਗੁਰ ਜਲ ਉਨ ਮੁਖ ਚੁਆਯੋ॥ ਸਤਿਗੁਰਾਂ ਨੇ ਉਨ੍ਹਾਂ ਦਾ ਵੀ ਮੂੰਹ ਰੁਮਾਲ ਨਾਲ ਪੂੰਝਿਆ ਹੈ, ਕੋਈ ਕੋਈ ਸ੍ਵਾਸ ਆਉਂਦਾ ਸੀ। ਸਤਿਗੁਰੂ ਜੀ ਨੇ ਆਪ ਆਪਣੇ ਹੱਥੀਂ ਜਲ ਉਨ੍ਹਾਂ ਦੇ ਮੁਖ ਵਿਚ ਪਾਇਆ ਹੈ।

ਕਿਛਕ ਸਾਸ ਉਸ ਮੁਖ ਮਧ ਆਯੋ॥੩੮॥ ਕੁਛ ਕੁ ਸੁਆਸ ਉਨ੍ਹਾਂ ਦੇ ਮੂੰਹ ਵਿਚ ਆਏ ਹਨ ਭਾਵ ਲਏ ਹਨ, ਜਦੋਂ ਸੁਆਸ ਲੈਣ ਲੱਗ ਪਏ। ੩੮।

ਸਤਿਗੁਰ ਕਹੀ 'ਸਿਖੋ ਮੰਗ ਲੇਹੋ॥ ਸਤਿਗੁਰਾਂ ਨੇ ਉਨ੍ਹਾਂ ਸਿੰਘਾਂ ਦੇ ਸੀਸ ਆਪਣੀ ਗੋਦ ਵਿਚ ਰੱਖੇ ਨੇ ਸਤਿਗੁਰ ਜੀ ਨੇ ਕਿਹਾ, ਸਿੰਘੋ! ਮੰਗੋ ਕੁਛ, ਕੀ ਚਾਹੁੰਦੇ ਹੋ?

ਮੈਂ ਤੁੱਠੋ ਮੰਗ ਲਿਹੋ ਸੁ ਦੇਹੋਂ॥ ਮੈਂ ਬੜਾ ਪ੍ਰਸੰਨ ਹਾਂ ਤੁਹਾਡੇ ਤੇ, ਜੋ ਤੁਸਾਂ ਨੇ ਕਰਮ ਕਰ ਕੇ ਵਿਖਾਇਆ ਹੈ ਜੋ ਮੰਗੋ ਗੇ ਸੋਈ ਦੇਵਾਂਗਾ, ਮੰਗੋ ਕੁਛ ਮੁਖ ਤੋਂ।

ਤੌ ਉਨ ਅੱਗਯੋਂ ਗੱਲ ਸੁਨਾਈ॥ ਤਾਂ ਅੱਗੋਂ ਜਵਾਬ ਦਿੱਤਾ ਸਿੰਘਾਂ ਨੇ।

ਹੋਹੁ ਤੁੱਠੇ ਲਿਹੁ ਟੂਟੀ ਗਠਵਾਈ॥੩੯॥ ਮਹਾਰਾਜ ਜੇ ਤੁੱਠੇ ਹੋ ਪ੍ਰਸੰਨ ਹੋ ਤਾਂ ਟੁੱਟੀ ਗੰਢ ਲਉ। ਜਿਹੜੇ ਸਿਖ ਤੁਹਾਨੂੰ 'ਬੇਦਾਵੇ' ਦੇ ਕੇ ਭੱਜ ਆਏ ਸਨ ਜਿਹੜੇ ਸਿੱਖ ਤੁਹਾਡੇ ਨਾਲੋਂ ਨਾਤਾ ਤੋੜ ਆਏ ਸਨ, ਕਿ ਤੁਸੀਂ ਸਾਡੇ ਗੁਰੂ ਨਹੀਂ, ਅਸੀਂ ਤੁਹਾਡੇ ਸਿਖ ਨਹੀਂ, ਉਹ ਟੁੱਟੀ ਗੰਢ ਲਵੋ, ਉਨ੍ਹਾਂ ਨੂੰ ਜੋੜ ਲਵੋ, ਚਰਨਾਂ ਦੇ ਨਾਲ। ੩੯।

ਦੋਹਰਾ॥ ਸ੍ਰੀ ਸਤਿਗੁਰ ਗੱਲ ਮੰਨ ਲਈ, ਕਾਗਜ ਖੀਸਯੋਂ ਨਿਕਾਰ॥ ਜੋ ਮੰਗ ਸਿੱਖਾਂ ਨੇ ਮੰਗੀ ਹੈ ਉਹ ਮੰਨ ਲਈ ਹੈ, ਪ੍ਰਵਾਣ ਕਰ ਲਈ ਹੈ। ਜਿਹੜਾ ਵੇਦਾਵਾ ਸਿਖ ਲਿਖ ਕੇ ਦੇ ਗਏ ਸਨ ਕਿ ਤੁਸੀਂ ਸਾਡੇ ਗੁਰੂ ਨਹੀਂ ਅਸੀਂ ਤੁਹਾਡੇ ਸਿਖ ਨਹੀਂ ਅਤੇ ਆਪਣੇ ਦਸਤਖਤ ਕਰ ਕੇ ਦੇ ਗਏ ਸਨ, ਉਹ ਕਾਗਜ਼ ਸਤਿਗੁਰ ਜੀ ਨੇ ਆਪਣੇ ਕੋਲ ਰਖਿਆ ਸੀ, ਉਸਨੂੰ ਖੀਸੇ ਵਿਚੋਂ ਕੱਢ ਕੇ।

ਧੰਨਿ ਧੰਨਿ ਗੁਰ ਸਿਖਨ ਕਹਯੋ, ਕੀਯੋ ਪ੍ਰਸ੍ਹਾਰਥ ਉਪਕਾਰ॥੪੦॥ ਧੰਨ ਹੋ ਗੁਰਸਿਖੋ! ਧੰਨ ਹੋ, ਉਹ ਜਿਹੜੇ ਬੇਮੁਖ ਹੋ ਗਏ ਸੀ, ਉਹਨਾਂ ਨੂੰ ਵੀ ਜੋੜ ਲਿਆ ਤੁਸੀਂ, ਤੁਸੀਂ ਤਾਂ ਪ੍ਰਉਪਕਾਰ ਕੀਤਾ ਹੈ ਉਹਨਾਂ ਤੇ। ਇਹ ਗੱਲਾਂ ਨਿਰਣਾ ਕਰਦੀਆਂ ਨੇ ਇਤਿਹਾਸ ਵਿਚ ਕਿ ਉਹ ਜਿਹੜੇ ਤੋੜ ਗਏ ਸਨ, ਉਹ ਪੰਥ ਨਹੀਂ ਸੀ। ਉਹ ਆਮ ਜਨਤਾ ਰਲੀ ਹੋਈ ਸੀ। ਸਿੱਖਾਂ ਦੇ ਵਿਚ, ਭਾਵੇਂ ਸਤਿਗੁਰਾਂ ਦੇ ਸੇਵਕ ਸਨ ਪਰ ਉਹ ਤੋੜ ਗਏ ਸਨ ਨਾਤਾ ਸਿੱਖੀ ਦਾ ਉਹਨਾਂ ਉਤੇ ਬਖਸ਼ਸ਼ ਕਰਵਾਈ ਹੈ ਪ੍ਰਉਪਕਾਰ ਕੀਤਾ ਹੈ, *''ਤੇਰੇ ਜਨ ਪਰਉਪਕਾਰੀ ਆਏ॥ ਜੀਅ ਦਾਨ ਦੇ ਭਗਤੀ ਲਾਇਨ, ਹਰਿ ਸਿਉ ਲੈਨ ਮਿਲਾਏ॥''੪੦।*

ਇਤਿ ਸ੍ਰੀ ਮੁਕਤਸਰ ਕੀ ਸਾਖੀ ਪੂਰਣ॥

ਸਾਖੀ ਸਾਬੋ, ਸਾਦੋ ਦੇਸ ਕਿਆਂ ਕੀ, ਤਲਵੰਡੀ ਬਿਰਾੜਨ ਕੀ।
(ਤਲਵੰਡੀ ਡੱਲਾ, ਬਠਿੰਡਿਓਂ ਦੇਉ ਕੱਢਿਆ, ਅੰਮ੍ਰਿਤ ਪ੍ਰਚਾਰ ਦਮਦਮਾ ਗੁਰੂ ਕਾਸ਼ੀ)

ਦੋਹਰਾ॥ ਤੌ ਸਤਿਗੁਰ ਸ੍ਰੀ ਜਾਨਯੋ, ਯਹ ਕਪੂਰੇ ਕੀ ਕਰਤੂਤ॥ ਜੋ ਇਹ ਲੜਾਈ ਹੋਈ ਹੈ, ਇਥੇ ਫੌਜ ਆਈ ਹੈ, ਅੰਤਰਜਾਮੀ ਸਤਿਗੁਰਾਂ ਨੇ ਜਾਣਿਆਂ ਇਹ ਤਾਂ ਕਪੂਰੇ ਨੇ ਕਰਤੂਤ ਕੀਤੀ। ਕਪੂਰੇ ਨੇ ਖ਼ਬਰ ਕੀਤੀ ਸੀ ਨਾ ਪਿਛੇ ਆਇਆ ਇਤਿਹਾਸ ਵਿਚ, ਸਤਿਗੁਰੂ ਜੀ ਇਥੇ ਆਏ ਹੋਏ ਹਨ ਇਸ ਇਲਾਕੇ ਵਿਚ ਫਿਰਦੇ ਨੇ ਉਹਨਾਂ ਦੀ ਮਦਦ ਅਸੀਂ ਨਹੀਂ ਕਰਨੀ, ਤੁਸੀਂ ਆ ਕੇ ਫੜ ਲਉ ਤਾਂ ਹੀ ਉਹ ਚਾਂਭਲੇ ਹੋਏ ਆਏ ਸਨ ਤੇ ਜੇ ਕਪੂਰਾ ਮਾੜਾ ਜਿਹਾ ਵੀ ਕਹਿ ਦਿੰਦਾ ਕਿ ਅਸੀਂ ਭਾਈ ਸਤਿਗੁਰਾਂ ਦੇ ਨਾਲ ਹਾਂ ਸੋਚ ਕੇ ਆਇਓ, ਤਾਂ ਉਹਨਾਂ ਨੇ ਸਰਹੰਦੋਂ ਹੀ ਨਹੀਂ ਸੀ ਤੁਰਨਾ। ਆਉਂਦੇ ਹੀ ਨਹੀਂ ਸਨ। ਇਹ ਇਲਾਕਾ ਤਾਂ ਅੱਗੇ ਹੀ ਬੜੇ ਜ਼ਬਰਦਸਤ ਬੰਦਿਆਂ ਦਾ ਸੀ।

ਜਾਲਨ ਵਾਲ ਬਿਗੜ ਛਤ ਤੁਰ ਸਾਬੋ ਪੁਜੇ ਮਜ਼ਬੂਤ॥੧॥ ਜਾਲਨਵਾਲ, ਬੱਗੜ ਤੇ ਛੱਤੇਆਣੇ ਪਿੰਡ ਤੋਂ ਤੁਰ ਹੋਰ ਪਿੰਡਾਂ ਵਿਚ ਦੀ ਹੁੰਦੇ ਹੋਏ (ਮਜ਼ਬੂਤ) ਤਕੜੇ ਹੋ ਕੇ ਪਿੰਡ ਤਲਵੰਡੀ ਸਾਬੋ, ਗੁਰੂ ਕਾਂਸ਼ੀ ਸ੍ਰੀ ਦਮਦਮਾ ਸਾਹਿਬ ਪਹੁੰਚ ਗਏ। ੧।

ਚੌਪਈ॥ ਚੜ੍ਹ ਸਤਿਗੁਰ ਗਏ ਸਾਬੋ ਵੱਲ॥ ਉਥੋਂ ਚੜ੍ਹ ਕੇ ਤਲਵੰਡੀ ਸਾਬੋ ਵੱਲ ਗਏ ਹਨ।

ਸੋ ਜਾ ਬੈਠੇ ਤਿਲਵੰਡੀ ਚੱਲ॥ ਇਸ ਨਗਰ ਦਾ ਨਾਮ ਤਲਵੰਡੀ ਸਾਬੋ ਸੀ, ਚੱਲ ਕੇ ਤਲਵੰਡੀ ਸਾਬੋ ਜਾ ਆਸਣ ਲਾ ਲਏ ਹਨ।

ਪਿਛਲੇ ਦਏ ਬਿਰਾੜ ਹਟਾਇ॥ ਪਿਛੇ ਜੋ ਬਰਾੜ ਭਰਤੀ ਕੀਤੇ ਸਨ, ਉਹ ਹਟਾ ਦਿੱਤੇ ਹਨ।

ਇਮ ਕਹਿ ਕੈ ਤਬ ਡੱਲੈ ਰਾਇ॥੨॥ ਤਲਵੰਡੀ ਸਾਬੋ ਦੇ ਰਾਜੇ ਭਾਈ ਡੱਲੇ ਨੇ ਇਉਂ ਕਹਿ ਕੇ ਬੇਨਤੀਆਂ ਕੀਤੀਆਂ। ੨।

ਦੋਹਰਾ ॥ਜੋ ਹਮਰੇ ਚਲ ਹੈ ਗੁਰੂ, ਤੈਸੋ ਹਮ ਗੈਲ ਲਗ ਜਾਇ ॥ ਹੇ ਸ੍ਰਤਿਗੁਰੂ ਜੀ! ਸਾਡੇ ਤੇ ਮਿਹਰ ਕਰੋ ਤਾਂ ਸਾਡੇ ਇਲਾਕੇ ਵਿਚ ਚਲੋ, ਅਸੀਂ ਵੀ ਤੁਹਾਡੇ ਪਿਛੇ ਚਲਾਂਗੇ ਜਿਵੇਂ ਤੁਸੀਂ ਕਹੋਗੇ।

ਛਟੈਂ ਨਹੀਂ ਹਮ ਗੈਲ ਤੇ, ਸਦਹੀ ਰੋਜ ਭਰਾਇ ॥੩ ॥ ਹੇ ਸਤਿਗੁਰੂ (ਗੈਲ) ਪਿੱਛਾ ਨਹੀਂ ਛੱਡਾਂਗੇ ਤੁਹਾਡਾ ਅਸੀਂ, ਅਤੇ ਨਾ ਹੀ (ਰੋਜ਼) ਰੋਜ਼ੀਨਾ ਭਰਾਵਾਂਗੇ ਭਾਵ (ਰੋਜ਼ੀਨਾ) ਤਨਖਾਹ ਵੀ ਨਹੀਂ ਲਵਾਂਗੇ। ੩।

ਚੌਪਈ ॥ ਹਮ ਸੋ ਸਰੈ ਸੁ ਖਿਦਮਤ ਕਰੈਂ ॥ ਮਹਾਰਾਜ! ਜੋ ਸਾਥੋਂ ਸਰੇਗਾ, ਉਹੋ ਜਿਹੀ ਤੁਹਾਡੀ (ਖਿਦਮਤ) ਸੇਵਾ ਕਰਾਂਗੇ। ਜੋ ਸਾਡੇ ਪਾਸ ਹੈ ਤੁਹਾਡੇ ਹਾਜ਼ਰ ਕਰਾਂਗੇ।

ਤਨ ਮਨ ਧਨ ਸਭ ਗੁਰ ਢਿਗ ਧਰੈਂ ॥ ਅਸੀਂ ਆਪਣਾ ਸਰੀਰ ਮਨ ਤੇ ਮਾਇਆ ਆਦਿਕ ਸਭ ਤੁਹਾਡੇ ਚਰਨਾਂ ਵਿਚ ਰੱਖਾਂਗੇ।

ਨਿਜ ਪ੍ਰਵਾਰ ਸਦ ਸਭੀ ਲਿਆਇਆ ॥ ਸੱਦ ਕੇ ਆਪਣੇ ਸਾਰੇ ਪ੍ਰਵਾਰ ਨੂੰ ਲਿਆਇਆ ਹੈ।

ਆਇ ਸਤਿਗੁਰ ਕੈ ਚਰਨੀਂ ਲਾਯਾ ॥੪ ॥ ਪ੍ਰਵਾਰ ਨੂੰ ਲਿਆ ਕੇ ਸਤਿਗੁਰਾਂ ਦੇ ਚਰਨੀਂ ਲਾਇਆ ਹੈ, ਸਭ ਨੇ ਨਮਸਕਾਰਾਂ ਕੀਤੀਆਂ। ੪।

ਕਿਨ੍ਹੈਂ ਮੁਹਰ ਕਿਨੈਂ ਰੁਪੱਯਾ ਖੇਸ ॥ ਆਪੋ ਆਪਣੀ ਹੈਸੀਅਤ ਦੇ ਮੁਤਾਬਕ ਕਿਸੇ ਨੇ ਮੋਹਰ ਭੇਟਾ ਕੀਤੀ ਹੈ, ਕਿਸੇ ਰੁਪੱਈਆ ਭੇਟਾ ਕੀਤਾ ਹੈ, ਕਿਸੇ ਨੇ ਖੇਸ ਭੇਟਾ ਕੀਤਾ ਹੈ ਮਹਾਰਾਜ ਨੂੰ ਮੱਥਾ ਟੇਕਿਆ ਹੈ।

ਕਿਨੈ ਗਊ, ਮੈਂਹ, ਘੋੜੀ ਬੇਸ ॥ ਕੋਈ ਲਵੇਰੀ ਸੋਹਣੀ ਗਊ ਲਿਆਇਆ ਹੈ, ਕੋਈ ਸੋਹਣੀ ਮੱਝ ਲਿਆਇਆ ਹੈ (ਬੇਸ) ਚੰਗੀ ਘੋੜੀ ਘੋੜਾ ਕੋਈ ਲੈ ਕੇ ਆਏ ਹਨ, ਸਿੰਘਾਂ ਦੇ ਚੜ੍ਹਨ ਵਾਸਤੇ ਭੇਟਾ ਕੀਤੀਆਂ ਹਨ।

ਕਿਨ੍ ਦਾਣੋਂ ਕਿਨ੍ ਲੰਗਰ ਚਲਾਯਾ ॥ ਕਿਸੇ ਨੇ ਲਿਆਕੇ ਅਨਾਜ ਪਾਇਆ ਲੰਗਰ ਵਿਚ। ਮਹਾਰਾਜ ਦੇ ਨਾਲ ਸਿੰਘਾਂ ਦੀ ਫੌਜ ਫਿਰ ਜੁੜ ਗਈ ਹੈ।

ਕਿਨੈ ਘੀਉ ਕਿਨ੍ ਲੂਣ ਘਤਾਇਆ ॥੫ ॥ ਕਿਸੇ ਨੇ ਘਿਉ ਲਿਆ ਕੇ ਲੰਗਰ ਵਿਚ ਪਾਇਆ ਹੈ, ਕਿਸੇ ਨੇ ਸਰਬਰਸ ਲਿਆ ਕੇ ਲੰਗਰ ਵਿਚ ਪਾਇਆ ਹੈ। ਸਰਬਰਸ (ਲੂਣ) ਵੀ ਉਸ ਟਾਇਮ ਨਿਆਮਤ ਸੀ ਕਿਹੜਾ ਐਥੇ ਬਣਦਾ ਸੀ ਦੂਰੋਂ ਆਉਂਦਾ ਸੀ ਸਾਂਬਰ ਤੋਂ ਰਾਜਸਥਾਨ ਵਿਚੋਂ ਆਉਂਦਾ ਸੀ ਇਸ ਤਰ੍ਹਾਂ ਜੋ ਜੋ ਕਿਸੇ ਸਿੱਖ ਕੋਲ ਹਾਜ਼ਰ ਸੀ ਪਦਾਰਥ ਲਿਆਕੇ ਲੰਗਰ ਵਿਚ ਪਾਇਆ। ੫।

ਭੱਲੇ ਸਦ ਸਬ ਸਾਥੋ ਲਈ ॥ ਭਾਈ ਭੱਲੇ ਨੇ ਇਹ ਸਾਥੋ ਦਾ ਜਿਹੜਾ ਇਲਾਕਾ ਹੈ ਭਾਵ ਜਿਥੇ ਤਕ ਰਈਅਤ ਸੀ ਉਹਦੀ, ਸਭ ਨੂੰ ਹੁਕਮਨਾਮਾ ਭੇਜ ਦਿੱਤਾ, ਸਾਰੇ ਆਓ ਹਾਜ਼ਰ ਹੋਵੋ, ਇਥੇ ਤਲਵੰਡੀ ਆ ਕੇ ਹਾਜ਼ਰੀ ਭਰੋ ਸਾਡੀ।

ਮਤ ਕਿਤ ਤੁਰਕ ਆਵੈ ਕੁਈ ਧਈ ॥ ਉਹਦਾ ਕਾਰਨ ਇਹ ਸੀ, ਮਤਾਂ ਕਿਤੇ ਤੁਰਕਾਂ ਨੂੰ ਪਤਾ ਲੱਗ ਜਾਵੇ, ਉਹ ਫੌਜ ਚੜ੍ਹਾ ਕੇ ਲੈ ਆਉਣ। ਏਸ ਕਰਕੇ ਭਾਈ ਭੱਲੇ ਨੇ ਇਲਾਕਾ ਵਾਸੀਆਂ ਨੂੰ ਖ਼ਬਰਦਾਰ ਕੀਤਾ ਹੈ ਕਿ ਤੁਸੀਂ ਤਿਆਰ ਬਰ ਤਿਆਰ ਰਹਿਣਾ ਹੈ। ਮਤਾਂ ਕਿਤੇ ਉਥੇ ਘਰਾਂ ਵਿਚ ਬੈਠੇ ਵੇਖਦੇ ਰਹੋ ਤਮਾਸ਼ਾ ਇਲਾਕਾ ਲੁਟਿਆ ਜਾਵੇ।

ਹੋਇ ਇਕੱਤਰ ਇਕ ਪਲ ਹੋਣੋ ॥ ਓ ਲੋਕੋ ਦੇਖੋ! ਜਦੋਂ ਨਗਾਰੇ ਤੇ ਚੋਟ ਲੱਗੇ, ਇਕ ਪਲ ਵਿਚ ਇਕੱਠੇ ਹੋਣਾ ਸਾਰਿਆਂ ਨੇ, ਢਿੱਲ ਨਹੀਂ ਕਰਨੀ ਕਿਸੇ ਨੇ, ਇਉਂ ਸਾਰਿਆਂ ਨੂੰ ਖਬਰਦਾਰ ਕਰ ਦਿੱਤਾ।

ਕਪੂਰੇ ਵਾਂਗ ਨ ਘਰ ਮੈਂ ਸੌਣੋ ॥੬ ॥ ਉਹ ਕਪੂਰੇ ਵਾਂਗ ਨਾ ਘਰ ਜਾ ਕੇ ਸੌਂ ਜਾਇਓ, ਚਲ ਸਤਿਗੁਰੂ ਆਪੇ ਨਿਬੜਨਗੇ ਜਿਵੇਂ ਹੋਊ ਉਨ੍ਹਾਂ ਨਾਲ ਸਾਨੂੰ ਕੀ ਲੱਗੇ? ਇਉਂ ਨਾ ਕਰਿਓ, ਜਦੋਂ ਖ਼ਬਰ ਤੁਹਾਨੂੰ ਪਹੁੰਚੇ ਫੌਰਨ ਆ ਕੇ ਏਥੇ ਹਾਜ਼ਰ ਹੋਇਓ। ੬।

ਦੋਹਰਾ ॥ਸਤਿਗੁਰ ਤਿਹ ਖੁਸ਼ੀਆਂ ਦਈ, ਝੁਕਯੋ ਜੰਗਲ ਸਭ ਆਇ ॥ ਹੁਣ ਜਦੋਂ ਸਤਿਗੁਰੂ ਜੀ ਖੁਸ਼ੀਆਂ ਬਖਸ਼ਣ ਲੱਗੇ

ਤਾਂ ਜੰਗਲ ਦਾ ਸਾਰਾ ਇਲਾਕਾ ਸਤਿਗੁਰੂ ਜੀ ਦੇ ਚਰਨਾਂ ਤੇ ਆ ਝੁਕਿਆ ਹੈ।

ਲੈ ਲੈ ਆਵਹਿੰ ਭੇਟ ਸਭ ਬਹੁ ਖੁਸ਼ੀਆਂ ਲੈ ਲੈ ਜਾਇੰ॥ ੭॥ ਖਾਲੀ ਹੱਥ ਨਹੀਂ ਕੋਈ ਆਉਂਦਾ ਚੰਗੀ ਤੋਂ ਚੰਗੀ ਵਸਤੂ ਭੇਟਾ ਲੈ ਕੇ ਆਉਂਦੇ ਹਨ ਅਤੇ ਸਤਿਗੁਰ ਜੀ ਤੋਂ ਬਹੁਤੀਆਂ ਬਹੁਤੀਆਂ ਖੁਸ਼ੀਆਂ ਲੈ ਕੇ ਜਾ ਰਹੇ ਨੇ। ੭।

ਚੌਪਈ ॥ ਏਕ ਦਿਵਸ ਬਹੁ ਸੰਗਤ ਅਈ॥ ਇਕ ਦਿਨ ਦੀ ਗੱਲ ਹੈ ਸਾਬੋ ਦੇ ਇਲਾਕੇ ਦੀ ਬਹੁਤ ਸਾਰੀ ਸੰਗਤ ਇਕੱਤਰ ਹੋ ਕੇ ਆਈ ਹੈ।

ਉਨੈ ਬਾਤ ਇਮ ਸਭ ਮਿਲ ਕਹੀ॥ ਉਹਨਾਂ ਸਾਰਿਆਂ ਨੇ ਮਿਲਕੇ ਸਤਿਗੁਰੂ ਜੀ ਦੇ ਪਾਸ ਏਸ ਤਰ੍ਹਾਂ ਦਾ ਬਚਨ ਕੀਤਾ।

'ਸੱਚ ਕਹਿਤ ਜਟ ਮੁਖ ਹੈ ਪਾੜੈ॥ ਸੱਚ ਕਹਿੰਦੇ ਨੇ ਕਿ ਜੱਟ ਦਾ ਮੂੰਹ ਕੁਹਾੜੇ ਨਾਲ ਪਾੜਿਆ ਹੋਇਆ ਹੈ।

ਕਿਸੇ ਵਖਤ ਸੰਘ ਖੋਲਯੋ ਕੁਹਾੜੇ' ॥੮॥ ਕਿਸੇ ਸਮੇਂ ਦੀ ਗੱਲ ਹੈ ਕਹਿੰਦੇ ਨੇ ਜੱਟ ਦਾ ਸੰਘ ਕੁਹਾੜੇ ਨਾਲ ਖੋਲ੍ਹਿਆ ਸੀ।੮।

ਉਨੈ ਬਚਨ ਗੁਰ ਐਸੇ ਕਹੇ॥ ਕਹਿੰਦੇ ਨੇ ਇਸ ਤਰ੍ਹਾਂ ਬਚਨ ਕਹੇ ਸਤਿਗੁਰੂ ਨੂੰ ਉਨ੍ਹਾਂ ਲੋਕਾਂ ਨੇ।

'ਹਮ ਘਰ ਗੁਰ ਆਏ ਕਿਮ ਦੁਖ ਰਹੇ॥ ਉਹ ਬੋਲਦੇ ਨੇ ਸਾਬੋ ਦੇ ਇਲਾਕੇ ਵਾਲੇ, ਹੁਣ ਕਿਵੇਂ ਦੁੱਖ ਰਹਿ ਸਕਦਾ ਇਹਨਾਂ ਨੂੰ, ਹੁਣ ਸੁਖ ਲੈਣ, ਮੌਜਾਂ ਕਰਨ, ਅਸੀਂ ਜੁ ਹੈਗੇ ਹਾਂ, ਪ੍ਰੰਤੂ ਬੋਲਣ ਦੀ ਜਾਚ ਨਹੀਂ ਕਿ ਗੁਰੂਆਂ ਪੀਰਾਂ ਅੱਗੇ ਕਿਵੇਂ ਬੋਲੀਦਾ, ਸਾਡੇ ਹੁੰਦਿਆਂ ਗੁਰੂ ਨੂੰ ਕੀ ਡਰ ਹੈ, ਚਾਹੀਦਾ ਤਾਂ ਏਸ ਤਰ੍ਹਾਂ ਕਹਿਣਾ ਸੀ ਕਿ ਗੁਰੂਆਂ ਦੇ ਹੁੰਦਿਆਂ ਸਾਨੂੰ ਕੀ ਡਰ ਹੈ। ਇਸ ਤਰ੍ਹਾਂ ਬੋਲਣ ਦੀ ਜਾਚ ਨਹੀਂ, ਵਿਚਾਰੇ ਖੁਲ੍ਹੇ ਡੁਲ੍ਹੇ ਲੋਕ ਨੇ, ਆਪਣਾ ਪੱਖ ਉਤੇ ਰੱਖਦੇ ਨੇ, ਗੁਰੂਆਂ ਨੂੰ ਵੀ ਨੀਵਾਂ ਕਰਕੇ ਬੁਲਾਉਂਦੇ ਹਨ ਗੁਰੂਆਂ ਨੂੰ ਸਾਡੇ ਆਸਰੇ ਡਰਨ ਦੀ ਕੀ ਲੋੜ ਹੈ।

ਹਮ ਕਰੈਂ ਕਮਾਈ ਭੀ ਬਡ ਘਨੀ॥ ਇਉਂ ਕਹਿੰਦੇ ਹਨ ਮਹਾਰਾਜ! ਸੰਗਤ ਦੀ ਬੇਨਤੀ ਹੈ ਕਿ ਕਮਾਈ ਅਸੀਂ ਬੜੀ ਕਰਦੇ ਹਾਂ। ਅੰਨ ਅਨਾਜ ਵੀ ਬੀਜਦੇ ਹਾਂ ਮਿਹਨਤ ਮਜ਼ਦੂਰੀ ਵੀ ਕਰਦੇ ਹਾਂ ਤਕੜੇ ਹੋ ਕੇ।

ਰਹਤ ਨਹੀਂ ਘਰ ਬਰਕਤ ਬਨੀ॥੯॥ ਪਰ ਸਾਡੇ ਘਰਾਂ ਵਿਚ ਬਰਕਤ ਨਹੀਂ ਰਹਿੰਦੀ, ਸਾਡੀ ਪੂਰੀ ਫਟਦੀ ਨਹੀਂ ਤੋਟਾ ਆ ਜਾਂਦਾ ਹੈ ਹਰ ਪਾਸੇ ਤੋਂ। ਅੰਨ ਅਨਾਜ ਬੇਅੰਤ ਹੁੰਦਾ ਹੈ, ਖੇਚਲ ਵੀ ਕੋਈ ਐਨੀ ਨਹੀਂ ਹੈ। ਅਸੀਂ ਵੀ ਪੂਰੀ ਰਾਖੀ ਰਖਦੇ ਹਾਂ। ਮਿਹਨਤ ਕਰਦੇ ਹਾਂ। ੯।

ਬਸਤ ਬਠਿੰਡੇ ਮਧ ਇਕ ਦੇਵ॥ ਨਾਲ ਹੀ ਸਤਿਗੁਰੂ ਜੀ ਨੂੰ ਕਹਿੰਦੇ ਹਨ ਕਿ ਹੇ ਸੱਚੇ ਪਾਤਸ਼ਾਹ ਜੀ! ਬਠਿੰਡੇ ਵਿਚ ਇਕ ਦਿਉ ਰਹਿੰਦਾ ਹੈ ਕਿਲ੍ਹੇ ਵਿਚ ।

ਖਾਇ ਜਾਇ ਵਹੁ ਹਮਰੀ ਸੇਵ' ॥ ਨਗਰ ਨਿਵਾਸੀ ਕਹਿੰਦੇ ਨੇ ਸਾਡੀ ਜੋ ਸੇਵਾ ਕੀਤੀ ਫ਼ਸਲਾਂ ਦੀ, ਸਾਡਾ ਜੋ ਧਨ ਪਦਾਰਥ ਉਹ ਖਾ ਜਾਂਦਾ।

ਸੋ ਸੁਨ ਸਤਿਗੁਰ ਡੱਲਾ ਸਦਾਯਾ॥ ਇਹ ਸੁਣਕੇ ਸਤਿਗੁਰੂ ਜੀ ਨੇ ਭਾਈ ਡੱਲੇ ਨੂੰ ਬੁਲਾਇਆ ਹੈ, ਲਿਆਓ ਭਾਈ ਡੱਲੇ ਨੂੰ।

ਦੈ ਪਾਹੁਲ ਸੋ ਸਿੰਘ ਬਨਾਯਾ॥੧੦॥ ਉਸਨੂੰ ਖੰਡੇ ਦੀ ਪਾਹੁਲ ਦਿੱਤੀ ਹੈ, ਅੰਮ੍ਰਿਤ ਛਕਾ ਕੇ ਸਿੰਘ ਸਜਾ ਦਿੱਤਾ। ੧੦।

ਕਹਯੋ ਉਸੈ 'ਹਮ ਬਠਿੰਡੈ ਦਿਖਾਯੋ॥ ਗੁਰੂ ਜੀ ਭਾਈ ਡੱਲੇ ਨੂੰ ਕਹਿਣ ਲੱਗੇ ਸਾਨੂੰ ਬਠਿੰਡਾ ਦਿਖਾਓ।

ਨਿਕਲਾਇ ਦੈਂਤ ਲੋਕ ਸੁਖੀ ਬਸਾਯੋ' ॥ ਬਠਿੰਡੇ ਵਿਚੋਂ ਦਿਉ ਨੂੰ ਕੱਢੀਏ ਤੇ ਲੋਕਾਂ ਨੂੰ ਸੁਖੀ ਵਸਾਈਏ।

ਸੋਊ ਬਾਤ ਡੱਲੈ ਸਿੰਘ ਕਹੀ॥ ਓਹੀ ਗੱਲ ਭਾਈ ਡੱਲੇ ਨੇ ਆਖੀ।

ਬਠਿੰਡੇ ਡੇਰੋ ਲਾਯੋ ਜਈ॥੧੧॥ ਕਿ ਹੇ ਸਤਿਗੁਰੂ ਜੀ! ਦਿਉ ਨੂੰ ਕੱਢਣ ਵਾਸਤੇ ਬਠਿੰਡੇ ਜਾ ਕੇ ਡੇਰਾ ਲਾਓ ਜੀ। ੧੧।

ਦੋਹਰਾ॥ ਬਠਿੰਡੇ ਡੇਰੋ ਕੀਓ, ਆਇ ਕੀਨੋ ਦੈਂਤ ਲਖਾਇ॥ ਜਦੋਂ ਸਤਿਗੁਰੂ ਜੀ ਨੇ ਬਠਿੰਡੇ ਡੇਰਾ ਕੀਤਾ, ਦੈਂਤ ਨੇ ਆ ਕੇ ਵੇਖਿਆ ਇਹ ਕੌਣ ਆ ਉਤਰੇ ਨੇ ਏਥੇ।

ਬਹੁ ਅੰਧੀ ਗੋਲੈ ਸੰਗ ਬਹੀ, ਬਹੁ ਦੀਨੈ ਲੋਕ ਬਚਲਾਇ॥੧੨॥ ਲੋਕਾਂ ਨੂੰ ਉਥੋਂ ਕੱਢਣ ਵਾਸਤੇ ਬਿਚਲਾਉਣ ਵਾਸਤੇ

ਅੰਧੇਰੀ ਗੜਾ ਬਹੁਤ ਬਰਸਾਇਆ ਉਸਨੇ, ਲੋਕਾਂ ਨੂੰ ਬਿਚਲਾ ਦਿੱਤਾ ਉਸਨੇ। ੧੨।

ਚੌਪਈ॥ ਕਿਸੈ ਤਾਪ ਕਿਸੈ ਚੜਯੋ ਸਿਰ ਬਾਉ॥ ਦੈਂਤ ਦੇ ਪ੍ਰਤਾਪ ਨਾਲ ਕਿਸੇ ਦਾ (ਸਿਰਬਾਉ) ਸਿਰ ਦੁਖਣ ਲੱਗ ਪਿਆ ਹੈ, ਕਿਸੇ ਨੂੰ ਕੜਕ ਕੇ ਤਾਪ ਚੜ੍ਹ ਗਿਆ ਬਣਕੇ।

ਲਗੋ ਕਰਾਵਨ ਮੁਖੋਂ ਬਕਾਉ॥ ਸਾਰੇ ਆਪਣੇ ਮੂੰਹੋਂ ਤਾਪ ਚੜ੍ਹੇ ਤੋਂ ਬਰੜ ਬਰੜ ਜੋ ਮੂੰਹ ਆਈ ਬੋਲੀ ਜਾਂਦਾ ਹੈ,

'ਕਿਮ ਆਏ ਹਮ ਕਰਨ ਅਕਾਉ॥ ਉਹ ਬੋਲਦਾ ਬੰਦਿਆਂ ਵਿਚ, ਮੈਨੂੰ ਕਿਉਂ ਅਕਾਉਣ ਆਏ ਹੋ ਏਥੇ?

ਹਮ ਥੇ ਬੈਠੇ ਬਹੁ ਦਿਨ ਕਰ ਥਾਉ' ॥੧੩॥ ਅਸੀਂ ਅੱਜ ਤੋਂ ਥੋੜੇ ਬੈਠੇ ਹਾਂ ਬਹੁਤ ਦਿਨਾਂ ਤੋਂ ਇਹ ਸਾਡਾ ਘਰ ਹੈ ਏਥੇ ਰਹਿੰਦੇ ਹਾਂ। ੧੩।

ਸਤਿਗੁਰ ਕਹੀ 'ਏ ਸਿਖ ਭਏ ਹਮਾਰੇ॥ ਸਤਿਗੁਰੂ ਜੀ ਉਸ ਦਿਉ ਨੂੰ ਆਖਿਆ ਜਿਸਦਾ ਨਾਮ ਮਾਖਾ ਸੀ, ਓ ਭਾਈ ਮਾਖਿਆ! ਇਹ ਲੋਕ ਸਾਡੇ ਸਿਖ ਬਣ ਗਏ ਹਨ।

ਇਨੈ ਛੱਡ ਕਿਤ ਜਾਉ ਅਗਾਰੇ॥ ਇਨ੍ਹਾਂ ਲੋਕਾਂ ਨੂੰ ਛੱਡ ਕੇ ਅਗਾਂਹ ਕਿਸੇ ਹੋਰ ਇਲਾਕੇ ਵਿਚ ਚਲਿਆ ਜਾਹ।

ਨਹੀਂ ਤ ਤੁਮ ਕੋ ਦਯਗੁ ਮਾਰ॥ ਨਹੀਂ ਤਾਂ ਅਸੀਂ ਮਾਰ ਦੇਵਾਂਗੇ ਤੈਨੂੰ ਛੱਡਦੇ ਨਹੀਂ।

ਸੌਂਪ ਸ਼ਹੀਦਨ ਬਹੁ ਕਰ ਖ਼ੁਆਰ' ॥੧੪॥ ਤੈਨੂੰ ਸ਼ਹੀਦਾਂ ਨੂੰ ਸੌਂਪ ਦੇਵਾਂਗੇ, ਹੁਕਮ ਕਰ ਦਿਆਂਗੇ ਸ਼ਹੀਦਾਂ ਨੂੰ, ਤੈਨੂੰ ਖੁਆਰ ਕਰਕੇ ਮਾਰਨਗੇ ਸ਼ਹੀਦ ਸਿੰਘ। ੧੪।

ਏਕ ਪੁਰਸ਼ ਮਧ ਸੋ ਕੈਦ ਕੀਯਾ॥ ਜਿਹੜੀ ਸੰਗਤ ਨਾਲ ਗਈ ਸੀ ਮਹਾਰਾਜ ਦੇ, ਉਹਨਾਂ ਵਿਚੋਂ ਇਕ ਪੁਰਸ਼ ਦੇ ਵਿਚ ਉਸ ਦਿਉ (ਦੈਂਤ) ਨੂੰ ਕੈਦ ਕਰ ਲਿਆ।

ਦੈ ਮੁਸ਼ਕਾਂ ਉਸ ਬਹੁ ਦੁਖ ਦੀਯਾ॥ ਉਸ ਦੀਆਂ ਮੁਸ਼ਕਾਂ ਬੰਨ੍ਹ ਕੇ ਚੰਗਾ ਸਲੋਤਰ ਫੇਰਿਆ ਉਸਤੇ, ਕੁਟਾਇਆ ਉਹਨੂੰ ਚੰਗੀ ਤਰ੍ਹਾਂ, ਹੁਣ ਗੱਲ ਕਰ ਹੁਣ ਕਿਧਰ ਜਾਇਂਗਾ।

ਕਹਯੋ ਗੁਰੂ 'ਫੂਕ ਮਾਰੀਯੁਗ ਤੋਹਿ॥ ਸਤਿਗੁਰੂ ਕਹਿਣ ਲੱਗੇ ਵੇਖ ਲੈ ਓਇ ਦੈਂਤਾ! ਜੇ ਅਸੀਂ ਫੂਕ ਮਾਰ ਦਿੱਤੀ ਨਾ ਤੈਨੂੰ ਤੇ ਵੇਖ ਤੇਰਾ ਕੀ ਹਾਲ ਹੋਵੇਗਾ। ਮਾਰ ਕੇ ਫੂਕ ਦਿਆਂਗੇ।

ਹੈ ਪੁਤ੍ਰ ਪੋਤ੍ਰੈ ਸਭ ਸੰਗ ਜੋਹਿ' ॥੧੫॥ ਤੂੰ ਤਾਂ ਕੀ ਚੀਜ਼ ਹੈਂ, ਤੇਰੇ ਪੁੱਤਰ ਪੋਤਰੇ ਜਿੰਨਾਂ ਵੀ ਤੇਰਾ ਪ੍ਰਵਾਰ ਹੈ, ਸਭ ਨੂੰ ਫੂਕ ਦਿਆਂਗੇ। ੧੫।

ਉਨ ਕਹਯ 'ਮੈਂ ਮਾਖੋ ਕਾ ਭਾਈ॥ ਉਹ ਕਹਿਣ ਲੱਗਿਆ ਮਹਾਰਾਜ! ਮੈਂ ਮਾਖੋ ਦਾ ਭਾਈ ਹਾਂ, ਜਿਹੜਾ ਅਨੰਦਪੁਰ ਸਾਹਿਬ ਤੋਂ ਕੱਢਿਆ ਤੁਸੀਂ।

ਉਸ ਜਿਮ ਹਮ ਕਿਤ ਦੇਹੁ ਘਲਾਈ? ਜਿਸ ਤਰ੍ਹਾਂ ਮਾਖੋ ਦਿਉ ਨੂੰ ਅਨੰਦਪੁਰ 'ਚੋਂ ਕੱਢ ਕੇ ਸਰਹੰਦ ਭੇਜ ਦਿੱਤਾ ਸੀ, ਏਸ ਤਰ੍ਹਾਂ ਮੈਨੂੰ ਵੀ ਕਿਸੇ ਪਾਸੇ ਘੱਲ ਦਿਉ। ਦੈਂਤ ਨੇ ਕਿਹਾ।

ਮੋਕੋ ਭੀ ਲਯੋ ਸਿੱਖ ਬਨਾਇ॥ ਹੇ ਸੱਚੇ ਪਾਤਸ਼ਾਹ ਮੈਨੂੰ ਵੀ ਆਪਣਾ ਸਿੱਖ ਬਣਾ ਲਵੋ।

ਕਰੋਂ ਕਾਰ ਮੈਂ ਤੁਮਰੀ ਧਾਇ' ॥੧੬॥ ਕਹਿਣ ਲੱਗਾ ਮੈਂ ਤੁਹਾਡੀ ਸੇਵਾ (ਧਾਇ) ਦੌੜ ਦੌੜ ਕੇ ਜੋਰ ਲਾ ਕੇ ਕਰਾਂਗਾ। ੧੬।

ਤੌ ਸਤਿਗੁਰ ਉਸ ਆਗਯਾ ਦਈ॥ ਫੇਰ ਉਸ ਦਿਉ ਨੂੰ ਸਤਿਗੁਰਾਂ ਨੇ ਆਗਿਆ ਕੀਤੀ।

ਜਾ ਸਿਰਹੰਦ ਕੈ ਮਧ ਤੂੰ ਬਹੀ॥ ਜਾਹ ਜਾ ਕੇ ਸਰਹੰਦ ਦੇ ਵਿਚ ਜਾਕੇ ਬੈਠ, ਉਥੇ ਡੇਰਾ ਲਾ ਜਾ ਕੇ।

ਉਜਾੜ ਸਿਰਹੰਦ ਕੀ ਜੜ੍ਹਾਂ ਪੁਟਾਈ॥ ਸਰਹੰਦ ਦੀਆਂ ਜੜ੍ਹਾਂ ਪੁੱਟ ਕੇ ਉਜਾੜ ਕਰ ਦੇ ਉਹਦਾ।

ਜੋ ਚਹੈ ਬਚਾਈ ਉਸ ਸਾਥ ਖਾ ਜਾਈਂ॥੧੭॥ ਜਿਹੜਾ ਇਹਦਾ ਬਚਾਉ ਕਰੇ ਨਾ ਸਾਧ ਸੰਤ ਲਿਆਓ ਮੈਂ ਟੂਣਾ ਕਰਦਾ, ਮੈਂ ਇਹਦੇ ਅੰਦਰੋਂ ਕੱਢਦਾਂ, ਨਾਲ ਹੀ ਖਾ ਜਾਈਂ ਉਹਨੂੰ ਵੀ, ਉਹ ਵੀ ਨਹੀਂ ਛਡਣਾ ਇਉਂ ਹੁਕਮ ਹੋ ਗਿਆ

ਸਾਹਿਬਾਂ ਦਾ।੧੭।

ਦੋਹਰਾ ॥ ਮੱਥਾ ਟੇਕਿਯੋ ਉਨ ਤਬੈ, ਪਰਯੋ ਸਿਰਹੰਦੈ ਰਾਹ॥ ਦਿਉ ਨੇ ਨਮਸਕਾਰ ਕੀਤੀ ਸਤਿ ਬਚਨ ਮਹਾਰਾਜ! ਮੈਂ ਜਾਂਦਾ ਹਾਂ ਜੀ, ਮੱਥਾ ਟੇਕ ਸਰਹੰਦ ਦੇ ਰਾਹ ਪੈ ਗਿਆ।

ਡੱਲੈ ਸਿੰਘ ਸਤਿਗੁਰ ਕਹੀ ਦਿਹੋ ਭੈਂਸੋ ਭਵਾਨੀ ਨਾਇ॥੧੮॥ ਭਾਈ ਡੱਲੇ ਨੂੰ ਸਤਿਗੁਰੂ ਜੀ ਨੇ ਹੁਕਮ ਕੀਤਾ, ਡੱਲਿਆ! ਕੋਈ (ਭੈਂਸਾ) ਝੋਟਾ ਲਿਆ ਭਵਾਨੀ ਦੇ ਨਾਮ ਦਾ, ਕਾਲਕਾ ਨੂੰ ਬਲੀ ਦੇਈਏ ਝੋਟੇ ਦੀ। ੧੮।

ਚੌਪਈ॥ ਡਲੈ ਸਿੰਘ ਤੈ ਲਯੋ ਮੰਗਵਾਇ॥ ਸੂਰਜ ਪ੍ਰਕਾਸ਼ ਵਿਚ ਇਸ ਤਰ੍ਹਾਂ ਲਿਖਿਆ ਹੈ। ਇਥੇ ਆਪਣੇ ਨੇੜੇ ਹੀ ਏਸ ਏਰੀਏ ਵਿਚ ਝੋਟਾ ਸਰ ਸਾਹਿਬ ਗੁਰਦੁਆਰਾ ਹੈ। ਏਥੇ ਬੱਧਾ ਸੀ ਆਕੀ ਝੋਟਾ, ਇਥੋਂ ਫੜ ਕੇ ਨਗਰ ਨਿਵਾਸੀਆਂ ਨੇ ਢਾਬ ਦੇ ਕਿਨਾਰੇ ਚੰਗਾ ਮੋਟਾ ਸੰਗਲ ਪਾ ਕੇ ਜੰਡ ਨਾਲ ਬੰਨ੍ਹ ਦਿੱਤਾ ਸੀ, ਏਥੋਂ ਪਾਣੀ ਪੀ ਲਿਆ ਕਰੇਗਾ, ਪੱਠਾ ਤੱਥਾ ਪਿੰਡ ਦੇ ਲੋਕ ਉਹਨੂੰ ਪਾ ਦਿੰਦੇ ਸੀ। ਭਾਈ ਡੱਲੇ ਨੇ ਸਤਿਗੁਰਾਂ ਨੂੰ ਉਸ ਝੋਟੇ ਦੀ ਦੱਸ ਪਾਈ। ਸਤਿਗੁਰੂ ਜੀ ਨੇ ਹੁਕਮਨਾਮਾ ਲਿਖਵਾ ਕੇ ਸਿੰਘਾਂ ਦੇ ਕੋਲ ਭੇਜਿਆ ਕਿ ਇਹ ਝੋਟੇ ਨੂੰ ਦਿਖਾ ਦੇਣਾ, ਆਪੇ ਸਾਡੇ ਪਾਸ ਆ ਜਾਵੇਗਾ, ਤੁਹਾਡੇ ਅੱਗੇ ਅੱਗੇ ਤੁਰ ਕੇ। ਜਦੋਂ ਸਿੰਘਾਂ ਨੇ ਝੋਟਾ ਖੋਲ੍ਹ ਦਿੱਤਾ ਤਾਂ ਝੋਟਾ ਅੱਗੇ ਤੁਰ ਪਿਆ ਹੁਣ ਏਥੇ ਕਹਿੰਦੇ ਹਨ ਕਿ ਭਾਈ ਡੱਲੇ ਨੇ ਝੋਟਾ ਮੰਗਵਾ ਲਿਆ ਹੈ ਚੰਡੀ ਨੂੰ ਬਲੀ ਦੇਣ ਵਾਸਤੇ।

ਕਾਟ ਚੁਤਰਫੋਂ ਦਈ ਧਾਰ ਫਿਰਵਾਇ॥ ਭਾਈ ਮਲਿਆਗਰ ਸਿੰਘ ਜੋ ਸਿਦਕੀ ਸਿੰਘ ਸੀ ਮਹਾਰਾਜ ਦਾ ਜਿਸਨੇ ਪੀਲੂ ਛਕ ਕੇ ਕਿਹਾ ਸੀ ਛੱਤੀ ਪਦਾਰਥ ਛਕੇ ਹਨ। ਉਸ ਨੂੰ ਹੁਕਮ ਹੋਇਆ ਉਸਨੇ ਇਕੋ ਵਾਰ ਤੇਗੇ ਦਾ ਕਰਕੇ ਝੋਟਾ ਝਟਕਾ ਦਿੱਤਾ ਅਤੇ ਉਸ ਕਿਲ੍ਹੇ ਦੇ ਚਾਰ ਚੁਫੇਰੇ ਝੋਟੇ ਦੇ ਲਹੂ ਦੀ ਧਾਰ ਫਿਰਵਾ ਦਿੱਤੀ ਜੋ ਭਵਾਨੀ ਦੇ ਨਾਮ 'ਤੇ ਬਲੀ ਦਿੱਤਾ ਸੀ।

ਮਧ ਡੇਰੋ ਗੁਰ ਲੀਨੋ ਲਾਇ॥ ਜਿਥੇ ਅੱਜ ਕੱਲ੍ਹ ਕਿਲ੍ਹੇ ਦੇ ਵਿਚਾਲੇ ਉਪਰ ਗੁਰਦੁਆਰਾ ਸਾਹਿਬ ਬਣਿਆ ਹੋਇਆ ਹੈ ਉਥੇ ਸਤਿਗੁਰੂ ਜੀ ਨੇ ਡੇਰਾ ਲਾ ਦਿੱਤਾ ਹੈ।

ਭਈ ਬਰਕਤ ਮਧ ਮਾਲਵੇ ਤਾਇ॥੧੯॥ ਇਹ ਜਿਹੜੀ ਬਰਕਤ ਇਹ ਦੈਂਤ ਖਾ ਜਾਂਦਾ ਸੀ ਮਾਲਵੇ ਵਿਚ ਬਰਕਤ ਪੈ ਗਈ ਨਿਹਾਲ ਕਰ ਦਿੱਤਾ ਸਤਿਗੁਰਾਂ ਨੇ ਸਾਰੇ ਮਾਲਵੇ ਨੂੰ, ਮਾਲੋ ਮਾਲ ਹੋ ਗਿਆ ਉਸ ਦਿਨ ਤੋਂ। ੧੯।

ਦਿਆਲ ਸਿੰਘ ਫੜੇ ਸਿੰਘ ਭਾਈ॥ ਦਿਆਲ ਸਿੰਘ ਤੇ ਫੜੇ ਸਿੰਘ ਭਾਈ ਕੇ ਚੱਕ ਵਾਲੇ ਇਹ ਆ ਕੇ ਹਾਜ਼ਰ ਹੋਏ ਨੇ।

ਖੰਡੇ ਪਾਹੁਲ ਦਈ ਗੁਰੂ ਮੰਗਾਈ॥ ਸਤਿਗੁਰੂ ਜੀ ਨੇ ਇਹਨਾਂ ਨੂੰ ਖੰਡੇ ਦੀ ਪਾਹੁਲ ਦੇ ਕੇ ਭਾਵ ਅੰਮ੍ਰਿਤ ਛਕਾ ਕੇ ਸਿੰਘ ਸਜਾ ਲਿਆ ਹੈ।

ਔ ਤਖਾਨ ਭਾਈ ਰੂਪੈ ਪੋਤੈ॥ ਇਹ ਭਾਈ ਰੂਪੇ ਵਾਲੇ ਤਰਖਾਣ ਸਿਖ ਸਨ, ਉਸ ਦੇ ਪੋਤਰੇ।

ਲਈ ਖੰਡੈ ਪਾਹੁਲ ਪਰਮ ਕਰਮ ਸਿੰਘ ਦੋਤੇ॥੨੦॥ ਪਰਮ ਸਿੰਘ ਤੇ ਕਰਮ ਸਿੰਘ ਇਹ ਭਾਈ ਰੂਪ ਦੇ ਦੋਹਤਰੇ ਸਨ, ਉਹਨਾਂ ਨੂੰ ਅੰਮ੍ਰਿਤ ਛਕਾ ਕੇ ਉਹਨਾਂ ਦੇ ਨਵੇਂ ਨਾਮ ਰੱਖੇ ਹਨ। ੨੦।

ਇਕ ਸੋਢੀ ਕੋਠੈ ਕੋ ਕੌਲ ਸਦਾਯੋ॥ ਕੋਟ ਕਪੂਰੇ ਦੇ ਕੋਲ ਜੋ ਹੈ ਏਥੇ ਦਾ ਕੌਲ ਸੋਢੀ ਸੀ, ਉਸਨੂੰ ਵੀ ਸਦਵਾਇਆ ਹੈ, ਮਹਾਰਾਜ ਜੀ ਨੇ ਇਥੇ ਸੱਦਿਆ ਹੈ।

ਸਾਥ ਪੁਤ੍ਰ ਅਭੈ ਰਾਮ ਕਾ ਲਯਾਯੋ॥ ਉਹ ਆਪਣੇ ਖਾਨਦਾਨ ਦੇ ਵਿਚ ਅਭੈ ਰਾਮ ਦੇ ਪੁਤ੍ਰ ਨੂੰ ਵੀ ਲਿਆਇਆ।

ਸਤਿਗੁਰ ਉਸ ਪਰ ਭਏ ਦਿਆਲ॥ ਸਤਿਗੁਰ ਉਸ ਨੌਜੁਆਨ ਨੂੰ ਸਿੰਘ ਸਜੇ ਨੂੰ ਵੇਖ ਕੇ ਬਹੁਤ ਪ੍ਰਸੰਨ ਹੋਏ ਉਸ 'ਤੇ।

ਖੰਡੈ ਪਾਹੁਲ ਦੇ ਰੱਖਯੋ ਨਾਲ॥੨੧॥ ਉਸਨੂੰ ਅੰਮ੍ਰਿਤ ਪਾਨ ਕਰਵਾ ਕੇ ਸਤਿਗੁਰੂ ਜੀ ਨੇ ਆਪਣੇ ਨਾਲ ਹੀ ਰੱਖ ਲਿਆ ਹੈ। ਲੈ ਤੂੰ ਸਾਡੇ ਨਾਲ ਹੀ ਰਿਹਾ ਕਰ। ੨੧।

ਇਤਨਕ ਸਤਿਗੁਰ ਬਾਤ ਸੁਨਾਈ॥ ਏਨਾ ਕੁ ਬਚਨ ਸੰਗਤਾਂ ਨੂੰ ਸੁਣਾਇਆ ਹੈ।

'ਹੈ ਭਾਂਡਾ ਵਥ ਪੜੈ ਜੁ ਪਾਈ॥' ਸਤਿਗੁਰੂ ਕਹਿਣ ਲੱਗੇ ਵੇਖੀਏ ਭਲਾ, ਭਾਂਡਾ ਤਾਂ ਚੰਗਾ ਹੀ ਲੱਗਦਾ, ਜੇ ਭਲਾ ਇਹਦੇ ਵਿਚ ਵਸਤੂ ਸਮਾ ਜਾਵੇ ਤਾਂ।

ਸੋਢੀ ਕੌਲ ਕਹੁ ਪਾਸ ਸਦਾਵੈਂ॥ ਕੌਲ ਸੋਢੀ ਨੂੰ ਸਤਿਗੁਰੂ ਜੀ ਨੇ ਆਪਣੇ ਕੋਲ ਬੁਲਾਇਆ ਹੈ।

ਪ੍ਰਾਤ ਉੱਠ ਨਿਤ ਦਰਸ਼ਨ ਪਾਵੈਂ॥੨੨॥ ਅੰਮ੍ਰਿਤ ਵੇਲੇ ਉਠ ਕੇ ਹਰ ਰੋਜ਼ ਸਭ ਤੋਂ ਪਹਿਲਾਂ ਸਤਿਗੁਰੂ ਜੀ ਦੇ ਦਰਸ਼ਨ ਕਰਦਾ ਹੈ। ੨੨।

ਦੋਹਰਾ॥ ਸਤਿਗੁਰ ਬੈਠ ਸੁ ਦਮਦਮੇਂ ਲਿੱਖਨ ਘੜ ਸੁਟ ਦੇਂ॥ ਸਤਿਗੁਰੂ ਜੀ ਸ੍ਰੀ ਦਮਦਮੇ ਨਿਵਾਸ ਕਰਦੇ ਹਨ ਅਤੇ ਰੋਜ਼ ਕੋਈ ਨਾ ਕੋਈ ਚੋਜ ਕਰਦੇ ਹਨ (ਲਿੱਖਨ) ਕਲਮਾਂ ਘੜ ਘੜ ਕੇ ਲਿਖਨਸਰ ਸਰੋਵਰ ਦੇ ਵਿਚ ਜਲ ਪ੍ਰਵਾਹ ਕੀਤੀਆਂ ਹਨ।

ਹਮਰੀ ਕਾਂਸ਼ੀ ਯਹ ਵਈ, ਆਇ ਮੂਰਖ ਈਹਾਂ ਪੜ੍ਹੇਂ॥੨੩॥ ਏਥੇ ਸਤਿਗੁਰੂ ਜੀ ਨੇ ਵਰਦਾਨ ਦਿੱਤਾ, ਅੱਜ ਤੋਂ ਇਹ ਤਲਵੰਡੀ ਨਹੀਂ ਇਹ ਮੇਰੀ ਕਾਂਸ਼ੀ ਹੋਈ। ਏਥੇ ਜਿਹੜੇ ਮਹਾਂ ਮੂਰਖ ਨੇ ਜਿਨ੍ਹਾਂ ਨੂੰ ਬਿਲਕੁਲ ਅੱਖਰ ਦਾ ਗਿਆਨ ਨਹੀਂ, ਉਹ ਵੀ ਏਥੇ ਚਤਰ ਬਣਨਗੇ, ਪੰਡਤ, ਗਿਆਨੀ ਬਣਨਗੇ। ਸਤਿਗੁਰਾਂ ਨੇ ਏਸ ਧਰਤੀ ਨੂੰ ਕਾਂਸ਼ੀ ਦਾ ਵਰ ਦਿੱਤਾ ਹੈ। ਗੁਰੂ ਕਾਂਸ਼ੀ ਸ੍ਰੀ ਦਮਦਮਾ ਸਾਹਿਬ ਜੀ ਕਹਿਕੇ ਨਿਵਾਜਿਆ ਹੈ। ੨੩।

ਚੌਪਈ ॥ਮਹਰਾਜ ਵਾਲੇ ਭੀ ਸਭ ਚਲ ਆਏ॥ ਮਰ੍ਹਾਜ ਦੇ ਲੋਕ ਵੀ ਮਹਾਰਾਜ ਜੀ ਦੇ ਪਾਸ ਜਥੇਬੰਦ ਹੋ ਕੇ ਆਏ ਹਨ।

ਭੈਂਸ ਘੋੜੇ ਔਰ ਦਸਵੰਧ ਚੜ੍ਹਾਏ॥ ਗਾਈਆਂ, ਮਹੀਆਂ ਲਿਆਏ ਨੇ, ਘੋੜੇ ਲਿਆਏ ਨੇ ਚੰਗੇ ਚੰਗੇ ਅਤੇ ਜੋ ਗੁਰੂ ਦਾ ਦਸਵੰਧ ਸੀ, ਆਪਣੀ ਕਮਾਈ ਦਾ ਦਸਵਾਂ ਹਿੱਸਾ, ਉਹ ਧਨ ਵੀ ਲਿਆਏ ਹਨ ਗੁਰ ਸਿਖ।

ਕੌਲ ਬੇਟੇ ਦੋਊ ਸਿੰਘ ਭਏ॥ ਸੋਢੀ ਕੌਲ ਦੇ ਦੋ ਪੁੱਤਰ ਸਿੰਘ ਸਜ ਗਏ ਹਨ।

ਰਾਮ ਸਿੰਘ ਔ ਤਿਲੋਕਾ ਸਿੰਘ ਸਦਏ॥੨੪॥ ਉਹਨਾਂ ਵਿਚੋਂ ਇਕ ਦਾ ਨਾਮ ਰਾਮ ਸਿੰਘ ਸੀ ਅਤੇ ਦੂਜੇ ਦਾ ਨਾਮ ਤਿਲੋਕਾ ਸਿੰਘ ਸੀ। ੨੪।

(ਵਰਖਾ ਔ ਮਾਲਵੇ ਕੀ ਸਾਖੀ) ਮਾਲਵੇ ਨੂੰ ਵਰ।

ਦੋਹਰਾ ॥ ਏਕ ਸਮੇਂ ਤਹਿ ਮਧ ਮੁਲਕ, ਹੁਈ ਬਰਖੈ ਕੀ ਲੋੜ॥ ਇਕ ਸਮੇਂ ਉਥੇ ਮਾਲਵੇ ਦੇਸ਼ ਵਿਚ ਮੀਂਹ ਦੀ ਜਰੂਰਤ ਹੋਈ। ਲੋਕਾਂ ਨੇ ਫਸਲਾਂ ਬੀਜੀਆਂ ਸੀ, ਜੇ ਮੀਂਹ ਪੈ ਜਾਏ ਤਾਂ ਹਰੀਆਂ ਭਰੀਆਂ ਅੰਨ ਅਨਾਜ ਪੈਦਾ ਹੋ ਜਾਂਦਾ ਸੀ, ਨਾ ਵਰਖਾ ਹੋਣ ਦੇ ਕਾਰਨ ਫਸਲਾਂ ਪੀਲੀਆਂ ਪੈ ਕੇ ਸੁੱਕ ਜਾਂਦੀਆਂ ਸਨ, ਕੁਛ ਪੱਲੇ ਨਹੀਂ ਸੀ ਪੈਂਦਾ।

ਆਇ ਗੁਰੂ ਜੀ ਢਿਗ ਖੜ੍ਹੀ, ਸਭ ਸੰਗਤ ਹੱਥ ਜੋੜ॥੧॥ ਐਥੇ ਹੀ ਦਮਦਮਾ ਸਾਹਿਬ ਤਖਤ ਵਾਲੀ ਜਗ੍ਹਾ ਦੇ ਉਤੇ ਸਤਿਗੁਰੂ ਜੀ ਦੇ ਕੋਲ ਆ ਕੇ ਹੱਥ ਜੋੜ ਕੇ ਖੜੀ ਹੋ ਗਈ ਹੈ। ੧।

ਚੌਪਈ॥ ਆਇ ਸਭਨ ਇਮ ਬਾਤ ਸੁਨਾਈ॥ ਜਿਹੜੇ ਇਧਰ ਦੇ ਵਸਨੀਕ ਸਨ, ਨੇੜੇ ਤੇੜੇ ਮਰ੍ਹਾਜ ਤਾਈਂ ਦੂਰ ਤੱਕ ਸਾਰੇ ਹੀ ਇਲਾਕੇ ਦੀ ਸੰਗਤ ਇਕੱਤਰ ਹੋ ਕੇ ਆਈ ਸੀ। ਸੱਚੇ ਪਾਤਸ਼ਾਹ ਜੀ ਅੱਗੇ ਇਉਂ ਬੇਨਤੀ ਕੀਤੀ ਹੈ।

ਮਾਂਗਨ ਬਰਖਾ ਸੰਗਤ ਆਈ॥ ਗਰੀਬ ਨਿਵਾਜ! ਅਸੀਂ ਤੁਹਾਡੇ ਸਿੱਖ ਹੋ ਗਏ ਹਾਂ ਮਹਾਰਾਜ। ਸੰਗਤ ਵਰਖਾ ਦੀ ਮੰਗ ਕਰਦੀ ਹੈ, ਵਰਖਾ ਲੈਣ ਵਾਸਤੇ ਆਏ ਹਾਂ ਆਪ ਕ੍ਰਿਪਾ ਕਰੋ।

ਸਤਿਗੁਰ ਦੀ ਅਰਦਾਸ ਕਰਾਇ॥ ਸਤਿਗੁਰਾਂ ਨੇ ਪੰਜਾਂ ਸਿੰਘਾਂ ਤੋਂ ਅਰਦਾਸ ਕਰਾਈ ਹੈ।

'ਭਈ ਬਰਖਾ ਬਹੁ ਤਬ ਹੀ ਆਇ' ॥੨॥ ਅਰਦਾਸ ਤੋਂ ਬਾਅਦ ਛੇਤੀ ਹੀ ਅਸਮਾਨ ਤੇ ਬੱਦਲ ਛਾ ਗਏ ਹਨ ਅਤੇ ਬਹੁਤ ਜ਼ਿਆਦਾ ਮੀਂਹ ਪਿਆ ਹੈ। ਜੀਵ ਜੰਤ ਸਭ ਤ੍ਰਿਪਤ ਹੋ ਗਏ ਹਨ। ੨।

ਸਤਿਗੁਰ ਬੈਠ ਦਮਦਮੈ ਆਇ॥ ਸਤਿਗੁਰੂ ਜੀ ਬਠਿੰਡੇ ਵਿਚੋਂ ਦਿਉ ਨੂੰ ਕੱਢ ਕੇ ਏਥੇ ਸ੍ਰੀ ਦਮਦਮਾ ਸਾਹਿਬ ਜੀ ਆ ਕੇ ਬਿਰਾਜਮਾਨ ਹੋਏ ਹਨ।

ਕਹਯੋ ਗੁਰੂ ਉਨ ਅੱਖੀਂ ਦਿਖਾਇ॥ ਸਤਿਗੁਰੂ ਜੀ ਨੇ ਉੱਚੀ ਜਗ੍ਹਾ ਤੇ ਚੜ੍ਹ ਕੇ ਉਹਨਾਂ ਨੂੰ ਅੱਖੀਂ ਦਿਖਾ ਕੇ ਕਿਹਾ।

'ਦੇਖੋ ਈਹਾਂ ਆਵਗ ਦਰਿਯਾਇ॥ ਆਹ ਦੇਖੋ ਨਿਗਾਹ ਕਰੋ ਏਥੇ ਸਤਿਲੁਜ ਦਰਿਆ ਆਵੇਗਾ ਅਤੇ ਇਸ ਧਰਤੀ ਨੂੰ ਸਿੰਜੇਗਾ, ਅੰਨ ਧਨ ਹੋਣਗੇ, ਇਉਂ ਡੱਲੇ ਨੂੰ ਕਹਿੰਦੇ ਹਨ, ਆਹ ਦੇਖ! ਨਿਗਾਹ ਮਾਰ। ਆਹ ਜਿਧਰ ਬਠਿੰਡੇ ਵੱਲ ਜਿਧਰ ਨਹਿਰਾਂ, ਸੂਏ ਹਨ ਏਧਰ ਨੂੰ ਮੂੰਹ ਕਰਕੇ ਸਤਿਗੁਰਾਂ ਨੇ ਫੁਰਮਾਇਆ ।

ਭੂਮ ਭੁਵਗ ਯਹ ਮਾਲਵੈ ਆਇ' ॥੩॥ ਇਹ (ਭੂਮ) ਧਰਤੀ (ਭੁਵਗ) ਭਿੱਜੇਗੀ ਇਹ ਧਰਤੀ ਜਲ ਦੇ ਨਾਲ, ਸਤਿਲੁਜ ਆਵੇਗਾ, ਮਾਲਵੇ ਦੇ ਵਿਚ। ੩।

ਸੁਨ ਬਚ ਜੰਗਲਨ ਦੀਨੋ ਮੋੜ॥ ਇਹ ਜੰਗਲ ਦੇ ਜੱਟ ਸਨ ਇਹ ਬਚਨ ਸੁਣ ਕੇ ਸਤਿਗੁਰਾਂ ਦਾ, ਅੱਗੋਂ (ਮੋੜ) ਜਵਾਬ ਦਿੱਤਾ ਹੈ ਇਹਨਾਂ ਨੇ, ਅੱਗੋਂ ਉੱਤਰ ਦਿੰਦੇ ਨੇ ਸਤਿਗੁਰਾਂ ਨੂੰ। ਕਿਉਂਕਿ ਏਡੇ ਵਿਚਾਰੇ ਸਿਆਣੇ ਨਹੀਂ ਸਨ। ਭੋਲੇ ਭਾਲੇ ਸਨ ਮੋਟੀ ਜਿਹੀ ਇਹਨਾਂ ਦੀ ਬੁੱਧੀ ਸੀ, ਅੜਬਾਂਗ ਬੋਲਾ ਸੀ।

'ਜਲ ਜਾਉਗ ਕਲ ਆਪਨੀ ਠੌੜ'॥ ਕਿਉਂਕਿ ਬਾਰਸ਼ ਹੋਈ ਹੋਈ ਸੀ ਦਰਿਆ ਵਾਂਗ ਪਾਣੀ ਖੜ੍ਹਾ ਸੀ, ਜਦੋਂ ਗੁਰੂ ਜੀ ਉਸ ਪਾਣੀ ਵੱਲ ਇਸ਼ਾਰਾ ਕਰਕੇ ਦੇਖੋ ਭਾਈ ਦਰਿਆ ਆ ਗਿਆ ਪਾਣੀ ਦਾ ਤਾਂ ਇਹ ਜੰਗਲੀ ਲੋਕ ਕਹਿਣ ਲੱਗੇ ਕਿ ਇਹ ਪਾਣੀ ਕਲ੍ਹ ਨੂੰ ਆਪਣੀ ਥਾਂ ਚਲਿਆ ਜਾਵੇਗਾ ਭਾਵ ਕਿ ਪਾਣੀ ਧਰਤੀ ਵਿਚ ਜ਼ੀਰ ਜਾਵੇਗਾ ਤੇ ਧਰਤੀ ਫੇਰ ਖੁਸ਼ਕ ਹੋ ਜਾਏਗੀ, ਕਿਉਂਕਿ ਰੇਤ ਦੇ ਟਿੱਬੇ ਜਿਉਂ ਹਨ।

ਫਿਰ ਸਤਿਗੁਰ ਉਨ ਬਚਨ ਸੁਨਾਏ॥ ਫੇਰ ਸਤਿਗੁਰਾਂ ਨੇ ਇਹਨਾਂ ਲੋਕਾਂ ਨੂੰ ਇਸ ਤਰ੍ਹਾਂ ਬਚਨ ਕਿਹਾ ਹੈ।

ਹਮ ਚਾਹੈਂ ਮਾਲਵੈ ਬਣਵਾਏ॥੪॥ ਇਹ ਮਾਲਵਾ ਉਜੈਨ ਦਾ ਇਲਾਕਾ ਹੈ ਜਿਥੇ ਹਰ ਵਸਤੂ ਹੁੰਦੀ ਹੈ। ਸਤਿਗੁਰੂ ਕਹਿਣ ਲੱਗੇ ਅਸੀਂ ਤਾਂ ਇਸਨੂੰ ਜੰਗਲ ਨਹੀਂ ਰਹਿਣ ਦੇਣਾ, ਅਸੀਂ ਤਾਂ ਏਸਨੂੰ ਮਾਲਵਾ ਬਣਾਉਣਾ ਚਾਹੁੰਦੇ ਹਾਂ, ਕਿ ਮਾਲੋ ਮਾਲ ਹੋ ਜਾਏ ਸਾਰਾ ਦੇਸ਼। ੪।

ਕਮਾਦ ਕਣਕ ਚਾਵਲ ਬਿਜਵਾਇ॥ ਅਸੀਂ ਤਾਂ ਏਥੇ ਕਮਾਦ ਕਣਕ ਤੇ ਚਾਵਲ ਆਦਿਕ ਬਿਜਾਵਾਂਗੇ। ਇਉਂ ਅਸੀਂ ਤਾਂ ਪਦਾਰਥ ਹੋਣ ਵਾਸਤੇ ਵਰਦਾਨ ਦੇਣਾ ਚਾਹੁੰਦੇ ਹਾਂ, ਸਾਡਾ ਦੇਸ਼ ਹੈ, ਸਾਡੇ ਸਿੱਖ ਹੋ ਗਏ ਇਹ, ਇਹ ਖੁਸ਼ੀਆਂ ਮਾਨਣ ਪਦਾਰਥ ਛਕਣ।

ਸਿਰਹੰਦ ਭੂਮ ਕੀ ਬ੍ਰਕਤ ਜਮਾਇ॥ ਸਰਹੰਦ ਦੀ ਧਰਤੀ ਦੀ ਸ਼ਿਹੜੀ ਬਰਕਤ ਹੈ, ਉਹ ਅਸੀਂ ਏਥੇ ਜਮਾਉਣੀ ਚਾਹੁੰਦੇ ਹਾਂ, ਜੋ ਪਦਾਰਥ ਉਥੇ ਮੇਵੇ ਹੁੰਦੇ ਨੇ ਏਥੇ ਲੱਗਣ।

ਤਉ ਡੱਲੈ ਸਿੰਘ ਮੋੜੀ ਬਾਤ॥ ਡੱਲਾ ਸਿੰਘ ਨੇ ਵੀ ਅੰਮ੍ਰਿਤ ਛਕ ਲਿਆ ਸੀ, ਪਰ ਹੈ ਤਾਂ ਅਜੇ ਐਧਰ ਦਾ ਰਹਿਣ ਵਾਲਾ ਨਾ ਉਹਨੇ ਅੱਗੋਂ ਸਤਿਗੁਰੂ ਜੀ ਨੂੰ ਉੱਤਰ ਦਿੱਤਾ ਹੈ।

'ਹਮ ਮੋਠ ਬਾਜਰੀ ਭਲੋ ਲਗਾਤ' ॥੫॥ ਮਹਾਰਾਜ! ਅਸੀਂ ਮੇਵੇ ਕੀ ਕਰਨੇ ਹਨ? ਸਾਨੂੰ ਤਾਂ ਮੋਠ ਬਾਜਰੇ ਦੀ ਖਿਚੜੀ ਹੋਵੇ ਤੇ ਦਹੀਂ ਪਾ ਕੇ ਖਾਈਏ, ਉਹ ਸਾਨੂੰ ਬਹੁਤ ਚੰਗੀ ਲੱਗਦੀ ਹੈ। ਅਸੀਂ ਕੀ ਕਰਨੇ ਹਨ ਕਣਕਾਂ ਤੇ ਚੌਲ, ਇਉਂ ਉਤਰ ਦਿੱਤਾ ਹੈ ਭਾਈ ਡੱਲੇ ਨੇ। ੫।

ਦੋਹਰਾ॥ ਤਉ ਸਤਿਗੁਰ ਗੁੱਸੋ ਕੀਯੋ, 'ਤੁਮ ਮਾਰੈ ਜੰਗਲੀਂ ਥਾਇ॥ ਸਤਿਗੁਰਾਂ ਨੇ ਕੁਛ ਨਰਾਜ਼ਗੀ ਪ੍ਰਗਟ ਕੀਤੀ, ਕਹਿੰਦੇ ਜਾਹ ਡੱਲਿਆ! ਤੂੰ ਆਹ ਜੰਗਲ ਦੇ ਲੋਕ ਮਾਰੇ ਥਾਂ ਤੇ, ਓ ਅਸੀਂ ਇਹਨਾਂ ਨੂੰ ਪਦਾਰਥ ਦਿੰਦੇ ਹਾਂ, ਇਹਨਾਂ ਨੂੰ ਵਰਦਾਨ ਦਿੰਦੇ ਹਾਂ, ਇਹਨਾਂ ਨੂੰ ਜਲ ਦਿੰਦੇ ਹਾਂ ਖੁਲ੍ਹੇ ਤੇ ਤੂੰ ਕੀ ਮੋੜ ਦਿੱਤਾ? ਬਾਜਰੀ ਤੇ ਮੋਠ ਹੀ ਸਾਨੂੰ ਚੰਗੇ ਲੱਗਦੇ ਨੇ, ਇਹ ਨਹੀਂ ਠੀਕ।

ਹਮ ਭੂਮ ਬਨਾਵਨ ਮਾਲਵਾ, ਜਾਵੈਂ ਤੁਮੈ ਕਰਾਇ' ॥੬॥ ਅਸੀਂ ਤਾਂ ਧਰਤੀ ਨੂੰ (ਮਾਲਵਾ) ਮਾਲੋ ਮਾਲ ਬਣਾਉਣਾ ਚਾਹੁੰਦੇ ਹਾਂ, ਉਜੈਨ ਦੀ ਧਰਤੀ ਵਰਗਾ ਤੇ ਤੂੰ ਮਾਰ ਘੱਤਿਆ ਇਹਨਾਂ ਨੂੰ ਅੱਗੋਂ ਮੋੜ ਦਿੰਨਾਂ, ਨਹੀਂ ਜੀ ਸਾਨੂੰ ਇਹ ਚੰਗੇ ਹੀ ਨਹੀਂ ਲੱਗਦੇ ਪਦਾਰਥ, ਤੇਰੇ ਦੇਸ਼ ਜੰਗਲ ਨੂੰ ਮਾਲਵਾ ਕਰਵਾ ਕੇ ਜਾਵਾਂਗੇ। ੬।

ਅਥਿ ਦੱਖਣ ਕੇ ਤੁਰਨੇ ਕੀ ਸਾਖੀ।
(ਦੱਖਣ ਨੂੰ ਤੁਰਨਾ, ਤੇ ਡੱਲੇ ਆਦਿਕਾਂ ਦਾ ਮੁੜਨਾ)

ਦੋਹਰਾ॥ ਸਤਿਗੁਰ ਤਲਵੰਡੀ ਖੜੇ, ਧਿਆਨ ਸੁਕੇਤ ਲਗਾਇ॥ ਇਕ ਦਿਨ ਸਤਿਗੁਰੂ ਜੀ ਤਲਵੰਡੀ ਵਿਖੇ ਖੜ੍ਹੇ ਸਨ, ਮਹਾਰਾਜ ਜੀ ਨੇ ਦੂਰ ਤਾਈਂ ਇਉਂ ਧਿਆਨ ਕੀਤਾ ਹੈ।

ਆਇ ਦਖਣੋਂ ਇਕ ਸਿਖ ਕਹੀ, 'ਪਯੋ ਨੌਰੰਗ ਦੋਜ਼ਕ ਗਾਹਿ' ॥੧॥ ਇਕ ਸਿਖ ਦੱਖਣ ਦੀ ਦਿਸ਼ਾ ਤੋਂ ਆਇਆ, ਕਿਉਂਕਿ ਔਰੰਗਜ਼ੇਬ ਔਰੰਗਾਬਾਦ ਦੱਖਣ ਵਿਚ ਰਹਿੰਦਾ ਸੀ। ਉਸਨੇ ਆ ਕੇ ਖਬਰ ਦਿੱਤੀ ਸੱਚੇ ਪਾਤਸ਼ਾਹ! ਔਰੰਗਾ (ਦੋਜ਼ਕ) ਨਰਕ ਵਿਚ ਜਾ ਪਿਆ ਹੈ ਭਾਵ ਤੁਹਾਡੀ ਚਿੱਠੀ ਨੂੰ ਦੇਖਦਿਆਂ ਹੀ ਮਰ ਗਿਆ ਹੈ। ਜਫ਼ਰਨਾਮਾ ਕੁਛ ਪੜ੍ਹਿਆ ਸੀ ਅਜੇ ਕੁਛ ਰਹਿੰਦਾ ਸੀ ਕਿ ਪਹਿਲਾਂ ਹੀ ਫੌਤ ਹੋ ਗਿਆ। ੧।

ਚੌਪਈ॥ ਸੁਨ ਸਤਿਗੁਰ ਯੌ ਬਚਨ ਉਚਾਰੇ॥ ਉਸ ਗੁਰ ਸਿਖ ਤੋਂ ਔਰੰਗੇ ਦਾ ਮਰਣਾ ਸੁਣਕੇ, ਸਤਿਗੁਰੂ ਜੀ ਨੇ ਇਉਂ ਬਚਨ ਕੀਤਾ।

'ਉਸ ਲੜਾਇ ਸੁਤ ਦੱਯੈ ਮਾਰੇ॥ ਸਾਹਿਬ ਜੀ ਕਹਿਣ ਲੱਗੇ ਠੀਕ ਹੈ, ਹੁਣ ਆਪਾਂ ਚਲੀਏ ਐਥੋਂ ਕੂਚ ਕਰੀਏ ਹੁਣ ਉਹਦੇ ਪੁੱਤਰਾਂ ਨੂੰ ਲੜਾਈਏ, ਲੜਾਕੇ ਉਹਨਾਂ ਨੂੰ ਮਰਵਾ ਦੇਈਏ ਆਪਸ ਵਿਚੀਂ।

ਅਬ ਦੱਖਣ ਕੀ ਕਰੀਐ ਚੜ੍ਹਾਈ'॥ ਹੁਣ ਦੱਖਣ ਦਿਸ਼ਾ ਨੂੰ ਚੜ੍ਹਾਈ ਕਰ ਦੇਈਏ, ਓਧਰ ਨੂੰ ਕੂਚ ਕਰੀਏ।

ਇਮ ਸਿੰਘਨ ਗੁਰ ਉਚਰ ਸੁਨਾਈ॥੨॥ ਇਉਂ ਸਿੰਘਾਂ ਨੂੰ ਸਤਿਗੁਰੂ ਜੀ ਨੇ ਉਚਾਰ ਕੇ ਸੁਣਾਇਆ ਹੈ। ੨।

ਦੋਹਰਾ॥ ਸਤਿਗੁਰ ਆਖਯੋ 'ਡੱਲ ਸਿੰਘਾ, ਚਲ ਤੂੰ ਹਮਰੈ ਨਾਲ॥ ਜਦੋਂ ਤਿਆਰੀ ਲਈ ਸਭ ਗੱਲ ਬਾਤ ਤਹਿ ਹੋ ਗਈ, ਸਤਿਗੁਰੂ ਦੇਖੋ ਕਿਤਨੇ ਮਿਹਰਵਾਨ ਹਨ ਕਹਿੰਦੇ ਡੱਲ ਸਿੰਘਾ ਤੂੰ ਵੀ ਸਾਡੇ ਨਾਲ ਚਲ।

ਤੁਮ ਕੌ ਦਿੱਲੀਪਤਿ ਕਰੋਂ, ਔ ਪਤਿ ਦਿੱਲੀ ਗਾਲ' ॥੩॥ ਦਿੱਲੀ ਦੇ (ਪਤਿ) ਬਾਦਸ਼ਾਹ ਨੂੰ ਤਾਂ ਗਾਲ ਦੇਣਾ, ਉਹਨੂੰ ਤਾਂ ਛੱਡਣਾ ਹੀ ਨਹੀਂ, ਚੱਲ ਤੈਨੂੰ ਦਿੱਲੀ ਦਾ ਬਾਦਸ਼ਾਹ ਬਣਾਈਏ। ਸਾਡੇ ਨਾਲ ਚੱਲ ਤਖਤ ਤਾਜ ਦਾ ਮਾਲਕ ਬਣਾਈਏ। ੩।

ਚੌਪਈ॥ ਢਿਗ ਡੱਲੇ ਥੋ ਖੜੋ ਲਘੁ ਭ੍ਰਾਤ॥ ਡੱਲੇ ਦੇ ਕੋਲ ਉਹਦਾ ਛੋਟਾ ਭਰਾ ਮੱਲਾ ਖੜਾ ਸੀ।

ਕਹੀ ਡੱਲੈ ਵਲ ਮੋੜ ਮੁਖ ਬਾਤ॥ ਉਸਨੇ ਝੱਟ ਡੱਲੇ ਵਲ ਮੂੰਹ ਕਰ ਕੇ ਇਉਂ ਗੱਲ ਕਹੀ ਆਪਦੇ ਭਰਾ ਨੂੰ।

'ਦੇਉਗ ਪਤਸ਼ਾਹੀ ਤੁਧ ਭੀ ਐਸੀ॥ ਕਹਿੰਦਾ ਹੋਜਾ ਤਿਆਰ ਗੁਰਾਂ ਦੇ ਨਾਲ ਜਾਣ ਵਾਸਤੇ, ਤੈਨੂੰ ਭੀ ਐਹੋ ਜਿਹੀ ਪਾਤਸ਼ਾਹੀ ਦੇਵੇਗਾ ਯਾਦ ਕਰੇਂਗਾ।

ਨਿਜ ਪੁੱਤਰਨ ਕੋ ਦੀਨੀ ਜੈਸੀ' ॥੪॥ ਜਿਵੇਂ ਆਪਣੇ ਸਾਹਿਬਜ਼ਾਦਿਆਂ ਨੂੰ ਪਾਤਸ਼ਾਹੀ ਦੇ ਦਿੱਤੀ ਹੈ। ਭਾਵ ਇਹਨੇ ਤਾਹਨਾ ਮਾਰਿਆ ਕਿ ਉਨ੍ਹਾਂ ਨੂੰ ਮਰਵਾ ਦਿੱਤਾ ਸ਼ਹੀਦ ਕਰਵਾ ਦਿੱਤਾ ਤੇ ਤੈਨੂੰ ਮਰਵਾ ਦੇਣਗੇ, ਚਲ ਖਾਂ ਜਾਹ ਇਹਨਾਂ ਦੇ ਆਖੇ ਲੱਗ। ੪।

ਯਹੀ ਗੱਲ ਗੁਰ ਪ੍ਰੋਹਤ ਸੁਨੀ॥ ਗੁਰੂ ਘਰ ਦੇ ਪ੍ਰੋਹਤ ਨਾਲ ਤੁਰੇ ਆਏ ਹਨ ਗੁਰੂ ਨਾਨਕ ਸਾਹਿਬ ਤੋਂ ਲੈ ਕੇ ਇਹ ਪੰਡਤ ਖਾਨਦਾਨ ਜਿਹੜਾ ਇਹ ਗੁਰੂ ਕੇ ਸਿੱਖ ਬਣ ਗਏ ਨੇ। ਇਹ ਸੀਂਹੇ ਪ੍ਰੋਹਤ ਵਰਗੇ ਬੜੇ ਸੂਰਮੇ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਨਾਲ ਰਹੇ ਨੇ। ਇਸ ਤਰ੍ਹਾਂ ਗੁਰੂ ਕਾ ਪ੍ਰੋਹਤ ਨਾਲ ਸੀ। ਇਹ ਪ੍ਰੋਹਤ ਦੇ ਕੰਨ ਗੱਲ ਪਈ। ਇਹਨੇ ਕੀ ਕਹਿ ਦਿੱਤਾ ਜੱਟ ਨੇ।

ਬੋਲਯੋ ਗੁਰ ਸੰਗ ਵਹੁ ਸਿਰ ਧੁਨੀ॥ ਉਹ ਪ੍ਰੋਹਤ ਸਤਿਗੁਰੂ ਜੀ ਦੇ ਪਾਸ ਆਇਆ ਹੈ, (ਸਿਰ ਧੁਨਿਆ) ਸਿਰ ਹਿਲਾ ਕੇ ਬੋਲਿਆ ਹੈ ਕਹਿੰਦਾ ਮਹਾਰਾਜ! ਐਹ ਕਿਹੋ ਜਿਹੇ ਬੰਦੇ ਨੇ? ਇਹ ਕਿਹੋ ਜਿਹੀਆਂ ਗੱਲਾਂ ਕਰਦੇ ਨੇ? ਇਹਨਾਂ ਨੂੰ ਸਮਝ ਸੋਝੀ ਕੋਈ ਨਹੀਂ ਹੈ।

'ਮੈਂ ਰਹਯੋ ਬਹੁਤ ਬਾਰ ਸਮਝਾਇ॥ ਉਹ ਕਹਿਣ ਲੱਗਾ ਮਹਾਰਾਜ! ਮੈਂ ਅੱਗੇ ਤੁਹਾਨੂੰ ਕਿੰਨੀ ਵਾਰ ਬੇਨਤੀ ਕਰ ਚੁੱਕਾ ਹਾਂ ਕਿ ਇਹਨਾਂ ਲੋਕਾਂ ਨੂੰ ਵਰਦਾਨ ਦਿੱਤੇ ਦਾ ਕੋਈ ਲਾਭ ਨਹੀਂ। ਇਹ ਲੋਕ ਤਾਂ ਬੜੇ ਅੜਬਾਂਗ ਨੇ, ਇਹ ਤੇ ਬੋਲਦੇ ਹੀ ਕਸੂਤਾ ਹਨ।

ਛੇੜ ਜਟਨ ਕੁਛ ਲਯੋ ਕਹਾਇ॥੫॥ ਆ ਜੱਟਾਂ ਨੂੰ ਛੇੜ ਕੇ ਕਹਾ ਲਿਆ ਨਾ, ਜਿਹੜਾ ਕੁਛ ਨਹੀਂ ਸੀ ਕਹਾਉਣਾ। ੫।

ਯਹ ਜੰਗਲੀ ਜਟ ਗੁਣ ਨਿਤ ਨਵੇਂ ਚਾਹੈਂ॥ ਹੇ ਸੱਚੇ ਪਾਤਸ਼ਾਹ! ਇਹ ਜੰਗਲ ਦੇ ਜੱਟ ਨੇ, ਇਹ ਤਾਂ ਨਿੱਤ ਨਵਾਂ ਗੁਣ ਚਾਹੁੰਦੇ ਨੇ।

ਭੀ ਪਿਛੋਂ ਨਿੰਦਾ ਸੁਨਵਾਵੀਂਹ' ॥ ਅਤੇ ਮੂੰਹ ਤੇ ਤਾਂ ਨਹੀਂ, ਜੇ ਨਾ ਉਹਨਾਂ ਦਾ ਕੰਮ ਸਰੇ, ਪਿਛੋਂ ਉਦੋਂ ਹੀ ਨਿੰਦਿਆ ਕਰਨ ਲੱਗ ਜਾਣਗੇ। ਲਉ ਇੱਕ ਕੰਮ ਕਿਹਾ ਸੀ ਉਹੀ ਨਹੀਂ ਕੀਤਾ।

ਕਹਯੋ ਗੁਰ 'ਹਮ ਜਟ ਛੇੜੈਂ ਕਾਇ' ॥ ਇਹ ਪ੍ਰੋਹਤ ਨੂੰ ਕਹਿੰਦੇ ਨੇ ਸਾਨੂੰ ਕੀ ਲੋੜ ਪਈ ਹੈ, ਇਹਨਾਂ ਜੱਟਾਂ ਨੂੰ, ਅਸੀਂ ਨਹੀਂ ਛੇੜਦੇ ਇਹਨਾਂ ਨੂੰ। ਕੁਛ ਨਹੀਂ ਆਖਦੇ।

ਪ੍ਰੋਹਤ ਕਹਯੋ 'ਪੁਤ ਲਏ ਮੁਏ ਅਖਵਾਇ' ॥੬॥ ਪ੍ਰੋਹਤ ਕਹਿੰਦਾ ਆਹ ਪੁਤ੍ਰ ਮੂਏ ਤਾਂ ਅਖਵਾ ਲਿਆ ਹੈ ਹੋਰ ਕੀ ਇਹਨਾਂ ਨੂੰ ਛੇੜਨਾ? ਹੋਰ ਕੀ ਇਹਨਾਂ ਤੋਂ ਕਹਾਉਣਾ? ਆਹ ਵੱਡੀ ਗੱਲ ਕਹਿ ਦਿੱਤੀ ਇਹਨਾਂ ਨੇ, ਤੈਨੂੰ ਓਹੋ ਜਿਹੀ ਪਾਤਸ਼ਾਹੀ ਦੇਊ, ਜਿਹੋ ਜਿਹੀ ਆਪਣੇ ਸਾਹਿਬਜ਼ਾਦਿਆਂ ਨੂੰ ਦੇ ਕੇ ਆਏ ਨੇ। ਭਾਵ ਉਹਨਾਂ ਨੂੰ ਮਰਵਾ ਆਏ ਨੇ ਹੁਣ ਤੈਨੂੰ ਮਰਵਾ ਦੇਣਗੇ ਜਾ ਕੇ, ਗੱਲ ਤਾਂ ਏਥੇ ਮੁਕਦੀ ਹੈ ਜਾ ਕੇ। ੬।

ਸਤਿਗੁਰ ਕਹੀ 'ਪੁਤ ਇਸ ਮਰ ਗਏ॥ ਸਤਿਗੁਰੂ ਜੀ ਕਹਿੰਦੇ ਇਹਦੇ ਹੀ ਮਰ ਗਏ ਨੇ ਪੁੱਤ। ਸਾਡੇ ਪੁੱਤ ਤਾਂ ਨਵੇਂ ਨਿਰੋਏ ਨੇ।

ਹਮ ਸਿਖ ਪੂਤ ਸੁ ਠਾਂਢੇ ਭਏ' ॥ ਆਹ ਸਾਰੇ ਸਿਖ ਸਾਡੇ ਸਪੁੱਤਰ ਨੇ, ਹੈ ਸਾਵਧਾਨ ਖੜ੍ਹੇ, ਬਰਛੇ ਫੜੇ ਨੇ ਹੱਥਾਂ ਵਿਚ, ਸਾਡੇ ਤਾਂ ਇਹ ਪੁਤ੍ਰ ਨੇ, ਪੁਤ ਤਾਂ ਮਰੇ ਨੇ ਡੱਲੇ ਦੇ, ਜਿਹੜਾ ਏਸ ਤਰ੍ਹਾਂ ਦੀ ਨੀਤ ਕਰਕੇ ਗੁਰੂ ਅੱਗੇ ਸੁਆਲ ਜੁਆਬ ਕਰਦਾ।

ਇਤਨੀ ਕਹਨ ਤੁਰਤ ਡੱਲੇ ਪੁਤ ਮਰਾ॥ ਇਤਿਹਾਸ ਵਿਚ ਪਿਛੇ ਵੀ ਦੱਸ ਕੇ ਆਏ ਹਾਂ ਕਿ ਜਦੋਂ ਤੋਂ ਸਤਿਗੁਰੂ ਜੀ ਸ੍ਰੀ ਅਨੰਦਪੁਰ ਤੋਂ ਤੁਰੇ ਹਨ, ਜਿਸਨੂੰ ਵਰ ਸਰਾਪ ਦਿੱਤਾ ਤੁਰੰਤ ਫੁਰ ਪਿਆ ਉਹ ਭਾਵ ਉਦੋਂ ਹੀ ਪੂਰਾ ਹੋਇਆ। ਸਤਿਗੁਰੂ ਦੇ ਏਸ ਤਰ੍ਹਾਂ ਕਹਿਣ ਦੀ ਦੇਰ ਸੀ ਤੁਰੰਤ ਹੀ ਡੱਲੇ ਦਾ ਪੁੱਤਰ ਮਰ ਗਿਆ, ਐਸੀ ਵਾਰਤਾ ਹੋਈ।

ਤਬ ਡੇਰਾ ਗੁਰ ਕੂਚਹ ਕਰਾ॥ ੭॥ ਸਤਿਗੁਰਾਂ ਨੇ ਹੁਕਮ ਦੇ ਦਿੱਤਾ ਲਾਓ ਨਗਾਰੇ ਤੇ ਚੋਟ, ਏਥੋਂ ਡੇਰਾ ਕੂਚ ਕਰ ਦਿੱਤਾ ਹੈ। ੭।

ਦੋਹਰਾ॥ ਨੌ ਮਹੀਨੈ ਤੇ ਨੌ ਦਿਨੈ, ਤਲਵੰਡੀ ਰਖੈ ਮੁਕਾਮ॥ ਇਥੇ ਸਾਬੋ ਕੀ ਤਲਵੰਡੀ ਵਿਚ ਸੱਚੇ ਪਾਤਸ਼ਾਹ ਜੀ ਨੇ ਨੌਂ ਮਹੀਨੇ ਨੌਂ ਦਿਨ ਬਿਸ੍ਰਾਮ ਕੀਤਾ ਹੈ।

ਡੇਰਾ ਤੋਰਾ ਰੁਖ ਦਖਣ, ਛੱਡ ਤੁਰਕਨ ਬਡ ਥਾਮ॥੮॥ ਸਤਿਗੁਰੂ ਜੀ ਨੇ ਇਥੋਂ ਡੇਰਾ ਕੂਚ ਕਰਕੇ ਦੱਖਣ ਦੀ (ਰੁੱਖ) ਤਰਫ ਡੇਰਾ ਤੋਰਿਆ ਹੈ ਛੱਡ ਕੇ ਤੁਰਕਾਂ ਦੀਆਂ ਵੱਡੀਆਂ ਥਾਂਵਾਂ ਨੂੰ। ੮।

ਚੌਪਈ॥ ਡੱਲਾ ਗੁਰ ਤੇ ਬੇਮੁਖ ਭਯੋ॥ ਡੱਲਾ ਬੇਮੁਖ ਹੋ ਗਿਆ ਸਤਿਗੁਰਾਂ ਤੋਂ, ਇਹਨੂੰ ਵੀ ਕਿਹਾ ਚੱਲ ਨਾਲ, ਚੱਲ ਤੈਨੂੰ ਬਾਦਸ਼ਾਹੀ ਦੇਈਏ। ਪਾਰ ਨਾਂਹ, ਇਹਦੇ ਦਿਲ ਨੂੰ ਲੱਗੀ ਨਹੀਂ ਇਹ ਗੱਲ, ਪਸੰਦ ਹੀ ਨਹੀਂ ਆਈ, ਸਤਿਗੁਰੂ ਜੋ ਕਹਿ ਰਹਿ ਨੇ ਉਹ ਹੋ ਜਾਣਾ ਹੈ। ਇਸ ਤਰ੍ਹਾਂ ਡੱਲਾ ਸਤਿਗੁਰਾਂ ਤੋਂ ਬੇਮੁਖ ਹੋ ਗਿਆ ਬਚਨ ਨਾ ਮੰਨਿਆ।

ਦੋਇ ਤਿੰਨ ਡੇਰਨ ਤੁਰਤ ਮੁੜ ਪਯੋ॥ ਦੋ ਤਿੰਨ ਡੇਰੇ ਗਿਆ ਐਥੋਂ ਝੰਡੇ ਸਾਹਿਬ ਤਾਈਂ ਗਿਆ ਸਿਰਫ, ਝੰਡਾ ਸਾਹਿਬ ਏਸ ਨੂੰ ਖੰਡਾ ਫੜਾ ਕੇ ਪਹਿਰੇ ਤੇ ਖੜ੍ਹਾ ਕੀਤਾ, ਰਾਤ ਨੂੰ ਅੱਧੀ ਰਾਤੀਂ ਖੰਡਾ ਸਤਿਗੁਰੂ ਜੀ ਦੇ ਪਲੰਘ ਦੇ ਪਾਵੇ ਨਾਲ ਖੜ੍ਹਾਂ ਕਰਕੇ ਤੇ ਆਪ ਕੂਚ ਕਰ ਗਿਆ, ਭਾਵ ਏਧਰ ਨੂੰ ਮੁੜ ਆਇਆ ਦਮਦਮੇ ਨੂੰ।

ਔਰ ਜੰਗਲੀ ਕਿਛ ਸੰਗ ਤੁਰੇ॥ ਹੋਰ ਜੋ ਜੰਗਲ ਦੇ ਏਸ ਇਲਾਕੇ ਦੇ ਸਨ ਕੁਛ ਕੁ ਉਹ ਵੀ ਨਾਲ ਹਨ ਸਤਿਗੁਰੂ ਦੇ।

ਬੇਈਮਾਨ ਹੁਇ ਵਹੁ ਭੀ ਮੁੜੇ॥੯॥ ਉਹਨਾਂ ਨੇ ਵੀ ਸਤਿਗੁਰਾਂ ਦੇ ਨਾਲ ਬਚਨ ਤਾਂ ਚਲਾਂਗੇ ਮਹਾਰਾਜ ਨਾਲ, ਇਹ ਡੱਲੇ ਨੂੰ ਵੇਖ ਕੇ ਰਾਹ ਵਿਚ ਮਨ ਬੇਈਮਾਨ ਹੋ ਗਿਆ, ਪਤਾ ਨਹੀਂ ਕਿਧਰ ਨੂੰ ਲੈ ਚੱਲੇ ਸਾਨੂੰ ਇਸ ਤਰ੍ਹਾਂ ਉਹ ਵੀ ਮਹਾਰਾਜ ਨੂੰ ਛੱਡ ਕੇ ਕੋਈ ਚੋਰੀ ਕੋਈ ਕਿਵੇਂ, ਬੇਈਮਾਨ ਹੋ ਕੇ ਬਹਾਨੇ ਨਾਲ ਪਿਛਾਂਹ ਮੁੜ ਆਏ ਸਾਰੇ। ੯।

ਹੁਤੋ 'ਕੌਲਾ' ਸੋਢੀ ਕੋਠੈ ਵਾਰਾ॥ ਆਹ ਗੁਰੂ ਕੋਠਾ ਪਿੰਡ ਹੈ ਐਥੇ ਨੇੜੇ ਹੀ, ਉਥੇ ਸੋਢੀਆਂ ਦੇ ਘਰ ਨੇ ਉਥੇ ਕੌਲ ਸੋਢੀ ਜੋ ਕੋਠੇ ਗੁਰੂ ਵਾਲੇ ਪਿੰਡ ਦਾ ਸੀ।

ਸੁਨਯੋ ਉਨੈ ਸੁਤ ਲਗਯੋ ਹਮਾਰਾ॥ ਉਸਨੇ ਸੁਣਿਆ ਮੇਰੇ ਪੁੱਤਰ ਨੂੰ ਵੀ ਗੁਰੂ ਸਾਹਿਬ ਦੱਖਣ ਨੂੰ ਨਾਲ ਲੈ ਗਿਆ।

ਉਨ ਮਗਰੋਂ ਦੀਵਾਨ ਦੌੜਾਏ॥ ਕੌਲ ਸੋਢੀ ਹੋਰੀਂ ਏਸ ਇਲਾਕੇ ਦਾ ਤਕੜਾ ਬੰਦਾ ਸੀ ਸਰਕਾਰ ਵਲੋਂ ਜਗੀਰ ਮਿਲੀ ਹੋਈ ਸੀ, ਚੌਧਰੀ ਸੀ ਏਸ ਇਲਾਕੇ ਦਾ ਉਸਨੇ ਆਪਣਾ (ਦੀਵਾਨ) ਆਪਣੇ ਕਾਰੋਬਾਰੀ ਜੁੰਮੇਵਾਰ ਬੰਦੇ ਮਗਰ ਭਜਾਏ। ਓ ਮੇਰੇ ਮੁੰਡੇ ਨੂੰ ਤਾਂ ਮੋੜ ਕੇ ਲਿਆਓ। ਖ਼ਬਰੇ ਕਿਧਰ ਲੈ ਜਾਣਗੇ ਦੱਖਣ ਨੂੰ।

ਸਣ ਪਲੰਘ ਉਸ ਚੱਕ ਲਿਆਏ॥੧੦॥ ਰਾਤ ਨੂੰ ਕੌਲ ਸੋਢੀ ਦਾ ਪੁੱਤਰ ਅਭੈ ਰਾਮ ਪਲੰਘ ਤੇ ਸੁੱਤਾ ਪਿਆ ਸੀ, ਉਹਨਾਂ ਨੇ ਉਹਦਾ ਪਲੰਘ ਸਹਿਜ ਨਾਲ ਚੁੱਕ ਲਿਆ, ਸਣੇ ਪਲੰਘ ਸੁੱਤੇ ਪਏ ਨੂੰ ਚੁੱਕ ਲਿਆਏ ਹਨ। ੧੦।

ਜਬ ਸਤਿਗੁਰ ਸੋਢੀ ਬੁਲਵਾਯੋ॥ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਕਿਹਾ ਸੋਢੀ ਕਿਥੇ ਹੈ ਹਾਜ਼ਰ ਨੇ, ਸਿੱਖਾਂ ਨੂੰ ਕਿਹਾ ਪਤਾ ਕਰੋ ਕਿ ਸੋਢੀਆਂ ਦਾ ਡੇਰਾ ਨਾਲ ਹੈ ਕਿ ਭੱਜ ਗਏ ਉਹਨਾਂ ਵਾਲ੍ਹੇ। ਜਦ ਬੁਲਾਇਆ ਸੋਢੀ ਨੂੰ ਸਿਖ ਭੇਜ ਕੇ ਮਹਾਰਾਜ।

ਲੋਕਨ ਡੇਰਾ ਖਾਲੀ ਬਤਾਯੋ॥ ਤਾਂ ਸਿੱਖਾਂ ਨੇ ਕਿਹਾ ਉਹਦਾ ਡੇਰਾ ਤਾਂ ਭਾਂ ਭਾਂ ਕਰਦਾ, ਕੋਈ ਸੋਢੀ ਨਹੀਂ ਏਥੇ ਰਹਿ ਗਿਆ ਸਭ ਨੱਠ ਗਏ ਨੇ ਰਾਤ ਨੂੰ।

ਇਸੀ ਤੌਰ ਬਹੁ ਲੋਕ ਨਠ ਆਏ॥ ਤਲਵੰਡੀ ਸਾਬੋ ਤੋਂ ਤੁਰੇ ਤਾਂ ਬਹੁਤ ਲੋਕ ਸਨ ਚਲੋ ਤੁਹਾਨੂੰ ਦਿੱਲੀ ਦੀ ਪਾਤਸ਼ਾਹੀ ਦੇਵਾਂਗੇ, ਏਥੋਂ ਤਾਂ ਹੋ ਗਏ ਤਿਆਰ ਇਹ ਲੋਕ, ਪਰ ਉਥੇ ਰਾਹ ਦੇ ਵਿਚ ਜਦੋਂ ਦੇਖਿਆ ਲੋਆਂ ਵਗਦੀਆਂ ਤੇ ਟਿੱਬਿਆਂ ਦਾ ਰਾਹ, ਤੇ ਘਬਰਾ ਚੜ੍ਹ ਗਿਆ। ਏਸ ਤਰੀਕੇ ਨਾਲ ਹੋਰ ਬਹੁਤ ਸਾਰੇ ਉਥੋਂ ਬਹਾਨੇ ਬਣਾ ਬਣਾ ਭੱਜੇ ਆਏ ਪਿਛੇ ਨੂੰ।

ਤੌ ਨਠ ਜੰਗਲੀ ਗੁਰੈ ਤਕਾਏ॥੧੧॥ ਤਾਂ ਸਤਿਗੁਰੂ ਜੀ ਨੇ ਵੇਖਿਆ ਇਹ ਤਾਂ ਜਿੰਨੇ ਜੰਗਲ ਦੇ ਸਿੱਖ ਨਾਲ ਆਏ ਸਨ ਸਭ ਭੱਜ ਗਏ ਹਨ। ੧੧।

ਰਹੇ ਮੌਜੂਦ ਗੁਰ ਸੰਗ ਘਰ ਚਾਰ॥ ਏਸ ਦੇਸ਼ ਦੇ ਵਿਚੋਂ ਜਿਹੜੇ ਤੁਰੇ ਸਨ ਨਾਲ, ਚਾਰ ਖਾਨਦਾਨ ਚਾਰ ਘਰ ਸਿਰਫ ਰਹਿ ਗਏ ਮਹਾਰਾਜ ਦੇ ਨਾਲ, ਬਾਕੀ ਜਿੰਨੇ ਗਏ ਸੈਂਕੜਿਆਂ ਦੀ ਗਿਣਤੀ ਵਿਚ ਸਭ ਰਾਤ ਨੂੰ ਕੂਚ ਕਰ ਗਏ, ਏਧਰ ਨੂੰ ਮੁੜ ਆਏ ਘਰਾਂ ਨੂੰ।

ਮੋਹਨ, ਭਗਤੂ, ਬਹਲੋ, ਰੂਪੇ ਵਾਰ॥ ਮਰੂਾਜ ਵਾਲੇ ਮੋਹਨ ਕੇ, ਭਾਈ ਭਗਤੂ, ਭਾਈ ਬਹਲੋ ਭਾਈ ਕੇ ਫਫੜੇ, ਤੇ ਭਾਈ ਰੂਪੇ ਵਾਲੇ ਵਿਚੋਂ ਇਹ ਚਾਰ ਖਾਨਦਾਨ ਸਿਰਫ ਰਹਿ ਗਏ ਬਾਕੀ ਸਭ ਭੱਜ ਆਏ।

ਗਏ ਸਤਿਗੁਰੂ ਸੰਗ ਬਹੁ ਦੂਰ॥ ਇਹ ਮਹਾਰਾਜ ਜੀ ਨਾਲ ਬਹੁਤ ਦੂਰ ਤਾਈਂ ਗਏ ਨੇ, ਜਿੰਨਾਂ ਚਿਰ ਸਤਿਗੁਰਾਂ ਨੇ ਹੁਕਮ ਨਹੀਂ ਕੀਤਾ ਮੁੜਨ ਦਾ, ਉਨਾਂ ਚਿਰ ਨਹੀਂ ਮੁੜੇ। ਛੱਡ ਕੇ ਨਹੀਂ ਭੱਜੇ ਸਤਿਗੁਰਾਂ ਨੂੰ।

ਸੋ ਹਟੇ ਖੁਸ਼ੀ ਲੈ ਮੁਖੋਂ ਹਜ਼ੂਰ॥੧੨॥ (ਹਜ਼ੂਰ) ਸਤਿਗੁਰੂ ਜੀ ਨੇ ਖੁਸ਼ੀਆਂ ਬਖਸ਼ ਦਿੱਤੀਆਂ, ਕਿ ਜਾਓ ਭਾਈ ਹੁਣ ਤੁਸੀਂ ਆਪਦੇ ਘਰਾਂ ਵਿਚ ਸੁਖ ਨਾਲ ਵਸੋ ਤੁਹਾਡੀ ਸੇਵਾ ਥਾਂਇ ਪਈ ਹੈ, ਪ੍ਰਵਾਣ ਹੈ ਜਾਓ ਤੁਸੀਂ ਇਉਂ ਹੁਕਮ ਲੈ ਲੈ ਕੇ ਮਹਾਰਾਜ ਦੀ ਆਗਿਆ ਨਾਲ ਆਏ ਹਨ। ੧੨।

ਇਤਿ ਸ੍ਰੀ ਪੰਥ ਪ੍ਰਕਾਸ਼ੇ ਸਾਖੀ ਮਾਲਵੈ ਕੀ ਸੰਪੂਰਣਹਿ॥

ਪ੍ਰਿਥਮ ਬੰਦੇ ਕੀ ਸਾਖੀ ਲਿਖਯਤੇ

(ਦਾਦੂ ਦੁਆਰੇ ਮਹੰਤ ਜੈਤ ਰਾਮ ਨਾਲ ਮੇਲ)

ਦੋਹਰਾ॥ ਜਬ ਸਤਿਗੁਰ ਦੱਖਣ ਪੁਜੇ, ਜਹਿੰ ਥੋ ਦਾਦੂ ਦ੍ਵਾਰ॥ ਇਹ ਦੱਖਣ ਦਿਸ਼ਾ ਜੈਪੁਰ ਦੇ ਨੇੜੇ ਜਾ ਕੇ ਉਥੇ ਦਾਦੂ ਦਾ ਦੁਆਰਾ ਹੈ। ਸੰਤ ਦਾਦੂ ਜੀ ਹੋਏ ਨੇ ਮਹਾਪੁਰਸ਼, ਉਹਨਾਂ ਦਾ ਡੇਰਾ ਹੈ ਦਾਦੂ ਪੰਥੀਆਂ ਦੀ ਸੰਪਰਦਾਇ ਉਥੋਂ ਚਲਦੀ ਹੈ। ਉਹਨਾਂ ਦਾ ਮੁਖੀ ਡੇਰਾ ਜੋ ਹੈ ਉਸ ਥਾਂ ਤੇ ਹੈ।

ਡੇਰਾ ਲਾਯਾ ਦੇਖ ਥਾਂਮ, ਸੰਗ ਪੰਜ ਸਤ ਸਿੰਘ ਹਜ਼ਾਰ॥੧॥ ਸਤਿਗੁਰੂ ਜੀ ਦੇ ਨਾਲ ਪੰਜ ਸੱਤ ਹਜ਼ਾਰ ਸਿੰਘ ਸੀ। ਸ੍ਰੀ ਅਨੰਦਪੁਰ ਸਾਹਿਬ ਵਿਚ ਸਿਰਫ ਚਾਰ ਹਜ਼ਾਰ ਸੀ। ਏਥੇ ਸੱਤ ਅੱਠ ਹਜ਼ਾਰ ਸਿੰਘ ਹੋ ਗਿਆ ਸਤਿਗੁਰਾਂ ਦੇ ਨਾਲ ਤੇ ਸਾਮਾਨ ਵੀ ਅਨੰਦਪੁਰ ਸਾਹਿਬ ਨਾਲੋਂ ਦੁਗਣਾ ਤਿਗਣਾ ਹੋ ਗਿਆ ਸੀ। ਇਹ ਡੇਰਾ ਜੋ ਦਾਦੂ ਦੁਆਰਾ ਹੈ ਉਸਦੇ ਚਾਰ ਚੁਫੇਰੇ ਖੁੱਲ੍ਹੀ ਥਾਂ ਪਈ ਏ ਦਰੱਖਤ ਹੀ ਦਰੱਖਤ ਹਨ ਉਥੇ ਡੇਰਾ ਲਾ ਦਿੱਤਾ ਸਤਿਗੁਰਾਂ ਨੇ। ੧।

ਚੌਪਈ॥ ਬਜੈਂ ਨਗਾਰੇ ਝੂਲਹਿੰ ਨਿਸ਼ਾਨ॥ ਸਤਿਗੁਰੂ ਜੀ ਜਿਥੇ ਜਾਂਦੇ ਨੇ, ਜਿਥੇ ਉਤਰਦੇ ਨੇ ਉਥੇ ਨਗਾਰੇ ਵੱਜਦੇ ਨੇ ਤੇ ਨਿਸ਼ਾਨ ਸਾਹਿਬ ਝੂਲਦੇ ਨੇ। ਇਹ ਪ੍ਰੰਪਰਾ ਸਤਿਗੁਰੂ ਜੀ ਤੋਂ ਲੈ ਕੇ ਅੱਜ ਤਕ ਤੁਰੀ ਆਉਂਦੀ ਹੈ। ਜਦ ਦੇਗਾਂ ਵਰਤਦੀਆਂ ਹਨ ਜਾਂ ਲੰਗਰ ਵਰਤਦਾ ਹੈ, ਉਦੋਂ ਨਗਾਰੇ ਤੇ ਚੋਬਾਂ ਲਗਦੀਆਂ ਹਨ।

ਪੜ੍ਹੈਂ ਬਾਣੀਆਂ ਕਿਸ ਕਰੈਂ ਨ ਕਾਣ॥ ਸਭ ਗੁਰਸਿੱਖਾਂ ਦੇ ਬਾਣੀ ਮੂੰਹ ਜੁਬਾਨੀ ਕੰਠ ਹੈ, ਗੁਰਸਿਖ ਬਾਣੀ ਦੇ ਰਸੀਏ ਹਨ ਗੁਰਬਾਣੀ ਪੜ੍ਹਦੇ ਹਨ ਤੇ ਕਿਸੇ ਦੀ ਕੋਈ ਕਾਣ ਨਹੀਂ ਰਖਦੇ।

ਚੰਡੀ ਚਰਿਤ੍ਰ ਔ ਚੰਡੀ ਕੀ ਵਾਰ॥ ਕੋਈ ਚੰਡੀ ਚਰਿਤ੍ਰ ਵਿਚੋਂ ਕਬਿੱਤ ਸੁਘੇ ਪੜ੍ਹ ਰਿਹਾ ਹੈ, ਕੋਈ ਚੰਡੀ ਦੀ ਵਾਰ ਪੜ੍ਹੀ ਜਾਂਦਾ ਹੈ।

ਅਕਾਲ ਉਸਤਤ ਕੌ ਕਰੈਂ ਉਚਾਰ॥ ੨॥ ਕੋਈ ਗੁਰੂ ਕਾ ਲਾਲ ਅਕਾਲ ਉਸਤਤ ਨਾਮ ਦੀ ਬਾਣੀ ਦਾ ਉਚਾਰਨ ਕਰ ਰਿਹਾ ਹੈ, ਬੜੇ ਰਸ ਨਾਲ ਬੋਲਦੇ ਹਨ ਉਚੀ ਆਵਾਜ਼ ਦੇ ਵਿਚ। ੨।

ਜਿਮ ਜੇਠ ਤਪਤ ਮਧ ਬਰਖਾ ਹੋਇ॥ ਪ੍ਰਮਾਣ ਦਿੰਦੇ ਨੇ ਭਾਈ ਰਤਨ ਸਿੰਘ ਜੀ ਕਿ ਜਿਵੇਂ ਜੇਠ ਦੇ ਤਪੇ ਹੋਏ ਮਹੀਨੇ ਵਿਚ ਬਰਖਾ ਹੋ ਜਾਵੇ।

ਬੋਲੈ ਦਾਦਰ ਸੁਖ ਪਾਵੈ ਸੋਇ॥ (ਦਾਦਰ) ਡੱਡੂ ਬੋਲਦੇ ਹਨ ਅਤੇ ਉਹ ਸੁੱਖ ਪ੍ਰਾਪਤ ਕਰਦੇ ਹਨ।

ਘੋਰ ਘਟਾ ਸੁਨ ਮੋਰ ਪੁਕਾਰੈਂ॥ ਕਾਲੀਆਂ ਘਟਾਵਾਂ ਦੀ ਗਰਜ ਸੁਣ ਕੇ ਮੋਰ ਉੱਚੀ ਉੱਚੀ ਕਿਆਕੋ ਕਿਆਕੋ ਕਰਦੇ ਹਨ।

ਇਸ ਛਬਿ ਸੌਂ ਸਿਖ ਬਾਣੀ ਉਚਾਰੈਂ॥੩॥ ਐਸੀ (ਛਬਿ) ਸੋਭਾ ਨਾਲ ਸਿਖ ਬਾਣੀ ਉਚਾਰਦੇ ਹਨ। ੩।

ਦੋਹਰਾ॥ ਕਿਤੈ ਗ੍ਰੰਥ ਕਿਤ ਪੁਸਤਕਾਂਹ, ਕਿਤੈ ਪੜ੍ਹੈਂ ਮੁਖ ਵਾਕ॥ ਕਿਤੇ ਗ੍ਰੰਥ ਪੜ੍ਹ ਰਹੇ ਹਨ, ਕਿਤੇ ਪੋਥੀ ਪੜ੍ਹ ਰਹੇ ਹਨ ਸਿੰਘ, ਕਿਤੇ ਕੰਠ ਕੀਤੇ ਹੋਏ ਗੁਰੂ ਕੇ ਸ੍ਰੀ ਮੁਖ ਵਾਕ ਪੜ੍ਹ ਰਹੇ ਹਨ।

ਕਈ ਪੜ੍ਹੈਂ ਰਬਾਬੀ ਰਬਾਬ ਲੈ, ਲਗ ਰਹਯੋ ਇੰਦ੍ਰਾਸਨ ਠਾਠ॥੪॥ ਜੋ ਗੁਰੂ ਕੇ ਕੀਰਤਨੀਏ ਹਨ ਕਈ (ਰਬਾਬੀ) ਰਬਾਬ ਨਾਲ ਕੀਰਤਨ ਕਰਨ ਵਾਲੇ, ਰਬਾਬ ਲੈ ਕੇ ਰਾਗ ਦੇ ਵਿਚ ਬਾਣੀ ਦਾ ਅਲਾਪ ਕਰ ਰਹੇ ਹਨ। ਜਿਵੇਂ ਇੰਦ੍ਰ ਦੇਵਤੇ ਦੀ ਸਭਾ ਵਿਚ ਗੰਧਰਬ ਰਾਗੀ ਗਾਇਨ ਕਰਦੇ ਨੇ, ਇਹੋ ਜਿਹਾ ਠਾਠ ਜਿਹਾ ਬਣਿਆ ਹੋਇਆ ਹੈ। ੪।

ਸ੍ਵੈਯਾ॥ ਕਿਤ ਝਾਂਝ ਮ੍ਰਿਦੰਗ ਉਪੰਗ ਬਜੈ, ਕਿਤੇ ਝਾਂਜਰਾਂ ਵਜਦੀਆਂ ਨੇ ਕਿਤੇ (ਉਪੰਗ) ਇਕ ਕਿਸਮ ਦਾ ਵਾਜਾ, ਕਿਤੇ ਦੋਹਾਂ ਹੱਥਾਂ ਦੇ ਵਿਚ ਮ੍ਰਦੰਗ ਵਜ ਰਹੇ ਹਨ ਇਉਂ ਜਗ੍ਹਾ ਜਗ੍ਹਾ ਦੇ ਉਤੇ ਸਾਜ ਵਜਾਉਂਦੇ ਸਿੰਘ ਤੇ ਬਾਣੀ ਗਾਇਨ ਕਰਦੇ ਹਨ।

ਕਿਤ ਦੁਇ ਕਰ ਤਾਲ ਰਬਾਬ ਬਜੈਂ॥ ਕਿਤੇ ਰਬਾਬ ਵਜਦੇ ਨੇ, ਕਿਤੇ ਦੋਵੇਂ (ਕਰ) ਹੱਥਾਂ ਨਾਲ ਤਾਲ ਤਬਲਾ ਆਦਿਕ ਰਬਾਬ ਦੇ ਨਾਲ ਮਿਲਾ ਕੇ ਸੁਰ ਕਰ ਰਹੇ ਹਨ।

ਜਲ ਬੀਨ ਸੁ ਬੀਨ ਪ੍ਰਬੀਨ ਸਜੈ, (ਜਲ ਬੀਨ) ਜਲ ਤਰੰਗ ਆਦਿਕ, ਕੋਈ ਬੀਨ ਵਜਾਉਣ ਵਿਚ ਬੜੇ (ਪ੍ਰਬੀਨ) ਚਤੁਰ ਹਨ ਸਜ ਰਹੇ ਹਨ।

ਕਿਤ ਤਾਰ ਸਤਾਰ ਤੰਬੂਰ ਸਜੈਂ॥ ਕਿਤੇ ਕੋਈ ਗੁਰਸਿਖ ਤੰਬੂਰਾ ਬਜਾ ਰਿਹਾ, ਕਿਤੇ ਕੋਈ ਸਤਾਰ ਦੀਆਂ ਤਾਰਾਂ ਵਿਚੋਂ ਮਧੁਰ ਮਧੁਰ ਧੁਨੀਆਂ ਕੱਢ ਰਿਹਾ।

ਜਛ ਕਿੰਨਰ ਨਾਰਦ ਹਾਹਿ ਹੂ ਹੂ, ਜਿਵੇਂ ਨਾਰਦ ਜੀ ਗਾਉਂਦੇ ਨੇ, ਜੱਛ ਤੇ (ਕਿੰਨਰ) ਨਿਰਤਕਾਰੀ ਕਰਨ ਵਾਲੇ ਦੇਵਤਿਆਂ ਦੇ ਅਖਾੜਿਆਂ ਦੇ ਵਿਚ (ਹਾ ਹਾ ਹੂ ਹੂ) ਗੰਧ੍ਰਬ ਆਦਿਕ ਜਿਵੇਂ ਉਹ ਗਾਉਂਦੇ ਹਨ ਇਥੇ ਸਤਿਗੁਰਾਂ ਦੇ ਦਰਬਾਰ ਵਿਚ ਉਹੋ ਰਚਨਾ ਬਣੀ ਹੈ।

ਧੁਨ ਤੋਮਰ ਉਲੂਕ ਸੁਨ ਸਾਜ ਸਜੈਂ॥

ਇਮ ਠਾਠ ਠਟਯੋ ਸੁ ਹਜ਼ੂਰ ਗੁਰੂ ਇਸ ਤਰ੍ਹਾਂ ਗੁਰੂ ਜੀ ਦੇ (ਹਜ਼ੂਰ) ਪਾਸ ਕੀਰਤਨ ਕਰਦੇ ਨੇ ਕਿ ਠਾਠ ਬੰਨ੍ਹ ਦਿੱਤਾ ਹੈ।

ਲਖ ਹੋਤ ਇੰਦ੍ਰਾਸਨ ਲਾਜ ਲਜੈ॥੫॥ ਭਾਈ ਸਾਹਿਬ ਜੀ ਕਹਿੰਦੇ ਨੇ ਇਕ ਇੰਦ੍ਰ ਇੰਦ੍ਰਾਸਣ ਕੀ ਹੈ, ਲੱਖਾਂ ਇੰਦ੍ਰ ਪੁਰੀਆਂ, ਸਾਹਮਣੇ ਸ਼ਰਮਿੰਦੀਆਂ ਹੁੰਦੀਆਂ ਹਨ। ਐਸਾ ਠਾਠ ਬੰਨ੍ਹਦੇ ਹਨ, ਬਾਣੀ ਨਾਲ ਦੂਸਰਾ ਗਾਇਨ ਕਿਵੇਂ ਰਲ ਸਕਦਾ ਹੈ,। ਇਕ ਬੰਦੇ ਦੀ ਉਸਤਤ, ਇਕ ਪ੍ਰਮੇਸ਼ਰ ਦੀ ਉਸਤਤ, ਇਹ ਪ੍ਰਮੇਸ਼ਰ ਦੀ ਉਸਤਤ ਉਚਾਰਣ ਕੀਤੀ ਸਤਿਗੁਰਾਂ ਨੇ ਉਹ ਇਕ ਇੰਦ੍ਰ ਦੀ ਉਸਤਤ ਕਰਦੇ ਹਨ। ੫।

ਚੌਪਈ॥ ਕਈ ਸਤਿਗੁਰ ਕੈ ਆ ਚਰਨੀਂ ਪੜੈਂ॥ ਅਨੇਕਾਂ ਗੁਰਸਿਖ ਸਜੇ ਦਿਵਾਨ ਵਿਚ ਆ ਕੇ ਸਤਿਗੁਰੂ ਜੀ ਨੂੰ ਨਮਸਕਾਰ ਕਰਦੇ ਹਨ।

ਲੈ ਸਤਿਗੁਰ ਹੁਕਮ ਕਈ ਡੇਰੋ ਕਰੈਂ॥ ਸਤਿਗੁਰੂ ਜੀ ਤੋਂ ਹੁਕਮ ਲੈ ਕੇ, ਮਹਾਰਾਜ! ਕਿਹੜੀ ਦਿਸ਼ਾ ਉਤਰੀਏ। ਸਤਿਗੁਰੂ ਜੀ ਕਹਿੰਦੇ ਹਨ ਏਸ ਕੂੰਟ ਤੇ ਤੁਸੀਂ ਲਾਓ ਡੇਰਾ। ਸੋ ਸੱਤ ਅੱਠ ਹਜ਼ਾਰ ਸਿੰਘ ਹੈ ਦੂਰ ਤਾਈਂ ਡੇਰਾ ਉਤਰਿਆ ਹੈ।

ਧੂਪ ਧੁਖਾਇ ਕਈ ਗਿਰਦੈ ਫਿਰਾਹਿ॥ ਹੁਣ ਤੁਸੀਂ ਦੇਖਿਆ ਹੋਣਾ, ਧੂਫ ਕਰਨ ਵਾਲਾ ਸਿੰਘ ਕੜਛਾ ਲੈ ਕੇ ਉਹ ਜਾਂਦਾ ਹੈ ਲੰਗਰ, ਦੇਗਾਂ, ਨਿਸ਼ਾਨ ਸਾਹਿਬਾਂ ਨੂੰ, ਨਗਾਰਿਆਂ ਨੂੰ ਧੂਫ ਇਉਂ ਸਾਰੇ ਚੱਕਰ ਲਾ ਕੇ ਆਉਂਦੇ ਨੇ। ਸਤਿਗੁਰੂ ਸੱਚੇ ਪਾਤਸ਼ਾਹ ਬਿਰਾਜਮਾਨ ਨੇ ਦਿਵਾਨ ਵਿਚ, ਧੂਪੀਏ ਸਿੰਘ ਧੂਪ ਕਰਨ ਵਾਲੇ ਉਹ ਸੁੰਦਰ ਸੁਗੰਧੀ ਦੀਆਂ ਧੂਪਾਂ ਧੁਖਾ ਕੇ, ਇਉਂ ਕੜਛੇ ਲੈ ਕੇ ਚੱਕਰ ਲਾਉਂਦੇ ਨੇ ਪ੍ਰਕਰਮਾਂ ਕਰਦੇ ਨੇ ਮਹਾਰਾਜ ਦੀ ਨਾਲੇ ਧੂਪ ਦਿੰਦੇ ਹਨ।

ਜਿਵੈਂ ਧ੍ਰੂਵ ਗਿਰਦ ਤਾਰੈ, ਘੁਮਾਹਿ॥੬॥ ਜਿਵੇਂ ਧ੍ਰੂ ਤਾਰਾ ਹੈ, ਜਿੰਨਾਂ ਅਕਾਸ਼ ਵਿਚ ਤਾਰਾ ਮੰਡਲ ਹੈ ਸਭ ਇਹ ਧਰੂ ਦੀ ਪ੍ਰਕਰਮਾਂ ਕਰਦੇ ਹਨ। ਧਰੂ ਦੇ ਵਾਂਗ ਗੁਰਸਿੱਖ ਸਤਿਗੁਰੂ ਜੀ ਦੀਆਂ ਪ੍ਰਕਰਮਾਂ ਕਰਕੇ ਮੱਥਾ ਟੇਕਦੇ ਹਨ। ੬।

ਕੋਊ ਚਰਨਨ ਛੁਹ ਮੂਧਾ ਪਰੈ॥ ਕਈ ਗੁਰਸਿਖ ਸਤਿਗੁਰੂ ਜੀ ਦੇ ਚਰਨਾਂ ਨੂੰ ਹੱਥ ਲਾ ਕੇ ਮੂਧਾ ਪੈ ਕੇ ਸਿੱਧਾ ਡੰਡੇ ਵਾਂਗ ਡੰਡਉਤ ਬੰਦਨ ਕਰਦੇ ਹਨ।

ਜਨ ਡੰਡੌਤ ਦੇਵ ਇੰਦ੍ਰ ਕਰੈ॥ ਇਉਂ ਡੰਡਉਤਾਂ ਕਰਦੇ ਆ ਸਿੱਖ ਜਿਵੇਂ ਇੰਦ੍ਰਪੁਰੀ ਦੇ ਰਾਜੇ ਇੰਦ੍ਰ ਨੂੰ ਦੇਵਤੇ ਡੰਡਉਤ ਕਰਦੇ ਹਨ। ਇਸ ਤਰ੍ਹਾਂ ਨਮਸਕਾਰਾਂ ਹੁੰਦੀਆਂ ਸਤਿਗੁਰਾਂ ਨੂੰ।

ਤੰਬੂ ਚਾਨਣੀ ਕਈ ਫੜ ਖੜ੍ਹੈਂ॥ ਸਿੰਘਾਂ ਦੇ ਤੰਬੂ ਲਾਏ ਹੋਏ, ਸਤਿਗੁਰੂ ਜੀ ਦੇ ਦਿਵਾਨ ਵਿਚ ਸਤਿਗੁਰੂ ਜੀ ਤੇ ਸੁੰਦਰ ਚਾਨਣੀ ਸੁਸ਼ੋਭਤ ਹੋ ਰਹੀ ਹੈ। ਕਈ ਸਿੰਘ ਸ਼ਸਤ੍ਰ ਫੜ ਕੇ ਪਹਿਰੇ 'ਤੇ ਖੜ੍ਹੇ ਹਨ।

ਮੂਲ ਬਿਰਖ ਜਿਮ ਸੋ ਰਹਿ ਅੜੈ॥੭॥ ਗੁਰੂ ਜੀ ਦੇ ਸਿੰਘ ਤੰਬੂਆਂ ਅਤੇ ਚਾਨਣੀਆਂ ਦੀਆਂ ਚੋਬਾਂ ਨੂੰ ਇਸ ਤਰ੍ਹਾਂ ਲਈ ਖੜ੍ਹੇ ਹਨ ਜਿਵੇਂ ਥੰਮ੍ਹੀਆਂ ਗੱਡੀਆਂ ਹੋਈਆਂ ਹੁੰਦੀਆਂ ਹਨ। ਕਿਉਂਕਿ ਹਨੇਰੀਆਂ ਦੇ ਨਾਲ ਤੰਬੂ ਕਨਾਤਾਂ ਉਡਦੀਆਂ ਹਨ। ਸਿੰਘ ਇਸ ਤਰ੍ਹਾਂ ਖੜ੍ਹੇ ਹਨ ਜਿਵੇਂ ਦਰਖਤ ਆਪਣੀ (ਮੂਲ) ਜੜ੍ਹ ਦੇ ਸਹਾਰੇ ਅੜਿਆ ਖੜ੍ਹਾ ਰਹਿੰਦਾ ਹੈ। ੭।

ਜਨਕ ਰਹੈਂ ਥੰਭਾ ਸੁ ਗਾਡ॥ ਜਾਣੋ ਸਿੰਘ ਇਉਂ ਤੰਬੂ ਕਨਾਤਾਂ ਫੜ ਕੇ ਖੜੇ ਹਨ ਜਿਵੇਂ ਖੰਭੇ ਗੱਡੇ ਹੁੰਦੇ ਹਨ।

ਛਾਵ ਧੂਪ ਮੈਂ ਜਾਹਿ ਨ ਛਾਡ॥ ੮॥ ਕਿੰਨੀ ਤੇਜ ਹਵਾ ਚਲਦੀ ਹੋਵੇ ਧੂਪ ਹੋਵੇ ਛਾਂ ਹੋਵੇ, ਸਿੰਘ ਉਹਨਾਂ ਚੋਬਾਂ ਨੂੰ ਛੱਡ ਕੇ ਨਹੀਂ ਜਾਂਦੇ। ਹਨੇਰੀ ਵਿਚ ਵੀ ਆਪਣੀ ਡਿਊਟੀ ਉਤੇ ਕਾਇਮ ਰਹਿੰਦੇ ਨੇ ਖਾਲਸੇ। ੮।

ਦੋਹਰਾ ॥ ਸੂਰਜ ਮੁਖੀ ਸਮ ਸੂਰਜੈ, ਬਿਜਨ ਸੁ ਬਿੱਜ ਸਮਾਨ॥ ਸੂਰਜ ਮੁਖੀ ਜੋ ਨਿਸ਼ਾਨਾਂ ਦੇ ਨਾਲ ਚਲਦੇ ਨੇ, ਜਿਨ੍ਹਾਂ ਦੇ ਉਤੇ ਸਿਲਮ ਸਿਤਾਰਿਆਂ ਨਾਲ ਖਾਲਸੇ ਦਾ ਨਿਸ਼ਾਨ ਕ੍ਰਿਪਾਨਾਂ ਖੰਡਾ, ਚੱਕਰ ਉਕਰਿਆ ਹੁੰਦਾ ਹੈ ਜਾਂ ੧ਓ ਲਿਖਿਆ ਹੁੰਦਾ, ਉਹ ਸੂਰਜ ਵਾਂਗ ਚਮਕਦੇ ਨੇ, ਕਿਉਂਕਿ ਉਨ੍ਹਾਂ ਵਿਚ ਹੀਰੇ ਮੋਤੀ ਜੜੇ ਹੋਏ ਨੇ, ਹੀਰੇ ਮੋਤੀਆਂ ਦਾ ਲਿਸ਼ਕਾਰਾ ਹੋਰ ਹੀ ਜਿਹਾ ਹੁੰਦਾ ਹੈ। (ਬਿਜਨ) ਜੋ ਹਵਾ ਦੇਣ ਵਾਲੇ ਹੱਥ ਪੱਖੇ ਹਨ ਉਹ ਬਿਜਲੀ ਦੇ ਸਮਾਨ ਚਮਕਦੇ ਹਨ।

ਬਾਦਲ ਜਿਮ ਛੱਤ੍ਰ ਘੁਮੇ, ਬਡ ਤੰਬੂ ਘਟਨ ਸਮਾਨ॥੯॥ ਸਤਿਗੁਰੂ ਜੀ ਦੇ ਉਤੇ ਨੀਲੇ ਰੰਗ ਦਾ ਛਤ੍ਰ ਝੁਲਦਾ ਹੈ ਵੱਡਾ ਸਾਰਾ, ਕਿਉਂਕਿ ਰੋਹੀ ਵਿਚ ਰੜੇ ਮੈਦਾਨ ਮਹਾਰਾਜ ਜੀ ਦਾ ਪਲੰਘ ਲੱਗਿਆ ਹੋਇਆ ਹੈ, ਛਾਇਆ ਵਾਸਤੇ ਛਤ੍ਰ ਲੈ ਕੇ ਸਿੰਘ ਖੜਾ ਹੈ, ਛਤ੍ਰ ਏਸ ਤਰ੍ਹਾਂ ਹੈ ਜਿਵੇਂ ਬੱਦਲ ਹੁੰਦਾ ਹੈ ਉਸਦੇ ਵਾਂਗ ਘੁੰਮਦਾ ਹੈ ਤੇ ਤੰਬੂ ਏਸ ਤਰ੍ਹਾਂ ਹੈ ਜਿਵੇਂ ਕਾਲੀਆਂ ਘਟਾਵਾਂ ਚੜ੍ਹ ਕੇ ਆਉਂਦੀਆਂ ਹਨ ਉਨ੍ਹਾਂ ਦੇ ਵਾਂਗ ਹਨ। ੯।

ਇੰਦ੍ਰਹਿ ਜਿਮ ਗੁਰ ਬਹੈਂ , ਹਥ ਇੰਦ੍ਰ ਧਨੁ ਜੈਸ ਕਮਾਨ॥ ਜਿਵੇਂ ਸਵਰਗ ਦਾ ਰਾਜਾ ਇੰਦ੍ਰ ਆਪਣੇ (ਇੰਦ੍ਰਾਸਣ) ਨਾਮੇ ਤਖਤ ਤੇ ਦੇਵਤਿਆਂ ਦੀ ਸਭਾ ਵਿਚ ਬੈਠਦਾ ਹੈ,ਅਤੇ ਆਪਣੇ ਹੱਥ ਵਿਚ ਧਨੁਖ ਰਖਦਾ ਹੈ। ਇਸ ਤਰ੍ਹਾਂ ਸਤਿਗੁਰੂ

ਜੀ ਸਿੰਘਾਂ ਵਿਚ ਸੁਸ਼ੋਭਤ ਹੋ ਰਹੇ ਹਨ ਅਤੇ ਹੱਥ ਵਿਚ ਕਮਾਨ ਫੜੀ ਹੋਈ ਹੈ।

ਚੌਰ ਮੁਠੌ ਐਸੋ ਫਿਰੈ, ਜਾਨਕ ਮੋਰ ਨਚਾਨ॥੧੦॥ ਸਤਿਗੁਰਾਂ ਦੇ ਚੌਰ ਦਾ ਮੁੱਠਾ ਇਸ ਤਰ੍ਹਾਂ ਝੂਲਦਾ ਹੈ। ਕਿਉਂਕਿ ਮੋਰਾਂ ਦੇ ਖੰਭਾਂ ਦਾ ਚੌਰ ਹੈ, ਉਹ ਜਦੋਂ ਸਤਿਗੁਰੂ ਜੀ ਤੇ ਝੁਲਾਉਂਦੇ ਨੇ ਜਾਣੋਂ ਮੋਰ ਨੱਚਦਾ ਫਿਰਦਾ, ਪੈਲ੍ਹ ਪਾ ਰਿਹਾ ਹੈ। ਕਿਉਂਕਿ ਬੇਅੰਤ ਸਿੰਘ ਚੌਰ ਕਰਦੇ ਨੇ ਏਧਰ ਚਾਰ ਪੰਜ ਸਿੰਘ ਖੜ੍ਹੇ ਨੇ ਉਧਰ ਚਾਰ ਪੰਜ ਸਿੰਘ ਖੜ੍ਹੇ ਚੌਰ ਕਰ ਰਹੇ ਹਨ। ੧੦।

ਚੌਪਈ ॥ ਤਹਾਂ ਸ਼ਹਿਰ ਮੈਂ ਪਰ ਗਈ ਧਾਂਕ॥ ਉਥੇ ਸ਼ਹਿਰ ਵਿਚ ਜਦੋਂ ਸੰਗਤਾਂ ਨੂੰ ਖਬਰ ਹੋਈ ਤਾਂ ਸਾਰੇ ਸ਼ਹਿਰ ਵਿਚ ਧਾਂਕ ਪੈ ਗਈ ਹੈ।

ਦੇਖਣ ਲੋਕ ਲੱਗ ਗਈ ਲਾਕ॥ ਦਰਸ਼ਨ ਕਰਨ ਵਾਸਤੇ ਸਤਿਗੁਰਾਂ ਦੇ, ਲਾਰ ਲੱਗ ਗਈ ਹੈ, ਸੰਗਤਾਂ ਆਉਂਦੀਆਂ ਹਨ ਹੁੰਮ ਹੁੰਮਾ ਕੇ।

ਦਰਸ਼ਨ ਤੇ ਉਨ ਮਨ ਪਤਿਆਯਾ॥ ਜਦੋਂ ਦਰਸ਼ਨ ਕੀਤਾ ਸਤਿਗੁਰਾਂ ਦਾ ਮਨ ਸ਼ਾਂਤ ਹੋ ਗਿਆ, ਸਤਿਗੁਰਾਂ ਦੀ ਆਭਾ ਵੇਖ ਕੇ ਉਹਨਾਂ ਦੀ ਪ੍ਰਤਿਭਾ ਵੇਖ ਕੇ ਉਹਨਾਂ ਦੀ ਰਹਿਤ ਮ੍ਰਯਾਦਾ ਵੇਖ ਕੇ, ਇਥੋਂ ਦੇ ਵਸਨੀਕ ਜਿਹੜੇ ਨੇ ਉਨ੍ਹਾਂ ਨੂੰ ਪ੍ਰਤੀਤ ਹੋ ਗਈ ਹੈ ਕਿ (ਸਾਖਸ਼ਾਤ) ਪ੍ਰਤੱਖ ਭਗਵਾਨ ਦਾ ਰੂਪ ਨੇ। ਪ੍ਰਮਾਤਮਾ ਦਾ ਸਰੂਪ ਹਨ ਗੁਰੂ ਜੀ, ਇਉਂ ਯਕੀਨ ਹੋ ਗਿਆ ਮਨ ਦੇ ਵਿਚ।

ਲਈ ਚੜ੍ਹਾਵੈ ਸ਼ਹਰ ਚਲ ਆਯਾ॥ ੧੧॥ ਚੜ੍ਹਾਵੇ ਲੈ ਕੇ ਗੁਰੂ ਮਹਾਰਾਜ ਜੀ ਨੂੰ ਭੇਟਾ ਕਰੀਏ ਚੱਲ ਕੇ, ਸਾਰੇ ਸ਼ਹਿਰ ਦੀਆਂ ਸੰਗਤਾਂ ਚਲ ਕੇ ਆਈਆਂ ਹਨ। ੧੧।

ਦੋਹਰਾ॥ ਬਡੋ ਅਚੰਭਾ ਤਿਹ ਲਖਾ, ਅਚੰਭਤ ਭਯੋ ਸੰਸਾਰ॥ ਸਤਿਗੁਰੂ ਜੀ ਦਾ ਠਾਠ ਬਾਠ ਦੇਖ (ਅਚੰਭਾ) ਹੈਰਾਨ ਹੋ ਗਏ ਲੋਗ, ਕਮਾਲ ਦਾ ਠਾਠ ਹੈ। ਹੈ ਵੀ ਸੰਤ ਮਹਾਂਪੁਰਸ਼ ਨਾਮ ਜਪਦੇ ਨੇ, ਦਿਨ ਰਾਤ ਅਵਾਜੇ ਆਉਂਦੇ ਨੇ ਬਾਣੀ ਪੜ੍ਹਦੇ ਨੇ ਤੇ ਸ਼ਸਤ੍ਰ ਧਾਰੀ ਨੇ ਸਨੱਧਬੱਧ ਨੇ, ਤੋਪਖਾਨੇ ਤੱਕ ਨਾਲ ਹੈ ਸਭ ਕੁਝ। ਵੱਡੀ ਹੈਰਾਨਗੀ ਵਾਲੀ ਗੱਲ ਉਥੇ ਇਹ ਦੇਖਿਆ ਕਿ ਸਤਿਗੁਰਾਂ ਦੇ ਤੇਜ ਪ੍ਰਤਾਪ ਨੂੰ ਵੇਖ ਕੇ ਸਾਰਾ ਸੰਸਾਰ (ਅਚੰਭਤ) ਹੈਰਾਨਕੁਨ ਹੋ ਗਿਆ ਹੈ।

ਆਏ ਦਰਸ਼ਨ ਸਤਿਗੁਰੂ, ਛਡ ਛਡ ਦਾਦੂ ਦ੍ਵਾਰ॥੧੨॥ ਦਾਦੂ ਦ੍ਵਾਰ ਜਿਹੜੇ ਮਹਾਤਮਾ ਰਹਿੰਦੇ ਨੇ, ਜਿਹੜੇ ਚੇਲੇ ਬਣੇ ਸੀ ਏਥੋਂ ਦੇ ਸਤਿਗੁਰੂ ਜੀ ਦੇ ਦਰਸ਼ਨ ਕਰਕੇ ਉਹਨਾਂ ਦੇ ਵੀ ਕਪਾਟ ਖੁੱਲ੍ਹੇ ਹਨ। ਉਹ ਦਾਦੂ ਦ੍ਵਾਰਾ ਛੱਡ ਛੱਡ ਕੇ ਸਤਿਗੁਰਾਂ ਦੇ ਦਰਸ਼ਨਾਂ ਨੂੰ ਆਉਂਦੇ ਨੇ। ਚਲੋ ਉਥੇ ਠਾਠ ਵੇਖੋ ਕੀ ਬੱਝਾ ਹੈ। ਕੈਸੇ ਮਹਾਪੁਰਸ਼ ਆਏ ਨੇ, ਕਿੱਡੇ ਵੱਡੇ ਸੰਤ ਆਏ ਨੇ, ਸਤਿਗੁਰੂ ਜੀ ਦਾ ਨਜ਼ਾਰਾ ਬਹੁਤ ਅਲੌਕਕ ਸੀ ਇਸ ਕਰਕੇ ਲੋਕ ਉਹਨਾਂ ਦੀ ਬਹੁਤ ਉਸਤਤ ਕਰਦੇ ਹਨ। ੧੨।

ਚੌਪਈ ॥ ਦਾਦੂ ਦ੍ਵਾਰੇ ਖਬਰੋ ਪਈ॥ ਜਦੋਂ ਦਾਦੂ ਦ੍ਵਾਰ ਇਹ ਖਬਰ ਹੋਈ ਜਿਥੇ ਬਹੁਤ ਸਾਰੇ ਸੰਤ ਰਹਿੰਦੇ ਸਨ।

'ਨਾਨਕ ਆਯੋ ਦਸਮੋਂ ਜਈ॥ ਦਸਵਾਂ ਨਾਨਕ ਆਇਆ ਹੈ। ਇਕ ਤੋਂ ਲੈ ਕੇ ਦਸ ਤੱਕ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਵੱਖੋ ਵੱਖ ਸਰੂਪਾਂ ਵਿਚ ਜੋਤ ਪ੍ਰਕਾਸ਼ ਕੀਤੀ ਸੋ ਆਮ ਚਰਚਾ ਸੀ ਕਿ ਸਾਡੇ ਸ਼ਹਿਰ ਵਿਚ ਸਾਡੇ ਡੇਰੇ ਵਿਚ ਕਹਿੰਦੇ ਦਸਵਾਂ ਨਾਨਕ ਆਇਆ ਹੈ।

ਤਿਸ ਕਉ ਦੱਯੈ ਧਾਮ ਖੁਲ੍ਹਾਈ' ॥ ਮਨ ਵਿਚ ਪ੍ਰਸੰਨਤਾ ਤੇ ਯਕੀਨ ਆਇਆ ਹੈ, (ਧਾਮ) ਜੋ ਅਸਥਾਨ ਹੈ ਏਥੋਂ ਦਾ ਕਹਿੰਦੇ ਨੇ ਬੂਹੇ ਖੋਲ੍ਹ ਦੇਈਏ ਉਨ੍ਹਾਂ ਨੂੰ, ਅੰਦਰ ਡੇਰਾ ਕਰਨ।

ਮਹੰਤ ਆਯੋ ਸੰਗ ਚੇਲੇ ਲਾਈ॥੧੩॥ ਏਥੋਂ ਦਾ ਮਹੰਤ ਜੈਤ ਰਾਮ ਹੈ ਉਹ ਆਪਣੇ ਚੇਲਿਆਂ ਸਮੇਤ ਦਰਸ਼ਨ ਕਰਨ ਵਾਸਤੇ ਆਇਆ ਹੈ ਸਤਿਗੁਰਾਂ ਦੇ। ੧੩।

ਸਤਿਗੁਰ ਆਦਰ ਤਿਸ ਬਹੁ ਕੀਯੋ॥ ਸੰਤ ਜਾਣਕੇ, ਸੰਤ ਦਾ ਸਾਧੂ ਦਾ ਇਹ ਫਰਜ਼ ਹੈ ਕੋਈ ਆਇਆ ਮਹਾਤਮਾ ਡੇਰੇ ਉਹਦੇ ਅਸਥਾਨ ਦੇ ਉਤੇ ਉਹਦਾ ਆਦਰ ਸਤਿਕਾਰ ਕਰਨਾ। ਉਹਨੂੰ ਜਲ ਪਾਣੀ ਦੇਣਾ, ਪੁੱਛਣਾ, ਪ੍ਰਸੰਨਤਾ ਲੈਣੀ ਇਹ ਧਰਮ ਹੈ ਸਾਧੂ ਮੱਤ ਦਾ ਅਤੇ ਗੁਰਸਿੱਖਾਂ ਵਿਚ ਵੀ ਇਹੀ ਧਰਮ ਹੈ। ਜੋ ਕੋਈ ਅਸਥਾਨ ਤੇ ਆਵੇ ਉਹਨੂੰ ਜਲ ਪਾਣੀ ਨਾ ਪੁਛਿਆ ਜਾਵੇ, ਉਹਨੂੰ ਜਲ ਪਾਣੀ ਨਾ ਮਿਲੇ ਤਾਂ ਫੇਰ ਏਦੂੰ ਵੱਡਾ ਹੋਰ ਕਿਹੜਾ ਘਰ ਹੈ ਜਿਥੇ ਉਹ ਜਾਵੇ।

ਸੰਤ ਸਾਧ ਮਿਰਜਾਦਾ ਥੀਯੋ॥ ਉਸ ਤਰ੍ਹਾਂ ਆਦਿ ਤੋਂ ਲੈ ਕੇ ਵੇਖ ਲਉ, ਸੰਤ ਸਾਧਾਂ ਦੀ ਕੀ ਮ੍ਰਯਾਦਾ ਹੈ ਸੰਤ ਪੁਰਖਾਂ ਦੀ ਘਰ ਦੀ ਡੇਰਿਆਂ ਦੀ ਕੀ ਮ੍ਰਯਾਦਾ ਹੁੰਦੀ ਹੈ?

ਦਰਸਨ ਪਰਸਨ ਭਏ ਪ੍ਰਸੰਨ॥ ਜਦੋਂ ਸਤਿਗੁਰਾਂ ਦੇ ਦਰਸ਼ਨ ਕੀਤੇ ਅਤੇ (ਪਰਸਨ) ਸਤਿਗੁਰਾਂ ਦੇ ਚਰਨ ਪਰਸੇ ਸੰਤ ਲੋਕ ਅਤੀ ਪ੍ਰਸੰਨ ਹੋ ਗਏ ਹਨ।

ਕਹਯੋ 'ਤੂੰ ਨਾਨਕ ਗੁਰ ਭਯੋ ਧੰਨ' ॥੧੪॥ ਮਹੰਤ ਜੈਤ ਰਾਮ ਜੀ ਕਹਿਣ ਲੱਗਾ ਹੇ ਦਸਵੇਂ ਨਾਨਕ ਜੀ! ਤੁਸੀਂ ਤਾਂ ਧੰਨ ਹੋ ਧੰਨਤਾ ਯੋਗ ਹੋ ਤੂੰ ਐਡਾ ਸਮਰੱਥ ਗੁਰੂ ਹੈ। ੧੪।

ਸਤਿਗੁਰ ਕਹਯੋ 'ਸੰਤ ਸਭ ਏਕ॥ ਸਤਿਗੁਰੂ ਜੀ ਕਹਿਣ ਲੱਗੇ ਮਹਾਤਮਾ ਜੀ! ਸਭ ਸੰਤ ਇਕ ਹੀ ਹੁੰਦੇ ਹਨ ਸਾਰੇ ਸੰਤਾਂ ਦੀ ਮੱਤ ਏਕ ਹੀ ਹੁੰਦੀ ਹੈ, ਸਭ ਸੰਤ ਚੰਗੇ ਹੁੰਦੇ ਨੇ।

ਨੀਰ ਛੀਰ ਮਿਲ ਤਜੇ ਬਿਬੇਕ॥ (ਨੀਰ) ਪਾਣੀ (ਛੀਰ) ਦੁਧ ਦੇ ਵਿਚ ਪਾ ਦਈਏ ਤਾਂ ਆਪਣਾ ਆਪ ਛੱਡ ਦਿੰਦੇ ਹਨ। ਦੋਵੇਂ (ਬਿਬੇਕ), ਬਿਬ=ਦੋ। ਏਕ=ਇਕ। ਦੋ ਤੋਂ ਇਕ ਹੋ ਜਾਂਦੇ ਹਨ ਆਪਾ ਭਾਵ ਛੱਡ ਕੇ। ਦੁਧ ਨੇ ਪਾਣੀ ਨੂੰ ਆਪਣੇ ਵਰਗਾ ਕਰ ਲਿਆ। ਸਾਹਿਬ ਕਹਿੰਦੇ ਨੇ ਜਦੋਂ ਦੁਧ ਵਿਚ ਪਾਣੀ ਮਿਲ ਜਾਂਦਾ ਹੈ ਤਾਂ ਇਕੋ ਰੂਪ ਹੀ ਹੋ ਜਾਂਦਾ ਹੈ।

ਜੈਤ ਰਾਮ ਥੋ ਨਾਮ ਮਹੰਤ॥ ਉਸ ਮਹੰਤ ਦਾ ਨਾਮ ਜੈਤ ਰਾਮ ਸੀ।

ਭਲੋ ਪੁਰਸ਼ ਉਸ ਆਹਿ ਮਹੰਤ॥ ੧੫॥ ਭਾਈ ਸਾਹਿਬ ਜੀ ਕਹਿੰਦੇ ਨੇ ਇਹ ਮਹੰਤ ਡੇਰੇ ਦਾ ਬੜਾ ਭਲਾ ਪੁਰਸ਼ ਸੀ, ਨੇਕ ਬਿਰਤੀ ਵਾਲਾ ਸੀ। ੧੫।

ਦੋਹਰਾ॥ ਹਾਥ ਜੋੜ ਠਾਂਢੋ ਭਯੋ, ਤੌ ਉਨ ਕਹੀ ਅਰਦਾਸ॥ ਸਤਿਗੁਰਾਂ ਦੀ ਮਹਿਮਾ ਵੇਖ ਕੇ ਮਹੰਤ ਜੈਤ ਰਾਮ ਗਲ ਵਿਚ ਪੱਲਾ ਪਾ ਕੇ ਹੱਥ ਜੋੜ ਕੇ ਖੜ੍ਹਾ ਹੋ ਗਿਆ।

'ਧੰਨ ਹਮਾਰੇ ਭਾਗ ਹੈਂ, ਤੁਮ ਆਏ ਹਮਰੇ ਪਾਸ॥੧੬॥ ਅਰਦਾਸ ਬੇਨਤੀ ਕੀਤੀ ਹੈ, ਸੱਚੇ ਪਾਤਸ਼ਾਹ! ਸਾਡੇ ਤਾਂ ਧੰਨ ਭਾਗ ਹਨ, ਜੋ ਤੁਸੀਂ ਸਾਡੇ ਪਾਸ ਆਏ ਹੋ, ਆ ਕੇ ਦਰਸ਼ਨ ਦਿੱਤੇ ਹਨ ਸਾਡੇ ਡੇਰੇ ਵਿਚ। ੧੬।

ਚੌਪਈ॥ ਹਮ ਤੇ ਭੋਜ ਸੁ ਇਕ ਡੰਗ ਲੀਜੈ॥ ਹੇ ਗਰੀਬ ਨਿਵਾਜ਼! ਮਹਾਂ ਪੁਰਸ਼ੋ! ਇਹ ਡੇਰੇ ਵਲੋਂ ਸਾਡੇ ਕੋਲੋਂ ਇਕ ਡੰਗ ਦਾ ਭੋਜਨ ਤਾਂ ਲਉ। ਸਾਡਾ ਵੀ ਭੋਜਨ ਪ੍ਰਵਾਨ ਕਰੋ ਇਕ ਦਿਨ ਦਾ।

ਸਾਧ ਸੰਗਤ ਕੋ ਧਰਮ ਰਖ ਲੀਜੈ'॥ ਇਹ ਸਾਧ ਸੰਗਤ ਦਾ ਧਰਮ ਹੈ ਮਹਾਰਾਜ! ਕਿਸੇ ਅਸਥਾਨ ਧਾਰੀ ਕੋਲ ਕੋਈ ਆਵੇ, ਉਹ ਸੰਤ ਮਹੰਤ ਅਸਥਾਨ ਤੇ ਆਉਣ ਵਾਲੇ ਦੀ ਸੇਵਾ ਕਰੇ, ਲੰਗਰ ਪਾਣੀ ਛਕਾਵੇ। ਇਹ ਮਹਾਰਾਜ ਧਰਮ ਹੈ ਸਾਧ ਸੰਗਤ ਦਾ, ਰੱਖ ਲਉ ਸਾਡੀ ਵੀ ਰਹਿ ਜਾਵੇ। ਇਉਂ ਬੇਨਤੀ ਕੀਤੀ ਜੈਤ ਰਾਮ ਨੇ।

ਤੌ ਸਤਿਗੁਰ ਹਸ ਐਸ ਉਚਾਰਾ॥ ਤਾਂ ਸਤਿਗੁਰੂ ਜੀ ਨੇ ਹੱਸ ਕੇ ਮਹੰਤ ਨੂੰ ਏਸ ਤਰ੍ਹਾਂ ਕਿਹਾ ਹੈ।

'ਤੁਮ ਤੇ ਭੋਜਨ ਹਮ ਸਰੈ ਨ ਸਾਰਾ॥੧੭॥ ਹੇ ਮਹਾਤਮਾ ਜੀ! ਤੁਹਾਡੇ ਕੋਲੋਂ ਸਾਡਾ ਸਾਰਿਆਂ ਦਾ ਭੋਜਨ ਪੁੱਜਣਾ ਨਹੀਂ ਕਿਉਂਕਿ ਸਾਡੇ ਨਾਲ ਕਈ ਤਰ੍ਹਾਂ ਦਾ ਭੋਜਨ ਕਰਨ ਵਾਲੇ ਹਨ ਜਿਵੇਂ ਕਿ ਘੋੜੇ, ਬਾਜ ਆਦਿਕ। ਸਾਰਿਆਂ ਨੂੰ ਤੁਸੀਂ

ਭੋਜਨ ਨਹੀਂ ਦੇ ਸਕੋਗੇ। ੧੭।

ਹਮ ਸੰਗ ਹੈਂ ਬਹੁ ਮਾਸ ਅਹਾਰੀ॥ ਸਾਡੇ ਨਾਲ ਮਾਸਾਹਾਰੀ ਜੀਵ ਨੇ, ਮਹਾਰਾਜ ਕਹਿੰਦੇ ਸਾਡੇ ਕੂਕਰ ਨੇ ਸਾਡੇ ਨਾਲ ਬਾਜ, ਸ਼ਿਕਰੇ, ਕੁਹੀਆਂ ਨੇ ਕਿਤਨੇ ਜਾਨਵਰ ਮਾਸਾਹਾਰੀ ਨੇ, ਉਹਨਾਂ ਨੂੰ ਵੀ ਭੋਜਨ ਦੇਣਾ ਹੀ ਪਊਗਾ। ਜੇ ਲੰਗਰ ਤੁਸੀਂ ਦਿੰਦੇ ਹੋ ਤਾਂ ਉਹ ਭੁੱਖੇ ਰਹਿਣਗੇ। ਉਹਨਾਂ ਨੂੰ ਵੀ ਭੋਜਨ ਦੇਣਾ ਪਵੇਗਾ ਪਰ ਉਹ ਮਾਸਾਹਾਰੀ ਨੇ, ਮਾਸ ਨਾਲ ਉਹਨਾਂ ਦੀ ਖੁਧਾ ਮਿਟੇਗੀ।

ਉਨਕੀ ਖੁਧਯਾ ਮਿਟੈ ਕਿਮ ਸਾਰੀ॥ ਉਹਨਾਂ ਦੀ ਕਿਵੇਂ ਸਾਰੀ ਭੁੱਖ ਮਿਟੇਗੀ, ਉਹ ਤਾਂ ਮਾਸ ਖਾਣਗੇ ਤਾਂ ਹੀ ਤ੍ਰਿਪਤ ਹੋਣਗੇ।

ਉਨ ਮੁਖ ਤੇ ਤਬ ਐਸ ਉਚਾਰੀ॥ ਜੈਤ ਰਾਮ ਜੀ ਨੇ ਅੱਗੋਂ ਮੁਖ ਤੋਂ ਇਸ ਤਰ੍ਹਾਂ ਕਿਹਾ ਹੇ ਸੱਚ ਪਾਤਸ਼ਾਹ ਜੀ!

ਦਾਦੂ ਸਤ ਹਮ ਖ੍ਵਾਂਹ ਜੁਵਾਰੀ॥੧੮॥ ਕਿ ਮਹਾਰਾਜ ਜੀ ਦਾਦੂ ਜੀ ਸਤ ਪੁਰਸ਼ ਹੋਏ ਨੇ, ਪੂਰੇ ਭਾਂਡੇ ਸਨ ਉਹ, ਉਹਨਾਂ ਦੇ ਪ੍ਰਤਾਪ ਨਾਲ ਆਪ ਜੀ ਦੇ ਬਾਜ਼ ਵੀ ਜੁਵਾਰ ਖਾ ਲੈਣਗੇ ਉਹ ਸਾਡੀ ਜੁਵਾਰੀ ਖਾ ਕੇ ਪ੍ਰਵਾਣ ਕਰ ਲੈਣਗੇ। ੧੮।

(ਮਹੰਤ ਜੈਤ ਰਾਮ ਬੰਦੇ ਦਾ ਪਹਿਲਾ ਹਾਲ ਦੱਸਿਆ)
ਆਦਿ ਸ੍ਰੀ ਗੁਰੁ ਪੰਥ ਪ੍ਰਕਾਸ਼ ਗ੍ਰਿੰਥੇ॥
ਦਾਦੂ ਦੁਆਰ ਕੋ ਦੂਜੋ ਪ੍ਰਸੰਗ ਲਿਖਯਤੇ॥

ਦੋਹਰਾ॥ ਸਾਧੂ ਸੰਗਤ ਪ੍ਰਤਾਪ ਤੇ, ਬਾਜਨ ਖਾਈ ਜ੍ਵਾਰ॥ ਭਾਈ ਸਾਹਿਬ ਜੀ ਕਹਿ ਰਹੇ ਹਨ ਕਿ ਸਾਧੂ ਸੰਤਾਂ ਦੀ ਸੰਗਤ ਦੇ ਪ੍ਰਤਾਪ ਨਾਲ, ਬਾਜਾਂ ਆਦਿਕ ਤੋਂ ਲੈ ਕੇ ਜਿਤਨੇ ਵੀ ਮਾਸਾਹਾਰੀ ਜਾਨਵਰ ਸਨ, ਉਹਨਾਂ ਨੂੰ ਜੁਆਰੀ ਦਾ ਚੋਗਾ ਪਾਇਆ ਗਿਆ, ਉਹਨਾਂ ਨੇ ਉਹ ਜ੍ਵਾਰ ਛਕ ਲਈ ਅਤੇ ਨਿਰਬਾਹ ਕਰ ਲਿਆ ਰਾਤ ਕੱਟ ਲਈ।

ਧਾਮ ਸੁ ਦੇਖੈ ਖੁਸ਼ ਭਏ, ਗੁਰ ਲੈ ਗਏ ਦਾਦੂ ਦ੍ਵਾਰ॥੧॥ ਸਤਿਗੁਰੂ ਜੀ ਤੇ ਸਿੰਘ ਖੁਸ਼ ਹੋ ਰਹੇ ਨੇ, ਆ ਬਾਜ਼ ਜ੍ਵਾਰੀ ਖਾ ਰਹੇ ਨੇ, ਇਹਨਾਂ ਦੀ ਖੁਰਾਕ ਹੀ ਨਹੀਂ ਹੈ ਇਹ। ਮਹਾਤਮਾ ਦੇ ਪ੍ਰਤਾਪ ਨਾਲ ਪ੍ਰਤਾਪੀ ਡੇਰਾ ਸੀ ਉਹਨਾਂ ਦਾ ਇਹ ਬਾਜਰਾ ਜ੍ਵਾਰ ਹੀ ਪ੍ਰਵਾਣ ਕਰ ਲਿਆ। ਅਤੇ ਗੁਰੂ ਜੀ ਉਹਨਾਂ ਦਾ (ਧਾਮ) ਡੇਰਾ ਵੇਖ ਕੇ ਪ੍ਰਸੰਨ ਹੋ ਗਏ ਹਨ। ਸੰਤ ਜੈਤ ਰਾਮ ਜੀ ਸਤਿਗੁਰ ਜੀ ਨੂੰ ਦਾਦੂ ਦ੍ਵਾਰ ਡੇਰੇ ਦੇ ਵਿਚ ਚਰਨ ਪਵਾਉਣ ਵਾਸਤੇ ਲੈ ਗਏ ਹਨ। ੧।

ਚੌਪਈ ॥ ਦਾਦੂ ਦ੍ਵਾਰ ਕੋ ਦਰਸ ਕਰਾਯੋ॥ ਉਥੇ ਦਾਦੂ ਜੀ ਦੀ ਸਮਾਧ ਸੀ, ਉਥੇ ਜਾ ਕੇ ਸੱਤ ਪੁਰਸ਼ਾਂ ਦੇ ਦਰਸ਼ਨ ਕਰਾਏ ਹਨ ਮਹਾਰਾਜ! ਇਹ ਦਾਦੂ ਜੀ ਦੀ ਸਮਾਧੀ ਹੈ। ਇਹ ਡੇਰਾ ਬਣਿਆ ਹੋਇਆ ਹੈ। ਮਹਾਤਮਾ ਦੇ ਰਹਿਣ ਵਾਸਤੇ ਮਕਾਨ ਬਣਾਏ ਹਨ। ਜਾਨੀ ਸਾਰਾ ਅਸਥਾਨ ਚੰਗੀ ਤਰ੍ਹਾਂ ਵਿਖਾਇਆ।

ਸਤਿਗੁਰ ਫੂਲਨ ਮੀਂਹ ਬਰਸਾਯੋ॥ ਸੰਤਾਂ ਦੀ ਮੰਡਲੀ ਨੇ ਸਤਿਗੁਰਾਂ ਦੇ ਅਦਬ ਸਤਿਕਾਰ ਵਾਸਤੇ, ਉਹਨਾਂ ਤੇ ਫੁੱਲਾਂ ਦੀ ਬਰਖਾ ਕੀਤੀ ਹੈ।

ਧੰਨ ਧੰਨ ਕਹਯੋ ਸੰਤਨ ਪਰਤਾਪ॥ ਧੰਨ ਹੈ ਸੰਤਾਂ ਦਾ ਪ੍ਰਤਾਪ, ਧੰਨ ਹੈ ਸੰਤਾਂ ਦਾ ਪ੍ਰਤਾਪ, ਕਿ ਸਾਡੇ ਬਾਜਾਂ ਨੇ ਵੀ ਸੰਤਾਂ ਦਾ ਵੈਸ਼ਨੋ ਭੋਜਨ ਪ੍ਰਵਾਣ ਕਰ ਲਿਆ ਹੈ। ਉਹਨਾਂ ਨੇ ਮੋਠ ਬਾਜਰੀ ਛਕ ਕੇ ਨਿਭਾ ਕੀਤਾ ਹੈ।

ਸੰਤ ਨਿੰਦਕ ਕੋ ਹੋਵੈਂ ਖਾਪ॥੨॥ ਸੰਤ ਸੰਤ ਹੀ ਹੁੰਦੇ ਨੇ ਸੰਤਾਂ ਦਾ ਜਸ ਹੀ ਕਰਨਾ ਚਾਹੀਦਾ ਹੈ। ਸਾਹਿਬ ਜੀ ਕਹਿੰਦੇ ਨੇ ਸੰਤਾਂ ਦੇ ਨਿੰਦਕ ਦਾ ਨਾਸ ਹੀ ਹੁੰਦਾ ਹੈ। ਉਹ ਮਹਾਂ ਪੁਰਸ਼ਾਂ ਦੀ ਨਿੰਦਿਆ ਕਰ ਕਰ ਕੇ ਆਪਣਾ ਬੇੜਾ ਗਰਕ ਕਰ ਲੈਂਦੇ ਨੇ। ੨।

ਸੁਖਮਨੀ ਜੀ ਕੀ ਤੁਕ ਸੋ ਪਰੀ॥ ਸ੍ਰੀ ਸੁਖਮਨੀ ਸਾਹਿਬ ਜੀ ਦੀ ਉਹ ਪੰਗਤੀ ਜੋ ਸੰਤਾਂ ਦੇ ਨਿੰਦਕ ਬਾਰੇ ਉਚਾਰੀ ਹੈ ਉੱਹ ਆਪਣੇ ਮੁਖੋਂ ਪੜ੍ਹੀ ਸਤਿਗੁਰਾਂ ਨੇ।

ਸੰਤ ਕੀ ਮਹਿਮਾ ਥੀ ਜੋ ਧਰੀ॥ ਸੰਤਾਂ ਕੀ ਮਹਿਮਾ ਗਾਈ ਹੈ। *"ਸੰਤ ਕੀ ਮਹਿਮਾ ਬੇਦ ਨ ਜਾਨਹਿ॥ ਜੇਤਾ ਸੁਨਹਿ ਤੇਤਾ ਬਖ੍ਯਾਨਹਿ"॥* ਬੇਦ ਵੀ ਸੰਤਾਂ ਦੀ ਮਹਿਮਾ ਉਨੀ ਕੀ ਕਹਿ ਸਕਿਆ ਹੈ ਜਿੰਨੀ ਕੁ ਸੁਣੀ ਹੈ। ਸੰਤਾਂ ਦੀ ਮਹਿਮਾ ਤਾਂ ਅਪਰ ਅਪਾਰ ਹੈ। ਉਹ ਤਾਂ ਲਖੀ ਨਹੀਂ ਜਾਂਦੀ। ਅਤੇ ਸੰਤਾਂ ਦੀ ਮਹਿਮਾ ਵਿਚ ਬੜੇ ਸ਼ਬਦ ਕਹੇ ਨੇ ਸੁਖਮੰਨੀ ਸਾਹਿਬ ਵਿਚ ਮਹਾਰਾਜ ਜੀ ਨੇ। ਸੰਤਾਂ ਦੇ ਪ੍ਰਤਾਪ ਨੂੰ ਵਰਨਣ ਕੀਤਾ ਹੈ।

ਔਰ ਸੁ ਚਰਚਾ ਪਰਚਾ ਕੀਯੋ॥ ਅਤੇ ਹੋਰ ਸੰਤਾਂ ਦਾ ਤੇ ਮਹਾਰਾਜ ਜੀ ਦਾ ਆਪਸ ਵਿਚ ਬਹੁਤ (ਚਰਚਾ ਪਰਚਾ) ਵਿਚਾਰ ਵਟਾਂਦਰਾ ਹੋਇਆ ਹੈ।

ਦੋਊ ਵਲ ਤੇ ਸੁਖ ਸੋਂ ਲੀਯੋ॥੩॥ ਦੋਹੀਂ ਪਾਸੀਂ ਸੁਖ ਹੋਇਆ ਹੈ, ਪ੍ਰਸੰਨਤਾ ਹੋਈ ਹੈ। ਸਤਿਗੁਰਾਂ ਨੇ ਸੰਤਾਂ ਦੀ ਕਿਰਿਆ ਦੇਖੀ, ਨਿਤਨੇਮ ਆਦਿਕ ਵੇਖਿਆ ਅਤੇ ਸੰਤਾਂ ਨੇ ਵੀ ਗੁਰੂ ਕੀ ਮੁਹਾਦਾ ਦੇਖੀ, ਦੋਹਾਂ ਪਾਸਿਆਂ ਤੋਂ ਇਕ ਦੂਜੇ ਤੇ ਪ੍ਰਸੰਨਤਾ ਜ਼ਾਹਰ ਕੀਤੀ ਗਈ। ੩।

ਮਹੰਤ ਗੱਲ ਇਕ ਨਈ ਸੁਨਾਈ॥ ਇਹ ਮਹੰਤ ਜੈਤ ਰਾਮ ਜੀ ਨੇ ਸਤਿਗੁਰ ਜੀ ਨੂੰ ਇਕ ਨਵਾਂ ਬਚਨ ਸੁਣਾਇਆ ਹੈ।

'ਕਿਮੈ ਗਏ ਥੇ ਹਮ ਉਤ ਥਾਈਂ॥ ਆਪਸ ਵਿਚ ਵਿਚਾਰ ਵਟਾਂਦਰੇ ਦੌਰਾਨ ਜੈਤ ਰਾਮ ਮਹੰਤ ਨੇ ਸਤਿਗੁਰੂ ਜੀ ਨੂੰ ਪੁਛਿਆ ਹੈ ਕਿ ਆਪ ਕਿਧਰ ਨੂੰ ਚਲੇ ਹੋ? ਤਾਂ ਸਤਿਗੁਰੂ ਜੀ ਨੇ ਕਿਹਾ ਅਸੀਂ ਦੱਖਣ ਨੂੰ ਚਲੇ ਹਾਂ ਤਾਂ ਉਸਨੇ ਆਪਣੀ ਗੱਲ ਸੁਣਾਈ ਕਿ ਮਹਾਰਾਜ! ਕਿਸੇ ਤਰ੍ਹਾਂ ਅਸੀਂ ਵੀ ਏਧਰ ਦੱਖਣ ਗੋਦਾਵਰੀ ਤੇ ਨੰਦੇੜ ਵਿਖੇ ਇਸ਼ਨਾਨ ਕਰਨ ਚਲੇ ਗਏ ਸਾਂ।

ਨਰਾਇਣ ਦਾਸ ਥੋ ਤਿਸ ਕੋ ਨਾਮ॥ ਸੱਚੇ ਪਾਤਸ਼ਾਹ! ਇਕ ਸਾਧ ਵੇਖਿਆ ਉਥੇ, ਉਹਦਾ ਨਾਮ ਸੀ ਨਰਾਇਣ ਦਾਸ।

ਪੰਥ ਬੈਰਾਗਨ ਮੈਂ ਉਸ ਧਾਮ॥੪॥ ਅਤੇ ਮਹਾਰਾਜ ਬੈਰਾਗੀਆਂ ਦਾ ਚੇਲਾ ਸੀ ਉਹ। ਬੈਰਾਗੀਆਂ ਦੇ ਪੰਥ ਵਿਚ ਉਹਦਾ ਚੰਗਾ (ਧਾਮ) ਅਸਥਾਨ ਸੀ। ੪।

ਏਕ ਪਲੰਗ ਉਨ ਖੂਬ ਬਨਾਯੋ॥ ਗੋਦਾਵਰੀ ਦੇ ਕਿਨਾਰੇ ਤੇ ਉਸਨੇ ਆਪਣਾ ਬੜਾ ਸੁੰਦਰ ਆਸ਼ਰਮ ਬਣਾਇਆ ਹੋਇਆ ਹੈ। ਅਤੇ ਉਸ ਆਸ਼ਰਮ ਦੇ ਅੰਦਰ ਬੜਾ ਸੁੰਦਰ ਅਰਾਮ ਦਾਇਕ ਪਲੰਘ ਬਨਾਇਆ ਹੋਇਆ ਹੈ।

ਉਸ ਕੇ ਊਪਰ ਹਮੈਂ ਬਹਾਯੋ॥ ਕਹਿੰਦਾ ਮਹਾਰਾਜ! ਜਦੋਂ ਮੈਂ ਉਹਦੇ ਆਸ਼ਰਮ ਵਿਚ ਗਿਆ। ਕਹਿੰਦਾ ਆਓ ਮਹਾਤਮਾ ਜੀ! ਆਉ ਮਹਾਤਮਾ ਜੀ! ਇਉਂ ਕਹਿਕੇ ਮੈਨੂੰ ਪਲੰਘ ਤੇ ਬਿਠਾ ਲਿਆ ਉਸਨੇ। ਐਥੇ ਬੈਠੋ ਜੀ, ਪਲੰਘ 'ਤੇ ਸਜੋ।

ਹਮ ਜਾਨਯੋ ਇਨ ਆਦਰ ਕਰਯੋ॥ ਮਹੰਤ ਜੈਤ ਰਾਮ ਕਹਿੰਦਾ ਅਸੀਂ ਤਾਂ ਇਹ ਸਮਝਿਆ ਕਿ ਇਸਨੇ ਸਾਡਾ ਆਦਰ ਕੀਤਾ ਹੈ, ਸਤਿਕਾਰ ਕੀਤਾ ਹੈ ਮੈਨੂੰ ਸੰਤ ਜਾਣ ਕੇ।

ਹੁਤੋ ਦੁਸ਼ਟ ਵਹਿ ਮਸਕਰੀ ਭਰਯੋ॥੫॥ ਉਹ ਤਾਂ ਮਸਕਰੀ ਦਾ ਭਰਿਆ ਹੋਇਆ ਸੀ, ਉਹ ਤਾਂ ਦੁਸ਼ਟ ਆਤਮਾ ਸ਼ੀ। ਮੈਨੂੰ ਤਾਂ ਉਹ ਟੋਂਹਦਾ ਸੀ ਕਿ ਇਹ ਕਿੰਨੇ ਕੁ ਪਾਣੀ ਵਿਚ ਹੈ। ਮੇਰੀ ਤਾਂ ਉਹ ਕਰਾਮਾਤ ਵੇਖਣੀ ਚਾਹੁੰਦਾ ਸੀ ਮਹਾਰਾਜ। ੫।

ਦੋਹਰਾ॥ ਬੈਠਾਯੋ ਉਸ ਪਲੰਘ ਪੁਰ, ਪੁਨ ਉਨ ਦਯੋ ਉਲਟਾਇ॥ ਪਹਿਲਾਂ ਉਸਨੇ ਸਤਿਕਾਰ ਨਾਲ ਬਿਠਾਇਆ ਪਲੰਘ ਤੇ, ਝੱਟ ਹੀ ਮਗਰੋਂ ਪਲੰਘ ਮੂਧਾ ਕਰ ਦਿੱਤਾ, ਮਹਾਰਾਜ! ਮੈਂ ਹੇਠਾਂ ਪਲੰਘ ਮੇਰੇ ਉਪਰ। ਮੈਂ ਤਾਂ ਪਲੰਘ ਦੇ ਹੇਠਾਂ ਦੱਬਿਆ ਗਿਆ।

ਕਰੀ ਮਸਕਰੀ ਹਮ ਘਨੀ, ਹਸ ਹਸ ਲਿਟ ਲਿਟ ਪਾਇ॥੬॥ ਬੜਾ ਮਖੌਲ ਕੀਤਾ ਮੈਨੂੰ, ਮਗਰੋਂ ਵਾਹ ਸੰਤ ਜੀ ਵਾਹ, ਬੜੀ ਕਮਾਈ ਹੈ ਸੰਤਾਂ ਦੀ, ਪਲੰਘ ਹੀ ਡਾਹੀ ਬੈਠਾ ਹੈ। ਇਉਂ ਮੈਨੂੰ ਮਸਕਰੀਆਂ ਕਰੇ। ਹਸੇ ਤੇ ਨਾਲੇ ਲਿਟ ਲਿਟ

ਜਾਏ, ਐਨਾ ਹੱਸੇ ਕਮਾਲ ਕਰੀ ਜਾਵੇ। ੬।

ਚੌਪਈ॥ ਖਟ ਦਰਸ਼ਨ ਕੋ ਮਸਕਰੀ ਕਰੈ॥ ਕਹਿਣ ਲੱਗਾ ਮਹਾਰਾਜ! ਮੇਰੇ ਇਕੱਲੇ ਦੀ ਗੱਲ ਨਹੀਂ (ਖਟ) ਛੇ ਭੇਖਾਂ ਨੂੰ ਕਿਸੇ ਭੇਖ ਦਾ ਹੋਵੇ ਸੰਨਿਆਸੀ ਹੋਵੇ ਬੈਰਾਗੀ ਹੋਵੇ ਹਰੇਕ ਨੂੰ ਮਖੌਲ ਕਰਦਾ ਹਰੇਕ ਨੂੰ ਪਲੰਘ ਤੇ ਬਿਠਾ ਕੇ ਮੂਧਾ ਕਰਦਾ ਹੈ।

ਗੁਰ ਪੀਰ ਤੇ ਨਾਂਹਿ ਸੁ ਡਰੈ॥ ਮਹਾਰਾਜ ਜੀ! ਉਹ ਕਿਸੇ ਗੁਰੂ ਪੀਰ ਤੋਂ ਵੀ ਨਹੀਂ ਡਰਦਾ, ਕਿਸੇ ਨਾਲ ਖੈਰ ਨਹੀਂ ਕਰਦਾ।

ਆਪ ਕਹਾਵੈ ਵਹੁ ਗੁਰ ਪੀਰ॥ ਉਹ ਤਾਂ ਆਪਣੇ ਆਪ ਨੂੰ ਗੁਰੂ ਪੀਰ ਕਹਾਉਂਦਾ ਹੈ। ਮੈਂ ਹੀ ਗੁਰੂ ਹਾਂ ਸਭ ਤੋਂ ਵੱਡਾ ਮੈਂ ਹੀ ਪੀਰ ਹਾਂ।

ਸੰਤ ਨਿੰਦਕ ਵਹੁ ਬੇਗੁਰ ਪੀਰ॥੭॥ ਹੇ ਸਾਹਿਬ ਜੀ! ਉਹ ਸੰਤਾਂ ਦਾ ਨਿੰਦਕ ਹੈ। ਉਹ ਬੇਗੁਰਾ ਹੈ ਬੇ-ਪੀਰ ਹੀ ਹੈ। ੭।

ਮਹੰਤ ਕਹੀ 'ਉਤ ਵਲ ਨਾ ਜਾਈਓ॥ ਸਤਿਗੁਰਾਂ ਨੇ ਉਧਰ ਦੱਖਣ ਨੂੰ ਜਾਣਾ ਸੀ ਗੋਦਾਵਰੀ ਵਲ ਨੂੰ, ਇਹ ਮਹੰਤ ਜੈਤ ਰਾਮ ਕਹਿੰਦਾ, ਮਹਾਰਾਜ। ਉਧਰ ਨਾ ਜਾਇਓ। ਉਥੇ ਜਾਣਾ ਠੀਕ ਨਹੀਂ, ਜੇ ਚਲੇ ਗਏ ਕਿਤੇ ਤੁਹਾਡੇ ਨਾਲ ਨਾ ਕਰੇ ਐਹੋ ਜਿਹਾ ਕੁਛ।

ਉਸ ਤੇ ਟਲ ਕੇ ਦੂਰ ਸਿਧਾਈਓ' ॥ ਮਹਾਰਾਜ ਜੀ! ਜੇ ਤੁਸੀਂ ਉਹ ਦੇਸ਼ ਦੇਖਣਾ ਹੀ ਹੈ ਤਾਂ ਉਸ ਤੋਂ ਟਲ ਕੇ ਦੂਰ ਦੀ ਲੰਘ ਜਾਇਓ, ਨੇੜੇ ਨਾ ਜਾਇਓ ਉਹਦੇ।

ਸਤਿਗੁਰ ਕਹੀ 'ਜੁ ਸਤਿਗੁਰ ਕਰੈ॥ ਸਤਿਗੁਰੂ ਕਲਗੀਧਰ ਜੀ ਕਹਿਣ ਲੱਗੇ ਜੋ (ਸਤਿਗੁਰ) ਗੁਰੂ ਨਾਨਕ ਸਾਹਿਬ ਜੀ ਕਰਨਗੇ ਉਹ ਠੀਕ ਹੀ ਕਰਨਗੇ, ਭਲਾ ਹੀ ਕਰਨਗੇ, ਕੁਝ ਨਹੀਂ ਹੁੰਦਾ ਸਾਨੂੰ।

ਬਨੈ ਨਹੀਂ ਅਬ ਹਮ ਕੋ ਟਰੈ॥੮॥ ਹੁਣ ਸਾਡਾ ਟਲਣਾ ਨਹੀਂ ਬਣਦਾ, ਕਿਉਂਕਿ ਰਾਹ ਤਾਂ ਸਿੱਧਾ ਉਹੀ ਜਾਂਦਾ, ਜੇ ਅਸੀਂ ਟਲਦੇ ਹਾਂ, ਤਾਂ ਉਸ ਨੇ ਆਪੇ ਹੀ ਆਕੜਨਾ ਹੈ, ਮੈਥੋਂ ਟਲਦੇ ਗੁਰੂ ਜੀ ਪਰ੍ਹੇ ਚਲੇ ਗਏ। ਆਏ ਨਾ ਏਥੇ, ਜੇ ਆਉਂਦੇ ਤਾਂ ਮੈਂ ਹੱਥ ਵਿਖਾਉਂਦਾ। ਗੱਲ ਤਾਂ ਉਸ ਦੀ ਇਹ ਸੀ, ਕਹਿੰਦੇ ਹੁਣ ਨਹੀਂ ਟਲਿਆ ਜਾਂਦਾ। ੮।

ਸੋਊ ਹਮ ਕੋ ਰਾਹ ਬਤਾਓ॥ ਜੈਤ ਰਾਮ! ਸਾਨੂੰ ਰਾਹ ਦੱਸ ਤੂੰ ਉਹ ਹੈ ਕਿਹੜੇ ਪਾਸੇ, ਜਿਥੋਂ ਦੀ ਜਾਈਦਾ ਉਥੇ।

ਨਾਮ ਥਾਮ ਔ ਗ੍ਰਾਮ ਸੁਨਾਓ॥ ਉਹਦਾ ਨਗਰ ਅਤੇ ਉਸਦੇ ਆਸ਼ਰਮ ਦਾ ਸਾਰਾ ਪਤਾ ਚੰਗੀ ਤਰ੍ਹਾਂ ਦੱਸੋ ਸਾਨੂੰ।

ਜਾ ਦੇਖੈਂ ਹਮ ਉਸ ਕੀ ਸਿਧੀ॥ ਸਾਹਿਬ ਜੀ ਕਹਿਣ ਲੱਗੇ ਵੇਖ ਲੈਂਦੇ ਹਾਂ ਜਾ ਕੇ ਉਹ ਕਿੱਡਾ ਕੁ (ਸਿਧੀ) ਕਰਾਮਾਤੀ ਸਾਧੂ ਹੈ। ਕਿੰਨੀ ਕੁ ਕਰਾਮਾਤ ਹੈ ਉਸਦੇ ਵਿਚ।

ਕੌਣ ਗੁਰੂ ਜਿਸ ਤੇ ਭਈ ਬ੍ਰਿਧੀ॥੯॥ ਉਹਦਾ ਗੁਰੂ ਕੌਣ ਹੈ? ਜਿਸ ਤੋਂ ਇਸਨੂੰ (ਬ੍ਰਿਧੀ) ਵਡਿਆਈ ਪ੍ਰਾਪਤ ਹੋਈ ਹੈ।੯।

ਅੜੈ ਤੋ ਹਮ ਉਸ ਸਿਧੀ ਗੁਵਾਵੈਂ॥ ਸਾਹਿਬ ਜੀ ਕਹਿੰਦੇ ਨੇ ਸਾਡੇ ਨਾਲ ਪੰਜਾ ਪੈ ਗਿਆ ਨਾ, ਜੇ ਸਾਡੇ ਸਾਹਮਣੇ ਅੜ ਗਿਆ, ਅਸੀਂ ਉਹਦੀ (ਸਿਧੀ) ਸ਼ਕਤੀ ਖਤਮ ਕਰ ਦਿਆਂਗੇ, ਉਹਦੀ ਝੋਲੀ ਰਿਧੀਆਂ ਸਿੱਧੀਆਂ ਵਲੋਂ ਖਾਲੀ ਕਰ ਦਿਆਂਗੇ।

ਮਿਲੈ ਤਾਂ ਉਸ ਕੋ ਰਾਹਿ ਪਾਇ ਜਾਵੈਂ॥ ਜੇ ਉਹ ਸਾਨੂੰ ਮਿਲਿਆ ਤਾਂ ਉਸ ਨੂੰ ਸਿੱਧੇ ਰਾਹ ਪਾਵਾਂਗੇ, 'ਬੰਦਾ' ਬਣਾ ਦਿਆਂਗੇ ਉਸਨੂੰ।

ਸਤ ਨਾਨਕ ਉਸ ਕਰਹੈਂ ਦਾਸ॥ (ਸਤ) ਸੌਂਹ ਹੈ ਸਾਨੂੰ ਸਾਹਿਬ ਸ੍ਰੀ ਗੁਰੂ ਨਾਨਕ ਜੀ ਦੀ ਕਿ ਅਸੀਂ ਉਸਨੂੰ ਜ਼ਰੂਰ ਆਪਣਾ (ਦਾਸ) ਸੇਵਕ ਬਣਾਵਾਂਗੇ।

ਕਰੈਂ ਸਿਖ ਉਸ ਅਪਨੋ ਖਾਸ' ॥੧੦॥ ਅਸੀਂ ਉਸ ਨਰਾਇਣ ਦਾਸ ਨੂੰ ਆਪਣਾ ਖਾਸ ਸਿੱਖ ਬਣਾ ਲਵਾਂਗੇ। ੧੦।

ਮਹੰਤ ਵਾਚ-ਦੋਹਰਾ ॥ 'ਨਦੀ ਗੋਦਾਵਰ ਢਿਗ ਹੁਤੋ, ਸ਼ਹਰ ਨਦੇੜ ਸੁ ਨਾਮ॥ ਹੁਣ ਮਹੰਤ ਜੈਤ ਰਾਮ ਦਾਦੂ ਦ੍ਵਾਰੇ

ਵਾਲਾ, ਨਰਾਇਣ ਦਾਸ ਦਾ ਪੂਰਾ ਅਤਾ ਪਤਾ ਦਸਦਾ ਹੈ। ਮਹਾਰਾਜ! ਗੁਦਾਵਰੀ ਨਦੀ ਦੇ (ਢਿਗ) ਪਾਸ, ਨੇੜੇ ਨੰਦੇੜ ਨਾਮ ਦਾ ਉਹ ਸ਼ਹਿਰ ਹੈ। ਉਸ ਨਦੀ ਦੇ ਕਿਨਾਰੇ ਤੇ ਉਸਨੇ ਆਪਣਾ ਡੇਰਾ ਬਣਾਇਆ ਹੈ।

ਭਲੇ ਸੁ ਦੱਖਣ ਕੁੰਠ ਮੈਂ, ਹੈ ਪਰਗਟ ਸ਼ੁਭ ਥਾਮ॥੧੧॥ ਮਹਾਰਾਜ! ਉਹ ਦੱਖਣ ਦੀ ਕੁੰਟ ਹੈ, ਭਲਾ ਦੇਸ਼ ਹੈ, ਸਾਰੇ ਜ਼ਾਹਰ ਹੈ ਚੰਗੀ ਥਾਂ ਉਹ। ੧੧।

ਚੌਪਈ॥ ਵਹੁ ਹੋਤੋ ਥੋ ਪ੍ਰਿਥਮ ਕੰਗਾਲ॥ ਮਹੰਤ ਜੀ ਕਹਿੰਦੇ ਪਹਿਲੇ ਤਾਂ (ਕੰਗਾਲ) ਰਿਧੀਆਂ ਸਿਧੀਆਂ ਤੋਂ ਉਹ ਸੱਖਣਾ ਹੀ ਸੀ, ਕੇਵਲ ਰੋਟੀਆਂ ਭੰਨ ਹੀ ਸੀ।

ਰਲ ਕਹੂੰ ਤੁਰਯੋ ਸੁ ਸੰਤਨ ਨਾਲ॥ ਕੁਦਰਤ ਨਾਲ ਉਹਦਾ ਮੇਲ ਸੰਤਾਂ ਨਾਲ ਹੋ ਗਿਆ, ਸੰਤ ਮਹਾਤਮਾ ਮਿਲ ਗਏ।

ਬਹੁਤ ਸੈਲ ਉਨ ਪ੍ਰਿਥਮੈ ਕਰਯੋ॥ ਪਹਿਲਾਂ ਤਾਂ ਉਨ੍ਹਾਂ ਨਾਲ ਚਕ੍ਰਵਰਤੀ ਰਿਹਾ! ਸੰਤਾਂ ਦਾ ਖਿਆਲ ਹੁੰਦਾ ਤੀਰਥਾਂ 'ਤੇ ਯਾਤਰਾ ਕਰੀ ਜਾਣਾ, ਬਹੁਤ ਸਮਾਂ ਦੇਸ਼ ਰਟਨ ਕਰਦਾ ਰਿਹਾ।

ਸਿੱਧ ਮੰਤਰੀ ਉਸ ਮਿਲ ਪਰਯੋ॥੧੨॥ ਇਕ ਸਿੱਧ (ਮੰਤਰੀ) ਮੰਤਰ ਸਿਧੀ ਵਾਲਾ ਜਿਸਦਾ ਨਾਮ 'ਅਨੂਣੀਆਂ' ਸਿੱਧ ਸੀ ਉਸਦੇ ਨਾਲ ਇਹਦਾ ਮੇਲ ਹੋ ਗਿਆ। ੧੨।

ਉਸ ਕੀ ਸੇਵ ਬਹੁਤ ਇਨ ਕਰੀ॥ ਉਸ ਅਨੂਣੀਆਂ ਸਿੱਧ ਦਾ ਇਹ ਚੇਲਾ ਬਣ ਗਿਆ ਅਤੇ ਉਸਦੀ ਇਸ ਨੇ ਬੜੀ ਭਾਰੀ ਸੇਵਾ ਕੀਤੀ ਹਰ ਤਰ੍ਹਾਂ ਨਾਲ।

ਵਿਦਯਾ ਦਈ ਇਨੈ ਉਸ ਭਲੀ॥ ਉਸ ਸਿੱਧ ਨੇ ਇਸਨੂੰ ਬੜੀ ਵਿਦਿਆ ਦਿੱਤੀ (ਭਲੀ) ਚੰਗੀ ਚੰਗੀ ਕਰਾਮਾਤਾਂ ਦੀ।

ਦਈ ਪੋਥੀ ਔ ਭੇਦ ਦਯੋ ਕੁੱਲ॥ ਉਸ ਸਿੱਧ ਦੇ ਪਾਸ ਸਿੱਧੀਆਂ ਵਾਲੀ ਪੋਥੀ ਸੀ ਇੱਕ, ਜਿਸਦੇ ਵਿਚ ਰਿੱਧੀਆਂ ਸਿੱਧੀਆਂ ਦਾ ਪ੍ਰਤਾਪ ਸੀ, ਕਿਵੇਂ ਸਿੱਧੀ ਕਰਨੀ ਹੈ, ਕਿਵੇਂ ਬਨਾਉਣਾ ਹੈ ਸਾਰਾ ਭੇਦ ਦੱਸ ਦਿੱਤਾ ਉਹ ਪੋਥੀ ਇਸ ਨਰਾਇਣ ਦਾਸ ਸਾਧ ਨੂੰ ਦੇ ਦਿੱਤੀ ਉਸਨੇ।

ਸੋ ਕਰ ਦੀਨੋ ਅਪਨੈ ਤੁੱਲ॥੧੩॥ ਜਿਵੇਂ ਉਹ ਆਪ ਸਿੱਧ ਸੀ ਪੂਰਾ ਕਰਾਮਾਤ ਵਾਲਾ, ਉਸਨੂੰ ਆਪਣੇ (ਤੁੱਲ) ਬਰਾਬਰ ਕਰ ਦਿੱਤਾ, ਐਨਾ ਉਸਨੂੰ ਕਲਾਵਾਨ ਕਰ ਦਿੱਤਾ ਹੈ। ੧੩।

ਦੇ ਕੈ ਪੋਥੀ ਕਹੀ ਤਿਨ ਬਾਤ॥ ਇਸਨੂੰ ਪੋਥੀ ਦੇ ਕੇ ਸੰਤ ਅਨੂਣੀਏ ਨੇ ਇਹ ਵੀ ਗੱਲ ਕਹੀ ਉਸਨੂੰ, ਲੈ ਸੰਤਾ ! ਆਹ ਯਾਦ ਰੱਖੀਂ ਮੇਰੀ ਗੱਲ।

'ਜਗਤ ਕਰੀਂ ਨਾ ਬਹੁ ਬਿਖਯਾਤਿ॥ ਤੂੰ ਇਸ ਪੋਥੀ ਤੋਂ ਰਿੱਧੀਆਂ ਸਿੱਧੀਆਂ ਦਾ ਕੰਮ ਲਈ ਜਾਈਂ ਇਸ ਤੋਂ ਲੋੜ ਅਨੁਸਾਰ ਪਰ ਸੰਸਾਰ ਵਿਚ ਇਸ ਨੂੰ ਪ੍ਰਗਟ ਨਾ ਕਰ ਬੈਠੀਂ ਇਸਨੂੰ ਮੇਰੇ ਕੋਲ ਏਡੀ ਸਿੱਧੀ ਆ ਮੈਂ ਤਾਂ ਕਰਾਮਾਤੀ ਹਾਂ।

ਗੋਪ ਰਹੈ ਤੋ ਰਹਿ ਹੈ ਪਾਸ॥ ਜੇ ਤੂੰ ਇਸ ਪੋਥੀ ਨੂੰ ਗੁਪਤ ਰਖੇਂਗਾ, ਤਾਂ ਇਹ ਪੋਥੀ ਵੀ ਤੇਰੇ ਕੋਲ ਰਹਿ ਜਾਇਗੀ ਅਤੇ ਕਰਾਮਾਤ ਵੀ ਤੇਰੇ ਕੋਲ ਰਹਿ ਜਾਏਗੀ।

ਪ੍ਰਗਟ ਕਰੈਂ ਤੋ ਲਹਿ ਜਾਇ ਸਾਸ॥੧੪॥ ਜੇ ਤੂੰ ਇਸਨੂੰ ਪ੍ਰਗਟ ਕੀਤਾ ਤਾਂ ਤੇਰੀ (ਸਾਸ) ਜਾਨ ਵੀ ਨਾਲ ਲੈ ਜਾਏਗੀ। ੧੪।

ਦੋਹਰਾ॥ ਗੜ੍ਹ ਨਾਰੀ, ਮਾਯਾ, ਤੁਰਾ, ਸ਼ਸਤ੍ਰ ਪਾਰਸ ਜੋਇ॥ (ਗੜ੍ਹ) ਕਿਲ੍ਹਾ ਘਰ ਵਿਚ ਇਸਤ੍ਰੀ ਚੰਗੀ ਹੋਵੇ, ਮਾਯਾ ਹੋਵੇ, (ਤੁਰਾ) ਚੰਗਾ ਘੋੜਾ ਹੋਵੇ ਕੋਲ, (ਸ਼ਸਤ੍ਰ) ਹਥਿਆਰ ਵਧੀਆ ਹੋਵੇ ਕੋਲ ਅਤੇ (ਪਾਰਸ) ਲੋਹੇ, ਤਾਂਬੇ ਆਦਿਕ ਸੋਨਾ ਬਨਾਉਣ ਵਾਲੀ ਵੱਟੀ ਹੈ (ਜੋਇ) ਜਿਹੜੀ।

ਸਿੱਧ ਔਖਧੀ ਮੰਤ੍ਰ ਤੰਤ੍ਰ ਖੋਹਤ ਰਾਜੇ ਸੋਇ॥੧੫॥ ਕੋਈ ਸਿੱਧ (ਔਖਧੀ) ਰਸਾਇਣ ਆਦਿਕ ਦੇ ਜਾਨਣ ਵਾਲਾ, ਮੰਤ੍ਰਾਂ (ਤੰਤ੍ਰ) ਤਾਗਾ ਆਦਿਕ ਕਰਨ ਵਾਲਾ ਜੋ ਹੋਵੇ। ਰਾਜੇ ਵੇਖ ਕੇ ਉਹਨੂੰ ਖਤਰਾ ਮੰਨਦੇ ਨੇ ਪਾਰਸ ਦੀ ਵੱਟੀ ਇਹਦੇ ਹੱਥ ਵਿਚ ਹੈ, ਮਤਾਂ ਇਹ ਸੋਨਾ ਬਣਾ ਬਣਾ ਕੇ ਮੇਰੇ ਤੋਂ ਵੱਡਾ ਬਾਦਸ਼ਾਹ ਬਣ ਜਾਏ, ਮੇਰਾ ਹੀ ਰਾਜ ਖੋਹ ਲਵੇ

ਫੌਜ ਲੈ ਕੇ, ਇਸ ਕਰਕੇ ਉਹ ਰਾਜੇ ਲੋਕ ਡਰ ਰਖਦੇ ਨੇ, ਰਾਜੇ ਪਾਤਸ਼ਾਹ ਉਸਨੂੰ ਮਾਰ ਕੇ ਇਹ ਚੀਜਾਂ ਖੋਹ ਲੈਂਦੇ ਨੇ। ੧੫।

ਚੌਪਈ॥ ਸਾਹਿ ਪਤਸਾਹਿ ਨ ਛਾਡੈਂ ਗੈਲ॥ ਵੱਡੇ ਵੱਡੇ ਸ਼ਾਹੂਕਾਰ ਤੇ ਬਾਦਸ਼ਾਹ ਲੋਕ ਜੋ ਹਨ ਉਹ ਉਹਦਾ (ਗੈਲ) ਖਹਿੜਾ ਨਹੀਂ ਛੱਡਦੇ, ਕਈ ਕਹਿੰਦੇ ਨੇ ਸੰਤ ਜੀ! ਮਹਾਤਮਾ ਜੀ! ਪਹਿਲਾਂ ਪ੍ਰੇਮ ਕਰਦੇ ਨੇ ਵੇਖੋ ਨਾ ਅਸੀਂ ਤੁਹਾਡੇ ਸੇਵਕ ਤੁਹਾਡੇ ਚਰਨਾਂ ਦੇ ਅਸੀਂ ਪੁਜਾਰੀ ਹਾਂ, ਜੇ ਮਿਹਰ ਕਰੋ ਸਾਨੂੰ ਪਾਰਸ ਦੀ ਵੱਟੀ ਲੱਭ ਦਿਉ ਕਿਤੋਂ, ਕੋਈ ਰਸਾਇਣ ਦੇ ਦਿਉ, ਅਸੀਂ ਰਸਾਇਣ ਨਾਲ ਕਿਸੇ ਲੋਹੇ ਨੂੰ ਲਾ ਕੇ ਸੋਨਾ ਆਦਿਕ ਬਣਾ ਲਵਾਂਗੇ, ਇਹੋ ਜਿਹਾ ਕੰਮ ਕੋਈ ਸਾਨੂੰ ਦੱਸ ਜਾਵੋ।

ਮਾਰੈਂ ਤੁਰਤ ਜਿੰਦ ਅਪਨੀ ਭੈਲ॥ ਜਦੋਂ ਕੰਮ ਨਿਕਲ ਗਿਆ ਫੇਰ ਆਪਣੇ ਡਰ ਦੇ ਮਾਰੇ ਉਸਨੂੰ ਜਾਨੋਂ ਮਾਰ ਕੇ ਬੇ-ਫ਼ਿਕਰ ਹੋ ਜਾਂਦੇ ਨੇ।

ਵਹੁ ਜਾਣੈ ਯਹ ਲੈ ਜਗ ਪਤਿਸ਼ਾਹੀ॥ ਉਹ ਇਹ ਜਾਣਦੇ ਆ ਕਿ ਇਹ ਕਰਾਮਾਤ ਜਾਣਦਾ, ਇਹ ਸੰਸਾਰ ਦੀ ਪਾਤਸ਼ਾਹੀ ਕਿਉਂ ਨਾ ਚਾਹੁੰਦਾ ਹੋਊਗਾ, ਸਾਨੂੰ ਜੋ ਪਾਤਸ਼ਾਹੀ ਮਿਲੀ ਹੋਈ ਹੈ ਉਹ ਖੋਹ ਲਵੇਗਾ ਸਾਡੀ।

ਕਰਾਮਾਤ ਹੈ ਜਿਸ ਕੇ ਪਾਹੀ॥੧੬॥ ਜਿਸਦੇ ਪਾਸ ਕਰਾਮਾਤ ਹੋਵੇ, ਉਹ ਭਾਈ ਜੋ ਮਰਜ਼ੀ ਹੈ ਕਰੇ, ਕਰਾਮਾਤ ਦੇ ਜ਼ੋਰ ਨਾਲ ਕਿਸੇ ਦੀ ਬਾਦਸ਼ਾਹੀ ਖੋਹ ਲਵੇ, ਕਿਸੇ ਨਾਲ ਕੁਝ ਕਰੇ, ਕਿਸੇ ਦਾ ਖਜ਼ਾਨਾ ਲੁੱਟ ਲਵੇ, ਇਹ ਤਾਕਤ ਜਿਉਂ ਹੋਈ ਉਹਦੇ ਕੋਲ, ਇਸ ਵਾਸਤੇ ਉਹ ਹਾਕਮ ਭੈ ਖਾਂਦੇ ਨੇ। ੧੬।

ਘਰ ਹੀ ਬੈਠੇ ਦੇਵੈ ਮਾਰ॥ ਉਹ ਐਨਾ ਡਰਦੇ ਨੇ ਕਿ ਇਸਨੇ ਕਿਹੜਾ ਫੌਜ ਲੈ ਕੇ ਆਉਣਾ ਸਾਡੇ ਤੇ, ਉਥੋਂ ਘਰੋਂ ਹੀ ਫੂਕ ਮੰਤ੍ਰ ਪੜ੍ਹ ਦੇਵੇਗਾ, ਸਾਨੂੰ ਐਥੇ ਘਰੇ ਬੈਠਿਆਂ ਨੂੰ ਹੀ ਮੰਜਿਆਂ ਤੇ ਮਾਰ ਦੇਵੇਗਾ।

ਯਹ ਇਸ ਭੈ ਤੇ ਵਹਿ ਕਰੇ ਖ਼ੁਆਰ॥ ਉਹ ਇਸ ਡਰ ਤੋਂ ਖੁਆਰ ਕਰਦੇ ਨੇ, ਫੜ ਲੈਂਦੇ ਨੇ ਜਿਹਲਾਂ ਵਿਚ ਸੁੱਟ ਦਿੰਦੇ ਨੇ ਬੇੜੀਆਂ ਪਾ ਦਿੰਦੇ ਨੇ ਬੰਨ੍ਹੀ ਰੱਖੋ ਇਹਨੂੰ, ਜਿੰਨਾ ਚਿਰ ਦਿੰਦਾ ਉਨਾਂ ਚਿਰ ਲਈ ਚਲੋ ਇਹਦੇ ਕੋਲੋਂ। ਉਹ ਮੰਗ ਤੇ ਮੰਗ ਕਰੀ ਰਖਦੇ ਨੇ। ਜਦੋਂ ਨਾ ਆਖੇ ਲੱਗੇ ਫਿਰ ਉਦੋਂ ਰਗੜ ਦਿੰਦੇ ਨੇ, ਛਡਦੇ ਨਹੀਂ ਉਹਨੂੰ।

ਅਰ ਚਾਹੈ ਵਹ ਨਿਜ ਹਥ ਲੀਯੋ॥ ਉਹ ਉਸ ਦਾ ਸਭ ਕੁਝ ਆਪਣੇ ਹੱਥ ਵਿਚ ਲੈਣਾ ਚਾਹੁੰਦੇ ਹਨ।

ਸ਼ਰੀਕਨ ਜਿਮ ਉਸ ਮਾਰਨ ਕੀਯੋ॥੧੭॥ ਅਤੇ ਸ਼ਰੀਕਾ ਕਰਦੇ ਨੇ ਸਾਡੇ ਕੋਲ ਤਾਕਤ ਹੈ, ਸਾਡੇ ਕੋਲ ਮਾਯਾ ਫੌਜਾਂ ਨੇ ਤੇ ਇਹ ਸਾਡਾ ਸ਼ਰੀਕ ਬਣੇਗਾ, ਲੋਕ ਹੁਣ ਸਾਨੂੰ ਮੱਥਾ ਟੇਕਦੇ ਨੇ ਫੇਰ ਇਹਨੂੰ ਟੇਕਣ ਲੱਗ ਜਾਣਗੇ ਸ਼ਰੀਕਾਂ ਦੀ ਤਰ੍ਹਾਂ ਉਸਨੂੰ ਮਾਰ ਮੁਕਾਉਂਦੇ ਹਨ ਰਾਜੇ ਲੋਕ। ੧੭।

ਅਬ ਸੁਨੀਯੋ ਪੋਥੀ ਕੋ ਨਾਮ॥ ਭਾਈ ਸਾਹਿਬ ਜੀ ਕਹਿੰਦੇ ਹਨ ਉਸ ਪੋਥੀ ਦਾ ਨਾਮ ਸੁਣੋ ਹੁਣ, ਜਿਸਦੇ ਵਿਚ ਐਸੀ ਐਸੀ ਵਿਦਿਆ ਸੀ।

ਸਿਧ ਅਨੂਣੀਆਂ ਮੰਤ੍ਰਨ ਥਾਮ॥ ਉਹ ਜੋ ਅਨੂਣੀਆਂ ਸੀ, ਦਸਦੇ ਨੇ ਉਹ ਮੰਤ੍ਰਾਂ ਦਾ ਤਾਂ ਥੰਮ੍ਹ ਸੀ। (ਥਾਮ) ਥੰਮ੍ਹ, ਘਰ ਮੰਤ੍ਰਾਂ ਦਾ ਘਰ ਸੀ ਅਨੂਣੀਆਂ ਸਿੱਧ।

ਹੋਤ ਗੋਰਖ ਕੋ ਚੇਲਾ ਖਾਸ॥ ਕਹਿੰਦੇ ਕੋਈ ਖਾਸ ਗੋਰਖ ਦਾ ਹੀ ਚੇਲਾ ਸੀ, ਕਿੰਨਾਂ ਚਿਰ ਹੋ ਗਿਆ ਇਸ ਚੇਲੇ ਨੂੰ, ਸਿੱਧੀ ਕਰਕੇ ਜਿਉਂਦਾ ਸੀ, ਵੱਡੀ ਉਮਰ ਕੀਤੀ ਹੋਈ ਸੀ ਉਸਨੇ ਆਪਣੀ, ਬੜਾ ਕਰਾਮਾਤੀ ਸੀ, ਖਾਸ ਕਰਕੇ ਗੋਰਖ ਦਾ ਚੇਲਾ ਸੀ ਉਹ।

ਮਹਿਤ ਕਹੀ ਸੁਨ ਬਡਿਅਨ ਪਾਸ॥੧੮॥ ਉਹ ਕਹਿੰਦੇ ਹਨ ਕਿ ਅਸੀਂ ਤਾਂ ਵੱਡਿਆਂ ਕੋਲੋਂ ਸੁਣ ਕੇ ਉਹਦੀ (ਮਹਿਤ) ਚਰਚਾ ਆਖੀ ਹੈ। ਜਿਵੇਂ ਮੇਰੇ ਵੱਡਿਆਂ ਨੇ ਮੈਨੂੰ ਦੱਸਿਆ ਹੈ ਉਸੇ ਤਰ੍ਹਾਂ ਹੀ ਮੈਂ ਦੱਸਿਆ ਹੈ ਅਨੂਣੀਆਂ ਸਿੱਧ ਬਾਰੇ। ੧੮।

ਪੋਥੀ ਮੈਂ ਥੀ ਵਿਦਯਾ ਸਭ॥ ਉਸ ਪੋਥੀ ਵਿਚ ਸਭ ਤਰ੍ਹਾਂ ਦੀ ਵਿਦਿਆ ਸੀ।

ਜੋਊ ਜਗ ਮੈਂ ਹੁਤੀ ਅਲੱਭ॥ ਜਿਹੜੀ ਸੰਸਾਰ ਵਿਚ (ਅਲੱਭ) ਦੁਰਲੱਭ ਹੈ ਵਿਦਿਆ ਉਹ ਸਾਰੀ ਇਸ ਪੋਥੀ ਵਿਚ ਸੀ। ਜਿਹੜੀ ਕਿਤੋਂ ਪੜ੍ਹੀ ਨਾ ਜਾਏ, ਕਿਤੋਂ ਸਿੱਖੀ ਨਾ ਜਾਏ, ਕਿਸੇ ਜਗ੍ਹਾ ਤੋਂ ਕਿਸੇ ਤਰ੍ਹਾਂ ਵੀ ਮਿਲ ਹੀ ਨਾ ਸਕੇ, ਐਹੋ ਜਿਹੀਆਂ ਸਿੱਧੀਆਂ, ਜੰਤ੍ਰ ਮੰਤ੍ਰ ਸੀ ਉਹਦੇ ਵਿਚ।

ਮੰਤ੍ਰਨ ਵਿਦਯਾ ਤੰਤ੍ਰਨ ਸਾਰ॥ ਮੰਤ੍ਰਾਂ ਦੀ ਵਿਦਿਆ ਤੇ (ਤੰਤ੍ਰ) ਤੰਤ, ਧਾਗਾ ਆਦਿਕ ਧਾਗੇ ਵਿਚ ਕਰਾਮਾਤ ਭਰ ਦੇਣੀ। ਜਿਵੇਂ ਕਾਮਰੂਪ ਦੇਸ਼ ਵਿਚ ਜਾਦੂਗਰਨੀਆਂ ਨੇ ਮਰਦਾਨੇ ਦੇ ਗਲ ਵਿਚ ਧਾਗਾ ਪਾ ਕੇ ਮੀਢਾ ਬਣਾ ਲਿਆ ਸੀ। ਸਾਰੀ ਤੰਤ੍ਰਾਂ ਦੀ ਵਿਦਿਆ ਸੀ ਉਸ ਪੋਥੀ ਵਿਚ।

ਜੰਤ੍ਰ ਜੁਗਤ ਔ ਮਹੂਰਤ ਵਾਰ॥੧੯॥ (ਮੰਤ੍ਰ) ਮੂੰਹ ਨਾਲ ਉਚਾਰਨਾ (ਜੰਤ੍ਰ) ਕਾਗਜ਼ ਆਦਿ ਤੇ ਲਿਖ ਕੇ ਕਰਨਾ (ਤੰਤ੍ਰ) ਧਾਗੇ ਆਦਿਕ ਉਪਰ ਸਿੱਧੀ ਦਾ ਕਰਨਾ। ਸਭ ਤਰ੍ਹਾਂ ਦੀ ਜੰਤਰਾਂ ਦੀਆਂ, ਸਭ ਤਰ੍ਹਾਂ ਦੀ ਮੰਤਰਾਂ ਦੀਆਂ ਅਤੇ ਸਭ ਤਰ੍ਹਾਂ ਦੀ ਤੰਤ੍ਰਾਂ ਦੀ ਵਿਦਿਆ ਸੀ, ਉਸ ਪੋਥੀ ਵਿਚ ਸਭ ਤਰ੍ਹਾਂ ਦੀਆਂ ਵਿਧੀਆਂ ਲਿਖੀਆਂ ਹੋਈਆਂ ਸਨ ਅਤੇ ਉਹਨਾਂ ਦੇ ਚੰਗੀ ਤਰ੍ਹਾਂ ਪ੍ਰਯੋਗ ਕਰਕੇ ਦੇਖੇ ਸਨ। ਕਿਸੇ ਕੰਮ ਨੂੰ ਅਰੰਭ ਕਰਨ ਵਾਸਤੇ ਕਿਸੇ (ਵਾਰ) ਦਿਨ ਦਾ (ਮਹੂਰਤ) ਸ਼ੁਭ ਅਸ਼ੁਭ ਸਮਾਂ ਵੀ ਉਸ ਵਿਚ ਦਰਜ ਸੀ। ੧੯।

ਪਾਰਸ ਲੱਭਣ, ਰਸਾਇਣ ਕਾਰ॥ ਪਾਰਸ ਕਿਵੇਂ ਲੱਭਿਆ ਜਾਏ? ਅਤੇ ਰਸਾਇਣ ਕਿਵੇਂ ਬਣੇ? ਪਿੱਤਲ ਨੂੰ ਲੋਹੇ ਨੂੰ ਮਾੜੀ ਜਿਹੀ ਰਸਾਇਣ ਲਾ ਕੇ ਅੱਗ ਤੇ ਰੱਖ ਦਈਏ ਸੋਨਾ ਬਣ ਜਾਏ, ਕਹਿੰਦੇ ਉਹ ਸਾਰੇ ਤਰੀਕੇ ਉਸ ਪੋਥੀ ਵਿਚ ਨੋਟ ਸਨ।

ਨਾਗਾ ਅਸਜਣੀ ਔ ਸਿਧ ਸਾਰ॥ (ਨਾਗਾ ਅਸਜਣੀ) ਨਾਗਾਂ ਜ਼ਹਿਰੀਲੇ ਸੱਪ (ਅਸਜਣੀ) ਜੋ ਕਿਸੇ ਦੇ ਸੱਜਣ ਨਹੀਂ ਬਣਦੇ ਉਹਨਾਂ ਨੂੰ ਵਸ ਕਰਨ ਦੀ ਵਿਦਿਆ ਅਤੇ ਉਨ੍ਹਾਂ ਸੱਪਾਂ ਤੋਂ ਆਪਣੇ ਹੁਕਮ ਅਨੁਸਾਰ ਕੰਮ ਲੈਣੇ ਅਤੇ ਹੋਰ ਸਾਰੀਆਂ ਸਿਧੀਆਂ ਸਨ ਉਸ ਪੋਥੀ ਵਿਚ।

ਰੁਦ੍ਰ ਜਾਲ ਬਿਧ ਇੰਦ੍ਰਹ ਜਾਲ॥ (ਰੁਦ੍ਰ ਜਾਲ) ਸ਼ਿਵ ਜੀ ਤੋਂ ਕੰਮ ਲੈਣ ਦਾ ਮੰਤ੍ਰ, (ਇੰਦ੍ਰ ਜਾਲ) ਸਵਰਗ ਦੇ ਰਾਜੇ ਇੰਦ੍ਰ ਤੋਂ ਕੰਮ ਲੈਣ ਦੀ ਵਿਧੀ, ਉਹ ਸਾਰੇ ਤਰੀਕੇ ਉਸ ਪੋਥੀ ਵਿਚ ਅੰਕਤ ਸਨ।

ਅਦਭੁਤ ਖੇਡ ਔ ਉਡੀਸਹ ਚਾਲ॥੨੦॥ (ਅਦਭੁਤ) ਅਸਚਰਜ ਖੇਡਾਂ (ਉਡੀਸਹ) ਉੜੀਸਾ ਦੇਸ਼ ਦੀਆਂ (ਚਾਲਾਂ) ਕਰਾਮਾਤਾਂ ਸੀ। ਉਸ ਪੋਥੀ ਵਿਚ, ਇਹ ਸਾਰੇ ਉਧਰਲੇ ਦੇਸ਼ਾਂ ਦੇ ਜੰਤ੍ਰ ਮੰਤ੍ਰ ਸਨ ਉਸ ਵਿਚ। ੨੦।

ਜਲ ਮੈਂ ਮਿਲਨੌਂ ਉਪਰ ਜਾਨ॥ ਜਲ ਦੇ ਵਿਚ ਮਿਲ ਜਾਣਾ, ਜਲ ਦੇ ਵਿਚ ਜਲ ਵਾਂਗ ਘੁਲ ਜਾਣਾ, ਬਿਨਾਂ ਪੌੜੀ ਤੋਂ ਕਿਸੇ ਇਮਾਰਤ ਜਾਂ ਦਰਖਤ ਪਹਾੜ ਆਦਿ ਦੇ ਉਪਰ ਚੜ੍ਹ ਜਾਣਾ। ਜਲ ਦੇ ਉਤੇ ਤੁਰੇ ਫਿਰਨਾ ਐਹੋ ਜਿਹੀ ਕਰਾਮਾਤਾਂ ਸਨ।

ਔ ਅਕਾਸ਼ ਬੰਦ ਅਕਾਸ਼ ਉਡਾਨ॥ ਅਤੇ (ਅਕਾਸ਼ ਬੰਦ) ਅਕਾਸ਼ ਦੇ ਵਿਚ ਕੀ ਕੁਛ ਹੈ? ਕਿੰਨੀਆਂ ਪੁਰੀਆਂ? ਕਿੰਨੇ ਤਾਰੇ ਨੇ? ਕਿੱਡਾ ਕੁ ਵੱਡਾ ਅਕਾਸ਼ ਹੋ ਗਿਆ? ਅਕਾਸ਼ ਦੀਆਂ ਵੀ ਚਾਰੇ ਕੂੰਟਾਂ ਦਾ ਗਿਆਨ ਸੀ ਉਸ ਪੋਥੀ ਵਿਚ ਉਹ ਉਡ ਕੇ ਚਲੇ ਜਾਂਦੇ ਸਨ, ਦੇਖ ਲੈਂਦੇ ਸਨ ਜਾ ਕੇ।

ਅਗਨ ਬੁਝਾਵਨ ਲਾਵਨ ਬਿੱਧ॥ ਅੱਗ ਲੱਗੀ ਹੋਈ ਹੈ ਕਿਤੇ ਕਿਲ੍ਹੇ ਕੋਟ ਨੂੰ ਨਗਰ ਨੂੰ ਮੰਤ੍ਰ ਕਰਕੇ ਬੁਝਾ ਦੇਣੀ। ਅਤੇ ਅੱਗ ਲਗਾਉਣ ਦੀ ਬਿਧੀ, ਮਹਿਲਾਂ ਨੂੰ ਅੱਗ ਲਾ ਦੇਣੀ, ਭੜਥੂ ਪਾ ਦੇਣਾ, ਅਗਲੇ ਦੇ ਘਰ ਵਿਚ ਜਾ ਕੇ ਤੇ ਫਿਰ ਬੁਝਾ ਕੇ ਵਿਖਾ ਦੇਣੀ ਤੇ ਕਰਾਮਾਤੀ ਪੀਰ ਬਣ ਕੇ ਬਹਿ ਜਾਣਾ। ਆਹ ਸੰਤਾਂ ਨੇ ਕੀਤਾ ਕੋਈ ਮੰਤ੍ਰ ਝੱਟ ਬੁਝਾ ਦਿੱਤੀ ਅੱਗ।

ਵਿਚ ਵੜ ਖੜਨ ਖਾਵਨ ਸਿੱਧ॥੨੧॥ ਅੱਗ ਦੇ ਵਿਚ ਵੜਕੇ ਖੜੇ ਹੋ ਜਾਣਾ, ਅਤੇ ਅੰਗਿਆਰ ਖਾ ਕੇ ਦਿਖਾਉਣੇ, ਐਸੀਆਂ ਐਸੀਆਂ ਸਿੱਧੀਆਂ। ਖਾਣ ਵਾਲੀਆਂ ਵਸਤੂਆਂ ਅਨੇਕ ਪ੍ਰਕਾਰ ਦੀਆਂ ਮੰਤ੍ਰ ਸਿੱਧੀ ਨਾਲ ਹਾਜ਼ਰ ਕਰ

ਦੇਣੀਆਂ ਉਸ ਸਮੇਂ। ੨੧।

ਦੋਹਰਾ॥ ਜਿਸੈ ਜਾਪ ਕੇ ਜਪੇ ਤੇ, ਬਚਨ ਸਿਧੀ ਹੁਇ ਜਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਇਸ ਪੋਥੀ ਵਿਚ ਇਕ ਉਹ ਵੀ ਜਾਪ ਸੀ ਭਾਵ ਉਹ ਮੰਤ੍ਰ ਇਕ ਜਪਣ ਵਾਲਾ ਸੀ, ਜਿਸ ਦੇ ਜਪਣ ਨਾਲ 'ਬਚਨ ਸਿਧੀ' ਹੋ ਜਾਂਦੀ ਸੀ ਭਾਵ ਜੋ ਬਚਨ ਮੂੰਹ ਵਿਚੋਂ ਕੱਢਿਆ ਉਹ ਪੂਰਾ ਹੋ ਜਾਵੇ ਉਸਨੂੰ ਬਚਨ ਸਿਧੀ ਕਹਿੰਦੇ ਹਨ, ਇਹ ਮੰਤ੍ਰ ਵੀ ਇਸ ਪੋਥੀ ਵਿਚ ਸੀ।

ਦੁਧ ਪੁਤ ਧਨ ਲੱਛਮੀ, ਜਿਸੈ ਚਾਹੈ ਲਏ ਦਿਵਾਇ॥੨੨॥ ਸੇਵਕ ਆ ਜਾਂਦੇ ਨੇ ਮਹਾਰਾਜ! ਬੜੀ ਗਰੀਬੀ ਹੈ, ਦੁੱਧ ਨਹੀਂ ਹੈ, ਮਾਲ ਪਸ਼ੂ ਨਹੀਂ ਰਹਿੰਦਾ ਕਿੱਲੇ 'ਤੇ, ਮਹਾਰਾਜ! ਪੁੱਤ੍ਰ ਹੈ ਨਹੀਂ ਸਾਡੇ, ਸਾਡੇ ਧਨ ਹੈ ਨਹੀਂ ਗਰੀਬੀ ਬੜੀ ਹੈ। ਕਹਿੰਦੇ ਨੇ ਕਿ ਜਿਸਨੂੰ 'ਬਚਨ ਸਿਧੀ' ਹੋਵੇ ਉਹ ਜਿਸਨੂੰ ਚਾਹੇ ਦਿਵਾ ਸਕਦਾ ਹੈ। ਇਸ ਬਚਨ ਸਿਧੀ ਦੇ ਪ੍ਰਤਾਪ ਨਾਲ ਉਹ ਆਪਣੇ ਸੇਵਕ ਨੂੰ ਨਿਹਾਲ ਕਰ ਸਕਦਾ ਹੈ, ਦੁੱਧ ਵਾਲੇ ਨੂੰ ਦੁੱਧ, ਪੁੱਤ ਵਾਲੇ ਨੂੰ ਪੁੱਤ, ਧਨ ਵਾਲੇ ਨੂੰ ਧਨ, ਮਾਯਾ ਵਾਲੇ ਨੂੰ ਮਾਯਾ ਜੋ ਚਾਹੇ ਦਿਵਾ ਸਕਦਾ ਹੈ। ੨੨।

ਚੌਪਈ॥ ਭੂਮ ਮੱਧ ਸਭ ਹੀ ਦਰਸਾਵਨ॥ (ਭੂਮ) ਧਰਤੀ ਦੇ ਵਿਚ ਸਭ ਕੁਛ ਪਿਆ ਹੈ, ਪਦਾਰਥ ਪਏ ਨੇ, ਖਜ਼ਾਨੇ ਪਏ ਨੇ, ਪਤਾ ਨਹੀਂ ਕੀ ਕੁਛ ਪਿਆ ਹੈ। ਪਾਰਸ ਦੀਆਂ ਵੱਟੀਆਂ ਧਰਤੀ ਵਿਚ ਪਈਆਂ ਮਿੱਟੀ ਵਿਚ। ਹੀਰੇ ਮੋਤੀ ਲਾਲ ਪਏ ਨੇ ਧਰਤੀ ਦੇ ਵਿਚ। ਕਹਿੰਦੇ ਉਹਦੇ ਵਿਚ ਐਸੀ ਸਿੱਧੀ ਸੀ, ਮੰਤ੍ਰ ਪੜ੍ਹੇ ਤੋਂ ਇਸ ਤਰ੍ਹਾਂ ਚਾਨਣ ਹੋ ਜਾਂਦਾ ਕਿ ਧਰਤੀ ਵਿਚ ਜੋ ਕੁਝ ਵੀ ਪਿਆ ਹੈ, ਸਭ ਨਜ਼ਰ ਆ ਜਾਂਦਾ ਹੈ। ਏਥੋਂ ਸੌ ਕੋਹ ਤੇ ਪਾਰਸ ਦੀ ਵੱਟੀ ਪਈ ਹੈ, ਉਹ ਏਥੇ ਨਜ਼ਰ ਆ ਜਾਏਗੀ। ਉਹ ਸਿੱਧੀ ਐਸੀ ਸੀ। ਇਹਦੇ ਵਿਚ ਕਲਾ ਹੀ ਐਸੀ ਰਚੀ ਸੀ, ਕਿਸੇ ਵਿਦਵਾਨ ਨੇ ਕਿਸੇ ਮਹਾਤਮਾ ਨੇ ਆਪਣੇ ਤਜਰਬਿਆਂ ਦੇ ਅਧਾਰ ਤੇ ਉਹ ਪੋਥੀ ਲਿਖੀ ਸੀ। ਜਿਸਨੇ ਇਹ ਸਿੱਧੀ ਪ੍ਰਾਪਤ ਕੀਤੀ ਹੋਵੇ ਉਸਨੂੰ ਧਰਤੀ ਵਿਚ ਜੋ ਵੀ ਖਜ਼ਾਨੇ ਸਨ ਨਜ਼ਰ ਆ ਜਾਂਦੇ ਸਨ।

ਲੁਕੀ ਢੁਕੀ ਸਭ ਤੁਰਤ ਮੰਗਾਵਨ॥ ਲੁਕੀ ਹੋਈ, ਢੱਕੀ ਹੋਈ, ਜਿਸਦਾ ਪਤਾ ਹੀ ਕਿਸੇ ਨੂੰ ਕੋਈ ਨਹੀਂ, ਲੋੜ ਹੋਵੇ ਤਾਂ ਉਸਨੂੰ ਤੁਰਤ ਮੰਗਾ ਲੈਂਦਾ ਆਪਣੇ ਕੋਲ, ਉਹ ਵਸਤੂ ਆਪੇ ਚਲੀ ਆਵੇ ਆਪਣੇ ਕੋਲ, ਇਉਂ ਮੰਤ੍ਰ ਦੀ ਸ਼ਕਤੀ ਨਾਲ।

ਬੂਟੀ ਬੁਲਾਵਣ, ਬਨਹ ਜਗਾਵਣ॥ ਬੂਟੀ ਨੂੰ ਬੁਲਾਉਣਾ, ਕੀ ਗੁਣ ਹੈ ਤੇਰੇ ਵਿਚ? ਉਹ ਦੱਸੇਗੀ ਮੈਨੂੰ ਰਗੜ ਕੇ ਲਾਉਣ ਨਾਲ ਐਸ ਐਸ ਰੋਗ ਨੂੰ ਅਰਾਮ ਹੁੰਦਾ, ਜੇ ਮੈਨੂੰ ਘੋਟ ਕੇ ਪੀਤਾ ਜਾਵੇ ਤਾਂ ਇਹ ਰੋਗ ਦੂਰ ਹੁੰਦਾ ਹੈ। ਆਹ ਉਹਦੇ ਵਿਚ ਸ਼ਕਤੀ ਆ ਜਾਂਦੀ ਹੈ, ਤਾਕਤ ਹੋ ਜਾਂਦੀ ਹੈ। ਨਿਰਮਲ ਹੋ ਜਾਂਦਾ ਹੈ ਸਰੀਰ। ਭਾਵ ਇਸ ਪੋਥੀ ਵਿਚ ਇਹ ਵੀ ਸਿੱਧੀ ਲਿਖੀ ਹੋਈ ਸੀ ਕਿ ਮੰਤ੍ਰ ਪੜ੍ਹ ਕੇ ਬੂਟੀ ਨੂੰ ਬੁਲਾ ਲੈਣਾ, ਬੂਟੀ ਆਪਣੇ ਗੁਣ ਆਪੇ ਦੱਸੇ। ਅਤੇ (ਬਨਹ) ਜੰਗਲ ਸਾਰੇ ਬ੍ਰਿਛ ਬੂਟੇ ਜਗਾ ਲੈਣ ਉਹਨਾਂ ਨਾਲ ਗੱਲਾਂ ਕਰ ਲੈਣੀਆਂ। ਉਹ ਆਪੋ ਆਪਣੀ ਵਿਥਿਆ ਦਸ ਦਿੰਦੇ। ਸਾਡੇ ਕੋਲ ਆਹ ਚੀਜ਼ ਪਈ ਹੈ ਏਥੇ, ਅਸੀਂ ਏਨੇ ਚਿਰ ਦੇ ਖੜ੍ਹੇ ਹਾਂ, ਮੇਰੀ ਏਨੀ ਉਮਰ ਹੈ। ਮੇਰੇ ਹੁੰਦਿਆਂ ਕੌਣ ਕੌਣ ਇਥੋਂ ਦੀ ਲੰਘਿਆ ਹੈ ਕੀ ਕੀ ਹੋਇਆ ਹੈ, ਇਹ ਸਾਰੀਆਂ ਗੱਲਾਂ ਦੀ ਵਿਦਿਆ ਉਸ ਪੋਥੀ ਵਿਚ ਲਿਖੀਆਂ ਹੋਈਆਂ ਸਨ।

ਪਾਰਸ ਪੋਰਸ ਬਿਧ ਬਣਾਵਣ॥੨੩॥ ਪਾਰਸ ਲੱਭ ਲੈਣਾ (ਪੋਰਸ) ਰਸਾਇਣ, ਜੰਤ੍ਰ ਕਰਕੇ ਇਕ ਕਿਸਮ ਦੀ ਦਵਾਈ ਬਣ ਜਾਂਦੀ ਹੈ, ਜੋ ਕਿ ਤਾਂਬੇ, ਪਿੱਤਲ ਲੋਹੇ ਨੂੰ ਲਾ ਕੇ ਅੱਗ ਵਿਚ ਧਰੀਏ ਤਾਂ ਉਹ ਸੋਨੇ ਦੀ ਡਲੀ ਬਣ ਜਾਂਦੀ ਸੀ। ਐਹੋ ਜਿਹੀਆਂ ਜਿਹੜੀਆਂ ਚੀਜ਼ਾਂ ਸਨ, ਉਹ ਸਾਰੀਆਂ ਹੀ ਉਹਦੇ ਵਿਚ ਉਕਤੀਆਂ ਜੁਗਤੀਆਂ ਲਿਖੀਆਂ ਸਨ, ਜਿਸ ਤੋਂ ਪ੍ਰਾਪਤ ਹੋਵੇ। ੨੩।

ਔਰ ਇਸਤਰੀ ਹੋਵੈ ਮਰਦ॥ ਹੋਰ (ਇਸਤਰੀ) ਔਰਤ ਤੋਂ (ਮਰਦ) ਮਨੁੱਖ ਬਣ ਜਾਣਾ।

ਮਰਦੋਂ ਭੀ ਸੋ ਇਸਤ੍ਰੀ ਕਰਦ॥ ਇਹਦੇ ਵਿਚ ਇਹ ਵੀ ਸ਼ਕਤੀ ਸੀ ਕਿ ਮਰਦ ਨੂੰ ਇਸਤ੍ਰੀ ਬਣਾ ਦੇਣਾ ਅਤੇ ਇਸਤ੍ਰੀ ਤੋਂ ਮਰਦ ਬਣਾ ਦੇਣਾ, ਇਹ ਦੋਵੇਂ ਸ਼ਕਤੀਆਂ ਸੀ।

ਲੁਕੀ ਛਿਪੀ ਪਰ ਚਿਤ ਕੀ ਜਾਨਨ॥ ਤੁਸੀਂ ਆਏ ਹੋ ਤੁਹਾਡੇ ਚਿੱਤ ਵਿਚ ਕੀ ਲੁਕਿਆ ਹੈ, ਕੀ ਛੁਪਿਆ ਹੈ ਉਹ ਜਾਣ ਲੈਣਾ ਉਸ ਨੂੰ ਪਹਿਲਾਂ ਹੀ ਬੁੱਝ ਲੈਣਾ। ਮੈਨੂੰ ਮਾਰਨ ਵਾਸਤੇ ਆਇਆ ਜਾਂ ਸੇਵਕ ਬਣਨ ਵਾਸਤੇ ਆਇਆ ਹੈ, ਕੀ ਕਾਰਨ ਹੈ? ਕੁਛ ਮੰਗਣ ਆਇਆ ਹੈ ਜਾਂ ਕੁਛ ਦੇਣ ਆਇਆ ਹੈ। ਸਾਰੀਆਂ ਉਹਦੇ ਮਨ ਦੀਆਂ ਗੱਲਾਂ ਪਹਿਲਾਂ ਹੀ ਬੁੱਝ ਲੈਣੀਆਂ।

ਮੋਹਨ ਚਾਟਨ ਤੋਰਨ ਬੁਲਾਨਨ॥੨੪॥ (ਮੋਹਨ) ਮੋਹਣੀ ਮੰਤ੍ਰ (ਚਾਟਨ) ਚਾਟ ਲਾ ਦੇਣੀ ਜਿੰਨਾਂ ਚਿਰ ਹੁੰਦਾ ਨਹੀਂ ਉਹਦਾ ਕੰਮ ਭਟਕਣਾ ਲਾ ਦੇਣੀ, ਉਹਦਾ ਮਨ ਟਿਕਾਉ ਵਿਚ ਨਹੀਂ ਆਉਂਦਾ ਇਹੋ ਜਿਹਾ ਵਸੀਕਰਨ ਮੰਤ੍ਰ ਹੁੰਦਾ ਦੂਸਰੇ ਨੂੰ ਆਪਣੇ ਵਸ ਕਰ ਲੈਣਾ, (ਤੋਰਨ) ਆਪਣੀ ਆਗਿਆ ਵਿਚ ਤੋਰ ਲੈਣਾ (ਬੁਲਾਨਨ) ਮੰਤ੍ਰ ਪੜ੍ਹ ਕੇ ਆਪਣੇ ਕੋਲ ਬੁਲਾ ਲੈਣਾ। ਆਪਣੇ ਆਪ ਚਲਿਆ ਆਵੇ ਜੋ ਮੰਤ੍ਰ ਪੜ੍ਹੇ ਤੋਂ ਐਸੀਆਂ ਐਸੀਆਂ ਸਿੱਧੀਆਂ ਸਨ ਉਸਦੇ ਵਿਚ ਲਿਖੀਆਂ ਹੋਈਆਂ ਨੇ। ੨੪।

ਦੁਸ਼ਟਹਿ ਮਾਰਨ ਚੋਰਨ ਬਚੈਯੇ॥ ਦੁਸ਼ਟਾਂ ਨੂੰ ਮਾਰਨ ਦੀ ਵਿਧੀ ਤੇ ਚੋਰਾਂ ਤੋਂ ਆਪਣੇ ਆਪ ਦਾ ਬਚਾਉ ਕਰਨਾ ਇਹ ਮੰਤ੍ਰ ਸਿੱਧੀ ਨਾਲ ਹੀ ਸਾਰੇ ਕਾਰਜ ਹੋ ਜਾਂਦੇ ਸਨ।

ਤਾਰੇ ਅੰਬਰੋਂ ਤੋੜ ਮੰਗੈਯੇ॥ (ਅੰਬਰੋਂ) ਅਕਾਸ਼ ਵਿਚੋਂ ਤਾਰੇ ਤੋੜ ਕੇ ਮੰਗਾ ਲੈਣੇ ਐਸੀਆਂ ਸ਼ਕਤੀਆਂ ਏਸ ਪੋਥੀ ਵਿਚ ਰੱਖੀਆਂ ਹੋਈਆਂ ਸਨ।

ਅੜਯੋਂ ਕਿਲ੍ਹੋਂ ਕੀ ਤੋੜਨ ਬਿਧ॥ (ਅੜਯੋਂ) ਅੜੇ ਹੋਏ ਕਿਲ੍ਹੇ ਆਕੀ ਹੋਏ ਹੋਏ ਦੁਸ਼ਮਣ ਦੇ ਕਿਲ੍ਹੇ ਤੋੜਨ ਦੀਆਂ ਵਿਧੀਆਂ ਕਿਲ੍ਹਾ ਫਤਹ ਕਰਨਾ, ਜੰਗ ਮੈਦਾਨ ਦੇ ਵਿਚ ਇਹ ਕਿਲ੍ਹਾ ਕਿਵੇਂ ਫਤੇਹ ਹੋ ਸਕਦਾ ਹੈ? ਕਿਧਰ ਦੀ ਧਾਵਾ ਕਰੀਏ? ਕਿਹੜਾ ਪਾਸਾ ਕਿਲ੍ਹੇ ਦਾ ਕਮਜ਼ੋਰ ਹੈ? ਕਿਹੜਾ ਸਖਤ ਹੈ? ਕਿਥੋਂ ਦੀ ਕਾਮਯਾਬੀ ਹੋ ਸਕਦੀ ਹੈ? ਉਸ ਪੋਥੀ ਵਿਚ ਸਾਰੀ ਵਿਧੀ ਨੋਟ ਸੀ।

ਮਦਾਨ ਲੜਾਈ ਜਿਤ ਹੋਇ ਸਿੱਧ॥੨੫॥ ਪੱਧਰੇ ਮੈਦਾਨ ਵਿਚ ਲੜਾਈ ਲੜਨੀ (ਜਿਤ) ਜਿਸ ਕਰਕੇ (ਸਿੱਧ) ਕਾਮਯਾਬੀ ਹੋਵੇ ਜਿੱਤ ਹਾਸਲ ਹੋਵੇ, ਕਿ ਮੈਦਾਨ ਦੀ ਲੜਾਈ ਵਿਚ ਇਸ ਤਰ੍ਹਾਂ ਫ਼ਤਹਯਾਬ ਹੋਈਦਾ ਹੈ, ਦੁਸ਼ਮਣ ਇਸ ਤਰੀਕੇ ਨਾਲ ਭਜਾਈਦਾ ਹੈ। ੨੫।

ਪੌਨ ਵਗਾਵੈ, ਮੀਂਹ ਬਰਸਾਵੈ॥ ਮੰਤ੍ਰ ਪੜ੍ਹ ਕੇ ਹਨੇਰੀ ਚਲਾ ਦੇਣੀ, ਫੇਰ ਵਰਖਾ ਪੁਆ ਦੇਣੀ, ਗੜੇ ਪਵਾ ਦੇਣੇ ਐਹੋ ਜਿਹੇ ਕੰਮਾਂ ਦੀ ਸਿੱਧੀ ਸੀ ਮੰਤ੍ਰ ਜੰਤ੍ਰਾਂ ਦੀ ਉਸ ਪੋਥੀ ਵਿਚ।

ਜਿਧਰੋਂ ਮੰਗਾਵੈ ਜਿਧਰ ਚਲਾਵੈ॥ ਜਿਸ ਪਾਸਿਓਂ ਮੰਗਵਾਉਣਾ ਹੈ ਕਿਸੇ ਨੂੰ, ਅਤੇ ਜਿਧਰ ਨੂੰ ਚਲਾਉਣਾ ਹੈ ਤੀਰ ਆਦਿਕ ਇਸ਼ਾਰਾ ਕਰਕੇ ਉਧਰ ਨੂੰ ਚਲਾ ਦੇਣਾ।

ਗੜਾ ਠਰਾ ਔ ਬਿਜਲੀ ਪਾਵੈ॥ ਅਕਾਸ਼ ਚੋਂ ਗੜੇ ਪਾ ਦੇਣੇ (ਠਰਾ) ਠੰਢੇ ਵਾਂਗ ਜੰਮੇ ਹੋਏ ਗੜੇ, ਅਸਮਾਨੀ ਬਿਜਲੀ ਸੁੱਟ ਦੇਣੀ ਆਦਿਕ।

ਬਰ ਸਰਾਪ ਤਿਸ ਬ੍ਰਿਥਾ ਨ ਜਾਵੈ॥੨੬॥ ਅਤੇ ਜਿਸਦੇ ਪਾਸ ਇਹ ਪੋਥੀ ਹੋਵੇ ਉਹ ਕਿਸੇ ਨੂੰ ਵਰ ਜਾਂ ਸਰਾਪ ਦੇ ਦੇਵੇ ਉਹ ਸਫਲਾ ਹੁੰਦਾ ਬੇਅਰਥ ਨਹੀਂ ਜਾਂਦਾ ਖਾਲੀ ਨਹੀਂ ਜਾਂਦਾ। ੨੬।

ਦੋਹਰਾ॥ ਭੂਤ ਪ੍ਰੇਤ ਜੋਗਣ ਸੁਗਣ, ਦੇਵਤ ਸਿਧ ਅਰ ਬੀਰ॥ (ਭੂਤ-ਪ੍ਰੇਤ) ਅਬਗਤੀ ਰੂਹਾਂ, ਜਿਨ੍ਹਾਂ ਦੀ ਗਤੀ ਨਹੀਂ ਹੋਈ ਉਹ, ਜੋਗਣੀਆਂ ਅਤੇ ਉਨ੍ਹਾਂ ਦੇ ਗਣ, ਦੇਵਤੇ, ਸਿੱਧ ਅਤੇ ਮਹਾਬੀਰ ਜੋ ਧਰਤੀ ਪੁੱਠੀ ਕਰ ਦੇਣ।

ਜੱਛ ਰੱਛ ਕਿੰਨਰ ਸੁਲੱਛ ਆਵੈ ਪੜੈ ਮਤ ਧੀਰ॥੨੭॥ ਚੰਦ੍ ਲੋਕ ਦੇ ਰਹਿਣ ਵਾਲੇ ਜੱਛ ਜੀਵ ਹਨ (ਰੱਛ) ਇਹ ਵੀ ਦੇਵ ਲੋਕ ਦੀਆਂ ਜਾਤੀਆਂ ਦੇ ਨਾਮ (ਕਿੰਨਰ) ਦੇਵ ਲੋਕ ਦੇ ਨ੍ਰਿਤਕਾਰੀ ਕਰਨ ਵਾਲੇ, ਧੀਰਜ ਵਾਲੀ ਮੱਤ ਵਾਲਾ ਜੋ ਵਿਦਿਆ ਨੂੰ ਪੜ੍ਹ ਕੇ ਸੰਭਾਲ ਸਕੇ, ਉਹ ਜਦੋਂ ਮੰਤ੍ਰ ਸਿਧੀ ਕਰਦਾ ਹੈ ਉਦੋਂ ਉਹ ਆ ਕੇ ਹਾਜ਼ਰ ਹੁੰਦੇ ਹਨ। ੨੭।

ਚੌਪਈ॥ ਜਿਸੈ ਜਿਤਾਵੈ ਜਿੱਤੈ ਸੋਈ॥ ਜਿਸਨੂੰ ਉਹ ਜਿਤਾਉਂਦਾ ਹੈ ਉਹੀ ਜਿੱਤ ਸਕਦਾ ਹੈ।

ਹਰਾਵੈ ਜਿਸੈ ਹਾਰੈ ਵੀ ਓਈ॥ ਜਿਸਨੇ ਉਸ ਪੋਥੀ ਵਾਲੀ ਵਿਦਿਆ ਪੜ੍ਹ ਕੇ ਅਭਿਆਸ ਕੀਤਾ ਹੋਵੇ, ਜਿਸ ਨੂੰ ਉਹ ਹਰਾਉਣਾ ਚਾਹੁੰਦਾ ਹੋਵੇ ਉਹੀ ਹਾਰਦਾ ਹੈ।

ਸ਼ੇਰ ਸਰਪ ਬਿਛੂ ਮੱਛਰ ਮੱਖ॥ ਸ਼ੇਰ, ਸੱਪ, ਬਿਛੂ, ਮੱਛਰ ਤੇ ਮੱਖੀ ਹੋਵੇ ਜਿਥੇ ਇਹਨਾਂ ਚੀਜ਼ਾਂ ਦਾ ਜ਼ੋਰ ਹੋਵੇ ਮੰਤਰ ਐਸੇ ਸਨ ਕਿ ਮੱਛਰ ਦਾ ਡੰਗ ਬੰਨ੍ ਲਿਆ ਮੱਖੀਆਂ ਸੁਆ ਦੇਣੀਆਂ ਹਨ ਜਾਗਦੀਆਂ। ਬਿੱਛੂ ਦਾ ਡੰਗ ਬੰਨ੍ ਦੇਣਾ, ਸੱਪ ਲੜ ਨਹੀਂ ਸਕਦੇ ਜੇ ਲੜ ਜਾਏ ਤਾਂ ਉਹਨੂੰ ਬਚਾਉਣ ਦਾ ਢੰਗ ਤਰੀਕਾ ਹਰ ਇਕ ਲਿਖਿਆ ਹੋਇਆ ਸੀ। ਸ਼ੇਰ ਨਿਕਲ ਆਇਆ ਤਾਂ ਮੰਤ੍ਰ ਪੜ੍ਹ ਲਉ ਉਹਦਾ, ਸ਼ੇਰ ਪੁਣਾ ਛੱਡ ਕੇ ਕੁੱਤੇ ਵਾਂਗ ਪੂਛ ਹਿਲਾਉਂਦਾ ਕੋਲ ਆ ਕੇ ਲਾਡ ਕਰਨ ਲੱਗ ਪਵੇਗਾ। ਐਸੀਆਂ ਸਿੱਧੀਆਂ ਨਰਾਇਣ ਦਾਸ ਨੂੰ ਬਖਸ਼ੀਆਂ ਸਨ, ਅਨੂਣੀਏ ਸਿੱਧ ਨੇ।

ਰਾਜ ਪ੍ਰਜਾ ਤੇ ਹੋਵੈ ਸੁਖ॥੨੮॥ ਰਾਜੇ ਤੋਂ ਪਰਜਾ ਤੋਂ ਜਿਸ ਤਰ੍ਹਾਂ ਸੁਖ ਹੋਵੇ ਸੋਹਣੀਆਂ ਫਸਲਾਂ ਲੱਗਣ ਸੋਹਣੇ ਢੰਗ ਨਾਲ ਮੀਂਹ ਪਵੇ ਅਤੇ ਲੋਕ ਸੁਖੀ ਰਹਿਣ। ੨੮।

ਚੋਰ ਠੱਗ ਔ ਬਿਸਚਰ ਬਿਖ॥ ਕੋਈ ਚੋਰ ਠੱਗ ਹੋਵੇ ਰਾਤ ਨੂੰ ਚੋਰੀ ਠੱਗੀ ਵਾਲਾ। ਉਸ ਪੋਥੀ ਵਿਚ ਐਸੀ ਸਿੱਧੀ ਸੀ ਉਹਨਾਂ ਨੂੰ ਅੰਨ੍ਹੇ ਕਰ ਦੇਣਾ ਅਤੇ ਉਹਨਾਂ ਨੂੰ ਫੜ ਲੈਣਾ। (ਬਿਖ) ਜ਼ਹਿਰ ਨਾਲ ਭਰੇ ਹੋਏ ਜ਼ਹਿਰੀਲੇ ਜਾਨਵਰ, ਸੱਪ, ਨੂੰਹੇ, ਕੰਨ ਖਜੂਰੇ ਆਦਿਕ ਲੜ ਜਾਣ ਉਨ੍ਹਾਂ ਤੋਂ ਬਚਣ ਦੇ ਉਪਾਉ ਸਨ ਉਸ ਪੋਥੀ ਵਿਚ।

ਸੁਨਤ ਸ਼ਬਦ ਤਿਸ ਹੋਵੈ ਸੁਖ॥ ਉਸ ਮੰਤ੍ਰ ਦਾ ਸ਼ਬਦ ਸੁਣਨ ਸਾਰ ਹੀ ਸੁਖ ਹੋ ਜਾਂਦਾ ਹੈ ਉਦੋਂ ਹੀ ਜ਼ਹਿਰ ਖਤਮ ਹੋ ਜਾਵੇ ਐਸੇ ਮੰਤ੍ਰ ਸੀ ਉਸ ਪੋਥੀ ਵਿਚ।

ਆਪ ਪਹੁੰਚੇ ਪਹੁੰਚੇ ਕੋਇ॥ ਜੇ ਕਿਤੇ ਕਿਸੇ ਨੂੰ ਸੱਪ ਆਦਿਕ ਲੜ ਗਿਆ ਕਹਿੰਦੇ ਜੇ ਆਪ ਪਹੁੰਚ ਜਾਵੇ ਉਹ ਆ ਕੇ ਤਾਂ ਬਿਹਤਰ ਹੈ, ਫਿਰ ਵੀ ਜਿੰਦਾ ਹੋ ਸਕਦਾ ਹੈ, ਪਰ ਉਹਦਾ ਸੁਨੇਹਾ ਹੀ ਕੋਈ ਲੈ ਕੇ ਆ ਜਾਏ ਜੇ ਉਹ ਆਪ ਨਹੀਂ ਆ ਸਕਦਾ, ਮਰ ਹੀ ਕਿਉਂ ਨਹੀਂ ਗਿਆ ਜ਼ਹਿਰ ਦੇ ਨਾਲ ਤੇ ਫੇਰ ਆਉਣ ਦੀ ਦੇਰ ਹੈ। ਜੇ ਏਥੋਂ ਮੰਤ੍ਰ ਪੜ੍ ਦੇਵੇ ਜਾਂ ਸੁਨੇਹਾ ਲੈ ਕੇ ਆ ਜਾਏ ਉਦੋਂ ਹੀ ਜਿੰਦਾ ਹੋ ਸਕਦਾ ਸੀ।

ਮਰੈ ਜੋ ਸਰਪੋਂ ਜਿਵੈ ਭੀ ਸੋਇ॥੨੯॥ ਜੇ ਕੋਈ ਸੱਪ ਦੀ ਜ਼ਹਿਰ ਨਾਲ ਮਰ ਜਾਵੇ ਤਾਂ ਮੰਤ੍ਰ ਦੇ ਨਾਲ ਜਿਉਂਦਾ ਵੀ ਉਵੇਂ ਹੀ ਹੋ ਸਕਦਾ ਸੀ। ੨੯।

ਗਿੱਦੜ ਕੁੱਤੋ ਹਲਕਾਯਾ ਹੋਇ॥ ਹਲਕਾਅ ਦੇ ਮੰਤ੍ਰ ਹਲਕਿਆ ਕੁੱਤਾ ਹੋਵੇ ਮੰਤ੍ਰ ਪੜ੍ ਦੇਣਾ, ਹਲਕਿਆ ਹੋਇਆ ਗਿੱਦੜ ਹੋਵੇ।

ਸੁਨਤ ਬਚਨ ਬਿਸ ਰਹੈ ਨ ਕੋਇ॥ ਹਲਕੇ ਹੋਏ ਜਾਂ ਹੋਰ ਵਿਸ਼ ਧਾਰੀ ਜੋ ਸਨ ਉਹਦਾ ਮੰਤ੍ਰ ਪੜ੍ਹਿਆ, ਤਾਂ ਉਹਦੀ (ਬਿਸ) ਵਿਸ਼ ਜ਼ਹਿਰ ਉਦੋਂ ਹੀ ਦੂਰ ਹੋ ਜਾਂਦੀ ਸੀ, ਐਸੇ ਐਸੇ ਮੰਤ੍ਰ ਸਨ ਉਸ ਪੋਥੀ ਵਿਚ।

ਸ਼ੇਰ ਬਾਘ ਔ ਬਿੱਲੇ ਬਘਯਾੜ॥ ਸ਼ੇਰ, ਬਾਘ, ਬਿੱਲੇ ਅਤੇ ਬਘਿਆੜ ਇਹ ਜੰਗਲੀ ਜਾਨਵਰ ਨੇ ਖੂੰਖਾਰ, ਇਹਨਾਂ ਨੂੰ ਜੰਗਲ ਵਿਚ ਬੰਦਾ ਮਿਲ ਜਾਵੇ ਤਾਂ ਇਹ ਛਡਦੇ ਨਹੀਂ, ਕਹਿੰਦੇ ਐਸੇ ਐਸੇ ਜਿਹੜੇ ਭਿਅੰਕਰ ਜਾਨਵਰ ਨੇ।

ਹਾਥ ਮੁੱਖ ਨਹਿੰ ਸਕੈ ਉਘਾੜ॥੩੦॥ ਕੋਈ ਜਾਨਵਰ (ਹਾਥ) ਆਪਣਾ ਪੰਜਾ ਨਹੀਂ ਮਾਰ ਸਕਦਾ ਚੁੱਕ ਕੇ, ਆਪਣਾ ਮੂੰਹ ਨਹੀਂ (ਉਘਾੜ) ਅੱਡ ਸਕਦਾ, ਭਾਵ ਮੂੰਹ ਖੋਹਲ ਕੇ ਦੰਦੀ ਨਹੀਂ ਵੱਢ ਸਕਦਾ। ਐਸੇ ਮੰਤਰ ਸਨ ਉਹਦੇ ਵਿਚ। ੩੦।

ਬ੍ਰਿਛ ਬਿਧੀ ਜੌ ਧਰਨ ਉਪਾਈ॥ ਧਰਤੀ 'ਤੇ ਬ੍ਰਿਛ ਪੈਦਾ ਕਰ ਦੇਣੇ, ਤੁਰੰਤ ਬਾਗ ਲਾ ਦੇਣੇ, ਹੱਥ 'ਤੇ ਬਾੜੀ ਲਾ ਕੇ ਦਿਖਾ ਦੇਣੀ ਫਲ ਫੁਲ ਉਸੇ ਵੇਲੇ ਫਲ ਜਾਣੇ, ਦਰਖਤ ਸੁੱਕੇ ਹਰੇ ਕਰ ਦੇਣੇ, ਐਸੇ ਮੰਤ੍ਰ ਜੰਤ੍ਰਾਂ ਦਾ ਪ੍ਰਸੰਗ ਪੋਥੀ ਵਿਚ ਲਿਖਿਆ ਸੀ, ਨਰਾਇਣ ਦਾਸ ਇਹ ਸਾਰੇ ਪ੍ਰਯੋਗ ਕਰ ਲੈਂਦਾ ਸੀ।

ਅਰਕ ਸੁ ਆਦ ਭੁਲਾਵੈ ਤਾਈਂ॥ ਭੁਲਾਵੈ ਆਦਿਕ ਦੇ ਅਰਕ ਦਾ ਕੱਢਣਾ, ਸਾਰੀਆਂ ਚੀਜਾਂ ਦਾ ਜਾਨੂੰ ਹੋਣਾ।

ਸੰਖੀਓ ਅਫੀਮ ਸ਼ਰਾਬ ਭੰਗਾਈ॥ ਭੰਗ ਜਿਆਦਾ ਖਾ ਲਵੇ, ਸੰਖੀਆ ਖੁਆਇਆ ਜਾਏ, ਅਫੀਮ ਜਿਆਦਾ ਖੁਆਈ ਜਾਵੇ ਜਿਸਦੇ ਨਾਲ ਮੌਤ ਹੋਣ ਦਾ ਖਤਰਾ ਹੋਵੇ, ਅਤੇ ਸ਼ਰਾਬ ਜਿਆਦਾ ਪੀਣੀ ਆਦਿਕ ਦੇ ਇਲਾਜ ਇਸ ਪੁਸਤਕ ਵਿਚ ਅੰਕਤ ਸਨ ਔਰ ਬੈਰਾਗੀ ਨਰਾਇਣ ਦਾਸ ਨੇ ਇਹ ਸਭ ਔਸ਼ਧੀਆਂ ਅਜਮਾਈਆਂ ਹੋਈਆਂ ਸਨ।

ਬਿਖ ਭੱਖੀ ਸਭ ਦੇਹਿ ਹਟਾਈ॥ ੩੧॥ (ਬਿਖ ਭੱਖੀ) ਜ਼ਹਿਰ ਖਾਣ ਵਾਲਾ ਜਿਸਨੂੰ ਵੀ ਜ਼ਹਿਰ ਚੜ੍ਹ ਗਿਆ ਹੈ, ਇਹ ਮੰਤਰ ਨਾਲ ਤੁਰਤ ਹਟਾ ਦਿੰਦਾ ਸੀ। ੩੧।

ਦੋਹਰਾ॥ ਅਸ਼ਟ ਸਿਧੀ ਅਣਮੰ, ਮਹਿਮਾ, ਗਰੁਮਾ, ਲਘੁਮਾ, ਪ੍ਰਾਪਤਿ॥ ਇਹ ਅੱਠ ਸਿੱਧੀਆਂ ਦੇ ਨਾਮ ਹਨ। ਆਪਣੀ ਮਰਜ਼ੀ ਮੁਤਾਬਿਕ ਹਰ ਇਕ ਕੰਮ ਨੂੰ ਪੂਰਾ ਕਰ ਲੈਣ ਦਾ ਨਾਮ ਸਿੱਧੀ ਹੈ। ਗੁਰੂ ਜੀ ਨੇ ਰਹਿਰਾਸ ਸਾਹਿਬ ਜੀ ਪਾਠ ਵਿਚ ਅਠਾਰਾਂ ਸਿਧੀਆਂ ਦਾ ਜ਼ਿਕਰ ਕੀਤਾ ਹੈ ਜੈਸੇ :-

"ਸਭਿ ਨਿਧਾਨ ਦਸ ਅਸਟ ਸਿਧਾਨ ਠਾਕੁਰ ਕਰ ਤਲ ਧਰਿਆ॥ ਇਹ ਗਿਣਤੀ ਵਿਚ ਕੁਲ ਅਠਾਰਾਂ ਹਨ, ਪਰ ਮੁਖ (ਅਸਟ) ਅੱਠ ਹਨ।

੧. ਅਣਿਮਾ— ਅਣੂ, ਆਪਣੇ ਆਪ ਨੂੰ ਪ੍ਰਮਾਣੂ ਤੁਲ ਸੂਖਸ਼ਮ ਹੋ ਜਾਣਾ।

੨. ਮਹਿੰਮਾਂ— ਮਹਾ ਸਥੂਲ ਹੋ ਜਾਣਾ।

੩. ਗਰੁਮਾ— ਰੂੰਈਂ ਜੈਸੇ ਹਲਕੇ ਪਦਾਰਥ ਦਾ ਭਾਰੀ ਹੋ ਜਾਣਾ।

੪. ਲਘਿਮਾ— ਪ੍ਰਬਤ ਜੈਸੇ ਭਾਰੀ ਪਦਾਰਥ ਦਾ ਰੂੰਈਂ ਤੁਲ ਹਲਕੇ ਹੋ ਜਾਣਾ।

੫. ਪ੍ਰਾਪਤੀ— ਸਭ ਪਦਾਰਥਾਂ ਦਾ ਇਛਿਆ ਅਨੁਸਾਰ ਹੱਥ ਵਿਚ ਆ ਜਾਣਾ।

ਕਾਮਹਿ ਔ ਬਸੀਕਰਣ ਸੋ ਈਸ਼ਿਤ ਹੋਵੈਂ ਸੋਭਿ॥ ੩੨॥

੬. (ਕਾਮਹਿ) ਪ੍ਰਕਾਰਮਯ—ਰੁਕਾਵਟ ਬਿਨਾਂ ਜਲ ਦੀ ਤਰ੍ਹਾਂ ਪ੍ਰਿਥਵੀ ਵਿਚ ਲੈਅ ਹੋ ਜਾਣਾ ਅਰ ਇੱਛਾ ਅਨੁਸਾਰ ਫੇਰ ਪ੍ਰਗਟ ਹੋਵਣਾ।

੭. ਵਸੀਕਰਣ— ਭੌਤਿਕ ਪਦਾਰਥਾਂ ਨੂੰ ਆਪਣੀ ਆਗਿਆ ਵਿਚ ਕਰ ਲੈਣਾ।

੮. ਈਸ਼ਿਤਾ—ਪਦਾਰਥਾਂ ਨੂੰ ਰਚਣ ਔਰ ਲੈਅ ਕਰਨ ਦੀ ਸ਼ਕਤੀ ਹੋਣੀ ਆਦਿਕ। ਸਿੱਧੀਆਂ ਪ੍ਰਾਪਤ ਕਰਨ ਦੀ ਵਿਦਿਆ ਉਸ ਪੋਥੀ ਵਿਚ ਅੰਕਤ ਸੀ, ਜਿਸਦੇ ਪ੍ਰਯੋਗ ਕਰਨ ਨਾਲ ਸਭ ਸਿੱਧੀਆਂ ਪ੍ਰਾਪਤ ਹੁੰਦੀਆਂ ਸਨ। ੩੨।

ਸੋਰਠਾ॥ ਭੂਤੇ ਔ ਵ੍ਰਤਮਾਨ ਭਵਿੱਖਤ ਭੀ ਕਾਲ ਜੋ॥ (ਕਾਲ) ਤਿੰਨ ਸਮੇਂ (ਭੂਤੇ) (੧) ਭੂਤ ਕਾਲ—ਜੋ ਪਿਛੇ ਵਾਪਰ ਚੁੱਕਿਆ (੨) ਵਰਤਮਾਨ ਕਾਲ— ਜੋ ਹੁਣ ਸਮਾਂ ਬੀਤ ਰਿਹਾ ਹੈ (੩) ਭਵਿਖਤ ਕਾਲ--ਆਉਣ ਵਾਲਾ ਸਮਾਂ- ਉਸ ਵਿਚ ਕੀ ਵਾਪਰਨਾ ਹੈ।

ਸੋਊ ਦਯੋ ਵਖਾਨ ਜੋਊ ਵਰਤਯੋ ਥੋ ਇਨ ਮਧੈ॥੩੩॥ ਇਸ ਪੋਥੀ ਵਿਚ ਜੋ ਜੋ ਕਲਾ ਸੀ, ਜੋ ਸ਼ਕਤੀਆਂ ਵਰਤਾਉਣ ਜੋਗ ਸਨ ਉਹ ਮੈਂ ਤੁਹਾਨੂੰ ਦੱਸੀਆਂ ਹਨ। ੩੩।

ਦੋਹਰਾ॥ ਸਭ ਗੁਣ ਪੋਥੀ ਕੇ ਲਿਖੇ, ਗ੍ਰੰਥ ਸੁ ਮਿਤ ਬਡ ਹੋਇ॥ ਭਾਈ ਸਾਹਿਬ ਜੀ ਕਹਿੰਦੇ ਹਨ ਹੇ ਮਿੱਤ੍ਰੋ! ਜੇ ਮੈਂ ਸਾਰੇ ਪੋਥੀ ਦੇ ਗੁਣ ਲਿਖਣ ਲੱਗਾਂ ਤਾਂ ਇਹ ਇਕ ਬਹੁਤ ਵੱਡਾ ਗ੍ਰੰਥ ਹੋ ਜਾਇਗਾ, ਇਹ ਗੁਣਾਂ ਦਾ ਇਕ ਗ੍ਰੰਥ ਬਣ

ਜਾਏਗਾ ਵੱਖਰਾ ਜੇ ਮੈਂ ਸਾਰੇ ਗੁਣ ਲਿਖਾਂ, ਪਰ ਮੈਂ ਇਹ ਸੂਖਮ ਜਿਹੇ ਲਿਖੇ ਹਨ।

ਦਰਸ਼ਨ ਹੁਇ ਭਗਵਾਨ ਕੋ, ਮੁਕਤ ਮਿਲਾਵਾ ਹੋਇ॥੩੪॥ ਮੁੱਕਦੀ ਗੱਲ ਇਥੇ ਆ ਕੇ ਹੈ ਕਿ ਉਸਦੇ ਵਿਚ ਇਹ ਗੁਣ ਵੀ ਸੀ ਕਿ ਭਗਵਾਨ ਦੇ ਦਰਸ਼ਨ ਕਿਵੇਂ ਕਰਨੇ ਹਨ? ਮੁਕਤੀ ਦੀ ਪ੍ਰਾਪਤੀ (ਮਿਲਾਵਾ) ਪ੍ਰਮੇਸ਼ਰ ਦਾ ਮਿਲਾਪ ਵੀ ਉਸ ਪੋਥੀ ਰਾਹੀਂ ਹੋ ਜਾਂਦਾ ਸੀ। ੩੪।

ਚੌਪਈ॥ ਐਸੀ ਪੋਥੀ ਬੰਦੈ ਪਾਈ॥ ਐਹੋ ਜਿਹੀ ਪੋਥੀ (ਬੰਦੈ) ਨਾਰਾਇਣ ਦਾਸ ਬੈਰਾਗੀ ਨੂੰ ਪ੍ਰਾਪਤ ਹੋ ਗਈ ਸੀ।

ਪਚਾਇ ਨ ਸਕਯੋ ਸੁ ਦਈ ਪ੍ਰਗਟਾਈ॥ ਇਸ ਨੂੰ ਇਹਦੇ ਗੁਰੂ ਅਨੂਣੀਏ ਸਿੱਧ ਨੇ ਵੀ ਸਿੱਖਿਆ ਦਿੱਤੀ ਸੀ ਇਹਨੂੰ ਪ੍ਰਗਟ ਨ ਕਰੀਂ, ਪਰ ਇਹ ਪਚਾਅ ਨਹੀਂ ਸਕਿਆ, ਪ੍ਰਗਟ ਕਰ ਬੈਠਾ। ਦੁਨੀਆਂ ਨੂੰ ਡਰਾਉਣ ਲੱਗ ਪਿਆ ਜੰਤ੍ਰਾਂ ਮੰਤ੍ਰਾਂ ਨਾਲ।

ਔਰ ਸੰਤਨ ਕੋ ਲੇਵੈ ਅੰਤ॥ ਇਹ ਵੀ ਬੜਾ ਦੁਖਦਾਈ ਕੰਮ ਸੀ ਜਿਹੜਾ ਮਹਾਂਪੁਰਸ਼ਾਂ ਦਾ ਸੰਤਾਂ ਮਹਾਤਮਾਂ ਦਾ ਅੰਤ ਲੈਂਦਾ ਸੀ ਕਿ ਕਿੰਨੀ ਕੁ ਤਾਕਤ ਹੈ? ਕਿੰਨੀ ਕੁ ਸ਼ਕਤੀ ਹੈ ਇਹਦੇ ਵਿਚ? ਟੋਹ ਕੇ ਇਉਂ ਕਰਦਾ ਸੀ ਤਾਹੀਓਂ ਪਲੰਘ ਉਲਟਾਉਂਦਾ ਸੀ। ਐਸਾ ਵੀ ਕੋਈ ਆਉਂਦਾ ਜਿਹੜਾ ਕੋਈ ਪਲੰਘ ਨੂੰ ਮੂਧਾ ਨਾ ਮਾਰਨ ਦੇਵੇ।

ਹੈ ਨਿੰਦਕ ਵਹਿ ਅਤਿ ਹੀ ਸੰਤ॥੩੫॥ ਮਹੰਤ ਜੈਤ ਰਾਮ ਜੀ ਸਤਿਗੁਰਾਂ ਨੂੰ ਦਸਦਾ ਹੈ ਕਿ ਮਹਾਰਾਜ! ਉਹ ਸੰਤਾਂ ਦਾ ਅਤੀ ਜਿਆਦਾ ਨਿੰਦਕ ਹੈ, ਸੰਤ ਨਹੀਂ ਹੈ ਉਹ, ਜੇ ਸੰਤ ਹੋਵੇ ਤਾਂ ਐਸੇ ਕਰਮ ਕਿਉਂ ਕਰੇ। ੩੫।

ਜ਼ਰੂਰ ਨ ਜਾਈਓ ਤੁਮ ਉਤ ਵੱਲ॥ ਮਹਾਰਾਜ ਜੀ! ਜ਼ਰੂਰ ਹੀ ਉਸ ਪਾਸੇ ਵੱਲ ਨਾ ਜਾਇਓ ਤੁਸੀਂ, ਇਹ ਸਾਡਾ ਬਚਨ ਯਾਦ ਰਖਿਓ ਤੁਸੀਂ।

ਕਹੀ ਮਹੰਤ ਬਹੁ ਬਾਰ ਇਮ ਗੱਲ॥ ਮਹੰਤ ਜੀ ਨੇ ਕਈ ਵਾਰੀ ਵਾਰਤਾਲਾਪ ਵਿਚ ਇਹ ਗੱਲ ਕਹੀ ਕਿ ਮਹਾਰਾਜ! ਨਾ ਹੀ ਜਾਇਓ ਤੁਸੀਂ ਉਸ-ਵੱਲ। ਕਿਉਂਕਿ ਉਹਦੇ ਨਾਲ ਵਾਪਰੀ ਸੀ, ਜਿਵੇਂ ਉਹ ਪਲੰਘ ਦੇ ਹੇਠਾਂ ਪਿਆ ਰਿਹਾ, ਖਬਰੇ ਕਿੰਨਾ ਕੁ ਚਿਰ ਪਿਆ ਰਿਹਾ, ਪਲੰਘ ਦੇ ਹੇਠਾਂ ਰਗੜਾ ਬੰਨ੍ਹਿਆ ਹੋਊ ਵਿਚਾਰੇ ਜੈਤ ਰਾਮ ਦਾ, ਜਿਹੜਾ ਸਤਿਗੁਰਾਂ ਨੂੰ ਕਹਿੰਦਾ ਨਾ ਜਾਇਓ, ਉਹ ਬੁਰੀ ਬਲਾ ਹੈ।

ਸਤਿਗੁਰ ਕੀਂਹ 'ਹਮ ਮਿਟੈਂ ਨ ਮੂਰ॥ ਸਤਿਗੁਰੂ ਕਹਿੰਦੇ ਅਸੀਂ ਤਾਂ ਮੂਲੋਂ ਨਹੀਂ ਮਿਟਦੇ, ਸਾਨੂੰ ਨਹੀਂ ਕੋਈ ਮਿਟਾ ਸਕਦਾ ਕਿਉਂਕਿ ਸਤਿਗੁਰੂ ਜੀ ਤਾਂ ਆਏ ਹੀ ਏਸੇ ਕਾਰਜ ਨੂੰ ਸਨ, ਉਹ ਆਪਣੀ ਬਾਣੀ ਆਪਣੀ ਆਤਮ ਕਥਾ ਬਚਿਤ੍ਰ ਨਾਟਕ ਵਿਚ ਇਉਂ ਕਹਿੰਦੇ ਹਨ:-

'ਯਾਹੀ ਕਾਜ ਧਰਾ ਹਮ ਜਨਮੰ॥ ਸਮਝ ਲੇਹੁ ਸਾਧੂ ਸਭ ਮਨਮੰ॥
ਧਰਮ ਚਲਾਵਨ ਸੰਤ ਉਬਾਰਨ॥ ਦੁਸ਼ਟ ਸਭਨ ਕੋ ਮੂਲ ਉਪਾਰਨ॥

(ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥)

ਇਸੇ ਕਾਰਜ ਕਰਕੇ ਅਸੀਂ ਅਵਤਾਰ ਧਾਰਿਆ ਹੈ। ਹੇ ਸਾਧੂ ਜਨੋ! ਆਪਣੇ ਮਨ ਵਿਚ ਚੰਗੀ ਤਰ੍ਹਾਂ ਸਮਝ ਲਵੋ। ਖਾਲਸਾ ਧਰਮ ਚਲਾਉਣ ਵਾਸਤੇ, ਸੰਤਾਂ ਨੂੰ ਬਚਾਉਣ ਵਾਸਤੇ ਅਤੇ ਦੁਸ਼ਟਾਂ ਸਭਨਾਂ ਨੂੰ (ਮੂਲ) ਮੁੱਢੋਂ ਹੀ ਜੜ੍ਹਾਂ ਤੋਂ (ਉਪਾਰਨ) ਉਖਾੜਨ, ਪੁੱਟਣ ਵਾਸਤੇ। ਹੁਣ ਸਤਿਗੁਰੂ ਜੀ ਕਹਿੰਦੇ ਅਸੀਂ ਤਾਂ ਜਾਵਾਂਗੇ ਭਾਈ ਨਰਾਇਣ ਦਾਸ ਕੋਲ ਸਾਨੂੰ ਕੁਛ ਨਹੀਂ ਹੁੰਦਾ।

ਦੇਖ ਜਾਹਿਂਗੇ ਉਸੈ ਜ਼ਰੂਰ॥੩੬॥ ਜੇ ਉਥੋਂ ਅੱਗੇ ਜਾਣਾ ਹੋਇਆ ਤਾਂ ਜਾਂਦੇ ਹੋਏ ਉਸਨੂੰ ਅਸੀਂ ਜ਼ਰੂਰ ਦੇਖ ਕੇ ਜਾਵਾਂਗੇ। ੩੬।

ਜਿਮ ਤੁਮ ਬਾਜਨ ਖਾਈ ਜ੍ਵਾਰ॥ ਗੁਰੂ ਜੀ ਕਹਿੰਦੇ ਜੈਤ ਰਾਮ ਦੇਖ ਲੈ ਜਿਵੇਂ ਸਾਡੇ ਬਾਜਾਂ ਨੇ ਤੇਰੀ ਜਵਾਰ ਖਾ ਲਈ ਹੈ

ਕਿ ਨਹੀਂ, ਤੇਰਾ ਲੰਗਰ ਪ੍ਰਵਾਣ ਹੋ ਗਿਆ।

ਤੁਮ ਆਏ ਹੋ ਉਸ ਤੇ ਹਾਰ॥ ਹੇ ਮਹੰਤ ਜੀ! ਤੁਸੀਂ ਉਹਦੇ ਕੋਲੋਂ ਹਾਰ ਕੇ ਆ ਗਏ ਹੋ, ਉਸਨੇ ਜਿੱਤ ਲਿਆ ਤੁਹਾਨੂੰ ਤੁਹਾਡੀ ਸ਼ਕਤੀ ਉਹਦੇ ਸਾਹਮਣੇ ਕੋਈ ਨਹੀਂ ਚੱਲੀ।

ਹਮਰੇ ਸਾਥ ਦਯੋ ਇਕ ਚੇਲਾ॥ ਗੁਰੂ ਜੀ ਕਹਿਣ ਲੱਗੇ ਹੇ ਸੰਤ ਜੀ! ਸਾਡੇ ਨਾਲ ਆਪਦਾ ਇਕ ਚੇਲਾ ਦਿਉ।

ਦੇਖ ਆਵੈ ਵਹੁ ਹਮਰੋ ਮੇਲਾ॥੩੭॥ ਜਦੋਂ ਸਾਡਾ ਨਰਾਇਣ ਦਾਸ ਨਾਲ ਮਿਲਾਪ ਹੋਇਆ ਉਹ ਤੁਹਾਡਾ ਚੇਲਾ ਦੇਖ ਕੇ ਮੁੜ ਆਵੇ ਅਤੇ ਤੁਹਾਨੂੰ ਆ ਕੇ ਦੱਸ ਦੇਵੇਗਾ ਕਿ ਇਸ ਤਰ੍ਹਾਂ ਹੋਇਆ ਸੀ। ੩੭।

ਜੋ ਸਤ ਨਾਨਕ ਕਲਾ ਸਵਾਈ॥ ਜੋ (ਸਤ) ਸਤਿ ਸਰੂਪ ਗੁਰੂ ਨਾਨਕ ਸਾਹਿਬ ਜੀ ਹਨ ਉਹਨਾਂ ਦੀ ਕਲਾ (ਸਵਾਈ) ਬਹੁਤੀ ਹੈ। ਇਉਂ ਨਿਰਨਾ ਹੋ ਜਾਵੇਗਾ।

ਉਸ ਲੈਂਹਿਗੇ ਪੈਰੀਂ ਲਾਈ'॥ ਇਹ ਦੇਖ ਲਿਉ ਤੁਸੀਂ ਉਸਨੂੰ ਆਪਣੇ ਚਰਨੀਂ ਲਾਵਾਂਗੇ ਆਪਣਾ ਸਿੱਖ ਬਣਾਵਾਂਗੇ, ਜੋ ਸੰਤਾਂ ਨੂੰ ਮਸ਼ਕਰੀਆਂ ਕਰਨ ਵਾਲਾ ਹੈ।

ਯੌਂ ਕਹਿ ਸਤਿਗੁਰ ਹੁਵਾਂ ਤੇ ਤੁਰੇ॥ ਇਉਂ ਕਹਿਕੇ ਮਹੰਤ ਜੀ ਨੂੰ, ਸਤਿਗੁਰੂ ਜੀ ਉਥੋਂ ਤੁਰੇ ਹਨ, ਗੁਰੂ ਜੀ ਨੇ ਡੇਰਾ ਕੂਚ ਕਰਨ ਦਾ ਹੁਕਮ ਦੇ ਦਿੱਤਾ।

ਪੁਛਯੋ ਰਾਹਿ ਬੰਦੇ ਕੇ ਪੁਰੇ॥੩੮॥ 'ਬੰਦੇ' ਦੇ (ਪੁਰੇ) ਸ਼ਹਿਰ ਦਾ ਰਾਹ ਪੁੱਛਿਆ ਹੈ, ਉਹ ਕਿਥੇ ਹੈ? ਕਿਹੜੇ ਪਾਸੇ ਹੈ। ੩੮।

ਦੋਹਰਾ॥ ਸਤਿਗੁਰ ਪਹੁੰਚੇ ਜਾਇ ਤਿਹ, ਉਤਰੇ ਦੇਖ ਸਥਾਨ॥ ਸਤਿਗੁਰੂ ਜੀ ਪਹੁੰਚ ਗਏ ਹਨ, ਹੀਰਾ ਘਾਟ ਪੜਾਅ ਲਾਇਆ ਹੈ। ਕੁਝ ਕੁ ਸਿੰਘਾਂ ਨੂੰ ਨਾਲ ਲੈ ਕੇ ਨੰਦੇੜ ਆ ਗਏ ਹਨ ਗੁਦਾਵਰੀ ਦੇ ਕਿਨਾਰੇ ਤੇ, ਬੰਦਾ ਇਥੇ ਟਿਕਾਣਾ ਕਰਕੇ ਰਹਿੰਦਾ ਸੀ ਜਿਥੇ ਬੰਦਾ ਘਾਟ ਗੁਰਦੁਆਰਾ ਬਣਿਆ ਹੋਇਆ ਹੈ ਇਸ ਜਗ੍ਹਾ ਨੂੰ ਬੜਾ ਉਸਨੇ ਸਵਾਰਿਆ ਹੋਇਆ ਸੀ। ਸਤਿਗੁਰ ਜੀ ਉਸਦੇ ਆਸ਼ਰਮ ਵਿਚ ਪਹੁੰਚ ਗਏ ਹਨ।

ਬਿਨ ਬੈਲੀਂ ਹਾਰਟ ਚਲੈ, ਲਖੈ ਅਚੰਭ ਜਹਾਨ॥੩੯॥ ਬਿਨਾਂ (ਬੈਲੀਂ) ਬਲਦਾਂ ਤੋਂ ਹਰਟ ਚਲ ਰਿਹਾ ਹੈ, ਹਰਟ ਆਪੇ ਚਲੀ ਜਾਂਦਾ ਜਦੋਂ ਦੁਨੀਆਂਦਾਰ ਲੋਕ ਵੇਖਦੇ ਨੇ ਆ ਕੇ (ਅਚੰਭ) ਹੈਰਾਨ ਹੋ ਜਾਂਦੇ ਹਨ। ਆਹ ਕਮਾਲ ਹੈ, ਬਿਨਾਂ ਬੈਲ ਜੋੜਨ ਤੋਂ ਹਰਟ ਆਪੇ ਚਲੀ ਜਾਂਦਾ ਹੈ। ਬੂਟਿਆਂ ਨੂੰ ਜਲ ਆਪੇ ਪਈ ਜਾਂਦਾ ਹੈ। ੩੯।

ਚੌਪਈ॥ ਬਹੁਤ ਜਗ੍ਹਾ ਉਨ ਬੇਸ਼ ਬਨਾਈ॥ ਬਹੁਤ (ਬੇਸ਼) ਚੰਗੀ ਸੁੰਦਰ ਜਗ੍ਹਾ ਉਸਨੇ ਬਣਾ ਕੇ ਰੱਖੀ ਸੀ।

ਦੇਖਤ ਚਿਤ ਜਿਸ ਰਹੈ ਲੁਭਾਈ॥ ਜਿਸਨੂੰ ਵੇਖ ਕੇ ਚਿੱਤ ਲੁਭਾਇਮਾਨ ਹੋ ਜਾਵੇ, ਏਥੇ ਹੀ ਰਹੀਏ। ਬੜੀ ਰਮਣੀਕ ਜਗ੍ਹਾ ਹੈ, ਸੁੰਦਰ ਛਾਇਆ ਹੈ, ਮੇਵਿਆਂ ਨਾਲ ਭਰਿਆ ਹੋਇਆ ਬਾਗ ਹੈ। ਬਹੁਤ ਸੁੰਦਰ ਜਗ੍ਹਾ ਪਸੰਦ ਆਉਂਦੀ ਸੀ ਹਰ ਇਕ ਦੇ।

ਪਲੰਘ ਅੰਦਰ ਥੋ ਤਹ ਇਕ ਭਹਾ॥ ਜਿਥੇ ਝੌਂਪੜੀ ਬਨਾਈ ਹੋਈ ਸੀ ਉਹਦੇ ਅੰਦਰ ਇਕ ਸੁੰਦਰ ਪਲੰਘ ਡਿਹਾ ਹੋਇਆ ਸੀ।

ਗੱਦੀ ਸਿਰਹਾਣੋਂ ਉਪਰ ਅਹਾ॥੪੦॥ ਪਲੰਘ ਉਪਰ ਸੁੰਦਰ ਗੱਦੀ ਲੱਗੀ ਹੋਈ ਹੈ, ਅਤੇ ਸੁੰਦਰ ਸਿਰਹਾਣਾ ਲੱਗਾ ਹੋਇਆ ਹੈ। ੪੦।

ਸਵਾ ਸੁ ਗਜ ਧਰ ਉਚੋ ਰਹੈ॥ ਉਸ ਪਲੰਘ ਦੇ ਪਾਵੇ ਸਵਾ ਕੁ ਗਜ ਧਰਤੀ ਤੋਂ ਉਚੇ ਸਨ। ਪਲੰਘ ਬੜਾ ਸੁੰਦਰ ਹੈ, ਵਿਛਾਈ ਵਿਛੀ ਹੋਈ ਹੈ ਤਕੀਏ ਸਿਰ੍ਹਾਣੇ ਲੱਗੇ ਹੋਏ ਹਨ, ਲੇਕਿਨ ਧਰਤੀ ਤੋਂ ਸਵਾ ਕੁ ਗਜ਼ ਉੱਚਾ ਉਠਿਆ ਹੋਇਆ ਹੈ, ਪਾਵਾ ਉਹਦਾ ਧਰਤੀ ਨਾਲ ਨਹੀਂ ਲੱਗਦਾ।

ਨ੍ਰਾਇਣ ਦਾਸ ਤਿਸ ਉਪਰ ਬਹੈ॥ ਏਸ ਪਲੰਘ ਦੇ ਉਤੇ ਨਰਾਇਣ ਦਾਸ ਆਪ ਬਹਿੰਦਾ ਹੁੰਦਾ ਸੀ।

ਔਰ ਬਹੇ ਤਿਸ ਦੇਇ ਗਿਰਾਇ॥ ਜੇ ਕੋਈ ਹੋਰ ਆਇਆ ਗਿਆ ਰਾਹੀ ਸੰਤ ਸਾਧੂ ਉਸ ਪਲੰਘ ਉਤੇ ਬੈਠ ਜਾਵੇ, ਉਦੋਂ ਹੀ ਪਲੰਘ ਮੂਧਾ ਕਰ ਦੇਣਾ ਉਹਨੂੰ ਗਿਰਾਅ ਦਿੰਦਾ ਬੀਰਾਂ ਦੀ ਸ਼ਕਤੀ ਨਾਲ।

ਇਸੇ ਬਿਉਂਤ ਥੇ ਉਨੈ ਬਨਾਇ॥੪੧॥ ਐਸੀ (ਬਿਉਂਤ) ਤਰੀਕੇ ਨਾਲ ਬਣਾਇਆ ਸੀ ਉਸਨੇ, ਆਏ ਗਏ ਸੰਤ ਦੀ ਏਥੇ ਪ੍ਰੀਖਿਆ ਲਿਆ ਕਰਾਂਗੇ। ਕਿ ਕਿਸੇ ਹੋਰ ਵਿਚ ਵੀ ਕਰਾਮਾਤ ਹੈ ਕਿ ਨਹੀਂ। ਦੂਸਰਿਆਂ ਦਾ ਇਮਤਿਹਾਨ ਲੈਂਦਾ ਹੈ ਨਰਾਇਣ ਦਾਸ। ੪੧।

ਅਥ ਸ੍ਰੀ ਪੰਥ ਪ੍ਰਕਾਸ਼ ਗ੍ਰੰਥੇ ਸ੍ਰੀ ਸਤਿਗੁਰ ਔਰ ਬੰਦੇ ਜੀ ਕੋ ਪ੍ਰਸੰਗ ਮਿਲਾਪ ਕੋ ਲਿਖਯਤੇ।

ਬੰਦੇ ਦੇ ਮਿਲਣ ਦਾ ਪ੍ਰਸੰਗ (ਬੰਦਾ ਮਿਲਾਪ)

ਦੋਹਰਾ॥ ਪਹੁੰਚਯੋ ਸਤਿਗੁਰ ਜਿਹ ਸਮੈਂ, ਗਯੋ ਬੰਦੋ ਕਹੂੰ ਔਰ॥ ਜਿਸ ਸਮੇਂ ਸਤਿਗੁਰੂ ਜੀ ਨਰਾਇਣ ਦਾਸ ਦੇ ਡੇਰੇ ਵਿਚ ਪਹੁੰਚੇ ਉਦੋਂ ਉਹ ਕਿਤੇ ਡੇਰੇ ਵਿਚੋਂ ਬਾਹਰ ਗਿਆ ਹੋਇਆ ਸੀ।

ਪਲੰਘ ਸ਼ਿੰਗਾਰਯੋ ਦੇਖਿ ਕੈ, ਗੁਰ ਚੜ੍ਹ ਬੈਠੇ ਦੌਰ॥੧॥ ਇਹ ਪਲੰਘ ਸ਼ਿੰਗਾਰਿਆ ਹੋਇਆ ਵੇਖ ਕੇ ਕਿ ਬੜੀ ਸੁੰਦਰ ਵਿਛਾਈ ਕੀਤੀ ਹੈ ਸਤਿਗੁਰੂ ਜੀ ਦੌੜ ਕੇ ਛਾਲ ਮਾਰ ਕੇ ਪਲੰਘ 'ਤੇ ਚੜ੍ਹ ਕੇ ਬੈਠ ਗਏ ਹਨ। ੧।

ਚੌਪਈ॥ ਤਿਸ ਕੇ ਬਕਰੇ ਸਿੰਘਨ ਘਾਏ॥ ਬਾਗ ਦੇ ਵਿਚ ਬੱਕਰੇ ਛੱਡੇ ਹੋਏ ਸੀ, ਕਲਾ ਐਸੀ ਵਰਤਾਈ ਹੋਈ ਸੀ ਮਜਾਲ ਆ ਕਿਸੇ ਫਲ ਨੂੰ ਜਾਨਵਰ ਚੁੰਝ ਮਾਰ ਜਾਵੇ, ਜਾਂ ਇਹਦੇ ਬੱਕਰੇ ਕਿਸੇ ਬੂਟੇ ਨੂੰ ਖਾਣ, ਬਿਲਕੁਲ ਹੀ ਨਹੀਂ ਸੀ ਮੂੰਹ ਲਾ ਸਕਦੇ। ਸਿੰਘਾਂ ਨੇ ਝਟਪਟ ਬੱਕਰੇ ਫੜ ਲਏ, ਹਲਟ ਵਗਦਾ ਸੀ, ਉਦੋਂ ਹੀ ਇਸ਼ਨਾਨ ਕਰਾ ਕੇ ਝੱਟਕਾ ਦਿੱਤੇ ਉਥੇ ਹੀ।

ਕਾਟ ਕੂਟ ਦਏ ਦੇਗਨ ਪਾਏ॥ ਕੱਟ ਕੇ ਤੇ ਕੁਟ ਕੇ ਛੋਟੇ ਛੋਟੇ ਕਰਕੇ ਡਲੇ ਬਣਾ ਕੇ ਦੇਗਿਆਂ ਵਿਚ ਪਾ ਦਿੱਤੇ ਚੁੱਲ੍ਹੇ ਤਪਾ ਦਿੱਤੇ ਉਦੋਂ ਹੀ ਡਲੇ ਬਣਨੇ ਸ਼ੁਰੂ ਹੋ ਗਏ।

ਤਿਸ ਚੇਲੇ ਜਾ ਕਰੀ ਪੁਕਾਰ॥ ਉਸ ਦੇ ਚੇਲੇ ਨੇ ਜਾ ਕੇ ਜਿਥੇ ਬੈਠਾ ਸੀ ਨਰਾਇਣ ਦਾਸ, ਉਥੇ ਜਾ ਕੇ ਪੁਕਾਰ ਕੀਤੀ, ਸਾਰਾ ਸਮਾਚਾਰ ਦੱਸਿਆ ਜੋ ਉਸਨੇ ਉਹਦੇ ਡੇਰੇ ਵਿਚ ਵੇਖਿਆ ਸੀ।

ਕ੍ਰਾਇ ਕ੍ਰੋਧ ਲੈ ਆਏ ਨਾਰ॥੨॥ ਪਤਾ ਨਹੀਂ ਉਥੇ ਕੌਣ ਆਇਆ ਹੈ? ਕੋਈ ਰਾਜਾ ਲੱਗਦਾ ਹੈ, ਉਹ ਤੁਹਾਡੇ ਪਲੰਘ ਉਤੇ ਬੈਠ ਗਿਆ ਹੈ ਅਤੇ ਉਸਦੀ ਫੌਜ ਨੇ ਤੁਹਾਡੇ ਬੱਕਰੇ ਝਟਕਾ ਰਿੰਨ੍ਹਣੇ ਸ਼ੁਰੂ ਕਰ ਦਿੱਤੇ ਹਨ ਅੱਗ ਤੇ ਚੜ੍ਹਾ ਕੇ, ਉਹਦੇ ਫੌਜੀਆਂ ਨੇ ਸਭ ਫਲ ਫੁਲ ਤੋੜ ਲਏ ਹਨ ਪ੍ਰਵਾਹ ਹੀ ਨਹੀਂ ਕਿਸੇ ਦੀ ਸਮਝੀ। ਚੱਲ ਕੇ ਤਾਂ ਦੇਖੋ ਕੌਣ ਹੋਇਆ ਉਹ? ਪਤਾ ਨਹੀਂ ਚਲ ਕੇ ਵੇਖ ਲਉ ਕਿ ਨਹੀਂ ਏਸੇ ਤਰ੍ਹਾਂ। ਉਸ ਨੂੰ ਕਰੋਧਵਾਨ ਕਰਕੇ ਭਖਾ ਕੇ ਨਰਾਇਣ ਦਾਸ ਨੂੰ ਆਪਣੇ ਨਾਲ ਹੀ ਲੈ ਆਇਆ ਉਹਦਾ ਚੇਲਾ। ੨।

ਦੇਖਤ ਪਲੰਘ ਸੁ ਅਤਿ ਰੁਹ ਭਰਯੋ॥ ਆਪਣੇ ਪਲੰਘ ਉਤੇ ਸਤਿਗੁਰੂ ਜੀ ਨੂੰ ਬੈਠਿਆਂ ਵੇਖ ਕੇ ਅਤੀ ਗੁੱਸੇ ਵਿਚ ਭਰ ਗਿਆ

ਹੈ ਨਰਾਇਣ ਦਾਸ, ਹੈਂਅ! ਮੇਰੇ ਪਲੰਘੇ ਤੇ ਬੈਠੇ ਹਨ ਇਹ ਮੇਰੇ ਸਾਮ੍ਹਣੇ, ਕੌਣ ਹੋਏ ਇਹ?

ਕ੍ਰੋਧਤ ਹੁਕਮ ਬੀਰਨ ਕੋ ਕਰਯੋ॥ ਬੜੇ ਕ੍ਰੋਧ ਵਿਚ ਆ ਕੇ ਆਪਣੇ ਬੀਰਾਂ ਨੂੰ ਹੁਕਮ ਕਰ ਦਿੱਤਾ ਉਸਨੇ ਇਉਂ ਕਰੋ ਜਾ ਕੇ।

ਜਾ ਬੀਰਨ ਤਬ ਪਲੰਘ ਉਠਾਯਾ॥ ਬੀਰਾਂ ਨੂੰ ਹੁਕਮ ਪਲੰਘ ਪੁੱਠਾ ਕਰਨ ਦਾ ਦੇ ਦਿੱਤਾ ਉਸਨੇ, ਜਦੋਂ ਬੀਰਾਂ ਨੇ ਪਲੰਘ ਨੂੰ ਉਲਟਾਉਣ ਵਾਸਤੇ ਚੁੱਕਿਆ ਹੈ।

ਸਤਿਗੁਰ ਤੀਰਹਿ ਸਾਥ ਦਬਾਯਾ॥੩॥ ਸਤਿਗੁਰਾਂ ਨੇ ਚਾਰ ਤੀਰ ਭੱਥੇ 'ਚੋਂ ਕੱਢ ਕੇ ਚੌਹਾਂ ਪਾਵਿਆਂ 'ਤੇ ਇਕ ਇਕ ਰੱਖ ਦਿਤਾ ਹੈ। ਪਲੰਘ ਫੇਰ ਧਰਤੀ ਤੇ ਆ ਕੇ ਸਥਿਰ ਹੋ ਗਿਆ ਹੈ। ੩।

ਫੇਰ ਮਵੱਕਲਨ ਲਾਯੋ ਤਾਨ॥ ਦੋਬਾਰਾ ਫੇਰ (ਮੁਵੱਕਲ) ਬੀਰਾਂ ਨੇ ਪਲੰਘ ਨੂੰ ਚੁੱਕਣ ਵਾਸਤੇ (ਤਾਨ) ਜੋਰ ਲਾਇਆ ਹੈ।

ਤੌ ਫਿਰ ਉਠਯੋ ਨ ਅੰਗੁਲ ਸਮਾਨ ॥੪॥ ਦੋਬਾਰਾ ਉਂਗਲੀ ਦੇ ਪੋਟੇ ਜਿੰਨਾਂ ਨਹੀਂ ਉਠਿਆ ਹੈ ਪਲੰਘ, ਉਥੇ ਹੀ ਜੰਮ ਗਿਆ ਹੈ। ੪।

ਪਲੰਘ ਅਚਲ ਲਖ ਹੁਇ ਗਯੋ ਕੋਇਲਾ॥ ਜਦੋਂ ਪਲੰਘ (ਅਚੱਲ) ਸਥਿਰ ਹੋ ਗਿਆ ਹਿੱਲਿਆ ਹੀ ਨਾ ਜਿਹੜਾ, ਇਹ ਬੈਰਾਗੀ ਸਾਧੂ ਦੇਖ ਕੇ ਸੜ ਕੇ ਕੋਇਲੇ ਹੋ ਗਿਆ ਹੈ। ਆਹ ਗੱਲ ਤਾਂ ਅਨੋਖੀ ਦੇਖੀ ਹੈ, ਹੱਦ ਹੋ ਗਈ ਮੇਰਾ ਪਲੰਘ ਨਹੀਂ ਚੁੱਕ ਹੁੰਦਾ ਮੇਰੇ ਬੀਰਾਂ ਤੋਂ।

ਕ੍ਰੋਧ ਸਾਥ ਫਿਰ ਮੁਵੱਕਲਨ ਬੋਲਾ॥ ਗੁੱਸੇ ਨਾਲ ਆਪਣੇ ਬੀਰਾਂ ਨੂੰ ਬੋਲਿਆ ਹੈ।

'ਤੁਰਤ ਇਸੈ ਕੀ ਜਾਨ ਉਡਾਵੋ॥ ਹੁਕਮ ਕੀਤਾ ਹੈ ਬੀਰਾਂ ਨੂੰ ਨਰਾਇਣ ਦਾਸ ਨੇ, ਮੇਰੇ ਸਾਮ੍ਹਣੇ ਮੇਰੇ ਪਲੰਘ 'ਤੇ ਕਿਵੇਂ ਬੈਠਾ ਹੈ ਤੁਰੰਤ ਹੀ ਇਸ ਨੂੰ (ਗੁਰੂ ਸਾਹਿਬ ਜੀ ਵਲ ਇਸ਼ਾਰਾ ਕਰਕੇ) ਜਾਨੋ ਮਾਰ ਮੁਕਾਓ, ਛੱਡੋ ਨਾ ਜਿਉਂਦਾ।

ਇਤੀ ਦੇਰ ਤੁਮ ਕਾਹੇ ਲਾਵੋ' ॥੫॥ ਏਨੀ ਦੇਰ ਕਿਉਂ ਲਾਉਂਦੇ ਹੋ? ਮੇਰੇ ਹੁਕਮ ਦੀ ਪਾਲਣਾ ਕਿਉਂ ਨਹੀਂ ਕਰਦੇ। ਤੁਰਤ ਡੇਗੋ ਏਸ ਨੂੰ ਪਲੰਘ ਦੇ ਉਤੋਂ, ਜਦੋਂ ਏਸ ਤਰ੍ਹਾਂ ਕਰੋਧ ਵਿਚ ਹੁਕਮ ਦਿੱਤਾ। ੫।

ਦੋਹਰਾ॥ ਤਬੈ ਮਵੱਕਲਨ ਉਸ ਕਹਯੋ, 'ਹਮ ਕਿਛ ਰਖਯੋ ਨ ਤਾਨ॥ ਉਸ ਵੇਲੇ ਉਸਦੇ ਬੀਰਾਂ ਨੇ ਇਸ ਤਰ੍ਹਾਂ ਕਿਹਾ ਨਰਾਇਣ ਦਾਸ ਨੂੰ ਕਿ ਅਸੀਂ ਆਪਣਾ ਸਾਰਾ (ਤਾਣ) ਜੋਰ ਲਾ ਕੇ ਵੇਖ ਲਿਆ ਕੋਈ ਜ਼ੋਰ ਬਾਕੀ ਨਹੀਂ ਰੱਖਿਆ, ਜੋਰ ਲਾਉਣ ਵਾਲੀ ਕੋਈ ਕਸਰ ਬਾਕੀ ਨਹੀਂ ਛੱਡੀ।

ਜੌ ਇਨ ਕੋ ਹਮ ਦੁਖ ਦੇਵੈਂ, ਸੋ ਪਵੈ ਹਮ ਪਰ ਆਣ॥੬॥ ਜੇ ਅਸੀਂ ਇਨ੍ਹਾਂ ਨੂੰ (ਗੁਰੂ ਜੀ ਵੱਲ ਇਸ਼ਾਰਾ ਕਰਕੇ ਕਹਿੰਦੇ ਹਨ) ਦੁੱਖ ਦਿੰਦੇ ਹਾਂ ਤਾਂ ਉਹ ਉਲਟਾ ਸਾਨੂੰ ਹੀ ਤਕਲੀਫ ਹੁੰਦੀ ਹੈ, ਸਾਡੇ ਤੇ ਹੀ ਦੁੱਖ ਆ ਪੈਂਦਾ ਹੈ। ੬।

ਚੌਪਈ॥ ਜੌ ਉਸ ਕੋ ਹਮ ਦੁਖ ਚਹੈਂ ਲਾਯਾ॥ ਜੇ ਅਸੀਂ ਆਪਣੀ ਸ਼ਕਤੀ ਨਾਲ ਉਨ੍ਹਾਂ ਨੂੰ ਕੋਈ ਦੁਖ ਦੇਣਾ ਚਾਹੁੰਦੇ ਹਾਂ, ਉਨ੍ਹਾਂ ਦਾ ਜਾਨੀ ਨੁਕਾਸਨ ਕਰਨਾ ਚਾਹੀਏ।

ਹੋਤ ਰਿਦੇ ਹਮ ਦੋਖ ਸਵਾਯਾ॥ ਉਨ੍ਹਾਂ ਨੂੰ ਤਾਂ ਕੀ ਕੋਈ ਤਕਲੀਫ ਹੋਣੀ ਹੈ, ਉਲਟਾ ਸਾਡੇ ਦਿਲ ਵਿਚ ਦੂਣ ਸਵਾਇਆ ਪਹੁੰਚਦਾ ਹੈ।

ਜੌ ਹਮ ਇਸ ਕੇ ਨੇੜੈ ਜਾਵੈਂ॥ ਜੇ ਅਸੀਂ ਇਹਨਾਂ ਦੇ ਨੇੜੇ ਢੁਕਦੇ ਹਾਂ, ਜਾਂਦੇ ਹਾਂ [illegible]

ਤੇਜ ਅਗਨ ਸੋਂ ਹਮੈਂ ਜਲਾਵੈਂ॥੭॥ ਇਹਨਾਂ ਦਾ ਭਾਰੀ ਤੇਜ ਸਾਨੂੰ ਅੱਗ ਵਾਂਗੂੰ ਸਾੜਦਾ ਹੈ। [illegible]

ਤਬੈ ਮਵਕਲਨ ਐਸ ਉਚਾਰੀ॥ ਤਦੋਂ (ਮਵਕਲਨ) ਬੀਰਾਂ ਨੇ ਏਸ ਤਰ੍ਹਾਂ ਕਿਹਾ ਹੈ। [illegible]

'ਇਨਕੈ ਆਗੈ ਹਮ ਭਏ ਹਾਰੀ॥ ਇਨ੍ਹਾਂ (ਸਤਿਗੁਰਾਂ ਦੇ) ਅੱਗੇ ਅਸੀਂ ਜ਼ੋਰ ਲਾ ਕੇ ਹਾਰ ਗਏ ਹਾਂ, ਸਾਡੀ ਕੋਈ ਪੇਸ਼ ਨਹੀਂ ਜਾਂਦੀ। [illegible]

ਜਬ ਹਮ ਉਨ ਕੈ ਨੇੜੈ ਜਾਵੈਂ॥ ਜਦੋਂ ਅਸੀਂ ਉਨ੍ਹਾਂ ਦੇ ਨੇੜੇ ਜਾਂਦੇ ਹਾਂ, ਜਾਂ ਉਨ੍ਹਾਂ ਨੂੰ ਕੋਈ ਦੁੱਖ ਦੇਣ ਦਾ

ਇਰਾਦਾ ਕਰਦੇ ਹਾਂ।

ਆਪ ਕੋਪ ਤੇ ਆਪ ਜਲਾਵੈਂ॥੮॥ ਜਿੰਨਾਂ ਅਸੀਂ ਜ਼ਿਆਦਾ ਕ੍ਰੋਧ ਕਰਦੇ ਹਾਂ, ਉਸ ਕ੍ਰੋਧ ਨਾਲ ਸਾਨੂੰ ਹੀ ਅੱਗ ਲੱਗ ਜਾਂਦੀ ਹੈ, ਅਸੀਂ ਆਪਣੇ ਕ੍ਰੋਧ ਨਾਲ ਆਪ ਹੀ ਸੜਨ ਲਗ ਜਾਂਦੇ ਹਾਂ। ੮।

ਛੁਟੈਂ ਤਬੈ ਜਬ ਸੀਸ ਨਿਵਾਵੈਂ॥ ਜਦੋਂ ਅਸੀਂ ਉਨ੍ਹਾਂ ਨੂੰ ਹੱਥ ਜੋੜ ਕੇ ਮੱਥਾ ਟੇਕਦੇ ਹਾਂ। ਉਦੋਂ ਸਾਨੂੰ ਸੁਖ ਦਾ ਸਾਹ ਆਉਂਦਾ ਹੈ।

ਹੋਂਹਿ ਸੀਤਲ ਤਬ ਅਤਿ ਸੁਖ ਪਾਵੈਂ॥ ਉਨ੍ਹਾਂ ਨੂੰ ਸੀਸ ਨਿਵਾਉਣ ਨਾਲ ਅਸੀਂ (ਸੀਤਲ) ਠੰਢੇ ਠਾਰ ਹੋ ਜਾਂਦੇ ਹਾਂ, ਸ਼ਾਂਤ ਹੋ ਜਾਂਦੇ ਹਾਂ ਅਤੇ ਬਹੁਤੇ ਸੁਖ ਦੀ ਪ੍ਰਾਪਤੀ ਹੋ ਜਾਂਦੀ ਹੈ।

ਐਸੇ ਸੁਨੇ ਉਨ੍ਹੇਂ ਤੇ ਬੈਨ॥ ਜਦੋਂ ਐਸੇ ਬਚਨ ਨਰਾਇਣ ਦਾਸ ਨੇ ਸੁਣੇ ਆਪਣੇ ਬੀਰਾਂ ਤੋਂ।

ਭਯੋ ਅਚੰਭ ਅਤਿ ਭੈ ਕੈਨ॥ ੯॥ (ਅਤਿ) ਬਹੁਤ ਹੀ (ਅਚੰਭ) ਹੈਰਾਨ ਹੋ ਗਿਆ ਅਤੇ ਬਹੁਤ ਡਰ ਗਿਆ। ੯।

ਜਬ ਉਨ ਸਤਿਗੁਰ ਨੈਨੀ ਦੇਖਾ॥ ਉਸਦੇ ਮਨ ਵਿਚ ਹੋਇਆ ਕਿ ਆਪ ਅੱਗੇ ਜਾ ਕੇ ਵੇਖੀਏ ਕਿ ਕੌਣ ਐਸਾ ਬਲੀ ਹੈ? ਜਦੋਂ ਉਹਨੇ ਸਤਿਗੁਰੂ ਜੀ ਦਾ ਆਪਣੇ ਅੱਖੀਂ ਦਿਦਾਰ ਕੀਤਾ।

ਅਪਨੇ ਬਲ ਤੇ ਅਧਿਕ ਬਹੁ ਲੇਖਾ॥ ਆਪਣੇ ਮਨ ਵਿਚ ਕਹਿਣ ਲੱਗਾ, ਓ ਹੋ ਮੇਰੇ ਤੋਂ ਕਈ ਗੁਣਾਂ ਬਲੀ ਹਨ, ਮੈਂ ਤਾਂ ਕੁਛ ਵੀ ਨਹੀਂ ਇਹਨਾਂ ਦੇ ਸਾਮ੍ਹਣੇ, ਇਉਂ ਸਤਿਗੁਰਾਂ ਦੀ ਅਪਰ ਅਪਾਰ ਤਾਕਤ ਵੇਖ ਕੇ।

ਫਿਰ ਸਿੱਖਨ ਪ੍ਰਤਿ ਬੀਰ ਚਲਾਏ॥ ਜਦੋਂ ਉਹਨੇ ਵੇਖਿਆ ਇਹਨਾਂ ਤੇ ਤਾਂ ਕੋਈ ਵਾਹ ਨਹੀਂ ਚਲਦੀ, ਜਿਨ੍ਹਾਂ ਨੇ ਮੇਰੇ ਬੱਕਰੇ ਝਟਕਾਏ ਨੇ ਤੇ ਲੰਗਰ ਬਣਾਈ ਜਾਂਦੇ ਨੇ, ਬੀਰਾਂ ਨੂੰ ਕਹਿਣ ਲੱਗਾ ਇਹਨਾਂ ਨੂੰ ਫੜ ਲਉ ਜਾ ਕੇ, ਇਹਨਾਂ ਨੂੰ ਸਜ਼ਾ ਦੇ ਸਕਦੇ ਹੋ ਤੁਸੀਂ।

ਜਿਨ ਜਿਨ ਲੈ ਥੇ ਬਕਰੇ ਘਾਏ॥੧੦॥ ਜਿਨ੍ਹਾਂ ਜਿਨ੍ਹਾਂ ਸਿੰਘਾਂ ਨੇ ਇਹ ਬੱਕਰੇ ਝਟਕਾਏ ਸਨ, ਉਨ੍ਹਾਂ ਸਿੰਘਾਂ ਨੂੰ ਫੜ ਲਉ ਉਨਾਂ ਨੂੰ ਸਜ਼ਾ ਦਿਉ। ੧੦।

ਸੋਰਠਾ॥ ਸੋ ਫਿਰ ਆਏ ਬੀਰ, ਸਿੰਘਨ ਕੈ ਢਿਗ ਸੁਨ ਢੁਕੈ॥ ਬੈਰਾਗੀ ਸਾਧ ਦਾ ਇਹ ਹੁਕਮ ਸੁਣ ਕੇ ਸਿੰਘਾਂ ਦੇ ਕੋਲ ਉਹਦੇ ਬੀਰ ਆਏ ਹਨ, ਇਹਨਾਂ ਨੂੰ ਫੜਦੇ ਹਾਂ, ਜਦੋਂ ਨੇੜੇ ਢੁਕੇ ਸਿੰਘਾਂ ਦੇ।

ਉਨ ਕੋ ਰੱਛਕ ਤੀਰ, ਫਿਰੈ ਸੁਦਰਸ਼ਨ ਚੱਕ੍ਰ ਜਿਮ॥੧੧॥ ਸਿੰਘਾਂ ਦੀ ਰਾਖੀ ਕਰਨ ਵਾਸਤੇ ਗੁਰੂ ਮਹਾਰਾਜ ਜੀ ਦੇ ਤੀਰ, ਸੁਦਰਸ਼ਨ ਚੱਕ੍ਰ ਵਾਂਗ ਸਿੰਘਾਂ ਦੇ ਆਲੇ ਦੁਆਲੇ ਘੁੰਮਦੇ ਹਨ, ਬੀਰ ਇਹ ਸਭ ਕੁਛ ਦੇਖ ਕੇ ਡਰ ਕੇ ਪਿੱਛੇ ਹਟ ਗਏ ਕਿ ਸਾਡੇ ਵਿਚ ਦੀ ਨਾ ਲੰਘ ਜਾਂਦਾ ਹੋਵੇ। ੧੧।

ਦੋਹਰਾ॥ ਬੀਰ ਫਿਰੇ ਜਬ ਸਿਖਨ ਤੇ, ਤਬ ਉਨ ਨਿਸਚੋ ਆਇ॥ ਜਦੋਂ ਬੀਰ ਸਿੰਘਾਂ ਤੋਂ ਵੀ ਹਾਰ ਕੇ ਪਿਛਾਂਹ ਮੁੜ ਆਏ ਨੇ, ਤਾਂ ਨਰਾਇਣ ਦਾਸ ਬੈਰਾਗੀ ਨੂੰ ਨਿਸ਼ਚਾ ਹੋਇਆ।

'ਇਹ ਪੂਰੇ ਹੈਂ ਸਤਿਗੁਰੂ, ਇਨ ਸਿਖਨ ਸਮ ਹਮ ਨਾਹਿ'॥੧੨॥ ਆਪਣੇ ਮਨ ਵਿਚ ਸੋਚਣ ਲੱਗਾ ਹੈ ਸਾਧ, ਇਹ ਤਾਂ ਪੂਰੇ ਸਤਿਗੁਰੂ ਹਨ ਮੈਂ ਤਾਂ ਇਨ੍ਹਾਂ ਦੇ ਸਿੱਖਾਂ ਦੇ ਬਰਾਬਰ ਵੀ ਨਹੀਂ ਹਾਂ। ੧੨।

ਚੌਪਈ॥ ਤਬ ਅਧੀਨ ਹੁਇ ਚਰਨੀਂ ਪਰਯੋ॥ ਤਦੋਂ ਬੜੀ ਹੀ ਅਧੀਨਗੀ ਨਾਲ ਚਰਨਾਂ 'ਤੇ ਆ ਕੇ ਡਿੱਗ ਪਿਆ।

ਤਬ ਸਤਿਗੁਰ ਮੁਖ ਬਚਨ ਉਚਰਯੋ॥ ਤਾਂ ਸਤਿਗੁਰਾਂ ਨੇ ਉਸ ਬੈਰਾਗੀ ਨੂੰ ਇਸ ਤਰ੍ਹਾਂ ਆਪਣੇ ਮੁਖੋਂ ਬਚਨ ਕਿਹਾ।

'ਕੌ ਤੂੰ ਪੰਥੀ ? ਕੌ ਗੁਰ ਤੇਰਾ? ਓ ਕਿਹੜੇ ਪੰਥ ਦਾ ਸਾਧ ਹੈ ਤੂੰ? ਤੇਰਾ ਕੌਣ ਗੁਰੂ ਹੈ? ਜਿਸਨੇ ਤੈਨੂੰ ਸਿਖਿਆ ਦਿੱਤੀ ਹੈ ਐਸੀ।

ਕਰੈਂ ਮਸਕਰੀ ਸੰਤਨ ਕੇਰਾ॥੧੩॥ ਮਹਾਂ ਪੁਰਸ਼ਾਂ ਨੂੰ ਮਸਕਰੀਆਂ ਕਰਦਾ ਹੈਂ ਤੂੰ? ਕੀ ਬਣਿਆ ਫਿਰਦਾਂ ਤੂੰ ਆਪਣੇ ਆਪ ਵਿਚ। ੧੩।

ਕਯਾ ਤੁਧ ਸਮਸਰ ਜਗ ਮੈਂ ਨਾਹੀਂ? ਕੀ ਤੇਰੇ (ਸਮਸਰ) ਬਰਾਬਰ ਹੋਰ ਕੋਈ ਪੈਦਾ ਨਹੀਂ ਕੀਤਾ ਪ੍ਰਮੇਸ਼ਰ ਨੇ, ਕੀ ਤੇਰੇ ਬਰਾਬਰ ਦਾ ਹੋਰ ਕੋਈ ਬਲੀ ਨਹੀਂ ਸੰਸਾਰ ਵਿਚ।

ਕਯਾ ਬਡ ਕਲਾ ਇਕ ਤੁਮ ਹੀ ਮਾਹੀਂ॥ ੧੪॥ ਕੀ ਤੇਰੇ ਇਕੱਲੇ ਵਿਚ ਹੀ ਬਹੁਤੀ (ਕਲਾ) ਸ਼ਕਤੀ ਹੈ, ਹੋਰ ਤੇਰੇ ਵਰਗੀ ਕਲਾ ਵਾਲਾ ਕੋਈ ਨਹੀਂ। ੧੪।

ਦੋਹਰਾ॥ ਕਰੈ ਮਸਕਰੀ ਸੰਤ ਜੋ ਸੋਊ ਹੋਹਿ ਖੁਵਾਰ॥ ਸਤਿਗੁਰੂ ਜੀ ਕਹਿੰਦੇ ਹਨ ਕਿ ਜਿਹੜਾ ਸੰਤਾਂ ਨਾਲ ਮਸਕਰੀ ਕਰੇ, ਉਹੀ ਖੁਆਰ ਹੁੰਦਾ ਹੈ। ''ਸੰਤਨ ਸੇਤੀ ਮਸਕਰੀ, ਕੁਲ ਡੋਬਨ ਕੀ ਰੀਤ,'' ਜੋ ਮਸਕਰੀ ਕਰੇਗਾ, ਉਨ੍ਹਾਂ ਸਰਾਪ ਦੇ ਦੇਣਾ ਹੈ, ਤੇ ਆਪੇ ਕੁਲ ਡੁਬ ਜਾਣੀ ਹੈ, ਨਾਸ਼ ਹੋ ਜਾਣਾ। ਜਿਸ ਤਰ੍ਹਾਂ ਜਾਦਵਾਂ ਨੇ ਦੁਰਬਾਸ਼ੇ ਰਿਖੀ ਨੂੰ ਮਸਕਰੀ ਕਰ ਕੇ, ਆਪਣੀ ਕੁਲ ਦਾ ਨਾਸ ਕਰਾਇਆ ਸੀ।

ਭਾਂਡ ਭਗਤੀਏ ਡੂਮ ਲੁਕ, ਇਨ ਕੀ ਹੈ ਯਹ ਕਾਰ॥੧੫॥ (ਭਗਤੀਏ) ਸਾਂਗ ਲਾਉਣ ਵਾਲੇ (ਡੂਮ) ਮਰਾਸੀ, ਨਕਲਾਂ ਲਾ ਲਾ ਕੇ ਸੁਣਾਉਂਦੇ ਹਨ ਅਤੇ ਭੰਡ ਲੋਕ ਜਿਹੜੇ ਨੇ ਦੇਖੇ ਨਾ ਵੱਖੀਆਂ ਕੁਟਦੇ ਐਹੋ ਜਿਹੇ ਲੋਕਾਂ ਦੀ ਇਹ (ਕਾਰ) ਕੰਮ ਹੈ ਜਿਹੜਾ ਤੂੰ ਕਰਦਾਂ ਓਇ! ਇਹ ਕੰਮ ਕੋਈ ਸੰਤਾਂ ਵਾਲਾ ਹੈ। ਭੂਤ ਪ੍ਰੇਤ ਵਸ ਵਿਚ ਕਰੀਂ ਫਿਰਦਾਂ ਤੂੰ, ਲੋਕਾਂ ਨੂੰ ਮਸਕਰੀਆਂ ਕਰਦਾ ਹੈਂ, ਮਹਾਂਪੁਰਸ਼ਾਂ ਦਾ ਨਿਰਾਦਰ ਕਰਦਾ ਹੈਂ, ਖ਼ਬਰਦਾਰ ਹੋ ਜਾ ਕੋਈ ਬੰਦਿਆਂ ਵਾਲੇ ਕਾਰਜ ਕਰ। ਸਤਿਗੁਰਾਂ ਨੇ ਇਸ ਤਰ੍ਹਾਂ ਬੀਰ ਰਸ ਵਿਚ ਆ ਕੇ ਕਿਹਾ ਉਸਨੂੰ। ੧੫।

ਚੌਪਈ॥ ਤਬ ਉਨ ਕਹਯੋ 'ਮੈਂ ਬੰਦਾ ਤੋਰਾ॥ ਹੱਥ ਜੋੜ ਕੇ ਚਰਨਾਂ 'ਤੇ ਡਿੱਗ ਪਿਆ, ਕਹਿਣ ਲੱਗਾ ਮਹਾਰਾਜ! ਮੈਂ ਤਾਂ ਤੁਹਾਡਾ 'ਬੰਦਾ' ਹਾਂ (ਬੰਦਾ) ਤੁਹਾਡਾ ਗੁਲਾਮ ਹਾਂ, ਮੈਂ ਤਾਂ ਅੱਜ ਤੋਂ ਤੁਹਾਡਾ ਦਾਸ ਹਾਂ, ਮਹਾਰਾਜ! ਰੱਖੋ ਭਾਵੇਂ ਮਾਰੋ। ਇਉਂ ਬਚਨ ਕਰਨ ਲੱਗਾ ਹੈ, ਨਰਾਇਣ ਦਾਸ ਬੈਰਾਗੀ।

ਮੈ ਤੁਹਿ ਸਿੰਘ ਗੁਰੂ ਤੂੰ ਮੋਰਾ॥ ਮਹਾਰਾਜ ਜੀ! ਅੱਜ ਤੋਂ ਮੈਂ ਤਾਂ ਤੁਹਾਡਾ ਸਿੰਘ ਹੋ ਗਿਆ ਹਾਂ ਤੇ ਤੁਸੀਂ ਮੇਰੇ ਸਤਿਗੁਰੂ ਹੋ।

ਪਿਛਲੀ ਬਾਤ ਮਾਫ ਹਮ ਕੀਜੈ॥ ਪਿਛਲੀ ਜੋ ਮੈਂ ਗਲਤੀ ਕੀਤੀ ਹੈ ਭੁੱਲ ਕੀਤੀ ਹੈ, ਸਤਿਗੁਰੂ ਜੀ! ਉਹ ਮੈਨੂੰ ਮੁਆਫ ਕਰ ਦਿਓ।

ਅਬ ਹੁਇ ਫਿਰ ਤੋ ਜੀ ਆਯੋ ਕੀਜੈ॥ ੧੬॥ ਜੇ ਹੁਣ ਮੈਥੋਂ ਫਿਰ ਗਲਤੀ ਹੋਵੇ ਤਾਂ ਜੋ ਤੁਹਾਡੇ ਦਿਲ ਆਵੇ ਉਹ ਕਰਿਓ ਪਰ ਹੁਣ ਇਕ ਵਾਰੀ ਮੈਨੂੰ ਮੁਆਫ ਕਰ ਦਿਓ। ੧੬।

ਅਬ ਮੈਂ ਭਯੋ ਤੁਮਾਰੋ ਦਾਸ॥ ਮਹਾਰਾਜ! ਅੱਜ ਤੋਂ ਮੈਂ ਤੁਹਾਡਾ ਸਿਖ ਹੋ ਗਿਆ ਹਾਂ।

ਸੋ ਮੈਂ ਕਰੋਂ ਹੁਕਮ ਹੋਇ ਖਾਸ॥ ਹੁਣ ਮੈਂ ਉਹ ਕੰਮ ਕਰਾਂਗਾ ਜੋ ਤੁਹਾਡਾ ਖਾਸ ਹੁਕਮ ਹੋਵੇਗਾ, ਤੁਹਾਡੇ ਹੁਕਮ ਤੋਂ ਬਗੈਰ ਮੈਂ ਆਪਣੀ ਮਰਜ਼ੀ ਨਹੀਂ ਕਰਾਂਗਾ।

ਹਮ ਕੌ ਕੀਜੈ ਅਪਨੌ ਦਾਸ॥ ਮੈਨੂੰ ਅੱਜ ਤੋਂ ਆਪਣਾ (ਦਾਸ) ਸਿਖ ਬਣਾ ਲਵੋ ਮਹਾਰਾਜ!

ਜਾਨ ਜਾਨ ਰਾਖੋ ਨਿਜ ਪਾਸ'॥੧੭॥ (ਜਾਨ) ਕਿਵੇਂ ਜਾਨ ਦਿਉ, ਜਿਵੇਂ ਤੁਹਾਡੀ ਰਜ਼ਾ ਹੈ ਮਹਾਰਾਜ! ਮੈਨੂੰ ਆਪਣੇ ਚਰਨਾਂ ਦੇ ਪਾਸ ਰੱਖੋ। ੧੭।

ਅਥਿ ਗੁਰ ਪੰਥ ਪ੍ਰਕਾਸਿ ਗ੍ਰਿੰਥੇ ਪ੍ਰਸੰਗ ਬੰਦੇ ਜੀਉ ਪਰ ਮਿਹਰ ਭਈ॥

ਦੋਹਰਾ॥ ਜਬ ਐਸੇ ਉਨ ਬਚ ਕਹੇ, ਹਾਥ ਜੋੜ ਸਿਰ ਨਯਾਇ॥ ਜਦੋਂ ਨਰਾਇਣ ਦਾਸ ਨੇ ਹਥ ਜੋੜ ਕੇ ਸਿਰ ਨਿਵਾ ਕੇ ਏਸ ਤਰ੍ਹਾਂ ਹਲੀਮੀ ਦੇ ਬਚਨ ਕਹੇ।

ਭਏ ਪ੍ਰਸੰਨ ਤਬ ਸਤਿਗੁਰੂ, ਲੀਨੋ ਚਰਨਨ ਲਾਇ॥੧॥ ਸਤਿਗੁਰੂ ਜੀ ਇਹਦੇ ਉਤੇ ਪ੍ਰਸੰਨ ਹੋ ਗਏ ਹਨ ਅਤੇ ਆਪਣੀ ਚਰਨੀ ਲਾ ਲਿਆ ਹੈ। ੧।

ਚੌਪਈ॥ ਸਤਿਗੁਰ ਕਹੀ 'ਸਿਖ ਬਨਨੋ ਔਖਾ॥ ਸਤਿਗੁਰੂ ਜੀ ਉਸਨੂੰ ਕਹਿਣ ਲੱਗੇ ਦੇਖ ਭਾਈ! ਸਿਖ ਬਣਨਾ ਬੜਾ ਔਖਾ ਹੈ।

ਮਨ ਤਨ ਧਨ ਰਖ ਹੋਇ ਨ ਤੋਖਾ॥ ਆਪਣਾ ਤਨ ਮਨ ਧਨ ਸਤਿਗੁਰੂ ਜੀ ਦੇ ਚਰਨਾਂ 'ਤੇ ਰੱਖ ਕੇ ਕੋਈ ਤੌਖਲਾ, ਸੰਸਾ, ਨਾ ਹੋਵੇ।

ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ, ਹੁਕਮਿ ਮੰਨਿਐ ਪਾਈਐ॥ *(ਰਾਮ: ਮ: ੩ ਅਨੰਦ)*

ਸਿਖ ਬਨੈ ਜਬ ਖੋਏ ਭਰਮ॥ ਜਦੋਂ ਸਿਖ ਦੇ ਅੰਦਰੋਂ ਭਰਮ ਦੂਰ ਹੋ ਜਾਏ, ਫਿਰ ਸਿਖ ਬਣਦਾ ਹੈ, (ਭਰਮ) ਭੁਲੇਖਾ ਐਵੇਂ ਨਹੀਂ ਸਿਖ ਬਣਿਆ ਜਾਂਦਾ, ਹੁਣ ਤਾਂ ਸਾਰੇ ਨਾਮ ਧਰੀਕ ਸਿਖ ਹਨ ਤੇ ਸਾਰੇ ਕਹਿੰਦੇ ਮਹਾਰਾਜ ਸਿੱਖ ਹਾਂ ਕੋਈ ਪੂਰਾ ਕਹਿੰਦਾ ਕੋਈ ਅਧੂਰਾ ਕਹਿੰਦਾ। ਕਹਿੰਦੇ ਜੀ ਅਸੀਂ ਤਾਂ ਬਸ ਕਮਜੋਰੇ ਜਿਹੇ ਸਿਖ ਹਾਂ। ਰਹਤ ਬਹਤ ਤਾਂ ਰੱਖ ਨਹੀਂ ਸਕਦੇ ਤਕੜੀ। ਇਹ ਬੜੀ ਤਕਲੀਫ ਮੰਨਦੇ ਹਨ ਸਾਰੇ, ਰੱਖ ਨਹੀਂ ਸਕਦੇ, ਪਰ ਉਨ੍ਹਾਂ ਨੇ ਰੱਖਣੀ ਨਹੀਂ ਗੱਲ ਤਾਂ ਇਹ ਹੈ, ਏਸ ਪਾਸੇ ਪੈਰ ਹੀ ਨਹੀਂ ਧਰਦੇ।

ਸਿਖ ਬਨਨ ਕੈ ਕਠਨ ਸੁ ਕਰਮ॥੨॥ ਸਿੱਖੀ ਦੇ ਕਰਮ ਬੜੇ ਕਠਨ ਨੇ, ਅੰਮ੍ਰਿਤ ਵੇਲੇ ਉਠੇ ਪਹਿਰ ਰਾਤ ਨਾਲ, ਉਠ ਕੇ ਇਸ਼ਨਾਨ ਪਾਨ ਕਰੇ, ਕ੍ਰਿਆ ਸੋਧੇ, ਫੇਰ ਸਤਿਗੁਰਾਂ ਦੇ ਚਰਨਾਂ ਨਾਲ ਧਿਆਨ ਲਾ ਕੇ ਬੈਠੇ। ਗੁਰ ਸ਼ਬਦ ਨਾਲ ਜੁੜੇ, ਦਿਨ ਚੜ੍ਹਦਾ ਬਾਣੀ ਪੜ੍ਹੇ, ਨਿਤ ਨੇਮ ਕਰੇ, ਫੇਰ ਗੁਰੂ ਕੀ ਸੇਵਾ ਕਰੇ, ਸਿਖ ਨੂੰ ਤਾਂ ਵਿਹਲ ਹੀ ਕੋਈ ਨਹੀਂ। ੨।

ਸਿਖ ਹੋਇ ਜੋ ਆਪਾ ਖੋਵੈ॥ ਸਿਖ ਉਹ ਹੈ ਜੋ ਆਪਾ ਭਾਵ ਵਿਚੋਂ ਖੋ ਦੇਵੇ ਗਵਾ ਦੇਵੇ, ਆਪਣਾ ਆਪਾ ਅਹੰਕਾਰ ਦੂਰ ਕਰੇ।

ਮੇਟ ਕੁਲੈ ਨਿਜ ਗੁਰ ਕੁਲ ਹੋਵੈ॥ ਸਿਖ ਉਹ ਹੈ ਜੋ ਆਪਣੀ ਕੁਲ ਨੂੰ ਮੇਟ ਕੇ ਗੁਰੂ ਦੀ ਕੁਲ ਵਿਚ ਮਿਲ ਜਾਵੇ, ਭਾਵੇਂ ਕੋਈ ਕਿਸੇ ਜਾਤ ਨਾਲ ਸਬੰਧ ਰਖਦਾ ਹੋਵੇ, ਕਿਸੇ ਗੋਤ ਨਾਲ ਸਬੰਧ ਰਖਦਾ ਹੋਵੇ, ਉਹਨੂੰ ਛਡ ਦੇਵੇ ਤੇ ਗੁਰੂ ਸਾਹਿਬ ਜੀ ਦੀ ਕੁਲ ਵਿਚ ਰਲ ਜਾਵੇ ਕਿ ਮੈਂ ਇਹਨਾਂ ਦਾ ਸਪੁਤ੍ਰ ਹੋ ਗਿਆ ਹਾਂ ਕਿ ਅੱਜ ਤੋਂ ਗੁਰੂ ਜੀ ਹੀ ਮੇਰੇ ਮਾਤਾ ਪਿਤਾ ਹਨ ਇਉਂ ਸਮਝੇ।

ਜਿਮ ਕਰ ਕੀਟ ਨਿਜ ਕੁਲੈ ਤਿਆਗੈ॥ ਜਿਵੇਂ (ਕੀਟ) ਭਰਿੰਗੀਆ ਆਪਣੀ ਕੁਲ ਨੂੰ ਤਿਆਗ ਦਿੰਦੀ ਹੈ ਭਾਵ ਆਪਣੇ ਆਪ ਨੂੰ ਬਦਲ ਲੈਂਦੀ ਹੈ। ਭਰਿੰਗੀ ਕਿਸੇ ਮਰੀ ਹੋਈ ਸੁੰਡੀ ਨੂੰ ਲਿਆ ਕੇ, ਉਹਦੇ ਦੁਆਲੇ ਮਿੱਟੀ ਜਿਹੀ ਲਾ ਕੇ ਫਿਰ ਉਸ ਨੂੰ ਆਪਣਾ ਸ਼ਬਦ ਸੁਣਾਉਂਦੀ ਹੈ ਅਤੇ ਉਸਨੂੰ ਆਪਣੇ ਵਰਗਾ ਕਰ ਲੈਂਦੀ ਹੈ।

ਭਵੈ ਭਰਿੰਗੀ ਉਸ ਕੁਲ ਲਾਗੈ॥੩॥ ਉਹ ਕੀਟ ਜੋ ਭਰਿੰਗੀ ਦਾ ਸ਼ਬਦ ਸੁਣਦਾ ਰਿਹਾ ਉਹ ਵੀ ਭਰਿੰਗੀ (ਭਵੈ) ਹੋ ਗਿਆ, ਅਤੇ ਉਸੇ ਦੀ ਕੁਲ ਦਾ ਲਗਦਾ ਹੈ। ੩।

ਦੋਹਰਾ॥ ਵਾਲੋਂ ਨਿਕੀ ਖੰਨਯੋਂ ਤਿੱਖੀ, ਹੈ ਸਿਖੀ ਕੀ ਰੀਤਿ॥ ਇਹ ਸਿੱਖੀ ਦੀ ਜੋ (ਰੀਤਿ) ਮੁਯਾਦਾ ਰਖਣੀ ਹੈ, ਇਹ ਵਾਲ ਤੋਂ ਵੀ ਬਰੀਕ ਹੈ ਅਤੇ ਖੰਡੇ ਦੀ ਧਾਰ ਤੋਂ ਵੀ ਤਿੱਖੀ ਹੈ। ਇਹ ਸਿਖੀ ਦੀ ਰਹੁ ਰੀਤ ਬੜੀ ਕਠਨ ਹੈ

ਧਾਰਨ ਕਰਨੀ।

ਸਿਰ ਤੇ ਪਰੇ ਸੇਵਾ ਕਰੇ ਤਉ ਡਰੇ ਮਧ ਚੀਤ ॥੪॥ ਗੁਰਸਿੱਖ ਗੁਰੂ ਦੀ ਸੇਵਾ ਸਿਰ ਤੋਂ ਪਰ੍ਹੇ ਹੋ ਕੇ ਕਰੇ, ਫਿਰ ਵੀ ਦਿਲ ਵਿਚ ਡਰਦਾ ਰਹੇ ਗੁਰੂ ਤੋਂ, ਗੁਰੂ ਦੇ ਭੈ ਵਿਚ ਰਹੇ, ਮਤਾਂ ਕਿਤੇ ਕੋਈ ਖ਼ੁਨਾਮੀ ਹੋ ਜਾਏ, ਕੋਈ ਭੁੱਲ ਗਲਤੀ ਹੋ ਜਾਏ। ਉਸ ਨੂੰ ਗੁਰਸਿਖ ਕਿਹਾ ਜਾ ਸਕਦਾ ਹੈ। ੪।

ਜੋ ਆਖੀ ਸਤਿਗੁਰ ਉਸੈ ਸੋ ਉਨ ਲੀਨੀ ਮਾਨ॥ ਸਤਿਗੁਰਾਂ ਨੇ ਜੋ ਨਰਾਇਣ ਦਾਸ ਨੂੰ ਸਿਖਿਆ ਦਿੱਤੀ, ਉਪਦੇਸ਼ ਬਖ਼ਸ਼ਿਆ, ਉਹ ਉਸਨੇ ਸਿਰ ਮੱਥੇ ਪ੍ਰਵਾਣ ਕਰ ਲਿਆ। ਮਹਾਰਾਜ! ਜਿਵੇਂ ਆਪ ਜੀ ਦਾ ਹੁਕਮ ਹੈ, ਉਸੇ ਤਰ੍ਹਾਂ ਹੀ ਮੈਨੂੰ ਆਪ ਦਾ ਸਿੱਖ ਬਣਾ ਲਵੋ, ਮੈਨੂੰ ਉਵੇਂ ਹੀ ਕਿਰਪਾ ਕਰ ਆਪਣੀ ਕੁਲ ਵਿਚ ਮਿਲਾ ਲਵੋ।

ਧਰਯੋ ਸੁ 'ਬੰਦਾ' ਨਾਮ ਤਿਸ, ਤਿਨ ਕਰ ਲੀਯੋ ਪ੍ਰਮਾਨ॥੫॥ ਸਤਿਗੁਰਾਂ ਨੇ ਨਰਾਇਣ ਦਾਸ ਤੋਂ ਨਾਮ ਬਦਲ ਕੇ ਉਸਦਾ ਨਾਮ 'ਬੰਦਾ' ਰੱਖ ਦਿੱਤਾ, ਜੋ ਉਸ ਨੇ ਪ੍ਰਵਾਣ ਕਰ ਲਿਆ, ਅੱਜ ਤੋਂ ਤੇਰਾ ਨਾਮ ਹੋਇਆ 'ਬੰਦਾ ਸਿੰਘ ਬਹਾਦਰ'। ਬਹਾਦਰ ਸ਼ਬਦ ਫਿਰ ਖਾਲਸੇ ਨੇ ਲਾ ਦਿੱਤਾ ਜਦੋਂ ਬੰਦੇ ਨੇ ਬਹਾਦਰੀ ਕਰ ਵਿਖਾਈ ਥਾਂ ਥਾਂ ਤੇ ਅਨੇਕ ਜੰਗਾਂ ਵਿਚ, ਉਦੋਂ ਉਹਨੂੰ ਬਹਾਦਰ ਬਣਾ ਲਿਆ। ਸਤਿਗੁਰੂ ਜੀ ਨੇ ਉਹਦਾ ਨਾਮ ਬੰਦਾ ਸਿੰਘ ਰਖਿਆ ਸੀ। ੫।

ਚੌਪਈ॥ ਬਾਰ ਬਾਰ ਬੰਦੋ ਪਗ ਪਰਯੋ॥ ਬੰਦਾ ਬਹਾਦਰ ਬਾਰ ਬਾਰ ਸਤਿਗੁਰੂ ਜੀ ਦੇ ਚਰਨਾਂ 'ਤੇ ਡਿੱਗਦਾ ਹੈ ਮੱਥਾ ਟੇਕਦਾ ਹੈ। ਚਰਨਾਂ ਤੋਂ ਸੀਸ ਨਹੀਂ ਚੁੱਕਦਾ, ਜੇ ਚੁਕਦਾ ਫੇਰ ਡਿਗ ਪੈਂਦਾ ਚਰਨਾਂ 'ਤੇ, ਧੰਨ ਹੋ ਮਹਾਰਾਜ! ਧੰਨ ਹੋ ਬਖਸ਼ ਲਉ, ਬਖਸ਼ ਲਉ। ਆਪ ਦੇ ਕੀਤੇ ਪਾਪਾਂ ਦਾ ਪਛਤਾਵਾ ਕਰਦਾ ਹੈ।

ਤੌ ਸਤਿਗੁਰ ਸਿਰ ਪੈ ਹਥ ਧਰਯੋ॥ ਜਦੋਂ ਇਸ ਤਰ੍ਹਾਂ ਉਸਨੇ ਬਹੁਤੀਆਂ ਹੀ ਲੇਲ੍ਹੜੀਆਂ ਲਈਆਂ, ਸਤਿਗੁਰਾਂ ਨੇ ਉਸਦੇ ਸਿਰ 'ਤੇ ਮਿਹਰ ਭਰਿਆ ਹੱਥ ਰੱਖ ਦਿੱਤਾ ਉਸਦੇ ਸੀਸ 'ਤੇ।

ਬੰਦੈ ਕਹੀ ਕਿਛ ਆਗਯਾ ਦੇਹੁ॥ ਬੰਦਾ ਸਤਿਗੁਰੂ ਜੀ ਨੂੰ ਕਹਿਣ ਲੱਗਾ ਕੁਛ (ਆਗਿਆ) ਹੁਕਮ ਦਿਉ ਦਾਸ ਨੂੰ।

ਖਿਜਮਤ ਹਮੈ ਕੌਊ ਬਖਸ਼ੇਹੁ॥੬॥ ਸੱਚੇ ਪਾਤਸ਼ਾਹ ਮੈਨੂੰ ਕੋਈ (ਖਿਜਮਤ) ਸੇਵਾ ਬਖਸ਼ੋ। ੬।

ਸਤਿਗੁਰ ਕਹੀ ਤੁਮ ਜੋਗ ਯਹਿ ਕਾਰ॥ ਸਤਿਗੁਰ ਜੀ ਕਹਿਣ ਲੱਗੇ ਕਿ ਤੇਰੇ ਕਰਨ ਦੇ ਜੋਗ ਇਹ (ਕਾਰ) ਕਾਰਜ ਹੈ, ਇਹ ਕੰਮ ਤੇਰੇ ਕਰਨ ਯੋਗ ਹੈ।

ਜਾ ਸਾਹਿਬਜ਼ਾਦਨ ਘਾਤੀ ਮਾਰ॥ ਸਾਹਿਬਜ਼ਾਦਿਆਂ ਦੇ (ਘਾਤੀ) ਕਾਤਲ ਜੋ ਹਨ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਹੈ ਉਹਨਾਂ ਨੂੰ ਮਾਰ।

ਸ੍ਰਿਹੰਦ ਕੋ ਮਾਰ ਫਿਰ ਮਾਰੀਂ ਪਹਾਰ॥ ਸਰਹੰਦ ਨੂੰ ਮਾਰ ਕੇ ਫੇਰ ਤੂੰ ਪਹਾੜ ਨੂੰ ਚੜ੍ਹ ਜਾਈਂ, ਫੇਰ ਪਹਾੜੀਆਂ ਨੂੰ ਸੋਧਣਾ ਹੈ ਜਿਨ੍ਹਾਂ ਨੇ ਇਹ ਕਲ੍ਹਾ ਛੇੜੀ ਸੀ ਸਾਰੀ। ਭਾਵ ਪਹਾੜੀਆਂ ਤੋਂ ਇਹ ਕਲੇਸ਼ ਅਰੰਭ ਹੋਇਆ ਸੀ।

ਸਤਿਗੁਰ ਸੌਂਪੀ ਤਿਸ ਯਹਿ ਕਾਰ॥੭॥ ਸਤਿਗੁਰਾਂ ਨੇ ਇਹ (ਕਾਰ) ਸੇਵਾ ਬੰਦੇ ਬਹਾਦਰ ਨੂੰ ਸੌਂਪੀ, ਕਿ ਇਹ ਸੇਵਾ ਕਰ ਤੂੰ ਜਾ ਕੇ। ੭।

ਸਿੱਖਨ ਰੱਖ ਅਸਿੱਖ ਸੰਘਰੀਓ॥ ਸਿਖਾਂ ਨੂੰ (ਰੱਖ) ਬਚਾਉਣਾ ਹੈ ਅਤੇ ਜੋ (ਅਸਿੱਖ) ਸਿੱਖੀ ਤੋਂ ਉਲਟ ਸਿਖੀ ਦੇ ਦੁਸ਼ਮਣ ਹਨ ਉਨਾਂ ਨੂੰ ਸੰਘਾਰ (ਨਾਸ) ਕਰ ਦੇਵੀਂ।

ਦਾਸ ਹੋਇ ਤਾਂ ਉਸੈ ਉਧਰੀਓ॥ ਜੋ ਅਸਿੱਖ ਬਣੇ ਨੇ ਜੇ ਉਹ ਦਾਸ ਬਣ ਜਾਣ ਤੇਰੇ ਉਹ ਸੇਵਕ ਤਾਂ ਉਹਨਾਂ ਦੀ ਵੀ ਰੱਖਿਆ ਕਰੀਂ। ਸਤਿਗੁਰਾਂ ਦੇ ਮਨ ਵਿਚ ਵੈਰ ਨਹੀਂ ਕਿਸੇ ਨਾਲ, ਸਤਿਗੁਰੂ ਜੀ ਨਿਰਵੈਰ ਹਨ ਜੇ ਕੋਈ ਮੁਆਫੀ ਮੰਗ ਲਵੇ ਤਾਂ ਉਸ ਨੂੰ ਮੁਆਫ ਕਰ ਦੇਣਾ।

ਦਿਲੀਓਂ ਲਗ ਕਰ ਦੰਗਾ ਮਚਾਵੋ॥ ਮਹਾਰਾਜ ਕਹਿਣ ਲੱਗੇ ਦਿੱਲੀ ਤੋਂ ਲੈ ਕੇ ਦੰਗਾ ਮਚਾ ਦਿਉ, ਦਿੱਲੀ ਕੋਲ ਸਿਹਰ

ਖੰਡਾ ਹੈ, ਉਥੋਂ ਦਿੱਲੀ ਦੇ ਕੋਲੋਂ ਹੀ ਲੜਾਈ ਸ਼ੁਰੂ ਕਰ ਦਿਉ।

ਪੰਜਾਬ ਪ੍ਰਬਤ ਸਭ ਧੂੜ ਮਿਲਾਵੋ॥ ੮॥ ਪੰਜਾਬ ਨੂੰ ਤੇ ਪ੍ਰਬਤੀਅਨ ਨੂੰ (ਧੂੜ) ਗਰਦ ਵਿਚ ਮਿਲਾ ਦਿਉ। ੮।

ਦੋਹਰਾ॥ ਬਿਰਛਨ ਕੇ ਸਿਰ ਜੋ ਲਗੈ, ਕਹਿ ਬੰਦੋ, ਉਸ ਜੱਗ॥ ਸਤਿਗੁਰੂ ਜੀ ਕਹਿੰਦੇ ਨੇ ਜਿਵੇਂ ਰੁੱਖ ਦੇ ਸਿਰ ਤੇ (ਬੰਦਾ) ਅਮਰ ਵੇਲ ਲੱਗ ਜਾਂਦੀ ਹੈ। ਇਕ ਤਰ੍ਹਾਂ ਦੀ ਵੇਲ ਹੈ ਜਿਸਦੀ ਕੋਈ ਜੜ੍ਹ ਨਹੀਂ ਹੁੰਦੀ ਉਹ ਰੁੱਖ ਦੇ ਉਤੇ ਪੈਦਾ ਹੋ ਜਾਂਦੀ ਹੈ ਅਤੇ ਸਾਰੇ ਰੁਖ ਦੇ ਉਤੇ ਫੈਲ ਜਾਂਦੀ ਹੈ, ਅਖੀਰ ਦਰਖਤ ਸੁੱਕ ਜਾਂਦਾ ਹੈ, ਲੋਕ ਉਸ ਨੂੰ ਬੰਦਾ ਕਹਿੰਦੇ ਹਨ।

ਹਮਰੋ ਬੰਦੋ ਤੂੰ ਬਨ, ਸੋ ਤੂੰ ਜਾਇ ਪਤਿਸ਼ਾਹੀ ਲੱਗ॥੯॥ ਜਿਵੇਂ ਰੁੱਖਾਂ ਦੇ ਉਤੇ ਬੰਦਾ ਪੈਦਾ ਹੁੰਦਾ ਹੈ, ਹੁਣ ਤੂੰ ਸਾਡਾ (ਬੰਦਾ) ਅਮਰ ਵੇਲ ਬਣਕੇ ਤੁਰਕਾਂ ਦੀ ਪਾਤਸ਼ਾਹੀ ਦੇ ਸਿਰ ਜਾ ਕੇ ਲੱਗ ਜਾ। ੯।

ਦੋਹਰਾ॥ ਸਤਿਗੁਰ ਆਖੀ ਜੋ ਬੰਦੈ, ਸੋ ਉਨ ਕਰੀ ਮਨਜੂਰ॥ ਸਤਿਗੁਰੂ ਜੀ ਨੇ ਸੇਵਾ ਜੋ ਸੇਵਾ ਬੰਦੇ ਬਹਾਦਰ ਨੂੰ ਲਾਈ, ਉਹ ਉਸਨੇ ਮਨਜ਼ੂਰ ਕਰ ਲਈ, ਬੰਦਾ ਕਹਿਣ ਲੱਗਾ ਸੱਚੇ ਪਾਤਸ਼ਾਹ ਜੀ! ਮੈਨੂੰ ਮਨਜ਼ੂਰ ਹੈ ਜੋ ਆਪ ਹੁਕਮ ਦੇ ਰਹੇ ਹੋ। ਸਿਰ ਮੱਥੇ 'ਤੇ ਮੈਂ ਨਿਭਾਵਾਂਗਾ ਏਸ ਨੂੰ।

ਪਰਗਟ ਹੋਈ ਜਗਤ ਗੱਲ, 'ਕੀਯੋ ਬੰਦਾ ਭਰਪੂਰ' ॥੧੦॥ ਇਹ ਗੱਲ ਸੰਸਾਰ ਦੇ ਉਤੇ ਪ੍ਰਗਟ ਹੋ ਗਈ ਹੈ ਕਿ ਸਤਿਗੁਰੂ ਜੀ ਨੇ ਇਕ ਬੰਦਾ ਤਿਆਰ ਕੀਤਾ ਅਤੇ ਉਸ ਨੂੰ ਸ਼ਕਤੀਆਂ ਦੇ ਕੇ ਭਰਪੂਰ ਕਰ ਦਿੱਤਾ ਹੈ। ੧੦।

ਬੰਦੇ ਗੁਰ ਖੰਡਾ ਦਯੋ, ਲਯੋ ਉਨੈਂ ਗਲ ਪਾਇ॥ ਸਤਿਗੁਰੂ ਜੀ ਨੇ ਬੰਦੇ ਨੂੰ ਇਕ ਖੰਡਾ ਬਖਸ਼ਿਆ, ਉਸਨੇ ਆਪਣੇ ਗਲ ਵਿਚ ਪਾ ਲਿਆ, ਭਾਵ ਆਪਣੇ ਗਾਤਰੇ ਸਜਾ ਲਿਆ।

ਖਾਲਸੋ ਦੇਖ ਸੁ ਵਿਟਰਿਓ, ਤਿਨ ਖੰਡੋ ਲਯੋ ਛਿਨਾਇ॥੧੧॥ ਖਾਲਸਾ ਵੀ ਕੋਲ ਹੀ ਖੜਾ ਸੀ ਦੇਖ ਕੇ ਵਿਟਰ ਗਿਆ, ਉਦੋਂ ਹੀ ਰੰਗ ਬਦਲ ਗਿਆ ਸਿੰਘ ਦਾ, ਬਸ ਲੱਗ ਪਿਆ ਅੱਗਾ ਪਿਛਾ ਤਕਾਉਣ, ਬੰਦਾ ਮਾੜਾ ਜਿਹਾ ਸਤਿਗੁਰਾਂ ਤੋਂ ਪਰੇ ਹੋਇਆ, ਉਦੋਂ ਹੀ ਫੜ ਲਿਆ ਸਿੰਘਾਂ ਨੇ ਬਾਹਾਂ ਤੋਂ, ਝੱਟ ਸਿੰਘ ਨੇ ਖੰਡਾ ਲਾਹ ਲਿਆ। ਤੂੰ ਕੀ ਲੱਗਦਾ ਓਇ! ਇਹਦਾ ਖੰਡੇ ਦਾ। ਹੈਂਅ! ਸਤਿਗੁਰ ਦੇ ਕੋਲ ਖਿਦਮਤ ਅਸੀਂ ਕਰੀਏ ਪਹਿਰੇ ਅਸੀਂ ਦਿੱਤੇ, ਤੂੰ ਖੰਡਾ ਆਉਂਦਾ ਹੀ ਲੈ ਚਲਿਆ। ੧੧।

ਚੌਪਈ॥ ਤਬ ਫਰਯਾਦ ਉਨ ਗੁਰ ਪਹਿ ਕਰੀ॥ ਫੇਰ ਬੰਦੇ ਨੇ ਸਤਿਗੁਰਾਂ ਦੇ ਪਾਸ ਫਰਿਆਦ ਕੀਤੀ, ਹੇ ਸੱਚੇ ਪਾਤਸ਼ਾਹ ਜੀ! ਖੰਡਾ ਤਾਂ ਮੈਥੋਂ ਖਾਲਸੇ ਨੇ ਖੋਹ ਲਿਆ ਹੈ; ਉਹ ਸਿੰਘ ਕਹਿੰਦੇ ਨੇ ਇਸਦੇ ਉਤੇ ਸਾਡਾ ਹੱਕ ਹੈ।

ਸਤਿਗੁਰ ਹਸ ਹਸ ਚਿੱਤ ਬਿਚਰੀ॥ ਸਤਿਗੁਰੂ ਜੀ ਹੱਸ ਹੱਸ ਕੇ ਦੋਹਰੇ ਹੁੰਦੇ ਨੇ ਸਿੰਘਾਂ ਨੇ ਤਾਂ ਕਮਾਲ ਕਰ ਦਿੱਤੀ, ਇਨ੍ਹਾਂ ਨੂੰ ਪੱਕਾ ਪਤਾ ਲੱਗ ਗਿਆ ਇਹ ਵਸਤੂ ਸਾਡੀ ਹੈ। ਇਹ ਹੋਰ ਕੋਈ ਹੱਕਦਾਰ ਨਹੀਂ , ਖਾਲਸਾ ਹੱਕਦਾਰ ਹੈ।

ਚੀਜ ਅਪਨੀ ਇਨੈਂ ਸੰਭਾਰੀ॥ ਕਹਿੰਦੇ ਬੰਦੇ ਦਾ ਹੱਕ ਕੋਈ ਨਹੀਂ, ਇਨ੍ਹਾਂ ਦੀ ਵਸਤੂ ਸੀ ਇਹ, ਇਹਨਾਂ ਨੇ ਆਪ ਸੰਭਾਲ ਲਈ ਹੈ ਇਹ। ਅਸੀਂ ਤਾਂ ਤੈਨੂੰ ਦੇ ਬੈਠੇ ਸਾਂ, ਪਰ ਵਸਤੂ ਇਹਨਾਂ ਦੀ ਸੀ, ਅਸੀਂ ਨਹੀਂ ਸੀ ਤੈਨੂੰ ਦੇਣੀ। ਹੁਣ ਉਨ੍ਹਾਂ ਨੇ ਆਪ ਸੰਭਾਲ ਲਈ ਹੈ, ਹੁਣ ਠੀਕ ਹੈ, ਮਾਲਕ ਨੇ ਅਸੀਂ ਕੀ ਕਹਿ ਸਕਦੇ ਹਾਂ ਚੀਜ਼ ਇਹਨਾਂ ਦੀ ਹੈ।

ਭਯੋ ਖਾਲਸੋ ਅਬ ਕਲ ਧਾਰੀ॥੧੨॥ ਸਤਿਗਰੂ ਜੀ ਕਹਿੰਦੇ ਨੇ ਹੁਣ ਖਾਲਸਾ ਕਲਾਧਾਰੀ ਹੋ ਗਿਆ ਹੈ, ਇਹਨਾਂ ਵਿਚ ਪੂਰਨ ਕਲਾ ਪ੍ਰਗਟ ਹੋ ਗਈ ਹੈ, ਹੁਣ ਇਹਨਾਂ ਨੂੰ ਪਤਾ ਲੱਗ ਗਿਆ ਕਿ ਅਸੀਂ ਮਾਲਕ ਹਾਂ ਇਸ ਘਰ ਦੇ। ੧੨।

ਬੰਦੈ ਕੋ ਬਖਸ਼ੇ ਪੰਜ ਤੀਰ॥ ਫੇਰ ਸਤਿਗੁਰੂ ਜੀ ਨੇ ਬੰਦੇ ਬਹਾਦਰ ਨੂੰ ਪੰਜ ਤੀਰਾਂ ਦੀ ਬਖਸ਼ਿਸ਼ ਕੀਤੀ ਹੈ। ਮਹਾਰਾਜ ਜੀ ਨੇ ਕਿਹਾ ਕੋਈ ਗੱਲ ਨਹੀਂ, ਤੈਨੂੰ ਹੋਰ ਸ਼ਕਤੀ ਦੇ ਦਿੰਦੇ ਹਾਂ, ਉਸੇ ਵੇਲੇ ਆਪਣੇ ਭੱਥੇ ਵਿਚੋਂ ਪੰਜ ਤੀਰ ਕੱਢ ਕੇ ਦਿੱਤੇ ਹਨ।

ਕਹਯੋ ਸਤਿਗੁਰ 'ਇਹ ਪੰਜ ਹੈ' ਬੀਰ॥ ਸਤਿਗੁਰੂ ਜੀ ਨੇ ਬੰਦੇ ਨੂੰ ਕਿਹਾ ਇਹ ਪੰਜ ਤੀਰ ਨਾ ਸਮਝੀਂ, ਇਹ ਪੰਜੇ ਬੀਰ ਹਨ, ਇਹਨਾਂ ਵਿਚ ਅਥਾਹ ਸ਼ਕਤੀ ਹੈ।

ਪੜੈ ਲੋੜ ਜਿਤ ਵਲ ਤੁਹਿ ਆਇ॥ ਜਦੋਂ ਅਤੀ ਲੋੜ ਪੈ ਜਾਇ ਤੈਨੂੰ ਭੀੜ ਹੋ ਜਾਇ, ਜਦੋਂ ਹੋਰ ਕੋਈ ਆਸਰਾ ਨਾ ਰਹੇ, ਉਦੋਂ ਵਾਸਤੇ ਇਹ ਤੀਰ ਤੈਨੂੰ ਦਿੱਤੇ ਹਨ।

ਇਨ ਮੈਂ ਤੇ ਇਕ ਦਈਂ ਚਲਾਇ॥੧੩॥ ਉਦੋਂ ਇਨ੍ਹਾਂ ਵਿਚੋਂ ਇਕ ਨੂੰ ਚਲਾ ਦਈਂ, ਫੇਰ ਇਹਨਾਂ ਤੀਰਾਂ ਦਾ ਰੰਗ ਵੇਖੀਂ। ੧੩।

ਪੌਨ ਵਗੈ ਔ ਧੂੜ ਉਡਾਇ॥ ਸਤਿਗੁਰੂ ਜੀ ਕਹਿੰਦੇ ਉਸੇ ਵੇਲੇ ਤੇਜ ਹਵਾ ਚਲੇਗੀ ਔਰ ਅਕਾਸ਼ ਵਿਚ ਧੂੜ ਉਡੇਗੀ, ਭਾਵ ਬੜਾ ਭਾਰੀ ਹਨੇਰੀ ਝੱਖੜ ਆਏਗਾ।

ਦੁਸ਼ਮਨ ਦ੍ਰਿਸ਼ਟ ਅੰਧ ਹੁਇ ਆਇ॥ ਜਿਸ ਵੇਲੇ ਦੁਸ਼ਮਨ ਦੀਆਂ ਅੱਖਾਂ ਵਿਚ ਧੂੜ ਪਵੇਗੀ, ਉਸੇ ਵੇਲੇ ਦੁਸ਼ਮਨ ਦੀਆਂ ਅੱਖਾਂ ਅੱਗੇ ਹਨੇਰਾ ਆ ਜਾਏਗਾ। ਦੁਸ਼ਮਨ ਦੀ (ਦ੍ਰਿਸ਼ਟੀ) ਅੱਖਾਂ ਦੀ ਜੋਤ (ਅੰਧ) ਅੰਨ੍ਹੀ ਹੋ ਜਾਵੇਗੀ, ਦਿਸਣੋਂ ਬੰਦ ਹੋ ਜਾਏਗਾ। ਜਿਹੜੇ ਫੌਜਦਾਰ ਤੇਰੇ ਮੁਕਾਬਲੇ ਵਿਚ ਆਉਣਗੇ ਉਹ ਸਾਰੇ ਅੰਨ੍ਹੇ ਹੋ ਜਾਣਗੇ।

ਉਲਟੈ ਫੌਜ ਪੌਨ ਪਲਟਾਇ॥ ਅਤੇ ਐਸੀ (ਪੌਨ) ਹਵਾ ਵਗੇਗੀ, ਉਲਟਾ ਫੌਜ ਦਾ ਮੂੰਹ ਦੂਜੇ ਪਾਸੇ ਪਲਟਾ ਦੇਵੇਗੀ, ਉਹਨਾਂ ਦਾ ਮੂੰਹ ਪਿੱਛੇ ਨੂੰ ਹੋ ਜਾਏਗਾ, ਉਹ ਉਧਰ ਨੂੰ ਹੀ ਤੁਰੇ ਜਾਣਗੇ।

ਦੁਸ਼ਮਨ ਮਾਰ ਫੜ੍ਹੇ ਜੰਗ ਪਾਇ॥੧੪॥ ਇਹ ਤੀਰ ਦੁਸ਼ਮਨਾਂ ਨੂੰ ਮਾਰ ਕੇ ਜੰਗ ਵਿਚ ਜਿੱਤ ਪ੍ਰਾਪਤ ਕਰੇਗਾ। ੧੪।

ਦੋਹਰਾ॥ ਜੋਇ ਸਿਖ ਤੁਮ ਆ ਮਿਲੈ, ਤਿਨ ਤੂੰ ਲਈਂ ਮਿਲਾਇ॥ ਜਿਹੜੇ ਸਿਖ ਤੈਨੂੰ ਆ ਕੇ ਮਿਲਣ, ਤੇਰੀ ਤਾਬਿਆ ਕਮਾਂਡ ਵਿਚ ਆ ਜਾਣ ਉਹਨਾਂ ਨੂੰ ਆਉਂਦਿਆਂ ਹੀ ਆਪਣੇ ਜੱਥੇ ਨਾਲ ਮਿਲਾ ਲਵੀਂ।

ਆਦਰ ਦੈ ਵੈ ਭਾਂਤਿ ਭਲ, ਆਗੇ ਦਯੋ ਚੜ੍ਹਾਇ॥੧੫॥ ਉਹਨਾਂ ਨੂੰ (ਭਲੀ ਭਾਂਤ) ਚੰਗੀ ਤਰ੍ਹਾਂ ਆਦਰ ਸਤਿਕਾਰ ਦੇ ਕੇ, ਸਿਰੋਪਾ ਦੇ ਕੇ ਅੱਗੇ ਜੰਗ ਦੇ ਲਾਉਣਾ ਤੂੰ। ੧੫।

ਚੌਪਈ॥ ਸਿੰਘ ਮਝੈਲਨ ਲਈਂ ਬੁਲਾਇ॥ (ਮਝੈਲ) ਮਾਝੇ ਦੇ ਸਿੰਘਾਂ ਨੂੰ ਵੀ ਬੁਲਾ ਲਈਂ ਜੰਗ ਵਾਸਤੇ।

ਉਨ ਕੋ ਮੁਹਰੇ ਲੀਜੋ ਲਾਇ॥ ਜੰਗੇ ਏ ਮੈਦਾਨ ਵਿਚ ਉਨ੍ਹਾਂ ਨੂੰ ਸਭ ਤੋਂ ਮੂਹਰੇ ਲਾਈਂ, ਉਹ ਜੰਗ ਲੜਨਗੇ ਸਭ ਤੋਂ ਅੱਗੇ ਹੋ ਕੇ।

ਓਇ ਹੈਂ ਮਹਾਂ ਸੂਰ ਅਤਿ ਹਠੀ॥ ਉਹ ਬੜੇ ਸੂਰਬੀਰ ਅਤੇ ਬਹੁਤੇ ਹੱਠ ਵਾਲੇ ਹਨ ਸਿੰਘ ਮਾਝੇ ਦੇ। ਉਨ੍ਹਾਂ ਨੂੰ ਜ਼ਰੂਰ ਬੁਲਾਈਂ, ਕਿਉਂਕਿ ਉਨ੍ਹਾਂ ਨੇ ਸਾਰੇ ਵਾਕਿਆਤ ਅੱਖੀਂ ਵੇਖੇ ਸਨ। ਉਨ੍ਹਾਂ ਸਾਰਿਆਂ ਨੂੰ ਬੁਲਾ ਲਈਂ ਆਪਣੇ ਪਾਸ, ਉਨ੍ਹਾਂ ਨੂੰ ਸਾਰਾ ਪਤਾ ਹੈ, ਕਿਹੜੇ ਦੁਸ਼ਟ ਨੇ ਜਿਆਦਾ ਜ਼ੁਲਮ ਕੀਤਾ ਹੈ, ਉਹਨੂੰ ਕਿਹੋ ਜਿਹੀ ਸਜ਼ਾ ਦੇਣੀ ਹੈ।

ਉਨ ਤੇ ਫੌਜ ਤੁਰਕ ਜਾਇ ਨਠੀ॥੧੬॥ ਉਹ ਮਝੈਲ ਸਿੰਘਾਂ ਤੋਂ ਤੁਰਕ ਬਹੁਤ ਡਰਦੇ ਹਨ ਅਤੇ ਉਨ੍ਹਾਂ ਨੂੰ ਦੇਖਿਆਂ ਹੀ ਤੁਰਕਾਂ ਦੀ ਫੌਜ ਭੱਜ ਜਾਂਦੀ ਹੈ।

ਓਇ ਹੈਂ ਸੂਰ ਮਹਾ ਬਲਵਾਨ॥ ਉਹ ਬੜੇ ਭਾਰੀ ਬਲਵਾਨ ਤੇ ਸੂਰਬੀਰ ਯੋਧੇ ਹਨ।

ਉਨ ਪੈਂ ਹੈਂ ਸਤਿਗੁਰ ਮਿਹਰਵਾਨ॥ ਕਿੰਨੇ ਮਾਝੇ ਵਿਚ ਹੋਏ ਨੇ, ਗੁਰੂ ਘਰ ਦੀ ਉਹਨਾਂ ਨੇ ਬੜੀ ਸੇਵਾ ਕੀਤੀ ਹੈ ਇਸ ਵਾਸਤੇ ਗੁਰੂ ਉਨ੍ਹਾਂ 'ਤੇ ਬੜੇ ਮਿਹਰਬਾਨ ਨੇ, ਬੜੇ ਸਿੱਖ ਨਿਵਾਜ਼ੇ ਨੇ ਉਨ੍ਹਾਂ ਨੇ। ਗੋਇੰਦਵਾਲ ਸਾਹਿਬ, ਖਡੂਰ ਸਾਹਿਬ, ਸ੍ਰੀ ਅੰਮ੍ਰਿਤਸਰ ਸਾਹਿਬ, ਤਰਨ ਤਾਰਨ ਸਾਹਿਬ, ਕਿੰਨੀਆਂ ਰਚਨਾ ਸਤਿਗੁਰਾਂ ਨੇ ਲਾਈਆਂ? ਕਿੰਨੇ ਸਿਖ ਬਣੇ ਇਥੇ ਆ ਕੇ, ਜਦੋਂ ਦੇਸ਼ਾਂ ਵਿਦੇਸ਼ਾਂ ਦੇ ਸਿਖ ਬਣੇ ਤਾਂ ਇਹ ਇਲਾਕਾ ਕਿਵੇਂ ਰਹਿ ਸਕਦਾ ਸੀ। ਜਦੋਂ ਲੜਾਈਆਂ ਹੋਈਆਂ, ਆਹ ਦੇਖ ਲਉ ਉਨ੍ਹਾਂ ਸਾਰੇ ਸਿੰਘਾਂ ਦੇ ਨਾਮ ਆਉਂਦੇ ਹਨ।

ਓਇ ਹੈਂ ਗੁਰ ਨਿਜ ਪ੍ਰਣ ਕੇ ਪੂਰੇ॥ ਉਹ ਆਪਣੇ ਗੁਰੂ ਦੇ ਪੂਰੇ ਸਿੱਖ ਨੇ, ਅਤੇ ਜੋ (ਪ੍ਰਣ) ਪ੍ਰਤਿਗਿਆ ਕਰ ਲੈਂਦੇ ਹਨ

ਉਸ 'ਤੇ ਪੂਰੇ ਉਤਰਦੇ ਹਨ। ਉਹ ਧੋਖਾ ਨਹੀਂ ਦਿੰਦੇ ਕਿਸੇ ਨੂੰ।

ਓਇ ਸੂਰਨ ਮੈਂ ਹੈਂ ਅਤਿ ਸੂਰੇ॥੧੭॥ ਉਨ੍ਹਾਂ ਦੀ ਸੂਰਬੀਰਾਂ ਵਿਚ ਗਿਣਤੀ ਹੈ, ਉਹ ਬਹਾਦਰਾਂ ਵਿਚੋਂ (ਅਤਿ) ਬਹੁਤੇ ਬਹਾਦਰ ਹਨ ਮਹਾਬਲੀ ਯੋਧੇ ਹਨ। ੧੭।

ਓਇ ਨਿਜ ਅਪਨੇ ਗੁਰ ਕੇ ਭਗਤ॥ ਉਹ ਆਪਣੇ ਸਤਿਗੁਰੂ ਦੇ ਭਗਤ ਹਨ, ਗੁਰੂਆਂ ਦੇ ਸੇਵਕ ਹਨ, ਗੁਰੂ ਨੂੰ ਆਪਣਾ ਪ੍ਰਮੇਸ਼ਰ ਮੰਨਦੇ ਨੇ।

ਉਨ ਮੈਂ ਹੈਂ ਸਭ ਹਮਰੀ ਸ਼ਕਤਿ॥ ਸਾਹਿਬ ਸੱਚੇ ਪਾਤਸ਼ਾਹ ਜੀ ਬੰਦੇ ਨੂੰ ਸਮਝਾ ਰਹੇ ਹਨ ਉਨ੍ਹਾਂ ਵਿਚ ਮੇਰੀ ਸ਼ਕਤੀ ਵਰਤ ਰਹੀ ਹੈ।

ਉਨ ਕੋ ਹਮ ਬਖਸ਼ੀ ਗੁਰਿਆਈ॥ ਅਸੀਂ ਉਨ੍ਹਾਂ ਨੂੰ ਗੁਰਿਆਈ ਬਖਸ਼ੀ ਹੈ, ਖਾਲਸਾ ਸਰੂਪ ਦਿੱਤਾ ਹੋਇਆ ਹੈ, ਗੁਰੂ ਖਾਲਸਾ ਕੀਤਾ ਹੋਇਆ ਹੈ ਉਹਨਾਂ ਨੂੰ। ਉਹ ਐਨੀ ਸ਼ਕਤੀ ਭਗਤੀ ਦੇ ਜੋ ਮਾਲਕ ਹਨ, ਉਨ੍ਹਾਂ ਤੋਂ ਬਿਨਾਂ ਨਹੀਂ ਚੜ੍ਹਨਾ ਕਿਸੇ ਪਾਸੇ, ਉਨ੍ਹਾਂ ਨੂੰ ਨਾਲ ਜ਼ਰੂਰ ਲੈਣਾ ਹੈ।

ਹਮ ਬਖਸ਼ੀ ਉਨ ਲਈ ਸੰਭਾਈ॥੧੮॥ ਅਸੀਂ ਉਨ੍ਹਾਂ ਨੂੰ ਬਖਸ਼ਸ਼ ਕੀਤੀ ਹੈ ਤੇ ਉਨ੍ਹਾਂ ਨੇ ਸੰਭਾਲ ਲਈ ਹੈ। ੧੮।

ਹਮ ਮੈਂ ਉਨ ਮੈਂ ਭੇਦ ਕਿਛ ਨਾਹਿ॥ ਸਾਡੇ ਵਿਚ ਤੇ ਉਨ੍ਹਾਂ ਸਿੰਘਾਂ ਵਿਚ ਕੋਈ ਭੇਦ ਨਹੀਂ ਹੈ। ਉਹ ਖਾਲਸਾ ਹੈ, ਅਸੀਂ ਗੁਰੂ ਹਾਂ, ਅਸੀਂ ਗੁਰੂ ਹਾਂ, ਉਹ ਮੇਰਾ ਖਾਲਸਾ ਹੈ। ਇਸ ਵਾਸਤੇ ਮੇਰੇ ਵਿਚ ਉਨ੍ਹਾਂ ਵਿਚ ਕੋਈ (ਭੇਦ) ਫ਼ਰਕ ਨਾ ਸਮਝਣਾ ਮੇਰਾ ਹੀ ਰੂਪ ਸਮਝਣਾ ਉਨ੍ਹਾਂ ਨੂੰ।

ਉਨ ਮੈਂ ਹਮ ਓਇ ਹਮਰੇ ਮਾਂਹਿ॥ ਮੈਂ ਉਨ੍ਹਾਂ ਵਿਚ ਵਸਦਾ ਹਾਂ ਉਹ ਮੇਰੇ ਵਿਚ ਵਸਦੇ ਨੇ ਸਦਾ ਹੀ, ਮੈਥੋਂ ਅਲੱਗ ਨਹੀਂ ਹਨ ਉਹ।

ਐਸੇ ਬੰਦਾ ਦਯੋ ਸਮਝਾਇ॥ ਏਸ ਤਰ੍ਹਾਂ ਬੰਦੇ ਨੂੰ ਖੂਬ ਸਮਝਾਇਆ ਮਹਾਰਾਜ ਨੇ, ਵੇਖੀਂ ਕੋਈ ਅਵੱਗਿਆ ਕਰ ਬੈਠੇਂ, ਉਹਨਾਂ ਨੂੰ ਨਰਾਜ਼ ਨਾ ਕਰ ਲਈਂ, ਬੜੀਆਂ ਏਸ ਨੂੰ ਨਸੀਹਤਾਂ ਦਿੱਤੀਆਂ ਮਹਾਰਾਜ ਨੇ।

ਚੰਗੀ ਵਿਧ ਵਹਿ ਚਹੈ ਕਮਾਇ॥੧੯॥ ਚੰਗੀ (ਵਿਧ) ਤਰੀਕੇ ਨਾਲ ਉਹ ਗੁਰੂ ਜੀ ਦੇ ਹੁਕਮ ਦੀ ਕਮਾਈ ਕਰਨਾ ਚਾਹੁੰਦਾ ਸੀ ਬੰਦਾ ਬਹਾਦਰ ਗੁਰੂ ਖਾਲਸੇ ਦਾ ਸੇਵਕ ਬਣਕੇ। ੧੯।

ਦੋਹਰਾ॥ ਜਬ ਸਤਿਗੁਰ ਆਗਯਾ ਦਈ, ਬੰਦੇ ਪੰਜਾਬੇ ਜਾਣ॥ ਗੁਰੂ ਗਰੀਬ ਨਿਵਾਜ਼ ਜੀ ਨੇ ਜਦੋਂ ਬੰਦੇ ਨੂੰ ਪੰਜਾਬ ਜਾਣ ਦੀ ਆਗਿਆ ਦੇ ਦਿੱਤੀ ਦੁਸ਼ਟਾਂ ਨੂੰ ਸੋਧਣ ਵਾਸਤੇ।

ਸਾਹਿਬਜ਼ਾਦੈ ਜਿਨ ਘਏ, ਤਿਨ ਕੋ ਕਰਨੋ ਘਾਣ॥੨੦॥ ਜਿਨ੍ਹਾਂ ਦੁਸ਼ਟਾਂ ਨੇ ਸਾਹਿਬਜ਼ਾਦੇ ਸ਼ਹੀਦ ਕੀਤੇ ਹਨ, ਉਹਨਾਂ ਨੂੰ ਸਣ ਬੱਚੇ ਘਾਣੀ ਪੀੜਨਾ ਹੈ। ਉਹਨਾਂ ਨੂੰ ਛੱਡਣਾ ਨਹੀਂ ਬੜੀ ਸਖਤ ਸਜ਼ਾ ਦੇਣੀ ਹੈ। ੨੦।

ਚੌਪਈ॥ ਜੋ ਜੋ ਆਗਯਾ ਸਤਿਗੁਰ ਦਈ॥ ਸਤਿਗੁਰੂ ਜੀ ਨੇ ਜੋ ਜੋ (ਆਗਿਆ) ਹੁਕਮ ਦਿੱਤਾ ਹੈ ਬੰਦੇ ਨੂੰ।

ਸੋ ਬੰਦੈ ਕਾਗਜ਼ ਲਿਖ ਲਈ॥ ਬੰਦੇ ਬਹਾਦਰ ਨੇ ਸਤਿਗੁਰਾਂ ਦੇ ਉਹ ਹੁਕਮ ਕਾਗਜ਼ 'ਤੇ ਲਿਖ ਲਏ ਹਨ।

'ਹਮਰੇ ਸੰਗ ਭੇਜਿਓ ਸੋਊ॥ ਬੇਨਤੀ ਕਰਦਾ ਹੈ ਬੰਦਾ ਬਹਾਦਰ ਹੇ ਸੱਚੇ ਪਾਤਸ਼ਾਹ ਜੀ! ਮੇਰੇ ਨਾਲ ਉਸਨੂੰ ਭੇਜਿਓ।

ਬਤਾਵੈ ਸਿਖਯਾ ਸਿੱਖੀ ਜੋਊ' ॥੨੧॥ ਜੋ ਮੈਨੂੰ ਸਿੱਖੀ ਦਾ (ਸਿਖਯਾ) ਉਪਦੇਸ਼ ਦੱਸਣ, ਜੋ ਮੈਨੂੰ ਗੁਰਮਤਿ ਦਾ ਉਪਦੇਸ਼ ਦੇਣ, ਉਨ੍ਹਾਂ ਸਿੰਘਾਂ ਨੂੰ ਮੇਰੇ ਨਾਲ ਭੇਜਿਓ। ਕਿਉਂਕਿ ਨਵਾਂ ਸਿਖ ਸੀ, ਸਾਧੂ ਸੀ, ਸਿਖੀ ਬਾਬਤ ਇਹਨੂੰ ਕੋਈ ਪਤਾ ਨਹੀਂ, ਏਸ ਕਰਕੇ ਬੇਨਤੀ ਕਰਦਾ ਹਾਂ। ੨੧।

ਤਬ ਗੁਰ ਸਿੰਘ ਮਝੈਲ ਰਲਾਏ॥ ਤਦੋਂ ਜੋ ਗੁਰੂ ਜੀ ਦੇ ਨਾਲ (ਮਝੈਲ) ਮਾਝੇ ਦੇ ਸਿੰਘ ਸਨ, ਉਹ ਬੰਦੇ ਬਹਾਦਰ ਨਾਲ ਘੱਲੇ ਹਨ।

ਬਾਬੇ ਬਿਨੋਦ ਸਿੰਘ, ਕਾਨ੍ਹ ਸਿੰਘ ਚੜ੍ਹਾਏ॥ ਖੰਡੂਰ ਸਾਹਿਬ ਦੇ ਵਸਨੀਕ ਬਾਬਾ ਬਿਨੋਦ ਸਿੰਘ ਜੀ ਗੁਰੂ ਅੰਗਦ ਦੇਵ ਜੀ ਦੀ ਬੰਸ ਵਿਚੋਂ, ਤ੍ਰੇਹਣ ਕੁਲ ਵਿਚੋਂ ਬਾਬਾ ਬਿਨੋਦ ਸਿੰਘ ਜੀ, ਗੁਰੂ ਅਮਰ ਦੇਵ ਜੀ ਦੀ ਬੰਸ ਭੱਲੇ ਕੁਲ ਵਿਚੋਂ ਬਾਬਾ ਕਾਨ੍ਹ ਸਿੰਘ ਗੋਇੰਦਵਾਲ ਦੇ ਵਸਨੀਕ ਸੀ।

ਦਯਾ ਸਿੰਘ ਔਣਿਨ ਸਿੰਘ ਭਲੇ॥ ਭਾਈ ਦਇਆ ਸਿੰਘ ਜੀ ਤੇ ਭਾਈ ਔਣਿਨ ਸਿੰਘ ਜੀ ਇਹ ਵੀ ਭੱਲਿਆਂ ਦੀ ਬੰਸ ਵਿਚੋਂ ਸਨ।

ਭੇ ਹਜੂਰ ਭੁਜੰਗੀ ਸੰਗ ਬੰਦੈ ਘਲੇ ॥੨੨॥ ਇਹ ਗੁਰੂ ਜੀ (ਹਜੂਰ) ਨੇੜੇ ਰਹਿਣ ਵਾਲੇ (ਭੁਜੰਗੀ) ਕਾਲੇ ਨਾਗਾਂ ਵਰਗੇ ਯੋਧੇ ਸੂਰਮੇ ਸਨ, ਇਹਨਾਂ ਨੂੰ ਬੰਦਾ ਸਿੰਘ ਨਾਲ ਭੇਜਿਆ ਹੈ। ੨੨।

ਬਾਜ ਸਿੰਘ ਬਲ ਮੀਰਪੁਰ ਪੱਟੀ ਵਾਰੋ॥ ਬੱਲ ਗੋਤ ਦਾ ਭਾਈ ਬਾਜ ਸਿੰਘ, ਪੱਟੀ ਸ਼ਹਿਰ ਦੇ ਨੇੜੇ ਮੀਰਪੁਰ ਦਾ ਵਸਨੀਕ ਸੀ, ਇਹਨਾਂ ਨੂੰ ਬੰਦਾ ਸਿੰਘ ਦੇ ਨਾਲ ਭੇਜਿਆ।

ਸਤਿਗੁਰ ਸੰਗ ਦਏ ਭਾਈ ਚਾਰੋ॥ ਇਹ ਭਾਈ ਬਾਜ ਸਿੰਘ ਹੋਰੀਂ ਚਾਰ ਸਕੇ ਭਰਾ ਸਤਿਗੁਰੂ ਜੀ ਦੇ ਹਜ਼ੂਰ ਰਹਿੰਦੇ ਸਨ ਇਹਨਾਂ ਚਾਰਾਂ ਭਰਾਵਾਂ ਨੂੰ ਬੰਦੇ ਦੇ ਨਾਲ ਦੇ ਦਿੱਤਾ ਹੈ। ਇਹ ਬੜੇ ਸੂਰਬੀਰ ਜੰਗਜੂ ਯੋਧੇ ਸਨ।

ਔਰ ਚੜ੍ਹਾਏ ਬਡ ਸਿਦਕ ਵਾਰੇ॥

ਰਹਿਤ ਹਜੂਰ ਥੇ ਗੁਰੂ ਪਿਆਰੇ॥੨੩॥ ਅਤੇ ਹੋਰ ਬੜੇ ਵੱਡੇ ਸਿਦਕੀ ਸਿਖ ਜੋ ਸਤਿਗੁਰਾਂ ਦੇ ਹਜ਼ੂਰ ਰਹਿਣ ਵਾਲੇ ਸਨ ਗੁਰੂ ਜੀ ਦੇ ਪਿਆਰੇ ਸਿਖਾਂ ਵਿਚੋਂ ਸਨ। ੨੩।

ਮਝੈਲ ਸਿੱਖਨ ਕੋ ਲਿਖੀ ਅਰਦਾਸ॥ ਜੋ (ਮਝੈਲ) ਮਾਝੇ ਵਿਚ ਸਿੰਘ ਰਹਿੰਦੇ ਸਨ, ਉਨ੍ਹਾਂ ਨੂੰ ਮਹਾਰਾਜ ਜੀ ਨੇ (ਅਰਦਾਸ) ਬੇਨਤੀ, ਭਾਵ ਹੁਕਮਨਾਮਾ ਇਉਂ ਲਿਖ ਭੇਜਿਆ।

'ਦੇਖਤ ਆਯੋ ਬੰਦੈ ਕੇ ਹੀ ਪਾਸ॥ ਸਿੰਘੋ! ਤੁਹਾਡੇ ਵੱਲ ਮੇਰਾ ਹੁਕਮਨਾਮਾ ਆ ਰਿਹਾ ਹੈ, ਜਿਸ ਨੂੰ ਦੇਖਦਿਆਂ ਹੀ ਤੁਸੀਂ ਬੰਦਾ ਸਿੰਘ ਦੇ ਪਾਸ ਵਹੀਰਾਂ ਘੱਤ ਕੇ ਆਉਣਾ ਹੈ।

ਜੋ ਹੈਂ ਦੋਖੀ ਖਾਲਸੈ ਭਾਰੇ॥ ਹੁਕਮਨਾਮੇ ਵਿਚ ਲਿਖ ਦਿੱਤਾ ਹੈ ਸਤਿਗੁਰਾਂ ਨੇ ਕਿ ਜਿਹੜੇ ਖਾਲਸਾ ਪੰਥ ਦੇ ਭਾਰੀ ਦੋਖੀ ਹਨ, ਜਿਨ੍ਹਾਂ ਨੇ ਸਤਿਗੁਰਾਂ ਨਾਲ ਵੈਰ ਕੀਤਾ ਹੈ।

ਜਿੰਨੈ ਸਾਹਿਬਜ਼ਾਦੇ ਹੈਂ ਮਾਰੇ॥੨੪॥ ਜਿਨ੍ਹਾਂ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਹੈ ਚਮਕੌਰ ਤੇ ਸਰਹੰਦ ਵਿਚ। ੨੪।

ਕਰਯੋ ਖੋਟ ਨਿਜ ਪਰਬਤ ਵਾਰਨ॥ ਅਤੇ ਜੋ ਪਹਾੜ ਵਾਲਿਆਂ ਨੇ ਖੋਟ ਕੀਤਾ ਹੈ ਸਾਡੇ ਨਾਲ, ਜਿਨ੍ਹਾਂ ਨੇ ਔਰੰਗਜ਼ੇਬ ਕੋਲ ਚੁਗਲੀਆਂ ਕਰਕੇ, ਮੁਗਲਾਂ ਨੂੰ ਚੜ੍ਹਾ ਕੇ ਲਿਆਂਦਾ ਸਾਡੇ ਉਤੇ।

ਤਿਨ ਕੋ ਲੂਟੋ ਖੂਬ ਪਹਾਰਨ॥ ਖੂਬ ਲੁੱਟੋ ਇਨ੍ਹਾਂ ਨੂੰ, ਪਹਾੜੀਏ ਨਹੀਂ ਛੱਡਣੇ, ਖੂਬ ਸੋਧੋ ਇਹਨਾਂ ਨੂੰ, ਹੁਕਮਨਾਮੇ ਵਿਚ ਇਉਂ ਲਿਖਿਆ।

ਪ੍ਰਿਥਮ ਬਜੀਦੈ ਲੀਜੋ ਮਾਰ॥ ਪਹਿਲਾਂ ਸਭ ਤੋਂ ਸਰਹੰਦ ਦੇ ਸੂਬੇਦਾਰ ਬਜ਼ੀਦ ਖਾਂ ਨੂੰ ਮਾਰ ਲਵੋ।

ਬਹੁਤ ਮੁਰਦਾ ਤਿਹਿ ਕਰਯੋ ਖੁਵਾਰ॥੨੫॥ ਸਤਿਗੁਰ ਕਹਿੰਦੇ ਇਹਦੀ (ਮੁਰਦਾ) ਲੋਥ ਨੂੰ ਚੰਗੀ ਤਰ੍ਹਾਂ ਖੁਆਰ ਕਰਿਓ। ੨੫।

ਖਾਲਸੇ ਦੀ ਅਰਦਾਸ

(ਬੰਦੇ ਨੂੰ ਖਾਲਸੇ ਦੀ ਸਲਾਹ ਵਿਚ ਤੁਰਨ ਦੀ ਤਗੀਦ)

ਚੌਪਈ॥ ਤਬੈ ਖਾਲਸੇ ਕਰੀ ਅਰਦਾਸ॥ ਤਦੋਂ ਖਾਲਸਾ ਜੀ ਨੇ ਸਤਿਗੁਰੂ ਜੀ ਦੇ ਅੱਗੇ ਅਰਦਾਸ ਕੀਤੀ।

ਹਾਥ ਜੋੜ ਸ੍ਰੀ ਸਤਿਗੁਰ ਪਾਸ॥ ਹੱਥ ਜੋੜ ਕੇ ਸਾਰੇ ਸਿੰਘਾਂ ਨੇ ਸਾਹਿਬ ਸੱਚੇ ਪਾਤਸ਼ਾਹ ਜੀ ਪਾਸ, ਹੇ ਸੱਚੇ ਪਾਤਸ਼ਾਹ ਜੀ! ਸਾਡੀ ਅਰਦਾਸ ਬੇਨਤੀ ਹੈ ਇਕ।

'ਹਜ਼ੂਰੋਂ ਪਤਿਸ਼ਾਹੀ ਖਾਲਸੇ ਦਈ॥ ਹੇ ਸੱਚੇ ਪਾਤਸ਼ਾਹ ਜੀ! ਹਜ਼ੂਰ ਨੇ ਸਾਨੂੰ ਖਾਲਸੇ ਨੂੰ ਪਾਤਸ਼ਾਹੀ ਦਿੱਤੀ ਹੈ।

ਹਜ਼ੂਰੋਂ ਮੁਖੋਂ ਕਈ ਵਾਰ ਬਖਸ਼ਈ॥੧॥ ਹਜ਼ੂਰ ਦੇ ਮੁਖਾਰਬਿੰਦ ਤੋਂ ਕਈ ਵਾਰ ਖਾਲਸੇ ਨੂੰ ਪਾਤਸ਼ਾਹੀ ਦੀ ਬਖਸ਼ਿਸ਼ ਹੋਈ ਹੈ।

ਖਾਲਸੋ ਮਾਰੈ ਤੁਰਕਨ ਤੁਮ ਤਾਣੈ॥ ਮਹਾਰਾਜ ਜੀ! ਤੁਹਾਡੇ (ਤਾਣ) ਬਲ ਦੇ ਆਸਰੇ, ਖਾਲਸਾ ਤੁਰਕਾਂ ਨੂੰ ਮਾਰੇਗਾ, ਤੁਹਾਡੀ ਸ਼ਕਤੀ ਦੇ ਨਾਲ ਖਾਲਸਾ ਤੁਰਕਾਂ ਨੂੰ ਮਾਰ ਲਵੇਗਾ।

ਤੁਰਕ ਗਏ ਹਮ ਦਰਗਾਹੋਂ ਜਾਣੈ॥ ਇਹ ਅਸੀਂ ਚੰਗੀ ਤਰ੍ਹਾਂ ਜਾਣ ਲਿਆ ਹੈ ਕਿ ਆਪ ਜੀ ਨੇ ਜੋ ਹੁਕਮਨਾਮਾ ਦੇ ਦਿੱਤਾ ਹੈ ਲਿਖ ਕੇ, ਸਾਨੂੰ ਵਿਸ਼ਵਾਸ ਹੈ ਪੱਕਾ ਕਿ ਤੁਰਕਾਂ ਦਾ ਰਾਜ ਚਲਿਆ ਗਿਆ ਹੈ, ਆਪ ਜੀ ਦਾ ਇਹ ਹੁਕਮ ਧੁਰ ਦਰਗਾਹੋਂ ਲਿਖਿਆ ਆਇਆ ਹੈ, ਕਿ ਤੁਰਕ ਹੁਣ ਗਏ, ਇਸ ਤਰ੍ਹਾਂ ਜਾਣਿਆ ਹੈ ਅਸੀਂ, ਤੁਰਕ ਦਰਗਾਹ ਤੋਂ ਹੀ ਮਾਰੇ ਗਏ ਹਨ।

ਜੌ ਬੰਦਾ ਪਾਤਸ਼ਾਹੀ ਚਾਹੈ॥ ਹੇ ਸੱਚੇ ਪਾਤਸ਼ਾਹ! ਕੱਲ੍ਹ ਨੂੰ ਅਸੀਂ ਬਜੀਦੇ ਨੂੰ ਮਾਰ ਲੈਂਦੇ ਹਾਂ, ਪੰਜਾਬ ਨੂੰ ਸੋਧ ਲੈਂਦੇ ਹਾਂ। ਬੰਦਾ ਚਾਹੇ ਮੈਂ ਪਾਤਸ਼ਾਹ ਬਣ ਜਾਵਾਂ ਖਾਲਸੇ ਦਾ। ਇਸ ਨੂੰ ਨਾਲ ਭੇਜਣ ਲੱਗੇ ਹੋ, ਆਪ ਬਣਨਾ ਚਾਹੇ ਮੈਂ ਪਾਤਸ਼ਾਹ ਹਾਂ, ਇਹ ਗੱਦੀ ਲਾ ਕੇ ਬਹਿਣਾ ਚਾਹੇ ਖਾਲਸੇ ਪੰਥ ਵਿਚ।

ਤਬ ਹਮ ਇਨਕੈ ਨਾਲ ਨ ਰਾਹੈਂ॥੨॥ ਫੇਰ ਅਸੀਂ ਇਹਦੇ ਨਾਲ ਨਹੀਂ ਰਹਾਂਗੇ, ਇਹਦਾ ਸਾਥ ਨਹੀਂ ਦੇਵਾਂਗੇ, ਹਜ਼ੂਰ ਤੋਂ ਉਥੋਂ ਹੀ ਹੁਕਮ ਕਰਾਉਂਦੇ ਨੇ, ਉਦੋਂ ਹੀ ਬਖਸ਼ਿਸ਼ ਲੈਂਦਾ ਹੈ ਖਾਲਸਾ। ੨।

ਦੋਹਰਾ॥ ਸਤਿਗੁਰ ਸੁਨਿਓ ਖੁਸ਼ ਭਏ, ਸੋਊ ਬੰਦੇ ਕਹਿ ਦੀਨ॥ ਜਦੋਂ ਸਤਿਗੁਰਾਂ ਨੇ ਖਾਲਸਾ ਜੀ ਤੋਂ ਇਸ ਤਰ੍ਹਾਂ ਸੁਣਿਆ ਤਾਂ ਬੜੇ ਪ੍ਰਸੰਨ ਹੋਏ, ਕਹਿਣ ਲੱਗੇ ਖਾਲਸੇ ਨੂੰ ਯਾਦ ਹੈ, ਖਾਲਸਾ ਆਪਣੇ ਹੱਕ ਦਾ ਮਾਲਕ ਹੁਣ ਪੂਰੀ ਤਰ੍ਹਾਂ ਬਣ ਚੁੱਕਿਆ ਹੈ। ਇਹਨਾਂ ਨੂੰ ਪਤਾ ਹੈ ਕਿ ਸਾਡਾ ਕੀ ਹੱਕ ਹੈ, ਕਿ ਸਾਨੂੰ ਕੀ ਬਖਸ਼ਿਸ਼ ਹੋਈ ਹੈ। ਸਤਿਗੁਰੂ ਜੀ ਨੇ ਬੜੇ ਪ੍ਰਸੰਨ ਹੋ ਕੇ ਬੰਦੇ ਬਹਾਦਰ ਨੂੰ ਹੁਕਮ ਕੀਤਾ।

'ਤੂੰ ਨਾ ਮੰਨੈ ਜਬ ਖਾਲਸੈ, ਤਬ ਹੁਵੈਗੀ ਤੁਮਰੀ ਹੀਨ॥੩॥ ਹੇ ਬੰਦੇ! ਆਹ ਦੇਖ ਖਾਲਸੇ ਦੀ ਅਰਦਾਸ ਹੈ, ਜਦੋਂ ਤੂੰ ਖਾਲਸੇ ਨੂੰ ਨਾ ਮੰਨਿਆ, ਜਿੰਨਾਂ ਚਿਰ ਇਹਨਾਂ ਦੀ ਆਗਿਆ ਮੰਨੇਗਾ, ਉਨਾਂ ਚਿਰ ਚੜ੍ਹਦੀ ਕਲਾ ਰਹੇਗੀ, ਜਦੋਂ ਤੂੰ ਇਨ੍ਹਾਂ ਦੀ ਆਗਿਆ ਨਾ ਮੰਨੀ, ਆਪਣੀ ਲੱਗਿਆ ਮਨਮੱਤ ਚਲਾਉਣ, ਤਾਂ ਫੇਰ ਖੁਆਰ ਹੋ ਜਾਏਂਗਾ। ਬਹੁਤ ਖੁਆਰ ਹੋਏਂਗਾ। ਤਾਂ ਤੇਰੀ (ਹੀਨ) ਬੇਇਜਤੀ ਹੋਵੇਗੀ ਇਹ ਯਾਦ ਰੱਖ ਲੈ। ੩।

ਜੌ ਤੂੰ ਸਿੰਘਨ ਖੁਸ਼ ਰਖੈਂ, ਤੌ ਰਹੈਂ ਸਦਾ ਤੂੰ ਸੁੱਖ॥ ਜੇ ਤੂੰ ਸਿੰਘਾਂ ਨੂੰ ਪ੍ਰਸੰਨ ਰੱਖੇਂਗਾ ਤਾਂ ਤੂੰ ਵੀ ਸਦਾ ਸੁਖੀ ਰਹੇਂਗਾ, ਸਦਾ ਅਨੰਦ ਮਾਣੇਂਗਾ।

ਜੇ ਤੂੰ ਸਿੰਘਨ ਦੁਖ ਦੇਵੈਂ, ਤੌ ਤੂੰ ਪਾਵੈਂ ਦੁਖ'॥੪॥ ਜੇ ਤੂੰ ਮੇਰੇ ਸਿੰਘਾਂ ਨੂੰ ਦੁਖ ਦੇਣਾ ਕੀਤਾ ਜਾਂ ਇਹਨਾਂ ਦਾ ਨੁਕਸਾਨ ਕਰਨਾ ਚਾਹਿਆ ਤਾਂ ਤੂੰ ਵੀ ਦੁੱਖ ਪਾਵੇਂਗਾ। ਇਹ ਦੇਖ ਲੈ ਸਿੰਘਾਂ ਦੇ ਵਿਚ ਤਾਂ ਹਜ਼ੂਰ ਦਾ ਵਾਸਾ ਹੈ। ਇਹ ਬੰਦੇ ਬਹਾਦਰ ਨੂੰ ਸਤਿਗੁਰੂ ਜੀ ਤਾਗੀਦ ਕਰਦੇ ਹਨ। ੪।

ਚੌਪਈ॥ ਤਬ ਬੰਦੈ ਮਨਜ਼ੂਰ ਸੁ ਕਰੀ॥ ਬੰਦਾ ਸਿੰਘ ਨੇ ਮਨਜ਼ੂਰ ਕਰ ਲਿਆ ਹੈ। ਸਤਿ ਬਚਨ ਜੀ, ਜੋ ਗੁਰੂ ਜੀ ਦੀ ਆਗਿਆ ਹੈ।

ਤੁਰਯੋ ਖਾਲਸਹ ਉਸ ਹੀ ਘਰੀ॥ ਜਦੋਂ ਸਤਿਗੁਰੂ ਜੀ ਨੇ ਹੁਕਮ ਦੇ ਦਿੱਤਾ ਬੰਦੇ ਨੂੰ ਕਿ ਤੂੰ ਖਾਲਸੇ ਦੀ ਤਾਬਿਆ ਰਹਿਣਾ ਹੈ, ਹੁਕਮ ਦੀ ਪਾਲਣਾ ਕਰਨੀ ਹੈ। ਉਸੇ ਘੜੀ ਬੰਦਾ ਸਿੰਘ ਖਾਲਸੇ ਨਾਲ ਦੁਸ਼ਟਾਂ ਨੂੰ ਸੋਧਣ ਵਾਸਤੇ ਪੰਜਾਬ ਨੂੰ ਤੁਰ ਪਿਆ।

ਚਿੱਠੇ ਹਜ਼ੂਰੀ ਲਏ ਲਿਖਾਇ॥ ਹਜ਼ੂਰ ਤੋਂ (ਚਿੱਠੇ) ਹੁਕਮਨਾਮੇ ਲਿਖਾ ਲਏ ਹਨ, ਜੋ ਜੋ ਸਤਿਗੁਰਾਂ ਨੇ ਆਗਿਆ ਕੀਤੀ।

ਮੱਧ ਪੰਜਾਬ ਜੁ ਸਿੰਘ ਰਹਾਇ॥੫॥ ਉਨ੍ਹਾਂ ਸਿੰਘਾਂ ਪ੍ਰਤੀ ਹੁਕਮਨਾਮੇ ਲਿਖਵਾਏ ਹਨ ਜੋ ਪੰਜਾਬ ਵਿਚ ਸਿੰਘ ਰਹਿੰਦੇ ਸਨ, ਮਾਲਵੇ, ਮਾਝੇ, ਦੁਆਬੇ ਵਿਚ। ੫।

ਦੋਹਰਾ॥ ਜੋ ਆਇ ਮਿਲੈ ਖਾਲਸੈ, ਉਹ ਸੁਖ ਸਾਰਾ ਲੇਹਿ॥ ਜੋ ਗੁਰੂ ਖਾਲਸੇ ਨਾਲ ਆ ਮਿਲੇਗਾ ਸਿੰਘ ਉਹ ਸਾਰਾ ਸੁਖ ਲਵੇਗਾ, ਜੋ ਸਿੰਘਾਂ ਨੂੰ ਬਖਸ਼ਿਸ਼ਾਂ ਹਨ ਉਸਨੂੰ ਪ੍ਰਾਪਤ ਹੋਣਗੀਆਂ, ਇਸ ਤਰ੍ਹਾਂ ਹੁਕਮਨਾਮਿਆਂ ਵਿਚ ਲਿਖਿਆ ਹੈ।

ਜੋ ਆਇ ਰਲੇ ਨ ਖਾਲਸੇ, ਰੱਯਤ ਤਿਸੈ ਬਣੇਹੁ॥੬॥ ਹੁਕਮਨਾਮੇ ਵਿਚ ਲਿਖਿਆ ਜੋ ਖਾਲਸੇ ਨੂੰ ਆ ਕੇ ਨਾ ਮਿਲੇ, ਉਸਨੂੰ ਰਈਅਤ ਬਣਾ ਲਵੋ ਭਾਵ ਉਸ ਨੂੰ ਪਰਜਾ ਬਣਾ ਲੈਣਾ ਉਸ ਵੇਲੇ। ੬।

ਚੌਪਈ॥ ਬੰਦੇ ਕਹੀ ਬੰਦ ਕਰ ਹਾਥ॥ ਬੰਦੇ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਹੇ ਸੱਚੇ ਪਾਤਸ਼ਾਹ!

ਹਮ ਮਾਨੈਂਗਾ ਸਿੰਘਨ ਬਾਤ॥ ਮੈਂ ਸਿੰਘਾਂ ਦੀ ਗੱਲ ਮੰਨਾਂਗਾ, ਮੈਂ ਹੁਕਮ ਮੰਨਾਂਗਾ ਖਾਲਸੇ ਦਾ।

ਭੀੜ ਪੜੈ ਜਹਿੰ ਹਮ ਪਰ ਆਇ॥ ਹੇ ਸੱਚੇ ਪਾਤਸ਼ਾਹ ਜੀ! ਜਦੋਂ ਕਦੇ ਜੰਗ ਯੁਧ ਵਿਚ ਸਾਡੇ ਤੇ (ਭੀੜ) ਮੁਸੀਬਤ ਆ ਬਣੇ।

ਤਹ ਤੁਮ ਕਰਨੀ ਬਨਗੁ ਸਹਾਇ॥੭॥ ਉਥੇ ਫੇਰ ਤੁਹਾਨੂੰ ਸਹਾਇਤਾ ਕਰਨੀ ਬਣਦੀ ਹੈ। ਆਪ ਮੇਰੀ ਸਹਾਇਤਾ ਕਰਿਓ ਉਸੇ ਵੇਲੇ। ੭।

ਰਿੱਧਿ ਸਿੱਧਿ ਕਿਛ ਹਮ ਭੀ ਦੱਯੈ॥ ਮੈਨੂੰ ਵੀ ਕੁਛ ਰਿੱਧੀ ਸਿੱਧੀ ਦੀ ਬਖਸ਼ਿਸ਼ ਕਰੋ, ਮੈਨੂੰ ਵੀ ਕੋਈ ਕਲਾ ਬਖਸ਼ੋ।

ਜਿਮ ਪਤਿਆਰੋ ਜਗ ਮੈਂ ਪੱਯੈ॥ ਜਿਵੇਂ ਜਗਤ ਵਿਚ ਮੇਰੀ ਪ੍ਰਤੀਤ ਆਵੇ ਲੋਕਾਂ ਨੂੰ, ਮੇਰੇ 'ਤੇ ਭਰੋਸਾ ਕਰਨ ਦੁਨੀਆਂਦਾਰ ਲੋਕ।

ਜੋ ਮੈਂ ਕਰੋਂ ਸਿੰਘਨ ਸੋਂ ਧੋਹੁ॥ ਮਹਾਰਾਜ! ਇਹ ਮੈਂ ਬਚਨ ਕਰਦਾ ਹਾਂ ਤੁਹਾਡੇ ਹਜ਼ੂਰ, ਜੇ ਮੈਂ ਸਿੰਘਾਂ ਨਾਲ ਕਦੇ ਧਰੋਹ ਕਰਾਂ, ਕੋਈ ਪਾਪ ਕਰਾਂ, ਸਿੰਘਾਂ ਨਾਲ ਕੋਈ ਦਗਾ ਕਰਾਂ।

ਤੌ ਮੈਂ ਤੇ ਲਯੋ ਅਗਲੀ ਖੋਹੁ'॥੮॥ ਤਾਂ ਮਹਾਰਾਜ ਜੋ ਮੇਰੇ ਕੋਲ ਅਗਲੀ ਸ਼ਕਤੀ ਹੈ ਉਹ ਵੀ ਖੋਹ ਲਉ। ੮।

ਤਿਸ ਕੌ ਸਤਿਗੁਰ ਯੌ ਪੁਨ ਕਹੀ॥ ਬੰਦੇ ਨੂੰ ਫਿਰ ਸਤਿਗੁਰਾਂ ਨੇ ਇਸ ਤਰ੍ਹਾਂ ਕਿਹਾ।

'ਸੌਂਪ ਸਭੀ ਹਮ ਖਾਲਸੈ ਦਈ॥ ਅਸੀਂ ਤਾਂ ਸਾਰੀ ਸ਼ਕਤੀ ਭਗਤੀ, ਖਾਲਸੇ ਨੂੰ ਬਖਸ਼ ਦਿੱਤੀ ਹੈ, ਇਨ੍ਹਾਂ ਨੂੰ ਗੁਰ ਜਿਉਂ ਬਣਾ ਦਿੱਤਾ ਹੈ, ਸਭ ਕੁਛ ਖਾਲਸੇ ਨੂੰ ਸੌਂਪ ਦਿੱਤਾ ਹੈ ਅਸੀਂ।

ਹਮ ਨੈ ਖਾਲਸੈ ਤੂੰ ਭੀ ਰਲਾਯਾ॥ ਅਸੀਂ ਖਾਲਸੇ ਪੰਥ ਵਿਚ ਹੀ ਤੈਨੂੰ ਰਲਾਇਆ ਹੈ, ਤੂੰ ਖਾਲਸੇ ਵਿਚ ਰਲ ਜਾ।

ਤੈਂ ਭੀ ਖਾਲਸਯੋ ਵੰਡਾ ਪਾਯਾ॥੯॥ ਤੂੰ ਵੀ ਖਾਲਸੇ ਵਿਚੋਂ ਆਪਣਾ ਵਰਤਾਰਾ ਲੈ ਲਵੀਂ। ੯।

ਪੰਜ ਸਿੰਘ ਲੈ ਕੇ ਤੂੰ ਸਾਥ॥ ਗੁਰੂ ਜੀ ਨੇ ਬੰਦੇ ਨੂੰ ਕਿਹਾ ਤੂੰ ਵਖਰੀਆਂ ਸ਼ਕਤੀਆਂ ਮੰਗਦਾ ਹੈ, ਮੈਂ ਸਭ ਖਾਲਸੇ ਨੂੰ ਸੌਂਪ ਦਿੱਤੀਆਂ ਹਨ ਤਾਂ ਹੁਕਮ ਕੀਤਾ ਪੰਜ ਸਿੰਘਾਂ ਨੂੰ ਨਾਲ ਲੈ ਕੇ ਤੂੰ।

ਕਰ ਅਰਦਾਸ ਪੂਰੀ ਹੋਈ ਬਾਤ'॥ ਅਰਦਾਸ ਕਰੀਂ ਜੋ ਗੱਲ ਕਹੇਂਗਾ ਪੂਰੀ ਹੋ ਜਾਏਗੀ, ਜੋ ਚਾਹੇਂਗਾ ਉਹੀ ਤੈਨੂੰ ਪ੍ਰਾਪਤ

ਹੋ ਜਾਏਗਾ।

ਯੌਂ ਸੁਨ ਬੰਦੈ ਕਰੀ ਚੜ੍ਹਾਈ॥ ਇਹ ਹੁਕਮ ਸੁਣ ਕੇ ਬੰਦੇ ਬਹਾਦਰ ਨੇ ਚੜ੍ਹਾਈ ਕਰ ਲਈ ਹੈ ਪੰਜਾਬ, ਚਾਲਾ ਪਾ ਦਿੱਤਾ ਹੈ।

ਡੇਰਾ ਤੋਰਯੋ ਸਿਰਹੰਦੈ ਦਾਈ॥੧੦॥ ਉਥੋਂ ਡੇਰਾ ਤੋਰਿਆ ਹੈ, ਨਾਲ ਪੰਜ ਮੁਖੀ ਸਿੰਘ ਦਿੱਤੇ ਹਨ ਅਤੇ ਪੱਚੀ ਸਿੰਘ ਹੋਰ ਨਾਲ ਭੇਜੇ ਹਨ, ਜਿਹੜੇ ਜਿਹੜੇ ਪੰਜਾਬ ਨੂੰ ਆਉਣਾ ਚਾਹੁੰਦੇ ਸਨ ਜਾਂ ਉਨ੍ਹਾਂ ਦੇ ਮਨ ਦੀ ਕੋਈ ਅਭਿਲਾਖਾ ਸੀ ਸਰਹੰਦ ਦੀ ਤਰਫ ਨੂੰ ਚਾਲੇ ਪਾਏ ਹਨ ਬੰਦੇ ਬਹਾਦਰ ਨੇ। ੧੦।

ਅਥਿ ਗੁਰ ਪੰਥ ਪ੍ਰਕਾਸ਼ ਗ੍ਰੰਥ ਬੰਦੇ ਜੀ ਨਿਸਚੇ ਕੋ ਪ੍ਰਸੰਗ॥
ਬੰਦੇ ਦਾ ਨਿਸ਼ਚਾ। (ਬੰਦੇ ਦਾ ਪ੍ਰਤਾਪ)

ਦੋਹਰਾ॥ ਤੌ ਚਿਤ ਬੰਦੈ ਇਮ ਆਈ, ਅਬ ਲੀਜੈ ਬਚਨ ਪ੍ਰਤੋਇ॥ ਤਾਂ ਬੰਦੇ ਬਹਾਦਰ ਦੇ ਚਿਤ ਵਿਚ ਇਸ ਤਰ੍ਹਾਂ ਆਈ, ਕਿ ਜੋ ਸਤਿਗੁਰੂ ਹੁਕਮ ਕਰਦੇ ਨੇ ਉਹ ਹੋ ਜਾਏਗਾ, ਪ੍ਰਤਿਆਵਾ ਤਾਂ ਲਈਏ। ਇਹ ਗੱਲ ਠੀਕ ਹੈ, ਹੋ ਜਾਏਗਾ।

ਸਦ ਸਿੰਘਨ ਦਿਵਾਨ ਲਗਾਇ ਕੈ, ਬਿਚੈ ਆਪ ਖਲੋਇ॥੧॥ ਸਾਰੇ ਸਿੰਘਾਂ ਨੂੰ ਸੱਦ ਕੇ ਦੀਵਾਨ ਸਜਾਇਆ ਹੈ, ਦਿਵਾਨ ਦੇ ਵਿਚ ਆਪ ਵੀ ਬੰਦਾ ਬਹਾਦਰ ਸਿੰਘਾਂ ਵਿਚ ਆਪ ਖਲੋਤਾ ਹੈ।

ਚੌਪਈ॥ ਸਤਿਗੁਰ ਬਚਨ ਲੱਯੈ ਪਰਤਾਈ॥ ਕਿਉਂ ਸਤਿਗੁਰੂ ਜੀ ਦਾ ਬਚਨ ਆਪਾਂ ਪਰਤਿਆ ਲਈਏ, ਨਿਸਚੇ ਕਰ ਲਈਏ।

ਸਿੱਖ ਪੰਜ ਤਿਨ ਲਏ ਬੁਲਾਈ॥ ਮੁਖੀਏ ਪੰਜ ਸਿੰਘ ਖੜੇ ਕਰਕੇ। ਪੰਜਾਂ ਸਿੰਘਾਂ ਨੂੰ ਬੁਲਾਕੇ ਉਹਨੇ।

ਹਾਥ ਜੋੜ ਵਿਚ ਆਪ ਖਲੋਯੋ॥ ਹੱਥ ਜੋੜ ਕੇ ਉਨ੍ਹਾਂ ਸਿੰਘਾਂ ਦੇ ਵਿਚ ਹਾਜ਼ਰ ਹੋਇਆ ਹੈ।

ਸ੍ਰਬਤ੍ਰ ਖਾਲਸੋ ਇਕ ਮਨ ਹੋਯੋ॥੨॥ ਸਰਬੱਤ ਖਾਲਸਾ ਇਕ ਮਨ ਹੋਇਆ ਹੈ, ਅਰਦਾਸ ਇਕ ਮਨ ਹੋਏ ਤੋਂ ਬਿਨਾਂ ਪ੍ਰਵਾਨ ਨਹੀਂ ਹੁੰਦੀ, ਉਤਲੇ ਮਨੋਂ ਅਰਦਾਸੇ ਕੀਤੇ ਪ੍ਰਵਾਨ ਨਹੀਂ ਹੁੰਦੇ, ਜਦੋਂ ਇਕ ਮਨ ਇਕ ਚਿੱਤ ਹੋ ਕੇ ਸਤਿਗੁਰਾਂ ਦੇ ਚਰਨਾਂ ਵਿਚ ਅਰਦਾਸ ਕੀਤੀ। ੨।

'ਨਹੀਂ ਖਰਚ ਅਬ ਹਮਰੇ ਪਾਸ॥ ਅਰਦਾਸ ਕੀਤੀ ਹੈ, ਸੱਚੇ ਪਾਤਸ਼ਾਹ! ਹੁਣ ਖਰਚ ਦੀ ਤੋਟ ਹੈ, ਸਾਡੇ ਪਾਸ ਰਸਤ ਬਸਤ ਲਿਆਉਣ ਵਾਸਤੇ ਕੋਈ ਖਰਚਾ ਨਹੀਂ ਹੈ।

ਆਵੈ ਖਰਚ' ਯੌ ਕਰੀ ਅਰਦਾਸ॥ ਇਸ ਤਰ੍ਹਾਂ ਅਰਦਾਸ ਕੀਤੀ, ਮਹਾਰਾਜ! ਹੁਣ ਖਰਚੇ ਦੀ ਤੋਟ ਹੈ, ਹੁਣ ਮਾਯਾ ਚਾਹੀਦੀ ਹੈ ਸਾਨੂੰ।

ਆਏ ਲੁਬਾਣੇ ਲਗ ਗਈ ਲਾਰ॥ ਕ੍ਰਿਪਾਲੂ ਹਨ ਸਤਿਗੁਰੂ ਜੀ, ਅਰਦਾਸ ਪ੍ਰਵਾਣ ਹੋਈ, ਉਸੇ ਵੇਲੇ ਹੀ, ਲੁਬਾਣੇ ਸਿੱਖਾਂ ਦਾ (ਲਾਰ) ਜੱਥਾ ਆ ਗਿਆ, ਲੁਬਾਣੇ ਸਿੱਖਾਂ ਦੀ (ਲਾਰ) ਲਾਈਨ ਲੱਗ ਗਈ।

ਦਯੋ ਦਸਵੰਧ ਉਨ ਕਈ ਹਜ਼ਾਰ ॥੩॥ ਲੁਬਾਣੇ ਸਿੱਖ ਜੋ ਹਨ ਉਹ ਅੱਜ ਵੀ ਹਜਾਰਾਂ ਰੁਪਇਆਂ ਦੀ ਤਾਦਾਦ ਵਿਚ ਦਸਵੰਧ ਕੱਢਦੇ ਹਨ ਆਪਣੀ ਨੇਕ ਕਮਾਈ ਵਿਚੋਂ, ਉਹ ਹੀ ਉਨ੍ਹਾਂ ਦੇ ਖਾਨਦਾਨਾਂ ਵਿਚ ਰਹੁ ਰੀਤ ਚਲੀ ਆ ਰਹੀ ਹੈ। ਉਨ੍ਹਾਂ ਲੁਬਾਣੇ ਸਿੱਖਾਂ ਨੇ ਗੁਰੂ ਖਾਲਸੇ ਨੂੰ ਹਜ਼ਾਰਾਂ ਰੁਪਇਆਂ ਦੀ ਗਿਣਤੀ ਵਿਚ ਆਪਣਾ (ਦਸਵੰਧ)

ਆਮਦਨ ਦਾ ਦਸਵਾਂ ਹਿੱਸਾ ਹਾਜ਼ਰ ਕੀਤਾ। ੩।

ਸੋਊ ਬੰਦੇ ਆਇ ਆਗੈ ਧਰਯੋ॥ ਉਨ੍ਹਾਂ ਨੇ ਉਹ ਦਸਵੰਧ ਬੰਦੇ ਬਹਾਦਰ ਅੱਗੇ ਲਿਆਕੇ ਰੱਖ ਦਿੱਤਾ ਹੈ, ਥੈਲੀਆਂ ਰੁਪਇਆਂ ਦੀਆਂ ਬੰਦੇ ਅੱਗੇ ਲਿਆ ਕੇ ਰੱਖੀਆਂ ਹਨ।

ਕਰਾਇ ਅਰਦਾਸ ਬੰਦੇ ਹਥ ਫਰਯੋ॥ ਉਨ੍ਹਾਂ ਸਿੰਘਾਂ ਦੀ ਦਸਵੰਧ ਦੀ ਅਰਦਾਸ ਕਰਕੇ, ਬੰਦੇ ਨੇ ਉਹ ਰੁਪਇਆ ਆਪਣੇ ਹੱਥ ਵਿਚ ਫੜਿਆ ਹੈ।

ਬੰਦੇ ਬਧੀ ਖਾਲਸੇ ਪ੍ਰੀਤ॥ ਬੰਦੇ ਬਹਾਦਰ ਦਾ ਉਸ ਦਿਨ ਤੋਂ ਖਾਲਸੇ ਨਾਲ ਪਿਆਰ ਵਧ ਗਿਆ ਕਿ ਸਤ੍ਰਿਗੁਰਾਂ ਨੇ ਬਚਨ ਕੀਤਾ ਸੀ ਉਹ ਸੱਤ ਹੈ। ਪੰਜ ਸਿੰਘਨ ਤੇ ਅਰਦਾਸ ਕਰਾਵੈ। ਜੋ ਬਰ ਮਾਂਗੈ ਸੋਈ ਪਾਵੈ। ਮਨ ਵਿਚ ਤਸੱਲੀ ਹੋ ਗਈ ਕਿ ਸਤਿਗੁਰੂ ਹਾਜ਼ਰ ਨਾਜ਼ਰ ਨੇ, ਸਾਨੂੰ ਖਰਚਾ ਭੇਜਿਆ ਹੈ।

ਨਿਸਚੈ ਭਯੋ ਬੰਦੈ ਮਧ ਚੀਤ॥੪॥ ਬੰਦੇ ਦੇ ਮਨ ਵਿਚ ਭਰੋਸਾ ਹੋ ਗਿਆ ਹੈ, ਚਿਤ ਵਿਚ ਉਦੋਂ ਹੀ ਪ੍ਰਸੰਨਤਾ ਹੋ ਗਈ ਹੈ। ੪।

ਬੰਦੈ ਖਾਲਸੇ ਦਿਵਾਨ ਲਗਾਵੈ॥ ਖਾਲਸਾ ਪੰਥ ਦਾ ਦਿਵਾਨ ਲਗਾ ਕੇ ਸਿੰਘਾਂ ਵਿਚ ਬੈਠਦਾ ਆਪ।

ਅਕਾਲ ਉਸਤਤਿ ਵਾਰ ਚੰਡੀ ਪੜ੍ਹਾਵੈ॥ ਸ੍ਰੀ ਅਕਾਲ ਉਸਤਤ ਅਤੇ ਚੰਡੀ ਦੀ ਵਾਰ ਪਾਠ ਨਿਤਨੇਮ ਦੇ ਨਾਲ ਕਰਵਾਉਂਦਾ ਹੈ ਜੋ ਕਿ ਅੱਜ ਵੀ ਪੰਥ (ਬੁੱਢੇ ਦਲ) ਵਿਚ ਆਦਿ ਤੋਂ ਮ੍ਰਯਾਦਾ ਚਲੀ ਆ ਰਹੀ ਹੈ।

'ਅਕਾਲ ਅਕਾਲ' ਕਾ ਜਾਪ ਜਪਾਵੈ॥ ਇਹ ਜਾਪ ਹੈ ਖਾਲਸਾ ਜੀ! ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ, ਗੁਰ ਬਰ ਅਕਾਲ, ਇਹ ਜੈਕਾਰਾ ਹੈ ਖਾਲਸੇ ਦਾ। ਅੱਜ ਕੱਲ੍ਹ ਤਾਂ ਨਾਅਰੇ ਦੱਸਦੇ ਨੇ ਆਹ ਨਾਅਰਾ ਮਾਰਿਆ। ਉਹ ਵੀ ਜਦੋਂ ਲੋੜ ਪਏ ਉਦੋਂ ਬੁਲਾਉਂਦੇ ਨੇ, ਪਰ ਨਹੀਂ ਪੰਥ ਪ੍ਰਕਾਸ਼ ਵਿਚ ਹੁਕਮਨਾਮੇ ਆਉਂਦੇ ਨੇ, ਕਿ ਜਦੋਂ ਸਿੰਘ ਕੋਈ ਪੰਥ ਵਿਚ ਆਵੇ, ਜਿਥੋਂ ਪੰਥ ਦੇ ਝੰਡੇ ਨਿਸ਼ਾਨ ਦਿਸਣ, ਨਿਸ਼ਾਨ ਸਾਹਿਬ ਨਜ਼ਰ ਆਵੇ, ਉਥੋਂ ਅਕਾਲ ਅਕਾਲ ਦੇ ਜੈਕਾਰੇ ਗਜਾਉਣੇ ਸ਼ੁਰੂ ਕਰੇ ਅਤੇ ਨੇੜੇ ਆ ਕੇ ਸਿੰਘ ਪੰਥ ਨੂੰ ਫਤ੍ਹੇ ਗਜਾ ਕੇ ਖਲੋ ਜਾਵੇ ਫਤ੍ਹੇ ਗਜਾ ਕੇ ਫੇਰ ਦਸ ਕਰਮਾਂ ਪਿੱਛੇ ਹਟ ਕੇ ਫੇਰ ਹੱਥ ਜੋੜ ਕੇ ਖਲੋਵੇ। ਫੇਰ ਜਿਵੇਂ ਪੰਥ ਵਿਚ ਹਾਜਰ ਹੋਣਾ, ਦੇਗ ਵਿਚ, ਦਰਬਾਰ ਵਿਚ, ਲੰਗਰ ਵਿਚ ਉਥੋਂ ਅਰਦਾਸ ਕਰਾਕੇ ਫੇਰ ਅੱਗੇ ਵਧੇ। ਹੁਣ ਵੀ ਜਿਹੜੇ ਸਿੰਘ ਜਾਣ੍ਹੂੰ ਨੇ ਇਹਨਾਂ ਬਚਨਾਂ ਦੇ, ਅਬਚਲ ਨਗਰ ਸ੍ਰੀ ਹਜ਼ੂਰ ਸਾਹਿਬ ਜਾਂਦੇ ਨੇ ਉਥੇ ਵੀ ਅਰਦਾਸ ਹੁੰਦੀ ਹੈ, ਉਹੀ ਮ੍ਰਯਾਦਾ ਉਥੇ ਹੈ। ਨਮਸਕਾਰ ਕਰਕੇ ਡਿਉਢੀ ਤੋਂ ਅੱਗੇ ਲੰਘ ਜਾਂਦੇ ਹਨ। ਦਰਬਾਰ ਵਿਚ ਹਾਜ਼ਰ ਹੋ ਕੇ ਉਥੇ ਹੀ ਖੜ੍ਹਨਾ ਹੈ, ਬਾਹਰਲੀ ਪ੍ਰਕਰਮਾ ਕਰ ਲਵੋ ਤੁਸੀਂ ਖੁੱਲ੍ਹ ਹੈ ਕੋਈ ਰੋਕ ਟੋਕ ਨਹੀਂ, ਜੋ ਅੰਦਰਲੀ ਪ੍ਰਕਰਮਾ ਹੈ ਜੋ ਅੰਮ੍ਰਿਤਧਾਰੀ ਸਿੰਘ ਹਨ, ਉਨ੍ਹਾਂ ਦੀ ਅਰਦਾਸ ਕਰੇਗਾ ਪੁਜਾਰੀ ਸਿੰਘ। ਅਰਦਾਸ ਤੋਂ ਬਾਅਦ ਫੇਰ ਅੰਦਰਲੀ ਪ੍ਰਕਰਮਾ ਕਰਨੀ ਹੈ। ਇਹ ਮ੍ਰਯਾਦਾ ਹੈ ਇਹ ਆਦਿ ਤੋਂ ਚਲੀ ਆਉਂਦੀ ਹੈ ਗੁਰੂ ਸਾਹਿਬ ਜੀ ਦੀ ਚਲਾਈ ਹੋਈ।

'ਵਾਹਿਗੁਰੂ ਵਾਹਿਗੁਰੂ' ਸਦਾ ਮੁਖ ਗਾਵੈ॥੫॥ ਅਤੇ ਆਪਣੇ ਮੁਖੋਂ ਸਦਾ ਹੀ ਵਾਹਿਗੁਰੂ ਵਾਹਿਗੁਰੂ ਵਾਹਿਗੁਰੂ ਦਾ ਗਾਇਨ ਕਰਨਾ ਹੈ। ਸ੍ਵਾਸ ਸ੍ਵਾਸ ਦੇ ਨਾਲ ਗੁਰ ਮੰਤ੍ਰ ਦਾ ਜਾਪ ਕਰਨਾ ਹੈ। ੫।

ਦੋਹਰਾ॥ ਬੰਦਾ ਪੰਜਾਬਹਿ ਕੋ ਚੜ੍ਹਯੋ, ਲਯੋ ਖਾਲਸੋ ਸਾਥ॥ (ਖਾਲਸੋ) ਰਹਿਤ ਬਹਿਤ ਵਿਚ ਪ੍ਰਪੱਕ ਤਿਆਰ ਬਰ ਤਿਆਰ ਸਿੰਘਾਂ ਨੂੰ ਨਾਲ ਲੈ ਕੇ ਬੰਦਾ ਸਿੰਘ ਬਹਾਦਰ ਨੇ ਪੰਜਾਬ ਨੂੰ ਚੜ੍ਹਾਈ ਕੀਤੀ ਹੈ।

ਲੈਨ ਬੈਰ ਗੁਰ ਸੁਤਨ ਸੁਨ, ਆ ਟੇਕੈਂ ਸਿਖ ਮਾਥ॥੬॥ ਗੁਰੂ ਕੇ ਸਿਖਾਂ ਨੂੰ ਜਦੋਂ ਇਹ ਪਤਾ ਲਗਦਾ ਹੈ ਕਿ ਗੁਰੂ ਕੇ ਸਾਹਿਬਜ਼ਾਦਿਆਂ ਦਾ (ਵੈਰ) ਬਦਲਾ ਲੈਣ ਵਾਸਤੇ, ਗੁਰੂ ਜੀ ਨੇ ਖਾਲਸੇ ਨਾਲ ਬੰਦਾ ਬਹਾਦਰ ਭੇਜਿਆ ਹੈ, ਤਾਂ ਗੁਰਸਿਖ ਆ ਕੇ ਖਾਲਸੇ ਪੰਥ ਨੂੰ ਮੱਥਾ ਟੇਕਦੇ ਹਨ, ਭੇਟਾ ਦਿੰਦੇ ਹਨ, ਨਜ਼ਰਾਨੇ ਭੇਟ ਕਰਦੇ ਹਨ ਖਾਲਸੇ ਪੰਥ ਨੂੰ। ੬।

ਚੌਪਈ॥ ਜਹਿਂ ਬੰਦਾ ਆਨ ਪਲਕ ਖਲੋਵੈ॥ ਹਜ਼ੂਰ ਸਾਹਿਬ ਤੋਂ ਚਲਕੇ ਬੰਦਾ ਬਹਾਦਰ ਖਾਲਸੇ ਸਮੇਤ ਪੜਾਅ ਕਰਦਾ ਹੈ (ਪਲਕ) ਥੋੜੇ ਸਮੇਂ ਵਾਸਤੇ ਵੀ ਆ ਕੇ ਖੜ੍ਹਦੇ ਹਨ।

ਰਿਧਿ ਆਨ ਉਹਾਂ ਸਿੱਖਨ ਢੋਵੈ॥ ਗੁਰਸਿਖ ਜੋ ਗੁਰੂ ਖਾਲਸਾ ਪੰਥ ਦੇ ਸ਼ਰਧਾਲੂ ਉਹ ਆ ਕੇ (ਰਿਧਿ) ਪਦਾਰਥਾਂ ਦੇ ਵਸਤੂਆਂ ਦੇ, ਭਾਵ ਆਟਾ, ਦਾਲ ਆਦਿਕ ਸੀਧੇ ਦੇ ਢੇਰ ਲਾ ਦਿੰਦੇ ਹਨ ਢੋ ਢੋ ਕੇ।

ਜੋਊ ਬੀਰ ਬੰਦੇ ਥੇ ਪਾਸ॥ ਅਤੇ ਬੰਦੇ ਬਹਾਦਰ ਦੇ ਕੋਲ ਜਿਹੜੇ ਬੀਰ ਸਨ।

ਆਵੈਂ ਸਿੱਖਨ ਸੁਨ ਅਰਦਾਸ॥੭॥ ਉਹ (ਬੀਰ) ਸਿੱਖਾਂ ਦੀ ਅਰਦਾਸ ਸੁਣ ਕੇ ਆਉਂਦੇ ਹਨ। ੭।

ਯੌਂ ਕਰ ਬੰਦੈ ਭਈ ਪ੍ਰਤੀਤ॥ ਏਸ ਤਰ੍ਹਾਂ ਕਰਕੇ ਬੰਦੇ ਨੂੰ ਪ੍ਰਤੀਤ ਹੋ ਗਈ ਹੈ, ਯਕੀਨ ਆ ਗਿਆ ਖਾਲਸੇ ਪੰਥ ਦੇ ਉਪਰ।

ਤਬ ਬੰਦਾ ਭਯੋ ਨਿਸ਼ਚਲ ਚੀਤ॥ ਤਦੋਂ ਬੰਦਾ ਚਿੱਤ ਵਿਚ (ਨਿਸ਼ਚਲ) ਅਡੋਲ ਹੋ ਗਿਆ ਹੈ। ਪਹਿਲਾਂ ਮਨ ਵਿਚ ਏਸ ਤਰ੍ਹਾਂ ਸੀ ਕਿ ਮੈਂ ਖਰਚਾ ਕਿਥੋਂ ਦੇਵਾਂਗਾ ਮੈਨੂੰ ਸ਼ਸਤ੍ਰ ਕੌਣ ਦੇਵੇਗਾ? ਮੈਨੂੰ ਆਦਰ ਕੌਣ ਦੇਊਗਾ? ਮੈਂ ਕਿਵੇਂ ਕਾਮਯਾਬ ਹੋਵਾਂਗਾ? ਹੁਣ ਅਡੋਲ ਹੋ ਗਿਆ ਹੈ ਮੈਂ ਕਾਮਯਾਬ ਹਾਂ, ਜੋ ਸਤਿਗੁਰਾਂ ਨੇ ਬਚਨ ਕਹੇ ਨੇ ਉਹ ਪੂਰੇ ਹੋਣਗੇ।

ਪੁਤ ਮੰਗੈ ਤਿਸ ਦ੍ਰਾਏ ਪੂਤ॥ ਹੁਣ ਜੇ ਕੋਈ ਪੁਤ੍ਰ ਦੀ ਮੰਗ ਕਰਦਾ ਹੈ ਉਸਨੂੰ ਅਕਾਲ ਪੁਰਖ ਤੋਂ ਪੁੱਤਰ ਦਵਾਉਂਦਾ ਹੈ।

ਦੁੱਧ ਮੰਗਤ ਦੇ ਦੁੱਧ ਬਹੂਤ॥੮॥ ਜੇ ਕੋਈ ਦੁੱਧ ਦੀ ਮੰਗ ਕਰੇ ਮਹਾਰਾਜ! ਸਾਡੇ ਪ੍ਰਵਾਰ ਵਿਚ ਦੁੱਧ ਦੀ ਕਮੀ ਹੈ, ਦੁੱਧ ਦੀ ਬਖਸ਼ਿਸ਼ ਕਰੋ। ਫੇਰ ਥੋੜਾ ਨਹੀਂ, ਬਹੁਤ ਦੁਧ ਦੀ ਬਖਸ਼ਿਸ਼ ਕਰ ਦਿੰਦੇ ਹਨ। ਮੱਝਾਂ, ਗਾਈਆਂ ਆਦਿਕ ਬਖਸ਼ ਦਿੰਦੇ ਹਨ। ਮਹਾਰਾਜ ਸਿੱਖਾਂ ਨੂੰ। ੮।

ਜੇਕਰ ਕੋਈ ਦੁਖੀਆ ਆਵੈ॥ ਜੇ ਮਨ ਸਰੀਰ ਕਰ ਕੇ ਕੋਈ ਦੁਖੀ ਪੁਰਸ਼ ਆਉਂਦਾ ਹੈ ਗੁਰੂ ਖਾਲਸੇ ਪੰਥ ਦੀ ਸ਼ਰਣ ਵਿਚ, ਜਿਹਦੀ ਕੋਈ ਸੁਣਾਈ ਨਹੀਂ ਹੁੰਦੀ ਸੰਸਾਰ ਵਿਚ।

ਕਰ ਅਰਦਾਸ ਤਿਸ ਦੁਖ ਮਿਟਾਵੈ॥ ਬੰਦਾ ਬਹਾਦਰ ਖਾਲਸੇ ਤੋਂ ਅਰਦਾਸ ਕਰਾ ਕੇ ਉਹਦਾ ਦੁਖ ਮਿਟਾ ਦਿੰਦਾ ਹੈ।

ਵਾਹਿਗੁਰੂ ਕਾ ਜਾਪ ਜਪਾਵੈ॥ ਵਾਹਿਗੁਰੂ ਮੰਤ੍ਰ ਦਾ ਜਾਪ ਕਰਵਾਉਂਦਾ ਹੈ, ਵਾਹਿਗੁਰੂ ਜਪੀਂ ਭਾਈ, ਜਾਹ ਤੇਰੀ ਅਰਦਾਸ ਹੋ ਗਈ ਹੈ, ਤੇਰਾ ਕਾਰਜ ਰਾਸ ਕਰਨਗੇ ਸਤਿਗੁਰੂ।

ਜੋ ਮਾਂਗੈ ਤਿਸ ਸੋਊ ਦਿਵਾਵੈ॥੯॥ ਜੋ ਕੋਈ ਮੰਗ ਕਰਦਾ ਹੈ ਉਹੀ ਦਿਵਾਉਂਦੇ ਹਨ, ਉਸੇ ਵੇਲੇ ਹੀ। ੯।

ਐਸੀ ਜਗ ਮੈਂ ਪਰ ਗਈ ਧਾਂਕ॥ ਬੰਦੇ ਬਹਾਦਰ ਦੀ ਸੰਸਾਰ ਵਿਚ ਧਾਂਕ ਪੈ ਗਈ ਹੈ, ਕਿ ਬੰਦੇ ਬਹਾਦਰ ਕੋਲ ਜੋ ਵੀ ਕੋਈ ਜਾਂਦਾ ਹੈ ਉਥੇ ਉਹੀ ਉਹੀ ਕੁਛ ਮਿਲਦਾ ਹੈ ਜੋ ਕੋਈ ਮੰਗਦਾ ਹੈ।

ਆਇ ਮਿਲੈਂ ਰਾਣਾ ਔ ਰਾਂਕ॥ ਦੁਖੀ ਤਾਂ ਰਾਜੇ ਵੀ ਹਨ ਅਤੇ ਗਰੀਬ ਵੀ ਦੁਖੀ ਹਨ, ਰਾਣੇ (ਰੰਕ) ਕੰਗਾਲ ਸਾਰੇ ਹੀ ਆ ਕੇ ਮਿਲਦੇ ਨੇ, ਹਾਜ਼ਰ ਹੁੰਦੇ ਨੇ।

ਦੁਰਮੰਹ ਤੇ ਜੋ ਨਿੰਦਤ ਆਵੈ॥ ਦੂਰੋਂ ਜਿਹੜਾ ਕੋਈ ਬੰਦੇ ਬਹਾਦਰ ਦੀ ਨਿੰਦਿਆ ਕਰਦਾ ਆਉਂਦਾ ਹੈ।

ਹੁਇ ਨੇੜੈ ਵਹੁ ਚਰਨੀ ਪਾਵੈ॥੧੦॥ ਜਦੋਂ ਖਾਲਸੇ ਪੰਥ ਦੇ ਨੇੜੇ ਆਉਂਦਾ ਤਾਂ ਖਾਲਸੇ ਦੇ ਚਰਨੀਂ ਲੱਗ ਜਾਂਦਾ ਹੈ। ੧੦।

ਜਹਿੰ ਬੰਦਾ ਆਇ ਡੇਰਾ ਕਰੇ॥ ਜਿਥੇ ਜਿਥੇ ਬੰਦਾ ਬਹਾਦਰ ਖਾਲਸੇ ਪੰਥ ਨਾਲ ਆ ਕੇ ਡੇਰਾ ਕਰਦਾ ਹੈ, ਪੜਾਉ ਲਾਉਂਦੇ ਹਨ।

ਕਾਢ ਮੋਹਰ ਸੋ ਤਹਿੰ ਬਹੁ ਧਰੇ॥ ਉਥੋਂ ਕੱਢ ਕੇ ਬਹੁਤ ਸਾਰੀਆਂ ਮੋਹਰਾਂ ਦੀ ਢੇਰੀ ਲਾ ਦਿੰਦਾ ਹੈ। ਲਾ ਕੇ ਰੱਖ ਦਿੰਦਾ ਹੈ।

ਦੀਵੈ ਪਾਵੈ ਤੇਲੀ ਤੇਲ॥ ਇਹ ਉਸ ਵੇਲੇ ਦੀ ਰਵਾਇਤ ਸੀ, ਜੋ ਤੇਲੀ ਸਨ ਉਹ ਆ ਕੇ ਦੀਵੇ ਵਿਚ ਤੇਲ ਪਾਉਂਦੇ ਸਨ, ਹਾਕਮਾਂ ਨੇ ਉਨ੍ਹਾਂ ਨੂੰ ਇਨਾਮ ਦੇ ਦੇਣਾ। ਜੇ ਕਿਸੇ ਤੇਲੀ ਨੇ ਆ ਕੇ ਦੀਵੇ ਵਿਚ ਤੇਲ ਪਾਇਆ।

ਇਕ ਮੋਹਰ ਤਿਹ ਦੇਵੈ ਮੇਲ॥੧੧॥ ਤੇਲ ਪਾਉਣ ਵਾਲੇ ਨੂੰ ਭਾਵੇਂ ਉਹ ਇਕ ਪਲ੍ਹੀ ਤੇਲ ਦੀ ਪਾ ਗਿਆ, ਇਕ ਮੋਹਰ ਤਾਂ ਉਹਨੂੰ ਮੇਲ ਹੀ ਦੇਣੀ, ਭਾਵ ਦੇ ਹੀ ਦੇਣੀ ਹੈ। ੧੧।

ਠੂਠੀ ਭਾਂਡਾ ਲਯਾਵੈ ਘੁਮਯਾਰ॥ ਉਦੋਂ ਹੁਣ ਵਾਂਗ (ਭਾਂਡੇ) ਬਰਤਨ ਬਨਾਉਣ ਦੇ ਕਾਰਖਾਨੇ ਥੋੜ੍ਹੇ ਲੱਗੇ ਹੁੰਦੇ ਸੀ। ਉਦੋਂ ਇਹ ਹੀ ਗੁਜ਼ਾਰਾ ਸੀ, ਲੋਕੀਂ ਉਸ ਵੇਲੇ ਪੱਤੇ ਤੋੜ ਕੇ ਡੂਨੇ ਬਣਾ ਕੇ ਪਾਣੀ ਪੀਂਦੇ ਸਨ ਤੇ ਸੁੱਟ ਦਿੰਦੇ ਸਨ। ਇਸੇ ਤਰ੍ਹਾਂ ਘੜਿਆਂ ਦੇ ਨਾਲ ਪਿਆਲੇ ਠੂਠੇ ਰਖਦੇ, ਉਹ ਭਰ ਕੇ ਪਿਆਲਾ ਪੀ ਲਉ ਪਾਣੀ ਦਾ। ਜੇ ਕੋਈ ਕੁਮਿਆਰ ਕੋਈ ਠੂਠੀ, ਭਾਂਡਾ ਘੜਾ ਆਦਿਕ ਲਿਆ ਕੇ ਹਾਜ਼ਰ ਕਰਦਾ ਕਿਸੇ ਪ੍ਰਕਾਰ ਦਾ।

ਦੇਵੈ ਮੋਹਰ ਕਢ ਖੀਸਯੋਂ ਡਾਰ॥ ਬੰਦਾ ਬਹਾਦਰ ਆਪਣੇ ਖੀਸੇ ਵਿਚੋਂ ਮੋਹਰ ਕੱਢ ਕੇ ਉਹਦੇ ਭਾਂਡੇ ਵਿਚ (ਡਾਰ) ਡਾਲ ਦਿੰਦਾ, ਪਾ ਦਿੰਦਾ ਹੈ।

ਲਕੜੀ ਚੂਹੜੋ ਲਯਾਵੈ ਜੋਈ॥ ਚੂਹੜਾ ਜਾਤ ਦਾ ਕੋਈ, ਜੇ ਫੌਜ ਦੇ ਲੰਗਰ ਵਾਸਤੇ ਲੱਕੜਾਂ ਆਦਿਕ ਲੈ ਕੇ ਆਉਂਦਾ ਹੈ।

ਮੋਹਰ ਖੀਸਯੋਂ ਦੇਵੈ ਓਈ॥੧੨॥ ਬੰਦਾ ਬਹਾਦਰ ਉਸ ਨੂੰ ਵੀ ਖੀਸੇ ਵਿਚੋਂ ਇਕ ਮੋਹਰ ਕੱਢ ਕੇ ਦੇ ਦਿੰਦਾ ਹੈ। ੧੨।

ਦੋਹਰਾ॥ ਖਾਲੀ ਕਿਸੇ ਸੁ ਨਹਿ ਛਡੈ, ਮੋਹਰ ਸੁ ਦਏ ਫੜਾਇ॥ ਬੰਦਾ ਬਹਾਦਰ ਟਕਾ ਪੈਸਾ ਨਹੀਂ ਵੰਡਦਾ, ਮੋਹਰਾਂ ਹੀ ਵੰਡਦਾ ਸੀ। ਇਹ ਗੱਲ ਦੁਨੀਆਂ ਵਿਚ ਮਸ਼ਹੂਰ ਹੋ ਗਈ, ਕਿ ਬੰਦਾ ਬਹਾਦਰ ਨੂੰ ਜੇ ਕੋਈ ਵਸਤੂ ਹਾਜ਼ਰ ਕਰਦਾ ਹੈ, ਉਹਨੂੰ ਮੋਹਰ ਹੀ ਦਿੰਦਾ ਹੈ ਸੋਨੇ ਦੀ, ਕਿਸੇ ਨੂੰ ਖਾਲੀ ਨਹੀਂ ਮੋੜਦਾ।

ਜੋ ਆਵੈ ਔ ਸਜੂਦ ਹੁਇ, ਤਿਹ ਸੰਗ ਲਏ ਚੜ੍ਹਾਇ॥੧੩॥ ਜੋ ਕੋਈ (ਸਜੂਦ) ਸਜ ਕੇ, ਘੋੜੇ ਤੇ ਚੜ੍ਹ ਕੇ ਸਜ ਧਜ ਕੇ ਸ਼ਸਤ੍ਰ ਬਸਤ੍ਰ ਸਜਾ ਕੇ, ਤਿਆਰ ਬਰ ਤਿਆਰ ਸ਼ਸਤ੍ਰ ਧਾਰੀ ਹੋ ਕੇ ਆਉਂਦਾ ਹੈ, ਪੂਰਾ ਸੰਤ ਸਿਪਾਹੀ ਬਣ ਕੇ, ਉਸ ਨੂੰ ਨਾਲ ਚੜ੍ਹਾ ਲੈਂਦਾ, ਚਲ ਤੂੰ ਵੀ ਫੌਜ ਵਿਚ ਹਾਜ਼ਰ ਹੋ ਜਾ ਸਿੰਘਾ। ੧੩।

ਅਥ ਬੰਦੇ ਜੀ ਕੈ ਪ੍ਰਚੈ ਕੋ ਪ੍ਰਸੰਗ ਲਿਖਯਤੇ॥
ਬਾਬੇ ਬੰਦੇ ਦਾ ਹੋਰ ਹਾਲ
(ਕੈਥਲ ਦੇ ਫੌਜਦਾਰ ਨਾਲ ਜੁੱਧ)

ਦੋਹਰਾ॥ ਬੰਦੇ ਪੈ ਸੁਨ ਮਾਲ ਬਹੁ, ਪਰੀ ਰਾਹਿ ਬਡਿ ਧਾਰ॥ ਬੰਦੇ ਬਹਾਦਰ ਦੇ ਪਾਸ ਬਹੁਤ ਮਾਲ ਧਨ ਸੁਣ ਕੇ ਇਕ ਪਿੰਡ ਵਿਚ ਬੰਦਾ ਬਹਾਦਰ ਉਤਰਿਆ ਹੋਇਆ ਸੀ, ਬੰਦੇ ਬਹਾਦਰ ਉਤੇ ਇਕ ਧਾੜ ਆ ਪਈ ਲੁਟੇਰਿਆਂ ਦੀ।

ਸਿੰਘਨ ਨੇ ਫੜ ਸੋ ਲਏ, ਕੂਟ ਲੂਟ ਔ ਮਾਰ॥੧॥ ਉਨ੍ਹਾਂ ਨੂੰ ਕੀ ਪਤਾ ਸੀ? ਕਿ ਇਹ ਸਿੰਘ ਨੇ, ਕੌਣ ਨੇ? ਜਦੋਂ ਧਾੜਾਂ ਮਾਰਨ ਵਾਲੇ ਆਏ ਸਿੰਘਾਂ ਨੇ ਫੜ ਲਏ ਉਹ, ਫੜ ਕੇ ਨਾਲੇ ਕੁੱਟੇ (ਚਾਟ੍ਹਾ ਛਕਾਇਆ) ਉਨ੍ਹਾਂ ਨੂੰ ਕੁੱਟਿਆ ਤੇ ਲੁੱਟਿਆ ਕਈ ਉਨ੍ਹਾਂ ਵਿਚੋਂ ਮਾਰੇ ਵੀ ਗਏ। ੧।

ਚੌਪਈ॥ ਜਿਸ ਨਿਸ ਚੋਰ ਧਾੜ ਕੋ ਆਵੈ॥ ਜਿਸ (ਨਿਸ) ਰਾਤ ਨੂੰ ਕਿਸੇ ਚੋਰ ਧਾੜਵੀ ਨੇ ਆਉਣਾ ਹੁੰਦਾ।

ਸੋ ਪਹਿਲੇ ਖਾਲਸੇ ਬੰਦਾ ਬਤਾਵੈ॥ ਬੰਦਾ ਬਹਾਦਰ ਪਹਿਲਾਂ ਹੀ ਦੱਸ ਦਿੰਦਾ, ਖਾਲਸਾ ਜੀ! ਤਿਆਰ ਬਰ ਤਿਆਰ ਰਹਿਣਾ, ਅੱਜ ਧਾੜ ਆਵੇਗੀ, ਫੜਨੇ ਨੇ ਉਹ ਆਪਾਂ, ਉਹ ਚੋਰ ਆਪਾਂ ਜਾਣ ਨਹੀਂ ਦੇਣੇ।

ਰਹੈਂ ਤਯਾਰ ਉਸ ਲੇਵੈਂ ਮਾਰ॥ ਸਿੰਘ ਉਨ੍ਹਾਂ ਦਾ ਬੰਦੋਬਸਤ ਕਰਕੇ ਪਹਿਲਾਂ ਹੀ ਤਿਆਰ ਬੈਠੇ ਹੁੰਦੇ ਹਨ ਜਦੋਂ ਚੋਰ ਧਾੜਵੀ ਰਾਤ ਨੂੰ ਆਉਂਦੇ ਹਨ, ਤਾਂ ਸਿੰਘ ਉਨ੍ਹਾਂ ਨੂੰ ਮਾਰ ਲੈਂਦੇ ਹਨ।

ਇਮ ਖਾਲਸੇ ਸੋਂ ਵਧਯੋ ਪਿਆਰ॥੨॥ ਇਉਂ ਸਿੰਘ ਬੜੇ ਮਾਰ ਖੋਰੇ ਸਨ, ਉਹ ਕਿਸੇ ਨੂੰ ਜਾਣ ਨਹੀਂ ਸੀ ਦਿੰਦੇ ਇਸ ਤਰ੍ਹਾਂ ਬੰਦੇ ਬਹਾਦਰ ਦਾ ਸਿੰਘਾਂ ਨਾਲ ਪਿਆਰ ਵਧ ਗਿਆ। ੨।

ਦੋਹਰਾ॥ ਸੁਣ ਬਾਣੀ ਖੁਸ਼ੀਆਂ ਕਰੈ, ਸਿੰਘਨ ਕੋ ਹਿਤ ਲਾਇ॥ ਜਦੋਂ ਸਿੰਘਾਂ ਤੋਂ ਗੁਰਬਾਣੀ ਸੁਣਦਾ ਹੈ (ਹਿਤ ਲਾਇ) ਪ੍ਰੇਮ ਸਹਿਤ, ਤਾਂ ਸਿੰਘਾਂ ਤੇ ਬੜੀਆਂ ਖੁਸ਼ੀਆਂ ਕਰਦਾ ਹੈ।

'ਅਬੈ ਬਜੀਦੈ ਮਾਰਹੌਂ, ਸਭ ਲੋਕਨ ਦਿਖਲਾਇ' ॥੩॥ ਬੰਦਾ ਬਹਾਦਰ ਹੁਣ ਖੁਲ੍ਹ ਕੇ ਕਹਿ ਰਿਹਾ ਹੈ, ਹੁਣ ਮੈਂ ਸਾਰੇ ਲੋਕਾਂ ਨੂੰ ਦਿਖਾ ਕੇ ਬਜੀਦੇ ਨੂੰ ਮਾਰਾਂਗਾ। ੩।

ਚੌਪਈ॥ ਅਬ ਬੰਦਾ ਇਮ ਸਿੰਘਨ ਕਹੈ॥ ਹੁਣ ਬੰਦਾ ਬਹਾਦਰ ਸਿੰਘਾਂ ਨੂੰ ਇਸ ਤਰ੍ਹਾਂ ਕਹਿੰਦਾ ਹੈ।

'ਸੱਦੋ ਸਿੰਘ ਜੋ ਪਾਛੈ ਰਹੈ॥ ਜਿਹੜੇ ਸਿੰਘ ਆ ਗਏ ਹਨ ਉਹ ਤਾਂ ਠੀਕ ਹਨ, ਜਿਹੜੇ ਅਜੇ ਨਹੀਂ ਪਹੁੰਚੇ ਉਨ੍ਹਾਂ ਨੂੰ ਸੱਦੋ ਛੇਤੀ। ਜਿਹੜੇ ਸਿੰਘ ਪਿਛੇ ਰਹਿ ਗਏ ਹਨ, ਉਨ੍ਹਾਂ ਨੂੰ ਹੁਕਮਨਾਮੇ ਭੇਜ ਕੇ ਸੱਦੋ।

ਆਇ ਕਰੈਂ ਜੁ ਗੁਰ ਕਹਯੋ ਕਾਜ॥ ਜੋ ਗੁਰੂ ਜੀ ਨੇ (ਕਾਜ) ਕਾਰਜ ਸੇਵਾ ਆਪਣੇ ਜ਼ੁੰਮੇ ਲਾਈ ਹੈ, ਉਹ ਆ ਜਾਣ ਤਾਂ ਕਰੀਏ।

ਫੇਰ ਲੇਂਹ ਸੋਈ ਭੂਮਹਿ ਰਾਜ' ॥੪॥ ਜਦੋਂ ਮੁਗਲਾਂ ਨੂੰ ਮਾਰ ਲਵਾਂਗੇ, ਫੇਰ ਓਹੀ ਏਸ ਧਰਤੀ ਦਾ ਰਾਜ ਕਰਨਗੇ। ਮੁਗਲਾਂ ਦਾ ਰਾਜ ਖੋਹ ਲਵਾਂਗੇ ਤੇ ਸਿੰਘ ਪਿਆਰੇ ਰਾਜ ਕਰਨਗੇ ਪੰਜਾਬ ਦਾ। ੪।

ਤਬ ਬੰਦਾ ਆਇ ਬਾਂਗਰ ਬੜਾ॥ ਤਦੋਂ ਬੰਦਾ ਸਿੰਘ ਬਹਾਦਰ ਬਾਂਗਰ ਦੇਸ਼ ਵਿਚ ਆ ਵੜਿਆ ਹੈ। ਦਿੱਲੀ ਤੋਂ ਅੱਗੇ ਲੰਘ ਆਇਆ ਹੈ।

ਤਾਂਹਿ ਮਾਜਰਾ ਥਾ ਇਕ ਅੜਾ॥ ਉਥੇ ਆ ਕੇ ਇਕ (ਮਾਜਰਾ) ਮਸਲਾ ਆ ਖੜ੍ਹਾ ਹੋਇਆ।

ਆਈ ਮਾਰਨ ਤਿਸ ਇਕ ਧਾੜ॥ ਉਸ ਪਿੰਡ ਨੂੰ ਜਿਥੇ ਬੰਦਾ ਸਿੰਘ ਬਹਾਦਰ ਨੇ ਸਿੰਘਾਂ ਸਮੇਤ ਪੜਾਉ ਕੀਤਾ ਸੀ, ਉਸ ਪਿੰਡ ਦੀ ਲੁੱਟ ਮਾਰ ਕਰਨ ਵਾਸਤੇ, ਦੂਜੇ ਪਿੰਡਾਂ ਲੁਟੇਰਿਆਂ ਦੀ ਧਾੜ ਇਕੱਠੀ ਹੋ ਕੇ ਆ ਰਹੀ ਹੈ।

ਸੁਨ ਲਇਓ ਪਿੰਡ ਹੋਣੋ ਉਜਾੜ॥੫॥ ਉਸ ਪਿੰਡ ਵਾਲਿਆਂ ਨੇ ਇਹ ਸੁਣ ਕੇ ਕਿ ਪਿੰਡ ਨੂੰ ਲੁੱਟਣ ਵਾਸਤੇ ਧਾੜ ਆ ਰਹੀ ਹੈ, ਅਤੇ ਪਿੰਡ ਨੇ ਉੱਜੜ ਜਾਣਾ ਹੈ। ੫।

ਬੰਦੇ ਦੇਖ ਦਈ ਬਹੁ ਧੀਰ॥ ਜਦੋਂ ਬੰਦਾ ਸਿੰਘ ਬਹਾਦਰ ਨੂੰ ਸਾਰਾ ਮਾਜਰਾ ਦੱਸਿਆ ਪਿੰਡ ਵਾਲਿਆਂ ਨੇ, ਤਾਂ ਬੰਦੇ ਨੇ ਉਨ੍ਹਾਂ ਨੂੰ ਧੀਰਜ ਦਿੱਤੀ, ਕਿ ਫਿਕਰ ਨਾ ਕਰੋ, ਧਾੜ ਪੈਣ ਤੋਂ ਪਹਿਲਾਂ ਹੀ ਬੰਦੇ ਦੇ ਪਾਸ ਆ ਗਏ, ਕਹਿੰਦੇ ਬੇ-ਪਰਵਾਹ ਰਹੋ, ਨਿਸਚਿਤ ਰਹੋ।

ਵੈ ਜਾਣੈ ਕਯਾ ਕਰੁਗੁ ਫਕੀਰ॥ ਹੁਣ ਉਹਨਾਂ ਲੋਕਾਂ ਦੇ ਅੰਦਰਲੀ ਗੱਲ ਦਸਦੇ ਨੇ, ਉਨ੍ਹਾਂ ਨੇ ਕਿਹਾ ਕਿ ਫਕੀਰ ਤਾਂ ਹੈ ਵਿਚਾਰਾ, ਥੋੜੇ ਜਿਹੇ ਸਿਖ ਨੇ ਨਾਲ, ਇਹ ਸਾਡੀ ਕੀ ਮਦਦ ਕਰੇਗਾ, ਇਉਂ ਉਨ੍ਹਾਂ ਦੇ ਮਨ ਵਿਚ ਸੀ।

ਤੀਮੀਂ ਮਰਦ ਬਹੁ ਝਾੜੀਂ ਬੜੇ॥ ਪਿੰਡ ਦੇ ਇਸਤ੍ਰੀ ਪੁਰਸ਼ ਡਰਦੇ ਮਾਰੇ ਭੱਜਕੇ ਝਾੜਾਂ ਵਿਚ ਵੜ ਕੇ ਬਹਿ ਗਏ ਲੁਕ ਕੇ।

ਰਹੇ ਬੰਦੇ ਪੈ ਸਿਖ ਹੀ ਖੜੇ॥੬॥ ਪਿੰਡ ਵਾਲੇ ਤਾਂ ਧਾੜਵੀਆਂ ਤੋਂ ਡਰਦੇ ਭੱਜ ਗਏ ਕਿ ਨਾਲੇ ਮਾਰ ਜਾਣਗੇ ਤੇ ਨਾਲੇ ਲੁੱਟ ਲੈਣਗੇ, ਆਪਣੀ ਜਾਨ ਤਾਂ ਬਚਾਓ। ਬੰਦੇ ਦੇ ਪਾਸ ਇਕੱਲੇ ਸਿਖ ਹੀ ਖੜ੍ਹੇ ਰਹਿ ਗਏ, ਦੂਜੇ ਸਭ ਭੱਜ ਕੇ ਚਲੇ ਗਏ ਜੰਗਲਾਂ ਵਿਚ।

ਦੋਹਰਾ॥ ਬੰਦੈ ਕੈ ਮੁਖ ਕਹਿਣ ਕੋ, ਓਇ ਕਬ ਕਰੈਂ ਪ੍ਰਤੀਤ॥ ਬੰਦਾ ਬਹਾਦਰ ਨੇ ਪਿੰਡ ਵਾਲਿਆਂ ਨੂੰ ਬਥੇਰਾ ਦਿਲਾਸਾ ਦਿੱਤਾ, ਪਰ ਬੰਦ ਦੇ ਮੁਖੋਂ ਕਹਿਣ ਤੇ ਕੌਣ (ਪ੍ਰਤੀਤ) ਭਰੋਸਾ ਕਰੇ। ਉਹ ਕਿਹੜਾ ਬੰਦੇ ਦੀ ਸ਼ਕਤੀ ਨੂੰ ਜਾਣਦੇ ਸੀ।

ਸੋ ਬੰਦੈ ਔਰੈ ਠਟੀ, ਮੱਧ ਸੁ ਅਪਨੈ ਚੀਤ॥੭॥ ਬੰਦੇ ਬਹਾਦਰ ਨੇ ਆਪਣੇ ਮਨ ਵਿਚ ਹੋਰ ਗੱਲ ਠਾਣ ਲਈ ਹੈ। ੭।

ਚੌਪਈ॥ ਪਕੜ ਪੈਂਚ ਬੰਦੈ ਨੇ ਲਏ॥ ਬੰਦਾ ਸਿੰਘ ਜੀ ਨੇ ਪਿੰਡ ਦੇ ਪੈਂਚ ਫੜ ਲਏ, ਜੋ ਪਿੰਡ ਦੇ ਮੁਖੀਏ ਕਹਾਉਂਦੇ ਸਨ ਪੰਚਾਇਤੀ ਲੋਕ ਉਹ ਫੜ ਲਏ ਹਨ।

ਕੋਠੇ ਕੇ ਮੱਧ ਸਭ ਅੜਏ॥ ਬੰਦਾ ਸਿੰਘ ਜੀ ਨੇ ਫੜ ਕੇ ਉਨ੍ਹਾਂ ਪੰਚਾਂ ਨੂੰ ਕੋਠੇ ਵਿਚ (ਅੜਏ) ਡੱਕ ਦਿੱਤਾ।

ਤੌ ਲੌ ਧਾੜ ਪਿੰਡ ਆਇ ਵੜੀ॥ ਏਨੇ ਚਿਰ ਨੂੰ, ਉਦੋਂ ਤਕ, ਲੁੱਟੇਰਿਆਂ ਦੀ ਧਾੜ ਪਿੰਡ ਵਿਚ ਆ ਵੜੀ।

ਬੰਦੈ ਵਲ ਸਭ ਦੇਖੈ ਖੜੀ॥੮॥ ਉਹ ਲੁਟੇਰਿਆਂ ਦੀ ਧਾੜ ਖੜੀ ਬੰਦਾ ਸਿੰਘ ਵਲ ਵੇਖ ਰਹੀ ਹੈ। ਇਹ ਕੀ ਖੜ੍ਹਾ ਹੈ।

ਉਠ ਬੰਦੇ ਕਹੀ 'ਮਾਰੋ ਧਾੜ॥ ਤਾਂ ਬੰਦਾ ਸਿੰਘ ਉਠ ਕੇ ਖੜਾ ਹੋ ਗਿਆ ਅਤੇ ਸਿੰਘਾਂ ਨੂੰ ਕਿਹਾ ਕਿ ਮਾਰ ਲਉ ਧਾੜ ਨੂੰ, ਜਾਣਾ ਨਾ ਪਾਏ ਕਿਸੇ ਪਾਸੇ।

ਮਾਰਨ ਆਏ ਤਿਨੈਂ ਲਯੋ ਮਾਰ'॥ ਕਹਿੰਦੇ ਇਹ ਪਿੰਡ ਨੂੰ ਮਾਰਨ ਆਏ ਹਨ, ਇਹਨਾਂ ਲੁਟੇਰਿਆਂ ਨੂੰ ਮਾਰ ਲਉ, ਕੋਈ ਦੋਸ਼ ਨਹੀਂ। *'ਮਾਰਨ ਆਏ ਮਾਰੀਏ, ਤਾਂ ਮਨ ਰੋਸ ਨਾ ਹੋਇ॥ ''ਜੇ ਸਕਤਾ ਸਕਤੇ ਕਉ ਮਾਰੇ, ਤਾਂ ਮਨ ਰੋਸ ਨ ਹੋਈ''॥*

ਯੌ ਸੁਨਿ ਸਿੰਘਨ ਹੱਲਾ ਕੀਯੋ॥ ਬੰਦੇ ਬਹਾਦਰ ਦਾ ਇਹ ਹੁਕਮ ਸੁਣ ਕੇ, ਸਿੰਘਾਂ ਨੇ ਧਾੜ ਤੇ ਹੱਲਾ ਕਰ ਦਿੱਤਾ।

ਪਕੜ ਸਰਦਾਰ ਧਾੜ ਕੋ ਲੀਯੋ॥੯॥ ਧਾੜਵੀਆਂ ਦੇ ਸਰਦਾਰ ਨੂੰ ਸਿੰਘਾਂ ਨੇ ਫੜ ਲਿਆ। ੯।

ਔ ਜੋ ਉਸੈ ਛੁਡਾਵਨ ਆਵੈ॥ ਹੁਣ ਜੋ ਕੋਈ (ਉਸੈ) ਉਸਨੂੰ ਧਾੜਵੀਆਂ ਦੇ ਸਰਦਾਰ ਨੂੰ ਛੁਡਾਉਣ ਵਾਸਤੇ ਆਉਂਦਾ ਹੈ।

ਸੋਊ ਊਹਾਂ ਆਪ ਫਸ ਜਾਵੈ॥ ਛੁਡਾਉਣ ਵਾਲਾ ਆਪ ਆ ਕੇ ਫਸ ਜਾਂਦਾ ਹੈ, ਸਿੰਘ ਉਸ ਨੂੰ ਫੜ ਲੈਂਦੇ ਹਨ, ਛੁਡਾਉਣ ਵਾਲੇ ਨੂੰ ਕਾਬੂ ਕਰ ਲੈਂਦੇ ਹਨ।

ਓਇ ਮਾਰੈਂ ਸੇਲੇ ਤਲਵਾਰ॥ ਧਾੜ ਵਾਲੇ ਉਹ ਲੋਕ ਤਲਵਾਰਾਂ ਸੇਲੇ ਮਾਰਦੇ ਹਨ ਅੱਗੋਂ।

ਢੀਮਨ ਸੰਗ ਸਿੰਘ ਲੇਵੈਂ ਮਾਰ॥੧੦॥ ਸਿੰਘ ਉਨ੍ਹਾਂ ਨੂੰ (ਢੀਮਨ) ਢੀਮਾਂ, ਇੱਟਾਂ, ਰੋੜਿਆਂ, ਵੱਟਿਆਂ ਨਾਲ ਹੀ ਮਾਰ ਲੈਂਦੇ ਨੇ। ੧੦।

ਐਸ ਅਚੰਭਾ ਊਹਾਂ ਭਇਆ॥ ਉਥੇ ਐਹੋ ਜਿਹੀ (ਅਚੰਭਾ) ਹੈਰਾਨਗੀ ਦੀ ਗੱਲ ਹੋਈ ਹੈ।

ਉਨਕੋ ਸ਼ਸਤਰ ਨਾਹਿ ਚੁਭਇਆ॥ (ਉਨਕੋ) ਸਿੰਘਾਂ ਦੇ ਉਨ੍ਹਾਂ ਦਾ ਸ਼ਸਤ੍ਰ ਚੁਭਦਾ ਵੀ ਨਹੀਂ ਹੈ, ਇਹ ਅਚੰਭਾ ਉਥੇ ਹੋਇਆ ਹੈ।

ਤੌ ਪਿੰਡ ਲੋਕਨ ਲੀਨੋ ਜਾਚ॥ ਤਾਂ ਪਿੰਡ ਦੇ ਲੋਕਾਂ ਨੇ ਇਹ (ਜਾਚ) ਸਮਝ ਲਿਆ।

ਹੈ ਬੰਦੇ ਮੇਂ ਬਰਕਤ ਸਾਚ॥੧੧॥ ਕਿ ਬੰਦੇ ਬਹਾਦਰ ਵਿਚ (ਬਰਕਤ) ਸਮਰੱਥਾ ਤਾਕਤ ਹੈ, ਸੱਚੀ ਗੱਲ ਹੈ। ਕਿ ਉਨ੍ਹਾਂ ਦੇ ਸ਼ਸਤ੍ਰ ਦਾ ਸਿੰਘਾਂ 'ਤੇ ਕੋਈ ਅਸਰ ਨਹੀਂ ਹੁੰਦਾ ਤੇ ਸਿੰਘਾਂ ਨੇ ਡਾਂਗਾਂ ਸੋਟਿਆਂ ਨਾਲ ਹੀ ਉਨ੍ਹਾਂ ਨੂੰ ਕਾਬੂ ਕਰ ਲਿਆ ਹੈ। ੧੧।

ਤਬ ਉਨ ਲੋਕਨ ਸ਼ਸਤ੍ਰ ਸੰਭਾਰੇ॥ ਫਿਰ ਉਨ੍ਹਾਂ ਨਗਰ ਨਿਵਾਸੀਆਂ ਨੇ ਵੀ ਆਪਣੇ ਸ਼ਸਤ੍ਰ ਸੰਭਾਲ ਲਏ, ਆਪਣੇ ਸ਼ਸਤ੍ਰ ਚੁੱਕੇ ਹਨ ਧਾੜਵੀਆਂ ਨੂੰ ਮਾਰਨ ਵਾਸਤੇ।

ਲਏ ਧਾੜਵੀ ਉਨ ਬਹੁ ਮਾਰੇ॥ ਫੇਰ ਪਿੰਡ ਵੀ ਹੱਲਾ ਕਰ ਕੇ ਆ ਗਿਆ ਉਨ੍ਹਾਂ ਪਿੰਡ ਵਾਸੀਆਂ ਨੇ ਬਹੁਤ ਸਾਰੇ ਧਾੜਵੀਆਂ ਨੂੰ ਮਾਰ ਮੁਕਾਇਆ।

ਹੁਤੇ ਪੰਚ ਜੋ ਕੈਦੇ ਕਰੇ॥ ਜਿਹੜੇ ਪਿੰਡ ਦੇ ਪੈਂਚਾਂ ਨੂੰ ਬੰਦੇ ਬਹਾਦਰ ਨੇ ਕੈਦ ਕੀਤਾ ਹੋਇਆ ਸੀ।

ਛੋਡ ਦਏ ਤੇ ਉਨ ਬਹੁ ਫਰੇ॥੧੨॥ ਉਹਨਾਂ ਪੰਚਾਇਤੀਆਂ ਨੂੰ ਛੱਡ ਦਿੱਤਾ ਹੈ, ਫੇਰ ਉਨ੍ਹਾਂ ਪਿੰਡ ਦੇ ਪੰਚਾਇਤੀਆਂ ਨੇ ਬਹੁਤ ਸਾਰੇ ਧਾੜਵੀਆਂ ਨੂੰ ਫੜ ਲਿਆ ਹੈ। ੧੨।

ਦੋਹਰਾ॥ ਕਿਛੁ ਪਕੜੇ ਕਿਛੁ ਮਰ ਗਏ, ਕਿਛੁ ਸ਼ਸਤ੍ਰ ਗਏ ਖੁਹਾਇ॥ ਉਨ੍ਹਾਂ ਧਾੜਵੀਆਂ ਵਿਚੋਂ ਕੁਛ ਫੜ ਲਏ, ਕੁਛ ਮਾਰੇ ਗਏ ਤੇ ਕਈ ਆਪਣੇ ਸ਼ਸਤ੍ਰ ਖੁਹਾ ਕੇ ਭੱਜ ਗਏ।

ਤਬ ਬੰਦੈ ਫਿਰ ਯੌਂ ਕਹਯੋ, 'ਚੜ੍ਹ ਮਾਰੋ ਉਸੈ ਗਿਰਾਇ'॥੧੩॥ ਫੇਰ ਬੰਦੇ ਬਹਾਦਰ ਨੇ ਕਿਹਾ ਕਿ ਚਲੋ ਜਿਹੜੇ ਪਿੰਡੋਂ ਇਹ ਧਾੜ ਚੜ੍ਹ ਕੇ ਆਈ ਸੀ, ਉਸ ਪਿੰਡ ਨੂੰ ਚੜ੍ਹ ਕੇ ਮਾਰੀਏ। ੧੩।

ਚੌਪਈ॥ ਤਬਹ ਸਿੰਘ ਉਠ ਗੈਲੇ ਗਏ॥ ਤਦ ਸਿੰਘ ਉਠ ਕੇ (ਗੈਲੇ) ਮਗਰੇ ਲਗ ਗਏ, ਚਲੋ ਜਿਥੇ ਨੂੰ ਭੱਜ ਕੇ ਧਾੜ ਜਾਂਦੀ ਹੈ।

ਪਿੰਡ ਛੋਡ ਵਹਿ ਅਗੇ ਨਠਏ॥ ਜਿਹੜੇ ਪਿੰਡੋਂ ਧਾੜਵੀ ਚੜ੍ਹ ਕੇ ਆਏ ਸਨ, ਉਹ ਪਿੰਡੋਂ ਦੇਖਣ ਵਾਸਤੇ ਆਏ, ਅੱਗੇ ਜਦੋਂ ਸਿੰਘਾਂ ਨੂੰ ਵੇਖਿਆ, ਕਿ ਇਹ ਤਾਂ ਉਹੀ ਹਨ, ਜਿਨ੍ਹਾਂ ਨੇ ਪਿਛਲੇ ਪਿੰਡ ਮਾਰਿਆ ਸੀ, ਤਾਂ ਸਿੰਘਾਂ ਨੂੰ ਦੇਖ ਕੇ ਉਹ ਆਪਣਾ ਪਿੰਡ ਛਡ ਕੇ ਭੱਜ ਨਿਕਲੇ।

ਲੁਟ ਪਿੰਡ ਉਸ ਡੇਰਾ ਕਯੋ॥ ਸਿੰਘਾਂ ਨੇ ਉਹ ਪਿੰਡ ਲੁੱਟ ਲਿਆ ਅਤੇ ਉਥੇ ਹੀ ਡੇਰਾ ਕਰ ਲਿਆ ਆਪਣਾ।

ਬੰਦੈ ਕੋ ਅਤ ਦਾਬੋ ਭਯੋ॥੧੪॥ ਫੇਰ ਤਾਂ ਬੰਦੇ ਬਹਾਦਰ ਦਾ ਦਾਬਾ ਪੈ ਗਿਆ, ਇਹ ਤਾਂ ਲੁੱਟਣ ਆਈ ਧਾੜ ਨੂੰ ਵੀ ਲੁੱਟ ਲੈਂਦੇ ਨੇ, ਸਾਰੇ ਬਾਂਗਰ ਵਿਚ ਇਸ ਤਰ੍ਹਾਂ ਦਬਦਬਾ ਪੈ ਗਿਆ। ੧੪।

ਬਾਂਧ ਬੰਦੈ ਨੇ ਸਭ ਛਡ ਦਈ॥ ਉਹ ਜਿੰਨੀ ਬਾਂਧ ਕੀਤੀ ਸੀ, ਫੜੇ ਸੀ ਸਭ ਛੱਡ ਦਿੱਤੇ, ਜਾਣ ਦਿਉ ਇਹਨਾਂ ਨੂੰ, ਸਾਰਿਆਂ ਨੂੰ ਛੱਡ ਕੇ ਭਜਾ ਦਿੱਤਾ।

ਉਨੈਂ ਉਤੈ ਫਿਰ ਕਿਰਪਾ ਕਈ॥ ਉਨ੍ਹਾਂ ਉਤੇ ਫੇਰ ਕਿਰਪਾ ਕਰ ਦਿੱਤੀ, ਖਾਲਸਾ ਦਿਆਲੂ ਹੈ ਨਾ! ਕਿਸੇ ਨਾਲ ਵੈਰ ਵਿਰੋਧ ਤਾਂ ਹੈ ਨਹੀਂ, ਸੁਮਤਿ ਦੇਣ ਵਾਸਤੇ ਆਏ ਸੀ ਪਹਿਲਾਂ ਫੜੇ, ਕਾਰਜ ਰਾਸ ਕਰ ਕੇ ਛਡ ਦਿੱਤੇ ਜਾਣ ਦਿਉ ਇਹਨਾਂ ਨੂੰ ਆਪਾਂ ਕੁਛ ਨਹੀਂ ਕਹਿਣਾ।

ਬੰਦੇ ਕਹੀ 'ਇਨ ਚੀਜ਼ ਭੀ ਦੇਵੋ॥ ਬੰਦਾ ਸਿੰਘ ਬਹਾਦਰ **ਸਿੰਘਾਂ ਨੂੰ ਕਹਿਣ** ਲੱਗਾ, ਖਾਲਸਾ ਜੀ! ਜੋ ਇਸ ਪਿੰਡ ਦਾ ਆਪਾਂ ਸਾਮਾਨ ਲੁੱਟਿਆ, ਉਹ ਵੀ ਵਾਪਸ ਕਰ **ਦਿਉ, ਚਲੋ ਜਾਣ ਦਿਉ** ਮਾਫ ਕਰ ਦਿਉ।

ਚਾਂਦੀ ਸੋਇਨੋ ਔ ਧਾਤ ਰਖੇਵੋ॥੧੫॥ ਚਾਂਦੀ ਸੋਨਾ ਤੇ ਹੋਰ ਕੋਈ ਧਾਤ, ਤਾਂਬਾ ਪਿੱਤਲ ਆਦਿ ਰੱਖ ਲਵੋ। ੧੫।

ਦੋਹਰਾ॥ ਤਬ ਬੰਦਾ ਕੰਧ ਪੈ ਚੜ੍ਹਯੋ, ਲਾਤਨ ਕੂਟੀ ਸੋਇ॥ ਇਹ ਕਾਰਜ ਕਰਕੇ ਕੌਤਕ ਕਰਕੇ, ਬੰਦਾ ਬਹਾਦਰ ਕੰਧ 'ਤੇ ਸਵਾਰ ਹੋ ਗਿਆ ਅਤੇ ਜਿਵੇਂ ਘੋੜੇ ਨੂੰ ਅੱਡੀਆਂ ਲਾਈ ਦੀਆਂ ਹਨ। ਇਉਂ ਲੱਗ ਪਿਆ ਕਰਨ, ਜਿਵੇਂ ਘੋੜਿਆਂ 'ਤੇ ਚੜ੍ਹੀਦਾ ਹੈ, ਉਦੋਂ ਪੈਦਲ ਹੀ ਹੋਣਗੇ ਵਿਚਾਰੇ। ਪੈਦਲ ਹੀ ਤੁਰਿਆ ਆਉਂਦਾ ਸੀ ਖਾਲਸਾ। ਇਉਂ ਕੰਧ 'ਤੇ ਚੜ੍ਹ ਕੇ, ਘੋੜੇ ਵਾਂਗ ਅੱਡੀਆਂ ਲਾਈਆਂ ਕੰਧ ਨੂੰ।

ਆਵਤ ਘੋੜੇ ਦਿਸਤ ਹੈਂ, ਕਿੱਲੇ ਘੜਾਵੈ ਤੋਇ॥੧੬॥ ਬੰਦਾ ਬਹਾਦਰ ਕਹਿਣ ਲੱਗਾ ਖਾਲਸਾ ਜੀ! ਮੈਨੂੰ ਘੋੜੇ ਆਉਂਦੇ ਦਿਸਦੇ ਹਨ ਘੋੜੇ ਆ ਰਹੇ ਹਨ, ਉਨ੍ਹਾਂ ਘੋੜਿਆਂ ਨੂੰ ਬੰਨ੍ਹਣ ਵਾਸਤੇ ਕਿੱਲੇ ਘੜਵਾਓ। ੧੬।

ਚੌਪਈ॥'ਤਬ ਬੰਦੇ ਨੇ ਊਚ ਉਚਾਰੀ॥ ਤਾਂ ਬੰਦੇ ਨੇ ਉੱਚੀ ਅਵਾਜ਼ ਵਿਚ ਸਿੰਘਾਂ ਨੂੰ ਕਿਹਾ ਹੈ।

ਕਿੱਲੇ ਰੱਸਨ ਕੀ ਕਰੋ ਤਿਆਰੀ॥ ਖਾਲਸਾ ਜੀ! ਘੋੜਿਆਂ ਨੂੰ ਬੰਨ੍ਹਣ ਵਾਸਤੇ ਰੱਸੇ ਤਿਆਰ ਕਰੋ, ਕਿੱਲੇ ਤਿਆਰ ਕਰੋ ਬਹੁਤ ਘੋੜੇ ਆ ਰਹੇ ਨੇ ਤੁਹਾਡੇ ਵਾਸਤੇ।

ਆਵੈਂ ਘੋੜੇ ਆਪਹਿ ਅਬੀ॥ ਹੁਣੇ ਹੀ ਥੋੜੇ ਚਿਰ ਨੂੰ ਘੋੜੇ ਆਪ ਹੀ ਤੁਹਾਡੇ ਕੋਲ ਆ ਜਾਣਗੇ।

ਢੀਲ ਨ ਕਰਨੀ ਫੜ ਲਯਾਯੋ ਤਬੀ ॥੧੭॥ ਢਿੱਲ ਨਾ ਕਰਿਓ, ਜਦੋਂ ਘੋੜੇ ਤੁਹਾਡੇ ਕੋਲ ਆਉਣ, ਉਦੋਂ ਹੀ ਫੜ ਲੈਣੇ ਹਨ ਤੁਸੀਂ। ੧੭।

ਕਹਿਤ ਬੰਦਾ ਜਬ ਐਸੇ ਭਯਾ॥ ਜਦੋਂ ਬੰਦਾ ਸਿੰਘ ਨੇ ਇਸ ਤਰ੍ਹਾਂ ਹੁਕਮ ਕੀਤਾ।

ਜਤਨ ਖਾਲਸੇ ਸੋਈ ਕਯਾ॥ ਖਾਲਸੇ ਨੇ ਉਦੋਂ ਹੀ ਉੱਦਮ ਕਰ ਲਿਆ. ਪਿੰਡ ਵਿਚ ਤਾਂ ਉਤਰੇ ਹੀ ਸਨ, ਉਦੋਂ ਹੀ ਕਾਰੀਗਰ ਸੱਦ ਕੇ ਕਿੱਲੇ ਘੜਵਾਉਣੇ ਸ਼ੁਰੂ ਕਰ ਦਿੱਤੇ।

ਲੋਕ ਚੁਫੇਰੇ ਬੰਦੇ ਘੱਲੇ॥ ਚਾਰ ਚੁਫੇਰੇ ਪਿੰਡਾਂ ਦੇ ਲੋਕਾਂ ਕੋਲ ਆਪਣੇ ਬੰਦੇ ਭੇਜੇ ਹਨ ਸੁਨੇਹੇ ਭੇਜੇ ਹਨ ਲੋਕਾਂ ਨੂੰ।

ਆਇ ਕਰੋ ਹਮ ਸੋਂ ਸਭ ਗੱਲੇ॥੧੮॥ ਆਓ ਮੇਰੇ ਨਾਲ ਗੱਲ ਕਰ ਲਵੋ ਸਾਰੇ, ਨਹੀਂ ਯਾਦ ਕਰੋ ਇਕੱਲੇ ਇਕੱਲੇ ਨੂੰ ਫੜ ਲਵਾਂਗਾ, ਇਕੱਲੇ ਇਕੱਲੇ ਤੋਂ ਮਾਮਲਾ ਲੈਣਾ ਹੈ ਆਓ ਮੇਰੇ ਨਾਲ ਗੱਲ ਤਹਿ ਕਰੋ। ੧੮।

ਦੁੱਧ ਦਹੀਂ ਘ੍ਰਿਤ ਹਮ ਲੈ ਮਿਲੈਂ॥ ਜੋ ਘਰਾਂ ਵਿਚ ਪਦਾਰਥ ਹੁੰਦਾ ਹੈ, ਦੁਧ, ਦਹੀਂ, ਘਿਉ ਆਦਿਕ ਲੈ ਕੇ ਸਾਨੂੰ ਮਿਲੋ।

ਔਰ ਨ ਮੰਗੋ ਜੌ ਹਮ ਸੰਗ ਭਿਲੈਂ॥ ਜਿਹੜਾ ਸਾਡੇ ਨਾਲ ਮਿਲ ਜਾਵੇਗਾ, ਅਸੀਂ ਹੋਰ ਨਹੀਂ ਉਸਤੋਂ ਕੋਈ ਚੀਜ਼ ਲੈਂਦੇ, ਮਾਮਲੇ ਦੀ ਥਾਂ ਦੁਧ, ਦਹੀਂ, ਘਿਉ, ਅਨਾਜ ਆਦਿਕ ਲਵਾਂਗੇ।

ਦੇਊ ਤੁਮਕੋ ਮੁਲਕ ਮਿਲਾਇ॥ ਤੁਹਾਨੂੰ ਮੁਲਕ ਮਿਲਾ ਦੇਵਾਂਗੇ, ਜੋ ਕੋਈ ਹਾਕਮ ਠਾਕੁਰ ਤੁਹਾਨੂੰ ਹੋਰ ਮੁਲਕ ਦੇ ਕਬਜ਼ਾ ਕਰਾ ਦਿਆਂਗਾ।

ਹੋਵੋ ਖਾਲਸੋ ਤੁਮ ਭੀ ਆਇ॥੧੯॥ ਤੁਸੀਂ ਵੀ ਆ ਕੇ ਖਾਲਸੇ ਹੋਵੋ ਭਾਵ ਸਿੰਘ ਸਜੋ ਆ ਕੇ ਤੇ ਗੁਰੂ ਦੀ ਅਕਾਲੀ ਫੌਜ ਵਿਚ ਭਰਤੀ ਹੋਵੋ। ੧੯।

ਦੋਹਰਾ॥ ਕੌਣ ਮੰਨੇ ਬਿਨ ਭਾਗਿਓਂ, ਭਏ ਫਰਯਾਦੀ ਜਾਇ॥ ਪਿੰਡਾਂ ਵਾਲਿਆਂ ਨੂੰ ਸੁਨੇਹਾ ਤਾਂ ਘੱਲਿਆ, ਆਓ ਤੁਹਾਡੀ ਮਦਦ ਕਰਦੇ ਹਾਂ, ਤੁਹਾਨੂੰ ਰਾਜ ਦਿੰਦੇ ਹਾਂ, ਪਰ ਭਾਗਾਂ ਤੋਂ ਬਿਨਾਂ ਕੌਣ ਮੰਨੇ, ਉਨ੍ਹਾਂ ਦੇ ਕਰਮਾਂ ਵਿਚ ਤਾਂ ਹੈ ਨਹੀਂ ਸੀ ਕੁਝ, ਉਲਟਾ ਜਾ ਕੇ ਆਪਣੇ ਹਾਕਮ ਕੋਲ ਫਰਿਆਦੀ ਹੋਏ, ਫਰਿਆਦ ਕਰਨ ਵਾਸਤੇ ਗਏ।

ਕੈਂਥਲ ਮੇਂ ਫੁਜਦਾਰ ਥੋ, ਲਯਾਏ ਤਿਸੇ ਚੜ੍ਹਾਇ॥੨੦॥ ਜੋ ਹਰਿਆਣੇ ਵਿਚ ਅੱਜ ਕੱਲ੍ਹ ਕੈਂਥਲ ਹੈ, ਇਥੇ ਕਿਲ੍ਹੇ ਹਨ ਉਥੇ ਫੌਜਦਾਰ ਹੁੰਦਾ ਸੀ ਉਹ ਮੁਗਲਾਂ ਦੇ ਮਤਹਿਤ ਸੀ, ਉਦੋਂ ਚੌਧਰਾਂ ਹੁੰਦੀਆਂ ਸੀ ਮੁਗਲਾਂ ਦੀਆਂ, ਇਹ ਚੌਧਰੀ ਲੋਕ ਹਾਕਮ ਠਹਿਰਾਏ ਹੋਏ ਸੀ ਔਰ ਰਾਜ ਦਾ ਮਾਮਲਾ ਇਕੱਠਾ ਕਰ ਕੇ ਉਹ ਦਿੱਲੀ ਪਹੁੰਚਦਾ ਕਰਦੇ। ਉਥੋਂ ਫੌਜਦਾਰ ਨੂੰ ਚੜ੍ਹਾ ਕੇ ਲੈ ਆਏ। ੨੦।

ਚੌਪਈ॥ ਕੈਥਲ ਮੇਂ ਖੱਤ੍ਰੀ ਫੁਜਦਾਰ॥ ਕੈਂਥਲ ਵਿਚ ਫੌਜਦਾਰ ਖੱਤ੍ਰੀ ਬਰਨ ਵਿਚੋਂ ਸੀ।

ਕਰਤ ਉਗ੍ਰਾਹੀ ਫੌਜ ਥੋ ਦਾਰ॥ ਇਹ ਫੌਜਦਾਰ ਏਸ ਇਲਾਕੇ ਦੀ ਉਗਰਾਹੀ ਕਰਦਾ ਹੁੰਦਾ ਸੀ।

'ਫਕੀਰ ਬੰਦੇ ਹਮ ਲੀਨੇ ਮਾਰ॥ ਜਾ ਕੇ ਕਹਿਣ ਲੱਗੇ ਕਿ ਬੰਦੇ ਨਾਮੀ ਫਕੀਰ ਨੇ ਸਾਨੂੰ ਮਾਰ ਲਿਆ, ਲੁੱਟ ਲਿਆ, ਕਿਹਾ ਤਾਂ ਏਸ ਤਰ੍ਹਾਂ ਸੀ ਕਿ ਅਸੀਂ ਤੁਹਾਡੇ ਤੋਂ ਕੋਈ ਮਾਮਲਾ ਨਹੀਂ ਲੈਂਦੇ, ਦਹੀਂ ਦੁਧ ਹਾਜ਼ਰ ਕਰ ਦਿਆ ਕਰੋ। ਅਤੇ ਉਹ ਹੁਣ ਫੌਜਦਾਰ ਨੂੰ ਕਹਿੰਦੇ ਹਨ ਕਿ ਉਗਰਾਹੀ ਤਾਂ ਮਾਮਲੇ ਦੀ ਬੰਦੇ ਫਕੀਰ ਨੇ ਕਰ ਲਈ ਹੈ, ਪਤਾ ਨਹੀਂ ਸਾਨੂੰ ਤਾਂ ਉਹ ਕੌਣ ਹੈ।

ਐਸੀ ਲੋਕਨ ਕਰੀ ਪੁਕਾਰ' ॥੨੧॥ ਏਸ ਤਰ੍ਹਾਂ ਲੋਕਾਂ ਨੇ ਜਾ ਹਾਕਮ ਕੋਲ ਪੁਕਾਰ ਕੀਤੀ। ੨੧।

'ਉਗਰਾਹੀ ਬੰਦ ਬੰਦੈ ਤੁਹਿ ਕਰੀ' ॥ ਕਹਿਣ ਲੱਗੇ ਫੌਜਦਾਰ ਜੀ! ਤੁਹਾਡੀ ਉਗਰਾਹੀ ਤਾਂ ਬੰਦੇ ਨੇ ਬੰਦ ਕਰ ਦਿੱਤੀ ਹੈ, ਹੁਣ ਅਸੀਂ ਉਸਨੂੰ ਦੇਈਏ ਜਾਂ ਤੁਹਾਨੂੰ ਦੇਈਏ, ਏਸ ਵਾਸਤੇ ਇੰਤਜ਼ਾਮ ਕਰੋ ਉਹਦਾ।

ਚੜ੍ਹਯੋ ਸੁਨਤ ਵਹਿ ਉਸ ਹੀ ਘਰੀ॥ ਕਹਿੰਦਾ ਮੈਨੂੰ ਵਿਖਾਓ! ਕੌਣ ਹੈ ਉਹ? ਉਸੇ ਘੜੀ ਫੌਜ ਲੈ ਚੜ੍ਹ ਪਿਆ ਹੈ ਉਹ।

'ਪਕਰੋਂ ਉਸ ਅਰ ਲੇਵੋਂ ਲੂਟ॥ ਉਸਨੂੰ ਮੈਂ ਹੁਣੇ ਪਕੜਦਾ ਹਾਂ, ਨਾਲੇ ਉਸਦਾ ਡੇਰਾ ਲੁੱਟਾਂਗਾ। ਜੋ ਸ਼ਾਹੀ ਮਾਮਲਾ ਉਗਰਾਹੁੰਦਾ ਹੈ।

ਕਹਯੋ ਮੁਲਕ ਤੁਮ ਦੀਨੀ ਛੂਟ' ॥੨੨॥ ਮੁਲਕ ਵਾਲਿਆਂ ਨੂੰ ਕਹਿਣ ਲੱਗਾ ਫੌਜਦਾਰ ਕਿ ਤੁਹਾਨੂੰ (ਛੂਟ) ਆਗਿਆ ਹੈ, ਫੜ ਲਉ ਉਸਨੂੰ, ਲੁੱਟ ਲਵੋ, ਕਿਤੇ ਚਲਿਆ ਨਾ ਜਾਏ ਕਿਸੇ ਪਾਸੇ। ੨੨।

ਯੌ ਕਹਿ ਚੜ੍ਹਿਓ ਕੀਨੀ ਧਾਈ॥ ਇਉਂ ਕਹਿ ਕੇ ਕੈਂਥਲ ਦਾ ਖੱਤ੍ਰੀ ਫੌਜਦਾਰ ਫੌਜ ਲੈ ਕੇ ਚੜ੍ਹ ਪਿਆ, ਬੰਦੇ ਬਹਾਦਰ 'ਤੇ ਧਾਵਾ ਬੋਲਣ ਵਾਸਤੇ।

ਬੰਦੇ ਢਿਗ ਵਹਿ ਪਹੁੰਚਯੋ ਆਈ॥ ਜਿਥੇ ਬੰਦਾ ਬਹਾਦਰ ਉਤਰਿਆ ਹੋਇਆ ਸੀ, ਉਥੇ ਆ ਪਹੁੰਚਾ ਹੈ ਫੌਜਦਾਰ।

ਉਠ ਬੰਦਾ ਵਿਚ ਕੰਧਨ ਵਰਯੋ॥ ਬੰਦੇ ਨੇ ਸਿੰਘਾਂ ਨੂੰ ਇਸ਼ਾਰਾ ਕੀਤਾ, ਉਠ ਕੇ ਜੋ ਢਹੇ ਹੋਏ ਕੱਚੇ ਘਰ ਸਨ ਜਿਨ੍ਹਾਂ ਦੀਆਂ ਇਕੱਲੀਆਂ ਕੰਧਾਂ ਹੀ ਖੜ੍ਹੀਆਂ ਸਨ, ਉਨ੍ਹਾਂ ਖੋਲਿਆਂ ਵਿਚ ਸਿੰਘਾਂ ਸਮੇਤ ਜਾ ਵੜਿਆ ਹੈ।

ਕੋਈ ਨ ਨੱਠਨ ਜਤਨ ਯੌ ਕਰਯੋ॥੨੩॥ ਇਉਂ ਕਿਸੇ ਨੇ ਵੀ ਭੱਜਣ ਦੀ ਕੋਈ ਕੋਸ਼ਿਸ਼ ਨਹੀਂ ਕੀਤੀ। ੨੩।

ਜੋਊ ਜਤਨ ਥੋ ਬੰਦੈ ਕਮਾਯੋ॥ ਜੋ ਬੰਦੇ ਬਹਾਦਰ ਨੇ ਅੰਦਰ (ਸਲਾਹ) ਇਰਾਦਾ ਕੀਤਾ ਸੀ।

ਸੋਊ ਬੰਦੈ ਸੋ ਸਿੰਘਨ ਸਮਝਾਯੋ॥ ਸਿੰਘਾਂ ਨੂੰ ਸਮਝਾ ਦਿੱਤਾ ਜਦੋਂ ਆਪਣੇ ਮਗਰ ਅੰਦਰ ਵੜਨਗੇ, ਉਦੋਂ ਆਪਾਂ ਇਹਨਾਂ 'ਤੇ ਹੱਲਾ ਬੋਲਣਾ ਹੈ, ਉਦੋਂ ਘੋੜੇ ਖੋਹਣੇ ਹਨ ਇਹਨਾਂ ਦੇ।

ਆਏ ਅਸਵਾਰ ਸਾਥ ਸੌ ਚਾਰ॥ ਇਸ ਫੌਜਦਾਰ ਨਾਲ ਚਾਰ ਸੌ ਘੋੜ ਸਵਾਰ ਫੌਜ ਸੀ।

ਲੂਟਨ ਆਏ ਬਾਂਗਰ ਵਾਰ॥੨੪॥ ਹੋਰ ਜੋ ਬਾਂਗਰ ਵਾਲੇ ਲੋਕ ਸਨ ਲੁੱਟਣ ਵਾਸਤੇ ਆਏ ਸਨ ਉਹ ਇਸ ਤੋਂ ਅਲਹਿਦਾ ਸਨ, ਉਹ ਪਿੰਡਾਂ ਦੇ ਲੋਕ ਵੀ ਚੜ੍ਹ ਕੇ ਆਏ। ੨੪।

ਦੋਹਰਾ॥ ਟੋਲਤ ਆਪਹਿ ਤਹਿ ਗਯੋ, ਜਹਿ ਬੈਠੋ ਬੰਦਾ ਲੁੱਕ॥ ਬੰਦਾ ਬਹਾਦਰ ਜਿਥੇ ਖੋਲਿਆਂ ਵਿਚ ਲੁਕ ਕੇ ਬੈਠਾ ਸੀ, ਫੌਜਦਾਰ ਉਹਨੂੰ ਲੱਭਦਾ ਲੱਭਦਾ ਆਪ ਹੀ ਉਥੇ ਪਹੁੰਚ ਗਿਆ।

ਲਖਯੋ ਸੁ ਮੰਦਾ ਬੋਲਣੇ, ਰਹਯੋ ਬੰਦਾ ਕਰ ਚੁੱਪ॥੨੫॥ ਫੌਜਦਾਰ ਮੰਦਾ ਬੋਲਣ ਲੱਗਿਆ, ਓ ਕੌਣ ਆ ਤੂੰ? ਕੀ ਨਾਂਅ ਤੇਰਾ? ਕਿਉਂ ਲੁੱਟਦਾ ਲੋਕਾਂ ਨੂੰ? ਕਿਵੇਂ ਤੂੰ ਮਾਮਲੇ ਮੰਗਦਾਂ? ਅੱਗੋਂ ਬੰਦਾ ਚੁਪ ਕਰ ਰਿਹਾ, ਹੋਰ ਨੇੜੇ ਆ ਜਾਣ ਦਿਉ, ਜਦੋਂ ਏਸ ਤਰ੍ਹਾਂ ਅੱਗੋਂ ਗਾਲ੍ਹ ਮੰਦਾ ਕੋਈ ਨਾ ਬੋਲਿਆ ਤੇ ਨਾ ਹੱਲਾ ਕੀਤਾ। ੨੫।

ਬੰਦੈ ਨੈ ਸਮਝਯੋ ਤਬੈ, ਸਭ ਵੜੈ ਇੜੱਕੈ ਆਇ॥ ਬੰਦਾ ਸਿੰਘ ਨੇ ਸਮਝ ਲਿਆ ਕਿ ਹੁਣ ਸਾਰੇ ਹੀ ਸਾਡੇ ਮਗਰ ਖੋਲਿਆਂ ਵਿਚ ਵੜ ਗਏ ਹਨ ਅਤੇ ਹੁਣ ਅੜਿਕੇ ਆਇ ਹਨ, ਹੁਣ ਫੜ ਲਈਏ ਇਨ੍ਹਾਂ ਨੂੰ।

ਤਉ ਸਾਰਤ ਸਿੰਘਨ ਕਈ, 'ਲੁੱਟੋ ਇਨੈ ਬਨਾਇ'॥੨੬॥ ਤਾਂ ਬੰਦਾ ਸਿੰਘ ਨੇ (ਸਾਰਤ) ਸੈਨਤ, ਇਸ਼ਾਰਾ ਕੀਤਾ ਕਿ ਹੁਣ ਲੁੱਟੋ ਇਨ੍ਹਾਂ ਨੂੰ ਬਣਾ ਕੇ। ੨੬।

ਚੌਪਈ॥ ਉਠੇ ਸਿੰਘ ਬਾਗਨ ਲਪਟਾਇ॥ ਸਿੰਘ ਉਠ ਕੇ ਘੋੜਿਆਂ ਦੀਆਂ ਵਾਗਾਂ ਨੂੰ ਚੰਬੜ ਗਏ ਹਨ। ਉਹ ਸਵਾਰ ਸਨ, ਸਿੰਘ ਹੇਠਾਂ ਪੈਦਲ ਸਨ।

ਤੁਰੈਂ ਨ ਘੋੜੇ ਰਹੇ ਤੁਰਾਇ॥ ਜਦੋਂ ਸਿੰਘਾਂ ਨੇ ਉਹਨਾਂ ਦੇ ਘੋੜਿਆਂ ਦੀਆਂ ਵਾਗਾਂ ਪਕੜ ਲਈਆਂ ਤਾਂ ਹੁਣ ਤੁਰਕ ਘੋੜਿਆਂ ਨੂੰ ਅੱਡੀਆਂ ਲਾਉਂਦੇ ਹਨ ਘੋੜੇ ਨਹੀਂ ਤੁਰਦੇ, ਐਸਾ ਮੰਤ੍ਰ ਮਾਰ ਦਿੱਤਾ।

ਜੋ ਊਪਰ ਤੇ ਸ਼ਸਤ੍ਰ ਚਲਾਵਨ॥ ਜੇ ਉਪਰੋਂ ਸ਼ਸਤ੍ਰ ਚਲਾਉਂਦੇ ਨੇ ਕੋਈ ਤਲਵਾਰ ਚਲਾਉਂਦਾ, ਕੋਈ ਬਰਛੀ ਚਲਾਉਂਦਾ।

ਉਨਕੇ ਸ਼ਸਤ੍ਰ ਨ ਸਿੰਘਨ ਘਾਵਨ॥੨੭॥ ਉਹਨਾਂ ਦੇ ਸ਼ਸਤ੍ਰਾਂ ਨਾਲ ਸਿੰਘਾਂ ਨੂੰ ਕੋਈ ਫੱਟ ਹੀ ਨਹੀਂ ਲੱਗਦਾ ਹੈ, ਸ਼ਸਤ੍ਰ ਖੁਭਦੇ ਹੀ ਨਹੀਂ ਸਿੰਘਾਂ ਦੇ, ਸਭ ਸ਼ਸਤ੍ਰਾਂ ਦੀ ਧਾਰ ਬੰਦੀ ਕਰ ਦਿੱਤੀ।

ਜੌ ਸਿੰਘ ਮਾਰੈਂ ਸੋਟਾ ਡਲਾ॥ ਜੋ ਸਿੰਘਾਂ ਕੋਲ (ਸੋਟਾ) ਸਲੋਤਰ ਜਾਂ ਡਲਾ ਚੁੱਕ ਕੇ ਮਾਰਦੇ ਹਨ ਖੋਲੇ ਵਿਚੋਂ।

ਉਨ ਤਨ ਲਾਗੈ ਦੁਖ ਦਾ ਭਲਾ॥ ਉਨ੍ਹਾਂ ਦੇ ਸਰੀਰ ਤੇ ਲੱਗ ਕੇ ਬਹੁਤਾ ਦੁਖ ਦਿੰਦਾ ਹੈ, ਸਲੋਤਰ ਜਾਂ ਡਲਾ ਉਨ੍ਹਾਂ ਦੇ ਵੱਜ ਕੇ, ਚੰਗੀ ਸੱਟ ਵਜਦੀ ਹੈ, ਜ਼ਖਮ ਖੋਲ੍ਹ ਦਿੰਦਾ ਹੈ।

ਜੇ ਨੱਠੈਂ ਤੋ ਨਠਨ ਨ ਪਾਵੈਂ॥ ਹੁਣ ਜੇ ਭੱਜਦੇ ਨੇ ਤਾਂ ਘੋੜੇ ਨਹੀਂ ਹਿਲਦੇ, ਭੱਜਣ ਕਿਧਰ ਨੂੰ, ਨਾ ਪਿਛਾਂਹ ਨਾ ਅਗਾਂਹ ਵਿਚਾਲੇ ਅੜਾ ਲਏ ਖੋਲਿਆਂ ਦੇ।

ਵਿਚ ਦੇ ਕੰਧਨ ਘੋੜਿਓਂ ਗਿਰਾਵੈਂ॥੨੮॥ ਜਦੋਂ ਸਿੰਘ ਘੋੜੇ ਦੀ ਵਾਗ ਨੂੰ ਖਿਚਦਾ, ਤਾਂ ਘੋੜਾ ਮਗਰ ਨੂੰ ਖਿੱਚਦਾ, ਇਸ

ਤਰ੍ਹਾਂ ਕੰਧਾਂ ਵਿਚ ਅੜਾ ਸਵਾਰ ਨੂੰ ਸੁੱਟਦੇ ਨੇ। ੨੮।

ਦੋਹਰਾ॥ ਫੌਜਦਾਰ ਸੋ ਫੜ ਲਯੋ, ਘੋੜਯੋਂ ਲਯੋ ਉਤਾਰ॥ ਖੱਤਰੀ ਫੌਜਦਾਰ ਨੂੰ ਘੋੜੇ ਤੋਂ ਲਾਹ ਕੇ ਫੜ ਲਿਆ।

ਜਿਤਨਾ ਮੰਦਾ ਬੋਲਿਓ, ਉਤਨੀ ਕਰੀ ਉਸ ਮਾਰ॥੨੯॥ ਜਿਵੇਂ ਉਹ ਬੰਦਾ ਬਹਾਦਰ ਨੂੰ ਮੰਦਾ ਬੋਲਦਾ ਸੀ, ਗਾਲ੍ਹ ਆਦਿਕ ਦਿੰਦਾ ਸੀ, ਉਨਾਂ ਹੀ ਛਿੱਤਰ ਫੇਰਿਆ, ਚੰਗੀ ਮਾਰ ਕੁਟਾਈ ਕੀਤੀ ਉਸਦੀ। ੨੯।

ਚੌਪਈ॥ ਮਿਹਰ ਫੇਰ ਉਸ ਬੰਦੈ ਕਈ ॥ ਬੰਦੇ ਬਹਾਦਰ ਦੇ ਦਿਲ ਵਿਚ ਫੇਰ ਰਹਿਮ ਆ ਗਿਆ, ਉਸ ਫੌਜਦਾਰ ਤੇ ਫੇਰ ਮਿਹਰ ਕਰ ਦਿੱਤੀ।

ਫਿਰ ਫੁਜਦਾਰੀ ਉਸਦੀ ਦਈ॥ ਜਾਹ ਓਇ ਨਿਕੰਮਿਆਂ ਅਸੀਂ ਤਾਂ ਦੁਸ਼ਟਾਂ ਨੂੰ ਮਾਰਨਾ, ਤੂੰ ਸਗੋਂ ਉਲਟਾ ਸਾਡੇ ਨਾਲ ਲੜਦਾ, ਬੇਵਕੂਫਾ ਕੁਛ ਸੋਚ ਤੇ ਸਹੀ, ਸਮਝ ਤਾਂ ਸਹੀ, ਮਦਦ ਕਰ ਸਿੰਘਾਂ ਦੀ, ਉਹਨੂੰ ਕਹਿਣ ਲੱਗੇ ਚਲਾ ਜਾ ਫੌਜਦਾਰੀ ਤੇਰੀ ਛੱਡੀ। ਜਾ ਤੁਰ ਜਾ, ਜਾ ਕੇ ਹਾਕਮੀ ਕਰ।

ਐਸ ਅਚੰਭੋ ਊਹਾਂ ਭਯੋ॥ ਐਸੀ ਹੈਰਾਨੀ ਵਾਲੀ ਗੱਲ ਹੋਈ ਉਥੇ, ਚੰਗੇ ਚੰਗੇ ਸ਼ਸਤ੍ਰ ਘੋੜੇ ਸਿੰਘਾਂ ਨੇ ਖੋਹ ਲਏ।

ਉਹੀ ਹਾਥ ਤੇ ਪੈਸਾ ਲਯੋ॥੩੦॥ ਉਹਦੇ ਹੱਥੀਂ ਲਿਆ ਪੈਸਾ, ਲਿਆ ਹਾਜ਼ਰ ਕਰ ਮਾਮਲਾ ਖਾਲਸੇ ਨੂੰ ਜਿਹੜਾ ਲੁੱਟ ਦਾ ਮਾਲ, ਮਾਮਲਾ ਉਗਰਾਹ ਕੇ ਲਿਆਇਆ ਸੀ, ਉਹਨੇ ਹਾਜ਼ਰ ਕਰ ਦਿੱਤਾ। ਲਉ ਮਹਾਰਾਜ! ਬੜੀ ਕਿਰਪਾ ਕੀਤੀ ਮੈਨੂੰ ਜਿਹੜਾ ਛੱਡ ਦਿੱਤਾ ਹੈ। ੩੦।

ਤਬੈ ਪਰੀ ਬੰਦੈ ਕੀ ਧਾਕ॥ ਫੇਰ ਤਾਂ ਸਾਰੇ ਬਾਂਗਰ ਦੇਸ਼ ਵਿਚ ਬੰਦੇ ਦੀ ਧਾਂਕ ਪੈ ਗਈ ਹੈ।

ਪਰੀ ਉਗ੍ਰਾਹੀ ਮੁਲਕ ਉਸ ਮਾਕ॥ ਮੁਲਕ ਵਿਚ ਜਿਹੜੀ ਉਸਦੀ ਉਗਰਾਹੀ ਕੀਤੀ ਪਈ ਸੀ।

ਉਸ ਹੀ ਗੈਲ ਸੁ ਫੌਜ ਲਗਾਈ॥ ਉਸੇ ਦੀ ਫੌਜ ਉਹਦੇ ਮਗਰ ਲਗਾ ਦਿੱਤੀ ਜਾਂ ਤੂੰ ਅੱਜ ਤੋਂ ਸਾਡੇ ਵਲੋਂ ਫੌਜਦਾਰ ਹੋਇਆ ਜਾ ਕੇ ਉਗਰਾਹੀ ਕਰ।

ਉਹੀ ਲਗੋ ਫਿਰ ਕਰਨ ਉਗ੍ਰਾਹੀ॥੩੧॥ ਉਹੀ ਆਖੇ ਲੱਗ ਕੇ ਲੱਗ ਪਿਆ ਉਗਰਾਹੀ ਕਰਕੇ ਬੰਦੇ ਬਹਾਦਰ ਦੇ ਖਜ਼ਾਨੇ ਵਿਚ ਪਾਉਣ। ੩੧।

ਅਥ ਗੁਰ ਪੰਥ ਪ੍ਰਕਾਸਿ ਗ੍ਰੰਥੇ। ਪ੍ਰਸੰਗ ਸੇਹਰ ਖੰਡੇ ਕਉ ਲਿਖਯਤੇ॥

ਸਾਖੀ ਪਿੰਡ ਸੇਹਰ ਖੰਡੇ ਕੀ

(ਸਿਹਰ ਖੰਡੇ ਤੋਂ ਸਿੰਘਾਂ ਨੂੰ ਚਿੱਠੀ। ਮਝੈਲਾਂ ਦਾ ਰੋਪੜ ਕੋਲ ਰੁਕਣਾ)

ਦੋਹਰਾ॥ ***ਤਬ ਬੰਦੋ ਚੜ੍ਹ ਉਤਰਿਓ, ਸੇਹਰ ਖੰਡੋ ਗ੍ਰਾਮ॥*** ਪਿੰਡ ਸੇਹਰ ਖੰਡਾ ਦਿੱਲੀ ਤੋਂ ਤੀਹ ਕੋਹ ਦੀ ਵਾਟ ਤੇ ਉਰਲੇ ਪਾਸੇ ਹੈ, ਇਥੇ ਬੰਦਾ ਸਿੰਘ ਉਤਰਿਆ ਹੈ। ਦਿੱਲੀ ਤੋਂ ਅਗਲੇ ਪਾਸੇ ਫਤਿਆਬਾਦ ਤੱਕ ਦਾ ਸਾਰਾ ਏਰੀਆ ਬਾਂਗਰ ਦਾ ਹੀ ਹੈ।

ਚਿੱਠੇ ਲਿਖੇ ਪੰਜਾਬ ਨੂੰ, ਲੈ ਲੈ ਸਿੰਘਨ ਨਾਮ॥੧॥ ਸਿੰਘਾਂ ਦੇ ਨਾਮ ਲਿਖ ਲਿਖ ਕੇ ਜਿਹੜੇ ਨਾਮੀ ਗ੍ਰਾਮੀ ਸਿੰਘ ਸਨ, ਉਹਨਾਂ ਨੂੰ ਹੁਕਮਨਾਮੇ ਲਿਖ ਕੇ ਭੇਜੇ। ੧।

ਚੌਪਈ॥ ***ਤਬ ਬੰਦੇ ਯੌਂ ਲਿਖ ਫੁਰਮਾਯੋ॥*** ਉਹਨਾਂ ਹੁਕਮਨਾਮਿਆਂ ਵਿਚ ਬੰਦਾ ਸਿੰਘ ਬਹਾਦਰ ਨੇ ਇਉਂ ਲਿਖ ਕੇ ਖਾਲਸੇ ਦੇ ਨਾਮ ਫੁਰਮਾਨ ਜਾਰੀ ਕੀਤਾ।

ਦੇਸ਼ ਲੈਨ ਗੁਰ ਮੋਰ ਪਠਾਯੋ॥ ਇਹ ਸਾਰਾ ਦੇਸ਼ ਲੈਣ ਵਾਸਤੇ ਖਾਲਸਾ ਜੀ! ਮੈਨੂੰ ਭੇਜਿਆ ਹੈ ਸਤਿਗੁਰਾਂ ਨੇ।

ਸ੍ਰਿਹੰਦੀਅਨ ਕੀ ਜੜ੍ਹ ਪੁੱਟਣ ਧਾਯਾ॥ ਮੈਂ ਸਤਿਗੁਰਾਂ ਦੇ ਹੁਕਮ ਨਾਲ ਸਰਹੰਦ ਵਾਲਿਆਂ ਦੀਆਂ ਜੜ੍ਹਾਂ ਪੁੱਟਣ ਵਾਸਤੇ (ਧਾਯਾ) ਧਾ ਕੇ ਹੱਲਾ ਕਰਕੇ ਆਇਆ ਹਾਂ ਜਿਨ੍ਹਾਂ ਨੇ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕੀਤਾ ਹੈ।

ਪ੍ਰਬਤੀਅਨ ਕੌ ਮੈਂ ਮਾਰਨ ਆਯਾ॥੨॥ ਪਹਾੜੀਆਂ ਨੂੰ ਵੀ ਮਾਰਨ ਵਾਸਤੇ ਆਇਆ ਹਾਂ। ਉਨ੍ਹਾਂ ਨੂੰ ਵੀ ਸੋਧਣ ਵਾਸਤੇ ਮੈਨੂੰ ਗੁਰੂ ਜੀ ਵਲੋਂ ਹੁਕਮ ਹੋਇਆ ਹੈ। ੨।

ਮੈਂ ਹੌਂ ਉਸੀ ਪੁਰਖ ਕੋ ਦਾਸਾ॥ ਮੈਂ ਉਸੇ (ਪੁਰਖ) ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਦਾਸ ਹਾਂ।

ਕਰਯੋ ਖਾਲਸੈ ਜਿਸੈ ਪ੍ਰਕਾਸਾ॥ ਜਿਨ੍ਹਾਂ ਨੇ ਖਾਲਸੇ ਪੰਥ ਦਾ ਪ੍ਰਕਾਸ਼ ਕੀਤਾ ਹੈ। ਜਿਨ੍ਹਾਂ ਨੇ ਖਾਲਸੇ ਨੂੰ ਸਾਜਿਆ ਹੈ, ਉਨ੍ਹਾਂ ਦੇ ਹੁਕਮ ਨਾਲ ਆਇਆ ਹਾਂ ਮੈਂ।

ਜਿਨ ਗੁਰ ਜੀ ਸੋਂ ਬੈਰ ਕਮਾਯੋ॥ ਜਿਨ੍ਹਾਂ ਜਿਨ੍ਹਾਂ ਨੇ ਗੁਰੂ ਜੀ ਨਾਲ ਵੈਰ ਕੀਤਾ ਹੈ।

ਬਦਲੋ ਲੈਨ ਤਿਸੈ ਮੈਂ ਆਯੋ॥੩॥ ਉਨ੍ਹਾਂ ਦੁਸ਼ਟਾਂ ਤੋਂ ਮੈਂ ਬਦਲਾ ਲੈਣ ਵਾਸਤੇ ਆਇਆ ਹਾਂ। ਸਭ ਤੋਂ ਵੈਰ ਲੈਣਾ ਹੈ ਮੈਂ ਸਾਰਾ। ੩।

ਤਿਨ ਤਿਨ ਕੋ ਮੈਂ ਮਾਰ ਗਵਾਊਂ॥ ਉਨ੍ਹਾਂ ਉਨ੍ਹਾਂ ਦੁਸ਼ਟਾਂ ਨੂੰ ਤਾਂ ਮੈਂ ਛਡਣਾ ਹੀ ਨਹੀਂ ਹੈ, ਉਨ੍ਹਾਂ ਨੂੰ ਮੈਂ ਮਾਰ ਨਾਸ ਕਰਨਾ ਹੈ।

ਤੌ ਸਤਿਗੁਰ ਕੋ ਬੰਦਾ ਸਦਾਊਂ॥ ਜੇ ਮੈਂ ਉਹਨਾਂ ਦੁਸ਼ਟਾਂ ਨੂੰ ਸਜ਼ਾ ਦੇਵਾਂਗਾ, ਉਨ੍ਹਾਂ ਘਾਤੀਆਂ ਨੂੰ ਮਾਰ ਕੇ ਖਤਮ ਕਰ ਦੇਵਾਂਗਾ, ਤਾਂ ਹੀ ਮੈਂ ਉਨ੍ਹਾਂ ਸਤਿਗੁਰਾਂ ਦਾ (ਬੰਦਾ) ਦਾਸ ਕਹਾਵਾਂਗਾ।

ਯੌ ਪੁਨ ਖਾਲਸੈ ਲਿਖੀ ਅਰਦਾਸ॥ ਇਉਂ ਫੇਰ ਗੁਰੂ ਖਾਲਸੇ ਨੂੰ ਅਰਦਾਸ ਲਿਖ ਕੇ ਭੇਜੀ ਹੈ, ਬੰਦੇ ਬਹਾਦਰ ਨੇ।

ਭੇਜੇ ਜੋ ਗੁਰ ਨਿਜ ਸਿਖ ਖਾਸ॥੪॥ ਜੋ ਸਤਿਗੁਰਾਂ ਨੇ ਆਪਣੇ ਖਾਸ ਸਿੱਖ ਬੰਦਾ ਸਿੰਘ ਜੀ ਦੇ ਨਾਲ ਭੇਜੇ ਹਨ, ਉਨ੍ਹਾਂ ਨੂੰ ਹੁਕਮਨਾਮੇ ਦੇ ਕੇ ਭੇਜਿਆ ਹੈ, ਸਿੰਘਾਂ ਦੇ ਪਾਸ। ੪।

ਜੌ ਸਤਿਗੁਰ ਸੋਂ ਸਿਖ ਹੋ ਸਾਬਤ॥ ਇਹ ਹੁਕਮਨਾਮਾ ਭੇਜਿਆ ਹੈ ਜੋ ਗੁਰੂ ਦਾ ਸਿਖ ਸਿੱਖੀ ਸਿਦਕ ਵਿਚ ਸਾਬਤ ਹੈ, ਭਾਵ ਜੋ ਗੁਰੂ ਜੀ ਤੇ ਮੁਕੰਮਲ ਭਰੋਸਾ ਰਖਦਾ ਹੈ ਕਿ ਉਹ ਸਾਡੇ ਸਤਿਗੁਰੂ ਹਨ, ਉਨ੍ਹਾਂ ਨੂੰ ਮੰਨਦਾ ਪੂਜਦਾ ਹੈ।

ਸਾਹਿਬਜ਼ਾਦੇ ਬੈਰਹ ਬਾਬਤ॥ ਸਾਹਿਬਜ਼ਾਦਿਆਂ ਦਾ ਵੈਰ ਲੈਣ ਦੀ ਬਾਬਤ।

ਆਇ ਦਯੋ ਬੰਦੈ ਕੋ ਸਾਥ॥ ਆਓ ਮਿਲੋ ਬੰਦਾ ਸਿੰਘ ਦੇ ਨਾਲ, ਬੰਦਾ ਸਿੰਘ ਬਹਾਦਰ ਦਾ ਸਾਥ ਦਿਉ। ਉਨ੍ਹਾਂ ਸਿੰਘਾਂ ਦੀ ਸਹੀ ਪੁਆਈ ਹੈ, ਹੁਕਮਨਾਮੇ ਦੇ ਉਤੇ।

ਗੁਰ ਕੋ ਸਿਖ ਸੋ ਸਿੱਖਨ ਭ੍ਰਾਤ॥੫॥ ਜੋ ਵੀ ਗੁਰੂ ਕਾ ਸਿਖ ਹੈ ਅਤੇ ਗੁਰਸਿਖਾਂ ਦਾ ਭਾਈ ਹੈ ਜੋ। ੫।

ਦੋਹਰਾ॥ ਜੋ ਖਾਲਸੇ ਮੈਂ ਆ ਰਲੇ, ਪਤਿਸ਼ਾਹੀਓਂ ਵੱਡਾ ਹੋਇ॥ ਹੁਣ ਮੌਕਾ ਹੈ ਖਾਲਸਾ ਜੀ! ਜਿਹੜਾ ਖਾਲਸੇ ਵਿਚ ਆ ਕੇ ਰਲੇਗਾ, ਉਹਦਾ ਪਾਤਸ਼ਾਹੀ ਨਾਲੋਂ ਉੱਚਾ ਅਹੁਦਾ ਕਰਾਂਗਾ ਮੈਂ, ਉਨ੍ਹਾਂ ਨੂੰ ਹੰਨੇ ਹੰਨੇ ਪਾਤਸ਼ਾਹ ਬਣਾ ਦੇਵਾਂਗਾ।

ਜੋ ਖਾਲਸੇ ਸੋਂ ਨਹਿੰ ਮਿਲੈ, ਰਹਿ ਪਛੁਤਾਵਤ ਓਇ॥੬॥ ਇਹ ਦੇਖ ਲੈਣਾ ਜਿਹੜਾ ਹੁਣ ਖਾਲਸੇ ਪੰਥ ਵਿਚ ਆ ਕੇ ਨਹੀਂ ਰਲੇਗਾ, ਹੁਣ ਸੇਵਾ ਦੇ ਮੌਕੇ ਨਹੀਂ ਹਾਜ਼ਰ ਹੋਵੇਗਾ, ਉਸਨੂੰ ਪਛਤਾਵਾ ਹੀ ਰਹਿ ਜਾਏਗਾ, ਕਿ ਮੈਂ ਕਿਉਂ ਨਹੀਂ ਗਿਆ। ੬।

ਦੋਹਰਾ॥ ਕਾਬਲ ਔ ਕੰਧਾਰ ਲੌ, ਨੱਠੈ ਭੱਖਰ ਦਾਇ॥ ਇਹ ਸੱਖਰ ਭੱਖਰ ਕਾਬਲ ਅਤੇ ਕੰਧਾਰ ਦੂਰ ਦੂਰ ਤਕ, ਖਾਲਸਾ ਸਜਿਆ ਹੋਇਆ ਸੀ ਮਹਾਰਾਜ ਦਾ, ਜਿਥੇ ਜਿਥੇ ਵੀ ਖਾਲਸਾ ਸੀ।

ਪੂਰਬ ਦੱਖਣ ਉਤਰ ਸੁ, ਚਿੱਠੇ ਦਏ ਪਹੁੰਚਾਇ॥੭॥ ਉਤਰ, ਦੱਖਣ, ਪੂਰਬ, ਪੱਛਮ ਵਿਚ ਸਾਰੇ ਪਾਸੀਂ ਹੁਕਮਨਾਮੇ ਲਿਖ ਕੇ ਭੇਜ ਦਿੱਤੇ, ਜਿਥੇ ਜਿਥੇ ਖਾਲਸੇ ਦਾ ਪ੍ਰਕਾਸ਼ ਸੀ। ਸਾਰਿਆਂ ਸਿੰਘਾਂ ਨੂੰ ਭੇਜੇ ਹਨ। ੭।

ਚੌਪਈ॥ 'ਜੋ ਜੋ ਸਿਖ ਹੈ ਗੁਰ ਕੋ ਪੂਰੋ॥ ਜੋ ਜੋ ਵੀ ਗੁਰੂ ਦਾ ਪੂਰਾ ਸਿੱਖ ਹੈ, ਜੋ ਗੁਰੂ 'ਤੇ ਪੂਰਨ ਭਰੋਸਾ ਰੱਖਦਾ ਹੈ, ਜਿਸਨੂੰ ਯਕੀਨ ਹੈ ਗੁਰੂ ਖਾਲਸੇ ਪੰਥ ਤੇ।

ਸ਼ਜ਼ਾਦਨ ਬੈਰ ਲੈਨ ਅਯੋ ਜ਼ਰੂਰੋ॥ ਸਾਹਿਬਜ਼ਾਦਿਆਂ ਦਾ ਵੈਰ ਲੈਣਾ ਹੈ ਜ਼ਰੂਰ ਆਇਓ, ਜ਼ਰੂਰ ਹਾਜ਼ਰ ਹੋਇਓ ਆ ਕੇ।

ਜੋ ਜੀਵਗੁ ਸੋ ਪਾਉਗੁ ਰਾਜ॥ ਜਿਹੜਾ ਸਿੰਘ ਇਸ ਧਰਮ ਯੁੱਧ ਵਿਚ ਜਿਉਂਦਾ ਰਹਿ ਜਾਏਗਾ, ਉਹ ਪੰਜਾਬ ਦਾ ਰਾਜ ਪ੍ਰਾਪਤ ਕਰੇਗਾ, ਉਹ ਰਾਜ ਪ੍ਰਾਪਤ ਕਰਨਗੇ।

ਜਉਗੁ ਮਰ ਹੋਊਗੁ ਅਗਲੋ ਕਾਜ॥੮॥ ਜਿਹੜਾ ਏਸ ਧਰਮ ਯੁੱਧ ਵਿਚ ਦੁਸ਼ਟਾਂ ਨੂੰ ਮਾਰਦਾ ਹੋਇਆ ਸ਼ਹੀਦ ਹੋ ਜਾਏਗਾ, ਉਸਨੂੰ ਦਰਗਾਹ ਦਾ ਰਾਜ ਮਿਲੇਗਾ ਉਥੇ ਅਹੁਦੇ ਮਿਲਣਗੇ, ਉਹਦਾ ਸਾਰਾ ਹੀ ਕਾਰਜ ਸਿੱਧ ਹੋ ਜਾਏਗਾ। ੮।

ਐਸੀ ਭੇਜੀ ਲਿਖ ਅਰਦਾਸ॥ ਏਸ ਤਰ੍ਹਾਂ ਅਰਦਾਸ ਲਿਖ ਕੇ ਭੇਜੀ ਖਾਲਸੇ ਨੂੰ।

ਭੇਜੀ ਖਾਲਸੈ ਖਾਲਸੈ ਪਾਸ॥ ਖਾਲਸੇ ਪੰਥ ਨੇ ਖਾਲਸੇ ਕੋਲ ਅਰਦਾਸ ਭੇਜੀ ਹੈ, ਸਿੰਘੋ! ਆਉ ਹੁਣ ਮੌਕਾ ਹੈ, ਆਓ ਪਾਤਸ਼ਾਹੀਆਂ ਹੁਣ ਵੰਡੀਆਂ ਜਾਣੀਆਂ ਨੇ, ਆਓ ਤੁਰਕਾਂ ਤੋਂ ਵੈਰ ਲੈਣਾ ਹੈ ਆਓ ਸਾਰੇ ਸ਼ਾਮਲ ਹੋ ਜਾਓ ਸਾਰੇ ਆਪੋ ਆਪਣੇ ਹੱਥ ਪਵਿਤ੍ਰ ਕਰ ਲਵੋ।

ਸੋ ਸੁਨ ਖਾਲਸੇ ਸਿਰ ਪਰ ਧਰੀ॥ ਉਹ ਹੁਕਮਨਾਮਾ ਸੁਣ ਕੇ ਗੁਰੂ ਖਾਲਸੇ ਪੰਥ ਦਾ, ਖਾਲਸੇ ਨੇ ਆਪਣੇ ਸਿਰ ਤੇ ਸਤਿਕਾਰ ਨਾਲ ਰੱਖਿਆ ਹੈ ਭਾਵ ਹੁਕਮਨਾਮੇ ਨੂੰ ਸਿਰ ਮੱਥੇ ਮੰਨਿਆ ਹੈ।

ਤੁਰਤ ਰਲਨ ਕੀ ਤਿਆਰੀ ਕਰੀ॥੯॥ ਖਾਲਸੇ ਪੰਥ ਨਾਲ ਰਲਣ ਵਾਸਤੇ ਤੁਰਤ ਫੁਰਤ ਤਿਆਰੀਆਂ ਕਰ ਲਈਆਂ ਸਿੰਘਾਂ ਨੇ। ੯।

ਜਿਸੇ ਸਿਖ ਪਹਿ ਖਰਚ ਨ ਹੋਇ॥ ਸਾਰੇ ਸਿਖ ਧਨੀ ਨਹੀਂ ਸਨ ਹੁੰਦੇ, ਗਰੀਬ ਸਿੰਘ ਹੁੰਦੇ ਸਨ, ਤਨ ਤਾਂ ਉਹ ਲਾ ਸਕਦਾ ਸੀ, ਮਨ ਉਹਨਾਂ ਦਾ ਪਹਿਲਾਂ ਹੀ ਗੁਰੂ ਦੇ ਚਰਨਾਂ ਉਤੋਂ ਵਾਰਿਆ ਹੋਇਆ ਸੀ। ਜਿਸ ਸਿਖ ਦੇ ਕੋਲ ਖਰਚ ਦੀ ਕਮੀ ਹੋਵੇ।

ਬਿਨਾ ਖਰਚ ਬੰਡ ਖਾਵੈ ਸੋਇ॥ ਜੋ ਬਿਨਾਂ ਖਰਚੇ ਤੋਂ ਹੈ ਉਸਦੇ ਨਾਲ ਸਿਖ ਵੰਡ ਕੇ ਛਕਦੇ ਹਨ।

ਅਸਿਖ ਸਿਖਨ ਕੋ ਦੇਵੈਂ ਨਾਹੀਂ॥ ਜੋ (ਅਸਿਖ) ਸਿਖ ਨਹੀਂ, ਉਹ ਸਿਖਾਂ ਨੂੰ ਮਾਇਆ ਆਦਿਕ ਨਹੀਂ ਦਿੰਦੇ।

ਕਹੈਂ ਸਿੱਖ ਸਭ ਊਹਾਂ ਮਰਾਹੀਂ॥੧੦॥ ਤੇ ਅੱਗੋਂ ਉਲਟਾ ਪ੍ਰਚਾਰ ਕਰਦੇ ਨੇ ਇਨ੍ਹਾਂ ਸਾਰੇ ਸਿੱਖਾਂ ਨੇ ਮਰ ਜਾਣਾ ਹੈ ਜਾ ਕੇ, ਮੁੜ ਕੇ ਕਿਸ ਨੇ ਆਉਣਾ ਹੈ ਉਥੋਂ। ਜੋ ਅਸਿਖ ਲੋਕ ਸਨ ਉਹ ਕਹਿੰਦੇ ਇਨ੍ਹਾਂ ਨੂੰ ਖਰਚਾ ਦੇ ਕੇ ਮੁੜ ਕੇ ਕਦੋਂ ਮਿਲਣਾ ਸਾਨੂੰ, ਵਾਪਸ ਨਹੀਂ ਦੇ ਸਕਦਾ ਇਹ। ੧੦।

ਦੋਹਰਾ॥ ਹੱਥੀਂ ਪੈਰੀਂ ਪੈ ਲਵੈਂ, ਕਰ ਦੁਨੋ ਚੌਨ ਕਰਾਰ॥ ਜਿਨ੍ਹਾਂ ਕੋਲ ਸਾਮਾਨ ਸੀ, ਉਨ੍ਹਾਂ ਦੀ ਹੱਥੀਂ ਪੈਰੀਂ ਪੈ ਕੇ, ਹੱਥ ਜੋੜ ਕੇ ਅਤੇ ਦੁਗਣਾ ਚੌਗਣਾ ਕਰਕੇ ਵਾਪਸ ਮੋੜਨ ਦਾ ਇਕਰਾਰ ਕਰਕੇ, ਲੈ ਲੈਂਦੇ ਸਨ ਸਿੰਘ ਖਰਚਾ ਉਨ੍ਹਾਂ ਤੋਂ।

'ਜੀਵਤ ਆਵੈਂ ਆਇ ਦਿਵੈਂ, ਮੁਇ ਅਗਲੇ ਸੰਸਾਰ' ॥੧੧॥ ਜਦੋਂ ਸਿੰਘ ਕਿਸੇ ਤੋਂ ਖਰਚਾ ਲੈਂਦੇ ਹਨ ਤਾਂ ਇਹ ਇਕਰਾਰ ਕਰਦੇ ਹਨ, ਕਿ ਜੇ ਤਾਂ ਜੰਗ ਵਿਚੋਂ ਜਿਉਂਦੇ ਵਾਪਸ ਆ ਗਏ ਤਾਂ ਦੁਗਣਾ ਚੌਗੁਣਾ ਕਰਕੇ ਵਾਪਸ ਦੇਵਾਂਗੇ, ਜੇ ਸ਼ਹੀਦ ਹੋ ਗਏ ਤੇ (ਅਗਲੇ ਸੰਸਾਰ) ਪ੍ਰਲੋਕ ਵਿਚ ਦਰਗਾਹ ਵਿਚ ਤੇਰੇ ਦੇਣਦਾਰ ਹੋਵਾਂਗੇ। ਉਥੇ ਵੀ ਭਰਾਂਗੇ ਜਦੋਂ ਫੇਰ ਜਨਮ ਧਾਰ ਕੇ ਆਵਾਂਗੇ ਫੇਰ ਤੇਰਾ ਮੋੜਾਲਾ ਭਰਾਂਗੇ ਇਉਂ ਇਹਨਾਂ ਇਕਰਾਰਾਂ ਤੇ ਸਿੰਘ ਖਰਚਾ ਲੈਂਦੇ ਹਨ ਹੋਰਾਂ ਤੋਂ। ੧੧।

ਚੌਪਈ॥ ਕਈ ਸਿੱਖ ਦੇਵੈਂ ਗੁਰ ਸ੍ਵਾਰਥ॥ ਜਿਨ੍ਹਾਂ ਸਿੱਖਾਂ ਕੋਲ ਧਨ ਹੈ ਕਈ ਸਿੱਖ ਤਾਂ ਧਨ ਆਦਿਕ (ਗੁਰ ਸ੍ਵਾਰਥ) ਗੁਰੂ ਕਾ ਕਾਰਜ ਸਮਝਕੇ ਗੁਰੂ ਦੇ ਨਾਮ ਤੋਂ ਮਦਦ ਕਰਦੇ ਹਨ ਗੁਰ ਸਿੱਖਾਂ ਦੀ।

'ਤਨ ਮਨ ਧਨ ਦੇਹੁ ਗੁਰਹਿ ਪ੍ਰਮਾਰਥਾ॥ ਆਪਣਾ ਸਰੀਰ, ਮਨ ਅਤੇ ਧਨ ਪਦਾਰਥ ਗੁਰਾਂ ਦੇ ਵਾਸਤੇ, (ਪ੍ਰਮਾਰਥ) ਧਰਮ ਦੇ ਰਸਤੇ, ਧਰਮ ਯੁੱਧ ਵਾਸਤੇ, ਸੰਤਾਂ ਨੂੰ ਉਬਾਰਨ ਵਾਸਤੇ ਤੇ ਦੁਸ਼ਟਾਂ ਨੂੰ ਖਪਾਉਣ ਵਾਸਤੇ, ਦਿੰਦੇ ਹਨ।

ਮਝੈਲ ਰਸਤੋ ਜੋ ਸਿਧੋ ਤਕਾਵੈਂ॥ (ਮਝੈਲ) ਮਾਝੇ ਦੇ ਸਿੰਘ ਜਦੋਂ ਸਿੱਧਾ ਰਸਤਾ ਵੇਖਦੇ ਹਨ, ਬੰਦਾ ਸਿੰਘ ਬਹਾਦਰ ਦੇ ਪਾਸ ਪਹੁੰਚਣ ਵਾਸਤੇ।

ਤੁਰਕ ਫੌਜ ਬਹੁ ਰਾਹਿ ਰੁਕਾਵੈਂ॥੧੨॥ ਕਿਉਂਕਿ ਇਹ ਇਲਾਕਾ ਸਾਰਾ ਤੁਰਕਾਂ ਦੇ ਕੋਲ ਸੀ, ਲਾਹੌਰ, ਕਸੂਰ, ਜਲੰਧਰ, ਸਰਹੰਦ, ਆਦਿ ਦੇ ਮੁਸ਼ਲਮਾਨ ਸੂਬੇਦਾਰ ਸਨ, ਉਨ੍ਹਾਂ ਦਾ ਉਥੇ ਪੂਰਾ ਜ਼ੋਰ ਸੀ। ਮਝੈਲ ਸਿੰਘਾਂ ਨੂੰ ਰੋਕਣ ਵਾਸਤੇ ਤੁਰਕਾਂ ਦੀ ਫੌਜ ਰਾਹਾਂ ਵਿਚ ਥਾਂ ਥਾਂ ਤੇ ਨਾਕੇ ਲਾ ਕੇ, ਉਹਨਾਂ ਨੂੰ ਬੰਦੇ ਬਹਾਦਰ ਪਾਸ ਜਾਣ ਤੋਂ ਰੋਕਦੀ ਹੈ। ੧੨।

ਪਹਿਲੋਂ ਸਿੰਘ ਬਨਜਾਰੇ ਰਲੇ॥ ਪਹਿਲਾਂ ਸਿੰਘ ਜਿਹੜੇ ਲੰਘੇ ਹਨ, ਉਹ (ਬਨਜਾਰੇ) ਜੋ ਵਣਜ ਵਪਾਰ ਕਰਨ ਵਾਲੇ ਵਪਾਰੀ ਲੋਕ ਸਨ ਉਨ੍ਹਾਂ ਦੇ ਨਾਲ ਰਲ ਕੇ ਲੰਘ ਆਏ, ਇਉਂ ਕਈ ਸਿੰਘ ਨਾਕੇ ਪਾਰ ਕਰ ਆਏ।

ਫੜ ਹਥ ਬਰਛੇ ਬੈਲ ਲਦ ਭਲੇ॥ ਬੈਲਾਂ ਤੇ ਵਪਾਰ ਕਰਦੇ ਹੁੰਦੇ ਸਨ, ਮਾਲ ਲੱਦਿਆ ਹੁੰਦਾ ਸੀ, ਵਣਜਾਰਿਆਂ ਨਾਲ ਰਲ ਕੇ ਬਰਛੇ ਫੜ ਕੇ, ਪਹਿਰੇਦਾਰ ਨੇ, ਇਹ ਸਮਾਨ ਦੇ ਰਾਖੇ ਨੇ, ਇਹੋ ਜਿਹੇ ਦਾਅ ਲਾ ਕੇ ਪਹਿਲਾਂ ਤਾਂ ਸਿੰਘ ਲੰਘ ਆਏ।

ਮਾਲਵੋ ਉਹਾਂ ਥਾ ਨੇੜੇ ਦੇਸ॥ ਬਾਂਗਰ ਦੇਸ ਤੋਂ ਮਾਲਵਾ ਨੇੜੇ ਸੀ, ਬੰਦੇ ਬਹਾਦਰ ਨੂੰ ਮਿਲਣ ਵਾਸਤੇ।

ਓਇ ਭੀ ਮਿਲੇ ਹੁਇ ਬੰਦੇ ਪੇਸ਼॥ ੧੩॥ ਉਹ ਮਲਵਈ ਸਿੰਘ ਵੀ ਮਿਲ ਕੇ ਇਕੱਠੇ ਹੋ ਕੇ ਬੰਦੇ ਬਹਾਦਰ ਦੇ ਪੇਸ਼ ਹੋਏ ਹਨ ਜਾ ਹਾਜ਼ਰ ਹੋਏ ਹਨ ਉਥੇ। ੧੩।

ਔ ਜੋ ਸਿੰਘ ਮਧ ਮਾਝੈ ਪੰਜਾਬੀ॥ ਅਤੇ ਜੋ ਖਾਸ ਪੰਜਾਬੀ ਮਾਝੇ ਦੇ ਵਿਚ ਹਨ ਸਿੰਘ, ਠੇਠ ਪੰਜਾਬੀ ਬੋਲਣ ਵਾਲੇ।

ਤੁਰਕਨ ਲੰਘਨ ਮਧ ਬਹੁਤ ਖਰਾਬੀ॥ ਤੁਰਕਾਂ ਦੇ ਵਿਚੋਂ ਲੰਘਣਾ ਉਹਨਾਂ ਨੂੰ ਬੜਾ ਔਖਾ ਹੋ ਗਿਆ।

ਬੰਧ ਜਥਾ ਵਲ ਪ੍ਰਬਤ ਸਿਧਾਏ॥ ਉਹ ਆਪਣੇ ਜਥੇ ਬੰਨ੍ਹ ਕੇ ਭਾਵ ਜਥੇਬੰਦ ਹੋ ਕੇ ਦੁਆਬੇ ਨੂੰ ਟੱਪ ਗਏ, ਹੁਸ਼ਿਆਰ ਪੁਰ ਵਿਚ ਦੀ ਹੁੰਦੇ ਹੋਏ ਸਿਧੇ ਅਨੰਦਪੁਰ ਸਾਹਿਬ ਨੂੰ (ਸਿਧਾਏ) ਗਏ ਹਨ।

ਬੱਲੋ ਓਲੋ ਪ੍ਰਬਤ ਤਕਾਏ॥੧੪॥ ਬੇਲਿਆਂ ਵਿਚ ਦੀ ਜੰਗਲਾਂ ਵਿਚ ਦੀ ਉਹਲੇ ਉਹਲੇ ਹਾਕਮਾਂ ਦੀ ਨਜ਼ਰ ਤੋਂ ਬਚਕੇ ਉਪਰੋਂ ਊਨੇ ਸਾਹਿਬ ਵੱਲੀਂ ਦੀ ਵਲ ਕੇ, ਪਹਾੜਾਂ ਵਿਚ ਦੀ ਅਨੰਦਪੁਰ ਸਾਹਿਬ ਆ ਗਏ ਹਨ।

ਇਮ ਕਰ ਕੀਰਤਿ ਪੁਰ ਵਲ ਆਇ॥ ਇਉਂ ਕੀਰਤਪੁਰ ਨੂੰ ਆਏ ਹਨ ਸਿੱਧੇ ਰਸਤੇ, ਕਿਉਂਕਿ ਸਰਹੰਦ ਦਾ ਖੁਰਾ ਖੋਜ ਮਿਟਾਉਣਾ ਹੈ, ਇਥੋਂ ਸਰਹੰਦ ਨੇੜੇ ਹੈ।

ਅਗੈਂ ਰੋਪੜੋਂ ਲੰਘਨ ਨ ਪਾਏ॥ ਮਝੈਲ ਸਿੰਘਾਂ ਨੇ ਅੱਗੇ ਰੋਪੜ ਤੋਂ ਲੰਘਨ ਦਾ ਯਤਨ ਕੀਤਾ ਕਿ ਬੰਦੇ ਬਹਾਦਰ ਨੂੰ ਜਾ ਮਿਲੀਏ, ਪਰ ਤੁਰਕਾਂ ਨੇ ਏਥੇ ਨਾਕਾ ਲਾ ਦਿੱਤਾ ਅੱਗੇ ਲੰਘਨ ਨ ਦਿੱਤਾ।

ਊਹਾਂ ਡੇਰਾ ਦਯੋ ਲਗਾਈ॥ ਸਿੰਘਾਂ ਨੇ ਇਥੇ ਅਨੰਦਪੁਰ ਸਾਹਿਬ ਹੀ ਡੇਰਾ ਲਗਾ ਦਿੱਤਾ ਹੈ।

ਸੋ ਬੰਦੈ ਪੈ ਖਬਰ ਪੁਚਾਈ॥੧੫॥ ਉਥੋਂ ਬੰਦੇ ਬਹਾਦਰ ਕੋਲ ਖਬਰ ਪਹੁੰਚਦੀ ਕਰ ਦਿੱਤੀ, ਕਿ ਕੀਰਤਪੁਰ ਸਾਹਿਬ ਤੱਕ ਅਸੀਂ ਆ ਗਏ ਹਾਂ ਇਸ ਤੋਂ ਅੱਗੇ ਰੁਕਾਵਟ ਹੈ ਏਥੇ ਅੱਗੇ ਨਹੀਂ ਆ ਸਕਦੇ, ਤੁਰਕ ਨਹੀਂ ਲੰਘਣ ਦੇਂਦੇ ਹੁਣ ਤੁਰਦੇ ਹਾਂ ਤਾਂ ਏਥੇ ਲੜਾਈ ਛਿੜਦੀ ਹੈ, ਸਾਡਾ ਆਉਣਾ ਮੁਸ਼ਕਲ ਹੈ ਕਿਵੇਂ ਕਰੀਏ। ੧੫।

ਬੰਦੇ ਕਹਯੋ 'ਰਹੁ ਡੇਰਾ ਲਾਇ॥ ਬੰਦੇ ਬਹਾਦਰ ਨੇ ਮਝੈਲ ਸਿੰਘਾਂ ਨੂੰ ਸੁਨੇਹਾ ਭੇਜਿਆ ਹੈ ਕਿ ਏਥੇ ਹੀ ਡੇਰਾ ਲਾ ਲਵੋ, ਇਥੇ ਹੀ ਟਿਕੇ ਰਹੋ।

ਹਮ ਆ ਨੇੜੈ ਲੇਹਿੰ ਮਿਲਾਇ॥ ਜਦੋਂ ਅਸੀਂ ਨੇੜੇ ਆ ਗਏ ਉਦੋਂ ਅਸੀਂ ਤੁਹਾਨੂੰ ਨਾਲ ਮਿਲਾ ਲਵਾਂਗੇ।

ਸੋਊ ਬਾਤ ਖਾਲਸੈ ਮੰਨ ਲਈ॥ ਉਹੀ ਬਚਨ ਖਾਲਸੇ ਨੇ ਪ੍ਰਵਾਣ ਕਰ ਲਿਆ, ਠੀਕ ਹੈ ਜੀ ਓਨਾ ਚਿਰ ਅਸੀਂ ਏਥੇ ਅਟਕਦੇ ਹਾਂ।

ਰਹਯੋ ਊਹਾਂ ਦਿਨ ਖਾਲਸੋ ਕਈ॥੧੬॥ ਖਾਲਸੇ ਪੰਥ ਦਾ ਹੁਕਮਨਾਮਾ ਪ੍ਰਵਾਣ ਕਰਦੇ ਹੋਇਆਂ, ਖਾਲਸਾ ਉਥੇ ਕੀਰਤਪੁਰ ਹੀ ਕਈ ਦਿਨ ਤਕ ਟਿਕਿਆ ਰਿਹਾ। ੧੬।

ਦੋਹਰਾ॥ ਅੰਮ੍ਰਿਤਸਰ ਥੋ ਚਲਤ ਲੌ, ਔ ਬਹੈ ਜੁ ਬਿੱਚ ਪਹਾਰ॥ ਸ੍ਰੀ ਅੰਮ੍ਰਿਤਸਰ ਤੋਂ ਚਲ ਕੇ ਜੋ ਪਹਾੜ ਵਿਚ ਮਝੈਲ ਸਿੰਘ ਬੈਠੇ ਸਨ।

ਪਿਸ਼ੌਰ ਸਿੰਘ ਰੋੜਾ ਹੁਤੋ, ਤਿਨ ਦੀਨੋ ਖਰਚ ਬਿਚਾਰ॥੧੭॥ ਇਕ ਪਸ਼ੌਰਾ ਸਿੰਘ ਨਾਮ ਦਾ ਅਰੋੜਾ ਸਿਖ ਸੀ, ਜੋ ਚੰਗਾ ਧਨੀ ਸੀ, ਉਸਨੇ ਆਖਿਆ ਸੇਵਾ ਦਾ ਮੌਕਾ ਮਿਲ ਗਿਆ ਹੈ ਉਸਨੇ ਸਿੰਘਾਂ ਨੂੰ ਮਾਇਆ ਤੇ ਲੰਗਰ ਵਾਸਤੇ ਰਾਸ਼ਨ ਪਾਣੀ ਦੀ ਜੋ ਲੋੜ ਸੀ ਸਿੰਘਾਂ ਨੂੰ ਉਹਨੇ ਖੁਲ੍ਹੇ ਖਰਚ ਭੇਜੇ ਸਿੰਘਾਂ ਨੂੰ। ਜਥਿਆਂ ਪ੍ਰਤੀ ਜਿੰਨੇ ਇਥੇ ਸਿੰਘਾਂ ਦੇ ਦਲ ਆਏ ਹੋਏ ਸਨ, ਉਸਨੇ ਉਨ੍ਹਾਂ ਸਾਰਿਆਂ ਦਾ ਨਿਰਬਾਹ ਕੀਤਾ। ਉਸਨੇ ਚੰਗੀ ਤਰ੍ਹਾਂ ਵਿਚਾਰ ਕੇ ਸਭ ਨੂੰ ਖਰਚਾ ਦੇਣਾ ਕੀਤਾ ਹੈ। ੧੭।

ਅਥ ਪ੍ਰਸੰਗ ਸਲੌਦੀ ਕੇ ਸਿੰਘਾਂ ਕਾ ਲਿਖਯਤੇ॥
(ਆਲੀ ਸਿੰਘ ਮਾਲੀ ਸਿੰਘ ਦਾ ਬੰਦੇ ਨੂੰ ਮਿਲਣਾ)

ਚੌਪਈ॥ ਸ੍ਰਿਹੰਦ ਢਿਗ ਇਕ ਸਿਲੌਦੀ ਗ੍ਰਾਮ॥ ਸਰਹੰਦ ਦੇ ਕੋਲ ਇਕ ਸਿਲੌਦੀ ਨਾਮ ਦਾ ਪਿੰਡ ਹੈ।

ਹੁਤੇ ਊਹਾਂ ਸਿੰਘਨ ਕੇ ਧਾਮ॥ ਇਥੇ ਨਾਮੀ ਗ੍ਰਾਮੀ ਸਿੰਘਾਂ ਦੇ ਘਰ ਸਨ, ਅੱਜ ਕਲ੍ਹ ਵੀ ਇਹ ਪਿੰਡ 'ਸਿੰਘਾਂ ਦੀ ਸਿਲੌਦੀ' ਵਜਦਾ ਹੈ।

ਤਿਨ ਮੈਂ ਇਕ ਆਲੀ ਸਿੰਘ ਨਾਮ॥ ਉਨ੍ਹਾਂ ਦੇ ਵਿਚੋਂ ਆਲੀ ਸਿੰਘ ਅਤੇ ਮਾਲੀ ਸਿੰਘ ਦੋ ਸਿੰਘ ਸਨ ਇਸ ਪਿੰਡ ਵਿਚ, ਜਿਨ੍ਹਾਂ ਦੀ ਸੰਤਾਨ ਦੇ ਵਿਚੋਂ ਅੱਜ ਕਲ੍ਹ ਬਾਬਾ ਬੰਤਾ ਸਿੰਘ ਨਿਹੰਗ ਸਿੰਘ ਹੈ।

ਚਾਕ੍ਰੀ ਕਰਤ ਵਜ਼ੀਰੈ ਧਾਮ॥੧॥ ਇਹ ਵਜੀਦ ਖਾਂ ਕੋਲ ਨੌਕਰੀ ਕਰਦੇ ਸਨ ਸਰਹੰਦ ਵਿਚ। ੧।

ਨਬਾਬ ਸ੍ਰਿਹੰਦੀ ਉਸੇ ਬੁਲਾਯੋ॥ ਸਰਹੰਦ ਦੇ ਨਵਾਬ ਵਜੀਦ ਖਾਂ ਨੇ ਉਨ੍ਹਾਂ ਸਿੰਘਾਂ ਨੂੰ ਬੁਲਾਇਆ ਹੈ ਆਪਣੇ ਕੋਲ, ਜੋ ਉਹਦੀ ਨੌਕਰੀ ਕਰਦੇ ਸਨ।

ਸੱਦ ਪੁਛਯੋ 'ਤੁਮ ਗੁਰ ਔਰ ਆਯੋ॥ (ਬੰਦੇ ਬਹਾਦਰ ਵੱਲ ਇਸ਼ਾਰਾ ਕਰਕੇ) ਆਲੀ ਸਿੰਘ ਅਤੇ ਮਾਲੀ ਸਿੰਘ ਨੂੰ ਸੱਦ ਕੇ ਪੁਛਿਆ ਕਿ ਮੈਂ ਸੁਣਿਆ ਹੈ ਕਿ ਤੁਹਾਡਾ ਇਕ ਹੋਰ ਨਵਾਂ ਗੁਰੂ ਆ ਰਿਹਾ ਹੈ।

ਤੁਮ ਕੋ ਚਾਹੀਅਤ ਉਸ ਪਹਿ ਜਾਓ॥ ਤੁਹਾਡਾ ਫਰਜ਼ ਸੀ ਉਹਦੇ ਕੋਲ ਜਾਣ ਦਾ, ਤਹਾਨੂੰ ਉਹਦੇ ਪਾਸ ਜਾਣਾ ਚਾਹੀਦਾ ਹੈ, ਤੁਹਾਨੂੰ ਚਾਹੀਦਾ ਹੈ ਤੁਸੀਂ ਉਹਦੇ ਕੋਲ ਜਾਉ।

ਉਸਕੋ ਤੁਮ ਈਹਾਂ ਲੈ ਆਓ॥੨॥ ਉਸਨੂੰ ਤੁਸੀਂ ਆਪਣੇ ਗੁਰੂ ਨੂੰ ਮੇਰੇ ਕੋਲ ਲੈ ਕੇ ਆਓ। ੨।

ਈਹਾਂ ਆਇ ਦੇਉਂ ਅਲਖ ਮਿਟਾਇ॥ ਐਥੇ ਆਵੇ ਤਾਂ ਮੈਂ ਉਹਦੀ ਅਲਖ ਮਿਟਾ ਦਿਆਂਗਾ, ਖਤਮ ਕਰ ਦਿਆਂਗਾ ਉਹਨੂੰ।

ਰਲੈ ਪੁਤ੍ਰਨ ਗੁਰ ਸ਼ਿਤਾਬੀ ਜਾਇ'॥ ਉਹ ਸਾਹਿਬਜ਼ਾਦਿਆਂ ਦਾ ਬੈਰ ਲੈਣ ਆਇਆ ਨ! ਉਹ ਛੇਤੀ ਜਾ ਕੇ ਗੁਰੂ ਕੇ ਸਾਹਿਬਜ਼ਾਦਿਆਂ ਦੇ ਨਾਲ ਰਲ ਜਾਵੇਗਾ ਉਸਨੂੰ ਮੈਂ ਗੁਰੂ ਕੇ ਸਾਹਿਬਜ਼ਾਦਿਆਂ ਦੇ ਕੋਲ ਛੇਤੀ ਭੇਜ ਦਿਆਂਗਾ, ਇਉਂ ਹੰਕਾਰ ਵਿਚ ਬੋਲਿਆ।

ਸਿੰਘਨ ਕਹੀ 'ਜਿ ਹੁਇ ਗੁਰ ਪੂਰਾ॥ ਸਿੰਘਾਂ ਨੇ ਕਿਹਾ ਜੇ ਉਹ ਪੂਰਾ ਗੁਰੂ ਹੋਇਆ, ਜੇ ਸਤਿਗੁਰਾਂ ਨੇ ਭੇਜਿਆ ਬਲ ਬਖਸ਼ ਕੇ।

ਤੋ ਆਪੈ ਆਊਗੁ ਕਯਾ ਤੁਮੈਂ ਜ਼ਰੂਰਾ'॥੩॥ ਤੈਨੂੰ ਕੀ ਜ਼ਰੂਰਤ ਹੈ ਕੀ ਕਾਹਲ ਪਈ ਤੈਨੂੰ ਆਪੇ ਹੀ ਆ ਜਾਊ ਤੇਰੇ ਕੋਲ ਸੱਦਣ ਦੀ ਕੀ ਲੋੜ ਹੈ। ੩।

ਫਿਰ ਉਨ ਕਹਯੋ 'ਤੁਮ ਕੈਦੈ ਪਾਵੈਂ॥ ਕਹਿੰਦਾ 'ਚੰਗਾ' ਇਸ ਤਰ੍ਹਾਂ ਕਹਿਕੇ, ਉਨਾਂ ਚਿਰ ਤੁਹਾਨੂੰ ਮੈਂ ਜੇਲ੍ਹ ਬੰਦ ਕਰਦਾ ਹਾਂ ਕਿ ਤੁਸੀਂ ਜੇਲ੍ਹ ਵਿਚ ਰਹੋ।

ਤਬ ਛੋਡੈਂ ਜਬ ਹਮੈਂ ਦਿਖਾਵੈਂ॥ ਉਦੋਂ ਛੱਡਾਂਗਾ ਜਦੋਂ ਤੁਹਾਡਾ ਗੁਰੂ ਆਊਗਾ, ਜਦੋਂ ਮੈਨੂੰ ਵਿਖਾਈ ਦੇਵੇਗਾ, ਉਦੋਂ ਛੱਡਾਂਗਾ ਉਨਾਂ ਚਿਰ ਜੇਲ੍ਹ ਕੱਟੋ।

ਨਹਿ ਆਵੈ ਮੈਂ ਤੁਮ ਦੇਉਂਗੁ ਮਾਰ'॥ ਜੇ ਤੁਹਾਡਾ ਗੁਰੂ ਏਥੇ ਨਾ ਆਇਆ, ਫੇਰ ਮੈਂ ਤੁਹਾਨੂੰ ਮਾਰ ਕੇ ਖਤਮ ਕਰ ਦਿਆਂਗਾ।

ਬੇੜੀ ਪਾਈ ਇਤੈ ਕਰਾਰ॥੪॥ ਇਹ ਇਕਰਾਰ ਕਰਕੇ ਬੇੜੀਆਂ ਪੁਆਉਣ ਲੱਗਿਆ ਸਿੰਘਾਂ ਨੂੰ। ੪।

ਦੋਹਰਾ॥ ਬੇੜੀ ਮੈਂ ਪਗ ਨਹਿੰ ਰਹੈ, ਤੁਰਕ ਸੁ ਤੰਗ ਕਰਾਇ॥ ਬੇੜੀ ਦੇ ਵਿਚ ਪੈਰ ਹੀ ਨਾ ਰਹੇ, ਉਹ ਕੁੰਡਾ ਪਾਉਂਦੇ ਨੇ, ਉਹ ਪੈਰ ਫੇਰ ਨਿਕਲ ਜਾਂਦਾ ਹੈ, ਫੇਰ ਕੁੰਡਾ ਹੋਰ ਭੀੜਾ ਕਰਦੇ ਹਨ ਹੋਰ ਭੀੜੀ ਤੰਗ ਕਰਕੇ ਬੇੜੀ ਪਾਉਂਦੇ ਹਨ ਸਿੰਘਾਂ ਦੇ ਤੁਰਕ।

ਆਇ ਬੀਰ ਸਿੰਘਨ ਕਹੈ, 'ਤੁਮ ਤੁਰੋ ਬੰਦੇ ਕੇ ਦਾਇ'॥੫॥ ਏਨੇ ਨੂੰ ਬੰਦੇ ਬਹਾਦਰ ਦੇ ਬੀਰ ਆ ਗਏ, ਉਨ੍ਹਾਂ ਤੁਰਕਾਂ ਨੂੰ ਤਾਂ ਦਿਸਦੇ ਨਹੀਂ ਹਨ, ਸਿੰਘਾਂ ਨੂੰ ਦਰਸ਼ਨ ਦਿੱਤੇ ਹਨ ਬੀਰਾਂ ਨੇ। ਕਹਿੰਦੇ ਤੁਸੀਂ ਬੰਦੇ ਦੀ ਤਰਫ ਚਲੋ, ਆਉ ਚਲੀਏ ਬੰਦੇ ਬਹਾਦਰ ਦੇ ਪਾਸ। ੫।

ਚੌਪਈ॥ ਤਬ ਸਿੰਘਨ ਕੋ ਮਨ ਪਤਿਆਯਾ॥ ਉਦੋਂ ਸਿੰਘਾਂ ਨੂੰ ਯਕੀਨ ਹੋ ਗਿਆ ਕਿ ਸਾਡੀ ਮਦਦ ਆ ਗਈ ਹੈ ਬੀਰਾਂ ਨੇ ਆਖਿਆ ਕੁਛ ਨਹੀਂ ਤੁਹਾਡਾ ਕਰ ਸਕਦਾ ਇਹ, ਤਕੜੇ ਹੋਵੋ ਤੁਸੀਂ, ਸਿੰਘਾਂ ਨੂੰ ਯਕੀਨ ਹੋ ਗਿਆ ਹੌਂਸਲੇ ਵਿਚ ਹੋ ਗਏ।

ਕਹਿ ਨਬਾਬ ਤੇ ਹਿਸਾਬ ਕਰਾਯਾ॥ ਨਬਾਬ ਵਜੀਦ ਖਾਂ ਨੂੰ ਕਹਿਣ ਲੱਗੇ ਸਾਡੇ ਹਿਸਾਬ ਕਰ ਦੇ ਨੌਕਰੀ ਦਾ ਲਿਆ ਪਿਛਲੀ ਤਨਖਾਹ ਜਿਹੜੀ ਰਹਿੰਦੀ ਹੈ ਤੇਰੇ ਵਲ।

ਨਬਾਬ ਕਹੀ 'ਹਮ ਹਸ ਕਰ ਕਹੀ'॥ ਬੇੜੀ ਤਾਂ ਹੁਣ ਸਿੰਘਾਂ ਦੇ ਪੈਂਦੀ ਨਹੀਂ, ਨਬਾਬ ਕਹਿੰਦਾ ਮੈਂ ਤਾਂ ਤੁਹਾਨੂੰ ਹਾਸੇ ਵਿਚ ਗੱਲ ਕਹੀ ਆ ਭਾਵ ਮਖੌਲ ਕੀਤਾ। ਹੁਣ ਹਾਸੇ ਨਾਲ ਟਾਲਦਾ ਉਸ ਗੱਲ ਨੂੰ।

ਅਬ ਨਹਿ ਰਹੈਂ ਸਿੰਘਨ ਉਸ ਕਹੀ॥੬॥ ਸਿੰਘਾਂ ਨੇ ਉਸਨੂੰ ਕਿਹਾ ਅਸੀਂ ਨਹੀਂ ਰਹਿੰਦੇ ਹੁਣ ਤੇਰੇ ਕੋਲ। ੬।

'ਤੂਹੀਂ ਕਹੈ ਇਹ ਮਰਨੋ ਡਰੈ॥ ਤੂੰ ਹੀ ਕਹਿੰਦਾ ਹੈਂ ਕਿ ਇਹ ਮਰਨੋਂ ਡਰਦੇ ਹਨ, ਅਸੀਂ ਨਹੀਂ ਡਰਦੇ ਮਰਨੋਂ, ਸਾਨੂੰ ਕੋਈ ਡਰ ਨਹੀਂ ਤੇਰਾ ਲਾ ਲੈ ਜ਼ੋਰ ਜਿਹੜਾ ਲਾਉਣਾ।

ਊਹਾਂ ਹੀ ਗਏ ਹਮੈਂ ਅਬ ਸਰੈ॥ ਸਾਡਾ ਤਾਂ ਹੁਣ ਉਥੇ ਗਿਆਂ ਹੀ ਸਰਨਾ ਹੈ। ਤੁਸੀਂ ਕਹਿੰਦੇ ਹੋ ਡਰਦਾ ਨਹੀਂ ਆਉਂਦਾ ਬੰਦਾ ਬਹਾਦਰ। ਹੁਣ ਸਾਡਾ ਉਥੇ ਗਿਆਂ ਬਿਨਾਂ ਗੁਜ਼ਾਰਾ ਨਹੀਂ ਹੁੰਦਾ।

ਫੇਰ ਮਿਲੈਂ ਤਬ ਗੁਰ ਕੇ ਸਾਥ'॥ ਫੇਰ ਹੀ ਮਿਲਾਂਗੇ ਗੁਰੂ ਦੇ ਨਾਲ ਆ ਕੇ (ਤਬ) ਤੈਨੂੰ।

ਗੁਰ ਫਤੇ ਬੁਲਾਈ ਸਿਰ ਧਰ ਹਾਥ॥੭॥ ਆਪਣੇ ਸਿਰ ਤੋਂ ਦੋਵੇਂ ਹੱਥ ਉੱਚੇ ਚੁੱਕ ਕੇ ਹੱਥ ਜੋੜ ਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ, ਬੁਲਾ ਦਿੱਤੀ। ੭।

ਸੇਹਰ ਖੰਡੇ ਰਾਹ ਪੁਛ ਲਯੋ॥ ਵਜੀਦ ਖਾਂ ਦੇ ਨਾਲ ਹਿਸਾਬ ਕਰਕੇ, ਮਾਮਲਾ ਲੈ ਕੇ, ਏਥੋਂ ਸੇਹਰ ਖੰਡੇ ਦਾ ਰਾਹ ਪੁਛ ਲਿਆ ਕਿਹੜਾ ਜਾਂਦਾ।

ਖਖਰੋਡ ਪਰਗਣੇ ਮੈਂ ਥੋ ਭਯੋ॥ ਖਖਰੋਡ ਨਾਮ ਦਾ (ਪ੍ਰਗਣਾ) ਇਲਾਕੇ, ਏਰੀਏ ਵਿਚ ਹੈ ਸਿਹਰ ਖੰਡਾ ਪਿੰਡ।

ਦਿੱਲੀ ਤੋਂ ਵਹਿ ਤੀਹ ਕੁ ਕੋਸ॥ ਦਿੱਲੀ ਤੋਂ ਸਿਰਫ ਤੀਹ ਕੁ ਕੋਹ ਦੀ ਵਾਟ ਦੇ ਉਤੇ ਹੈ ਇਹ ਨਗਰ ਜਿਥੇ ਬੰਦੇ ਬਹਾਦਰ ਨੇ ਆ ਕੇ ਡੇਰੇ ਲਾਏ ਹੋਏ ਨੇ।

ਤੁਰੇ ਸਿੰਘ ਦਿਲਕਰ ਇਮ ਹੋਸ॥੮॥ ਇਸ ਤਰ੍ਹਾਂ ਦਿਲ ਵਿਚ (ਹੋਸ) ਵਿਚਾਰ ਕਰਕੇ ਤੁਰ ਪਏ ਉਥੇ ਨੂੰ। ੮।

ਬੰਦੇ ਕੀ ਪਰਤੱਗਯਾ ਲੱਯੈ॥ ਜਦੋਂ ਨੇੜੇ ਚਲੇ ਗਏ ਸਿੰਘਾਂ ਆਖਿਆ ਬੰਦੇ ਦੀ (ਪਰਤੱਗਯਾ) ਪ੍ਰੀਖਿਆ ਤਾਂ ਲਈਏ ਭਲਾ ਕਿ ਸਾਨੂੰ ਜਾਂਦਿਆਂ ਨੂੰ ਪਛਾਣਦਾ ਕਿ ਨਹੀਂ ਪਛਾਣਦਾ, ਮਨ ਵਿਚ ਵਿਚਾਰ ਕੀਤੀ ਹੈ।

'ਬਜੀਰੈ ਮਾਰੈ' ਇਮ ਚਿਤ ਪਰਤੱਯੈ॥ ਜੇ ਸਾਡੀ ਗੱਲ ਬੁੱਝ ਗਿਆ ਤਾਂ ਇਸ ਤਰ੍ਹਾਂ ਸਾਡੇ ਚਿਤ ਨੂੰ (ਪਰਤੱਯੈ) ਪ੍ਰਤਿਆਵਾਂ, ਯਕੀਨ ਆ ਜਾਵੇਗਾ ਕਿ ਇਹ ਬਜੀਦ ਖਾਂ ਨੂੰ ਜਰੂਰ ਮਾਰੇਗਾ।

'ਜੋ ਹਮ ਕੌ ਵਹੁ ਲੈ ਹੈ ਨਾਮ॥ ਜੇ ਸਾਡਾ ਨਾਮ ਲੈ ਕੇ ਬੁਲਾਵੇ ਉਹ, ਜਦੋਂ ਅਸੀਂ ਹਾਜ਼ਰ ਹੋਈਏ ਸਾਡੇ ਨਾਮ ਲੈ ਕੇ ਪੁੱਛੇ

ਸਾਨੂੰ, ਫਲਾਨਾ ਸਿੰਘ ਤਕੜਾ ਹੈ ਆ ਗਿਆ, ਆਉ ਜੀ ਆਇਆਂ ਨੂੰ।

ਤਬ ਸਾਰੈ ਗੋ ਸਭ ਗੁਰ ਕਾਮ'॥ ੯॥ ਤਦੋਂ ਸਾਰੇ ਕਾਰਜ ਗੁਰੂ (ਸਾਰੈਗੋ) ਸ੍ਵਾਰਨਗੇ, ਸੁਧ ਕਰ ਦੇਣਗੇ ਗੁਰੂ ਮਹਾਰਾਜ ਜੀ। ੯।

- ***ਦੋਹਰਾ॥ ਦਸਹੁੰ ਭੁਜੰਗੀ ਥੇ ਤੁਰੇ, ਆਲੀ ਮਾਲੀ ਸਿੰਘ ਸਾਥ॥*** ਭਾਈ ਆਲੀ ਸਿੰਘ ਤੇ ਮਾਲੀ ਸਿੰਘ ਦੇ ਨਾਲ ਦਸ ਕੁ (ਭੁਜੰਗੀ) ਜੰਗੀ ਸਿੰਘ ਤੁਰੇ ਹਨ ਬੰਦੇ ਬਹਾਦਰ ਦੇ ਪਾਸ ਜਾਣ ਵਾਸਤੇ।

ਦੂਰਹੁੰ ਬੰਦੈ ਦੇਖ ਕੈ ਧਰਯੋ ਮਾਥ ਪਰ ਹਾਥ॥੧੦॥ ਬੰਦੇ ਬਹਾਦਰ ਨੂੰ ਦੂਰੋਂ ਵੇਖ ਕੇ ਸਿੰਘਾਂ ਨੇ ਆਪਣੇ ਦੋਵੇਂ ਹੱਥ ਜੋੜ ਕੇ, ਮੱਥੇ ਤੋਂ ਉਤਾਂਹ ਚੁੱਕੇ। ੧੦।

ਚੌਪਈ॥ ਵਾਹਿਗੁਰੂ ਕੀ ਫਤ੍ਹੇ ਬੁਲਾਈ॥ ਸਿੰਘਾਂ ਨੇ ਮਿਲਣ ਸਾਰ 'ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ' ਗਜਾਈ ਹੈ।

ਅਕਾਲ ਅਕਾਲ ਕੀ ਵਾਜ ਸੁਣਾਈ॥ ਸਤਿ ਸ੍ਰੀ ਅਕਾਲ ਸਤਿ ਸ੍ਰੀ ਅਕਾਲ, ਦੇ ਜੈਕਾਰਿਆਂ ਦੀ ਗੂੰਜ ਪਾਈ।

ਅਗੈ ਬੰਦੈ ਯੌ ਬਚਨ ਸੁਣਾਏ॥ ਜਦੋਂ ਬੰਦਾ ਸਿੰਘ ਬਹਾਦਰ ਦੇ ਸਾਹਮਣੇ ਗਏ, ਉਹ ਸਿੰਘਾਂ ਨੂੰ ਇਉਂ ਬੋਲਿਆ ਹੈ।

ਚਾਹਤ ਅਪਨੇ ਨਾਮ ਬਤਾਏ॥੧੧॥ ਸਿੰਘੋ! ਤੁਸੀਂ ਚਾਹੁੰਦੇ ਹੋ ਕਿ ਜੇ ਸਾਡਾ ਨਾਮ ਲੈ ਕੇ ਦੱਸੇ, ਸਾਨੂੰ ਬੁਲਾਏ, ਫੇਰ ਸਾਨੂੰ ਪ੍ਰਤੀਤ ਹੋ ਜਾਏਗੀ। ੧੧।

'ਆਲੀ ਮਾਲੀ ਸਿੰਘ ਭਸੌੜੀਏ ਆਏ॥ ਆਲੀ ਸਿੰਘ ਤੇ ਮਾਲੀ ਸਿੰਘ ਤੋਂ ਇਲਾਵਾ ਇਨ੍ਹਾਂ ਦੇ ਨਾਲ ਦੇ ਸਿੰਘ ਭਸੌੜ ਤੋਂ ਆਏ ਸਨ, ਬੰਦਾ ਸਿੰਘ ਜੀ ਨੇ ਕਿਹਾ ਭਾਈ ਆਲੀ ਸਿੰਘ ਮਾਲੀ ਸਿੰਘ ਅਤੇ ਨਾਲ (ਭਸੌੜੀਏ) ਭਸੌੜ ਪਿੰਡ ਦੇ ਰਹਿਣ ਵਾਲੇ ਸਿੰਘ ਆਏ ਹਨ।

ਕਰਾਮਾਤ ਘਰੋਂ ਢੂੰਡਤ ਧਾਏ॥ ਬੰਦਾ ਬਹਾਦਰ ਕਹਿੰਦਾ ਘਰੋਂ ਤੁਰਦਿਆਂ ਕਰਾਮਾਤ ਲੱਭਣ ਤੁਰ ਪਏ ਕਿ ਦੇਖੀਏ ਬੰਦੇ ਵਿਚ ਕਰਾਮਾਤ ਵੀ ਹੈ ਕੋਈ।

ਕਰਾਮਾਤ ਉਸ ਸਤਿਗੁਰ ਮਾਹੀਂ॥ ਬੰਦਾ ਕਹਿੰਦਾ ਕਰਾਮਾਤ ਤਾਂ ਉਸ ਸੱਚੇ ਪਾਤਸ਼ਾਹ ਵਿਚ ਹੈ ਦਸ਼ਮੇਸ਼ ਪਿਤਾ ਜੀ ਵਿਚ ਹੈ ਕਰਾਮਾਤ।

ਭੇਜਣ ਵਾਰੋ ਲਾਜ ਰਖਾਹੀਂ॥੧੨॥ ਉਹ ਸਾਹਿਬ-ਏ-ਕਮਾਲ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਸਾਨੂੰ ਭੇਜਣ ਵਾਲੇ ਹਨ, ਉਹ ਸਾਡੀ ਲੱਜਿਆ ਰੱਖਣਗੇ, ਉਹ ਹੀ ਕਰਾਮਾਤ ਹੈ ਵੱਡੀ। ੧੨।

ਯੌ ਕਹਿ ਉਨ ਕੋ ਨਾਮ ਸੁਨਾਯੋ॥ ਇਉਂ ਕਹਿ ਕੇ ਉਨ੍ਹਾਂ ਦਾ ਨਾਮ ਉਨ੍ਹਾਂ ਸਿੰਘਾਂ ਨੂੰ ਸੁਣਾਇਆ, ਉਨ੍ਹਾਂ ਦੇ ਨਾਮ ਲੈ ਕੇ ਸੰਬੋਧਨ ਕੀਤਾ ਹੈ।

ਤੌ ਉਨ ਕੋ ਮਨ ਠੀਕ ਪ੍ਰਤਯਾਯੋ॥ ਤਾਂ ਉਨ੍ਹਾਂ ਦੇ ਮਨ ਨੂੰ ਠੀਕ ਪ੍ਰਤਿਆਵਾ ਆ ਗਿਆ ਹੈ। ਆਲੀ ਸਿੰਘ ਮਾਲੀ ਸਿੰਘ ਅਤੇ ਹੋਰ ਸਿੰਘਾਂ ਦੀ ਤਸੱਲੀ ਹੋ ਗਈ।

ਮਾਲੀ ਆਲੀ ਸਿੰਘ ਬੰਦੈ ਕਹੀ॥ ਆਲੀ ਸਿੰਘ ਮਾਲੀ ਸਿੰਘ ਨੇ ਬੰਦਾ ਸਿੰਘ ਬਹਾਦਰ ਨੂੰ ਕਿਹਾ।

ਉਨਮੈਂ ਤੁਮ ਮੈਂ ਭੇਦੋ ਨਹੀਂ॥ ੧੩॥ (ਉਨ ਮੈ) ਗੁਰੂ ਸਾਹਿਬ ਵਿਚ ਤੁਹਾਡੇ ਵਿਚ ਕੋਈ ਭੇਦ ਨਹੀਂ ਹੈ। ੧੩।

ਅਬਹ ਕਾਹੇ ਕੋ ਦੇਰ ਲਗਾਈ॥ ਆਲੀ ਸਿੰਘ ਕਹਿਣ ਲੱਗਾ ਕਿ ਸਤਿਗੁਰਾਂ ਨੇ ਤੁਹਾਨੂੰ ਬਲ ਦੇ ਕੇ ਭੇਜਿਆ ਹੁਣ ਕਿਸ ਵਾਸਤੇ ਦੇਰ ਲਗਾਈ ਹੈ, ਹੁਣ ਕਰੀਏ ਹੱਲਾ ਸਰਹੰਦ 'ਤੇ।

ਕਰੋ ਕਾਰ ਕਰਨ ਆਇ ਜਾਹੀ॥ ਆਉਣ ਸਾਰ ਹੀ ਇਹ ਬਚਨ ਕੀਤਾ, ਜਿਹੜਾ ਕੰਮ ਕਰਨ ਵਾਸਤੇ ਆਇਆ ਹਾਂ, ਹੁਣ ਉਹ ਕੰਮ ਕਰ ਦੇਈਏ।

ਫਿਰ ਬੰਦੈ ਨੈ ਉਨ ਸੋਂ ਕਹੀ॥ ਫਿਰ ਬੰਦੇ ਬਹਾਦਰ ਨੇ ਉੱਤਰ ਦਿੱਤਾ ਆਲੀ ਸਿੰਘ ਮਾਲੀ ਸਿੰਘ ਨੂੰ।

'ਸਿੰਘ ਆਵਤ' ਹੈਂ ਮਿਲਨੇ ਕਈ॥੧੪॥ ਖਾਲਸਾ ਜੀ! ਸਿੰਘਾਂ ਦੇ ਬਹੁਤ ਜਥੇ ਆ ਰਹੇ ਨੇ, ਦੂਰ ਦੂਰ ਹੁਕਮਨਾਮੇ ਭੇਜੇ ਹਨ ਸਾਹਿਬਾਂ ਦੇ, ਤਾਂ ਉਹ ਸਿੰਘ ਸਾਡੇ ਵੱਲ ਚਲੇ ਆ ਰਹੇ ਹਨ। ੧੪।

ਉਨ ਕੋ ਚਹਿਯੈ ਸੰਗ ਰਲਾਏਂ॥ ਸਾਡਾ ਫਰਜ਼ ਹੈ ਕਿ ਉਨ੍ਹਾਂ ਨੂੰ ਨਾਲ ਰਲਾ ਕੇ ਚਲੀਏ, ਫੇਰ ਸਰਹੰਦ 'ਤੇ ਹੱਲਾ ਬੋਲੀਏ।

ਇਮ ਕਰਿਕੈ ਹਮ ਦੇਰ ਲਗਾਏਂ॥ ਬਸ ਆਹ ਕਾਰਨ ਹੈ ਤਾਂ ਕਰ ਕੇ ਅਸੀਂ ਦੇਰ ਲਗਾਉਂਦੇ ਹਾਂ, ਉਡੀਕ ਰਹੇ ਹਾਂ ਸਿੰਘਾਂ ਨੂੰ ਜੋ ਰਸਤੇ ਵਿਚ ਵੱਖ ਵੱਖ ਥਾਵਾਂ ਤੋਂ ਆ ਰਹੇ ਹਨ।

ਜਿਨ ਪੈ ਅਗੈ ਚਿਠੈ ਥੇ ਗਏ॥ ਜਿਨ੍ਹਾਂ ਕੋਲ ਅੱਗੇ ਚਿੱਠੇ ਗਏ ਹੋਏ ਨੇ, ਸਤਿਗੁਰਾਂ ਦੇ ਹੁਕਮਨਾਮੇ ਪਹੁੰਚੇ ਹੋਏ ਨੇ।

ਸੋ ਅਬ ਆਵਤ ਦੂਰੋਂ ਧਏ॥੧੫॥ ਉਹ ਸਿੰਘ ਦੂਰ ਦੂਰ ਤੋਂ (ਧਏ) ਹੱਲੇ ਨਾਲ ਤੁਰੇ ਆਉਂਦੇ ਨੇ। ੧੫।

ਦੋਹਰਾ॥ ਉਨ ਕੈ ਦਿਲ ਕੀ ਹਮ ਬੁਝੈਂ, ਵੈ ਚਹੈਂ ਫਤ੍ਹੇ ਲਈ ਆਪ॥ ਖਾਲਸਾ ਜੀ! ਉਨ੍ਹਾਂ ਦੇ ਮਨ ਵਿਚ ਇੱਛਾ ਹੈ ਕਿ ਅਸੀਂ ਚਲ ਕੇ ਫਤ੍ਹੇ ਕਰਨਾ ਹੈ, ਅਸੀਂ ਚੱਲਕੇ ਕਿਲ੍ਹੇ ਤੋੜਨੇ ਹਨ, ਅਸੀਂ ਫਤ੍ਹੇਯਾਬ ਹੋਵਾਂਗੇ। ਅਸੀਂ ਉਨ੍ਹਾਂ ਦੇ ਦਿਲ ਦੀ ਗੱਲ ਸਮਝਦੇ ਹਾਂ ਇਸ ਕਰਕੇ ਉਨ੍ਹਾਂ ਸਿੰਘਾਂ ਨੂੰ ਮਿਲਾ ਲਈਏ ਜ਼ਰੂਰ ਹੀ।

ਦੱਖਣ ਪੂਰਬ ਪੱਛਮੋਂ, ਪਰਬਤਿ ਆਏ ਥਾਪ॥੧੬॥ ਦੱਖਣ, ਪੂਰਬ, ਪੱਛਮ ਤੇ ਪਹਾੜ ਤੋਂ ਮਨ ਵਿਚ ਇਹ ਥਾਪ ਕੇ ਖਾਲਸੇ ਦੇ ਜਥੇ ਆ ਰਹੇ ਹਨ। ੧੬।

ਚੌਪਈ॥ ਤੌ ਲੌ ਮਾਲਵਯੋਂ ਖਾਲਸੋ ਆਯੋ॥ ਇਤਨੇ ਨੂੰ ਮਾਲਵੇ ਤੋਂ ਸਿੰਘਾਂ ਦੇ ਜਥੇ ਪਹੁੰਚ ਗਏ ਹਨ, ਇੰਨੇ ਬਚਨ ਕਰਦਿਆਂ ਨੂੰ ਹੀ।

ਫਤ੍ਹੇ ਸਿੰਘ ਭਾਈ ਕਾ ਲਯਾਯੋ॥ ਭਾਈ ਕੇ ਚੱਕ ਪਿੰਡ ਤੋਂ ਜੋ ਕੇ ਫਤ੍ਹੇ ਸਿੰਘ ਦਾ ਚੱਕ ਹੈ, ਇਹ ਜੱਥਾ ਲੈ ਕੇ ਭਾਈ ਕਿਆਂ ਵਿਚੋਂ ਭਾਈ ਫਤ੍ਹੇ ਸਿੰਘ ਜੀ ਪਹੁੰਚ ਗਏ ਹਨ।

ਕਰਮ ਧਰਮ ਸਿੰਘ ਰੂਪੇ ਵਾਰੇ॥ ਭਾਈ ਰੂਪੇ ਵਾਲੇ ਭਾਈ ਕਰਮ ਸਿੰਘ ਤੇ ਧਰਮ ਸਿੰਘ ਜੀ।

ਆਏ ਤੇ ਭੀ ਗੁਰੂ ਪਿਆਰੇ॥੧੭॥ ਗੁਰੂ ਦੇ ਪਿਆਰੇ ਇਹ ਭਾਈ ਰੂਪੇ ਤੋਂ ਆਏ ਹਨ, ਧਰਮ ਯੁੱਧ ਹਿੱਸਾ ਪਾਉਣ ਵਾਸਤੇ। ੧੭।

ਰਾਮਾ ਤ੍ਰਿਲੋਕਾ ਆਪ ਨ ਆਏ॥ ਇਹ ਰਾਮ ਸਿੰਘ ਤੇ ਤਿਲੋਕ ਸਿੰਘ ਇਹ ਫੂਲ ਕੇ ਸਨ, ਇਹ ਆਪ ਤਾਂ ਨਾ ਪਹੁੰਚ ਸਕੇ।

ਦੇ ਦੇ ਖਰਚ ਉਨ ਭੇਜੇ ਪਰਾਏ॥ ਕਿਉਂਕਿ ਇਹਨਾਂ ਕੋਲ ਰਾਜਧਾਨੀਆਂ ਸਨ, ਬਹੁਤ ਪਿੰਡਾਂ ਦਾ ਮਾਮਲਾ ਸੀ ਵੱਡਾ ਤਕੜਾ। ਇਹਨਾਂ ਨੇ ਹੋਰ ਸਿੰਘਾਂ ਨੂੰ ਤਿਆਰ ਕਰਕੇ ਖਰਚਾ ਸਾਡੇ ਕੋਲੋਂ ਲਵੋ, ਚਲੋ ਨਾਲ ਅਰਦਾਸ ਕਰੋ, ਪਹੁੰਚੋ ਉਥੇ ਜੰਗ ਵਿਚ।

ਮਹਿਰਾਜ ਵਾਲੇ ਕਿਛ ਲੁੱਟਣ ਆਏ॥ ਮਹ੍ਰਾਜ ਪਿੰਡ ਜੋ ਗੁਰੂ ਹਰਿਗੋਬਿੰਦ ਸਾਹਿਬ ਜੀ ਤੋਂ ਵਰੋਸਾਇਆ ਹੈ ਇਥੋਂ ਮਹ੍ਰਾਜ ਤੋਂ ਕੁਛ ਸਿੰਘ ਲੁੱਟਣ ਦੀ ਇਛਾ ਰਖਕੇ ਆਏ ਹਨ ਕਿ ਵੱਡੇ ਵੱਡੇ ਸ਼ਹਿਰ ਲੁੱਟਣੇ ਹਨ ਆਪਣੇ ਵੀ ਹੱਥ ਪੱਲੇ ਕੁਛ ਲੱਗ ਜਾਵੇਗਾ।

ਫੂਲ ਪੁਤ੍ਰਨ ਤੇ ਖਰਚ ਲੈ ਧਾਏ॥੧੮॥ ਅਤੇ ਫੂਲ ਜੀ ਦੇ ਪੁਤ੍ਰਾਂ ਤੋਂ ਇਹ ਵੀ ਖਰਚਾ ਲੈ ਕੇ ਰਸਤੇ ਦਾ ਇਹ ਵੀ ਬੰਦਾ ਸਿੰਘ ਵੱਲ ਨੂੰ (ਧਾਏ) ਹੱਲਾ ਕਰਕੇ ਆਏ ਹਨ। ੧੮।

ਕੋਟ ਕਪੂਰੀਏ ਆਏ ਨ ਕੋਈ॥ ਕੋਟ ਕਪੂਰੇ ਵਾਲਿਆਂ ਵਿਚੋਂ ਕੋਈ ਵੀ ਨਹੀਂ ਆਇਆ, ਇਹ ਹਾਜ਼ਰ ਹੀ ਨਹੀਂ ਹੋਏ।

ਇਮ ਰਹਯੋ ਕਪੂਰੋ ਖਾਲੀ ਤੋਈ॥੧੯॥ ਇਸ ਤਰ੍ਹਾਂ ਉਹ ਕਪੂਰਾ ਖਾਲੀ ਰਹਿ ਗਿਆ ਹੈ, ਪਹਿਲਾਂ ਗੁਰੂ ਜੀ ਤੋਂ ਸਰਾਪ ਲੈ ਬੈਠਾ, ਹੁਣ ਮੌਕਾ ਸੀ ਹੁਣ ਵੀ ਕੋਈ ਨਹੀਂ ਭੇਜਿਆ, ਇਸ ਕਰਕੇ ਖਾਲੀ ਰਹਿ ਗਿਆ। ੧੯।

ਪ੍ਰਸੰਗ ਸ਼ਹਿਰ ਸਮਾਣੋਂ ਕਾ
(ਸਮਾਣਾ ਮਾਰਨਾ ਤੇ ਵਜ਼ੀਰ ਖਾਂ ਨੂੰ ਖ਼ਬਰ ਹੋਣੀ, ਕਿ ਬੰਦਾ ਸਿਰਹੰਦ ਨੂੰ ਆ ਰਿਹਾ ਹੈ)
ਅਥ ਨੌਮੋ ਪ੍ਰਸੰਗ ਸਹਰ ਸਵਾਨੋ ਮਾਰਨੇ ਲਿਖਯਤੇ॥

ਦੋਹਰਾ॥ ਤਬ ਬੰਦੈ ਨੈ ਦੌੜ ਕਰ, ਲਿਯੋ ਸਮਾਣਾ ਮਾਰ॥ ਖਾਲਸੇ ਦੇ ਆਉਣ ਸਾਰ ਹੀ ਬੰਦਾ ਸਿੰਘ ਬਹਾਦਰ ਨੇ ਦੌੜ ਕੇ ਜਾ ਸਮਾਣਾ ਸ਼ਹਿਰ ਮਾਰਿਆ ਹੈ।

ਫਤ੍ਹੇ ਆਈ ਫਤ੍ਹੇ ਸਿੰਘ ਕੋ, ਸੁ ਬੰਦੇ ਕੀਯੋ ਫੁਜਦਾਰ॥੨੦॥ ਇਹ ਜੋ ਫਤ੍ਹੇ ਸਿੰਘ ਭਾਈ ਕੇ ਚੱਕ ਪਿੰਡ ਦਾ, ਇਸਨੇ ਫਤ੍ਹੇ ਲਈ, ਅੱਗੇ ਹੋ ਕੇ ਲੜਿਆ, ਮੈਦਾਨ ਸਾਫ ਕੀਤਾ, ਭਜਾ ਕੇ ਮਾਰ ਕੇ ਖਤਮ ਕਰ ਦਿੱਤੇ ਤਾਂ ਬੰਦੇ ਬਹਾਦਰ ਨੇ ਸਾਰੀ ਫੌਜ ਭਾਈ ਫਤ੍ਹੇ ਸਿੰਘ ਨੂੰ ਸੌਂਪ ਦਿੱਤੀ ਉਸਨੂੰ ਫੌਜ ਦਾ ਜਰਨੈਲ ਬਣਾ ਦਿੱਤਾ ਹੈ। ੨੦।

ਚੌਪਈ॥ ਲਯੋ ਮਾਰ ਜਬ ਸ਼ਹਿਰ ਸਮਾਣੋ॥ ਜਦੋਂ ਸਮਾਣਾ ਸ਼ਹਿਰ ਮਾਰ ਲਿਆ ਹੈ।

ਤਬ ਤੁਰਕਨ ਸਿਰ ਕਹਿਰ ਬਿਹਾਣੋ॥ ਤਦੋਂ ਦੁਸ਼ਟ ਤੁਰਕਾਂ ਦੇ ਸਿਰ ਕਹਿਰ ਦਾ ਸਮਾਂ ਬੀਤਿਆ।

ਬਿਨ ਬੋਦੀ ਜੋ ਸਿੰਘਨ ਪਾਯੋ॥ ਬਿਨਾਂ ਬੋਦੀ ਤੋਂ ਜੋ ਕੋਈ ਵੀ ਸਿੰਘਾਂ ਨੇ ਦੇਖਿਆ, ਕਿਉਂਕਿ ਬੋਦੀ ਹਿੰਦੂਆਂ ਦੀ ਨਿਸ਼ਾਨੀ ਹੈ ਹਿੰਦੂ ਹੋਣ ਦੀ, ਮੁਸਲਮਾਨ ਬੋਦੀ ਨਹੀਂ ਰਖਦੇ ਸਿਰ 'ਤੇ।

ਤੁੰਬੜਿ ਜਿਮ ਤਿਨ ਸੀਸ ਉਡਾਯੋ॥੨੧॥ ਉਨ੍ਹਾਂ ਦਾ ਸਿਰ ਤੁੰਬੜ ਵਾਙੂੰ ਉਡਾ ਦਿੰਦੇ ਹਨ ਸਿੰਘ, ਸਿਰ ਲਾਹ ਦਿੰਦੇ ਹਨ ਤੁੰਬੇ ਵਾਂਗ। ੨੧।

ਦੋਹਰਾ॥ ਬਜੀਦੈ ਕਾਰਾ ਜਬ ਕੀਓ, ਸਮਾਣੀਏਂ ਭੀ ਥੇ ਨਾਲ॥ ਜਦੋਂ ਬਜੀਦੇ ਨੇ ਸਰਹੰਦ ਵਿਚ ਛੋਟੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਨ ਦਾ (ਕਾਰਾ) ਜ਼ੁਲਮ ਕੀਤਾ ਹੈ, ਇਹ ਸਮਾਣੇ ਵਾਲੇ ਵੀ ਉਸ ਵੇਲੇ ਨਾਲ ਸਨ, ਸਹਿਜੋਗੀ ਸਨ ਬਜੀਦੇ ਦੇ।

ਫੌਜਦਾਰ ਉਹ ਬੀ ਹੁਤੈ, ਪਾਲਕੀ ਬਾਈ ਵਾਰ॥੨੨॥ ਇਥੋਂ ਸਮਾਣੇ ਵਿਚੋਂ ਬਾਈ ਪਾਲਕੀਆਂ ਨਿਕਲਦੀਆਂ ਸਨ, ਇਥੇ ਬਾਈ ਫੌਜਦਾਰ ਨਬਾਬ ਆਦਿਕ ਰਹਿੰਦੇ ਸਨ, ਇਹ ਵੀ ਉਸ ਜ਼ੁਲਮ ਵਿਚ ਸਾਥੀ ਸਨ। ੨੨।

ਚੌਪਈ॥ ਸ਼ਹਿਰ ਸਮਾਣੋਂ ਜਬ ਲਯੋ ਮਾਰ॥ ਜਦੋਂ ਸਿੰਘਾਂ ਨੇ ਸਮਾਣਾ ਸ਼ਹਿਰ ਮਾਰ ਲਿਆ ਹੈ।

ਗਯੋ ਦਲਿੱਦ੍ਰ ਦਲਿੱਦ੍ਰਨ ਵਾਰ॥ ਦਲਿੱਦ੍ਰ ਵਾਲਿਆਂ ਦਾ ਦਲਿੱਦ੍ਰ ਨਿਕਲ ਗਿਆ। ਉਨ੍ਹਾਂ (ਦਲਿੱਦ੍ਰ ਵਾਲੇ) ਗਰੀਬਾਂ ਦੀ (ਦਲਿੱਦ੍ਰ) ਗਰੀਬੀ ਦੂਰ ਹੋ ਗਈ। ਜਿਨ੍ਹਾਂ ਕੋਲ ਚੰਗੇ ਸ਼ਸਤ੍ਰ, ਬਸਤ੍ਰ, ਘੋੜੇ ਨਹੀਂ ਸਨ ਜਿਨ੍ਹਾਂ ਸਿੰਘਾਂ ਦੇ ਖੁਰਜੀਆਂ ਵਿਚ ਮਾਯਾ ਹੈ ਨਹੀਂ ਸੀ, ਇਸ ਤਰ੍ਹਾਂ ਸਿੰਘਾਂ ਦਾ ਦਲਿੱਦ੍ਰ ਨਿਕਲ ਗਿਆ, ਏਨਾ ਸੋਨਾ ਚਾਂਦੀ ਮੋਹਰਾਂ ਸਿੰਘਾਂ ਦੇ ਹੱਥ ਆਈਆਂ, ਚੰਗੇ ਚੰਗੇ ਸ਼ਸਤ੍ਰ ਘੋੜੇ ਮਿਲ ਗਏ, ਉਹ ਦਲਿੱਦ੍ਰੀਆਂ ਦਾ ਦਲਿੱਦ੍ਰ ਨਿਕਲ ਗਿਆ। ਲੁਟੇਰੇ ਜੋ ਲੁੱਟਣ ਵਾਲੇ ਆਏ ਸਨ ਤਾਂ ਉਹ ਨਿਹਾਲ ਹੋ ਗਏ, ਬੜੀ ਮਾਯਾ ਲੱਭੀ ਉਥੋਂ।

ਤਬ ਬੰਦੈ ਨੇ ਚਿੱਤ ਬਿਚਾਰੀ॥ ਤਦ ਬੰਦੇ ਨੇ ਆਪਣੇ ਚਿੱਤ ਵਿਚ ਵਿਚਾਰ ਕੀਤੀ ਹੈ।

ਬਜੀਰੈ ਲੁੱਟੀਐ ਫੌਜ ਕਰ ਭਾਰੀ॥੨੩॥ ਕਿ ਜਦੋਂ ਬਜੀਦ ਖਾਂ ਨੂੰ ਲੁੱਟਣਾ ਹੈ ਭਾਰੀ ਫੌਜ ਕਰਕੇ ਲੁੱਟੀਏ, ਕਿਉਂਕਿ ਪਿੱਛੇ ਸਿੰਘਾਂ ਦੇ ਗਰੀਬੀ ਸੀ, ਦੂਣੇ ਚੌਣੇ ਦੇਣੇ ਕਰਕੇ ਸਿੰਘ ਵਿਆਜ ਲੈ ਕੇ ਆਏ ਸਨ ਸ਼ਸਤ੍ਰ ਬਸਤ੍ਰ ਲੈ ਕੇ ਆਏ ਸਨ ਹੁਣ ਉਨ੍ਹਾਂ ਉਹ ਮਾਇਆ ਮੋੜਨੀ ਸੀ। ਜਦੋਂ ਸਿੰਘਾਂ ਨੇ ਖੁਰਜੀਆਂ ਭਰ ਲਈਆਂ ਕਿ ਚਲੋ ਪਿੰਡਾਂ ਵਿਚ ਜਾ ਕੇ ਮਾਮਲਾ ਦੇ ਆਈਏ। ਇਸ ਇਤਿਹਾਸ ਵਿਚ ਸੰਕੋਚ ਨਾਲ ਲਿਖਿਆ, ਦੂਜੇ ਇਤਿਹਾਸਾਂ ਵਿਚ ਲਿਖਿਆ ਕਿ ਬੰਦੇ

ਬਹਾਦਰ ਨੇ ਕਿਹਾ ਖਾਲਸਾ ਜੀ! ਦੇਣਾ ਲੈਣਾ ਦੇ ਕੇ ਦਬਾਦਬ ਹੱਲੇ ਨਾਲ ਆ ਜਾਇਓ। ਇਉਂ ਸਿੰਘ ਫਿਰ ਮੁੜੇ ਨੇ ਦੂਰ ਦੂਰ ਆਪੋ ਆਪਣੇ ਘਰਾਂ ਨੂੰ, ਸਭ ਦੇ ਕਰਜੇ ਆਦਿਕ ਮੋੜਕੇ ਬਾਕੀ ਦਾ ਵਾਧੂ ਧਨ ਸੰਭਾਲ ਕੇ ਤੇ ਫਿਰ ਖਾਲਸਾ ਆ ਗਿਆ ਹੈ, ਸਾਰੇ ਜਥੇ ਹਾਜ਼ਰ ਹੋ ਗਏ ਹਨ।

ਹੁਣ ਬੰਦੇ ਬਹਾਦਰ ਦਾ ਇਰਾਦਾ ਹੋਇਆ ਹੈ ਜਿਹੜੇ ਸਿੰਘ ਰਹਿ ਗਏ ਨੇ, ਅਨੰਦਪੁਰ ਸਾਹਿਬ, ਕੀਰਤਪੁਰ ਸਾਹਿਬ ਬੈਠੇ ਨੇ ਸਾਰੇ ਉਹ ਸਿੰਘ ਲੁੱਟ ਵਲੋਂ ਰਹਿ ਜਾਣਗੇ, ਇਹ ਸ਼ਹਿਰ ਬੜੇ ਧਨੀ ਨੇ ਬੜੀ ਮਾਇਆ ਇੱਕਠੀ ਕੀਤੀ ਹੈ ਤੁਰਕਾਂ ਨੇ ਇਸ ਸਾਰੀ ਮਾਇਆ ਤੇ ਹੁਣ ਖਾਲਸੇ ਦਾ ਹੱਕ ਹੈ। ਹੁਣ ਸਿੰਘ ਲੁੱਟਣ ਏਸਨੂੰ ਰਲ ਕੇ ਸਾਰਿਆਂ ਨੂੰ ਵਰਤਾਰਾ ਮਿਲੇ ਇਉਂ ਬੰਦਾ ਸਿੰਘ ਬਹਾਦਰ ਸੋਚ ਰਿਹਾ ਸੀ। ੨੩।

ਉਹਾਂ ਬਜੀਰੇ ਘਲੇ ਹਲਕਾਰੇ॥ ਜਦੋਂ ਸਾਰੇ ਫੌਜਦਾਰਾਂ ਨੂੰ ਮਾਰ ਕੇ ਸਿੰਘਾਂ ਨੇ ਸਮਾਣੇ 'ਤੇ ਕਬਜ਼ਾ ਕਰ ਲਿਆ ਤੇ ਲੁੱਟਿਆ ਹੈ। ਬਜੀਦ ਖਾਂ ਨੇ (ਹਲਕਾਰੇ) ਜਸੂਸ ਭੇਜੇ ਕਿ ਜਾ ਕੇ ਪਤਾ ਲਿਆਉ ਕੀ ਹਾਲ ਬੀਤਿਆ ਹੈ ਉਨ੍ਹਾਂ 'ਤੇ।

ਬੰਦੈ ਕਹਯੋ ਤਬ ਅਗਮ ਬਿਚਾਰੇ॥ (ਅਗਮ) ਅੱਗੇ ਆਉਣ ਵਾਲੀ ਗੱਲ, ਕੌਣ ਸਾਡੇ ਬੁਰੇ ਵਿਚ ਫਿਰਦਾ ਹੈ, ਕੌਣ ਭਲੇ ਵਿਚ, ਉਹਦੀ ਆਤਮਕ ਸ਼ਕਤੀ ਨਾਲ ਨਿਗਾਹ ਦੂਰ ਤੱਕ ਸੀ, ਤਾਂ ਬੰਦਾ ਸਿੰਘ ਨੇ ਪਹਿਲਾਂ ਹੀ ਵਿਚਾਰ ਕੇ ਦੱਸ ਦਿੱਤਾ।

ਇਕ ਹੈ ਕਾਣੋ ਇਕ ਹਥ ਏਕ॥ ਬੰਦੇ ਬਹਾਦਰ ਨੇ ਕਿਹਾ ਖਾਲਸਾ ਜੀ! ਦੋ ਬੰਦੇ ਜਸੂਸ ਆਏ ਹਨ ਬਜੀਦੇ ਵਲੋਂ। ਉਹਨਾਂ ਦੋ ਵਿਚੋਂ ਇਕ ਤਾਂ ਇਕ ਹੱਥੋਂ ਟੁੰਡਾ ਹੈ, ਇਕ ਕਾਣਾ ਹੈ ਇਕ ਅੱਖੋਂ। ਉਨ੍ਹਾਂ ਦੀ ਜਗ੍ਹਾ ਵੀ ਦੱਸ ਦਿੱਤੀ ਜਿਥੇ ਉਹ ਖੜੇ ਸਨ।

ਪਕੜ ਮਗਾਵੋ ਬਜਾਰੋਂ ਦੇਖ॥੨੪॥ ਬਜ਼ਾਰ ਵਿਚ ਦੇਖ ਕੇ ਦੋਵਾਂ ਨੂੰ ਫੜ ਕੇ ਲਿਆਵੋ, ਜਿਥੇ ਕਾਣਾ ਤੇ ਲੁੰਜਾ ਖੜ੍ਹੇ ਹੋਣ ਉਨ੍ਹਾਂ ਦੋਵਾਂ ਨੂੰ ਫੜ ਲਿਆਓ, ਇਉਂ ਨਿਸ਼ਾਨੀਆਂ ਦੇ ਦਿੱਤੀਆਂ ਹਨ। ੨੪।

ਜਹਿੰ ਦੱਸੇ ਸੋ ਤਹਾਂ ਸੇ ਖੜੇ॥ ਜਿਥੇ ਬਹਾਦਰ ਨੇ ਦੱਸ ਪਾਈ ਸੀ ਕਿ ਅਮਕੇ ਚੌਕ ਵਿਚ ਖੜੇ ਨੇ, ਉਹ ਦੋਵੇਂ ਉਥੇ ਹੀ ਖੜੇ ਮਿਲ ਗਏ ਹਨ।

ਲਯਾਏ ਸਿੰਘ ਊਹਾਂ ਤੇ ਫੜੇ॥ ਉਥੋਂ ਹੀ ਸਿੰਘ ਉਨ੍ਹਾਂ ਨੂੰ ਫੜ ਲਿਆਏ ਹਨ ਜਾ ਕੇ।

ਜੂਤੇ ਮਾਰਤੇ ਗੰਜੇ ਕਰੇ॥ ਇਨ੍ਹਾਂ ਜਸੂਸਾਂ ਦੇ ਸਿਰ ਵਿਚ ਜੁੱਤੀਆਂ ਮਾਰ ਮਾਰ ਕੇ ਇਨ੍ਹਾਂ ਦੇ ਸਿਰ ਗੰਜੇ ਕਰ ਦਿੱਤੇ ਹਨ, ਇਨ੍ਹਾਂ ਦੇ ਸਿਰ 'ਤੇ ਕੋਈ ਵਾਲ ਨਹੀਂ ਰਹਿਣ ਦਿੱਤਾ ਸਿੰਘਾਂ ਨੇ। ਚੰਗੀ ਛਿੱਤਰ ਪਰੇਡ ਕੀਤੀ ਸਿੰਘਾਂ ਨੇ।

ਨਾਮ ਬਜੀਰੈ ਲੈ ਲੈ ਖਰੇ॥੨੫॥ ਬਜੀਦੇ ਦਾ ਨਾਮ ਲੈ ਲੈ ਕੇ ਚੰਗੀ ਤਰ੍ਹਾਂ ਕਿਉਂ ਓਇ ਬਜੀਦੇ ਨੇ ਭੇਜਿਆ? ਤੁਸੀਂ ਹੋ ਨਾ ਜਸੂਸ? ਤੇ ਸਿਰ ਵਿਚ ਨਾਲੇ ਛਿੱਤਰ ਪੈਂਦੇ ਤੁਰੇ ਆਉਣ। ੨੫।

ਲਿਖ ਕੈ ਚਿਠੇ ਉਨ ਹਥ ਦਏ॥ ਅਤੇ ਬੰਦੇ ਬਹਾਦਰ ਕੋਲ ਪੇਸ਼ ਕੀਤੇ, ਬੰਦੇ ਬਹਾਦਰ ਨੇ ਕਿਹਾ ਓਇ! ਲੁਕ ਛਿਪ ਕੇ ਆ ਰਹੇ ਹੋ ਜਸੂਸੀਆਂ ਕਰਦੇ ਹੋ! ਆ ਲੈ ਜਾਓ ਚਿੱਠੀ।

ਕਹਯੋ 'ਬਜੀਰੇ! ਹਮ ਅਬ ਆਏ'॥ ਬੰਦੇ ਬਹਾਦਰ ਨੇ ਚਿੱਠੀ ਵਿਚ ਵਜ਼ੀਦੇ ਨੂੰ ਕਿਹਾ, ਵਜ਼ੀਦ ਖਾਂ! ਜੋ ਕੁਛ ਖਾਣਾ ਪੀਣਾ ਹੈ ਖਾ ਲੈ, ਖਾਲਸਾ ਪੰਥ ਸਾਹਿਬਜ਼ਾਦਿਆਂ 'ਤੇ ਕੀਤੇ ਜ਼ੁਲਮ ਦਾ ਬਦਲਾ ਲੈਣ ਵਾਸਤੇ ਛੇਤੀ ਆ ਰਿਹਾ ਹੈ, ਤਕੜਾ ਹੋ ਜਾ, ਫੇਰ ਨ ਕਹੀਂ ਦੱਸਿਆ ਨਹੀਂ ਜਿਸ ਕਿਸੇ ਨੂੰ ਆਪਣੀ ਮਦਦ ਵਾਸਤੇ ਬੁਲਾਉਣਾ ਹੈ ਬੁਲਾ ਲੈ, ਅਸੀਂ ਆਏ ਕਿ ਆਏ।

ਯਹ ਸੁਨ ਬਜੀਰੇ ਚਿੰਤਾ ਜਾਨੀ॥ ਜਦੋਂ ਬਜੀਦ ਖਾਂ ਨੇ ਇਹ ਸੁਣਿਆ ਕਿ ਬੰਦਾ ਬਹਾਦਰ ਮੇਰੇ ਪਾਪਾ ਦਾ ਹਿਸਾਬ ਕਿਤਾਬ ਕਰਨ ਛੇਤੀ ਆ ਰਿਹਾ ਹੈ ਤਾਂ ਬਜੀਦ ਖਾਂ ਨੂੰ ਚਿੰਤਾ ਨੇ ਘੇਰ ਲਿਆ, ਬਜੀਦਾ ਬੰਦੇ ਦਾ ਨਾਮ ਸੁਣ ਕੇ ਕੰਬ ਉਠਿਆ ਹੈ।

'ਛਡੈ ਨ ਬੰਦਾ' ਯੌ ਮਤ ਆਨੀ॥੨੬॥ ਓ ਹੋ ਕਹਿੰਦਾ ਇਹ ਤਾਂ ਮੌਤ ਆ ਗਈ ਮੇਰੀ, ਬੰਦਾ ਕਾਹਦਾ ਆ ਗਿਆ, ਇਉਂ ਮਨ ਵਿਚ ਆਈ ਹੈ, ਕਿ ਬੰਦਾ ਨਹੀਂ ਛਡਦਾ ਹੁਣ ਮੈਨੂੰ। ੨੬।

ਸ਼ਹਿਰ ਮਾਹਿ ਪੈ ਗਯੋ ਥਰਥੱਲਾ॥ ਜੋ ਚਿੱਠਾ ਬੰਦੇ ਬਹਾਦਰ ਨੇ ਬਜ਼ੀਦੇ ਨੂੰ ਭੇਜਿਆ ਹੈ, ਉਹ ਜਦੋਂ ਕਚਹਿਰੀ ਵਿਚ ਪੜ੍ਹਿਆ ਗਿਆ, ਹਾਕਮਾਂ ਨੇ ਸੁਣਿਆ ਸਾਰਿਆਂ ਨੇ, ਸਾਰੇ ਸ਼ਹਿਰ ਵਿਚ ਥਰਥੱਲੀ ਪੈ ਗਈ ਲੋਕੀਂ ਥਰ ਥਰ ਕੇ ਕੰਬਣ ਲੱਗੇ ਹਨ, ਭਾਜੜਾਂ ਪੈ ਗਈਆਂ ਹਨ ਇਕ ਦਮ।

ਘਰ ਘਰ ਚਲੀ ਬੰਦੇ ਕੀ ਗੱਲਾ॥ ਘਰਾਂ ਘਰਾਂ ਵਿਚ ਬੰਦੇ ਬਹਾਦਰ ਦੀਆਂ ਗੱਲਾਂ ਚਲ ਪਈਆਂ ਹਨ ਕਿ ਸਮਾਣਾ ਮਾਰ ਲਿਆ ਹੈ ਉਸਨੇ, ਕਿ ਆਇਆ ਕਿ ਆਇਆ ਚਿੱਠੀ ਆ ਗਈ ਉਸਦੀ, ਖਬਰ ਵੀ ਦਿੱਤੀ ਉਸਨੇ ਤਕੜੇ ਹੋ ਜਾਓ, ਹੁਣ ਨਹੀਂ ਸਾਨੂੰ ਛਡਣਾ, ਇਉਂ ਘਰ ਘਰ ਇਹੀ ਕਹਾਣੀ ਚੱਲ ਪਈ ਹੈ।

ਆਯੋ ਆਈ ਬਹੁ ਬੰਦੈ ਭਈ॥ ਹੁਣ ਆਇਆ ਕਿ ਹੁਣ ਆਇਆ ਪਤਾ ਨਹੀਂ ਨੇੜੇ ਹੀ ਆਉਂਦਾ, ਪਤਾ ਰੱਬੋ ਛੇਤੀ ਨਾਲ ਲੁਕਣ ਛਿਪਣ ਨੂੰ ਥਾਂ ਬਣਾਉਂਦੇ ਫਿਰਦੇ ਨੇ, ਇਸ ਤਰ੍ਹਾਂ ਆਉ ਆਈ ਦਾ ਰੌਲਾ ਸਭ ਪਾਸੇ ਪੈ ਗਿਆ।

ਚਹਤ ਕਤਲ ਵਹ ਸ਼ਹਿਰੈ ਕਈ॥੨੭॥ ਆਪਸ ਵਿਚ ਤੁਰਕ ਕਹਿੰਦੇ ਹਨ ਕਿ ਬੰਦਾ ਬਹਾਦਰ ਇਹ ਚਾਹੁੰਦਾ ਹੈ ਕਿ ਸਰਹੰਦ ਸ਼ਹਿਰ ਨੂੰ ਕਤਲ ਕਰਨਾ ਹੈ, ਕਿ ਸਰਹੰਦ ਨੂੰ ਊਈਂ ਨਹੀਂ ਛਡਣਾ ਇਹਨਾਂ ਦਾ ਨਾਸ ਕਰ ਦੇਣਾ ਹੈ। ੨੭।

ਦੋਹਰਾ॥ ਬਜੀਰੈ ਕੀਯੋ ਗਜਬ ਜੋ, ਭਯੋ ਸ਼ਹਰ ਕੋ ਨਾਇ॥ ਜੋ ਬਜ਼ੀਦ ਖਾਂ ਨੇ (ਗਜ਼ਬ) ਜ਼ੁਲਮ ਕੀਤਾ ਹੈ, ਲੋਕ ਹੁਣ ਗੱਲਾਂ ਕਰਦੇ ਨੇ, ਕਿ ਉਹ ਤਾਂ ਸ਼ਹਿਰੀਆਂ ਦੇ ਸਿਰ ਪਿਆ ਹੈ, ਜੋ ਜੁਲਮ ਏਥੇ ਹੋਇਆ ਹੈ, ਪਾਪੀ ਨੇ ਜੁਲਮ ਕਰ ਕੇ ਸਾਨੂੰ ਵੀ ਦਾਗੀ ਕਰ ਦਿੱਤਾ ਹੈ।

ਸੋ ਦੁਖ ਸੋ ਮੁਖ ਗੁਰ ਕਹਯੋ, ਇਟ ਦਰਿਆਏ ਪਾਇ॥੨੮॥ ਉਸੇ ਦੁਖ ਕਰਕੇ ਤਾਂ ਸਤਿਗੁਰਾਂ ਨੇ ਮੁਖਾਰਬਿੰਦ ਤੋਂ ਹੁਕਮ ਕੀਤਾ, ਕਿ ਜਿਹੜਾ ਮੇਰਾ ਸਿੱਖ ਹੋਵੇ ਉਹ ਸਰਹੰਦ ਦੀਆਂ ਪੰਜ ਇੱਟਾਂ ਸਤਲੁਜ ਦਰਿਆ ਵਿਚ ਸੁਟੇਗਾ, ਖਾਲਸਾ ਜੀ! ਇਸ ਤਰ੍ਹਾਂ ਸਿੰਘ ਸਤਲੁਜ ਦਰਿਆ ਵਿਚ ਸੁੱਟਦੇ ਵੀ ਦੇਖੇ ਗਏ ਨੇ। ਜਦੋਂ ਇਥੇ ਇੱਟਾਂ ਖਿਲਰੀਆਂ ਪਈਆਂ ਸਨ ਚਾਰੇ ਪਾਸੇ ਇੱਟਾਂ ਹੀ ਇੱਟਾਂ ਹੁੰਦੀਆਂ ਸਨ ਜਿਹੜੇ ਇਥੇ ਸ਼ਰਧਾਲੂ ਯਾਤਰਾ ਨੂੰ ਆਉਂਦੇ ਪੰਜ ਇੱਟਾਂ ਪੱਲੇ ਬੰਨ੍ਹ ਕੇ ਲੈ ਜਾਂਦੇ ਸਨ, ਜਦੋਂ ਦਰਿਆ ਪਾਰ ਕਰਦੇ ਦਰਿਆ ਵਿਚ ਸੁਟਦੇ ਉਦੋਂ ਸਤਿਗੁਰਾਂ ਦਾ ਹੁਕਮ ਸੀ ਕਿ ਇਹ ਸਰਹੰਦ ਨੂੰ ਇਸ ਤਰ੍ਹਾਂ ਉਜਾੜਨਾ ਇਹਦੀ ਇੱਟ ਵੀ ਨਹੀਂ ਰਹਿਣ ਦੇਣੀ ਏਥੇ। ਇੱਟ ਵੱਟਾ ਟੁੱਟਾ ਫੁੱਟਾ ਜਿਹੜਾ ਉਹ ਵੀ ਦਰਿਆ ਵਿਚ ਸੁੱਟੋ ਜਾ ਕੇ। ੨੮।

ਚੌਪਈ॥ ਸੋਊ ਵਖਤ ਅਬ ਜਾਨੀਯਤ ਆਯਾ॥ ਸਰਹੰਦ ਦੇ ਵਾਸੀ ਇਉਂ ਵਿਚਾਰ ਕਰਦੇ ਨੇ ਕਿ ਸਤਿਗੁਰਾਂ ਨੇ ਜੋ ਸਰਾਪ ਦਿੱਤਾ ਹੈ ਸਰਹੰਦ ਨੂੰ, ਇਉਂ ਪ੍ਰਤੀਤ ਹੁੰਦਾ ਹੈ ਕਿ ਉਹ ਟਾਇਮ ਹੁਣ ਆ ਗਿਆ ਹੈ, ਜੋ ਬੰਦੇ ਬਹਾਦਰ ਨੇ ਚਿੱਠੀ ਭੇਜ ਦਿੱਤੀ ਹੈ।

ਸਤਿਗੁਰ ਬਚਨ ਨ ਖਾਲੀ ਜਾਯਾ॥ ਸਤਿਗੁਰਾਂ ਦਾ ਬਚਨ ਤਾਂ ਖਾਲੀ ਨਹੀਂ ਜਾਣਾ, ਉਹ ਤਾਂ ਵਾਪਰੇਗਾ ਸਾਡੇ 'ਤੇ।

ਉਸਕੀ ਕਰਨੀ ਹਮ ਸਿਰ ਆਈ॥ ਉਹ ਬਜ਼ੀਦੇ ਪਾਪੀ ਦੀ ਝੂਠੇ ਨੰਦ ਵਰਗਿਆਂ ਦੀ ਹੁਣ ਸਾਡੇ ਸਿਰ ਆਈ ਹੈ, ਹੁਣ ਸਾਨੂੰ ਭੁਗਤਣੀ ਪਵੇਗੀ।

ਐਸੇ ਆਪੈ ਸ਼ਹਰ ਲੁਕਾਈ॥੨੯॥ ਸ਼ਹਿਰ ਦੇ ਲੋਕ ਇਸ ਤਰ੍ਹਾਂ ਕਹਿੰਦੇ ਹਨ, ਦੇਖ ਲਉ ਪਾਪ ਕਿਸਨੇ ਕੀਤਾ ਭੁਗਤਣਾ ਸਾਨੂੰ ਹੁਣ ਪੈ ਰਿਹਾ ਹੈ। ਇਸ ਤਰ੍ਹਾਂ ਸਾਰੇ ਸ਼ਹਿਰ ਵਿਚ ਚਰਚਾ ਹੋਣ ਲੱਗੀ। ੨੯।

ਦੋਹਰਾ॥ ਕਹੈਂ ਸਿਖ ਪੰਛੁਤਾਇ ਤਬ, ਸੁਲਖਣੈ ਮਸੰਦੈ ਬਾਤ॥ ਸਤਿਗੁਰਾਂ ਕਿਹਾ ਉਥੇ ਬੁਲਾਕੀ ਮਸੰਦ ਤੇ ਸੁਲੱਖਣਾ ਮਸੰਦ ਸੀ ਕਿਸੇ ਮੋੜ ਨਾ ਪਾਇਆ, ਕਿਸੇ ਵੀ ਨਹੀਂ ਆਖਿਆ ਕਿ ਧਨ ਲੈ ਲਉ ਸਾਡੇ ਕੋਲੋਂ ਕਿਉਂ ਇਨ੍ਹਾਂ ਸਾਹਿਬਜ਼ਾਦਿਆਂ ਦਾ ਘਾਤ ਕਰਦੇ ਹੋ, ਉਦੋਂ ਸਾਰੇ ਚੁਪ ਕਰ ਰਹੇ ਸਨ, ਬੋਲਿਆ ਹੀ ਨਹੀਂ ਕੋਈ ਡਰਦਾ, ਉਥੇ

ਕੋਈ ਤਿੰਨ ਹਜ਼ਾਰ ਦੇ ਕਰੀਬ ਘਰ ਸੀ ਸਿੱਖਾਂ ਦਾ ਉਹ ਸਭ ਸੁੱਤੇ ਰਹੇ, ਕਿਸੇ ਨਾ ਕਚਹਿਰੀ ਵਿਚ ਗੱਲ ਮੋੜੀ। ਹੁਣ ਆਪਸ ਵਿਚ ਗੱਲਾਂ ਕਰਦੇ ਨੇ ਕਿ ਦੱਸੋ ਕਿਸ ਕੰਮ ਆਊਗਾ ਧਨ ਸਾਡਾ। ਜਿਹੜੇ ਸਿਖ ਹਨ ਸਰਹੰਦ ਦੇ ਉਹ ਹੁਣ ਪਛਤਾਉਂਦੇ ਹੋਏ ਸੁਲੱਖਣੇ ਮਸੰਦ ਨੂੰ ਇਸ ਤਰ੍ਹਾਂ ਗੱਲਾਂ ਕਹਿੰਦੇ ਹਨ।

ਜੋ ਤੂੰ ਹਮ ਕੋ ਆਖਤੋ ਮਰਤ ਗੁਰਨ ਸੁਤ ਸਾਥ॥੩੦॥ ਸੁਲੱਖਣੇ ਮਸੰਦ ਨੂੰ ਕਹਿੰਦੇ ਹਨ, ਉਹ ਤੇਰਾ ਬੇੜਾ ਮਸੰਦਾ ਬਹਿ ਗਿਆ, ਤੂੰ ਸਾਨੂੰ ਕਹਿੰਦਾ ਸਿੱਖਾਂ ਨੂੰ, ਅਸੀਂ ਗੁਰੂ ਕੇ ਸਾਹਿਬਜ਼ਾਦਿਆਂ ਦੇ ਨਾਲ ਮਰਦੇ, ਪਹਿਲਾਂ ਮਰਦੇ, ਆਹ ਤਾਂ ਨਾ ਆਉਂਦੀ ਮੁਸੀਬਤ ਸਾਰੇ ਕਤਲ ਹੋ ਜਾਂਦੇ। ੩੦।

ਚੌਪਈ॥ ਤੂੰ ਕਹ ਹਮ ਤੇ ਦਰਬ ਦਿਲਾਵਤ॥ ਤੂੰ ਸਾਡਾ ਆਗੂ ਸੀ ਸਿੱਖਾਂ ਦਾ ਤੂੰ ਸਾਨੂੰ ਕਹਿ ਕੇ ਧਨ ਦਿਵਾ ਦਿੰਦਾ ਜਿੰਨਾਂ ਚਾਹੀਦਾ ਸੀ।

ਸਾਥ ਸ੍ਵਰਨ ਔ ਮੋਤੀ ਤੁਲਾਵਤ॥ ਅਸੀਂ ਸਾਹਿਬਜ਼ਾਦਿਆਂ ਦੇ ਬਰਾਬਰ ਸੋਨਾ ਤੋਲ ਦਿੰਦੇ, ਸੁੱਚੇ ਮੋਤੀਆਂ ਨਾਲ ਤੋਲ ਦਿੰਦੇ, ਓ ਤੂੰ ਸਾਨੂੰ ਕਹਿਣਾ ਤਾਂ ਸੀ।

ਸੁਊ ਦਰਬ ਸਭ ਲੁੱਟੀ ਜਾਉਗੁ॥ ਹੁਣ ਉਹ ਸਾਰਾ ਧਨ ਜੋ ਹੈ ਉਹ ਲੁੱਟਿਆ ਜਾਊਗਾ, ਅਜਾਈਂ ਜਾਊਗਾ ਸਾਰਾ ਧਨ ਸਾਡਾ, ਉਹ ਕਿਸੇ ਲੇਖੇ ਵਿਚ ਵੀ ਨਹੀਂ ਆਉਂਦਾ ਦਿਸਦਾ।

ਪ੍ਰਾਣ ਹਮੈਂ ਲੈ ਸੰਗ ਸਿਧਾਉਗੁ॥੩੧॥ ਨਾਲ ਸਾਡੀ ਜਾਨ ਵੀ ਲੈ ਜਾਊਗਾ, ਧਨ ਤਾਂ ਜਾਣਾ ਹੀ ਹੈ ਜਾਨ ਵੀ ਨਹੀਂ ਰਹਿੰਦੀ ਇਉਂ ਸਿਖ ਲੋਕ ਉਸ ਸੁਲੱਖਣੇ ਮਸੰਦ ਨੂੰ ਕੋਸਦੇ ਨੇ, ਤੂੰ ਕਹਿਣਾ ਸੀ ਸਾਨੂੰ ਹੁਕਮ ਤਾਂ ਦਿੰਦਾ ਸਾਨੂੰ। ੩੧।

ਅਥ ਸਢੌਰੈ ਕਤਲ ਕੋ ਪ੍ਰਸੰਗ ਲਿਖਜਤੇ॥

(ਸਢੌਰੇ ਦੀ ਕਤਲ ਤੇ ਪੀਰ ਦਾ ਮਕਬਰਾ ਸਾੜਿਆ)

ਚੌਪਈ॥ ਯੌ ਜਬ ਬੰਦੈ ਚਿੱਤ ਬਿਚਾਰੀ॥ ਬੰਦੇ ਬਹਾਦਰ ਨੇ ਆਪਣੇ ਚਿਤ ਵਿਚ ਜਦੋਂ ਇਸ ਤਰ੍ਹਾਂ ਚਿਤਵਨਾ ਕੀਤੀ ਹੈ।

'ਬਜੀਰਾ ਲੁਟਾਯੈ ਕਰ ਫੌਜ ਸਾਰੀ॥ ਸਾਰੀ ਫੌਜ ਇਕੱਠੀ ਕਰ ਕੇ ਬਜੀਦ ਖਾਂ ਨੂੰ ਲੁਟਾਉਣਾ ਹੈ, ਭਾਰੀ ਫੌਜ ਇਕੱਠੀ ਕਰਕੇ ਫੇਰ ਸਰਹੰਦ ਨੂੰ ਲੁੱਟਣਾ ਹੈ।

ਮਤ ਮਝੈਲ ਸਿੰਘ ਰਹੈਂ ਸੁ ਖਾਲੀ॥ ਇਹ ਨਾ ਹੋਵੇ ਕਿ ਮਝੈਲ ਸਿੰਘ ਲੁੱਟਣ ਤੋਂ ਖਾਲੀ ਰਹਿ ਜਾਣ।

ਸੋ ਆਵੈਂਗੇ ਦੂਰੋਂ ਚਾਲੀ॥੧॥ ਕਿਉਂਕਿ ਉਹ ਦੂਰੋਂ ਚਲਕੇ ਆਉਣਗੇ ਮਝੈਲ ਸਿੰਘ। ੧।

ਜਮਨ ਉਵਾਰ ਜੁ ਸ਼ਹਰ ਤੁਰਕਾਣੋ॥ ਜਮਨਾ ਤੋਂ (ਉਵਾਰ) ਉਰਲੇ ਪਾਸੇ ਜੋਂ ਤੁਰਕਾਂ ਦਾ ਸ਼ਹਿਰ ਹੈ।

ਕੁੰਜ ਪੁਰ ਮਾਰੀਏ ਬੈਰ ਪੁਰਾਣੋ॥ ਕੁੰਜ ਪੁਰਾ ਜੋ ਕਿ ਜਮਨਾ ਦੇ ਉਰਾਰ ਹੈ ਅਤੇ ਇਹ ਸਿੰਘਾਂ ਦਾ ਪੁਰਾਣਾ ਵੈਰੀ ਹੈ। ਪਹਿਲਾਂ ਉਹਨੂੰ ਮਾਰੀਏ।

ਪਹਿਲੋ ਮਾਰ ਉਨੈਂ ਕੋ ਲੀਜੈ॥ ਪਹਿਲਾਂ ਇਹਨਾਂ ਨੂੰ ਮਾਰ ਲਈਏ ਇਹ ਜਿਹੜੇ ਛੋਟੇ ਛੋਟੇ ਕਸਬੇ ਨੇ। ਇੰਨੇ ਨੂੰ ਸਿੰਘ ਦੂਰੋਂ ਨੇੜਿਓਂ ਆ ਜਾਣਗੇ।

ਤਉ ਲਉ ਮਝੈਲ ਰਲਾਇ ਸੁ ਲੀਜੈਂ॥ ੨॥ ਅਤੇ ਏਨੇ ਨੂੰ ਮਝੈਲ ਸਿੰਘ ਵੀ ਆ ਜਾਣਗੇ, ਸਾਰਿਆਂ ਨੂੰ ਰਲਾ ਲਵਾਂਗੇ ਨਾਲ। ੨।

ਸ਼ਹਰ ਸਢੌਰੋ ਤਿਨ ਸੁਨ ਲਯੋ॥ (ਤਿਨ) ਉਸ ਨੇ ਬੰਦੇ ਬਹਾਦਰ ਨੇ ਸਢੌਰਾ ਸ਼ਹਿਰ ਨੇੜੇ ਸੁਣ ਲਿਆ ਹੈ।

'ਪੀਰ ਕਰਮਾਤੀ ਤਿਹ ਮਹਿ ਅਹਿਯੋ॥ ਸਢੌਰੇ ਸ਼ਹਿਰ ਵਿਚ ਇਕ ਬੜਾ ਕਰਾਮਾਤੀ ਪੀਰ ਸੀ, ਬੜੀ ਕਲਾ ਸੀ ਉਸਦੀ।

ਉਸੈ ਪ੍ਰਛਾਵੇਂ ਛੁਹੇ ਨ ਆਗ'॥ ਆਮ ਕਰਕੇ ਚਰਚਾ ਸੀ ਉਸਦੀ ਕਬਰ ਇਕ ਦਰਵਾਜੇ ਦੇ ਉਤੇ ਬਣਾਈ ਹੋਈ ਸੀ, ਹੇਠਾਂ ਦੀ ਰਸਤਾ ਬਣਾਇਆ ਹੋਇਆ ਸੀ ਲੰਘਣ ਵਾਸਤੇ। ਇਹ ਮਸ਼ਹੂਰ ਸੀ ਕਿ ਜਿਹੜਾ ਮੁਰਦਾ ਇਸਦੇ ਹੇਠਾਂ ਦੀ ਲੰਘ ਜਾਂਏ, ਇਹਦਾ ਪ੍ਰਛਾਵਾਂ ਜੇ ਪੈ ਜਾਏ ਉਹਦੇ ਉਤੇ, ਉਸ ਮੁਰਦੇ ਨੂੰ ਅੱਗ ਨਹੀਂ ਸੀ ਲਗਦੀ, ਇਉਂ ਦਸਦੇ ਹਨ। ਅੱਗ ਛੁਹ ਨਹੀਂ ਸੀ ਸਕਦੀ ਉਸ ਬੰਦੇ ਨੂੰ।

ਕਹਯੋ ਬੰਦੈ 'ਉਸ ਦਯੋਂ' ਮੈਂ ਦਾਗ॥੩॥ ਬੰਦੇ ਨੇ ਜਦੋਂ ਸੁਣਿਆ ਕਿ ਸਢੌਰੇ ਵਿਚ ਇਕ ਐਸੇ ਕਰਾਮਾਤੀ ਪੀਰ ਦੀ ਕਬਰ ਹੈ, ਜਦੋਂ ਧਾਵਾ ਬੋਲਣ ਲੱਗੇ ਹਨ ਤਾਂ ਬੰਦਾ ਬਹਾਦਰ ਕਹਿਣ ਲੱਗਾ ਕਿ ਉਸ ਕਰਾਮਾਤੀ ਪੀਰ ਨੂੰ ਮੈਂ (ਦਾਗ) ਸਾੜ ਦਿਆਂਗਾ, ਮੈਂ ਉਸਦਾ ਸਸਕਾਰ ਕਰਕੇ ਵਿਖਾਵਾਂਗਾ ਐਸੇ ਪੀਰ ਦਾ। ੩।

ਦੋਹਰਾ॥ ਆਗ ਲਾਗ ਐਸੇ ਜਰੈ, ਜੈਸੇ ਰੂੰਈ ਜਰਾਇ,॥ ਉਹ ਅੱਗ ਲੱਗ ਕੇ ਇਸ ਤਰ੍ਹਾਂ ਜਲੇਗਾ ਜਿਵੇਂ ਰੂੰ ਨੂੰ ਅੱਗ ਸਾੜਦੀ ਹੈ। ਰੂੰ ਦੇ ਵਾਂਗ ਸਾੜ ਕੇ ਵਿਖਾਵਾਂਗਾ ਤੁਹਾਨੂੰ ਉਸ ਪੀਰ ਨੂੰ।

ਬਿਨ ਹੀ ਆਸਰ ਔਰ ਕੇ, ਚਲੈ ਸਮਾਲੈ ਦਾਇ॥੪॥ ਬਿਨਾਂ ਹੀ ਕਿਸੇ ਹੋਰ ਦੇ ਆਸਰੇ ਤੋਂ (ਦਾਇ) ਅਗਨੀ ਉਸਨੂੰ ਸੰਭਾਲ ਲਵੇਗੀ, ਅੱਗ ਦੀਆਂ ਲਾਟਾਂ ਦੇ ਭੇਟ ਹੋ ਜਾਵੇਗਾ ਉਹ ਕਰਾਮਾਤੀ ਪੀਰ। ੪।

ਚੌਪਈ॥ 'ਜਾਰ ਉਸੈ ਦਯੋ ਰਾਖ ਉਡਾਈ॥ ਉਸ ਨੂੰ ਸਾੜ ਕੇ ਮੈਂ ਉਹਦੀ (ਰਾਖ) ਸੁਆਹ ਉਡਾ ਦਿਆਂਗਾ।

ਤੌ ਜਾਨਯੋ ਹਮ ਕਲਾ ਸਵਾਈ॥ ਫੇਰ ਤਾਂ ਮੰਨੋਗੇ ਕਿ ਮੇਰੇ ਵਿਚ ਕਲਾ ਜਿਆਦਾ ਹੈ ਉਸ ਪੀਰ ਨਾਲੋਂ, ਇਉਂ ਬੰਦੇ ਬਹਾਦਰ ਨੇ ਬਚਨ ਕੀਤੇ ਖਾਲਸੇ ਨਾਲ।

ਯੌ ਕਹਿ ਕੀਨੀ ਬੰਦੈ ਧਾਈ॥ ਇਉਂ ਕਹਿ ਕੇ ਬੰਦੇ ਬਹਾਦਰ ਨੇ ਸਢੌਰੇ 'ਤੇ ਹੱਲਾ ਕੀਤਾ ਹੈ।

ਦੀਨੋ ਸੋਊ ਸ਼ਹਿਰ ਲੁਟਾਈ॥੫॥ (ਸੋਊ) ਉਹ ਸ਼ਹਿਰ ਸਢੌਰਾ ਜਾ ਲੁਟਾਇਆ ਹੈ, ਸਿੰਘਾਂ ਨੇ ਜਾ ਸਢੌਰਾ ਸ਼ਹਿਰ ਲੁੱਟਿਆ। ੫।

ਹਿੰਦੂਅਨ ਕੇ ਘਰ ਲੀਨੇ ਰਾਖ॥ ਉਦੋਂ ਤੁਰਕ ਤੇ ਹਿੰਦੂ ਵਖਰੇ ਵਖਰੇ ਵਸਦੇ ਸਨ, ਸ਼ਹਿਰਾਂ, ਨਗਰਾਂ ਵਿਚ ਹਿੰਦੂਆਂ ਤੇ ਤੁਰਕਾਂ ਦੇ ਵਖਰੇ ਵਖਰੇ ਮਹੱਲੇ ਹੁੰਦੇ ਸਨ। ਬੰਦੇ ਬਹਾਦਰ ਨੇ ਹਿੰਦੂਆਂ ਦੇ ਘਰ ਬਚਾ ਲਏ ਹਨ, ਸਿੰਘੋ! ਏਧਰ ਨਹੀਂ ਹੱਲਾ ਬੋਲਣਾ, ਐਹ ਤੁਰਕਾਂ ਦੀਆਂ ਬਸਤੀਆਂ 'ਤੇ ਹੱਲਾ ਬੋਲੋ।

ਮੁਸਲਮਾਨ ਕਈ ਕਤਲੋ ਆਖ॥ ਮੁਸਲਮਾਨਾਂ ਵਾਸਤੇ ਕਤਲੇਆਮ ਦਾ ਹੁਕਮ ਦੇ ਦਿੱਤਾ, ਕਿਉਂਕਿ ਇਨ੍ਹਾਂ ਨੇ ਪੀਰ ਬੁਧੂ ਸ਼ਾਹ ਨੂੰ ਮਰਵਾਇਆ ਸੀ, ਬੁਧੂ ਸ਼ਾਹ ਸਤਿਗੁਰਾਂ ਦਾ ਸੇਵਕ ਸੀ, ਉਸ ਸੇਵਕ ਦੇ ਮਰਨ ਤੋਂ ਸਿੰਘਾਂ ਨੂੰ ਉਸਦਾ ਵੀ ਦੁੱਖ ਸੀ, ਕਿ ਉਹਦਾ ਵੈਰ ਲੈਣਾ ਹੈ ਇਹਨਾਂ ਤੋਂ।

ਬੋਦੀ ਵਾਲੈ ਨਾਹਿ ਸਤਾਯੋ॥ (ਬੋਦੀ ਵਾਲੈ) ਹਿੰਦੂ ਕਿਸੇ ਨੂੰ ਨਾ ਦੁਖ ਦਿਉ, ਹਿੰਦੂ ਦੇ ਸਿਰ 'ਤੇ ਬੋਦੀ ਰੱਖੀ ਹੁੰਦੀ ਸੀ।

ਬਿਨ ਬੋਦੀ ਦਿਖ ਮਾਰ ਗਵਾਯੋ॥੬॥ ਤੇ ਜਿਹਦੇ ਬੋਦੀ ਨਾ ਦਿਸੇ ਮਾਰ ਦਿਉ ਉਸਨੂੰ ਛਡਣਾ ਹੀ ਨਹੀਂ। ੬।

ਦੋਹਰਾ॥ ਜੋ ਹਿੰਦੂਅਨ ਘਰ ਜਾ ਛਿਪੇ, ਤੇਊ ਲਏ ਉਬਾਰ॥ ਜਿਹੜੇ ਤੁਰਕ ਡਰਦੇ ਹਿੰਦੂਆਂ ਦੇ ਘਰ ਵਿਚ ਜਾ ਛੁਪੇ ਹਨ, ਉਨ੍ਹਾਂ ਨੂੰ ਬਚਾ ਲਿਆ ਹੈ, ਇਹ ਭਲੇ ਮਾਣਸ ਨੇ ਖਾਲਸਾ ਜੀ! ਇਹ ਸ਼ਰੀਫ ਬੰਦੇ ਸਨ, ਉਨ੍ਹਾਂ ਨੇ ਕਹਿ ਸੁਣ ਕੇ ਬਚਾ ਲਏ।

ਜੋ ਸਿੰਘਨ ਕੇ ਹਥ ਚੜ੍ਹੇ, ਸੋ ਉਨ ਦੀਨੇ ਮਾਰ॥੭॥ ਜਿਹੜੇ ਸਿੰਘਾਂ ਦੇ ਹੱਥ ਚੜ੍ਹ ਗਏ ਤੁਰਕ, ਉਹ ਤਾਂ ਮਾਰ ਘੱਤੇ, ਖਤਮ ਕਰ ਦਿੱਤੇ ਮਾਰ ਕੇ ਤੁਰਕ। ੭।

ਚੌਪਈ॥ ਪੀਰ ਤਬੂਤ ਹੁਤ ਪੌਰ ਟਿਕਾਯਾ॥ (ਤਬੂਤ) ਜਿਸ ਵਿਚ ਮੁਰਦਾ ਪਾ ਕੇ ਸਪੁਰਦੇ-ਖਾਕ ਕਰੀਦਾ ਹੈ ਉਹ ਸੰਦੂਕ, ਇਸ ਪੀਰ ਦਾ ਤਬੂਤ ਦਰਵਾਜੇ ਦੇ ਗੇਟ ਤੇ ਬਣਾਇਆ ਸੀ, ਉਸ ਦਾ ਦਰਵਾਜੇ ਤੇ ਮਕਬਰਾ ਬਣਾ ਕੇ, ਹੇਠਾਂ

ਦੀ ਹਿੰਦੂਆਂ ਦਾ ਮੁਰਦਾ ਲੰਘਾਉਂਦੇ ਸਨ।

ਤਿਸ ਕੇ ਹੇਠ ਥੋ ਰਾਹਿ ਚਲਾਯਾ॥ ਉਸ ਦਰਵਾਜੇ ਦੇ ਹੇਠਾਂ ਦੀ ਰਾਹ ਚਲਾਇਆ ਹੋਇਆ ਸੀ।

ਜੋ ਤਿਸਕੈ ਪਰਛਾਵੈਂ ਆਵੈ॥ ਜਿਹੜੇ ਪੀਰ ਦੇ ਪਰਛਾਵੇਂ ਹੇਠ ਦੀ ਮੁਰਦਾ ਲੰਘ ਜਾਂਦਾ ਸੀ।

ਉਸ ਕੋ ਅਗਨੀ ਨਾਹਿ ਜਲਾਵੈ॥੮॥ ਉਸ ਮੁਰਦੇ ਤੇ ਜਿੰਨੀਆਂ ਮਰਜ਼ੀ ਲੱਕੜਾਂ ਪਾ ਲਉ, ਉਸਨੂੰ ਅੱਗ ਨਹੀਂ ਸੀ ਲੱਗਦੀ, ਅੱਗ ਸਾੜਦੀ ਨਹੀਂ ਸੀ ਉਸਨੂੰ। ੮।

ਹਿੰਦੂ ਹੋਇ ਭਾਵੈਂ ਮੁਸਲਮਾਨ॥ ਭਾਵੇਂ ਹਿੰਦੂ ਹੋਵੇ ਭਾਵੇਂ ਮੁਸਲਮਾਨ ਹੋਵੇ, ਜਿਹੜਾ ਉਸਦੇ ਪ੍ਰਛਾਵੇਂ ਹੇਠ ਦੀ ਲੰਘ ਜਾਵੇ।

ਹੋਇ ਮਰੈ ਸੋ ਤੁਰਕ ਸਮਾਨ॥ ਤੁਰਕ ਮੁਰਦੇ ਨੂੰ ਸਾੜਦੇ ਨਹੀਂ, ਉਹ ਤਾਂ ਇਹ ਕਹਿੰਦੇ ਕਿ ਜੇ ਮੁਰਦਾ ਸੜ ਜਾਏ ਤਾਂ ਉਹ ਕਾਫਰ ਹੋ ਜਾਂਦਾ ਹੈ। ਉਸਨੂੰ ਤੁਰਕ ਸਮਾਨ ਹੋ ਕੇ ਮਰਨਾ ਪੈਂਦਾ ਸੀ, ਇਉਂ ਉਸ ਮੁਰਦੇ ਦੀ ਹਿੰਦੂਆਂ ਵਾਲੇ ਸਸਕਾਰ ਦੀ ਕਿਰਿਆ ਨਹੀਂ ਸੀ ਹੋ ਸਕਦੀ।

ਸੋ ਦਰਵਾਜਯੋਂ ਲਯੋ ਉਤਾਰ॥ ਬੰਦੇ ਬਹਾਦਰ ਨੇ ਹੁਕਮ ਦੇ ਕੇ ਉਸ ਪੀਰ ਦਾ ਤਬੂਤ ਦਰਵਾਜੇ ਤੋਂ ਹੇਠਾਂ ਲਾਹ ਲਿਆ।

ਕੱਢ ਸੰਦੂਖੋਂ ਵਹਿ ਦਯੋ ਜਾਰ॥੯॥ ਉਸ ਪੀਰ ਦਾ ਸੰਦੂਕ ਵਿਚੋਂ ਕਰੰਗ ਕੱਢ ਲਿਆ ਉਸੇ ਤਰ੍ਹਾਂ ਹੀ ਬਣਿਆ ਬਣਾਇਆ, ਕੱਢ ਕੇ ਕੰਧ ਨਾਲ ਖੜਾ ਕਰ ਦਿੱਤਾ, ਕਹਿੰਦਾ ਦੇਖਿਓ ਹੁਣ ਕਿਵੇਂ ਉਡਦਾ ਇਹ, ਜਿਸਦੇ ਪ੍ਰਛਾਵੇਂ ਨਾਲ ਦੂਜੇ ਮੁਰਦੇ ਨੂੰ ਅੱਗ ਨਹੀਂ ਸੀ ਲੱਗਦੀ, ਆਹ ਵੇਖੋ, ਕਿਵੇਂ ਸੜ ਰਿਹਾ ਹੈ, ਸੰਦੂਕ ਵਿਚੋਂ ਕੱਢ ਕੇ ਸਾੜ ਦਿਤਾ ਹੈ ਉਸਨੂੰ। ੯।

ਛੁਹੀ ਅਗਨ ਤਿਸ ਘ੍ਰਿਤ ਜਿਉਂ ਜਰਯੋ॥ ਜਦੋਂ ਬੰਦੇ ਬਹਾਦਰ ਨੇ ਉਸਨੂੰ ਅੱਗ ਲਾਉਣ ਵਾਸਤੇ ਇਸ਼ਾਰਾ ਕੀਤਾ, ਜਿਵੇਂ ਘਿਉ ਨੂੰ ਅੱਗ ਲੱਗ ਜਾਂਦੀ ਹੈ, ਇਉਂ ਉਸਨੂੰ ਅੱਗ ਲੱਗ ਗਈ ਹੈ।

ਜਨਕ ਬਰੂਦਹਿ ਤੋੜਾ ਧਰਯੋ॥ ਜਿਵੇਂ ਬਰੂਦ ਦਾ (ਤੋੜਾ) ਕੁੱਪਾ ਪਿਆ ਹੋਵੇ, ਉਸਨੂੰ ਅੱਗ ਛੋਹ ਕੇ, ਜਿਵੇਂ ਧੂੰਆਂ ਹੋ ਜਾਂਦਾ ਹੈ ਚਾਰੇ ਪਾਸੀਂ, ਇਉਂ ਉਸਦੀਆ ਲੰਮੀਆਂ ਲੰਮੀਆਂ ਅਕਾਸ਼ ਨੂੰ ਛੂੰਹਦੀਆਂ ਲਾਟਾਂ ਨਿਕਲੀਆਂ ਹਨ ਉਸ ਵਿਚੋਂ।

ਭਈ ਰਾਖ ਉਸ ਛੁਹਤੇ ਆਗ॥ ਅੱਗ ਛੁਹਣ ਸਾਰ ਹੀ ਉਹ ਭਸਮ ਹੋ ਗਿਆ, ਇਉਂ ਸਕਿੰਟਾਂ ਵਿਚ ਹੀ ਉਸਦੇ ਹੱਡ ਆਦਿਕ ਸੜ ਗਏ। (ਰਾਖ) ਸੁਆਹ ਹੋ ਗਏ।

ਭਈ ਖਬਰ ਯਹਿ ਮੱਕੇ ਤਾਗ॥੧੦॥ ਇਹ ਕਰਾਮਾਤੀ ਪੀਰ ਸੀ, ਮੱਕੇ ਤੱਕ ਇਸ ਦੀ ਧਾਂਕ ਸੀ, ਕਿ ਬੜੀ ਕਲਾ ਵਾਲਾ ਉਹ ਪੀਰ ਹੈ। ਮੱਕੇ ਤਾਈਂ ਜਾ ਖਬਰਾਂ ਹੋਈਆਂ ਕਿ ਉਹ ਸਢੌਰੇ ਵਾਲਾ ਕਰਾਮਾਤੀ ਪੀਰ ਸਾੜ ਦਿੱਤਾ ਬੰਦੇ ਬਹਾਦਰ ਨੇ, ਉਥੇ ਵੀ ਕੰਨਾਂ ਨੂੰ ਹੱਥ ਲਾਉਣ ਬੁਰੀ ਬਲਾਅ ਹੈ ਬੰਦਾ ਬਹਾਦਰ। ੧੦।

ਤਬ ਬੰਦੇ ਯੌ ਮੁਖੋਂ ਉਚਾਰਾ॥ ਤਾਂ ਬੰਦਾ ਸਿੰਘ ਨੇ ਇਉਂ ਆਪਣੇ ਮੁਖੋਂ ਕਿਹਾ।

'ਹਮ ਪੈ ਮੰਤ੍ਰ ਅਲੂਣਾ ਸਾਰਾ॥ ਸਿੰਘੋ! ਇਉਂ ਹੈ ਅਲੂਣੇ ਸਾਧ ਦਾ ਜੋ ਮੰਤਰ ਹੈ ਪੋਥੀ ਵਿਚ, ਮੇਰੇ ਕੋਲ ਤਾਂ ਸਾਰਾ ਮੰਤ੍ਰ ਹੈ ਇਹ ਅੱਗ ਲਾਉਣੀ ਬੁਝਾਉਣੀ, ਮੰਤ੍ਰ ਨਾਲ ਸਾੜਿਆ ਸੀ ਉਸ ਪੀਰ ਨੂੰ। ਕਹਿਣ ਲੱਗਾ ਮੇਰੇ ਕੋਲ ਤਾਂ ਸਾਰਾ ਮੰਤ੍ਰ ਹੈ ਮੈਨੂੰ ਯਾਦ।

ਇਸ ਮੈਂ ਮੰਤ੍ਰ ਆਹਿ ਚੌਥਾਈ॥ ਇਹ ਜਿਹੜਾ ਪੀਰ ਸੀ ਇਹ ਉਸ ਮੰਤ੍ਰ ਦਾ ਚੌਥਾ ਹਿੱਸਾ ਹੀ ਜਾਣਦਾ ਸੀ। ਮੈਂ ਜਾਣਦਾ ਹਾਂ ਸਾਰੇ ਦਾ ਸਾਰਾ ਮੰਤ੍ਰ , ਐਨਾ ਫ਼ਰਕ ਸੀ ਮੇਰਾ ਤੇ ਇਹਦਾ।

ਯਾਤੇ ਹੋਤੀ ਅਗਨ ਬੁਝਾਈ'॥੧੧॥ ਜਿਸ ਕਰਕੇ ਉਹ ਅੱਗ ਬੁਝ ਜਾਂਦੀ ਸੀ। ੧੧।

ਅਥ ਬਜੀਰੈ ਕੇ ਮਾਰਨਿ ਕੋ ਪ੍ਰਸੰਗ ਲਿਖਯਤੇ॥

(ਬਨੂੜ ਵਲ ਚੜ੍ਹਾਈ, ਵਜ਼ੀਦ ਖਾਂ ਦੇ ਸਿਪਾਹੀ ਧੋਖੇ ਹਿਤ ਭਰਤੀ ਹੋਏ)

ਦੋਹਰਾ॥ ਭਈ ਧੂਮ ਯਹ ਜਗਤ ਮੈਂ, 'ਭਯੋ ਹਿੰਦੂ ਅਵਤਾਰ'॥ ਸਾਰੇ ਸੰਸਾਰ ਵਿਚ ਧਾਂਕ ਪੈ ਗਈ ਹੈ ਬੰਦੇ ਬਹਾਦਰ ਦੀ, ਕਿ ਇਹ ਹਿੰਦੂਆਂ ਦਾ ਅਵਤਾਰ ਆਇਆ ਹੈ, ਲੋਕੀਂ ਇਉਂ ਚਰਚਾ ਕਰਦੇ ਹਨ।

ਨਿਹਕਲੰਕ ਯਹਿ ਹੀ ਭਯੋ, ਕਰੈ ਜੁ ਮੁਸਲੇ ਮਾਰ॥੧॥ ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਨਿਹਕਲੰਕ ਇਹੋ ਹੀ ਹੈ ਜਿਹੜਾ ਤੁਰਕਾਂ ਨੂੰ ਮਾਰੀ ਤੁਰਿਆ ਜਾ ਰਿਹਾ ਹੈ। ੧।

ਚੌਪਈ॥ ਕੋਊ ਕਹੈ ਯਹਿ ਹੈ ਜਾਦੂ ਕਰ॥ ਲੋਕਾਂ ਦੀਆਂ ਆਪੋ ਆਪਣੀਆਂ ਗੱਲਾਂ ਕੋਈ ਕਹਿੰਦਾ ਨਹੀਂ ਇਹ ਤਾਂ ਕੋਈ ਜਾਦੂ ਕਰਨ ਵਾਲਾ ਜਾਦੂਗਰ ਹੈ।

ਕੋਊ ਕਹੈ ਯਹਿ ਹੈ ਰਸਾਇਨਗਰ॥ ਕੋਈ ਕਹਿੰਦਾ ਹੈ ਕਿ ਇਹ (ਰਸਾਇਨਗਰ) ਰਸਾਇਣ ਬਣਾ ਲੈਂਦਾ ਹੈ। ਇਹ ਤਾਂ ਲੋਹੇ ਤਾਂਬੇ ਆਦਿਕ ਤੋਂ ਸੋਨਾ ਬਣਾ ਲੈਂਦਾ ਹੈ।

ਕੋਊ ਕਹੈ 'ਯਹਿ ਹੈ ਹਥ ਬੀਰ'॥ ਕੋਈ ਇਹ ਕਹਿੰਦਾ ਹੈ ਕਿ ਇਹਦੇ ਕੋਲ ਬੜੇ ਬਲੀ ਬੀਰ ਹਨ, ਇਸਦੇ ਹੱਥ ਵਿਚ। ਉਹ (ਬੀਰ) ਜੋ ਸ਼ਹਿਰ ਨੂੰ ਧਰਤੀ ਨੂੰ ਪੁੱਠਿਆਂ ਕਰ ਦੇਣ ਜਿਤਨੀ ਤਾਕਤ ਰਖਾਉਂਦੇ ਨੇ, ਉਹ ਇਹਦੇ ਵਸ ਕੀਤੇ ਹੋਏ ਨੇ।

ਕੋਊ ਕਹੈ 'ਯਹਿ ਸਿਖ ਗੁਰ ਧੀਰ'॥੨॥ ਕਈ ਜਿਹੜੇ ਸਿਦਕੀ ਸਿਖ ਹਨ ਉਹ ਕਹਿੰਦੇ ਹਨ, ਇਹ ਗੁਰੂ ਕਾ ਸਿੱਖ ਹੈ ਬੜਾ ਧੀਰਜ ਵਾਲਾ, ਗੁਰੂ ਤੋਂ ਸ਼ਕਤੀ ਲੈ ਕੇ ਆਇਆ ਉਹਨਾਂ ਦੇ ਹੁਕਮ ਨਾਲ ਆਇਆ ਹੈ ਤਾਂ ਹੀ ਤਾਂ ਏਨੀ ਸ਼ਕਤੀ ਵਾਲਾ ਹੈ, ਗੁਰਸਿਖ ਇਉਂ ਜਾਣਦੇ ਹਨ। ੨।

ਖੂਨੀ ਬਜੀਰੈ ਦੇ ਦਿਲ ਆਈ॥ ਅਤੇ (ਖੂਨੀ ਬਜੀਰੇ) ਜਿਸਦੇ ਸਿਰ ਖੂਨ ਲੱਗਿਆ ਸਾਹਿਬਜ਼ਾਦਿਆਂ ਦਾ ਬਜੀਦ ਖਾਂ ਦੇ ਦਿਲ ਵਿਚ ਫੁਰਨਾ ਉਠਿਆ।

'ਹੈ ਹੋਨੀ ਯਹਿ ਹਮ ਸਿਰ ਆਈ'॥ ਵਜੀਦ ਖਾਂ ਇਹ ਕੋਈ ਗੱਲ ਨਹੀਂ ਇਹ ਨਾ ਕੋਈ ਨਿਹਕਲੰਕ ਅਵਤਾਰ ਹੈ, ਨਾ ਕੋਈ ਜਾਦੂਗਰ ਹੈ ਇਹ ਤਾਂ ਮੇਰੀ ਹੋਣੀ ਆ ਰਹੀ ਹੈ, ਮੇਰੀ ਮੌਤ ਆ ਰਹੀ ਹੈ, ਮੈਨੂੰ ਮਾਰਨ ਵਾਸਤੇ।

ਤਬਹਿ ਬਜੀਰੈ ਚਿੰਤਾ ਪਈ॥ ਤਦੋਂ ਇਹ ਸੁਣ ਕੇ ਬਜੀਦ ਖਾਂ ਨੂੰ ਤਾਂ ਚਿੰਤਾ ਹੋ ਗਈ, ਇਉਂ ਡਰ ਗਿਆ ਹੈ।

ਹਮ ਕੋ ਬੰਦਾ ਛਾਡਤ ਨਹੀਂ॥੩॥ ਇਹ ਜਿਹੜਾ ਬੰਦਾ ਗੁਰੂ ਨੇ ਭੇਜਿਆ ਹੈ ਮੈਨੂੰ ਨਹੀਂ ਛਡਦਾ ਇਹ, ਮੈਨੂੰ ਮਾਰ ਕੇ ਖਤਮ ਕਰੇਗਾ। ੩।

ਇਸ ਕੇ ਪਾਸ ਅਹੈਂ ਦੋਊ ਬੀਰ॥ ਇਹਦੇ ਕੋਲ ਦੋ ਬੀਰ ਨੇ ਬੜੇ ਮਹਾਂਬਲੀ।

ਔਰ ਪੰਚ ਗੁਰ ਦੀਨੇ ਤੀਰ॥ ਗੁਰੂ ਜੀ ਨੇ ਬੜੀ ਸ਼ਕਤੀ ਵਾਲੇ ਪੰਜ ਤੀਰ ਵੀ ਦਿੱਤੇ ਹਨ। ਇਹਨੂੰ ਕੌਣ ਮਾਰੇ, ਇਹ ਤਾਂ ਸਭ ਨੂੰ ਮਾਰ ਜਾਵੇਗਾ।

ਪ੍ਰਿਥਮੈ ਬੰਦਾ ਕਾਲਾ ਨਾਗ॥ ਬੰਦਾ ਬਹਾਦਰ ਤਾਂ ਪਹਿਲਾਂ ਹੀ ਕਾਲਾ ਨਾਗ ਸੀ।

ਤੀਰ ਭਏ ਤਿਸ ਫੰਘੈ ਲਾਗ॥੪॥ ਸਤਿਗੁਰਾਂ ਨੇ ਜਿਹੜੇ ਪੰਜ ਤੀਰ ਦਿੱਤੇ ਨੇ ਉਹ ਤਾਂ ਇਹਨੂੰ ਕਾਲੇ ਨਾਗ ਨੂੰ ਖੰਭ ਲੱਗ ਗਏ ਹਨ, ਇਹ ਤਾਂ ਉਡਣਾ ਸੱਪ ਬਣ ਗਿਆ ਹੈ। ੪।

ਇਸ ਪਰਛਾਵੈਂ ਪਰੈ ਨ ਧਰਨ॥ ਕਹਿੰਦੇ ਇਹਦਾ ਪ੍ਰਛਾਵਾਂ ਧਰਤੀ 'ਤੇ ਨਹੀਂ ਪੈਂਦਾ। ਆਮ ਕਰਕੇ ਲੋਕਾਂ ਦੀ ਚਰਚਾ ਵਿਚ

ਇਹ ਗੱਲਾਂ ਹੁੰਦੀਆਂ ਹਨ ਜਿਹੜਾ ਦੇਵਤਾ ਹੋਵੇ, ਉਹਦਾ ਧਰਤੀ 'ਤੇ ਪ੍ਰਛਾਵਾਂ ਨਹੀਂ ਪੈਂਦਾ, ਇਉਂ ਮਸ਼ਹੂਰੀ ਸੀ ਬੰਦੇ ਬਹਾਦਰ ਦੀ, ਬਜੀਦਾ ਕਹਿੰਦਾ ਉਹਦਾ ਪ੍ਰਛਾਵਾਂ ਨਹੀਂ ਧਰਤੀ 'ਤੇ ਪੈਂਦਾ, ਲੋਕੀਂ ਕਹਿੰਦੇ ਨੇ ਬਜੀਦੇ ਨੂੰ ਆਕੇ ਕਿ ਬੰਦੇ ਬਹਾਦਰ ਦਾ ਤਾਂ ਪ੍ਰਛਾਵਾਂ ਹੀ ਨਹੀਂ ਪੈਂਦਾ ਧਰਤੀ 'ਤੇ।

ਕਹੈਂ 'ਧਰਨ ਉਸ ਲਗੈ ਨ ਚਰਨ॥ ਕਈ ਕਹਿੰਦੇ ਹਨ ਕਿ ਉਹਦਾ ਤਾਂ ਧਰਤੀ 'ਤੇ ਪੈਰ ਹੀ ਨਹੀਂ ਲੱਗਦਾ, ਧਰਤੀ ਦੇ ਉਤੇ ਹੀ ਤੁਰਿਆ ਫਿਰਦਾ ਉਹ ਤਾਂ।

ਰਿੱਧਿ ਸਿੱਧਿ ਮੈਂ ਹੈ ਸੋ ਪੂਰੋ॥ ਰਿਧੀਆਂ ਸਿਧੀਆਂ ਦਾ ਤਾਂ ਉਹ ਘਰ ਹੈ, ਪੂਰਾ ਹੈ, ਉਹਦੇ ਕੋਲ ਕਿਸੇ ਚੀਜ਼ ਦੀ ਕਮੀ ਨਹੀਂ।

ਬਾਨ ਬਾਹਿ ਯਹਿ ਹੈ ਅਤਿ ਸੂਰੋ'॥੫॥ ਬਾਣ ਇਉਂ ਵਾਹੁੰਦਾ ਹੈ, ਕਮਾਣ ਇਉਂ ਚਲਾਉਂਦਾ ਹੈ, ਜਿਵੇਂ ਭਾਰੀ ਸੂਰਮਾ ਅਰਜੁਨ ਹੁੰਦਾ ਹੈ, ਐਡਾ ਜੋਧਾ ਹੈ ਉਹ। ੫।

ਉਤਰੈ ਚਢੈ ਗਟੀ ਮਨ ਮਾਂਹੀ॥ ਇਉਂ ਕਦੀ ਗਟੀ ਚੜ੍ਹਦੀ ਹੈ ਕਿਸੇ ਦੀ ਕਦੇ ਉਤਰਦੀ ਹੈ, ਬਜੀਦਾ ਤਾਂ ਸੋਚੀਂ ਜਾਂਦਾ ਦਿਨ ਰਾਤ ਨੀਂਦ ਨਹੀਂ ਆ ਰਹੀ ਉਹਨੂੰ, ਇਹ ਕੀ ਬਣੇਗਾ, ਹੁਣ ਮੈਨੂੰ ਕੌਣ ਬਚਾਊਗਾ ਏਸ ਬਲਾਅ ਤੋਂ, ਇਉਂ ਇਕ ਗਟੀ ਚੜ੍ਹਦੀ ਹੈ ਇਕ ਉਤਰਦੀ ਹੈ। ਦਿਨ ਰਾਤ ਸੋਚਾਂ ਵਿਚਾਰਾਂ ਵਿਚ ਲੱਗਾ ਰਹਿੰਦਾ।

ਚਪੇ ਚੋਰ ਜਿਮ ਢੀਠ ਕਰਾਹੀਂ॥ ਜਿਵੇਂ ਚੋਰ ਫਸ ਜਾਏ ਨਾ ਸੰਨ੍ਹ ਵਿਚ, ਉਸਨੂੰ ਫਿਰ ਇਸ ਤਰ੍ਹਾਂ ਹੁੰਦਾ ਹੈ ਕੀ ਕਰਾਂ, ਉਹ ਫੇਰ ਕੋਈ ਆਪ ਦਾ ਦਾਉ ਮਾਰ ਕੇ ਨਿਕਲਣ ਦੀ ਕਰਦਾ ਹੈ। ਜਿਵੇਂ ਉਸ ਤੋਂ ਹੋਵੇ ਤੇ ਜਿਵੇਂ ਢੀਠ ਲੋਕਾਂ ਵਿਚ ਧਰਤੀ ਖੁਰਚੀ ਜਾਂਦੇ ਨੇ, ਹੁਣ ਪਛਤਾਵਾ ਹੀ ਪੱਲੇ ਰਹਿ ਗਿਆ ਅਸੀਂ ਉਦੋਂ ਕੁਝ ਨਾ ਕਰ ਸਕੇ, ਨਾ ਅਸੀਂ ਧਨ ਸਫਲ ਕਰ ਸਕੇ ਨਾ ਸਰੀਰ ਲਾ ਸਕੇ, ਜੇ ਅਸੀਂ ਉਸ ਸਮੇਂ ਕੁਛ ਉਪਰਾਲਾ ਕਰਦੇ ਤਾਂ ਇਹ ਬਿਪਤਾ ਸਾਡੇ 'ਤੇ ਨਾ ਆਉਂਦੀ, ਇਉਂ ਲੋਕੀਂ ਵਿਚਾਰਾਂ ਕਰਦੇ ਨੇ ਅਤੇ ਹਾਕਮ ਜਿਹੜੇ ਨੇ ਉਨ੍ਹਾਂ ਨੂੰ ਮੌਤ ਸਾਹਮਣੇ ਦਿਸ ਰਹੀ ਹੈ।

'ਸੋ ਹਮ ਕੌ ਅਬ ਛਾਡਤ ਨਾਹੀਂ'॥ ਉਹ ਹੁਣ ਸਾਨੂੰ ਨਹੀਂ ਛਡਦਾ ਜਿਉਂਦਿਆਂ ਨੂੰ, ਸਾਨੂੰ ਜਰੂਰ ਲੈ ਜਾਏਗਾ ਮਾਰ ਕੇ।

ਨਠ ਕਰ ਬਚਨ ਹਮ ਜਗਾ ਨ ਪਾਹੀਂ॥੬॥ ਐਸੀ ਕੋਈ ਜਗ੍ਹਾ ਹੀ ਨਹੀਂ ਜਿਥੇ ਲੁਕ ਕੇ ਬਚ ਸਕੀਏ, ਜਿਧਰ ਨੂੰ ਭੱਜ ਕੇ ਇਥੋਂ ਨਿਕਲ ਜਾਈਏ ਹੁਣ ਦਿਸਦਾ ਹੀ ਕੁਛ ਨਹੀਂ ਇਹਨਾਂ ਨੂੰ, ਨਹੀਂ ਬੰਦਾ ਤਾਂ ਏਥੇ ਸਮਾਣੇ ਫਿਰ ਰਿਹਾ ਸੀ, ਇਹਨਾਂ ਨੂੰ ਦਿੱਲੀ ਨੂੰ ਭੱਜਣ ਨੂੰ ਰਾਹ ਬੜੇ ਸਨ। ਪਰ ਹੁਣ ਨਾ ਭੱਜਣ ਜੋਗੇ ਨਾ ਬਚਣ ਜੋਗੇ। ਜੇ ਖੜ੍ਹਦੇ ਨੇ ਤਾਂ ਬੰਦਾ ਮਾਰੇਗਾ ਆ ਕੇ ਤੇ ਜੇ ਹੁਣ ਛੱਡ ਕੇ ਭੱਜਦੇ ਤਾਂ ਸਰਕਾਰ ਨੇ ਨਹੀਂ ਛਡਣੇ। ਕਿਉਂ ਭੱਜੇ ਹੋ ਏਥੋਂ ਤੁਸੀਂ, ਇਸ ਕਰਕੇ ਚਾਰ ਚੁਫੇਰਿਉਂ ਡਰ ਹੈ। ੬।

ਦੋਹਰਾ॥ ਜੌ ਬੰਦਯੋ ਹਮ ਭਜ ਬਚੈਂ, ਪਤਿਸਾਹੈ ਤੇ ਕਹਿ ਜਾਉਂ॥ ਬਜੀਦਾ ਕਹਿੰਦਾ ਜੇ ਬੰਦੇ ਬਹਾਦਰ ਤੋਂ ਭੱਜ ਕੇ ਬਚ ਜਾਵਾਂਗੇ ਤਾਂ ਪਾਤਸ਼ਾਹ ਤੋਂ ਭੱਜ ਕੇ ਕਿਥੇ ਜਾਉਂ, ਉਹਨਾਂ ਪੁਛਣਾ ਹੈ ਕਿ ਕਿਉਂ ਭੱਜੇ ਹੋ ਏਥੋਂ।

ਬਾਈ ਸੂਬਨ ਮੈਂ ਕਹੂੰ, ਲੁਕਨ ਨ ਮੋਕਉ ਥਾਉਂ॥੭॥ ਹਿੰਦੋਸਤਾਨ ਦੇ ਉਸ ਵੇਲੇ ਬਾਈ ਸੂਬੇ ਸਨ, ਕਹਿੰਦਾ ਬਾਈ ਸੂਬਿਆਂ ਵਿਚ ਲੁਕਣ ਵਾਸਤੇ ਕਿਤੇ ਵੀ ਥਾਂ ਨਹੀਂ ਮੈਨੂੰ, ਕਿਸੇ ਨੇ ਮੈਨੂੰ ਪਨਾਹ ਨਹੀਂ ਦੇਣੀ। ੭।

ਚੌਪਈ॥ ਤੌ ਵਹਿ ਪਾਪੀ ਮਨ ਪਛੁਤਾਵੈ॥ ਇਉਂ ਪਾਪੀ ਮਨਾਂ ਵਾਲੇ ਬਜੀਦੇ ਹੋਰੀਂ ਪਛਤਾਉਂਦੇ ਨੇ, ਕਿਸ ਤਰ੍ਹਾਂ ਬਚਾਂਗੇ ਕੋਈ ਰਸਤਾ ਨਜ਼ਰ ਨਹੀਂ ਆਉਂਦਾ।

ਬੀਤਯੋ ਵਖਤ ਹਾਥ ਨਹਿ ਆਵੈ॥ ਹੁਣ ਵਕਤ ਬੀਤ ਗਿਆ ਹੈ ਸਮਾਂ ਲੰਘ ਗਿਆ ਹੈ ਹੁਣ ਕੀ ਉਪਰਾਲਾ ਕਰ ਸਕਦੇ ਨੇ, ਹੁਣ ਸਾਹਿਬਜ਼ਾਦਿਆਂ ਨੂੰ ਕਿਵੇਂ ਬਚਾ ਸਕਦੇ ਨੇ, ਹੁਣ ਧਨ ਨੂੰ ਕਿਵੇਂ ਸਫਲਾ ਕਰ ਸਕਦੇ ਨੇ, ਹੁਣ ਕੋਈ ਰਾਹ ਨਹੀਂ ਰਹਿ ਗਿਆ, ਪਛੋਤਾਵਾ ਮਨ ਵਿਚ ਰਹਿ ਗਿਆ ਇਕ।

'ਮੈਂ ਭੁਲ ਗਯੋ ਕਹੇ ਸੁਚਿ ਨੰਦ॥ ਬਜੀਦੇ ਨੇ ਸਲਾਹ ਕਰ ਲਈ ਸੀ ਕਿ ਏਥੇ ਹਾਹ ਨਾਅਰੇ ਵਜ ਰਹੇ ਨੇ ਮੈਨੂੰ ਜ਼ੁਲਮੀ

ਕਹਿ ਰਹੇ ਨੇ ਸਾਰੇ ਜਦੋਂ ਛੱਡਣ ਲੱਗਾ ਸਾਹਿਬਜ਼ਾਦਿਆਂ ਨੂੰ। ਇਹ ਬੇਈਮਾਨ (ਸੁਚਿ ਨੰਦ) ਝੂਠਾ ਨੰਦ ਜਿਸ ਨੂੰ ਖਾਲਸਾ ਕਹਿੰਦਾ, ਇਹ ਕਹਿਣ ਲੱਗਾ ਇਹ ਜ਼ਹਿਰੀਲੇ ਸੱਪ ਨੇ ਅੱਗੇ ਇਕ ਕਾਲਾ ਨਾਗ ਨਹੀਂ ਸੂਤ ਆ ਰਿਹਾ, ਗੁਰੂ ਗੋਬਿੰਦ ਸਿੰਘ, ਇਹ ਚਾਰ ਪੁੱਤਰ ਹੋਰ ਨੇ, ਇਹਨਾਂ ਨੂੰ ਕੌਣ ਸਾਂਭੇਗਾ, ਇਹ ਤੁਹਾਡੀ ਸ਼ਾਹੀ ਗਾਲਣਗੇ, ਸੂਲਾਂ ਦੇ ਜੰਮਦੀਆਂ ਦੇ ਮੂੰਹ ਤਿੱਖੇ ਹੁੰਦੇ ਨੇ, ਇਉਂ ਇਹ ਬਲਦੀ ਉਤੇ ਤੇਲ ਪਾਈ ਗਿਆ ਅਤੇ ਉਹਨੂੰ ਕ੍ਰੋਧ ਚੜਾਈ ਗਿਆ। ਹੁਣ ਝੂਠਾ ਨੰਦ ਕਹੇ ਮੈਂ ਭੁਲ ਗਿਆ ਸੀ।

ਭਏ ਭਾਗ ਤਬ ਮੇਰੇ ਮੰਦੈ॥ ੮॥ ਮੇਰੇ ਭਾਗ ਮੰਦੇ ਹੋ ਗਏ, ਮੈਥੋਂ ਪਾਪ ਕਰਵਾ ਦਿੱਤਾ ਇਸ ਦੁਸ਼ਟ ਨੇ। ੮।

ਤਬ ਇਕ ਛਲੀਯੇ ਬਜੀਰੈ ਕਹਯੋ॥ ਇਕ ਛਲੀਆ ਬਜ਼ੀਦ ਖਾਂ ਦੇ ਕੋਲ ਰਹਿੰਦਾ ਸੀ, ਛਲ ਕਰਨਾ ਜਾਣਦਾ ਸੀ ਬੜਾ, ਉਹ ਛਲੀਆ ਕਹਿਣ ਲੱਗਾ ਬਜੀਦ ਖਾਂ ਨੂੰ।

'ਛਲ ਕਰ ਮਾਰੋਂ ਬੰਦੈ ਅਹਯੋ॥ ਕਹਿੰਦਾ ਮੇਰੀ ਡਿਊਟੀ ਲਾ, ਮੈਂ ਛਲ ਕਰਕੇ ਬੰਦੇ ਨੂੰ ਹੁਣ ਮਾਰ ਦਿੰਦਾ ਹਾਂ, ਜਦੋਂ ਬਜੀਦੇ ਨੂੰ ਛਲੀਏ ਨੇ ਏਸ ਤਰ੍ਹਾਂ ਗੱਲ ਆਖੀ।

ਹਜ਼ਾਰ ਸਿਪਾਹੀ ਮੈਂ ਲੈ ਜਾਊਂ॥ ਮੈਂ ਇਕ ਹਜ਼ਾਰ ਸਿਪਾਹੀ ਲੈ ਕੇ ਜਾਵਾਂਗਾ।

ਸੋ ਬੰਦੇ ਕੇ ਸਾਥ ਰਲਾਊਂ॥੯॥ ਮੈਂ ਹਜ਼ਾਰ ਸਿਪਾਹੀ ਲੈ ਕੇ ਬੰਦੇ ਬਹਾਦਰ ਦੇ ਕੋਲ ਜਾ ਕੇ, ਉਹਦੇ ਨਾਲ ਰਲਾ ਦੇਵਾਂਗਾ, ਮੈਂ ਜਾਕੇ ਕਹਾਂਗਾ ਕਿ ਮੈਨੂੰ ਬਜੀਦ ਖਾਂ ਨੇ ਕੱਢ ਦਿੱਤਾ ਹੈ, ਮੈਨੂੰ ਤੂੰ ਫੌਜ ਵਿਚ ਰੱਖ ਲੈ। ਜਦੋਂ ਉਹਨੇ ਮੈਨੂੰ ਰੱਖ ਲਿਆ ਉਦੋਂ ਮੈਂ ਡੰਗ ਚਲਾਊਂ ਜਦੋਂ ਜੰਗ ਐਨ ਸਿਰੇ 'ਤੇ ਆ ਗਿਆ, ਇਉਂ ਬਜੀਦੇ ਨਾਲ ਸਲਾਹ ਕੀਤੀ ਹੈ ਠੱਗ ਨੇ। ੯।

ਜਬ ਆਇ ਪਰਹੈ ਗਾਢ ਲਰਾਈ॥ ਜਦੋਂ ਪੂਰਾ (ਗਾਢ) ਘਮਸਾਨ ਦਾ ਜੰਗ ਹੋ ਗਿਆ, ਜਦੋਂ ਆਪਣਾ ਪਰਾਇਆ ਸੁੱਝੈ ਨਾ ਪਤਾ ਨਾ ਲੱਗੇ ਕੁਛ।

ਦਿਹੌਂ ਲੂਟ ਮੈਂ ਬਿਚੇ ਮਚਾਈ॥ ਉਦੋਂ ਮੈਂ ਉਹਦੀ ਫੌਜ ਵਿਚ ਹੋਵਾਂਗਾ, ਫੌਜ ਦੇ ਵਿਚ ਲੁੱਟ ਪੁਆ ਦੇਵਾਂਗਾ, ਵਿਚ ਹੀ ਖੁਹਾ ਖੁਹਾਈ ਕਰ ਦੇਵਾਂਗਾ। ਹੱਲਾ ਕਰ ਕੇ ਰੌਲਾ ਪੁਆ ਦੇਵਾਂਗਾ।

ਫਿਰ ਬੰਦੈ ਫੜ ਲੈਹੁ ਫਕੀਰ॥ ਫਕੀਰ ਬੰਦਾ ਹੈ, ਕੀ ਹੈ ਉਹ? ਏਨੇ ਨੂੰ ਰੌਲਾ ਪਾ ਕੇ ਅਸੀਂ ਫੜ ਲਵਾਂਗੇ, ਫੜ ਕੇ ਅਸੀਂ ਕੈਦ ਕਰ ਲਵਾਂਗੇ।

ਤੌ ਤੁਮ ਤੇ ਵਡ ਲਯੋਂਹੁ ਜਗੀਰ'॥੧੦॥ ਨਬਾਬ ਸਾਹਿਬ ਦੇਖ ਲਉ, ਵੱਡੀ ਤੋਂ ਵੱਡੀ ਜਗੀਰ ਲਊਂ ਤੇਰੇ ਕੋਲੋਂ ਆ ਕੇ, ਇਨਾਮ ਦੇਈਂ ਮੈਨੂੰ। ੧੦।

ਵਹੀ ਬਜੀਰੈ ਲੀਨੀ ਮਾਨ॥ ਇਹ ਸੁਣ ਕੇ ਮਿੱਠੀਆਂ ਲੋਰੀਆਂ ਜਿਹੀਆਂ, ਬਜੀਦਾ ਕਹਿੰਦਾ ਠੀਕ ਹੈ ਠੀਕ ਹੈ ਉਹਨੂੰ ਤਾਂ ਜਾਨ ਦੀ ਬਣੀ ਹੋਈ ਸੀ, ਮੈਨੂੰ ਤਾਂ ਬਚਾ ਹੀ ਕੋਈ ਨਹੀਂ ਸਕਦਾ, ਉਹਨੂੰ ਹੌਸਲਾ ਮਿਲ ਗਿਆ, ਬਜੀਦ ਖਾਂ ਨੇ ਉਹਦੀ ਗੱਲ ਮੰਨ ਲਈ, ਠੀਕ ਹੈ ਬੇ-ਫਿਕਰ ਹੋ ਕੇ ਕਰ ਤੂੰ ਕਾਰਜ ਇਹ।

ਦਰਬ ਖਰਚ ਕੌ ਦੀਨੀ ਆਨ॥ ਖੇਜਾਨੇ ਵਿਚੋਂ ਧਨ ਲਿਆ ਕੇ ਦਿੱਤਾ, ਲੈ ਜਿੰਨਾਂ ਮਰਜ਼ੀ ਖਰਚ ਜਿੰਨੇ ਮਰਜੀ ਸਿਪਾਹੀ ਲੈ ਜਾ, ਜਾ ਕੇ ਜਰੂਰ ਛਲ ਕਰ ਤੂੰ ਉਨ੍ਹਾਂ ਦੇ ਨਾਲ।

'ਬੰਦੇ ਮਾਰ ਆਵੇਂ ਮੁਹਿ ਪਾਹਿ॥ ਬਜੀਦਾ ਐਨਾ ਡਰਿਆ ਹੋਇਆ, ਇਉਂ ਨਹੀਂ ਕਹਿੰਦਾ ਕਿ ਉਹਨੂੰ ਜਿਉਂਦਾ ਲਿਆਉ ਮੇਰੇ ਕੋਲ, ਉਹਨੂੰ ਦੇਖਣਾ ਨਹੀਂ ਚਾਹੁੰਦਾ ਕਿ ਜੇ ਵੇਖ ਲਿਆ ਮੇਰੇ ਪ੍ਰਾਣ ਨਿਕਲ ਜਾਣਗੇ ਐਨਾ ਡਰ ਬੈਠਾ ਹੋਇਆ ਸੀ। ਛਲੀਏ ਨੂੰ ਕਹਿਣ ਲੱਗਾ ਜੇ ਤੂੰ ਬੰਦੇ ਬਹਾਦਰ ਨੂੰ ਮਾਰ ਕੇ ਮੇਰੇ ਕੋਲ ਆ ਜਾਏਂ।

ਦੇਉਂਗ ਬਡ ਜਗੀਰ ਦਿਵਾਇ॥੧੧॥ ਮੈਂ ਬਾਦਸ਼ਾਹ ਪਾਸ ਤੇਰੀ ਸਿਫਾਰਸ਼ ਕਰਾਂਗਾ, ਵੱਡੀ ਤੋਂ ਵੱਡੀ ਜਗੀਰ ਦਿਵਾਵਾਂਗਾ ਤੈਨੂੰ। ੧੧।

ਦੋਹਰਾ॥ ਸੋ ਭਜ ਬੰਦੈ ਆ ਮਿਲਯੋ, ਕਹੈ 'ਆਯੋ ਹਿੰਦੂ ਮੈਂ ਜਾਣ'॥ ਇਹ ਸੀ ਤਾਂ ਰੰਘੜ ਤੇ ਬਣਿਆ ਹੋਇਆ ਸੀ ਹਿੰਦੂ, ਹਜ਼ਾਰ ਸਿਪਾਹੀ ਲੈ ਕੇ ਭੱਜ ਕੇ ਬੰਦਾ ਬਹਾਦਰ ਨੂੰ ਆ ਮਿਲਿਆ, ਕਹਿਣ ਲੱਗਾ ਕਿ ਮੈਂ ਹਿੰਦੂ ਜਾਣ ਕੇ ਆ ਗਿਆ ਹਾਂ, ਮੈਂ ਵੀ ਹਿੰਦੂ ਹਾਂ, ਮੈਂ ਕਿਹਾ ਮਦਦ ਕਰੀਏ ਆਪਣੇ ਹਿੰਦੂ ਭਰਾ ਦੀ, ਏਧਰੋਂ ਤੁਸੀਂ ਆਏ ਹੋ ਗੁਰੂਆਂ ਨੇ ਭੇਜਿਆ ਤੁਹਾਨੂੰ ਤੇ ਮੈਂ ਵੀ ਸੇਵਾ ਵਿਚ ਹਾਜ਼ਰ ਹਾਂ, ਮੈਨੂੰ ਆਪਣੀ ਸੇਵਾ ਵਿਚ ਲਾ ਲਉ, ਇਉਂ ਛਲੀਆ ਮਿੱਠੀਆਂ ਮਿੱਠੀਆਂ ਗੱਲਾਂ ਕਰਕੇ, ਬੰਦੇ ਬਹਾਦਰ ਕੋਲ ਪਹੁੰਚ ਗਿਆ।

ਰੰਘੜ ਬੇਈਮਾਨ ਥੋ, ਸੋ ਉਨ ਲਯੋ ਪਛਾਣ॥੧੨॥ ਇਹ ਰੰਘੜ ਸੀ ਤੇ ਮਨ ਦਾ ਬੇਈਮਾਨ ਸੀ, ਤਾਂ ਉਹ (ਉਨ) ਉਸ ਬੰਦੇ ਬਹਾਦਰ ਨੇ ਪਛਾਣ ਲਿਆ, ਇਹ ਖੋਟਾ ਹੈ ਇਹ ਚੋਰ ਹੈ ਤਾਂ ਰੰਘੜ ਕਹਿੰਦਾ ਮੈਂ ਹਿੰਦੂ ਹਾਂ ਇਹ ਝੂਠ ਬੋਲ ਰਿਹਾ, ਬੰਦੇ ਬਹਾਦਰ ਨੇ ਪਛਾਣ ਲਿਆ ਇਸਨੂੰ। ੧੨।

ਤਬ ਬੰਦੈ ਉਸ ਕੋ ਕਹਯੋ, 'ਤੁਮ ਦਿਲ ਸਾਬਤ ਨਾਹਿ॥ ਤਾਂ ਬੰਦਾ ਬਹਾਦਰ ਕਹਿਣ ਲੱਗਾ, ਸੁਣ ਤੇਰਾ ਦਿਲ ਸਾਬਤ ਨਹੀਂ ਹੈ, ਤੂੰ ਅੰਦਰੋਂ ਠੱਗ ਪ੍ਰਤੀਤ ਲਗਦਾ ਹੈ। ਪਰ ਚੰਗਾ ਤੇਰੀ ਮਰਜ਼ੀ ਵੇਖ ਲੈ।

ਜੋ ਤੂੰ ਕਰੈਂ ਸੁ ਪਾਇ ਹੈਂ, ਹਮ ਤੁਮ ਫੇਰਤ ਨਾਹਿ॥੧੩॥ ਜੋ ਕਰੇਗਾ ਤੂੰ ਭੁਗਤ ਲਵੇਂਗਾ ਮੈਂ ਤੈਨੂੰ ਮੋੜਦਾ ਨਹੀਂ ਵਾਪਸ ਆ ਜਾ ਲਿਆ ਫੌਜ ਅੱਗੇ। ੧੩।

ਚੌਪਈ॥ ਤਬ ਬੰਦੈ ਖੀਸੇ ਹੱਥ ਪਾਯੋ॥ ਤਾਂ ਬੰਦਾ ਸਿੰਘ ਨੇ ਆਪਣੇ ਖੀਸੇ ਵਿਚ ਹੱਥ ਪਾਇਆ।

ਕਈ ਮੁਠੀ ਦਈ ਮੁਹਰ ਫੜਾਯੋ॥ ਭਰ ਭਰ ਮੁੱਠੀਆਂ ਮੋਹਰਾਂ ਦੀਆਂ, ਆਹ ਲੈ, ਆ ਤੈਨੂੰ ਮਦਦ ਦੇਈਏ ਲੰਗਰ ਵਾਸਤੇ ਅੱਜ ਤੋਂ ਜਲ ਪਾਣੀ ਲੰਗਰ ਸਾਡਾ ਛਕਣਾ।

'ਲੈ ਜੇਤੀ ਤੁਹਿ ਸਾਥ ਸਿਪਾਹਿ॥ ਜਿੰਨੇ ਸਿਪਾਹੀ ਨੇ ਨਾਲ ਤੇਰੇ ਉਨ੍ਹਾਂ ਦੀਆਂ ਮੋਹਰਾਂ ਵੀ ਲੈ ਲੈ ਖਰਚਾ ਖੁਲ੍ਹਾ ਲੈ ਤੂੰ।

ਲੂਣ ਹਮਾਰੋ ਤੂੰ ਪੇਟ ਪਾਇ॥ ੧੪॥ ਤੂੰ ਸਾਡਾ ਨਿਮਕ ਖਾ, ਆਪ ਦੇ ਪੇਟ ਪਾ, ਇਹ ਸਾਡੇ ਵਲੋਂ ਨਮਕ ਹਰਾਮ ਬਣੇਗਾ, ਫਿਰ ਤੈਨੂੰ ਨਮਕ ਹਰਾਮ ਦਾ ਖਿਤਾਬ ਦੇਵਾਂਗੇ, ਇਉਂ ਬੰਦੇ ਨੇ ਕਿਹਾ ਤੂੰ ਸਾਡਾ ਲੰਗਰ ਖਾ, ਲੰਗਰ ਸਾਡੇ ਵਲੋਂ ਛਕ। ੧੪।

ਲੂਣ ਖਾਇ ਜੋ ਕਰੇ ਬੁਰਾਈ॥ ਇਹ ਆਮ ਕਰਕੇ ਹੈ ਜਿਹੜਾ ਕੋਈ ਲੂਣ ਖਾ ਕੇ ਕਿਸੇ ਦਾ ਫੇਰ ਉਹਦੇ ਨਾਲ ਬੁਰਿਆਈ ਕਰੇ, ਉਹਨੂੰ ਕੀ ਸਜ਼ਾ ਮਿਲਦੀ ਹੈ, ਕੀ ਡੰਨ ਮਿਲਦਾ ਹੈ ਉਹਨੂੰ ਪ੍ਰਮੇਸ਼ਰ ਵੱਲੋਂ।

ਮਰੈ ਤੁਰਤ ਸੋ ਬਿਨ ਹੀ ਆਈ'॥ ਤੁਰਤ ਹੀ ਬਿਨਾਂ ਆਈ ਤੋਂ ਉਹਦੀ ਮੌਤ ਹੋ ਜਾਂਦੀ ਹੈ, ਅਜੇ ਉਹਦਾ ਸਮਾਂ ਆਇਆ ਨਾ ਹੋਵੇ, ਜਿਹੜਾ ਨਮਕ ਹਰਾਮ ਹੋਵੇ, ਕਿਸੇ ਦਾ ਖਾ ਕੇ ਬੁਰਾ ਕਰੇ, ਕਹਿੰਦੇ ਉਹ ਤੁਰਤ ਮਰਦਾ ਹੈ। ਵੇਖ ਲੈ, ਜੇ ਤੂੰ ਐਂ ਕਰੇਂਗਾ, ਫੇਰ ਤੁਰੰਤ ਮਰੇਂਗਾ, ਮੈਨੂੰ ਦਿਲ ਸਾਬਤ ਨਹੀਂ ਦਿਸਦਾ ਤੂੰ ਦਿਲ ਦਾ ਖੋਟਾ ਲੱਗਦਾ ਇਉਂ ਬੰਦੇ ਬਹਾਦਰ ਨੇ ਕਹਿ ਦਿੱਤਾ ਸਾਫ।

ਤਬ ਬੰਦੈ ਨੇ ਕੂਚ ਕਰਾਯਾ॥ ਤਦੋਂ ਬੰਦੇ ਨੇ ਕੂਚ ਕਰ ਦਿੱਤਾ, ਜਦੋਂ ਇਹ ਨਾਲ ਮਿਲ ਗਿਆ।

ਮਾਰ ਬਨੂੜ ਆ ਡੇਰਾ ਲਾਇਆ॥੧੫॥ ਸਢੌਰੇ ਤੋਂ ਚਲ ਕੇ ਜਾ ਬਨੂੜ ਸ਼ਹਿਰ ਮਾਰਿਆ ਹੈ, ਬਨੂੜ ਆ ਡੇਰਾ ਲਾਇਆ ਹੈ। ਬਨੂੜ ਪਟਿਆਲੇ ਤੋਂ ਚੰਡੀਗੜ੍ਹ ਵਾਲੀ ਸੜਕ ਦੇ ਉਤੇ ਸਥਿਤ ਹੈ ਛੱਤ ਜੀ.ਟੀ. ਤੋਂ ਥੋੜਾ ਪਾਸੇ ਰਹਿ ਜਾਂਦਾ ਹੈ। ੧੫।

ਹਿੰਦੂ ਭੀ ਉਸ ਲਏ ਬਚਾਇ॥ ਜਦੋਂ ਇਥੇ ਹੱਲਾ ਬੋਲਿਆ ਹੈ, ਇਥੋਂ ਦੇ ਰਹਿਣ ਵਾਲੇ ਹਿੰਦੂ ਬਚਾ ਲਏ ਹਨ ਉਸਨੇ, ਹਿੰਦੂਆਂ ਨੂੰ ਕੁਛ ਨਹੀਂ ਕਹਿਣਾ ਤੁਰਕਾਂ ਨੂੰ ਮਾਰਨਾ ਹੈ।

ਮੁਸਲਮਾਨ ਚੁਨ ਦੀਨੇ ਘਾਇ॥ ਮੁਸਲਮਾਨਾਂ ਨੂੰ ਚੁਣ ਚੁਣ ਕੇ (ਘਾਇ) ਮਾਰਿਆ ਹੈ, ਮੌਤ ਦੇ ਘਾਟ ਉਤਾਰਿਆ ਹੈ।

ਸਿੰਘ ਮਝੈਲਨ ਲਯੋ ਬੁਲਾਇ॥ ਏਥੇ ਚਲ ਕੇ (ਮਝੈਲਨ) ਮਾਝੇ ਦੇ ਸਿੰਘਾਂ ਨੂੰ ਸੁਨੇਹਾ ਭੇਜ ਕੇ ਬੁਲਾ ਲਿਆ ਹੈ ਜੋ ਅਨੰਦਪੁਰ ਸਾਹਿਬ ਤੇ ਕੀਰਤਪੁਰ ਸਾਹਿਬ ਵਿਚ ਇਕੱਠੇ ਹੋਏ ਸਨ, ਉਹ ਉਡੀਕ ਰਹੇ ਸਨ ਕਿ ਕਦੋਂ ਹੁਕਮ ਆਉਂਦਾ ਤੇ ਕਦੋਂ ਏਥੋਂ ਕੂਚ ਕਰੀਏ।

ਕਹਿਓ 'ਆਓ ਪਹਾੜਨ ਦਾਇ' ॥੧੬॥ ਬੰਦਾ ਸਿੰਘ ਬਹਾਦਰ ਨੇ ਮਝੈਲ ਸਿੰਘਾਂ ਨੂੰ ਹੁਕਮਨਾਮਾ ਭੇਜ ਦਿੱਤਾ ਖਾਲਸਾ ਜੀ! ਪਹਾੜਾਂ ਦੀ ਓਟ ਰੱਖ ਕੇ ਇਕ ਪਾਸੇ ਭਾਵ ਚੰਡੀਗੜ੍ਹ ਨੂੰ ਨਾਲ ਨਾਲ ਪਹਾੜੀਆਂ ਦੇ ਏਧਰ ਨੂੰ ਆਓ ਤੁਸੀਂ, ਅੱਗੇ ਛੱਤ ਬਨੂੜ ਅਸੀਂ ਖੜ੍ਹੇ ਹਾਂ ਏਥੇ ਮੈਦਾਨ ਵਿਚ। ੧੬।

ਅਥ ਸ੍ਰੀ ਗੁਰ ਪੰਥ ਪ੍ਰਕਾਸ ਗ੍ਰਿੰਥੇ

ਪ੍ਰਸੰਗ ਮਲੇਰੀਯੋ ਪਠਾਣਿ ਖਵਾਜ ਖਿਦਰ ਮ੍ਰਦੂਦ ਔਰ ਦੁਇ ਭਾਈ ਮਰਨੇ ਕੈ ਜੰਗ ਲਿਖਯਤੇ॥

ਸਾਖੀ ਪ੍ਰਸੰਗ ਮਲੇਰੀਏ ਪਠਾਣ ਅਖਵਾਯਾ ਖਿਦ੍ਰ ਮਰਦੂਦ।
ਔਰ ਦੋਇ ਭਾਈ ਮਰਨੈ ਕੈ ਜੰਗ ਕੀ॥

(ਰੋਪੜ ਨੇੜੇ ਮਲੇਰੀਆਂ ਨਾਲ ਲੜਾਈ, ਖ੍ਵਾਜਾ ਖਿਜਰ ਆਦਿਕ ਮਰੇ,
ਸ਼ੇਰ ਮੁਹੰਮਦ ਜਿਸ ਹਾਹ ਦਾ ਨਾਅਰਾ ਮਾਰਿਆ ਸੀ, ਬਚਿਆ)

ਦੋਹਰਾ॥ ਬੰਦੇ ਪਠਾਏ ਸਿੰਘ ਥੇ, ਤੇ ਫਿਰ ਲੀਏ ਬੁਲਾਇ॥ ਬੰਦੇ ਬਹਾਦਰ ਜਿਹੜੇ ਸਿੰਘਾਂ ਕੋਲ ਸਿੰਘਾਂ ਨੂੰ ਹੁਕਮਨਾਮਾ ਭੇਜਿਆ ਸੀ ਉਹਨਾਂ ਨੂੰ ਬੁਲਾ ਲਿਆ ਹੈ।

'ਹਮ ਆਵੈਂ ਸਰਹਿੰਦ ਕੋ, ਤੁਮ ਆਵੋ ਰੋਪੜ ਦਾਇ' ॥੧॥ ਬੰਦੇ ਬਹਾਦਰ ਕਿਹਾ ਅਸੀਂ ਸਰਹੰਦ ਨੂੰ ਆ ਰਹੇ ਹਾਂ, ਰੋਪੜ ਦਰੇ ਤੁਸੀਂ ਲੰਘੋ, ਅੱਗੇ ਸਰਹੰਦ ਨੇੜੇ ਹੀ ਹੈ, ਉਥੇ ਆਪਾਂ ਇਕੱਠੇ ਹੋਵਾਂਗੇ। ੧।

ਚੌਪਈ॥ ਸੁਨਤ ਸੁ ਚਿੱਠੋ ਖਾਲਸੋ ਚੜ੍ਹਿਓ॥ ਬੰਦੇ ਬਹਾਦਰ ਵਲੋਂ ਭੇਜਿਆ ਗਿਆ (ਚਿੱਠਾ) ਹੁਕਮਨਾਮਾ ਸੁਣ ਕੇ, ਖਾਲਸਾ ਏਥੋਂ ਅਨੰਦਪੁਰ ਸਾਹਿਬ ਕੀਰਤਪੁਰ ਤੋਂ ਚੜ੍ਹ ਗਿਆ ਹੈ।

ਰੋਪੜ ਦਰੇ ਜਾਇ ਸੋ ਵੜਿਓ॥ ਰੋਪੜ ਦਰੇ ਆ ਨਿਕਲੇ ਹਨ ਸਿੰਘ।

ਯਹ ਜਬ ਖਬਰ ਬਜੀਰੇ ਭਈ॥ ਇਹ ਖਬਰ ਬਜੀਦ ਖਾਂ ਨੂੰ ਹੋ ਗਈ ਕਿ ਜਿਹੜੇ ਸਿੰਘ ਕੀਰਤਪੁਰ ਵਿਚ ਅਟਕੇ ਹੋਏ ਸਨ, ਉਹ ਆ ਰਹੇ ਹਨ, ਤੁਰ ਪਏ ਹਨ ਅਨੰਦਪੁਰ ਤੋਂ ਰੋਪੜ ਦਰੇ ਨੂੰ, ਉਹ ਵੀ ਆ ਰਹੇ ਹਨ ਬੰਦੇ ਬਹਾਦਰ ਨਾਲ ਮਿਲਣ ਵਾਸਤੇ। ਬਜੀਦੇ ਨੇ ਆਖਿਆ ਬੰਦੇ ਬਹਾਦਰ ਨਾਲ ਇਹ ਨਾ ਮਿਲਣ, ਇਹਨਾਂ ਨੂੰ ਰੋਕਣ ਵਾਸਤੇ ਅੱਗੋਂ ਫੌਜ ਭੇਜਦਾ।

ਉਧਰ ਫੌਜ ਮਲੇਰੀਅਨ ਠਈ॥੨॥ ਉਧਰ ਨੂੰ ਮਲੇਰ ਕੋਟਲੇ ਵਾਲਿਆਂ ਪਠਾਣਾਂ ਦੀ ਫੌਜ ਕੀਤੀ। ੨।

ਤਿਨ ਮੇਂ ਚਾਰ ਸ੍ਰਦਾਰ ਥੇ ਆਈ॥ ਜਦੋਂ ਮਲੇਰ ਕੋਟਲੀਆਂ ਦੀ ਫੌਜ ਜੰਗ ਮੈਦਾਨ ਵਿਚ ਆਈ ਹੈ, ਉਦੋਂ ਉਨ੍ਹਾਂ ਵਿਚ ਚਾਰ ਸਰਦਾਰ ਸਨ, ਫੌਜ ਦੇ।

ਨਾਹਰ ਖਾਂ ਕੇ ਥੇ ਜੋ ਭਾਈ॥ ਨਾਹਰ ਖਾਂ ਜੋ ਚੁਮਕੌਰ ਦੇ ਜੰਗ ਵਿਚ ਗੁਰੂ ਸਾਹਿਬ ਜੀ ਦੇ ਤੀਰ ਦਾ ਸ਼ਿਕਾਰ ਹੋ ਗਿਆ ਸੀ, ਇਹ ਸਰਦਾਰ ਫੌਜ ਦੇ, ਉਸਦੇ ਭਾਈ ਸਨ।

ਅਖ਼ਾਜ ਖਿਦਰ ਔ ਮੁਹੰਮਦ ਸ਼ੇਰ॥ ਖ਼ਾਜਾ ਖਿਜਰ ਤੇ ਸ਼ੇਰ ਮੁਹੰਮਦ ਇਹ ਦੋਵੇਂ ਨਾਹਰ ਖਾਂ ਦੇ ਸਕੇ ਭਰਾ ਸਨ।

ਔਰ ਭਾਈ ਦੁਇ ਹੁਤੇ ਮਤੇਰ॥੩॥ ਦੋ ਭਰਾ ਇਨ੍ਹਾਂ ਦੇ (ਮਤੇਰ) ਮਤਰੇਈ ਮਾਂ ਦੇ ਪੁੱਤ ਸਨ, ਚਾਰ ਸਨ ਇਹ। ੩।

ਤੇ ਕਰ ਦੌੜ ਸਿੰਘਨ ਪਰ ਪੜੇ॥ ਇਨ੍ਹਾਂ ਨੇ ਜਿਉਂ ਹੱਲਾ ਬੋਲਿਆ ਇਹ ਸਿੰਘਾਂ ਉਪਰ ਹੱਲਾ ਕਰਕੇ ਆ ਗਏ।

ਦੇਖ ਫੌਜ ਸਿੰਘ ਹੋ ਪਏ ਖੜੇ॥ ਫੌਜ ਆਉਂਦੀ ਨੂੰ ਵੇਖ ਕੇ ਅੱਗੋਂ ਸਿੰਘ ਵੀ ਮੈਦਾਨ ਵਿਚ ਖੜ੍ਹੇ ਹੋ ਗਏ ਹਨ।

ਸਿੰਘਨ ਪਠਾਣਨ ਪੜ ਗਯੋ ਭੇੜ॥ ਸਿੰਘਾਂ ਦਾ ਤੇ ਪਠਾਣਾਂ ਦਾ ਇਥੇ ਰੋਪੜ ਦਰੇ 'ਤੇ ਆ ਭੇੜ ਪਿਆ, ਜੰਗ ਸ਼ੁਰੂ ਹੋ ਗਿਆ।

ਸਿੰਘਨ ਪੈ ਉਨ ਕੀਨੋ ਨੇੜ॥੪॥ ਜਦੋਂ ਇਨ੍ਹਾਂ ਫੌਜਦਾਰਾਂ ਸਿੰਘਾਂ ਦਾ ਨੇੜਾ ਕੀਤਾ, ਅੱਗੋਂ ਹੋ ਕੇ ਅਸੀਂ ਸਿੰਘਾਂ ਦੇ ਨਾਲ ਦੋ ਹੱਥ ਕਰੀਏ, ਜਦੋਂ ਨੇੜੇ ਢੁੱਕੇ ਹਨ।

ਸਿੰਘ ਭੀ ਅਗਯੋਂ ਟਰੇ ਸੁ ਨਾਂਹਿ॥ ਸਿੰਘ ਵੀ ਅੱਗੋਂ ਟਲੇ ਨਹੀਂ, ਪਿਛਾਂਹ ਨਹੀਂ ਹਟੇ, ਸਿੰਘ ਵੀ ਅੱਗੋਂ ਡਟ ਗਏ ਨੇ ਮੈਦਾਨ ਦੇ ਵਿਚ।

ਸਨਮੁਖ ਹੁਇ ਹੁਇ ਜੁੱਧ ਕਰਾਂਹਿ॥ ਸਨਮੁਖ ਹੋ ਕੇ ਲੜੇ ਹਨ, ਨਿਸੰਗ ਹੋ ਕੇ ਲੜੇ ਨੇ, ਕਿ ਸਾਹਿਬਜ਼ਾਦਿਆਂ ਦੇ ਵਾਸਤੇ ਲੜਨਾ ਹੈ ਅਸੀਂ, ਖਾਸ ਘਰਾਂ ਤੋਂ ਮਰਨ ਆਏ ਸਨ ਸ਼ਹੀਦੀ ਪਾਵਾਂਗੇ, ਲੜ ਕੇ ਮਰਾਂਗੇ ਜਾਂ ਫੜ੍ਹੇ ਕਰ ਲਾਂਗੇ ਦੋਂਹ ਕੰਮਾਂ ਵਿਚੋਂ ਇਕ ਹੀ ਕਰਾਂਗੇ ਭੱਜਣ ਦਾ ਸਵਾਲ ਹੀ ਨਹੀਂ।

ਦੀਨ ਮਜਬ ਇਕ, ਦੂਜੇ ਗੁਰ ਬੈਰ॥ ਇਕ ਤਾਂ ਦੀਨ ਮਜ਼ਹਬ ਦੀ ਲੜਾਈ ਹੈ, ਦੂਸਰਾ ਗੁਰੂਆਂ ਦਾ ਵੈਰ ਲੈਣਾ ਹੈ, ਹੁਕਮਨਾਮਾ ਆ ਚੁਕਿਆ ਸੀ, ਸਿੰਘਾਂ ਨੂੰ ਫੇਰ ਕਿਵੇਂ ਹੱਟਦਾ ਕੋਈ ਪਿਛੇ।

ਸਿੰਘ ਮਰੇਂ ਕਰ ਆਗੇ ਪੈਰ॥ ੫॥ ਇਸ ਕਰਕੇ ਜਿੰਨੇ ਸਿੰਘ ਹਨ ਅੱਗੇ ਪੈਰ ਕਰ ਕੇ ਸ਼ਹੀਦ ਹੁੰਦੇ ਹਨ, ਮੂੰਹ ਭਾਰ ਅੱਗੇ ਨੂੰ ਹੋ ਕੇ ਸ਼ਹੀਦ ਹੁੰਦੇ ਹਨ ਸਿੰਘ। ੫।

ਕੁੰਡਲੀਆ ਛੰਦ॥ ਤੋਪ ਜੰਬੂਰੇ ਰਹਕਲੇ, ਲਾਗੇ ਚਲਨ ਅਨੇਕ॥ ਇਨ੍ਹਾਂ ਕੋਲ ਜੰਗੀ ਸਾਜ ਸੀ, ਤੋਪਾਂ, ਜੰਬੂਰੇ, ਰਹਿਕਲੇ, ਇਹ ਛੋਟੀਆਂ ਤੋਪਾਂ ਹੁੰਦੀਆਂ ਸਨ, ਤੁਰਕਾਂ ਕੋਲ ਇਹ ਜੰਗੀ ਸਮਾਨ ਸੀ, ਇਹਨਾਂ ਨੇ ਇਹ ਅੱਗੋਂ ਝੁਕਾਇਆ ਹੈ ਤੋਪਖਾਨਾ, ਕਿਉਂਕਿ ਫੌਜ ਦੇ ਅੱਗੇ ਤੋਪਖਾਨਾ ਹੁੰਦਾ ਹੈ, ਤੋਪਖਾਨਾ ਕਿਸੇ ਪਾਸਿਓਂ ਹੱਲਾ ਨਹੀਂ ਹੋਣ ਦਿੰਦਾ, ਪੈਰ ਹਿਲਾ ਦਿੰਦਾ ਹੈ, ਤੋਪਾਂ ਬੀੜ ਕੇ ਸਿੰਘਾਂ ਉਤੇ ਚਲਾਉਣ ਲੱਗ ਪਏ ਨੇ।

ਤਬ ਸਿੰਘਨ ਪ੍ਰਿਥਵੀ ਫੜੀ, ਅਗਯੋਂ ਟਰਯੋ ਨ ਏਕ॥ ਸਿੰਘਾਂ ਨੇ ਪ੍ਰਿਥਵੀ ਫੜ ਲਈ ਭਾਵ ਮੋਰਚਿਆਂ ਵਿਚ ਵੜ ਗਏ, ਅੱਗੋਂ ਇਕ ਵੀ ਸਿੰਘ ਨਹੀਂ ਟਲਿਆ ਹੈ, ਸਿੰਘ ਪਿਛਾਂਹ ਨਾ ਹਟਿਆ, ਕਿਸੇ ਸਿੰਘ ਨੇ ਪਿਛੇ ਪੈਰ ਨਾ ਪੁਟਿਆ, ਮੋਰਚਿਆਂ ਵਿਚ ਵੜ ਕੇ ਸਿੰਘਾਂ ਨੇ ਬੰਦੂਕ ਦੀ ਲੜਾਈ ਸ਼ੁਰੂ ਕੀਤੀ ਹੈ ਰੋਪੜ ਦਰੇ ਦੀ।

ਅਗਯੋਂ ਟਰਯੋ ਨ ਏਕ ਆਨ, ਜਬ ਗਾਢ ਸੁ ਪਰਿਓ॥ ਕਹਿੰਦੇ ਜਿੰਨੀ ਮਰਜ਼ੀ ਗਾੜ੍ਹੀ ਜੰਗ ਹੋਈ, ਸਖਤ ਜੰਗ ਹੋਈ ਹੈ, ਸਿੰਘ ਇਕ ਵੀ ਪਿਛੇ ਨਹੀਂ ਟਲਿਆ।

ਤੁਰਕਨ ਫਿਰ ਗਯੋ ਪੈਰ, ਸਿੰਘਨ ਨੈ ਆਗੈ ਕਰਿਓ॥ ਹੁਣ ਤੁਰਕਾਂ ਦਾ ਪੈਰ ਹਿੱਲ ਗਿਆ ਹੈ, ਉਹਨਾਂ ਦਾ ਪਿਛੇ ਨੂੰ ਪੈਰ ਫਿਰ ਗਿਆ ਹੈ, ਤੁਰਕਾਂ ਨੇ ਪਿਛੇ ਨੂੰ ਪੈਰ ਕੀਤਾ ਹੈ ਸਿੰਘਾਂ ਨੇ ਆਪਣਾ ਪੈਰ ਅੱਗੇ ਨੂੰ ਕਰ ਲਿਆ, ਸਿੰਘਾਂ ਨੇ ਅੱਗੇ ਕਦਮ ਵਧਾ ਕੇ ਰਖਿਆ ਹੈ, ਹੋਰ ਲੈ ਗਏ ਹਨ ਦਬਾ ਕੇ ਪਿਛੇ।

ਸਿੰਘ ਲਗੇ ਉਹਾਂ ਅਤਿ ਘਨੇ ਤਉ ਖਾਲਸੈ ਆਯੋ ਕੋਪ॥ ਇਸ ਲੜਾਈ ਦੇ ਵਿਚ (ਅਤਿ ਘਨੇ) ਬਹੁਤ ਜਿਆਦਾ ਸਿੰਘ (ਲਗੇ) ਲੱਗ ਗਏ ਹਨ ਲੇਖੇ ਜੰਗ ਦੇ ਕੰਮ ਆ ਗਏ ਨੇ, ਬਹੁਤ ਜਿਆਦਾ ਸਿੰਘ ਸ਼ਹੀਦ ਹੋ ਗਏ ਹਨ। ਚੰਗੇ ਨਾਮੀ

ਗ੍ਰਾਮੀ ਸਿੰਘਾਂ ਨੇ ਅੱਗੇ ਵਧ ਵਧ ਕੇ ਤੇਗਾਂ ਮਾਰੀਆਂ ਨੇ, ਅੱਗੋਂ ਤੋਪਾਂ, ਰਹਿਕਲਿਆਂ ਨਾਲ ਗੋਲਿਆਂ ਨਾਲ ਬੜੇ ਸਿੰਘਾਂ ਦੀ ਸ਼ਹੀਦੀ ਹੋਈ। ਇਹ ਦੇਖ ਕੇ ਸਿੰਘਾਂ ਨੂੰ ਹੋਰ (ਕੋਪ) ਰੋਹ ਚੜ੍ਹ ਗਿਆ ਰੋਸ ਚੜ੍ਹ ਗਿਆ ਹੈ ਗੁੱਸਾ ਚੜ੍ਹਿਆ।

ਖਾਲਸੈ ਹੱਲਾ ਤਬ ਕੀਯੋ, ਛਡ ਗਏ ਘੋੜੇ ਤੁਰਕ ਤੋਪ ॥੬॥ ਅੱਗੋਂ ਸਿੰਘਾਂ ਨੇ ਹੱਲਾ ਬੋਲ ਦਿੱਤਾ 'ਹੱਲ੍ਹਾ ਇਨ ਕਾ ਕਹਿਰ ਖੁਦਾ' 'ਯਾ ਅੱਲਾ ਇਨ ਕਾ ਰੋਕਿਆ ਨਾ ਜਾ'। ਤੁਰਕ ਇਉਂ ਕਹਿੰਦੇ ਹੁੰਦੇ ਸਨ। ਸਿੰਘਾਂ ਨੇ ਜਦੋਂ ਕਹਿਰੀ ਹੱਲਾ ਬੋਲ ਦਿੱਤਾ ਫੇਰ ਕਿਸੇ ਤੁਰਕ ਦਾ ਪੈਰ ਨਹੀਂ ਟਿਕਿਆ, ਤੁਰਕਾਂ ਨੇ ਭੱਜਣ ਦੀ ਕੀਤੀ, ਰਹਿਕਲੇ ਤੋਪਾਂ ਤੇ ਘੋੜੇ ਆਦਿਕ ਸਭ ਛੱਡ ਕੇ ਭੱਜ ਗਏ ਹਨ। ੬।

ਚੌਪਈ॥ ਖ੍ਵਾਜ ਖਿਦਰ ਸੁਨ ਆਇ ਸੁ ਪਯੋ॥ ਇੰਨੇ ਨੂੰ ਖ੍ਵਾਜਾ ਖਿਜਰ ਜੋ ਪਿਛੇ ਸੀ ਫੌਜਦਾਰ, ਉਹ ਤਾਜਾ ਦਮ ਫੌਜ ਲੈ ਕੇ ਅੱਗੇ ਵਧਿਆ ਤੇ ਸਿੰਘਾਂ 'ਤੇ ਹੱਲਾ ਬੋਲ ਦਿੱਤਾ।

ਉਨ ਸਿੰਘਨ ਮੁਖ ਆਨ ਫਿਰਯੋ॥ ਉਹਨੇ ਆ ਕੇ ਸਿੰਘਾਂ ਦਾ ਮੂੰਹ ਫੇਰਿਆ ਥੋੜਾ ਜਿਹਾ, ਜੋ ਸਿੰਘ ਅੱਗੇ ਵਧਦੇ ਤੁਰੇ ਆਉਂਦੇ ਸਨ, ਉਹਨੇ ਆ ਕੇ ਠੱਲ੍ਹ ਪਾ ਲਈ ਹੈ।

ਤਬਹਿ ਖਾਲਸੈ ਬਾਤਿ ਬਿਚਾਰੀ॥ ਤਬ ਸਿੰਘਾਂ ਨੇ ਆਪਸ ਵਿਚ ਵਿਚਾਰ ਕੀਤੀ ਹੈ।

'ਨਠ ਕਰ ਬਚੈ ਕਬ ਫੌਜ ਹਮਾਰੀ' ॥ ੭॥ ਸਿੰਘਾਂ ਨੇ ਕਿਹਾ ਭੱਜ ਕੇ ਸਾਡੀ ਫੌਜ ਬਚ ਨਹੀਂ ਸਕਦੀ, ਦੌੜ ਕੇ ਕਦੋਂ ਸਾਡੀ ਫੌਜ ਬਚੇਗੀ। ਨਾ ਭੱਜ ਸਕਦੇ ਹਾਂ ਨਾ ਅੱਗੇ ਹੱਲਾ ਕਰ ਸਕਦੇ ਹਾਂ।

ਸਿੰਘ ਸੁ ਬੈਠ ਊਹਾਂ ਹੀ ਰਹੇ॥ ਤਾਂ ਸਿੰਘ ਉਥੇ ਹੀ ਬੈਠ ਗਏ ਹਨ ਮੋਰਚਿਆਂ ਵਿਚ।

ਜਨਕ ਬੈਠ ਕਰ ਡੇਰੋ ਬਹੇ' ॥ ਇਸ ਤਰ੍ਹਾਂ ਜਾਣੇ ਕਿ ਵੈਰੀ ਨੂੰ ਇਸ ਤਰ੍ਹਾਂ ਲੱਗੇ ਕਿ ਸਿੰਘ ਡਰ ਕੇ ਬੈਠੇ ਹੋਣ।

ਬਹੁਤ ਜ਼ੋਰ ਤਹਿੰ ਕੀਓ ਪਠਾਣਨ॥ ਪਠਾਣਾਂ ਨੇ ਸਿੰਘਾਂ ਦੇ ਪੈਰ ਹਿਲਾਉਣ ਵਾਸਤੇ ਬੜਾ ਜ਼ੋਰ ਲਾਇਆ ਹੈ, ਪਰ ਸਿੰਘ ਪੈਰ ਨਹੀਂ ਚੁੱਕਦੇ ਪਿਛੇ ਨੂੰ।

ਸਿੰਘਨ ਪਕੜਯੋ ਖੂਬ ਮਦਾਨਨ॥ ੮॥ ਖੂਬ ਮੈਦਾਨ ਫੜ ਲਿਆ ਸਿੰਘਾਂ ਨੇ, ਇਉਂ ਮੋਰਚਾ ਬੰਦੀ ਬਣਾ ਕੇ ਸਿੰਘ ਡਟ ਕੇ ਬਹਿ ਗਏ ਹਨ। ੮।

ਦੋਹਰਾ॥ ਸਿੰਘ ਲੰਮੈ ਪੈ ਰਹੈ, ਕਹੈਂ 'ਪੜੈ ਕਬ ਰਾਤ' ॥ ਸਿੰਘ ਉਥੇ ਮੋਰਚਿਆਂ ਵਿਚ ਹੀ ਲੰਮੇ ਪੈ ਰਹੇ, ਅਤੇ ਕਹਿੰਦੇ ਹਨ, ਕਿ ਕਦੋਂ ਰਾਤ ਪਵੇ ਭਾਵ ਜੰਗ ਤੋਂ ਟਾਲਾ ਵੱਟ ਕੇ ਸਮਾਂ ਲੰਘਾਉਂਦੇ ਹਨ ਕਿ ਦਿਨ ਕਦੋਂ ਖਤਮ ਹੁੰਦਾ ਹੈ।

ਤੁਰਕ ਕਹੈਂ 'ਹੋਤ ਦਿਨਹਿ ਕੈ, ਕਰੀਐ ਸਿੰਘਨ ਘਾਤ' ॥੯॥ ਤੁਰਕ ਕਹਿੰਦੇ ਹਨ ਕਿ ਦਿਨ ਖੜ੍ਹੇ ਖੜ੍ਹੇ ਸਿੰਘਾਂ ਨੂੰ (ਘਾਤ) ਮਾਰੀਏ, ਖਾਤਮਾ ਕਰੀਏ ਸਿੰਘਾਂ ਦਾ। ੯।

ਚੌਪਈ॥ ਤੌ ਕਿਛੁ ਢੁਕਯੋ ਦਿਖਯੋ ਦਿਨ ਨੇੜੈ॥ ਤਾਂ ਕੀ ਦੇਖਦੇ ਨੇ ਕਿ ਦਿਨ ਨੇੜੇ ਢੁੱਕ ਗਿਆ ਹੈ, ਪਿਛਲਾ ਪਹਿਰ ਹੋ ਗਿਆ ਹੈ, ਸੂਰਜ ਢਲਦਾ ਢਲਦਾ ਜਾ ਰਿਹਾ ਏ, ਜਦੋਂ ਇਉਂ ਵੇਖਿਆ ਸਿੰਘਾਂ ਨੇ।

ਤੁਰਕ ਕਹੈਂ 'ਸਿੰਘ ਮਰੈਂ ਨ ਘੇਰੈ॥ ਤੁਰਕ ਆਪਸ ਵਿਚ ਕਹਿੰਦੇ ਹਨ ਕਿ ਸਿੰਘਾਂ ਨੇ ਘੇਰਿਆਂ ਹੋਇਆਂ ਵੀ ਨਹੀਂ ਮਰਨਾ ਹੈ, ਹੁਣ ਰਾਤ ਪੈਣ ਲੱਗੀ ਹੈ, ਇਹ ਘੇਰਾ ਵੀ ਪਾ ਕੇ ਰਖੀਏ ਤਾਂ ਵੀ ਸਿੰਘ ਘੇਰੇ ਤੋਂ ਕਾਬੂ ਨਹੀਂ ਆ ਸਕਣਗੇ। ਸਿੰਘਾਂ ਨੂੰ ਤਾਂ ਰਾਤ ਨੂੰ ਦਿਨ ਚੜ੍ਹਦਾ ਹੈ, ਜੇ ਰਾਤ ਪੈ ਗਈ ਤਾਂ ਇਹ ਸ਼ੇਰ ਬਣ ਜਾਣੇ ਨੇ, ਫੇਰ ਸਾਡੀ ਕੋਈ ਵਾਹ ਹੀ ਨਹੀਂ ਜਾਣੀ, ਸਾਡਾ ਕੋਈ ਜ਼ੋਰ ਨਹੀਂ ਚਲਣਾ।

ਦਾਰੂ ਸਿੱਕੋ ਇਨ ਮੁਕ ਗਯੋ॥ (ਇਨ) ਇਨ੍ਹਾਂ ਸਿੰਘਾਂ ਦਾ ਦਾਰੂ ਸਿੱਕਾ ਮੁਕ ਗਿਆ ਹੈ।

ਭੁੱਖ ਪਿਆਸੋ ਇਨ ਬਲ ਗਯੋ॥੧੦॥ ਅਤੇ ਭੁੱਖ ਵੀ ਲੱਗੀ ਹੋਈ ਹੈ, ਰੋਟੀ ਵੀ ਨਹੀਂ ਮਿਲੀ ਜਦੋਂ ਦੀ ਲੜਾਈ ਸ਼ੁਰੂ ਹੋਈ

ਹੈ, ਸਵੇਰ ਦਾ ਪਾਣੀ ਵੀ ਨਹੀਂ ਮਿਲਿਆ ਪੀਣ ਨੂੰ, ਇਸ ਕਰਕੇ ਇਨ੍ਹਾਂ ਦਾ ਬਲ ਘਟ ਗਿਆ ਹੋਣਾ। ਤੁਰਕ ਇਉਂ ਸਲਾਹਾਂ ਕਰਦੇ ਹਨ। ੧੦।

ਕਰੋ ਹੱਲਾ ਇਨ ਲਈਏ ਮਾਰ'॥ ਹੁਣ ਹੱਲਾ ਬੋਲ ਕੇ ਮਾਰ ਕਿਉਂ ਨਾ ਲਈਏ ਇਨ੍ਹਾਂ ਨੂੰ, ਹੁਣ ਕੀ ਵਿਚਾਰ ਕਰਨੇ ਹਨ!

ਮਲੇਰੀਅਨ ਨੇ ਇਮ ਕਰੀ ਬਿਚਾਰ॥ ਮਲੇਰ ਕੋਟਲੀਏ ਪਠਾਣਾਂ ਨੇ ਇਉਂ ਵਿਚਾਰ ਕੀਤੀ।

ਮੁਹਰੇ ਭਯੋ ਅਖਵਾਜ ਮ੍ਦੂਦ॥ ਖ਼ਾਜਾ ਖਿਜਰ ਬੜਾ (ਮ੍ਦੂਦ) ਮਰਦ ਸੀ ਬੜਾ ਉੱਚਾ ਲੰਬਾ ਸੀ ਇਹ, ਕਹਿਣ ਲੱਗਾ ਮੈਂ ਮੂਹਰੇ ਲਗਦਾ ਹਾਂ ਆਓ ਮੇਰੇ ਪਿਛੇ ਇਉਂ ਧਾਵਾ ਬੋਲਣ ਵਿਚ ਅੱਗੇ ਹੋਇਆ ਜਦੋਂ।

ਆਯੋ ਉਪਰ ਖਾਲਸੇ ਜ਼ੂਦ॥੧੧॥ ਆਏ (ਜ਼ੂਦ) ਸਜ਼ੂਦ ਹੋ ਕੇ ਸਨੱਧਬੱਧ ਹੋ ਕੇ ਆਇਆ ਖਾਲਸੇ 'ਤੇ ਹੱਲਾ ਬੋਲ ਦਿੱਤਾ। ਜਦੋਂ ਇਹ ਆਇਆ ਸਾਹਮਣੇ ਸਿੰਘਾਂ ਦੇ। ੧੧।

ਇਕ ਇਕ ਦੋ ਦੋ ਗੋਲੀ ਥੀ ਰਹੀ॥ ਸਿੰਘਾਂ ਕੋਲ ਇਕ ਇਕ ਦੋ ਦੋ ਗੋਲੀਆਂ ਬਾਕੀ ਰਹਿ ਗਈਆਂ ਸਨ।

ਸੋਊ ਸਿੰਘਨ ਦਾਗੇ ਦਈ॥ ਉਹ ਦਾਗ ਦਿੱਤੀਆਂ ਗੋਲੀਆਂ ਜਿਹੜੀਆਂ ਬਚੀਆਂ ਹੋਈਆਂ ਸਨ, ਦੁਸ਼ਮਣ ਦੇ ਉਤੇ।

ਅਖ੍ਯਾਜ ਸੀਸ ਇਕ ਲਗ ਗਈ ਕਾਰੀ॥ ਇਕ ਗੋਲੀ ਖੁਵਾਜਾ ਖਿਜਰ ਦੇ ਸਿਰ ਵਿਚ ਆ ਕੇ ਵੱਜੀ, ਕਰ ਗਈ ਕੰਮ, ਇਕੋ ਹੀ (ਕਾਰੀ) ਤਕੜੀ ਗੋਲੀ ਵੱਜੀ, ਖ਼ਾਜਾ ਖਿਜਰ ਪੱਧਰਾ ਕਰ ਦਿੱਤਾ, ਉਥੇ ਹੀ ਲਿਟਾ ਦਿੱਤਾ ਧਰਤੀ 'ਤੇ।

ਪੈ ਗਯੋ ਤੁਰਤ ਸੁ ਭੂਮ ਮਝਾਰੀ॥੧੨॥ ਚੋਫਾਲ ਡਿੱਗ ਪਿਆ ਧਰਤੀ 'ਤੇ ਥੰਮ੍ਹ ਵਾਂਗੂੰ, ਇਉਂ ਜਦੋਂ ਡਿਗ ਪਿਆ ਉਹਨਾਂ ਦਾ ਆਗੂ ਜਰਨੈਲ। ੧੨।

ਮੁਯੋ ਅਖ੍ਯਾਜ ਜੁ ਗੁਰ ਕਹਯੋ ਮ੍ਦੂਦ॥ ਇਸ ਖ਼ਾਜਾ ਖਿਜਰ ਨੂੰ ਮ੍ਦੂਦ ਕਿਹਾ ਸੀ ਸਤਿਗੁਰਾਂ ਨੇ ਚਮਕੌਰ ਦੇ ਜੰਗ ਵਿਚ, ਕਿ ਇਹ ਮੁਰਦਿਆਂ ਵਿਚ ਲੁਕ ਗਿਆ ਸੀ ਮਹਾਰਾਜ ਕਹਿੰਦੇ ਖ਼ਾਜਾ ਖਿਜਰ ਨਹੀਂ ਮੁਰਦਾ ਹੈ ਇਹ, ਖ਼ਾਜਾ ਖਿਜਰ ਸਿੰਘਾਂ ਦੇ ਹੱਥੋਂ ਮਾਰਿਆ ਗਿਆ ਹੈ, ਸਿਰ ਵਿਚ ਵੱਜੀ ਗੋਲੀ ਤੇ ਪਾਰ ਬੋਲ ਗਿਆ।

ਮਲੇਰੀਅਨ ਮੈਥੋਂ ਬਡੋ ਗਦੂਦ॥੧੩॥ 'ਗਦੂਦ' ਹੁੰਦੀ ਹੈ ਜਿਵੇਂ ਸਿੰਗਾਂ ਤੋਂ ਬਿਨਾਂ ਬਕਰਾ ਹੋਵੇ, ਜੇ ਉਹ ਝਟਕਾਈਏ ਝਟਕਿਆ ਨਹੀਂ ਜਾਂਦਾ, ਸਿੰਗਾਂ ਦੀ ਥਾਂ ਤੇ ਇਕ ਹੋਰ ਹੁੰਦੀ ਹੈ, ਨਾ ਉਹ ਖਾਧੀ ਜਾਂਦੀ ਹੈ ਨਾ ਉਹ ਚਿੱਥੀ ਜਾਂਦੀ ਹੈ, ਉਹਦੇ ਤੋਂ ਤਲਵਾਰ ਬੁੜ੍ਹਕ ਜਾਂਦੀ ਹੈ। ਉਤਾਂਹ ਨੂੰ ਐਡੀ ਉਹ ਸਖਤ ਹੁੰਦੀ ਹੈ ਰਬੜ ਵਰਗੀ, ਇਹ ਵੇਖ ਲਉ ਪਠਾਣਾਂ ਦੀ ਵੱਡੀ ਗਦੂਦ ਸੀ, ਨਾ ਮਰਨ ਵਾਲਾ, ਜਿਹੜਾ ਕਿਸੇ ਤੋਂ ਮਾਰਿਆ ਨਾ ਜਾਏ, ਉਹ ਸਿੰਘਾਂ ਨੇ ਰਗੜ ਕੇ ਧਰ ਦਿੱਤਾ।

ਤਿਸ ਕੋ ਚੁੱਕਨ ਆਏ ਉਸ ਭਾਈ॥ ਉਸਦੀ ਲੋਥ ਨੂੰ ਚੁੱਕਣ ਵਾਸਤੇ ਉਹਦੇ ਭਰਾ ਹੋਰ ਸਿਪਾਹੀਆਂ ਨੂੰ ਨਾਲ ਲੈ ਕੇ ਜਦੋਂ ਅੱਗੇ ਵਧੇ।

ਉਨ ਦੋਇਨ ਭੀ ਜਾਨ ਗੁਵਾਈ॥ ਇਹਨਾਂ ਦੋਵਾਂ ਦੀ ਵੀ ਆਣ ਲੱਗੀ ਹੈ, ਇਹਨਾਂ ਤੇ ਵਾਛੜ ਕੀਤੀ ਗੋਲੀਆਂ ਦੀ ਉਹ ਵੀ ਨਾਲ ਜਾਨ ਗਵਾ ਗਏ, ਉਹ ਵੀ ਮਰ ਗਏ ਦੋਵੇਂ ਕ਼ਰਾ, ਹੁਣ ਤਿੰਨ ਇਕੱਠੇ ਮਰ ਗਏ ਨੇ, ਦੋ ਮਤਰੇਇ ਤਾਂ ਇਕ ਨਾਹਰ ਖਾਂ ਦਾ ਸਕਾ ਭਾਈ।

ਸ਼ੇਰ ਮੁਹੰਮਦ ਸੁਨ ਕਰ ਆਯਾ॥ ਜਦੋਂ ਸ਼ੇਰ ਮੁਹੰਮਦ ਨੂੰ ਪਤਾ ਲੱਗਿਆ ਕਿ ਖ਼ਾਜਾ ਵੀ ਗਿਆ, ਉਹ ਵੀ ਮਾਰਿਆ ਗਿਆ ਹੈ, ਇਹ ਆਪਣੇ ਭਰਾ ਮਰੇ ਦਾ ਸੁਣਕੇ ਇਹ ਆਇਆ, ਆ ਕੇ ਕਹਿੰਦਾ ਹੁਣ ਮੈਂ ਵੀ ਚਲਦਾ ਹਾਂ ਹੁਣ ਦੇਖਦੇ ਕਰਕੇ ਹੱਥ।

ਹੁਇ ਕਰ ਜ਼ਖਮੀ ਪਿੱਛੇ ਧਾਯਾ॥੧੪॥ ਸਿੰਘਾਂ ਦੇ ਜਦੋਂ ਇਹ ਸਾਹਮਣੇ ਆਇਆ ਹੈ ਇਹਦੇ ਵੀ ਗੋਲੀ ਵੱਜੀ ਇਹ ਜ਼ਖਮੀ ਹੋ ਕੇ ਪਿਛਾਂਹ ਨੂੰ ਭੱਜ ਗਿਆ। ੧੪।

ਭੂਲਨਾ ਛੰਦ:- *ਬਚਯੋ ਏਕ ਮੁਹੰਮਦੋਂ ਸ਼ੇਰ ਓਹੀ, ਜਿਸ ਹਾਹ ਦਾ ਨਾਅਰਾ ਮਾਰਿਆ ਸਾ॥* ਉਹਨਾਂ ਵਿਚੋਂ ਸਿਰਫ ਉਹੀ ਸ਼ੇਰ ਮੁਹੰਮਦ ਬਚਿਆ ਹੈ, ਜਿਸ ਨੇ ਛੋਟੇ ਸਾਹਿਬਜ਼ਾਦਿਆਂ ਦੇ ਹੱਕ ਵਿਚ ਆਹ ਦਾ ਨਾਅਰਾ ਮਾਰਿਆ ਸੀ, ਬਾਕੀ ਦੇ ਤਿੰਨੇ ਭਰਾ ਪਾਰ ਬੋਲ ਗਏ ਹਨ, ਮਾਰੇ ਗਏ ਹਨ।

ਵੇਲੇ ਸਾਹਿਬਜ਼ਾਦਿਆਂ ਦੇ ਕਤਲ ਕੇ, ਸ਼ੀਰ ਖੋਇਰੇ ਮੁਖੋਂ ਉਚਾਰਿਆ ਸਾ॥ ਜਿਸ ਵੇਲੇ ਸਾਹਿਬਜ਼ਾਦਿਆਂ ਨੂੰ ਸ਼ਹੀਦ ਕਰਦੇ ਸਨ, ਸ਼ੇਰ ਮੁਹੰਮਦ ਨੇ ਕਿਹਾ ਸੀ ਓ ਦੁਧ ਪੀਣੇ ਬੱਚੇ ਨੇ, ਸ਼ੀਰ ਖੋਰਾਂ ਨੂੰ ਨਹੀਂ ਮਾਰੀਦਾ, ਜ਼ੁਲਮ ਹੈ ਖੁਦਾ ਨੇ ਕਿਤੇ ਨਹੀਂ ਲਿਖਿਆ, ਕੁਰਾਨ ਵਿਚ ਲਿਖਿਆ ਇਹ? ਇਹ ਜੁਰਮ ਲਿਖਿਆ ਇਹ ਨਾ ਕਰ, ਉਹਨੇ ਹਾਹ ਦਾ ਨਾਅਰਾ ਮਾਰਿਆ ਸੀ।

ਗੁਰਾਂ ਸੁਨਕੈ ਮੁਖੋਂ ਸੀ ਵਾਕ ਕੀਤਾ, 'ਰਹੀ ਜੜ੍ਹ' ਯੋਂ ਉਸਨੂੰ ਤਾਰਿਆ ਸਾ॥ ਜਦੋਂ ਗੁਰੂ ਜੀ ਨੇ ਸੁਣਿਆ ਕਿ ਸ਼ੇਰ ਮੁਹੰਮਦ ਮਲੇਰ ਕੋਟਲੀਏ ਨੇ ਆਹ ਦਾ ਨਾਅਰਾ ਮਾਰਿਆ ਹੈ, ਗੁਰੂ ਜੀ ਨੇ ਮੁਖੋਂ ਬਚਨ ਕੀਤਾ, ਉਸਨੇ ਜੜ੍ਹ ਰੱਖ ਲਈ ਆਪਦੀ, ਇਹ ਉਦੋਂ ਹੀ ਬਚਨ ਕਰ ਦਿੱਤਾ ਸੀ, ਜਦੋਂ ਮਾਹੀ ਸਾਹਿਬਜ਼ਾਦਿਆਂ ਦੀ ਖਬਰ ਦੇ ਰਿਹਾ ਸੀ ਆ ਕੇ। ਬਾਕੀ ਤੁਰਕਾਂ ਦੀ ਜੜ੍ਹ ਪੁੱਟ ਦਿੱਤੀ ਸੀ ਇਉਂ ਉਸਨੂੰ ਤਾਰਿਆ ਸੀ।

ਸੋਈ ਅੱਜ ਤਾਈਂ ਗੁਰੂ ਵਾਕ ਫੁਰਦਾ, ਜੋਊ ਆਖ ਕੈ ਫੇਰ ਨਾਂਹ ਹਾਰਿਆ ਸਾ॥ ੧੫॥ ਦੇਖ ਲਉ ਭਾਈ ਸਾਹਿਬ ਜੀ ਕਹਿ ਰਹੇ ਹਨ ਕਿ ਅੱਜ ਤਕ ਗੁਰਾਂ ਦਾ ਵਾਕ ਫੁਰ ਰਿਹਾ ਹੈ, ਇਹ ਦੇਖੋ ਕਦੋਂ ਦਾ ਲਿਖਿਆ ਇਤਿਹਾਸ ਹੈ ਹੁਣ ਸਤਿਗੁਰੂ ਸਾਡਾ ਐਸਾ ਹੈ ਜਿਹੜਾ ਬਚਨ ਕਹਿ ਦਿੱਤਾ ਉਹ ਫੇਰ ਹਾਰਿਆ ਨਹੀਂ, ਜਿਹੜਾ ਬਚਨ ਕਿਹਾ ਉਹ ਪੂਰਾ ਕੀਤਾ ਹੈ ਬਚਨਾਂ ਦਾ ਪੂਰਾ ਹੈ। ੧੫।

ਦੋਹਰਾ॥ *ਤਿਨਕੀ ਲੋਥ ਸੁ ਲੈ ਮੁੜੇ, ਨਠੇ ਮਲੇਰੇ ਵੱਲ॥* ਜਦੋਂ ਰਾਤ ਪੈ ਗਈ ਜੰਗ ਸਮਾਪਤ ਹੋ ਗਿਆ, ਇਹ ਖ੍ਵਾਜਾ ਖਿਜਰ ਤੇ ਉਹਦੇ ਭਰਾਵਾਂ ਦੀਆਂ ਲੋਥਾਂ ਲੈ ਕੇ ਮੁੜ ਗਏ ਹਨ, ਅਤੇ ਮਲੇਰ ਕੋਟਲੇ ਵੱਲ ਨੂੰ ਭੱਜ ਤੁਰੇ ਹਨ ਪਠਾਣ।

ਤੀਨਹੁ ਗੋਰਨ ਮਹਿ ਗਡੇ, ਮਨ ਭਯੋ ਬਜੀਰੈ ਤ੍ਰਥੱਲ॥੧੬॥ ਇਹਨਾਂ ਤਿੰਨਾਂ ਮਲੇਰ ਕੋਟਲੀਏ ਪਠਾਣਾਂ ਨੂੰ (ਗੋਰਨ) ਕਬਰਾਂ ਵਿਚ (ਗਡੇ) ਦਫਨ ਕਰ ਦਿੱਤਾ, ਇਨ੍ਹਾਂ ਤਿੰਨਾਂ ਪਠਾਣ ਸਰਦਾਰਾਂ ਨੂੰ ਸਪੁਰਦੇ-ਖਾਕ ਕਰ ਦਿੱਤਾ ਹੈ। ਇਹ ਹਲਾਤ ਜਦ ਬਜੀਦ ਖਾਂ ਨੇ ਸੁਣਿਆ ਤਾਂ ਉਹਦੇ ਮਨ ਵਿਚ ਤ੍ਰਥੱਲ ਪੈ ਗਿਆ ਕਿ ਲੈ ਐਡੇ ਐਡੇ ਬਲੀ ਜਿਹੜੇ ਉਹਦੇ ਨਾਲੋਂ ਵੀ ਬਲੀ ਸਨ, ਉਹ ਮਾਰ ਦਿੱਤੇ ਹਨ, ਸਿਰਫ ਉਹ ਬਚਿਆ ਜਿਸਨੇ ਹਾਹ ਦਾ ਨਾਅਰਾ ਮਾਰਿਆ ਸੀ। ੧੬।

ਇਤ ਸ੍ਰੀ ਗੁਰ ਪੰਥ ਪ੍ਰਕਾਸਿ ਗ੍ਰਿੰਥੇ ਮਲੇਰਨਿ ਪਠਾਣਿ ਬਧਹਿ॥

ਪ੍ਰਸੰਗ ਦੋਊ ਤਰਫ਼ ਕੀ ਫੌਜ ਕੀ ਤਯਾਰੀ ਭਈ ਲਿਖਯਤੇ॥
(ਮਝੈਲਾਂ ਦਾ ਮਿਲਨਾ ਤੇ ਮਿਲਕੇ ਛੱਤ ਨੂੰ ਮਾਰਨਾ)

ਚੌਪਈ॥ ਬਜੀਰੇ ਮਨ ਅਤਿ ਚਿੰਤਾ ਧਾਰੀ॥ ਬਜ਼ੀਦ ਖਾਂ ਦੇ ਮਨ ਵਿਚ ਬੜਾ ਭਾਰੀ ਫਿਕਰ ਹੋ ਗਿਆ ਹੈ।

ਨਜੀਕ ਆਈ ਹਮ ਮਰਨੇ ਵਾਰੀ॥ ਬਜ਼ੀਦ ਖਾਂ ਕਹਿੰਦਾ ਹੈ ਮੂਹਰਲੇ ਤਾਂ ਸਭ ਮਰ ਗਏ ਹਨ, ਹੁਣ ਮੈਂ ਹੀ ਰਹਿੰਦਾ ਹਾਂ, ਮੇਰੀ ਮਰਨ ਦੀ ਵਾਰੀ ਨਜਦੀਕ ਆ ਗਈ ਹੈ। ਹੁਣ ਮੇਰੀ ਮੌਤ ਆਵੇਗੀ, ਹੁਣ ਮੈਂ ਮਰਾਂਗਾ ਉਹਨਾਂ ਦੇ ਹੱਥੋਂ।

ਸਿੰਘ ਕੇ ਦਿਲ ਭਈ ਵਧਾਈ॥ ਸਿੰਘਾਂ ਦੇ ਦਿਲਾਂ ਵਿਚ ਸ਼ਾਦੀਆਂ ਗੁਜ਼ਰ ਗਈਆਂ, ਕਿ ਉਹ ਦੁਸ਼ਟ ਮਾਰ ਲਏ ਹਨ, ਇਹ ਸਤਿਗੁਰਾਂ ਦੇ ਨਾਲ ਲੜੇ ਸਨ ਆ ਕੇ, ਅਸੀਂ ਇੱਥੇ ਹੀ ਹੱਥ ਸਾਫ ਕਰ ਲਿਆ ਹੈ, ਉਤੇ ਕਰ ਲਿਆ ਹੱਥ ਇਹਨਾਂ ਦੇ, ਆਪਾਂ ਜੇਤੂ ਹੋ ਗਏ ਹਾਂ, ਤੁਰਕਾਂ ਨੂੰ ਹਾਰ ਹੋ ਗਈ ਹੈ, ਹਾਰ ਕੀ ਮਾਰੇ ਹੀ ਗਏ, ਤੁਰਕ ਸਾਡੇ ਹੱਥੋਂ। ਦਲਾਂ ਦੇ ਸਿੰਘ ਜੈਕਾਰੇ ਗਜਾਉਣ, ਬਾਣੀਆਂ ਪੜ੍ਹਨ ਅਤੇ ਲੰਗਰ ਦੇਗ ਚਲਾਉਣ ਲੱਗ ਪਏ ਉਸੇ ਵੇਲੇ, ਤੁਰਕ ਭਰੇ ਭੰਡਾਰੇ ਰਾਸ਼ਨ ਪਾਣੀ ਸਭ ਛੱਡ ਕੇ ਭੱਜੇ ਹਨ, ਹੁਣ ਸਿੰਘਾਂ ਦੀ ਜਿੱਤ ਹੋ ਗਈ ਹੈ।

'ਪਹਿਲੀ ਫਤ੍ਹੇ ਖਾਲਸੇ ਆਈ' ॥੧॥ ਸਭ ਤੋਂ ਪਹਿਲਾਂ ਖਾਲਸੇ ਨੇ ਇਹ ਮੋਰਚਾ ਜਿੱਤ ਲਿਆ ਹੈ ਆ ਕੇ। ੧।

ਡੇਰਾ ਸਿੰਘਨ ਊਹਾਂ ਲਗਾਯੋ॥ ਜਿਥੇ ਸਿੰਘਾਂ ਨੇ ਲੜਾਈ ਦਾ ਮੈਦਾਨ ਮੱਲਿਆ ਸੀ, ਉਥੇ ਹੀ ਡੇਰਾ ਕਰ ਦਿੱਤਾ ਹੈ।

ਤਬ ਸਿੰਘਨ ਨੇ ਭੋਜਨ ਪਾਯੋ॥ ਤਦੋਂ ਸਿੰਘਾਂ ਨੇ ਲੰਗਰ ਸਜਾਇਆ, ਭੋਜਨ ਛਕਿਆ ਹੈ।

ਭੋਜਨ ਪਾਇ ਕੀਯੋ ਫਿਰਿ ਕੂਚ॥ ਲੰਗਰ ਛਕ ਕੇ ਉਸ ਵੇਲੇ ਕੂਚ ਦਾ ਨਗਾਰਾ ਕਰ ਦਿੱਤਾ ਹੈ।

ਬੰਦਾ ਮਿਲਿਓ ਅਗੈ ਪਹੁਚ॥੨॥ ਅੱਗੇ ਬੰਦਾ ਉਧਰੋਂ ਆ ਰਿਹਾ ਸੀ ਚਪੜ ਚਿੜੀ ਨੂੰ, ਉਹਨੇ ਵੀ ਚਾਲਾ ਕਰ ਦਿੱਤਾ, ਇਹ ਸਰਹੰਦ ਦਾ ਮੈਦਾਨ ਹੈ, ਜਿਥੇ ਲੜਾਈ ਹੋਈ ਹੈ ਬਜ਼ੀਦੇ ਨਾਲ, ਇਹ ਮੈਦਾਨ ਚਪੜ ਚਿੜੀ ਹੈ। ਇਹ ਖਰੜ ਤੋਂ ਸਰਹੰਦ ਵਾਲੇ ਪਾਸੇ ਹੈ, ਬੰਦਾ ਬਹਾਦਰ ਉਥੇ ਆ ਮਿਲਿਆ ਸਿੰਘਾਂ ਨੂੰ। ਉਧਰੋਂ ਰੋਪੜ ਤੋਂ ਮਲੇਰੀਆਂ ਨੂੰ ਮਾਰ ਕੇ ਜੰਗ ਫਤ੍ਹੇ ਕਰਕੇ, ਸਾਰਾ ਜੰਗੀ ਸਾਮਾਨ ਲੈ ਕੇ ਸ਼ਸਤ੍ਰ ਬਰੂਦ ਆਦਿਕ। ਸਾਰਾ ਲਦ ਲਦਾ ਕੇ ਸਾਮਾਨ ਜੰਗ ਦਾ, ਸਿੰਘ ਹੋ ਗਏ ਦਹਿ ਗੁਣਾਂ ਅੱਗੇ ਨਾਲੋਂ। ਉਹਨਾਂ ਨੂੰ ਜੰਗੀ ਸਾਮਾਨ ਮਿਲ ਗਿਆ ਅਗਾਂਹ ਲੜਾਈ ਬੜੀ ਭਾਰੀ ਹੈ, ਸਿੰਘਾਂ ਨੂੰ ਬੜਾ ਹੌਸਲਾ ਚੜ੍ਹਿਆ, ਅਤੇ ਬੰਦੇ ਬਹਾਦਰ ਨੂੰ ਮਿਲੇ ਹਨ ਬੜੀ ਖੁਸ਼ੀ ਨਾਲ ਆ ਕੇ। ੨।

ਦੋਹਰਾ॥ ਬੰਦੈ ਪ੍ਰਿਥਮੈ ਥੋ ਕਹਯੋ, ਸਿੰਘਨ ਊਚ ਸੁਨਾਇ॥ ਬੰਦੇ ਬਹਾਦਰ ਨੇ ਪਹਿਲਾਂ ਹੀ ਭਰੇ ਦਿਵਾਨ ਵਿਚ ਉਚੀ ਅਵਾਜ਼ ਨਾਲ ਇਹ ਗੱਲ ਕਹੀ ਸੀ।

'ਫਤੇ ਮਝੈਲ ਸੁ ਲੈਣਗੇ, ਮਲੇਰੀਅਨ ਉੱਤੇ ਪਾਇ' ॥੩॥ ਇਹ ਮਲੇਰੀਏ ਰੋਕਣ ਜਾਣਗੇ ਉਨ੍ਹਾਂ ਨੂੰ ਅਤੇ ਮਝੈਲ ਸਿੰਘ ਫਤ੍ਹੇ ਪਾ ਲੈਣਗੇ, ਉਹਨਾਂ ਨੂੰ ਜਿੱਤ ਲੈਣਗੇ, ਮਲੇਰ ਕੋਟਲੀਆਂ ਨੂੰ ਹਰਾ ਦੇਣਗੇ। ੩।

ਚੌਪਈ॥ ਬੰਦੈ ਆਦਰ ਬਹੁ ਮਝੈਲਨ ਕੀਯਾ॥ ਬੰਦੇ ਬਹਾਦਰ ਨੇ ਮਾਝਾ ਦੇਸ਼ ਦੇ ਸਿੰਘਾਂ ਦਾ ਬੜਾ ਆਦਰ ਸਤਿਕਾਰ ਕੀਤਾ।

ਬਹੁਤ ਖਰਚ ਸਿੰਘਨ ਕੋ ਦੀਯਾ॥ ਜਿਹੜਾ ਧਨ ਪਿਛੋਂ ਇਕੱਠਾ ਕੀਤਾ ਸੀ, ਵੱਡੇ ਵੱਡੇ ਸ਼ਹਿਰ ਲੁੱਟ ਕੇ ਲਿਆਇਆ ਸੀ ਬੰਦਾ ਬਹਾਦਰ, ਖਜ਼ਾਨੇ ਭਰਪੂਰ ਕੀਤੇ ਹੋਏ ਸਨ, ਮੋਹਰਾਂ ਆਦਿਕ ਨਾਲ, ਬਹੁਤ ਸਾਰਾ ਧਨ ਸਿੰਘਾਂ ਨੂੰ ਹਾਜ਼ਰ ਕੀਤਾ, ਲਉ ਸਿੰਘੋ ਜਿਸਨੂੰ ਕਿਸੇ ਵਸਤੂ ਦੀ ਲੋੜ ਹੈ, ਉਹ ਲੈ ਲਉ ਖਜਾਨੇ ਵਿਚੋਂ।

ਸਿੰਘਨ ਫਤ੍ਹੇ ਸੁ ਗੁਰੂ ਬੁਲਾਈ॥ ਸੋ ਸਿੰਘਾਂ ਨੇ ਗੁਰੂ ਕੀ ਫਤ੍ਹੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ, ਆਪਸ

ਵਿਚ ਮਿਲਦੇ ਨੇ ਸਿੰਘ, ਸਾਰਿਆਂ ਦੀ ਜਾਣ ਪਛਾਣ ਹੈ, ਫੜ੍ਹੇ ਗਜਾਉਂਦੇ ਨੇ।

ਹੁਇ ਰਾਜੀ ਮਿਲ ਭਾਈਅਨ ਭਾਈ॥੪॥ ਭਰਾਵਾਂ ਨੂੰ ਮਿਲ ਕੇ ਭਰਾ ਬੜੇ ਪ੍ਰਸੰਨ ਹੋਏ ਨੇ, ਸਾਰੇ ਸਿੰਘ ਮਿਲ ਕੇ ਅਨੰਦ ਮਈ ਮੰਗਲ ਵਿਚ ਹੋ ਗਏ ਨੇ। ੪।

ਬੰਦੈ ਕੇ ਦਿਲ ਭਯੋ ਉਛਾਹਿ॥ ਬੰਦਾ ਸਿੰਘ ਬਹਾਦਰ ਦੇ ਦਿਲ ਵਿਚ ਬੜਾ ਭਾਰੀ ਉਤਸ਼ਾਹ ਹੋ ਗਿਆ ਹੈ, ਬੜੀਆਂ ਖੁਸ਼ੀਆਂ ਚੜ੍ਹ ਗਈਆਂ ਨੇ ਬੰਦੇ ਨੂੰ।

ਕਹਯੋ ਬੰਦੈ 'ਕਰੋ ਸਤਿਗੁਰ ਕੜਾਹ॥ ਬੰਦਾ ਬਹਾਦਰ ਕਹਿਣ ਲੱਗਾ, ਗੁਰਾਂ ਦੇ ਨਾਮ ਦੀ ਦੇਗ ਕਰੋ, ਖੁਲ੍ਹੇ ਕੜਾਹੇ ਬਣਾਉ ਭਰ ਭਰ ਕੇ, ਇਉਂ ਬੰਦਾ ਸਿੰਘ ਜੀ ਨੇ ਹੁਕਮ ਲਾਇਆ ਸਿੰਘਾਂ ਨੂੰ।

ਜੋ ਤੁਮ ਔ ਗੁਰ ਹਮ ਫੁਰਮਾਯਾ॥ ਜੋ ਸਤਿਗੁਰਾਂ ਨੇ ਸਾਨੂੰ ਤੇ ਤੁਹਾਨੂੰ ਹੁਕਮ ਲਾਇਆ ਹੈ ਤੁਰਨ ਲੱਗਿਆਂ ਨੂੰ।

ਕਰੋ ਸੋਈ ਅਬ ਵਖਤ ਹੈ ਆਯਾ॥੫॥ ਹੁਣ ਉਹ ਸਮਾਂ ਆ ਗਿਆ ਹੈ, ਉਹੀ ਕਰੋ, ਕੜਾਹ ਪ੍ਰਸ਼ਾਦ ਤਿਆਰ ਕਰੋ ਅਰਦਾਸੇ ਸੋਧੋ ਅਤੇ ਹੱਲੇ ਦੀ ਤਿਆਰੀ ਕਰੋ। ੫।

ਅਬ ਤੋ ਲਈਐ ਬਜੀਰੈ ਮਾਰ॥ ਇਹ ਬਜ਼ੀਦ ਖਾਂ ਰਹਿ ਗਿਆ ਦੁਸ਼ਟ, ਹੁਣ ਇਹਨੂੰ ਮਾਰ ਲਈਏ ਪ੍ਰਿਥਮੈਂ।

ਫੇਰ ਕਰੈਂਗੇ ਪਰਬਤ ਕਾਰ॥ ਫੇਰ ਪਹਾੜਾਂ ਵਾਲਾ (ਕਾਰ) ਕੰਮ ਕਰਾਂਗੇ, ਫੇਰ ਪਹਾੜਾਂ 'ਤੇ ਚੜ੍ਹਾਂਗੇ ਚਲ ਕੇ।

ਸਿੰਘਨ ਲੀਨੀ ਮੰਨ ਸਲਾਹਿ॥ ਸਿੰਘਾਂ ਨੇ ਕਿਹਾ ਠੀਕ ਹੈ ਜੀ ਸੱਤ ਬਚਨ, ਪਹਿਲਾਂ ਇਹਨੂੰ ਮਾਰੀਏ, ਫੇਰ ਪਹਾੜਾਂ ਵਾਲਿਆਂ ਦੀ ਸਾਰ ਲਵਾਂਗੇ।

ਮਝੈਲਨ ਕਿਯੋ ਡੇਰਾ ਇਕ ਦਾਇ॥੬॥ ਮਝੈਲ ਸਿੰਘਾਂ ਨੇ ਇਕ ਪਾਸੇ ਵੱਖਰਾ ਨਿਆਰਾ ਡੇਰਾ ਪਾਇਆ ਹੈ, ਉਤਾਰਾ ਕੀਤਾ ਹੈ। ੬।

ਤਬ ਭਯੋ ਪ੍ਰਾਤ ਸੁ ਬੰਦਾ ਚੜ੍ਹਾ॥ ਤਦੋਂ ਸਵੇਰ ਹੋ ਗਈ, ਦਿਨ ਚੜ੍ਹ ਗਿਆ ਹੈ, ਬੰਦਾ ਸਿੰਘ ਚੜ੍ਹਾਈ ਕੀਤੀ ਹੈ।

ਮਾਰ ਛੱਤ ਫਿਰ ਡੇਰਾ ਕਰਾ॥ ਛੱਤ ਬੀੜ ਨੂੰ ਮਾਰ ਕੇ ਅੱਗੇ ਡੇਰਾ ਕੀਤਾ ਹੈ।

ਲੁਟਯੋ ਸ਼ਹਿਰ ਤੋਂ ਭੁਖ ਮਿਟਾਈ॥ ਸਾਰਾ ਸ਼ਹਿਰ ਲੁੱਟ ਕੇ ਭੁੱਖ ਮਿਟਾਈ ਹੈ ਖਾਲਸੇ ਨੇ, ਰਾਸ਼ਨ ਪਾਣੀ ਖੂਬ ਮਿਲਿਆ ਏਥੋਂ।

ਤੁਰਕ ਕਟੇ, ਲਏ ਹਿੰਦੂ ਬਚਾਈ॥੭॥ ਜਿਹੜੇ 'ਛੱਤ' ਦੇ ਤੁਰਕ ਸਨ ਸਭ ਝਟਕਾ ਦਿੱਤੇ ਅਤੇ ਹਿੰਦੂਆਂ ਸਾਰਿਆਂ ਨੂੰ ਬਚਾ ਲਿਆ ਹੈ। ੭।

ਦੋਹਰਾ॥ ਬੰਦੈ ਡੇਰਾ ਕੂਚ ਕਰ, ਅਗੈ ਦੀਨੋਂ ਪਾਇ॥ ਬੰਦੇ ਬਹਾਦਰ ਨੇ ਛੱਤ ਤੋਂ ਡੇਰਾ ਕੂਚ ਕਰਕੇ ਭਾਵ ਚਾਲਾ ਪਾ ਕੇ ਅੱਗੋਂ ਸਰਹੰਦ ਵੱਲ ਨੂੰ ਡੇਰਾ ਪਾਇਆ ਹੈ।

ਊਚੀ ਰੋੜੀ ਦੇਖ ਕੈ, ਬੈਠੋ ਆਸਨ ਲਾਇ॥੮॥ ਉੱਚੀ ਸਾਰੀ (ਰੋੜੀ) ਟਿੱਬੀ ਵੇਖ ਕੇ ਉਸ ਟਿੱਬੀ ਦੇ ਉਤੇ ਆਸਣ ਲਾ ਲਿਆ ਹੈ। ਉਥੇ ਖੜ੍ਹ ਕੇ ਜਾਇਜਾ ਲੈ ਰਿਹਾ ਹੈ ਸਾਰੀ ਫੌਜ ਦਾ ਇਉਂ ਚਪੜ ਚਿੜੀ ਦਾ ਮੈਦਾਨ ਖਾਲਸੇ ਨੇ ਸੰਭਾਲਿਆ ਹੈ। ੮।

ਸ੍ਰੀ ਗੁਰੂ ਪੰਥ ਪ੍ਰਕਾਸਿ ਗ੍ਰੰਥੇ ॥

ਪ੍ਰਸੰਗ ਬਜੀਰੈ ਕੇ ਬਧੇ ਕੋ ਲਿਖਯਤੇ॥

(ਚਪੜ ਚਿੜੀ ਦੀ ਲੜਾਈ, ਵਜੀਦ ਖਾਂ ਮਾਰਿਆ)

ਚੌਪਈ॥ *ਬੰਦੇ ਕਾ ਡੇਰਾ ਸੁਨਿ ਆਯਾ॥* ਬੰਦੇ ਬਹਾਦਰ ਦਾ ਡੇਰਾ ਸੁਣ ਕੇ ਕਿ ਬੰਦਾ ਬਹਾਦਰ ਫੌਜ ਸਮੇਤ ਚਪੜ ਚਿੜੀ ਦੇ ਮੈਦਾਨ ਵਿਚ ਉਤਰਿਆ ਹੈ, ਤਾਂ ਇਹ ਸੁਣ ਕੇ ਵਜੀਦ ਖਾਂ ਸੂਬਾ ਸਰਹੰਦ ਵੀ ਆਪਣੀ ਫੌਜ ਅਗੋਂ ਲੈ ਕੇ ਆਇਆ ਹੈ।

ਸਹੋਂ ਬਜੀਰਾ ਲੜਨੈ ਧਾਯਾ॥ ਸਾਹਮਣਿਓਂ ਬਜੀਦ ਖਾਂ ਆਪਣੀ ਸੈਨਾ ਲੈ ਕੇ ਲੜਨ ਵਾਸਤੇ ਨਿਕਲਿਆ ਹੈ।

ਤੋਪ ਜੰਬੂਰੇ ਮੁਹਰੇ ਧਰੇ॥ ਤੋਪਾਂ (ਜੰਬੂਰੇ) ਛੋਟੀਆਂ ਤੋਪਾਂ ਵਾਲੇ ਸਭ ਤੋਂ ਅੱਗੇ ਕੀਤੇ ਹਨ।

ਤਿਸ ਕੇ ਸਾਥ ਪਿਆਦੇ ਕਰੇ॥੧॥ ਉਹਨਾਂ ਦੇ ਨਾਲ ਪੈਦਲ ਫੌਜ ਵਾਲੇ ਕਰ ਦਿੱਤੇ ਹਨ, ਉਨ੍ਹਾਂ ਦੀ ਰਾਖੀ ਵਾਸਤੇ, ਮਤ ਇਨ੍ਹਾਂ ਜੰਬੂਰਿਆਂ 'ਤੇ ਹੱਲਾ ਬੋਲ ਦਏ ਕੋਈ ਜੱਥਾ ਤੁਸੀਂ ਉਹਨਾਂ ਨੂੰ ਰੋਕਣਾ ਹੈ। ੧।

ਇਕ ਵਲ ਕੀਏ ਸ਼ੁਤਰ ਹਥਨਾਰ॥ ਇਕ ਪਾਸੇ (ਸ਼ੁਤਰ) ਊਠਾਂ ਤੇ ਛੋਟੀਆਂ ਤੋਪਾਂ, ਲੰਮੀ ਨਾਲੀ ਦੀਆਂ ਬੰਦੂਕਾਂ ਫਿੱਟ ਕੀਤੀਆਂ ਹੋਈਆਂ ਹਨ, ਉਨ੍ਹਾਂ ਊਠਾਂ ਵਾਲਿਆਂ ਦੀ ਲਾਇਨ ਇਕ ਪਾਸੇ ਖੜੀ ਕੀਤੀ ਹੈ।

ਇਸ ਬਿਧ ਕਰੀ ਲੜਨ ਕੀ ਕਾਰ॥ ਏਸ ਤਰੀਕੇ ਨਾਲ ਸਾਰਾ ਲੜਨ ਦਾ (ਕਾਰ) ਕੰਮ ਸੰਭਾਲਿਆ ਉਸਨੇ। ਇਸ ਤਰ੍ਹਾਂ ਲੜਾਈ ਦਾ ਮੋਰਚਾ ਸੰਭਾਲਿਆ ਉਸਨੇ।

ਦੁਕ ਬੰਦੇ ਢਿਗ ਸ਼ਲਕ ਚਲਾਈ॥ ਜਦੋਂ ਆਹਮੋ ਸਾਹਮਣੇ ਹੋ ਗਏ, ਬਜੀਦੇ ਨੇ ਨੇੜੇ ਢੁੱਕ ਕੇ ਤੋਪਾਂ ਦੇ ਗੋਲਿਆਂ ਦੀ (ਸ਼ਲਕ) ਕਰਾਈ, ਤੋਪਾਂ ਦਾ ਇਕੱਠਾ ਫਾਇਰ ਖੋਹਲ ਦਿੱਤਾ ਖਾਲਸੇ 'ਤੇ ਸਾਰੀਆਂ ਤੋਪਾਂ ਦੇ ਜੰਬੂਰਿਆਂ ਦਾ, ਰਹਿਕਲਿਆਂ ਦਾ ਅਤੇ ਸ਼ੁਤਰਨਾਲਾਂ ਦਾ ਇਕੱਠਾ ਫਾਇਰ ਖੋਲ੍ਹ ਕੇ ਦੱਸਿਆ ਹੈ ਕਿ ਸਾਡੇ ਪਾਸ ਕਿੰਨੀਆਂ ਤੋਪਾਂ ਹਨ, ਸਾਡੇ ਪਾਸ ਕਿੰਨਾਂ ਜੰਗੀ ਸਾਮਾਨ ਹੈ ਜਿਸਦੇ ਨਾਲ ਧੂੰਆਂ ਧਾਰ ਹੋ ਗਿਆ, ਐਨੀ ਤੋਪ ਚੱਲੀ।

ਜਨ ਗੋਲਨ ਬਰਖਾ ਬਰਖਾਈ॥੨॥ ਜਿਵੇਂ ਸੱਟ ਦਾ ਮੀਂਹ ਵਰਸਦਾ ਹੈ ਇਉਂ ਤੋਪਾਂ ਦੇ ਗੋਲਿਆਂ ਦਾ ਮੀਂਹ ਵਰਾਹ ਦਿੱਤਾ। ੨।

ਤੋਪ ਜੰਬੂਰੇ ਰਹਕਲ ਭਾਰੇ॥ ਵੱਡੀਆਂ ਤੋਪਾਂ, ਛੋਟੀਆਂ ਤੋਪਾਂ, ਲੰਬੀ ਨਾਲੀ ਦੀਆਂ ਬੰਦੂਕਾਂ ਬੜੀਆਂ ਭਾਰੀ।

ਚਲਵਾਏ ਬਜੀਰੈ ਜੋ ਥੇ ਸਾਰੇ॥ ਸਾਰੀਆਂ ਦੀਆਂ ਸਾਰੀਆਂ ਤੋਪਾਂ ਜੰਬੂਰਿਆਂ ਰਹਿਕਲਿਆਂ ਤੇ ਬੰਦੂਕਾਂ ਦੀਆਂ ਨਾਲੀਆਂ ਖਾਲੀ ਕਰ ਦਿੱਤੀਆਂ ਹਨ, ਚਲਵਾਕੇ ਉਨ੍ਹਾਂ ਨੇ ਸਾਰੇ ਦੇ ਸਾਰੇ ਸ਼ਸਤ੍ਰ ਇਕੋ ਵਾਰੀ ਇਕੋ ਸਮੇਂ ਚਲਵਾਏ ਹਨ।

ਗੋਲੇ ਚਲੇ ਜੰਜੀਰਹਿ ਜੋੜ॥ (ਜੰਜੀਰ) ਸੰਗਲੀ, ਜਿਵੇਂ ਸੰਗਲੀ ਜੰਜੀਰ ਨਾਲ ਜਿਵੇਂ ਕੁੰਡੀ ਵਿਚ ਕੁੰਡੀ, ਕੜੇ ਵਿਚ ਕੜਾ ਅੜਿਆ ਹੁੰਦਾ ਹੈ ਸੰਗਲੀ ਦਾ, ਇਉਂ ਗੋਲੇ ਚੱਲ ਰਹੇ ਹਨ, ਜੰਜੀਰ ਵਾਂਗ ਲਾਈਨ ਬੰਨ੍ਹ ਕੇ ਇਉਂ ਜਦੋਂ ਸ਼ਸਤ੍ਰਾਂ ਦੀਆਂ ਲਾਈਨਾਂ ਬੰਨ੍ਹ ਕੇ ਛੁੱਟੀਆਂ।

ਲਗੈਂ ਬਿਰਛ ਉਸ ਸੁੱਟੈਂ ਤੋੜ॥੩॥ ਜੇ ਉਹ ਗੋਲਾ ਲੱਗ ਜਾਏ ਉਹਦੇ ਵੀ ਟੋਟੇ ਦੋ ਕਰ ਕੇ ਸੁੱਟ ਦਿੰਦਾ ਹੈ, ਦਰਖਤ ਨੂੰ ਗੋਲਾ ਪਾੜ ਕੇ ਰੱਖ ਦਿੰਦਾ ਸੀ, ਏਡੀਆਂ ਜਬਰਦਸਤ ਤੋਪਾਂ ਸਨ ਇਹ। ੩।

ਗੋਲੀ ਬਰਸੈ ਜੈਸੇ ਮੀਂਹ॥ ਗੋਲੀ ਇਉਂ ਵਰਸ ਰਹੀ ਹੈ ਜੈਸੇ ਮੀਂਹ ਵਰਸ ਰਿਹਾ ਹੈ।

ਖੜੇ ਬਹਨ ਕਿਮ ਪੈਣ ਨ ਦੀਂਹ॥ ਇਉਂ ਗੋਲੇ ਪੈਂਦੇ ਹਨ ਨ ਖੜ੍ਹੇ ਰਹਿਣ ਦੇਣ, ਨ ਬੈਠਣ ਦੇਣ, ਨਾ ਲੰਮੇ ਪੈਣ ਦੇਣ ਨਾ ਮੋਰਚਿਆਂ ਵਿਚ ਛੱਡਣ, ਐਸੀ ਵਰਖਾ ਕੀਤੀ ਬਜ਼ੀਦੇ ਨੇ।

ਧੂੰਓਂ ਉਠ ਭਈ ਦਿਨ ਤੇ ਰਾਤ॥ ਧੂੰਆਂ ਐਨਾ ਗਰਦ ਗੁਬਾਰ ਹੋਇਆ ਹੈ ਬਰੂਦ ਦਾ, ਦਿਨ ਤੋਂ ਰਾਤ ਪੈ ਗਈ ਹਨੇਰਾ ਹੋ ਗਿਆ ਘੁਪ ਹਨੇਰਾ।

ਘੋੜੇ ਪਗ ਬਹੁ ਧੂੜ ਉਡਾਤ॥੪॥ ਘੋੜਿਆਂ ਦੇ ਸੁੰਮਾਂ ਨਾਲ ਬਹੁਤ ਭਾਰੀ ਧੂੜ ਉੱਡ ਰਹੀ ਹੈ, ਘੋੜੇ ਆਪਣੇ ਪੈਰਾਂ ਨਾਲ ਧੂੜ ਉਡਾ ਰਹੇ ਹਨ ਗਰਦਾ ਗੋਰ ਹੋ ਗਿਆ। ੪।

ਜਨ ਕਰ ਭਈ ਹਨੇਰੀ ਰਾਤ॥ ਘੋੜਿਆਂ ਦੇ ਪੋੜਾਂ ਨਾਲ ਇੰਨਾਂ ਗਰਦਾ ਉਠਿਆ ਜਾਣੋਂ ਹਨੇਰੀ ਰਾਤ ਹੋ ਗਈ ਹੈ, ਬਰੂਦ ਦਾ ਧੂੰਆਂ ਤੇ ਗਰਦਾ ਰਲ ਕੇ ਹੱਥ ਪਸਾਰਿਆ ਨਾ ਦਿਸੇ।

ਤੋੜੇ ਚਮਕ ਟਿਟਾਣੈ ਵਾਤ॥ ਜਿਹੜੇ ਬੰਦੂਕਾਂ ਦੇ ਤੋੜੇ ਧੁਖਦੇ ਨੇ, ਉਹ ਇਉਂ ਪ੍ਰਤੀਤ ਹੁੰਦਾ ਕਿ ਜਿਵੇਂ ਰਾਤ ਨੂੰ ਟਟਹਿਣੇ ਚਮਕਦੇ ਹੁੰਦੇ ਹਨ।

ਧੂਓ ਧਾਰ ਉਠ ਹੋ ਗਈ ਘਟਾ॥ ਧੂੰਆਂ ਧਾਰ ਹੋ ਗਿਆ ਜਿਵੇਂ ਅਕਾਸ਼ ਵਿਚ ਘਟਾ ਉਠ ਖੜ੍ਹੀ ਹੋਵੇ।

ਦਮਕਤ ਪਯਾਲੇ ਜਨੁ ਬਿਜ ਛਟਾ॥੫॥ ਤੋਪ ਦੇ ਅੱਗੇ ਲਾਏ ਹੋਏ ਪਿਆਲੇ ਜਿਹੇ ਇਉਂ (ਦਮਕਤ) ਚਮਕਦੇ ਹਨ, (ਪਿਆਲਾ) ਜਿਥੋਂ ਤੋਪ ਵਿਚ ਸੁਰਾਖ ਹੁੰਦਾ ਅੱਗ ਲਾਉਣ ਨੂੰ ਤੋੜਾ ਲਾਉਣ ਨੂੰ, ਉਹ ਜਿਹੜੇ ਪਿਆਲੇ ਜਦੋਂ ਬਰੂਦ ਆਏ ਅੱਗ ਲੱਗਦੀ ਹੈ ਤਾਂ ਸੁਰਰ ਦੇ ਕੇ ਉਤਾਂਹ ਨੂੰ ਨਿਕਲਦਾ ਹੈ ਬਰੂਦ, ਫਿਰ ਬਰੂਦ ਨੂੰ ਅੱਗ ਲਗ ਜਾਂਦੀ ਹੈ ਤੇ ਤੋਪ ਗੋਲਾ ਅੱਗੇ ਸੁੱਟਦੀ ਹੈ। ਭਰਮਾਰ ਨਾਲਾਂ, ਤੋਪਾਂ, ਬੰਦੂਕਾਂ ਇਹ ਹੀ ਚਲਦੀਆਂ ਹਨ, ਪਿਆਲੇ ਚਮਕਦੇ ਹਨ ਮਤਾਬੀਆਂ ਬਲਦੀਆਂ ਹਨ ਤੋੜੇ ਲੱਗਦੇ ਨੇ ਤੇ ਛਨਾ ਛਨ ਗੋਲੀਆਂ ਦੀ ਵਰਖਾ ਕਰਦੀਆਂ ਹਨ। ੫।

ਚੇਲੇ ਪਾਸੋਂ ਨਠ ਨਠ ਜਾਂਹਿ॥ ਅਤੇ ਜਿਹੜੇ ਬੰਦੇ ਦੇ ਨਵੇਂ ਚੇਲੇ ਬਣੇ ਆ ਆ ਕੇ ਲੁਟੇਰੇ ਇਕੱਠੇ ਹੋਏ ਹੋਏ ਸਨ ਤੁਸੀਂ ਸਾਡੇ ਸਰਦਾਰ ਹੋ, ਅਸੀਂ ਤੁਹਾਡੇ ਨਾਲ ਨਿਭਾਵਾਂਗੇ, ਚਾਪਲੂਸ ਬੰਦੇ ਲੁਟੇਰੇ। ਜਦੋਂ ਐਸੀ ਗੋਲੇ ਗੋਲੀਆਂ ਦੀ ਵਰਖਾ ਹੋਈ, ਭਜਦੇ ਹਨ ਪਿਛਾਂਹ ਨੂੰ, ਉਹ ਟਿੱਬੀ ਦੇ ਉਹਲੇ ਲੁਕਦੇ ਹਨ ਸਿਰ ਦੇ ਕੇ।

ਬੰਦੇ ਉਹਲੈ ਹੋਇ ਲੁਕਾਂਹਿ॥ ਬੰਦਾ ਉਤੇ ਰੋੜੀ 'ਤੇ ਬੈਠਾ ਹੈ, ਉਹਦੇ ਉਹਲੇ ਹੋ ਹੋ ਕੇ ਲੁਕਦੇ ਨੇ।

ਲੁਟੇਰੇ ਲੋਕ ਜਿ ਬੰਦੇ ਰਖੇ॥ ਜਿਹੜੇ ਲੁਟੇਰੇ ਲੋਕ ਦੂਰੋਂ ਦੂਰੋਂ ਲੁੱਟਣ ਆਏ ਸਨ ਲੁੱਟ ਦੇ ਲਾਲਚ ਨੂੰ, ਜਿਨ੍ਹਾਂ ਦਾ ਧਰਮ ਯੁੱਧ ਨਾਲ ਕੋਈ ਸਬੰਧ ਨਹੀਂ ਸੀ, ਜੋ ਬੰਦੇ ਬਹਾਦਰ ਨੇ ਰੱਖ ਲਏ ਸਨ।

ਲਰਨ ਮਰਨ ਤਜ ਹੁਇ ਗਏ ਵਖੇ॥੬॥ ਉਹ ਚੇਲੇ ਬੰਦੇ ਬਹਾਦਰ ਨਾਲੋਂ ਲੜਨਾ ਮਰਨਾ ਛੱਡਕੇ, ਵੱਖਰੇ ਹੋ ਗਏ ਹਨ, ਵੱਖਰੇ ਜਾ ਲੁਕੇ ਨੇ ਇਕ ਪਾਸੇ ਫੌਜ ਨਾਲੋਂ। ੬।

ਕਹੈਂ ਫਕੀਰ ਕਹਾਂ ਹਮ ਗਾਰੈਂ? ਆਪਸ ਵਿਚ ਗੱਲਾਂ ਕਰਦੇ ਨੇ, ਕਹਿੰਦੇ ਨੇ ਫਕੀਰ ਬੰਦਾ ਹੈ, ਸਾਧ ਰਿਹਾ ਹੁਣ ਤਾਈਂ ਸਾਨੂੰ ਗਾਲਣ ਵਾਸਤੇ ਆਇਆ, ਸਾਨੂੰ ਮੋਰਚੇ ਵਿਚ ਡਾਹੁੰਦਾ ਮਰਵਾਉਣ ਨੂੰ।

ਕਰਤ ਮਜੂਰੀ ਖਾਂਹਿ ਸੁਖਾਰੈ॥ ਇਦੋਂ ਤਾਂ ਚੰਗਾ ਸੀ ਮਜਦੂਰੀ ਕਰਕੇ, ਦਿਹਾੜੀਆਂ ਕਰਕੇ ਸੋਖੀ ਰੋਟੀ ਖਾਵਾਂਗੇ, ਮਰਨ ਤੋਂ ਬਚਾਂਗੇ, ਇਉਂ ਸਲਾਹਾਂ ਪੁੱਠੀਆਂ ਹੋ ਗਈਆਂ। ਪਹਿਲਾਂ ਤਾਂ ਘਰੋਂ ਆਏ ਚਲੋ ਲੜਨਾ ਤਾਂ ਸਿੰਘਾਂ ਨੇ ਹੈ, ਆਪਾਂ ਤਾਂ ਲੁੱਟ ਮਾਰ ਕਰਾਂਗੇ, ਧਨ ਲੈ ਕੇ ਵਾਪਸ ਆ ਜਾਵਾਂਗੇ, ਹੁਣ ਜਦੋਂ ਦੇਖਿਆ ਕਿ ਇਥੇ ਤਾਂ ਜਾਨਾਂ ਦੇ ਸੌਦੇ ਹੋ ਰਹੇ ਹਨ, ਏਥੇ ਤਾਂ ਬਚਾਉ ਕੋਈ ਨਹੀਂ ਹੋਣਾ ਤਾਂ ਹੁਣ ਦੂਜੀਆਂ ਸਲਾਹਾਂ ਬਦਲ ਗਏ ਨੇ, ਹੁਣ ਕਹਿੰਦੇ ਏਦੂੰ ਮਜਦੂਰੀ ਕਰ ਕੇ ਖਾ ਲਵਾਂਗੇ, ਚਲੋ ਨਿਕਲੋ ਏਥੋਂ ਛੇਤੀ ਛੇਤੀ ਕਰੀਏ।

ਚੇਲੇ ਬੰਦੇ ਸਭ ਨਠ ਗਏ॥ ਬੰਦੇ ਦੇ ਚੇਲੇ ਸਭ ਦੌੜ ਗਏ ਜਿਤਨੇ ਵੀ ਸੀ।

ਸਿੰਘ ਸੂਰਮੇ ਠਾਂਢੇ ਰਹੇ॥ ੭॥ ਜੋ ਖੰਡੇ ਦੀ ਪਾਹੁਲ ਦੇ ਛਕੱਈਏ ਗੁਰੂ ਕਲਗੀਧਰ ਦੇ ਲਾਡਲੇ ਸਿੰਘ ਸੂਰਮੇ ਸਿਦਕੀ ਸਿੰਘ ਉਹ ਜੰਗ ਮੈਦਾਨ ਵਿਚ (ਠਾਢੇ) ਖੜੇ ਰਹੇ, ਡਟੇ ਰਹੇ ਮੈਦਾਨ ਏ ਜੰਗ ਵਿਚ। ੭।

ਦੋਹਰਾ॥ ਭਯੋ ਮੁਕਾਬਲਾ ਦੁਇ ਵਲੋਂ, ਸਭ ਸਿਰਤੰਤ ਬਜੀਰੈ ਪਾਸ॥ ਏਧਰ ਖਾਲਸਾ ਪੰਥ ਹੈ, ਉਧਰ ਬਜ਼ੀਦ ਖਾਨ ਹੈ ਜੋ ਸ਼ਾਹੀ ਸੂਬਾ ਹੈ ਸਰਹੰਦ ਦੇ ਪ੍ਰਗਣੇ ਦਾ, ਦੋਹਾਂ ਪਾਸਿਆਂ ਤੋਂ ਹੁਣ ਮੁਕਾਬਲਾ ਹੋ ਰਿਹਾ ਹੈ ਆਹਮੋ ਸਾਹਮਣੇ। ਇਕ ਪਾਸੇ ਝੂਠ ਦਾ ਸਾਰਾ ਪਸਾਰਾ ਹੈ ਇਕ ਪਾਸੇ ਸੱਚੋ ਸੱਚ। ਇਕ ਕਿਸਮ ਦੀ ਮੋਹ ਬਿਬੇਕ ਦੀ ਲੜਾਈ ਹੈ, ਸੱਚ ਤੇ ਝੂਠ ਦੀ ਲੜਾਈ ਹੈ, ਬਜ਼ੀਦ ਖਾਂ ਦੇ ਕੋਲ ਤਾਂ ਸਾਰਾ ਜੰਗੀ ਸਾਮਾਨ ਤਰ੍ਹਾਂ ਤਰ੍ਹਾਂ ਦਾ, ਹਾਥੀ ਘੋੜੇ, ਪੈਦਲ, ਸਭ ਤਰ੍ਹਾਂ ਦੀ ਫੌਜ ਹੈ ਉਸਦੇ ਪਾਸ।

ਜੋ ਲੁਟੇਰੇ ਬੰਦੇ ਸਾਥ ਥੇ, ਜ਼ਖੀਰੋ ਕੀਯੋ ਨ ਤਾਸ॥੮॥ ਹੁਣ ਬੰਦੇ ਬਹਾਦਰ ਨੇ ਬਹੁਤ ਸਾਰੇ ਚੇਲੇ ਬਣਾ ਲਏ, ਲੁਟੇਰੇ ਸਨ ਅਸਲ ਵਿਚ ਤਾਂ ਉਹ ਲੁੱਟਣ ਵਾਸਤੇ ਆਏ ਸਨ ਉਨ੍ਹਾਂ ਨਾ ਕੋਈ ਜ਼ਖੀਰਾ ਇਕੱਠਾ ਕੀਤਾ, ਨਾ ਸ਼ਸਤ੍ਰ ਇਕੱਠੇ ਕੀਤੇ, ਨਾ ਘੋੜੇ ਇਕੱਠੇ ਕੀਤੇ ਜੋ ਜੰਗ ਵਿਚ ਕੰਮ ਆਉਂਦੇ ਕਿਥੋਂ ਪ੍ਰਾਪਤ ਕਰਾਂਗੇ। ਇਹ ਕੋਈ ਪ੍ਰਬੰਧ ਨਾ ਕੀਤਾ ਉਹਨਾਂ ਨੇ, ਨਾ ਹੀ ਅੰਨ ਧਨ ਦਾ ਭੰਡਾਰ ਇਕੱਠਾ ਕੀਤਾ। ੮।

ਚੌਪਈ॥ ਉਤੈ ਬਜੀਰੈ ਸਭ ਕੁਛ ਲੀਆ॥ ਉਧਰ ਬਜ਼ੀਰ ਖਾਂ ਨੇ ਸਾਰਾ ਇੰਤਜਾਮ ਕੀਤਾ ਹੋਇਆ ਸੀ, ਜੇ ਲੜਾਈ ਪਵੇ, ਘੇਰਾ ਪਾ ਕੇ ਖਾਲਸਾ ਬਹਿ ਗਿਆ ਤਾਂ ਫਿਰ ਰਾਸ਼ਨ ਪਾਣੀ ਬਰੂਦ ਸਿੱਕਾ ਮੌਕੇ ਤੇ ਤਾਂ ਕਿਤੋਂ ਆਉਣਾ ਨਹੀਂ ਹੈ ਖਾਲਸਾ ਬਾਹਰ ਹੈ ਅਸੀਂ ਅੰਦਰ ਕਿਲ੍ਹਿਆਂ ਦੇ ਇਸ ਕਰਕੇ ਉਹਨੇ ਸਾਰਾ ਪ੍ਰਬੰਧ ਕੀਤਾ ਹੋਇਆ ਸੀ।

ਬੰਦੈ ਨੇ ਕੁਛ ਸੰਜਮ ਨ ਕੀਆ॥ ਬੰਦੇ ਬਹਾਦਰ ਨੇ ਕੁਛ (ਸੰਜਮ) ਸੰਕੋਚ ਨਹੀਂ ਸੀ ਕੀਤਾ, ਆਈ ਚਲਾਈ ਸੀ, ਜਿਵੇਂ ਆਉਂਦਾ ਸੀ ਪਦਾਰਥ ਉਵੇਂ ਸਿੰਘਾਂ ਨੂੰ ਲੁਟਾ ਦਿੰਦਾ ਸੀ, ਜਮ੍ਹਾਂਖੋਰੀ ਕੋਈ ਨਾ ਕੀਤੀ, ਨਹੀਂ ਤੇ ਜਮ੍ਹਾਂ ਕਰਦਾ ਰਾਸ਼ਨ ਇੰਤਜਾਮ ਕਰਦਾ ਲੰਗਰ ਵੀ ਚਲਣਾ ਖਾਲਸਾ ਜੀ! ਜੇ ਲੜਾਈ ਲਮਕ ਗਈ, ਫੇਰ ਕੀ ਕੀਤਾ ਜਾਏਗਾ? ਪਰ ਐਸਾ ਕੋਈ ਨਹੀਂ, ਰੱਬ ਆਸਰਾ ਰੱਖਿਆ, ਸਤਿਗੁਰੂ ਜਿਹਨੇ ਭੇਜਿਆ ਮੈਨੂੰ ਉਹ ਆਪੇ ਇੰਤਜਾਮ ਕਰੇਗਾ, ਸੰਸਾਰ 'ਤੇ ਜੋ ਚੀਜ ਵਰਤਣ ਵਾਲੀ ਹੈ ਉਹ ਕੋਈ ਇਕੱਠੀ ਨਾ ਕੀਤੀ।

ਨਹਿੰ ਕਿਛ ਦਾਰੂ ਸਿੱਕੋ ਬ੍ਰਤਾਯੋ॥ ਜੰਗ ਨੂੰ ਚੜ੍ਹ ਪਏ ਹਨ ਜਿਹੋ ਜਿਹਾ ਸਾਜ ਕਿਸੇ ਦੇ ਕੋਲ ਆਪਣਾ ਆਪਣਾ ਸੀ, ਉਹੋ ਜਿਹਾ ਹੀ ਸੀ, ਕੋਈ ਵੱਡੇ ਸ਼ਸਤ੍ਰ ਇੱਕਠੇ ਨਾ ਕੀਤੇ, ਨਾ ਹੀ ਦਾਰੂ ਸਿੱਕਾ ਵਰਤਾਇਆ ਬੰਦੂਕੀਆਂ ਨੂੰ।

ਨਹਿੰ ਕਿਛ ਤੋਪ ਜੰਬੂਰਨ ਆਹਯੋ॥੯॥ ਨਾ ਹੀ ਕਿਸੇ ਨੇ ਕੋਈ ਤੋਪ ਜੰਬੂਰਾ, ਨਹੀਂ ਤਾਂ ਕਿੰਨੇ ਕਿਲ੍ਹੇ ਫੜ੍ਹੇ ਕੀਤੇ ਸਨ, ਉਹ ਸਾਰੇ ਇਕੱਠੇ ਕਰਦੇ, ਨਾਲ ਹੀ ਤੋਪ ਖਾਨਾ ਚਾਹੀਦਾ ਸੀ, ਵੱਡੇ ਹਥਿਆਰ ਚਾਹੀਦੇ ਸਨ, ਕੋਈ ਇੰਤਜਾਮ ਨਾ ਕੀਤਾ। ੯।

ਉਤੇ ਸਿਰਤੰਤ ਅਯੋ ਪਤਸ਼ਾਹੀ॥ ਉਧਰ ਸ਼ਾਹੀ ਸਿਰਤੰਤ ਹੈ, ਬਾਦਸ਼ਾਹੀ ਠਾਠ ਹੈ ਅਤੇ ਸਰਕਾਰ ਪਿਛੋਂ ਹਰ ਤਰ੍ਹਾਂ ਦੀ ਮਦਦ ਕਰਨ ਵਾਲੀ ਹੈ।

ਇਤ ਲੜ ਡੰਗ ਖਾਨ ਕੋ ਨਾਹੀਂ॥ ਇਧਰ ਖਾਲਸੇ ਵੱਲ ਏਨਾ ਵੀ ਨਹੀਂ ਕਿ ਲੜੀਏ ਤੇ ਇਕ ਡੰਗ ਦਾ ਲੰਗਰ ਮਿਲ ਸਕੇ ਆਥਣੇ ਆ ਕੇ, ਇਹ ਵੀ ਕੋਈ ਪ੍ਰਬੰਧ ਨਹੀਂ ਸੀ।

ਉਤਵਲ ਮੋਹਰ ਰੁਪਏ ਤੁੜਾਏ॥ ਉਧਰ ਤਾਂ ਖਜ਼ਾਨੇ ਸਨ ਮੋਹਰਾਂ ਰੁਪਈਏ ਲਿਆ ਕੇ ਲੋੜ ਪਵੇ ਤਾਂ ਵਰਤੇ ਜਾਣ ਲੋੜ ਪਏ ਤਾਂ ਰਾਸ਼ਨ ਮੰਗਵਾ ਲਈਏ ਉਸੇ ਵੇਲੇ ਪੈਸਿਆਂ ਨਾਲ।

ਇਤ ਲੁਟਿ ਮਿਲੈ ਤੌ ਡੰਗ ਲੰਘਾਏ॥੧੦॥ ਇਧਰ ਜੇ ਖਾਲਸੇ ਦੀ ਲੁੱਟ ਪੈ ਗਈ, ਕਿਸੇ ਕਸਬੇ ਨੂੰ ਲੁੱਟ ਲਿਆ ਤਾਂ ਡੰਗ ਟੱਪ ਗਿਆ ਰਾਸ਼ਨ ਪਾਣੀ ਦਾ। ਇਉਂ ਡੰਗ ਟਪਾਈ ਸੀ। ੧੦।

ਦੇਖੋ ਕਲਾ ਪ੍ਰਭੂ ਕੀ ਨਯਾਰੀ॥ ਦੇਖੋ ਪ੍ਰਮੇਸ਼ਰ ਦੀ ਕਲਾ ਨਿਆਰੀ ਹੈ ਨਾ ਪ੍ਰਬੰਧ ਕੀਤਾ ਹੋਇਆ ਸੀ ਜਿਨ੍ਹਾਂ ਦੇ ਪ੍ਰਬੰਧ ਕੀਤੇ ਹੋਏ, ਉਨ੍ਹਾਂ ਉਤੇ ਭਾਰੂ ਕਰ ਦੇਣਾ ਹੁਣ ਜਿਨ੍ਹਾਂ ਨੂੰ ਕੋਈ ਆਸ ਨਹੀਂ, ਉਨ੍ਹਾਂ ਦੀ ਆਸ 'ਤੇ ਵਾਹਿਗੁਰੂ ਖੜਾ ਹੈ, ਉਹ ਪੂਰਨ ਕਰਨ ਵਾਲਾ ਹੈ ਜਿਹਦੇ ਪਿਛੇ ਮਾਲਕ ਹੈ।

ਜਿੱਤੈ ਫਕੀਰ, ਸ਼ਾਹਿ ਜਾਇ ਹਾਰੀ॥ ਪ੍ਰਮੇਸ਼ਰ ਦੀ ਐਸੀ ਕਲਾ ਵਰਤੇਗੀ ਕਿ ਜੋ ਸ਼ਾਹੀ ਲੋਕ ਇੰਤਜਾਮੀਆਂ ਜਿਹੜੇ ਨੇ ਉਹ ਹਾਰ ਜਾਣਗੇ, ਜਿਨ੍ਹਾਂ ਨੂੰ ਦੁਨੀਆਂਦਾਰ ਫਕੀਰ ਕਹਿੰਦੇ ਨੇ, ਇਹਨਾਂ ਦੇ ਪੱਲੇ ਕੱਖ ਭੀ ਨਹੀਂ ਮੰਗ ਕੇ ਗੁਜ਼ਾਰਾ ਕਰ ਲੈਣ ਵਾਲੀ ਗੱਲ ਹੈ ਉਹ ਹੁਣ ਜਿੱਤ ਜਾਣਗੇ।

ਪ੍ਰਭ ਚਾਹੇ ਮੇਰੁ ਤ੍ਰਿਣੋਂ ਉਠਾਇ॥ ਇਹ ਕਲਾ ਹੈ ਪ੍ਰਭੂ ਚਾਹੇ ਤਾਂ (ਮੇਰ) ਸਮੇਰ ਪ੍ਰਬਤ ਨੂੰ (ਤ੍ਰਿਣੋ) ਘਾਹ ਦੇ ਡੱਕੇ ਨਾਲ ਚੁੱਕ ਲਵੇ, ਘਾਹ ਦੇ ਡੱਕੇ ਦੇ ਬਰਾਬਰ ਤੋਲ ਦੇਵੇ ਇਹ ਵਾਹਿਗੁਰੂ ਦੀ ਕਲਾ ਹੈ।

ਪ੍ਰਭ ਚਾਹੈ ਸਮੁੰਦ੍ਰ ਘੜਯੋਂ ਸੁਕਾਇ॥੧੧॥ ਜੇ ਪ੍ਰਭੂ ਚਾਹੇ ਤਾਂ ਸਮੁੰਦਰ ਨੂੰ ਘੜੇ ਵਿਚ ਪਾ ਦੇਵੇ, ਤੇ ਸੁਕਾ ਹੀ ਦੇਵੇ, ਘੜੇ ਜਿੰਨਾਂ ਸਮੁੰਦਰ ਕਰ ਦੇਵੇ ਚਾਹੇ ਉਹਨੂੰ ਵੀ ਸੁਕਾ ਦੇਵੇ। ੧੧।

ਆਲੀ ਸਿੰਘ ਬਾਜ ਸਿੰਘ ਹਥ ਜੋੜੇ॥ ਭਾਈ ਆਲੀ ਸਿੰਘ ਤੇ ਬਾਜ ਸਿੰਘ ਨੇ ਦੋਵੇਂ ਹੱਥ ਜੋੜ ਕੇ ਅਰਜ਼ ਕੀਤੀ ਹੈ।

'ਬੈਠੇ ਹੋ ਕਿਮ ਚੜ੍ਹੋ ਨ ਘੋੜੇ? ਬਾਬਾ ਜੀ ਤੁਸੀਂ ਏਥੇ ਬੈਠੇ ਹੋ ਘੋੜੇ 'ਤੇ ਕਿਉਂ ਨਹੀਂ ਸਵਾਰ ਹੁੰਦੇ, ਖਾਲਸੇ ਦੀ ਅਗਵਾਈ ਕਰੋ, ਲੜਾਈ ਸ਼ੁਰੂ ਹੋ ਗਈ ਹੈ।

ਤਬ ਬੰਦੇ ਉਨ ਸਬਹਨ ਕਹਯੋ॥ ਆ ਕੇ ਬੇਨਤੀ ਕਰਨ ਵਾਲੇ ਖਾਲਸੇ ਨੂੰ ਬੰਦੇ ਬਹਾਦਰ ਨੇ ਏਸ ਤਰ੍ਹਾਂ ਉੱਤਰ ਦਿੱਤਾ।

ਏਕ ਪਹਿਰ ਤੁਮ ਤਕੜੇ ਰਹਯੋ॥੧੨॥ ਖਾਲਸਾ ਜੀ! ਇਕ ਪਹਿਰ ਲੜੋ ਤਕੜੇ ਹੋ ਕੇ, ਇਕ ਪਹਿਰ ਹੋਰ ਕੱਟੋ ਵੇਖੋ ਵਾਹਿਗੁਰੂ ਭਲਾ ਕਰੇਗਾ। ੧੨।

ਤੌ ਮਾਲਕ ਫਿਰ ਹਮ ਵਲ ਕਰੈ॥ ਫੇਰ ਪ੍ਰਮੇਸ਼ਰ ਜੋ ਮਾਲਕ ਹੈ ਸਭ ਦਾ ਉਹ ਸਾਡਾ ਪੱਖ ਲਵੇਗਾ, ਸਾਡੀ ਮਦਦ ਕਰੇਗਾ।

ਸਭ ਤੁਰਕਨ ਕੌ ਮਾਰ ਸੁ ਡਰੈ॥ ਸਭ ਤੁਰਕਾਂ ਨੂੰ ਮਾਰ ਸੁੱਟੇਗਾ ਉਹ।

ਤਬ ਸਿੱਖਨ ਮਿਲ ਬਿਨਤੀ ਕਰੀ॥ ਬੰਦਾ ਬਹਾਦਰ ਦਾ ਸੁਣ ਕੇ ਬਚਨ ਤਬ ਸਿੰਘਾਂ ਨੇ ਬੇਨਤੀ ਕੀਤੀ, ਬਾਬਾ ਸੁਣ ਸਾਡਾ ਬਚਨ, ਇਸ ਤਰ੍ਹਾਂ ਤਾਂ ਨਹੀਂ ਗੱਲ ਬਣਨੀ।

ਹਮ ਤੇ ਸਰਤ ਨ ਕਾਚੀ ਘਰੀ॥੧੩॥ ਪਹਿਰ ਕੇਹੜਾ? ਅਸੀਂ ਤਾਂ ਕੱਚੀ ਘੜੀ ਨਹੀਂ ਲੜ ਸਕਦੇ, ਸਾਡਾ ਨਿਰਬਾਹ ਕਿਵੇਂ ਹੋਵੇ ਉਧਰ ਜੰਗ ਬੜਾ ਭਾਰੀ ਪੈ ਗਿਆ ਹੈ, ਆ ਕੇ ਸ਼ਾਹੀ ਫੌਜਾਂ ਦੇ ਨਾਲ ਟਾਕਰਾ ਕਰ ਲਿਆ, ਤੁਸੀਂ ਪਹਿਰ ਕਹਿੰਦੇ ਹੋ? ਸਾਥੋਂ ਇਕ ਕੱਚੀ ਘੜੀ ਨਹੀਂ ਖੜੀ ਦਾ ਉਥੇ। ੧੩।

ਦੋਹਰਾ॥ ਬਾਜ ਸਿੰਘ ਔ ਸ਼ਯਾਮ ਸਿੰਘ, ਸਤਿਗੁਰ ਦਏ ਜੁ ਸਾਥ॥ ਬਾਜ ਸਿੰਘ ਸ਼ਾਮ ਸਿੰਘ ਇਹ ਚਾਰ ਸਕੇ ਭਰਾ ਸਨ, ਸਤਿਗੁਰਾਂ ਨੇ ਇਨ੍ਹਾਂ ਚੌਹਾਂ ਭਰਾਵਾਂ ਨੂੰ ਬੰਦੇ ਬਹਾਦਰ ਦੇ ਨਾਲ ਤੋਰਿਆ ਸੀ।

ਸਬਹਿਨ ਮਿਲਕੈ ਯੌ ਕਹਯੋ, ਜੋੜ ਜੋੜ ਕੈ ਹਾਥ॥੧੪॥ ਅਤੇ ਹੋਰ ਖਾਲਸਾ ਵੀ ਰਲਿਆ, ਸਾਰਿਆਂ ਨੇ ਮਿਲਕੇ ਦੋਵੇਂ ਹੱਥ ਜੋੜ ਕੇ ਇਉਂ ਕਿਹਾ। ੧੪।

ਚੌਪਈ॥ ਤੁਮ ਬਿਨ ਹਮ ਤੇ ਲਰਯੋ ਨ ਜਾਈ॥ ਬਾਬਾ ਤੇਰੇ ਬਿਨਾਂ ਸਾਥੋਂ ਹੁਣ ਲੜਿਆ ਨਹੀਂ ਜਾਂਦਾ ਹੈ, ਲੜਾਈ ਵੇਖ ਕਿੰਨੀ ਗਾੜ੍ਹੀ ਹੈ, ਕਿੱਡੀ ਸਖਤ ਲੜਾਈ ਹੈ, ਹੁਣ ਤੂੰ ਅੱਗੇ ਲੱਗ, ਅਗਵਾਈ ਕਰ, ਫੇਰ ਅਸੀਂ ਲੜਾਂਗੇ, ਤੇਰੇ ਬਿਨਾਂ ਹੁਣ ਅਸੀਂ ਲੜ ਨਹੀਂ ਸਕਦੇ ਮੈਦਾਨ ਵਿਚ।

ਸੀਸ ਤੁਮ ਢਿਗ ਦੀਂਹ ਲਗਾਈ॥ ਜੇ ਤੂੰ ਅੱਗੇ ਲੱਗੇਂ ਖੜਾ ਹੋ ਜਾਏਂ ਤੇਰੇ ਨਾਲ ਅਸੀਂ ਆਪਣੇ ਸਿਰ ਲਾਵਾਂਗੇ, ਫਿਰ ਪਿਛੇ ਨਹੀਂ ਹਟੇਗਾ ਖਾਲਸਾ।

ਖੜਯੋ ਖਾਲਸੋ ਔਰ ਗਏ ਪਰਾਈ॥ ਜਾ ਕੇ ਦੇਖ ਲਉ ਹੁਣ ਫੇਰ ਖਾਲਸਾ ਹੀ ਖੜ੍ਹਾ ਮੈਦਾਨ ਵਿਚ, ਹੋਰ ਸਭ ਚਲੇ ਗਏ (ਪਰਾਈ) ਪਲਾਈ, ਭੱਜ ਗਏ ਮੈਦਾਨ ਛੱਡ ਕੇ, ਸਭ ਖਿਸਕ ਗਏ ਨੇ ਦੂਰ ਹੋ ਗਏ ਨੇ, ਕਿ ਜਦੋਂ ਫੜ੍ਹੇ ਕਰ ਲੈਣਗੇ ਉਦੋਂ ਲੁਟੇਰਿਆਂ ਵਿਚ ਆਪਾਂ ਚਲਾਂਗੇ। ਉਦੋਂ ਮਾਲ ਜਿਉਂ ਲੁੱਟਣਾ ਹੈ ਉਹਨਾਂ ਦੇ ਦਿਲ ਵਿਚ ਵੀ ਇਹੀ ਧਾਰਨਾ ਹੈ।

ਭਾਵੈਂ ਰਾਖੋ ਭਾਵੈਂ ਦੇਹੁ ਮਰਾਈ॥੧੫॥ ਖਾਲਸਾ ਦੇਖ ਲਉ ਤੁਹਾਡੇ ਕੋਲ ਖੜਾ ਕਦ ਦਾ, ਲੜਦਾ ਮਰਦਾ ਹੈ ਸਾਮ੍ਹਣੇ ਸਿਰ ਲਾ ਦਿਆਂਗੇ ਤੇਰੇ ਕੋਲ ਹੀ, ਭਾਵੇਂ ਰੱਖ ਲੈ ਤੇ ਭਾਵੇਂ ਮਰਵਾ ਦੇ, ਦੇਖ ਲੈ ਤੇਰੇ ਹੱਥ ਹੈ ਗੱਲ। ੧੫।

ਹਮ ਭਜ ਜਾਵਨ ਨਹਿੰ ਕਹੂੰ ਠੌਰ॥ ਹੁਣ ਦੇਖ ਲੈ ਲੁਟੇਰੇ ਤਾਂ ਭੱਜ ਗਏ ਜਿਹੜੇ ਆਏ ਸੀ ਤੇਰੇ ਨਵੇਂ ਚੇਲੇ ਹੁਣ ਸਾਨੂੰ ਤਾਂ ਕੋਈ ਥਾਂ ਹੀ ਨਹੀਂ, ਜਿਥੇ ਭੱਜ ਕੇ ਅਸੀਂ ਜਾ ਵੜਾਂਗੇ।

ਹਮ ਮਰ ਰਹੈਂਗੇ ਤੁਮ ਪਗ ਕੌਰ॥੧੬॥ ਅਸੀਂ ਤਾਂ ਤੇਰੇ ਚਰਨਾਂ ਵਿਚ ਹੀ ਮਰਾਂਗੇ, ਇਥੇ ਸ਼ਹੀਦੀਆਂ ਪ੍ਰਾਪਤ ਕਰ ਲਵਾਂਗੇ ਪਿਛੇ ਨਹੀਂ ਕਦਮ ਪੁਟਾਂਗੇ। ੧੬।

ਦੋਹਰਾ॥ ਫਿਰ ਬੰਦੈ ਖਾਲਸੈ ਕਹਯੋ, ਤੁਮ ਘੜੀਆਂ ਚਾਰ ਲੜਾਉ॥ ਫੇਰ ਖਾਲਸੇ ਨੂੰ ਬੰਦੇ ਬਹਾਦਰ ਨੇ ਕਿਹਾ, ਕਿ ਖਾਲਸਾ ਜੀ! ਚਾਰ ਘੜੀਆਂ ਤਾਂ ਲੜੋ ਅੱਗੇ ਹੋ ਕੇ।

ਮਾਲਕ ਤੇ ਹਥ ਜੋੜ ਕੇ, ਔਰ ਮੈਂ ਲੈਗੁ ਬਖਸ਼ਾਇ॥੧੭॥ ਅਜੇ ਉਹਨਾਂ ਦੀ ਹਾਰ ਦਾ ਸਮਾਂ ਨਹੀਂ ਆਇਆ, ਬਾਕੀ ਸਮਾਂ ਮੈਂ ਮਾਲਕ ਅੱਗੇ ਹੱਥ ਜੋੜਾਂਗਾ, ਅਰਦਾਸ ਕਰੂੰਗਾ ਬਖਸ਼ਾ ਲਵਾਂਗਾ, ਚਾਰ ਘੜੀਆਂ ਲੜੋ ਚਲ ਕੇ, ਫੇਰ ਮੈਂ ਆ ਜਾਂਦਾ ਹਾਂ। ੧੭।

ਚੌਪਈ॥ ਸਿੱਖਨ ਕਹਯੋ ਘੜੀ ਇਕ ਭਾਰੀ॥ ਸਿਖ ਕਹਿਣ ਲੱਗੇ ਚਾਰ ਘੜੀਆਂ? ਬਹੁਤ ਜਿਆਦਾ ਟਾਇਮ ਹੈ, ਸਾਨੂੰ ਤਾਂ ਇਕ ਘੜੀ ਵੀ ਮੁਸ਼ਕਲ ਹੋ ਗਈ ਹੈ, ਇਕ ਘੜੀ ਵੀ ਨਹੀਂ ਲੜ ਸਕਦੇ।

ਹਮ ਤੋ ਪਲ ਨਹਿ ਸਕੈਂ ਸੰਭਾਰੀ॥ ਸਾਥੋਂ ਤਾਂ ਇਕ ਪਲ ਨਹੀਂ ਸੰਭਾਲਿਆ ਜਾਂਦਾ, ਐਡੀ ਸਖਤ ਲੜਾਈ ਹੋ ਗਈ ਹੈ।

ਮਾਲਕ ਹਥ ਬਿਨ ਸਿਰ ਹਮ ਆਏ॥ ਸਿੰਘ ਪੁਛਦੇ ਹਨ ਇਹ ਦੱਸੋ ਜੇ ਮਾਲਕ ਦਾ ਹੱਥ ਸੀ ਸਾਡੇ ਸਿਰ ਤੇ ਤਾਂ ਹੀ ਅਸੀਂ ਆਏ ਹਾਂ, ਮਾਲਕ ਤੋਂ ਬਿਨਾਂ ਹੀ ਅਸੀਂ ਆਏ ਹਾਂ? ਅਸੀਂ ਸਰਹੰਦ ਵਿਚ ਜੰਗ ਕਰਨ।

ਹਮ ਕਿਮ ਬਚੈਂ ਤੁਰਕ ਆਗੇ ਪਾਏ॥੧੮॥ ਤੁਰਕਾਂ ਦੇ ਅੱਗੇ ਪਾ ਦਿੱਤਾ ਹੈ ਸਾਨੂੰ ਅਸੀਂ ਕਿਵੇਂ ਬਚਾਂਗੇ ਤੂੰ ਸਾਡੀ ਸਹਾਇਤਾ ਨਹੀਂ ਕਰਦਾ, ਅੱਗੇ ਹੋ ਕੇ ਖੜ੍ਹਦਾ ਨਹੀਂ। ਸਿੰਘਾਂ ਨੂੰ ਪਤਾ ਸੀ ਨਾ ਕਿ ਇਹਨੂੰ ਤੀਰ ਦਿੱਤੇ ਹੋਏ ਨੇ, ਕਲਾ ਦਿੱਤੀ ਹੋਈ ਹੈ ਬੀਰ ਦਿੱਤੇ ਹੋਏ ਨੇ, ਮਹਾਰਾਜ ਜੀ ਨੇ ਕਿਹਾ ਸੀ ਜਦੋਂ ਭੀੜ ਪਈ ਤਾਂ ਇਕ ਤੀਰ ਚਲਾ ਦਈਂ, ਹੁਣ ਚਲਾਵੇ ਤਾਂ ਕਾਰਜ ਰਾਸ ਹੋਵੇ। ਸਿੰਘਾਂ ਨੂੰ ਪਤਾ ਸੀ ਇਸ ਗੱਲ ਦਾ, ਅਸੀਂ ਤਾਂ ਮਰੀ ਜਾ ਰਹੇ ਹਾਂ, ਸ਼ਹੀਦ ਹੋਈ ਜਾ ਰਹੇ ਹਾਂ ਦਬਾਦਬ, ਤੋਪਾਂ ਜੰਬੂਰੇ ਸਾਨੂੰ ਉਡਾ ਰਹੇ ਨੇ ਤੇ ਇਹ ਪਿੱਠ ਦੇ ਬੈਠਾ ਹੈ, ਕੋਈ ਸ਼ਸਤ੍ਰ ਨਹੀਂ ਚਲਾਉਂਦਾ, ਅਗਵਾਈ ਨਹੀਂ ਕਰਦਾ ਫੇਰ ਅਸੀਂ ਤਾਂ ਮਾਰੇ ਹੀ ਪਏ ਹਾਂ ਇਉਂ ਵਾਰ ਵਾਰ ਖਾਲਸਾ ਕਹਿੰਦਾ ਹੈ। ੧੮।

ਹਮ ਪਰਯੋ ਜਹਾਜ ਸਮੁੰਦਰ ਮਾਹੀਂ॥ ਹੁਣ ਤਾਂ ਬਾਬਾ ਸਾਡਾ ਸਮੁੰਦਰ ਵਿਚ ਜਹਾਜ਼ ਫਸ ਗਿਆ ਹੈ, ਜਿਵੇਂ ਤੁਫਾਨ ਵਿਚ ਜਹਾਜ ਫਸ ਜਾਵੇ ਫੇਰ ਵਾਹਿਗੁਰੂ ਰੱਖੇ ਤਾਂ ਰਹਿੰਦਾ ਹੈ, ਨਹੀਂ ਤਾਂ ਡੁੱਬ ਜਾਂਦਾ ਹੈ। ਸਾਡਾ ਤਾਂ ਜਹਾਜ਼ ਖਾਲਸੇ ਦਾ ਸਮੁੰਦਰ ਵਿਚ ਤੂਫਾਨ ਵਿਚ ਘਿਰ ਗਿਆ ਹੈ।

ਭਾਮੈਂ ਰਾਖੋ ਭਾਮੈਂ ਦੇਹੋ ਡੁਬਾਈ॥ ਭਾਵੇਂ ਹੁਣ ਬਚਾ ਲੈ ਤੇ ਭਾਵੇਂ ਹੁਣ ਡੋਬ ਦੇ, ਖਾਲਸੇ ਪੰਥ ਦੇ ਜਹਾਜ਼ ਨੂੰ।

ਤੁਮ ਮਾਲਕ ਹੁਇ ਰਖੋ ਬਚਾਈ॥ ਤੁਹਾਨੂੰ ਸਾਡੇ ਮਾਲਕ ਨੇ ਸਾਡਾ ਮਾਲਕ ਬਣਾ ਕੇ ਭੇਜਿਆ ਹੈ, ਹੁਣ ਤੂੰ ਸਾਨੂੰ ਬਚਾ ਜਿਵੇਂ ਬਚਦੇ ਹਾਂ।

ਤੁਰਕ ਆਟਾ ਹਮ ਲੁਣੋ ਨਾਹੀਂ॥੧੯॥ ਤੂੰ ਗਿਣਤੀ ਦਾ ਹਿਸਾਬ ਲਾ ਲੈ, ਤੁਰਕ ਤਾਂ ਆਟੇ ਵਤ ਹਨ, ਜਿਵੇਂ ਪ੍ਰਾਤ ਆਟੇ ਦੇ ਵਿਚ ਚੁਟਕੀ ਲੂਣ ਦੀ ਪਾਈਏ ਤਾਂ ਬਰਾਬਰ ਹੋ ਜਾਂਦਾ ਹੈ ਕੰਮ। ਸਾਡੀ ਗਿਣਤੀ ਤਾਂ ਲੂਣ ਵਰਗੀ ਹੈ, ਉਹਨਾਂ ਦੀ ਜਿਵੇਂ ਆਟੇ ਵਰਗੀ, ਬੋਰੀਆਂ ਦੀਆਂ ਬੋਰੀਆਂ ਪਈਆਂ ਹੋਣ। ੧੯।

ਕਿਮ ਹਮ ਇਨ ਸੰਗ ਪੁਜੈ ਲਰਾਈ॥ ਜਦੋਂ ਐਨੀ ਗਿਣਤੀ ਵਿਚ ਸਾਥੋਂ ਵੱਧ ਹਨ ਫੇਰ ਸਾਡੀ ਲੜਾਈ ਇਨ੍ਹਾਂ ਦੇ ਬਰਾਬਰ ਕਿਵੇਂ ਪੁੱਜ ਸਕਦੀ ਹੈ?

ਮਾਰੇ ਤੋਪਨ ਕੇ ਅਬ ਉਡ ਜਾਹੀਂ॥ ਤੂੰ ਐਥੇ ਬੈਠਾ ਰਹੁ ਸਾਨੂੰ ਕਹਿ ਦੇ ਕਿ ਐਨੀਆਂ ਘੜੀਆਂ, ਐਨੀਆਂ ਘੜੀਆਂ ਖੜ੍ਹ ਜਾਉ, ਅਸੀਂ ਖੜੇ ਤੋਪਾਂ ਦੇ ਮਾਰੇ ਉੱਡ ਜਾਵਾਂਗੇ, ਬਸ ਕੰਮ ਖਤਮ ਹੋ ਜਾਏਗਾ।

ਚਾਰ ਘੜੀ ਹਮ ਕਬ ਇਨ ਠੱਲ੍ਹੈਂ॥ ਚਾਰ ਘੜੀ ਕਦੋਂ ਅਸੀਂ ਇਹਨਾਂ ਨੂੰ ਠੱਲ੍ਹਿਆ ਜਦੋਂ ਇਕ ਘੜੀ ਨਹੀਂ ਠਲ੍ਹ ਸਕਦੇ ਇਹਨਾਂ ਨੂੰ।

ਤੁਮ ਬਿਨ ਬਚੈਂ ਨ ਹਮ ਇਕ ਪਲੈ॥੨੦॥ ਦੇਖ ਲਉ ਜਿੰਨਾਂ ਚਿਰ ਤੁਸੀਂ ਖੜ੍ਹੇ ਨਹੀਂ ਹੁੰਦੇ, ਸ਼ਸਤ੍ਰ ਨਹੀਂ ਚਲਾਉਂਦੇ, ਉਨਾਂ ਚਿਰ ਇਕ ਪਲ ਨਹੀਂ ਸਾਥੋਂ ਖੜ੍ਹਿਆ ਜਾਂਦਾ। ੨੦।

ਤੁਮ ਬਿਨ ਘੜੀ ਨ ਇਕ ਹਮ ਲੜੈਂ॥ ਤੁਹਾਡੇ ਤੋਂ ਬਗੈਰ ਅਸੀਂ ਹੁਣ ਇਕ ਘੜੀ ਨਹੀਂ ਲੜ ਸਕਦੇ।

ਤੁਮ ਬਿਨ ਏਕ ਘੜੀ ਮੈਂ ਮਰੈਂ॥ ਜੇ ਤੂੰ ਸਾਡੀ ਅਗਵਾਈ ਨਾ ਕਰੇਂ ਇਕ ਘੜੀ ਵਿਚ ਅਸੀਂ ਖਤਮ ਹੋ ਜਾਂਗੇ, ਇਹੀ ਤੇਰਾ ਖਿਆਲ ਹੈ।

ਤੁਮ ਬਿਨ ਹਮ ਲਰ ਸਕੈਂ ਸੁ ਨਾਹੀਂ॥ ਬੱਸ ਅਖੀਰਲੀ ਗੱਲ ਹੈ ਤੇਰੇ ਤੋਂ ਬਿਨਾਂ ਹੁਣ ਅਸੀਂ ਲੜ ਨਹੀਂ ਸਕਾਂਗੇ।

ਤੋਪ ਜੰਬੂਰਨ ਸੋਂ ਉਡ ਜਾਹੀਂ॥੨੧॥ ਤੋਪਾਂ ਜੰਬੂਰਿਆਂ ਦੇ ਮਾਰਿਆਂ ਉੱਡ ਜਾਵਾਂਗੇ ਏਨੀ ਹਨੇਰੀ ਆ ਰਹੀ ਹੈ। ੨੧।

ਦੋਹਰਾ॥ ਜਿਮ ਤੁਮ ਪ੍ਰਿਥਮੋ ਥੋ ਕਹਯੋ, ਹਮ ਤੋਪਨ ਲਗਨ ਨ ਦੇਂਹ॥ ਬੰਦਾ ਬਹਾਦਰ ਸ਼ੇਖੀਆਂ ਮਾਰਦਾ ਹੁੰਦਾ ਸੀ ਪੰਥ ਵਿਚ ਬੈਠ ਕੇ, ਜੇ ਕਿਤੇ ਸਿਆਣਿਆਂ ਨੇ ਕਹਿ ਦੇਣਾ ਕਿ ਓਧਰ ਤੋਪਾਂ ਜੰਬੂਰਿਆਂ ਰਹਿਕਲਿਆਂ ਦੀ ਐਨੀ ਗਿਣਤੀ ਹੈ ਕਿਵੇਂ ਮੁਕਾਬਲਾ ਹੋਊਗਾ ਇਹਨੇ ਕਹਿਣਾ ਫਿਕਰ ਨਾ ਕਰੋ ਖਾਲਸਾ ਜੀ! ਮੈਂ ਇਕ ਗੋਲਾ ਨਹੀਂ ਤੁਹਾਨੂੰ ਲੱਗਣ ਦੇਣਾ, ਇਸ ਤਰ੍ਹਾਂ ਤੁਸੀਂ ਕਹਿੰਦੇ ਹੁੰਦੇ ਸੀ।

ਉਨ ਕੇ ਸ਼ਸਤ੍ਰ ਸੁ ਉਨ ਲਗੈਂ, ਉਨ ਕੋ ਨਾਸ਼ ਕਰੇਂਹ॥੨੨॥ ਜਿਹੜੇ ਸਾਡੇ ਸ਼ਸਤ੍ਰ ਚਲਾਉਣਗੇ, ਮੈਂ ਵਾਪਸ ਮੋੜ ਦਿਆਂਗਾ, ਉਨ੍ਹਾਂ ਦੇ ਚਲਾਏ ਉਹਨਾਂ ਦੇ ਹੀ ਵੱਜਣਗੇ, ਅਸੀਂ ਬਚ ਰਹਾਂਗੇ ਉਹ ਆਪਣੇ ਸ਼ਸਤ੍ਰਾਂ ਨਾਲ ਹੀ ਮਰ ਜਾਣਗੇ, ਇਸ ਤਰ੍ਹਾਂ ਕਹਿੰਦੇ ਸੀ ਤੁਸੀਂ। ੨੨।

ਚੌਪਈ॥ ਸਿੰਘ ਮਝੈਲਨ ਬੰਦੈ ਕਹਿਓ॥ ਉਹ ਜਿਹੜੇ ਮਾਝੇ ਦੇ ਸਿੰਘ ਸਨ ਰੋਪੜ ਦਰੇ ਤੋਂ ਜਿੱਤ ਕੇ ਆਏ ਉਹ ਵੀ ਜੰਗ ਵਿਚ ਸ਼ਾਮਿਲ ਸਨ, ਉਨ੍ਹਾਂ ਸਿੰਘਾਂ ਨੇ ਇਉਂ ਕਿਹਾ ਬੰਦੇ ਬਹਾਦਰ ਨੂੰ।

'ਹਮ ਲਰਹੈਂ ਤੁਮ ਬੈਠੇ ਰਹਿਓ'॥ ਹੁਣ ਤੂੰ ਨਹੀਂ ਬਾਬਾ ਉਠਣਾ? ਤਾਂ ਬੈਠਾ ਰਹਿ ਫੇਰ ਏਥੇ ਹੀ, ਆਸਣ ਰੱਖੀਂ ਜਮਾ ਕੇ ਏਥੇ, ਅਸੀਂ ਲੜਾਂ ਮਰਾਂਗੇ, ਆਪੇ ਨਿਭਾਂਗੇ ਏਥੇ, ਜਿਵੇਂ ਹੋਇਆ।

ਬੰਦੈ ਛਡਕੇ ਚੇਲੇ ਭਾਗੇ॥ ਏਨੀ ਗੱਲ ਕਹਿਣ ਦੀ ਦੇਰ ਸੀ ਬੰਦੇ ਬਹਾਦਰ ਦੇ ਨਵੇਂ ਬਣੇ ਚੇਲੇ ਸਭ ਛੱਡ ਕੇ ਭੱਜ ਗਏ ਹਨ ਤਿਤਰ ਬਿਤਰ ਹੋ ਗਏ ਹਨ।

ਲੜੇ ਖਾਲਸੇ ਹੁਇ ਹੁਇ ਆਗੇ॥੨੩॥ ਖਾਲਸਾ ਪੰਥ ਅੱਗੇ ਹੋ ਹੋ ਕੇ ਲੜਦਾ ਹੈ, ਅੱਗੇ ਹੋ ਹੋ ਕੇ ਰਹਿਕਲਿਆਂ ਜੰਬੂਰਿਆਂ ਤੇ ਤੋਪਾਂ ਦੇ ਗੋਲੇ ਆਪਣੀਆਂ ਛਾਤੀਆਂ ਦੇ ਵਿਚ ਖਾਂਦੇ ਨੇ। ੨੩।

ਦੋਹਰਾ॥ ਉੱਚੀ ਰੋੜੀ ਦੇਖਿਕੈ, ਬੰਦਾ ਬੈਠਯੋ ਜਾਇ॥ ਬੰਦਾ ਵੀ ਜੰਗ ਦਾ ਜਾਇਜਾ ਲੈਂਦਾ ਹੈ ਇਕ ਓਦੂੰ ਹੋਰ ਟਿੱਬੀ

ਉੱਚੀ ਸੀ, ਉਠ ਕੇ ਬੰਦਾ ਉਹਦੇ ਉਤੇ ਜਾ ਕੇ ਬੈਠ ਗਿਆ।

ਬਜੀਰੈ ਗੋਲਨਦਾਜ ਸਦਿ ਆਖਯੋ, ਦੇਹੁ ਉਡਾਇ॥੨੪॥ ਜਿਹੜੇ ਤੋਪਚੀ ਸਨ ਗੋਲੇ ਅੰਦਾਜ ਸਨ ਨਿਸ਼ਾਨੇਬਾਜ਼ ਸਨ, ਜਦੋਂ ਬੰਦੇ ਬਹਾਦਰ ਨੇ ਉੱਚੀ ਟਿੱਬੀ ਉਤੇ ਆਸਣ ਲਾ ਲਿਆ, ਬਜ਼ੀਦ ਖਾਂ ਤੋਪਚੀ ਨੂੰ ਬੰਦੇ ਬਹਾਦਰ ਵਲ ਇਸ਼ਾਰਾ ਕਰ ਕੇ ਕਹਿੰਦਾ ਹੈ, ਔਹ ਬੈਠਾ ਹੈ ਜਿਹੜਾ ਇਨ੍ਹਾਂ ਦਾ ਆਗੂ ਹੈ, ਨਿਸ਼ਾਨਾ ਲਾ ਕੇ ਉਡਾ ਦਿਉ ਇਸਨੂੰ ਏਥੇ ਸਾਹਮਣੇ। ੨੪।

ਚੁਪ ਕਰ ਬੰਦਾ ਬਹਿ ਰਹਯੋ, ਪਰਯੋ ਲੜਾਈ ਗਾਢ॥ ਬੰਦਾ ਸਿੰਘ ਚੁੱਪ ਕਰ ਕੇ ਬੈਠ ਰਿਹਾ ਹੈ, ਬੜੀ (ਗਾਢ) ਘਮਸਾਨ ਦੀ ਲੜਾਈ ਸ਼ੁਰੂ ਹੋ ਗਈ ਹੈ, ਲੜਾਈ ਹੋਰ ਤੇਜ ਸ਼ੁਰੂ ਹੋ ਗਈ।

ਗੋਲੀ ਗੋਲੈ ਬਹੁ ਪਵੈਂ, ਬੰਦਾ ਭਯੋ ਨ ਠਾਢ॥੨੫॥ ਬੜੇ ਗੋਲੇ ਗੋਲੀਆਂ ਸੱਜੇ ਖੱਬੇ ਵੱਜ ਰਹੇ ਨੇ ਸਾਰੇ, ਉਹਨੂੰ ਤਾਂ ਵਜਦਾ ਨਹੀਂ ਸੀ ਬੰਦਾ ਬਹਾਦਰ ਜੰਗ ਦੇ ਵਿਚ ਆ ਕੇ ਖੜ੍ਹਾ ਨਹੀਂ ਹੋਇਆ। ੨੫।

ਚੌਪਈ॥ ਤਬ ਲੌਗਨ ਕੌ ਚਿੰਤਾ ਪਰੀ॥ ਤਦ ਲੜਨ ਵਾਲੇ ਸਾਰੇ ਲੋਕਾਂ ਨੂੰ ਚਿੰਤਾ ਹੋ ਗਈ ਹੈ, ਹੁਣ ਬਾਬਾ ਬੋਲਣੋਂ ਹੀ ਹਟ ਗਿਆ, ਚੁੱਪ ਕਰ ਗਿਆ।

'ਬੰਦਾ ਬੈਠ ਇਹਾਂ ਰਹਿ ਮਰੀ'॥ ਤੋਪਾਂ ਦੇ ਗੋਲੇ ਬੰਦੇ ਦੇ ਉਤੋਂ ਦੀ ਸ਼ੂਕਦੇ ਚਲੇ ਜਾ ਰਹੇ ਹਨ, ਲੋਕ ਆਪਸ ਵਿਚ ਕਹਿੰਦੇ ਹਨ ਕਿ ਬੰਦਾ ਸਿੰਘ ਚੁਪ ਕਰਕੇ ਬੈਠਾ ਹੈ। ਏਥੇ ਹੀ ਰਹਿ ਜਾਵੇਗਾ ਮਰਿਆ ਹੋਇਆ।

ਚੇਲੇ ਨਠ ਓਟ ਬੰਦੈ ਲੁਕੈਂ॥ ਬੰਦੇ ਦੇ ਨਵੇਂ ਚੇਲੇ ਗੋਲਿਆਂ ਦੀ ਸ਼ੂਕ ਸੁਣ ਕੇ ਦੌੜ ਕੇ ਬੰਦੇ ਦੀ ਓਟ ਵਿਚ ਪਿਛੇ ਹੋ ਗਏ ਹਨ, ਜੇ ਗੋਲਾ ਵਜਿਆ ਤਾਂ ਇਹਨੂੰ ਵੱਜੇਗਾ ਆਪਾਂ ਟਿੱਬੇ ਦੇ ਉਹਲੇ ਹੋ ਜਾਂਗੇ। ਉਹ ਸਾਰੇ ਟਿੱਬੇ ਦੇ ਹੇਠਾਂ ਆ ਕੇ ਇਕੱਠੇ ਹੋ ਗਏ ਹਨ।

ਗੋਲੈ ਸ਼ੁੰਕਤ ਸੁਨਤ ਨ ਸਕੈਂ॥੨੬॥ ਉਹ ਤਾਂ ਗੋਲਿਆਂ ਦੀ ਸ਼ੂਕ ਹੀ ਨਹੀਂ ਸੁਣ ਸਕੇ, ਕੱਚੇ ਪਿੱਲੇ ਸੀ ਨਾ ਅਜੇ, ਨਵੇਂ ਰਲੇ ਸਨ, ਗੋਲਿਆਂ ਦੀ ਠਾਹ ਠਾਹ ਦੀ ਅਵਾਜ ਨਾਲ ਸਾਰੇ ਭੈ ਭੀਤ ਹੋ ਗਏ ਹਨ ਕਿ ਜਿਹਦੇ ਵਜਿਆ ਉਹ ਖੱਖੜੀਆਂ ਹੋ ਜਾਏਗਾ ਇਉਂ ਸਭ ਐਧਰ ਉਧਰ ਲੁਕਦੇ ਛਿਪਦੇ ਫਿਰਦੇ ਨੇ। ੨੬।

ਕੋਊ ਕਹੈ 'ਇਹ ਇਹਾ ਮਰ ਜਾਉਗ'॥ ਹੁਣ ਆਪਸ ਵਿਚ ਦਲੀਲਾਂ ਕਰਦੇ ਹਨ ਕਿ ਇਹ ਤਾਂ ਹੁਣ ਮਰਿਆ ਕਿ ਮਰਿਆ, ਜਦੋਂ ਇਹਦੇ ਗੋਲਾ ਵਜਿਆ ਇਹ ਤਾਂ ਉੱਡ ਜਾਣਾ ਨਾਲ ਹੀ।

ਕੋਊ ਕਹੈ 'ਯਾ ਫਕੀਰ ਲੁਕ ਜਾਉਗ'॥ ਕਈ ਕਹਿੰਦੇ ਇਹ ਤਾਂ ਫਕੀਰ ਹੈ ਕਿਸੇ ਪਾਸੇ ਹੁਣ ਲੁਕ ਛਿਪ ਜਾਏਗਾ ਅਸੀਂ ਤਾਂ ਸਿੰਘ ਹਾਂ ਲੁਕ ਨਹੀਂ ਸਕਦੇ, ਖਾਲਸਾ ਕਿਵੇਂ ਲੁਕ ਜਾਏਗਾ, ਇਹ ਤਾਂ ਕਹਿ ਦੇਗਾ, ਮੈਂ ਤਾਂ ਮੰਗਣ ਵਾਲਾ ਫਕੀਰ ਹਾਂ।

ਕੋਊ ਕਹੈ 'ਹਮ ਹੀ ਕੋ ਖ਼ੁਆਰੀ॥ ਕਈ ਕਹਿੰਦੇ ਹਨ ਖੁਆਰੀ ਤਾਂ ਸਾਡੀ ਹੀ ਹੋਣੀ ਹੈ, ਜਿਹੜੇ ਵਸਨੀਕ ਹਨ ਏਥੇ, ਇਹ ਤਾਂ ਫਕੀਰ ਹੈ ਹੁਣ ਭੱਜ ਜਾਊਗਾ, ਇਹਦਾ ਕੀ ਹੈ ਏਥੇ।

ਜਿਨਕੇ ਆਗੈਂਹ ਅਡੰਬਰ ਭਾਰੀ'॥੨੭॥ ਜਿਨ੍ਹਾਂ ਦੇ ਭਾਰੀ ਅਡੰਬਰ ਨੇ, ਜਿਨ੍ਹਾਂ ਦਾ ਨਾਮ ਗ੍ਰਾਮ ਹੈ, ਫਲਾਨਾ ਸਿੰਘ ਭੱਜ ਗਿਆ? ਕੀ ਮੂੰਹ ਦਿਖਾਵਾਂਗੇ ਪੰਥ ਵਿਚ, ਇਸ ਕਰਕੇ ਸੋਚਾਂ ਪੈ ਗਈਆਂ ਸਭ ਨੂੰ। ੨੭।

ਤਬੈ ਖਾਲਸੈ ਉਪਜਯੋ ਰੋਹਿ॥ ਜਦੋਂ ਉਹਦਾ ਰੰਗ ਢੰਗ ਵੇਖਿਆ ਇਹ ਤਾਂ ਉਠਦਾ ਹੀ ਨਹੀਂ ਤਾਂ ਖਾਲਸੇ ਨੂੰ ਰੋਹ ਜਾਗ ਪਿਆ, ਬੀਰ ਰਸ ਦੇ ਵਿਚ ਹੋ ਗਿਆ ਖਾਲਸਾ, ਜਿਵੇਂ ਸਤਿਗੁਰਾਂ ਦੇ ਅੱਗੇ ਹੋ ਹੋ ਕੇ ਲੜਦਾ ਸੀ ਖਾਲਸਾ, ਉਸ ਰੰਗ ਦੇ ਵਿਚ ਰੰਗਿਆ ਗਿਆ।

ਲੜੈ ਖਾਲਸੋ ਆਗੈ ਹੋਹਿ॥ ਖਾਲਸੇ ਨੇ ਬੰਦੇ ਦੀ ਓਟ ਛੱਡ ਦਿੱਤੀ, ਗੁਰੂ ਦੀ ਓਟ ਤਕਾ ਲਈ ਹੈ, ਖਾਲਸਾ ਅੱਗੇ ਹੋ ਕੇ

ਲੜ ਰਿਹਾ ਹੈ, ਛੱਡੋ ਏਸ ਫਕੀਰ ਦਾ ਕੀ ਹੈ? ਗੁਰੂ ਦੇ ਨਾਮ 'ਤੇ ਕੁਰਬਾਨੀਆਂ ਦੇਣੀਆਂ ਹਨ।

ਕਹਯੋ ਖਾਲਸੈ ਤੁਮ ਟਿਕ ਬਹਿ ਰਹੋ॥ ਹੁਣ ਖਾਲਸੇ ਨੇ ਕਿਹਾ ਤੂੰ ਬੈਠਾ ਰਹੁ ਐਥੇ, ਅਸੀਂ ਆਪਾਂ ਮਰਾਂਗੇ ਜਿਵੇਂ ਸਾਥੋਂ ਸਰਿਆ।

ਹਮ ਜੀਵਤ ਤੁਮ ਚਿੰਤ ਨ ਗਹੋ" ॥੨੮॥ ਤੂੰ ਚਿੰਤਾ ਨਾ ਕਰ ਸਾਡੇ ਜਿਉਂਦਿਆਂ ਦੀ, ਜਿੰਨਾਂ ਚਿਰ ਅਸੀਂ ਜਿਉਂਦੇ ਹਾਂ ਨਚਿੰਤ ਹੋ ਕੇ ਬੈਠਾ ਰਹੁ, ਕੋਈ ਨਹੀਂ ਤੈਨੂੰ ਕੁਛ ਕਹਿੰਦਾ, ਇਉਂ ਅੱਗੇ ਹੋ ਕੇ ਖਾਲਸਾ ਮੈਦਾਨ ਵਿਚ ਨਿੱਤਰਿਆ ਹੈ। ੨੮।

ਤਬ ਉਨ ਕੀਯੋ ਦਗਾ ਦਗ਼ਬਾਜ॥ (ਦਗਬਾਜ) ਛਲੀਆ, ਜੋ ਬਜੀਦੇ ਵਲੋਂ ਹਜ਼ਾਰ ਸਿਪਾਹੀ ਲੈ ਕੇ ਆਇਆ ਸੀ ਦਗ਼ੇਬਾਜ਼। ਜਦੋਂ ਧੋਖੇਬਾਜ਼ ਨੇ ਦੇਖਿਆ ਕਿ ਖੂਬ ਲੜਾਈ ਮੱਚ ਗਈ ਹੈ, ਉਦੋਂ ਪਿੱਠ ਵਿਖਾਈ ਉਸਨੇ, ਉਦੋਂ ਦਗਾ ਕੀਤਾ ਉਸਨੇ, ਭੱਜ ਚਲੋ ਓਇ ਜਾਨ ਬਚਾਈਏ ਆਪਣੀ।

ਡਾਰ ਲੂਟ ਚਲਯੋ ਪਿਛੇ ਭਾਜ॥ ਉਹ ਲੁੱਟ ਮਚਾ ਕੇ ਸਿੰਘਾਂ ਦੇ ਵਿਚ ਹੱਥੋ ਪਾਈ ਹੋ ਕੇ ਪਿਛੇ ਨੂੰ ਭੱਜਣ ਲੱਗਿਆ।

ਘੋੜੇ ਤੇ ਗਿਰ ਸੋ ਮਰਿ ਗਯੋ॥ ਬੰਦੇ ਨੇ ਉਸ ਛਲੀਏ ਨੂੰ ਪਹਿਲਾਂ ਕਹਿ ਦਿੱਤਾ ਸੀ ਤੂੰ ਖੋਟਾ ਦਿਲੋਂ ਸਾਬਤ ਤਾਂ ਹੈ ਤੂੰ ਰੰਘੜ ਹੈਂ ਹਿੰਦੂ ਕਹਾਉਂਦਾ, ਪਰ ਕੋਈ ਨਹੀਂ ਕਰਨੀ ਦਾ ਫਲ ਮਿਲ ਜਾਏਗਾ ਤੈਨੂੰ। ਜਦੋਂ ਪਿਛਾਂਹ ਨੂੰ ਭੱਜਿਆ ਤੇ ਉਦੋਂ ਹੀ ਰਕਾਬ 'ਚੋਂ ਪੈਰ ਨਿਕਲ ਗਿਆ ਤੇ ਉਲਟ ਕੇ ਕਾਠੀਓਂ ਥੱਲੇ ਜਾ ਡਿਗਿਆ, ਰਕਾਬ ਦੇ ਵਿਚ ਪੈਰ ਫਸ ਗਿਆ, ਘੋੜੇ ਦੇ ਨਾਲ ਲਮਕਦਾ, ਘੜੀਸਦਾ ਘੜੀਸਦਾ ਬੁਰੀ ਮੌਤ ਮਰ ਗਿਆ ਤੜਫ ਤੜਫ ਕੇ, ਨਾਲ ਹੀ ਟੰਗਿਆ ਰਹਿ ਗਿਆ ਕਾਠੀ ਦੇ।

ਉਨ ਜੋ ਕੀਤੋ ਸੋ ਉਨ ਪਯੋ ॥੨੯॥ ਜਿਵੇਂ ਉਨ੍ਹੇ ਧੋਖਾ ਕੀਤਾ ਸੀ ਉਹਦਾ ਫਲ ਪ੍ਰਾਪਤ ਹੋ ਗਿਆ ਉਸਨੂੰ। ੨੯।

ਦੋਹਰਾ॥ ਹਸਿ ਬੰਦੇ ਘੋੜੋ ਮੰਗਯੋ, ਕਹਿ 'ਮਾਲਕ ਪਹੁੰਚਯੋ ਆਇ॥ ਜਦੋਂ ਇਹ ਧੋਖੇਬਾਜ ਨੱਠ ਗਿਆ, ਸਿੰਘਾਂ ਦਾ ਮੋਰਚਾ ਨਾ ਹਿੱਲਿਆ, ਸਿੰਘ ਡਟੇ ਰਹੇ, ਤਾਂ ਉਦੋਂ ਬੰਦਾ ਉਠਿਆ ਆਸਣ ਤੋਂ ਕਹਿੰਦਾ ਲਿਆਉ ਘੋੜਾ ਮੇਰਾ, ਮੇਰਾ ਮਾਲਕ ਆ ਗਿਆ ਹੁਣ, ਮੈਨੂੰ ਆਗਿਆ ਹੋ ਗਈ ਹੈ ਹੁਣ, ਲਿਆਉ ਘੋੜਾ ਸਵਾਰ ਹੋ ਕੇ ਮੈਂ ਅੱਗੇ ਲੱਗਾਂ।

ਮਾਰੋ ਲੇਵੋ ਲੂਟ' ਕਹਿ, ਦਯੋ ਸੁ ਤੀਰ ਚਲਾਇ॥੩੦॥ ਕਹਿੰਦਾ ਤਕੜੇ ਹੋ ਜਾਓ ਖਾਲਸਾ ਜੀ! ਹੁਣ ਆਪਣਾ ਟਾਇਮ ਆ ਗਿਆ ਹੈ, ਉਹਨੇ ਸਤਿਗੁਰਾਂ ਦਾ ਬਖਸ਼ਿਆ ਹੋਇਆ ਤੀਰ ਰਖਿਆ ਕਮਾਣ ਦੇ ਵਿਚ ਅਤੇ ਚਲਾ ਦਿੱਤਾ ਕਹਿੰਦਾ ਹੁਣ ਲੁੱਟੋ ਤੇ ਮਾਰੋ ਹੁਣ ਲੜਾਈ ਆਪਣੇ ਹੱਥ ਹੈ, ਹੁਣ ਤੁਹਾਨੂੰ ਕਿਸੇ ਨਾਲ ਲੜਨ ਦੀ ਲੋੜ ਨਹੀਂ, ਵਾਹਿਗੁਰੂ ਕਹਿ ਕੇ ਉਸਨੇ ਤੀਰ ਛੱਡ ਦਿੱਤਾ ਸਤਿਗੁਰਾਂ ਦਾ। ੩੦।

ਚੌਪਈ॥ ਚਲਤ ਤੀਰ ਉਨ ਘੱਟਾ ਉਠਾਯੋ॥ ਤੀਰ ਚਲਣ ਦੀ ਦੇਰ ਸੀ ਕਿ ਕੀ ਦੇਖਦੇ ਹਨ? ਹਵਾ ਦਾ ਰੁਖ ਦੁਸ਼ਮਣ ਵੱਲ ਨੂੰ ਹੋ ਗਿਆ, ਤੇਜ ਹਨੇਰੀ ਤੁਫਾਨ ਨਾਲ ਬਹੁਤ ਜਿਆਦਾ ਮਿੱਟੀ ਘੱਟਾ ਉਠਿਆ ਹੈ।

ਤੁਰਕਨ ਕੀ ਸੋ ਅੱਖੀਂ ਪਾਯੋ॥ ਉਹ ਮਿੱਟੀ ਘੱਟਾ ਤੁਰਕਾਂ ਦੀਆਂ ਅੱਖਾਂ ਵਿਚ ਪੈ ਗਿਆ, ਜਦੋਂ ਸਾਹਮਣਿਓਂ ਮੂੰਹ 'ਤੇ ਆਕੇ ਵੱਜੀ ਮਿੱਟੀ।

ਉਸੀ ਘੱਟੇ ਸੋਂ ਅੰਧੇ ਭਏ॥ ਘੱਟਾ ਐਨਾ ਜਿਆਦਾ ਪਿਆ ਅੱਖਾਂ ਦੇ ਵਿਚ, ਅੰਨ੍ਹੇ ਹੋ ਗਏ ਹਨ ਤੁਰਕ।

ਆਪਸ ਮੈਂ ਲਰਿ ਕੈ ਮਰਿ ਗਏ॥੩੧॥ ਤੁਰਕਾਂ ਨੇ ਵੇਖਿਆ ਕਿ ਇਹ ਕੀ ਬਣਿਆ ਸਾਡੇ ਨਾਲ? ਦਿਸਦਾ ਤਾਂ ਹੈ ਨਹੀਂ, ਆਪਸ ਵਿਚ ਤਲਵਾਰਾਂ, ਬਰਛੇ ਆਦਿਕ ਸ਼ਸਤ੍ਰ ਚਲ ਰਹੇ ਸਨ, ਇਕ ਦੂਜੇ ਦੇ ਠੋਕਣ ਡਹਿ ਪਏ ਆਪਸ ਵਿਚੀਂ ਲੜਾਈ ਪੈ ਗਈ, ਸਿੰਘ ਆ ਪਏ ਹਨ ਸਾਨੂੰ, ਇਉਂ ਉਨ੍ਹਾਂ ਨੂੰ ਪ੍ਰਤੀਤ ਹੋਇਆ, ਬਸ ਜਿਹੜਾ ਮੂਹਰੇ ਆਇਆ ਉਸ ਨੂੰ ਲੰਘਾ ਦਿੱਤਾ ਪਾਰ ਉਨ੍ਹਾਂ ਨੇ, ਆਪ ਹੀ ਇਕ ਦੂਜੇ ਨੂੰ ਮਾਰ ਕੇ ਮਰਨ ਲੱਗ ਪਏ। ੩੧।

ਤਹੀਂ ਹਕਾਰ ਖਾਲਸੈ ਦਯੋ॥ ਉਥੇ ਹੀ ਖਾਲਸੇ ਨੂੰ ਲੜਾਈ ਵਿਚ ਝੋਕ ਦਿੱਤਾ, ਕਿ ਤੱਕੜੇ ਹੋ ਜਾਉ ਖਾਲਸਾ ਜੀ! ਛੱਡਣਾ ਨਹੀਂ ਹੁਣ ਇਨ੍ਹਾਂ ਨੂੰ।

ਜਨ ਸਿਧਿ ਇਜੜ ਸ਼ੇਰ ਸੁ ਭਯੋ॥ ਸਿੰਘ ਇਉਂ ਫੌਜ ਵਿਚ ਜਾ ਵੜੇ, ਜਿਵੇਂ ਸ਼ੇਰ ਇੱਜੜ ਵਿਚ ਭਾਜੜ ਪਾ ਦਿੰਦਾ ਹੈ, ਪਾੜ ਪਾੜ ਬੱਕਰੀਆਂ ਨੂੰ ਸੁੱਟੀ ਜਾਂਦਾ ਹੈ। ਇਉਂ ਸਿੰਘ ਉਨ੍ਹਾਂ ਨੂੰ ਮਾਰਨ ਲੱਗ ਪਏ ਹਨ।

ਜੋ ਤੁਰਕਨ ਕੇ ਲਭੇ ਸਰਦਾਰ॥ ਸਿੰਘਾਂ ਨੂੰ ਜੋ ਤੁਰਕਾਂ ਦੇ ਹਾਕਮ ਸਨ, ਜੋ ਮੂਹਰੇ ਹੋ ਕੇ ਲੜਾ ਰਹੇ ਸਨ ਫੌਜ ਨੂੰ ਉਹ ਲੱਭੇ।

ਤੇਊ ਖਾਲਸੈ ਦੀਨੇ ਮਾਰ॥੩੨॥ ਉਹ ਤਾਂ ਤੁਰਤ ਹੀ ਝਟਕਾ ਦਿੱਤੇ ਜਿੰਨੇ ਵੀ ਮਿਲੇ। ੩੨।

ਤਹਾਂ ਬਜੀਰਾ ਸਸਕਤਿ ਪਯਾ॥ ਜਦੋਂ ਖਾਲਸਾ ਅੱਗੇ ਨੂੰ ਹੋਇਆ, ਤਾਂ ਦੇਖਿਆ ਕਿ ਬਜ਼ੀਦ ਖਾਂ ਜਖ਼ਮੀ ਹੋਇਆ ਸਹਿਕਦਾ ਪਿਆ ਹੈ।

ਕਿਲਾ ਗਡ ਕੋਊ ਅਗੈ ਗਯਾ॥ ਦੱਸਦੇ ਨੇ ਇਹਦੇ ਉਤੇ ਸਿੰਘਾਂ ਨੂੰ ਐਨਾ ਜਿਆਦਾ ਗੁੱਸਾ ਸੀ ਕਿ ਇਹਦੀ ਗੁਦਾ ਦੇ ਵਿਚ ਕਿੱਲਾ ਗੱਡ ਕੇ ਲੈ ਗਏ ਹਨ ਅੱਗੇ ਨੂੰ।

ਬੰਦੇ ਵਹੜਨ ਸਾਥ ਘਿਸੜਾਯਾ॥ ਅੜਕ ਵਹਿੜਕੇ ਲਿਆਂਦੇ ਉਹਨਾਂ ਨਾਲ ਨਰੂੜ ਲਿਆ ਬਜ਼ੀਦ ਖਾਂ ਨੂੰ ਤੇ ਘੜੀਸਿਆ ਇਸਨੂੰ ਚੰਗੀ ਤਰ੍ਹਾਂ, ਅੜਕ ਵਹਿੜਕੇ ਸਨ ਐਧਰ ਨੂੰ ਭੱਜ ਗਏ ਉਧਰ ਨੂੰ ਭੱਜ ਗਏ। ਇਉਂ ਘੜੀਸਦੇ ਧੂੰਹਦੇ ਉਹਨੂੰ ਲੈ ਗਏ ਸਰਹੰਦ ਨੂੰ।

ਫੇਰ ਅਗਨ ਮੈਂ ਉਸੇ ਸੜਾਯਾ॥੩੩॥ ਫੇਰ ਉਸਦੀ ਬਹੁਤ ਦੁਰਦਸ਼ਾ ਕਰਕੇ ਉਸਨੂੰ ਜਿਉਂਦੇ ਨੂੰ ਅੱਗ ਲਾ ਕੇ ਫੂਕ ਦਿੱਤਾ ਸਤਿਗੁਰਾਂ ਨੇ ਹੁਕਮ ਦਿੱਤਾ ਸੀ ਕਿ ਉਹਦਾ ਮੁਰਦਾ ਖਰਾਬ ਕਰਨਾ ਹੈ। ੩੩।

ਦੋਹਰਾ॥ ਇਤੀ ਬਜੀਰਾ ਮਾਰਿਓ, ਜੇਠ ਸੁਦੀ ਕੇ ਮਾਹਿ॥ ਜੇਠ ਮਹੀਨੇ ਦੀ ਸੁਦੀ ਸੀ ਚਾਨਣਾ ਪੱਖ ਸੀ, ਉਸ ਮਹੀਨੇ ਵਿਚ ਇਹ ਸਾਕਾ ਹੋਇਆ, ਪੂਰੀਆਂ ਗਰਮੀਆਂ ਸਨ ਜ਼ੋਰਾਂ ਤੇ, ਜਦੋਂ ਬਜ਼ੀਦ ਖਾਂ ਮਾਰ ਕੇ ਸਰਹੰਦ ਨੂੰ ਫਤ੍ਹੇ ਕੀਤਾ ਹੈ।

ਸੱਤ੍ਰਾਂ ਸੈਅ ਸਤਾਸਠੇ, ਚਪੜ ਚਿੜੀ ਕੇ ਪਾਹਿ॥੩੪॥ (੧੭੬੭) ਸਤਾਰਾਂ ਸੌ ਸਤਾਹਟ ਸੰਮਤ ਬਿਕ੍ਰਮੀ ਸੀ ਉਸ ਮੌਕੇ, ਇਹ ਚਪੜ ਚਿੜੀ ਜਿਹੜੀ ਵਜਦੀ ਹੈ ਸਰਹੰਦ ਤੋਂ ਬਾਹਰ ਨਿਕਲਕੇ ਜੋ ਜੰਗ ਦਾ ਮੈਦਾਨ ਸੀ ਖਰੜ ਵੱਲ ਏਸ ਮੈਦਾਨ ਵਿਚ ਮਾਰਿਆ ਬਜ਼ੀਦੇ ਨੂੰ। ੩੪।

ਅਥ ਗੁਰ ਪੰਥ ਪ੍ਰਕਾਸ ਗ੍ਰੰਥੇ॥

ਪ੍ਰਸੰਗ ਬੰਦੈ ਸ਼ਹਿਰ ਦਾਖਲੇ ਹੋਣੈ ਕੋ ਲਿਖਯਤੇ॥

ਬੰਦੇ ਦਾ ਸ਼ਹਿਰ ਵਿਚ ਦਾਖਲ ਹੋਣਾ।

(ਸਰਹੰਦ ਵਿਚ ਦਾਖਲ ਹੋਏ ਪਰ ਸਰਹੰਦ ਨਾ ਲੁਟੀ)

ਦੋਹਰਾ॥ ਸ਼ਹਰ ਮਾਹਿ ਦਾਖਲ ਕੀਯੋ, ਬਾਜ ਸਿੰਘ ਜਿਹ ਨਾਮ॥ ਭਾਈ ਬਾਜ ਸਿੰਘ ਬਲ ਗੋਤ ਦਾ ਮੀਰ ਪੁਰ (ਪੱਟੀ) ਵਾਲਾ, ਚਾਰੇ ਸਕੇ ਭਰਾ ਜਿਹੜੇ ਮਹਾਂਬਲੀ ਸੂਰਮੇ ਸਨ, ਸਤਿਗੁਰਾਂ ਨੇ ਨਾਲ ਭੇਜੇ ਸਨ ਇਸਨੂੰ ਬੰਦੇ ਬਹਾਦਰ ਨੇ ਆਪਣੀ ਫੌਜ ਦਾ ਫੌਜਦਾਰ ਬਣਾਇਆ ਸੀ। ਇਹ ਖਾਲਸੇ ਦੀ ਫੌਜ ਲੈ ਕੇ ਸਰਹੰਦ ਵਿਚ ਜਾ ਦਾਖਲ ਹੋਇਆ ਹੈ।

ਜਾਤਿ ਬੱਲ ਜਟ ਬੰਸ ਥੋ, ਮੀਰ ਪੱਟੀ ਉਸ ਗ੍ਰਾਮ॥੧॥ ਜੱਟ ਬੰਸ ਵਿਚੋਂ ਬੱਲ ਗੋਤ ਦਾ ਸੀ, ਮੀਰਪੁਰ ਪੱਟੀ ਉਸਦਾ ਪਿੰਡ ਸੀ। ੧।

ਚੌਪਈ॥ ਥੋ ਬੰਦੇ ਨੇ ਦਿਵਾਨ ਬਣਾਯਾ॥ ਬਾਜ ਸਿੰਘ ਨੂੰ ਬੰਦੇ ਬਹਾਦਰ ਨੇ ਆਪਣਾ ਵਜ਼ੀਰ ਥਾਪਿਆ ਹੋਇਆ ਸੀ।

ਲਭਯੋ ਮਾਲ ਸਭ ਉਸ ਸੌਂਪਾਇਆ॥ ਜਦੋਂ ਖਾਲਸੇ ਪੰਥ ਨੇ ਕਿਲ੍ਹੇ 'ਤੇ ਕਬਜ਼ਾ ਕਰ ਲਿਆ, ਕਿਲ੍ਹੇ ਵਿਚ ਸ਼ਾਹੀ ਖਜ਼ਾਨੇ ਭਰੇ ਹੋਏ ਸਨ, ਜੋ ਮਾਲ ਲੱਭਿਆ, ਸਾਰਾ ਲਿਜਾ ਕੇ ਬੰਦੇ ਬਹਾਦਰ ਦੇ ਹਵਾਲੇ ਕਰ ਦਿੱਤਾ, ਸਾਰਾ ਸਾਮਾਨ ਲੁਟ ਦਾ ਬੰਦੇ ਬਹਾਦਰ ਨੇ ਉਹਨੂੰ ਸੰਭਾਲਿਆ ਹੈ।

ਭਾਰੇ ਭਾਈ ਥੇ ਅਤਿ ਸੂਰੇ॥ ਭਾਈ ਬਾਜ ਸਿੰਘ ਹੋਰੀਂ ਚਾਰ ਭਾਈ ਸਨ ਬੜੇ ਜੋਧੇ ਸੂਰਮੇ।

ਦੁਇ ਠਾਣੀ ਦੁਇ ਰਹੈਂ ਹਜ਼ੂਰੇ॥੨॥ ਦੋ ਭਰਾ ਸਯਾਮ ਸਿੰਘ ਤੇ ਬਾਜ ਸਿੰਘ ਇਹ ਤਾਂ ਬੰਦੇ ਬਹਾਦਰ ਦੇ (ਹਜ਼ੂਰੇ) ਕੋਲ ਰਹਿੰਦੇ ਸਨ ਹਜ਼ੂਰੀ ਵਿਚ ਅਤੇ ਦੋ ਸਰਹੰਦ ਪ੍ਰਗਣੇ ਦਾ ਇੰਤਜ਼ਾਮ ਕਰਨ ਵਾਸਤੇ ਠਾਣਿਆਂ ਦਾ ਪ੍ਰਬੰਧ ਕਰਨ ਵਿਚ ਰਹਿੰਦੇ ਸਨ। ਜਿਵੇਂ ਅੱਜ ਕਲ੍ਹ ਐਸ. ਐਸ. ਪੀ. ਅਫਸਰ ਹੁੰਦਾ ਹੈ। ਇਸ ਤਰ੍ਹਾਂ ਲੱਗੇ ਹੋਏ ਸਨ ਇਹ ਦੋਵੇਂ। ੨।

ਦੋਹਰਾ॥ ਬਾਜ ਸਿੰਘ ਔ ਰਾਮ ਸਿੰਘ, ਕੋਇਰ ਸਿੰਘ ਸਿਆਮ॥ ਭਾਈ ਬਾਜ ਸਿੰਘ ਜੀ, ਭਾਈ ਰਾਮ ਸਿੰਘ ਜੀ, ਭਾਈ ਕੋਇਰ ਸਿੰਘ ਜੀ ਤੇ ਭਾਈ ਸਯਾਮ ਸਿੰਘ ਜੀ, ਇਹ ਚਾਰੇ ਭਾਈਆਂ ਦੇ ਨਾਮ ਸਨ।

ਤਿਨ ਕੋ ਬਾਵਨੀ ਸਭ ਦਈ, ਔ ਦਯੋ ਬੰਦੈ ਸਭ ਕਾਮ॥੩॥ ਇਹ ਜੋ (ਬਾਵਨੀ) ਬਵੰਜਾ ਲੱਖ ਦੀ ਆਮਦਨੀ ਵਾਲਾ ਸਰਹੰਦ ਦਾ (ਪ੍ਰਗਣਾ) ਏਰੀਆ ਸੀ, ਇਹ ਸਾਰਾ ਇਹਨਾਂ ਚੌਹਾਂ ਭਰਾਵਾਂ ਨੂੰ ਸੌਂਪ ਦਿੱਤਾ, ਹੋਰ ਜਿਹੜਾ ਕੰਮ ਸੀ ਏਥੋਂ ਦਾ ਉਹ ਸਾਰਾ ਬੰਦੇ ਬਹਾਦਰ ਨੇ ਭਾਈ ਬਾਜ ਸਿੰਘ ਨੂੰ ਦੇ ਦਿੱਤਾ ਹੈ, ਭਾਈ ਬਾਜ ਸਿੰਘ ਨੂੰ ਸਰਹੰਦ ਦਾ ਸੂਬੇਦਾਰ ਬਣਾ ਦਿੱਤਾ ਹੈ। ੩।

ਚੌਪਈ॥ ਆਲੀ ਸਿੰਘ ਨਾਇਬ ਠਹਿਰਾਯਾ॥ ਭਾਈ ਆਲੀ ਸਿੰਘ ਜੀ ਜੋ ਸਿੰਘਾਂ ਦੀ ਸਲੋਦੀ ਪਿੰਡ ਦੇ ਸਨ, ਉਹ ਨਾਇਬ ਸੂਬੇਦਾਰ ਬਣਾਏ ਗਏ ਸਰਹੰਦ ਦੇ, ਛੋਟੇ ਸੂਬੇਦਾਰ ਨਿਯੁਕਤ ਹੋਏ ਸਰਹੰਦ ਦੇ। ਜੇ ਵੱਡੇ ਸੂਬੇਦਾਰ ਨੇ ਕਿਤੇ ਜਾਣਾ ਹੋਵੇ ਤਾਂ ਪਿਛੋਂ ਨਾਇਬ ਦਾ ਇੰਤਜਾਮ ਹੁੰਦਾ ਹੈ, ਜੋ ਛੋਟਾ ਸੂਬੇਦਾਰ ਹੁੰਦਾ ਹੈ।

ਮੁਲਕ ਬਾਵਨੀ ਉਨ ਉਗਰਾਯਾ॥ (ਬਾਵਨੀ) ਜੋ ਬਵੰਜਾ ਲੱਖ ਦੀ ਆਮਦਨੀ ਵਾਲਾ ਸਰਹੰਦ ਦਾ ਪ੍ਰਗਣਾ ਹੈ, ਉਹ ਸਾਰੇ ਮਾਮਲੇ ਦੀ ਉਗਰਾਹੀ ਦਾ ਪ੍ਰਬੰਧ ਭਾਈ ਆਲੀ ਸਿੰਘ ਨੂੰ ਸੌਂਪਿਆ, ਉਸਨੇ ਸਾਰਾ ਇਲਾਕਾ ਉਗਰਾਹਿਆ ਹੈ।

ਬੰਦਾ ਸ੍ਰਿਹੰਦੈ ਦਾਖਲ ਭਯੋ॥ ਬੰਦਾ ਬਹਾਦਰ ਸਰਹੰਦ ਦੇ ਕਿਲ੍ਹੇ ਵਿਚ ਦਾਖਲ ਹੋ ਗਿਆ ਹੈ।

ਬਜੀਰੈ ਮਾਲ ਸੁ ਬੰਦਬਸਤ ਕਯੋ॥੪॥ ਜਿਤਨਾ ਵੀ ਬਜੀਦ ਖਾਂ ਦਾ ਮਾਲ ਧਨ ਸੀ , ਉਸ ਸਾਰੇ ਦਾ ਬੰਦੋਬਸਤ ਕੀਤਾ

ਇੰਤਜ਼ਾਮ ਕਰ ਲਿਆ। ੪।

ਸ਼ਹਰ ਰੁਕਯੋ ਸੋ ਲੁੱਟਯੋ ਨਾਹੀਂ॥ ਸਤਿਗੁਰੂ ਦਾ ਹੁਕਮ ਸੀ ਕਿ ਸ਼ਹਿਰ ਸਰਹੰਦ ਨੂੰ ਲੁੱਟਣਾ ਹੈ, ਅਤੇ ਇਹਨੂੰ ਬਰਬਾਦ ਕਰਨਾ, ਕੋਈ ਏਥੋਂ ਦੀ ਅਟਾਰੀ ਇਮਾਰਤ ਰਹਿਣ ਨਹੀਂ ਦੇਣੀ, ਇਥੋਂ ਬੰਦਾ ਉੱਕ ਗਿਆ ਹੈ, ਪਹਿਲੀ ਗੱਲ ਤੋਂ ਉੱਕ ਗਿਆ ਹੈ, ਬਜ਼ੀਦੇ ਨੂੰ ਤਾਂ ਮਾਰ ਲਿਆ ਇਹਨੇ ਬੜਾ ਖੁਆਰ ਕਰ ਕੇ, ਹੁਣ ਜਦੋਂ ਸ਼ਹਿਰ ਦੀਆਂ ਦੇਖੀਆਂ ਨੇ ਅਟਾਰੀਆਂ ਮਹੱਲ, ਕਚਹਿਰੀਆਂ ਤੇ ਕਿਲ੍ਹੇ ਮਜਬੂਤ ਦੇਖੇ, ਕਿੰਨੇ ਸੋਹਣੇ ਸਜੇ ਧਜੇ, ਇਥੇ ਆ ਕੇ ਮਨ ਵਿਚ ਲੋਭ ਆ ਗਿਆ, ਆਪਾਂ ਏਥੋਂ ਦੀਆਂ ਸੂਬੇਦਾਰੀਆਂ ਕਰਾਂਗੇ, ਸਰਦਾਰੀਆਂ ਕਰਾਂਗੇ, ਸਰਕਾਰ ਆਪਦੀ ਬਣਾਵਾਂਗੇ, ਏਥੋਂ ਮਨ ਹਿੱਲ ਗਿਆ ਲੋਭ ਵਿਚ ਆ ਗਿਆ ਅਤੇ ਇਸ ਨੇ ਸਰਹੰਦ ਨੂੰ ਢਾਹੁਣ ਤੋਂ ਸਿੰਘਾਂ ਨੂੰ ਵਰਜ ਦਿੱਤਾ ਇਹਨੂੰ ਢਾਹੁਣਾ ਨਹੀਂ ਬਰਬਾਦ ਨਹੀਂ ਕਰਨਾ, ਇਹਨੂੰ ਜਿਉਂ ਕਾ ਤਿਉਂ ਰੱਖ ਲਉ, ਅਤੇ ਲੁਟਿਆ ਵੀ ਨਹੀਂ।

ਚੂਕ ਗਯੋ ਸੁ ਵਖਤ ਪਛੁਤਾਹੀ॥ ਉਹ ਉੱਕ ਗਿਆ ਉਥੋਂ, (ਚੂਕ) ਗਲਤੀ, ਜਦੋਂ ਸਮੇਂ ਤੋਂ ਉੱਕ ਗਿਆ ਸਮਾਂ ਲੰਘ ਗਿਆ ਫਿਰ ਪਛਤਾਉਣਾ ਹੀ ਹੈ ਮਗਰੋਂ ਉਹ ਪਛਤਾਵਾ ਰਹਿ ਗਿਆ, ਓ ਹੋ! ਇਹ ਸਤਿਗੁਰਾਂ ਦੇ ਹੁਕਮ ਦੀ ਪਾਲਣਾ ਨਹੀਂ ਹੋਈ ਮੈਥੋਂ ਉਸ ਮੌਕੇ ਬੰਦਾ ਬਹਾਦਰ ਨੇ ਬਚਾਉ ਕਰ ਲਿਆ ਜਿਹੜੀ ਬਚਾਉਣੀ ਨਹੀਂ ਸੀ।

ਸਤਿਗੁਰ ਬਚਨ ਥੋ ਸ਼ਹਿਰ ਉਜੜਾਵਨ॥ ਸਤਿਗੁਰੂ ਜੀ ਦਾ ਬਚਨ ਸ਼ਹਿਰ ਉਜਾੜਨਾ ਚਾਹੀਦਾ, ਇਹਨੂੰ ਰੱਖਣਾ ਨਹੀਂ ਚਾਹੀਦਾ ਸ਼ਹਿਰ ਨੂੰ, ਅਤੇ ਬੰਦੇ ਨੇ ਬਚਾ ਲਿਆ।

ਲੂਟ ਕੂਟ ਭੁਇ ਸੰਗ ਮਿਲਾਵਨ॥੫॥ ਇਹਨੂੰ ਲੁਟ ਕੇ ਕੁੱਟ ਕੇ ਧਰਤੀ ਦੇ ਨਾਲ ਮਿਲਾ ਦੇਣਾ, ਨਿਉਂ ਵੀ ਨਹੀਂ ਰਹਿਣ ਦੇਣੀ, ਇਹਦੀਆਂ ਜੜ੍ਹਾਂ ਪੁੱਟ ਦੇਣੀਆਂ ਹਨ। ਇਸ ਧਰਤੀ ਦੇ ਉਤੇ ਜ਼ੁਲਮੀ ਹੋਈ ਹੈ ਸਾਹਿਬਜ਼ਾਦੇ ਸ਼ਹੀਦ ਹੋਏ ਨੇ, ਏਥੇ। ਸਤਿਗੁਰਾਂ ਦੇ ਬਚਨ ਨੂੰ ਇਹਨੇ ਮੋੜਾ ਪਾਇਆ ਬੰਦੇ ਬਹਾਦਰ ਨੇ ਉਹ ਨਾ ਕਰਕੇ ਵਿਖਾਇਆ। ੫।

ਸੋਰਠਾ॥ ਭੂਲ ਗਯੋ ਵਹਿ ਕਾਰ, ਸਤਿਗੁਰਿ ਭੇਜਯੋ ਜਿਮ ਕਹੀ॥ ਜਿਵੇਂ ਸਤਿਗੁਰਾਂ ਨੇ ਹੁਕਮ ਦੇ ਕੇ ਭੇਜਿਆ ਸੀ, ਉਸ (ਕਾਰ) ਸੇਵਾ ਤੋਂ ਭੁੱਲ ਗਿਆ ਇਹ, ਉੱਕ ਗਿਆ ਏਸ ਨਿਸ਼ਾਨੇ ਤੋਂ।

ਤੌ ਹੀ ਭਯੋ ਖੁਆਰ, ਸ਼ਹਿਰ ਸ੍ਰਾਪ ਉਨ ਰੱਖਿਓ॥੬॥ ਤਾਹੀਓਂ ਖੁਆਰ ਹੋਇਆ ਬੰਦਾ, ਕਿਉਂਕਿ ਏਸ ਸ਼ਹਿਰ ਨੂੰ ਸਰਾਪ ਹੋਇਆ ਸਤਿਗੁਰਾਂ ਦਾ, ਏਹਨੂੰ ਤਾਂ ਖਾਕ ਨਾਲ ਮਿਲਾ ਦੇਣਾ ਇਹਦੇ ਤੇ ਗਧਿਆਂ ਨਾਲ ਹਲ ਵਾਹੁਣੇ ਹਨ। ਇਸ ਨੇ ਜਿਉਂ ਕਾ ਤਿਉਂ ਰੱਖਿਆ ਉਸਨੂੰ, ਏਸ ਜਗ੍ਹਾ ਤੋਂ ਭੁੱਲ ਗਿਆ ਉਹ। ੬।

ਚੌਪਈ॥ ਬੰਦੇ ਸ਼ਹਿਰ ਸੁ ਰਖਯੋ ਬਚਾਈ॥ ਜਦੋਂ ਭਰਿਆ ਹੋਇਆ ਸ਼ਹਿਰ ਬੰਦੇ ਨੇ ਰੱਖ ਲਿਆ, ਫੇਰ ਸਰਾਪੇ ਹੋਏ ਸ਼ਹਿਰ ਦਾ ਸਰਾਪ ਉਹਦੇ ਤੇ ਹੀ ਪੈਣਾ ਸੀ, ਜਿਹੜਾ ਰੱਖੇਗਾ ਭਾਈ, ਦੂਜੇ ਤੇ ਕਿਵੇਂ ਪਵੇਗਾ।

ਦਈ ਟਕਿਅਨ ਉਗਰਾਹੀ ਪਾਈ॥ ਇਸ ਸ਼ਹਿਰ ਨੂੰ ਲੁੱਟਿਆ ਨਹੀਂ ਵੱਡੇ ਅਮੀਰਾਂ ਨੂੰ ਕਹਿ ਕੇ, ਉਗਰਾਹੀ ਸ਼ੁਰੂ ਕਰ ਦਿੱਤੀ ਹੈ ਟਕਿਆਂ ਦੀ।

ਹਿੰਦੂ ਕਾਰ ਸੁ ਦਾਰ ਬਨਾਏ॥ ਇਹ ਹਿੰਦੂਆਂ ਨੂੰ ਕਾਰਦਾਰ ਬਣਾ ਦਿੱਤਾ, ਇੰਤਜ਼ਾਮੀਆਂ ਬਣਾ ਦਿੱਤਾ। ਲੈ ਤੁਸੀਂ ਉਗਰਾਹੀ ਪਾਉ, ਲਿਆਉ ਇਕੱਠਾ ਕਰ ਕੇ ਧਨ।

ਮੁਸਲਮਾਨ ਲੁਕਿ ਛਪਿ ਬਚਾਏ॥੭॥ ਮੁਸਲਮਾਨ ਹਿੰਦੂਆਂ ਦੇ ਘਰਾਂ ਵਿਚ ਲੁਕ ਛਿਪ ਕੇ ਬਚੇ ਹਨ, ਬਾਕੀ ਸਭ ਸਿੰਘਾਂ ਦੀ ਤੇਗ ਦੀ ਭੇਟ ਹੋ ਗਏ। ੭।

ਦੋਹਰਾ॥ ਬਾਜ ਸਿੰਘ ਘੋੜੇ ਚੜ੍ਹੈ, ਪਗ ਤੁਰਕੈ ਸੀਸ ਟਿਕਾਇ॥ ਵੇਖ ਲਉ ਤੱਤ ਖਾਲਸਾ ਹੈ ਬਾਜ ਸਿੰਘ, ਸਤਿਗੁਰਾਂ ਦਾ ਸਜਾਇਆ ਹੋਇਆ ਅੰਮ੍ਰਿਤਧਾਰੀ ਹੈ। ਹੁਣ ਬਾਜ ਸਿੰਘ ਦੀ ਕੀ ਨੀਤੀ ਹੈ ਜਦੋਂ ਘੋੜੇ ਤੇ ਸਵਾਰ ਹੁੰਦਾ ਹੈ ਨਾ, ਫੌਜ ਤੋਂ ਪ੍ਰੇਡ ਲੈਣ ਵਾਸਤੇ, ਜਾਂ ਕਿਸੇ ਪਾਸੇ ਚੜ੍ਹਾਈ ਕਰਨੀ ਹੋਵੇ, ਤਾਂ ਉਦੋਂ ਤੁਰਕ ਨੂੰ ਇਕ ਨੂੰ ਪੇਸ਼ ਕਰ ਦਿੰਦੇ, ਉਹ ਸਿਰ ਝਟਕਾ ਕੇ, ਉਹਦੇ ਸਿਰ ਤੇ ਪੈਰ ਰੱਖ ਕੇ ਫੇਰ ਘੋੜੇ ਦੀ ਰਕਾਬ ਵਿਚ ਪੈਰ ਪਾ ਕੇ ਘੋੜੇ ਤੇ ਸਵਾਰ ਹੁੰਦਾ

ਹੈ, ਇਹ ਰੋਜ਼ ਦਾ ਨਿਯਮ ਕਰ ਲਿਆ ਇਕ ਤੁਰਕ ਰੋਜ਼ ਮਾਰ ਕੇ ਫੇਰ ਘੋੜੇ ਸਵਾਰ ਹੋਣਾ।

ਸ਼ਹਰ ਬਾਵਨ ਮਧ ਬਾਵਨੀ, ਤਹਿੰ ਤੁਰਕ ਦਏ ਭਜਾਇ॥੮॥ ਇਥੇ ਸ਼ਹਿਰ ਵਿਚ ਤੇ ਇਹਦੇ (ਬਾਵਨੀ) ਪ੍ਰਗਣੇ, ਇਲਾਕੇ ਵਿਚ, ਕੋਈ ਤੁਰਕ ਨਹੀਂ ਛੱਡਿਆ, ਬਾਕੀ ਡਰਦੇ ਮਾਰੇ ਭੈ ਭੀਤ ਹੋ ਕੇ ਡਰ ਕੇ ਭੱਜ ਗਏ। ਪਤਾ ਨਹੀਂ ਕਿਹਦੀ ਵਾਰੀ ਆ ਜਾਏ ਤੇ ਪਤਾ ਨਹੀਂ ਕਦੋਂ ਫੜ ਕੇ ਲੈ ਜਾਣਾ ਸਿੰਘਾਂ ਨੇ ਰੋਜ਼ ਝਟਕਾਉਂਦੇ ਹਨ ਇਕ ਨੂੰ। ਇਉਂ ਸਾਰਾ ਸਰਹੰਦ ਸ਼ਹਿਰ ਆਪੇ ਹੀ ਖਾਲੀ ਹੋ ਗਿਆ, ਡਰਦੇ ਮਾਰੇ ਤੁਰਕ ਭੱਜ ਕੇ ਖਾਲੀ ਕਰ ਗਏ ਸਰਹੰਦ ਨੂੰ। ੮।

ਛੱਤੀ ਲਖ ਕੋ ਪਰਗਣੋ, ਪਲ ਮੈਂ ਲਿਯੋ ਛੁਡਵਾਇ॥ ਛੱਤੀ ਲੱਖ ਰੁਪਏ ਦਾ ਪ੍ਰਗਣਾ ਸੀ, ਛੱਤੀ ਲੱਖ ਰੁਪਏ ਦਾ ਸਲਾਨਾ ਮਾਮਲਾ ਸੀ, ਅੱਜ ਤਾਂ ਕੋਈ ਗਿਣਤੀ ਨਹੀਂ ਛੱਤੀ ਲੱਖ ਦੀ, ਇਕ ਇਕ ਬੰਦੇ ਕੋਲ ਹੈ। ਸਾਰਾ ਪਰਗਣਾ ਇਲਾਕਾ ਇਕ ਪਲ ਵਿਚ ਹੀ ਛੁਡਾ ਲਿਆ।

ਬੰਦੇ ਕਹਯੋ ਸਦ ਖਾਲਸੇ, ਲੁੱਟ ਤੁਰਕਨ ਕੋ ਲਿਓ ਖਾਇ॥੯॥ ਉਹ ਜਿਹੜਾ ਸਰਕਾਰੀ ਸ਼ਾਹੀ ਧਨ ਸੀ ਉਹਨੂੰ ਤਾਂ ਬਚਾ ਲਿਆ ਤੇ ਖਾਲਸੇ ਨੂੰ ਕਹਿੰਦਾ ਤੁਹਾਨੂੰ ਆਗਿਆ ਹੈ ਤੁਰਕਾਂ ਨੂੰ ਲੁੱਟੋ ਤੇ ਖਾਉ। ਜਵਾਬ ਹੋ ਗਿਆ, ਚਾਹੀਦਾ ਤਾਂ ਸੀ ਸਾਰਾ ਧਨ ਵਰਤਾ ਦਿੰਦਾ, ਕਿ ਸਤਿਗੁਰਾਂ ਦਾ ਹੁਕਮ ਹੈ ਮਝੈਲ ਸਿੰਘ ਖਾਲੀ ਨਾ ਰਹਿ ਜਾਣ। ਉਹ ਆ ਰਹੇ ਨੇ ਦੂਰੋਂ ਉਨ੍ਹਾਂ ਨੂੰ ਖਰਚੇ ਦੀ ਲੋੜ ਹੈ ਅਤੇ ਉਸ ਨਾ ਸੋਚਿਆ, ਵੀਚਾਰ ਨਾ ਕੀਤੀ, ਉੱਕ ਗਿਆ ਹੈ ਉਥੋਂ ਮਹਾਰਾਜ ਦਾ ਹੁਕਮ ਸੀ ਇਹ ਖਾਕ ਸ਼ਾਹ ਕਰ ਦਿਉ, ਲੁੱਟ ਕੇ ਪਧਰਾ ਕਰ ਦਿਉ ਏਸਨੂੰ, ਛੱਡੋ ਕੋਈ ਨਾ ਐਥੋਂ ਦਾ ਪਾਪੀ ਜਿਹੜਾ, ਜਿਹਨਾਂ ਨੇ ਜਦੋਂ ਸਾਹਮਣੇ ਜ਼ੁਲਮ ਹੁੰਦਾ ਦੇਖਿਆ ਉਦੋਂ ਨਾ ਧਨ ਲਾਇਆ ਨਾ ਆਹ ਦਾ ਨਾਅਰਾ, ਇਹ ਖਾਲਸੇ ਨੂੰ ਲੁਟਾ ਦੇਣਾ ਸਾਰਾ, ਉਹ ਲੁੱਟਣ ਤੋਂ ਬਚਾ ਲਿਆ ਉਸਨੇ ਖਾਲਸੇ ਨੂੰ ਕਹਿੰਦਾ ਹੁਣ ਤੁਸੀਂ 'ਲੁੱਟੋ ਤੇ ਖਾਉ' ਮੌਜਾਂ ਕਰੋ, ਉਤਰੂ ਤਾਂ ਦਿਆਂਗੇ। ੯।

ਰਾਮਰਈ ਅਨ ਔ ਭੁਜੰਗੀਅਨ ਕੀ ਸਾਖੀ॥

(ਰਾਮਰਈਆਂ ਨੂੰ ਘੁੜਾਣੀ ਜਾ ਕੇ ਬੰਦੇ ਨੇ ਸੋਧਣਾ)

ਦੋਹਰਾ॥ ਬੁਲਾਕਾ ਸਿੰਘ ਇਕ ਸਿੰਘ ਹੁਤੋ, ਰਹਿ ਆਲੀ ਸਿੰਘ ਪਾਸ॥ ਬੁਲਾਕਾ ਸਿੰਘ ਨਾਮ ਦਾ ਇਕ ਸਿੱਖ ਸੀ, ਜੋ ਭਾਈ ਆਲੀ ਸਿੰਘ ਮਾਲੀ ਸਿੰਘ ਸਿੰਘਾਂ ਦੀ ਸਲੋਦੀ ਵਾਲਿਆਂ ਸਿੰਘਾਂ ਪਾਸ ਰਹਿੰਦਾ ਹੁੰਦਾ ਸੀ।

ਹਾਥ ਜੋੜ ਠਾਂਢੋ ਭਯੋ, ਕਰ ਬੰਦੇ ਪੈ ਅਰਦਾਸ॥ ੧॥ ਜਿਥੇ ਬੰਦਾ ਸਿੰਘ ਬਹਾਦਰ ਦਰਬਾਰ ਲਾਈ ਬੈਠਾ ਸੀ, ਭਾਈ ਬੁਲਾਕਾ ਸਿੰਘ ਨੇ ਖੜੇ ਹੋ ਕੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ। ੧।

ਚੌਪਈ॥ ਪਾਇਲ ਪਾਸ ਘੁਡਾਣੀ ਗ੍ਰਾਮ॥ ਭਾਈ ਬੁਲਾਕਾ ਸਿੰਘ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਹਿਣ ਲੱਗਾ ਸਿੰਘ ਜੀ! ਜਿਥੇ ਪਾਇਲ ਕਸਬਾ ਹੈ ਜਿਹੜਾ ਉਹਦੇ ਕੋਲ ਘਨੌਟੀ ਘੁਡਾਣੀ ਪਿੰਡ ਹੈ, ਘਨੌਟੀ ਘੁਡਾਣੀ ਹੀ ਵਜਦੀ ਹੈ, ਏਥੇ ਛੇਵੇਂ ਪਾਤਸ਼ਾਹ ਜੀ ਦਾ ਚੋਲਾ ਵੀ ਹੈ। ਪਾਇਲ ਕਸਬੇ ਦੇ ਕੋਲ ਘਨੌਟੀ ਘੁਡਾਣੀ ਪਿੰਡ ਹੈ।

ਤਹਾਂ ਬਹੁਤ ਹੈਂ ਖੱਤ੍ਰੀਅਨ ਧਾਮ॥ ਓਥੇ ਖੱਤ੍ਰੀਆਂ ਦੇ ਬਹੁਤ ਸਾਰੇ ਘਰ ਵਸਦੇ ਨੇ।

ਰਾਮਰੱਯਨ ਕੇ ਮਸੰਦ ਕਹਾਵੈਂ॥ ਉਹ ਆਪਣੇ ਆਪ ਨੂੰ ਰਾਮਰਾਈਆਂ ਦੇ ਮਸੰਦ ਕਹਾਉਂਦੇ ਹਨ, ਓਹਨਾਂ ਦੇ ਪੈਰੋਕਾਰ ਸੇਵਕ ਨੇ।

ਕਰੈਂ ਮਸਕਰੀ ਖਾਲਸੈ ਖਿਝਾਵੈਂ॥ ੨॥ ਸਿੰਘਾਂ ਨੂੰ ਮਸਕਰੀਆਂ ਕਰ ਕਰ ਕੇ ਖਿਝਾਉਂਦੇ ਹਨ, ਘੁਡਾਣੀ ਵਾਲੇ ਰਾਮਰਾਈ

ਮਸੰਦ। ੨।

ਮੈਂ ਊਹਾਂ ਸ਼ਬਦ ਚੌਂਕੀ ਠਈ॥ ਮੈਂ ਅੰਮ੍ਰਿਤ ਵੇਲੇ ਸ਼ਬਦ ਚੌਂਕੀ ਲਾਈ ਸੀ ਓਥੇ।

ਬੋਲੋ ਵਾਹਿਗੁਰੂ-ਅਰਦਾਸ ਯੌਂ ਕਹੀ॥ ਬੁਲਾਕਾ ਸਿੰਘ ਕਹਿਣ ਲੱਗਾ ਅੰਮ੍ਰਿਤ ਵੇਲੇ ਦੀ ਆਸਾ ਦੀ ਵਾਰ ਦੀ ਸ਼ਬਦ ਚੌਂਕੀ ਕਰ ਕੇ ਅਰਦਾਸ ਕਰਨ ਲੱਗਾ ਅਤੇ ਜਦੋਂ ਅਰਦਾਸ ਕਰਦਿਆਂ ਮੈਂ ਕਿਹਾ ਕਿ ਬੋਲੋ ਜੀ ਵਾਹਿਗੁਰੂ।

ਸੁਨਤ ਦੁਤਾਰੋ ਉਨ ਭੰਨ ਦਯੋ॥ ਇਹ ਸੁਣਨਸਾਰ ਹੀ ਮੇਰਾ ਦੁਤਾਰਾ ਭੰਨ ਦਿੱਤਾ, ਜਿਹੜਾ ਮੈਂ ਵਜਾਉਂਦਾ ਸਾਂ ਸ਼ਬਦ ਕੀਰਤਨ ਕਰਦਾ ਸਾਂ। ਦੁਤਾਰਾ=ਦੋ-ਤਾਰਾਂ ਵਾਲਾ ਸਾਜ।

ਮੁਖ ਤੇ ਵਾਕ ਤਿਨ ਖੋਟੋ ਕਹਜੋ॥ ੩॥ ਆਪਣੇ ਮੂੰਹੋਂ ਉਹਨਾਂ ਘੁੜਾਣੀ ਵਾਲੇ ਰਾਮਰਾਈ ਮਸੰਦਾਂ ਨੇ, ਗੁਰੂ ਸਾਹਿਬ ਜੀ ਦੀ ਸ਼ਾਨ ਦੇ ਖਿਲਾਫ ਬੜੇ ਖੋਟੇ ਬੋਲ ਬੋਲੇ। ੩।

ਔ ਸਤਿਗੁਰ ਕੀ ਨਿੰਦਯਾ ਕਰੀ॥ ਅਤੇ ਨਾਲੇ ਸਤਿਗੁਰੂ ਗੋਬਿੰਦ ਸਿੰਘ ਜੀ ਦੀ ਨਿੰਦਿਆ ਕੀਤੀ, ਇਹਨਾਂ ਮਸੰਦਾਂ ਨੇ।

ਹਮ ਕੌ ਨਹਿੰ ਵਹਿ ਬਿਸਰਤ ਘਰੀ॥ ਮੇਰੇ ਕੋਲੋਂ ਉਹ ਘੜੀ ਭੁੱਲਦੀ ਨਹੀਂ, ਜਦੋਂ ਸਤਿਗੁਰਾਂ ਨੂੰ ਖੋਟੇ ਵਾਕ ਕਹੇ ਉਹਨਾਂ ਨੇ।

ਥੀ ਹਮ ਕੌ ਬਹੁ ਕੀਨ ਮਾਰ॥ ਮੇਰਾ ਦੋ-ਤਾਰਾ ਭੰਨ ਕੇ ਮੇਰੇ ਨਾਲ ਬੜੀ ਘਸੁੰਨ ਮੁੱਕੀ ਕੁੱਟ ਮਾਰ ਕੀਤੀ।

ਸੋ ਤੋ ਹਮਨੈ ਦਈ ਵਿਸਾਰ॥ ੪॥ ਉਹ ਤਾਂ ਮੈਂ ਭੁਲਾ ਦਿਤਾ, ਚਲੋ ਮੇਰੇ ਸਰੀਰ ਦਾ ਭੋਗ ਸੀ, ਵੱਜਣੀਆਂ ਸੀ ਚਲੋ ਵੱਜ ਗਈਆਂ ਚਾਰ, ਉਹ ਤਾਂ ਮੈਨੂੰ ਕੋਈ ਚੇਤੇ ਨਹੀਂ। ੪।

ਦੋਹਰਾ॥ ਪੁਤ੍ਰ ਮੁਏ ਆਪੈ ਮੁਯੋ, ਅਬ ਮੁਯੋ ਨ ਵਾਹਿਗੁਰੂ ਬੋਲ॥ ਇਹ ਸਾਰੇ ਮਸੰਦ ਇਕੱਠੇ ਹੋ ਕੇ ਕਹਿਣ ਲੱਗੇ ਹਨ ਕਿ ਦੇਖੋ ਗੁਰੂ ਦੇ ਪੁੱਤ੍ਰ ਮਰ ਗਏ ਨੇ ਤੇ ਆਪ ਵੀ ਮਰ ਗਿਆ ਹੈ, ਅਤੇ ਵਾਹਿਗੁਰੂ ਬੋਲ ਨਹੀਂ ਮਰਿਆ। ਵਾਹਿਗੁਰੂ ਸ਼ਬਦ ਨਾਲ ਵੀ ਈਰਖਾ ਕਰਦੇ ਹਨ ਇਹ ਕਿਉਂ ਨਹੀਂ ਮਰਿਆ? ਇਉਂ ਜਦੋਂ ਸਤਿਗੁਰਾਂ ਦੇ ਬਾਰੇ ਖੋਟਾ ਬਚਨ ਕੀਤਾ ਮਸੰਦਾਂ ਨੇ।

ਯੌਂ ਕਹਿ ਦੁਤਾਰੋ ਭੰਨਜੋ, ਤੌ ਮਾਰਜੋ ਕੇਸ ਮੁਹਿ ਖੋਲ॥੫॥ ਇਸ ਤਰ੍ਹਾਂ ਕਹਿ ਕੇ ਮੇਰਾ ਕੀਰਤਨ ਕਰਨ ਵਾਲਾ ਦੁਤਾਰਾ ਭੰਨ ਦਿੱਤਾ, ਨਾਲੇ ਮੇਰਾ ਦੁਮਾਲਾ ਵਧਾ ਦਿੱਤਾ ਅਤੇ ਨਾਲੇ ਕੇਸਾਂ ਤੋਂ ਫੜਕੇ ਮੈਨੂੰ ਕੁੱਟਿਆ ਉਹਨਾਂ ਨੇ ਬਹੁਤ ਜਿਆਦਾ। ੫।

ਤੁਮ ਜੱਟਨ ਹੁਇ ਏਕਠੇ, ਲਜੋ ਥੋ ਗੁਰੂ ਬਣਾਇ॥ ਇਹ ਮਸੰਦ ਸਾਰੇ ਖੱਤ੍ਰੀ ਸਨ ਕਹਿਣੇ ਲੱਗੇ ਬੁਲਾਕਾ ਸਿੰਘ ਕੀਰਤਨੀਏ ਨੂੰ ਕਿ ਤੁਸੀਂ ਜੱਟਾਂ ਨੇ ਇਕੱਠੇ ਹੋ ਕੇ ਗੁਰੂ ਥਾਪ ਲਿਆ ਉਹਨੂੰ, ਉਹ ਗੁਰੂ ਕਿਥੇ ਸੀ ਗੁਰੂ ਗੋਬਿੰਦ ਸਿੰਘ ਜੀ ਨੂੰ ਗੁਰੂ ਹੀ ਨਹੀਂ ਮੰਨਿਆਂ ਕਹਿੰਦੇ ਉਹ ਕਾਹਦਾ ਗੁਰੂ ਸੀ, ਤੁਸੀਂ ਜੱਟਾਂ ਨੇ ਬਣਾਇਆ ਸੀ ਉਹ ਸਾਰਿਆਂ ਦਾ ਗੁਰੂ ਥੋੜਾ ਸੀ।

ਗੋਬਿੰਦੋ ਗੋਬਿੰਦ ਸਿੰਘ ਕਹੈਂ, ਕਹੈਂ ਸਚੋ ਪਾਤਿਸ਼ਾਹਿ॥੬॥ ਮਸੰਦ ਈਰਖਾ ਦੀ ਭੱਠੀ ਵਿੱਚ ਸੜਦੇ ਹੋਏ ਆਪਦੇ ਦਿਲ ਭੜਾਸ ਕੱਢਦੇ ਹੋਏ ਗੁਰੂ ਸਾਹਿਬ ਜੀ ਦੀ ਸ਼ਾਨ ਦੇ ਖ਼ਿਲਾਫ ਦੁਰਬਚਨ ਬੋਲਦੇ ਕਹਿੰਦੇ ਹਨ ਕਿ ਉਸ ਗੋਬਿੰਦ ਨੂੰ ਗੁਰੂ ਗੋਬਿੰਦ ਸਿੰਘ ਕਹਿੰਦੇ ਹੋ ਤੁਸੀ, ਨਾਲੇ ਕਹਿੰਦੇ ਹੋ ਸੱਚਾ ਪਾਤਸ਼ਾਹ ਸੀ। ਇਉਂ ਈਰਖਾ ਦੇ ਬਚਨ ਕੀਤੇ ਗੁਰੂ ਜੀ ਦੇ ਖਿਲਾਫ। ੬।

ਚੌਪਈ॥ ਯੌ ਸੁਨ ਬੰਦੇ ਗੁੱਸਾ ਕੀਯੋ॥ ਜਦੋਂ ਬੰਦੇ ਬਹਾਦਰ ਨੇ ਬੁਲਾਕਾ ਸਿੰਘ ਤੋਂ ਸਾਰੀ ਗੱਲ ਸੁਣੀ ਤਾਂ ਬੜਾ ਗੁੱਸਾ ਚੜ੍ਹਿਆ ਬੰਦਾ ਸਿੰਘ ਜੀ ਨੂੰ।

ਪਾਇਲ ਠਾਣਾ ਤਿਸ ਲਿਖ ਦੀਯੋ॥ ਭਾਈ ਬੁਲਾਕਾ ਸਿੰਘ ਨੂੰ ਪਾਇਲ ਕਸਬੇ ਦੀ ਠਾਣੇਦਾਰੀ ਲਿਖ ਕੇ ਦੇ ਦਿੱਤੀ ਕਿਉਂਕਿ ਘੁਡਾਣੀ ਘਲੋਟੀ ਪਿੰਡ ਪਾਇਲ ਥਾਣੇ ਵਿੱਚ ਆਉਂਦਾ ਸੀ।

ਜਾ ਕਰ ਤਿਸ ਤੇ ਬਦਲੇ ਲੇਹੁ॥ ਬੁਲਾਕਾ ਸਿੰਘ ਦੇ ਨਾਲ ਹੋਰ ਖਾਲਸਾਈ ਫੌਜ ਭੇਜ ਕੇ ਕਿਹਾ ਹੈ ਕਿ ਜਾ ਕੇ ਉਹਨਾਂ ਮਸੰਦਾਂ ਤੋਂ, ਗੁਰੂ ਸਾਹਿਬ ਜੀ ਦੀ ਬੇਅਦਬੀ ਦਾ ਬਦਲਾ ਲਵੋ।

ਮਾਰ ਲੂਟ ਉਸ ਪਿੰਡ ਫੜੇਹੁ॥੭॥ ਉਸ ਸਾਰੇ ਪਿੰਡ ਨੂੰ ਫੜ ਲਉ ਬੰਨ੍ਹ ਲਉ ਅਤੇ ਉਹਨਾਂ ਦੀ ਕੁੱਟ ਮਾਰ ਕਰੋ, ਜਿਨ੍ਹਾਂ ਨੇ ਇਹ ਕਰਤੂਤ ਕੀਤੀ ਹੈ। ੭।

ਦੋਹਰਾ॥ ਪਾਇਲ ਠਾਣਾ ਪਾਇਕੈ, ਲੀਨੇ ਮਸੰਦ ਫੜਾਇ॥ ਖਾਲਸੇ ਦੀ ਫੌਜ ਗਈ ਹੈ, ਪਾਇਲ ਥਾਣਾ ਪਾਇਆ ਹੈ, ਅਤੇ ਰਾਮਰਾਈ ਮਸੰਦ ਗੁਰੂ ਘਰ ਦੇ ਦੋਖੀ ਫੜ ਲਿਆਂਦੇ ਹਨ ਸਾਰੇ।

ਕਿਛ ਕੂਟੇ ਸਭ ਲੁੱਟ ਲਏ, ਦੀਨੇ ਪਿੰਡੋਂ ਕਢਾਇ॥੮॥ ਭਾਈ ਬੁਲਾਕਾ ਸਿੰਘ ਜੀ ਨੂੰ ਨਾਲ ਲੈ ਗਏ ਹਨ ਸਿੰਘ, ਕੌਣ ਕੌਣ ਸੀ ਗੁਰੂ ਜੀ ਦੀ ਨਿੰਦਿਆ ਕਰਨ ਵਾਲੇ ਦੱਸੀਂ ਜਦਾ, ਉਹਨਾਂ ਮਸੰਦਾਂ ਤੇ ਖੂਬ ਡਾਂਗ ਵਾਹੀ ਉਨ੍ਹਾਂ ਦੇ ਉਤੇ, ਖੂਬ ਕੁੱਟਿਆ ਤੇ ਲੁੱਟਿਆ ਤੇ ਪਿੰਡੋਂ ਕੱਢ ਦਿੱਤੇ ਹਨ। ੮।

ਮਲੇਰ ਕਾ ਪ੍ਰਸੰਗ

(ਮਲੇਰ ਕੋਟਲਾ ਸੋਧਿਆ, ਲੁਟਿਆ ਨਾ ਪਰ ਟਕੇ ਲੈ ਲਏ)

ਚੌਪਈ॥ ਬੰਦੇ ਮਲੇਰਹਿ ਚੜ੍ਹਤੀ ਕਰੀ॥ ਇਹਨਾਂ ਰਾਮਰਈ ਮਸੰਦਾਂ ਨੂੰ ਸੋਧ ਕੇ, ਹੁਕਮ ਵਜਾ ਕੇ ਹੁਣ ਬੰਦੇ ਬਹਾਦਰ ਨੇ ਸਰਹੰਦ ਤੋਂ ਤਿਆਰੀ ਕਰ ਲਈ ਹੈ। ਚਲੋ ਮਲੇਰ ਕੋਟਲੇ ਨੂੰ ਚਲੀਏ, ਮਲੇਰ ਕੋਟਲਾ ਪਠਾਣਾਂ ਦੀ ਰਿਆਸਤ ਹੈ, ਬੰਦੇ ਨੇ ਮਲੇਰ ਕੋਟਲੇ ਤੇ ਚੜ੍ਹਾਈ ਕੀਤੀ ਹੈ।

ਸੋਊ ਮਲੇਰਹਿ ਧਾਕ ਤਿਮ ਪਰੀ॥ ਬੰਦੇ ਬਹਾਦਰ ਦੀ ਮਲੇਰ ਕੋਟਲੇ ਦੀ ਚੜ੍ਹਾਈ ਸੁਣ ਕੇ, ਓਹੀ ਮਲੇਰ ਕੋਟਲੇ ਵਿੱਚ ਓਵੇਂ ਹੀ ਧਾਂਕ ਪੈ ਗਈ ਹੈ, ਸਾਰੇ ਸ਼ਹਿਰ ਵਿਚ ਰੌਲਾ ਪੈ ਗਿਆ ਹੈ

ਲੂਟ ਕਤਲ ਕੀ ਉਠੀ ਅਵਾਜ॥ ਕਿ ਬੰਦੇ ਬਹਾਦਰ ਨੇ ਸਾਰਾ ਸ਼ਹਿਰ ਕਤਲ ਕਰਨਾ ਹੈ, ਨਾਲੇ ਲੁੱਟ ਕਰਨੀ ਹੈ, ਇਉਂ ਸਾਰੇ ਸ਼ਹਿਰ ਵਿੱਚ ਲੋਕਾਂ ਦੀ ਅਵਾਜ ਉੱਠੀ ਹੈ।

ਤੁਰੇ ਲੁਟੇਰੇ ਬਹੁ ਤਿਸ ਕਾਜ॥੧॥ ਬਹੁਤ ਸਾਰੇ ਲੁਟੇਰਿਆਂ ਨੇ (ਤਿਸ ਕਾਜ) ਇਸ ਕੰਮ ਨੂੰ, ਲੁਟ ਮਾਰ ਕਰਨ ਵਾਸਤੇ ਤੁਰ ਪਏ ਹਨ।

ਸਤਿਗੁਰ ਵਾਕ ਉਹਾਂ ਆਇ ਅੜੋ॥ ਸਤਿਗੁਰੂ ਜੀ ਦਾ ਵਾਕ ਅੱਗੇ ਆ ਅੜਿਆ। ਕਿਉਂਕਿ ਮਲੇਰ ਕੋਟਲੇ ਵਾਲੇ ਸ਼ੇਰ ਮੁਹੰਮਦ ਨੇ ਸਾਹਿਬਜ਼ਾਦਿਆ ਦੇ ਹੱਕ ਵਿਚ ਹਾਅ ਦਾ ਨਾਅਰਾ ਮਾਰਿਆ ਸੀ ਕਿ ਇਨ੍ਹਾਂ ਸ਼ੀਰ ਖੋਰ ਬੱਚਿਆਂ ਨੂੰ ਨਾ ਮਾਰੋ, ਇਹ ਮਹਾਂ ਪਾਪ ਹੈ । ਇਹਨਾਂ ਨੂੰ ਛੱਡ ਦਿਉ। ਤਾਂ ਗੁਰੂ ਸਾਹਿਬ ਜੀ ਨੇ ਫੁਰਮਾਇਆ ਸੀ ਕਿ ਮਲੇਰ ਕੋਟਲੇ ਵਾਲਿਆਂ ਨੇ ਆਪਣੀ ਜੜ੍ਹ ਰਖ ਲਈ।। ਕਿ ਇਹਨਾਂ ਦੀ ਜੜ੍ਹ ਨਹੀਂ ਪੁੱਟਣੀ, ਨਹੀਂ ਨਾਸ ਕਰਨਾਂ ਇਹਨਾ ਨੂੰ, ਇਉਂ ਸਤਿਗੁਰਾਂ ਦਾ ਬਚਨ ਆ ਖੜਿਆ ਅੱਗੇ।

ਆਵਤ ਜਮ ਦਲ ਕਰ ਦੀਓ ਖੜੋ॥ ਸਤਿਗੁਰਾਂ ਦਾ ਬਚਨ, ਇਹਨਾਂ ਦੇ ਅੱਗੇ ਆ ਕੇ ਖੜ੍ਹ ਗਿਆ, ਓਸਨੇ ਜੋ ਮਲੇਰ ਕੋਟਲੇ ਵਾਲਿਆਂ ਵਾਸਤੇ ਜਮਾਂ ਦਾ ਦਲ ਆਇਆ ਸੀ, ਓਸਨੂੰ ਰੋਕ ਦਿੱਤਾ । ਉਹ ਬਚਨ ਸਹਾਇਤਾ ਕਰ ਗਿਆ ਇਹਨਾਂ ਦੀ।

ਔਰ ਚਹਿਯਤ ਗੁਰ ਔਰ ਬਣਾਈ॥ ਚਾਹੁੰਦੇ ਤਾਂ ਖਾਲਸੇ ਹੋਰ ਕੁਛ ਕਰਨਾ ਸੀ, ਪਰ ਸਤਿਗੁਰਾਂ ਨੇ ਵਿਉਂਤ ਹੀ ਹੋਰ ਬਣਾ

ਦਿੱਤੀ। ਸਭ ਦਾ ਮਨ ਹੀ ਬਦਲ ਦਿੱਤਾ।

ਦੇਖਹੁ ਸਤਿਗੁਰ ਉਲਟ ਬਡਾਈ॥੨॥ ਦੇਖਹੁ ਸਤਿਗੁਰਾਂ ਨੇ ਉਲਟਾ ਵਡਿਆਈ ਦੇ ਦਿੱਤੀ, ਨਿਰਾਦਰੀ ਦੀ ਥਾਂ। ੨।

ਦੋਹਰਾ॥ ਏਕ ਸਮੈਂ ਬੰਦਾ ਤਹਾਂ ਕੋ ਰਹਜੋ ਮਹੀਨੇ ਚਾਰ॥ ਭਾਈ ਰਤਨ ਸਿੰਘ ਜੀ ਨਿਰਨਾ ਕਰਕੇ ਦਸਦੇ ਨੇ, ਕਿ ਸਤਿਗੁਰਾਂ ਦਾ ਇਹ ਬਚਨ ਕਿਵੇਂ ਅਟਲ ਸੀ। ਜਦੋਂ ਬੰਦਾ ਬਹਾਦਰ ਫਕੀਰ ਬਣਕੇ ਫਿਰਦਾ ਸੀ ਇਕ ਸਮੇਂ ਇਥੇ ਚਾਰ ਮਹੀਨੇ ਮਲੇਰ ਕੋਟਲੇ ਚੌਮਾਸਾ ਕੱਟ ਗਿਆ ਸੀ।

ਕਿਸ਼ਨ ਦਾਸ ਸੇਵਾ ਕਰੀ ਬਣੀਏਂ ਵਿੱਚ ਬਜ਼ਾਰ॥੩॥ ਮਲੇਰ ਕੋਟਲੇ ਬਜ਼ਾਰ ਵਿੱਚ ਕਿਸ਼ਨ ਦਾਸ ਬਾਣੀਆ ਰਹਿੰਦਾ ਸੀ, ਉਸ ਨੇ ਬੰਦੇ ਬਹਾਦਰ ਦੀ ਓਸ ਸਮੇਂ ਸਾਧੂ ਸਮਝ ਕੇ ਬਹੁਤ ਸੇਵਾ ਕੀਤੀ ਸੀ। ਇਸਨੂੰ ਰੱਖਿਆ ਸੀ ਓਥੇ ਚਾਰ ਮਹੀਨੇ। ੩।

ਚੌਪਈ॥ ਸੁਨਤ ਸੁ ਬਣੀਓਂ ਆਇ ਸੁ ਮਿਲਜੋ॥ ਇਹ ਬਾਣੀਏਂ ਨੂੰ ਪਤਾ ਲੱਗਾ ਕਿ ਇਹ ਤੋ ਓਹੀ ਨਰਾਇਣ ਦਾਸ ਸਾਧੂ ਹੈ, ਸੁਣ ਕੇ ਬਾਣੀਆਂ ਆ ਕੇ ਹਾਜ਼ਰ ਹੋ ਗਿਆ। ਬੰਦੇ ਬਹਾਦਰ ਨੇ ਵੀ ਪਛਾਣ ਲਿਆ ਕਿ ਓਹੀ ਕਿਸ਼ਨ ਦਾਸ ਬਾਣੀਆਂ ਹੈ ਸਾਡਾ ਪੁਰਾਣਾ ਸੇਵਕ।

ਉਸਕੋ ਬੰਦੋ ਆਦਰ ਕਰਜੋ॥ ਬੰਦੇ ਬਹਾਦਰ ਨੇ ਉਸਦਾ ਸਤਿਕਾਰ ਕੀਤਾ ਆਏ ਦਾ ਉਸਦਾ ਮਾਣ ਰੱਖਿਆ ਫਰਜ਼ ਵੀ ਬਣਦਾ ਸੀ।

ਕਹਜੋ 'ਮਾਂਗ ਜੋ ਮਾਂਗਨ ਜੋਗਾ'॥ ਬੰਦੇ ਬਹਾਦਰ ਨੇ ਕਿਹਾ ਹੁਣ ਖਾਲਸੇ ਦਾ ਹੱਥ ਉੱਤੇ ਹੈ, ਮੇਰੇ ਹੱਥ ਸਭ ਸ਼ਕਤੀਆਂ ਹਨ, ਕਿਸ਼ਨ ਦਾਸ ! ਮੰਗ ਲੈ ਜੋ ਮੰਗਣਾ ਹੈ ਤੈਨੂੰ ਓਹੋ ਹੀ ਵਰ ਦੇਵਾਂਗਾ।

ਉਸ ਮਾਂਗਜੋ ਦੁਖ ਦੇਹ ਨ ਲੋਗਾ॥੪॥ ਉਹਨੇ ਆਖਿਆ ਜੀ ਇਕੋ ਬੇਨਤੀ ਹੈ, ਉਸਨੇ ਮੰਗਿਆ, ਹੁਣ ਤੁਸੀਂ ਆਏ ਹੋ ਹੁਣ ਲੋਕਾਂ ਨੂੰ ਦੁਖ ਨਾ ਦਿਉ, ਇਹਨਾਂ ਨੂੰ ਕੁਝ ਨਾ ਕਹਿਣਾ। ੪।

ਸ਼ਹਰ ਕਤਲ ਤੇ ਸਭ ਰਖ ਲੇਹੋ ਇਰਾਦਾ ਕਤਲ ਕਰਨ ਦਾ ਸੀ ਕਿ ਸਾਰਾ ਮਲੇਰ ਕੋਟਲਾ ਸ਼ਹਿਰ ਕਤਲ ਕਰ ਦੇਣਾ, ਲੇਕਿਨ ਸਤਿਗੁਰਾਂ ਦਾ ਬਚਨ, ਵਿਚਕਾਰ ਆ ਕੇ ਕੰਧ ਬਣ ਕੇ ਖਲੋ ਗਿਆ। ਕਿਸ਼ਨ ਦਾਸ ਬਾਣੀਆਂ ਬੰਦੇ ਬਹਾਦਰ ਨੂੰ ਕਹਿਣ ਲੱਗਾ ਜੀ। ਮਲੇਰ ਕੋਟਲਾ ਸ਼ਹਿਰ਼ ਕਤਲ ਨਾ ਕੀਤਾ ਜਾਏ, ਮੇਰੀ ਇਹੋ ਮੰਗ ਹੈ, ਇਉਂ ਜਦੋਂ ਮੰਗ ਕੀਤੀ ਕਿਸ਼ਨ ਦਾਸ ਨੇ।

ਪੈਸਾ ਚਾਹੋ ਤੇਤਾ ਲੇਹੋ॥ ਪੈਸਾ ਜਿੰਨਾਂ ਚਾਹੀਦਾ ਹੈ ਓਹੁ ਸਾਡੇ ਕੋਲੋਂ ਲਵੋ, ਅਸੀਂ ਹਾਜ਼ਰ ਕਰ ਦਿੰਦੇ ਹਾਂ।

ਪਿਛਲ ਸਜਾਣ ਉਨ ਆਨ ਸੁਨਾਈ॥ ਪਿਛਲੀ (ਸਿਆਣ) ਵਾਕਫੀਅਤ ਓਨ੍ਹੇ ਜਣਾਈ, ਕਿ ਦੇਖ ਲਉ ਅਸੀਂ ਤਾਂ ਸੇਵਾਦਾਰ ਹਾਂ ਤੁਹਾਡੇ, ਪਹਿਲਾ ਵੀ ਸੇਵਾਦਾਰ ਸੀ ਹੁਣ ਵੀ ਸੇਵਾਦਾਰ ਹਾਂ, ਸੇਵਾ ਕਰਵਾ ਲਉ ਸਾਥੋਂ।

ਇਮ ਗੁਰ ਬਚ ਤਬ ਅੜਜੋ ਆਈ॥੫॥ ਇਉਂ ਸਤਿਗੁਰਾਂ ਦਾ ਬਚਨ ਅੱਗੇ ਆ ਅੜਿਆ ਹੈ ਭਾਈ, ਰੱਖਿਆ ਹੋ ਗਈ ਮਲੇਰ ਕੋਟਲੇ ਦੀ। ੫।

ਭਾਜ ਪਠਾਣ ਗਏ ਤਹਿੰ ਸਾਰੇ॥ ਇਥੇ ਪਠਾਣਾਂ ਦਾ ਰਾਜ ਸੀ, ਬੰਦੇ ਬਹਾਦਰ ਦਾ ਮਲੇਰ ਕੋਟਲੇ ਆਉਣਾ ਸੁਣ ਕੇ, ਸਭ ਭਜ ਗਏ ਹਨ ਇਥੋਂ।

ਬਚੇ ਲੜਾਈਓਂ ਜੋ ਨਹਿੰ ਮਾਰੇ॥ ਜੋ ਬਚ ਗਏ ਸੀ ਲੜਾਈ ਤੋਂ ਉਹ ਨਹੀਂ ਮਾਰੇ ਹਨ , ਕਿਸੇ ਨੂੰ ਕੁਛ ਨਹੀਂ ਆਖਿਆ।

ਜਾਇ ਰਲੇ ਵਹਿ ਦਿਲੀ ਲਹੌਰ॥ ਜਿਹੜੇ ਪਠਾਣ ਭੱਜੇ ਸਨ, ਉਹ ਤਾਂ ਕੋਈ ਦਿੱਲੀ ਨੂੰ ਨੱਠ ਗਿਆ ਕੋਈ ਲਹੌਰ ਜਾ ਵੜੇ ਨੇੜੇ ਤੇੜੇ ਖੜ੍ਹੇ ਹੀ ਨਹੀਂ ਕਿਤੇ।

ਉਰੇ ਬਚੈਂ ਨਹਿੰ ਕਿਸ ਹੀ ਠੌਰ॥ ੬॥ ਕਿ ਉਨ੍ਹਾਂ ਨੂੰ ਇਉਂ ਹੋ ਗਿਆ ਕਿ ਦਿੱਲੀ ਤੇ ਲਹੌਰ ਤੋਂ ਉਰ੍ਹਾਂ ਅਸੀਂ ਕਿਤੇ ਵੀ

ਅਟਕੀਏ ਤਾਂ ਅਸੀਂ ਬਚਦੇ ਨਹੀਂ, ਖਾਲਸੇ ਨੇ ਮਾਰ ਦੇਣਾ ਹੈ। ੬।

ਪਠਾਣਨ ਮਾਲ ਸੁ ਜਪਤੀ ਕਰੀ॥ ਬੰਦੇ ਬਹਾਦਰ ਨੇ ਜੋ ਪਠਾਣਾਂ ਦਾ ਮਾਲ ਸੀ, ਘੋੜੇ, ਤਬੇਲੇ, ਸ਼ਸਤ੍ਰ ਅਸਤ੍ਰ ਉਹ ਸਭ ਜਪਤ ਕਰ ਲਿਆ।

ਸ਼ਹਿਰ ਉਗਰਾਹੀ ਪੈਸੇ ਧਰੀ॥ ਕਿਸ਼ਨ ਦਾਸ ਬਾਣੀਏ ਨੂੰ ਅੱਗੇ ਲਾ ਕੇ ਵੱਡੇ ਵੱਡੇ ਸੇਠਾਂ ਤੋਂ ਪ੍ਰੇਮ ਨਾਲ ਉਗਰਾਹੀ ਕੀਤੀ ਰੁਪਈਆਂ ਦੀ।

ਲੈ ਸਿੰਘਨ ਕੋ ਦੀਨੋਂ ਬਾਂਟ॥ ਜਿੰਨਾਂ ਇਥੋਂ ਰੁਪਿਆ ਇਕੱਠਾ ਹੋਇਆ ਹੈ ਬੰਦੇ ਬਹਾਦਰ ਨੇ ਲੈ ਕੇ ਸਾਰੇ ਸਿੰਘਾਂ ਨੂੰ ਇਕੋ ਜਿਹਾ ਵੰਡ ਦਿੱਤਾ ਹੈ।

ਸਿੰਘਨ ਆਛੈ ਦਿਨ ਭਏ ਕਾਟ॥੭॥ ਜਦੋਂ ਮਾਮਲੇ ਮਿਲ ਗਏ, ਖਜ਼ਾਨੇ ਮਿਲ ਗਏ, ਫੇਰ ਸਿੰਘਾਂ ਨੇ ਭਰ ਲਈਆਂ ਖੁਰਜੀਆਂ ਆਪੋ ਆਪਣੀਆਂ। ਹੁਣ ਸਿੰਘਾਂ ਦੇ ਦਿਨ ਚੰਗੇ ਲੰਘਣੇ ਸ਼ੁਰੂ ਹੋ ਗਏ। ਬੜਾ ਨਜਾਰਾ ਬੱਝ ਗਿਆ ਸੌਖੇ ਹੋ ਗਏ। ੭।

ਦੋਹਰਾ॥ ਫੌਜ ਟਕਿਅਨ ਸੋਂ ਸੁਧੀ ਭਈ, ਔ ਮੁਲਕ ਉਗਰਾਹੇ ਔਰ॥ ਸਿੰਘਾਂ ਦੀ ਫੌਜ ਰੁਪਏ ਪੈਸੇ ਵਲੋਂ (ਸੁਧੀ ਭਈ) ਸੁਖਾਲੀ ਹੋ ਗਈ ਹੈ, ਭਾਵ ਰੁਪਿਆ ਹੱਥ ਵਿੱਚ ਖੁਲ੍ਹਾ ਹੋ ਗਿਆ ਹੈ ਅਤੇ ਹੋਰ ਵੀ ਜਿੰਨਾਂ ਮੁਲਕ ਹੈ ਉਹ ਉਗਰਾਹ ਲਿਆ ਹੈ। ਕਿਉਂਕਿ ਹੁਣ ਸਾਰੇ ਪਤਾ ਲੱਗ ਗਿਆ ਕਿ ਮਲੇਰ ਕੋਟਲਾ ਲੁੱਟ ਮਾਰ ਤੋਂ ਬਚ ਗਿਆ ਹੈ, ਲੋਕਾਂ ਉਗਰਾਹੀ ਕਰ ਕੇ ਦਿੱਤੀ ਹੈ । ਹੁਣ ਦੂਸਰੇ ਕਸਬਿਆਂ ਵਾਲੇ ਵੀ ਏਸੇ ਤਰ੍ਹਾਂ ਉਗਰਾਹੀ ਇੱਕਠੀ ਕਰਕੇ ਦੇ ਦਿੰਦੇ ਹਨ ਖਾਲਸੇ ਨੂੰ।

ਆਕੀ ਰਹਜੋ ਸੁ ਨਾਂਹ ਛਡਜੋ, ਸੋ ਮਾਰਜੋ ਕਰ ਧੌਰ॥੮॥ ਜੇ ਕੋਈ ਆਕੀ ਰਿਹਾ ਨਾ ਆਇਆ ਹਾਜ਼ਰ ਨ ਹੋਇਆ ਮਾਮਲਾ ਲੈ ਕੇ, ਉਹਦੇ ਤੇ ਹੱਲਾ ਬੋਲ ਦਿੱਤਾ, ਉਹ ਨਹੀਂ ਛੱਡਿਆ, ਉਹਨੂੰ ਜਾ ਸੋਧਿਆ ਹੈ ਖਾਲਸੇ ਨੇ। ੮।

ਚੌਪਈ॥ ਅਖਵਾਜ ਖਿਦਰੁ ਜੋ ਹੁਤੋ ਮਰਦੂਦ॥ ਇਹ ਖਵਾਜਾ ਖਿਜ਼ਰ ਜੋ ਮਝੈਲ ਸਿੰਘਾਂ ਨੇ ਰੋਪੜ ਮਾਰਿਆ ਸੀ, ਜਿਸ ਨੂੰ ਮਰਦੂਦ ਕਿਹਾ ਸੀ ਮਹਾਰਾਜ ਨੇ, ਕਿ ਮੁਰਦਿਆਂ ਵਿਚ ਲੁਕ ਕੇ ਜਾਨ ਬਚਾਈ ਸੀ। ਜੋ ਖਵਾਜਾ ਖ਼ਿਜ਼ਰ ਸੀ ਪਠਾਣ ਮਲੇਰ ਕੋਟਲੇ ਵਾਲਾ, ਨਾਹਰ ਖਾਂ ਤੇ ਸ਼ੇਰ ਮੁਹੰਮਦ ਦਾ ਭਰਾ।

ਪਠਾਣਨ ਮੈਂ ਥੋ ਬਡੋ ਗਦੂਦ॥ ਇਹ ਪਠਾਣਾਂ 'ਚੋਂ ਵੱਡੀ ਗਦੂਦ ਸੀ, ਵੱਡਾ ਅਪਰਾਧੀ, ਇਹ ਆਪਣੇ ਆਪ ਨੂੰ ਵੱਡਾ ਜ਼ਬਰਦਸਤ ਕਹਾਉਂਦਾ ਸੀ।

ਕੱਢਿ ਗੋਰ ਤੇ ਖੜੋ ਕਰਾਯੋ॥ (ਗੋਰ) ਕਬਰ ਵਿਚੋਂ ਉਹਦਾ ਤਬੂਤ ਕੱਢ ਕੇ ਖੜਾ ਕਰ ਦਿਤਾ।

ਸਾਥ ਕੰਧ ਕੈ ਉਸੈ ਟਿਕਾਯੋ॥੯॥ ਕੰਧ ਨਾਲ ਖੜਾ ਕਰ ਕੇ ਉਸ ਨੂੰ ਟਿਕਾਇਆ ਹੈ। ੯।

ਬੰਦੈ ਕਹਜੋ ਥੋ ਬਡੋ ਜੁਆਨ॥ ਬੰਦਾ ਸਿੰਘ ਕਹਿਣ ਲੱਗਾ ਬੜਾ ਜੁਆਨ ਸੀ ਇਹ ਤਾਂ, ਇਸ ਪਠਾਣ ਦਾ ਕੱਦ ਬੜਾ ਵੱਡਾ ਸੀ।

ਸਿੰਘਨ ਮਾਰਜੋ ਗਿਦੜ ਸਮਾਨ॥ ਸਿੰਘਾਂ ਨੇ ਰੋਪੜ ਦੇ ਦਰੇ ਉੱਤੇ ਗਿਦੜ ਵਾਂਗ ਮਾਰ ਲਿਆ ਸੀ, ਇਹ ਜੋ ਪਠਾਣ ਖਵਾਜਾ ਮਰਦੂਦ ਕਹਾਉਂਦਾ ਸੀ।

ਆਗ ਲਗਾਇ ਫੂਕ ਉਸ ਦਯੋ॥ ਮੰਤ੍ਰ ਨਾਲ ਅੱਗ ਲਾ ਕੇ ਉਸਨੂੰ ਫੂਕ ਦਿੱਤਾ।

ਔਰ ਦੂਜੋ ਸ਼ੇਖ ਸੱਦੋ ਫੁਕਵਯੋ॥ ੧੦॥ ਇੱਕ ਹੋਰ 'ਸ਼ੇਖ ਸਯਦ' ਅਖਵਾਉਂਦਾ ਸੀ, ਅੱਜ ਵੀ ਉਸਨੂੰ ਪੂਜਦੇ ਹਨ, ਚੌਰਾਸੀ ਦੇ ਲੋਕ, ਉਸਨੂੰ ਵੀ ਕਬਰ ਵਿਚੋਂ ਕੱਢ ਕੇ ਫੂਕਿਆ ਸਿੰਘਾਂ ਨੇ। ੧੦।

ਬੁਢੋ ਪੀਰ ਜੁ ਮਲੇਰ ਸਦਾਯੋ॥ ਇਹ ਬੁੱਢਾ ਪੀਰ ਕਰਕੇ ਵਜਦਾ, ਇਹ ਮਲੇਰ ਕੋਟਲੇ ਵਾਲਾ।

ਤ੍ਰਿਯਾ ਪੁਰਸ਼ ਉਸ ਦੇਂਹ ਪਹਿਰਾਯੋ॥ ਇਸਤ੍ਰੀ ਹੈ ਜਾਂ ਆਦਮੀ ਸਾਰੇ ਉਹਦੀ ਭੇਟਾ ਦਿੰਦੇ ਸਨ ।

ਉਸ ਕੀ ਜਾਗ੍ਹਾ ਦਈ ਢਹਾਇ॥ ਉਸਦਾ ਮਕਬਰਾ ਢੁਹਾ ਕੇ ਪੱਧਰਾ ਕਰ ਦਿੱਤਾ।

ਓਇ ਭੀ ਕੱਢ ਦੀਯੋ ਗੋਰੋਂ ਫੁਕਾਇ॥੧੧॥ ਉਸਨੂੰ ਵੀ ਕਬਰ ਵਿਚੋਂ ਕੱਢ ਕੇ, ਬੰਦੇ ਬਹਾਦਰ ਨੇ ਮੰਤ੍ਰ ਨਾਲ ਫੂਕ ਦਿੱਤਾ। ੧੧।

ਤੁਰਕ ਮੁਲਕ ਸਭ ਲੀਯੋ ਉਗਰਾਹਿ॥ ਤੁਰਕਾਂ ਦਾ ਜਿੰਨਾਂ ਮੁਲਕ ਸੀ, ਸਾਰੇ ਮਲੇਰ ਕੋਟਲੇ ਦਾ ਸਾਰਾ ਉਗਰਾਹੀ ਪਾ ਕੇ ਉਗਰਾਹ ਲਿਆ।

ਦਿਯੋ ਮਲਵੱਯਨ ਮਿਲੇ ਜੁ ਆਇ॥ ਮਲਵਈ ਸਿੰਘ ਜੋ ਇਹ ਧਰਮ ਜੁਧ ਲੜਨ ਵਾਸਤੇ ਗਏ ਸਨ, ਉਨ੍ਹਾਂ ਨੂੰ ਵੀ ਉਸ ਉਗਰਾਹਿ ਹੋਏ ਮੁਲਕ ਦੇ ਵਿਚੋਂ ਹਿੱਸੇ ਆਉਂਦਾ ਦਿੱਤਾ।

ਭਾਈ ਫੜ੍ਹੇ ਸਿੰਘ ਕੀਓ ਮੁਹਿਰੈਲ॥ ਭਾਈ ਫਤੇ ਸਿੰਘ ਨੂੰ ਸਾਰੇ ਮਲਵਈਆਂ ਦਾ (ਮੁਹਿਰੈਲ) ਮੋਹਰੀ ਜਰਨੈਲ ਬਣਾ ਦਿੱਤਾ।

ਮਲਵਈ ਲਗਾਏ ਸਭ ਉਸ ਗੈਲ॥੧੨॥ ਸਾਰੇ ਮਾਲਵੇ ਦੇ ਸਿੰਘ ਓਹਦੇ ਪਿਛੇ ਲਾ ਦਿੱਤੇ ਹਨ । ਤੁਸੀਂ ਸਾਰੇ ਮਾਲਵੇ ਦੇ ਸਿੰਘਾਂ ਨੇ ਇਹਦੀ ਆਗਿਆ ਵਿਚ ਚਲਣਾ ਹੈ, ਇਹ ਤੁਹਾਡਾ ਵੱਡਾ ਜਥੇਦਾਰ ਹੈ। ੧੨।

ਮਲਵਈਅਨ ਕੋ ਸੁ ਕੀਓ ਨਿਬਾਬ॥ ਭਾਈ ਫੜ੍ਹੇ ਸਿੰਘ ਨੂੰ ਮਲਵਈਆਂ ਦਾ ਨਬਾਬ ਬਣਾ ਦਿੱਤਾ, ਉਹਨੂੰ ਜਥੇਦਾਰ ਥਾਪ ਦਿੱਤਾ।

ਬੰਦੈ ਦੀਨੋ ਉਸੈ ਖਿਤਾਬ॥੧੩॥ ਭਾਈ ਫੜ੍ਹੇ ਸਿੰਘ ਨੂੰ ਬੰਦੇ ਬਹਾਦਰ ਨੇ ਨਿਬਾਬ ਦਾ ਖਿਤਾਬ ਦਿੱਤਾ ਹੈ। ੧੩।

ਦੋਹਰਾ॥ ਹਿਸਾਰ ਬਾਵਨੀ ਪਰਗਣੋਂ, ਲੀਨੇ ਕਈ ਮਿਲਾਇ॥ (ਬਾਵਨੀ) ਬਵੰਜਾ ਲੱਖ ਦੀ ਆਮਦਨੀ ਵਾਲਾ ਸਰਹੰਦ ਦਾ (ਪਰਗਣਾ) ਇਲਾਕਾ ਤੇ ਹਿਸਾਰ ਦੇ ਇਲਾਕੇ ਕਈ ਮਿਲਾਕੇ।

ਕੈਂਥਲ ਜੀਂਦ ਪਾਣੀਪਤੋਂ, ਮੂਣਕ ਕਰਨਾਲ ਰਲਾਇ॥੧੪॥ ਕੈਂਥਲ, ਜੀਂਦ, ਪਾਨੀਪਤ, ਮੂਨਕ, ਕਰਨਾਲ ਤੇ ਖਾਲਸਈ ਫੌਜਾਂ ਨੇ ਕਬਜ਼ਾ ਕਰਕੇ ਮਾਮਲਾ ਉਗਰਾਹਿਆ। ੧੪।

ਚੌਪਈ॥ ਪਾਣੀਪਤ ਝੰਡੇ ਬੰਦੈ ਗਡ੍ਹਵਾਏ॥ ਪਾਨੀਪਤ ਦੇ ਮੈਦਾਨ ਵਿੱਚ ਬੰਦੇ ਬਹਾਦਰ ਨੇ ਨਿਸ਼ਾਨ ਸਾਹਿਬ ਲਗਵਾ ਦਿੱਤੇ। ਸ਼ਾਹ ਰਾਹ ਦੇ ਉੱਤੇ ਝੰਡੇ ਗੱਡ ਦਿੱਤੇ।

ਤੁਰਕ ਫੌਜ ਕੋਊ ਲੰਘਣ ਨ ਪਾਏ॥ ਬੰਦੇ ਬਹਾਦਰ ਨੇ ਹੁਕਮ ਕਰ ਦਿੱਤਾ ਏਥੋਂ ਅੱਗੇ ਦਿੱਲੀ ਦੀ ਫੌਜ ਲੰਘ ਨਹੀਂ ਸਕੇਗੀ।

ਚੋਰੀ ਜੋਰੀ ਸੋ ਪੱਟੈ ਜੋਊ॥ ਜੇ ਕੋਈ ਆਉਂਦਾ ਕਿ ਇਹਨਾਂ ਝੰਡਿਆਂ ਨੂੰ ਰਾਤ ਨੂੰ ਚੋਰੀ ਪੁੱਟਣ ਵਾਸਤੇ ਜਾਂ (ਜੋਰੀ) ਬਲ ਨਾਲ ਧੱਕੇ ਨਾਲ ਪੁੱਟ ਦਿਆਂਗੇ।

ਤਿਮ ਤਿਮ ਬਹੁ ਡੂੰਘੋ ਅਤਿ ਹੋਊ॥੧੫॥ ਉਹ ਜਿੰਨਾਂ ਨਿਸ਼ਾਨ ਸਾਹਿਬਾਂ ਨੂੰ ਪੁੱਟਦੇ ਹਨ, ਓਨਾਂ ਹੀ ਡੂੰਘਾ ਨਿਸ਼ਾਨ ਥੱਲੇ ਨੂੰ ਉਤਰਿਆ ਜਾ ਰਿਹਾ। ੧੫।

ਕੱਟੈ ਡੋਰੀ ਕੋਊ ਸੰਗ ਹਥਿਆਰ॥ ਅੱਜ ਕੱਲ ਨਿਸ਼ਾਨ ਸਾਹਿਬ ਜੀ ਨੂੰ ਖੜ੍ਹਾ ਰਖਣ ਵਾਸਤੇ ਤਾਰਾਂ ਪਾਈਆਂ ਹੁੰਦੀਆਂ ਹਨ, ਪਰ ਉਨ੍ਹਾਂ ਦਿਨਾਂ ਵਿੱਚ ਤਾਰਾਂ ਦੀ ਥਾਂ ਤੇ ਰੱਸੇ ਹੀ ਪਾਏ ਹੁੰਦੇ ਸਨ, ਜੇ ਕੋਈ ਨਿਸ਼ਾਨ ਦੀ (ਡੋਰੀ) ਰੱਸੀ ਨੂੰ ਕਿਸੇ ਸ਼ਸਤ੍ਰ ਨਾਲ ਕੱਟਣਾ ਚਾਹੇ।

ਗਿਰੇ ਬਾਂਹ ਤਿਹ ਪਹਿਲੇ ਵਾਰ॥ ਨਿਸ਼ਾਨ ਸਾਹਿਬ ਦੀ ਡੋਰੀ ਉੱਤੇ ਵਾਰ ਕਰਨ ਨਾਲ ਉਹਦੀ ਬਾਂਹ ਵੱਢ ਕੇ ਡਿੱਗ ਪੈਂਦੀ ਆਪਣੇ ਆਪ ਹੀ।

ਰਖਜੋ ਨ ਰਾਖੋ ਉਸ ਪਹਿ ਕੋਇ॥ ਉਹਨਾਂ ਨਿਸ਼ਾਨ ਸਾਹਿਬਾਂ ਦੇ ਪਾਸ ਉਹਨਾਂ ਦੀ ਰਖਵਾਲੀ ਵਾਸਤੇ ਕੋਈ ਰਾਖਾ ਨਹੀਂ ਰੱਖਿਆ, ਕੋਈ ਪੁੱਟ ਕੇ ਨਾ ਲੈ ਜਾਏ।

ਤੁਰਕ ਢੁਕਤ ਅਗ ਤਨ ਲਗੈ ਸੋਇ॥੧੬॥ ਜਦੋਂ ਕੋਈ ਤੁਰਕ ਨਿਸ਼ਾਨ ਦੇ ਨੇੜੇ ਢੁਕਦਾ ਹੈ, ਤਾਂ ਓਸੇ ਵੇਲੇ ਉਹਦੇ ਸਰੀਰ ਨੂੰ ਅੱਗ ਲਗ ਜਾਂਦੀ ਹੈ, ਨਿਸ਼ਾਨ ਸਾਹਿਬਾਂ ਕੋਲੋਂ ਤੁਰਕਾਂ ਨੂੰ ਸੇਕ ਆਉਂਦਾ ਹੈ, ਇਸ ਤਰ੍ਹਾਂ ਮੰਤ੍ਰਾਂ ਦੇ ਸਹਾਰੇ ਨਿਸ਼ਾਨ ਸਾਹਿਬ ਖੜ੍ਹੇ ਕੀਤੇ ਹਨ। ੧੬।

ਪ੍ਰਸੰਗ ਦੁਆਬੇ ਕੋ ਲਿਖਜਤੇ
(ਦੁਆਬਾ ਜਿੱਤਿਆ, ਬੰਦੇ ਦੀ ਸ਼ਕਤੀ ਤੇ ਕਰਤਵਜ)

ਦੋਹਰਾ॥ ਬੰਦਾ ਮਲੇਰੇ ਮਲ ਚੜਜੋ, ਵੜਜੋ ਦੁਆਬੇ ਜਾਇ॥ ਬੰਦਾ ਬਹਾਦਰ ਜੋ ਸਤਿਗੁਰਾਂ ਨੇ ਤੁਰਕਾਂ ਦੇ ਸਿਰ ਤੇ ਲਾਇਆ ਹੈ, ਸਤਿਗੁਰਾਂ ਨੇ ਕਿਹਾ ਤੂੰ ਸਾਡਾ ਬੰਦਾ ਹੋਇਆ। ਸ਼ਾਹੀ ਦੇ ਸਿਰ ਲੱਗ, ਇਹਨਾਂ ਦਾ ਜੋ ਰਾਜ ਰੂਪੀ ਰੁੱਖ ਹੈ, ਇਸ ਨੂੰ ਸੁਕਾ ਕੇ ਨਾਸ ਕਰ ਦੇਹ। ਇਉਂ ਬੰਦਾ ਬਹਾਦਰ ਸ਼ਾਹੀ ਦੇ ਸਿਰ ਲੱਗ ਗਿਆ ਹੈ। ਹੁਣ ਬੰਦਾ ਸਿੰਘ ਮਲੇਰ ਕੋਟਲੇ ਨੂੰ ਮੱਲ ਕੇ ਕਬਜ਼ਾ ਕਰਕੇ ਅੱਗੇ ਦੁਆਬੇ ਵਿਚ ਜਾ ਵੜਿਆ ਹੈ।

ਮੁਲਕ ਛੋਡ ਹਾਕਮ ਗਯੋ, ਲੜਾਈ ਕੋਇ ਨ ਖਾਇ॥ ੧॥ ਦੁਆਬੇ ਦੇ ਹਾਕਮ ਬੰਦੇ ਬਹਾਦਰ ਤੋਂ ਡਰ ਕੇ ਆਪਣਾ ਮੁਲਕ ਸੁੰਨਾ ਛੱਡ ਕੇ ਭੱਜ ਗਏ ਹਨ ਜਿਧਰ ਨੂੰ ਮੂੰਹ ਹੋਇਆ ਹੈ, ਕੋਈ ਲੜਾਈ ਨਹੀਂ ਖਾਂਦਾ ਕੋਈ ਰੋਕਥਾਮ ਨਹੀਂ ਕਰਦਾ ਅੱਗੋਂ। ੧।

ਚੌਪਈ ॥ ਰਾਹੁ ਜਲੰਧਰ ਪੁਰ ਹੁਸ਼ਿਆਰ॥ ਰਾਹੋਂ, ਜਲੰਧਰ ਤੇ ਹੁਸ਼ਿਆਰਪੁਰ ਜਿਥੇ ਜਿਥੇ ਤੁਰਕਾਂ ਦੀਆਂ ਰਾਜਧਾਨੀਆਂ ਬਣਾਈਆਂ ਹੋਈਆਂ ਸਨ।

ਤੁਰਕ ਛਾਡ ਕੈ ਹੁਇ ਗਏ ਪਾਰ॥ ਤੁਰਕ ਦੁਆਬਾ ਛੱਡ ਕੇ ਰਾਵੀ ਤੋਂ ਪਾਰ ਹੋ ਗਏ ਹਨ, ਲਹੌਰ, ਪਸ਼ੌਰ ਨੂੰ ਭੱਜ ਗਏ ਹਨ।

ਬੰਦੁਬਸਤ ਤਬ ਬੰਦੈ ਕੀਓ॥ ਜਾ ਕੇ ਇਥੋਂ ਦਾ ਸਾਰਾ (ਬੰਦੋਬਸਤ) ਇੰਤਜ਼ਾਮ ਬੰਦਾ ਸਿੰਘ ਨੇ ਕੀਤਾ।

ਸਿੱਖਨ ਸੌਂਪ ਮੁਲਕ ਸਭ ਦੀਓ॥ ੨॥ ਇਥੋਂ ਦੇ ਜਿਹੜੇ ਵਸਨੀਕ ਸਨ, ਜਿਹੜੇ ਸਾਥ ਰਹਿੰਦੇ ਸੀ ਬੰਦੇ ਬਹਾਦਰ ਦੇ ਉਨ੍ਹਾਂ ਨੂੰ ਇਹ ਦੁਆਬਾ ਦੇਸ਼ ਸੰਭਾਲ ਦਿੱਤਾ ਹੈ।

ਦੁਆਬੇ ਲੋਗ ਭਏ ਬਹੁਤ ਸਿੱਖ॥ ਜਦੋਂ ਬੰਦਾ ਸਿੰਘ ਦੁਆਬੇ ਆ ਗਿਆ ਤਾਂ ਦੁਆਬੇ ਦੇ ਬੇਅੰਤ ਲੋਗ ਇਹਦੇ ਸਿੱਖ ਬਣ ਗਏ। ਭਾਵ ਬੰਦਈ ਸਿੱਖ ਬਣ ਗਏ ਸਨ।

ਬੰਦੇ ਰੀਤ ਚਲਾਈ ਵੱਖ॥ ਸਤਿਗੁਰਾਂ ਦਾ ਹੁਕਮ ਸੀ ਆਪਣਾ ਵਖਰਾ ਪੰਥ ਨਾ ਚਲਾਈਂ, ਗੁਰੂ ਪੰਥ ਦੀ ਪੁਸ਼ਤ ਪਨਾਹ ਵਿਚ ਰਹੀਂ, ਫੇਰ ਤੇਰੇ ਨਾਲ ਹਾਂ ਅਸੀਂ, ਤੈਨੂੰ ਸਭ ਬਲ ਦੇਵਾਂਗੇ, ਸਿੰਘ ਤੇਰੀ ਮਦਦ ਕਰਨਗੇ। ਤਾਂ ਇਸਨੇ ਇਹਦੀ ਉਲੰਘਣਾ ਕਰ ਦਿੱਤੀ। ਇਸਨੇ ਆਪਣੀ ਵੱਖਰੀ ਰੀਤੀ ਚਲਾ ਲਈ ਹੈ।

ਜੋ ਭੂਖੋ ਆਯੋ ਬੰਦੈ ਪਾਹਿ॥ ਬੰਦੇ ਕੋਲ ਹੁਣ ਲੋਕ ਆਉਂਦੇ ਨੇ, ਭਰਤੀ ਹੁੰਦੇ ਨੇ, ਜੇ ਕੋਈ ਭੁੱਖਾ ਨੰਗਾ ਬੰਦੇ ਬਹਾਦਰ ਦੇ ਪਾਸ ਆ ਗਿਆ।

ਬੰਦੇ ਦੀਨੋ ਸੋਊ ਰਜਾਇ॥੩॥ ਬੰਦੇ ਨੇ ਉਸਨੂੰ ਆਪਣੀ ਕਲਾ ਦੇ ਨਾਲ ਧਨ ਪਦਾਰਥ ਨਾਲ ਰਜਾ ਦਿੱਤਾ ਹੈ। ਸਿੰਘ ਤੇ ਖਾਹਸ਼ ਮੰਦ ਨਹੀਂ ਹਨ, ਸਿੰਘ ਤੇ ਕਿਸੇ ਚੀਜ਼ ਦੀ ਇੱਛਾ ਹੀ ਨਹੀਂ ਕਰਦੇ, ਲੋੜ ਹੀ ਨਹੀਂ ਕਰਦੇ। ਉਹ ਭੁੱਖੇ ਨੰਗੇ ਮੁਲਕੀਏ ਜਿਹੜੇ ਲੋਕ ਸਨ, ਜਿਹੜੇ ਜਿਹੜੇ ਉਹਦੀ ਸਰਨ ਵਿੱਚ ਆਉਂਦੇ ਨੇ ਜੋ ਮੰਗਦੇ ਨੇ ਉਨ੍ਹਾਂ ਨੂੰ ਸਭ ਕੁਛ ਦਿੰਦਾ ਹੈ। ੩।

ਫਗਵਾੜੇ ਵਾਲੇ ਮਿਲੇ ਸੁ ਆਈ॥ ਇਹ ਫਗਵਾੜੇ ਸ਼ਹਿਰ ਵਾਲੇ ਜਿਹੜੇ ਲੋਕ ਸਨ, ਹਾਕਮ ਠਾਕੁਰ, ਉਹ ਵੀ ਆ ਕੇ ਮਿਲੇ ਹਨ ਬੰਦੇ ਬਹਾਦਰ ਨੂੰ ਇੱਕਠੇ ਹੋ ਕੇ, ਸਾਨੂੰ ਆਪਣੀ ਸ਼ਰਣ ਵਿਚ ਰਖ ਲਉ ਜੀ, ਜੋ ਤੁਹਾਡਾ ਹੁਕਮ ਹੋਵੇਗਾ ਅਸੀਂ ਉਸਦੀ ਪਾਲਣਾ ਕਰਾਂਗੇ । ਜਿਸ ਤਰ੍ਹਾਂ ਤੁਸੀਂ ਕਹੋਗੇ ਅਸੀਂ ਓਸ ਤਰ੍ਹਾਂ ਕਰਾਂਗੇ, ਤੁਸੀਂ ਸਾਡੇ ਬਾਦਸ਼ਾਹ ਹੋ ਅਸੀਂ ਰੱਯਤ ਹਾਂ ਤੁਹਾਡੀ।

ਉਨ ਕੋ ਦੀਨੀ ਮੁਲਕ ਉਗਰਾਹੀ॥ ਬੰਦੇ ਬਹਾਦਰ ਨੂੰ ਜਿਹੜੇ ਆ ਮਿਲੇ ਚੰਗੇ ਚੰਗੇ ਆਦਮੀ , ਉਨ੍ਹਾਂ ਨੂੰ ਹੁਕਮ ਲਾ ਦਿੱਤਾ ਤੁਸੀਂ ਹੀ ਕਰਨੀ ਹੈ ਸਾਰੀ ਉਗਰਾਹੀ, ਉਗਰਾਹੀ ਕਰਕੇ ਧਨ ਇੱਕਠਾ ਕਰਕੇ ਸਾਡੇ ਖਜ਼ਾਨੇ ਵਿਚ ਪਾਉਣਾ ਹੈ।

ਔਰ ਮੁਲਕ ਕੇ ਆਇ ਮਿਲੈ ਪੈਂਚ॥ ਹੋਰ (ਮੁਲਕ)ਦੇਸ਼ ਜਿਵੇਂ ਦੁਆਬੇ ਦੇ ਨਾਲ ਤਿਹਾੜ, ਮਾਝਾ ਆਦਿਕ ਹਨ, ਉਨ੍ਹਾਂ ਦੇ ਆ ਕੇ (ਪੈਂਚ) ਚੌਧਰੀ, ਹਾਕਮ ਠਾਕੁਰ ਮਿਲਦੇ ਹਨ ਬੰਦੇ ਬਹਾਦਰ ਨੂੰ।

ਦਯੋ ਦਿਲਾਸੋ ਲਜੋ ਪੈਸੇ ਖੈਂਚ॥੪॥ ਉਹਨਾਂ ਨੂੰ ਦਿਲਾਸਾ ਦਿੱਤਾ ਹੌਸਲਾ ਦਿੱਤਾ, ਕੋਈ ਨਹੀਂ ਮੈਂ ਤੁਹਾਡੇ ਨਾਲ ਕੋਈ ਧੱਕਾ ਨਹੀਂ ਹੋਣ ਦਿਆਂਗਾ, ਅੱਜ ਤੋਂ ਕੋਈ ਤੁਹਾਡੇ ਤੇ ਜਬਰਦਸਤੀ ਨਹੀਂ ਕਰੇਗਾ, ਅਤੇ ਪੈਸਾ ਜੋ ਹੈ ਤੁਸੀਂ ਸ਼ਾਹੀ ਖਜ਼ਾਨੇ ਵਿੱਚ ਭੇਜਦੇ ਹੋ, ਉਹ ਮੇਰੇ ਖਜਾਨੇ ਵਿੱਚ ਪਾ ਦਿਉ ਇਓਂ ਸਭ ਨੂੰ ਦਿਲਾਸੇ ਦੇ ਕੇ ਪੈਸਾ ਖਿੱਚ ਲਿਆ ਹੈ। ੪।

ਹਿੰਦੂਅਨ ਨੇ ਤੋ ਬਡ ਸੁਖ ਪਾਯੋ॥ ਹਿੰਦੂਆਂ ਨੇ ਤਾਂ ਬੜਾ ਸੁਖ ਪਾਇਆ ਹੈ, ਕਿਉਂਕਿ ਬੰਦਾ ਬਹਾਦਰ ਹਿੰਦੂਆਂ ਦੀ ਰੱਖਿਆ ਕਰਦਾ ਹੈ, ਹਰ ਤਰ੍ਹਾਂ ਨਾਲ ਮਦਦ ਕਰਦਾ ਹੈ। ਜ਼ਾਲਮ ਤੁਰਕ ਹਿੰਦੂਆਂ ਤੇ ਦਬਾ ਰਖਦੇ ਸਨ , ਅਤੇ ਈਨ ਮਨਾਉਂਦੇ ਸਨ। ਹੁਣ ਕਿਸੇ ਦੀ ਜੁਰਅਤ ਨਹੀਂ ਰਹਿ ਗਈ ਕਿ ਕੋਈ ਕਿਸੇ ਤਰ੍ਹਾਂ ਤੰਗ ਕਰੇ।

ਮੁਸਲਮਾਨ ਨੇ ਵਖਤ ਕਟਾਯੋ॥ ਮੁਸਲਮਾਨ ਹੁਣ ਵਕਤ ਕੱਟਦੇ ਨੇ, ਦਿਨ ਕਟੀ ਕਰਦੇ ਨੇ ਮਤ ਸਾਥੋਂ ਕੋਈ ਐਸੀ ਗੱਲ ਹੋ ਜਾਏ, ਜੋ ਬੰਦਾ ਬਹਾਦਰ ਸਾਡਾ ਘਾਣ ਬੱਚਾ ਕਰ ਦਏ, ਇਉਂ ਟਾਇਮ ਪਾਸ ਕਰਦੇ ਨੇ।

ਹਿੰਦੂਅਨਿ ਓ ਲੇਵੈ ਭੀ ਜਾਵੈ॥ ਹਿੰਦੂਆਂ ਨੂੰ ਬੰਦਾ ਆਪਣੇ ਸਾਥ ਵੀ ਰੱਖਦਾ ਹੈ, ਅਤੇ ਪੈਸਾ ਵੀ ਲੈ ਲੈਂਦਾ ਹੈ।

ਹੁਇ ਰਈਅਤ ਸੋ ਮੁਲਕ ਬਸਾਵੈ॥੫॥ ਜਿਹੜਾ ਕੋਈ ਹਾਕਮ ਆਕੇ ਬੰਦੇ ਬਹਾਦਰ ਦੀ (ਰਈਅਤ) ਪਰਜਾ ਬਣ ਜਾਂਦਾ ਹੈ, ਉਨਾਂ ਤੇ ਬਹੁਤੀ ਸਖ਼ਤੀ ਨਹੀਂ ਕਰਦਾ, ਉਹਨਾਂ ਨੂੰ ਵਸਾ ਕੇ ਪਾਲਣਾ ਕਰਦਾ ਹੈ। ੫।

ਦੋਹਰਾ॥ ਪਾਣੀਪਤ ਹਿੰਸਾਰ ਲੌ, ਔ ਮਾਝੇ ਪੱਟੀ ਤਾਂਹਿ॥ ਪਾਣੀਪਤ ਕਰਨਾਲ ਤੋਂ ਲੈ ਕੇ, ਹਿੰਸਾਰ ਤੱਕ ਚੌੜਾ ਪਹਿਲਾ ਏਰੀਆ ਉੱਤਲੀ ਸੜਕ ਆ ਗਈ ਹੈ ਦਭ ਵਾਲੀ, ਇਸ ਸੜਕ ਦੇ ਉਤੇ ਹਿਸਾਰ ਸਰਸਾ ਵਗੈਰਾ ਆਉਂਦੇ ਨੇ, ਸਾਰੇ ਇਲਾਕੇ ਵਿਚ ਬੰਦੇ ਬਹਾਦਰ ਦਾ ਦਬਦਬਾ ਬਣ ਗਿਆ ਹੈ ਇਹ ਇਲਾਕਾ ਪਹਿਲਾਂ ਮੱਲਿਆ ਹੈ। ਮਾਝੇ ਤੱਕ ਜੋ ਪੱਟੀ ਦਾ ਇਲਾਕਾ ਵਸਦਾ ਸੀ, ਇਸ ਸਾਰੇ ਮੁਲਕ ਤੇ ਦਬਦਬਾ ਬਣਾ ਕੇ ਆਪ ਦੀ ਹਕੂਮਤ ਕਰ ਲਈ ਹੈ।

ਨਿਵਾਜ ਨਗਾਰਾ ਤੁਰਕ ਕੋ, ਔ ਬਾਂਗ ਦੇਵੈ ਕਹੂੰ ਨਾਂਹਿ॥੬॥ ਅੱਗੇ ਵਾਸਤੇ ਨਾ ਹੀ ਕੋਈ ਨਗਾਰਾ ਵਜਾ ਸਕਦਾ ਹੈ ਤੇ ਨਾ ਹੀ ਕੋਈ ਨਿਮਾਜ ਪੜ੍ਹ ਸਕਦਾ ਹੈ। ਨਗਾਰੇ ਵਾਲਾ ਆਕੀ ਸਮਝਿਆ ਜਾਂਦਾ ਸੀ। ਕੋਈ ਉੱਚੀ ਨਿਮਾਜ ਨਹੀਂ ਦੇ ਸਕਦਾ। ੬।

ਚੌਪਈ॥ ਸਿਠਾਲ ਬੁਤਾਲ ਵਾਲੇ ਸਿੰਘ ਵੱਲ॥ ਇਹ ਬਾਬੇ ਬਕਾਲੇ ਦੇ ਬੱਲ ਗੋਤ ਦੇ ਜੱਟ ਨੇ ਏਥੇ, ਇਹ ਬੁਤਾਲਾ ਤੇ ਸਿਠਾਲਾ ਬਾਬੇ ਬਕਾਲੇ ਦੇ ਕੋਲ ਲਗਦੇ ਨੇ, ਇਹ ਪਠਾਣਾਂ ਕੋਲ ਸਨ। ਸਿਠਾਲੇ ਅਤੇ ਬੁਤਾਲੇ ਪਿੰਡਾਂ ਵਲ ਦੇ ਜੋ ਸਿੰਘ ਸਨ।

ਪਠਾਣਨ ਵਤਨ ਲੀਆ ਸਭ ਮੱਲ॥ ਇਸ ਪਠਾਣਾਂ ਦੇ ਮੁਲਕ 'ਤੇ ਬੰਦੇ ਬਹਾਦਰ ਨੇ ਸਿੰਘਾਂ ਦਾ ਕਬਜ਼ਾ ਕਰਵਾ ਦਿਤਾ ਹੈ।

ਦੂਣ ਜਸਵਾਲੀ ਚੜ੍ਹ ਮਲ ਲਈ॥ ਇਥੋਂ ਚਲ ਕੇ ਫੇਰ ਪਹਾੜ ਨੂੰ ਮੂੰਹ ਕਰ ਲਿਆ ਹੈ (ਜਸਵਾਲੀ) ਇਹ ਹੇਠਾਂ ਅਨੰਦਪੁਰ ਸਾਹਿਬ ਦੇ ਪਹਾੜਾਂ ਵਿੱਚ ਆਉਂਦੀ ਹੈ, ਉਹ ਜਾ ਕੇ ਮੱਲ ਲਈ ਹੈ।

ਪੜੋਲ ਬਸੋਲੀ ਸਭ ਰੱਯਤ ਕਈ॥੭॥ ਪੜੋਲ ਤੇ ਬਸੋਲੀ ਆਦਿਕ ਜਿਹੜੇ ਇਹ ਕਸਬੇ ਨੇ ਪਹਾੜ ਦੇ ਉਹਨਾਂ ਸਾਰਿਆਂ ਨੂੰ ਮੱਲ ਲਿਆ ਹੈ ਬੰਦੇ ਬਹਾਦਰ ਨੇ, ਹੇਠਾਂ ਪਹਾੜਾਂ ਦੇ ਨਾਲ ਪੈਰ ਨੇ ਜਿਹੜੇ, ਅਨੰਦਪੁਰ ਸਾਹਿਬ ਨਾਲ ਲਗਦੇ ਨੇ ਜਿਹੜੇ ਛੋਟੇ ਪਹਾੜ, ਇਹ ਉਪਰਲੀ ਧਾਰ ਦੇ ਨਾਲ ਜਾ ਲਗਦੇ ਹਨ, ਉਥੋਂ ਤਾਂਈਂ ਜਿੰਨਾਂ ਇਲਾਕਾ ਸੀ ਸਾਰਾ, ਉਹ ਸਾਰਾ ਮੱਲ ਲਿਆ ਹੈ ਜਾ ਕੇ ਅਤੇ ਓਸਨੂੰ ਆਪਣੀ (ਰੱਯਤ) ਪਰਜਾ ਬਣਾਇਆ ਹੈ। ੭।

ਪਤਿਸ਼ਾਹਿ ਉਗਰਾਹੀ ਦਈ ਹਟਾਇ॥ ਅੱਗੇ ਜੋ ਦਿੱਲੀ ਦੇ ਬਾਦਸ਼ਾਹ ਦੀ ਉਗਰਾਹੀ ਹੁੰਦੀ ਸੀ, ਉਹ ਸਭ ਬੰਦ ਕਰ ਦਿੱਤੀ ਹੈ। ਖ਼ਬਰਦਾਰ ਜੇ ਅੱਜ ਤੋਂ ਦਿੱਲੀ ਨੂੰ ਪੈਸਾ ਭੇਜਿਆ ਕਿਸੇ ਨੇ, ਸਭ ਨੇ ਮੈਨੂੰ ਦੇਣਾ ਹੋਵੇਗਾ, ਇਉਂ ਖਬਰਦਾਰ ਕੀਤੇ।

ਉਨ ਸਿਰ ਅਪਨੀ ਲਈ ਠਹਿਰਾਇ॥ ਬਾਦਸ਼ਾਹੀ ਉਗਰਾਹੀ ਬੰਦ ਕਰਕੇ ਆਪਣੀ ਉਗਰਾਹੀ ਠੋਕ ਦਿੱਤੀ ਕਿ ਹੁਣ ਉਗਰਾਹੀ ਮੈਨੂੰ ਦੇਣੀ ਹੋਵੇਗੀ। ਹੁਣ ਮੇਰਾ ਬੰਦੋਬਸਤ ਹੈ।

ਆਇ ਮਿਲੈ ਤਿਸ ਰੱਯਤ ਹੋਇ॥ ਜਿਹੜਾ ਕੋਈ ਨਜ਼ਰਾਨੇ ਲੈ ਕੇ ਆ ਕੇ ਮਿਲ ਪੈਂਦਾ ਹੈ, ਉਹ ਖਾਲਸੇ ਦੀ (ਰੱਯਤ) ਪਰਜਾ ਹੋ ਜਾਂਦਾ ਹੈ, ਉਨ੍ਹਾਂ ਨੂੰ ਖਾਲਸਾ ਆਪਣੇ ਸਮਝ ਲੈਂਦਾ ਹੈ।

ਛਡਜੋ ਨ ਆਕੀ ਖਾਲਸੈ ਕੋਇ॥੮॥ ਖਾਲਸੇ ਪੰਥ ਦਾ ਐਸਾ ਦਬਦਬਾ ਬਣਿਆ ਹੈ, ਖਾਲਸੇ ਪੰਥ ਨੇ ਕੋਈ ਆਕੀ ਨਹੀਂ ਛੱਡਿਆ, ਬਲ ਤਾਂ ਖਾਲਸੇ ਦਾ ਹੈ। ਪ੍ਰਤਾਪ ਤਾਂ ਸਾਰਾ ਖਾਲਸੇ ਦਾ ਹੈ। ੮।

ਦੋਹਰਾ॥ ਤੁਰਕ ਜਥੈ ਨਿਰਬਲ ਲਖੇ, ਪੰਜਾਬ ਨ ਪੈਸਾ ਦੇਇ॥ ਹੁਣ ਜਦੋਂ ਦੇਖਿਆ ਕਿ ਤੁਰਕ ਤਾਂ ਬਿਨਾਂ ਸ਼ਕਤੀ ਤੋਂ ਹੋ ਗਏ ਹਨ, ਹੁਣ ਪੰਜਾਬ ਵਿਚੋਂ ਤਾਂ ਮੈਨੂੰ ਕਿਸੇ ਨੇ ਪੈਸਾ ਦੇਣਾ ਨਹੀਂ ਹੈ।

ਕਸ਼ਮੀਰ ਬਹਾਵਲ ਭਖਰ ਲੁਟੀ, ਕਿਛ ਹੱਥ ਚੁਕਾਵੋ ਲੇਇ॥੯॥ ਬੰਦੇ ਬਹਾਦਰ ਨੇ ਪੰਜਾਬ ਦਾ ਬੰਦੋਬਸਤ ਕਰ ਲਿਆ ਹੈ, ਹੁਣ ਏਧਰ ਪਸ਼ੌਰ ਦੇ ਇਲਾਕੇ ਵਲ ਨੂੰ ਹੋਇਆ ਭੱਖਰ ਸੱਖਰ ਆਦਿਕ ਅਤੇ ਬਹਾਵਲ ਪੁਰ ਕਸੂਰ ਦੇ ਨਾਲ ਅਗਲੇ ਪਾਸੇ ਐਧਰ ਲਗਦਾ ਹੈ, ਇਹ ਜੋ ਮੁਲਤਾਨ ਦਾ ਏਰੀਆ ਹੈ ਇਹ ਜਾ ਲੁੱਟਿਆ ਹੈ ਬੰਦੇ ਬਹਾਦਰ ਨੇ, ਜਾ ਸੋਧਿਆ ਹੈ । ਕੁਛ ਜਿਹੜੇ ਹਾਕਮ ਪਹਿਲਾਂ ਹੀ ਬੰਦੇ ਨੂੰ ਨਜ਼ਰਾਨਾ ਲੈ ਕੇ ਮਿਲ ਗਏ ਹਨ ਉਹਨਾਂ ਤੋਂ ਹੱਥ ਚੁਕਾਵਾ ਲਿਆ ਹੈ ਪਾਓ ਖਜ਼ਾਨੇ ਵਿਚ ਕਿੰਨੇ ਲੱਖ ਪਾਉਂਦੇ ਹੋ ਇਸ ਤਰ੍ਹਾਂ ਕਸ਼ਮੀਰ ਤੱਕ ਜਾ ਖਾਲਸੇ ਦਾ ਬੋਲ ਬਾਲਾ ਹੋਇਆ ਹੈ। ੯।

ਚੌਪਈ॥ ਬੰਦੇ ਗਰਦੀ ਪਰੀ ਪੰਜਾਬ॥ ਬੰਦੇ ਬਹਾਦਰ ਦਾ ਸਾਰੇ ਪੰਜਾਬ ਵਿੱਚ (ਗਰਦੀ) ਦਬਦਬਾ ਬਣ ਗਿਆ ਹੈ।

ਧਾਂਕ ਪਰੀ ਬਾਈ ਸੂਬੇ ਤਾਕ॥ ਹਿੰਦੋਸਤਾਨ ਸਾਰੇ ਦੇ ਸਾਰੇ ਬਾਈਆਂ ਸੂਬਿਆਂ ਤੱਕ ਬੰਦੇ ਬਹਾਦਰ ਦੀ ਧਾਂਕ ਪੈ ਗਈ ਹੈ ਸਭ ਥਰ ਥਰ ਕੰਬਦੇ ਨੇ।

ਮਧ ਕਾਬਲੈ ਸੋਚਾਂ ਕਰੈ॥ ਕਾਬਲ ਵਿੱਚ ਵੀ ਸੋਚਾਂ ਪੈ ਗਈਆਂ, ਕਾਬਲ ਤੱਕ ਹਕੂਮਤ ਕਰਨ ਵਾਲੇ ਸੋਚਣ ਲੱਗ ਪਏ ਹਨ, ਬੰਦੇ ਦਾ ਮੁਕਾਬਲਾ ਕਰਨ ਵਾਸਤੇ ਆਪਸ ਵਿੱਚ ਵਿਚਾਰ ਵਿਟਾਂਦਰੇ ਕਰਨ ਲਗ ਪਏ ਹਨ । (ਸੋਚ) ਚਿੰਤਾ ਹੋ ਗਈ ਹੈ ਕਾਬਲ ਵਾਲਿਆਂ ਨੂੰ ਵੀ।

ਮਤ ਹਮ ਪਰ ਬੰਦਾ ਆਇ ਪਰੇ॥੧੦॥ ਉਹ ਡਰ ਗਏ ਹਨ ਕੀ ਪਤਾ? ਬੰਦੇ ਬਹਾਦਰ ਦਾ, ਚੁਪ ਕੀਤੇ ਹੀ ਛਾਪੇਲ ਮਾਰ ਲੈਂਦਾ ਹੋਵੇ, ਸਾਡੇ ਉੱਤੇ ਆ ਪਵੇ, ਇਉਂ ਉਥੇ ਬੈਠੇ ਡਰਦੇ ਨੇ ਕਾਬਲ ਵਾਲੇ। ੧੦।

ਦੋਹਰਾ॥ ਬੰਦੈ ਦੁਆਬੋ ਮੱਲਿਓ, ਸਭ ਮਿਲੇ ਪੰਜਾਬੀ ਆਇ॥ ਜਦੋਂ ਬੰਦੇ ਬਹਾਦਰ ਨੇ ਦੋਆਬਾ ਮੱਲ ਲਿਆ ਸਾਰਾ, ਤਾਂ ਸਾਰੇ ਪੰਜਾਬ ਦੇ ਵਸਨੀਕ ਹਾਕਮ ਠਾਕੁਰ ਆ ਕੇ ਬੰਦੇ ਬਹਾਦਰ ਨੂੰ ਮਿਲੇ ਹਨ।

ਆਪ ਨ ਆਯੋ ਜੋ ਕੋਊ, ਉਨ ਦੀਨੇ ਵਕੀਲ ਘਲਾਇ॥੧੧॥ ਜੇ ਕੋਈ ਹਾਕਮ ਆਪ ਨਹੀਂ ਆ ਸਕਿਆ ਤਾਂ ਓਸਨੇ ਆਪਣੇ ਵਕੀਲ ਜਾਂ ਵਜੀਰ ਭੇਜੇ ਹਨ ਜਾਓ ਬੰਦੇ ਬਹਾਦਰ ਨਾਲ ਜਾ ਕੇ ਗੱਲਬਾਤ ਕਰ ਕੇ ਆਓ, ਅਸੀਂ ਤੁਹਾਡੀ ਰਈਅਤ ਹਾਂ। ਸਾਨੂੰ ਆਪਣੀ ਪਰਜਾ ਬਣਾ ਲਉ, ਮਾਮਲਾ ਲੈ ਲਉ ਸਾਡੇ ਕੋਲੋਂ, ਇਉਂ ਸਾਰੇ ਆਪ ਆ ਆ ਕੇ ਗੱਲਾਂ ਕਰਦੇ ਨੇ। ੧੧।

ਚੌਪਈ॥ ਗੱਡ ਖਾਲਸੈ ਝੰਡੇ ਝੁਲਾਏ॥ ਖਾਲਸੇ ਪੰਥ ਨੇ ਸਾਰੇ ਪੰਜਾਬ ਵਿੱਚ ਆਪਣੇ ਨਿਸ਼ਾਨ ਝੁਲਾ ਦਿੱਤੇ ਹਨ, ਚੰਗੇ ਉੱਚੇ ਉੱਚੇ ਨਿਸ਼ਾਨ ਸਾਹਿਬ ਲਾ ਦਿੱਤੇ ਨੇ।

ਤੁਰਕਨ ਕੇ ਸੋ ਪੱਟ ਗਿਰਾਏ॥ ਜਿਥੇ ਤੁਰਕਾਂ ਨੇ ਆਪਣੇ ਕਿਲ੍ਹਿਆਂ ਕੋਟਾਂ ਤੇ ਝੰਡੇ ਲਾਏ ਹੋਏ ਸੀ, ਉਹ ਸਾਰੇ ਪੁੱਟ ਕੇ ਸੁੱਟ ਦਿੱਤੇ ਹਨ, ਉਨ੍ਹਾਂ ਦੀ ਜਗ੍ਹਾ ਉੱਤੇ ਖਾਲਸੇ ਪੰਥ ਨੇ ਆਪਣੇ ਨਿਸ਼ਾਨ ਲਾ ਦਿੱਤੇ।

ਸ੍ਰਹੰਦ ਨਬਾਬੀ ਬਾਜ ਸਿੰਘ ਭਈ॥ ਸਰਹੰਦ ਦੀ ਨਬਾਬੀ ਭਾਈ ਬਾਜ ਸਿੰਘ ਜੀ ਨੂੰ ਪ੍ਰਾਪਤ ਹੋ ਗਈ ਹੈ।

ਦੁਆਬੇ ਕੀ ਓਸ ਦੂਜੇ ਤਈ॥੧੨॥ ਭਾਈ ਬਾਜ ਸਿੰਘ ਦੇ ਦੂਜੇ ਭਰਾ ਸਜਾਮ ਸਿੰਘ ਨੂੰ ਦੁਆਬੇ ਦੀ ਸੂਬੇਦਾਰੀ ਦੇ ਦਿੱਤੀ ਹੈ ਕਿ ਏਥੇ ਹਕੂਮਤ ਤੂੰ ਸੰਭਾਲ ਲੈ। ੧੨।

ਪਠਾਣਕੋਟ ਔ ਅਚਲ ਬਟਾਲਾ॥ ਪਠਾਣਕੋਟ ਤੇ ਅਚਲ ਵਟਾਲੇ ਦਾ ਜੋ ਇਲਾਕਾ ਹੈ।

ਮਾਰਜੋ ਸੂਬਾ ਓਸੁ ਮੁਲਕੇ ਵਾਲਾ॥ ਓਸ ਮੁਲਕ ਦਾ ਸੂਬਾ ਜਿਹੜਾ ਹਕੂਮਤ ਕਰਦਾ ਸੀ ਓਹ ਵੀ ਬੰਦੇ ਬਹਾਦਰ ਨੇ ਜਾ ਕੇ ਮਾਰ ਲਿਆ, ਓਹਨੂੰ ਵੀ ਸੋਧ ਲਿਆ ਹੈ।

ਤੀਜੋ ਭ੍ਰਾਉ ਉਹਾਂ ਉਨ ਬਹਜੋ॥ ਤੀਜਾ ਭਰਾ ਉਨ੍ਹਾਂ ਦਾ ਬਟਾਲੇ ਤੇ ਪਠਾਣਕੋਟ ਦੇ ਏਰੀਏ ਤੇ ਬੈਠ ਗਿਆ ਹੈ, ਇਹ ਸਾਰਾ ਗੁਰਦਾਸ ਪੁਰ ਦਾ ਇਲਾਕਾ ਪਠਾਣਕੋਟ ਤੱਕ ਇਸਦੀ ਹਕੂਮਤ ਹੋ ਗਈ।

ਚੌਥੇ ਹਜ਼ੂਰ ਬੰਦੈ ਇੱਕ ਰਹਜੋ॥੧੩॥ ਚੌਥਾ ਭਰਾ ਇਹਨਾਂ ਦਾ ਉਹ ਬੰਦੇ ਬਹਾਦਰ ਦੇ ਕੋਲ ਰਹਿੰਦਾ ਸੀ, ਉਸਨੂੰ ਆਪਣੇ ਪਾਸ ਰੱਖਿਆ ਹੈ। ੧੩।

ਦਿਲੀ ਲਹੌਰ ਬਡ ਭਯੋ ਦਬਾਉ॥ ਦਿੱਲੀ ਅਤੇ ਲਹੌਰ ਵਿੱਚ ਬੰਦੇ ਬਹਾਦਰ ਦਾ ਬੜਾ ਭਾਰੀ ਦਬਦਬਾ ਪੈ ਗਿਆ।

ਅਗੈ ਤੁਰਕ ਕਢ ਸਕੈ ਨ ਪਾਉ॥ ਹੁਣ ਕਿਸੇ ਦੀ ਮਜਾਲ ਨਹੀਂ ਕਿ ਬੰਦੇ ਬਹਾਦਰ ਨਾਲ ਕੋਈ ਲੜਨ ਦਾ ਹੌਸਲਾ ਕਰੇ ਕਿਸੇ ਕਿਲ੍ਹੇ ਕੋਟ ਵਿਚੋਂ ਕੋਈ ਫੌਜ ਬਾਹਰ ਨਿਕਲੇ ਬਲਕਿ ਅੰਦਰ ਹੀ ਛੁਪ ਗਈ ਹੈ ਕਿਲ੍ਹਿਆਂ ਦੇ ਵਿੱਚ। ਬਾਹਰ ਦੇਖਦੇ ਹੀ ਨਹੀਂ, ਨਾ ਕੋਈ ਸ਼ਿਕਾਰ ਚੜ੍ਹਦਾ ਹੈ, ਨਾ ਕੋਈ ਸੈਰ ਕਰਨ ਨਿਕਲਦਾ ਹੈ, ਨਾ ਹੀ ਸਫਰ ਐਧਰ ਓਧਰ ਹੀ ਕਰਦਾ ਹੈ ਮਤ ਰਾਹ ਵਿਚ ਹੀ ਫੜ ਲੈਣ ਮੈਨੂੰ। ਐਸਾ ਦਬਦਬਾ ਪੈ ਗਿਆ ਹੈ, ਹੁਣ ਕੋਈ ਆਪਣੇ ਕਿਲ੍ਹਿਆਂ 'ਚੋਂ ਬਾਹਰ ਪੈਰ ਨਹੀਂ ਕਢਦਾ।

ਲੀਕ ਬੰਦੇ ਕੀ ਲਖੈ ਕੋ ਨਾਹੀਂ॥ ਬੰਦਾ ਜਦੋਂ ਲਕੀਰ ਮਾਰ ਦਿੰਦਾ ਹੈ ਮਜ਼ਾਲ ਹੈ ਕੋਈ ਟੱਪ ਜਾਵੇ, ਜਿਵੇਂ ਲਛਮਣ ਨੇ ਖਿੱਚ ਦਿੱਤੀ ਸੀ ਅਤੇ ਸੀਤਾ ਨੂੰ ਕਿਹਾ ਸੀ ਕਿ ਸੀਤਾ ਮਾਤਾ ਇਸ ਤੋਂ ਅਗਾਂਹ ਤੂੰ ਨਹੀਂ ਹੋਣਾ, ਅੱਗੇ ਕੋਈ ਲੰਘ ਨਹੀਂ ਸੀ ਸਕਦਾ, ਰਾਵਣ ਵਰਗੇ ਕਿੱਡੇ ਬਲੀ ਸਨ, ਕਿੱਡਾ ਸ਼ਾਸਕ ਸੀ, ਕਿੰਨੀ ਵੱਡੀ ਆਰਜਾ ਸੀ ਉਹਨਾਂ ਦੀ ਕਿਥੇ ਬ੍ਰਹਮਾ ਤੱਕ ਉਹਦੀ ਸ਼ੋਹਰਤ ਸੀ, ਉਹ ਸਾਰੇ ਓਹਦੀ ਛਿਆਨੀ ਭਰਦੇ ਸੀ, ਜਮਰਾਜ ਵੀ ਉਹਦੀ ਛਿਆਨੀ ਭਰਦਾ ਸੀ ਐਡੇ ਦਬਦਬਾ ਵਾਲਾ ਸੀ, ਪਰ ਲੀਕ ਉਹ ਵੀ ਨਹੀਂ ਸੀ ਟੱਪ ਸਕਿਆ। ਸੀਤਾ ਨੂੰ ਸਗੋਂ ਕਿਹਾ ਰਾਵਣ ਨੇ ਮੈਂ ਫਕੀਰ ਹਾਂ ਅਤਿਥੀ ਮੈਨੂੰ ਬਾਹਰ ਆ ਕੇ ਖੈਰ ਪਾ। ਬੰਦਾ ਬਹਾਦਰ ਦਾ ਐਸਾ ਦਬਾ ਪਿਆ ਜਿਥੇ ਲਕੀਰ ਖਿੱਚ ਦਿੰਦਾ ਹੈ ਕਿ ਇਸਤੋਂ ਅੱਗੇ ਨਹੀਂ ਕੋਈ ਆ ਸਕਦਾ, ਉਥੋਂ ਅੱਗੇ ਕੋਈ ਕਦਮ ਨਹੀਂ ਰਖਦਾ ਐਨਾ ਡਰ ਹੈ।

ਏਕਲ ਝੰਡੇ ਪਾਣੀਪਤ ਝੁਲਾਹੀ॥੧੪॥ (ਏਕਲ) ਕੋਈ ਰਾਖਾ ਨਹੀਂ, ਕੋਈ ਫੌਜ ਨਹੀਂ ਛੱਡੀ, ਪਾਣੀਪਤ ਕੋਲ ਇਕੱਲੇ ਹੀ ਝੰਡੇ ਝੂਲ ਰਹੇ ਨੇ, ਕਿਸੇ ਦੀ ਤਾਕਤ ਨਹੀਂ ਕਿ ਝੰਡਿਆਂ ਦੇ ਕੋਲ ਆ ਜਾਵੇ। ੧੪।

ਦੋਹਰਾ॥ ਬੰਦੈ ਬਿਧ ਤਬ ਯੌਂ ਠਈ, ਵਿੱਚ ਕਿਲਿਅਨ ਠਾਣੇ ਪਾਇ॥ ਬੰਦੇ ਬਹਾਦਰ ਨੇ ਇੱਕ ਹੋਰ ਬਿਧੀ ਬਣਾਈ, ਜਿੰਨੇ ਖਾਲਸੇ ਨੇ ਕਿਲ੍ਹੇ ਮੱਲੇ ਹਨ ਜਿਥੇ ਜਿਥੇ ਖਾਲਸੇ ਦੀ ਫੌਜ ਕਿਲ੍ਹਿਆਂ ਵਿਚ ਦਾਖਲ ਹੋਈ ਹੈ, ਉਹਨਾਂ ਕਿਲ੍ਹਿਆਂ ਵਿਚ ਥਾਣੇ ਪਾ ਦਿਤੇ ਹਨ, ਇਨਸਾਫ ਕਰਨ ਵਾਸਤੇ।

ਇਕ ਇਕ ਜਾਗਾ ਆਪਨੀ, ਲੀਨੀ ਵਿੱਚ ਚਿਨਾਇ॥੧੫॥ ਕਿਲ੍ਹਿਆਂ ਦੇ ਵਿੱਚ ਇੱਕ ਇੱਕ ਆਪਣੀ ਜਗ੍ਹਾ ਚਿਣਾ ਲਈ, ਭਾਵ ਕਿਲ੍ਹੇ ਦੇ ਵਿੱਚ ਹੀ ਆਪਣੀ ਵੱਖਰੀ ਹਵੇਲੀ ਆਦਿਕ ਬਣਵਾ ਲਈ ਠਹਿਰਨ ਵਾਸਤੇ। ੧੫।

ਚੌਪਈ॥ ਪਾਣੀਪਤ ਲੌਂ ਪਠਾਣ ਸੁ ਕੋਟ॥ ਪਾਣੀਪਤ ਤੋਂ ਲੈ ਕੇ ਪਠਾਣ ਕੋਟ ਤੱਕ ਜਿੰਨਾਂ ਇਲਾਕਾ ਹੈ।

ਕਾਇਮ ਕਿਲ੍ਹੇ ਕੀਏ ਹੈਂ ਜੋਟ॥ ਕਿਲ੍ਹੇ ਕਾਇਮ ਕਰਕੇ ਉਹਨਾਂ ਨੂੰ ਆਪਸ ਵਿੱਚ ਮਦਦ ਕਰਨ ਵਾਸਤੇ ਜੋੜ ਦਿੱਤਾ ਹੈ।

ਬੰਦਾ ਕਦੇ ਕਿਤੇ ਗੜ੍ਹ ਜਾਵੈ॥ ਹੁਣ ਰਾਜ ਪ੍ਰਬੰਧ ਕਰਨਾ ਹੈ, ਰਾਜ ਪ੍ਰਬੰਧ ਕਰਨ ਵਾਲੇ ਅਰਾਮ ਨਾਲ ਸੌਂ ਕੇ ਨਹੀਂ ਦੇਖਦੇ, ਹੁਣ ਬੰਦਾ ਬਹਾਦਰ ਕਦੇ ਕਿਸੇ ਕਿਲ੍ਹੇ ਵਿਚ ਚਲਿਆ ਜਾਂਦਾ ਹੈ, ਕਦੇ ਕਿਸੇ ਵਿੱਚ।

ਖਬਰ ਕਰੈ ਨਹਿੰ ਇਕਲੌ ਧਾਵੈ॥੧੬॥ ਕਿਸੇ ਨੂੰ ਖ਼ਬਰ ਨਹੀਂ ਕਰਦਾ ਹੈ ਕਿ ਮੈਂ ਫਲਾਨੀ ਜਗ੍ਹਾ ਚੱਲਿਆ ਹਾਂ, ਇਕੱਲਾ ਹੀ ਓਥੇ ਪਹੁੰਚ ਜਾਂਦਾ ਹੈ। ੧੬।

ਵੜੈ ਅਚਾਨਕ ਜਾਨਜੋ ਨ ਜਾਇ॥ ਅਚਾਨਕ ਹੀ ਉਸ ਕਿਲ੍ਹੇ ਵਿੱਚ ਜਾ ਵੜਦਾ ਹੈ, ਜਾਣਿਆਂ ਨਹੀਂ ਜਾਂਦਾ, ਅਤੇ ਕਿਸੇ ਨੂੰ ਪਤਾ ਹੀ ਨਹੀਂ ਲਗਦਾ ਹੈ ਬੰਦਾ ਬਹਾਦਰ ਕਦੋਂ ਆਇਆ ਹੈ ਔਰ ਕਿਹੜੇ ਵੇਲੇ ਆਇਆ ਹੈ।

ਕੁੰਡੇ ਜੰਦੇ ਅੜੇ ਦਸਾਇ॥ ਕਿਲ੍ਹਿਆਂ ਦੇ ਦਰਵਾਜੇ ਓਸੇ ਤਰ੍ਹਾਂ ਹੀ ਅੜੇ ਹੁੰਦੇ ਨੇ, ਕੁੰਡੇ ਲਾ ਕੇ ਜਿੰਦਰੇ ਲੱਗੇ ਹੁੰਦੇ ਦਿਸਦੇ ਹਨ ਉਸੇ ਤਰ੍ਹਾਂ ਹੀ ਕਿਸੇ ਨੂੰ ਪਤਾ ਨਹੀਂ ਲਗਦਾ ਕਿ ਬੰਦਾ, ਏਥੋਂ ਦੀ ਲੰਘਿਆ ਕਿ ਨਹੀਂ। ਉਦੋਂ ਹੀ ਪਤਾ ਲਗਦਾ ਹੈ ਜਦੋਂ ਕਿਲ੍ਹੇ ਵਿਚ ਪ੍ਰਗਟ ਹੋ ਕੇ ਖੜ੍ਹ ਜਾਂਦਾ ਹੈ, ਸਭ ਖਾਲਸੇ ਦੀ ਹਾਜ਼ਰੀ ਲੈਂਦਾ ਹੈ।

ਜਿਮੀ ਵੜੇ ਕਦੇ ਉੱਤੇ ਅਕਾਸ਼ ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਕਰਾਮਾਤ ਜਿਉਂ ਸੀ ਇਹਦੇ ਵਿੱਚ, ਰਿਧੀ ਸਿਧੀ, ਪ੍ਰਾਪਤ ਕੀਤੀ ਹੋਈ ਸੀ। ਕਦੀ ਤਾਂ ਦੇਖਦਿਆਂ ਹੀ ਧਰਤੀ ਵਿਚ ਸਮਾ ਜਾਂਦਾ ਹੈ, ਤੇ ਕਦੀ ਦੇਖਦਿਆਂ ਹੀ ਉਡਕੇ ਅਕਾਸ਼ ਨੂੰ ਚੜ੍ਹ ਜਾਂਦਾ ਹੈ। ਇਉਂ ਪਤਾ ਨਹੀਂ ਲਗਦਾ ਹੈ, ਅਚੰਭਾ ਜਿਹਾ ਲਗਦਾ ਹੈ।

ਦਿਸੇ ਨਹੀਂ ਵਹਿ ਜਾਵੈ ਪਾਸ॥੧੭॥ ਜਦੋਂ ਉਹਦੇ ਕੋਲ ਜਾਂਦੇ ਹਨ ਤਾਂ ਦਿਸਦਾ ਨਹੀਂ ਹੈ, ਉਦੋਂ ਹੀ ਪਤਾ ਲਗਦਾ ਜਦੋਂ ਉਹਨਾਂ ਦੇ ਕੋਲ ਖੜ੍ਹਾ ਉਨ੍ਹਾਂ ਦੀਆਂ ਗੱਲਾਂ ਸੁਣਦਾ ਹੈ ਇਉਂ ਸਾਰੇ ਕਿਲ੍ਹੇਦਾਰਾਂ ਨੂੰ ਚਿੰਤਾ ਵਿਚ ਪਾ ਦਿੱਤਾ ਕਿ ਬੰਦਾ ਕੋਲ ਹੀ ਨਾ ਖੜ੍ਹਾ ਹੋਵੇ। ਉਹਦੇ ਖਿਲਾਫ ਕੋਈ ਰੋਂਦ ਹੀ ਨਹੀਂ ਗੁੰਦਦਾ, ਕੋਈ ਗੱਲ ਹੀ ਨਹੀਂ ਕਰਦਾ। ਇਉਂ ਫੌਜ ਦੇ ਵਿੱਚ ਦਬਦਬਾ ਬਣ ਗਿਆ ਹੈ ਕਿ ਏਡੇ ਅਚੰਭੇ ਵਾਲੀ ਗੱਲ ਹੈ ਪਤਾ ਨਹੀਂ ਓਹਨੇ ਕਦੋਂ ਆ ਹਾਜ਼ਰ ਹੋਣਾ ਹੈ ਏਥੇ। ੧੭।

ਪੀਏ ਨ ਪਾਣੀ ਅੰਨ ਨ ਖਾਇ॥ ਕਿਸੇ ਦੇ ਦੇਖਦਿਆਂ ਪਾਣੀ ਵੀ ਨਹੀਂ ਪੀਂਦਾ, ਤੇ ਨਾਹੀ ਭੋਜਨ ਛਕਦਾ ਹੈ ਕਿਸੇ ਦੇ ਹੱਥੋਂ। ਪਤਾ ਨਹੀਂ ਕਿਥੋਂ ਖਾਂਦਾ ਕਿਥੋਂ ਛਕਦਾ ਹੈ ਇਹ ਵੀ ਕੋਈ ਬੰਦੋਬਸਤ ਨਹੀਂ, ਰਿਧੀਆਂ ਸਿਧੀਆਂ ਹਨ ਓਹਦੇ ਕੋਲ।

ਜਹਾਂ ਚਹੇ ਤਹਿੰ ਪਹੁੰਚੇ ਜਾਇ॥ ਜਿਥੇ ਚਾਹੁੰਦਾ ਹੈ ਓਥੇ ਅੱਖ ਝਮਕੇ ਤੋਂ ਪਹੁੰਚ ਜਾਂਦਾ ਹੈ, ਤੁਰਤ ਹੀ ਅੱਪੜ ਜਾਂਦਾ ਹੈ।

ਸਭ ਗੜ੍ਹੀਅਨ ਮੈਂ ਫਿਰ ਕਰ ਆਵੈ॥ ਅਤੇ ਸਾਰੀਆਂ ਗੜ੍ਹੀਆਂ ਕਿਲ੍ਹਿਆਂ ਵਿੱਚ ਫੇਰਾ ਮਾਰ ਕੇ ਫੇਰ ਆਪਣੇ ਮੁਕਾਮ ਤੇ ਆ ਜਾਂਦਾ ਹੈ। ਜਿਥੇ ਫੌਜ ਹੈ ਨਾਲ ਦੇ ਸਾਥੀ ਨੇ, ਖਾਲਸਾ ਪੰਥ ਹੈ, ਓਥੇ ਆ ਕੇ ਫੇਰ ਹਾਜ਼ਰ ਹੋ ਜਾਂਦਾ ਹੈ।

ਸਬਹਨ ਕੀ ਜਾ ਖਾਤ੍ਰ ਕਰਾਵੈ॥੧੮॥ ਸਭ ਦੀ ਜਾ ਕੇ ਖਾਤਰ ਕਰਵਾਉਂਦਾ ਹੈ, ਸਭ ਨੂੰ ਦੁੱਖ ਸੁੱਖ ਪੁਛਦਾ, ਪ੍ਰਬੰਧ ਪੁਛਦਾ ਹੈ ਕਿਵੇਂ ਹੈ, ਕੋਈ ਤਕਲੀਫ ਹੋਵੇ ਦੱਸੋ, ਤੁਹਾਡੇ ਨਾਲ ਕੋਈ ਆਕੜਦਾ ਹੋਵੇ, ਕੋਈ ਤੁਹਾਡਾ ਦੁਸ਼ਮਣ ਜਾਗਦਾ ਹੋਵੇ ਜਿਸ ਤੋਂ ਤੁਹਾਨੂੰ ਡਰ ਹੋਵੇ ਦੱਸੋ, ਸਭ ਦਾ ਪਤਾ ਰਖਦਾ ਹੈ ਸਭ ਤੋਂ ਪੁੱਛ ਕੇ ਆਉਂਦਾ ਹੈ। ੧੮।

ਸਬਹਨ ਮਨ ਕੀ ਬਾਤ ਬਤਾਵੈ॥ ਅਤੇ ਜੇ ਕੋਈ ਮਨ ਵਿੱਚ ਚਿਤਵਤਾ ਹੈ ਸਿਖ, ਉਹਦੇ ਮਨ ਦੀ ਗੱਲ ਫੌਰਨ ਦੱਸ ਦਿੰਦਾ ਹੈ, ਕਿਉਂ ਓ ਆਹ ਚਾਹੁੰਦਾ? ਆਹ ਤੇਰੀ ਮੰਗ ਹੈ, ਇੱਛਾ ਹੈ ਤੇਰੀ। ਇਉਂ ਓਨ੍ਹਾਂ ਦੇ ਮਨ ਦੀ ਗੱਲ ਦਸ ਦਿੰਦਾ ਹੈ, ਜਿਸਤੋਂ ਉਨ੍ਹਾਂ ਦੇ ਮਨ ਪ੍ਰਤਿਆਵਾ ਹੋ ਜਾਂਦਾ ਹੈ ਸਭ ਨੂੰ ਯਕੀਨ ਹੋ ਜਾਂਦਾ ਹੈ ਕਿ ਬੰਦੇ ਤੋਂ ਕੋਈ ਗੱਲ ਗੁੱਝੀ ਨਹੀਂ, ਇਹਨੂੰ ਸਾਡੀਆਂ ਸਾਰੀਆਂ ਗੱਲਾਂ ਦਾ ਪਤਾ ਹੈ, ਇਉਂ ਬੰਦੇ ਬਹਾਦਰ ਦਾ ਭੈ ਰਖਦੇ ਹਨ।

ਸਬਹਨ ਕੀ ਵਹਿ ਚਿੰਤ ਮਿਟਾਵੈ॥ ਜੇ ਕਿਸੇ ਨੂੰ ਕਿਸੇ ਚੀਜ਼ ਦੀ ਇੱਛਾ ਹੈ, ਉਹ ਸਭ ਦੀ ਇੱਛਾ ਪੂਰੀ ਕਰਕੇ, ਸਭ ਦੀ ਚਿੰਤਾ ਦੂਰ ਕਰਦਾ ਹੈ।

ਸਬਹਨ ਕੀ ਵਹੁ ਪੂਰੇ ਆਸ॥ ਜੋ ਵੀ ਕੋਈ ਆਸਾ ਕਰਕੇ ਆਉਂਦਾ ਹੈ, ਸਭਨਾਂ ਦੀਆਂ ਆਸਾਂ ਪੂਰੀਆਂ ਕਰ ਦਿੰਦਾ ਹੈ।

ਸਬਹਨ ਕੇ ਆ ਬਹੈ ਸੁ ਪਾਸ॥੧੯॥ ਅਤੇ ਜਿਥੇ ਜਿਥੇ ਸਿੰਘ ਰਹਿੰਦੇ ਨੇ ਕਿਲ੍ਹਿਆਂ ਵਿੱਚ, ਕੋਟਾਂ ਵਿੱਚ, ਫੌਜਾਂ, ਜਥਿਆਂ ਵਿੱਚ, ਉਦੋਂ ਹੀ ਪਤਾ ਲਗਦਾ ਹੈ ਜਦੋਂ ਉਨ੍ਹਾਂ ਦੇ ਕੋਲ ਆ ਕੇ ਬੈਠਦਾ ਹੈ। ੧੯।

ਦੋਹਰਾ॥ ਜਿਮ ਗੋਪੀਅਨ ਕੇ ਕ੍ਰਿਸ਼ਨ ਜੀ, ਕਹੋ ਰਹੈਂ ਸਭ ਪਾਸ॥ ਭਾਈ ਰਤਨ ਸਿੰਘ ਜੀ ਪ੍ਰਮਾਣ ਦਿੰਦੇ ਹਨ, ਜਿਵੇਂ ਸ੍ਰੀ ਕ੍ਰਿਸ਼ਨ ਜੀ ਦੀਆਂ ਹਜਾਰਾਂ ਹੀ (ਗੋਪੀਅਨ) ਇਸਤ੍ਰੀਆਂ ਸਨ ਜਿਨ੍ਹਾਂ ਨਾਲ ਸ਼ਾਦੀਆਂ ਕੀਤੀਆਂ ਕ੍ਰਿਸ਼ਨ ਭਗਵਾਨ ਨੇ ਅੱਠ ਸੌ ਅੱਠ (੮੦੮) ਰਾਣੀ ਓਸਦੀ ਸੀ, ਸੋਲਾਂ ਹਜ਼ਾਰ ਇੱਕ ਵੇਰਾਂ ਵਰੀ ਸੀ ਗਿਣਤੀ ਤੋਂ ਬਾਹਰ ਸੀ, ਉਹਨਾਂ ਸਾਰੀਆਂ ਦੇ ਕੋਲ ਹੀ ਕ੍ਰਿਸ਼ਨ ਹੁੰਦਾ ਹੈ ਇਉਂ ਹਰ ਕਿਲ੍ਹੇ ਵਿੱਚ ਹਰ ਸਿੱਖ ਦੇ ਕੋਲ, ਹਰ ਜਰਨੈਲ ਦੇ ਕੋਲ ਇਉਂ ਹਰ ਇੱਕ ਨੂੰ ਬੰਦਾ ਬਹਾਦਰ ਆਪਣੇ ਕੋਲ ਹੀ ਪ੍ਰਤੀਤ ਹੁੰਦਾ ਹੈ।

ਤਿਮ ਬੰਦਾ ਕਿਲ੍ਹਿਅਨ ਫਿਰੈ, ਨਿਤਪ੍ਰਤਿ ਪੁਜਾਵੈ ਆਸ॥੨੦॥ ਤਿਵੇਂ ਬੰਦਾ ਕਿਲ੍ਹਿਆਂ ਵਿੱਚ ਫਿਰਦਾ ਹੈ, ਹਰੇਕ ਦੀ ਆਸਾ ਪੂਰੀ ਕਰਦਾ ਹੈ, ਕਿਸੇ ਨੂੰ ਕੋਈ ਚਿੰਤਾ ਹੈ ਫਿਕਰ ਹੈ, ਕਿਸੇ ਦੀ ਕੋਈ ਮੰਗ ਹੈ ਤੁਰਤ ਫੁਰਤ ਪੂਰੀ ਕਰ ਦਿੰਦਾ ਹੈ। ੨੦।

ਚੌਪਈ॥ ਸਵੇਂ ਨਹੀਂ ਵਹੁ ਸਾਰੀ ਰਾਤ॥ ਸਾਰੀ ਰਾਤ ਹੀ ਨਹੀਂ ਸੌਂਦਾ ਹੈ, ਬੰਦਾ ਜਾਗਦੇ ਦਾ ਜਾਗਦਾ ਹੈ।

ਬਿਨਾ ਸੁਨੀ ਸੁ ਬਤਾਵੇ ਬਾਤ॥ ਬਿਨਾਂ ਸੁਣੀਂ ਗੱਲ ਦੱਸਦਾ ਹੈ, ਕੋਈ ਗੱਲ ਕਰੇ ਨਾ ਕਰੇ ਉਹਦੇ ਕੋਲ ਆ ਕੇ, ਝੱਟ ਦੱਸ ਦਿੰਦਾ ਹੈ ਫਲਾਨੀ ਥਾਂ ਆਹ ਗੱਲਾਂ ਕਰਦੇ ਸੀ ਤੁਸੀਂ, ਦੱਸੋ ਕੀ ਸਲਾਹ ਬਣੀ ਹੈ ? ਇਉਂ ਹਰ ਇੱਕ ਨੂੰ ਪੁੱਛ ਲੈਂਦਾ ਹੈ।

ਦੂਰ ਦਰਸ਼ੀ ਜੋ ਸਿਧਿ ਕਹਾਵੈ॥ ਸਿੱਧੀ ਦੀ ਗੱਲ ਕਰਦੇ ਨੇ ਕਈ ਸਿੱਧ ਦੂਰ ਦਰਸ਼ੀ ਹੁੰਦੇ ਨੇ, ਭਾਵ ਆਪ ਐਥੇ ਬੈਠੇ ਹਨ ਪੰਜਾਬ ਵਿੱਚ ਕਿਤੇ ਵਲਾਇਤ ਵਿੱਚ ਕੋਈ ਕੁਛ ਹੁੰਦਾ ਹੈ ਉਹ ਐਥੇ ਬੈਠਾ ਦੱਸੀ ਜਾਂਦਾ ਹੈ ਕਿ ਫਲਾਨੀ ਵਲਾਇਤ ਵਿੱਚ ਐਸਾ ਹੋ ਰਿਹਾ ਹੈ, ਓਥੇ ਜੰਗ ਲੱਗਿਆ ਜਾਂ ਸ਼ਾਂਤੀ ਹੈ ਐਥੇ ਬੈਠਾ ਦਸ ਦਿੰਦਾ, ਜਿਵੇਂ ਵੱਡੇ ਸਿਧ ਸਿਧੀਆਂ ਲਾ ਕੇ ਦਸਦੇ ਸੀ।

ਬੰਦੇ ਨੂੰ ਸੋ ਸਿੱਧੀ ਆਵੈ॥੨੧॥ ਇਹ ਸਿੱਧੀ ਬੰਦੇ ਬਹਾਦਰ ਨੂੰ ਆਉਂਦੀ ਸੀ, ਐਸੀਆਂ ਐਸੀਆਂ ਕਰਾਮਾਤਾਂ ਨਾਲ ਬੰਦਾ ਬਹਾਦਰ ਭਰਪੂਰ ਸੀ। ੨੧।

ਅਣਿਮਾ ਮਹਿਮਾ ਥੀ ਤਿਹ ਪਾਸ॥ ਅਣਿਮਾਂ ਮਹਿਮਾਂ ਸਿੱਧੀਆਂ ਦੇ ਨਾਮ ਹੀ ਹਨ ਜੋ ਅਠਾਰਾਂ ਸਿੱਧੀਆਂ ਵਿਚੋਂ ਮੁੱਖ ਹਨ, ਉਹ ਸਭ ਬੰਦੇ ਬਹਾਦਰ ਦੇ ਪਾਸ ਸਨ।

ਰਿੱਧਿ ਬ੍ਰਿਧ ਕੋ ਥੋ ਪਰਕਾਸ਼॥ (ਬ੍ਰਿਧ) ਬਹੁਤ ਭਾਰੀ ਪਦਾਰਥਾਂ ਦੇ ਖਜ਼ਾਨੇ ਭੰਡਾਰ ਇਹਦੇ ਕੋਲ ਸੀ।

ਉਡਨਿ ਸਿਧੀ ਸਾਧੀ ਥੀ ਵਾਹਿ॥ (ਉਡਨਿ ਸਿਧੀ) ਉਡਾਰੀ ਮਾਰ ਕੇ ਉਡ ਜਾਣ ਵਾਲੀ ਸਿੱਧੀ ਵੀ ਇਸ ਦੀ ਸਾਧੀ ਹੋਈ ਸੀ, ਜਿੱਧਰ ਮਰਜ਼ੀ ਉਡ ਜਾਂਦਾ ਸੀ ਉਡਾਰੀ ਮਾਰਕੇ।

ਬਹੁਤ ਸਿਧੀ ਥੀ ਤਿਸਕੇ ਪਾਹਿ॥੨੨॥ ਉਸਦੇ ਪਾਸ ਬਹੁਤ ਜਿਆਦਾ ਰਿਧੀਆਂ ਸਿਧੀਆਂ ਸਨ। ੨੨।

ਜਲ ਖੂਹਾਂ ਤੇ ਬਾਹਰ ਆਵੈ॥ ਸਿੱਧੀ ਨਾਲ ਖਿੱਚਣ ਦੀ ਲੋੜ ਨਹੀਂ, ਡੋਲੇ ਦੀ ਲੋੜ ਨਹੀਂ, ਗੜਵੇ ਦੀ ਲੋੜ ਨਹੀਂ, ਆਪਣੇ ਆਪ ਹੀ ਖੂਹਾਂ ਵਿਚੋਂ ਜਲ ਬਾਹਰ ਵਗਣ ਲਗ ਪੈਂਦਾ ਸੀ।

ਬਿਨ ਹੀ ਅਗਨੇ ਅਗਨ ਜਗਾਵੈ॥ ਤੇ ਬਿਨਾਂ ਹੀ ਅੱਗ ਤੋਂ, ਲਕੜੀਆਂ ਇਕੱਠੀਆਂ ਕੀਤਿਆਂ ਫੋਰਨ ਅੱਗ ਲੱਗ ਜਾਂਦੀ

ਸੀ। ਐਸੀਆਂ ਸਿੱਧੀਆਂ ਮੰਤ੍ਰ ਜਾਣਦਾ ਸੀ।

ਚਹੈ ਤੋ ਲੇਵੈ ਮੀਂਹ ਬਰਸਾਇ॥ ਜਦੋਂ ਉਹਨੂੰ ਜ਼ਰੂਰਤ ਹੋਵੇ, ਵਰਖਾ ਦੀ ਮੰਗ ਕਰੇ, ਉਦੋਂ ਉਹ ਹੁਕਮ ਕਰ ਦਿੰਦਾ ਮੀਂਹ ਪੈਣ ਲੱਗ ਜਾਂਦਾ।

ਖੜੋ ਕਰੇ ਜਲ ਚਲਤ ਦਰਯਾਇ॥੨੩॥ ਅੱਗੇ ਦਰਿਆ ਵਗਦੇ ਹੋਣ, ਕਹਿੰਦਾ ਦੋਂਹ ਪਾਸੀਂ ਹੋ ਜਾਓ, ਦਰਿਆ ਖੜ ਜਾਂਦਾ, ਸੁੱਕੇ ਰਾਹ ਲੰਘ ਜਾਂਦਾ, ਐਸ ਤਰ੍ਹਾਂ ਦੀਆਂ ਸਿੱਧੀਆਂ ਜਾਣਦਾ ਸੀ। ੨੩।

ਪਵਨ ਵਗਤ ਸੋ ਦਏ ਹਟਾਇ॥ ਹਵਾ ਜਿਆਦਾ ਝਖੜ ਝੁਲਦਾ ਹੋਵੇ ,ਉਦੋਂ ਹੀ ਇਸ਼ਾਰਾ ਕਰ ਕੇ ਹਟਾ ਦਿੰਦਾ, ਤੇਜ ਹਨੇਰੀ ਓਥੇ ਹੀ ਖੜ ਜਾਂਦੀ ਹੈ।

ਆਵਤ ਸੋਂਹੀਂ ਪਲਟ ਵਗਾਇ॥ (ਸੋਂਹੀ) ਸਾਹਮਣੇ ਤੇ ਜੇ ਹਵਾ ਆਉਂਦੀ ਹੋਵੇ, ਬੜਾ ਮੁਸ਼ਕਲ ਹੋ ਜਾਂਦਾ ਹੈ ਤੁਰਨਾ, ਜੇ ਸਾਹਮਣਿਓਂ ਤੇਜ ਹਵਾ ਆਉਂਦੀ ਹੋਵੇ ਘੋੜਿਆਂ ਨੂੰ ਵੀ ਰੋਕ ਦਿੰਦੀ ਹੈ । ਜੇ ਉਹ ਹਵਾ ਨੂੰ ਕਹਿੰਦਾ ਓਧਰ ਨੂੰ ਚਲ ਪਿੱਛੇ ਨੂੰ, ਉਹ ਹਵਾ ਉਸ ਰੁਖ ਨੂੰ ਚਲ ਪੈਂਦੀ ਹੈ।

ਐਸੀ ਜੁਗਤਨਿ ਔਰ ਅਚੰਭ॥ ਐਸੀਆਂ ਹੋਰ ਵੀ (ਅਚੰਭ) ਹੈਰਾਨ ਕਰ ਦੇਣ ਵਾਲੀਆਂ ਅਨੇਕਾਂ ਜੁਗਤੀਆਂ ਜਾਣਦਾ ਸੀ।

ਸਿਖਨ ਦਿਖਾਵੈ ਤਜੈ ਬਿਲੰਬ॥੨੪॥ (ਬਿਲੰਬ) ਦੇਰੀ, ਦੇਰੀ ਨੂੰ ਛੱਡ ਕੇ ਸਿੱਖਾਂ ਨੂੰ ਦਿਖਾਉਂਦਾ ਸੀ ਆਪਣੀ ਕਲਾ ਮਗਰ ਲਾਉਣ ਵਾਸਤੇ ਮੇਰੇ ਮਗਰ ਲੱਗ ਜਾਣ ਸਾਰੇ, ਮੇਰੀ ਗੱਲ ਮੰਨਣ, ਕਿਉਂਕਿ ਇਹਨੇ ਪੰਥ ਜਿਉਂ ਆਪਣਾ ਚਲਾਇਆ ਹੈ। ੨੪।

ਸਲੌਦੀਂ ਵਾਲਿਆਂ ਕਾ ਪ੍ਰਸੰਗ

(ਆਲੀ ਸਿੰਘ ਦੇ ਦੋ ਪੁਤ੍ਰ ਮਰਨੇ ਤੇ ਬੰਦੇ ਨੇ ਹੋਰ ਦੋ ਪੁਤ੍ਰਾਂ ਦਾ ਵਰ ਦੇਣਾ)

ਚੌਪਈ॥ ਏਕ ਦਿਵਸ ਆਲੀ ਸਿੰਘ ਆਯੋ॥ ਇੱਕ ਦਿਨ ਭਾਈ ਆਲੀ ਸਿੰਘ, ਪਿੰਡ ਸਲੌਦੀ ਵਾਲਾ, ਇਹ ਬੰਦਾ ਸਿੰਘ ਬਹਾਦਰ ਦੇ ਪਾਸ ਆਇਆ ਹੈ।

ਦੇਖ ਬੰਦੇ ਨੇ ਸੀਸ ਹਿਲਾਯੋ॥ ਇਹਨੂੰ ਦੇਖ ਕੇ ਬੰਦੇ ਨੇ ਸਿਰ ਹਿਲਾਇਆ ਹੈ ਭਾਵ ਆਏ ਨੂੰ ਕਰ ਲਿਆ ਉਹਦੇ ਕੋਲੋਂ।

ਤੌ ਆਲੀ ਸਿੰਘ ਦੁਇ ਕਰ ਜੋੜੇ॥ ਤਦੋਂ ਭਾਈ ਆਲੀ ਸਿੰਘ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ ਹੈ।

ਹਜ਼ੂਰ ਨੇਤ੍ਰ ਕਿਮ ਹਮ ਸੋਂ ਮੋੜੇ॥੧॥ ਹਜ਼ੂਰ ਮੈਥੋਂ ਨੇਤ੍ਰ ਕਿਉਂ ਚੁਰਾ ਲਏ ਹਨ, ਨਜ਼ਰਾਂ ਕਿਉਂ ਪਾਸੇ ਕਰ ਲਈਆਂ ਹਨ, ਮੇਰੇ ਵੱਲ ਸਿੱਧੀ ਕ੍ਰਿਪਾ ਦ੍ਰਿਸ਼ਟੀ ਨਾਲ ਨਹੀਂ ਦੇਖਿਆ। ੧।

ਹਮ ਕੋ ਬਹੁਤ ਸੁ ਚਿੰਤਾ ਪਈ॥ ਮੈਨੂੰ ਤਾਂ ਬੜੀ ਚਿੰਤਾ ਹੋ ਗਈ ਹੈ ਇਸ ਗੱਲ ਦੀ ਕਿ ਇਹ ਕੀ ਕਾਰਨ ਹੈ ? ਕੋਈ ਗਲਤੀ ਹੋ ਗਈ ਮੇਰੇ ਕੋਲੋਂ, ਕੋਈ ਕਸੂਰ ਹੋ ਗਿਆ ਹੈ ਮੈਥੋਂ।

ਹਮ ਤੇ ਕਜਾ ਤਕਸੀਰ ਸੁ ਭਈ ?॥ ਸਾਡੇ ਕੋਲੋਂ ਕੀ (ਤਕਸੀਰ) ਗਲਤੀ ਹੋ ਗਈ ਹੈ।

ਤਬ ਬੰਦੇ ਨੇ ਬਚਨ ਉਚਾਰੇ॥ ਤਾਂ ਬੰਦਾ ਬਹਾਦਰ ਕਹਿਣ ਲੱਗਾ ਦੇਖ ਆਲੀ ਸਿੰਘਾ ਦੇਖ ਮੈਂ ਤੈਨੂੰ ਦੱਸਾਂ।

ਪੁਤ੍ਰ ਮਰੈਂ ਦਿਨ ਬਾਈਅਨ ਥਾਰੇ॥੨॥ ਅੱਜ ਤੋਂ ਬਾਈਆਂ ਦਿਨਾਂ ਨੂੰ ਤੇਰੇ ਦੋਵੇਂ ਪੁੱਤ੍ਰ ਮਰ ਜਾਣਗੇ। ੨।

ਦੋਹਰਾ॥ ਲਗੇ ਗੋਲੀ ਇਕ ਸੀਸ ਮੈਂ, ਦੂਜੋ ਇਮੀਂ ਮਰਾਇ॥ ਤੇਰੇ ਇੱਕ ਪੁਤਰ ਦੇ ਸਿਰ ਵਿਚ ਗੋਲੀ ਲੱਗ ਕੇ ਮਰ

ਜਾਇਗਾ, ਤੇ ਦੂਜਾ ਐਵੇਂ ਹੀ ਮਰ ਜਾਇਗਾ ਏਸੇ ਤਰ੍ਹਾਂ ਹੀ ਕਿਉਂਕਿ ਇਹ ਜੋੜੇ ਸਨ ਆਲੀ ਸਿੰਘਾ ਅੱਜ ਤੋਂ ਬਾਈ ਦਿਨਾਂ ਨੂੰ ਇਹ ਦੋਵੇਂ ਨਹੀਂ ਰਹਿਣਗੇ।

ਸੋ ਸੁਨਿ ਕੈ ਅਚਰਜ ਭਯੋ, ਕਰੀ ਤਕੜਾਈ ਵਾਇ॥੩॥ ਇਹ ਸੁਣ ਕੇ ਉਹ ਹੈਰਾਨ ਹੋ ਗਿਆ ਕਿ ਇਹ ਤਾਂ ਅਵੱਲੀ ਗੱਲ ਹੈ, ਉਸਨੇ ਆਪਣੇ ਬੱਚਿਆਂ ਉੱਤੇ ਤਕੜਾਈ ਕਰ ਲਈ, ਆਪਣੇ ਕੋਲ ਲੈ ਗਿਆ, ਮੈਂ ਇਹਨਾਂ ਦੀ ਰਾਖੀ ਕਰਾਂਗਾ। ੩।

ਚੌਪਈ॥ ਦਿਨ ਬਾਈ ਜਬ ਪੁਜਜੋ ਆਇ॥ ਅਖੀਰ ਜਦੋਂ ਬਾਈਵਾਂ ਦਿਨ ਆ ਪੁੱਜਿਆ ਇਕਰਾਰ ਵਾਲਾ।

ਹੁਤੋ ਬਹਾਲਜੋ ਤੰਬੂ ਮਾਂਹਿ॥ ਆਪਣੇ ਕੋਲ ਹੀ ਆਲੀ ਸਿੰਘ ਨੇ ਓਸ ਬੱਚੇ ਨੂੰ ਤੰਬੂ ਵਿੱਚ ਬਿਠਾਇਆ ਹੋਇਆ ਸੀ।

ਖਾਖ ਤੋਦੋ ਕਿਤੈ ਸਿੰਘ ਮਰਾਵੈਂ॥ (ਖਾਕ ਤੋਦੇ) ਗੋਲੀਆਂ ਦੀ ਨਿਸ਼ਾਨੇਬਾਜੀ, ਚਾਂਗ ਮਾਰੀ, ਤੋਦੇ-ਮਿੱਟੀ ਦੇ ਵੱਡੇ ਸਾਰੇ ਢੇਰ ਦੇ ਉੱਤੇ ਨਿਸ਼ਾਨੇ ਫੁੰਡਣੇ, ਇਸ ਤਰ੍ਹਾਂ ਸਿੰਘ ਪਰੇਡ ਕਰ ਰਹੇ ਸੀ, ਸਿੰਘ ਨਿਸ਼ਾਨੇ ਲਾ ਰਹੇ ਸਨ।

ਫੜ ਫੜ ਬੰਦੂਕਨ ਗੋਲੀ ਚਲਾਵੈਂ॥੪॥ ਸਿੰਘ ਬੰਦੂਕਾਂ ਫੜ ਫੜ ਕੇ ਗੋਲੀਆਂ ਚਲਾਉਂਦੇ ਸਨ, ਨਿਸ਼ਾਨੇ ਲਗਾਉਂਦੇ ਸਨ। ੪।

ਸੋ ਹੋਣੀ ਨੇ ਖੜਾ ਕਰਾਯਾ॥ ਉਹ ਕੁਦਰਤ ਮਹਾਰਾਜ ਦੀ ਬੱਚਾ ਜਿਹੜਾ ਤੰਬੂ ਵਿਚ ਬਿਠਾਇਆ ਸੀ, ਹੋਣੀ ਆ ਗਈ ਹੈ, ਟਾਇਮ ਆ ਗਿਆ, ਬੱਚਾ ਤੰਬੂ ਵਿਚੋਂ ਉੱਠ ਕੇ ਤੰਬੂ ਦੇ ਅਖੀਰਲਾ ਬਾਂਸ ਦਾ ਸਬੰਧ ਹੁੰਦਾ ਓਹਦੇ ਕੋਲ ਆ ਖੜਿਆ।

ਉਤ ਵਲ ਹੁਇ ਉਨ ਝਾਕਾ ਲਾਯਾ॥ ਜਿਧਰ ਨਿਸ਼ਾਨੇ ਲਗਦੇ ਸੀ (ਉਤ ਵਲ) ਓਸ ਤਰਫ ਨੂੰ (ਝਾਕਾ ਲਾਯਾ) ਦੇਖਣਾ ਕੀਤਾ ਬੱਚੇ ਨੇ।

ਛੁਟੀ ਗੋਲੀ ਉਸ ਸੀਸੇ ਵੜੀ॥ ਜਦੋਂ ਸਿੰਘ ਨੇ ਨਿਸ਼ਾਨਾ ਲਾਇਆ, ਗੋਲੀ ਚੱਲੀ ਓਹਦੇ ਸਿਰ ਵਿਚ ਆ ਕੇ ਵੱਜੀ, ਸਿਰ ਵਿਚ ਗੋਲੀ ਵੜ ਗਈ।

ਹੋਣੀ ਕਹੋ ਕਹਾਂ ਕਿਮ ਟਰੀ॥੫॥ ਦੱਸੋ ਹੋਣੀ ਕਿਥੇ ਕਿਸ ਤਰ੍ਹਾਂ ਕਦੇ ਟਲੀ ਹੈ ਕਿਸੇ ਦੀ। ੫।

ਦੋਹਰਾ॥ ਖਾਨੂੰ ਸਿੰਘ ਐਸੇ ਮੁਯੋ, ਬਚਜੋ ਮਾਨ ਸਿੰਘ ਨਾਂਹਿ॥ ਇੱਕ ਦਾ ਨਾਮ ਖਾਨੂੰ ਸਿੰਘ ਸੀ, ਦੂਜੇ ਦਾ ਨਾਮ ਮਾਨ ਸਿੰਘ! ਖਾਨੂੰ ਸਿੰਘ ਤਾਂ ਗੋਲੀ ਲੱਗਣ ਨਾਲ ਮਰ ਗਿਆ ਹੈ, ਏਸੇ ਤਰ੍ਹਾਂ ਦੂਜਾ ਮਾਨ ਸਿੰਘ ਵੀ ਕਿਸੇ ਬਹਾਨੇ ਮਰ ਗਿਆ ਹੈ, ਉਹ ਵੀ ਬਚਿਆ ਨਹੀਂ।

ਹੁਤੀ ਜੁ ਅਵਲ ਏਕ ਉਸ, ਇਮ ਕਰ ਦੋਊ ਮਰਾਇ॥੬॥ ਉਨ੍ਹਾਂ ਦੀ (ਅਵਲ) ਔਲ ਇੱਕ ਹੈ, ਮਾਂ ਦੇ ਪੇਟ ਵਿਚ ਇਕੱਠੇ ਸਨ, ਜੋੜੇ ਸਨ, ਇਸ ਕਰਕੇ ਇੱਕੋ ਝੋਲੀ ਦੇ ਹੋਣ ਕਰਕੇ ਦੋਹਾਂ ਦੀ ਮੌਤ ਹੋ ਗਈ। ੬।

ਚੌਪਈ॥ ਤਬ ਬੰਦੈ ਸਿੰਘ ਆਲੀ ਬੁਲਾਯਾ॥ ਬੰਦਾ ਸਿੰਘ ਬਹਾਦਰ ਨੇ ਆਪਣੇ ਪਾਸ ਆਲੀ ਸਿੰਘ ਨੂੰ ਸੱਦਿਆ ਹੈ।

ਮਾਰੋ ਉਸੈ ਜਿਨ ਤਵ ਸੁਤ ਘਾਯਾ॥ ਇਹ ਆਲੀ ਸਿੰਘ ਫੌਜਦਾਰ ਸੀ, ਜਥੇਦਾਰ ਸੀ, ਬੰਦਾ ਬਹਾਦਰ ਆਲੀ ਸਿੰਘ ਨੂੰ ਕਹਿਣ ਲੱਗਾ ਉਹਨੂੰ ਸਜ਼ਾ ਦੇਹ, ਉਹਨੂੰ ਮਾਰ ਦੇ ਜਿਸਨੇ ਤੇਰੇ ਪੁੱਤ ਨੂੰ ਗੋਲੀ ਮਾਰੀ ਹੈ।

ਜਬ ਬੰਦੇ ਨੇ ਐਸ ਫੁਰਮਾਯਾ॥ ਜਦੋਂ ਬੰਦੇ ਨੇ ਇਸ ਤਰ੍ਹਾਂ ਹੁਕਮ ਕੀਤਾ ਬਦਲਾ ਲੈਣ ਵਾਸਤੇ ਮਾਰ ਉਸਨੂੰ ਜਿਸਨੇ ਇਹਦੇ ਗੋਲੀ ਮਾਰੀ ਹੈ।

ਉਲਟ ਆਲੀ ਸਿੰਘ ਉਨੈ ਸੁਨਾਯਾ॥੭॥ ਉਲਟਾ ਆਲੀ ਸਿੰਘ ਨੇ ਅੱਗੋਂ (ਉਨ੍ਹੈ) ਓਸਨੂੰ, ਬੰਦੇ ਬਹਾਦਰ ਨੂੰ ਉੱਤਰ ਦਿੱਤਾ ਹੈ। ੭।

ਹਮਰੇ ਸੁਤ ਨਹਿ ਕਿਨੈ ਮਰਾਏ॥ ਕਹਿੰਦਾ ਮੇਰੇ ਪੁੱਤਰ ਕੌਣ ਮਾਰਨ ਵਾਲਾ, ਮੇਰੇ ਪੁਤਰਾਂ ਨੂੰ ਕਿਸੇ ਨੇ ਨਹੀਂ ਮਰਵਾਇਆ।

ਮੁਏ ਸੁ ਅਪਨੀ ਉਮਰ ਬਿਤਾਏ॥ ਉਹਨਾਂ ਦੀ ਉਮਰ ਹੀ ਐਨੀ ਸੀ, ਉਹ ਆਪਣੀ ਉਮਰ ਭੋਗ ਕੇ ਮਰੇ ਹਨ।

"ਮਾਰੈ ਰਾਖੈ ਏਕੋ ਆਪੁ॥ ਮਾਨਸ ਕੈ ਕਿਛ ਨਾਹੀ ਹਾਥੁ॥"

ਅਬ ਹਮ ਕਿਸਕੋ ਦੇਂ ਕਿਮ ਦੋਸ॥ ਹੁਣ ਅਸੀਂ ਕਿਸੇ ਨੂੰ ਕਿਵੇਂ ਦੋਸ਼ ਦੇਈਏ ਕਿਉਂਕਿ ਜਿੰਨੀ ਓਨਾਂ ਨੂੰ ਵਾਹਿਗੁਰੂ ਨੇ ਉਮਰ ਬਖ਼ਸ਼ੀ ਸੀ, ਓਨੀ ਉਮਰ ਪੂਰੀ ਕਰਕੇ ਅਕਾਲ ਚਲਾਣੇ ਕੀਤੇ ਹਨ।

ਨਹਿ ਕਿਨ ਮਾਰਯੋ ਫੜ ਕਰ ਓਸ॥੮॥ ਓਸ ਨੂੰ ਕਿਸੇ ਨੇ ਫੜ ਕੇ ਮਾਰਿਆ ਨਹੀਂ, ਉਹ ਤਾਂ ਕੁਦਰਤੀ ਗੋਲੀ ਚੱਲੀ, ਸਿਰ ਵਿਚ ਆ ਲੱਗੀ ਏਸਦੇ ਕਿਸੇ ਨੇ ਨਿਸ਼ਾਨਾ ਨਹੀਂ ਮਾਰਿਆ, ਕਿਸੇ ਨੇ ਫੜ ਕੇ ਨਹੀਂ ਇਹਨੂੰ ਗੋਲੀ ਅੱਗੇ ਕੀਤਾ, ਮੈਂ ਦੋਸ਼ ਕਿਉਂ ਦੇਵਾਂ ਕਿਸੇ ਨੂੰ। ੮।

ਮਿਹਰਵਾਨ ਹੁਇ ਬੰਦੈ ਕਹਜੋ॥ ਇਹ ਜਬਾਬ ਸੁਣ ਕੇ ਬੰਦਾ ਬਹੁਤ ਮਿਹਰਵਾਨ ਹੋ ਗਿਆ, ਕਹਿਣ ਲੱਗਾ ਠੀਕ ਹੈ ਕੋਈ ਵੈਰ ਨਹੀਂ ਹੈ ਮਨ ਦੇ ਵਿੱਚ! ਨਾਲੇ ਬੰਦੇ ਬਹਾਦਰ ਨੇ ਆਪ ਹੀ ਕਿਹਾ ਸੀ ਕਿ ਅੱਜ ਤੋਂ ਬਾਈਵੇਂ ਦਿਨ ਨੂੰ ਤੇਰੇ ਦੋਵੇਂ ਪੁਤ੍ਰ ਮਰ ਜਾਣਗੇ, ਇਉਂ ਬੰਦਾ ਪ੍ਰਸੰਨ ਹੋ ਕੇ ਕਹਿਣ ਲੱਗਾ।

ਹਮ ਨੇ ਤੁਮ ਕੌ ਔਰ ਜੁਗ ਦਯੋ॥ ਤੈਨੂੰ (ਜੁਗ) ਦੋ ਹੋਰ ਪੁੱਤ੍ਰ ਦੇ ਦਿੱਤੇ ਹਨ, ਅਸੀਂ ਤੈਨੂੰ ਜੋੜੀ ਪੁਤਰਾਂ ਦੀ ਬਖ਼ਸ਼ ਦਿੱਤੀ ਹੈ, ਤੇਰੇ ਹੋਰ ਦੋ ਪੁੱਤਰ ਹੋ ਜਾਣਗੇ।

ਵੇ ਭੀ ਜਨਮੈਂ ਜੋੜੇ ਦੋਊ॥ ਉਹ ਵੀ ਇਕੱਠੇ ਹੀ ਜੰਮਣਗੇ, ਜੋੜੇ ਜਨਮ ਲੈਣਗੇ ਦੋਵੇਂ, ਜਿਹੜੇ ਤੈਨੂੰ ਮੈਂ ਹੁਣ ਬਖਸ਼ੇ ਹਨ।

ਮਾਹੀ ਸਿੰਘ ਔ ਬਲੋ ਸਿੰਘ ਸੋਊ॥੯॥ ਮਾਹੀ ਸਿੰਘ ਤੇ ਬੱਲੋ ਸਿੰਘ ਇਹ ਦੋਵੇਂ ਪੁੱਤਰ ਹੋਏ ਬਾਅਦ ਵਿੱਚ ਭਾਈ ਆਲੀ ਸਿੰਘ ਦੇ, ਬੰਦੇ ਬਹਾਦਰ ਦੀ ਬਖਸ਼ਸ਼ ਨਾਲ। ੯।

ਦੀਪ ਸਿੰਘ ਕੋ ਦੰਦ ਦੇਨੇ ਕੋ ਪ੍ਰਸੰਗ
(ਦੀਪ ਸਿੰਘ ਨੂੰ ਬੰਦੇ ਨੇ ਦੰਦ ਦਿੱਤੇ)

ਦੋਹਰਾ॥ ਦੀਪ ਸਿੰਘ ਚੁਕੋਹੀਏ, ਦਾਣੇ ਚਬੇ ਨ ਜਾਂਹਿ॥ ਇੱਕ ਦੀਪ ਸਿੰਘੇ ਨਾਮ ਦਾ ਚੁਕੋਹੇ ਪਿੰਡ ਦਾ ਸਿੰਘ ਸੀ, ਉਸਤੋਂ ਦਾਣੇ ਨਹੀਂ ਚੱਬੇ ਜਾਂਦੇ ਸਨ, ਕਿਉਂਕਿ ਉਹਦੇ ਦੰਦ ਦਾੜ੍ਹਾਂ ਨਹੀਂ ਸਨ।

ਜਿਮ ਤਿਸ ਕੌ ਦਾੜੈਂ ਦਈ, ਸੋ ਮੈਂ ਦੇਹੁ ਬਤਾਇ॥੧॥ ਭਾਈ ਸਾਹਿਬ ਜੀ ਕਹਿੰਦੇ ਹਨ ਕਿ ਬੰਦੇ ਬਹਾਦਰ ਨੇ ਜਿਵੇਂ ਉਸਨੂੰ ਦਾੜ੍ਹਾਂ ਦਿੱਤੀਆਂ ਉਹ ਮੈਂ ਤੁਹਾਨੂੰ ਦਸਦਾ ਹਾਂ। ੧।

ਇਕ ਦਿਨ ਛੋਲੇ ਲਜਾਓ ਕੋਈ ਬੰਦੈ ਦਿਵਾਨ॥ ਖਾਲਸੇ ਦਾ ਦਿਵਾਨ ਲੱਗਿਆ ਹੋਇਆ ਸੀ, ਕੋਈ ਭੁਨਾ ਕੇ ਛੋਲੇ, ਬੋਰੀ ਦੋ ਬੋਰੀਆਂ ਜਿੰਨੀ ਕੁ ਫੌਜ ਸੀ, ਲਿਆ ਕੇ ਉਸਨੇ ਭੁੱਜੇ ਹੋਏ ਛੋਲੇ ਹਾਜ਼ਰ ਕੀਤੇ।

ਔਰ ਸਭੈ ਚਾਬਤ ਭਏ, ਇਕ ਚਬੈ ਨ ਸਿੰਘ ਜੁਵਾਨ॥੨॥ ਹੋਰ ਤਾਂ ਸਾਰੇ ਸਿੰਘ ਛੋਲੇ ਰਹੇ ਚਬਦੇ, ਪਰ ਇੱਕ ਦੀਪ ਸਿੰਘ ਨਾਮ ਦੇ ਨੌ-ਜੁਆਨ ਤੋਂ ਛੋਲੇ ਨਹੀਂ ਚੱਬੇ ਜਾ ਰਹੇ। ੨।

ਚੌਪਈ॥ ਔਰ ਸਭਨ ਨੇ ਮੁਖਹੁ ਅਲਾਯਾ॥ ਹੋਰ ਸਾਰੇ ਸਿੰਘਾਂ ਨੇ ਦੀਪ ਸਿੰਘ ਵਲ ਇਸ਼ਾਰਾ ਕਰਕੇ ਆਪਣੇ ਮੂੰਹੋਂ ਇਸ ਤਰ੍ਹਾਂ ਕਿਹਾ।

ਦੀਪ ਸਿੰਘ ਨੇ ਦਾਣਾ ਨ ਖਾਯਾ॥ ਕਿ ਦੀਪ ਸਿੰਘ ਨੇ ਛੋਲਿਆਂ ਦੇ ਦਾਣੇ ਨਹੀਂ ਛਕੇ ਚੱਬੇ ਨਹੀਂ ਛੋਲੇ ਭੁੰਨੇ ਹੋਏ।

ਦੇਖ ਬੰਦੇ ਨੇ ਉਸ ਕੌ ਕਹਜੋ॥ ਇਹ ਦੇਖਕੇ ਬੰਦੇ ਬਹਾਦਰ ਨੇ ਉਸਨੂੰ ਕਿਹਾ।

ਕਿਮ ਤੂੰ ਛੋਲੇ ਚਬਨੋ ਰਹਜੋ ?॥੩॥ ਕਿਉਂ ਦੀਪ ਸਿੰਘਾ! ਤੂੰ ਕਿਉਂ ਨਹੀਂ ਛੋਲੇ ਚਬਦਾ ਤੂੰ ਕਿਵੇਂ ਛੋਲੇ ਚਬਣੋਂ ਰਹਿ ਗਿਆ। ਤੂੰ ਕਿਉਂ ਨਹੀਂ ਮੂੰਹ ਹਿਲਾਉਂਦਾ। ੩।

ਉਸੈ ਕਹਜੋ ਹਮ ਦਾੜ ਦੰਤ ਨਾਹੀਂ॥ ਦੀਪ ਸਿੰਘ ਕਹਿਣ ਲੱਗਾ, ਜੀ ਮੇਰੇ ਤਾਂ ਦੰਦ ਦਾੜ੍ਹਾਂ ਹੈ ਨਹੀਂ ਉਹ ਸਾਰੇ ਨਿਕਲ ਗਏ।

ਹਮ ਸੋਂ ਦਾਣਾ ਚਬਜੋ ਨ ਜਾਹੀਂ॥ ਇਸ ਕਰਕੇ ਸਾਬਤ ਛੋਲਿਆਂ ਦੇ ਦਾਣੇ ਮੈਥੋਂ ਨਹੀਂ ਚੱਬੇ ਜਾ ਸਕਦੇ।

ਬੰਦੈ ਕਹਜੋ ਮੈਂ ਦਈ ਤੁਮ ਦਾੜ॥ ਬੰਦਾ ਕਹਿਣ ਲੱਗਾ ਤੁਹਾਨੂੰ ਦੰਦ ਦਾੜ੍ਹਾਂ ਦੇ ਦਿੰਦੇ ਹਾਂ, ਮੈਂ ਦੰਦ ਦਾੜ੍ਹਾਂ ਦਿੱਤੀਆਂ ਤੈਨੂੰ, ਮਾਰ ਫੱਕਾ ਛੋਲਿਆਂ ਦਾ।

ਉਨ ਮਾਰਜੋ ਫੱਕੋ ਚਬਜੋ ਕੜਕਾੜ॥੪॥ ਉਸ ਨੇ ਛੋਲਿਆਂ ਦਾ ਫੱਕਾ ਮਾਰਿਆ ਮੂੰਹ ਵਿੱਚ ਤੇ ਕਾੜ੍ਹ ਕਾੜ੍ਹ ਕਰਕੇ ਚੱਬਣ ਲੱਗ ਪਿਆ। ਓਸੇ ਵੇਲੇ ਨਵੇਂ ਦੰਦ ਉੱਗ ਆਏ ਭਾਈ ਦੀਪ ਸਿੰਘ ਦੇ। ੪।

ਐਸੀ ਐਸੀ ਕਰਾਮਾਤ ਲਗਾਈ॥ ਐਸੀਆਂ ਐਸੀਆਂ ਕਰਾਮਾਤਾਂ ਛੋਟੀ ਤੋਂ ਲੈ ਕੇ ਵੱਡੀ ਤੱਕ ਜਦੋਂ ਬੰਦਾ ਬਹਾਦਰ ਵਿਖਾਉਣ ਲੱਗ ਪਿਆ ਸਿੰਘਾਂ ਦੇ ਵਿੱਚ, ਅਲੂਣੀਏ ਸਿੱਧ ਨੇ ਵੀ ਕਿਹਾ ਸੀ ਇਹਨੂੰ ਪ੍ਰਗੁਟ ਨ ਕਰੀਂ। ਇਹ ਕਰਾਮਾਤ ਤੇ ਰਿੱਧੀਆਂ ਸਿੱਧੀਆਂ ਤਾਂ ਹੈਨ ਇਸ ਖਜ਼ਾਨੇ ਨੂੰ ਗੁਪਤ ਰੱਖੀਂ। ਜੇ ਇਹਨੂੰ ਪ੍ਰਗਟ ਕਰੀਏ ਤਾਂ ਲੋਕ ਦੁਸ਼ਮਣ ਹੋ ਜਾਂਦੇ ਹਨ।

ਦੁਨੀਆਂ ਬਹੁਤ ਉਸ ਗੈਲ ਲਗ ਆਈ॥ ਬੰਦੇ ਬਹਾਦਰ ਦੀਆਂ ਕਰਾਮਾਤਾਂ ਦੇਖ ਕੇ ਬਹੁਤ ਦੁਨੀਆਂ ਉਸਦੇ (ਗੈਲ) ਮਗਰ ਲਗ ਗਈ। ਸਾਨੂੰ ਚੇਲਾ ਬਣਾ ਲਉ ਜੀ, ਸਾਨੂੰ ਸਿੱਖ ਬਣਾ ਲਉ। ਬਹੁਤ ਸਾਰੇ ਮੁਲਕ ਦੇ ਇਲਾਕੇ ਦੇ ਲੋਕ ਬੰਦੇ ਬਹਾਦਰ ਦੇ ਸਿਖ ਬਣਨ ਲੱਗ ਪਏ, ਬੰਦੇ ਕੋਲ ਬੰਦਈ ਬਣਨ ਵਾਸਤੇ ਓਹਦੇ ਚੇਲੇ ਬਣਨ ਵਾਸਤੇ ਬਹੁਤ ਸਿਖ ਇਕੱਠੇ ਹੋਏ।

ਐਸੀ ਐਸੀ ਅਨਿਕ ਸਿਧਾਈ॥ ਏਸ ਏਸ ਤਰ੍ਹਾਂ ਦੀਆਂ ਅਨੇਕਾਂ ਹੀ ਸਿੱਧੀਆਂ ਵਿਖਾਉਣ ਲੱਗਿਆ।

ਕਿਤਕ ਕਹੌਂ ਥੀ ਜੋ ਸੁਨ ਪਾਈ॥੫॥ ਕਹਿੰਦੇ ਜੋ ਮੈਂ ਸੁਣ ਪਾਈ ਹੈ ਬਜ਼ੁਰਗ ਸਿੰਘਾਂ ਤੋਂ ਪੁਰਾਣੇ ਸਿੰਘਾਂ ਤੋਂ ਓਨੀ ਕੁ ਹੀ ਮੈਂ ਕਹੀ ਹੈ, ਓਨੀ ਮੈਂ ਲਿਖ ਦਿੱਤੀ ਇਤਿਹਾਸ ਵਿੱਚ। ੫।

ਸੂਬੇ ਤੇ ਤੁਰਕਾਂ ਦਾ ਬੰਦੇ ਤੋਂ ਡਰਨਾ।

ਤੁਰਕਾਂ ਦੇ ਝੰਡੇ ਪਾਣੀਪਤ

ਦੋਹਰਾ॥ ਅਸਲਮ ਖਾਂ ਸੂਬੋ ਹੁਤੋ, ਸੁ ਲਹੌਰੋਂ ਬਾਹਰ ਨ ਜਾਇ॥ ਉਦੋਂ ਲਾਹੌਰ ਦਾ ਸੂਬਾ ਅਸਲਮ ਖਾਂ ਸੀ , ਇਹ ਡਰਦਾ ਲਾਹੌਰੋਂ ਬਾਹਰ ਨਹੀਂ ਨਿਕਲਦਾ ਅੰਦਰ ਹੀ ਕਿਲ੍ਹੇ ਦੇ ਰਹਿੰਦਾ ਹੈ, ਡਰ ਤਾਂ ਕਾਬਲ ਤਾਈਂ ਪਿਆ ਹੋਇਆ, ਦੂਰ ਹੈਦਰਾਬਾਦ ਤਾਂਈ ਡਰਦੇ ਸੀ ਤੁਰਕ, ਅਸਲਮ ਖਾਂ ਦਾ ਤਾਂ ਲਾਹੌਰੋਂ ਨਿਕਲਨਾ ਬੰਦ ਹੋ ਗਿਆ।

ਨਿਸ ਦਿਨ ਸੋ ਸੋਚਿਤ ਰਹੈ ਥਰਥਰ ਮਨ ਕੰਪਾਇ॥੧॥ ਰਾਤ ਦਿਨ ਸੋਚਦਾ ਰਹਿੰਦਾ ਕਿਵੇਂ ਬੀਤੇਗੀ ਮੇਰੇ ਨਾਲ, ਥਰਥਰ ਕੰਬਦਾ ਹੈ, ਦਿਲ ਵੀ ਕੰਬਦਾ ਹੈ ਸਰੀਰ ਵੀ ਕੰਬਦਾ ਹੈ ਅਤੇ ਸਾਥੀ ਅਹਿਲਕਾਰ ਜਿਤਨੇ ਨੇ ਉਹ ਵੀ ਡਰਦੇ ਮਾਰੇ ਕੰਬਦੇ ਹਨ। ਕਿਲ੍ਹੇ ਵਿਚੋਂ ਬਾਹਰ ਹੀ ਨਹੀਂ ਨਿਕਲਦੇ ਅੰਦਰੇ ਦੜੇ ਬੈਠੇ ਨੇ। ੧।

ਚੌਪਈ॥ ਲੋਕ ਕਹੈਂ ਯਹਿ ਵਹਿ ਅਵਤਾਰ॥ ਲੋਕਾਂ ਦੀਆਂ ਗੱਲਾਂ, ਕਿਉਂ? ਇਹ ਉਹ ਅਵਤਾਰ ਹੈ, ਜਿਹੜਾ ਅੱਗੇ ਕਲਯੁਗ ਵਿਚ ਹੋਣਾ ਹੈ ਉਹ 'ਨਿਹਕਲੰਕ' ਅਵਤਾਰ ਜਿਸਨੂੰ ਕਹਿੰਦੇ ਨੇ, ਲੋਕੀ ਗੱਲਾਂ ਬਨਾਉਣ ਲੱਗ ਪਏ ਨੇ, ਇਹ ਉਹ ਆ ਗਿਆ।

ਜਿਨ ਦੇਣੇ ਸਭ ਮੁਸਲੇ ਮਾਰ॥ ਬਸ ਇਹ ਉਹ ਅਵਤਾਰ ਹੋਇਆ, ਜਿਹਨੇ ਸਾਰੇ ਮੁਸਲੇ ਮਾਰ ਦੇਣੇ ਹਨ ਕੋਈ ਮੁਸਲਮਾਨ ਛਡਣਾ ਹੀ ਨਹੀਂ, ਇਉਂ ਹਿੰਦੂ ਲੋਕ ਬੈਠ ਕੇ ਗੱਲਾਂ ਕਰਦੇ ਹਨ।

ਯਿਹ ਸੁਨ ਸੋਚ ਸਭ ਤੁਰਕਨ ਪਈ॥ ਇਹ ਗੱਲ ਜਦੋਂ ਤੁਰਕ ਸੁਣਦੇ ਨਾ ਤਾਂ ਉਹਨਾਂ ਨੂੰ ਹੋਰ ਭੈ ਪੈਂਦਾ ਹੈ, ਕਿ ਗੱਲ ਓਹੋ ਹੀ ਹੈ ਜਿਹੜੀ ਲੋਕ ਕਰਦੇ ਹਨ ਓਹਨੇ ਇੱਕ ਮੁਸਲਮਾਨ ਨਹੀਂ ਛਡਣਾ ਉਹ ਤਾਂ ਸਾਰਿਆਂ ਨੂੰ ਖਤਮ ਕਰ ਦੇਇਗਾ, ਇਹ ਸੋਚਾਂ ਸਾਰਿਆਂ ਹੀ ਤੁਰਕਾਂ ਨੂੰ ਪੈ ਗਈਆਂ, ਸਾਡਾ ਕਾਲ ਫਿਰਦਾ ਪੰਜਾਬ ਵਿੱਚ।

ਓਰ ਚਾਰ ਗੱਲ ਯੌਂ ਚਲ ਗਈ॥੨॥ ਚਾਰੇ ਤਰਫ ਹੀ ਇਉਂ ਗੱਲਾਂ ਚਲ ਪਈਆਂ ਹਨ। ੨।

ਦੋਹਰਾ॥ ਤੁਰਕ ਸੁਨੈਂ ਯਹਿ ਬਾਤ ਜਬ, ਘਰ ਹੀ ਅੰਦਰ ਡਰਾਂਹਿ॥ ਜਦੋਂ ਤੁਰਕ ਐਸੀਆਂ ਗੱਲਾਂ ਸੁਣਦੇ ਹਨ ਇਹ ਤਾਂ ਅਵਤਾਰ ਆ ਗਿਆ ਇਹ ਤਾਂ ਨਿਹਕਲੰਕ ਆ ਗਿਆ, ਓਹਨੇ ਕੋਈ ਨਹੀਂ ਛਡਣਾ, ਦੁਨੀਆ ਜਿੱਤ ਲੈਣੀ ਹੈ ਓਸਨੇ, ਮਾਰ ਕੇ ਖਪਾ ਦੇਣੇ ਨੇ, ਬਸ ਤੁਰਕ ਜਿਥੇ ਕੋਈ ਬੈਠਾ ਹੈ ਘਰ ਦੇ ਅੰਦਰ ਕੰਬੀ ਜਾਂਦੇ ਨੇ ਬਾਹਰ ਨਹੀਂ ਕੋਈ ਨਿਕਲਦਾ ਕੰਨਾਂ ਵਿਚ ਉਂਗਲਾਂ ਦੇ ਲੈਂਦੇ ਨੇ ਏਨਾ ਭੈ ਖਾਂਦੇ ਨੇ।

ਮਤ ਮਾਰੇ ਹਮ ਆਇ ਘਰ, ਬੰਦਾ ਬੁਰੀ ਬਲਾਇ॥੩॥ ਇਹ ਲੋਕਾਂ ਨੂੰ ਸੋਚ ਪੈ ਗਈ ਹੈ ਮਤਾਂ ਸਾਡੇ ਘਰੇ ਹੀ ਆ ਕੇ ਮਾਰ ਜਾਂਦਾ ਹੋਵੇ। ਉਹ ਬੁਰੀ ਬਲਾਉ ਹੈ ਬੰਦਾ ਬਹਾਦਰ, ਉਹ ਕਿਸੇ ਦੇ ਵਸ ਦਾ ਰੋਗ ਨਹੀਂ ਇਉਂ ਲੋਕੀ ਕਰਦੇ ਨੇ। ਜਦੋਂ ਵੱਡੇ ਵੱਡੇ ਸੂਬਿਆਂ ਦਾ ਨਹੀਂ ਚਲਿਆ ਜ਼ੋਰ ਬਾਦਸ਼ਾਹ ਇਹਨਾਂ ਦਾ ਦਿੱਲੀ ਲਾਲ ਕਿਲ੍ਹੇ ਵਿੱਚ ਚੁਪ ਹੋਇਆ ਬੈਠਾ ਤੇ ਦੂਜਿਆਂ ਵਿਚਾਰਿਆਂ ਦਾ ਕੀ ਪਿੰਡਾਂ ਵਿਚ ਜ਼ੋਰ ਸੀ। ਇਉਂ ਥਰਥਰ ਕੰਬਦੇ, ਨੇ ਸਾਰੇ ਹੀ। ੩।

ਚੌਪਈ॥ ਪਤਿਸ਼ਾਹਿ ਭੀ ਮਨ ਮੈਂ ਇਮ ਡਰੈ॥ ਦਿੱਲੀ ਵਾਲਾ ਬਹਾਦਰ ਸ਼ਾਹ ਬਾਦਸ਼ਾਹ ਵੀ ਬੰਦਾ ਸਿੰਘ ਬਹਾਦਰ ਤੋਂ ਮਨ ਵਿੱਚ ਭੈ ਖਾਂਦਾ ਹੈ, ਡਰਦਾ ਹੈ ਬੰਦੇ ਬਹਾਦਰ ਤੋਂ ਮਨ ਵਿਚ।

ਬਜੀਰ ਯਹੀ ਮਨ ਸੋਚਾਂ ਕਰੈ॥ ਬਜ਼ੀਰ ਵੀ ਇਹੀ ਮਨ ਵਿਚ ਸੋਚਾਂ ਕਰਦੇ, ਤਰਕੀਬਾਂ ਸੋਚਦੇ ਹਨ । ਮਤ ਇਹੀ ਨ ਹੋਵੇ ਨਿਹਕਲੰਕ ਕਦੇ ਆ ਫੜਦਾ ਹੋਵੇ ਧੌਣੋਂ।

ਸੂਬੇਦਾਰੀ ਕੋਈ ਨ ਲੇਇ॥ ਜਿਹੜੇ ਕੋਈ ਸੂਬੇ ਬੰਦੇ ਬਹਾਦਰ ਨੇ ਮੱਲ ਲਏ ਹਨ, ਦਿੱਲੀ ਦਾ ਬਾਦਸ਼ਾਹ ਸੂਬੇਦਾਰੀ ਦਿੰਦਾ ਹੈ ਕਿ ਆਓ ਕੋਈ ਸੂਬੇਦਾਰੀ ਲਉ ਉਠੇ ਕੋਈ ਜਵਾਨ, ਮੈਂ ਤੁਹਾਨੂੰ ਸੂਬੇਦਾਰੀ ਦਿੰਦਾ ਹਾਂ, ਜਾਓ ਤੁਸੀਂ ਜਲੰਧਰ ਦੀ ਸੂਬੇਦਾਰੀ ਲੈ ਲਉ, ਕੋਈ ਸਰਹੰਦ ਦੀ ਲੈ ਲਉ ਜਾ ਕੇ। ਤਕੜੇ ਹੋ ਕੇ ਲੜੋ ਤੇ ਜਿੱਤ ਲਉ ਫੇਰ ਸੂਬੇਦਾਰ। ਕੋਈ ਵੀ ਸੂਬੇਦਾਰੀ ਨਹੀਂ ਲੈਂਦਾ ਬਾਦਸ਼ਾਹ ਤੋਂ। ਨਾਂਹ ਜੀ ਨਾਂਹ, ਜਾਨ ਬਚੇ ਮਸਾਂ ਏਨਾ ਫਿਕਰ ਹੋ ਗਿਆ ਸੂਬੇਦਾਰੀ ਤਾਂ ਕਿਧਰੇ ਰਹੀ ਅਸਾਂ ਸਲਾਹ ਕਰ ਲਈ ਤਾਂ ਉਹਨੇ ਏਥੇ ਹੀ ਆ ਫੜਨਾ। ਇਉਂ ਕੰਬੀ ਜਾਂਦੇ ਹਨ ਲੋਕ ਡਰਦੇ।

ਬੰਦੇ ਵੱਲ ਪਗ ਅਗੈ ਨ ਦੇਇ॥੪॥ ਕੋਈ ਵੀ ਮਹਾਂ ਬਲੀ ਜਰਨੈਲ ਯੋਧਾ ਆਗੂ ਬੰਦੇ ਬਹਾਦਰ ਵੱਲ ਨੂੰ ਪੈਰ ਅੱਗੇ ਨਹੀਂ ਪੁੱਟਦਾ। ੪।

ਝੰਡੇ ਪਾਣੀਪਤ ਖਾਲੀ ਖੜਵਾਏ॥ ਖਾਲੀ ਝੰਡੇ ਕੋਈ ਨਿਗਰਾਨ ਨਹੀਂ ਹੈ ਉੱਤੇ, ਕੋਈ ਪਹਿਰੇਦਾਰ ਨਹੀਂ ਹੈ ਖਾਲੀ ਝੰਡੇ ਖੜ੍ਹੇ ਝੂਲੀ ਤੁਰੀ ਜਾਂਦੇ ਨੇ।

ਤੁਰਕ ਪਾਸ ਕੋਊ ਦੇਖਣ ਨ ਪਾਏ॥ ਨਿਸ਼ਾਨ ਸਾਹਿਬ ਦੇ ਨੇੜੇ ਤੇੜੇ ਕੋਈ ਵੀ ਤੁਰਕ ਦੇਖਣ ਨੂੰ ਨਜ਼ਰ ਨਹੀਂ ਆਉਂਦਾ, ਨਿਸ਼ਾਨ ਸਾਹਿਬਾਂ ਨੂੰ ਦੂਰੋਂ ਦੂਰੋਂ ਦੇਖ ਕੇ ਹੀ ਤੁਰਕ ਕੰਬੀ ਤੁਰੇ ਜਾਂਦੇ ਹਨ।

ਖਾਲਸੇ ਬੁੰਗਾ ਅੰਮ੍ਰਿਤਸਰ ਲਾਯਾ॥ ਖਾਲਸਾ ਪੰਥ ਸ੍ਰੀ ਅੰਮ੍ਰਿਤਸਰ ਉੱਤਰਿਆ ਹੋਇਆ ਹੈ, ਅਕਾਲ ਬੁੰਗੇ ਪੜਾਉ ਲਾਇਆ ਹੈ, ਦਿਵਾਨ ਸਜਦੇ ਹਨ, ਲੰਗਰ ਚਲਦੇ ਹਨ, ਕਥਾ ਕੀਰਤਨ ਹੁੰਦਾ ਹੈ।

ਤਿਨ ਕੋ ਸਕੇ ਨ ਕੋਊ ਭਵਾਯਾ॥੫॥ ਹੁਣ ਕਿਸੇ ਦੀ ਕੀ ਤਾਕਤ ਹੈ ਕਿ ਕੋਈ ਤੁਰਕ ਆ ਕੇ ਉਰ੍ਹਾਂ ਪਰ੍ਹੇ ਕਰੇ, ਹੁਣ ਉਥੇ ਪੱਕੇ ਹੀ ਡੇਰੇ ਲਾ ਦਿੱਤੇ ਹਨ। ਅੱਗੇ ਤਾਂ ਉਦੋਂ ਹੀ ਫੌਜਾਂ ਆ ਜਾਂਦੀਆਂ ਸੀ, ਕਿਸੇ ਸਿਖ ਨੂੰ ਠਹਿਰਨ ਨਹੀਂ ਸੀ ਦਿੰਦੇ ਅੰਮ੍ਰਿਤਸਰ। ਕਿਸੇ ਦੀ ਜੁਰਅਤ ਨਹੀਂ ਕਿਸੇ ਨੂੰ ਆ ਕੇ ਉਠਾ ਦੇਵੇ। ਉਨ੍ਹਾਂ ਨੂੰ ਕੋਈ ਆਪਣੀਆਂ ਗੈਬੀ ਸ਼ਕਤੀਆਂ ਨਾਲ ਭਰਮਾ ਨਹੀਂ ਸਕਦਾ। ੫।

ਅਥ ਪਰਬਤ ਕਾ ਪ੍ਰਸੰਗ

(ਕਹਿਲੂਰੀਏ ਦੀ ਬੰਦੇ ਤੇ ਚੜ੍ਹਾਈ)

ਦੋਹਰਾ॥ ਪੰਜਾਬ ਬੰਦੇ ਜਬ ਜਿੱਤ ਲਈ, ਚੜ੍ਹਜੋ ਸੁ ਪਰਬਤ ਵੱਲ॥ ਹੁਣ ਜਦੋਂ ਸਾਰੇ ਪੰਜਾਬ ਨੂੰ ਜਿੱਤ ਲਿਆ ਹੈ ਤਾਂ ਬੰਦੇ ਬਹਾਦਰ ਨੇ ਪਹਾੜੀ ਰਾਜਿਆਂ ਵੱਲ ਨੂੰ ਰੁਕ ਕੀਤਾ ਹੈ ਸੋਧਣ ਦਾ, ਬੰਦੇ ਨੇ ਪਹਾੜੀਆਂ ਤੇ ਚੜ੍ਹਾਈ ਕੀਤੀ ਹੈ।

ਡੇਰਾ ਕੀਰਤਪੁਰ ਕੀਯੋ ਅਨੰਦਪੁਰੈ ਕੁਛ ਤੱਲ॥੧॥ ਕੁਛ ਫੌਜ ਨੇ ਸ੍ਰੀ ਕੀਰਤਪੁਰ ਸਾਹਿਬ ਅਤੇ ਕੁਛ ਫੌਜ ਨੇ ਅਨੰਦਪੁਰ ਸਾਹਿਬ ਉਤਾਰਾ ਕੀਤਾ ਹੈ। ੧।

ਚੌਪਈ॥ ਅਬ ਹਮ ਜਿੱਤ ਸੁ ਲਈ ਪੰਜਾਬ॥ ਗੁਰਮਤਾ ਸੋਧਿਆ ਹੈ ਖਾਲਸੇ ਨੇ ਕਿ ਹੁਣ ਪੰਜਾਬ ਤਾਂ ਸਾਰਾ ਹੀ ਜਿੱਤ ਲਿਆ ਹੈ।

ਅਬ ਚੜ੍ਹ ਪਰਬਤ ਕਰਿਯੈ ਖ੍ਵਾਬ॥ ਹੁਣ ਇਹਨਾਂ ਪਰਬਤੀਆਂ ਨੂੰ ਜਿਨ੍ਹਾਂ ਨੇ ਸਤਿਗੁਰਾਂ ਨਾਲ ਵੈਰ ਬੱਧਾ ਸੀ, ਇਹਨਾਂ ਨੂੰ ਖੁਆਰ ਕਰੀਏ।

ਮਿੱਤ੍ਰਨ ਸੁਖ ਔ ਦੁਸ਼ਮਨ ਦੁੱਖ॥ ਮਿੱਤ੍ਰਾਂ ਸੱਜਣਾਂ ਨੂੰ ਤਾਂ ਸੁਖ ਦੇਈਏ ਹੁਣ, ਜਿਨ੍ਹਾਂ ਨੇ ਸਤਿਗੁਰਾਂ ਨਾਲ ਦੁਸ਼ਮਣੀ ਕੀਤੀ ਸੀ, ਉਹਨਾਂ ਨੂੰ ਦੁਖ ਦੇਈਏ ਹੁਣ।

ਦਜੋਂ ਪਛਾਣ ਤਿਸ ਰੱਜ ਔ ਭੁਖ॥੨॥ ਅਤੇ ਪਛਾਣ ਕਰੀਏ ਉਹਨਾਂ ਦੀ ਕਿਹੜਾ ਰੱਜਿਆ ਹੈ ? ਕਿਹੜਾ ਭੁੱਖਾ ਹੈ ? ਕਿਹੜਾ ਆਕੜਖੋਰ ਹੈ ? ਤੇ ਕਿਹੜਾ ਗਰੀਬ ਹੈ? ਸਾਰਿਆਂ ਦੀ ਪਛਾਣ ਕਰੀਏ। ੨।

ਜਿਨ ਜਿਨ ਸਤਿਗੁਰ ਕੋ ਦੁਖ ਦਯੋ॥ ਜਿਨ੍ਹਾਂ ਜਿਨ੍ਹਾਂ ਪਾਪੀਆਂ ਜ਼ਾਲਮਾਂ ਨੇ ਸਤਿਗੁਰੂ ਜੀ ਨੂੰ ਦੁੱਖ ਦਿੱਤਾ ਸੀ, ਪਹਾੜੀ ਰਾਜਿਆਂ ਨੇ।

ਸੋ ਉਨ ਚਹੀਅਤ ਉਧਾਰ ਉਤਰਜੋ॥ ਸਾਡਾ ਉਧਾਰ ਹੈ ਇਹਨਾਂ ਦੇ ਸਿਰ, ਗੁਰੂ ਕਾ ਉਧਾਰ ਹੈ, ਉਹ ਲੈਣਾ ਚਾਹੀਦਾ ਹੈ ਉਹ ਉਧਾਰ ਉਤਾਰ ਦੇਈਏ ਹੁਣ, ਇਉਂ ਗੁਰਮਤੇ ਸੋਧੇ ਗਏ।

ਸਿਰ ਕਹਿਲੂਰਨ ਕੈ ਬਹੁ ਬਦੀ॥ ਇਹ ਕਹਿਲੂਰ ਰਿਆਸਤ ਜੋ ਬਾਈ ਧਾਰ ਰਿਆਸਤਾਂ ਦੀ ਮੁਖੀ ਸੀ ਇਹਨਾਂ ਸਿਰ ਤਾਂ ਬਹੁਤੀ ਬਦੀ ਸੀ, ਇਹ ਕਲਾ ਇਹਨਾਂ ਨੇ ਉਠਾਈ ਸੀ ਸਾਰੀ, ਅਨੰਦਪੁਰ ਸਾਹਿਬ ਸਤਿਗੁਰਾਂ ਦੇ ਨਾਲ ਝੇੜਾ ਇਹਨਾਂ ਨੇ ਪਾਇਆ ਸੀ, ਤੁਰਕਾਂ ਨੂੰ ਲਿਆਉਣ ਤੋਂ ਪਹਿਲਾਂ ਆਪ ਲੜਕੇ ਜ਼ੋਰ ਲਾਇਆ ਸੀ ਇਹਨਾਂ ਨੇ। ਪਉਂਟੇ ਸਾਹਿਬ ਵਿਚ ਸਾਰੀ ਬਾਈਧਾਰਾਂ ਦੀ ਸੈਨਾ ਜਾ ਕੇ ਲੜੀ ਸੀ। ਉਥੋਂ ਹਾਰ ਖਾ ਕੇ ਭੱਜੇ ਸੀ, ਫੇਰ ਤੁਰਕਾਂ ਕੋਲ ਜਾ ਕੇ ਫਰਿਆਦੀ ਹੋਇ ਸੀ ਦਿੱਲੀ ਵਿਚ। ਕਿਉਂਕਿ ਇਹ ਅਨੰਦਪੁਰ ਸਾਹਿਬ ਦੇ ਨਾਲ ਲਗਦੀ ਰਿਆਸਤ ਸੀ। ਇਹਨਾਂ ਦੇ ਜਿੰਮੇ ਬਹੁਤੀ ਬੁਰਿਆਈ ਆਈ ਹੈ, ਇਹ ਅਸਲ ਦੋਸ਼ੀ ਹਨ ਅਸਲ ਇਹਨਾਂ ਕਲ੍ਹਾ ਛੇੜੀ ਹੈ ਸਾਰੀ।

ਸਭੋ ਲੜਾਈ ਇਨ ਤੇ ਵਧੀ॥੩॥ ਸਾਰੀ ਲੜਾਈ ਇਹਨਾਂ ਤੋਂ ਹੀ ਵਧੀ ਹੈ। ੩।

ਜਾਇ ਦਿੱਲੀ ਇਨ ਕਰੀ ਪੁਕਾਰ॥ ਪਹਿਲਾਂ ਆਪ ਮਾਰ ਖਾਧੀ ਹੈ ਸਤਿਗੁਰਾਂ ਤੋਂ ਫੇਰ ਇਹਨਾਂ ਨੇ ਹੀ ਜਾ ਕੇ ਦਿੱਲੀ ਪੁਕਾਰ ਕੀਤੀ, ਇਹਨਾਂ ਨੇ ਜਾ ਕੇ ਤੁਰਕਾਂ ਨੂੰ ਚੁੱਕਿਆ।

ਪਤਿਸ਼ਾਹਿ ਭਖਾਯੋ ਇਨ ਕਈ ਬਾਰ॥ ਕਈ ਵਾਰ ਗੁਰੂ ਸਾਹਿਬ ਜੀ ਦੇ ਵਿਰੁੱਧ ਸ਼ਿਕਾਇਤਾਂ ਕਰਕੇ ਔਰੰਗਜ਼ੇਬ ਨੂੰ ਭਖਾਇਆ ਇਹਨਾਂ ਨੇ।

ਲਿਖਾਯੋ ਦਿੱਲੀ ਲਹੌਰ ਸ੍ਰਿਹੰਦ ਪ੍ਰਵਾਨੇ॥ ਅਤੇ ਦਿੱਲੀ ਤੋਂ ਲਾਹੌਰ ਸਿਰਹੰਦ ਵੱਲ ਇਹਨਾਂ ਪ੍ਰਵਾਨੇ ਲਿਖਵਾਏ ਸਨ ਜਾ ਕੇ ਜਿਥੇ ਜਿਥੇ ਵੀ ਤੁਰਕਾਂ ਦੀਆਂ ਫੌਜਾਂ ਸਨ ਓਹਨਾਂ ਸਾਰੀਆਂ ਨੂੰ ਇਹਨਾਂ ਨੇ ਹੀ ਦਿੱਲੀ ਤੋਂ ਹੁਕਮ ਜਾਰੀ ਕਰਵਾਇਆ ਸੀ ਕਿ ਗੁਰੂ ਸਾਹਿਬ ਤੇ ਸਾਰੇ ਆਪੋ ਆਪਣੀ ਥਾਂ ਤੋਂ ਚੜ੍ਹਾਈ ਕਰਕੇ ਆਓ।

ਲਜਾਯੋ ਚੜ੍ਹਾਇ ਸਭ ਸੂਬੇ ਮੁਸਲਮਾਨੇ॥੪॥ ਕਹਿਲੂਰੀਏ ਤੇ ਬਿਲਾਸ ਪੁਰੀਏ ਇਹੀ ਸੂਬਿਆਂ ਨੂੰ ਦੂਰੋਂ ਚੜ੍ਹਾ ਕੇ ਲਿਆਏ ਸੀ ਗੁਰੂ ਸਾਹਿਬਾਂ ਉੱਤੇ। ੪।

ਦਸ ਲਖ ਫੌਜ ਰਹਿ ਦਰੈ ਕੰਧਾਰ॥ ਕੰਧਾਰ ਜੋ ਦੱਰਾ ਖੈਬਰ ਦਾ ਹੈ ਇਸ ਇਲਾਕੇ ਵਿੱਚ ਦਸ ਲੱਖ ਫੌਜ ਜਮਾਂ ਰਹਿੰਦੀ ਸੀ। ਜਦੋਂ ਕਦੇ ਅਤੀ ਜ਼ਰੂਰਤ ਪੈ ਜਾਵੇ, ਓਸ ਵੇਲੇ ਇਹਨਾਂ ਨੂੰ ਸੱਦਿਆ ਜਾਂਦਾ, ਇਹ ਦਸ ਲੱਖ ਦੀ ਗਿਣਤੀ ਸੀ ਫੌਜ ਦੀ ਜੋ ਕੰਧਾਰ ਦੇ ਦੱਰੇ ਵਿੱਚ ਰਹਿੰਦੀ ਸੀ।

ਲਿਖਾਇ ਲਜਾਯੋ ਯਹਿ ਮੱਦਤਕਾਰ॥ ਇਹ ਭੀਮਚੰਦ ਕਹਿਲੂਰੀਆ ਆਪਣੀ ਮਦਦ ਵਾਸਤੇ ਪਾਤਸ਼ਾਹ ਤੋਂ ਚਿੱਠੇ ਲਿਖਵਾ ਕੇ ਲਿਆਇਆ ਸੀ

ਸਾਹਿਬਜ਼ਾਦੇ ਇਨ੍ਹੈਂ ਮ੍ਰਵਾਏ॥ ਵੱਡੇ ਸਾਹਿਬਜ਼ਾਦੇ ਇਹਨਾਂ ਨੇ ਹੀ ਸ਼ਹੀਦ ਕਰਵਾਏ ਸਨ ਚਮਕੌਰ ਵਿੱਚ, ਛੇੜ ਤਾਂ ਸਾਰੀ ਇਹਨਾਂ ਨੇ ਛੇੜੀ, ਭੀਮਚੰਦ ਵਰਗੇ ਆਪ ਚੜ੍ਹੇ ਸਨ ਜੰਗ ਦੇ ਵਿੱਚ , ਚਮਕੌਰ ਸਾਹਿਬ ਘੇਰਾ ਪਾਇਆ ਸੀ ਇਹਨਾਂ ਨੇ।

ਇਨ ਦੀਨੇ ਦੁਖ ਸਭਿ ਗੁਰ ਪਾਏ॥੫॥ ਇਹਨਾਂ ਦੇ ਦਿੱਤੇ ਹੋਏ ਦੁੱਖ ਸਤਿਗੁਰਾਂ ਨੇ ਪਾਏ, ਜੋ ਵੀ ਸਤਿਗੁਰਾਂ ਉਤੇ ਮੁਸੀਬਤਾਂ ਦੀਆਂ ਹਨੇਰੀਆਂ ਆਈਆਂ, ਉਸ ਦੇ ਦੋਸ਼ੀ ਇਹ ਬਣੇ। ਕਹਿਲੂਰੀਏ ਭੀਮਚੰਦ ਵਰਗਿਆਂ ਨੇ ਕਲ੍ਹਾ ਉਠਾਈ ਸੀ, ਇਹਨਾਂ ਨੇ ਤੁਰਕਾਂ ਨੂੰ ਚੜ੍ਹਾ ਕੇ ਲਿਆਂਦਾ ਸੀ, ਤਾਂ ਸਤਿਗੁਰਾਂ ਨੂੰ ਇਤਨਾ ਦੁਖ ਝਲਣਾ ਪਿਆ। ੫।

ਪਹਿਲੋਂ ਕਤਲ ਕਰ ਕਹਿਲੂਰ॥ ਜਦੋਂ ਖਾਲਸੇ ਨੇ ਗੁਰਮਤਾ ਸੋਧਿਆ, ਕਿਉਂਕਿ ਉਹ ਸਿੰਘ ਵਿੱਚੇ ਹੀ ਸਨ, ਜਿਨ੍ਹਾਂ ਨੂੰ ਅਨੰਦਪੁਰ ਸਾਹਿਬ ਵਿਚ ਘੇਰਾ ਪਿਆ ਸੀ, ਉਹਨਾਂ ਨੇ ਸਾਰਾ ਸਮਾਚਾਰ ਦੱਸਿਆ ਬੰਦੇ ਬਹਾਦਰ ਨੂੰ। ਬੰਦੇ ਬਹਾਦਰ ਨੇ ਕਿਹਾ, ਚੰਗਾ ਫੇਰ ਪਹਿਲਾਂ ਕਹਿਲੂਰ ਰਿਆਸਤ ਨੂੰ ਕਤਲ ਕਰੋ, ਬੱਸ, ਫੇਰ ਆਪਾਂ ਹੋਰ ਕਿਸੇ ਨੂੰ ਪੁਛਾਂਗੇ।

ਬਿਲਾਸਪੁਰੋ ਫਿਰ ਲੁੱਟੋ ਜ਼ਰੂਰ॥ ਫੇਰ ਜਰੂਰ ਹੀ ਬਿਲਾਸਪੁਰ ਰਿਆਸਤ ਨੂੰ ਲੁੱਟ ਕੇ ਤਬਾਹ ਕਰੋ।

ਸਪਤ ਧਾਰ ਮਧ ਧੂਰ ਮਿਲਾਓ॥ ਇਹ ਜਿਹੜੀ ਉੱਤੇ ਥੱਲੇ ਵਾਲੀਆਂ ਸੱਤ ਧਾਰਾਂ ਨੇ ਓਹਨਾਂ ਨੂੰ ਧੂੜ ਵਿਚ ਮਿਲਾ ਦਿਉ ਗਰਦਾ ਗੋਰ ਕਰ ਦਈਏ ਇਹਨਾਂ ਪਹਾੜੀਆਂ ਦਾ।

ਹੋਇ ਸਿਖ ਤਿਹ ਰਖਜਾ ਕਰਾਓ॥੬॥ ਇਹਨਾਂ 'ਚੋਂ ਜਿਹੜਾ ਕੋਈ ਗੁਰੂ ਦਾ ਸਿੱਖ ਬਣ ਜਾਇਗਾ, ਉਹਦੀ ਰੱਖਿਆ ਕਰਾਂਗੇ। ੬।

ਦੋਹਰਾ॥ ਤੌ ਬੰਦੈ ਕਹਿਲੂਰੀਅਨ, ਕਹੀ ਖਬਰ ਹੋਹੁ ਦਾਰ॥ ਕਹਿਲੂਰ ਰਿਆਸਤ ਵਾਲਿਆਂ ਨੂੰ ਕਹਿ ਦਿੱਤਾ ਬੰਦੇ ਬਹਾਦਰ ਨੇ ਕਿ ਖਬਰਦਾਰ ਹੋ ਜਾ ਤੂੰ, ਫੇਰ ਇਹ ਗੱਲ ਨਾ ਕਹੀਂ ਮੈਨੂੰ ਪਤਾ ਨਹੀਂ ਲੱਗਿਆ ਜਾਂ ਮੈਨੂੰ ਦੱਸਿਆ ਨਹੀਂ, ਆਪਦਾ ਇੰਤਜਾਮ ਕਰ ਲੈ ਅਸੀਂ ਆ ਰਹੇ ਹਾਂ।

ਅਕੈ ਤਾਂ ਹਮ ਰੱਯਤ ਬਨੋ, ਅਕੈ ਲਰੋ ਹਮ ਨਾਰ॥੭॥ ਜਾਂ ਤਾਂ ਸਾਡੀ ਰਈਅਤ ਬਣ ਜਾਓ, ਮਾਮਲਾ ਸਾਨੂੰ ਭਰੋ, ਨਹੀਂ ਤਾਂ ਸਾਡੇ ਨਾਲ ਲੜ ਕੇ ਵੇਖ ਲਉ, ਦੋਵੇਂ ਗੱਲਾਂ ਵਿਚੋਂ ਜਿਹੜੀ ਮਰਜ਼ੀ ਕਰ ਲਵੋ। ੭।

ਚੌਪਈ॥ ਮੈਂ ਆਯੋ ਅਬ ਪ੍ਰਬਤ ਲੁਟਾਵਨ॥ ਮੈਂ ਹੁਣ ਸਾਰੇ ਪਹਾੜ ਲੁਟਾਉਣ ਵਾਸਤੇ ਆਇਆ ਹਾਂ ਫੌਜ ਲੈ ਕੇ, ਕਿਸੇ ਨੂੰ ਨਹੀਂ ਛੱਡਣਾ ਮੈਂ।

ਗੁਰੂ ਕਹੀ ਧੂੜ ਸਤ ਧਾਰ ਮਿਲਾਵਨ॥ ਗੁਰਾਂ ਨੇ ਹੁਕਮ ਕੀਤਾ ਸੱਤੇ ਧਾਰਾਂ ਧੂੜ ਵਿਚ ਮਿਲਾ ਦੇਣੀਆਂ, ਇਹਨਾਂ ਦੇ ਨਾਸ਼ ਕਰਨਾ ਹੈ, ਕਿਸੇ ਨੂੰ ਛੱਡਣਾ ਨਹੀਂ ਹੈ।

ਜੋ ਕਿਛ ਹੁਇ ਕਰ ਲਿਹੁ ਤਕੜਾਈ॥ ਜੇ ਕੁਛ ਤੈਥੋਂ ਇੰਤਜ਼ਾਮ ਹੁੰਦਾ ਹੈ ਆਪਣੇ ਬਚਣ ਦਾ ਤਾਂ ਕਰ ਲੈ ਚੰਗਾ ਤਕੜਾ ਇੰਤਜਾਮ ਕਰ ਲੈ ਆਪਣੇ ਬਚਣ ਦਾ, ਅਸੀਂ ਆਏ।

ਮਾਰੂੰ ਤੁਮ ਕੋ ਢੋਲ ਬਜਾਈ॥੮॥ ਚੁੱਪ ਕਰਕੇ ਨਹੀਂ ਮਾਰਨਾ ਤੁਹਾਨੂੰ ਮੈਂ, ਨਗਾਰੇ ਤੇ ਚੋਟ ਲਾ ਕੇ, ਢੋਲ ਬਜਾ ਕੇ ਮਾਰਾਂਗਾ ਤੁਹਾਨੂੰ। ੮।

ਸੋ ਸੁਨ ਰਾਜੇ ਗਰਰਾ ਕੀਆ॥ ਬੰਦੇ ਬਹਾਦਰ ਦਾ ਸੰਦੇਸ਼ ਸੁਣ ਕੇ ਕਹਿਲੂਰੀਏ ਨੇ (ਗਰਰਾ) ਹੰਕਾਰ ਕੀਤਾ ਹੈ। ਹੈਂ! ਮਾਰ ਨਾ ਕਿਤੇ ਤੂੰ ਸਾਨੂੰ ਲਏਂਗਾ, ਅੱਗੇ ਵੇਖੇ ਨਹੀਂ ਸਾਡੇ ਹੱਥ ਏਸ ਤਰ੍ਹਾਂ ਦੇ ਸਵਾਲ ਜਵਾਬ ਕੀਤੇ।

ਹਮ ਬਸੈਂ ਪ੍ਰਬਤੀ ਬਡ ਉੱਚੇ ਥੀਆ॥ ਅਸੀਂ ਬੜੇ ਉੱਚੇ ਪਹਾੜਾਂ ਤੇ ਵਸਦੇ ਹਾਂ, ਬੜੇ ਉੱਚੇ ਥਾਂ ਤੇ ਵਸਦੇ ਹਾਂ।

ਮੰਤ੍ਰ ਜੰਤ੍ਰ ਤੁਹਿ ਪੁਜੇ ਹਮ ਪੁਰ ਨਾਹਿ॥ ਤੇਰਾ ਜੰਤ੍ਰ ਮੰਤ੍ਰ ਵੀ ਸਾਡੇ ਸ਼ਹਿਰ ਵਿਚ ਨਹੀਂ ਪੁੱਜ ਸਕਦਾ, ਤੇਰਾ ਮੰਤ੍ਰ ਜੰਤ੍ਰ ਵੀ ਸਾਡਾ ਕੁਛ ਨਹੀਂ ਵਿਗਾੜ ਸਕਦਾ।

ਬਹੁ ਦੇਵ ਦੇਵੀ ਰਹਿੰ ਪਰਬਤ ਮਾਂਹਿ॥੯॥ ਬਹੁਤ ਸਾਰੇ ਦੇਵਤੇ ਤੇ ਦੇਵੀਆਂ, ਮਹਾਂ ਸ਼ਕਤੀਆਂ ਉਹ ਪਹਾੜਾਂ ਵਿੱਚ ਰਹਿੰਦੀਆਂ ਹਨ ਇਸ ਕਰਕੇ ਤੇਰੇ ਜਾਦੂ ਮੰਤ੍ਰ ਦਾ ਅਸਰ ਨਹੀਂ ਹੋਣਾ ਸਾਡੇ ਤੇ। ੯।

ਜੱਟ ਬੂਟ ਕਰ ਲਜਾਯੋ ਸਿਪਾਹਿ॥ ਤੇਰੇ ਕੋਲ ਹੈ ਕੀ ? ਆਹ ਜੱਟਾਂ ਬੂਟਾਂ ਨੂੰ ਸਿਪਾਹੀ ਬਣਾ ਕੇ ਇਕੱਠਿਆਂ ਕਰ ਕੇ, ਸਾਡੇ ਨਾਲ ਲੜਨ ਆਇਆਂ ਤੂੰ, ਇਹ ਕਿਵੇਂ ਸਾਡੇ ਨਾਲ ਲੜਨਗੇ।

ਹਮ ਤੇਗ ਅਗੇ ਕਹੁ ਕਬ ਟਿਕੈ ਵਾਹਿ॥ ਇਹ ਐਡੇ ਹੰਕਾਰੀ ਹਨ ਪਹਾੜੀਏ, ਕਹਿੰਦੇ ਸਾਡੀ ਤੇਗ ਅੱਗੇ ਇਹ ਕਿਵੇਂ ਟਿਕਣਗੇ, ਜਿਹੜੇ ਤੂੰ ਇਕੱਠੇ ਕਰ ਕੇ ਲਿਆਇਆ ਹੈਂ।

ਔ ਜਿਸ ਗੁਰੂ ਤੁਮ ਭੇਜੇ ਆਏ॥ ਬਾਕੀ ਇਹ ਗੱਲ ਜਿਹੜੇ ਗੁਰੂ ਨੇ ਤੁਹਾਨੂੰ ਭੇਜਿਆ ਤੇ ਤੁਸੀਂ ਆਏ ਹੋ ਉਹਦੀ ਆਗਿਆ ਨਾਲ।

ਉਨ ਕੋ ਦੇਖ ਹਮ ਕਸ ਹਥ ਲਾਏ॥੧੦॥ ਅੱਗੇ ਨਹੀਂ ਸੁਣਿਆਂ ਤੈਂ ਕਦੀ, ਕੈਸੇ ਹੱਥ ਲਾਏ ਹਨ ਅਸੀਂ, ਕਿਵੇਂ ਕੱਢਿਆ ਉਨ੍ਹਾਂ ਨੂੰ ਅਨੰਦਪੁਰ 'ਚੋਂ, ਤਾਅਨੇ ਮਾਰਦੇ ਹਨ ਅੱਗੋਂ। ੧੦।

ਪ੍ਰਬਤ ਚੜ੍ਹੇ ਬਿਨ ਅਲਖ ਨ ਲਹਯੋ॥ ਜਿੰਨਾਂ ਚਿਰ ਤੂੰ ਪਹਾੜ ਨਹੀਂ ਚੜ੍ਹਦਾ, ਉਨਾਂ ਚਿਰ ਤੇਰੀ ਅਲਖ ਨਹੀਂ ਲਹਿਣੀ। ਤੂੰ ਆ ਤਾਂ ਸਹੀ , ਤਸੱਲੀ ਕਰ ਦਿਆਂਗੇ ਤੇਰੀ।

ਇਮ ਬਚ ਅਗਜੋਂ ਕਹਿਲੂਰੀ ਕਹਯੋ॥ ਏਸ ਤਰ੍ਹਾਂ ਕਹਿਲੂਰੀਏ ਨੇ ਬੜੇ ਆਕੜ ਕੇ ਹੰਕਾਰ ਦੇ ਬਚਨ ਕਹੇ ਹਨ।

ਤੌ ਜਾ ਜੇਜੋਂ ਚੜਿ ਬੰਦੌ ਜੀ ਬਹਯੋ॥ ਅਨੰਦਪੁਰ ਸਾਹਿਬ ਜੀ ਦੇ ਉੱਪਰਲੇ ਪਹਾੜਾਂ ਕੋਲ ਜੇਜੋਂ ਪਿੰਡ ਕੋਲ ਬੰਦਾ ਬਹਾਦਰ ਖਾਲਸਈ ਫੌਜ ਸਮੇਤ ਜਾ ਬੈਠਾ ਹੈ, ਪਹਾੜੀਆਂ ਨੂੰ ਸੋਧਣ ਵਾਸਤੇ।

ਤਿਹ ਇਕ ਥੜਾ ਬੰਦੇ ਜੀ ਕਯੋ॥੧੧॥ ਇਥੇ ਬੰਦਾ ਸਿੰਘ ਨੇ ਇੱਕ ਥੜਾ ਬਣਾ ਦਿੱਤਾ ਹੈ। ੧੧।

ਸੱਦ ਲੋਕਨ ਤਹਿੰ ਹੋਕੋ ਦਿਵਾਯੋ॥ ਜਿਹੜੇ ਓਥੇ ਨੇੜੇ ਦੇ ਲੋਕ ਵਸਦੇ ਹਨ, ਉਨ੍ਹਾਂ ਸਾਰੇ ਪਿੰਡਾਂ ਦੇ ਲੋਕਾਂ ਨੂੰ ਸੱਦ ਕੇ

ਹੋਕਾ ਦਿਵਾਇਆ ਹੈ, ਸਾਰੇ ਢੰਡੋਰਾ ਪਿਟਵਾ ਦਿਤਾ, ਸਾਰੇ ਮੁਨਿਆਦੀ ਕਰ ਦਿੱਤੀ।

ਜਿਸ ਹੁਇ ਦੁਖ ਸੁਖ ਇਸ ਤੈ ਪਾਯੋ॥ ਜਿਸ ਕਿਸੇ ਨੂੰ ਕਿਸੇ ਪ੍ਰਕਾਰ ਦਾ ਕੋਈ ਦੁੱਖ ਹੈ, ਉਹ ਥੜੇ ਨੂੰ ਮੱਥਾ ਟੇਕੋ ਤੇ ਉਹ ਸੁਖੀ ਹੋ ਜਾਇਗਾ, ਉਹ ਸੁਖ ਪਾਏਗਾ।

ਹਮ ਪ੍ਰਥਤੀਅਨ ਸਿੱਧੀ ਖੋਸ ਆਣੀ॥ ਪਹਾੜਾਂ ਵਿੱਚ ਬੜੇ ਲੋਕ ਰਿੱਧੀਆਂ ਸਿੱਧੀਆਂ ਵਾਲੇ ਵਸਦੇ ਸਨ, ਬੰਦਾ ਬਹਾਦਰ ਕਹਿੰਦਾ ਮੈਂ ਸਭ ਦੀ ਸਿੱਧੀ ਖੋਹ ਲਈ ਹੈ, ਸਭ ਦੀ ਕਰਾਮਾਤ ਮੈਂ ਖੋਹ ਕੇ ਏਥੇ ਲੈ ਆਂਦੀ ਹੈ।

ਦੇਵ ਦੇਵੀ ਲਜਾ ਈਹਾਂ ਪ੍ਰਗਟਾਣੀ॥੧੨॥ ਦੇਵੀ ਦੇਵਤੇ ਵੀ ਮੈਂ ਇਕੱਠੇ ਕਰ ਲਿਆਂਦੇ ਹਨ ਤੇ ਇਸ ਥੜੇ ਵਿਚ ਸਥਾਪਤ ਕਰ ਦਿੱਤੇ ਨੇ ਆਹ ਥੜੇ ਵਿਚ ਲਿਆ ਕੇ ਪ੍ਰਗਟ ਕਰ ਦਿੱਤੇ ਹਨ ਸਾਰੇ ਦੇਵੀ ਦੇਵਤੇ, ਜਿਸ ਕਿਸੇ ਨੂੰ ਕੋਈ ਦੁੱਖ ਤਕਲੀਫ ਹੈ, ਉਹ ਆ ਕੇ ਇਸ ਥੜੇ ਨੂੰ ਮੱਥਾ ਟੇਕੋ ਤੁਹਾਡੇ ਦੁੱਖ ਦੂਰ ਹੋ ਜਾਣਗੇ, ਇਉਂ ਸਾਰਿਆਂ ਲੋਕਾਂ ਦੇ ਵਿੱਚ ਪ੍ਰਚਾਰ ਕੀਤਾ। ੧੨।

ਦੋਹਰਾ॥ ਬਹੁ ਦੁਖੀਏ ਚਲ ਤਿਹ ਅਏ, ਗਏ ਸੁ ਦੁਖ ਗਵਾਇ॥ ਹੁਣ ਸੰਸਾਰ ਤਾਂ ਦੁੱਖੀ ਹੁੰਦਾ ਹੀ ਹੈ, ਕਿਸੇ ਨੂੰ ਕੋਈ ਦੁੱਖ ਹੈ ਕਿਸੇ ਨੂੰ ਕੋਈ ਦੁਖ ਹੈ। ਦੁਖੀ ਲੋਕ ਚਲ ਕੇ ਆਏ ਉਥੇ, ਜਦੋਂ ਬੰਦੇ ਬਹਾਦਰ ਦੇ ਕਹੇ ਤੋਂ ਉਨਾਂ ਦੁਖੀਏ ਲੋਕਾਂ ਨੇ ਉਸ ਥੜੇ ਨੂੰ ਮੱਥੇ ਟੇਕੇ ਤੇ ਆਪੋ ਆਪਣੀ ਸ਼ਰਧਾ ਅਨੁਸਾਰ ਭੇਟਾਂ ਦਿੱਤੀਆਂ ਤੇ ਉਹ ਸੁਖੀ ਹੋ ਕੇ ਜਾਣ ਲੱਗ ਪਏ ਘਰਾਂ ਨੂੰ। ਉਹ ਹੋਰ ਪ੍ਰਚਾਰ ਹੋਣ ਲੱਗ ਪਿਆ, ਅਸੀਂ ਤਾਂ ਉਥੇ ਜਾ ਕੇ ਬਚ ਗਏ, ਓਥੇ ਜਾ ਕੇ ਸਾਡਾ ਤਾਂ ਦੁੱਖ ਰਿਹਾ ਹੀ ਨਹੀਂ ਹੈ। ਬੱਸ ਓਥੇ ਤਾਂ ਮੱਥਾ ਹੀ ਟੇਕਣਾ ਪੈਂਦਾ ਹੈ ਅਸੀਂ ਤਾਂ ਵੇਖ ਲਉ ਨਵੇਂ ਨਰੋਏ ਹੋ ਕੇ ਆਏ ਹਾਂ , ਇਉਂ ਪ੍ਰਚਾਰ ਦਾ ਜ਼ੋਰ ਪੈ ਗਿਆ।

ਦੂਧ ਪੂਤ ਤਿਹ ਬਹੁ ਮਿਲੇ, ਮਨ ਇਛੇ ਫਲ ਪਾਇ॥੧੩॥ ਹੁਣ ਬਹੁਤ ਸਾਰੇ ਲੋਕ ਓਸ ਥੜੇ ਨੂੰ ਮੰਨਣ ਲੱਗ ਪਏ ਹਨ ਆ ਕੇ, ਮਨ ਦੀਆਂ ਇਛਾਂ ਪੂਰੀਆਂ ਹੁੰਦੀਆਂ ਹਨ, ਦੁੱਧ ਪੁੱਤ ਜੋ ਕਿਸੇ ਨੂੰ ਚਾਹੀਦਾ ਹੈ ਸੋਈ ਫਲ ਪ੍ਰਾਪਤ ਹੁੰਦਾ ਹੈ। ੧੩।

ਚੌਪਈ॥ ਰਾਜ ਕਹਿਲੂਰੀ ਫਿਕਰ ਬਡ ਕੀਯਾ॥ ਜਦੋਂ ਕਹਿਲੂਰੀਏ ਰਾਜਾ ਨੇ ਇਹ ਗੱਲਾਂ ਸੁਣੀਆਂ ਤਾਂ ਉਹਨੂੰ ਫਿਕਰ ਪੈ ਗਿਆ, ਕਿ ਮੇਰੇ ਵੱਲੇ ਸਜ ਧਜ ਕੇ ਆ ਰਿਹਾ ਹੈ, ਮੇਰੇ ਨਾਲ ਕਰੇਗਾ ਜਰੂਰ ਦੋ ਹੱਥ।

ਸਭ ਜਲੰਧ੍ਰਿਅਨ ਲਿਖ ਸੁ ਦੀਆ॥ ਉਹਨੇ ਜਲੰਧਰ ਦੇ ਸੂਬੇ ਨੂੰ ਲਿਖ ਕੇ ਭੇਜ ਦਿੱਤਾ ਸਾਰਾ ਸਮਾਚਾਰ।

ਇੱਕ ਉਠਜੋ ਅਬੈ ਹੈ ਔਰ ਸ਼ਿਕਾਰ॥ ਆਓ ਭਾਈ ਸਾਰੇ ਇੱਕਠੇ ਹੋਕੇ, ਕਿਉਂਕਿ ਅਨੰਦਪੁਰ ਸਾਹਿਬ ਦੀ ਲੜਾਈ ਵਿੱਚ ਸਾਰੇ ਇਕੱਠੇ ਹੋ ਕੇ ਗੁਰੂ ਸਾਹਿਬ ਜੀ ਨਾਲ ਲੜੇ ਸਾਂ। ਇਹ ਜਿੰਨੇ ਦੁਆਬੇ ਦੇ ਪਹਾੜ ਦੇ ਥੱਲੇ ਥੱਲੇ, ਇਹ ਬਹੁਤ ਸਾਰੇ ਰਾਣੇ ਰਾਜੇ ਵਸਦੇ ਸਨ ਉਹਨਾਂ ਸਾਰਿਆਂ ਨੂੰ ਸੁਨੇਹਾ ਭੇਜਿਆ ਕਿ ਆਓ ਇੱਕ ਹੋਰ ਸ਼ਿਕਾਰ ਖੜ੍ਹਾ ਹੋ ਗਿਆ ਜੇ, ਆਓ ਅਨੰਦਪੁਰ ਸਾਹਿਬ ਦੀ ਧਰਤੀ ਨੂੰ।

ਅਬ ਰਲ ਲੁਟੀਐ ਉਸ ਕੋ ਮਾਰ॥ ੧੪॥ ਆਓ! ਉਹਨੂੰ ਲੁੱਟੀਏ ਤੇ ਨਾਲੇ ਰਲ ਕੇ ਉਹਨੂੰ ਮਾਰ ਕੇ ਖਤਮ ਕਰੀਏ। ਹੁਣ ਜਿਨ੍ਹਾਂ ਨੂੰ ਕਹਿਲੂਰੀਆ ਸੱਦਦਾ ਹੈ, ਬੰਦਾ ਬਹਾਦਰ ਉਨ੍ਹਾਂ ਨੂੰ ਪਹਿਲਾਂ ਹੀ ਸੋਧ ਚੁੱਕਾ ਹੈ ਏਨ੍ਹਾਂ ਪਹਾੜੀਆਂ ਨੂੰ ਐਨਾ ਪਤਾ ਨਹੀਂ ਕਿ ਜਿਨ੍ਹਾਂ ਨੂੰ ਆਪਣੀ ਮਦਦ ਲਈ ਬੁਲਾ ਰਹੇ ਹਨ, ਉਹ ਤਾਂ ਬੰਦੇ ਬਹਾਦਰ ਨੇ ਪਹਿਲਾਂ ਹੀ ਖਤਮ ਕਰ ਦਿੱਤੇ ਹਨ। ਇਉਂ ਉਨ੍ਹਾਂ ਨੂੰ ਸੁਨੇਹੇ ਭੇਜਦੇ ਨੇ। ੧੪।

ਹੈ ਕੱਚੀ ਅਬ ਸੋਇ ਬਲਾਇ॥ ਕਹਿੰਦੇ ਅਜੇ ਤਾਂ ਕੱਚੀ ਬਲਾ ਹੈ, ਅਜੇ ਤਾਕਤ ਨਹੀਂ ਫੜ ਸਕਿਆ ਇਹ, ਆਓ ਪਹਿਲਾਂ ਪਹਿਲਾਂ ਫੜੀਏ।

ਹੁਇ ਪੱਕੀ ਤਬ ਮਾਰਗੁ ਹਥ ਲਾਇ॥ ਜੇ ਇਹ ਬਲਾਅ ਪੱਕੀ ਹੋ ਗਈ ਤਾਂ ਸਾਨੂੰ ਮਾਰੂੰਗਾ ਹੱਥ ਲਾ ਕੇ, ਇਹ ਸਾਨੂੰ ਤਕੜੇ ਹੱਥ ਲਾਵੇਗਾ।

ਗੋਬਿੰਦ ਸਿੰਘ ਜਿਮ ਕਰੂ ਖੁਆਰੀ॥ ਯਾਦ ਕਰਦੇ ਨੇ ਪਿਛਲਾ ਲੰਘਿਆਂ ਸਮਾਂ ਕਹਿੰਦੇ ਗੁਰੂ ਗੋਬਿੰਦ ਸਿੰਘ ਜੀ ਹੋਏ ਸਨ ਕਿਵੇਂ ਇਹਨਾਂ ਨੂੰ ਨਾਨੀ ਚੇਤੇ ਕਰਾਈ ਸੀ। ਹੰਕਾਰੀ ਗੱਲਾਂ ਕਰਦੇ ਸੀ ਨਾ ਪਹਿਲਾਂ, ਹੁਣ ਫਿਕਰ ਹੋ ਗਿਆ, ਜਦੋਂ ਉਹ ਕਰਾਮਾਤਾਂ ਦਿਖਾਉਣ ਲੱਗ ਪਿਆ, ਸਭ ਨੂੰ ਚਿੰਤਾ ਹੋ ਗਈ ਹੈ ਕਿ ਹੁਣ ਨਹੀਂ ਇਹਨੇ ਛੱਡਣਾ ਸਾਨੂੰ। ਦੁਨੀਆਂ ਇਹਦੇ ਮਗਰ ਲੱਗ ਰਹੀ ਹੈ ਜਿਨ੍ਹਾਂ ਦੇ ਸਿਰ ਤੇ ਪਹਾੜੀ ਰਾਜੇ ਆਕੜਦੇ ਸੀ । ਹੁਣ ਆਪ ਦੇ ਸਾਥੀਆਂ ਨੂੰ ਕਹਿੰਦਾ ਹੈ ਕਹਿਲੂਰੀਆ ਕਿ ਜਿਵੇਂ ਸਾਨੂੰ ਗੁਰੂ ਗੋਬਿੰਦ ਸਿੰਘ ਜੀ ਨੇ ਖੁਆਰ ਕੀਤਾ ਸੀ, ਹੁਣ ਇਹ ਉਵੇਂ ਸਾਨੂੰ ਖੁਆਰ ਕਰੇਗਾ।

ਜੋ ਦਸ ਲਖ ਰਲ ਕਢਜੋ ਥੋ ਮਾਰੀ॥੧੫॥ ਦੇਖ ਲਉ ਦਸ ਲੱਖ ਫੌਜ ਮੰਗਾਈ ਸੀ ਤੁਰਕਾਂ ਦੀ ਤੇ ਸਾਰਿਆਂ ਨੇ ਰਲ ਕੇ ਅਸੀਂ ਬਾਈ ਧਾਰਾਂ ਨੇ ਜਲੰਧਰੀਆਂ ਨੇ ਫੇਰ ਕੱਢਿਆ ਸੀ ਅਨੰਦਪੁਰ ਸਾਹਿਬ ਵਿਚੋਂ, ਉਹ ਕਿਥੇ ਨਿਕਲਦਾ ਸੀ ਇਉਂ ਕਹਿਣ ਲੱਗ ਪਏ। ੧੫।

ਵਹੀ ਅੰਡ ਬਚ ਟਿਡ ਜਿਮ ਛਡ ਗਯੋ॥ ਜਦੋਂ ਆਹਣ ਆਉਂਦੀ ਹੈ (ਟਿੱਡੀ ਦਲ) ਆਉਂਦਾ ਹੈ ਤਾਂ ਓਸਨੂੰ ਭਜਾਉਣ ਵਾਸਤੇ ਪੀਪੀ ਢੋਲ ਆਦਿਕ ਲੈ ਕੇ ਬਜਾਉਂਦੇ ਹਨ ਤਾਂ ਕਿ ਟਿੱਡੀ ਦਲ ਖੜਕਾ ਸੁਣ ਕੇ ਉਹ ਜਗ੍ਹਾ ਛਡ ਕੇ ਅੱਗੇ ਚਲਿਆ ਜਾਵੇ। ਉਹ ਤਾਂ ਅੱਗੇ ਨੂੰ ਤੁਰ ਜਾਂਦੀ ਹੈ, ਪਰ ਉਹ ਆਂਡੇ ਦੇ ਜਾਂਦੀ ਹੈ ਉਹ ਰੇਤੇ ਵਿੱਚ ਆਂਡੇ ਦੱਬ ਜਾਂਦੀ ਹੈ, ਜਦੋਂ ਉਹ ਅੱਗੇ ਨਿਕਲ ਜਾਂਦੀ ਹੈ, ਪਿੱਛੋਂ ਬੱਚੇ ਨਿਕਲ ਆਉਂਦੇ ਹਨ, ਫੇਰ ਓਦੂੰ ਦੂਣੀਆਂ ਚੌਣੀਆਂ ਟਿੱਡੀਆਂ ਹੋ ਜਾਂਦੀਆਂ ਨੇ ।

ਕਹਿਣ ਲੱਗੇ ਉਹ ਗੁਰੂ ਹੀ ਛੱਡ ਗਿਆ ਹੈ ਆਪਣੇ ਪਿਛੇ ਬੀਜ। ਆ ਜਾਓ ਹੁਣ ਆਪਾਂ ਇਹਨਾਂ ਨੂੰ ਵੀ ਕਤਲ ਕਰੀਏ ਇਉਂ ਸਾਥੀਆਂ ਨੂੰ ਸੁਨੇਹੇ ਭੇਜਦਾ ਹੈ।

ਅਬ ਵਹੀ ਪਰਾਚਿਤ ਹਮ ਲਗ ਅਯੋ॥ ਹੁਣ ਉਹੀ ਪਾਪ ਲੱਗ ਗਿਆ ਸਾਨੂੰ ਆ ਕੇ, ਆਓ ਛੇਤੀ ਕਰੋ।

ਵੋ ਭੀ ਕਹਾਵਤ ਗੁਰ ਜਿਮ ਕ੍ਰਾਮਾਤੀ॥ ਗੁਰੂਆਂ ਦੇ ਵਿੱਚ ਬੇਅੰਤ ਕਰਾਮਾਤਾਂ ਸਨ, ਸਮੱਰਥ ਸੀ ਉਹ ਤਾਂ, *''ਅਨਿਕ ਕਲਾ ਹੋਇ ਠਾਕੁਰ ਚੜਿਆ''*। ਇਹ ਵੀ ਗੁਰੂਆਂ ਵਾਂਗ ਆਪਣੇ ਆਪ ਨੂੰ ਬੜਾ ਕਰਾਮਾਤੀ ਅਖਵਾਉਂਦਾ ਹੈ, ਕਹਿੰਦਾ ਮੈਂ ਬੜਾ ਕਰਾਮਾਤੀ ਹਾਂ ਮੇਰੇ ਵਿਚ ਬੜੀਆਂ ਕਲਾ ਹਨ।

ਪਰ ਹੈ ਰਸਾਇਣੀ ਹਮ ਇਮ ਜਾਤੀ॥੧੬॥ ਸਾਨੂੰ ਇਹ ਪਤਾ ਲੱਗਿਆ ਰਸਾਇਣੀ ਹੈ ਇਹ, ਭਾਵ ਉਹਦੇ ਕੋਲ ਰਸਾਇਣ ਹੈ, ਲੋਹੇ ਨੂੰ ਲਾਕੇ ਸੋਨਾ ਕਰ ਲੈਂਦਾ ਹੈ ਉਹ ਤੇ ਪੈਸੇ ਦੇ ਜ਼ੋਰ ਤੇ ਸਭ ਕੁਛ ਕਰੀ ਜਾਂਦਾ ਹੈ। ਇਹ ਸਾਨੂੰ ਪਤਾ ਹੈ ਕਿ ਜੰਤ੍ਰੀ ਮੰਤ੍ਰੀ ਹੈ, ਰਸਾਇਣ ਵੀ ਹੋ ਗਈ ਓਹਦੇ ਕੋਲ, ਆਓ ਸਾਰੇ ਕੋਈ ਜੁਗਤੀ ਬਣਾਈਏ ਫੜ ਲਈਏ ਓਸ ਨੂੰ। ੧੬।

ਅਕੈ ਪਾਰਸ ਅਕੈ ਪੌਰਸ ਪਾਸੇ ॥ ਜਾਂ ਇਹਦੇ ਕੋਲ ਪਾਰਸ ਦੀ ਵੱਟੀ ਹੈ, ਜਾਂ ਇਹਦੇ (ਪੌਰਸ) ਦਵਾਈ ਹੈ ਜੁਗਤਿ ਨਾਲ ਬਣਾਈ ਹੋਈ, ਜਿਹੜੀ ਲਾ ਕੇ ਲੋਹੇ ਨੂੰ ਸੋਨਾ ਕਰ ਦਿੰਦੀ ਹੈ। ਕੋਈ ਨਾ ਕੋਈ ਖਾਸ ਚੀਜ਼ ਇਹਦੇ ਕੋਲ ਜਰੂਰ ਹੈ।

ਕੱਢ ਦੇਤ ਬਹੁ ਮੁਹਰੈਂ ਖਾਸੇ॥ ਕਹਿੰਦੇ ਖੀਸੇ ਵਿਚ ਹੱਥ ਪਾਕੇ ਬੁੱਕ ਭਰਕੇ ਫੜਾ ਦਿੰਦਾ, ਲੱਪ ਭਰਕੇ ਮੋਹਰਾਂ ਦੇ ਦਿੰਦਾ ਹੈ। ਇਸ ਕਰਕੇ ਰਸਾਇਣ ਤੋਂ ਬਿਨਾ ਐਨਾ ਸੋਨਾ ਕਿਥੋਂ ? ਐਨੀਆਂ ਮੋਹਰਾਂ ਕਿਥੋਂ? ਜਰੂਰ ਇਹਦੇ ਕੋਲ ਦਵਾਈ ਹੈ।

ਅਬ ਉਸਕੋ ਕਿਮ ਲਈਐ ਫਰੈ॥ ਆਓ ਤਕੜੇ ਹੋ ਕੇ, ਕਿਵੇਂ ਫੜ ਲਈਏ ਓਸਨੂੰ।

ਤੌ ਹਮ ਪ੍ਰਬਤੀਅਨ ਕਾ ਕੰਮ ਸਰੈ॥੧੭॥ ਜੇ ਬੰਦੇ ਨੂੰ ਫੜ ਲਈਏ, ਉਹਦੇ ਕੋਲੋਂ ਸਾਰੀ ਕਲਾ ਲਈਏ, ਤਾਂ ਸਾਡਾ (ਪ੍ਰਬਤੀਅਨ) ਪਹਾੜੀਆਂ ਦਾ ਕੰਮ ਸਰੇਗਾ, ਕੰਮ ਰਾਸ ਆਇਗਾ। ੧੭।

ਹੈ ਪਰਬਤ ਬਹੁ ਲੋਹੇ ਖਾਣ॥ ਪਹਾੜਾਂ ਵਿੱਚ ਬਹੁਤ ਸਾਰੀਆਂ ਲੋਹੇ ਦੀਆਂ ਖਾਣਾਂ ਹਨ, ਜਿਨ੍ਹਾਂ ਵਿਚੋਂ ਲੋਹਾ ਨਿਕਲਦਾ ਹੈ।

ਲੇ ਪਾਰਸ ਕਰੀਯੈ ਸ੍ਵਰਣ ਠਾਣ॥ ਇਹਦੇ ਕੋਲੋਂ ਪਾਰਸ ਲੈ ਕੇ ਲੋਹੇ ਵਾਲੀ ਖਾਣ ਵਾਲਾ ਜੋ ਪਹਾੜ ਉਸਨੂੰ ਉਹ ਪਾਰਸ ਲਾ ਦਈਏ ਤਾਂ ਸੋਨਾ ਕਰ ਲਈਏ ਉਸਨੂੰ । ਇਉਂ ਚਿੱਠੀਆਂ ਲਿਖਦੇ ਨੇ, ਦਲੀਲਾਂ ਕਰਦੇ ਨੇ ਆਪਸ ਵਿੱਚੀ।

ਔ ਜੁ ਹੈ ਰਸਾਇਨ ਉਸ ਪਾਹਿ॥ ਹੋਰ ਜੋ ਉਸ ਦੇ ਪਾਸ ਰਸਾਇਨ ਹੈ, (ਰਸਾਇਨ) ਲੋਹੇ ਤੋਂ ਸੋਨਾ ਬਨਾਉਣ ਦੀ ਦਵਾਈ, ਜੋ ਉਸ ਦੇ ਪਾਸ ਹੈ।

ਸਿਖ ਲਉਗੁ ਤੋ ਛਡੀਅਗੁ ਤਾਂਹਿ॥੧੮॥ ਜਦੋਂ ਉਹ ਦਵਾਈ ਜੋ ਲੋਹੇ ਤੋਂ ਸੋਨਾ ਬਣਾਉਂਦੀ ਹੈ, ਉਸਨੂੰ ਬਨਾਉਣ ਦਾ ਤਰੀਕਾ ਜਦੋਂ ਅਸੀਂ ਸਿਖ ਗਏ ਉਹਦੇ ਕੋਲੋਂ, ਫੇਰ ਉਹਨੂੰ ਛੱਡਾਂਗੇ, ਉਤਨਾ ਚਿਰ ਫੜੀ ਰੱਖਾਂਗੇ, ਦਲੀਲਾਂ ਬਣਾਉਂਦੇ ਨੇ ਵਿਚਾਰੇ ਕੋਈ ਪੇਸ਼ ਨਹੀਂ ਜਾਂਦੀ। ੧੮।

ਦੋਹਰਾ॥ ਜੋ ਹੋਹਿ ਨ ਪਾਰਸ ਰਸਾਇਣੋ, ਵਹੁ ਕਹਿੰ ਤੇ ਦਰਬ ਲਿਆਇ॥ ਤੁਸੀਂ ਸਿਆਣੇ ਹੋ ਸਾਰੇ ਜੇ ਇਹਦੇ ਕੋਲ ਪਾਰਸ ਨਾ ਹੋਵੇ, ਰਸਾਇਣ ਨਾ ਹੋਵੇ ਤਾਂ ਫਿਰ ਏਨਾ ਧਨ ਕਿਥੋਂ ਲਿਆਉਂਦਾ ਹੈ, ਐਨਾ ਸੋਨਾ ਵੰਡਦਾ ਹੈ ਮੋਹਰਾਂ ਹੀ ਵੰਡੀ ਜਾਂਦਾ ਹੈ।

ਪਹਿ ਉਸ ਰਾਜਨ ਵਣਜ ਹੈ, ਵਹੁ ਇਤੋ ਖਰਚ ਕਹਿੰ ਖਾਇ॥੧੯॥ ਜਾਂ ਉਹਦਾ ਰਾਜਿਆਂ ਦੇ ਨਾਲ ਵਣਜ ਹੋਵੇਗਾ, ਵਪਾਰ ਹੋਵੇਗਾ, ਜਿਹੜਾ ਐਨਾ ਖਰਚਾ ਕਰਦਾ ਹੈ, ਆਪਦੀ ਸਿੱਖਾਂ ਦੀ ਸਾਰੀ ਸੈਨਾ ਇਕੱਠੀ ਕਰੀ ਫਿਰਦਾ ਹੈ, ਉਹਨਾਂ ਦਾ ਖਰਚ ਕਿਵੇਂ ਪੂਰਾ ਕਰਦਾ ਹੈ, ਉਸਦੇ ਪਾਸ ਤਾਂ ਰਾਜਿਆਂ ਵਰਗਾ ਵਣਜ ਵਿਹਾਰ ਹੈ, ਦੱਸੋ ਇਨਾਂ ਖਰਚਾ ਕਰਕੇ ਕਿਥੋਂ ਖਾਂਦਾ ਹੈ। ੧੯।

ਚੌਪਈ॥ ਯੌ ਸੁਨ ਰਾਜੇ ਬਹੁ ਚਲ ਆਏ॥ ਇਸ ਤਰ੍ਹਾਂ ਸੁਣ ਕੇ ਕਹਿਲੂਰੀਏ ਰਾਜੇ ਤੋਂ, ਬਹੁਤ ਸਾਰੇ ਇਥੇ ਚਲ ਕੇ ਆਏ ਹਨ।

ਜੋ ਆਪ ਨ ਆਏ ਤਿਨ ਬਜੀਰ ਘਲਾਏ॥ ਜਿਹੜੇ ਰਾਜੇ ਆਪ ਨਹੀਂ ਆਏ, ਉਹਨਾਂ ਨੇ ਕਹਿਲੂਰ ਦੇ ਵਿੱਚ ਆਪਣੇ ਵਜ਼ੀਰ ਭੇਜੇ ਹਨ; ਕਿ ਜਾਓ ਜਾ ਕੇ ਸੁਣ ਕੇ ਆਓ, ਕੀ ਵਿਚਾਰ ਬਣਦੀ ਹੈ ?

ਤੌ ਆਇ ਸਭਨ ਮਿਲ ਮਤੋ ਮਤਾਏ॥ ਤਾਂ ਸਾਰਿਆਂ ਰਾਜਿਆਂ ਨੇ ਮਿਲ ਕੇ ਆਪਸ ਵਿੱਚ ਵਿਚਾਰ ਵਿਟਾਂਦਰਾ ਕਰਕੇ ਮਤਾ ਪਾਸ ਕੀਤਾ ਹੈ।

ਕਿਮ ਜੀਵਤ ਉਸ ਕੋ ਲੱਯੈ ਫੜਾਇ॥੨੦॥ ਸਲਾਹ ਕਰ ਲਈ ਹੈ ਕਿ ਵੱਡੀ ਗੱਲ ਤਾਂ ਇਹ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਬੰਦੇ ਬਹਾਦਰ ਨੂੰ ਜਿਉਂਦਾ ਫੜ ਲਈਏ। ੨੦।

ਤੌ ਰਸਾਇਣ ਦੱਸੈ ਔ ਪਾਰਸ ਦਏ॥ ਅਤੇ ਜਦੋਂ ਰਸਾਇਣ ਬਨਾਉਣ ਦਾ ਢੰਗ ਦੱਸੇਗਾ ਤੇ ਪਾਰਸ ਦੀ ਵੱਟੀ ਦੇਵੇਗਾ ਸਾਨੂੰ, ਉਦੋਂ ਛੱਡੀਏ ਉਹਨੂੰ, ਇਉਂ ਆਪਸ ਵਿੱਚ ਦਲੀਲਾਂ ਕਰਦੇ ਹਨ ਅਤੇ ਅੰਦਰੋਂ ਡਰਦੇ ਹਨ ਕਿ ਚਾਰ ਦਿਨ ਸਾਡੇ ਲੰਘ ਜਾਣ ਕਿਸੇ ਨਾ ਕਿਸੇ ਤਰ੍ਹਾਂ।

ਜੋ ਵਹਿ ਮਾਰਿ ਲਈਐ ਹਮੈਂ ਕੌਣ ਬਤਏ॥ ਆਪਸ ਵਿੱਚ ਕਹਿੰਦੇ ਹਨ ਪਹਾੜੀ ਰਾਜੇ ਕਿ ਜੇ ਅਸੀਂ ਬੰਦੇ ਬਹਾਦਰ ਨੂੰ ਮਾਰ ਹੀ ਲਿਆ ਫੇਰ ਸਾਨੂੰ ਪਾਰਸ ਦੀ ਵੱਟੀ ਬਾਰੇ ਕੌਣ ਦੱਸੇਗਾ ਕਿ ਕਿੱਥੇ ਰੱਖੀ ਹੈ ਤੇ ਰਸਾਇਣ ਬਨਾਉਣ ਦਾ ਤਰੀਕਾ ਕੌਣ ਦੱਸੇਗਾ? ਫੇਰ ਨਹੀਂ ਦੱਸਣਾ ਕਿਸੇ ਨੇ, ਇਸ ਕਰਕੇ ਮਾਰਨ ਦੀ ਕੋਸ਼ਸ਼ ਨਾ ਕਰੋ, ਆਪਾਂ ਜਿਉਂਦੇ ਨੂੰ ਫੜ ਲਈਏ।

ਕਿਮ ਛਲ ਸੌਂ ਉਸ ਜੀਵਤ ਫੜੋ॥ ਕਿਸੇ ਤਰ੍ਹਾਂ (ਛਲ) ਧੋਖੇ ਨਾਲ ਉਸ ਨੂੰ ਜਿਉਂਦੇ ਨੂੰ ਫੜੋ।

ਉਸ ਸਿਉਂ ਪਹਿਲੋਂ ਇਮੈ ਨ ਲੜੋ॥੨੧॥ ਐਵੇਂ ਨਾ ਪਹਿਲਾਂ ਹੀ ਅਸੀਂ ਓਹਦੇ ਨਾਲ ਲੜੀਏ, ਪਹਿਲਾਂ ਓਹਦੇ ਨਾਲ ਛਲ ਵਲ ਨਾਲ ਉਸਨੂੰ ਫੜਨ ਦੀ ਕੋਸ਼ਸ਼ ਕਰੀਏ। ਉਸ ਨਾਲ ਕਿਸੇ ਢੰਗ ਨਾਲ ਗੱਲ ਕਰੀਏ, ਕਿਸੇ ਫਰੇਬ ਨਾਲ

ਕਿਸੇ ਛਲ ਨਾਲ ਜਦੋਂ ਕਾਬੂ ਆ ਜਾਵੇ ਉਦੋਂ ਫੜ ਲਈਏ ਉਸਨੂੰ, ਇਉਂ ਸਲਾਹਾਂ ਕਰਦੇ ਹਨ। ੨੧।

ਕੋਊ ਕਹੈ 'ਉਸ ਮਾਰੋ ਸਭ ਖੂਨੀ'॥ ਕਈ ਕਹਿੰਦੇ ਹਨ ਕਿ ਉਹ ਤਾਂ ਖੂਨੀ ਹੈ, ਐਡੇ ਵੱਡੇ ਵੱਡੇ ਜਿਸਨੇ ਮਾਰ ਦਿੱਤੇ ਹਨ, ਵੱਡੀਆਂ ਫੌਜਾਂ ਦੇ ਸਥਰ ਲਾਹ ਦਿੱਤੇ ਹਨ ਉਸਨੇ, ਉਹ ਤਾਂ ਕਾਤਲ ਹੈ, ਉਸਨੂੰ ਨਹੀਂ ਚਾਹੀਦਾ ਛਡਣਾ, ਉਸਨੂੰ ਮਾਰੋ ਥਾਂ ਤੇ ਹੀ।

ਕੋ ਕਹੈਂ 'ਬਚਾਉ ਉਸ ਤੈ ਜਾਨ ਅਪਨੀ'॥ ਜਿਨ੍ਹਾਂ ਨੂੰ ਬੰਦੇ ਬਹਾਦਰ ਦੀ ਸ਼ਕਤੀ ਦਾ ਪਤਾ ਹੈ ਉਹ ਕਹਿੰਦੇ ਹਨ ਕਿ ਆਪਣੀ ਜਾਨ ਦਾ ਫਿਕਰ ਕਰੋ, ਆਪਣੀ ਜਾਨ ਬਚ ਰਹੇ ਬੜੀ ਗੱਲ ਹੈ ਐਸਾ ਇੰਤਜ਼ਾਮ ਕਰੋ, ਉਹਨੂੰ ਕਿਵੇਂ ਮਾਰ ਲਵੋਗੇ ਤੁਸੀਂ।

ਕੋਊ ਕਹੈਂ ਉਸ ਮਾਰੋ ਮੈਦਾਨੇ॥ ਤੇ ਕਈ ਦਲੀਲਾਂ ਦੇਣ ਵਾਲੇ ਦਲੇਰੀਆਂ ਵਿਖਾਉਂਦੇ ਹਨ, ਕਹਿੰਦੇ ਜੰਗੇ ਮੈਦਾਨ ਵਿਚ ਲਲਕਾਰ ਕੇ ਉਸਨੂੰ ਮਾਰੀਏ, ਫੇਰ ਗੱਲ ਬਣਦੀ ਹੈ।

ਘੇਰ ਚੁਤਰਫੋਂ ਮਤ ਪਾਵੈ ਜਾਨੇ'॥੨੨॥ ਕਹਿੰਦੇ ਚਾਰ ਚੁਫੇਰਿਓਂ ਘੇਰ ਕੇ ਉਸਨੂੰ, ਮਤਾਂ ਨਿਕਲ ਜਾਏ ਕਿਸੇ ਪਾਸੇ ਨੂੰ। ੨੨।

ਜਿਮ ਚਿਤ ਆਵੈ ਤਿਮਹੀ ਭਾਖੈਂ॥ ਜਿਸ ਤਰ੍ਹਾਂ ਕਿਸੇ ਦੇ ਚਿੱਤ ਵਿੱਚ ਆਉਂਦੀ ਹੈ ਓਸੇ ਤਰ੍ਹਾਂ ਹੀ ਆਪਣੇ ਮੂੰਹੋਂ ਕਹੀ ਜਾਂਦਾ ਹੈ।

ਜਿਤਨਕ ਮੁਖ ਵਹੁ ਤਿਤਨਕ ਆਖੈਂ॥ ਜਿੰਨੇ ਮੂੰਹ ਓਨੀਆਂ ਗੱਲਾਂ, ਆਪੋ ਧਾਪ ਪਈ ਹੈ, ਫਿਕਰ ਬਣਿਆਂ ਜਾਨ ਦਾ, ਫੁਰਦੀ ਗੱਲ ਕੋਈ ਹੈ ਨਹੀਂ ਅਸਲ ਵਿੱਚ ਇਉਂ ਵਿਚਾਰਾਂ ਕਰਦੇ ਨੇ ਆਪਸ ਵਿੱਚ, ਫਰੇਬ ਕਰੀਏ ਉਹਦੇ ਨਾਲ, ਦਗਾ ਕਰੀਏ।

ਆਗੈ ਸੁਨੋ ਬੰਦੇ ਕੀ ਬਾਤ॥ ਅੱਗੇ ਸੁਣੋ ਹੁਣ ਬੰਦੇ ਬਹਾਦਰ ਵੱਲ ਗਏ ਹਨ, ਅੱਗੇ ਸੁਣੋ ਬੰਦੇ ਬਹਾਦਰ ਦੀ ਕਹਾਣੀ ਏਧਰ ਕੀ ਹੋ ਰਿਹਾ ਹੈ ? ਖਾਲਸੇ ਵੱਲ।

ਵਕੀਲ ਰਾਜਨ ਕੇ ਘਲੇ ਸਦਾਤ॥੨੩॥ ਜਿੰਨੇ ਰਾਜੇ-ਸਨ ਪਹਾੜੀ ਉਹਨਾਂ ਦੇ ਵਕੀਲ ਸਲਾਹਕਾਰ ਸੱਦ ਲਏ ਹਨ ਬੰਦੇ ਬਹਾਦਰ ਨੇ, ਜੋ ਉਹਨਾਂ ਨੇ ਭੇਜੇ ਹਨ, ਬੰਦੇ ਨਾਲ ਗਲਬਾਤ ਕਰਨ ਵਾਸਤੇ। ੨੩।

(ਬੰਦੇ ਨੇ ਵਜ਼ੀਰਾਂ ਨੂੰ ਕਰਾਮਾਤ ਦਿਖਾਉਣੀ ਤੇ ਆਪਣੇ ਆਪਣੇ ਸਿਪਾਹੀਆਂ ਦੇ ਬਲ ਪਰਖਣੇ)

ਦੋਹਰਾ॥ ਉਨ ਕੋ ਸੱਦ ਐਸੇ ਕਹਜੋ, ਤੁਮ ਕਾਹਲ ਕਾਹਿ ਕਰਾਹੁ॥ ਪਹਾੜੀ ਰਾਜਿਆਂ ਨੇ ਆਪਣੇ ਆਪਣੇ ਵਕੀਲ ਭੇਜ ਦਿੱਤੇ ਹਨ ਬੰਦੇ ਬਹਾਦਰ ਕੋਲ, ਉਨ ਸੱਦ ਕੇ ਬੰਦੇ ਬਹਾਦਰ ਨੇ ਕਿਹਾ ਕਿ ਕਾਹਲ ਕਰਦੇ ਹੋ ਤੁਸੀਂ ਕਿ ਛੇਤੀ ਨਾਲ ਬੰਦੇ ਨੂੰ ਫੜ ਲਈਏ ਜਾਂ ਮਾਰ ਦੇਈਏ, ਖਪਾ ਦੇਈਏ, ਕੋਈ ਫਰੇਬ ਦਗਾ ਕਰੀਏ, ਇਹ ਤੁਹਾਡੀਆਂ ਫੋਕੀਆਂ ਗੱਲਾਂ ਹਨ ਇਉਂ ਗੱਲਾਂ ਨਾ ਕਰੋ, ਇਉਂ ਨਹੀਂ ਬਣਨਾ ਤੁਹਾਡਾ ਕੁਛ।

ਤੁਮ ਕਾਹਲ ਕੀਤੇ ਨਾਂਹ ਬਚੋ, ਕੁਈ ਬਚਨੋ ਜਤਨ ਕਮਾਹੁ॥ ੨੪॥ ਕਾਹਲ ਕੀਤੇ ਤੋਂ ਤੁਸੀਂ ਬਚ ਨਹੀਂ ਸਕਦੇ, ਕੋਈ ਆਪਣੇ ਬਚਾਉ ਵਾਸਤੇ ਜਤਨ ਕਰੋ, ਕਿ ਅਸੀਂ ਬਚੀਏ ਕਿਵੇਂ ? ਸਾਡੀ ਜਾਨ ਕਿਵੇਂ ਬਚੇ। ੨੪।

ਚੌਪਈ॥ ਔ ਜੁ ਚਹੋ ਲਜਾਈ ਫੌਜ ਪਤਿਸ਼ਾਹੀ॥ ਔਰ ਜੇ ਤੁਸੀਂ ਮਨ ਵਿਚ ਇਹ ਵਿਚਾਰ ਕਰੋ ਕਿ ਅਸੀਂ ਅੱਗੇ ਵਾਂਗੂ ਪਾਤਸ਼ਾਹੀ ਫੌਜ ਲਿਆਵਾਂਗੇ, ਜਿਵੇਂ ਸਤਿਗੁਰਾਂ ਤੇ ਚੜ੍ਹਾ ਕੇ ਲਿਆਂਦੀ ਸੀ।

ਸੋਊ ਮਾਰ ਹਮ ਪ੍ਰਿਥਮ ਗੁਵਾਈ॥ ਉਹਨਾਂ ਨੂੰ ਮੈਂ ਪਹਿਲਾਂ ਹੀ ਮਾਰ ਮੁਕਾ ਆਇਆ ਹਾਂ।

ਇਮ ਲੁਕ ਲੁਕ ਜੋ ਮਤੇ ਮਤਾਏ॥ ਇਸ ਤਰ੍ਹਾਂ ਜੋ ਲੁਕ ਲੁਕ ਕੇ (ਮਤੇ ਮਤਾਏ) ਸਲਾਹ ਮਸ਼ਵਰੇ ਕਰਦੇ ਹੋ।

ਹਮ ਤੇ ਛਾਨੇ ਰਹੇ ਨ ਵਾਏ॥੨੫॥ ਉਹ ਸਾਥੋਂ ਗੁੱਝੇ ਨਹੀਂ ਰਹੇ, ਸਾਨੂੰ ਸਭ ਕੁਛ ਦਾ ਪਤਾ ਹੈ ਜੋ ਕੁਛ ਮੇਰੇ ਵਿਰੁਧ ਤੁਸੀਂ ਗੁਪਤ ਰੂਪ ਵਿੱਚ ਕਰ ਰਹੇ ਹੋ। ੨੫।

ਚਹੋ ਜਿ ਤੁਮ ਸਭ ਖੂਨੀ ਮਾਰੇ॥ ਤੁਸੀਂ ਕਹਿੰਦੇ ਹੋ ਇਹ ਖੂਨੀ ਨੇ ਸਾਰੇ, ਇਨ੍ਹਾਂ ਨੂੰ ਮਾਰ ਉਂਜ ਹੀ ਖਤਮ ਕਰ ਦੇਈਏ।

ਤੌ ਪਰੇ ਰਹੋਗੇ ਖੇਤ ਮਝਾਰੇ॥ ਇਹ ਯਾਦ ਰੱਖੋ ਜੇ ਸਾਡੇ ਨਾਲ ਸਾਹਮਣੇ ਆ ਕੇ ਟੱਕਰ ਲੈ ਲਈ, ਤਾਂ (ਖੇਤ) ਜੰਗ ਦੇ ਮੈਦਾਨ ਵਿੱਚ ਹੀ ਪੜੇ ਰਹੋਗੇ, ਕੱਦੂਆਂ ਵਾਂਗ ਖਿਲਰੇ ਹੋਣਗੇ ਤੁਹਾਡੇ ਸਿਰ, ਕੋਈ ਨਹੀਂ ਬਚ ਸਕੇਗਾ ਸਾਡੇ ਹੱਥੋਂ।

ਚਹੋ ਰਸਾਇਣ ਪਾਰਸ ਫੜ ਲੈਹੋ॥ ਜਿਹੜਾ ਤੁਸੀਂ ਇਹ ਕਹਿੰਦੇ ਹੋ ਕਿ ਬੰਦੇ ਨੂੰ ਫੜ ਕੇ ਪਾਰਸ ਲੈ ਲਵਾਂਗੇ, ਰਸਾਇਣ ਬਨਾਉਣ ਦਾ ਤਰੀਕਾ ਸਿਖ ਲਵਾਂਗੇ, ਇਹ ਵੀ ਤੁਹਾਡੀਆਂ ਫੋਕੀਆਂ ਗੱਲਾਂ ਹਨ।

ਮੈਂ ਏਕਲ ਆਵੌਂ ਤੌ ਫੜਜੋ ਨ ਜੈਹੋਂ॥੨੬॥ ਮੈਂ ਇਕੱਲਾ ਹੀ ਆ ਜਾਵਾਂ ਤਾਂ ਫਿਰ ਵੀ ਮੈਂ ਤੁਹਾਡੇ ਕੋਲੋਂ ਫੜਿਆ ਨਹੀਂ ਜਾਵਾਂਗਾ, ਦੱਸੋ, ਆਵਾਂ ਇਕੱਲਾ ਜਿੱਥੇ ਆਖੋ ਤੁਸੀਂ। ੨੬।

ਮੈਂ ਛਲਬਲ ਤੁਮ ਆਵੌਂ ਨ ਦਾਇ॥ ਮੈਂ ਤੁਹਾਡੇ ਜੋਰ ਨਾਲ ਜਾਂ ਕਿਸੇ ਦਗੇ ਫਰੇਬ ਨਾਲ ਤੁਹਾਡੇ ਕਾਬੂ ਨਹੀਂ ਆਉਂਦਾ।

ਮੋਕੋ ਲੇਵੌ ਘਰੇ ਬੁਲਾਇ॥ ਮੈਨੂੰ ਭਾਵੇਂ ਘਰੇ ਸੱਦ ਲਉ, ਮੈਂ ਇਕੱਲਾ ਹੀ ਆ ਜਾਂਦਾ ਹਾਂ, ਫੇਰ ਵੀ ਮੈਨੂੰ ਤੁਸੀਂ ਨਹੀਂ ਫੜ ਸਕੋ ਗੇ।

ਬੈਠ ਇਕਲ ਤੁਮ ਕਹੀ ਸਲਾਹਿ॥ ਇਹ ਇਕੱਲਿਆਂ ਬੈਠ ਕੇ ਜੋ ਤੁਸੀਂ ਮੈਨੂੰ ਫੜਨ ਦੀ ਸਲਾਹ ਕੀਤੀ ਹੈ।

ਸਭ ਤੁਮ ਮਨ ਕੀ ਦਈ ਬਤਾਇ॥੨੭॥ ਜੋ ਤੁਹਾਡੇ ਮਨ ਦੀ ਗੱਲ ਸੀ, ਉਹ ਸਭ ਮੈਂ ਤੁਹਾਨੂੰ ਦੱਸ ਦਿੱਤੀ ਹੈ, ਹੁਣ ਦੱਸੋ ਅੱਗੋਂ ਕੀ ਚਾਹੁੰਦੇ ਹੋ। ੨੭।

ਤੌ ਵਕੀਲ ਉਨ ਅਗਜੋਂ ਕਹੀ॥ ਰਾਜਿਆਂ ਦੇ ਭੇਜੇ ਹੋਏ ਵਕੀਲਾਂ ਨੇ ਅੱਗੋਂ ਇਸ ਤਰ੍ਹਾਂ ਕਿਹਾ।

'ਹਮਰੇ ਦੇਸ ਭੀ ਹੈਂ ਚੇਲੇ ਅਸ ਕਈ'॥ ਜਿਸ ਤਰ੍ਹਾਂ ਤੁਸੀਂ ਕਰਾਮਾਤ ਰੱਖਦੇ ਹੋ, ਸਾਡੇ ਦੇਸ ਵਿਚ ਵੀ, ਐਸੇ ਕਈ ਚੇਲੇ ਰਹਿੰਦੇ ਹਨ, ਪਹਾੜਾਂ ਵਿੱਚ ਵੀ ਐਸੇ ਕਰਾਮਾਤੀ ਬਥੇਰੇ ਲੋਕ ਰਹਿੰਦੇ ਹਨ।

ਤੌ ਬੰਦੇ ਬਚ ਐਸ ਉਚਾਰੇ॥ ਤਾਂ ਬੰਦਾ ਸਿੰਘ ਨੇ ਏਸ ਤਰ੍ਹਾਂ ਬਚਨ ਕਿਹਾ।

ਉਨ ਦੇਖੋ ਲੜਾਇ ਇਕ ਹਮ ਸਿੰਘ ਨਾਰੇ॥੨੮॥ ਤੁਸੀਂ ਉਨ੍ਹਾਂ ਨੂੰ ਮੇਰੇ ਇੱਕ ਸਿੰਘ ਨਾਲ ਲੜਾ ਕੇ ਵੇਖ ਲਉ, ਜੋ ਤੁਹਾਡੇ ਵੱਡੇ ਕਰਾਮਾਤੀ ਚੇਲੇ ਹਨ। ਇੱਕ ਸਿੰਘ ਮੈਂ ਖੜ੍ਹਾ ਕਰ ਦਿੰਦਾ ਹਾਂ ਤੁਸੀਂ ਉਹਦੇ ਨਾਲ ਦਸਤਪੰਜਾ ਲੈ ਕੇ ਵੇਖ ਲਉ। ੨੮।

ਦੋਹਰਾ॥ ਹਮ ਕਰੈਂ ਪ੍ਰਤਗਜਾ ਪ੍ਰਿਥਮ ਇਮ ਤੁਮ ਪੰਚਨ ਆਨ ਖੜਾਉ॥ ਅਸੀਂ ਪ੍ਰਣ ਕਰਦੇ ਹਾਂ ਪਹਿਲਾਂ ਤੁਸੀਂ ਆਪਣੇ ਪੰਜ ਚੋਣਵੇਂ ਜੁਆਨ ਲਿਆ ਕੇ ਖੜ੍ਹੇ ਕਰੋ ਮੁਕਾਬਲੇ ਤੇ।

ਹਮ ਇਕ ਸਿੰਘ ਸੌਂ ਜਿਮ ਲੜੈਂ, ਮੈਂ ਦੇਉਂ ਤਿਵੈਂ ਲੜਾਇ॥੨੯॥ ਉਹ ਮੇਰੇ ਇੱਕ ਸਿੰਘ ਨਾਲ ਆ ਕੇ ਲੜਾਈ ਦਾ ਮੁਕਾਬਲਾ ਕਰਨ ਮੈਂ ਓਨ੍ਹਾਂ ਪੰਜਾਂ ਨਾਲ ਆਪਣੇ ਸਿੰਘ ਨੂੰ ਲੜਾ ਸਕਦਾ ਹਾਂ , ਜਿਵੇਂ ਉਹ ਆਖਣ।੨੯।

ਚੌਪਈ॥ ਤਬ ਉਨ ਵਕੀਲਨ ਐਸ ਉਚਾਰਾ॥ ਫੇਰ ਉਨ੍ਹਾਂ ਵਕੀਲਾਂ ਨੇ ਏਸ ਤਰ੍ਹਾਂ ਕਿਹਾ।

ਹਮ ਜਿੱਤੈਂ ਤੌ ਕਿਆ ਦੋਹੋ ਭਾਰਾ ?॥ ਅੱਛਾ ਇਹ ਦੱਸੋ ਜੇ ਅਸੀਂ ਤੁਹਾਨੂੰ ਜਿੱਤ ਗਏ ਤਾਂ ਇਨਾਮ ਵਿੱਚ ਸਾਨੂੰ ਕੀ ਦਿਓਗੇ? ਕਿਹੜੀ ਵੱਡੀ ਚੀਜ਼ ਦੇ ਦਿਉਗੇ।

ਹਮ ਹਾਰੈਂ ਤੌ ਤੁਮ ਕਜਾ ਲੇਹੋ॥ ਜੇ ਭਲਾ ਅਸੀਂ ਹਾਰ ਜਾਈਏ ਤਾਂ ਸਾਥੋਂ ਕੀ ਡੰਨ ਲਵੋਗੇ, ਇਉਂ ਸਾਡੇ ਨਾਲ ਪੱਕੀ ਗੱਲ ਕਰ ਲਉ ਪਹਿਲੇ।

ਦੋਊ ਬਾਤ ਹਮ ਕੌ ਲਿਖ ਦੇਹੋ॥ ੩੦॥ ਦੋਵੇਂ ਗੱਲਾਂ ਸਾਨੂੰ ਲਿਖ ਕੇ ਦੇ ਦਿਉ ਕਿ ਹਾਰੇ ਤੋਂ ਅਸੀਂ ਆਹ ਦਿਆਂਗੇ ਜਿੱਤ

ਗਏ ਤਾਂ ਇਹ ਕੁਛ ਲਵਾਂਗੇ, ਇਉਂ ਨਿਰਨਾ ਕਰ ਲਈਏ। ੩੦।

ਝਟ ਬੰਦੈ ਜੀ ਯੌਂ ਲਿਖ ਦੀਯੋ॥ ਬੰਦਾ ਸਿੰਘ ਬਹਾਦਰ ਨੇ ਝਟ ਹੀ ਇਉਂ ਲਿਖ ਦਿਤਾ ਕਾਗਜ਼ ਦੇ ਉੱਤੇ।

ਜੋ ਤੁਮ ਜਿਤੇ ਦੂਰ ਦਾਰਿਦ ਕਰਾ ਲੀਯੋ॥ ਲੈ ਇਉਂ ਸਹੀ ਜੇ ਤੁਸੀਂ ਜਿੱਤ ਜਾਉ ਸਾਨੂੰ ਤਾਂ ਤੁਸੀਂ ਆਪਣਾ ਦਲਿਦ੍ਰ ਦੂਰ ਕਰਾ ਲਿਓ। ਮੈਂ ਤੁਹਾਡੀ ਸਾਰੀ ਭੁਖ ਨੰਗ ਦੂਰ ਕਰ ਕੇ ਮਾਲੋ ਮਾਲ ਕਰ ਦਿਆਂਗਾ ਤੁਹਾਨੂੰ।

ਜਿਤਕ ਦਰਬ ਹੁਇ ਤੁਮ ਕੌ ਲੋੜ॥ ਜਿੰਨੇ ਧਨ ਦੀ ਲੋੜ ਹੋਵੇ ਤੁਹਾਨੂੰ ਸਾਰੇ ਰਾਜਿਆਂ ਨੂੰ।

ਮੈਂ ਭਰ ਦੇਊਂ ਤਿਤੌ ਕਰੋੜ॥੩੧॥ ਮੈਂ ਕਰੋੜਾਂ ਰੁਪਿਆਂ ਦੀ ਗਿਣਤੀ ਵਿੱਚ ਭਰ ਦਿਆਂਗਾ ਤੁਹਾਨੂੰ ਮਾਲੀਆ।੩੧।

ਪਾਰਸ ਰਸੈਣੋ ਸੋਇਨੋ ਹੋਇ॥ ਜੋ ਕਿ ਪਾਰਸ ਤੋਂ ਰਸਾਇਣ ਤੋਂ ਸੋਨਾ ਬਣ ਜਾਂਦਾ ਹੈ ਨਾ ਕਿਸੇ ਚੀਜ਼ ਨੂੰ ਛੋਹ ਜਾਵੇ ਤਾਂ।

ਮੋਤੀ ਜੁਵਾਹਰ ਕਰ ਦੇਊਂ ਤੋਇ॥ ਨਿਰੇ ਸੋਨੇ ਆਦਿਕ ਦੀ ਗੱਲ ਨਹੀਂ ਮੈਂ ਤੁਹਾਨੂੰ ਹੀਰੇ ਮੋਤੀਆਂ ਵਾਲੇ ਕਰ ਦਿਆਂਗਾ।

ਇਤਨਕ ਕਹਿ ਹਥ ਖੀਸੈ ਪਾਇ॥ ਏਨੀ ਗੱਲ ਕਹਿਕੇ ਬੰਦੇ ਬਹਾਦਰ ਨੇ ਆਪਣੇ ਖੀਸੇ ਵਿਚ ਹੱਥ ਪਾ ਕੇ।

ਮੋਤੀ ਜੁਵਾਹਰ ਕਰ ਦਏ ਖਿੰਡਵਾਇ॥੩੨॥ ਰਤਨ ਜਵਾਹਰ ਮੋਤੀ ਖੀਸੇ ਵਿਚੋਂ ਹੱਥ ਕੱਢ ਕੇ ਖਿੰਡਾ ਕੇ ਸੁੱਟ ਦਿੱਤੇ ਹਨ, ਕਹਿੰਦਾ ਆਹ ਦੇਖੋ ਹੀਰੇ ਜਵਾਹਰਾਤ। ਸੁੱਟ ਦਿਆਂਗਾ ਮੁੱਠੀਆਂ ਭਰ ਭਰ ਕੇ। ੩੨।

ਮੈਂ ਜੀਤੋਂ ਲਿਉਂ ਰੱਯਤ ਬਨਾਇ॥ ਜੇ ਮੈਂ ਜਿੱਤ ਲਿਆ ਤੁਹਾਨੂੰ ਤਾਂ ਤੁਹਾਨੂੰ ਆਪਣੀ (ਰੱਯਤ) ਪਰਜਾ ਬਣਾਵਾਂਗਾ, ਅਤੇ ਛਿਆਨੀ ਭਰਾਵਾਂਗਾ ਤੁਹਾਡੇ ਕੋਲੋਂ।

ਪੈਸਾ ਪਤਿਸ਼ਾਹੀ ਲਉਂਗੁ ਭ੍ਰਵਾਇ॥ ਪਾਤਸ਼ਾਹੀ ਪੈਸਾ ਜੋ ਮਾਮਲੇ ਦਾ ਤੁਸੀਂ ਜੋ ਦਿੱਲੀ ਨੂੰ ਦਿੰਦੇ ਹੋ, ਉਹ ਸਾਰੇ ਟਕੇ ਤੁਹਾਡੇ ਕੋਲੋਂ ਮੈਂ ਭਰਾਊਂਗਾ, ਮੇਰੀ ਰਈਅਤ ਬਣ ਕੇ ਮੇਰੇ ਖਜ਼ਾਨੇ ਵਿਚ ਦਾਖਲ ਕਰਨੇ ਪੈਣਗੇ।

ਮਾਇ ਤੁਮਰੀ ਕਾ ਕਜਾ ਖਰਚ ਹੋਇ॥ ਤੁਹਾਡੀ ਮਾਂ ਦਾ ਕੀ ਖਰਚਾ ਹੋਣਾ ਓਇ! ਇਹ ਤਾਂ ਆਪੋ ਆਪਣੀ ਤਾਕਤ ਹੈ, ਆਪੋ ਆਪਣੇ ਬਲ ਨਾਲ ਲੈਣਾ ਸਭ ਕੁਝ।

ਮੈਂ ਲੈਂਗੁ ਮਾਰ ਪਤਿਸਾਹੀ ਯੌਂ ਸੋਇ॥੩੩॥ ਇਉਂ ਪਾਤਸ਼ਾਹੀ ਨੂੰ ਮਾਰ ਕੇ ਮੈਂ ਆਪਣੀ ਪਾਤਸ਼ਾਹੀ ਲਵਾਂਗਾ। ੩੩।

ਦੋਹਰਾ॥ ਤੁਮੋ ਲਿਖਾਓ ਮੈ ਨਹੀਂ, ਮੈਂ ਲਊਂਗਾ ਅਪਨੇ ਜੋਰ॥ ਤੁਸੀਂ ਲਿਖਾ ਲਉ ਮੈਥੋਂ, ਦਲਿਦ੍ਰ ਦੂਰ ਕਰ ਦਿਆਂਗਾ, ਹੀਰੇ ਜਵਾਹਰ ਦੇ ਦਿਆਂਗਾ, ਮੈਨੂੰ ਕੋਈ ਲੋੜ ਨਹੀਂ ਤੁਹਾਡੇ ਕੋਲੋਂ ਲਿਖਾਉਣ ਦੀ ਮੈਂ ਤਾਂ ਅਪਣੇ ਜੋਰ ਨਾਲ ਲਵਾਂਗਾ, ਮੈਂ ਆਪਣੇ ਬਲ ਨਾਲ ਲਵਾਂਗਾ, ਮਾਮਲੇ ਤੁਹਾਡੇ ਸਿਰ ਠਹਿਰਾ ਦਿਆਂਗਾ, ਮੈਂ ਆਪਣੀ ਤਾਕਤ ਨਾਲ ਲਵਾਂਗਾ ਸਭ ਕੁੱਛ।

ਯਹੀ ਪ੍ਰਤੱਗਜਾ ਦੇਖਕੈ, ਫਿਰ ਦੇਖਜੋ ਕੋਊ ਔਰ॥੩੪॥ ਪਹਿਲਾਂ ਤੁਸੀਂ ਇਹ ਪ੍ਰਣ ਕਰ ਕੇ ਦੇਖ ਲਉ , ਫੇਰ ਕੋਈ ਹੋਰ ਕਰਕੇ ਵੇਖ ਲਿਉ , ਅਜੇ ਕਿਹੜਾ ਮੁੱਕ ਗਈ ਹੈ ਗੱਲ। ੩੪।

ਚੌਪਈ॥ ਤੌ ਵਕੀਲਨ ਲਿਖ ਨਿਰਪ ਘਲਾਏ॥ ਤਾਂ ਵਕੀਲ ਜਿਹੜੇ ਭੇਜੇ ਸਨ ਰਾਜਿਆਂ ਨੇ, ਉਨ੍ਹਾਂ ਵਕੀਲਾਂ ਨੇ ਆਪਣਿਆਂ ਆਪਣਿਆਂ ਸਾਰਿਆਂ ਰਾਜਿਆਂ ਨੂੰ ਲਿਖ ਕੇ ਭੇਜਿਆ ਹੈ ਕਿ ਇਹ ਇਹ ਸ਼ਰਤ ਕਰਦਾ ਹੈ ਬੰਦਾ ਬਹਾਦਰ।

ਪੰਜ ਜਵਾਨ ਬਡ ਘਲੋ ਚੁਗਾਏ॥ ਉਹਨੇ ਕਿਹਾ ਮੇਰੇ ਇੱਕ ਸਿੰਘ ਨਾਲ ਪੰਜ ਜੁਆਨ ਆਪਣੇ ਲੜਾ ਕੇ ਵੇਖ ਲਉ ਕੌਣ ਜਿੱਤਦਾ ਤੇ ਕੌਣ ਹਾਰਦਾ ਹੈ, ਲੜਾਈ ਆਪਾਂ ਫੇਰ ਕਰ ਲਵਾਂਗੇ, ਪਹਿਲਾਂ ਆਪਾਂ ਜੁਆਨ ਲੜਾ ਕੇ ਵੇਖ ਲਈਏ ਕਿ ਕੌਣ ਜਿੱਤਦਾ ਕੌਣ ਹਾਰਦਾ ਖੂਨ ਖਰਾਬਾ ਕਰਨ ਦੀ ਲੋੜ ਨਹੀਂ, ਜਦੋਂ ਇਸ ਤਰ੍ਹਾਂ ਸਮਝਾਇਆ, ਤਾਂ ਵਕੀਲਾਂ ਨੇ ਰਾਜਿਆਂ ਨੂੰ ਲਿਖ ਭੇਜਿਆ ਕਿ ਤੁਸੀਂ ਆਪਣੇ ਕੋਲੋਂ ਪੰਜ ਤਕੜੇ ਜੁਆਨ ਜਿਹੜੇ ਲੜਨ ਘੁਲਣ ਵਿਚ ਨਿਪੁੰਨ ਹੋਣ ਉਹਨਾਂ ਨੂੰ ਭੇਜੋ।

ਸੋ ਪ੍ਰਥਤੀਅਨ ਪੰਜ ਦਏ ਘਲਾਇ॥ ਜਦੋਂ ਵਕੀਲਾਂ ਨੇ ਰਾਜਿਆਂ ਨੂੰ ਲਿਖ ਭੇਜਿਆ ਕਿ ਆਪ ਦੇ ਛਾਂਟਕੇ ਪੰਜ ਜੁਆਨ ਘੱਲੋ ਰਾਜਿਆਂ ਆਪਦੇ ਪਹਾੜ ਦੇ ਰਹਿਣ ਵਾਲੀਆਂ ਸਾਰੀਆਂ ਕੌਮਾਂ ਸੱਦੀਆਂ, ਉਹਨਾਂ ਵਿਚੋਂ ਚੰਗੇ ਕੱਦ ਵਰ ਪੰਜ ਨੌਜੁਆਨ ਛਾਂਟ ਕੇ ਭੇਜੇ ਹਨ।

ਹੁਤੇ ਮੀਏਂ ਸੋ ਬਡ ਕਦ ਵਾਇ॥੩੫॥ ਇਹ ਜਾਤਾਂ ਨੇ ਪਹਾੜ ਤੇ ਰਹਿਣ ਵਾਲੀਆਂ, ਮੀਏਂ ਚੀਏਂ ਜੋ ਵੱਡੇ ਕੱਦਾਂ ਵਾਲੇ ਹੁੰਦੇ ਹਨ, ਉਹ ਪੰਜ ਜੁਆਨ ਚੁਣ ਕੇ ਭੇਜੇ । ੩੫।

ਸਾਥ ਉਨ੍ਹੈਂ ਬਹੁ ਘਲੀ ਸਿਪਾਹਿ॥ ਉਹਨਾਂ ਦੇ ਨਾਲ ਹੀ ਉਹਨਾਂ ਦੀ ਮਦਦ ਵਾਸਤੇ ਨਾਲ ਹੋਰ ਬਹੁਤ ਸਾਰੀ (ਸਿਪਾਹਿ) ਫੌਜ ਭੇਜੀ ਹੈ।

ਮਤ ਬੰਦਾ ਉਨਿ ਛਲੋਂ ਝੁਠਾਹਿ॥ ਫੌਜ ਇਸ ਕਰਕੇ ਨਾਲ ਭੇਜੀ ਹੈ ਕਿ ਮਤਾਂ ਬੰਦਾ ਸਿੰਘ ਕੋਈ ਛਲ ਵਲ ਕਰਕੇ ਇਨ੍ਹਾਂ ਨੂੰ ਝੂਠਾ ਕਰ ਦੇਵੇ। ਛਲ ਵਲ ਨਹੀਂ ਕਰਨ ਦੇਣਾ, ਆਪਾਂ ਸਫਾਈ ਨਾਲ ਪ੍ਰਤਗਜਾ ਲੈਣੀ ਹੈ।

ਤਬ ਬੰਦੈ ਸਿੰਘ ਪੰਜ ਮੰਗਾਏ॥ ਖਾਲਸੇ ਪੰਥ ਵਿਚੋਂ ਬੰਦੇ ਬਹਾਦਰ ਨੇ ਪੰਜ ਸਿੰਘਾਂ ਨੂੰ ਹੁਕਮ ਲਾਇਆ, ਕਿ ਪੰਜ ਸਿੰਘ ਆਓ ਭਾਈ।

ਕਹਜੋ ਬੰਦੇ ਤੁਮ ਕੋ ਕੋ ਭਾਏ॥੩੬॥ ਬੰਦਾ ਬਹਾਦਰ ਨੇ ਉਹਨਾਂ ਨੂੰ ਕਿਹਾ ਕਿ ਤੁਹਾਨੂੰ ਕੀ ਭਾਉਂਦੀ ਹੈ। ੩੬।

ਦੇਖਤ ਨਿਕਸ ਬਾਘੜ ਸਿੰਘ ਫਰਾ॥ ਉਹਨਾਂ ਪੰਜਾਂ ਸਿੰਘਾਂ ਵਿਚੋਂ ਬਾਘੜ ਸਿੰਘ ਉਹਨਾਂ ਪੰਜਾਂ ਪਹਾੜੀ ਨੌਜੁਆਨਾਂ ਦੇ ਮੁਕਾਬਲੇ ਮੈਦਾਨ ਵਿਚ ਨਿਤਰਿਆ ਹੈ।

ਸੱਦ ਬੰਦੇ ਪਿੱਠ ਤਿਸ ਹਥ ਧਰਾ॥ ਬੰਦੇ ਬਹਾਦਰ ਨੇ ਬਾਘੜ ਸਿੰਘ ਨੂੰ ਆਪਣੇ ਕੋਲ ਬੁਲਾ ਕੇ, ਉਹਦੀਂ ਪਿੱਠ ਤੇ ਥਾਪੜਾ ਦਿੱਤਾ।

ਅੰਗਦ ਜਿਮ ਬਲ ਤਿਸ ਮਾਂਹ ਧਾਰਾ॥ ਥਾਪੜਾ ਦੇਣ ਦੀ ਲੋੜ ਸੀ, ਜਿਵੇਂ ਅੰਗਦ ਨੇ ਰਾਵਣ ਦੀ ਕਚਹਿਰੀ ਵਿੱਚ ਪੈਰ ਗੱਡਿਆ ਸੀ। ਏਸੇ ਤਰ੍ਹਾਂ ਅੰਗਦ ਦੇ ਵਾਂਗ ਭਾਈ ਬਾਘੜ ਸਿੰਘ ਨੇ ਆਪਣਾ ਪੈਰ ਰੱਖ ਦਿੱਤਾ ਮੈਦਾਨ ਵਿੱਚ।

ਤੌ ਬਾਘੜ ਸਿੰਘ ਐਸ ਉਚਾਰਾ॥੩੭॥ ਤਾਂ ਬਾਘੜ ਸਿੰਘ ਕਹਿਣ ਲੋਗਾ ਸੁਣੋ ਪਹਾੜੀਓ । ੩੭।

ਇਨ ਪਾਂਚਨ ਕੌ ਅਬ ਕਯਾ ਕਾਮ॥ ਬਾਘੜ ਸਿੰਘ ਕਹਿਣ ਲੱਗਾ ਹੁਣ ਦੂਜੇ, ਪੰਜਾਂ ਦਾ ਏਥੇ ਕੀ ਕੰਮ ਹੈ ? ਮੈਂ ਇਕੱਲਾ ਹੀ ਬਹੁਤ ਹਾਂ, ਤੁਸੀਂ ਸਿੰਘੋ ਏਧਰ ਰਹਿਓ। ਆਓ ਤੁਸੀਂ ਪੰਜੇ ਇੱਕਠੇ ਹੋ ਕੇ ਮੁਕਾਬਲੇ ਵਾਸਤੇ।

ਰਖਜੋ ਪਿਛੈ ਕਿਮ ਪੰਜ ਸੌ ਥਾਮ॥ ਬਾਘੜ ਸਿੰਘ ਕਹਿਣ ਲੱਗਾ, ਤੁਹਾਡੇ ਪੰਜਾਂ ਦੀ ਰਾਖੀ ਵਾਸਤੇ ਜਿਹੜਾ ਪੰਜ ਸੌ ਸਿਪਾਹੀ ਲਿਆਏ ਹੋ ਉਹਨਾਂ ਨੂੰ ਪਿੱਛੇ ਕਿਉਂ ਛੱਡ ਆਏ ਹੋ, ਭਾਵ ਉਹ ਪੰਜ ਸੌ ਸਿਪਾਹੀ ਵੀ ਨਾਲ ਲਿਆਓ, ਸਾਨੂੰ ਉਨ੍ਹਾਂ ਦਾ ਕੋਈ ਡਰ ਨਹੀਂ ਹੈ, ਉਹ ਵੀ ਤਾਣ ਲਾ ਕੇ ਵੇਖ ਲੈਂਦੇ।

ਸਤਿਗੁਰ ਨੇ ਹੈ ਐਸ ਉਚਾਰਾ॥ ਸਤਿਗੁਰਾਂ ਨੇ ਇਸ ਤਰ੍ਹਾਂ ਕਿਹਾ ਹੈ।

ਮੈਂ ਸਵਾ ਲਖ ਸੋਂ ਲੜਾਊਂ ਇੱਕ ਪਜਾਰਾ॥੩੮॥ ਜਿਵੇਂ ਸਾਡੇ ਸਤਿਗੁਰਾਂ ਦਾ ਹੁਕਮ ਹੈ *"ਸਵਾ ਲਾਖ ਸੇ ਏਕ ਲੜਾਊਂ॥ ਤਬੈ ਗੋਬਿੰਦ ਸਿੰਘ ਨਾਮ ਕਹਾਊਂ"॥* ਸਾਡੇ ਗੁਰੂ ਨੇ ਤਾਂ ਇਕੱਲੇ ਨੂੰ ਸਵਾ ਲੱਖ ਨਾਲ ਲੜਾਉਣ ਦਾ ਹੁਕਮ ਕੀਤਾ ਹੋਇਆ ਹੈ, ਮੈਂ ਇਕੱਲਾ ਹੀ ਵਾਧੂ ਹਾਂ ਉਹ ਪੰਜ ਸੌ ਜੋ ਪਿਛੇ ਛੱਡ ਆਏ ਹੋ ਉਹ ਵੀ ਲੈ ਆਉਂਦੇ ਨਾਲ। ੩੮।

(ਬਾਘੜ ਸਿੰਘ ਦਾ ਪੈਰ ਪਹਾੜੀ ਸਿਪਾਹੀ ਚੁੱਕ ਨਾ ਸਕੇ)

ਦੋਹਰਾ॥ ਉਤ ਥੈ ਪੰਜ ਜੇਊ ਅਏ, ਦਿਯੋ ਇਤ ਤੇ ਇਕ ਤੁਰਵਾਇ॥ ਉਧਰੋਂ ਪਹਾੜੀਆਂ ਵੱਲੋਂ ਤਾਂ ਪੰਜ ਆਏ ਹਨ ਏਧਰੋਂ ਬੰਦੇ ਬਹਾਦਰ ਨੇ ਇਕ ਸਿੰਘ ਤੋਰਿਆ ਹੈ।

ਜਾਇ ਤਿਨੈ ਕੈ ਮਧ ਖੜ੍ਹੋ, ਸ੍ਰੀ ਸਤਿਗੁਰ ਫਤੇ ਬੁਲਾਇ॥੩੯॥ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ ਗਜਾ ਕੇ, ਜਾ ਕੇ ਉਹਨਾਂ ਪੰਜਾਂ ਦੇ ਵਿੱਚ ਖੜ ਗਿਆ ਹੈ। ੩੯।

ਚੌਪਈ॥ ਤੌ ਬਾਘੜ ਸਿੰਘ ਪੈਰ ਪਸਾਰਾ॥ ਤਾਂ ਬਾਘੜ ਸਿੰਘ ਨੇ ਆਪਣੇ ਪੈਰ ਨੂੰ ਅੱਗੇ ਨੂੰ ਪਸਾਰਿਆ ਹੈ, ਬਾਘੜ ਸਿੰਘ ਨੇ ਆਪਣਾ ਪੈਰ ਅੱਗੇ ਨੂੰ ਵਧਾਇਆ।

ਅੰਗਦ ਜਿਮ ਉਨ ਕੋ ਲਲਕਾਰਾ॥ ਜਿਵੇਂ ਅੰਗਦ ਨੇ ਰਾਵਣ ਦੀ ਕਚਹਿਰੀ ਵਿੱਚ ਲਲਕਾਰਿਆ ਸੀ ਕਿ ਆਓ ਮੇਰਾ ਕੋਈ ਪੈਰ ਚੁੱਕ ਕੇ ਦਿਖਾ ਦਿਉ, ਇਉਂ ਬਾਘੜ ਸਿੰਘ ਨੇ ਜਦੋਂ ਕਿਹਾ।

ਹਮਰੇ ਚਰਨ ਕੋ ਪ੍ਰਿਥਮ ਉਠਾਓ॥ ਆਉ ਮੇਰਾ ਚਰਨ ਪਹਿਲਾਂ ਕੋਈ ਉਠਾ ਕੇ ਵੇਖੋ, ਅੱਗੇ ਕੋਈ ਹੋ ਸਕਦਾ ਹੈ।

ਪਿਛੈ ਚਹੋ ਸੋ ਔਰ ਕਰਵਾਓ॥੪੦॥ ਪਿਛੋਂ ਜੋ ਤੁਸੀਂ ਚਾਹੁੰਦੇ ਹੋ ਕਰਕੇ ਵੇਖ ਲਵਾਂਗੇ, ਪਹਿਲਾਂ ਮੇਰਾ ਚਰਨ ਹੀ ਚੁੱਕ ਕੇ ਵਿਖਾ ਦਿਉ। ੪੦।

ਤੌ ਪ੍ਰਬਤੀਅਨ ਐਸੇ ਫੁਰਮਾਯੋ॥ ਤਾਂ ਪਰਬਤੀ ਜਿਹੜੇ ਪੰਜ ਜੁਆਨ ਸਨ ਇਉਂ ਕਹਿਣ ਲੱਗੇ।

ਪ੍ਰਿਥਮੈ ਹਮ ਤੇ ਪੈਰ ਛੁਹਾਯੋ॥ ਕਹਿੰਦੇ ਆਹ ਠੀਕ ਹੈ, ਪਹਿਲਾਂ ਹੀ ਸਾਥੋਂ ਪੈਰੀ ਹੱਥ ਲਵਾਉਨਾ, ਮੇਰੇ ਪੈਰੀਂ ਹੱਥ ਲਾਉਣ।

ਹਮ ਸੋਂ ਦਸਤ ਪੋਸ਼ੀ ਕਰ ਲਯੋ॥ ਉਹ ਕਹਿੰਦੇ ਅਸੀਂ ਪੈਰੀ ਹੱਥ ਨਹੀਂ ਲਾਉਂਦੇ ਤੇਰੇ । ਉਹ ਕਹਿੰਦਾ ਦਸਤ ਪੰਜਾ ਪਾ ਕੇ ਦੇਖ ਲਵੋ, ਜਵਾਨ ਓਧਰੋ ਓਧਰੀ ਪੰਜਾ ਪਾਉਂਦੇ ਹਨ, ਕਿਹੜਾ ਮਰੋੜ ਕੇ ਸੁੱਟਦਾ ਜੁਆਨ ਨੂੰ, ਪਹਾੜੀਆਂ ਨੇ ਆਪਣਾ ਪੰਜਾ ਅੱਗੇ ਕੀਤਾ, ਕਿ ਸਾਡੇ ਨਾਲ ਪੋਸ਼ੀ ਕਰ ਲਵੋ, ਪੈਰੀ ਹੱਥ ਨਹੀਂ ਅਸੀਂ ਤੇਰੇ ਲਾਉਂਦੇ।

ਉਨੈ ਕਹੇ ਆਗੇ ਹਥ ਕਯੋ॥੪੧॥ ਬਾਘੜ ਸਿੰਘ ਨੇ ਕਿਹਾ ਚੰਗਾ ਫੇਰ ਕਰ ਹੱਥ ਅੱਗੇ। ੪੧।

ਉਨ ਮਧ ਹੁਤੋ ਇਕ ਬਡੋ ਜੁਵਾਨ॥ ਉਨ੍ਹਾਂ ਪੰਜਾਂ ਦੇ ਵਿੱਚ ਵੱਡਾ ਜੁਆਨ ਸੀ ਇੱਕ।

ਕਰਯੋ ਹੱਥ ਤਿਨ ਆਗੈ ਆਨ॥ ਅੱਗੇ ਆ ਕੇ ਜਦੋਂ ਉਹਨੇ ਆਪਣਾ ਹੱਥ ਅੱਗੇ ਕੀਤਾ ਹੱਥ ਵਿਚ ਹੱਥ ਪਾਉਣ ਵਾਸਤੇ।

ਏਕ ਹਾਥ ਤਿਹ ਫੜ ਜਬ ਲੀਨਾ॥ ਬਾਘੜ ਸਿੰਘ ਨੇ ਜਦੋਂ ਆਪਣੇ ਹੱਥ ਨਾਲ ਓਹਦਾ ਹੱਥ ਫੜ ਲਿਆ।

ਤੜਫਯੋ ਜੈਸੇ ਜਲ ਬਿਨ ਮੀਨਾ॥ ੪੨॥ ਹੱਥ ਫੜਨ ਦੀ ਦੇਰ ਸੀ ਜਿਵੇਂ ਮੱਛੀ ਪਾਣੀ ਤੋਂ ਬਗੈਰ ਤੜਫਦੀ ਹੈ, ਜਦੋਂ ਹੱਥ ਫੜ ਕੇ ਘੁੱਟਿਆ ਬਾਘੜ ਸਿੰਘ ਨੇ ਇਉਂ ਤੜਫਿਆ ਹੈ। ੪੨।

ਇਕ ਹਥ ਤੇ ਫੜ ਸਿੰਘ ਦਬਾਯੋ॥ ਜਦੋਂ ਸਿੰਘ ਜੀ ਨੇ ਇੱਕੋ ਹੱਥ ਨਾਲ ਫੜ ਕੇ ਦਬਾਇਆ, ਉਹਦੇ ਪੰਜੇ ਨੂੰ।

ਭਜੋ ਚੂਰਨ ਤੌ ਵਹੁ ਬਿਲਲਾਯੋ॥ ਕਹਿੰਦੇ ਚੂਰਨ ਹੋ ਗਿਆ ਹੱਥ, ਹੱਡੀਆਂ ਆਦਿਕ ਸਭ ਫਿੱਸ ਗਈਆਂ, ਬੜਾ ਰੋਇਆ ਕੁਰਲਾਇਆ ਹੈ, ਵਿਰਲਾਪ ਕਰਦਾ ਹੈ, ਇਉਂ ਹਾਲ ਦੁਹਾਈ ਪਉਣ ਲੱਗਾ ਹੈ।

ਹਾਇ ਹਾਇ ਕਰ ਮੁਹੋਂ ਉਚਾਰੀ॥ ਹਾਏ ਮਰ ਗਿਆ, ਹਾਏ ਮਰ ਗਿਆ, ਇਉਂ ਮੁਖੋਂ ਕਹਿਣ ਲੱਗ ਪਿਆ ਹੈ।

ਛਡੋ ਖਾਲਸਾ ਸ਼ਰਣਿ ਤੁਮਾਰੀ॥੪੩॥ ਖਾਲਸਾ ਜੀ! ਛੱਡ ਦਿਉ ਮੈਂ ਤੁਹਾਡੀ ਸ਼ਰਣ ਆਇਆ ਹਾਂ, ਮੈਨੂੰ ਨਿਵਾਜ ਲਉ ਮੈਨੂੰ ਸ਼ਰਣ ਦਿਉ ਭਾਵ ਮੈਨੂੰ ਰੱਖ ਲਉ, ਬਚਾ ਲਉ ਇਉਂ ਗੁਣਗੁਣਾਇਆ। ੪੩।

ਛਡ ਬਾਘੜ ਸਿੰਘ ਉਸ ਯੌਂ ਕਹਜੋ॥ ਬਾਘੜ ਸਿੰਘ ਨੇ ਉਹਦਾ ਪੰਜਾ ਛੱਡ ਦਿੱਤਾ ਤੇ ਇਉਂ ਕਿਹਾ।

ਇਮ ਚਾਹਤ ਚਰਨਨ ਲਗਵਯੋ॥ ਮੈਂ ਕਿਹਾ ਸੀ ਤੁਹਾਨੂੰ ਤੁਸੀਂ ਮੇਰਾ ਪੈਰ ਚੁੱਕ ਕੇ ਵੇਖ ਲਉ, ਮੇਰੇ ਹੱਥ ਵਿਚ ਨਾ ਹੱਥ ਦਿਉ, ਚੂਰਨ ਬਣਾ ਦਿਆਂਗਾ ਮੈਂ, ਤੁਹਾਨੂੰ ਮੈਂ ਰਗੜ ਦਿਆਂਗਾ।

ਜੌ ਉਠਗੁ ਨਹੀਂ ਤੌ ਮਰੌ ਤੌ ਨਾਹੀਂ॥ ਜੇ ਮੇਰਾ ਚਰਨ ਨਾ ਉਠਾਇਆ ਜਾਂਦਾ ਤਾਂ ਮਰਦਾ ਤਾਂ ਨਹੀਂ ਸੀ ਤੂੰ, ਆਹ ਹੱਥ ਤਾਂ ਨਾ ਟੁੱਟਦਾ ਤੇਰਾ, ਇਸ ਕਰਕੇ ਕਿਹਾ ਸੀ ਮੇਰਾ ਚਰਨ ਫੜ ਕੇ ਵੇਖ ਲਉ।

ਚਰਨ ਛੁਹੈ ਘਰ ਜੀਵਤੋ ਜਾਹੀ॥ ੪੪॥ ਜੇ ਮੇਰੇ ਚਰਨ ਨੂੰ ਛੋਹ ਲੈਂਦਾ ਤਾਂ ਜਿਉਂਦਾ ਤਾਂ ਮੁੜ ਜਾਂਦਾ ਪਿਛੇ ਘਰ ਨੂੰ। ੪੪।

ਪ੍ਰਿਥਮੇ ਏਕ ਲਗੌ ਚਰਣ ਆਨ॥ ਹੁਣ ਕਹਿੰਦੇ ਦਸਤ ਪੰਜਾ ਪਾਉਣ ਨਾਲੋਂ, ਇਹ ਪੈਰ ਚੁੱਕਣ ਦੀ ਸ਼ਰਤ ਮਨਜ਼ੂਰ ਹੈ। ਪਹਿਲਾਂ ਤਾਂ ਇੱਕ ਨੇ ਬਾਘੜ ਸਿੰਘ ਦਾ ਪੈਰ ਚੁੱਕਣਾ ਸ਼ੁਰੂ ਕੀਤਾ।

ਫਿਰ ਦੂਏ ਤੀਏ ਲਾਯੋ ਤਾਨ॥ ਜਦੋਂ ਪਹਿਲੇ ਤੋਂ ਪੈਰ ਨਾ ਹਿੱਲਿਆ ਤਾਂ ਦੂਜੇ ਨੇ ਵੀ ਜੋਰ ਲਾਇਆ ਉਸਤੋਂ ਵੀ ਭਾਈ ਬਾਘੜ ਸਿੰਘ ਦਾ ਪੈਰ ਨਾ ਚੁੱਕਿਆ ਗਿਆ, ਫੇਰ ਤਿੰਨਾਂ ਨੇ ਇੱਕਠੇ ਹੋ ਕੇ ਜ਼ੋਰ ਲਾਇਆ, ਪਰ ਬਾਘੜ ਸਿੰਘ ਦਾ ਪੈਰ ਨਾ ਹਿਲਾ ਸਕੇ।

ਫੇਰ ਚੌਥੋ ਉਨ ਲੀਓ ਬੁਲਾਇ॥ ਫੇਰ ਉਹ ਕਹਿਣ ਲੱਗਾ ਚੌਥੇ ਨੂੰ ਤੂੰ ਕਿਉਂ ਪਿੱਛੇ ਰਹਿੰਨਾਂ, ਤੂੰ ਵੀ ਆ ਇਹਨਾਂ ਦੀ ਮਦਦ ਕਰ, ਤੂੰ ਵੀ ਲਾ ਜੋਰ॥ ਉਹਨੇ ਵੀ ਜੋਰ ਲਾਇਆ।

ਪੰਜਮੋਂ ਬਹਜੋ ਹੁਤ ਹੱਥ ਤੁੜਾਇ॥੪੫॥ ਪੰਜਵਾਂ ਤਾਂ ਪਹਿਲਾਂ ਹੀ ਹੱਥ ਤੁੜਵਾ ਚੁੱਕਿਆ ਸੀ, ਓਸ ਦਾ ਤਾਂ ਪਹਿਲਾਂ ਹੀ ਲਹੂ ਨਿਚੋੜ ਸੁੱਟਿਆ ਸੀ, ਤੇ ਹੱਡੀਆਂ ਪੀਹ ਦਿੱਤੀਆਂ ਸਨ ਹੱਥ ਦੀਆਂ। ੪੫।

ਦੋਹਰਾ :-ਜਿਮ ਜਿਮ ਘੁਮ ਝੁਮ ਝੁਕ ਝੁਕੈਂ, ਤਿਮ ਤਿਮ ਡੂੰਘ ਗਡਾਹਿ॥ ਜਿਵੇਂ ਜਿਵੇਂ ਘੁੰਮ ਘੁੰਮ ਕੇ ਝੂਮ ਕੇ ਝੁਕ ਝੁਕ ਕੇ ਪੈਰ ਨੂੰ ਚੁੱਕਦੇ ਹਨ, ਤਿਉਂ ਤਿਉਂ ਪੈਰ ਧਰਤੀ ਵਿੱਚ ਡੂੰਘਾ ਹੀ ਗੱਡਿਆ ਜਾ ਰਿਹਾ ਹੈ।

ਜੈਸੇ ਅੰਗਦ ਪਦ ਭਯੋ ਗਾਡ, ਸੁ ਲੰਕਾ ਮਾਹਿ॥੪੬॥ ਜਿਵੇਂ ਅੰਗਦ ਨੇ ਲੰਕਾ ਵਿੱਚ ਆਪਣਾ ਪੈਰ ਗੱਡ ਦਿੱਤਾ ਸੀ, ਤੇ ਕਿਸੇ ਤੋਂ ਚੁੱਕਿਆ ਨਹੀਂ ਸੀ ਗਿਆ, ਇਸੇ ਤਰ੍ਹਾਂ ਭਾਈ ਬਾਘੜ ਸਿੰਘ ਦਾ ਪੈਰ ਸਾਰੇ ਜਣੇ ਜ਼ੋਰ ਲਾ ਕੇ ਉਠਾ ਰਹੇ ਹਨ, ਉਹਨਾਂ ਤੋਂ ਚੁੱਕਿਆ ਤਾਂ ਕੀ ਜਾਣਾ ਸੀ, ਉਲਟਾ ਪੈਰ ਧਰਤੀ ਵਿੱਚ ਸਗੋਂ ਹੋਰ ਜਿਆਦਾ ਧਸਦਾ ਜਾ ਰਿਹਾ ਹੈ। ੪੬।

(ਬੰਦੇ ਦਾ ਗਡਾਯਾ ਝੰਡਾ ਪਹਾੜੀਏ ਕੱਟ ਪੁਟ ਨ ਸਕੇ)

ਚੌਪਈ॥ ਤੌ ਬਾਘੜ ਸਿੰਘ ਐਸ ਉਚਾਰਾ॥ ਤਾਂ ਬਾਘੜ ਸਿੰਘ ਨੇ ਏਸ ਤਰ੍ਹਾਂ ਕਿਹਾ। ਓਇ ਪਹਾੜੀਓ! ਓਇ ਤੁਸੀਂ ਜੁਆਨ ਬਣੇ ਫਿਰਦੇ ਹੋ।

ਸਭ ਚਲ ਆਵੋ ਤੁਮ ਬਲ ਸਾਰਾ॥ ਤੁਸੀਂ ਸਾਰੇ ਆ ਕੇ, ਜਿਹੜੇ ਹੋਰ ਪੰਜ ਸੌ ਨਾਲ ਆਏ ਹੋ ਮਦਦ ਵਾਸਤੇ, ਤੁਸੀਂ ਸਾਰੇ ਆ ਕੇ ਆਪਣਾ ਸਾਰਾ ਬਲ ਲਾ ਕੇ ਮੇਰਾ ਪੈਰ ਚੁੱਕ ਕੇ ਵੇਖ ਲਉ, ਆਪ ਦਾ ਬਲ ਲਾ ਲਉ ਕੋਈ ਕਸਰ ਨਾ ਰਹਿ ਜਾਏ।

ਹੁਇ ਸ਼੍ਰਮਿੰਦੇ ਸੁ ਮੁੜ ਗਏ ਡੇਰੇ॥ ਸਾਰੇ ਸ਼ਰਮਿੰਦੇ ਹੋ ਗਏ ਪਿੱਛੇ ਜਿਥੇ ਡੇਰਾ ਪਾਇਆ ਸੀ ਉਨ੍ਹਾਂ ਨੇ, ਉਥੇ ਪਿਛਾਂਹ ਨੂੰ ਮੁੜ ਗਏ ਹਨ ਜਿਥੇ ਉਤਰੇ ਸਨ ਡੇਰੇ ਵਿੱਚ।

ਭੱਜੇ ਇਮ ਜਿਮ ਛੁਟੇ ਅਜ ਸ਼ੇਰੇ॥੪੭॥ (ਅਜ) ਬਕਰੀ ਜਿਵੇਂ ਸ਼ੇਰ ਤੋਂ ਛੁਟ ਕੇ ਭੱਜਦੀ ਹੈ, ਇਉਂ ਭੱਜੇ ਹਨ ਬਾਘੜ ਸਿੰਘ ਤੋਂ ਪਹਾੜੀਆਂ ਦੇ ਚੀਏਂ ਮੀਏਂ, ਕਿ ਮੁਸ਼ਕਲ ਨਾਲ ਬਚ ਕੇ ਆਏ ਹਾਂ। ੪੭।

ਔਰ ਬਚਨ ਬੰਦੇ ਫੁਰਮਾਯਾ॥ ਫੇਰ ਬੰਦੇ ਬਹਾਦਰ ਨੇ ਪਹਾੜੀਆਂ ਨੂੰ ਏਸ ਤਰ੍ਹਾਂ ਕਿਹਾ ਹੈ।

ਔਰ ਬਾਤ ਕੋਊ ਲੇਹੁ ਪ੍ਰਤਾਯਾ॥ ਵਕੀਲ ਜਿਉਂ ਬੰਦੇ ਬਹਾਦਰ ਨੇ ਮੰਗਵਾਏ ਸੀ ਰਾਜਿਆਂ ਦੇ, ਕਹਿਣ ਲੱਗਾ ਕੋਈ ਹੋਰ ਬਚਨ ਪ੍ਰਤਿਆ ਲਉ, ਇਹਦੇ ਵਿਚ ਤਾਂ ਤੁਸੀਂ ਫੇਹਲ ਹੋ ਗਏ ਹੋ। ਜੇ ਸਿੰਘ ਦਾ ਪੈਰ ਨਹੀਂ ਚੁੱਕਿਆ ਗਿਆ, ਕੋਈ ਹੋਰ ਸ਼ਰਤ ਰੱਖ ਲਉ, ਦੱਸੋ ਕੀ ਰੱਖਦੇ ਹੋ।

ਹਮ ਅਬ ਦੇਤ ਹੈਂ ਧੁਜਾ ਗਡਾਈ॥ ਉਹ ਤਾਂ ਚੁਪ ਕੀਤੇ ਹੋਏ ਹਨ, ਸ਼ਰਮਿੰਦੇ ਹੋ ਗਏ ਸਨ। ਕਹਿਣ ਲੱਗਾ ਲਉ ਮੈਂ (ਧੁਜਾ) ਨਿਸ਼ਾਨ ਸਾਹਿਬ ਗੱਡ ਦਿੰਦਾ ਹਾਂ ਧਰਤੀ ਵਿਚ, ਮੇਰੇ ਨਿਸ਼ਾਨ ਨੂੰ ਕੋਈ ਪੁੱਟ ਕੇ ਵਿਖਾਵੇ।

ਤੁਮ ਬਲ ਕਰ ਸਭ ਦਿਹੋ ਗਿਰਾਈ॥੪੮॥ ਤੁਸੀਂ ਸਾਰੇ ਹੀ ਜੋਰ ਲਾਓ, ਜਿੰਨਾਂ ਵੀ ਤੁਹਾਡੇ ਕੋਲੋਂ ਜੋਰ ਲਗਦਾ, ਸਾਰੇ

ਆ ਕੇ ਤਾਕਤ ਨਾਲ ਗਿਰਾ ਦਿਉ, ਨਿਸ਼ਾਨ ਮੇਰੇ ਨੂੰ, ਡੇਗ ਦਿਉ ਧੁਜਾ ਨੂੰ, ਜਿੰਨਾਂ ਵੀ ਜੋਰ ਲੱਗਦਾ ਹੈ। ੪੮।

ਸੋਊ ਬਾਤ ਉਨ ਯੌ ਮੰਨ ਕਹੀ॥ ਓਹੀ ਬਚਨ ਮੰਨ ਕੇ ਕਿਹਾ ਚੰਗਾ ਜੀ ਇਹ ਸ਼ਰਤ ਮੰਨ ਕੇ ਵੇਖ ਲੈਂਦੇ ਹਾਂ।

ਸੋ ਚਹੀਏ ਦੂਰ ਤੁਮ ਡੇਰਜੋਂ ਗਡਵਈ॥ ਚੰਗਾ ਇਉਂ ਕਰੋ ਹੁਣ, ਐਹ ਡੇਰੇ ਤੋਂ ਦੂਰ ਕਿਤੇ ਗੱਡੋ ਝੰਡਾ ਸਾਹਿਬ, ਜਿਥੇ ਅਸੀਂ ਆ ਕੇ ਸਾਰੇ ਜੋਰ ਲਾ ਸਕੀਏ । ਡਰਦੇ ਤਾਂ ਇਤਨੇ ਨੇ ਕਿ ਜਿਥੇ ਨੇੜੇ ਬੰਦਾ ਬਹਾਦਰ ਬੈਠਾ, ਸਾਰਿਆਂ ਨੂੰ ਨਾ ਕਿਤੇ ਮਾਰ ਘੱਤੇ।

ਤੌ ਸਭ ਰਾਜੇ ਹਮ ਦੇਖਨ ਆਏ॥ ਤਾਂ ਸਾਡੇ ਸਾਰੇ ਰਾਜੇ ਵੀ ਸਾਨੂੰ ਦੇਖਣ ਆਉਣਗੇ ਕਿ ਅਸੀਂ ਕਿੰਨਾਂ ਕੁ ਜੋਰ ਲਾਉਂਦੇ ਹਾਂ।

ਸਾਚ ਝੂਠ ਤੁਮ ਲੇਹਿੰ ਪ੍ਰਤਾਏ॥੪੯॥ ਵਿਚਲ਼ੀ ਗੱਲ ਦਾ ਜੋ ਸੱਚ ਝੂਠ ਹੈ, ਉਹਨਾਂ ਨੂੰ ਤਸੱਲੀ ਹੋ ਜਾਇਗੀ, ਇਸ ਕਰਕੇ ਆਪਣੇ ਡੇਰੇ ਤੋਂ ਦੂਰ ਕਰ ਕੇ ਝੰਡਾ ਗੱਡ ਦਿਉ। ੪੯।

ਫਿਰ ਬੰਦੇ ਜੀ ਐਸ ਉਚਾਰੀ॥ ਫੇਰ ਬੰਦੇ ਬਹਾਦਰ ਨੇ ਏਂਸ ਤਰ੍ਹਾਂ ਕਿਹਾ ਇਹਨਾਂ ਨੂੰ।

ਤੁਮ ਆਓ ਸਭ ਲੈ ਤਲਵਾਰੀ॥ ਇਉਂ ਕਰੋ ਤੁਸੀਂ ਸਾਰੇ ਤਲਵਾਰਾਂ ਲੈ ਕੇ ਆਓ, ਖਾਲੀ ਹੱਥ ਆਉਣ ਦੀ ਲੋੜ ਨਹੀਂ।

ਜੇਕਰ ਤੁਮ ਤੇ ਪਟੀ ਨ ਜਾਇ॥ ਮੇਰੀ ਧੁਜਾ ਗੱਡੀ ਹੋਈ, ਜੇਕਰ ਤੁਸੀਂ ਹੱਥਾਂ ਨਾਲ ਨਾ ਪੁੱਟ ਸਕੋ, ਤਾਂ ਫਿਰ ਇਉਂ ਕਰਕੇ ਵੇਖ ਲੈਣਾ।

ਉਸਕੋ ਤੇਗਨ ਸਜੋਂ ਸੁਟੋ ਕਟਾਇ॥੫੦॥ ਉਦੋਂ ਇਹ ਨਿਸ਼ਾਨ ਬਾਂਸ ਵਿੱਚ ਜੜਿਆ ਹੀ ਲਾਇਆ ਸੀ, ਕਹਿਣ ਲੱਗਾ ਬੰਦਾ ਬਹਾਦਰ ਕਿ ਇਸ ਨੂੰ ਤਲਵਾਰਾਂ ਨਾਲ ਕੱਟ ਸੁੱਟੋ । ਜੇ ਹੱਥਾਂ ਨਾਲ ਨਾ ਪੁੱਟਿਆ ਜਾਵੇ ਤਾਂ ਤਲਵਾਰਾਂ ਨਾਲ ਕੱਟ ਦਿਓ ਜੇ ਓਸਨੂੰ। ੫੦।

ਦੋਹਰਾ॥ ਜੌ ਤੁਮ ਪਟ ਸਭ ਨਹਿੰ ਸਕੋ, ਤੌ ਇਕ ਤੌ ਕਟ ਦਜੋ ਲਾਸ॥ ਚਲੋ ਇਉਂ ਕਰ ਲਉ ਮੈਂ ਤੁਹਾਨੂੰ ਹੋਰ ਛੋਟ ਦੇ ਦਿੰਦਾ ਹਾਂ, ਜੇ ਤੁਸੀਂ ਮੇਰੇ ਨਿਸ਼ਾਨ ਨੂੰ ਕੱਟ ਸਕੋ ਤਲਵਾਰਾਂ ਨਾਲ, ਜਾਂ ਪੁੱਟ ਨਾ ਸਕੋ ਤਾਂ ਇਉਂ ਕਰੋ ਜਿਹੜੀਆਂ ਨਿਸ਼ਾਨ ਸਾਹਿਬ ਨੂੰ (ਲਾਸ) ਮੋਟੀਆਂ ਰੱਸੀਆਂ ਦੇ ਆਸਰੇ ਖੜਾਇਆ ਹੈ ਜਿਹੜੀ ਲਾਸਾਂ ਪਾਈਆਂ ਝੰਡੇ ਨੂੰ ਇੱਕ ਲਾਸ ਹੀ ਕੱਟ ਕੇ ਵਿਖਾ ਦਿਉ ਇੱਕ ਤਣੀ ਹੀ ਕੱਟ ਕੇ ਵਿਖਾ ਦਿਉ ਮੇਰੇ ਝੰਡੇ ਦੀ।

ਪਰ ਧਜਾਨ ਨਿਜੇ ਸਿਰ ਵਲ ਕਰਜੋ, ਮਤ ਤੁਮਰੋ ਸਿਰ ਹੁਇ ਨਾਸ॥੫੧॥ ਪਰ ਇਕ ਗੱਲ ਮੈਂ ਤੁਹਾਨੂੰ ਦੱਸ ਦੇਵਾਂ ਹੁਣੇ, ਖਿਆਲ ਰੱਖਿਓ ਤਲਵਾਰ ਦੇ ਮਾਰਦੇ ਸਮੇਂ ਤੁਹਾਡੇ ਸਿਰ ਵਿਚ ਨ ਵਜਦੀ ਹੋਵੇ, ਤੇ ਸਿਰ ਲੁਹਾ ਕੇ ਬੈਠ ਜਾਵੋ। ੫੧।

ਚੌਪਈ॥ ਤਬ ਜਾਇ ਵਕੀਲਨ ਨ੍ਰਿਪਨ ਸੁਨਾਈ॥ ਤਦੋਂ ਵਕੀਲਾਂ ਨੇ ਆਪਣੇ ਰਾਜਿਆਂ ਨੂੰ ਇਉਂ ਜਾ ਕੇ ਸੁਣਾਇਆ ਹੈ ਕਿ ਬੰਦਾ ਬਹਾਦਰ ਇਉਂ ਕਹਿੰਦਾ ਹੈ।

ਇਤ ਘਲ ਬੰਦੇ ਧਜਾ ਗਡਾਈ॥ ਏਧਰ ਦੂਰ ਸਾਰੇ ਜਾ ਕੇ ਬੰਦਾ ਬਹਾਦਰ ਨੇ ਧੁਜਾ ਗਡਵਾ ਦਿੱਤੀ, ਜਿਥੇ ਸਾਰੇ ਪਹਾੜੀਏ ਇਕੱਠੇ ਹੋ ਸਕਣ, ਕਿਉਂਕਿ ਉਹਨਾਂ ਦੀ ਸ਼ਰਤ ਸੀ ਕਿ ਧੁਜਾ ਕਿਤੇ ਦੂਰ ਗੱਡਿਓ, ਜਿਥੇ ਅਸੀਂ ਸਾਰੇ ਆ ਸਕੀਏ।

ਸੋ ਸੁਨ ਰਾਜੇ ਅਚੰਭਤ ਭਏ॥ ਇਹ ਗੱਲ ਸੁਣ ਕੇ ਵਕੀਲਾਂ ਤੋਂ ਰਾਜੇ ਬੜੇ ਹੈਰਾਨ ਜਿਹੇ ਹੋ ਗਏ। ਅਚੰਭਾ ਮੰਨਿਆਂ ਓਨ੍ਹਾਂ ਨੇ ਇਹ ਵੀ ਕੋਈ ਗੱਲ ਹੈ, ਇੱਕ ਨਿਸ਼ਾਨ ਸਾਹਿਬ ਹੈ ਉਹ ਵੀ ਸਾਥੋਂ ਕੱਟਿਆ ਜਾਂ ਪੁੱਟਿਆ ਨਾ ਜਾਏ, ਇੱਕ ਝੰਡਾ ਨਾ ਸਾਥੋਂ ਕੱਟਿਆ ਜਾਏ । ਫੇਰ ਅਸੀਂ ਤਾਂ ਕੁਛ ਵੀ ਨਾ ਹੋਏ।

ਕਹੈਂ ਬੰਦੋ ਕੁਛ ਡਿਠ ਬੰਦ ਕਏ॥੫੨॥ ਉਹ ਆਪਸ ਵਿੱਚ ਕਹਿੰਦੇ ਹਨ, ਕਿ ਬੰਦਾ ਕਿਤੇ ਨਿਗਾਹ ਹੀ ਨਾ ਬੰਨ੍ਹ ਦਿੰਦਾ ਹੋਵੇ, ਦਿਸਣ ਹੀ ਨਾ ਦਿੰਦਾ ਹੋਵੇ ਉਹ ਜਿਵੇਂ ਮੰਤ੍ਰਾਂ ਜੰਤ੍ਰਾਂ ਨਾਲ ਬੰਨ੍ਹ ਲੈਂਦੇ ਨੇ ਐਸੀ ਗੱਲ ਨਾ ਕੋਈ ਹੋਵੇ। ੫੨।

ਦੇਵ ਦੇਵੀ ਨਿਜ ਲਗੇ ਮਨਾਵਨ॥ ਪਹਾੜੀਏ ਡਰਦੇ ਮਾਰੇ ਆਪਣੇ ਦੇਵੀਆਂ ਦੇਵਤਿਆਂ ਨੂੰ ਮਨਾਉਣ ਲੱਗੇ ਹਨ ਸਾਡੀ

ਸਹਾਇਤਾ ਕਰੋ ਕਿ ਸਾਡੇ ਤੇ ਦ੍ਰਿਸ਼ਟ ਬੰਦ, ਮੰਤ੍ਰ ਨਾ ਚੱਲੇ । ਜਿਹੜਾ ਸਾਡੀ ਨਿਗਾਹ ਬੰਦ ਕਰ ਦਿੰਦਾ ਹੋਵੇ, ਸਾਨੂੰ ਦਿਸਣ ਹੀ ਨਾ ਦੇਵੇ ਕੁਛ।

ਨਿਜ ਮੰਤ੍ਰਨ ਕੋ ਜਾਪ ਜਪਾਵਨ॥ ਆਪਣੇ ਜੋ ਮੰਤ੍ਰ ਉਹਨਾਂ ਨੇ ਬਣਾਏ ਹੋਏ ਸਨ ਦੇਵੀ ਦੇਵਤਿਆਂ ਦੇ ਉਹਨਾਂ ਦਾ ਜਾਪ ਜਪਾਉਣ ਲੱਗੇ ਹਨ, ਜੰਗ ਜਪੁ ਵਿੱਚ ਜੰਤ੍ਰ ਮੰਤ੍ਰ ਕੰਮ ਕਰਦੇ ਹਨ।

ਕਹੈਂ ਸਵਾ ਪਹਿਰੋ ਬਾਦਹ ਆਵਹਿੰ॥ ਸਵਾ ਪਹਿਰ ਤਾਈਂ ਮੰਤ੍ਰ ਦਾ ਜ਼ੋਰ ਰਹਿੰਦਾ ਹੈ, ਉਹਦੀ ਸ਼ਕਤੀ ਰਹਿੰਦੀ ਹੈ। ਹੁਣ ਜਦੋਂ ਬੰਦੇ ਬਹਾਦਰ ਨੇ ਸੁਨੇਹਾ ਭੇਜਿਆ ਇਹਨੂੰ ਕੱਟ ਕੇ ਵਿਖਾਓ, ਕਹਿੰਦੇ ਸਵਾ ਪਹਿਰ ਲੰਘ ਲੈਣ ਦਿਉ । ਸਵਾ ਪਹਿਰ ਲੰਘਣ ਤੋਂ ਬਾਅਦ ਅਸੀਂ ਨਿਸ਼ਾਨ ਸਾਹਿਬ ਕਟਣ ਆਵਾਂਗੇ।

ਬੰਦੇਂ ਮੰਤ੍ਰਨ ਕੋ ਬਿਹੋ ਕਰਾਵਹਿੰ॥੫੩॥ ਕਹਿੰਦੇ ਬੰਦੇ ਬਹਾਦਰ ਦੇ ਮੰਤ੍ਰ ਨੂੰ ਬੇਹਾ ਕਰ ਲਈਏ, ਕਹਿੰਦੇ ਜਦੋਂ ਮੰਤ੍ਰ ਤਾਜਾ ਤਾਜਾ ਹੋਵੇਗਾ ਤਾਂ ਸਾਡੇ ਤੇ ਬਲ ਪਾ ਲਵੇਗਾ, ਜਦੋਂ ਮੰਤ੍ਰ ਬੇਹਾ ਹੋ ਗਿਆ ਤਾਂ ਸਾਡਾ ਜੋਰ ਪੈ ਜਾਵੇਗਾ।੫੩।

ਕਹੈਂ ਪੁਟੈਂ ਹਮ ਕਲ ਕੋ ਆਣ॥ ਅੱਜ ਤਾਂ ਨਹੀਂ, ਕਹਿੰਦੇ ਅਸੀਂ ਕੱਲ ਨੂੰ ਪੁੱਟਾਂਗੇ ਆ ਕੇ।

ਹੁਤੋ ਬੰਦੋ ਜੀ ਜਾਣੀ ਜਾਣ॥ ਬੰਦਾ ਸਿੰਘ ਤਾਂ ਪਹਿਲਾਂ ਹੀ ਜਾਣਦਾ ਸੀ ਉਹਨਾਂ ਦੇ ਮਨਾਂ ਦੀਆਂ, ਕਿ ਇਹਨਾਂ ਦੇ ਮਨ ਵਿੱਚ ਕੀ ਹੈ? ਕੀ ਕਰਨਾ ਚਾਹੁੰਦੇ ਨੇ ?

ਤੁਸੀ ਰਾਤ ਲੁਕਕੈ ਪਟਜੋ ਚਾਹੋ॥ ਬੰਦੇ ਬਹਾਦਰ ਨੇ ਕਿਹਾ ਓ ਹੋ, ਤੁਹਾਡੇ ਮਨ ਵਿਚ ਹੈ ਰਾਤ ਨੂੰ ਸਾਰੇ ਇਕੱਠੇ ਹੋ ਕੇ ਪੁੱਟ ਦਿਆਂਗੇ, ਤੁਸੀਂ ਰਾਤ ਨੂੰ ਲੁਕਕੇ ਪੁੱਟਣਾ ਚਾਹੁੰਦੇ ਹੋ।

ਹਮ ਤੁਮ ਕੋ ਦੇਉਂ ਯਹ ਭੀ ਰਾਹੋ॥੫੪॥ ਤਾਂ ਬੰਦਾ ਬਹਾਦਰ ਕਹਿਣ ਲੱਗਾ ਜਾਓ ਮੈਂ ਤੁਹਾਨੂੰ ਇਹ ਵੀ ਰਾਹ ਦਿੱਤਾ। ਉਹ ਜਾਣਦਾ ਸੀ ਨਾ ਉਨ੍ਹਾਂ ਦੇ ਮਨ ਦੀਆਂ ਕਿ ਇਹ ਕੀ ਚਾਹੁੰਦੇ ਨੇ ? ਕਹਿੰਦਾ ਇਹ ਵੀ ਖੁੱਲ੍ਹ ਹੈ ਤੁਹਾਨੂੰ ਚੱਲ ਰਾਤ ਨੂੰ ਹੀ ਲਾ ਕੇ ਵੇਖ ਲਿਉ ਜੋਰ। ੫੪।

ਦੋਹਰਾ॥ ਨਿਸ ਉਨ ਦੁਸ਼ਟਨ ਆਨ ਕਰ, ਲਾਇ ਲਯੋ ਸਭ ਜ਼ੋਰ॥ ਇਹ ਦੁਸ਼ਟ ਪਹਾੜੀਆਂ ਨੇ ਰਾਤ ਨੂੰ ਆ ਕੇ ਆਪਣਾ ਸਾਰਾ ਜੋਰ ਲਾਇਆ ਹੈ ਫੌਜ ਲਿਆਂਦੀ ਤਕੜੇ ਤਕੜੇ ਜੁਆਨ, ਮੱਲ ਆਦਿਕ ਲਿਆਂਦੇ ਕਿ ਪੁੱਟੇ ਭਾਈ ਬੜਾ ਜ਼ੋਰ ਜਤਨ ਉਹਨਾਂ ਨੇ ਕੀਤਾ ਨਿਸ਼ਾਨ ਨਾ ਪੁੱਟਿਆ ਗਿਆ।

ਪੱਟਿ ਘੁਟਿ ਅਰ ਦਬਿ ਚੱਕ, ਸਭ ਬਿਧ ਸੋਂ ਗਹਿਓ ਤੋੜ॥੫੫॥ ਸਾਰਾ ਜੋਰ ਲਾ ਲਿਆ ਉਨ੍ਹਾਂ ਨੇ ਸਭ ਤਰ੍ਹਾਂ ਕਰ ਕੇ ਪੁੱਟਣ ਕਟਣ ਅਤੇ ਤੋੜਨ ਵਾਸਤੇ ਸਾਰੇ ਤਰੀਕੇ ਵਰਤੇ। ੫੫।

ਚੌਪਈ॥ ਲਾਸ ਕਟਨ ਹਿਤ ਤੇਗ ਚਲਾਈ॥ ਜਦੋਂ ਨਿਸ਼ਾਨ ਸਾਹਿਬ ਦੀ (ਲਾਸ) ਮੋਟਾ ਰੱਸਾ ਜਿਨ੍ਹਾਂ ਦੇ ਸਹਾਰੇ ਨਿਸ਼ਾਨ ਸਾਹਿਬ ਖੜਾ ਸੀ, ਲਾਸ ਨੂੰ ਕਟਣ ਵਾਸਤੇ ਤਲਵਾਰ ਚਲਾਈ।

ਸੋਊ ਤੇਗ ਉਨ ਗਲ ਵਲ ਆਈ॥ ਓਹੀ ਤੇਗ ਜਿਹੜੀ ਰੱਸੇ ਤੇ ਚਲਾਈ ਉਹ ਉਹਨਾਂ ਦੇ ਗਲ ਵਲ ਨੂੰ ਆਈ ਹੈ ਕੱਟਣ ਵਾਸਤੇ । ਬੰਦੇ ਬਹਾਦਰ ਨੇ ਪਹਿਲਾਂ ਹੀ ਦੱਸ ਦਿੱਤਾ ਸੀ ਆਪਣੇ ਗਲ ਦਾ ਧਿਆਨ ਰੱਖਿਓ, ਕਿਤੇ ਸਿਰ ਨਾ ਲਹਿ ਜਾਂਦਾ ਹੋਵੇ। ਇਸ ਕਰਕੇ ਉਨ੍ਹਾਂ ਨੂੰ ਖਿਆਲ ਸੀ ਤੇ ਜੇ ਨਾ ਦੱਸਿਆ ਹੁੰਦਾ ਤਾਂ ਜਰੂਰ ਗਲ ਕੱਟਿਆ ਜਾਣਾ ਸੀ। ਉਹਨਾਂ ਤਲਵਾਰ ਚਲਾ ਦੇਣੀ ਸੀ ਉਹ ਗਲ ਵਿਚ ਵਜਣੀ ਸੀ ਆ ਕੇ।

ਸੋਊ ਮੋੜ ਵਹੁ ਮਜਾਨ ਕਰਾਂਹਿ ॥ ਜਦੋਂ ਉਹਨਾਂ ਵੇਖਿਆ ਕਿ ਤਲਵਾਰ ਗਲ ਨੂੰ ਆਉਂਦੀ ਹੈ, ਓਸਨੂੰ ਮੋੜ ਕੇ ਮਿਆਨ ਵਿਚ ਪਾ ਲਿਆ ਹੈ।

ਕਰ ਨਮਸਕਾਰ ਹੁਇ ਦੂਰ ਖੜਾਂਹਿ ॥੫੬॥ ਨਿਸ਼ਾਨ ਸਾਹਿਬ ਨੂੰ ਮੱਥਾ ਟੇਕਿਆ ਓਹਨਾਂ ਨੇ, ਤੇ ਦੂਰ ਹੋ ਕੇ ਖੜ੍ਹੇ ਹੋ ਗਏ ਹਨ, ਇਹ ਨਹੀਂ ਆਪਾਂ ਤੋਂ ਕੱਟਿਆ ਪੁੱਟਿਆ ਜਾਣਾ। ੫੬।

ਕਹਿ ਲਾ ਦੇਖੋ ਆਏ ਜੁ ਹੋਰ॥ ਕਹਿਣ ਲੱਗਾ ਜਿਹੜੇ ਹੋਰ ਬਾਅਦ ਵਿੱਚ ਆਏ ਹੋ, ਉਹ ਵੀ ਆਪਣਾ ਜ਼ੋਰ ਲਾ ਕੇ ਵੇਖ ਲਵੋ।

ਗਹਿ ਨਾਂਹ ਜਾਵੈ ਕਿਸ ਮਧ ਜੋਰ॥ ਹੁਣ ਹੋਰ ਵੇਖ ਲਉ ਤਾਣ ਲਾ ਕੇ, ਕਿਸੇ ਵਿੱਚ ਜੋਰ ਗਹਿ ਨਾ ਜਾਵੇ ਚੰਗੀ ਤਰ੍ਹਾਂ ਲਾ ਕੇ ਵੇਖ ਲਵੋ।

ਦੇਖ ਜੋਹਿ ਸਭ ਸ਼੍ਰਮਿੰਦੇ ਭਏ॥ ਇਹ ਦੇਖ ਕੇ ਜੋਹ ਕੇ ਸਾਰਾ ਕੰਮ, ਸ਼ਰਮਿੰਦੇ ਹੋ ਗਏ ਹਨ, ਪਹਾੜੀਆਂ ਦੀ ਹੁਣ ਕੋਈ ਜੁਰਅਤ ਨਹੀਂ ਪੈਂਦੀ ਕਿ ਅੱਗੋਂ ਕੋਈ ਗੱਲ ਕਰਨ।

ਨਾਰ ਨਿਵਾਇ ਨਾਰਿਨ ਜਿਮ ਧਏ॥੫੭॥ ਜਿਵੇਂ ਔਰਤਾਂ ਨੀਵੀਂ ਪਾ ਕੇ ਲੰਘ ਜਾਣ ਘੁੰਡ ਕੱਢਕੇ, ਇਉ (ਨਾਰ) ਧੌਣ ਨਿਵਾ ਕੇ ਸ਼ਰਮਿੰਦੇ ਹੋ ਕੇ ਪਿਛਾਂਹ ਨੂੰ ਮੁੜ ਗਏ ਹਨ। ੫੭।

ਦੋਹਰਾ॥ ਜੈਸੇ ਦ੍ਵਾਰੇ ਜਨਕ ਕੇ, ਭਯੋ ਧਨੁਖ ਅਤਿ ਠਾਢ॥ ਜੈਸੇ ਜਨਕ ਦੇ ਦੁਆਰੇ ਤੇ ਸ਼ਰਤ ਰੱਖੀ ਗਈ ਕਿ ਸੀਤਾ ਦਾ ਉਹਦੇ ਨਾਲ ਸ੍ਵਅੰਬਰ ਹੋਵੇਗਾ (ਸ਼ਾਦੀ ਹੋਵੇਗੀ), ਜਿਹੜਾ ਇਹ ਧਨੁਖ ਚੁੱਕ ਦੇਵੇਗਾ, ਜਿਹੜਾ ਧਨੁਖ ਦਾ ਚਿੱਲਾ ਚੜ੍ਹਾ ਦੇਵੇਗਾ। ਉਹ ਧਨੁਖ ਕਿਸੇ ਤੋਂ ਨਾ ਚੁੱਕਿਆ ਗਿਆ । ਜੋ ਚੁੱਕਦੇ ਹਨ ਆਪਣੇ ਜ਼ੋਰ ਨਾਲ, ਉਹ ਪੁੱਠਾ ਡਿਗ ਪੈਂਦਾ ਧਨੁਖ ਹਿਲਦਾ ਨਹੀਂ ਆਪਣੀ ਜਗ੍ਹਾ ਉਤੋਂ । ਇਸ ਤਰ੍ਹਾਂ ਉਹ **ਝੰਡਾ** ਆਕੀ ਹੋ ਗਿਆ ।

ਚਕ ਥਕ ਸਭ ਰਾਜੇ ਨਠੇ, ਭਈ ਧਜਾ ਤਿਮ ਗਾਢ॥੫੮॥ ਉਹ ਚੁੱਕ ਕੇ, ਪੁੱਟ ਕੇ ਸਾਰਾ ਜੋਰ ਲਾ ਕੇ ਥਕ ਗਏ ਹਨ, ਉਹਨਾਂ ਤੋਂ ਉਹ ਕਿਸੇ ਤਰ੍ਹਾਂ ਵੀ ਨਿਸ਼ਾਨ ਸਾਹਿਬ ਹਿੱਲਿਆ ਨਹੀਂ । ਉਹ ਸਗੋਂ ਓਦ੍ਹੂੰ ਵੀ ਡੂੰਘਾ ਹੋ ਗਿਆ ਹੈ ਨਿਸ਼ਾਨ ਸਾਹਿਬ। ਇਉਂ ਜ਼ੋਰ ਲਾ ਕੇ ਪਿਛੇ ਨੂੰ ਭੱਜ ਗਏ ਹਨ ਸ਼ਰਮਿੰਦੇ ਹੋ ਕੇ। ੫੮।

ਚੌਪਈ॥ ਪੁਨ ਕਹਿਲੂਰ ਐਸ ਫੁਰਮਾਯਾ॥ ਤਾਂ ਫੇਰ ਬੰਦੇ ਬਹਾਦਰ ਨੇ ਕਹਿਲੂਰੀਏ ਨੂੰ ਇਉਂ ਕਿਹਾ, ਕਿਉਂਕਿ ਇਹੀ ਮੁਖੀ ਰਿਆਸਤ ਸੀ ਏਸੇ ਨੇ ਹੀ ਦੂਜੇ ਰਾਜੇ ਬੁਲਾਏ ਸਨ । ਉਹ ਕਹਿਣ ਲੱਗਾ ਹੋਰ ਪ੍ਰਤੱਗਿਆ ਲੈ ਲਵੋ।

ਗੜ੍ਹ ਬਢ ਆਪਨ ਕਰੋ ਤਕੜਾਯਾ॥ (ਗੜ੍ਹ)ਆਪਣੇ ਕਿਸੇ ਵੱਡੇ ਕਿਲ੍ਹੇ ਨੂੰ ਤਕੜਾ ਕਰ ਲੈ, ਆਕੀ ਕਰ ਲੈ, ਪੂਰੀ ਤਕੜਾਈ ਕਰਕੇ।

ਜੇਤਿਕ ਫੌਜ ਵੜੈ ਲਜੋ ਵਾੜ॥ ਫੇਰ ਏਸ ਕਿਲ੍ਹੇ ਵਿੱਚ ਜਿੰਨੀ ਕੁ ਫੌਜ ਜਮ੍ਹਾਂ ਹੋ ਸਕਦੀ ਹੈ ਜਮ੍ਹਾਂ ਕਰ ਲੈ।

ਔਰ ਬਾਈ ਰਾਜਨ ਲਜੋ ਪਾਸ ਖਾੜ॥੫੯॥ ਅਤੇ ਜਿਹੜੇ ਤੇਰੇ ਮਤਹਿਤ ਬਾਈ ਧਾਰਾਂ ਦੇ ਰਾਜੇ ਹਨ, ਉਹਨਾਂ ਨੂੰ ਵੀ ਕਹਿ ਦਿਉ ਆਪੋ ਆਪਣੀਆਂ ਫੌਜਾਂ ਲਿਆ ਕੇ ਪਾਸ ਖੜੋ ਜਾਣ, ਕਿਲੇ ਨੂੰ ਬਚਾਉਣ ਵਾਸਤੇ ਉਹਨਾਂ ਦੀਆਂ ਫੌਜਾਂ ਦੀ ਮਦਦ ਲੈ ਲੈ, ਕਿਲ੍ਹਾ ਤੇਰਾ ਟੁੱਟ ਨਾ ਸਕੇ ਜਿਵੇਂ ਇਉਂ ਪੂਰੀਆਂ ਤਕੜਾਈਆਂ ਕਰ ਲੈ। ੫੯।

ਦੋਹਰਾ॥ ਹਾਥੀ ਖੜ੍ਹਾਯੋ ਕੰਸ ਜਿਮ, ਤਖਤੇ ਖੂਬ ਅੜਾਇ॥ ਹੁਣ ਇਹਨਾਂ ਪਹਾੜੀਆਂ ਨੇ ਕਹਿਲੂਰ ਦਾ ਜੋ ਜੰਗੀ ਕਿਲ੍ਹਾ ਸੀ ਉਹ ਕਾਇਮ ਕੀਤਾ ਹੈ। ਉਹਦੇ ਵਿੱਚ ਖੂਬ ਫੌਜ ਵਾੜ ਕੇ, ਉਹਦੇ ਅੱਗੇ ਇਉਂ ਹਾਥੀ ਖੜ੍ਹੇ ਕੀਤੇ ਹਨ, ਜਿਵੇਂ ਕੰਸ ਨੇ ਕੁਵਲੀਆਪੀੜ ਹਾਥੀ ਜਿਹਦੇ ਵਿੱਚ ਅਠਾਰਾਂ ਹਜ਼ਾਰ ਹਾਥੀਆਂ ਜਿੰਨਾ ਬਲ ਸੀ ਉਸ ਨੂੰ ਦਰਵਾਜੇ ਅੱਗੇ ਖੜ੍ਹਾ ਕੀਤਾ ਸੀ ਆਪਣੇ ਬਚਾਉ ਵਾਸਤੇ ਅਤੇ ਤਖਤਿਆਂ ਨੂੰ ਚੰਗੀ ਤਰ੍ਹਾਂ (ਅੜਾਇ) ਅੜਾ ਕੇ ਬੰਦ ਕਰਕੇ।

ਬਾਘਰ ਸਿੰਘ ਇਕ ਤੀਰ ਸੋਂ, ਦੇਵੈ ਸਭਨ ਗਿਰਾਇ॥੬੦॥ ਬੰਦਾ ਸਿੰਘ ਬਹਾਦਰ ਆਗਿਆ ਕਰਦਾ ਹੈ ਮੇਰਾ ਬਾਘੜ ਸਿੰਘ ਇੱਕ ਤੀਰ ਮਾਰੇਗਾ ਕਿਲ੍ਹੇ ਦੇ ਜਿੰਨੇ ਦਰਵਾਜੇ ਹਨ ਸਾਰੇ ਹੀ ਡੇਗ ਦੇਵੇਗਾ। ੬੦।

(ਮੰਡੀ ਵਾਲੇ ਰਾਜੇ ਦੇ ਮਹਿਲਾਂ ਨੂੰ ਅੱਗ)

ਦੋਹਰਾ॥ ਤੌ ਬੰਦੇ ਜੀ ਇਮ ਕਹਜੋ, ਮੰਡੀ ਵਾਲ ਵਜ਼ੀਰ ਬੁਲਾਇ॥ (ਮੰਡੀ) ਸਕੇਤ ਮੰਡੀ ਦੇ ਰਾਜੇ ਦਾ ਵਜ਼ੀਰ ਵੀ ਆਇਆ ਹੋਇਆ ਸੀ, ਇਹ ਸ਼ਰਤ ਬੰਨ੍ਹ ਕੇ ਤਾਂ ਉਸ ਵਜ਼ੀਰ ਨੂੰ ਬੁਲਾਇਆ ਹੈ ਬੰਦੇ ਬਹਾਦਰ ਨੇ, ਇਉਂ ਕਿਹਾ

ਉਸਨੂੰ ਕਿ ਆਪਣੇ ਰਾਜੇ ਨੂੰ ਖਬਰ ਕਰ ਦੇ।

ਲੱਗੂਗੁ ਕਲ ਕੋ ਘਰ ਤੁਮੈ, ਅਗਨ ਅਕਾਸ਼ੋਂ ਆਇ॥੬੧॥ ਆਪਣੇ ਰਾਜੇ ਨੂੰ ਦੱਸ ਦੇਹ ਕਿ ਕੱਲ੍ਹ ਨੂੰ ਆਕਾਸ਼ ਤੋਂ ਅੱਗ ਆਕੇ ਰਾਜੇ ਦੇ ਮਹਿਲਾਂ ਨੂੰ ਲੱਗ ਕੇ ਰਾਖ ਕਰ ਦਏਗੀ। ੬੧।

ਚੌਪਈ॥ ਨਿਜ ਰਾਜੇ ਪੈ ਖਬਰ ਕਰ ਦੇਹਿ॥ ਆਪਣੇ ਰਾਜੇ ਨੂੰ ਖਬਰ ਕਰ ਦੇ ਕਿ ਉਹ ਆਪਣੀ ਬੱਚਤ ਵਾਸਤੇ ਇੰਤਜ਼ਾਮ ਕਰ ਲਏ।

ਕਰ ਉਪਾਉ ਰਖ ਪਾਨੀ ਭਰ ਤੇਹਿ॥ ਅੱਗ ਬੁਝਾਉਣ ਵਾਸਤੇ ਉਪਾਉ ਇੰਤਜਾਮ ਕਰ ਰਖੇ ਤੇ ਪਾਣੀ ਆਦਿਕ ਭਰ ਕੇ ਰੱਖੇ ਅੱਗ ਦੇ ਬਚਾਉ ਵਾਸਤੇ।

ਗ੍ਰਿਬਨ ਕੈ ਘਰ ਲਗੈ ਨ ਆਗ॥ ਨਾਲ ਹੀ ਇਉਂ ਵਰ ਦੇ ਦਿੱਤਾ ਕਿ ਗਰੀਬਾਂ ਦੇ ਘਰ ਨੂੰ ਨਹੀਂ ਲੱਗੇਗੀ, ਸਿਰਫ ਰਾਜੇ ਦੇ ਘਰ ਨੂੰ ਸਾੜੇ ਗੀ।

ਤੌ ਰਾਜੇ ਘਰ ਸਭ ਜਲ ਜਾਗ॥੬੨॥ ਤੇ ਰਾਜੇ ਦਾ ਸਾਰਾ ਘਰ ਸੜ ਜਾਇਗਾ, ਅੱਗ ਲੱਗ ਕੇ । ੬੨।

ਦੋਹਰਾ॥ ਤੌ ਬਜੀਰ ਸੁਨਿ ਸਭ ਕਹੀ, ਰਾਜੇ ਜਤਨ ਸੁ ਕੀਨ॥ ਜਦੋਂ ਇਹ ਗੱਲ ਸੁਣ ਕੇ ਬਜੀਰ ਨੇ ਰਾਜੇ ਨੂੰ ਦੱਸੀ, ਤਾਂ ਰਾਜੇ ਨੇ ਅੱਗ ਤੋਂ ਬਚਾਓ ਦਾ ਸਾਰਾ ਬੰਦੋਬਸਤ ਕਰ ਲਿਆ।

ਰਾਤ ਅਧੀ ਵਡਵਾਉ ਵਗੀ, ਮਿਲ ਦੈਇਆਨ ਛਾਰ ਸੁ ਕੀਨ॥੬੩॥ ਅੱਧੀ ਰਾਤ ਦਾ ਸਮਾਂ ਸੀ, ਬੜੀ ਭਾਰੀ ਹਵਾ ਵਗੀ ਤੇ ਆਕਾਸ਼ ਵਿਚੋਂ ਅੱਗ ਗਿਰੀ, ਓਧਰ ਹਵਾ ਬੜੀ ਤੇਜ ਹੋ ਗਈ , ਹਵਾ ਦੇ ਵੇਗ ਨਾਲ ਇੱਕ ਦਮ ਹੀ ਅੱਗ ਤੇਜ ਹੋ ਗਈ ਤੇ ਰਾਜੇ ਦੇ ਮਹਿਲਾਂ ਨੂੰ ਸਾੜ ਕੇ (ਛਾਰ) ਸੁਆਹ ਕਰ ਦਿੱਤਾ। ੬੩।

ਚੌਪਈ॥ ਔਰ ਲੋਕਨ ਵਲ ਜਬ ਅਗ ਗਈ॥ ਰਾਜੇ ਦੇ ਮਹਿਲਾਂ ਨੂੰ ਅੱਗ ਲੱਗ ਕੇ ਹਵਾ ਦੇ ਵੇਗ ਨਾਲ ਦੂਸਰਿਆਂ ਹੋਰਨਾਂ ਗਰੀਬ ਲੋਕਾਂ ਦੇ ਘਰਾਂ ਵਲ ਨੂੰ ਜਦੋਂ ਅੱਗ ਗਈ ਤਾਂ।

ਪਰਜੋ ਮੀਂਹ ਤਬ ਸੋ ਬੁਝ ਗਈ॥ ਮੀਂਹ ਜ਼ੋਰ ਨਾਲ ਪੈ ਗਿਆ ਅਤੇ ਸਾਰੀ ਅੱਗ ਬੁਝ ਗਈ ਹੈ, ਸਿਰਫ ਰਾਜੇ ਦੇ ਮਹਿਲਾਂ ਨੂੰ ਸਾੜਿਆ ਹੈ।

ਸਿਧ ਸੈਨ ਮਨ ਚਿੰਤਾ ਅਈ॥ ਸਕੇਤ ਮੰਡੀ ਦੇ ਰਾਜੇ ਸਿਧ ਸੈਨ ਦੇ ਮਨ ਵਿਚ ਚਿੰਤਾ ਹੋ ਗਈ ਹੈ ਪਹਿਲਾਂ ਹੀ ਦੱਸ ਦਿਤਾ ਓਸਨੇ, ਮੇਰੇ ਮਹਿਲ ਸੜ ਗਏ ਹਨ ਇਸਨੂੰ ਤਾਂ ਸਾਰਾ ਪਤਾ ਹੈ, ਇਹ ਤਾਂ ਕਰਾਮਾਤੀ ਹੈ, ਇਸਦੇ ਕੋਲ ਸਾਰੇ ਬੰਦੋਬਸਤ ਹਨ।

ਕਰਾਮਾਤ ਬੰਦੇ ਪਿਖ ਲਈ॥੬੪॥ ਬੰਦੇ ਬਹਾਦਰ ਦੀ ਕਰਾਮਾਤ ਵੇਖ ਲਈ ਉਨ੍ਹਾਂ ਚੰਗੀ ਤਰ੍ਹਾਂ। ੬੪।

ਘਲ ਹਲਕਾਰੇ ਲਜੋ ਬਜੀਰ ਬੁਲਾਇ॥ ਇਸ ਰਾਜੇ ਨੇ ਆਪਣੇ ਵਜ਼ੀਰ ਕੋਲ ਹਲਕਾਰੇ ਭੇਜ ਕੇ ਓਸਨੂੰ ਵਾਪਸ ਬੁਲਾਇਆ ਹੈ, ਸਲਾਹ ਕਰਨ ਬਾਬਤ।

ਸਾਥੋਂ ਬੰਦਜੋਂ ਲੜਜੋ ਨ ਜਾਇ॥ ਸੁਧ ਸੈਨ ਰਾਜਾ, ਵਜ਼ੀਰ ਨੂੰ ਕਹਿਣ ਲੱਗਾ ਕਿ ਦੇਖ ਲਵੋ ਕਿ ਜੇ ਬੰਦਾ ਐਡਾ ਕਲਾ ਵਾਲਾ ਹੈ ਤਾਂ ਸਾਥੋਂ ਤਾਂ ਨਹੀਂ ਲੜੀਦਾ ਉਸਦੇ ਨਾਲ। ਅਸੀਂ ਤਾਂ ਹੁਣੇ ਹੀ ਮੁਆਫੀ ਮੰਗਦੇ ਹਾਂ।

ਤੌ ਉਨ ਮਿਥਜੋ ਮਿਲਨ ਕੋ ਸਾਜ॥ ਸਿਧ ਸੈਨ ਰਾਜੇ ਨੇ ਵਜੀਰ ਦੇ ਨਾਲ ਸਲਾਹ ਕਰਕੇ, ਬੰਦੇ ਬਹਾਦਰ ਨਾਲ ਮਿਲਣ ਦਾ ਰਾਜ ਸਾਜ ਤਿਆਰ ਕੀਤਾ ਹੈ।

ਗਈ ਕਲੂਰੋਂ ਫੌਜ ਉਸ ਭਾਜ॥੬੫॥ ਬੰਦੇ ਬਹਾਦਾਰ ਦੀ ਤਾਕਤ ਏਥੇ ਵੇਖ ਕੇ ਜੋ ਕਹਿਲੂਰ ਦੇ ਕਿਲ੍ਹੇ ਵਿੱਚ ਫੌਜ ਇਕੱਠੀ ਕੀਤੀ ਹੋਈ ਸੀ ਸਾਰਿਆਂ ਰਾਜਿਆਂ ਦੀ, ਉਹ ਸਾਰੀ ਕਿਲ੍ਹੇ ਖਾਲੀ ਕਰ ਕੇ ਭੱਜ ਗਈ ਹੈ। ੬੫।

ਕਹਿਲੂਰੀਆਂ ਦਾ ਪ੍ਰਸੰਗ

(ਕਹਿਲੂਰੀਆਂ ਦਾ ਆਕੀ ਕਿਲ੍ਹਾ ਪੰਜਾਂ ਸਿੰਘਾਂ ਤੋਂ ਤੁੜਵਾਇਆ)

ਦੋਹਰਾ॥ ਆਗੇ ਸੁਨਹੁ ਪ੍ਰਸੰਗ ਫਿਰ, ਜੋ ਕਹਿਲੂਰੀਅਨ ਸੀਸ ਵਿਹਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਖਾਲਸਾ ਜੀ ਅੱਗੇ ਪ੍ਰਸੰਗ ਸੁਨੋ ਜੋ ਕਹਿਲੂਰ ਰਿਆਸਤ ਵਾਲਿਆਂ ਨੇ ਦੂਜੇ ਰਾਜੇ ਇਕੱਠੇ ਕਰਕੇ ਆਪਣੀਆਂ ਫੌਜਾਂ ਕਿਲ੍ਹੇ ਵਿਚੋਂ ਜਮ੍ਹਾਂ ਕਰਕੇ, ਇੱਕ ਕਿਲ੍ਹਾ ਆਕੀ ਕੀਤਾ ਹੋਇਆ ਸੀ ਬੰਦੇ ਬਹਾਦਰ ਦੇ ਕਹੇ ਤੋਂ । ਹੁਣ ਉਹਨਾਂ ਕਹਿਲੂਰੀਆਂ ਦੇ ਸਿਰ ਕੀ ਬੀਤਦੀ ਹੈ।

ਤੇਰਾਂ ਸੌ ਮੀਏਂ ਚੀਏਂ, ਕੱਟੇ ਖੂਬ ਬਣਾਇ॥੧॥ ਕਿਲ੍ਹੇ ਦੇ ਅੰਦਰ ਤੇਰਾਂ ਸੌ ਮੀਏਂ ਚੀਏਂ ਮੀਆਂ ਕੌਮ ਹੈ ਜਿਹੜੀ ਏਥੇ ਬੜੇ ਜੁਆਨ ਨੇ ਵੱਡੇ ਸਿਪਾਹੀ ਉਹ ਕਿਵੇਂ ਸਿੰਘਾਂ ਨੇ ਝਟਕਾਏ ਹਨ, ਖੂਬ ਚੰਗੀ ਤਰ੍ਹਾਂ ਬਾਢ ਪਾਈ ਹੈ ਉਨ੍ਹਾਂ ਨੂੰ। ੧।

ਚੌਪਈ॥ ਤਬ ਬੰਦੇ ਕਹਲੂਰੀਅਨ ਫੁਰਮਾਯੋ॥ ਤਦੋਂ ਬੰਦੇ ਬਹਾਦਰ ਨੇ ਕਹਿਲੂਰੀਆਂ ਨੂੰ ਕਿਹਾ।

ਤੁਮ ਭੀ ਅਪਨੇ ਕਰਤਬ ਦਿਖਾਓ॥ ਤੁਸੀਂ ਵੀ ਆਪਣਾ ਸ਼ਸਤ੍ਰ ਵਿਦਿਆ ਦਾ ਜਾਂ ਕਿਸੇ ਹੋਰ ਕਿਸਮ ਦਾ ਕਰਤਬ ਦਿਖਾਓ।

ਕੋ ਅਪਨੋ ਗੜ੍ਹ ਆਕੀ ਕਰੋ॥ ਕੋਈ ਆਪਣਾ (ਗੜ੍ਹ) ਕਿਲ੍ਹਾ ਆਕੀ ਕਰ ਲਵੋ।

ਬਾਈ ਜਲੰਧਰੀਏ ਸਭ ਮਧ ਵੜੋ॥੨॥ ਆਪ ਦੀ ਮਦਦ ਵਾਸਤੇ ਬਾਈ ਰਿਆਸਤਾਂ ਸਮੇਤ ਜਲੰਧਰ ਵਾਲੇ ਸੂਬੇ ਦੇ ਸਾਰੇ ਕਿਲ੍ਹੇ ਵਿੱਚ ਵੜ ਕੇ ਕਿਲ੍ਹਾ ਆਕੀ ਕਰ ਲਵੋ। ੨।

ਪੰਜ ਭੁਜੰਗੀ ਤੁਮ ਲਏਂ ਮਾਰ॥ ਮੇਰੇ ਪੰਜ (ਭੁਜੰਗੀ) ਲੜਾਕੂ ਸਿੰਘ ਆਉਣਗੇ, ਤੁਹਾਨੂੰ ਮਾਰ ਕੇ ਕਿਲ੍ਹਾ ਫੜ੍ਹੇ ਕਰ ਲੈਣਗੇ।

ਤੌ ਤੁਮ ਛਡ ਫਿਰ ਜਾਓ ਪਹਾਰ॥ ਸ਼ਰਤ ਇਹ ਹੈ ਜੇ ਮੇਰੇ ਪੰਜ ਸਿੰਘ ਤੁਹਾਡਾ ਕਿਲ੍ਹਾ ਫੜ੍ਹੇ ਕਰ ਲੈਣ, ਫਿਰ ਤੁਹਾਡਾ ਕੋਈ ਅਧਿਕਾਰ ਨਹੀਂ ਹੈ ਰਾਜ ਕਰਨ ਦਾ, ਪਹਾੜ ਛਡ ਕੇ ਤੁਰ ਜਾਇਓ ਏਥੋਂ, ਨਿਕਲ ਜਾਇਓ ਕਿਸੇ ਪਾਸੇ।

ਜੌ ਤੁਮ ਉਨ ਤੈ ਮਰੋ ਸੁ ਨਾਂਹਿ॥ ਜੇ ਤੁਸੀਂ ਉਨ੍ਹਾਂ ਪੰਜਾਂ ਸਿੰਘਾਂ ਤੋਂ ਨਾ ਮਰੋ, ਬਚ ਰਹੋ ਤਾਂ।

ਤੌ ਹਮ ਪ੍ਰਬਤਨ ਕੋ ਛਡ ਜਾਂਹਿ॥੩॥ ਤਾਂ ਅਸੀਂ (ਪ੍ਰਬਤ) ਪਹਾੜ ਛੱਡ ਜਾਵਾਂਗੇ। ੩।

ਜੋ ਮਾਂਗੋ ਸੋ ਦੇਉਂ ਮੈਂ ਤਾਂਹਿ॥ ਬਾਕੀ ਜੋ ਮੈਥੋਂ ਮੰਗੋਗੇ ਮੈਂ ਉਹ ਵੀ ਦਿਆਂਗਾ, ਤਕੜੇ ਹੋ ਜਾਓ ਇੰਤਜਾਮ ਕਰ ਲਉ।

ਇਮ ਹਮ ਸੌ ਤੁਮ ਲਜੋ ਠਹਿਰਾਇ॥ ਇਸ ਤਰ੍ਹਾਂ ਸਾਡੇ ਨਾਲ ਤੁਸੀਂ ਠਹਿਰਾ ਲਉ, ਸਾਡੇ ਨਾਲ ਗੱਲ ਪੱਕੀ ਕਰ ਲਉ।

ਤੌ ਕਹਲੂਰੀਅਨ ਸੋਊ ਕੀਆ॥ ਤਦੋਂ ਕਹਿਲੂਰੀਆਂ ਨੇ ਉਹ ਹੀ ਕੀਤਾ, ਜੋ ਬੰਦੇ ਬਹਾਦਰ ਨੇ ਕਿਹਾ ਸੀ।

ਗੜ੍ਹ ਕਹਲੂਰ ਕਰ ਆਕੀ ਲੀਆ॥੪॥ ਕਹਿਲੂਰ ਦਾ ਕਿਲ੍ਹਾ ਆਕੀ ਕਰ ਲਿਆ ਇਹਨਾਂ ਪਹਾੜੀਆਂ ਨੇ। ੪।

ਦੋਹਰਾ॥ ਡਰੋਲ, ਮਝੇਲੂ, ਨਾਗਲੂ, ਨੰਡੇ, ਸੁਹਲ, ਝੰਡਵਾਲ॥ ਡਰੋਲ, ਮਝੇਰੂ, ਨਾਗਲੂ, ਨੰਡੇ, ਸੁਹਲ, ਝੰਡਵਾਲ ਆਦਿਕ ਇਹ ਇਹਨਾਂ ਪਹਾੜੀਆਂ ਦੀਆਂ ਕੌਮਾਂ ਹਨ, ਉਹਨਾਂ ਕੌਮਾਂ ਦੇ ਨਾਮ ਗਿਣਦੇ ਹਨ, ਜਿਹੜੇ ਆਪਣੇ ਆਪ ਨੂੰ ਤਕੜੇ ਸਿਪਾਹੀ ਕਹਾਉਂਦੇ ਸਨ ।

ਕਨੇਤ, ਭਿਛੰਨ, ਚਿਲਾਹਲੇ, ਬਲੜ, ਪੰਮੇ, ਡਢਵਾਲ॥੫॥ ਇਹ ਵੀ ਸਭ ਪਹਾੜੀ ਕੌਮਾਂ ਦੇ ਨਾਮ ਹਨ। ੫।

ਤੇਰਾ ਸੌ ਮੀਏਂ ਚੀਏਂ, ਮਧ ਗੜ੍ਹ ਲੀਏ ਸੁ ਵਾੜ॥ ਮੀਏਂ ਚੀਏਂ ਇਹ ਪਹਾੜੀ ਰਾਜਪੂਤ ਹਨ, ਆਪਣੇ ਆਪ ਨੂੰ ਬੜੇ ਯੋਧੇ ਸੂਰਬੀਰ ਅਖਵਾਉਂਦੇ ਨੇ, ਇਹ ਕਿਲ੍ਹੇ ਦੇ ਵਿੱਚ ਵਾੜ ਲਏ ਹਨ ਤੇਰਾਂ ਸੌ ਗਿਣਕੇ।

ਸਪਤ ਗਜਨ ਸਿਰ ਬੰਧ ਤਵੇ, ਕੀਨੇ ਰਸਤੇ ਖਾੜ॥੬॥ ਪਹਾੜੀਆਂ ਨੇ ਸੱਤ (ਗਜਨ) ਹਾਥੀਆਂ ਦੇ ਮੱਥੇ ਤੇ ਫੌਲਾਦੀ ਤਵੇ ਬੰਨ੍ਹ ਲਏ, ਪੂਰਾ ਇੰਤਜਾਮ ਕਰਕੇ ਸੱਤੇ ਹਾਥੀ ਰਸਤੇ ਵਿੱਚ ਖੜ੍ਹੇ ਕਰ ਦਿੱਤੇ ਹਨ। ਕਿ ਜਦੋਂ ਪੰਜ ਸਿੰਘ ਹੱਲਾ

ਕਰਨ, ਇਹਨਾਂ ਹਾਥੀਆਂ ਤੋਂ ਚਿਰਵਾ ਦਿਉ ਉਹਨਾਂ ਨੂੰ, ਇਉਂ ਹਾਥੀਵਾਨਾਂ ਨੂੰ ਹੁਕਮ ਦਿਤਾ, ਪਹਾੜੀ ਰਾਜਿਆਂ ਨੇ । ੬।

ਚੌਪਈ॥ ਜੈਸੇ ਖੜੋ ਕੰਸ ਕੁਬਲੀ ਗਜ ਕੀਨੋ॥ ਜਿਵੇਂ ਕੰਸ ਨੇ ਅਠਾਰਾਂ ਹਜ਼ਾਰ ਹਾਥੀ ਦੇ ਬਲ ਰਖਣ ਵਾਲਾ 'ਕੁਬਲੀਆ ਪੀੜ' ਨਾਮ ਦਾ ਹਾਥੀ, ਡਿਉਢੀ ਅੱਗੇ ਖੜ੍ਹਾ ਕੀਤਾ ਸੀ, ਕਿ ਜਦੋਂ ਭਗਵਾਨ ਸ੍ਰੀ ਕ੍ਰਿਸ਼ਨ ਜੀ ਆਉਣ, ਉਹਨਾਂ ਨੂੰ ਇਸ ਹਾਥੀ ਤੋਂ ਪੜਵਾ ਦੇਣਾ ਹੈ । ਏਸੇ ਤਰ੍ਹਾਂ ਹੀ ਪਹਾੜੀਆਂ ਨੇ ਇੰਤਜ਼ਾਮ ਕਰ ਲਿਆ ਹੈ।

ਪਿਲਾਇ ਸ਼੍ਰਾਬ ਬਹੁਤ ਉਨ ਦੀਨੋ॥ ਹਾਥੀਆਂ ਨੂੰ ਬਹੁਤ ਸਾਰੀ ਸ਼ਰਾਬ ਪਿਆ ਕੇ ਮਸਤ ਕਰ ਲਿਆ।

ਬਹੁ ਦ੍ਰਬ ਦੇਣ ਮਹਾਵਤਨ ਕਹਜੋ॥ (ਮਹਾਵਤਨ) ਮਹਾਵਤ ਤੋਂ ਬਹੁ ਬਚਨ, ਜੋ ਹਾਥੀ ਨੂੰ ਹੱਕਣ ਵਾਲੇ, ਤੋਰਨ ਵਾਲੇ ਹੁੰਦੇ ਹਨ, ਹਾਥੀ ਦੇ ਉੱਪਰ ਬੈਠ ਕੇ ਉਹ ਕੁੰਡੇ ਨਾਲ ਚਲਾਉਂਦੇ ਨੇ, ਹਾਥੀਆਂ ਦੇ ਮਹਾਵਤਾਂ ਨੂੰ ਕਿਹਾ ਰਾਜਿਆਂ ਨੇ ਅਸੀਂ ਤੁਹਾਨੂੰ ਬਹੁਤ ਧਨ ਦੇ ਕੇ ਖੁਸ਼ ਕਰ ਦਿਆਂਗੇ। ਇਹ ਥੈਲੀਆਂ ਹੁਣ ਲੈ ਲਉ ਫੇਰ ਹੋਰ ਇਨਾਮ ਦਿਆਂਗੇ। ਪਰ ਸਿੰਘ ਅੱਗੇ ਨਾ ਲੰਘਕੇ ਆਉਣ ਇਉਂ ਉਹਨਾਂ ਨੂੰ ਹੁਕਮ ਦਿੱਤਾ ਹੈ।

ਆਵਤ ਸਿੰਘਨ ਮਾਰ ਸੁਟਯੋ॥੭॥ ਜਦੋਂ ਸਿੰਘ ਆਉਣ ਉਦੋਂ ਹੀ ਉਨ੍ਹਾਂ ਨੂੰ ਮਾਰ ਕੇ ਖਤਮ ਕਰ ਦਿਓ। ਹਾਥੀਆਂ ਨੂੰ ਕਹਿ ਕੇ ਮਰਵਾ ਦੇਣਾ ਹੈ ਸਿੰਘਾਂ ਨੂੰ। ੭।

ਦੋਹਰਾ॥ ਰਾਜੈ ਔਰ ਰਜੌਰੀਆਂ ਲਏ ਸੁ ਗਿਰਦ ਬਹਾਇ॥ ਹੋਰ ਰਾਜਿਆਂ ਨੂੰ ਸੱਦ ਲਿਆ ਰਜੌਰੀਏ ਵਗੈਰਾ ਜਿਹੜੇ ਉਹਦੇ ਮਤਹਿਤ ਸਨ, ਓਸ ਕਿਲ੍ਹੇ ਦੀ ਮਦਦ ਵਾਸਤੇ ਚਾਰ ਚੁਫੇਰੇ ਫੌਜਾਂ ਖੜੀਆਂ ਕਰ ਦਿੱਤੀਆਂ ਹਨ।

ਦਾਰੂ ਸਿੱਕੋ ਬ੍ਰਤਾਇ ਕਰ, ਔਰ ਖਰਚ ਬਹੁ ਪਾਇ॥੮॥ ਅਤੇ ਦਾਰੂ ਸਿੱਕਾ ਵੀ ਵਰਤਾਇਆ ਫੌਜ ਨੂੰ, ਕਿਲ੍ਹੇ ਦੇ ਅੰਦਰ ਹੋਰ ਬੜਾ ਭਾਰੀ ਖਰਚ ਜਮ੍ਹਾਂ ਕੀਤਾ, ਮਤ ਲੜਾਈ ਅੜ ਜਾਵੇ, ਵੱਡੀ ਲੜਾਈ ਵਾਸਤੇ ਇੰਤਜ਼ਾਮ ਕਰ ਲਿਆ ਹੈ। ੮।

ਚੌਪਈ॥ ਇਤ ਬੰਦੈ ਜੀ ਪੰਜ ਸਿੰਘ ਤੋਰੇ॥ ਜਦੋਂ ਉਹਨਾਂ ਨੇ ਪੂਰਾ ਇੰਤਜਾਮ ਕਰ ਲਿਆ ਤਾਂ ਬੰਦਾ ਸਿੰਘ ਬਹਾਦਰ ਜੀ ਨੇ ਮੁਕਾਬਲੇ ਤੇ ਪੰਜਾਂ ਸਿੰਘਾਂ ਨੂੰ ਭੇਜਿਆ ਹੈ।

ਘਤ ਆਪਨ ਬਚਨਨ ਕੋ ਜੋਰੇ॥ ਆਪਣੇ ਬਚਨਾਂ ਦਾ ਜੋਰ (ਘਤ) ਪਾ ਕੇ, ਬਲ ਪਾ ਕੇ, ਜੋ ਜੋ ਬਚਨ ਕਹੇ ਸੀ ਰਾਜਿਆਂ ਨੂੰ ਉਹ ਕਰਨ ਵਾਸਤੇ, ਆਪਣੇ ਬਚਨਾਂ ਦਾ ਜੋਰ ਪਾ ਕੇ, ਮਹਾਂਬਲੀ ਬਣਾ ਕੇ ਅੱਗੇ ਤੋਰਿਆ ਹੈ।

ਉਨ ਪਾਂਚਨ ਕੇ ਨਾਮ ਸੁਨਾਊਂ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਮੈਂ ਉਹਨਾਂ ਪੰਜਾਂ ਸਿਦਕੀ ਸਿੰਘਾਂ ਦੇ ਨਾਮ ਸੁਣਾਉਂਦਾ ਹਾਂ, ਸੁਣੋ । ਜੋ ਖਾਲਸੇ ਪੰਥ ਵਿੱਚ ਰਹਿੰਦੇ ਸਨ, ਜੋ ਬੀਰਾਂ ਸਮਾਨ ਮਹਾਬਲੀ ਸਨ।

ਭਿੰਨ ਭਿੰਨ ਉਨ ਪੌਰਖ ਗਾਊਂ॥੯॥ (ਭਿੰਨ ਭਿੰਨ) ਵੱਖਰੇ ਵੱਖਰੇ ਉਨ੍ਹਾਂ ਸਿੰਘਾਂ ਦਾ ਮੈਂ (ਪੌਰਖ) ਬਲ, ਸ਼ਕਤੀ ਦਸਦਾ ਹਾਂ। ੯।

ਦੋਹਰਾ॥ ਬਾਘੜ ਸਿੰਘ, ਸਿੰਘ ਕੇਹਰੋ, ਸਿੰਘ ਰਣਜੀਤ, ਰਣਜੋਰ॥ (੧) ਭਾਈ ਬਾਘੜ ਸਿੰਘ ਜੀ (੨) ਭਾਈ ਕੇਹਰ ਸਿੰਘ ਜੀ (੩) ਭਾਈ ਰਣਜੀਤ ਸਿੰਘ ਜੀ (੪) ਤੇ ਭਾਈ ਰਣਜੋਰ ਸਿੰਘ ਜੀ।

ਬਜਰ ਸਿੰਘ ਪੰਚਮ ਸਦਜੋ, ਬਿਨ ਸਦਜੋ ਚੜਜੋ ਪੰਥ ਔਰ॥੧੦॥ ਪੰਜਵੇਂ ਸਿੰਘ ਭਾਈ ਬੱਜਰ ਸਿੰਘ ਜੀ ਨੂੰ ਬੁਲਾਇਆ ਹੈ ਬੰਦੇ ਬਹਾਦਰ ਨੇ ਆਪਣੇ ਕੋਲ, ਹੋਰ ਬਲੀ ਸਿੰਘ ਜਿਹੜੇ ਸਨ ਪੰਥ ਵਿੱਚ, ਉਹ ਵੀ ਬਿਨਾਂ ਸੱਦੇ ਤੋਂ ਆ ਗਏ ਹਨ ਜੱਥੇ ਬੰਨ੍ਹ ਕੇ, ਕਿ ਸਾਨੂੰ ਵੀ ਹੁਕਮ ਕਰੋ। ੧੦।

ਚੌਪਈ॥ ਪਾਂਚਨ ਕੋ ਸੱਦ ਯੌ ਬਰ ਦਯੋ॥ ਇਹਨਾਂ ਪੰਜਾਂ ਸਿੰਘਾਂ ਨੂੰ ਸੱਦ ਕੇ ਇਉਂ ਵਰਦਾਨ ਦਿੱਤਾ ਬੰਦਾ ਬਹਾਦਰ ਨੇ, ਲਉ ਖਾਲਸਾ ਜੀ! ਤੁਹਾਡੇ ਵਿਚ ਇਹ ਸ਼ਕਤੀਆਂ ਹੋਣਗੀਆਂ।

ਤੁਮ ਕੋ ਮੌਤ ਨ ਸ਼ਸਤ੍ਰਨ ਪਯੋ॥ ਕਿੰਨੇ ਹੀ ਸ਼ਸਤ੍ਰ ਚਲਾ ਲਵੇ ਦੁਸ਼ਮਣ, ਤੋਪਾਂ, ਗੋਲੀਆਂ, ਤੀਰ ਬਾਣ, ਤੁਹਾਨੂੰ ਸ਼ਸਤ੍ਰ ਨਾਲ

ਮੌਤ ਨਹੀਂ ਆਵੇਗੀ, ਤੁਹਾਨੂੰ ਸ਼ਸਤ੍ਰ ਲੱਗੇਗਾ ਹੀ ਕੋਈ ਨਹੀਂ।

ਤੁਮੈ ਅਮੋਘ ਬਾਣ ਹਮ ਦਯੋ॥ ਮੈਂ ਤੁਹਾਨੂੰ ਅਮੋਘ ਬਾਣ ਦਿੱਤਾ (ਅਮੋਘ ਬਾਣ) ਉਹ ਤੀਰ ਜਿਸਦੇ ਨਾਲ ਸੱਤੇ ਸੁੱਧਾਂ ਭੁਲ ਜਾਂਦੀਆਂ ਹਨ। ਬੰਦਾ ਬਹਾਦਰ ਕਹਿਣ ਲੱਗਾ ਮੈਂ ਤੁਹਾਨੂੰ ਅਮੋਘ ਬਾਣ ਦੀ ਸ਼ਕਤੀ ਦਿੱਤੀ ਜਿਸਦੇ ਅੱਗੇ ਕੋਈ ਠਹਿਰੇ ਹੀ ਨਾ, ਐਸਾ ਬਾਣ ਮੈਂ ਤੁਹਾਨੂੰ ਦਿੱਤਾ।

ਹੋਹਿ ਕਾਜ ਜੋ ਮਨ ਚਿਤ ਮਯੋ॥੧੧॥ ਇਹ ਜੋ ਅਮੋਘ ਬਾਣ ਹਨ ਇਹਨਾਂ ਨਾਲ ਉਹੋ ਕੁਛ ਹੋਵੇਗਾ ਜੋ ਤੁਸੀਂ ਮਨ ਵਿਚ ਕਰਨਾ ਚਾਹੁੰਦੇ ਹੋ। ਕਿਲ੍ਹਾ ਢਾਹੁਣਾ ਚਾਹੁੰਦੇ ਹੋ, ਦਰਵਾਜੇ ਇਕੋ ਬਾਣ ਨਾਲ ਪੁੱਟਣਾ ਚਾਹੁੰਦੇ ਹੋ। ਇੱਕ ਬਾਣ ਮਾਰਿਆਂ ਹਾਥੀ ਗਿਰ ਜਾਏ ਉਹੋ ਹੋ ਜਾਇਗਾ, ਜਾਓ, ਅਮੋਘ ਬਾਣ ਦਾ ਵਰ ਦੇ ਦਿੱਤਾ ਹੈ।

ਬਾਘਰ ਸਿੰਘ ਕੋ ਐਸ ਬਤਾਯੋ॥ ਬੰਦਾ ਸਿੰਘ ਜੀ ਨੇ ਭਾਈ ਬਾਘੜ ਸਿੰਘ ਨੂੰ ਏਉਂ ਕਿਹਾ ਹੈ।

ਰਸਤੈ ਫੌਜ ਲੜੈ ਉਸ ਘਾਯੋ॥ ਰਾਹ ਦੇ ਵਿੱਚ ਫੌਜ ਜੋ ਹੈ ਜੇ ਰਸਤਾ ਰੋਕਣ ਪਵੇ, ਉਹਨੂੰ ਮਾਰਨਾ ਹੈ, ਬਾਘੜ ਸਿੰਘ ਦੇ ਸਪੁਰਦ ਕਰ ਦਿੱਤੀ, ਕਿ ਤੂੰ ਬਾਣ ਮਾਰੀਂ ਫੌਜ ਸਾਰੀ ਉੱਡ ਜਾਇਗੀ।

ਕੇਹਰ ਸਿੰਘ ਕੋ ਦੈ ਹਸਤੀ ਸੌਂਪਾਇ॥ ਕੇਹਰ ਸਿੰਘ ਨੂੰ ਦੋ ਹਾਥੀ ਜਿਹੜੇ ਕਿਲ੍ਹੇ ਦੇ ਰਸਤੇ ਅੱਗੇ ਖੜੇ ਕੀਤੇ ਹਨ ਪਹਾੜੀਆਂ ਵਲੋਂ ਇਕੋ ਤੀਰ ਮਾਰ ਕੇ ਦੋਵੇਂ ਹਾਥੀ ਮਾਰਨੇ ਹਨ ਇਹ ਡਿਊਟੀ ਲੱਗੀ ਹੈ।

ਇਕੈ ਬਾਣ ਸੋਂ ਦਯੋ ਗਿਰਾਇ॥੧੨॥ ਇਕੋ ਬਾਣ ਮਾਰਨਾ ਹੈ ਦੋਵੇਂ ਹਾਥੀ ਡਿਗ ਪੈਣਗੇ, ਐਸਾ ਵਰਦਾਨ ਦਿੱਤਾ ਹੈ। ੧੨।

ਦੋਹਰਾ॥ ਰਣਜੋਰ ਸਿੰਘ ਰਣਜੀਤ ਸਿੰਘ, ਬਾਕੀ ਤਿਨ ਦਯੋ ਡਾਲ॥ ਭਾਈ ਰਣਜੋਰ ਸਿੰਘ, ਭਾਈ ਰਣਜੀਤ ਸਿੰਘ ਨੂੰ ਭਾਵ ਬਾਕੀ ਪੰਜ ਹਾਥੀ ਮਾਰਨੇ ਉਹਨਾਂ ਨੂੰ ਸੌਂਪੇ ਹਨ।

ਇਕ ਇਕ ਸਿੰਘ ਇਕ ਬਾਣ ਛਡਿ, ਦਿਖਾਓ ਅਦਭੁਤ ਖਜਾਲ॥੧੩॥ ਤੁਸੀਂ ਇਕੱਲੇ ੨ ਸਿੰਘ ਨੇ ਇੱਕ ਇੱਕ ਬਾਣ ਚਲਾਣਾ ਹੈ ਅਤੇ ਅਦਭੁਤ ਖਿਆਲ ਦਿਖਾਇਓ ਉਹਨਾਂ ਨੂੰ ਨਵੇਂ ਨਜ਼ਾਰੇ, ਅਸਚਰਜ ਕਲਾ ਪ੍ਰਗਟ ਹੋਣਗੀਆਂ, ਦੇਖੋਗੇ ਤੀਰ ਕੀ ਨਜ਼ਾਰੇ ਵਿਖਾਉਂਦੇ ਹਨ। ੧੩।

ਬਜਰ ਸਿੰਘ ਕੋ ਇਮ ਕਹਜੋ, ਤੂੰ ਇਮ ਬਾਣ ਚਲਾਓ॥ ਬੱਜਰ ਸਿੰਘ ਨੂੰ ਬੰਦਾ ਸਿੰਘ ਬਹਾਦਰ ਨੇ ਇਉਂ ਕਿਹਾ, ਤੂੰ ਜਦੋਂ ਕਿਲ੍ਹਾ ਨੇੜੇ ਆ ਜਾਵੇ ਤਾਂ ਤੂੰ ਇੱਕ ਤੀਰ ਚਲਾਈਂ।

ਤਖਤੈ ਚਾਰੋਂ ਚੂਲ ਸੋਂ, ਇੱਕ ਹੀ ਚੋਟ ਤੁੜਾਓ॥੧੪॥ ਤੀਰ ਦੀ ਇਕੋ ਚੋਟ ਨਾਲ ਜੋ ਕਿਲ੍ਹੇ ਦਾ ਵੱਡਾ ਦਰਵਾਜਾ ਹੈ ਉਹ ਚਾਰੇ ਚੂਲਿਆਂ ਤੋਂ ਤੋੜ ਕੇ ਗਿਰਵਾ ਦੇਣਾ। ਇਕੋ ਤੀਰ ਨਾਲ ਦਰਵਾਜੇ ਦੇ ਚਾਰੇ ਚੂਲੇ ਤੋੜ ਕੇ, ਦਰਵਾਜਾ ਤੋੜ ਕੇ ਸੁੱਟ ਦੇਣਾ ਹੈ। ੧੪।

ਚੌਪਈ॥ ਤਉ ਸਿੰਘ ਉਠਿ ਪੰਚ ਸਿਧਾਰੇ॥ ਪੰਜ ਸਿੰਘ ਬੰਦੇ ਬਹਾਦਰ ਦੀ ਆਗਿਆ ਨਾਲ, ਕਹਿਲੂਰ ਦੇ ਕਿਲ੍ਹੇ ਨੂੰ ਫਤ੍ਹੇ ਕਰਨ ਵਾਸਤੇ ਤੁਰ ਪਏ ਹਨ।

ਭਈ ਖਬਰ ਯੌਂ ਪੰਥ ਮਧ ਸਾਰੇ॥ ਇਉਂ ਸਾਰੇ ਪੰਥ ਵਿੱਚ ਖਬਰ ਹੋ ਗਈ ਹੈ ਕਿ ਬੰਦਾ ਬਹਾਦਰ ਨੇ ਪੰਜਾਂ ਸਿੰਘ ਤੋਂ ਹੀ ਕਹਿਲੂਰ ਦਾ ਕਿਲ੍ਹਾ ਫਤ੍ਹੇ ਕਰਨ ਵਾਸਤੇ ਵਰ ਦਾਨ ਦੇ ਦਿੱਤਾ ਹੈ।

ਸ਼ੋਰਮਿਸ਼ੋਰਾ ਉਠ ਸਬਹਨ ਕੀਓ॥ ਜਦੋਂ ਸਿੰਘਾਂ ਨੂੰ ਪਤਾ ਲੱਗਾ ਹੈ ਕਿਉਂ ਇਹ ਕੀ ਹੋਣ ਲੱਗਿਆ ਹੈ ਇਹ ਪਹਾੜ ਪੰਜੇ ਹੀ ਫਤ੍ਹੇ ਕਰ ਲੈਣਗੇ, ਪੰਜਾਂ ਨੂੰ ਹੀ ਹੁਕਮ ਦੇ ਦਿੱਤਾ ਹੈ, ਹੋਰ ਅਸੀਂ ਸਾਰੇ ਬੈਠੇ ਹਾਂ, ਸਾਨੂੰ ਕਿਉਂ ਨਹੀਂ ਹੁਕਮ ਕੀਤਾ, ਇਉਂ ਆਪਸ ਵਿੱਚ ਸਭ ਨੇ (ਸ਼ੋਰਮਿਸ਼ੋਰਾ) ਰੌਲਾ ਰੱਪਾ ਕੀਤਾ ਹੈ।

ਪੰਥ ਬੰਦੈ ਅੱਗੋ ਆ ਕਹਿਓ॥੧੫॥ ਪੰਥ ਖਾਲਸਾ ਕਮਰ ਕਸੇ ਲਾ ਕੇ ਇਕੱਠਾ ਹੋ ਕੇ ਆ ਗਿਆ ਹੈ, ਬੰਦੇ ਬਹਾਦਰ ਨੂੰ ਅੱਗੋਂ ਸਿੰਘ ਇਉਂ ਕਹਿਣ ਲੱਗੇ।

ਲਰਨ ਮਰਨ ਠੌਰ ਹਮ ਪਲਚਾਯੋ॥ ਹੇ ਸਿੰਘ ਜੀ! ਜਿਥੇ ਲੜਨ ਮਰਨ ਦੀ ਥਾਂ ਸੀ ਸਰਹੰਦ ਵਿੱਚ ਉਥੇ ਤਾਂ ਸਾਨੂੰ ਅੱਗੇ (ਪਲਚਾਯੋ) ਡਾਹ ਦਿੱਤਾ ਹੈ, ਮਾਰੋ ਅੱਗੋਂ ਸਿੰਘੋ ! ਤਕੜੇ ਹੋ ਕੇ ਬਸ ਥੋੜਾ ਚਿਰ ਹੋਰ ਲੜੋ, ਸਾਨੂੰ ਅੱਗੇ ਡਾਹਿਆ ਸੀ ਮੌਤ ਦੇ, ਤੇ ਹੁਣ ਕੀ ਕਰਨ ਲੱਗੇ ਹੋ ?

ਫਤੈ ਓਰ ਅਬ ਉਨੈ ਤੁਰਾਯੋ॥ ਹੁਣ ਸਾਰੇ ਪਹਾੜ ਦੀ ਫਤ੍ਹੇ ਲੈਣੀ ਹੈ ਅਖੀਰਲਾ ਜੰਗ ਹੈ, ਹੁਣ ਪੰਜਾਂ ਸਿੰਘਾਂ ਨੂੰ ਹੀ ਹੁਕਮ ਲਾ ਕੇ ਤੋਰ ਦਿੱਤਾ ਹੈ, ਤੁਸੀਂ ਪੰਜੇ ਫਤ੍ਹੇ ਲਉ, ਸਾਨੂੰ ਕੀ ਹੋ ਗਿਆ ਹੈ ? ਸਾਡਾ ਬਲ ਨਹੀਂ ਰਿਹਾ ਕੀ ਅਸੀਂ ਲੜਨ ਜੋਗੇ ਨਹੀਂ ਰਹਿ ਗਏ।

ਹਮ ਕੌ ਕਿਮ ਅਬ ਕੀਯੋ ਨਕਾਰੇ॥ ਸਾਨੂੰ ਕਿਉਂ ਨਕਾਰਾ ਬਣਾ ਛੱਡਿਆ ਹੈ, ਸਾਨੂੰ ਕਿਉਂ ਨਹੀਂ ਹੁਕਮ ਕੀਤਾ ਲੜਨ ਦਾ।

ਹਮ ਭੀ ਜਾਵੈਂ ਉਨ ਹੀ ਨਾਰੇ॥ ੧੬॥ ਅਸੀਂ ਤਾਂ ਆਪ ਉਹਨਾਂ ਪੰਜਾਂ ਸਿੰਘਾਂ ਦੇ ਨਾਲ ਹੀ ਜਾਵਾਂਗੇ , ਅਸੀਂ ਵੀ ਜਾ ਕੇ ਲੜਾਂਗੇ ਓਥੇ। ੧੬।

ਮਗਰੇ ਪੰਥ ਹੱਲਾ ਕਰ ਦਿਯੋ॥ ਪੰਜ ਸਿੰਘ ਤਾਂ ਪਹਿਲਾਂ ਹੀ ਤੋਰ ਦਿੱਤੇ ਸਨ ਉਹਨਾਂ ਦੇ ਮਗਰੇ ਪੰਥ ਨੇ ਭੀ ਹੱਲਾ ਕਰ ਦਿੱਤਾ ਹੈ, ਕੂਚ ਕਰ ਦਿੱਤਾ ਹੈ ਕਿਲ੍ਹੇ ਨੂੰ।

ਹਲਾ ਹਲਾ ਕਰ ਪੰਥ ਚੜ੍ਹ ਗਯੋ॥ ਮਾਰੋ ਹੱਲਾ ਸਿੰਘੋ ਮਾਰੋ ਹੱਲਾ, ਇਉਂ ਸਾਰਾ ਪੰਥ ਚੜ੍ਹ ਪਿਆ ਹੈ।

ਪ੍ਰਥਮ ਪੰਜੇ ਸਿੰਘ ਪਹੁੰਚੇ ਜਾਇ॥ ਪਹਿਲਾਂ ਉਹ ਪੰਜ ਸਿੰਘ ਜਿਨ੍ਹਾਂ ਨੂੰ ਬੰਦੇ ਬਹਾਦਰ ਨੇ ਤੋਰਿਆ ਸੀ, ਉਹ ਪਹੁੰਚ ਗਏ ਹਨ।

ਰਸਤੇਦਾਰ ਸੋ ਰਹੇ ਦੜਾਇ॥ ਰਸਤੇ ਵਿੱਚ ਜਿਹੜੀ ਫੌਜ ਬੈਠੀ ਸੀ ਸਿੰਘਾਂ ਨੂੰ ਰੋਕਣ ਵਾਸਤੇ, ਕਿ ਜਦੋਂ ਸਿੰਘ ਆਉਣ ਤਾਂ ਉਹਨਾਂ ਤੇ ਗੋਲੀ ਚਲਾਉਣੀ ਹੈ । ਜਦੋਂ ਪੰਜੇ ਸਿੰਘ ਰਾਹ ਲੰਘੇ ਜਾ ਰਹੇ ਨੇ, ਫੌਜ ਵਾਲੇ ਦੜ ਵਟ ਰਹੇ, ਭਾਵ ਸਿੰਘਾਂ ਨੂੰ ਉਨ੍ਹਾਂ ਨੇ ਨਾ ਰੋਕਿਆ।

ਕਹੈਂ ਜਾਂਦੀ ਕਿਮ ਗਲ ਪਾਵੈਂ ਬਲਾਇ॥੧੭॥ ਫੌਜ ਵਾਲੇ ਆਪਸ ਵਿੱਚ ਇਉਂ ਕਹਿੰਦੇ ਕਿ ਤੁਰੀ ਜਾਂਦੀ ਬਲਾਅ ਆਪਣੇ ਗਲ ਕਿਉਂ ਪਾ ਲਈਏ, ਲੰਘ ਜਾਣ ਦਿਉ ਇਹਨਾਂ ਨੂੰ ਅਗਾਂਹ, ਆਪਾਂ ਨਾ ਛੇੜੋ, ਮਾਰ ਜਾਣਗੇ ਸਾਨੂੰ ਵੀ, ਇਉਂ ਜਿੰਨੀ ਪਹਾੜ ਦੀ ਸਿਪਾਹ ਸੀ ਸਾਰੀ ਦਬੜੂ ਘੁਸੜੂ ਹੋ ਗਈ , ਓਥੇ ਹੀ ਛਈ ਮਈ ਹੋ ਗਈ ਚੁੱਪ ਕਰ ਗਏ। ੧੭।

ਦੋਹਰਾ॥ ਕੇਹਰ ਸਿੰਘ ਆਗੈ ਟੁਰਜੋ, ਔਰ ਸਿੰਘ ਦੁਇ ਸਾਥ॥ ਕੇਹਰ ਸਿੰਘ ਦੋ ਸਿੰਘਾਂ ਨੂੰ ਨਾਲ ਲੈ ਕੇ ਅੱਗੇ ਤੁਰਿਆ ਹੈ।

ਇਕ ਇਕ ਤੀਰ ਤੀਛਨ ਛਡੇ, ਭੰਨੇ ਸਤ ਫੀਲਨ ਮਾਥ॥੧੮॥ ਇੱਕ ਇੱਕ ਤਿੱਖਾ ਤੀਰ ਉਹਨਾਂ ਨੇ ਮਾਰਿਆ ਜਦੋਂ, ਉਨ੍ਹਾਂ ਸੱਤਾਂ ਹਾਥੀਆਂ ਦੇ ਮੱਥੇ ਭੰਨ ਸੁੱਟੇ ਅਤੇ ਹਾਥੀ ਮਾਰ ਘੱਤੇ। ੧੮।

ਚੌਪਈ॥ ਬਜਰ ਸਿੰਘ ਤਉ ਅਗੈ ਸਿਧਾਯੋ॥ ਤਦੋਂ ਭਾਈ ਬੱਜਰ ਸਿੰਘ ਜੀ ਅੱਗੇ ਵਧੇ ਹਨ ਕਿਲ੍ਹੇ ਵਲ ਨੂੰ।

ਇਕੈ ਬਾਨ ਦੇ ਕਪਾਟ ਮਿਠਾਯੋ॥ ਓਸਨੇ ਇਕੋ ਤੀਰ ਮਾਰ ਕੇ ਕਿਲ੍ਹੇ ਦਾ (ਕਪਾਟ) ਦਰਵਾਜਾ ਭੰਨ ਕੇ ਡੇਗ ਦਿੱਤਾ ਹੈ।

ਚਾਰੋਂ ਚੂਲਜੋਂ ਤੋੜ ਸੁ ਗਯੋ॥ ਦਰਵਾਜੇ ਦੇ ਚਾਰੇ ਚੂਲੇ ਤੋੜ ਕੇ ਅੰਦਰ ਵੱਲ ਨੂੰ ਸੁੱਟ ਦਿੱਤਾ ਹੈ।

ਗੜ੍ਹੀ ਮੱਧ ਥਰਥੱਲੇ ਪਯੋ॥੧੯॥ ਜਦੋਂ ਦਰਵਾਜਾ ਡਿੱਗ ਪਿਆ, ਜਿਹਦੇ ਆਸਰੇ ਤੇ ਖੜੇ ਸਨ ਅੰਦਰ, ਥਰਥੱਲਾ ਪੈ ਗਿਆ ਅੰਦਰ, ਸਾਰੇ ਡਰੇ ਪਏ ਸਨ ਉਹ ਕਿ ਬੰਦਾ ਬਹਾਦਰ ਛੱਡੇ ਕਿ ਨਾ ਛੱਡੇ। ੧੯।

ਤੌ ਲੌ ਦਲ ਖਾਲਸੈ ਕੌ ਆਯੋ॥ ਇਤਨੇ ਨੂੰ ਖਾਲਸੇ ਦਾ ਦਲ ਆ ਗਿਆ ਹੈ ਪਿਛੋਂ ਫੌਜ ਆ ਅਪੜੀ ਹੈ।

ਜੋ ਉਨ ਲਭਜੋ ਸੁ ਕੱਟ ਗਿਰਾਯੋ॥ ਖਾਲਸਾ ਵਿੱਚ ਵੜ ਗਿਆ ਕਿਲ੍ਹੇ ਦੇ ਮਾਰ ਕੇ ਹੱਲਾ, ਫੜ ਲੌ ਫੜ ਲੌ ਹੋ ਗਈ, ਜਿਹੜਾ ਕੋਈ ਪਹਾੜੀਆ ਖਾਲਸੇ ਨੂੰ ਲੱਭਿਆ ਉਸ ਨੂੰ ਵੱਢ ਸੁੱਟਿਆ ਹੈ।

ਦੇਖ ਭਜਤ ਤਿਨ ਲੀਨੇ ਘੇਰ॥ ਸਿੰਘਾਂ ਨੂੰ ਦੇਖ ਕੇ ਜਦੋਂ ਭੱਜਣ ਲੱਗੇ, ਤਾਂ ਖਾਲਸੇ ਨੇ ਘੇਰ ਲਏ ਹਨ ਉਹ।

ਜਿਉਂ ਹੁਤੇ ਮਹਰਮ ਸਿੰਘ ਸਰਸੇ ਬੇਰ॥੨੦॥ ਜਿਹੜੇ ਸਿੰਘਾਂ ਨੇ ਸਰਸਾ ਨਦੀ ਦਾ ਜੰਗ ਲੜਿਆ ਸੀ, ਸਤਿਗੁਰਾਂ ਦੇ ਸਮੇਂ ਵਿਚ ਉਹ ਸਾਰੇ ਇਹਨਾਂ ਪਹਾੜੀਆਂ ਦੇ (ਮਹਰਮ) ਭੇਤੀ ਸਨ ਇਹਨਾਂ ਸਾਰਿਆਂ ਰਾਜਿਆਂ ਨੂੰ ਉਹ ਜਾਣਦੇ ਸਨ, ਨਾਗਲੂ ਮਝਲੂ ਸਾਰਿਆਂ ਨੂੰ ਸਿੰਘ ਘੇਰਾ ਪਾ ਕੇ ਖੜ੍ਹੇ ਹੋ ਗਏ। ੨੦।

ਦੋਹਰਾ॥ ਤਿਉਂ ਸਿੰਘਨ ਸ਼ਮਸ਼ੇਰ ਫੜ, ਕੱਟ ਦੋ ਧਰ ਕਰ ਦੀਨ॥ ਓਵੇਂ ਹੀ ਸਿੰਘਾਂ ਆਪੋ ਆਪਣੀਆਂ (ਸ਼ਮਸ਼ੇਰ) ਸ਼ਮਸ਼ੀਰਾਂ, ਤਲਵਾਰਾਂ ਫੜ ਕੇ ਝਟਕ ਕੇ ਦੋ ਦੋ ਧੜ ਕਰ ਦਿਤੇ ਹਨ, ਦੋ ਫਾੜ ਕਰ ਦਿੱਤੇ ਪਹਾੜੀਏ। ਇਉਂ ਝਟਕਾ ਝਟਕਾ ਸੁੱਟਣ ਲੱਗੇ ਹਨ।

ਔਰਨ ਕੇ ਹਥ ਜੋ ਲਭੇ, ਜਾਨ ਛੋਡ ਲਏ ਛੀਨ॥੨੧॥ ਜਿਹੜੇ ਪਹਾੜੀਏ ਖਾਲਸੇ ਦੇ ਅੱਗੇ ਹੱਥ ਜੋੜਕੇ ਖਲੋ ਗਏ ਹਨ, ਜਿਹੜੇ ਕਹਿੰਦੇ ਹਨ, ਮੁਆਫੀ ਦਿਉ ਸਾਨੂੰ, ਖਾਲਸਾ ਜੀ! ਮੁਆਫੀ ਦਿਉ ਸਾਨੂੰ ਉਹਨਾਂ ਦੇ ਘੋੜੇ ਅਤੇ ਸ਼ਸਤ੍ਰ ਵਸਤ੍ਰ ਖੋਹ ਲਏ ਹਨ, ਅਤੇ ਉਹਨਾਂ ਦੀ ਜਾਨ ਬਖਸ਼ੀ ਕਰ ਦਿੱਤੀ! ਕਿਉਂਕਿ ਹੁਕਮ ਸੀ ਸਤਿਗੁਰਾਂ ਦਾ ਕਿ ਭੱਜੇ ਜਾਂਦੇ ਨੂੰ ਨਹੀਂ ਮਾਰਨਾ, ਕਿਸੇ ਦੇ ਮਗਰ ਨਹੀਂ ਪੈਣਾ। ਬੰਦੇ ਬਹਾਦਰ ਨੇ ਵੀ ਕਿਹਾ ਸੀ ਕਿਸੇ ਇਸਤ੍ਰੀ ਦੇ ਗਹਿਣੇ ਕੱਪੜੇ ਨਹੀਂ ਲਾਹੁਣੇ, ਕਿਸੇ ਮਰਦ ਦੇ ਸਿਰ ਤੋਂ ਪੱਗ ਨਹੀਂ ਲਾਹੁਣੀ। ਇਹ ਖਾਲਸੇ ਦਾ ਧਰਮ ਹੈ। ੨੧।

ਚੌਪਈ॥ ਤੌ ਬੰਦੌ ਜੀ ਗੈਲ ਚਢ ਆਯੌ॥ ਹੁਣ ਜਦੋਂ ਕਿਲ੍ਹਾ ਫੜ੍ਹੇ ਹੋ ਗਿਆ, ਅਤੇ ਸਿਪਾਹ ਫੌਜ ਸਭ ਮਾਰ ਕੇ ਭਜਾ ਦਿੱਤੀ ਹੈ, ਹੁਣ ਬੰਦਾ ਬਹਾਦਰ ਵੀ (ਗੈਲ) ਪਿਛੇ ਚੜ੍ਹ ਕੇ ਆ ਗਿਆ ਹੈ।

ਰਾਜਾ ਨਠੇ ਦੇਖ ਦਲ ਗੈਲੌ ਖੜਾਯੌ॥ ਜਦੋਂ ਰਾਜਿਆਂ ਨੂੰ ਨਠਦਿਆਂ ਨੂੰ ਵੇਖਿਆ ਤਾਂ ਬੰਦੇ ਬਹਾਦਰ ਨੇ ਖਾਲਸਾ ਦਲ ਪਿਛੇ ਹੀ ਖੜ੍ਹਾ ਕਰ ਲਿਆ ਹੈ, ਜਾਣ ਦਿਉ ਖਾਲਸਾ ਜੀ! ਕਿਸੇ ਨੂੰ ਕੁਛ ਨਹੀਂ ਕਹਿਣਾ ਹੈ, ਨੱਠ ਜਾਣ ਦਿਉ ਇਹਨਾਂ ਸਾਰਿਆਂ ਪਾਜੀਆਂ ਨੂੰ।

ਨਠੌ ਗੈਲ ਕਹਜੌ ਪੜਨੌ ਨਾਂਹਿ॥ ਅਤੇ ਹੁਕਮ ਕਰ ਦਿਤਾ ਬੰਦੇ ਬਹਾਦਰ ਨੇ ਕਿ ਜਿਹੜਾ ਭੱਜ ਜਾਵੇ ਉਹਦੇ ਮਗਰ ਨਹੀਂ ਪੈਣਾ, ਉਹਦੇ ਪਿਛੇ ਦੌੜ ਕੇ ਮਾਰਨਾ ਨਹੀਂ ਹੈ।

ਮਾਰੇ ਤੇਰਾਂ ਸੈ ਕਲੂਰੀਏ ਤਾਂਹਿ॥੨੨॥ ਇਸ ਤਰ੍ਹਾਂ ਜਿਹੜੇ ਤੇਰਾਂ ਸੌ ਚੀਏਂ ਮੀਏਂ ਕਹਿਲੂਰ ਦੇ ਕਿਲ੍ਹੇ ਵਿੱਚ ਆਕੀ ਹੋਏ ਸਨ, ਉਹ ਸਾਰੇ ਖਾਲਸੇ ਦੀ ਤੇਗ ਦੀ ਭੇਟ ਹੋ ਗਏ, ਮਾਰੇ ਗਏ ਹਨ। ੨੨।

ਖਾਤੇ ਤੇਰਾਂ ਤਹੀਂ ਪੁਟਾਇ॥ ਉਹਨਾਂ ਪਹਾੜੀਆਂ ਦੀਆਂ ਲੋਥਾਂ ਨੂੰ ਦੱਬਣ ਵਾਸਤੇ ਤੇਰਾਂ (ਖਾਤੇ) ਟੋਏ ਪੁਟਾਏ ਵੱਡੇ ਵੱਡੇ।

ਸੌ ਸੌ ਗਿਨ ਕੈ ਦਏ ਦਬਾਇ॥ ਇੱਕ ਇੱਕ ਟੋਏ ਵਿੱਚ ਸੌ ਸੌ ਗਿਣ ਕੇ ਦਬਾ ਦਿੱਤੇ ਹਨ, ਇਉਂ ਟੋਏ ਭਰ ਦਿੱਤੇ ਹਨ ਲੋਥਾਂ ਦੇ ਨਾਲ।

ਤਬ ਬਿਲਾਸਪੁਰੇ ਵਲ ਬੰਦਾ ਧਾਯੌ॥ ਕਹਿਲੂਰ ਰਿਆਸਤ ਨੂੰ ਮਾਰ ਕੇ ਹੁਣ ਬੰਦਾ ਬਹਾਦਰ ਨੇ ਬਿਲਾਸਪੁਰ ਤੇ ਹੱਲਾ ਕੀਤਾ ਹੈ, ਜਿਥੇ ਅਜਕਲ੍ਹ ਭਾਖੜਾ ਡੈਮ ਬਣਿਆ ਹੈ। ਇਸ ਡੈਮ ਦਾ ਪਾਣੀ ਬਿਲਾਸਪੁਰ ਨਾਲ ਜਾ ਲੱਗਿਆ ਹੈ, ਓਥੇ ਜਾ ਵੜਿਆ ਹੈ ਹੱਲਾ ਬੋਲ ਕੇ।

ਮਾਰ ਲੂਟ ਤਉ ਫੂਕ ਗਿਰਾਯੌ॥੨੩॥ ਲੁੱਟ ਮਾਰ ਕਰਕੇ ਇਹਨਾਂ ਦੀਆਂ ਮਹਿਲ ਮਾੜੀਆਂ ਸਭ ਫੂਕ ਕੇ ਨਸ਼ਟ ਕਰ ਦਿੱਤੀਆਂ ਹਨ। ੨੩।

ਸਪਤ ਧਾਰ ਮਧ ਪਰ ਗਈ ਧਾਂਕ॥ ਜਦੋਂ ਕਹਿਲੂਰੀਆਂ ਦਾ ਤੇ ਬਿਲਾਸਪੁਰੀਆਂ ਦਾ ਇਹ ਹਾਲ ਦੇਖਿਆ ਹੈ ਅੱਗੇ ਸੱਤੇ ਧਾਰਾਂ ਹਨ, ਕੋਈ ਕਾਲੀ ਧਾਰ ਹੈ, ਕੋਈ ਪੀਲੀ ਧਾਰ ਹੈ, ਕੋਈ ਧੌਲੀ ਧਾਰ ਹੈ, ਇਉਂ ਪਹਾੜਾਂ ਦੀਆਂ ਲਾਈਨਾਂ ਬੱਝੀਆਂ ਸਨ ਇਨ੍ਹਾਂ ਸੱਤਾਂ ਧਾਰਾਂ ਵਿੱਚ ਧਾਂਕ ਪੈ ਗਈ ਹੈ ਬੰਦੇ ਬਹਾਦਰ ਦੀ। ਸਭ ਦੇ ਡਰ ਪੈ ਗਿਆ ਹੈ ਮਨ ਦੇ ਵਿੱਚ ਕਿ ਹੁਣ ਸਾਡੀ ਕੀ ਹਾਲਤ ਹੋਵੇਗੀ।

ਸਭਨ ਮਿਲਨ ਕਹਿ ਘੱਲਜੌ ਵਾਕ॥ ਸੱਤਾਂ ਧਾਰਾਂ ਦਿਆਂ ਰਾਜਿਆਂ ਨੇ ਬੰਦੇ ਬਹਾਦਰ ਪਾਸ ਆਪੋ ਆਪਣੇ ਵਕੀਲ ਘੱਲੇ

ਹਨ ਇਹ ਕਹਿਕੇ ਕਿ ਅਸੀਂ ਤੁਹਾਡੀ ਸ਼ਰਨ ਆਉਣਾ ਚਾਹੁੰਦੇ ਹਾਂ, ਸਾਨੂੰ ਮਿਲਾ ਲੈ, ਜੋ ਤੁਹਾਡੀਆਂ ਸ਼ਰਤਾਂ ਹੋਣਗੀਆਂ ਅਸੀਂ ਪ੍ਰਵਾਣ ਕਰਾਂਗੇ । ਅਸੀਂ ਤੁਹਾਡੇ ਕੋਲੋਂ ਆਕੀ ਨਹੀਂ ਹੁੰਦੇ।

ਹਮ ਤੌ ਹੁਤੇ ਘਰ ਸਿਖ ਗੁਰ ਕੇਰੇ॥ ਅਤੇ ਬੇਨਤੀਆਂ ਕਰਦੇ ਹਨ, ਕਿ ਮਹਾਰਾਜ! ਅਸੀਂ ਤਾਂ ਗੁਰੂ ਘਰ ਦੇ ਸਿੱਖ ਹੁੰਦੇ ਸਾਂ ਅਸੀਂ ਤਾਂ ਗੁਰੂ ਸਾਹਿਬ ਜੀ ਨੂੰ ਮੰਨਦੇ ਸਾਂ ਪੂਜਦੇ ਸਾਂ, ਇਸ ਤਰ੍ਹਾਂ ਬਚਨ ਕਹਿੰਦੇ ਹਨ।

ਹੁਤੇ ਕੀਏ ਗੁਰ ਕਹਲੂਰੀਅਨ ਭੇਰੇ॥੨੪॥ ਕਹਿਲੂਰੀਆਂ ਨੇ ਹੀ ਗੁਰੂ ਸਾਹਿਬ ਜੀ ਨਾਲ (ਭੇਰੇ) ਭੇੜ, ਯੁਧ ਕੀਤੇ ਸਨ, ਇਹਨਾਂ ਨੇ ਗੁਰੂ ਸਾਹਿਬ ਜੀ ਨਾਲ ਲੜਾਈਆਂ ਕੀਤੀਆਂ ਸਨ। ਸਾਡਾ ਕੋਈ ਕਸੂਰ ਨਹੀਂ, ਅਸੀਂ ਬਿਲਕੁਲ ਹੀ ਨਹੀਂ ਲੜੇ, ਅਸੀਂ ਤਾਂ ਗੁਰੂ ਸਾਹਿਬ ਜੀ ਦੇ ਆਗਿਆਕਾਰ ਸਾਂ, ਇਉਂ ਡਰਦੇ ਬੇਨਤੀਆਂ ਕਰਦੇ ਨੇ। ੨੪।

ਇਮ ਕਹਿਕੇ ਸਭ ਹੀ ਮਿਲ ਪਏ॥ ਇਸ ਤਰ੍ਹਾਂ ਕਹਿ ਕਹਿ ਕੇ ਬਹਾਨਾ ਬਣਾ ਕੇ ਸਾਰੇ ਹੀ ਬੰਦਾ ਬਹਾਦਰ ਨੂੰ ਆ ਮਿਲੇ ਹਨ ਅਤੇ ਰਈਅਤ ਬਣ ਗਏ ਹਨ, ਬੰਦੇ ਬਹਾਦਰ ਦੀ।

ਟਕੇ ਪਤਸ਼ਾਹੀ ਸਭ ਭੇਜਤ ਭਏ॥ ਅਤੇ ਜੋ ਪਾਤਸ਼ਾਹੀ ਟਕਾ ਮਾਮਲਾ ਦਿੱਲੀ ਨੂੰ ਭੇਜਦੇ ਸਨ, ਉਹ ਸਾਰੇ ਦਾ ਸਾਰਾ ਖਜ਼ਾਨਾ ਭੇਜ ਦਿੱਤਾ ਬੰਦੇ ਬਹਾਦਰ ਨੂੰ ਵਕੀਲਾਂ ਰਾਹੀਂ।

ਹੋਇ ਸਿੱਖ ਜੋ ਪੈਸਾ ਦੇਇ॥ ਜਿਹੜਾ ਬੰਦੇ ਬਹਾਦਰ ਦਾ ਸਿਖ ਹੋ ਕੇ ਸ਼ਾਹੀ ਟਕਾ ਹਾਜ਼ਰ ਕਰ ਦੇਵੇ।

ਬੰਦੇ ਤੇ ਵਹਿ ਮੁਹਰਾਂ ਲੇਇ॥੨੫॥ *ਬੰਦਾ ਬਹਾਦਰ ਖੁਸ਼ ਹੋ ਕੇ ਉਹਨਾਂ ਨੂੰ ਸੋਨੇ ਦੀਆਂ ਮੋਹਰਾਂ ਦੀਆਂ ਮੁੱਠੀਆਂ ਭਰ ਭਰ ਕੇ ਦਿੰਦਾ ਹੈ । ਇਹ ਤਾਂ ਛਿਆਨੀ ਭਰਾਉਂਦਾ ਹੈ, ਲੋੜ ਕੋਈ ਨਹੀਂ ਹੈ ਕਿਸੇ ਚੀਜ ਦੀ, ਇਹਦੇ ਕੋਲ ਪਾਰਸ ਵੀ ਹੈ ਰਸਾਇਣਾਂ ਹਨ ਸਾਰਾ ਕੁਝ ਹੈ। ਪਰ ਉਹਨਾਂ ਨੂੰ ਖੁਸ਼ ਕਰ ਦਿੰਦਾ ਹੈ ਰਈਅਤ ਬਣਾ ਕੇ। ੨੫।

ਦੁੱਧ ਸੁਖੇ ਤਿਸ ਮਿਲੈ ਸੁ ਦੁੱਧ॥ ਜਿਹੜਾ ਕੋਈ ਦੁੱਧ ਦੀ ਸੁੱਖਣਾ ਸੁਖਦਾ ਹੈ, ਉਹਨਾਂ ਨੂੰ ਦੁੱਧ ਦੀ ਬਖਸ਼ਸ਼ ਕਰ ਦਿੰਦਾ ਹੈ।

ਪੁਤ ਮੰਗੈ ਪੁਤ ਆਵੈ ਸੁੱਧ॥ ਜੇ ਕੋਈ ਪੁੱਤਰ ਦੀ ਮੰਗ ਕਰਦਾ ਹੈ ਤਾਂ ਬੜਾ ਸਿਆਣਾ ਪੜ੍ਹਿਆ ਲਿਖਿਆ ਪੁੱਤਰ ਪੈਦਾ ਹੁੰਦਾ ਹੈ।

ਦੁਖੀਏ ਦੁਖ ਹੋਵੈ ਤਿਸ ਦੂਰ॥ ਕਿਸੇ ਦੁਖੀਏ ਨੇ ਕੋਈ ਸੁਖਣਾ ਸੁੱਖੀ ਹੈ, ਉਹਦਾ ਸਾਰਾ ਦੁੱਖ ਦੂਰ ਕਰ ਦਿੰਦਾ ਹੈ।

ਧਨ ਮਾਂਗੈ ਘਰ ਹੁਇ ਭਰਪੂਰ॥੨੬॥ ਜੇ ਕੋਈ ਧਨ ਮੰਗਦਾ ਹੈ, ਉਹਦਾ ਘਰ ਭਰਪੂਰ ਕਰ ਦਿੰਦਾ ਹੈ, ਖਜ਼ਾਨੇ ਭਰ ਦਿੰਦਾ ਹੈ ਧਨ ਦੇ ਨਾਲ। ੨੬।

ਸਿਖ ਪੰਜਨ ਤੇ ਅਰਦਾਸ ਕਰਾਵੈ॥ ਉਦੋਂ ਕਹਿ ਦਿੰਦਾ ਖਾਲਸੇ ਨੂੰ, ਅਰਦਾਸ ਕਰੋ ਖਾਲਸਾ ਜੀ। ਇਸ ਸਿਖ ਦਾ ਕਾਰਜ ਰਾਸ ਹੋ ਜਾਏ, ਇਸ ਗਰੀਬ ਦਾ ਭਲਾ ਹੋ ਜਾਏ। ਪੰਜਾਂ ਸਿੰਘਾਂ ਤੋਂ ਅਰਦਾਸ ਕਰਵਾਉਂਦਾ ਹੈ।

ਜੋਊ ਮਾਂਗੈ ਸੋਊ ਦਿਵਾਵੈ॥ ਜਿਹੜੀ ਵੀ ਕੋਈ ਮੰਗ ਕਰਦਾ ਹੈ, ਉਹੀ ਕੁਛ ਦਿਵਾਉਂਦਾ ਹੈ ਅਕਾਲ ਪੁਰਖ ਤੋਂ।

ਦੇਵ ਭੂਤ ਮੁਖ ਦੇਖੈ ਜਾਇ॥ ਦੇਵ ਤੇ ਭੂਤ ਆਦਿਕ ਜਿਹੜੀਆਂ ਦੂਜੀਆਂ ਟੇਢੀਆਂ ਜੂਨਾਂ ਹਨ, ਇਹ ਤਾਂ ਸਿੰਘਾਂ ਦਾ ਮੁਖ ਦੇਖਕੇ ਹੀ ਦਰਸ਼ਨ ਕਰਕੇ ਭੱਜ ਜਾਂਦੇ ਹਨ।

ਰਹੈ ਨਹੀਂ ਜੋ ਹੋਵੈ ਬਲਾਇ॥੨੭॥ ਕਿੱਡੀ ਕੋਈ ਭੈੜੀ ਬਲਾ ਹੋਵੇ ਕਿਸੇ ਵਿੱਚ ਖਾਲਸੇ ਦਾ ਦਰਸ਼ਨ ਕਰਕੇ ਹੀ ਉੱਡ ਜਾਂਦੀ ਹੈ। ਕੋਈ ਨੇੜੇ ਨਹੀਂ ਰਹਿ ਸਕਦੀ। ਪਰ ਖਾਲਸਾ ਚਾਹੀਦਾ ਹੈ ਤਿਆਰ ਬਰ ਤਿਆਰ ਖਾਲਸਾ। ੨੭।

ਸਿਧ ਪਰਬਤੀ ਰਹੇ ਸਿਧ ਲਾਇ॥ ਜੋ ਪਰਬਤਾਂ ਵਿੱਚ ਸਿੱਧ ਲੋਕ ਰਹਿੰਦੇ ਹਨ, ਜੋ ਜੰਤ੍ਰਾਂ ਮੰਤ੍ਰਾਂ ਵਾਲੇ ਰਹਿੰਦੇ ਹਨ, ਉਹ ਹੁਣ ਆਪਦਾ ਜੰਤ੍ਰ ਚਲਾ ਕੇ ਦੇਖਦੇ ਹਨ, ਬਥੇਰਾ ਉਹਨਾਂ ਨੇ ਜੋਰ ਲਾਇਆ ਹੈ ਕਿ ਬੰਦੇ ਬਹਾਦਰ ਦੀ ਕਲਾ ਨੂੰ ਅਸੀਂ ਫੇਹਲ ਕਰੀਏ, ਪਰ ਕੀ ਕਰਨ? ਕਲਾ ਓਹਦੇ ਵਿੱਚ ਸਵਾਈ ਹੈ, ਸਤਿਗੁਰਾਂ ਦੀ ਪੁਸ਼ਤ ਪਨਾਹ ਵਿੱਚ ਰਹਿੰਦਾ ਹੈ। ਮਹਾਰਾਜ ਦਾ ਥਾਪੜਾ ਲਾਇਆ ਹੋਇਆ ਹੈ, ਤੇਰੇ ਅੱਗੇ ਕੋਈ ਨਹੀਂ ਅੜੇਗਾ।

ਬੰਦਾ ਸਭ ਤੇ ਅਧਿਕ ਸਦਾਇ॥ ਇਸ ਕਰਕੇ ਬੰਦਾ ਬਹਾਦਰ ਸਾਰੇ ਕਰਾਮਾਤੀਆਂ ਵਿਚੋਂ ਵੱਡਾ ਅਖਵਾਉਂਦਾ ਹੈ, ਸਭ ਤੋਂ ਵੱਧ ਬਲ ਰਖਦਾ ਹੈ।

ਜੋ ਚਿਤਵਤ ਕੋ ਦੂਰੋਂ ਆਵੈ॥ ਜੋ ਕੋਈ ਵੀ ਮਨ ਵਿੱਚ ਚਿਤਵਨੀ ਕਰਦਾ ਆਉਂਦਾ ਹੈ ਕਿ ਮੈਂ ਆਹ ਪ੍ਰਤਿਆਵਾਂ ਲਵਾਂਗਾ ਮੈਂ ਵੇਖਾਂਗਾ ਕਿ ਮੈਨੂੰ ਆਹ ਵਸਤੂ ਦਿੰਦਾ ਹੈ ਕਿ ਨਹੀਂ, ਜੋ ਦੂਰੋਂ ਆਉਂਦਾ ਹੈ।

ਬੰਦਾ ਚਿਤ ਕੀ ਬਾਤ ਬਤਾਵੈ॥੨੮॥ ਬੰਦਾ ਸਿੰਘ ਉਹਦੇ ਚਿੱਤ ਦੀ ਗੱਲ ਦੱਸ ਦਿੰਦਾ ਹੈ, ਕਿਉਂਕਿ ਤੇਰੀ ਇਹ ਚਿਤਵਨੀ ਹੈ। ਉਸਨੂੰ ਪਹਿਲਾਂ ਹੀ ਦੱਸ ਦਿੰਦਾ ਹੈ ਤੇਰੇ ਮਨ ਵਿਚ ਇਹ ਗੱਲਾਂ ਹਨ। ੨੮।

ਦੋਹਰਾ॥ ਆਇ ਮਿਲੈ ਜੋ ਪ੍ਰਥਮ ਹੀ, ਤਿਹ ਬੰਦਾ ਸੁਖ ਦੇਇ॥ ਜਿਹੜਾ ਬੰਦੇ ਬਹਾਦਰ ਨੂੰ ਪਹਿਲਾਂ ਹੀ ਆ ਮਿਲਦਾ ਹੈ, ਜਿਹੜਾ ਪਹਿਲਾਂ ਹੀ ਬੰਦੇ ਬਹਾਦਰ ਦੀ ਸ਼ਰਨ ਲੈ ਲੈਂਦਾ ਹੈ । ਉਹਨੂੰ ਤਾਂ ਬੰਦਾ ਸੁਖ ਦਿੰਦਾ ਹੈ, ਜਾਹ ਮੌਜ ਕਰ, ਫਿਕਰ ਨਾ ਕਰ ਤੇਰੇ ਸਭ ਕਾਰਜ ਠੀਕ ਹੋਣਗੇ।

ਆਇ ਮਿਲੇ ਭਿੜ ਲੜ ਜੋਊ, ਤਿਸ ਕੁਛ ਬਖਸ਼ੇ ਕੁਛ ਲੇਇ॥੨੯॥ ਤੇ ਜਿਹੜਾ ਪਹਿਲਾਂ ਭਿੜ ਕੇ ਲੜ ਕੇ ਹਾਰ ਕੇ ਮਿਲਦਾ ਹੈ, ਉਹਨੂੰ ਬਖਸ਼ ਵੀ ਦਿੰਦਾ ਹੈ ਤੇ ਮਾਮਲਾ ਵੀ ਲੈਂਦਾ ਹੈ ਉਹਦੇ ਕੋਲੋਂ, ਲੈ ਵੀ ਲੈਂਦਾ ਹੈ ਤੇ ਦੇ ਵੀ ਦਿੰਦਾ ਹੈ। ੨੯।

ਚੌਪਈ॥ ਗੁਰੂ ਕੋਟ ਲੌ ਬੰਦਾ ਗਯੋ॥ ਗੁਰੂ ਕੋਟ ਸ਼ਹਿਰ ਤੱਕ ਬੰਦਾ ਬਹਾਦਰ ਚਲਿਆ ਗਿਆ ਹੈ।

ਤਿਹ ਥਾਂ ਥਾਨਾ ਬੰਦੇ ਕਯੋ॥ ਓਥੇ ਗੁਰੂ ਕੋਟ ਵਿੱਚ ਥਾਣਾ ਬੰਨ੍ਹਿਆਂ ਬੰਦੇ ਬਹਾਦਰ ਨੇ, ਇਹ ਸਾਰਾ ਪਹਾੜ ਦਾ ਇਲਾਕਾ ਹੇਠਲਾ ਜਿਤਨਾ ਸੀ ਸਭ ਫਤ੍ਹੇ ਕਰ ਕੇ ਆਪਣੀ ਕਮਾਨ ਹੇਠਾਂ ਕਰ ਲਿਆ ਹੈ । ਸਭ ਨੇ ਆ ਕੇ ਛਿਆਨੀ ਭਰ ਦਿੱਤੀ ਹੈ, ਸਾਰੇ ਰਾਜੇ ਰਾਣੇ ਮਤਹਿਤ ਹੋ ਗਏ ਹਨ ਹੁਣ ਕੋਈ ਸਿਰ ਨਹੀਂ ਚੁੱਕਦਾ, ਬਲਕਿ ਸੇਵਕ ਬਣ ਗਏ ਨੇ, ਅੱਜ ਵੀ ਜਾਓ ਜਿੰਨੀ ਪਹਾੜੀ ਦੁਨੀਆ ਹੈ, ਜਗ੍ਹਾ ਜਗ੍ਹਾ ਉੱਤੇ ਥੜੇ ਬਣੇ ਹੋਏ ਨੇ, ਉਹ ਸਾਰੇ ਲੋਕ ਚੜ੍ਹਾਵੇ ਚੜ੍ਹਾਉਂਦੇ ਨੇ ਸੁੱਖਣਾ ਸੁਖਦੇ ਨੇ, ਸੁੱਖਣਾਂ ਪੂਰੀਆਂ ਹੁੰਦੀਆਂ ਹਨ।

ਸੁਖੇਤੜ ਆਇ ਬੰਦੈ ਜੀ ਮਿਲੇ॥ ਸੁਕੇਤ ਮੰਡੀ ਵਾਲੇ ਆ ਕੇ ਬੰਦਾ ਸਿੰਘ ਜੀ ਨੂੰ ਮਿਲੇ ਹਨ।

ਭਏ ਨਦੌਨੀ ਵਕੀਲ ਤਹਿੰ ਭਲੇ॥੩੦॥ ਨਦੌਣ ਰਿਆਸਤ ਦੇ ਵੀ ਵਕੀਲ ਆਇ ਹਨ, ਉਹ ਵੀ ਆ ਕੇ ਮਿਲੇ ਹਨ। ੩੦।

ਹੁਤ ਚੁਕੋ ਪਾਤਿਸ਼ਾਹੀ ਸੋਊ ਲੀਓ ਖਜ਼ਾਨੋ॥ ਅਤੇ ਉਹ ਜੋ ਚਕਾਵਾ ਪਾਤਸ਼ਾਹੀ ਦਾ ਟਕਾ ਸੀ ਉਹ ਸਾਰੇ ਦਾ ਸਾਰਾ ਉਗਰਾਹ ਕੇ ਪੰਥ ਦੇ ਖਜ਼ਾਨੇ ਵਿੱਚ ਪਾ ਦਿੱਤਾ ਹੈ ਜਿਹੜਾ ਜਮ੍ਹਾਂ ਪਿਆ ਸੀ।

ਕੋਊ ਚੜਾਵੈ ਦੇਇ ਬਹਾਨੋ॥ ਅਤੇ ਬਹਾਨੇ ਨਾਲ ਕਈ ਚੜ੍ਹਾਵੇ ਚੜ੍ਹਾਉਂਦੇ ਨੇ ਮੱਥੇ ਟੇਕਦੇ ਨੇ, ਪੂਜਾ ਕਰਦੇ ਹਨ।

ਤਿਨ ਕੈ ਬੰਦਾ ਕਿਰਪਾ ਕਰੇ॥ ਜਿਹੜਾ ਬੰਦੇ ਬਹਾਦਰ ਦੀ ਆਗਿਆ ਵਿੱਚ ਆਉਂਦਾ ਹੈ, ਉਹਨਾਂ ਤੇ ਮਿਹਰ ਕਰ ਦਿੰਦਾ ਹੈ ਜੋ ਨਮਸਕਾਰ ਕਰਦਾ ਹੈ, ਭਰੋਸਾ ਕਰਦਾ ਹੈ।

ਵਕੀਲ ਰਹੇ ਤਿਸ ਪਾਸੈ ਖਰੇ॥੩੧॥ ਅਤੇ ਉਹਨਾਂ ਰਾਜਿਆਂ ਦੇ ਵਕੀਲ ਸਦਾ ਬੰਦੇ ਬਹਾਦਰ ਦੀ ਆਗਿਆ ਵਿਚ ਉਸਦੇ ਪਾਸ ਖੜ੍ਹੇ ਰਹਿੰਦੇ ਨੇ , ਕੋਈ ਸੇਵਾ ਹੋਵੇ ਅਸੀਂ ਹਾਜ਼ਰ ਹਾਂ। ੩੧।

*ਇਥੇ ਇਕ ਪਾਠੰਤ੍ਰ ਇਸ ਪ੍ਰਕਾਰ ਵੀ ਹੈ :

ਹੋਇ ਸਿੱਖ ਜੋ ਪੈਸਾ ਦੇਇ॥ ਏਸ ਤਰ੍ਹਾਂ ਜਿਹੜਾ ਸਿਖ ਹੋ ਕੇ ਪੈਸੇ ਦਿੰਦਾ ਹੈ, ਹਾਜ਼ਰ ਕਰਦਾ ਹੈ।

ਟਕੇ ਪਤਿਸ਼ਾਹੀ ਦੇਨ ਮੰਨ ਗਏ॥ ਜੇ ਕੋਈ ਪਾਤਸ਼ਾਹੀ ਮਾਮਲਾ ਦੇਣਾ ਮੰਨ ਲਵੇ, ਪ੍ਰਵਾਣ ਕਰ ਲਵੇ ਅਤੇ ਸ਼ਰਧਾ ਰੱਖੇ ਬੰਦੇ ਤੇ।

ਬੰਦੇ ਪਰਬਤ ਮਲ, ਕਹਾਯੋ ਪਤਿਸ਼ਾਹ॥ ਬੰਦੇ ਬਹਾਦਰ ਨੇ ਸਾਰਾ ਪਰਬਤ ਮੱਲ ਕੇ ਆਪਣੇ ਆਪ ਨੂੰ ਪਹਾੜਾਂ ਦਾ ਪਾਤਸ਼ਾਹ ਕਹਾਇਆ ਹੈ, ਇਹ ਪਹਾੜ ਦੇ ਸਾਰੇ ਰਾਜੇ ਬੰਦੇ ਬਹਾਦਰ ਨੂੰ ਆਪਣਾ ਪਾਤਸ਼ਾਹ ਮੰਨਣ ਲੱਗ ਪਏ।

ਲਏ ਟਕੇ ਪਤਿਸ਼ਾਹੀ ਬੰਦੇ ਉਗਰਾਹ॥੨੫॥ ਜੋ ਪਾਤਸ਼ਾਹੀ (ਟਕਾ) ਮਾਮਲਾ ਦਿੱਲੀ ਨੂੰ ਜਾਂਦਾ ਸੀ , ਉਹ ਸਾਰਾ ਬੰਦੇ ਬਹਾਦਰ ਨੇ ਉਗਰਾਹ ਲਿਆ ਹੈ। ੨੫।

ਦੋਹਰਾ॥ ਬੰਦਾ ਪਰਬਤ ਛੋਡ, ਬਹਿ ਗੁਰੂ ਕਹਾਯੋ ਆਪ॥ ਬੰਦੇ ਬਹਾਦਰ ਨੇ ਪਹਾੜਾਂ ਵਿੱਚ ਖਾਲਸੇ ਨੂੰ ਛੱਡ ਕੇ, ਰਾਜ ਭਾਗ ਦੇ ਕੇ ਖਾਲਸੇ ਨੂੰ, ਆਪ ਗੁਰੂ ਕਹਾਉਣ ਲੱਗ ਪਿਆ ਹੈ। ਬੰਦੇ ਨੂੰ ਲੋਕਾਂ ਨੇ ਆਪਣਾ ਪਾਤਸ਼ਾਹ ਮੰਨਿਆ ਹੈ, ਜੋ ਪਹਿਲਾਂ ਪਾਤਸ਼ਾਹੀ ਟਕਾ ਮੁਗਲ ਪਾਤਸ਼ਾਹ ਨੂੰ ਜਾਂਦਾ ਸੀ, ਉਹ ਹੁਣ ਬੰਦੇ ਬਹਾਦਰ ਕੋਲ ਪੁਜਦਾ ਹੈ । ਪਰ ਬੰਦਾ ਹੁਣ ਪਾਤਸ਼ਾਹ ਤੋਂ ਆਪਣੇ ਆਪ ਨੂੰ ਗੁਰੂ ਕਹਾਉਣ ਲੱਗ ਪਿਆ ਹੈ ਕਿ ਮੈਂ ਤੁਹਾਡਾ ਗੁਰੂ ਹਾਂ, ਤੁਸੀਂ ਮੇਰੇ ਚੇਲੇ ਹੋ ਸਾਰੇ।

ਕਿਤੇ ਕਹਾਯੋ ਜੁਝਾਰ ਸਿੰਘ, ਕੋਊ ਆਪ ਠੌਰ ਬਹਯੋ ਥਾਪ॥੨੬॥ ਕਿਤੇ ਆਪਣੇ ਆਪ ਨੂੰ ਜੁਝਾਰ ਸਿੰਘ ਕਹਾਉਂਦਾ ਹੈ, ਤੇ ਕਿਤੇ ਕਹਿ ਦਿੰਦਾ ਹੈ, ਮੈਂ ਹੀ ਗੁਰੂ ਗੋਬਿੰਦ ਸਿੰਘ ਹਾਂ ਮੈਂ ਉਹ ਸਰੂਪ ਬਦਲ ਕੇ ਆਇਆ ਹਾਂ, ਇਉਂ ਵੀ ਕਹਿ ਦਿੰਦਾ ਹੈ। ੨੬।

ਦੋਹਰਾ॥ ਨਿੱਤ ਨਕੀਬ ਬੁਲਾਇ, ਸੋ ਇਤ ਬਿਧ ਹੋਕਾ ਦ੍ਰਾਏ॥ ਜਦੋਂ ਬਾਦਸ਼ਾਹ ਕਿਸੇ ਪਾਸੇ ਨੂੰ ਤੁਰਦਾ ਹੈ ਤਾਂ (ਨਕੀਬ) ਚੋਬਦਾਰ, ਅੱਗੇ ਹੋਕਾ ਦਿੰਦਾ ਹੈ ਸਾਵਧਾਨ ! ਬਾਦਸ਼ਾਹ ਦੀ ਸਵਾਰੀ ਆ ਰਹੀ ਹੈ, ਇਉਂ ਮੁਗਲਾਂ ਦੇ ਵਿੱਚ ਰਵਾਇਤ ਸੀ। ਹੁਣ ਬੰਦਾ ਗੁਰੂ ਬਣ ਗਿਆ ਹੈ । ਉਹਦੇ ਚੋਬਦਾਰ ਜਿਹੜੇ ਹਨ, ਜਿਨ੍ਹਾਂ ਨੂੰ ਨਕੀਬ ਕਹਿੰਦੇ ਨੇ ਸਾਵਧਾਨ ਹੋ ਜਾਓ । ਅੱਗੇ ਬੰਦਾ ਗੁਰੂ ਆ ਰਿਹਾ ਹੈ, ਪਾਤਸ਼ਾਹ ਬੰਦਾ ਆ ਰਿਹਾ ਹੈ । ਇਸ ਤਰ੍ਹਾਂ ਨਕੀਬਾਂ ਤੋਂ ਰੋਜ਼ ਹੀ ਕਹਾਉਂਦਾ ਹੈ।

ਇਤਨੇ ਕਰੋ ਨ ਕੰਮ ਤੁਮ, ਸੋ ਮੈਂ ਦਿਉਂ ਬਤਾਇ॥੩੨॥ ਐ ਲੋਕੋ! ਐਹ ਐਹ ਕੰਮ ਨਹੀਂ ਕਰਨੇ, ਮੈਂ ਤੁਹਾਨੂੰ ਦੱਸ ਦਿੰਦਾ ਹਾਂ, ਇਹ ਕੰਮ ਨਾ ਕਰੋ ਅੱਜ ਤੋਂ ਜਿਹੜੇ ਮੈਂ ਦਸਾਂ ਉਹ ਕਰ ਲਉ। ੩੨।

ਚੌਪਈ॥ ਇਸਤ੍ਰੀ ਤਨ ਜੋ ਗਹਿਣਾ ਹੋਈ॥ ਖਾਲਸੇ ਨੂੰ ਹੁਕਮ ਦਿੱਤਾ ਹੈ, ਖਾਲਸਾ ਜੀ! ਕੋਈ ਇਸਤ੍ਰੀ ਜਾ ਰਹੀ ਹੈ, ਜਾਂ ਹੱਲਾ ਹੋ ਗਿਆ ਹੈ, ਜਾਂ ਲੁਟਮਾਰ ਹੋ ਰਹੀ ਹੈ, ਇਸਤ੍ਰੀ ਦੇ ਸਰੀਰ ਦਾ ਗਹਿਣਾ ਨਹੀਂ ਉਤਾਰਨਾ।

ਤਾਂਕੋ ਹਾਥ ਨ ਲਾਓ ਕੋਈ॥ ਓਹਨੂੰ ਕੋਈ ਹੱਥ ਨਾ ਲਾਵੇ, ਇਸਤ੍ਰੀ ਨੂੰ ਕੋਈ ਨਾ ਬੁਲਾਏ।

ਪੁਰਸ਼ ਪੁਸ਼ਾਕ ਔ ਸਿਰ ਕੀ ਪਾਗ॥ ਉਦੋਂ ਬਹੁਤੀ ਗਰੀਬੀ ਸੀ ਲੋਕਾਂ ਤੇ, ਲੋਕੀਂ ਕਪੜੇ ਲਾਹ ਲੈਂਦੇ ਸਨ, ਇਹ ਤਾਂ ਸਾਡੇ ਵੇਖਦਿਆਂ ਹੁੰਦਾ ਸੀ, ਰਾਹ ਜਾਂਦਿਆਂ ਨੂੰ ਘੇਰ ਲੈਣਾ ਤੇ ਕਪੜੇ ਲੁਹਾ ਲੈਣੇ, ਇਕੱਲਾ ਕੱਛਾ ਤੇੜ ਛਡਦੇ ਸਨ, ਇਸ ਤਰ੍ਹਾਂ ਲੋਕ ਕਰਦੇ ਸਨ। ਬੰਦੇ ਬਹਾਦਰ ਨੇ ਕਿਹਾ ਕਿ ਜੇ ਕੋਈ ਪੁਰਸ਼ ਵੀ ਹੋਵੇ, ਉਹਦੀ ਪੁਸ਼ਾਕ ਅਤੇ ਉਹਦੇ ਸਿਰ ਦੀ ਪੱਗ ਵੀ ਨਹੀਂ ਉਤਾਰਨੀ, ਇਉਂ ਬੰਦੇ ਬਹਾਦਰ ਨੇ ਹੋਕਾ ਦਿਵਾ ਦਿੱਤਾ ਹੈ।

ਇਨ ਭੀ ਕੋਈ ਹੱਥ ਨ ਲਾਗ॥੩੩॥ ਇਨ੍ਹਾਂ ਨੂੰ ਵੀ ਕੋਈ ਹੱਥ ਨਾ ਲਾਵੇ ਪੱਗ ਨੂੰ ਜਾਂ ਪੁਸ਼ਾਕ ਨੂੰ।੩੩।

ਮੰਡੀ ਵਾਲੇ ਰਾਜੇ ਕਾ ਪ੍ਰਸੰਗ

(ਮੰਡੀ ਵਾਲਾ ਸੁਧ ਸੈਣ ਰਾਜਾ ਭੇਟਾ ਲੈ ਕੇ ਮਿਲਿਆ)

ਦੋਹਰਾ॥ ਮੰਡੀ ਵਾਲੋ ਸੁੱਧ ਸੈਣ, ਰਾਜਾ ਬਡਾ ਸਦਾਇ॥ ਸੁਕੇਤ ਮੰਡੀ ਦਾ ਸੁਧ ਸੈਣ ਨਾਮ ਦਾ ਰਾਜਾ ਸੀ, ਉਹ ਧਰਮੀ ਵੀ ਸੀ ਤੇ ਰੱਬ ਦੇ ਭੈ ਵਾਲਾ ਸੀ, ਆਪਣੇ ਆਪ ਨੂੰ ਵੱਡਾ ਰਾਜਾ ਸਦਾਉਂਦਾ ਸੀ।

ਸੋਊ ਮਿਲਿਓ ਭਾਂਤਿ ਜਿਉਂ, ਸੋ ਮੈਂ ਦਿਉਂ ਬਤਾਇ॥੧॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਸ ਤਰੀਕੇ ਨਾਲ ਇਹ ਰਾਜਾ ਸੁਧ ਸੈਣ ਮਿਲਿਆ ਬੰਦੇ ਬਹਾਦਰ ਨੂੰ ਸੋ ਸਾਰਾ ਹਾਲ ਮੈਂ ਤੁਹਾਨੂੰ ਸੁਣਾਉਂਦਾ ਹਾਂ। ੧।

ਚੌਪਈ॥ ਮੰਡੀ ਵਾਲੇ ਯੌਂ ਸੁਨ ਪਾਯਾ॥ ਸੁਕੇਤ ਮੰਡੀ ਵਾਲੇ ਰਾਜੇ ਨੇ ਜਦੋਂ ਇਸ ਤਰ੍ਹਾਂ ਸੁਣਿਆ ਹੈ।

ਹੈ ਕਰਾਮਾਤੀ ਬੰਦਾ ਆਯਾ॥ ਕਿ ਗੁਰੂ ਸਾਹਿਬ ਜੀ ਦਾ ਭੇਜਿਆ ਹੋਇਆ ਬੰਦਾ ਬਹਾਦਰ ਆਇਆ ਹੈ, ਬੜਾ ਕਰਾਮਾਤੀ ਹੈ, ਬੜੀ ਕਲਾ ਉਸਨੇ ਦਿਖਾਈ ਹੈ ਦੁਨੀਆਂ ਨੂੰ।

ਕਰਾਮਾਤ ਗੁਰ ਗੋਬਿੰਦ ਸਿੰਘ ਦਈ॥ ਇਹ ਵੀ ਨਾਲ ਸ਼ੋਹਰਤ ਹੋ ਗਈ ਸੀ ਕਿ ਇਸ ਬੰਦੇ ਬਹਾਦਰ ਨੂੰ ਕਰਾਮਾਤ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਬਖਸ਼ੀ ਸੀ।

ਅਕਾਲ ਕ੍ਰਿਪਾ ਹੈ ਜਿਨ ਪਰ ਭਈ॥੨॥ ਜਿਨ੍ਹਾਂ ਉਤੇ ਅਕਾਲ ਪੁਰਖ ਦੀ ਕ੍ਰਿਪਾ ਹੋ ਗਈ ਹੈ, ਉਨ੍ਹਾਂ ਨੂੰ ਸਭ ਕੁਛ ਬਖਸ਼ ਦਿੱਤਾ ਹੈ। ੨।

ਬੰਦੈ ਕੋ ਸਤਿਗੁਰ ਇਮ ਕਹੀ॥ ਬੰਦਾ ਸਿੰਘ ਨੂੰ ਸਤਿਗੁਰਾਂ ਇਸ ਤਰ੍ਹਾਂ ਕਿਹਾ ਸੀ।

ਔਰ ਮਜਾਨ ਤਲਵਾਰ ਹੈ ਵਹੀ॥ ਇਹ ਬੜੀ ਮਸ਼ਹੂਰ ਹੋ ਗਈ ਸੀ ਗੱਲ, ਕਿ ਮਿਆਨ ਨਵਾਂ ਬਦਲਿਆ, ਤਲਵਾਰ ਓਹੀ ਹੈ, ਕਲਾ ਇਹਦੇ ਵਿਚ ਓਹੀ ਹੈ, ਕਲਾ ਗੁਰੂ ਨਾਨਕ ਦੇ ਘਰ ਪਹਿਲਾਂ ਦੂਣ ਸਵਾਈ ਹੈ।

ਤਿਸ ਕਾ ਦਰਸ਼ਨ ਚਹੀਯੈ ਪਾਯਾ॥ ਸੁਕੇਤ ਮੰਡੀ ਵਾਲੇ ਰਾਜੇ ਨੇ ਵਿਚਾਰ ਕੀਤਾ ਕਿ ਜਿਸਦੀ ਐਨੀ ਮਸ਼ਹੂਰੀ ਹੈ, ਉਹਦਾ ਜ਼ਰੂਰ ਦਰਸ਼ਨ ਕਰਨਾ ਚਾਹੀਦਾ ਹੈ, ਗੁਰੂ ਸਾਹਿਬ ਜੀ ਦਾ ਭੇਜਿਆ ਹੋਇਆ ਆਇਆ ਹੈ।

ਹੈ ਕਰਾਮਾਤੀ ਬੰਦਾ ਆਯਾ॥੩॥ ਬੜਾ ਭਾਰੀ ਕਰਾਮਾਤੀ ਬੰਦਾ ਬਹਾਦਰ ਜੀ ਆਇਆ ਹੈ। ੩।

ਬਣੈ ਨ ਤਿਨ ਸੋਂ ਬੈਰ ਕਮਾਯਾ॥ ਉਹਦੇ ਨਾਲ ਸਾਨੂੰ ਵੈਰ ਕਰਨਾ ਨਹੀਂ ਬਣਦਾ ਹੈ ।

ਹੈ ਅਵਤਾਰ ਜਨੁ ਬੰਦਾ ਆਯਾ॥ ਇਉਂ ਸੁਣਦੇ ਹਾਂ ਕਿ ਬੰਦਾ ਬਹਾਦਰ, ਨਿਹਕਲੰਕ ਅਵਤਾਰ ਆਇਆ ਹੈ ਸੰਸਾਰ ਤੇ, ਇਸ ਤਰ੍ਹਾਂ ਕਹਿੰਦਾ ਹੈ ਰਾਜਾ ਸੁਧ ਸੈਣ।

ਲਿਉਗ ਲੜਾਈ ਸੋਊ ਹਿਰਾਇ॥ ਜੇ ਅਸੀਂ ਉਸਦੇ ਨਾਲ ਲੜਾਈ ਕੀਤੀ ਤਾਂ ਸਾਨੂੰ ਉਹ ਹਰਾ ਲਵੇਗਾ ਤੇ ਉਹ ਜਿੱਤ ਜਾਵੇਗਾ ।

ਕਿਆ ਜਾਣੋਂ ਫਿਰ ਕਰਿਹੈ ਕਜਾਇ॥੪॥ ਜੇ ਜਿੱਤ ਗਿਆ ਉਹ ਫੇਰ ਕੀ ਪਤਾ ? ਕੀ ਭਾਣਾ ਵਰਤਾਏ ਉਹ ? ਕੀ ਸਾਡੇ ਨਾਲ ਵਰਤਾਓ ਕਰੇ ? ਜੇ ਪਹਿਲਾਂ ਹੀ ਹਾਜ਼ਰ ਹੋ ਜਾਈਏ।

ਜਹਾਂ ਬੰਦਾ ਥੋ ਕਰਤ ਚੜਾਈ॥ ਬਿਲਾਸਪੁਰ ਤੋਂ ਅੱਗੇ ਜਿਥੇ ਨੂੰ ਬੰਦਾ ਬਹਾਦਰ ਚੜ੍ਹਾਈ ਕਰਨ ਲੱਗਿਆ ਸੀ।

ਮੁਹਰੇ ਉਤਰਜੋ ਰਾਜਾ ਆਈ॥ ਜਿਸ ਰਸਤੇ ਤੇ ਬੰਦਾ ਬਹਾਦਰ ਨੇ ਜਾਣਾ ਸੀ, ਉਸ ਰਸਤੇ ਤੇ ਰਾਜੇ ਨੇ ਆ ਕੇ ਪੜਾਉ ਲਾ ਲਿਆ।

ਬੰਦੇ ਪੈ ਦਏ ਘੱਲ ਵਕੀਲ॥ ਆਪਣੇ ਵਕੀਲ ਬੰਦੇ ਬਹਾਦਰ ਕੋਲ ਭੇਜੇ ਹਨ ਇਸ ਰਾਜੇ ਨੇ, ਸੁਕੇਤ ਮੰਡੀ ਵਾਲੇ ਨੇ।

ਮਿਲਨ ਅਯੋ ਮੈਂ ਤੁਹਿ ਬਿਨ ਢੀਲ॥੫॥ ਬਿਨਾਂ ਦੇਰੀ ਤੋਂ ਮੈਂ ਤੁਹਾਨੂੰ ਮਿਲਣ ਵਾਸਤੇ ਹਾਜ਼ਰ ਹੋਇਆ ਹਾਂ, ਮਿਲਣ ਤੋਂ ਭਾਵ ਹੈ ਮੈਂ ਤੁਹਾਡੀ ਰਈਅਤ ਬਣਨ ਵਾਸਤੇ ਆਇਆ ਹਾਂ। ੫।

ਮੈਂ ਸਿਖ ਥੋ ਗੁਰ ਨਾਨਕ ਘਰ ਕੋ॥ ਬੇਨਤੀਆਂ ਕਰਦਾ ਹੈ ਕਿ ਮੈਂ ਤਾਂ ਪਹਿਲਾਂ ਹੀ ਗੁਰੂ ਨਾਨਕ ਸਾਹਿਬ ਜੀ ਦੇ ਘਰ ਦਾ ਸਿੱਖ ਹਾਂ, ਗੁਰੂ ਸਾਹਿਬ ਜੀ ਨੂੰ ਮੰਨਦੇ ਪੂਜਦੇ ਹਾਂ।

ਮੈਂ ਦਿਓਂ ਚੜ੍ਹਾਵੋ ਬੈਠੋ ਧੁਰ ਕੋ॥ ਧੁਰ ਦਾ ਜਦੋਂ ਤੋਂ ਗੁਰੂ ਨਾਨਕ ਸਾਹਿਬ ਜੀ ਨੇ ਪੰਥ ਸਾਜਿਆ ਹੈ, ਮੇਰੇ ਬਜ਼ੁਰਗ ਵੀ ਸਾਰੇ ਗੁਰੂ ਘਰ ਨੂੰ ਅਸੀਂ ਚੜ੍ਹਾਵੇ ਚੜ੍ਹਾਉਂਦੇ ਰਹੇ ਹਾਂ । ਸੁੱਖਣਾ ਇਸ ਘਰ ਵਿਚ ਸੁਖਦੇ ਰਹੇ ਹਾਂ, ਮੰਨਦੇ ਆਏ ਹਾਂ ਅਸੀਂ ਪਹਿਲੇ ਤੋਂ।

ਟਕੇ ਪਤਿਸ਼ਾਹੀ ਮੈਥੋਂ ਲੇਉ॥ ਪਾਤਸ਼ਾਹੀ ਜੋ ਰਿਣ ਬਣਦਾ ਹੈ ਜੋ ਸਾਡੇ ਉਤੇ ਮਾਮਲਾ ਬਣਦਾ ਹੈ, ਉਹ ਮੇਰੇ ਕੋਲੋਂ ਲਉ।

ਮੋਕੋ ਅਪਨੋ ਸਿੱਖ ਬਨੇਉ॥੬॥ ਮੈਨੂੰ ਆਪਣਾ ਸਿੱਖ ਬਣਾ ਲਵੋ ਜੀ। ੬।

ਦੋਹਰਾ॥ ਆਪ ਚੜ੍ਹਾਵੋ ਲੈ ਅਗੇ, ਬੰਦੈ ਮਿਲਿਓ ਆਇ॥ ਆਪ ਚੜ੍ਹਾਵਾ ਲੈ ਕੇ ਅੱਗੋਂ ਹੀ ਬੰਦਾ ਬਹਾਦਰ ਨੂੰ ਮਿਲਿਆ ਹੈ ਆ ਕੇ।

ਤਬ ਬੰਦੇ ਖੁਸ਼ੀਆਂ ਦਈ, ਸੁਊ ਲਯੋ ਗਲ ਲਾਇ॥੭॥ ਤਦੋਂ ਬੰਦੇ ਬਹਾਦਰ ਨੇ ਰਾਜੇ ਸੁਧ ਸੈਣ ਨੂੰ ਖੁਸ਼ੀਆਂ ਬਖਸ਼ ਦਿੱਤੀਆਂ ਹਨ। ਆਪਣੇ ਗਲ ਨਾਲ ਮਿਲਾ ਲਿਆ ਹੈ ਰਾਜੇ ਨੂੰ।

ਚੌਪਈ॥ ਬੰਦੈ ਕਹਜੋ ਸੁਨ ਸੁਧ ਸੈਨ ਰਾਜਾ॥ ਬੰਦਾ ਬਹਾਦਰ ਕਹਿਣ ਲੱਗਾ ਹੇ ਰਾਜਾ ਸੁਧ ਸੈਣ! ਸੁਣੋ ਮੇਰਾ ਬਚਨ।

ਤੁਮ ਦੇਸ਼ੋ ਨਹਿੰ ਹੋਗੁ ਬਿ-ਰਾਜਾ॥ ਤੇਰਾ ਦੇਸ਼ ਰਾਜੇ ਤੋਂ ਬਿਨਾਂ ਬੇ-ਰਾਜਾ ਨਹੀਂ ਹੋਵੇਗਾ, ਤੁਹਾਡਾ ਰਾਜ ਅਟੱਲ ਰਹੇਗਾ। ਇਸੇ ਤਰ੍ਹਾਂ ਰਾਜ ਕਰਦੇ ਰਹੋਗੇ, ਇਹ ਨਹੀਂ ਕਿ ਤੁਹਾਡਾ ਰਾਜ ਘਰਾਣਾ ਰਾਜ ਤੋਂ ਵਾਂਝਾ ਹੋ ਜਾਇਗਾ।

ਰਹੈ ਨਹੀਂ ਤੁਹਿ ਦੋਖੀ ਸੁਖਾਲੋ॥ ਜਿਹੜਾ ਕੋਈ ਤੇਰੇ ਨਾਲ ਦੁਸ਼ਮਣੀ ਕਰੇਗਾ ਸੌਖਾ ਨਹੀਂ ਰਹੇਗਾ, ਔਖਾ ਹੋਵੇਗਾ ਉਹ।

ਨਹਿੰ ਪਰਿਹੈ ਤੁਹਿ ਦੇਸ ਕੁ ਕਾਲੋ॥੮॥ ਤੇਰੇ ਦੇਸ਼ ਵਿੱਚ ਕਾਲ ਵੀ ਕਦੇ ਨਹੀਂ ਪਵੇਗਾ, ਏਸ ਤਰ੍ਹਾਂ ਦੇ ਵਰ ਦੇਣ ਲੱਗਿਆ ਹੈ ਬੰਦਾ ਬਹਾਦਰ। ੮।

ਜੋ ਕੁਛ ਹੋਵਗੁ ਤੁਮ ਕੋ ਲੋਰ॥ ਜੇ ਤੈਨੂੰ ਕਿਸੇ ਚੀਜ਼ ਦੀ ਜਰੂਰਤ ਹੋਵੇ।

ਰਖ ਪੁਸਤਕ ਸਭ ਕੰਮ ਹੁਇ ਤੋਰ॥ ਉਹ ਜੋ ਸਿੱਧੀਆਂ ਵਾਲੀ ਲੂਣੀਏ ਸਿੱਧ ਨੇ ਪੋਥੀ ਦਿੱਤੀ ਸੀ, ਜਿਸਦੇ ਵਿਚ ਸਾਰੇ ਜੰਤ੍ਰ ਮੰਤ੍ਰ ਸਨ, ਕਹਿਣ ਲੱਗਾ ਆਹ ਲੈ ਪੁਸਤਕ ਤੈਨੂੰ ਦਿੰਦਾ ਹਾਂ, ਇਤਨਾ ਓਸਤੇ ਮਿਹਰਵਾਨ ਹੋਇਆ ਹੈ। ਉਹ ਖਾਲਸੇ ਨੂੰ ਨਹੀਂ ਦਿੱਤੀ ਪੋਥੀ। ਰਾਜਾ ਸੁਧ ਸੈਣ ਬੰਦੇ ਦਾ ਚੇਲਾ ਬਣ ਗਿਆ ਹੈ, ਓਸਨੂੰ ਪੋਥੀ ਦੇ ਦਿੱਤੀ ਹੈ।

ਹੈ ਬਿਦਜਾ ਸਭ ਇਸਕੇ ਮਾਂਹਿ॥ ਸਭ ਤਰ੍ਹਾਂ ਦੀ ਵਿਦਿਆ ਇਸ ਪੋਥੀ ਵਿੱਚ ਹੈ।

ਜੋ ਚਾਹੋ ਸੋ ਲੈਹੁ ਕਮਾਹਿ॥੯॥ ਬਾਕੀ ਕਮਾਈ ਦੀ ਗੱਲ ਹੈ, ਜਿਹੜੀ ਚੀਜ਼ ਚਾਹੁੰਨਾ ਹੈ, ਇਹਦੇ ਵਿਚੋਂ ਕਮਾ ਲੈ, ਉਹੀ ਤੁਹਾਡੇ ਵਰਤਨ ਵਿੱਚ ਆ ਜਾਇਗੀ। ੯।

ਦੋਹਰਾ॥ ਉਸ ਪੁਸਤਕ ਕੋ ਇਕ ਪਤਰੋ, ਉਸ ਮਾਈ ਹਥ ਆਇ॥ ਜਿਥੇ ਪਹਿਲਾਂ ਸ਼ਾਦੀ ਕਰਾਈ ਸੀ ਏਸਨੇ, ਇਹ ਪੁਸਤਕ ਹੁਣ ਘਰੇ ਹੀ ਰਹਿੰਦੀ ਸੀ, ਇਹ ਜਿਹੜੀ ਇਹਦੇ ਘਰ ਵਾਲੀ ਮਾਈ ਸੀ। ਇੱਕ ਪੱਤਰਾ ਪੋਥੀ ਦਾ ਇਹਦੇ ਹੱਥ ਵਿੱਚ ਆ ਗਿਆ, ਇਸ ਨੂੰ ਮਿਲ ਗਿਆ ਸੀ।

ਜਿਨ ਬਾਬੈ ਸਾਹਿਬ ਸਿੰਘ ਕੋ, ਦੀਨੋ ਪ੍ਰਚੋ ਲਗਾਇ॥੧੦॥ ਬਾਬਾ ਸਾਹਿਬ ਸਿੰਘ ਜੀ ਬੇਦੀ, ਊਨਾ ਸਾਹਿਬ ਵਾਲੇ, ਜੋ ਗੁਰੂ ਨਾਨਕ ਦੀ ਬੰਸ ਵਿਚੋਂ ਹਨ, ਇਸ ਮਾਈ ਨੇ ਬਾਬਾ ਸਾਹਿਬ ਸਿੰਘ ਨੂੰ ਪ੍ਰਚਾ ਲਗਾਇਆ ਸੀ, ਭਾਵ ਬਾਬਾ

ਸਾਹਿਬ ਜੀ ਨੂੰ ਕਰਾਮਾਤ ਦਿਖਾਈ ਸੀ। ੧੦।

ਚੌਪਈ॥ ਉਸ ਮਾਈ ਕੋ ਇਮ ਹਥ ਆਈ॥ ਉਸ ਮਾਈ ਦੇ ਹੱਥ ਇਸ ਤਰ੍ਹਾਂ ਆ ਗਿਆ ਓਸ ਪੋਥੀ ਦਾ ਪੱਤ੍ਰਾ।

ਬੰਦੈ ਨਾਰੀ ਉਨ ਟਹਲ ਕਮਾਈ॥ ਬੰਦੇ ਦੀ ਇਸਤ੍ਰੀ ਸੀ ਉਹਨੇ ਕਿਤੇ ਗੁਪਤ ਵਿਆਹ ਕਰਵਾ ਲਿਆ ਸੀ, ਉਸ ਨੇ ਸੇਵਾ ਕੀਤੀ ਸੀ ਬੰਦੇ ਬਹਾਦਰ ਦੀ, ਇਸ ਕਰਕੇ ਇੱਕ ਪਰਚਾ ਪੋਥੀ ਦਾ ਉਹਦੇ ਹੱਥ ਲੱਗ ਗਿਆ।

ਹੁਤੀ ਬੰਦੈ ਨਾਰੀ ਕਿਤੇ ਜੇਜੋ ਵਲਿ॥ ਜੇਜੋ ਵਲ ਏਰੀਆ ਹੈ ਦੁਆਬੇ ਵਿੱਚ ਓਥੇ ਰਹਿੰਦੀ ਸੀ ਇਹ।

ਤਿਹ ਕਰੀ ਸੇਵਾ ਥੀ ਰੌੜੀ ਚੱਲ॥੧੧॥ (ਰੌੜੀ) ਜਿਥੇ ਜੱਥੇ ਦਾ ਮੁਕਾਮ ਹੋਵੇਗਾ, ਓਥੇ ਜਾ ਕੇ ਇਹਨੇ ਸੇਵਾ ਕੀਤੀ ਸੀ ਬੰਦੇ ਬਹਾਦਰ ਦੀ। ੧੧।

ਦੋਹਰਾ॥ ਬੰਦੈ ਨਾਰੀ ਕੋ ਪਰਚੋ, ਇਕ ਮੈਂ ਦਿਉਂ ਲਿਖਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜੋ ਬੰਦੇ ਦੀ ਇਸਤ੍ਰੀ ਸੀ, ਇੱਕ ਕਲਾ ਮੈਂ ਲਿਖਾਉਂਦਾ ਹਾਂ । ਕਲਾ ਤਾਂ ਹੋਰ ਬਹੁਤ ਸਨ ਉਹਦੇ ਵਿੱਚ, ਪਰ ਇੱਕ ਜੋ ਉਹਨੇ ਪਰਚਾ ਲਾਇਆ, ਕਿਸੇ ਨੂੰ ਦਿਖਾਇਆ ਓਸਨੇ, ਉਹ ਮੈਂ ਲਿਖ ਦਿੰਦਾ ਹਾਂ।

ਔਰ ਅਨੇਕ ਪਰਚੇ ਲਿਖੈਂ, ਗ੍ਰੰਥ ਬਡੋ ਬਢਿ ਜਾਇ॥੧੨॥ ਪਰਚੇ ਤਾਂ ਉਹਨੇ ਬੜੇ ਲਾਏ ਸਨ, ਪਰ ਮੈਂ ਉਹ ਲਿਖਦਾ ਨਹੀਂ ਹਾਂ, ਕਿਉਂਕਿ ਜੇ ਮੈਂ ਉਹ ਲਿਖਾਂ ਤਾਂ ਗ੍ਰੰਥ ਵੱਡਾ ਹੋ ਜਾਇਗਾ। ੧੨।

ਚੌਪਈ॥ ਜੇਜੋ ਵਲ ਜਸਵਾਲ ਹੁਤ ਰਾਜਾ॥ ਜੇਜੋ ਵੱਲ ਜਸਵਾਲ ਦਾ ਰਾਜਾ ਸੀ।

ਬਿਨਾਂ ਪੁਤ੍ਰ ਸੋਂ ਜਾਤ ਅਕਾਜਾ॥ ਓਸ ਰਾਜੇ ਦੇ ਪੁੱਤ੍ਰ ਨਹੀਂ ਸੀ, ਪੁੱਤਰ ਨਾ ਹੋਣ ਕਰਕੇ, ਰਾਜ ਐਵੇਂ ਬਿਅਰਥ ਜਾ ਰਿਹਾ ਸੀ।

ਰਾਜਾ ਪੰਡੋਰੀ ਮਹੰਤੈ ਢਿਗ ਗਯੋ॥ ਪੰਡੋਰੀ ਪਿੰਡ ਸੀ, ਓਥੋਂ ਦਾ ਇੱਕ ਮਹੰਤ ਸੀ ਚੰਗਾ ਕਲਾ ਵਾਲਾ, ਉਹਦੇ ਕੋਲੋਂ ਪੁਤ੍ਰ ਦੀ ਦਾਤ ਲੈਣ ਗਿਆ ਹੈ ਰਾਜਾ।

ਉਸਕੋ ਕਾਜ ਨ ਉਸਤੈ ਭਯੋ॥੧੩॥ ਉਸ ਮਹੰਤ ਤੋਂ ਰਾਜੇ ਦਾ ਕਾਰਜ ਨਾ ਹੋ ਸਕਿਆ,ਨਾ ਦੇ ਸਕਿਆ ਪੁੱਤਰ। ੧੩।

ਹੁਤਿ ਵਡਭਾਗ ਸਿੰਘ ਘਰ ਗੁਰਿਆਣੀ॥ ਜਿਹੜੀ ਵਡਭਾਗ ਸਿੰਘ ਦੇ ਘਰ ਉਹਦੀ (ਗੁਰਿਆਣੀ) ਘਰ ਵਾਲੀ ਸੀ।

ਤਹਾਂ ਘੱਲੀ ਉਸ ਰਾਜੈ ਰਾਣੀ॥ ਰਾਜੇ ਨੇ ਆਪਣੀ ਰਾਣੀ ਇਹਦੇ ਕੋਲ ਘੱਲੀ ਸੀ, ਜਾਹ ਓਥੋਂ ਜੇ ਵਰਦਾਨ ਮਿਲ ਜਾਵੇ, ਉਹ ਵੀ ਘਰ ਤਕੜਾ ਕਰਾਮਾਤੀ ਹੈ।

ਔਰ ਅਨੇਕ ਸਿੱਧਨ ਘਰ ਗਈ॥ ਓਥੋਂ ਵੀ ਨਾ ਕਾਰਜ ਸਰਿਆ । ਹੋਰ ਅਨੇਕਾਂ ਸਿੱਧਾਂ ਦੇ ਘਰ ਵਿੱਚ ਗਈ ਹੈ।

ਉਲਾਦ ਨ ਉਨਕੋ ਕਿਸਤੈ ਅਈ॥੧੪॥ ਕਿਸੇ ਤੋਂ ਵੀ ਉਹਨੂੰ ਸੰਤਾਨ ਦੀ ਪ੍ਰਾਪਤੀ ਨਾ ਹੋਈ, ਐਵੇਂ ਗਏ ਸਾਰੇ ਕੰਮ। ੧੪।

ਉਨ ਕੀ ਚਿੰਤ ਨਾ ਕਿਨ੍ਹੈ ਮਿਟਾਈ॥ ਜਿਹੜੀ ਚਿੰਤਾ ਸੀ ਰਾਜੇ ਨੂੰ ਕਿ ਜੇ ਪੁੱਤਰ ਨਾ ਹੋਇਆ, ਤਾਂ ਰਾਜ ਭਾਗ ਐਵੇਂ ਜਾਇਗਾ। ਉਸ ਰਾਜੇ ਦੀ ਕਿਸੇ ਤੋਂ ਵੀ ਚਿੰਤਾ ਦੂਰ ਨਾ ਹੋਈ।

ਅਹਿਨਿਸ ਚਿੰਤਾ ਉਸ ਜੀਉ ਖਾਈ॥ ਰਾਤ ਦਿਨ ਚਿੰਤਾ ਇਹਦੇ ਜੀਅ ਨੂੰ ਖਾ ਰਹੀ ਸੀ, ਮਨ ਵਿਚ ਚਿੰਤਾ ਇਹਦੇ ਰਹਿੰਦੀ ਸੀ।

ਬਡੋ ਹੰਦੇਸੋ ਯਹਿ ਜਗ ਮਾਂਹ॥ ਸੰਸਾਰ ਵਿੱਚ ਇਹ ਵੱਡਾ ਅੰਦੇਸ਼ਾ ਹੈ, ਪੁੱਤਰ ਬਿਨਾਂ ਘਰ ਐਵੇਂ ਸੁੰਨਾ ਲੱਗਦਾ ਹੈ।

ਬਿਨ ਔਲਾਦ ਘਰ ਬਿਰਥੇ ਜਾਂਹ॥੧੫॥ ਬਿਨਾਂ ਸੰਤਾਨ ਤੋਂ ਜਿੰਨੇ ਘਰ ਹਨ ਸਭ ਵਿਅਰਥ ਜਾਂਦੇ ਹਨ, ਜਿੰਨੇ ਵੀ ਹੋਏ ਨੇ ਪਿੱਛੇ ਜਿਨ੍ਹਾਂ ਦੇ ਉਲਾਦ ਨਹੀਂ ਹੈ, ਉਹਨਾਂ ਦੇ ਘਰ ਵਿਰਾਨ ਹੋ ਜਾਂਦੇ ਨੇ ਪਿੱਛੇ ਸ਼ਰੀਕ ਦੱਬ ਲੈਂਦੇ ਹਨ। ੧੫।

ਦੋਹਰਾ॥ ਉਹਾਂ ਕਿਸੈ ਨੇ ਆਇ ਕਹੀ ਇਕ ਬੰਦੈ ਨਾਰ ਅਖਾਇ॥ ਓਥੇ ਕਿਸੇ ਨੇ ਆਕੇ ਦੱਸ ਪਾਈ ਕਿ ਇੱਕ ਬੰਦੇ ਦੀ ਇਸਤ੍ਰੀ ਕਹਾਉਂਦੀ ਹੈ, ਉਹ ਦੁਆਬੇ ਵਿੱਚ ਰਹਿੰਦੀ ਹੈ, ਉਹਦੇ ਕੋਲ ਜਾ ਕੇ ਵੇਖ ਲਉ ਜੇ ਓਥੋਂ ਵਰ ਮਿਲ ਜਾਏ।

ਜੋ ਮੁਖ ਤੇ ਵਹ ਬਚ ਕਹੈ, ਸੋਊ ਨਾ ਬਿਰਥੋ ਜਾਇ॥੧੬॥ ਦੱਸਣ ਵਾਲੇ ਨੇ ਇਹ ਗੱਲ ਦੱਸ ਦਿੱਤੀ ਕਿ ਉਹ ਜੋ ਬੰਦੇ ਬਹਾਦਰ ਦੀ ਇਸਤ੍ਰੀ ਹੈ ਉਹ ਜੋ ਕੁਛ ਮੂੰਹ ਵਿਚੋਂ ਬਚਨ ਕਹਿ ਦਿੰਦੀ ਹੈ ਬਿਅਰਥ ਨਹੀਂ ਜਾਂਦਾ ਭਾਵ ਉਹਦਾ ਬਚਨ ਪੂਰਾ ਹੁੰਦਾ ਹੈ। ਉਹ ਕਾਰਜ ਸਫਲ ਹੋ ਜਾਂਦਾ ਹੈ। ੧੬।

ਚੌਪਈ॥ ਤੌ ਉਨ ਸੁਨਤ ਐਸ ਚਿਤ ਅਈ॥ ਤਾਂ ਉਸ ਰਾਜੇ ਨੇ ਜਦੋਂ ਓਹਦੇ ਬਾਰੇ ਸੁਣਿਆ ਤਾਂ ਇਸ ਤਰ੍ਹਾਂ ਓਹਦੇ ਮਨ ਵਿੱਚ ਆਈ ਹੈ।

ਜਿਮ ਅਤਹਿ ਪਿਆਸੇ ਨੀਰ ਦਿਸਈ॥ ਜਿਵੇਂ ਅਤੀ ਪਿਆਸੇ ਨੂੰ (ਨੀਰ) ਪਾਣੀ ਦਿਸ ਪਿਆ ਹੋਵੇ, ਇਉਂ ਮਨ ਵਿਚ ਹੌਂਸਲਾ ਹੋ ਗਿਆ ਕਿ ਸ਼ਾਇਦ ਏਥੋਂ ਕਾਰਜ ਸਰੇਗਾ ਮੇਰਾ।

ਪਰ ਉਨ ਕਉ ਬਹੁ ਸੋਚੈਂ ਹੋਈ॥ ਪਰ ਉਹਦੇ ਮਨ ਵਿਚ ਬਹੁਤ ਸੋਚਾਂ ਵਿਚਾਰਾਂ ਹੋਈਆਂ।

ਕਿਮ ਹਮ ਉਸੈ ਮਿਲਾਵੈ ਕੋਈ॥੧੭॥ ਇਹ ਤਾਂ ਠੀਕ ਹੈ ਕਿ ਦੱਸ ਪੈ ਗਈ ਹੈ ਓਸ ਮਾਈ ਦੀ, ਕਿਵੇਂ ਸਾਨੂੰ ਉਸ ਨਾਲ ਕੋਈ ਮਿਲਾਏ। ੧੭।

ਦੋਹਰਾ॥ ਢੂੰਡ ਭਾਲ ਸੋਂ ਤਹਾਂ ਪੁਜੀ, ਜਹਾਂ ਹੁਤੀ ਬੰਦੈ ਜੀ ਜੋਇ॥ ਉਸਨੇ ਲਾਗੀਆਂ ਨੂੰ ਤੋਰ ਦਿੱਤਾ, ਉਹ ਢੂੰਡਦੇ ਭਾਲਦੇ ਜਿਥੇ ਬੰਦੇ ਬਹਾਦਰ ਦੀ (ਜੋਇ) ਇਸਤ੍ਰੀ ਰਹਿੰਦੀ ਸੀ, ਓਥੇ ਲਾਗੀਆਂ ਨੇ ਜਾ ਲੱਭਿਆ ਘਰ॥

ਜਾਇ ਚੜ੍ਹਾਵੋ ਉਨ ਧਰਜੋ, ਆਗੈ ਰਹੀ ਖਲੋਇ॥੧੮॥ ਜਾ ਕੇ ਉਨ੍ਹਾਂ ਨੇ ਭੇਟਾ ਅੱਗੇ ਰੱਖਕੇ ਬੰਦੇ ਦੀ ਇਸਤ੍ਰੀ ਅੱਗੇ ਖਲੋ ਗਈਆਂ ਹਨ ਰਾਣੀਆਂ ਰਾਜੇ ਦੀਆਂ ਪੁੱਤਰ ਪ੍ਰਾਪਤੀ ਵਾਸਤੇ। ੧੮।

ਚੌਪਈ॥ ਤਉ ਸੰਤਨੀ ਐਸ ਉਚਾਰਾ॥ ਬੰਦੇ ਬਹਾਦਰ ਦੀ ਇਸਤ੍ਰੀ ਜਿਸਨੇ ਸੰਤਾਂ ਵਾਲਾ ਲਿਬਾਸ ਪਾਇਆ ਹੋਇਆ ਸੀ, ਉਸਨੇ ਉਹਨਾਂ ਰਾਣੀਆਂ ਨੂੰ ਏਸ ਤਰ੍ਹਾਂ ਕਿਹਾ।

ਹਮ ਲਾਇਕ ਕਜਾ ਕੰਮ ਤੁਹਾਰਾ?॥ ਹੇ ਰਾਣਓ! ਸਾਡੇ ਲਾਇਕ ਕੀ ਕੰਮ ਹੈ ? ਕਿਉਂ ਆ ਕੇ ਖੜੀਆਂ ਹੋ ਮੇਰੇ ਦਰ ਤੇ।

ਬਡੇ ਮਹੰਤ ਗੁਰੂਅਨ ਪਹਿ ਜਾਹੋ॥ ਵੱਡੇ ਵੱਡੇ ਮਹੰਤ ਨੇ, ਸੰਤ ਨੇ, ਗੁਰੂ ਹਨ ਵੱਡੇ ਵੱਡੇ, ਉਹਨਾਂ ਕੋਲ ਜਾਓ ਆਪਣੇ ਕਾਰਜ ਵਾਸਤੇ।

ਹਮ ਗ੍ਰੀਬਨ ਤੇ ਤੁਮ ਕਜਾ ਚਾਹੋ॥੧੯॥ ਅਸੀਂ ਤਾਂ ਗਰੀਬ ਲੋਕ ਹਾਂ, ਸਾਡੇ ਕੋਲੋਂ ਕੀ ਚਾਹੁੰਦੇ ਹੋ, ਸਾਡੇ ਕੋਲ ਤਾਂ ਕੁਛ ਨਹੀਂ ਹੈ। ੧੯।

ਉਨਹੀ ਕੀ ਤੁਮ ਸੇਵਾ ਕਰੋ॥ ਜਾਓ ਉਨ੍ਹਾਂ ਵੱਡੇ ਸੰਤਾਂ ਸਾਧੂਆਂ ਦੀ ਤੁਸੀਂ ਸੇਵਾ ਕਰੋ ਜਾ ਕੇ।

ਉਨਹੀ ਆਗੈ ਚੜ੍ਹਤੀ ਧਰੋ॥ ਇਹ ਚੜ੍ਹਤ ਚੜ੍ਹਾਵਾ ਜੋ ਮੇਰੇ ਅੱਗੇ ਰੱਖਿਆ ਉਹਨਾਂ ਅੱਗੇ ਰੱਖੋ ਜਾ ਕੇ।

ਉਨਹੀ ਕਉ ਬਹੁ ਦਰਬ ਪਿਆਰੀ॥ ਕਿਉਂਕਿ ਧਨ ਨਾਲ ਬਹੁਤਾ ਪਿਆਰ ਓਹਨਾਂ ਨੂੰ ਹੀ ਹੈ। ਉਹ ਧਨ ਨੂੰ ਬਹੁਤਾ ਚਾਹੁੰਦੇ ਨੇ।

ਅਸੀਂ ਰੁੱਖੀ ਮਿੱਸੀ ਖਾਇ ਸੋਇ ਸੁਖਾਰੀ॥੨੦॥ ਅਸੀਂ ਰੁੱਖੀ ਸੁੱਖੀ ਖਾ ਕੇ ਸੌਖੇ ਸੌਂਦੇ ਹਾਂ, ਨੀਂਦ ਚੰਗੀ ਆਉਂਦੀ ਹੈ ਰਾਤ ਨੂੰ। ੨੦।

ਦੋਹਰਾ॥ ਯੌ ਸੁਨ ਰਾਨੀ ਦੁਹੂ ਉਸੈ, ਗਹਿ ਪਦ ਪਰੀ ਲਪਟਾਇ॥ ਇਸ ਤਰ੍ਹਾਂ ਦੇ ਬਚਨ ਸੁਣ ਕੇ ਰਾਜੇ ਦੀਆਂ ਦੋਵੇਂ ਰਾਣੀਆਂ ਨੇ ਬੰਦੇ ਬਹਾਦਰ ਦੀ ਇਸਤ੍ਰੀ ਦੇ ਚਰਨਾਂ ਨੂੰ ਫੜ ਲਿਆ ਹੈ। ਚਰਨਾਂ ਤੇ ਚਿੰਬੜ ਗਈਆਂ ਹਨ।

ਹਸ ਕਰ ਬਚਨ ਸੁ ਕਰ ਦੀਯੋ, ਮਾਲਕ ਆਸ ਪੁਜਾਇ॥੨੧॥ ਹੱਸ ਕੇ ਬਚਨ ਕਰਨਾ ਹੀ ਪੈ ਗਿਆ, ਕਹਿੰਦੇ ਉਸਨੇ ਹੱਸ ਕੇ ਕਹਿ ਦਿੱਤਾ ਕੋਈ ਨਹੀਂ ਮਾਲਕ ਤੁਹਾਡੀ ਇਛਾ ਪੂਰੀ ਕਰੇਗਾ॥ ਬੰਦੇ ਦੀ ਇਸਤ੍ਰੀ ਨੇ ਕਿਹਾ। ੨੧।

ਚੌਪਈ॥ ਦੋਊਅਨ ਕੈ ਸਿਰ ਹੱਥ ਲਗਾਏ॥ ਦੋਨਾਂ ਰਾਣੀਆਂ ਦੇ ਸਿਰ ਤੇ ਹੱਥ ਰੱਖ ਦਿੱਤੇ ਮਾਈ ਨੇ, ਉਠਾਓ ਸਿਰ

ਚਰਨਾਂ ਤੋਂ।

ਦੋਊਅਨ ਆਦਰ ਸਹਿਤ ਉਠਾਏ॥ ਬੜੇ ਆਦਰ ਨਾਲ ਦੋਹਾਂ ਰਾਣੀਆਂ ਦੇ ਸਿਰ ਆਪਣੇ ਚਰਨਾਂ ਤੋਂ ਉਤਾਂਹ ਚੁੱਕੇ ਹਨ, ਉਸ ਮਾਈ ਨੇ।

ਇਸੀ ਬਰਸ ਉਨ ਅੰਦਰ ਬਿਤਾਓ॥ ਉਨਾਂ ਨੂੰ ਕਿਹਾ ਇਸੀ ਸਾਲ ਵਿੱਚ ਆਪਦੇ ਘਰ ਵਿੱਚ ਕ੍ਰਿਪਾ ਹੋਵੇਗੀ।

ਸਤ ਬੰਦੇ ਬਚਨ ਦੋਊ ਬਾਲਕ ਖਿਡਾਓ॥ ੨੨॥ ਜੇ ਬੰਦਾ ਬਹਾਦਰ ਸੱਤ ਹੈ ਤਾਂ ਤੁਸੀਂ ਦੋਵੇਂ ਬਾਲ ਖਿਡਾਉਗੀਆਂ, ਜਾਓ ਅਸੀਂ ਬਚਨ ਕਰ ਦਿੱਤਾ ਦੋਹਾਂ ਲਈ। ੨੨।

ਦੋਹਰਾ॥ ਖੁਸ਼ੀਅਨ ਸੋਂ ਵਹਿ ਘਰ ਗਈ, ਪੁਜੀ ਰਾਜੈ ਢਿਗ ਜਾਇ॥ ਉਹ ਰਾਣੀਆਂ ਬੜੀਆਂ ਖੁਸ਼ੀਆਂ ਮਨਾਉਂਦੀਆਂ ਹੋਈਆਂ ਆਪਣੇ ਘਰ ਨੂੰ ਗਈਆਂ ਹਨ, ਰਾਜੇ ਪਾਸ ਜਾ ਕੇ ਦੱਸਿਆ ਹੈ ਕਿ ਇਹ ਵਰਦਾਨ ਦਿੱਤਾ ਹੈ, ਬੰਦੇ ਦੇ ਘਰ ਵਾਲੀ ਨੇ।

ਆਸਾਵੰਤੀ ਦੁਇ ਭਈ, ਸੁਤਿ ਇਕ ਹੀ ਨਿਸ ਦੁਇ ਜਾਇ॥੨੩॥ ਦੋਵੇਂ (ਆਸਾਵੰਤੀ) ਗਰਭਵਤੀਆਂ ਹੋ ਗਈਆਂ ਹਨ, ਦੋਵਾਂ ਦੇ ਇਕੇ ਰਾਤ ਹੀ ਜਨਮ ਹੋਇਆ ਦੋਵਾਂ ਪੁੱਤਰਾਂ ਦਾ। ੨੩।

ਅਭਰੋਜ ਸਿੰਘ ਜਗਰੂਪ ਸਿੰਘ, ਧਰਿਓ ਉਨ ਕੋ ਨਾਇ॥ ਇਕ ਦਾ ਨਾਮ ਅਭੈਰਾਜ ਸਿੰਘ ਅਤੇ ਦੂਜੇ ਦਾ ਜਗਰੂਪ ਸਿੰਘ ਉਨ੍ਹਾਂ ਨਾਮ ਰੱਖਿਆ ਇਹ ਉਨ੍ਹਾਂ ਦੋਵਾਂ ਪੁਤਰਾਂ ਦੇ ਨਾਮ ਰੱਖੇ।

ਔਰ ਬਾਤ ਬਹੁਤੀ ਲਿਖੀ, ਗ੍ਰੰਥ ਬਡੋ ਹੁਇ ਜਾਇ॥੨੪॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਐਨਾ ਹੀ ਮੈਂ ਤੁਹਾਨੂੰ ਲਿਖ ਕੇ ਦੱਸਦਾ ਹਾਂ ਕਿ ਬੰਦੇ ਬਹਾਦਰ ਦੀ ਇਸਤ੍ਰੀ ਨੇ ਇਸ ਤਰ੍ਹਾਂ ਪਰਚੇ ਦਿਖਾਏ, ਜੋ ਬੰਦੇ ਬਹਾਦਰ ਤੋਂ ਬਾਅਦ ਦੀ ਗੱਲ ਹੈ, ਬਹੁਤ ਲਿਖਣ ਨਾਲ ਗ੍ਰੰਥ ਵੱਡਾ ਹੁੰਦਾ ਹੈ, ਇਸ ਕਰਕੇ ਇਹ ਛੋਟੀ ਜਿਹੀ ਸਾਖੀ ਲਿਖਕੇ ਇਥੇ ਹੀ ਸਮਾਪਤ ਕਰਦੇ ਹਾਂ। ੨੪।

ਅਥ ਕੁੱਲੂ ਦੀ ਸਾਖੀ ਤੁਰੀ

(ਬੰਦੇ ਦਾ ਕੁੱਲੂ ਕੈਦ ਹੋਣਾ ਤੇ ਪਿੰਜਰੇ ਸਮੇਤ ਉੱਡ ਕੇ ਮੰਡੀ ਪੁੱਜਣਾ)

ਦੋਹਰਾ॥ ਤਬ ਬੰਦੇ ਕੇ ਦਿਲ ਅਈ, ਕੁੱਲੂ ਦੇਖੀਏ ਜਾਇ॥ ਹੁਣ ਬੰਦਾ ਬਹਾਦਰ ਨੇ ਮੰਡੀ ਰਾਜੇ ਸੁਧ ਸੈਣ ਕੋਲ ਰਹਿਣਾ ਸ਼ੁਰੂ ਕਰ ਦਿੱਤਾ ਹੈ। ਖਾਲਸੇ ਪੰਥ ਨੂੰ ਰਾਜ ਭਾਗ ਸੰਭਾਲ ਕੇ ਆਪ ਪਰਬਤਾਂ ਨੂੰ ਚੜ੍ਹ ਗਿਆ ਹੈ ਇੱਕ ਦਿਨ ਉਹਦੇ ਮਨ ਵਿੱਚ ਖੁਸ਼ੀ ਆਈ ਕਿ ਚਲ ਕੇ ਕੁੱਲੂ ਸ਼ਹਿਰ ਦੇਖੀਏ, ਕਹਿੰਦੇ ''ਗਿਆ ਕੁੱਲੂ ਤੇ ਬਣ ਗਿਆ ਉੱਲੂ, ਗਿਆ ਨਣੇਂਣ ਤੇ ਆਇਆ ਹੈ ਕੌਣ'' ਇਹ ਪਹਿਲਾਂ ਦੀਆਂ ਕਹਾਵਤਾਂ ਹਨ, ਲੋਕੀਂ ਇਸ ਤਰ੍ਹਾਂ ਦੀਆਂ ਗੱਲਾਂ ਕਰਦੇ ਹੁੰਦੇ ਸਨ ਬੰਦੇ ਬਹਾਦਰ ਨੇ ਕਿਹਾ ਕਿ ਚਲੋ ਕੁਲੂ ਦੀ ਸੈਰ ਕਰੀਏ।

ਸ੍ਰੀ ਮਹੇਸ਼ ਕੋ ਦਰਸ ਕਰ, ਔਰ ਸਿਧਨ ਦਰਸ ਪਾਇ॥੧॥ ਕੁੱਲੂ ਦੇ ਵਿੱਚ ਵੀ ਸ਼ਿਵਾਂ ਦੀ ਪੂਜਾ ਹੁੰਦੀ ਹੈ, ਮਹੇਸ਼ ਜੀ ਦਾ ਮੰਦਰ ਹੋਵੇਗਾ ਇਥੇ ਹੋਰ ਸਿੱਧਾਂ ਦੇ ਦਰਸ਼ਨ ਕਰੀਏ, ਸ਼ਿਵ ਭਗਵਾਨ ਦਾ ਦਰਸ਼ਨ ਕਰਕੇ। ਬੜੇ ਬੜੇ ਸਿੱਧ ਜੋਗੀ ਰਹਿੰਦੇ ਸਨ ਇਥੇ ਕਰਾਮਾਤੀ। ੧।

ਚੌਪਈ॥ ਤਬ ਬੰਦੇ ਨੇ ਸੋਈ ਕਈ॥ ਤਦੋਂ ਬੰਦੇ ਬਹਾਦਰ ਨੇ ਓਹੀ ਕੁਛ ਕੀਤਾ ਹੈ।

ਜੋ ਬੰਦੇ ਦਿਲ ਰਾਤਹਿ ਠਈ॥ ਰਾਤ ਨੂੰ ਜੋ ਉਹਦੇ ਦਿਲ ਵਿੱਚ ਫੁਰਦੀਆਂ ਜਿਹੜੀਆਂ ਗੱਲਾਂ, ਏਥੇ ਆ ਕੇ ਕਹਿਣ ਲੱਗਾ।

ਬੰਦਾ ਕੁੱਲੂ ਮੈਂ ਵੜਿਓ ਜਾਏ॥ ਬੰਦਾ ਸਿੰਘ ਕੁੱਲੂ ਸ਼ਹਿਰ ਵਿੱਚ ਜਾ ਵੜਿਆ ਹੈ।

ਸੋਊ ਰਾਜੇ ਉਨ ਲਯੋ ਫੜਾਏ॥੨॥ ਕੁਲੂ ਦੇ ਰਾਜੇ ਨੇ ਉਸ ਨੂੰ ਪਕੜ ਲਿਆ ਹੈ।

ਬੰਦਾ ਕਹੈ ਮੈਂ ਫੜਜੋ ਨ ਰਹੋਂ॥ ਜਦੋਂ ਰਾਜੇ ਦੇ ਸਿਪਾਹੀ ਬੰਦੇ ਨੂੰ ਫ਼ੜਨ ਵਾਸਤੇ ਨੇੜੇ ਹੋਏ ਤਾਂ ਬੰਦੇ ਨੇ ਕਿਹਾ ਕਿ ਮੈਂ ਤੁਹਾਡਾ ਫੜਿਆ ਨਹੀਂ ਰਹਾਂਗਾ, ਤੁਸੀਂ ਮੈਨੂੰ ਕੀ ਕਰ ਸਕਦੇ ਹੋ।

ਕੈਸੇ ਕਰ ਤੁਮ ਭਾਵੈਂ ਗਹੋਂ॥ ਭਾਵੇਂ ਕਿਵੇਂ ਕਰ ਕੇ ਮੈਨੂੰ (ਗਹੋਂ) ਫੜ ਲਵੋ, ਮੈਂ ਤੁਹਾਡਾ ਫੜਿਆ ਨਹੀਂ ਰਹਾਂਗਾ।

ਬੰਦਾ ਮੁੱਠੀ ਪਰਾਂ ਕੀ ਭਾਈ॥ ਬੰਦਾ ਕੋਈ ਖਾਲੀ ਨਹੀਂ ਸੀ , ਇਹ ਤਾਂ ਪਰਾਂ ਦੀ ਮੁਠੀ ਹੈ, ਇਹ ਤਾਂ ਫੰਗਾਂ ਦੀ ਮੁੱਠੀ ਹੈ।

ਜਬ ਚਾਹੇ ਤਬ ਹੀ ਉਡ ਜਾਈ॥੩॥ ਜਦੋਂ ਮੇਰੇ ਮਨ ਵਿਚ ਆਈ ਮੈਂ ਉਦੋਂ ਹੀ ਉਡ ਜਾਵਾਂਗਾ, ਮੈਂ ਤੁਹਾਡੇ ਵੱਸ ਵਿਚ ਨਹੀਂ ਰਹਾਂਗਾ।

ਜਿਮ ਜਿਮ ਬੰਦਾ ਮੁਖੋਂ ਪੁਕਾਰੈ॥ ਜਿਉਂ ਜਿਉਂ ਬੰਦਾ ਸਿੰਘ ਉਨ੍ਹਾਂ ਨੂੰ ਇਉਂ ਕਹਿੰਦਾ ਹੈ ਕਿ ਮੈਨੂੰ ਕੋਈ ਫੜ ਕੇ ਨਹੀਂ ਰੱਖ ਸਕਦਾ।

ਤਿਮ ਤਿਮ ਵਹਿ ਤਕੜਾਈ ਧਾਰੈ॥ ਓਵੇਂ ਓਵੇਂ ਤਕੜਾਈ ਕਰਦੇ ਹਨ ਕਿ ਅਗਰ ਬੰਦੇ ਨੂੰ ਫੜ ਤਾਂ ਲਿਆ ਕਿਤੇ ਭੱਜ ਨਾ ਜਾਂਦਾ ਹੋਵੇ, ਉੱਡ ਨਾ ਜਾਂਦਾ ਹੋਵੇ; ਉੱਤੇ ਤਕੜੇ ਪਹਿਰੇ ਲਾਉਣ ਲੱਗੇ।

ਪ੍ਰਥਮ ਕਰਾਯੋ ਨਜ਼ਰੈ ਬੰਦ॥ (ਪ੍ਰਥਮ) ਪਹਿਲਾਂ ਤਾਂ ਉਸਨੂੰ ਨਜ਼ਰਬੰਦ ਕਰ ਦਿਤਾ, ਭਾਵ ਓਸਨੂੰ ਕੋਈ ਨਾ ਦਿਸੇ, ਇਕੱਲੇ ਨੂੰ ਅੰਦਰ ਨਜ਼ਰ ਬੰਦ ਕਰ ਲਿਆ।

ਅਪਨ ਜ਼ੁਬਾਨੀ ਪਰਯੋ ਸੁ ਫੰਦ॥੪॥ ਆਪਣੀ ਜ਼ੁਬਾਨ ਨਾਲ ਹੀ ਆਪਣੇ ਫੰਦੇ ਵਿਚ ਪੈ ਗਿਆ, ਜਦੋਂ ਉਹਨਾਂ ਨੂੰ ਲਲਕਾਰੇ ਮਾਰਦਾ ਸੀ, ਓ ਮੈਂ ਭੱਜ ਜਾਊਂਗਾ, ਮੈਂ ਰਹਿਣਾ ਨਹੀਂ ਏਥੇ, ਉਹਨੂੰ ਅੰਦਰ ਕੋਠੇ ਦੇ ਵਿੱਚ ਬੰਦ ਕਰ ਲਿਆ। ੪।

ਲੋਹ ਪਿੰਜਰੋ ਤਿਨੈ ਘੜਾਯੋ॥ ਬੰਦੇ ਬਹਾਦਰ ਨੂੰ ਬੰਦ ਕਰਨ ਵਾਸਤੇ ਲੋਹੇ ਦਾ ਇੱਕ ਪਿੰਜਰਾ ਬਣਵਾਇਆ ਹੈ, ਕਿ ਲੋਹੇ ਦੇ ਪਿੰਜਰੇ ਵਿਚ ਬੰਦ ਕਰੋ ਫਿਰ ਕਿੱਧਰ ਨੂੰ ਉੱਡ ਜਾਏਗਾ।

ਕਹੈ ਬੰਦਾ ਮੈਂ ਰਹੋਂ ਨ ਪਾਯੋ॥ ਬੰਦਾ ਬਹਾਦਰ ਫੇਰ ਕਹਿਣ ਲਗਾ ਇਹ ਪਿੰਜਰਾ ਮੇਰਾ ਕੁਛ ਨਹੀਂ ਵਿਗਾੜ ਸਕਦਾ ਮੈਂ ਰਹਿਣਾ ਨਹੀਂ ਏਥੇ, ਜਦੋਂ ਮੇਰਾ ਦਿਲ ਕੀਤਾ ਉਦੋਂ ਹੀ ਚਲਿਆ ਜਾਵਾਂਗਾ।

ਮੈਂ ਪਿੰਜਰੋ ਲੈ ਜਾਊਂ ਉਡਾਯੋ॥ ਮੈਂ ਤਾਂ ਪਿੰਜਰਾ ਉਡਾ ਕੇ ਲੈ ਜਾਊਂਗਾ ਅਕਾਸ਼ ਨੂੰ, ਮੇਰਾ ਇਹ ਪਿੰਜਰਾ ਕੀ ਕਰ ਸਕਦਾ ਹੈ।

ਉਨ ਸੁਨ ਪਿੰਜਰੋ ਕੋਠੇ ਪਾਯੋ॥੫॥ ਇਹ ਸੁਣ ਕੇ ਉਨ੍ਹਾਂ ਨੇ ਪਿੰਜਰਾ ਚੁੱਕ ਕੇ ਇੱਕ ਕੋਠੇ ਵਿੱਚ ਰੱਖ ਦਿੱਤਾ, ਕਿ ਕੋਠਾ ਤਾਂ ਨਹੀਂ ਉਠਾ ਕੇ ਲੈ ਜਾਇਗਾ। ੫।

ਦੋਹਰਾ॥ ਬੰਦਾ ਫੜਿਓ ਜਬ ਸੁਨੀ, ਸਿੱਖਨ ਪਰ ਗਈ ਸੋਚ॥ ਜਦੋਂ ਏਧਰ ਖਾਲਸੇ ਵਿੱਚ ਪਤਾ ਲੱਗਾ ਹੈ ਕਿ ਬੰਦਾ ਬਹਾਦਰ ਗ੍ਰਿਫਤਾਰ ਹੋ ਗਿਆ ਹੈ ਤਾਂ ਸਿੱਖਾਂ ਨੂੰ ਸੋਚ ਪੈ ਗਈ, ਵੀਚਾਰ ਹੋ ਗਈ ਬੰਦਾ ਬਹਾਦਰ ਜਿਸਦਾ ਡਰ ਭੈ ਹੈ ਸਾਰਿਆਂ ਰਾਜਿਆਂ ਨੂੰ, ਉਹ ਤਾਂ ਗ੍ਰਿਫਤਾਰ ਹੋ ਗਿਆ ਹੈ, ਹੁਣ ਕੀ ਬਣੇਗਾ।

ਤੁਰਕਨ ਮਨ ਸ਼ਾਦੀ ਭਈ, ਮੁਲਕ ਛੁਡਾਯੋ ਲੋਚ॥੬॥ ਜੋ ਤੁਰਕ ਫੌਜਾਂ ਸਨ ਉਹਨਾਂ ਦੇ ਮਨ ਵਿਚ ਤਾਂ ਖੁਸ਼ੀਆਂ ਹੋ ਗਈਆਂ ਮੁਲਕ ਛੁਡਾਈਏ ਹੁਣ ਬੰਦਾ ਪਹਾੜਾਂ ਵਿਚ ਕੈਦ ਹੋ ਗਿਆ ਹੈ, ਹੁਣ ਸੌਖਾ ਹੋ ਗਿਆ ਕੰਮ। ੬।

ਚੌਪਈ॥ ਸ਼ਾਹਿ ਬਹਾਦਰ ਫੌਜਦਾਰ ਬਹਾਏ॥ ਦਿੱਲੀ ਦੇ ਬਾਦਸ਼ਾਹ ਬਹਾਦਰ ਸ਼ਾਹ ਨੇ ਆਪਣੇ ਸਾਰੇ ਫੌਜਦਾਰ ਸੱਦੇ ਹਨ।

ਬੰਦੈ ਕਿਲ੍ਹਨ ਉਪਰ ਚੜ੍ਹ ਧਾਏ॥ ਬੰਦੇ ਬਹਾਦਰ ਦੇ ਕਿਲ੍ਹਿਆਂ ਉਪਰ ਚੜ੍ਹਾਈ ਕਰਨ ਲਈ ਧਾਏ ਹਨ।

ਕਹੈਂ ਕਰਾਮਾਤ ਗਈ ਬੰਦਜੋਂ ਅਬੈ॥ ਓਹ ਬੰਦੇ ਬਹਾਦਰ ਵਿਚੋਂ ਕਰਾਮਾਤ ਨਿਕਲ ਗਈ ਹੈ , ਹੁਣ ਉਹ ਖਾਲੀ ਹੋ ਗਿਆ, ਜਾਓ ਓਨਾਂ ਦਾ ਰਾਜ ਮੱਲ ਲਉ ਸਾਰਾ।

ਹੁਤੀ ਕਰਾਮਾਤ ਬੰਦੀ ਖਾਨੇ ਸੋ ਪਰੈ ਕਬੈ ?॥੭॥ ਕਰਾਮਾਤ ਜੇ ਹੁੰਦੀ ਤਾਂ ਬੰਦੀਖਾਨੇ ਵਿਚ ਕਿਉਂ ਪੈਂਦਾ, ਕਿਵੇਂ ਜਿਹਲ ਚਲਿਆ ਜਾਂਦਾ ਉਹ। ੭।

ਤਬ ਸਿੰਘਨ ਪਰ ਫੌਜ ਜੁ ਆਈ॥ ਹੁਣ ਸਿੰਘਾਂ ਨੇ ਜਿਲ੍ਹਿਆਂ ਵਿੱਚ, ਥਾਂ ਥਾਂ ਕਿਲ੍ਹੇ ਬਣਾਏ ਹੋਏ ਸਨ, ਪਾਨੀਪਤ ਤੋਂ ਲੈ ਕੇ ਪਠਾਨ ਕੋਟ ਤੱਕ। ਜਦੋਂ ਤੁਰਕਾਂ ਦੀਆਂ ਫੌਜਾਂ ਨੇ ਕਿਲ੍ਹਿਆਂ ਦੇ ਉੱਪਰ ਚੜ੍ਹਾਂਈ ਕੀਤੀ।

ਮੁਲਕ ਛਡ ਸਿੰਘ ਗਏ ਪਰਾਈ॥ ਜਦੋਂ ਦੇਖਿਆ ਐਥੇ ਫੌਜ ਤੁਰੀ ਆ ਰਹੀ ਹੈ ਤਾਂ ਸਿੰਘ ਮੁਲਕ ਛੱਡ ਕੇ ਅੱਗੇ ਅੱਗੇ ਤੁਰੀ ਜਾ ਰਹੇ ਹਨ।

ਤੈ ਬਹੁਤ ਪਰੀ ਸਿੰਘਨ ਪਰ ਭੀਰ॥ ਤਦੋਂ ਉਸ ਸਮੇਂ ਸਿੰਘਾਂ ਉੱਤੇ ਬੜੀ ਭਾਰੀ ਭੀੜ ਆ ਗਈ ਹੈ।

ਤਬ ਬੰਦੈ ਨੇ ਕਰੀ ਤਤਬੀਰ॥੮॥ ਹੁਣ ਫੇਰ ਬੰਦੇ ਨੇ ਕੋਈ ਤਰੀਕਾ ਸੋਚਿਆ ਹੈ। ੮।

ਦੋਹਰਾ॥ ਤਬ ਰਾਜੇ ਸੁਧ ਸੈਨ ਨੈ, ਸੁਨਿਓ ਕੀਨੋ ਕੋਪ॥ ਜਦੋਂ ਮੰਡੀ ਵਾਲੇ ਰਾਜੇ ਨੂੰ ਬੰਦੇ ਬਹਾਦਰ ਦੀ ਗ੍ਰਿਫਤਾਰੀ ਦਾ ਪਤਾ ਲਗਾ ਤਾਂ ਉਸਨੇ ਸੁਣਕੇ ਬੜਾ ਕਰੋਧ ਕੀਤਾ ਹੈ ।

ਮੇਰੋ ਗੁਰ ਦਰਸ਼ਨ ਚੜ੍ਹਿਓ, ਤੈਂ ਕਿਮ ਕੀਨੋ ਲੋਪ ?॥੯॥ ਮੰਡੀ ਦੇ ਰਾਜੇ ਨੇ ਕੁਲੂ ਦੇ ਰਾਜੇ ਨੂੰ ਲਿਖਿਆ ਹੈ ਕਿ ਮੇਰਾ ਗੁਰੂ ਤਾਂ ਸੈਰ ਸਪੱਟੇ ਚੜ੍ਹਿਆ ਸੀ ਤੇ ਤੂੰ ਕਿਵੇਂ ਉਹਨੂੰ ਗੁਪਤ ਕਰ ਲਿਆ, ਤੂੰ ਉਸਨੂੰ ਗ੍ਰਿਫਤਾਰ ਕਿਵੇਂ ਕੀਤਾ ਹੈ ਇਹ ਦੱਸ। ੯।

ਚੌਪਈ॥ ਸਿੱਧ ਸੈਣ ਤਬ ਉੱਦਮ ਕੀਓ॥ ਰਾਜੇ ਸਿਧ ਸੈਣ ਨੇ ਉੱਦਮ ਕੀਤਾ ਹੈ, ਆਪਣੀ ਫੌਜ ਨੂੰ ਹੁਕਮ ਕੀਤਾ ਹੈ।

ਕਰੀ ਮੁਹਿੰਮ ਛੁਡਾਵਣ ਲੀਓ॥ ਬੰਦੇ ਬਹਾਦਰ ਨੂੰ ਛੁਡਾਉਣ ਵਾਸਤੇ ਮੁਹਿੰਮ ਸ਼ੁਰੂ ਕੀਤੀ ਹੈ।

ਤਬ ਬੰਦੇ ਨੇ ਮਨੈ ਬਿਚਾਰੀ॥ ਬੰਦੇ ਬਹਾਦਰ ਨੂੰ ਪਤਾ ਲੱਗਾ ਕਿ ਮੇਰਾ ਸੇਵਕ ਸੁਧਰ ਸੈਨ, ਫੌਜ ਇਕੱਠੀ ਕਰਕੇ ਮੈਨੂੰ ਛਡਾਉਣ ਦਾ ਉੱਦਮ ਕਰ ਰਿਹਾ ਹੈ। ਤਾਂ ਬੰਦੇ ਬਹਾਦਰ ਨੇ ਆਪਣੇ ਮਨ ਵਿੱਚ ਇਸ ਤਰ੍ਹਾਂ ਵੀਚਾਰਿਆ ਹੈ।

ਇਨੈ ਛੁਡਾਏ ਪਤ ਨ ਹਮਾਰੀ॥੧੦॥ ਬੰਦੇ ਸੋਚਿਆ, ਜੇ ਸੁਧ ਸੈਨ ਰਾਜੇ ਨੇ ਮੈਨੂੰ ਛੁਡਾਇਆ ਤਾਂ ਮੇਰੀ ਪੱਤ ਨਹੀਂ ਰਹਿਣੀ ਮੇਰੇ ਪੱਲੇ ਕੱਖ ਨਹੀਂ ਰਹਿਣਾ ਕਿ ਸੁਧ ਸੈਨ ਨੇ ਛੁਡਾਇਆ ਹੈ। ੧੦।

ਹਮਰੀ ਸਿੱਧੀ ਫਿਰ ਕਬ ਰਹੀ॥ ਮੇਰੀ (ਸਿੱਧੀ) ਕਰਾਮਾਤ ਫੇਰ ਕਦੋਂ ਰਹੀ, ਜਦੋਂ ਸੁਧ ਸੈਨ ਹੀ ਮੈਨੂੰ ਛੁਡਾਉਣ ਵਾਸਤੇ ਆ ਗਿਆ।

ਕਤ ਉਸਤਤਿ ਹਮ ਗੁਰ ਕੀ ਕਹੀ॥ ਤਾਂ ਫਿਰ ਮੇਰੇ ਗੁਰੂ ਦੀ ਉਸਤਤ ਕਿਵੇਂ ਹੋਵੇਗੀ, ਇਸ ਤਰ੍ਹਾਂ ਤਾਂ ਨਿੰਦਿਆ ਹੋਵੇਗੀ।

ਹਮ ਅਬ ਅਪਨੇ ਪੌਰਖ ਛੁਟੈਂ॥ ਹੁਣ ਮੈਂ ਆਪਣੇ (ਪੌਰਖ) ਬਲ, ਸ਼ਕਤੀ ਨਾਲ ਹੀ ਛੁਟਾਂਗਾ, ਤਾਂ ਮੇਰੀ ਪੱਤ ਰਹਿੰਦੀ ਹੈ, ਜੇ ਮੈਨੂੰ ਸੁਧ ਸੈਨ ਨੇ ਛੁਡਾਇਆ ਤਾਂ ਮੇਰੀ ਪੱਤ ਜਾਇਗੀ, ਲੋਕ ਕੀ ਆਖਣਗੇ ?

ਫਿਰ ਇਨ ਕੌ ਨਿਜ ਹਾਥਨ ਕੁਟੈਂ॥੧੧॥ ਕਹਿਣ ਲੱਗਾ ਮੈਂ ਆਪਣੀ ਤਾਕਤ ਨਾਲ ਛੁੱਟ ਕੇ, ਆਪਣੇ ਹੱਥਾਂ ਨਾਲ ਕੁੱਲੂ ਦੇ ਰਾਜੇ ਨੂੰ ਕੁੱਟਾਂ, ਉਹਨੂੰ ਚਾਹਟਾ ਛਕਾਵਾਂ ਚੰਗੀ ਤਰ੍ਹਾਂ। ੧੧।

ਮਤ ਹਮਰੀ ਕੁਛ ਨਿੰਦਾ ਹੋਇ॥ ਮਤਾਂ ਮੇਰੀ ਕੋਈ ਨਿੰਦਿਆ ਹੋਵੇ ਜਾਂ ਮੇਰੇ ਗੁਰੂ ਦੀ ਨਿੰਦਿਆ ਹੋਵੇ।

ਬੰਦੇ ਕੀਨਾ ਉੱਦਮ ਤੋਇ॥ ਤਾਂ ਬੰਦੇ ਬਹਾਦਰ ਨੇ ਉੱਦਮ ਕੀਤਾ ਆਪਣੇ ਛੁੱਟਣ ਦਾ।

ਤੈ ਬੰਦੇ ਯੌ ਕੁਲੂਅਨ ਕਹਿਓ॥ ਤਾਂ ਬੰਦਾ ਸਿੰਘ ਬਹਾਦਰ ਨੇ ਕੁੱਲੂ ਵਾਲਿਆਂ ਨੂੰ ਖੁਲ੍ਹੇ ਤੌਰ ਤੇ ਇਉਂ ਕਹਿ ਦਿੱਤਾ।

ਚਲਜੋ ਬੰਦੋ ਤੁਮ ਦੇਖਤ ਗਹਿਓ॥੧੨॥ ਇਹ ਬੰਦਾ ਹੁਣ ਚੰਦ ਮਿੰਟਾਂ ਦਾ ਪ੍ਰਾਹੁਣਾ , ਬੰਦਾ ਚੱਲਿਆ ਜੇ, ਤੁਸੀਂ ਦੇਖਦੇ ਰਹਿਓ ਕਿਵੇਂ ਜਾ ਰਿਹਾ ਹਾਂ। ੧੨।

ਉਨ ਦੇਖਤ ਪਿੰਜਰੋ ਖੂਬ ਉੜੈਯੋ॥ ਉਨ੍ਹਾਂ ਨੇ ਖੂਬ ਤਕੜਾਈ ਕੀਤੀ, ਜਿੰਦਰੇ ਕੁੰਡੇ ਲਾਏ, ਨਿਕਲ ਨਾ ਜਾਏ ਕਿਸੇ ਪਾਸਿਓਂ ਚੰਗੀ ਤਰ੍ਹਾਂ ਬੰਦੋਬਸਤ ਕਰ ਲਿਆ । ਉਨ੍ਹਾਂ ਦੇ ਦੇਖਦਿਆਂ ਹੀ ਬੰਦੇ ਬਹਾਦਰ ਦਾ ਪਿੰਜਰਾ ਖੂਬ ਉਡਿਆ ਹੈ।

ਫੇਰ ਕੋਠੜੀ ਮਧ ਟਿਕੈਯੋ॥ ਫੇਰ ਪਿੰਜਰੇ ਨੂੰ ਕਿਸੇ ਪੱਕੀ ਕੋਠੜੀ ਦੇ ਵਿੱਚ ਟਿਕਾ ਦਿਤਾ ਹੈ।

ਤਬ ਬੰਦੇ ਨੇ ਬੀਰ ਬੁਲੋਏ॥ ਤਦੋਂ ਬੰਦੇ ਬਹਾਦਰ ਨੇ ਬੀਰ ਸੱਦ ਲਏ ਹਨ।

ਆਇ ਬੰਦੇ ਕੇ ਪਾਸ ਖਲੋਏ॥੧੩॥ ਬੰਦੇ ਬਹਾਦਰ ਦੇ ਜਿਤਨੇ ਬੀਰ ਸਨ, ਉਹ ਆ ਕੇ ਬੰਦੇ ਦੇ ਨੇੜੇ ਖਲੋ ਗਏ ਹਨ। ੧੩।

ਬੰਦੇ ਕਹਜੋ ਅਬ ਲੇ ਚਲੋ ਮੰਡੀ॥ ਬੰਦੇ ਬਹਾਦਰ ਨੇ ਬੀਰਾਂ ਨੂੰ ਹੁਕਮ ਦੇ ਦਿੱਤਾ, ਇਉਂ ਕਰੋ ਮੇਰਾ ਪਿੰਜਰਾ ਸੁਕੇਤ ਮੰਡੀ ਲੈ ਚਲੋ, ਸੁਧ ਸੈਨ ਦੇ ਰਾਜ ਵਿੱਚ ਲੈ ਚੱਲੋ ਮੈਨੂੰ।

ਚਲੋ ਦੁਆਬੇ ਜਗੀ ਜਹਿ ਚੰਡੀ॥ ਦੁਆਬੇ ਵਿੱਚ ਦਿੱਲੀ ਤੋਂ ਫੌਜ ਆ ਗਈ ਸੀ, ਤੁਰਕਾਂ ਅਤੇ ਸਿੰਘਾਂ ਦਾ ਯੁੱਧ ਹੋ ਰਿਹਾ ਸੀ, ਚਲੋ ਜਿਥੇ ਚੰਡੀ ਖੜਕ ਰਹੀ ਹੈ ਓਥੇ ਅਪੜੀਏ ਚਲ ਕੇ।

ਜਾ ਸਿੰਘਨ ਕੀ ਕਰੀਏ ਸਹਾਇ॥ ਜਾ ਕੇ ਸਿੰਘਾਂ ਦੀ ਸਹਾਇਤਾ ਕਰੀਏ॥

ਮਾਰ ਤੁਰਕਨ ਕੋ ਦਈਏ ਗਲਾਇ॥੧੪॥ ਤੁਰਕਾਂ ਨੂੰ ਮਾਰ ਕੇ ਗਾਲ ਦੇਈਏ, ਖਤਮ ਕਰ ਦੇਈਏ ਜਾ ਕੇ। ੧੪।

ਦੋਹਰਾ॥ ਬੰਦੇ ਆਖਜੋ ਬੀਰ, ਉਨ ਪਿੰਜਰੋ ਲਿਹੋ ਉਠਾਇ॥ ਜਦੋਂ ਬੰਦੇ ਬਹਾਦਰ ਨੇ ਬੀਰਾਂ ਨੂੰ ਹੁਕਮ ਕੀਤਾ, ਤਾਂ ਉਨ੍ਹਾਂ ਨੇ ਬੰਦੇ ਬਹਾਦਰ ਦਾ ਪਿੰਜਰਾ ਚੁੱਕ ਲਿਆ ਹੈ, ਬਣਿਆ ਬਣਾਇਆ।

ਲੈ ਸੁ ਉਤਾਰੋ ਹਦ ਮੰਡੀ, ਸਿਧ ਸੈਣ ਕੀ ਜਾਇ॥੧੫॥ ਲਿਆ ਕੇ ਸਿਧ ਸੈਣ ਜੋ ਮੰਡੀ ਦਾ ਰਾਜਾ ਸੀ ਉਹਦੇ ਮਹਿਲਾਂ ਕੋਲ ਲਿਆ ਉਤਾਰਿਆ ਹੈ ਪਿੰਜਰਾ ਬੰਦੇ ਬਹਾਦਰ ਦਾ। ੧੫।

ਚੌਪਈ॥ ਤੌ ਬੀਰਨ ਨੇ ਸੋਈ ਕਰੀ॥ ਤਾਂ ਬੀਰਾਂ ਨੇ ਓਹੀ ਕਰੀ, ਜਦੋਂ ਬੰਦੇ ਬਹਾਦਰ ਨੇ ਕਿਹਾ ਮੈਨੂੰ ਲੈ ਚੱਲੋ ਸੁਧ ਸੈਨ ਦੇ ਰਾਜ ਵਿੱਚ, ਤਾਂ ਬੀਰਾਂ ਉਸੇ ਤਰ੍ਹਾਂ ਕੀਤਾ।

ਉਡਿਓ ਪਿੰਜਰੋ ਤਿਸਹੀ ਘਰੀ॥ ਓਸੇ ਘੜੀ ਪਿੰਜਰਾ ਉੱਡਿਆ ਹੈ, ਕੁੱਲੂ ਤੋਂ।

ਰਾਜੇ ਕੋ ਮੁਖ ਹੋ ਗਯੋ ਫੂਕ॥ ਜਿਸ ਵੇਲੇ ਕੁੱਲੂ ਦੇ ਰਾਜੇ ਨੇ ਵੇਖਿਆ ਹੈ ਕਿ ਪਿੰਜਰਾ ਚਲਿਆ ਹੈ, ਤਾਂ ਰਾਜੇ ਦਾ ਵੇਖ ਕੇ ਮੂੰਹ ਫੂਕ ਹੋ ਗਿਆ ਹੈ।

ਪਿੰਜਰੋ ਚੜ੍ਹਜੋ ਅਸਮਾਨ ਸੁ ਘੂਕ॥੧੬॥ ਪਿੰਜਰਾ (ਅਸਮਾਨ) ਅਕਾਸ਼ ਨੂੰ (ਘੂਕ) ਸ਼ੂਕਦਾ ਹੋਇਆ ਚੜ੍ਹਿਆ ਹੈ। ੧੬।

ਤਬ ਰਾਜਾ ਨਠ ਅੰਦਰ ਵੜਾ॥ ਕੁੱਲੂ ਦਾ ਰਾਜਾ ਭੱਜ ਕੇ ਆਪਦੇ ਮਹਿਲ ਦੇ ਅੰਦਰ ਵੜ ਗਿਆ ਹੈ।

ਜਾਣੇ ਪ੍ਰਬਤ ਅਸਮਾਨੇ ਚੜ੍ਹਾ॥ ਉਸਨੂੰ ਪ੍ਰਤੀਤ ਹੋਇਆ, ਜਿਵੇਂ ਪਹਾੜ ਹੀ ਉੱਡ ਕੇ ਅਸਮਾਨ ਨੂੰ ਚੜ੍ਹ ਗਿਆ ਹੋਵੇ।

ਕੋਠੜੀ ਕੀ ਇਟ ਇਟ ਉਡ ਗਈ॥ ਜਿਹੜੀ ਕੋਠੜੀ ਵਿੱਚ ਪਿੰਜਰਾ ਬੰਦ ਕੀਤਾ ਹੋਇਆ ਸੀ, ਜਦੋਂ ਪਟਾਕਾ ਪਿਆ ਇੱਕ ਇੱਟ ਨਹੀਂ ਰਹੀ ਉਹਦੀ , ਸਭ ਖਿਲਰ ਗਈਆਂ ।

ਕਜਾ ਜਾਨੋ ਵਹੁ ਕਿਤ ਜਾ ਪਈ॥੧੭॥ ਕੀ ਪਤਾ ਉਹ ਇੱਟਾਂ ਕਿਥੇ ਚਲੀਆਂ ਗਈਆਂ ਹਨ, ਦੂਰ ਦੂਰ ਤੱਕ ਇੱਟਾਂ ਖਿਲਰ ਗਈਆਂ ਹਨ। ੧੭।

ਦੋਹਰਾ॥ ਕੁੱਲੂ ਕੁਇਲੇ ਕਰੇਗਾ, ਆਇ ਖਾਲਸਾ ਆਪ॥ ਬੰਦੇ ਬਹਾਦਰ ਨੇ ਇਉਂ ਬਚਨ ਕੀਤਾ, ਓਇ ਕੁੱਲੂ ਵਾਲਿਓ, ਹੁਣ ਤੁਹਾਡੇ ਕੋਇਲੇ ਕਰੇਗਾ ਖਾਲਸਾ ਆਪ ਆ ਕੇ।

ਹੁਇ ਰਈਯਤ ਫਿਰ ਬਸਹੁਗੇ, ਯੌਂ ਦਿਓ ਬੰਦੇ ਜੀ ਸ੍ਰਾਪ॥੧੮॥ ਬੰਦੇ ਬਹਾਦਰ ਨੇ ਸਰਾਪ ਦੇ ਦਿੱਤਾ, ਜਦੋਂ ਖਾਲਸਾ

ਪੰਥ ਆਇਆ, ਫੇਰ ਖਾਲਸੇ ਦੀ (ਰਈਯਤ) ਪਰਜਾ ਹੋ ਕੇ ਬਸਹੁਗੇ, ਮੇਰਾ ਸ਼ਰਾਪ ਹੈ ਤੁਹਾਨੂੰ। ਮੈਂ ਤਾਂ ਤੁਹਾਡੀ ਬੱਚਤ ਕੀਤੀ ਸੀ।

ਬੰਦੇ ਬਹਾਦਰ ਨੇ ਪਹਾੜੀਆਂ ਦੀ ਬੜੀ ਮਦਦ ਕੀਤੀ ਸੀ ਕਿ ਇਹ ਮਾਰੇ ਨਾ ਜਾਣ, ਇਹਨਾਂ ਦਾ ਕੋਈ ਨੁਕਸਾਨ ਨ ਹੋਵੇ, ਇਹ ਸੁਖੀ ਵਸਣ, ਮਾਮਲਾ ਹੀ ਹੈ, ਉਹ ਸਰਕਾਰ ਨੂੰ ਭਰਦੇ ਸੀ ਉਹ ਹੁਣ ਮੈਨੂੰ ਭਰਨ, ਬਸ ਏਨੀ ਈਨ ਮੰਨਾਉਣੀ ਸੀ, ਇਹਨਾਂ ਪਹਾੜੀਆਂ ਨੇ ਤਾਂ ਸਗੋਂ ਅਹਿਸਾਨ ਮੰਨਣਾ ਸੀ। ਇਹਨਾਂ ਦੇ ਮਨ ਵਿਚ ਹੰਕਾਰ ਸੀ ਬੜਾ ਭਾਰੀ , ਕਿਉਂਕਿ ਇਹ ਮਾਮਲਾ ਮੁਗਲਾਂ ਨੂੰ ਦੇ ਕੇ ਬੜੇ ਖੁਸ਼ ਸੀ ਲੇਕਨ ਖਾਲਸੇ ਨੂੰ ਦੇ ਕੇ ਰਾਜੀ ਨਹੀਂ ਸਨ ।

ਜਹਾਂ ਮੰਡੀ ਕੀ ਹੱਦ ਹੁਤੀ, ਸਿੱਧ ਸੈਣ ਕੇ ਰਾਜ॥ ਜਿਥੇ ਸੁਕੇਤ ਮੰਡੀ ਦੀ ਹੱਦ ਸੀ, ਸਿਧ ਸੈਣ ਰਾਜੇ ਦੀ।

ਜਾ ਪਰਿਓ ਤਾਂਹ ਸੁਖ ਸਹਿਤ, ਭਏ ਸਿਖਨ ਕੇ ਕਾਜ॥੧੯॥ ਬੜੀ ਸੁਖ ਸ਼ਾਂਤੀ ਨਾਲ ਓਥੇ ਜਾ ਪਿੰਜਰਾ ਰਖਾਇਆ ਹੈ ਤੇ ਏਧਰ ਸਿੱਖਾਂ ਦੇ ਕਾਰਜ ਰਾਸ ਹੋ ਗਏ, ਸਿੱਖਾਂ ਦੇ ਘਰ ਜੈ ਜੈ ਕਾਰ ਹੋ ਗਈ ਹੈ। ੧੯।

ਚੌਪਈ॥ ਸਿੱਧ ਸੈਣ ਸੁਨ ਤੁਰਤਹਿ ਆਯੋ॥ ਜਦੋਂ ਸਿੱਧ ਸੈਣ ਨੂੰ ਪਤਾ ਲੱਗਿਆ, ਤੁਰਤ ਫੁਰਤ ਹੀ ਓਥੇ ਕਿਲ੍ਹੇ ਕੋਲ ਆ ਗਿਆ।

ਸਹਿਤ ਪਿੰਜਰੇ ਬੰਦਾ ਪਾਯੋ॥ ਬੰਦੇ ਬਹਾਦਰ ਨੂੰ ਪਿੰਜਰੇ ਵਿਚ ਨਜ਼ਰ ਬੰਦ ਹੋਇਆ ਪਾਇਆ। ਪਿੰਜਰੇ ਸਮੇਤ ਬੰਦੇ ਨੂੰ ਦੇਖਿਆ।

ਕੁਲਫ ਪਿੰਜਰੇ ਦਏ ਤੁੜਾਈ॥ ਓਸੇ ਵੇਲੇ ਲੁਹਾਰਾਂ ਨੂੰ ਹੁਕਮ ਦਿਤਾ, (ਕੁਲਫ) ਜਿੰਦਰਾ, ਪਿੰਜਰੇ ਦੇ ਜਿੰਦਰੇ ਤੋੜ ਦਿੱਤੇ ਹਨ।

ਫੂਲਨ ਕੀ ਬਰਖਾ ਕਰਵਾਈ॥੨੦॥ ਅਤੇ ਫੁਲਾਂ ਦੀ ਵਰਖਾ ਕੀਤੀ ਹੈ ਰਾਜੇ ਸੁਧਰ ਸੈਨ ਨੇ। ੨੦।

ਰਾਜੇ ਮਨ ਮੈਂ ਭਈ ਵਧਾਈ॥ ਰਾਜੇ ਦੇ ਮਨ ਵਿੱਚ ਬੜੀ (ਵਧਾਈ) ਚੜ੍ਹਦੀ ਕਲਾ ਹੋ ਗਈ ਹੈ।

ਔਤਾਰ ਬੰਦਾ ਭਯੋ ਕਹੈ ਲੁਕਾਈ॥ ਲੋਕੀ ਕਹਿੰਦੇ ਹਨ ਕਿ ਬੰਦਾ ਨਿਹਕਲੰਕ ਹੋਇਆ ਹੈ ਪ੍ਰਗਟ। ਇਸ ਕਰਕੇ ਸੁਧ ਸੈਨ ਰਾਜੇ ਦੇ ਮਨ ਵਜੀਆਂ ਵਧਾਈਆਂ।

ਬੰਦੇ ਕੋ ਤਾਂਹ ਡੇਰਾ ਕੀਓ॥ ਬੰਦੇ ਬਹਾਦਰ ਨੇ (ਤਾਂਹ) ਓਥੇ ਸੁਕੇਤ ਮੰਡੀ ਵਿੱਚ ਹੀ ਆਪਣਾ ਡੇਰਾ ਕਰ ਲਿਆ ਹੈ।

ਚੜ੍ਹੈਂ ਚੜ੍ਹਾਵੇ ਸੁਖਨਾ ਲੀਓ॥੨੧॥ ਸੁਖਣਾ ਪੂਰੀਆਂ ਹੋਣ ਲੱਗੀਆਂ, ਚੜ੍ਹਾਵੇ ਚੜ੍ਹਨ ਲੱਗੇ ਹਨ। ੨੧।

ਗੁਰੂ ਗੁਰੂ ਤਬ ਬੰਦਾ ਕਹਾਯੋ॥ ਸਾਰੇ ਪਾਹਾੜਾਂ ਵਿਚ ਗੁਰੂ ਬੰਦਾ, ਗੁਰੂ ਬੰਦਾ ਹੋਣ ਲੱਗ ਪਿਆ ਹੈ।

ਗੁਰੂ ਕੋਟ ਮਧ ਪ੍ਰਬਤ ਬਨਾਯੋ॥ ਪਰਬਤਾਂ ਦੇ ਵਿੱਚ ਬੰਦੇ ਬਹਾਦਰ ਨੇ ਆਪਣਾ ਨਗਰ ਵਸਾਇਆ ਹੈ, ਉਸਦਾ ਨਾਮ 'ਗੁਰੂ ਕੋਟ' ਵਜਦਾ ਹੈ, ਓਥੋਂ ਤੋਂ ਲੈ ਕੇ ਸਾਰੇ ਪਹਾੜਾਂ ਵਿੱਚ ਥੜੇ ਬਣਾਏ ਹਨ ਇਸਨੇ, ਆਪ ਦੀ ਪੂਜਾ ਲਾਈ ਹੋਈ ਹੈ। ਜਿਹੜੀ ਅੱਜ ਵੀ ਹੋ ਰਹੀ ਹੈ ।

ਔਰ ਸਿੱਧਨ ਕੀ ਪੂਜਾ ਮਿਟੀ॥ ਹੋਰ ਜਿਹੜੇ ਸਿੱਧ ਪਹਾੜਾਂ ਵਿੱਚ ਆਪੋ ਆਪਣੀ ਪੂਜਾ ਕਰਵਾਉਂਦੇ ਸੀ ਉਹ ਸਭ ਦੀ ਪੂਜਾ ਖਤਮ ਹੋ ਗਈ ਹੈ, ਬੰਦੇ ਬਹਾਦਰ ਦੀ ਪੂਜਾ ਕਰਦੇ ਹਨ ਸਭ ਲੋਕ।

ਸਭ ਲੁਕਾਈ ਢਿਗ ਬੰਦੈ ਜੁਟੀ॥੨੨॥ ਇਸ ਇਲਾਕੇ ਦੇ ਪਹਾੜੀ ਲੋਕ, ਸਾਰੇ ਬੰਦੇ ਬਹਾਦਰ ਦੇ ਚਰਨਾਂ ਨਾਲ ਜਾ ਜੁੜੇ ਹਨ, ਭਾਵ ਉਹਦੇ ਸਿਖ ਬਣ ਗਏ ਹਨ। ੨੨।

ਕਿਤੇ ਬੰਦਾ ਤੁਰ ਏਕਲ ਜਾਵੈ॥ ਅਜਾਦ ਹੈ ਬੰਦਾ ਬਹਾਦਰ ਇਕੱਲਾ ਹੀ ਤੁਰ ਜਾਂਦਾ ਹੈ, ਕਿਸੇ ਪਾਸੇ ਨੂੰ, ਨਾਲ ਨਹੀਂ ਕਿਸੇ ਨੂੰ ਲੈਂਦਾ।

ਚਹੈ ਉਹਾਂ ਤਹਿੰ ਫੌਜ ਬਨਾਵੈ॥ ਜਿਥੇ ਮਰਜ਼ੀ ਹੈ ਫੌਜ ਬਣਾ ਲੈਂਦਾ ਹੈ, ਨਵੀਂ ਫੌਜ ਭਰਤੀ ਕਰ ਲੈਂਦਾ ਹੈ। ਇਕੱਲਾ ਹੀ ਤੁਰ ਜਾਂਦਾ ਹੈ ਖਾਲਸੇ ਨੂੰ ਛੱਡ ਕੇ।

ਕੱਢ ਮੁਹਰ ਤੁਰਤ ਖੀਸਹੋਂ ਦੇਵੈ॥ ਕੱਢ ਕੇ ਖੀਸੇ ਵਿਚੋਂ ਫੌਜਾਂ ਨੂੰ ਤੁਰਤ ਫੁਰਤ ਹੀ ਮੋਹਰਾਂ ਫੜਾ ਦਿੰਦਾ ਹੈ।

ਕੋ ਨਹਿੰ ਜਾਣੈ ਕਹਾਂ ਤੇ ਲੇਵੈ॥੨੩॥ ਇਹ ਨਹੀਂ ਪਤਾ ਕਿ ਬੰਦਾ ਬਹਾਦਰ ਕਿਥੋਂ ਮੋਹਰਾਂ ਲੈਂਦਾ ਹੈ, ਜੇਬ ਵਿਚੋਂ ਕੱਢ ਕੱਢ ਦੇਈ ਜਾਂਦਾ ਸਭਨੂੰ। ੨੩।

ਦੋਹਰਾ॥ ਕਿਤੇ ਬਹੈ ਔ ਕਿਤ ਲੁਕੈ ਕਿਤੇ ਦੇਸ਼ ਉਡ ਜਾਇ॥ ਕਿਤੇ ਤਾਂ ਬੈਠ ਜਾਂਦਾ ਹੈ ਬੰਦਾ ਬਹਾਦਰ ਅਤੇ ਕਿਤੇ ਲੁਕ ਜਾਂਦਾ ਹੈ, ਕਿਤੇ ਕਿਸੇ ਦੇਸ਼ ਵਿੱਚ ਉਡਾਰੀ ਮਾਰ ਜਾਂਦਾ ਹੈ, ਜਿਹੜੇ ਮਰਜ਼ੀ ਦੇਸ਼ ਵਿੱਚ ਜਾਵੇ ਭਾਈ ਜਦੋਂ ਕਲਾ ਓਹਦੇ ਵਿੱਚ, ਇਉਂ ਕਰਾਮਾਤਾਂ ਵਿਖਾਉਂਦਾ ਉਹਨਾਂ ਨੂੰ।

ਜਹਿੰ ਚਾਹੈ ਪ੍ਰਗਟੈ ਤਹਾਂ, ਰਹਿ ਕੁੰਡੇ ਜੰਦੈ ਅੜਵਾਏ॥੨੪॥ ਜਿਥੇ ਓਹਦੀ ਰੂਹ ਕਰੇ ਘਰਾਂ ਵਿੱਚ, ਕਿਲ੍ਹਿਆਂ ਵਿਚ, ਕੁੰਡੇ ਜਿੰਦੇ ਅੜੇ ਰਹਿ ਜਾਂਦੇ ਨੇ, ਪਤਾ ਹੀ ਨਹੀਂ ਲਗਦਾ ਕਦੋਂ ਪ੍ਰਗਟ ਹੋ ਜਾਂਦਾ ਹੈ। ੨੪।

ਬੰਦੈ ਨੀਹਲ ਆਇ ਕੈ, ਮੁੜ ਚੜ੍ਹਜੋ ਸਾਰ ਸਭ ਕਾਮ॥ ਬੰਦਾ ਬਹਾਦਰ ਮੁੜ ਕੇ ਆ ਕੇ (ਨੀਹਲ) ਜੋ ਪਹਾੜਾਂ ਦਾ ਹੇਠਲਾ ਇਲਾਕਾ ਹੈ ਹੁਸ਼ਿਆਰਪੁਰ ਦਾ ਜੋ ਹੈ, ਏਥੇ ਆ ਕੇ ਸਾਰਾ ਕੰਮ ਸਾਰ ਕੇ, ਫੌਜਾਂ ਨੂੰ ਤਕੜੀਆਂ ਕਰਕੇ ਫੇਰ ਮੁੜ ਕੇ ਜਾ ਪਹਾੜ ਚੜ੍ਹਿਆ ਹੈ।

ਪਰਬਤ ਪਯਾਰੋ ਉਸ ਲਗੈ, ਪਿਖ ਸਿਧ ਪੁਰਸ਼ਨ ਕੇ ਧਾਮ॥੨੫॥ ਆਪ ਵੀ ਪਹਾੜ ਦਾ ਜੰਮਪਲ ਹੈ ਬੰਦਾ ਸਿੰਘ ਬਹਾਦਰ, ਕਸ਼ਮੀਰ ਦੇ ਕੋਲ ਪੁਣਛ ਦੇ ਏਰੀਏ ਰਜੌਰੀ ਦਾ ਰਹਿਣ ਵਾਲਾ ਲਛਮਣ ਦਾਸ, ਇਉਂ ਭਾਈ ਸਾਹਿਬ ਜੀ ਦਸਦੇ ਨੇ ਕਿ ਪਹਾੜ ਬੰਦੇ ਬਹਾਦਰ ਨੂੰ ਬੜੇ ਪਿਆਰੇ ਲੱਗਦੇ ਨੇ ਬੜੇ ਚੰਗੇ ਲਗਦੇ ਹਨ ਜਨਮ ਭੂਮੀ ਹੈ ਇਸਦੀ ਪਹਾੜ ਜਦੋਂ ਕਦੇ ਖਾਲਸੇ ਤੇ ਔਕੜ ਪੈਂਦੀ ਫੇਰ ਓਥੋਂ ਤੁਰਕਾਂ ਦੀਆਂ ਫੌਜਾਂ ਨੂੰ ਭਜਾ ਕੇ, ਖਾਲਸੇ ਨੂੰ ਰਾਜ ਭਾਗ ਦਿਵਾ ਕੇ ਮੁੜ ਪਹਾੜ ਜਾ ਚੜ੍ਹਦਾ ਹੈ ਜਿਥੇ ਓਸਨੂੰ ਸਿਧ ਪੁਰਸ਼ਾਂ ਦੇ ਅਸਥਾਨ ਬੜੇ ਚੰਗੇ ਲਗਦੇ ਹਨ। ੨੫।

ਚੌਪਈ॥ ਤਬ ਬੰਦਾ ਮੁੜ ਚੜ੍ਹਜੋ ਪਹਾੜੀ॥ ਤਾਂ ਬੰਦਾ ਸਿੰਘ ਬਹਾਦਰ ਫੇਰ ਪਹਾੜਾਂ ਨੂੰ ਜਾ ਚੜ੍ਹਿਆ ਹੈ।

ਉਤਰ ਕੋਣ ਉਸ ਲਗੀ ਪਿਆਰੀ॥ ਪਹਾੜ ਦਾ ਜੋ ਉੱਤਰੀ ਇਲਾਕਾ ਹੈ ਇਹ ਉਸਨੂੰ ਬਹੁਤ ਪਿਆਰਾ ਲੱਗਿਆ ਰਹਿਣ ਨੂੰ।

ਡੇਰਾ ਕੀਨਸ ਤਿਸ ਹੀ ਜਾਈ॥ ਓਸੇ ਹੀ ਜਗ੍ਹਾ ਉਤਰ ਕੋਣ ਵਿੱਚ ਜਾ ਡੇਰਾ ਕੀਤਾ ਹੈ ਉਸਨੇ।

ਬੈਠ ਤਹਾਂ ਮਨ ਖੁਸ਼ੀ ਜੁ ਆਈ॥੨੬॥ ਓਥੇ ਬਹਿੰਦਾ ਹੈ ਜਿਥੇ ਏਹਦੇ ਮਨ ਖੁਸ਼ੀ ਹੋਵੇ, ਜਿਥੇ ਜੀਅ ਕਰਦਾ ਹੈ ਓਥੇ ਹੀ ਡੇਰਾ ਕਰ ਲੈਂਦਾ ਹੈ ਜਾ ਕੇ, ਜੇ ਫੌਜ ਦੀ ਲੋੜ ਹੋਵੇ ਓਥੇ ਹੀ ਫੌਜ ਭਰਤੀ ਕਰ ਲੈਂਦਾ ਹੈ, ਇਉਂ ਸਾਰੀ ਦੁਨੀਆਂ ਸੇਵਕ ਬਣ ਗਈ ਬੰਦੇ ਬਹਾਦਰ ਦੀ। ੨੬।

ਅਥ ਸਾਖੀ ਚੰਬੇ ਕੀ ਤੁਰੀ

(ਚੰਬਾ ਦੇਖਣਾ ਤੇ ਘੋੜੇ ਸਮੇਤ ਨਦੀ ਉਪਰ ਤਰਨਾ)

ਦੋਹਰਾ॥ ਤਬ ਬੰਦੈ ਦਿਲ ਇਉਂ ਅਈ, ਅਬ ਚੰਬੇ ਕਰੀਐ ਸੈਲ॥ ਤਦੋਂ ਬੰਦਾ ਸਿੰਘ ਬਹਾਦਰ ਦੇ ਮਨ ਵਿੱਚ ਇਉਂ ਫੁਰਨਾ ਫੁਰਿਆ ਕਿ ਚੰਬਾ ਸ਼ਹਿਰ ਦੀ ਸੈਰ ਕਰੀਏ, ਇਸ ਰਿਆਸਤ ਨੂੰ ਤੁਰ ਫਿਰਕੇ ਵੇਖੀਏ।

ਤਬ ਤਿਸ ਰਾਜੇ ਕੋ ਲਿਖਜੋ, ਅਬ ਚਹੀਐ ਹਮ ਤੁਮ ਮੇਲ॥੧॥ ਤਦ ਚੰਬੇ ਦੇ ਰਾਜੇ ਨੂੰ ਇਸ ਤਰ੍ਹਾਂ ਚਿੱਠੀ ਲਿਖੀ, ਕਿ

ਹੁਣ ਸਾਡਾ ਤੁਹਾਡਾ ਮੇਲ ਹੋ ਜਾਣਾ ਚਾਹੀਦਾ ਹੈ ਆਪਸ ਵਿੱਚ ਮਿਲ ਬੈਠੀਏ, ਮੈਂ ਆਉਣਾ ਚਾਹੁੰਨਾ ਤੇਰੇ ਰਾਜ ਵਿੱਚ। ੧।

ਚੌਪਈ॥ ਤਬ ਰਾਜੇ ਨੇ ਸਦਜੋ ਵਜ਼ੀਰ॥ ਜਦੋਂ ਚੰਬੇ ਦੇ ਰਾਜੇ ਕੋਲ ਪੱਤ੍ਰਕਾ ਗਈ ਬੰਦੇ ਬਹਾਦਰ ਦੀ, ਉਸਨੇ ਆਪਣੇ ਸਿਆਣੇ ਵਜ਼ੀਰ ਨੂੰ ਸੱਦਿਆ ਹੈ।

ਬੰਦੇ ਮਿਲੀਐ ਕਿਤ ਤਤਬੀਰ? ॥ ਬੰਦਾ ਬਹਾਦਰ ਮਿਲਣ ਨੂੰ ਚਾਹੁੰਦਾ ਹੈ, ਸਾਡੇ ਪਾਸ ਆਉਣਾ ਚਾਹੁੰਦਾ ਹੈ, ਕਿਸ ਤਰੀਕੇ ਮਿਲੀਏ ਉਸਨੂੰ, ਰਾਜੇ ਨੇ ਇਉਂ ਪੁਛਿਆ ਵਜ਼ੀਰ ਨੂੰ।

ਵਜ਼ੀਰ ਕਹੀ ਮੈਂ ਦੇਖੋਂ ਜਾਈ॥ ਮੈਂ ਪਹਿਲਾਂ ਜਾਕੇ ਬੰਦੇ ਬਹਾਦਰ ਨੂੰ ਜਾ ਕੇ ਦੇਖਦਾ ਹਾਂ ਉਹਦੇ ਮਨ ਦੀ ਕੀ ਇਛਾ ਹੈ, ਇਸ ਤਰ੍ਹਾਂ ਵਜੀਰ ਨੇ ਰਾਜੇ ਚੰਬੇ ਦੇ ਨੂੰ ਕਿਹਾ।

ਤਾਂਕੇ ਦਿਲ ਮੇਂ ਹੈ ਕਯਾ ਆਈ॥੨॥ ਉਹਦੇ ਦਿਲ ਵਿਚ ਕੀ ਆਈ ਹੈ, ਜੋ ਏਥੇ ਨੂੰ ਸਾਡੇ ਕੋਲ ਆ ਰਿਹਾ ਹੈ। ੨।

ਬੈਰ ਭਾਵ ਕਿ ਹੈ ਮਿਤ੍ਰਾਈ॥ ਇਹ ਵੀ ਮੈਂ ਵੇਖਾਂ ਕਿ ਸਾਡੇ ਵੱਲ ਵੈਰ ਭਾਵ ਨਾਲ ਆ ਰਿਹਾ ਹੈ ਜਾਂ ਮਿਤ੍ਰਤਾਈ ਨਾਲ।

ਹਟੈ ਕਿਮੇਂ ਤੁੰ ਦੇਉਂ ਹਟਾਈ॥ ਜੇ ਹੋਰ ਕੋਈ ਲਾਲਚ ਹੋਇਆ ਤਾਂ ਜਿਸ ਤਰ੍ਹਾਂ ਪਿਛਾਂਹ ਹਟਦਾ ਹੋਇਆ ਮੈਂ ਹਟਾਊਂਗਾ, ਕਿ ਏਧਰ ਤੁਸੀਂ ਨਾ ਜਾਂਓ, ਜਿਹੜੀ ਕੋਈ ਤੁਹਾਡੀ ਸ਼ਰਤ ਹੈ ਅਸੀਂ ਪੂਰੀ ਕਰ ਦਿੰਦੇ ਹਾਂ, ਮੈਂ ਉਸਨੂੰ ਮੋੜ ਕੇ ਆਊਂਗਾ, ਇਉਂ ਰਾਜੇ ਨਾਲ ਵਜੀਰ ਨੇ ਸਲਾਹ ਕੀਤੀ।

ਨਾਂਹ ਚਹਿਯਤ ਉਸ ਚੰਬਾ ਦਿਖਾਯੋ॥ ਵਜ਼ੀਰ ਨੇ ਸਲਾਹ ਦਿੱਤੀ ਉਸਨੂੰ ਚੰਬਾ ਨਹੀਂ ਦਿਖਾਉਣਾ ਚਾਹੀਦਾ, ਕੀ ਪਤਾ ਉਹਨੂੰ ਚੰਗਾ ਲਗ ਜਾਇ , ਇਹ ਮੱਲ ਕੇ ਬਹਿ ਜਾਏ, ਸਾਨੂੰ ਏਥੋਂ ਕੱਢ ਦਿੰਦਾ ਹੋਵੇ, ਇਉਂ ਡਰ ਭੈ ਸੀ ਬਹੁਤ ਜਿਆਦਾ।

ਹੈ ਬੰਦਾ ਵਹਿ ਬੁਰੀ ਬਲਾਯੋ॥੩॥ ਬੁਰੀ ਬਲਾਅ ਹੈ ਬੰਦਾ ਇਸਤੋਂ ਜਾਨ ਬਚਾਉਣੀ ਮੁਸ਼ਕਲ ਹੈ, ਇਸ ਕਰਕੇ ਪਹਿਲਾਂ ਪਤਾ ਕਰ ਲਈਏ। ੩।

ਹੋਛਾ ਕਹਿਓ ਤੁਮ ਜਾਹੁ ਵਜੀਰ ਰਾਜੇ ਕਿਹਾ ਚੰਗਾ, ਵਜ਼ੀਰ ਤੂੰ ਜਾ ਕੇ ਪਤਾ ਲਿਆ।

ਟੂਟਤ ਜੁਟਤ ਕਰੀਓ ਧੀਰ॥ ਤੋੜ ਵਿਛੋੜਾ ਜਾਂ ਆਪਸ ਵਿਚ ਮੇਲ ਮਿਲਾਪ ਜਿਸ ਤਰ੍ਹਾਂ ਵੀ ਚੰਗਾ ਲੱਗਿਆ ਉਸ ਨਾਲ ਕਰੀਂ ਧੀਰਜ ਨਾਲ।

ਵਹਿ ਕਰਮਾਤੀ ਹੈ ਭਰਪੂਰ॥ ਉਹ ਬੰਦਾ ਬਹਾਦਰ ਕਰਾਮਾਤ ਨਾਲ ਭਰਪੂਰ ਹੈ, ਭਰਿਆ ਹੋਇਆ ਹੈ ਕਰਾਮਾਤਾਂ ਨਾਲ।

ਦਿਓ ਦਰਬ ਔ ਰਖੀਓ ਦੂਰ॥੪॥ ਉਹ ਜਿੰਨਾਂ ਧਨ ਚਾਹੇ ਦੇ ਆਈਂ ਉਹਨੂੰ, ਦੂਰ ਹੀ ਰੱਖੀਂ ਸਾਡੇ ਕੋਲੋਂ, ਉਹ ਸਾਡੇ ਰਾਜ ਵਿੱਚ ਨਾ ਆਵੇ। ੪।

ਸੋ ਵਜ਼ੀਰ ਤਾਂਹ ਪਹੁੰਚਯੋ ਜਾਇ॥ ਉਹ ਵਜ਼ੀਰ ਪਹੁੰਚ ਗਿਆ ਓਥੇ, ਬੰਦੇ ਬਹਾਦਰ ਨੂੰ ਜਾ ਮਿਲਿਆ।

ਜਾਂਹ ਬੰਦਾ ਥਾ ਬੈਠਾ ਆਇ॥ ਜਿਥੇ ਬੰਦਾ ਬਹਾਦਰ ਬੈਠਾ ਸੀ ਚੰਬੇ ਦੀ ਹੱਦ ਤੇ ਉਥੇ ਜਾ ਕੇ ਮਿਲਣਾ ਕੀਤਾ।

ਜਾ ਬੰਦੇ ਕੋ ਚੜ੍ਹਾਵਾ ਦੀਓ॥ ਜੋ ਭੇਟਾ ਲਿਆਇਆ ਸੀ ਬੰਦੇ ਬਹਾਦਰ ਵਾਸਤੇ, ਅੱਗੇ ਰੱਖ ਕੇ ਮੱਥਾ ਟੇਕਿਆ ਹੈ ਵਜ਼ੀਰ ਨੇ।

ਬੰਦੇ ਖੁਸ਼ੀਆਂ ਸਾਥੇ ਲੀਓ॥੫॥ ਬੰਦੇ ਬਹਾਦਰ ਨੇ ਉਹਦਾ ਚੜ੍ਹਤ ਚੜ੍ਹਾਵਾ ਬੜੀ ਖੁਸ਼ੀ ਨਾਲ ਲਿਆ, ਖੁਸ਼ੀ ਨਾਲ ਪ੍ਰਵਾਣ ਕਰ ਲਿਆ ਹੈ। ੫।

ਦੋਹਰਾ॥ ਕਹਯੋ ਬੰਦੇ, ਤੁਮ ਜਿਨ ਡਰੋ, ਹਮ ਆਵੈਂ ਹੋਇ ਫਕੀਰ॥ ਬੰਦੇ ਬਹਾਦਰ ਨੇ ਵਜ਼ੀਰ ਨੂੰ ਕਿਹਾ, ਹੇ ਵਜ਼ੀਰ! ਮਤ ਡਰੋ, ਮੈਂ ਕੋਈ ਤੁਹਾਡੇ ਉੱਤੇ ਰਾਜ ਕਰਨ ਨਹੀਂ ਆਇਆ ਹਾਂ, ਮੈਂ ਤਾਂ ਫਕੀਰੀ ਤੌਰ ਤੇ ਆਇਆ ਹਾਂ ਦਰਸ਼ਨ ਦਿਦਾਰ ਰਾਜ ਦਾ ਕਰਨਾ ਹੈ ਹਰ ਫਕੀਰ ਦੀ ਮੌਜ ਹੁੰਦੀ ਹੈ, ਵੇਖਣਾ ਸਾਰੇ ਆਲੇ ਦੁਆਲੇ ਨੂੰ ਮੇਰਾ ਤਾਂ ਸੈਰ ਕਰਨ

ਦਾ ਭਾਵ ਹੈ, ਕਿ ਤੇਰੇ ਚੰਬੇ ਏਰੀਏ ਦੀ ਮੈਂ ਸੈਰ ਕਰ ਕੇ ਵੇਖਾਂ । ਇਉਂ ਆਪਣੇ ਮਨ ਨੂੰ ਖੁਸ਼ ਕਰਨ ਵਾਸਤੇ ਆਇਆ ਹਾਂ।

ਮੁੜ ਜਾਵੈਂਗੋ ਸੈਲ ਕਰ, ਰਾਜੇ ਕਹੋ ਵਜ਼ੀਰ॥੬॥ ਵਜ਼ੀਰ ਆਪਣੇ ਰਾਜੇ ਨੂੰ ਜਾ ਕੇ ਕਹੁ ਕਿ ਉਹ ਤਾਂ ਸੁਤੇ ਸਿਧ ਆਇਆ ਹੈ, ਸੈਰ ਕਰਕੇ ਉਸਨੇ ਵਾਪਸ ਮੁੜ ਜਾਣਾ ਹੈ, ਏਥੇ ਰਹਿਣ ਵਾਸਤੇ ਨਹੀਂ ਆਇਆ ਹੈ, ਇਉਂ ਕਿਹਾ ਬੰਦੇ ਬਹਾਦਰ ਨੇ ਚੰਬੇ ਦੇ ਰਾਜੇ ਦੇ ਵਜ਼ੀਰ ਨੂੰ। ੬।

ਚੌਪਈ॥ ਔਰ ਬਾਤ ਫਿਰ ਬੰਦੇ ਕਹੀ॥ ਤਾਂ ਇੱਕ ਹੋਰ ਬਚਨ ਬੰਦੇ ਨੇ ਕਿਹਾ।

ਫੌਜ ਛੋਡਿ ਮੈਂ ਆਵੋਂ ਤਹੀਂ॥ ਫੌਜ ਨਹੀਂ ਮੈਂ ਲੈ ਕੇ ਆਉਂਦਾ, ਮੈਂ ਇਕੱਲਾ ਆਊਂਗਾ, ਜੇ ਤੁਹਾਨੂੰ ਡਰ ਹੋਵੇ ਕਿ ਫੌਜ ਨਾਲ ਆਊਂਗਾ, ਉਹ ਵੀ ਨਾ ਡਰੋ, ਫੌਜ ਵੀ ਮੈਂ ਪਿਛੇ ਹੀ ਛਡ ਕੇ ਆਊਂਗਾ, ਇਕੱਲਾ ਹੀ ਫਕੀਰੀ ਤੌਰ ਤੇ ਆਵਾਂਗਾ।

ਤਬ ਵਜ਼ੀਰ ਨੇ ਲੀਨੀ ਮਾਨ॥ ਜਦੋਂ ਬੰਦੇ ਬਹਾਦਰ ਨੇ ਇਹ ਗੱਲ ਕਹੀ, ਵਜ਼ੀਰ ਨੇ ਪ੍ਰਵਾਣ ਕਰ ਲਈ, ਕਹਿੰਦਾ ਜੀ ਆਇਆਂ ਨੂੰ। ਉਹਨੂੰ ਡਰ ਨਾ ਰਿਹਾ ਜੇ ਫੌਜ ਹੋਵੇ ਤਾਂ ਡਰ ਹੁੰਦਾ ਹੈ, ਮੱਤ ਫੌਜ ਉਥੇ ਬਹਿ ਜਾਵੇ ਡੇਰਾ ਮੱਲ ਕੇ, ਤਾਂ ਵਜ਼ੀਰ ਨੇ ਕਿਹਾ ਜੀ ਮਨਜ਼ੂਰ ਹੈ, ਕਹਿੰਦੇ ਆਓ ਸੈਰ ਕਰਨੀ ਹੈ ਕਰ ਲਉ ਜੀ ਆਇਆਂ ਨੂੰ।

ਕਲਾਧਾਰੀ ਚਿਤ ਔਰੇ ਠਾਨ॥੭॥ ਸੋ ਕਲਾਧਾਰੀ ਸੀ, ਚਿੱਤ ਵਿੱਚ ਹੋਰ ਹੀ ਠਾਣੀ ਹੋਈ ਸੀ।

ਜਹਿੰ ਕਠਨ ਰਾਹੁ ਇੱਕ ਹੁਤ ਅਤਿ॥ ਓਸ ਵਜ਼ੀਰ ਕਿਹਾ ਦੇਖੀਏ ਇਹ ਵੀ ਆਪਣੇ ਆਪ ਨੂੰ ਕਰਾਮਾਤੀ ਕਹਾਉਂਦਾ ਹੈ, ਇੱਕ ਬੜਾ ਹੀ ਕਠਨ ਰਾਹ ਸੀ ਜਿਥੋਂ ਦੀ ਲੰਘਣਾ ਮੁਸ਼ਕਲ ਸੀ, ਘਾਟੀ ਬੜੀ ਖਤਰਨਾਕ ਸੀ ਓਸ ਰਾਹ ਲੈ ਤੁਰਿਆ ਹੈ।

ਤਿਸੈ ਰਾਹੁ ਲੈ ਚਲਿਓ ਤਿਤ॥ ਓਸ ਰਾਹ ਨੂੰ ਲੈ ਚੱਲਿਆ ਆਓ ਜੀ ਚੱਲੀਏ।

ਕਦ ਤੀਖਨ ਪਥ ਉਪਰ ਚੜ੍ਹਾਵੈ॥ (ਕਦ) ਤਿੱਖਾ ਪਹਾੜ ਜਿਥੇ ਜਮ੍ਹਾ ਹੀ ਚੜ੍ਹਾਈ ਆ ਜਾਂਦੀ ਹੈ ਕਦੇ ਓਧਰ ਨੂੰ ਲੈ ਜਾਂਦਾ ਹੈ, ਬੰਦਾ ਬਹਾਦਰ ਘੋੜੇ ਸਵਾਰ ਹੈ, ਜਿਥੇ ਘੋੜਾ ਜਾ ਨਹੀਂ ਸਕਦਾ ਇਹੋ ਜਿਹੇ ਰਾਹ ਪੈਦਲ ਲੈ ਤੁਰਿਆ ਹੈ, ਪਰ ਬੰਦਾ ਬਹਾਦਰ ਦਾ ਘੋੜਾ ਓਧਰ ਹੀ ਚੜ੍ਹਦਾ ਤੁਰਿਆ ਜਾ ਰਿਹਾ ਹੈ, ਕਿਹੜੇ ਰਾਹ ਲਿਜਾਂਦਾ ਔਖੇ ਤੋਂ ਔਖੇ ਨੂੰ, ਘੋੜਾ ਓਧਰ ਨੂੰ ਹੀ ਤੁਰਿਆ ਜਾ ਰਿਹਾ ਹੈ।

ਜਿਸੈ ਦੇਖ ਅਤਿ ਸੈ ਭੈ ਖਾਵੈ॥੮॥ ਜਿਧਰੋਂ ਭੈ ਆਵੈ ਇਧਰੋਂ ਡਿਗ ਪਏ ਨਾ ਤਾਂ ਜੇ ਪੈਰ ਤਿਲਕ ਗਿਆ ਪਤਾ ਨਹੀਂ ਕਿਹੜੀ ਖੱਡ ਵਿਚ ਜਾ ਪੈਣਾ ਹੈ ਐਸੇ ਐਸੇ ਖਤਰਨਾਕ ਰਾਹਾਂ ਦੇ ਉੱਤੇ ਦੀ ਲਿਜਾਂਦਾ ਹੈ, ਪਰ ਓਥੇ ਬੇਫਿਕਰ ਹੋ ਕੇ ਤੁਰਿਆ ਜਾਂਦਾ ਹੈ ਬੰਦਾ। ੮।

ਹੁਤੀ ਨਦੀ ਜਹਿੰ ਬਹੁਤੀ ਤੇਜ॥ ਅੱਗੇ ਨਦੀ ਜੋ ਪਹਾੜ ਤੋਂ ਉਤਰ ਰਹੀ ਸੀ ਬੜੀ ਤੇਜ ਸੀ, ਬੜੇ ਵੇਗ ਨਾਲ ਉਹਦਾ ਪਾਣੀ ਵਗ ਰਿਹਾ ਸੀ।

ਗਿਰੈ ਊਚ ਤੇ ਜਲ ਬਹੁ ਤੇਜ॥ ਉੱਚ ਪਹਾੜ ਤੋਂ ਪਾਣੀ ਡਿੱਗਦਾ ਸੀ ਬੜੀ ਤੇਜ ਰਫਤਾਰ ਨਾਲ ਚਲ ਰਿਹਾ ਸੀ।

ਨਹਿੰ ਮੱਛੀ ਤਹਿੰ ਧਾਰਹਿ ਧਾਵੈ॥ ਦਸਦੇ ਨੇ ਕਿ ਜਿਧਰੋਂ ਪਾਣੀ ਆਉਂਦਾ ਹੋਵੇ ਤੇਜ ਗਤੀ ਨਾਲ, ਓਧਰ ਨੂੰ ਮੱਛੀ ਪਾਣੀ ਵਿੱਚ ਚੜ੍ਹ ਜਾਂਦੀ ਹੈ, ਜਿਥੇ ਨਹਿਰਾਂ ਦਾ ਜਾਲ ਹੁੰਦਾ ਹੈ, ਜਿਧਰੋਂ ਪਾਣੀ ਤੇਜ ਰਫਤਾਰ ਨਾਲ ਆ ਰਿਹਾ ਹੁੰਦਾ ਧਾਰ ਬੰਨ੍ਹਕੇ, ਇਹ ਓਧਰ ਚੜ੍ਹ ਜਾਂਦੀ ਹੈ ਏਨੀ ਤਾਕਤਵਰ ਹੁੰਦੀ ਹੈ । ਪਰ ਇਹ ਜਿਹੜੀ ਧਾਰ ਉਤੋਂ ਡਿਗਦੀ ਹੈ ਮੱਛੀ ਨਹੀਂ ਉਤਾਂਹ ਚੜ੍ਹ ਸਕਦੀ, ਐਨਾ ਤੇਜ ਪਾਣੀ ਆਉਂਦਾ ਹੇਠਾਂ ਨੂੰ।

ਜੋਊ ਪਨਾਲਯੋਂ ਕੌਠੈ ਪਰ ਜਾਵੈ॥੯॥ ਇਹ ਜੋ ਮੱਛੀ ਹੈ, ਜੋ ਮੀਂਹ ਪੈਂਦੇ ਵਿਚ ਵਗਦੇ ਪ੍ਰਨਾਲੇ ਵਿਚਲੇ ਪਾਣੀ ਵਿੱਚ ਦੀ ਕੌਠੇ ਤੇ ਜਾ ਚੜ੍ਹਦੀ ਹੈ, ਏਨੀ ਤਾਕਤ ਵਾਲੀ ਮੱਛੀ ਹੁੰਦੀ ਹੈ, ਏਨੀ ਸ਼ਕਤੀ ਰਖਦੀ ਹੈ, ਪਰ ਏਥੇ ਨਹੀਂ ਚੜ੍ਹ ਸਕਦੀ, ਐਡਾ ਪਾਣੀ ਅੱਗੋਂ ਪਹਾੜ ਤੋਂ ਤੇਜ ਆ ਰਿਹਾ ਹੈ।

ਦਯੋ ਬੰਦੇ ਨੇ ਘੋੜਾ ਧਵਾਈ॥ ਬੰਦਾ ਬਹਾਦਰ ਘੋੜਾ ਲੈ ਕੇ ਤੁਰ ਪਿਆ ਓਸ ਨਦੀ ਤੇ, ਆਪਣਾ ਘੋੜਾ ਭਜਾਇਆ ਹੈ ਨਦੀ ਉਤੇ।

ਗਯੈ ਪਾਰ ਜਨ ਤਲਾਵ ਮੁਰਗਾਈ॥ ਘੋੜਾ ਪਾਣੀ ਵਿੱਚ ਠੇਲ੍ਹ ਦਿਤਾ ਹੈ, ਘੋੜਾ ਬੰਦੇ ਬਹਾਦਰ ਦਾ ਨਦੀ ਦੇ ਉੱਤੇ ਇਉਂ ਜਾ ਰਿਹਾ ਜਿਵੇਂ ਮੁਰਗਾਈ ਤਲਾਬ ਤੇ ਤਰਦੀ ਹੈ।

ਫਿਰ ਬੰਦੇ ਨੇ ਘੋੜਾ ਮੁੜਾਯਾ॥ ਫਿਰ ਅਗਲੇ ਕਿਨਾਰੇ ਤੋਂ ਘੋੜਾ ਮੋੜ ਕੇ ਵਾਪਸ ਲਿਆਇਆ ਹੈ।

ਜਨ ਕਰ ਕਬੂਤਰ ਉਡਤੋ ਆਯਾ॥੧੦॥ ਇਸ ਤਰ੍ਹਾਂ ਜਾਣੋ ਜਿਵੇਂ ਕਬੂਤਰ ਉਡਾਰੀਆਂ ਮਾਰਦਾ ਆਉਂਦਾ ਹੈ ਪਾਣੀ ਦੇ ਉਤੇ, ਇਉਂ ਘੋੜਾ ਪਾਣੀ ਦੇ ਉੱਪਰ ਜਾ ਰਿਹਾ ਹੈ ਬੰਦੇ ਬਹਾਦਰ ਦਾ। ੧੦।

ਦੋਹਰਾ॥ ਘੋੜਾ ਘੜਾਯੋ ਪੱਥਰ ਇਕ, ਸੋ ਤਾਂਹ ਦਯੋ ਖੜਾਇ॥ ਬੰਦੇ ਬਹਾਦਰ ਨੇ ਆਪਣੀ ਨਿਸ਼ਾਨੀ ਏਥੇ ਕੀਤੀ ਹੈ। ਇੱਕ ਪੱਥਰ ਦਾ ਘੋੜਾ ਘੜਵਾਇਆ ਓਥੇ ਦੇ ਕਾਰੀਗਰਾਂ ਤੋਂ, ਏਸ ਘਾਟ ਉੱਤੇ ਖੜਾ ਕਰ ਦਿੱਤਾ ਹੈ ਤੇ ਇਹ ਓਥੇ ਆਮ ਮਸ਼ਹੂਰੀ ਹੈ ਕਿ ਬੰਦਾ ਬਹਾਦਰ ਇਥੋਂ ਦੀ ਘੋੜੇ ਉੱਤੇ ਚੜ੍ਹ ਕੇ ਲੰਘਿਆ ਜਿਥੋਂ ਦੀ ਲੰਘਿਆ ਨਹੀਂ ਜਾ ਸਕਦਾ ਅੱਜ ਵੀ ਨਹੀਂ ਲੰਘਿਆ ਜਾ ਸਕਦਾ। ਲੇਕਨ ਨਿਸ਼ਾਨੀ ਦੇ ਦਿੱਤੀ ਹੈ ਕਿ ਬੰਦਾ ਬਹਾਦਰ ਇਥੋਂ ਆ ਕੇ ਪਾਰ ਟੱਪ ਗਿਆ ਸੀ।

ਭਯੋ ਅਚੰਭੋ ਜਗਤ ਮੈਂ, ਹੈ ਅਬ ਲੌ ਤਿਹ ਥਾਇ॥੧੧॥ ਹੈਰਾਨ ਹੋ ਗਏ ਹਨ ਲੋਕ ਸੰਸਾਰ ਵਿੱਚ, ਅੱਜ ਤੱਕ ਘੋੜਾ ਖੜ੍ਹਾ ਓਥੇ, ਬੰਦਾ ਬਹਾਦਰ ਜਿਸ ਘਾਟ ਲੰਘਿਆ ਸੀ। ੧੧।

ਚੌਪਈ॥ ਜਗਤ ਸਰਬ ਅਚਰਜ ਤਿਹ ਭਯੋ॥ ਸਾਰਾ ਜਗਤ ਹੈਰਾਨ ਹੋ ਗਿਆ ਹੈ।

ਖੜਾ ਘੋੜਾ ਮਧ ਬੰਦੈ ਕਯੋ॥ ਬੰਦਾ ਸਿੰਘ ਬਹਾਦਰ ਨੇ ਘੋੜਾ ਨਦੀ ਦੇ ਵਿਚਕਾਰ ਖੜ੍ਹਾ ਕਰ ਦਿੱਤਾ ਹੈ।

ਯੌਂ ਜਬ ਦੇਖੀ ਕਲਾ ਵਜ਼ੀਰ॥ ਇਉਂ ਜਦੋਂ ਵਜ਼ੀਰ ਨੇ ਬੰਦੇ ਬਹਾਦਰ ਦੀ ਕਲਾ ਵੇਖੀ ਹੈ ਕਿ ਇਸ ਨੂੰ ਪਾਣੀ ਕੁਛ ਨਹੀਂ ਕਹਿੰਦਾ, ਇਉਂ ਕਰਾਮਾਤ ਵੇਖ ਕੇ।

ਸੋ ਡਰਪਜੋ ਮਨ ਕੰਪਜੋ ਸਰੀਰ॥੧੨॥ ਉਹ ਡਰ ਗਿਆ ਹੈ ਸਰੀਰ ਕੰਬ ਗਿਆ ਹੈ ਉਹਦਾ, ਇਹ ਤਾਂ ਇਕੱਲਾ ਹੀ ਵਾਧੂ ਹੈ, ਇਹ ਤਾਂ ਇਕੱਲਾ ਹੀ ਕੁਛ ਕਰ ਸਕਦਾ ਹੈ। ੧੨।

ਚਰਨੀ ਪਰ ਕੇ ਬਚਨ ਸੁ ਕਹਜੋ॥ ਵਜ਼ੀਰ ਨੇ ਬੰਦੇ ਬਹਾਦਰ ਦੇ ਚਰਨੀ ਪੈ ਕੇ ਬਚਨ ਕਿਹਾ ਹੈ।

ਹਮਰੀ ਖਤਾ ਸੁ ਤੁਮ ਬਖਸ਼ਜੋ॥ ਗੁਰੂ ਜੀ! ਮੈਥੋਂ ਖਤਾ ਹੋਈ ਹੈ, ਮੈਂ ਖਤਰਨਾਕ ਰਾਹ ਲਿਆਇਆ ਹਾਂ ਤੁਹਾਨੂੰ ਇਹ ਮੈਥੋਂ ਭੁੱਲ ਹੋ ਗਈ ਹੈ, ਤੁਸੀਂ ਮੈਨੂੰ ਬਖਸ਼ੋ, ਮੇਰੀ ਭੁੱਲ ਮੈਨੂੰ ਮੁਆਫ ਕਰ ਦਿਉ, ਇਉਂ ਮਿੰਨਤਾਂ ਕਰਦਾ ਹੈ।

ਯੌਂ ਹੀ ਤੁਮਕੌ ਚਹੀਯਤ ਕਈ॥ ਬੰਦਾ ਬਹਾਦਰ ਕਹਿਣ ਲੱਗਾ ਤੁਹਾਨੂੰ ਏਸੇ ਤਰ੍ਹਾਂ ਹੀ ਕਰਨਾ ਚਾਹੀਦਾ ਸੀ, ਵਜ਼ੀਰ ਜਿਉਂ ਹੋ ਰਾਜੇ ਦਾ, ਤੈਨੂੰ ਪ੍ਰਬੰਧ ਰੱਖਣਾ ਚਾਹੀਦਾ ਹੈ ਕਿ ਇਹਨੂੰ ਅੱਗੇ ਮੈਂ ਲਿਜਾਵਾਂ ਜਾਂ ਨਾ।

ਹਮ ਕੌ ਤਿਉਂ ਹੀ ਚਹਿਤ ਬਖਸ਼ਈ॥੧੩॥ ਤੇਰਾ ਫਰਜ਼ ਸੀ ਇਹ, ਭਾਵ ਵਜ਼ੀਰ ਦਾ ਫਰਜ਼ ਹੈ, ਕਿਉਂ ਰਾਜੇ ਨੇ ਕਿਹਾ ਹੈ ਜਿਵੇਂ ਮੁੜੇ ਉਹ, ਓਵੇਂ ਮੋੜ ਦਈਂ, ਨਿਰਖ ਕੇ ਲਿਆਈਂ ਅੱਗੇ, ਤਾਂ ਵਜ਼ੀਰ ਦਾ ਕੰਮ ਹੈ ਇਹ ਪੂਰੀ ਤਸੱਲੀ ਕਰੇ। ਏਸੇ ਤਰ੍ਹਾਂ ਹੀ ਸਾਡਾ ਫਰਜ਼ ਹੈ ਤੈਨੂੰ ਬਖਸ਼ ਦੇਈਏ, ਜਾ ਤੈਨੂੰ ਮੁਆਫ ਕੀਤਾ। ੧੩।

ਚੰਬੇ ਦਾ ਹੋਰ ਪ੍ਰਸੰਗ

(ਬੰਦੇ ਨੇ ਚੰਬੇ ਦੋ ਵਿਆਹ ਕਰਾਏ ਤੇ ਡਿਹਰਾ ਰਚਿਆ)

ਦੋਹਰਾ॥ ਬੰਦਾ ਚੰਬੇ ਜਾ ਵੜਜੋ, ਭਯੋ ਰਾਜੇ ਸਿਉਂ ਮੇਲ॥ ਬੰਦਾ ਸਿੰਘ ਬਹਾਦਰ ਚੰਬੇ ਸ਼ਹਿਰ ਜਾ ਪੁੱਜਿਆ ਹੈ ਅਤੇ ਰਾਜੇ ਨਾਲ ਮੁਲਾਕਾਤ ਹੋਈ।

ਰਾਜਾ ਤਿਹਿੰ ਸੇਵਕ ਭਯੋ, ਕਰਿਓ ਚੰਬੇ ਸੈਲ॥੧॥ ਰਾਜਾ ਸੇਵਕ ਹੋ ਗਿਆ, ਸਾਰੀ ਚੰਬਾ ਰਿਆਸਤ ਦੀ ਸੈਰ ਕੀਤੀ ਹੈ ਤੁਰ ਫਿਰ ਕੇ। ੧।

ਚੌਪਈ॥ ਤਬ ਰਾਜੇ ਯੌਂ ਲਯੋ ਪਰਚਾਈ॥ ਤਾਂ ਰਾਜੇ ਨੇ ਓਥੇ ਬੰਦੇ ਬਹਾਦਰ ਨੂੰ ਇਉਂ ਪਰਚਾ ਲਿਆ ਹੈ।

ਦਏ ਤਹਾਂ ਦੁਇ ਬਜਾਹ ਕਰਾਈ॥ ਚੰਬੇ ਦੇ ਰਾਜੇ ਨੇ ਬੰਦੇ ਬਹਾਦਰ ਦੇ ਦੋ ਵਿਆਹ ਕਰਾ ਦਿੱਤੇ ਇੱਕ ਆਪਣੀ ਰਾਜ ਕੁਮਾਰੀ ਨਾਲ ਇੱਕ ਹੋਰ ਕਿਸੇ ਇਸਤ੍ਰੀ ਨਾਲ। ਏਥੇ ਹੀ ਪਰਚਾ ਲਿਆ ਹੈ ਕਿ ਬੜਾ ਕਰਾਮਾਤੀ ਹੈ, ਇਸਦੇ ਇਥੇ ਰਹਿਣ ਨਾਲ ਸਾਨੂੰ ਕਿਸੇ ਦਾ ਖਤਰਾ ਹੀ ਕੋਈ ਨਹੀਂ ਡਰ ਕੋਈ ਨਹੀਂ ਹੈ, ਇਉਂ ਗੁਰੂ ਬਣਾ ਲਿਆ ਆਪਣਾ ਚੰਬੇ ਦੇ ਰਾਜੇ ਨੇ ਬੰਦੇ ਬਹਾਦਰ ਨੂੰ।

ਤਹਾਂ ਡੇਹਰੋ ਦਯੋ ਚਿਣਾਈ॥ ਓਥੇ ਦੇਹੁਰਾ ਨਵਾਂ ਬਣਾ ਦਿੱਤਾ ਬੰਦੇ ਬਹਾਦਰ ਵਾਸਤੇ, ਨਵੇਂ ਮਕਾਨ ਬਣਵਾ ਦਿੱਤੇ ਹਨ।

ਮੱਥਾ ਟੇਕਤ ਤਹਾਂ ਲੁਕਾਈ॥੨॥ (ਲੁਕਾਈ) ਦੁਨੀਆਂਦਾਰ ਲੋਕ ਆ ਕੇ ਮੱਥਾ ਟੇਕਣ ਲੱਗੇ, ਗੁਰੂ ਮੰਨ ਲਿਆ ਬੰਦੇ ਨੂੰ ਲੋਕਾਂ ਨੇ। ੨।

ਬਹੁਤ ਚੜ੍ਹਤ ਅਤਿ ਬੰਦੇ ਬਨੀ॥ ਏਥੇ ਬੰਦੇ ਬਹਾਦਰ ਦੀ ਬੜੀ ਚੜ੍ਹਤ ਹੋ ਗਈ ਹੈ, ਲੋਕ ਬੜੀ ਭਾਰੀ ਪੂਜਾ ਕਰਨ ਲੱਗ ਪਏ ਹਨ।

ਰਾਜਾ ਭੀ ਕਰੇ ਪੂਜਾ ਘਨੀ॥ ਚੰਬੇ ਵਾਲਾ ਰਾਜਾ ਵੀ (ਘਨੀ) ਬਹੁਤੀ ਪੂਜਾ ਕਰਦਾ ਹੈ ਉਸਦੀ, ਚੜ੍ਹਾਵਾ ਚੜ੍ਹਾਉਂਦਾ ਹੈ, ਮੱਥਾ ਟੇਕਦਾ ਹੈ।

ਤਿਹ ਬੰਦੇ ਕੇ ਬੇਟਾ ਭਯੋ॥ ਓਥੇ ਬੰਦੇ ਬਹਾਦਰ ਦੇ ਇਕ ਪੁੱਤਰ ਪੈਦਾ ਹੋ ਗਿਆ ਹੈ।

ਚੱਲਣ ਚਿਤ ਬੰਦੈ ਤਬ ਕਯੋ॥੩॥ ਬੰਦੇ ਬਹਾਦਰ ਦਾ ਹੁਣ ਓਥੋਂ ਜਾਣ ਨੂੰ ਦਿਲ ਕੀਤਾ ਹੈ , ਕਿਉਂਕਿ ਸਾਧੂ ਫਕੀਰ ਸੀ, ਫਕੀਰ ਕਿਤੇ ਅਟਕਦੇ ਨਹੀਂ ਹੁੰਦੇ, ਇਹਨਾਂ ਦੇ ਮਨ ਵਿਚ ਸੈਰ ਕਰਨ ਦਾ ਹੀ ਚਾਉ ਹੁੰਦਾ ਹੈ।

ਬੰਦਾ ਸਾਲ ਪ੍ਰਬਤ ਤਿੰਨ ਰਹਜੋ॥ ਤਿੰਨ ਸਾਲ ਬੰਦਾ ਬਹਾਦਰ ਪਹਾੜਾਂ ਵਿੱਚ ਰਿਹਾ ਹੈ।

ਦੂਣ ਦੁਆਬੇ ਮਲ ਖਾਲਸਾ ਬਹਯੋ॥ ਦੁਆਬੇ ਦੀ ਦੂਣ ਸਾਰੀ , ਖਾਲਸਾ ਮੱਲ ਕੇ ਬਹਿ ਗਿਆ ਹੈ।

ਤੁਰਕ ਨਠੇ ਕਿਤ ਲਭੇ ਨ ਪਾਂਹ॥ ਤੁਰਕ ਭੱਜ ਗਏ ਹਨ ਕਿਤੇ ਲੱਭੇ ਨਹੀਂ ਲੱਭੀਦੇ, ਕਿਧਰ ਨੂੰ ਗਏ ਸਭ ਭੱਜ ਗਏ ਹਨ।

ਨੀਹਲ ਪਹਾੜੀ ਦੁਆਬੇ ਮਾਂਹਿ॥੪॥ ਜਿਹੜੀ ਦੁਆਬੇ ਦੀ ਦੂਣ ਹੈ ਅਤੇ ਪਹਾੜ ਦਾ ਹੇਠਲਾ ਪਾਸਾ ਅਤੇ ਪਹਾੜਾਂ ਵਿੱਚ ਕਿਸੇ ਵੀ ਥਾਂ ਤੁਰਕ ਨਹੀਂ ਰਹੇ ਹਨ, ਸਭ ਛਡ ਕੇ ਦੌੜ ਗਏ ਹਨ ਕਿਲ੍ਹੇ ਖਾਲੀ ਕਰਕੇ। ੪।

ਅਥ ਬਾਬੇ ਬੰਦੇ ਔਰ ਬਹਾਦਰ ਸ਼ਾਹ ਕਾ ਪ੍ਰਸੰਗ

(ਵਜ਼ੀਰ ਖਾਂ ਦੇ ਪੁਤ ਨੇ ਬਹਾਦਰ ਸ਼ਾਹ ਪਾਸ ਬੰਦੇ ਦੇ ਖਿਲਾਫ ਫਰਯਾਦ ਕੀਤੀ)

ਦੋਹਰਾ॥ ਬਾਜ ਸਿੰਘ ਬਹੁ ਲੁਟ ਧਰੀ, ਲੈ ਸਾਥ ਖਾਲਸੈ ਸੱਭ॥ ਏਧਰ ਬਾਜ ਸਿੰਘ ਸਰਹੰਦ ਦਾ ਸੂਬਾ ਹੈ, ਖਾਲਸੇ ਨੂੰ ਨਾਲ ਲੈ ਕੇ, ਸਾਰੇ ਮੁਲਕ ਦੇ ਵਿਚ ਲੁਟ ਪਾ ਦਿੱਤੀ ਹੈ । ਜਿਥੇ ਜਿਥੇ ਤੁਰਕਾਂ ਦੇ ਠਾਣੇ ਅਜੇ ਵਸਦੇ ਸਨ ਸਭ ਨੂੰ ਜਾ ਪਿਆ ਹੈ ਹੱਲਾ ਕਰਕੇ।

ਸ਼ਹਿਰ ਤੁਰਕ ਕੇ ਜੋ ਸੁਨੈ, ਲੇਹਿ ਦੂਰ ਤੇ ਦੱਬ॥੧॥ ਤੁਰਕਾਂ ਦੇ ਘੁੱਗ ਵਸਦੇ ਸ਼ਹਿਰ ਦੂਰੋਂ ਹੀ ਹੱਲਾ ਕਰਕੇ ਜਾ ਦੱਬਦਾ ਸੀ ਹੱਲਾ ਬੋਲ ਕੇ ਲੁੱਟ ਲੈਦਾ ਹੈ। ੧।

ਚੌਪਈ॥ ਬਾਜ ਸਿੰਘ ਜਬ ਹੈ ਅਸਵਾਰ॥ ਜਦੋਂ ਬਾਜ ਸਿੰਘ ਘੋੜੇ ਤੇ ਸਵਾਰ ਹੁੰਦਾ ਹੈ।

ਸੀਸ ਤੁਰਕ ਇਕ ਪਗ ਧਰਿ ਮਾਰ॥ ਇੱਕ ਤੁਰਕ ਨੂੰ ਮਾਰ ਕੇ ਉਹਦੇ ਸਿਰ ਤੇ ਇੱਕ ਪੈਰ ਰੱਖ ਕੇ ਫੇਰ ਘੋੜੇ ਦੀ ਰਕਾਬ ਵਿੱਚ ਪੈਰ ਪਾਉਂਦਾ ਹੈ, ਇਹ ਨਿੱਤ ਦਾ ਕਰਮ ਹੋ ਗਿਆ ਹੈ ਉਹਦਾ, ਰੋਜ਼ਾਨਾ ਏਸੇ ਤਰ੍ਹਾਂ ਘੋੜੇ ਤੇ ਚੜ੍ਹਦਾ ਹੈ।

ਜਬ ਯਹਿ ਭਈ ਗੱਲ ਮਸ਼ਹੂਰ॥ ਜਦੋਂ ਇਹ ਗੱਲ ਸਾਰੇ ਮਸ਼ਹੂਰ ਹੋ ਗਈ ਹੈ, ਕਿ ਬਾਜ ਸਿੰਘ ਜੋ ਸਰਹੰਦ ਦਾ ਨਵਾਂ ਸੂਬਾ ਬਣਿਆ ਹੈ ਬੰਦੇ ਬਹਾਦਰ ਵਲੋਂ ਉਹ ਇੱਕ ਤੁਰਕ ਨੂੰ ਝਟਕ ਕੇ ਉਹਦੇ ਸਿਰ ਤੇ ਪੈਰ ਰੱਖ ਕੇ ਫੇਰ ਘੋੜੇ ਤੇ ਸਵਾਰ ਹੁੰਦਾ ਹੈ।

ਤੁਰਕ ਸਰਹੰਦੋਂ ਜਾਤ ਭਏ ਦੂਰ॥੨॥ ਸਾਰੇ ਤੁਰਕ ਸਰਹੰਦ ਨੂੰ ਛੱਡ ਕੇ ਸਰਹੰਦ ਤੋਂ ਦੂਰ ਚਲੇ ਗਏ ਹਨ ਕਿ ਕਿਤੇ ਸਾਡੀ ਵਾਰੀ ਨਾ ਆ ਜਾਏ।

ਜੋ ਅੜਿਓ ਸੋ ਲੀਨੋ ਮਾਰ॥ ਜਿਹੜਾ ਵੀ ਖਾਲਸੇ ਪੰਥ ਅੱਗੇ ਅੜਿਆ, ਉਹ ਮਾਰ ਸੁੱਟਿਆ ਹੈ।

ਐਸੀ ਭਈ ਤੁਰਕਨ ਕੀ ਹਾਰ॥ ਐਸੀ ਤੁਰਕਾਂ ਦੀ ਹਾਰ ਹੋ ਰਹੀ ਹੈ।

ਬਜੀਰੇ ਕੋ ਸੁਤ ਬਚਜੋ ਥੋ ਏਕ॥ ਸਰਹੰਦ ਦੇ ਸੂਬੇ ਦਾ ਇੱਕ ਪੁੱਤਰ ਬਚਿਆ ਹੋਇਆ ਸੀ, ਬਾਕੀ ਤਾਂ ਸਭ ਪਾਰ ਲੰਘਾ ਦਿੱਤੇ ਸਨ ਖਾਲਸੇ ਨੇ।

ਸਾਥ ਪੰਜਾਬੀ ਰਲੇ ਅਨੇਕ॥੩॥ ਉਹਦੇ ਨਾਲ ਹੋਰ ਪੰਜਾਬ ਦੇ ਲੋਕ ਰਲੇ, ਫਰਿਆਦ ਕਰਨ ਜਾਂਦੇ ਨੇ, ਪਾਤਸ਼ਾਹ ਦੇ ਕੋਲ, ਕਿ ਅਸੀਂ ਮਾਰੇ ਗਏ ਸਾਡਾ ਕੋਈ ਪ੍ਰਬੰਧ ਕਰੋ। ੩।

ਬਹਾਦਰ ਸ਼ਾਹਿ ਥੋ ਦੱਖਣ ਮਾਂਹਿ॥ ਬਹਾਦਰ ਸ਼ਾਹ ਬੰਦੇ ਬਹਾਦਰ ਤੋਂ ਡਰਦਾ ਹੋਇਆ ਦਿੱਲੀ ਛੱਡ ਕੇ ਦੱਖਣ ਰਹਿੰਦਾ ਸੀ।

ਕਰੀ ਫਰਯਾਦ ਉਹਾਂ ਉਨ ਜਾਇ॥ ਬਜ਼ੀਦ ਖਾਂ ਦੇ ਪੁੱਤਰ ਨੇ ਦੱਖਣ ਵਿੱਚ ਜਾ ਫਰਿਆਦ ਕੀਤੀ ਪਾਤਸ਼ਾਹ ਕੋਲ।

ਮੁਲਕ ਪਤਿਸ਼ਾਹੀ ਸਭ ਲੁੱਟ ਲਯੋ॥ ਹੇ ਪਾਤਸ਼ਾਹ! ਬੰਦੇ ਬਹਾਦਰ ਨੇ ਤੁਹਾਡਾ ਸਾਰਾ ਹੀ ਮੁਲਕ ਲੁੱਟ ਲਿਆ ਹੈ ਕੋਈ ਛੱਡਿਆ ਨਹੀਂ ਉਥੇ।

ਪਿਕੰਬਰ ਕੋ ਉਨ ਦੀਨ ਗਵਯੋ॥੪॥ ਉਸਨੇ ਤਾਂ ਸਾਡੇ ਪੈਗੰਬਰਾਂ ਦਾ ਦੀਨ ਗਵਾ ਦਿੱਤਾ ਹੈ, ਸਾਡਾ ਤਾਂ ਉਸਨੇ ਇਮਾਨ ਧਰਮ ਨਹੀਂ ਛੱਡਿਆ ਹੈ। ੪।

ਦੋਹਰਾ॥ ਦਿੱਲੀ ਲਹੌਰ ਭੀ ਨਾਂਹ ਰਹਿਗੁ, ਜੌ ਤੁਮ ਉਹਾਂ ਨ ਜਾਂਹ॥ ਬਜ਼ੀਦੇ ਦਾ ਪੁੱਤਰ ਕਹਿੰਦਾ ਬਹਾਦਰ ਸ਼ਾਹ ਨੂੰ, ਕਿ ਤੁਸੀਂ ਐਥੇ ਦੱਖਣ ਵਿੱਚ ਬੈਠੇ ਹੋ ਨਾ ਦਿੱਲੀ ਰਹੇਗੀ ਤੇ ਨਾ ਹੀ ਲਹੌਰ ਰਹੇਗਾ ਉਹ ਵੀ ਉਹਨਾਂ ਮੱਲ ਲੈਣਾ ਹੈ, ਜੇ ਤੂੰ ਨਾ ਓਧਰ ਵਾਪਸ ਗਿਆ ਤਾਂ।

ਮੁਲਕ ਪੰਜਾਬ ਸਭ ਫਿਰ ਗਯੋ, ਨੀਹਲ ਔ ਉਪਰਾਹਿ॥੫॥ ਪੰਜਾਬ ਮੁਲਕ ਤਾਂ ਸਾਰਾ ਫਿਰ ਗਿਆ ਹੈ ਉਹ, ਨੀਹਲ ਪਹਾੜ ਅਤੇ ਉਪਰਲੀਆਂ ਧਾਰਾਂ ਵੀ ਜਾ ਸਰ ਕੀਤੀਆਂ ਹਨ। ੫।

ਚੌਪਈ॥ ਬੰਦੇ ਕੀ ਫਿਰ ਗਈ ਦੁਹਾਈ॥ ਬੰਦੇ ਬਹਾਦਰ ਦੀ ਤਾਂ ਸਾਰੇ ਪੰਜਾਬ ਤੇ ਪਹਾੜਾਂ ਵਿਚ ਦੁਹਾਈ ਫਿਰ ਗਈ ਹੈ।

ਗੁਰ ਗਰਦੀ ਬਹੁ ਬੰਦੈ ਮਚਾਈ॥ ਬੜੀ ਗੁਰ ਗਰਦੀ ਮਚਾਈ ਹੈ, ਓਸਨੇ ਤਾਂ ਤਬਾਹੀ ਲਿਆ ਦਿੱਤੀ ਹੈ ਸਾਰਿਆਂ ਦੀ।

ਰੌਲਾ ਦੀਆ ਦੇਸ਼ ਮਾਂਹ ਪਾਇ॥ ਸਾਰੇ ਦੇਸ਼ ਵਿੱਚ ਰੌਲਾ ਗੌਲਾ ਪਾ ਦਿੱਤਾ ਹੈ ਉਸਨੇ।

ਮਾਰ ਕੂਟ-ਦਈ ਧੂਮ ਮਚਾਇ॥੬॥ ਮਾਰ ਕੁੱਟ ਕਰਕੇ ਉਸਨੇ ਧੁੰਮ ਮਚਾ ਦਿੱਤੀ ਹੈ, ਓਸਨੇ ਕਿਸੇ ਨੂੰ ਛੱਡਿਆ ਨਹੀਂ ਸਭ ਨੂੰ ਭਾਜੜਾਂ ਪਾ ਦਿੱਤੀਆਂ ਹਨ। ੬।

ਸ਼ਾਹਿ ਪੁਛਿਓ ਗੁਰ ਬੰਦੋ ਕੋਇ॥ ਬਹਾਦਰ ਸ਼ਾਹ ਕਹਿਣ ਲੱਗਾ ਕੌਣ ਹੈ ਗੁਰੂ ਬੰਦਾ, ਕਿਹੜਾ ਬੰਦਾ ਹੈ ਜਿਸਨੂੰ ਕਹਿ ਰਹੇ ਹੋ ਤੁਸੀਂ, ਜਿਵੇਂ ਪਤਾ ਹੀ ਨਹੀਂ ਹੁੰਦਾ ਦੇਖੋ ਡਰਦਾ ਤਾਂ ਓਥੇ ਆਪ ਬੈਠਾ ਹੈ, ਤੇ ਕਹਿੰਦਾ ਕੌਣ ਬੰਦਾ ਹੁੰਦਾ ਹੈ।

ਲੋਕ ਬਤਾਯੋ ਸਤਿਗੁਰ ਸਿਖ ਓਇ॥ ਨਾਲ ਦੇ ਲੋਕਾਂ ਨੇ ਦੱਸਿਆ ਹੈ, ਉਹ ਗੁਰੂ ਗੋਬਿੰਦ ਸਿੰਘ ਜੀ ਦਾ ਸਿਖ ਹੈ।

ਭੇਜਿਓ ਗੁਰ ਸੁਤ ਬਦਲੇ ਲੈਨ॥ ਉਹ ਕਹਿੰਦੇ ਸਤਿਗੁਰਾਂ ਨੇ ਆਪਣੇ ਪੁਤਰਾਂ ਦਾ ਬਦਲਾ ਲੈਣ ਵਾਸਤੇ ਭੇਜਿਆ ਹੈ, ਉਹ ਬੰਦਾ ਹੈ।

ਮਾਰਯੋ ਬਜੀਰਾ ਪਲ ਇਕ ਮੈਨ॥੭॥ ਇੱਕ ਪਲ ਵਿਚ ਹੀ ਸਰਹੰਦ ਦੇ ਸੂਬੇ ਵਜ਼ੀਦ ਖਾਂ ਨੂੰ ਮਾਰਿਆ ਹੈ, ਆਹ ਪੁਛ ਲਉ ਓਹਦੇ ਪੁੱਤਰ ਨੂੰ। ੭।

ਮਾਰੇ ਮਲੇਰੀਏ ਚਾਰੇ ਭਾਈ॥ ਚਾਰੇ ਭਾਈ ਨਾਹਰ ਖਾਂ, ਖ੍ਵਾਜਾ ਖਿਜ਼ਰ ਆਦਿਕ ਮਲੇਰ ਕੋਟਲੇ ਵਾਲੇ ਇਕ ਛਿਨ ਵਿੱਚ ਮਾਰ ਲਏ ਹਨ ਓਸਨੇ।

ਜਿਨ ਥੀ ਗੁਰ ਕੀ ਚੀਜ ਘਰ ਆਈ॥ ਜਿਨ੍ਹਾਂ ਨੇ ਲੁੱਟਿਆ ਸੀ ਅਨੰਦਪੁਰ ਸਾਹਿਬ, ਗੁਰੂ ਸਾਹਿਬ ਜੀ ਦੀਆਂ ਬਹੁਤ ਵਸਤੂਆਂ ਇਹ ਲਿਆਏ ਸਨ ਲੁਟ ਮਾਰ ਕਰਕੇ ਜਿਨ੍ਹਾਂ ਦੇ ਘਰ ਇਹ ਲੁੱਟ ਦੀਆਂ ਚੀਜਾਂ ਆਈਆਂ ਸਨ ਗੁਰੂ ਘਰ ਦੀਆਂ।

ਉਨ ਥੋ ਇਕ ਹਾਹ ਨਾਰਾ ਮਾਰਾ॥ ਉਨ੍ਹਾਂ ਦੇ ਵਿਚੋਂ ਇੱਕ ਸ਼ੇਰ ਮੁਹੰਮਦ ਖਾਂ ਨੇ ਹਾਹ ਦਾ ਨਾਅਰਾ ਮਾਰਿਆ ਸੀ, ਇਹਨਾਂ ਦੇ ਭਰਾ ਨੇ।

ਇਮ ਕਰ ਉਨਕੋ ਸ਼ਹਿਰ ਨ ਜਾਰਾ॥੮॥ ਇਸ ਕਰਕੇ ਉਹਨਾਂ ਨੇ ਲਿਹਾਜ ਕੀਤੀ ਹੈ, ਮਲੇਰ ਕੋਟਲਾ ਨਹੀਂ ਉਨ੍ਹਾਂ ਨੇ ਉਜਾੜਿਆ ਹੈ। ਉਹਨੂੰ ਵਸਦਾ ਰਹਿਣ ਦਿਤਾ ਹੈ, ਮਾਮਲਾ ਲੈ ਲਿਆ ਸੀ ਇਹਨਾਂ ਤੋਂ। ੮।

ਮਾਰਜੋ ਸਮਾਣੋਂ ਸਹਿ ਫੁਜਦਾਰ॥ ਸਮੇਤ ਫੌਜਦਾਰਾਂ ਦੇ ਸਮਾਣਾ ਸ਼ਹਿਰ ਵੀ ਓਸ ਨੇ ਜਾ ਮਾਰਿਆ ਹੈ।

ਬਾਈ ਪਾਲਕੀ ਥੇ ਜੇ ਵਾਰ॥ ਬਾਈ ਪਾਲਕੀਆਂ ਵਾਲੇ ਜਿਹੜੇ ਨਬਾਬ ਸੀ ਤੁਰਕਾਂ ਦੇ ਸਭੀ ਮਾਰ ਦਿੱਤੇ।

ਲੁੱਟ ਸਢੌਰੇ ਪੀਰ ਸੁ ਜਾਰਾ॥ ਅਤੇ ਸਢੌਰੇ ਨੂੰ ਲੁੱਟ ਕੇ ਓਥੋਂ ਦੇ ਕਰਾਮਾਤੀ ਪੀਰ ਨੂੰ ਵੀ ਸਾੜ ਦਿੱਤਾ ਹੈ ਓਸਨੇ।

ਜਿਹ ਜਰੈ ਨ ਹਿੰਦੂ ਹੇਠ ਲੰਘ ਦ੍ਵਾਰਾ॥੯॥ ਜਿਸਦੇ ਦਰਵਾਜੇ ਹੇਠ ਦੀ ਹਿੰਦੂ ਦਾ ਮੁਰਦਾ ਲੰਘ ਜਾਏ ਤਾਂ ਜਲਦਾ ਹੀ ਨਹੀਂ ਸੀ, ਕਹਿੰਦੇ ਉਸਨੂੰ ਇੱਕ ਮਿੰਟ ਵਿਚ ਜਲਾ ਦਿੱਤਾ ਓਸ ਪੀਰ ਨੂੰ। ੯।

ਸ਼ਸਤ੍ਰ ਧਾਰ ਬੰਦੇ ਬੰਧ ਲਏ॥ ਬੰਦੇ ਬਹਾਦਰ ਨੇ ਮੰਤ੍ਰਾਂ ਦੇ ਬਲ ਨਾਲ, ਸ਼ਸਤ੍ਰਾਂ ਦੀਆਂ ਧਾਰਾਂ ਬੰਨ੍ਹ ਲਈਆਂ ਭਾਵ ਜਦੋਂ ਉਹ ਮੰਤ੍ਰ ਪੜ੍ਹਦਾ ਹੈ ਤਾਂ ਸ਼ਸਤ੍ਰ ਵੀ ਨਹੀਂ ਚਲਦੇ ਹਨ।

ਜਹਾਂ ਚਹੇ ਵਹੁ ਉਡ ਭੀ ਜਏ॥ ਜਿਧਰ ਚਾਹੁੰਦਾ ਹੈ ਉਹ ਉੱਡ ਕੇ ਵੀ ਚਲਿਆ ਜਾਂਦਾ ਹੈ, ਮਤਲਬ ਕਿਸੇ ਦਾ ਫੜਿਆ ਨਹੀਂ ਰਹਿੰਦਾ ਹੈ।

ਤੋਪ ਤੀਰ ਨ ਲਗੈ ਤਲਵਾਰ॥ ਤੋਪ ਦਾ ਗੋਲਾ, ਤੀਰ ਤੇ ਤਲਵਾਰ ਆਦਿਕ ਕੋਈ ਸ਼ਸਤ੍ਰ ਉਸਦੇ ਨਹੀਂ ਲਗਦਾ ਹੈ।

ਉਂਗਲੀ ਕਰੈ ਅਰ ਦੇਵੈ ਮਾਰ॥੧੦॥ ਜਿਸਦੇ ਵੱਲ ਉਹ ਉਂਗਲੀ ਦਾ ਇਸ਼ਾਰਾ ਕਰ ਦਿੰਦਾ ਹੈ, ਓਸੇ ਨੂੰ ਮਾਰ ਦਿੰਦਾ ਹੈ ਉਹ। ੧੦।

ਦੋਹਰਾ॥ ਨਾਂਹ ਪਗ਼ ਪ੍ਰਿਥਵੀ ਉਸ ਲਗੈ, ਨਾਂਹ ਅਖ ਪਲਕ ਹਿਲਾਇ॥ ਨਾ ਹੀ ਉਹਦਾ ਪੈਰ ਹੀ ਧਰਤੀ ਤੇ ਲੱਗਦਾ ਹੈ ਤੇ ਨਾ ਹੀ ਉਹਦੀ ਪੈੜ ਹੀ ਹੁੰਦੀ ਹੈ ਅੱਖ ਦੀ ਪਲਕ ਵੀ ਝਮਕਦੀ ਨਹੀਂ।

ਨਾਂਹ ਪਰਛਾਵਾਂ ਭੂਂਇ ਦਿਸੈ, ਯੌਂ ਲੋਕਨ ਦੀਓ ਸੁਨਾਇ॥੧੧॥ ਉਸਦਾ ਪ੍ਰਛਾਵਾਂ ਵੀ ਨਹੀਂ ਦਿਸਦਾ ਧਰਤੀ ਤੇ ਇਸ ਤਰ੍ਹਾਂ ਦਾ ਉਹ ਬੰਦਾ ਹੈ, ਇਸ ਤਰ੍ਹਾਂ ਲੋਕਾਂ ਨੇ ਬਾਦਸ਼ਾਹ ਨੂੰ ਕਿਹਾ ਹੈ । ਕਿਉਂਕਿ ਲੋਕਾਂ ਵਿੱਚ ਇਹ ਖਿਆਲ ਹੈ ਕਿ ਜਿਹੜਾ ਅੱਖ ਨਾ ਝਪਕੇ ਤੇ ਜਿਸਦਾ ਪ੍ਰਛਾਵਾਂ ਨਾ ਹੋਵੇ ਉਹ ਜਾਂ ਤਾਂ ਕੋਈ ਅਵਤਾਰ ਹੁੰਦਾ ਹੈ, ਜਾਂ ਕੋਈ ਦੇਵਤਾ ਹੁੰਦਾ ਹੈ। ੧੧।

ਸੋਰਠਾ॥ ਸੁਨਤ ਬਹਾਦਰ ਸ਼ਾਹ, ਮਨ ਮਾਂਹ ਬਹੁ ਤਰਸਤ ਭਯੋ॥ ਬਾਦਸ਼ਾਹ ਬਹਾਦਰ ਸ਼ਾਹ ਇਹ ਗੱਲਾਂ ਸੁਣਕੇ ਬੰਦੇ ਬਹਾਦਰ ਦੀਆਂ ਮਨ ਵਿਚ ਤ੍ਰਾਹ ਗਿਆ ਹੈ ਡਰ ਗਿਆ ਹੈ।

ਫਰਯਾਦ ਸੁਨੀ ਉਸ ਨਾਂਹਿ, ਕਹਜੋ ਸੁ ਸਤਿਗੁਰ ਉਸ ਬਲੀ॥੧੨॥ ਉਸਨੇ ਉਨ੍ਹਾਂ ਦੀ ਫਰਿਆਦ ਹੀ ਨਹੀਂ ਸੁਣੀ ਤੇ ਕਹਿਣ ਲੱਗਾ ਉਹ ਤਾਂ ਗੁਰੂ ਬਲੀ ਹੈ ਮੇਰੀ ਕੋਈ ਵਾਹ ਨਹੀਂ ਉਸਤੇ ਕਹਿੰਦੇ ਉਹ ਬਲੀ ਗੁਰੂ ਨੇ ਭੇਜਿਆ ਹੋਇਆ ਹੈ। ੧੨।

ਚੌਪਈ॥ ਹੁਤੋ ਸ਼ਾਹਿ ਵਹਿ ਗੁਰ ਕੋ ਗਜਾਨੀ॥ ਬਹਾਦਰ ਸ਼ਾਹ ਬਾਦਸ਼ਾਹ ਨੂੰ ਗੁਰੂ ਜੀ ਬਾਰੇ ਸਭ ਗਿਆਨ ਸੀ ਭਾਵ ਗੁਰੂ ਜੀ ਦੀ ਸ਼ਕਤੀ ਤੋਂ ਜਾਣੂ ਸੀ, ਗੁਰੂ ਘਰ ਦਾ ਸੇਵਕ ਸੀ।

ਇਸਤੇ ਉਨ ਫਰਯਾਦ ਨ ਮਾਨੀ॥ ਇਸ ਕਰਕੇ ਬਜ਼ੀਦ ਖਾਂ ਦੇ ਪੁੱਤ੍ਰ ਅਤੇ ਹੋਰ ਪੰਜਾਬੀ ਤੁਰਕਾਂ ਦੀ ਉਸਨੇ ਕੋਈ ਫਰਿਆਦ ਨਾ ਮੰਨੀ, ਕੋਈ ਬਾਤ ਨਾ ਪੁੱਛੀ ਉਸਨੇ।

ਕਰਾਮਾਤ ਬਹੁ ਬੰਦੈ ਸੁਨੀ॥ ਉਸਨੇ ਸੁਣਿਆ ਹੈ ਕਿ ਬੰਦਾ ਬਹਾਦਰ ਬੜਾ ਭਾਰੀ ਕਰਾਮਾਤੀ ਹੈ। ਉਸਨੂੰ ਬਹੁਤ ਸ਼ਕਤੀ ਭਗਤੀ ਦੇ ਕੇ ਭੇਜਿਆ ਹੈ ਮਹਾਰਾਜ ਜੀ ਨੇ।

ਇਮ ਸੁਨ ਸ਼ਾਹ ਬਹੁ ਮੁੰਡੀ ਧੁਨੀ॥੧੩॥ ਇਹ ਸੁਣ ਕੇ ਬਾਦਸ਼ਾਹ ਬਹਾਦਰ ਸ਼ਾਹ ਨੇ ਸਿਰ ਹਿਲਾਇਆ ਹੈ, ਮੇਰੇ ਕੋਲ ਕੋਈ ਤਾਕਤ ਨਹੀਂ ਹੈ, ਉਹਦੇ ਅੱਗੇ ਮੈਂ ਨਹੀਂ ਕੁਛ ਕਰ ਸਕਦਾ। ੧੩।

ਜੌ ਮੈਂ ਉਸ ਸਿਉਂ ਕਰੌਂ ਲਰਾਈ॥ ਜੇ ਮੈਂ ਉਸਦੇ ਨਾਲ ਲੜਾਈ ਕਰਾਂ ਜਾਕੇ।

ਮਤ ਮੋਕੋ ਵਹੁ ਦੇਇ ਮਰਾਈ॥ ਕੀ ਪਤਾ ਉਹ ਮੈਨੂੰ ਹੀ ਮਰਵਾ ਦੇਵੇ, ਇਉਂ ਖਤਮ ਕਰ ਦੇਵੇਗਾ ਉਹ ਤਾਂ।

ਮੈਂ ਸਤਿਗੁਰ ਤੇ ਝੂਠੋ ਪਾਊਂ॥ ਮੈਂ ਸੱਤਿਗੁਰਾਂ ਤੋਂ ਝੂਠਾ ਪਵਾਂਗਾ, ਮੈਂ ਨਹੀਂ ਇਹ ਗੱਲ ਕਰਨੀ।

ਅਰ ਮੈਂ ਸ਼ਾਹੀ ਤੇ ਭੀ ਜਾਊਂ॥੧੪॥ ਮੈਂ ਪਾਤਸ਼ਾਹੀ ਤੋਂ ਵੀ ਜਾਊਂਗਾ, ਪਾਤਸ਼ਾਹੀ ਵੀ ਮੇਰੀ ਖੁੱਸ ਜਾਇਗੀ। ੧੪।

ਦੋਨੋ ਬਾਤੈਂ ਕਠਨ ਬਿਚਾਰੈ॥ ਇਹ ਦੋਵੇਂ ਹੀ ਗੱਲਾਂ ਕਠਨ ਹਨ, ਇਉਂ ਵਿਚਾਰਦਾ ਹੈ ਬਹਾਦਰ ਸ਼ਾਹ ਬਾਦਸ਼ਾਹ।

ਪਤਸ਼ਾਹੀ ਲਾਲਚ ਭੀ ਪਜਾਰੈ॥ ਬਾਦਸ਼ਾਹੀ ਦਾ ਲਾਲਚ ਵੀ ਬੜਾ ਪਿਆਰਾ ਹੈ, ਰਾਜ ਗੱਦੀ ਮਿਲੀ ਹੈ ਰਾਜ ਕਰਦਾ ਹੈ।

ਲਰੈ ਬੰਦਾ ਮੁਹਿ ਛੋਡੈ ਨਾਹੀਂ॥ ਜੇ ਬੰਦੇ ਬਹਾਦਰ ਨੂੰ ਪਤਾ ਲੱਗ ਗਿਆ ਕਿ ਬਹਾਦਰ ਸ਼ਾਹ ਮੇਰਾ ਦੁਸ਼ਮਣ ਹੈ ਤਾਂ ਮੈਨੂੰ ਕਿਥੇ ਛੱਡਿਆ, ਮੈਨੂੰ ਖਤਮ ਕਰ ਦੇਵੇਗਾ।

ਕਰਾਮਾਤ ਬਹੁ ਉਸ ਕੇ ਮਾਂਹੀ॥੧੫॥ ਬੜੀ (ਕਰਾਮਾਤ) ਗੈਬੀ ਸ਼ਕਤੀਆਂ ਹਨ ਉਸਦੇ ਵਿੱਚ। ੧੫।

ਉਸ ਕੈ ਪਾਸ ਮੁਵੱਕਲ ਆਵੈਂ॥ ਉਸ ਦੇ ਪਾਸ ਤਾਂ (ਮੁਵੱਕਲ) ਬੀਰ ਆਉਂਦੇ ਹਨ, ਜੋ ਉਹਦੀ ਆਗਿਆ ਵਿੱਚ ਹਨ।

ਮਤ ਮੋਕੋਂ ਵਹਿ ਮਾਰ ਗਿਰਾਵੈਂ॥ ਮੈਨੂੰ ਖਤਮ ਕਰ ਦੇਵੇ, ਮਰਵਾ ਦੇਵੇ ਬੀਰਾਂ ਕੋਲੋਂ।

ਯਾਂਤੇ ਉਸ ਨ ਮੰਨੀ ਫਰਯਾਦ॥ ਇਹਨਾਂ ਕਾਰਨਾਂ ਕਰਕੇ ਬਹਾਦਰ ਸ਼ਾਹ ਬਾਦਸ਼ਾਹ ਨੇ ਕੋਈ ਫਰਿਆਦ ਨਾ ਸੁਣੀ।

ਤਰਫ ਲਹੌਰ ਕੁਛ ਕਰੈ ਨ ਯਾਦ॥੧੬॥ ਇਸ ਕਰਕੇ ਲਹੌਰ ਵੱਲ ਦੀ ਯਾਦ ਨਹੀਂ ਕਰਦਾ ਹੈ, ਕਿ ਲਹੌਰ ਵੱਲ ਵੀ ਕੁਛ ਹੁੰਦਾ ਹੈ। ੧੬।

ਦੋਹਰਾ॥ ਪਾਣੀਪਤ ਝੰਡੇ ਸੁਨੇ, ਬੰਦੇ ਦਏ ਗਡਾਇ॥ ਬਹਾਦਰ ਸ਼ਾਹ ਬਾਦਸ਼ਾਹ ਨੇ ਇਹ ਵੀ ਖਬਰ ਸੁਣ ਲਈ ਕਿ ਬੰਦੇ ਬਹਾਦਰ ਨੇ ਪਾਨੀਪਤ ਝੰਡੇ ਗੱਡ ਦਿੱਤੇ ਹਨ।

ਤੁਰਕ ਫੌਜ ਆਗੈ ਲਧੈ, ਆਪੈ ਸੋ ਮਰਿ ਜਾਇ॥੧੭॥ ਕਿ ਜਿਹੜੀ ਤੁਰਕਾਂ ਦੀ ਫੌਜ ਇਥੋਂ ਅੱਗੇ ਲੰਘੇਗੀ ਆਪੇ ਹੀ ਮਾਰੀ ਜਾਇਗੀ ਇਹ ਉਹਨੇ ਬਚਨ ਕੀਤਾ ਹੋਇਆ ਹੈ। ੧੭।

ਚੌਪਈ॥ ਐਸੀ ਬਾਤਨ ਸੁਨਿ ਸੁਨਿ ਡਰੈ॥ ਲੋਕਾਂ ਤੋਂ ਐਸੀਆਂ ਐਸੀਆਂ ਗੱਲਾਂ ਸੁਣਕੇ ਡਰਦਾ ਹੈ ਬਾਦਸ਼ਾਹ ਬਹਾਦਰ ਸ਼ਾਹ, ਕਿਉਂਕਿ ਆਪ ਹੀ ਉਹ ਦੱਸਦੇ ਹਨ ਆਪਣੀ ਜ਼ਬਾਨ ਤੋਂ ਕਿ ਬੰਦੇ ਬਹਾਦਰ ਵਿਚ ਕਲਾ ਬੜੀ ਹੈ, ਉਹਨੇ ਸਢੌਰੇ ਦੇ ਪੀਰ ਨੂੰ ਕਬਰ ਵਿਚੋਂ ਕੱਢ ਕੇ ਅੱਗ ਲਾ ਦਿੱਤੀ ਸੀ। ਜਿਸਦੇ ਪ੍ਰਛਾਵੇਂ ਹੇਠ ਲੰਘਿਆਂ ਹਿੰਦੂਆਂ ਦੇ ਮੁਰਦੇ ਨੂੰ ਅੱਗ ਨਹੀਂ ਸੀ ਲਗਦੀ, ਉਹਨੂੰ ਇੱਕ ਛਿਨ ਵਿਚ ਫੂਕ ਦਿੱਤਾ ਹੈ। ਮਲੇਰ ਕੋਟਲੇ ਵਿੱਚ ਅਖ੍ਵਾਜਾ ਮਰਦੂਦ ਨੂੰ ਕਬਰ ਵਿਚੋਂ ਕੱਢ ਕੇ ਫੂਕਿਆ ਹੈ ਭਾਵ ਹੋਰ ਜਿਹੜੇ ਪੀਰ ਸਨ ਬਲੀ ਸਨ ਉਹਨੇ ਕਿਸੇ ਦੀ ਸਿੱਧੀ ਨਹੀਂ ਰਹਿਣ ਦਿੱਤੀ ਪੰਜਾਬੀ ਮੁਸਲਮਾਨਾਂ ਨੂੰ ਸੋਧ ਕੇ ਫਿਰ ਪਹਾੜਾਂ ਨੂੰ ਚੜ੍ਹ ਗਿਆ ਹੈ ਪਹਾੜੀ ਰਾਜਿਆਂ ਨੂੰ ਬੜੀਆਂ ਕਰਾਮਾਤਾਂ ਦਿਖਾਈਆਂ। ਉਸਦੇ ਕੋਲ ਬੀਰ ਨੇ, ਸਤਿਗੁਰਾਂ ਦੇ ਬਖਸ਼ੇ ਹੋਏ ਤੀਰ ਨੇ ਜਦੋਂ ਇਹ ਦਸਦੇ ਨੇ, ਬਾਦਸ਼ਾਹ ਅੱਗੋਂ ਹੀ ਬੜਾ ਪ੍ਰਭਾਵਤ ਹੋਇਆ ਹੈ ਸਤਿਗੁਰਾ ਤੋਂ, ਉਹਨਾਂ ਦੀ ਬਖਸ਼ਸ਼ ਸਦਕਾ ਰਾਜ ਮਿਲਿਆ ਹੈ ਅਤੇ ਹੁਣ ਉਹਨਾਂ ਨਾਲ ਕਿਵੇਂ ਟਾਕਰਾ ਕਰ ਸਕਦਾ ਹੈ ।

ਨਹਿੰ ਪੰਜਾਬ ਵਲ ਮੁਹਰੋ ਕਰੈ॥ ਪੰਜਾਬ ਵੱਲ ਨੂੰ ਮੂੰਹ ਨਹੀਂ ਕਰਦਾ ਹੈ, ਨਹੀਂ ਜਾਣਾ ਕਰਦਾ। ਬੰਦੇ ਬਹਾਦਰ ਦੀ ਧਾਂਕ ਤਾਂ ਕਾਬਲ ਤੱਕ ਪਈ ਹੋਈ ਸੀ ਜੇ ਮੈਂ ਪੰਜਾਬ ਨੂੰ ਤੁਰਿਆ, ਕੀ ਪਤਾ ਉਹਦਾ ? ਹੁਣੇ ਹੀ ਐਥੇ ਆ ਜਾਵੇ। ਜਦੋਂ ਬੰਦੇ ਬਹਾਦਰ ਦੀ ਗੱਲ ਬਾਦਸ਼ਾਹ ਨੂੰ ਸੁਣਾਉਂਦੇ ਨੇ, ਉਹ ਹੋਰ ਡਰ ਜਾਂਦਾ ਹੈ। ਇਸ ਕਰਕੇ ਉਹ ਬਿਲਕੁਲ ਹੀ ਨਹੀਂ ਮੰਨਦਾ ਇਹਨਾਂ ਦੀ ਗੱਲ।

ਫਰਯਾਦੀ ਪੰਜਾਬੀ ਰਹੇ ਕੁਰਲਾਇ॥ ਇਹ ਜੋ ਪੰਜਾਬ ਦੇ ਤੁਰਕ ਫਰਿਆਦੀ ਹੋਏ ਹਨ ਬਹਾਦਰ ਸ਼ਾਹ ਬਾਦਸ਼ਾਹ ਕੋਲ ਬੰਦੇ ਬਹਾਦਰ ਦੇ ਵਿਰੁੱਧ ਬੜਾ ਕੁਰਲਾਉਂਦੇ, ਬੜਾ ਜ਼ੋਰ ਲਾਉਂਦੇ ਬਾਦਸ਼ਾਹ ਨੂੰ, ਚੱਲ ਸਾਡੇ ਨਾਲ ਕਰ ਸਾਡੀ ਮਦਦ।

ਔਰ ਲੋਕ ਨਹਿੰ ਕਰੈਂ ਸਹਾਇ॥੧੮॥ ਹੋਰ ਲੋਕ ਕੋਈ ਸਹਾਇਤਾ ਨਹੀਂ ਕਰਦੇ, ਇਹਨਾਂ ਫਰਿਆਦੀਆਂ ਦੀ ਕੋਈ ਗੱਲ ਵੀ ਨਹੀਂ ਸੁਣਦਾ, ਬਾਦਸ਼ਾਹ ਵੀ ਹੌਂਸਲਾ ਨਹੀਂ ਕਰਦਾ। ੧੮।

ਸਗਵਾਂ ਦੇਵੈਂ ਗੱਲ ਮਿਟਾਇ॥ ਸਰੋਂ ਗੱਲ ਮਿਟਾ ਦਿੰਦੇ ਹਨ ਛੱਡੋ ਅਗਾਂਹ, ਜਿਹੜੀ ਹੋ ਗਈ ਸੋ ਹੋ ਗਈ ਉਹਨੂੰ ਰਹਿਣ ਦਿਉ, ਤੁਸੀਂ ਆਪ ਦੀ ਜਾਨ ਬਚਾਓ , ਤੁਸੀਂ ਤਾਂ ਬਚੇ ਫਿਰਦੇ ਹੋ।

ਮਤ ਮੋਕੋ ਹੀ ਘਲੇ ਪਤਿਸ਼ਾਹਿ॥ ਸਾਰੇ ਜਰਨਲ ਕਰਨਲ ਵੱਡੇ ਫੌਜਦਾਰ ਉਹ ਕੋਈ ਇਮਦਾਦ ਨਹੀਂ ਕਰਦੇ ਕਿ ਬਾਦਸ਼ਾਹ ਨੇ ਕਹਿ ਹੀ ਦੇਣਾ ਹੈ ਕਿ ਜੇ ਤੂੰ ਹਮਦਰਦੀ ਹੈ ਇਹਨਾਂ ਦਾ, ਤੂੰ ਜਾਹ ਇਹਨਾਂ ਨਾਲ। ਤੂੰ ਵੀ ਫੌਜਦਾਰ ਹੈ, ਫੌਜ ਲੈ ਜਾ। ਜਾ ਕੇ ਜਾਹ ਲੜ ਸਿੰਘਾਂ ਨਾਲ । ਫੇਰ ਕੀ ਬਣੇਗਾ? ਇਉਂ ਡਰਦੇ ਨੇ ਸਾਰੇ।

ਬੰਦੈ ਤੇ ਆਵੈ ਸੀਹਆਣ॥ ਬੰਦੇ ਬਹਾਦਰ ਤੋਂ (ਸੀਹਆਣ) ਸ਼ੇਰ ਵਰਗਾ ਭੈ ਆਉਂਦਾ ਹੈ, ਇਸ ਤਰ੍ਹਾਂ ਬੰਦੇ ਦਾ ਦਾਬਾ ਪੈ ਗਿਆ ਹੈ, ਥਰ ਥਰ ਕੰਬਦੇ ਹਨ।

ਬੈਠ ਡਰੈਂ ਘਰ ਮੁਸਲਮਾਨ॥੧੯॥ ਮੁਸਲਮਾਨ ਘਰ ਬੈਠੇ ਹੀ ਡਰਦੇ ਹਨ, ਮਤ ਗੱਲ ਕਰੋ ਉਹਦੀ, ਰਹਿਣ ਦਿਉ, ਚੁੱਪ

ਕਰੋ ਇਹ ਨਾ ਸੁਣਦਾ ਹੋਵੇ ਨੇੜੇ ਏਥੇ ਨਾ ਸਾਨੂੰ ਫੜ ਲੈਂਦਾ ਹੋਵੇ, ਐਸਾ ਡਰ ਪਿਆ ਹੈ ਸਭ ਦੇ ਦਿਲ ਤੇ। ੧੯।

ਵਜ਼ੀਰ ਕਹੈ ਜੋ ਮੈਂ ਕਹਹੁੰ ਬਾਤ॥ ਵਜੀਰ ਕਹਿੰਦੇ ਹਨ ਕਿ ਜੇ ਮੈਂ ਪਾਤਸ਼ਾਹ ਨੂੰ ਬੰਦੇ ਬਹਾਦਰ ਦੇ ਵਿਰੁੱਧ ਕੋਈ ਗੱਲ ਕਹਿੰਦਾ ਹਾਂ।

ਮਤ ਮੋਹਿ ਸ਼ਾਹ ਘਲਾਵੈ ਬਾਤ॥ ਵਜ਼ੀਰ ਕਹਿੰਦਾ ਜੇ ਮੈਂ ਗੱਲ ਕੀਤੀ , ਮਦਦ ਕਰੋ ਫਰਿਆਦੀ ਆਏ ਹਨ ਸੁਣੋ ਇਹਨਾਂ ਦੀ, ਤੇ ਬਾਦਸ਼ਾਹ ਚੱਲ ਤੂੰ ਹੀ ਚੱਲ ਇਹਨਾਂ ਦੇ ਨਾਲ, ਲੈ ਜਾ ਫੌਜ, ਇਹਨਾਂ ਦੀ ਕਰ ਮਦਦ।

ਫੁਜਦਾਰ ਫੁਜਦਾਰੀ ਕਰੈ ਨ ਕੋਇ॥ ਹੁਣ ਕੋਈ ਵੀ ਫੌਜਦਾਰ, ਕੋਈ ਵੀ ਫੌਜਦਾਰੀ ਲੈ ਕੇ ਰਾਜੀ ਨਹੀਂ, ਉਹ ਜਿਥੇ ਜਿਥੇ ਵੀ ਕੋਈ ਹੈ ਕਹਿੰਦੇ ਬਸ ਏਨ੍ਹਾਂ ਹੀ ਅਹੁਦਾ ਬੜਾ ਹੈ। ਬਾਦਸ਼ਾਹ ਕਹਿੰਦਾ ਤੁਹਾਨੂੰ ਵੱਡਾ ਅਹੁਦਾ ਦਿੰਦਾ ਹਾਂ, ਜਾਓ ਲੜੋ ਜਾ ਕੇ, ਕਹਿੰਦੇ ਨਾ ਜੀ ਨਾ ਏਥੇ ਹੀ ਠੀਕ ਹਾਂ । ਇਤਨੀ ਫੌਜ ਦੀ ਸਰਦਾਰੀ ਬੜੀ ਹੈ। ਐਸਾ ਦਾਬਾ ਪਿਆ ਹੈ, ਕੋਈ ਤਰੱਕੀ ਲੈ ਕੇ ਰਾਜੀ ਨਹੀਂ।

ਹੁਤੇ ਜਾਗਦੇ ਤੇ ਰਹੇ ਸੋਇ॥੨੦॥ ਚੋਰ, ਡਾਕੂ ਆ ਜਾਣ ਪਿੰਡ ਵਿਚ ਜਿਹੜੇ ਜਾਗਦੇ ਹੁੰਦੇ ਹਨ ਉਹ ਵੀ ਸੌਂ ਜਾਂਦੇ ਹਨ, ਤੇ ਕਈ ਬਹਾਨੇ ਲਾ ਲੈਂਦੇ ਹਨ, ਮੈਂ ਤਾਂ ਏਥੇ ਪਿੰਡ ਵਿਚ ਹੀ ਨਹੀਂ ਸਾਂ, ਮੈਂ ਤਾਂ ਇਧਰ ਗਿਆ ਸਾਂ, ਅੱਗੋਂ ਪਿਛੋਂ ਤਾਂ ਬਥੇਰੇ ਸੂਰਮੇ ਬਣਦੇ ਹਨ, ਪਰ ਜਦੋਂ ਟਾਕਰੇ ਦੀ ਗੱਲ ਆਵੇ, ਜਿਸਦਾ ਦਬਦਬਾ ਹੋਵੇ, ਉਸਦੇ ਸਾਹਮਣੇ ਕੋਈ ਝਾਕਦਾ ਨਹੀਂ। ੨੦।

ਨਿੱਤ ਕਚਹਿਰੀ ਲਾਵੈਂ ਨਾਂਹਿ॥ ਵਜ਼ੀਰ ਵੀ ਘਬਰਾਉਂਦੇ ਹਨ, ਹੁਣ ਨਿੱਤ ਨਹੀਂ ਕਚਹਿਰੀ ਲਾਉਂਦੇ, ਕਿ ਜੇ ਕਚਹਿਰੀ ਲਾਈ ਉਦੋਂ ਹੀ ਫਰਿਆਦੀ ਹੋ ਕੇ ਆ ਜਾਣਗੇ।

ਮਤ ਪਤਿਸ਼ਾਹਿ ਹਮ ਊਹਾਂ ਘਲਾਇ॥ ਵਜ਼ੀਰ ਕਚਹਿਰੀ ਵਿੱਚ ਨਹੀਂ ਆਉਂਦੇ ਬਹਾਨੇ ਕਰ ਲੈਂਦੇ ਹਨ ਮੈਂ ਬਿਮਾਰ ਹਾਂ ਜੀ, ਮੈਂ ਆਪ ਦੀ ਰਿਸ਼ਤੇਦਾਰੀ ਚਲਿਆ ਗਿਆ ਸੀ ਇਸ ਤਰ੍ਹਾਂ ਦੀ ਬਹਾਨੇ ਬਾਜੀ ਕਰਕੇ ਬਾਦਸ਼ਾਹ ਦੀ ਕਚਹਿਰੀ ਵਿੱਚ ਵੀ ਨਹੀਂ ਹਾਜ਼ਰ ਹੁੰਦੇ ਪਾਤਸ਼ਾਹ ਸਾਨੂੰ ਨਾ ਭੇਜ ਦੇਵੇ ਬੰਦੇ ਬਹਾਦਰ ਦੇ ਮੁਕਾਬਲੇ ਤੇ।

ਕਹੈਂ ਬੰਦਾ ਹੈ ਜਾਣੀ ਜਾਣ॥ ਆਪਸ ਵਿੱਚ ਗੱਲਾਂ ਕਰਦੇ ਹਨ ਬੰਦਾ ਬਹਾਦਰ (ਜਾਣੀ ਜਾਣ) ਅੰਤਰਜਾਮੀ ਹੈ, ਜੇ ਅਸੀਂ ਹਿਰਦੇ ਵਿੱਚ ਉਸਦਾ ਮਾੜਾ ਚਿਤਵਾਂਗੇ ਤਾਂ ਉਸਨੂੰ ਪਤਾ ਲੱਗ ਜਾਣਾ ਹੈ।

ਹਮ ਚਿਤਵੈਂ ਤੌ ਮਾਰੈ ਆਣ॥੨੧॥ ਜੇ ਅਸੀਂ ਉਸਦੀ ਬੁਰਿਆਈ ਚਿਤਵਨਾ ਕੀਤੀ ਤਾਂ ਉਸ ਵਕਤ ਆ ਮਾਰੇਗਾ ਸਾਨੂੰ, ਐਸਾ ਭੈ ਬੈਠ ਗਿਆ ਹੈ। ੨੧।

ਦੋਹਰਾ॥ ਤੌ ਪੰਜਾਬੀਅਨ ਕੱਪੜੇ ਟੰਗੇ, ਦਿਨੈ ਮਸਾਲਾਂ ਕੀਨ॥ ਤਾਂ ਪੰਜਾਬੀ ਮੁਸਲਮਾਨਾਂ ਨੇ ਕਾਲੇ ਕਪੜੇ ਪਾ ਕੇ, ਕਾਲੇ ਝੰਡੇ ਲੈ ਕੇ, ਬਾਦਸ਼ਾਹ ਦੀ ਬਦਨਾਮੀ ਕਰਦੇ ਹਨ, ਜੈਸੇ ਮਸ਼ਾਲਾਂ ਲੈ ਕੇ ਜਲੂਸ ਕੱਢਣਾ ਦਿਨੇ ਰਾਤ ਪਾ ਲੈਣੀ, ਏਸ ਤਰ੍ਹਾਂ ਦੇ ਢੰਗ ਕਰਦੇ ਹਨ।

ਤਊ ਬਾਦਸ਼ਾਹਿ ਸੁ ਨਹਿੰ ਸੁਨੈ, ਪਕੜਿ ਸੁ ਬਹਜਾ ਜ਼ਮੀਨ॥੨੨॥ ਤਾਂ ਵੀ ਬਾਦਸ਼ਾਹ ਸੁਣਦਾ ਹੀ ਨਹੀਂ ਇਹਨਾਂ ਦੀ ਗੱਲ, ਜ਼ਮੀਨ ਖੁਰਚੀ ਜਾਂਦਾ ਹੈ ਹੇਠਾਂ ਨੀਵੀਂ ਪਾ ਕੇ। ੨੨।

ਮੁੱਲਾਂ ਕਾਜ਼ੀ ਫਕਰ ਮਿਲ, ਹਾਜੀ ਪੀਰ ਮਿਲਾਇ॥ ਕਾਜ਼ੀ, ਮੁਲਾਣੇ, ਫਕੀਰ (ਹਾਜੀ) ਮੱਕੇ ਦਾ ਹੱਜ ਕਰਨ ਵਾਲੇ ਅਤੇ ਪੀਰ ਸਾਰੇ ਮਿਲਕੇ ਇਕੱਠੇ ਹੋ ਕੇ ਆਏ ਹਨ।

ਆਪੈਂ ਕਾਫਰ ਤੂੰ ਭਯਾ, ਉਨ ਰੌਲੌ ਦੀਯੋ ਮਚਾਇ॥੨੩॥ ਬਾਦਸ਼ਾਹ! ਤੂੰ (ਕਾਫਰ) ਹਿੰਦੂ ਹੋ ਗਿਆ ਹੈ, ਤੂੰ ਮੁਸਲਮਾਨ ਹੀ ਨਹੀਂ ਰਿਹਾ , ਏਸੇ ਤਰ੍ਹਾਂ ਪਬਲਿਕ ਦੇ ਵਿੱਚ ਰੌਲਾ ਪਾਉਂਦੇ ਹਨ ਪਿੰਡਾਂ ਸ਼ਹਿਰਾਂ ਵਿੱਚ। ੨੩।

ਚੌਪਈ॥ ਕੋਊ ਕਹੈ ਤੈਂ ਦੀਨ ਗਵਾਯਾ॥ ਕੋਈ ਕਹਿੰਦਾ ਤੂੰ (ਦੀਨ) ਮਜ਼ਹਬ ਨੂੰ ਵੱਟਾ ਲਾਇਆ ਹੈ, ਤੂੰ ਆਪਦਾ ਧਰਮ ਗਵਾ ਲਿਆ ਹੈ।

ਉਮਤ ਪਿਕੰਬਰ ਤੂੰ ਨਹੀਂ ਆਇਆ॥ ਤੂੰ ਪੈਗੰਬਰਾਂ ਦੀ ਉਮਤ ਵਿਚ ਨਹੀਂ ਆਇਆ ਹੈ। ਜਿਵੇਂ ਸਤਿਗੁਰੂ ਸੱਚੇ ਪਾਤਸ਼ਾਹ ਜੀ ਨੇ ਖਾਲਸੇ ਨੂੰ ਆਪਣੀ ਬੰਸ ਬਣਾਇਆ ਹੈ, ਸੋਢ ਬੰਸੀ, ਸੂਰਜ ਬੰਸੀ, ਏਸ ਤਰ੍ਹਾਂ ਹੀ ਉਹਨਾਂ ਵਿੱਚ ਵੀ ਉਹ ਕਹਿੰਦੇ ਨੇ ਸਾਡੇ ਪੈਗੰਬਰਾਂ ਦੀ ਉਮਤ ਹਾਂ ਅਸੀਂ। ਉਹ ਕਹਿੰਦੇ ਨੇ ਬਾਦਸ਼ਾਹ ਨੂੰ ਕਿ ਤੂੰ ਆਪਣੇ ਪੈਗੰਬਰਾਂ ਦੀ ਉਮਤ ਵਿਚ ਵੀ ਨਹੀਂ ਤੂੰ ਤੇ ਰਲ੍ਹਿਆ ਹੀ ਨਹੀਂ ਉਨ੍ਹਾਂ ਨਾਲ ਤੂੰ ਤਾਂ ਹੋਰ ਹੀ ਹੈ ਕੋਈ।

ਭਰੈ ਨ ਪਿਕੰਬਰ ਤੋਰ ਸ਼ਫਾਤ॥ ਬਾਦਸ਼ਾਹ ਮਰ ਕੇ ਦਰਗਾਹ ਵਿੱਚ ਜਾਏਂਗਾ, ਉਥੇ ਤੇਰੀ (ਸ਼ਫਾਤ) ਸਿਫਾਰਸ਼ ਕਰਨੀ ਨਹੀਂ ਕਿਸੇ ਪੈਕੰਬਰ ਨੇ।

ਪਰੈ ਦੋਜ਼ਕ ਮੈਂ ਤੁਮਰੀ ਜ਼ਾਤਿ॥੨੪॥ ਤੇਰੀ ਜ਼ਾਤ ਦੋਜ਼ਕ ਵਿਚ ਪੜੇਗੀ, ਤੈਨੂੰ ਉਥੇ ਨਰਕਾਂ ਵਿਚ ਸੁਟਣਗੇ । ਕਿਉਂਕਿ ਪੈਕੰਬਰ ਨੇ ਤੇਰੀ ਗਵਾਹੀ ਭਰਨੀ ਨਹੀਂ ਹੈ, ਤੈਨੂੰ ਉਂਥੇ ਨਰਕਾਂ ਵਿਚ ਸੁਟ ਦੇਣਗੇ। ਇਸ ਤਰ੍ਹਾਂ ਤੇਰਾ ਛੁਟਕਾਰਾ ਨਹੀਂ ਹੋਣਾ, ਦਾਬੇ ਮਾਰਦੇ ਹਨ। ੨੪।

ਤੂੰ ਕਜਾ ਹਿੰਦੂਅਨ ਲੈ ਲਜੋ ਮੋਲ॥ ਬਾਦਸ਼ਾਹ ਨੂੰ ਮਿਹਣੇ ਮਾਰਦੇ ਹਨ ਕੀ ਹਿੰਦੂਆਂ ਨੇ ਮੁੱਲ ਲਿਆ ਤੈਨੂੰ ? ਉਹਨਾਂ ਦਾ ਮੁੱਲ ਖਰੀਦਿਆ ਗੋਲਾ ਹੋ ਗਿਆ ਹੈਂ , ਉਹਨਾਂ ਦਾ ਗੁਲਾਮ ਹੋ ਗਿਆ ਹੈਂ।

ਦਈ ਕਜਾ ਸ਼ਾਹੀ ਉਨ ਲੜੋਂ ਖੋਲ੍ਹ॥ ਉਹਨਾਂ ਨੇ ਪੱਲਿਓਂ ਖੋਲ੍ਹ ਕੇ ਤੈਨੂੰ ਪਾਤਸ਼ਾਹੀ ਦੇ ਦਿਤੀ ਏ, ਤੇਰਾ ਪਿਉ ਦਾਦਾ, ਪੜਦਾਦਾ ਨਹੀਂ ਸੀ ਪਾਤਸ਼ਾਹ? ਬਾਦਸ਼ਾਹ ਦੀ ਔਲਾਦ ਨਹੀਂ ਤੂੰ ? ਏਸ ਤਰ੍ਹਾਂ ਦੇ ਉਹਨੂੰ ਮਿਹਣੇ ਮਾਰਦੇ ਨੇ।

ਦੀ ਪਤਿਸ਼ਾਹੀ ਪਿਕੰਬਰ ਹਮਾਰੈ॥ ਸਾਡੇ ਪੈਕੰਬਰ ਨੇ ਪਾਤਸ਼ਾਹੀ ਦਿੱਤੀ ਹੈ ਤੈਨੂੰ, ਸਾਡੇ ਪੀਰਾਂ ਨੇ ਦਿੱਤੀ ਹੈ।

ਸੋ ਲਿਖ ਗਯੋ ਪਿਸ਼ਾਨੀ ਤੁਮਾਰੈ॥੨੫॥ ਉਹ ਲਿਖ ਗਿਆ ਹੈ (ਪਿਸ਼ਾਨੀ) ਪਿਉ ਤੋਂ ਮਗਰੋਂ, ਬਾਦਸ਼ਾਹੀ ਲਿਖ ਕੇ ਦਿੱਤੀ ਹੈ। ੨੫।

ਦੇਨ ਲਾਇਕ ਥੋ ਪੀਰ ਹਮ ਨਾਹੀਂ॥ ਸਾਡੇ ਪੀਰ ਦੇਣ ਯੋਗ ਨਹੀਂ ਸਨ ? ਉਹ ਨਹੀਂ ਦੇ ਸਕਦੇ ਸੀ ਤੈਨੂੰ ਪਾਤਸ਼ਾਹੀ?

ਹਮ ਪੀਰਨ ਤੂੰ ਪਤਿ ਗਵਾਹੀਂ॥ ਤੂੰ ਸਾਡੇ ਪੀਰਾਂ ਦੀ ਪੱਤ ਲਾਹ ਦਿੱਤੀ ਹੈ, ਉਹਨਾਂ ਦੀ ਇੱਜਤ ਗਵਾ ਦਿੱਤੀ ਹੈ।

ਤੂੰ ਕਹੈਂ ਬਾਦਸ਼ਾਹੀ ਹਮ ਹਿੰਦੂਓਂ ਪਾਈ॥ ਤੂੰ ਗੱਲਾਂ ਕਰਦਾ ਹੈਂ ਕਿ ਬਾਦਸ਼ਾਹੀ ਮੈਂ ਹਿੰਦੂਆਂ ਤੋਂ ਲਈ ਹੈ, ਹਿੰਦੂਆਂ ਨੇ ਮੈਨੂੰ ਦਿੱਤੀ ਹੈ ਬਾਦਸ਼ਾਹੀ।

ਦੇਣ ਜੋਗ ਪੀਰ ਹਮ ਥੇ ਨਾਹੀ॥੨੬॥ ਕੀ ਸਾਡੇ ਪੀਰ ਨਹੀਂ ਸੀ ਦੇ ਸਕਦੇ ? ਉਹਨਾਂ ਨੂੰ ਕੀ ਹੋ ਗਿਆ ਸੀ ? ੨੬।

ਫੜਿ ਫੜਿ ਛੁਰੀਯਨ ਰਸਤੇ ਰੋਕੈਂ॥ ਹੁਣ ਦੂਸਰੇ ਢੰਗ ਆ ਗਏ ਹਨ, ਛੁਰੀਆਂ ਲੈ ਲੈ ਕੇ ਚੌਂਕਾਂ ਵਿਚ ਬਹਿੰਦੇ ਨੇ ਜਦੋਂ ਬਾਦਸ਼ਾਹ ਦੀ ਸਵਾਰੀ ਲੰਘੇਗੀ, ਉਦੋਂ ਵੇਖਿਓ ਅਸੀਂ ਕੀ ਕਰਦੇ ਹਾਂ, ਇਉਂ ਦਬਕੇ ਮਾਰਕੇ, ਬਾਦਸ਼ਾਹ ਨੂੰ ਡਰਾਉਂਦੇ ਹਨ, ਛੁਰੀਆਂ ਕਟਾਰੀਆਂ ਲੈ ਕੇ ਲੁਕ ਬਹਿੰਦੇ ਹਨ।

ਮਾਰੈਂਗੇ ਸ਼ਾਹਿ ਛਾਤੀ ਕਹਿ ਝੋਕੈਂ॥ ਬਾਦਸ਼ਾਹ ਦੇ ਆਉਂਦਿਆਂ ਹੀ ਛਾਤੀ ਵਿਚ ਝੋਕ ਦਿਆਂਗੇ, ਅਸੀਂ ਛੱਡਦੇ ਹਾਂ ਉਸਨੂੰ, ਜਦੋਂ ਸਾਡੀ ਨਹੀਂ ਦਾਦ ਫਰਿਆਦ ਏਥੇ ਸੁਣੀਂਦੀ, ਫੇਰ ਸਾਡਾ ਕੀ ਲਗਦਾ ਹੈ ਬਾਦਸ਼ਾਹ ? ਇਉਂ ਵਿਰੋਧ ਕਰਦੇ ਹਨ।

ਹੋਗੁ ਨਿੰਦ ਤੁਧ ਮੱਕੇ ਤਾਈਂ॥ ਮੱਕੇ ਤੱਕ ਤੇਰੀ ਨਿੰਦਿਆ ਹੋ ਰਹੀ ਹੈ, ਮੱਕੇ ਤਾਈਂ ਦੂਰ ਲਾਹਨਤ ਮਿਲ ਰਹੀ ਹੈ ਤੈਨੂੰ, ਕੋਈ ਸ਼ਾਬਾਸ਼ੇ ਨਹੀਂ ਕਹਿ ਰਿਹਾ, ਭੜਕਾਉਂਦੇ ਹਨ।

ਸੁਫਾਤਿ ਭਰੁਗੁ ਤੈਂ ਪਿਕੰਬਰ ਨਾਹੀਂ॥੨੭॥ ਪੈਕੰਬਰ ਨੇ ਤੇ ਕੋਈ (ਸ਼ਫਾਤ) ਹਾਮੀ ਨਹੀਂ ਭਰਨੀ ਤੇਰੀ। ੨੭।

ਕੋਊ ਕਹੈ ਮੈਂ ਮੱਕਜੋਂ ਆਯਾ॥ ਕੋਈ ਇਹ ਕਹਿ ਰਿਹਾ ਹੈ ਕਿ ਮੈਂ ਹੁਣੇ ਹੁਣੇ ਹੀ ਮੱਕਿਓਂ ਤੁਰਿਆ ਆ ਰਿਹਾ ਹਾਂ, ਝੂਠ ਬੋਲਦੇ ਹਨ, ਝੂਠ ਬੋਲਣ ਦੇ ਬੜੇ ਮਾਹਰ ਹੁੰਦੇ ਹਨ ਇਹ।

ਜ਼ਿਕਰ ਕਾਬੇ ਮੋਂ ਮੈਂ ਸੁਨ ਪਾਯਾ॥ ਉੱਥੇ ਕਾਬੇ ਵਿੱਚ ਮੈਂ ਸੁਣੀ ਹੈ ਗੱਲ, ਪਾਤਸ਼ਾਹ ਹਿੰਦੂ ਬਣ ਗਿਆ ਹੈ, ਹਿੰਦੂਆਂ ਦੀ ਸਿਫਾਰਸ਼ ਕਰਦਾ ਹੈ, ਉਹਨਾਂ ਦੀ ਹੀ ਉਹ ਗੱਲ ਕਰਦਾ ਹੈ, ਤੇ ਮੁਸਲਮਾਨਾਂ ਦੀ ਤਾਂ ਸੁਣਦਾ ਹੀ ਕੋਈ ਨਹੀਂ ਹੈ ਮੈਂ ਹੁਣੇ ਹੁਣੇ ਸੁਣ ਕੇ ਆਇਆ ਹਾਂ।

ਹਿੰਦੂਅਨ ਸ਼ਾਹਿ ਬਹਾਦਰ ਭ੍ਰਮਾਯੋ॥ ਕਹਿੰਦੇ ਹਨ ਤੁਰਕ ਕਿ ਹਿੰਦੂਆਂ ਨੇ ਬਹਾਦਰ ਸ਼ਾਹ ਬਾਦਸ਼ਾਹ ਨੂੰ ਭਰਮਾ ਲਿਆ ਹੈ।

ਸ਼ਾਹੀ ਖਾਤ੍ਰ ਉਨ ਦੀਨ ਗੁਵਾਯੋ॥੨੮॥ ਬਾਦਸ਼ਾਹੀ ਦੀ ਖਾਤਰ ਆਪਣਾ ਦੀਨ ਗਵਾ ਲਿਆ ਹੈ ਉਸਨੇ, ਆਪਣਾ ਇਮਾਨ ਛੱਡ ਦਿੱਤਾ ਹੈ। ੨੮।

ਕਹੈ ਪਤਿਸ਼ਾਹੀ ਮੈਂ ਹਿੰਦੂਓਂ ਪਾਈ॥ ਇਹ ਆਮ ਪ੍ਰਚਾਰ ਕਰਦਾ ਹੈ ਕਿ ਬਾਦਸ਼ਾਹੀ ਤਾਂ ਮੈਂ ਹਿੰਦੂਆਂ ਤੋਂ ਪਾਈ ਸੀ, ਇਹਨਾਂ ਲੋਕਾਂ ਮੈਨੂੰ ਬਾਦਸ਼ਾਹੀ ਦਿੱਤੀ ਹੈ।

ਪਿਕੰਬਰ ਅਪਨੇ ਪਤਿ ਗਵਾਈ॥ ਆਪਣੇ ਪੈਗੰਬਰਾਂ ਦੀ ਪੱਤ ਗਵਾ ਦਿਤੀ ਹੈ, ਏਥੋਂ ਤੱਕ ਆਪਣੇ ਮਜ਼ਹਬ ਦੀ ਕਰਦੇ ਹਨ ਇਹ ਲੋਕ। ਕਹਿੰਦਾ ਮੈਨੂੰ ਪੈਗੰਬਰਾਂ ਨੇ ਨਹੀਂ ਦਿੱਤੀ ਹਕੂਮਤ, ਮੈਨੂੰ ਤਾਂ ਸਤਿਗੁਰਾਂ ਨੇ ਦਿੱਤੀ ਹੈ ਪਾਤਸ਼ਾਹੀ । ਇਉਂ ਇਸਨੇ ਤਾਂ ਦੀਨ ਨੂੰ ਬਹੁਤ ਹੀ ਨੀਵਾਂ ਦਿਖਾਇਆ ਹੈ।

ਇਉਂ ਕਹਿ ਕਹਿ ਕੈ ਸ਼ਾਹ ਭਰਮਾਯਾ॥ ਇਉਂ ਕਹਿ ਕਹਿ ਕੇ ਰੌਲਾ ਪਾ ਪਾ ਕੇ ਬਹਾਦਰ ਸ਼ਾਹ ਬਾਦਸ਼ਾਹ ਨੂੰ ਭਰਮਾਉਂਦੇ ਹਨ ਕਾਜ਼ੀ ਮੁਲਾਣੇ।

ਕਹਿ ਕਰ ਬਹੁ ਭਾਂਤੀ ਸਮਝਾਯਾ॥੨੯॥ ਇਉਂ ਡਰਾ ਧਮਕਾ ਕੇ ਤੇ ਵਿਚਾਰਾਂ ਨਾਲ ਗੱਲਾਂ ਕਰ ਕਰ ਕੇ ਸਮਝਾਉਂਦੇ ਹਨ। ੨੯।

(ਬਹਾਦਰ ਸ਼ਾਹ ਨੇ ਬੰਦੇ ਤੋਂ ਲਹੌਰ ਦਾ ਰਾਹ ਮੰਗਿਆ, ਤ੍ਰਾਵੜੀ ਜੰਗ)

ਦੋਹਰਾ॥ ਐਸੇ ਐਸੇ ਖਉਫ ਤੇ, ਮਿਹਣੇ ਦਏ ਅਨੇਕ॥ ਏਸ ਤਰ੍ਹਾਂ ਨਾਲੇ ਐਸੇ ਐਸੇ ਡਰ ਦਿੰਦੇ ਹਨ ਅਤੇ ਨਾਲ ਹੀ ਅਨੇਕਾਂ ਮਿਹਣੇ ਦਿੰਦੇ ਹਨ ਬਹਾਦਰ ਸ਼ਾਹ ਨੂੰ।

ਹਾਜੀ ਪੀਰ ਇਕਠੇ ਭਏ, ਕੁਰਾਨ ਸੁ ਹਾਥਨ ਟੇਕ॥੩੦॥ ਹਾਜੀ ਤੇ ਪੀਰ ਆਦਿਕ ਸਭ ਇਕੱਠੇ ਹੋ ਗਏ ਹਨ, ਹੱਥਾਂ ਵਿੱਚ ਕੁਰਾਨ ਦੀ (ਟੇਕ) ਓਟ ਲਈ ਹੋਈ ਹੈ। ਆਹ ਵੇਖ! ਸਾਡੇ ਵੱਲ ਵੇਖ ਮਜ਼ਹਬ ਧਰਮ ਤੇਰੇ ਨਾਲ ਹਾਂ ਅਸੀਂ, ਅਸੀਂ ਅੱਗੇ ਲੱਗਦੇ ਹਾਂ ਜੇ ਤੂੰ ਇਕੱਲਾ ਡਰਦਾ ਹੈ ਤਾਂ। ੩੦।

ਚੌਪਈ॥ ਪੀਰ ਕਹੈਂ ਹਮ ਜਿੰਮਾ ਕਰੈਂ॥ ਸਾਡੀ ਜਿੰਮੇਵਾਰੀ ਲੈ, ਅਸੀਂ ਜਿੰਮਾਂ ਲੈਂਦੇ ਹਾਂ, ਏਸ ਤਰ੍ਹਾਂ ਕਹਿੰਦੇ ਹਨ ਤੁਰਕਾਂ ਦੇ ਪੀਰ ਆਦਿਕ।

ਕਲਾਮ ਸੈਫੀ ਪੜ ਮੁਹਰੇ ਤੁਰੈਂ॥ ਅਸੀਂ ਮੂਹਰੇ ਤੁਰਾਂਗੇ ਕਲਾਮਾਂ ਸੈਫੀਆਂ ਪੜ੍ਹਾਂਗੇ, ਉਹਦੇ ਸਭ ਮੰਤਰ ਫੇਹਲ ਕਰ ਦਿਆਂਗੇ, ਇਹ ਤੂੰ ਸਾਡੇ ਜਿੰਮੇ ਰਹਿਣ ਦੇ ਸਾਰੀ ਗੱਲ।

ਮੁਹਰੈ ਤੁਰੈਂ ਲੈ ਕੁਰਾਨੈ ਹਾਥ॥ ਬਹੁਤ ਸਾਰੇ ਕੁਰਾਨ ਹੱਥ ਵਿੱਚ ਲੈ ਕੇ, ਅੱਗੇ ਲੱਗਾਂਗੇ ਸਾਰਿਆਂ ਦੇ।

ਆਉ ਪਿਛੈ ਤੂੰ ਫੌਜਨ ਸਾਥ॥੩੧॥ ਤੂੰ ਪਿਛੇ ਫੌਜਾਂ ਦੇ ਨਾਲ ਆ, ਅਸੀਂ ਲਗਦੇ ਹਾਂ ਮੂਹਰੇ। ੩੧।

ਤਬ ਕਿਛੁਕ ਸ਼ਾਹਿ ਨੇ ਮੰਨੀ ਬਾਤ॥ ਫੇਰ ਬਾਦਸ਼ਾਹ ਨੇ ਗੱਲ ਮੰਨੀ ਹੈ ਮਾੜੀ ਮੋਟੀ, ਚਲੋ ਜੇ ਤੁਸੀਂ ਮੇਰਾ ਸਾਥ ਦਿਉਗੇ ਤਾਂ ਮੈਂ ਚਲਦਾ ਹਾਂ ਤੁਹਾਡੇ ਨਾਲ।

ਕਹਯੋ ਤੁਰੋਂ ਮੈਂ ਅਗਰੇ ਤਾਕ॥ ਕਹਿਣ ਲੱਗਾ ਬਾਦਸ਼ਾਹ ਤੁਸੀਂ ਤੁਰੋ ਅੱਗੇ ਮੈਂ ਆਗਰੇ ਸ਼ਹਿਰ ਤੱਕ ਆਉਂਦਾ ਹਾਂ।

ਆਗੇ ਦੇਖ ਆਵੈਂ ਹਲਕਾਰੇ॥ ਮੈਂ ਹਲਕਾਰੇ ਅੱਗੇ ਭੇਜਦਾ ਹਾਂ, ਉਹ ਸਾਰਾ ਹੀ ਬੰਦੇ ਬਹਾਦਰ ਦਾ ਹਾਲ ਦੇਖ ਆਉਣਗੇ

ਕਿ ਉਹਦੇ ਵਿੱਚ ਕਿੰਨੀ ਕੁ ਸ਼ਕਤੀ ਹੈ, ਕੀ ਉਹ ਕਰਦਾ ਹੈ ? ਕਿਵੇਂ ਉੱਡ ਜਾਂਦਾ ਹੈ । ਸਾਰਾ ਮੈਂ ਉਹ ਜਾਇਜਾ ਲੈਂਦਾ ਹਾਂ, ਸਾਰੇ ਤੁਸੀਂ ਤੁਰੋ ਪੰਜਾਬ ਨੂੰ ਮੂੰਹ ਕਰਕੇ।

ਤੌ ਆਗੇ ਮੈਂ ਕਰੂੰਗੁ ਸਿਧਾਰੇ॥੩੨॥ ਤਾਂ ਮੈਂ ਅੱਗੇ ਜਾਵਾਂਗਾ । ਜਿੰਨਾਂ ਚਿਰ ਮੈਂ ਅੱਗੇ ਦਾ ਜਾਇਜਾ ਨਹੀਂ ਲੈਂਦਾ ਪੂਰਾ ਪਤਾ ਨਹੀ ਲੈ ਲੈਂਦਾ ਉਨਾਂ ਚਿਰ ਮੈਂ ਅੱਗੇ ਨਹੀਂ ਤੁਰਦਾ। ੩੨।

ਦੇਵਤ ਹੈ ਕੈ ਹੈ ਸੋ ਬੰਦਾ॥ ਕਿਉਂਕਿ ਲੋਕੀਂ ਗੱਲਾਂ ਕਰਦੇ ਨੇ ਬੰਦੇ ਬਹਾਦਰ ਦੀਆਂ, ਉਹਦਾ ਪ੍ਰਛਾਵਾਂ ਨਹੀਂ ਪੈਂਦਾ ਧਰਤੀ ਤੇ, ਪੈਰ ਨਹੀਂ ਲੱਭਦੀ , ਅੱਖਾਂ ਦੀ ਤੱਕਣੀ ਐਸੀ ਹੈ ਅੱਖਾਂ ਨਹੀਂ ਫਰਕਦਾ, ਬਹਾਦਰ ਸ਼ਾਹ ਕਹਿਣ ਲੱਗਾ ਮੈਂ ਹਲਕਾਰੇ ਭੇਜਦਾ ਹਾਂ, ਕਿ ਉਹ ਬੰਦਾ ਹੈ ਜਾਂ ਦੇਵਤਾ ਹੈ ਜਾਂ ਹੋਰ ਕੁਛ। ਇਸ ਸਾਰੀ ਗੱਲ ਦਾ ਮੈਨੂੰ ਪਤਾ ਲੈ ਲੈਣ ਦਿਉ।

ਦੇਖ ਸੁ ਆਵੈਂ ਤਾਕੇ ਫੰਧਾ॥ ਉਹਦੇ ਸਾਰੇ ਫੰਧੇ, ਸਾਰੇ ਢੰਗ ਤਰੀਕੇ ਵੇਖ ਕੇ ਆਉਣਗੇ।

ਪਾਸ ਮੁਵੱਕਲ ਹੈ ਕੇ ਨਾਹੀਂ॥ ਇਹ ਵੀ ਸੁਣਿਆ ਕਿ ਉਹਦੇ ਕੋਲ ਬੀਰ ਹਨ, ਬ੍ਰੀਰ ਤਾਂ ਧਰਤੀ ਪੁੱਠੀ ਕਰ ਦੇਣਗੇ, ਪਹਾੜ ਨੂੰ ਚੁੱਕ ਕੇ ਕਿਧਰੇ ਸੁੱਟ ਦੇਣਗੇ । ਕਹਿੰਦਾ ਇਹ ਦੇਖ ਲੈਣ ਦਿਉ ਕਿ ਉਹਦੇ ਕੋਲ (ਮੁਵੱਕਲ) ਬੀਰ ਹੈ ਵੀ ਹਨ ਕਿ ਨਹੀਂ।

ਕਰਾਮਾਤ ਸੱਚ ਹੈ ਕੇ ਨਾਂਹੀ॥੩੩॥ ਕਹਿੰਦੇ ਕਰਾਮਾਤ ਉਸਦੇ ਵਿੱਚ ਬੜੀ ਹੈ, ਇਹ ਵੀ ਸੱਚੀ ਗੱਲ ਹੈ ਕਿ ਕਰਾਮਾਤ ਹੈ ਕਿ ਨਹੀਂ ਉਸਦੇ ਵਿੱਚ। ੩੪।

ਕਹੈਂ ਉਸ ਪੈਰ ਚਿਹਨ ਨਹਿ ਧਰਨਾ॥ ਸੁਣਿਆ ਹੈ ਕਿ ਧਰਤੀ ਤੇ ਉਸਦੇ ਪੈਰ ਦਾ (ਚਿਹਨ) ਨਿਸ਼ਾਨ ਪੈਂਦਾ ਨਹੀਂ ਪੈਂਦਾ।

ਹੈ ਉਸ ਆਂਖ ਕੈ ਨਾਹਿ ਫਰਕਨਾ॥ ਇਹ ਵੀ ਵੇਖਣਾ ਹੈ ਕਿ ਉਸਦੀ ਅੱਖ ਫਰਕਦੀ ਹੈ ਕਿ ਨਹੀਂ ਫਰਕਦੀ ਆਖਦੇ ਨੇ ਸਿੱਧਾ ਹੀ ਝਾਕੀ ਜਾਂਦਾ ਅੱਖ ਵੀ ਨਹੀਂ ਫਰਕਦਾ ਸਾਨੂੰ ਇਹ ਵੇਖ ਲੈਣ ਦਿਉ।

ਜੌ ਦਿਸੈ ਉਸ ਤਨ ਪਰਛਾਂਵਾ॥ ਕਹਿੰਦਾ ਜੇ ਉਸਦੇ ਸਰੀਰ ਦਾ ਪ੍ਰਛਾਵਾਂ ਧਰਤੀ ਤੇ ਪੈਂਦਾ ਹੋਇਆ।

ਤੌ ਆਗੇ ਮੈਂ ਪਾਵਨ ਪਾਵਾ॥੩੪॥ ਸਾਰੀਆਂ ਗੱਲਾਂ ਦਾ ਨਿਰਨੇ ਕੀਤੇ ਬਿਨਾਂ ਮੈਂ ਅੱਗੇ ਪੈਰ ਨਹੀਂ ਪੁਟਾਂਗਾ। ੩੪।

ਦੋਹਰਾ॥ ਯੌਂ ਕਹਿ ਹਲਕਾਰੇ ਤੋਰਿ ਕੈ, ਮਗਰ ਤੁਰਿਓ ਸੋਊ ਆਪ॥ ਇਸ ਤਰ੍ਹਾਂ ਕਹਿਕੇ ਹਲਕਾਰਿਆਂ ਨੂੰ ਪਹਿਲਾਂ ਅੱਗੇ ਤੋਰ ਕੇ, ਉਹਨਾਂ ਤੋਂ ਮਗਰੋਂ ਆਪ ਤੁਰਿਆ ਹੈ।

ਆਗਰੇ ਡੇਰਾ ਆ ਕਰਾ, ਅਗਜੌਂ ਲਗੇ ਤਨ ਤਾਪ॥੩੫॥ ਹੁਣ ਉਥੋਂ ਤਾਂ ਤੁਰ ਆਇਆ ਦੱਖਣ ਵਿਚੋਂ, ਗਵਾਲੀਅਰ ਲੰਘ ਕੇ ਅੱਗੇ ਆਗਰਾ ਆ ਜਾਂਦਾ ਹੈ । ਆਗਰਾ ਮੁਗਲਾਂ ਦੀ ਰਾਜਧਾਨੀ ਸੀ, ਏਥੇ ਆ ਕੇ ਡੇਰਾ ਕਰ ਲਿਆ, ਅੱਗੇ ਹੁਣ ਮੂੰਹ ਨਹੀਂ ਕਰਦਾ, ਐਥੇ ਰਹਿ ਕੇ ਮੈਂ ਸਾਰਾ ਪਤਾ ਕਰੂੰ, ਆਗਰੇ ਤੋਂ ਅੱਗੇ ਤੁਰਨ ਨੂੰ ਸਰੀਰ ਨੂੰ ਤਾਪ ਚੜ੍ਹਦਾ ਹੈ। ੩੫।

ਚੌਪਈ॥ ਤੁਰੇ ਹਲਕਾਰੇ ਭੇਖ ਵਟਾਏ॥ ਹਲਕਾਰੇ ਭੇਖ ਵਟਾ ਕੇ ਤੁਰੇ ਹਨ, ਬਹੁ ਰੂਪੀਏ ਬਣ ਕੇ ਤੁਰੇ ਹਨ, ਇਉਂ ਜਾਂਦੇ ਹਨ ਪੰਜਾਬ ਨੂੰ।

ਹਿੰਦੂ ਹੁਤੇ ਥੇ ਚਾਕਰ ਸਾਏ॥ ਹਿੰਦੂ ਲੋਕ ਨੌਕਰੀਆਂ ਕਰਦੇ ਸਨ ਬਾਦਸ਼ਾਹ ਦੇ ਕੋਲ, ਉਹਨਾਂ ਦੀ ਡਿਊਟੀ ਲਾਈ ਕਿ ਤੁਸੀਂ ਜਾਓ, ਤੁਰਕਾਂ ਨੂੰ ਤਾਂ ਉਸਨੇ ਪਛਾਣ ਲੈਣਾ ਹੈ, ਹਿੰਦੂਆਂ ਨੂੰ ਕਿਹਾ ਕਿ ਤੁਸੀਂ ਪਤਾ ਕਰਕੇ ਆਉ, ਉਹ ਹਿੰਦੂ ਲੋਕ ਭੇਸ ਵਟਾ ਕੇ ਗਏ ਹਨ, ਬੰਦੇ ਬਹਾਦਰ ਪਾਸ।

ਡਰਤ ਡਰਤ ਤੇ ਪਹੁੰਚੇ ਜਾਇ॥ ਬੰਦੇ ਬਹਾਦਰ ਦੇ ਕੋਲ ਪਹੁੰਚ ਗਏ ਡਰਦੇ ਡਰਦੇ।

ਦੇਖਜੋ ਉਨ ਬਹੁ ਧਜਾਨ ਲਗਾਇ॥੩੬॥ ਬੜੀ ਨੀਝ ਲਾ ਕੇ, ਧਿਆਨ ਲਾ ਕੇ ਵੇਖਿਆ ਉਹਨਾਂ ਨੇ ਬੰਦੇ

ਬਹਾਦਰ ਨੂੰ। ੩੬।

ਧਰਨ ਚਿਹਨ ਤਿਨ ਲਾਗਤ ਦੇਖਾ॥ ਉਹਨਾਂ ਨੇ ਦੇਖਿਆ ਕਿ ਧਰਤੀ ਤੇ ਓਹਦੇ ਪੈਰ ਦੀ (ਚਿਹਨ) ਪੈੜ, ਪੈਰ ਦਾ ਨਿਸ਼ਾਨ, ਵੀ ਲਗਦਾ ਹੈ।

ਧਰਤ ਪ੍ਰਛਾਵਾਂ ਭੂ ਪਰ ਪੇਖਾ॥ ਧਰਤੀ ਉਤੇ ਪ੍ਰਛਾਵਾਂ ਪੈਂਦਾ ਬੰਦੇ ਬਹਾਦਰ ਦਾ ਉਹਨਾਂ ਆਪ ਚੰਗੀ ਤਰ੍ਹਾਂ ਦੇਖਿਆ ਹੈ ਅੱਖੀਂ, ਹਾਂ ਠੀਕ ਹੈ।

ਆਂਖ ਫੁਰਤ ਬਹੁ ਗੁੱਸੇ ਮਾਂਹਿ॥ ਤੇ ਇਹ ਵੀ ਉਹਨਾਂ ਨੇ ਦੇਖਿਆ ਹੈ ਕਿ ਜਦੋਂ ਗੁੱਸਾ ਚੜ੍ਹਦਾ ਹੈ ਉਸਨੂੰ ਤਾਂ ਅੱਖਾਂ ਫਿਰਦੀਆਂ ਹਨ, ਅੰਗ ਫੁਰਕਦੇ ਨੇ ਸਰੀਰ ਦੇ ਭਾਵ ਉਹਨਾਂ ਨੇ ਬੰਦੇ ਬਹਾਦਰ ਦੇ ਪੂਰੇ ਸਰੀਰ ਦਾ ਜਾਇਜਾ ਲਿਆ ਹੈ।

ਆਹਿ ਮਨੁਖ ਸੋ ਦੇਵਤ ਨਾਂਹਿ॥੩੭॥ ਹਲਕਾਰੇ ਇਹ ਤਸੱਲੀ ਕਰਕੇ ਆਏ ਹਨ ਸਾਰੇ ਕਿ ਹੈ ਤਾਂ ਮਨੁੱਖ ਹੀ, ਦੇਵਤਾ ਨਹੀਂ ਹੈ ਉਹ, ਸਾਰਾ ਜਾਇਜਾ ਲੈ ਕੇ ਆਏ। ੩੭।

ਕਰਾਮਾਤ ਦੇਖੀ ਅਵਰ ਘਨੀ॥ ਹੋਰ ਵੀ (ਘਨੀ) ਬਹੁਤੀ (ਕਰਾਮਾਤ) ਆਤਮਕ ਸ਼ਕਤੀ ਦੇਖੀ ਹੈ ਉਹਨਾਂ ਹਲਕਾਰਿਆਂ ਨੇ ਬੰਦੇ ਬਹਾਦਰ ਦੀ। ਕਿ ਕਰਾਮਾਤ ਵਿੱਚ ਪੂਰਾ ਹੈ ਜਿਹੜੀ ਗੱਲ ਕਰਨੀ ਚਾਹੁੰਦਾ ਹੈ ਉਹੋ ਹੀ ਕਰ ਵਿਖਾਉਂਦਾ ਹੈ ਜਿਹੜੀ ਕੋਈ ਕਿਸੇ ਦੀ ਇੱਛਾ ਹੁੰਦੀ ਹੈ ਉਦੋਂ ਹੀ ਦੱਸ ਦਿੰਦਾ ਹੈ।

ਮਾਤਬਰਨ ਤੇ ਭੀ ਉਨ ਸੁਨੀ॥ ਜਿਹੜੇ ਮੋਹਤਬਰ ਲੋਕ ਸਨ, ਸਿਆਣੇ ਹਾਕਮ ਠਾਕਰ ਸਨ, ਉਹਨਾਂ ਤੋਂ ਵੀ ਸਾਰੀ ਕਹਾਣੀ ਸੁਣੀ ਬੰਦੇ ਬਹਾਦਰ ਦੀ।

ਸੋ ਹਲਕਾਰਨ ਆ ਕੈ ਕਹੀ॥ ਉਹ ਸਾਰੀ ਗੱਲ ਜੋ ਕੁਛ ਉਨ੍ਹਾਂ ਨੇ ਆਪਣੀਆਂ ਅੱਖਾਂ ਨਾਲ ਦੇਖੀ ਅਤੇ ਕੰਨਾਂ ਨਾਲ ਸੁਣਿਆ ਹੈ ਬੰਦੇ ਬਹਾਦਰ ਬਾਰੇ ਹਲਕਾਰਿਆਂ ਨੇ ਬਾਦਸ਼ਾਹ ਬਹਾਦਰ ਸ਼ਾਹ ਨੂੰ ਦੱਸੀ ਹੈ। ਕਿ ਬਾਦਸ਼ਾਹ! ਪੈੜ ਵੀ ਉਸਦੀ ਲੱਗਦੀ ਹੈ, ਪ੍ਰਛਾਵਾਂ ਵੀ ਉਸਦਾ ਧਰਤੀ ਤੇ ਪੈਂਦਾ ਹੈ, ਅੱਖਾਂ ਵੀ ਝਮਕਦਾ ਹੈ, ਇਹ ਗੱਲ ਕੋਈ ਨਹੀਂ ਇਹ ਅਸੀਂ ਨਿਰਨਾ ਕਰ ਲਿਆ ਹੈ ਕਿ ਉਹ ਦੇਵਤਾ ਨਹੀਂ ਹੈ, ਹੈ ਮਨੁੱਖ ਹੀ ਪਰ ਕਰਾਮਾਤ ਵਿੱਚ ਪੂਰਾ ਹੈ।

ਬਹਾਦਰ ਸ਼ਾਹ ਸੋ ਮਾਨੀ ਸਹੀ॥੩੮॥ ਬਾਦਸ਼ਾਹ ਬਹਾਦਰ ਸ਼ਾਹ ਨੇ ਪ੍ਰਵਾਣ ਕਰ ਲਈ ਠੀਕ ਹੈ, ਹੁਣ ਅੱਖੀਂ ਵੇਖ ਕੇ ਆਏ ਹਨ। ੩੮।

ਦੋਹਰਾ॥ ਫਿਰ ਫਰਯਾਦ ਪੰਜਾਬੀਅਨ ਕਰੀ, ਤੌ ਸ਼ਹਿ ਉੱਦਮ ਕੀਨ॥ ਹੁਣ ਜਦੋਂ ਇਹਨਾਂ ਸਾਰੀਆਂ ਗੱਲਾਂ ਦਾ ਜਾਇਜਾ ਲੈ ਲਿਆ ਗਿਆ ਹੈ ਤਾਂ ਫੇਰ ਪੰਜਾਬੀ ਤੁਰਕ ਆਏ ਹਨ ਫਰਿਆਦ ਕਰਨ, ਚਲੋ ਬਾਦਸ਼ਾਹ ਨੇ ਮੰਨ ਲਈ ਗੱਲ ਉਹਨਾਂ ਦੀ ਕਿ ਚਲੋ ਮੈਂ ਚਲਦਾ ਹਾਂ, ਕਰਦਾ ਹਾਂ ਮੈਂ ਹੁਕਮ, ਚਲਣ ਦਾ ਉੱਦਮ ਕੀਤਾ।

ਬਾਹਰ ਡੇਰਾ ਕਾਢਿ ਕੈ, ਫਿਰ ਦਾਖਲ ਕਰ ਲੀਨ॥੩੯॥ ਬਾਹਰ ਕੱਢੋ ਡੇਰਾ ਸਭ ਤੋਪਖਾਨੇ, ਸਭ ਸਿਪਾਹੀ, ਸਭ ਹਥਿਆਰ ਬਾਹਰ ਕੱਢੋ, ਤਿਆਰੀ ਕਰੋ, ਇੱਕ ਵਾਰ ਤਾਂ ਹੌਂਸਲਾ ਕਰਕੇ ਕੱਢ ਲਿਆ ਸਾਮਾਨ ਸਾਰਾ ਕਿਲ੍ਹੇ ਵਿਚੋਂ, ਫੇਰ ਕਹਿਣ ਲੱਗੇ ਨਹੀਂ ਅਜੇ ਨਹੀਂ, ਚਲੋ ਪਿਛਾਂਹ ਸਭ ਕਿਲ੍ਹਿਆਂ ਦੇ ਵਿੱਚ ਦਾਖਲ ਕਰ ਲਿਆ ਸਾਮਾਨ। ੩੯।

ਚੌਪਈ॥ ਜਬ ਫਰਜਾਦ ਸੀ ਲੋਕਨ ਕਰੀ॥ ਜਦੋਂ ਲੋਕਾਂ ਨੇ ਇਕੱਠਿਆਂ ਹੋਕੇ ਫਰਿਆਦ ਕੀਤੀ ਸੀ।

ਸ਼ਾਹਿ ਤਜਾਰੀ ਥੀ ਤੌ ਲੌ ਕਰੀ॥ ਉਦੋਂ ਤੱਕ ਤਿਆਰੀ ਕਰ ਲਈ ਸੀ ਬਾਦਸ਼ਾਹ ਨੇ।

ਮੁਹਰੇ ਕੁਰਾਨ ਕਰੇ ਕਈ ਹਜ਼ਾਰ॥ ਇਹਨੇ ਮੁਲਾਣਿਆਂ ਨੂੰ ਕਿਹਾ ਕਿ ਮੂਹਰੇ ਲੱਗੋ, ਜੇ ਬੰਦਾ ਆ ਕੇ ਪਵੇ ਤਾਂ ਇਹਨਾਂ ਤੇ ਪਵੇ ਮੈਂ ਬਚ ਜਾਵਾਂ। ਕਈ ਹਜ਼ਾਰ ਤਾਂ ਕੁਰਾਨ ਲੈ ਕੇ ਅੱਗੇ ਖੜੇ ਹਨ।

ਝੰਡਾ ਹੈਦਰੀ ਤੋਰਿਓ ਨਾਰ॥੪੦॥ ਅਤੇ ਨਾਲ ਹੀ ਉਹਨਾਂ ਦੇ ਹੈਦਰੀ ਝੰਡਾ ਹਰੇ ਰੰਗ ਦਾ, ਹੈਦਰਅਲੀ ਜੋ ਇਹਨਾਂ ਦਾ

ਪੈਗੰਬਰ ਹੋਇਆ ਹੈ ਉਸਦਾ ਝੰਡਾ, ਉਹ ਮੂਹਰੇ ਲਾ ਲਿਆ ਹੈ ਇਨ੍ਹਾਂ ਨੇ। ੪੦।

ਫਕੀਰ ਮੁਲਾਣੇ ਮੁਹਰੇ ਤੋਰੇ॥ ਮੁਲਾਣੇ ਤੇ ਫਕੀਰ ਲੋਕ ਉਹ ਮੂਹਰੇ ਘੱਲੇ ਨੇ ਹੈਦਰੀ ਝੰਡੇ ਦੇ ਨਾਲ।

ਪੜ੍ਹ ਪੜ੍ਹ ਸੈਫੀ ਕਲਾਮਨ ਹੋਰੇ॥ ਉਹ ਆਪਣੀਆਂ ਕਲਾਮਾਂ ਪੜ੍ਹ ਪੜ੍ਹ ਕੇ ਮੰਤ੍ਰ ਫੂਕ ਕੇ ਫੂਕ ਸੁੱਟਦੇ ਹਨ।

ਤੌ ਭੀ ਸ਼ਾਹਿ ਮਨ ਚਿੰਤਾ ਧਰੈ॥ ਬਹਾਦਰ ਸ਼ਾਹ ਤਾਂ ਵੀ ਡਰੀ ਜਾਂਦਾ ਹੈ, ਉਹ ਆਖਦਾ ਕੋਈ ਪਤਾ ਨਹੀਂ ਉਹ ਕਿੱਡੀ ਕੂ ਬਲਾ ਹੈ, ਕਰਾਮਾਤ ਉਸਦੇ ਵਿਚ ਬੜੀ ਹੈ, ਅਜੇ ਵੀ ਬਾਦਸ਼ਾਹ ਨੇ ਮਨ ਵਿੱਚ ਚਿੰਤਾ ਕੀਤੀ ਹੋਈ ਹੈ।

ਨਹਿੰ ਪ੍ਰਤਿਆਵੈ ਥਰ ਥਰ ਕਰੈ॥੪੧॥ ਉਸਨੂੰ ਪ੍ਰਤਿਆਵਾ ਵੀ ਦਿਤਾ ਹੈ, ਪਰ ਫੇਰ ਵੀ ਯਕੀਨ ਨਹੀਂ ਕਰਦਾ ਹੈ, ਥਰ ਥਰ ਕੰਬਦਾ ਹੈ ਬੰਦਾ ਸਿੰਘ ਦੇ ਨਾਮ ਤੋਂ। ੪੧।

ਤਬਹਿ ਸ਼ਾਹ ਮਨ ਐਸ ਬਿਚਾਰੀ॥ ਤਦੋਂ ਬਾਦਸ਼ਾਹ ਨੇ ਆਪਣੇ ਮਨ ਵਿੱਚ ਏਸ ਤਰ੍ਹਾਂ ਵਿਚਾਰ ਕੀਤੀ ਹੈ।

ਬੰਦੇ ਸੌਂ ਨਹਿੰ ਬਨੈ ਬਿਗਾਰੀ॥ ਕਿ ਬੰਦੇ ਬਹਾਦਰ ਨਾਲ ਵਿਗਾੜ ਕਰਨਾ ਠੀਕ ਨਹੀਂ ਹੈ, ਠੀਕ ਹੈ ਆ ਹੀ ਗਏ ਹਾਂ, ਪਰ ਉਹਦੀ ਸਲਾਹ ਨਾਲ ਗੱਲ ਕਰੀਏ ਕੋਈ, ਬੰਦੇ ਨਾਲ ਵਿਗਾੜ ਨਾ ਪਾਈਏ, ਜੇ ਵਿਗੜੇ ਤਾਂ ਕਰਾਮਾਤ ਦਾ ਧਨੀ ਹੈ, ਕੀ ਪਤਾ ਕੀ ਕਰ ਦਏ ਏਥੇ, ਸਾਨੂੰ ਏਥੇ ਘਰ ਬੈਠਿਆਂ ਹੀ ਮਾਰ ਦੇਵੇ, ਜਾਂ ਸਾਡੇ ਕੋਲ ਆ ਜਾਏ ਏਥੇ, ਫੇਰ ਕੀ ਕਰਾਂਗੇ।

ਬੰਦਾ ਉਸ ਗੁਰ ਕੌ ਹੈ ਦਾਸ॥ ਕਿਉਂਕਿ ਬੰਦਾ ਬਹਾਦਰ ਉਸੇ ਸਤਿਗੁਰੂ ਦਾ ਸੇਵਕ ਹੈ।

ਮੁਹਿ ਪਤਿਸ਼ਾਹੀ ਦੀਨੀ ਜਾਸ॥੪੨॥ ਜਿਨ੍ਹਾਂ ਸਤਿਗੁਰਾਂ ਨੇ ਮੈਨੂੰ ਪਾਤਸ਼ਾਹੀ ਬਖਸ਼ੀ ਹੈ, ਇਹ ਗੱਲ ਤਾਂ ਚੇਤੇ ਰੱਖਦਾ ਹੈ ਬਹਾਦਰ ਸ਼ਾਹ, ਇਹ ਗੱਲ ਨਹੀਂ ਭੁੱਲਿਆ, ਸਤਿਗੁਰਾਂ ਦੀਆਂ ਕਲਾ ਉਸਨੇ ਵੇਖੀਆਂ ਹੋਈਆਂ ਹਨ। ੪੨।

ਕਰਾਮਾਤ ਮੇਂ ਹੈ ਅਤਿ ਭਾਰੇ॥ ਸਤਿਗੁਰਾਂ ਦੀ ਕਰਾਮਾਤ ਦਾ ਤਾਂ ਅੰਤ ਹੀ ਕੋਈ ਨਹੀਂ, ਪਰ ਬੰਦਾ ਬਹਾਦਰ ਵੀ ਕਰਾਮਾਤ ਵਿਚ ਭਰਪੂਰ ਹੈ, ਇਹਨੂੰ ਬੜੀ ਬਖਸ਼ਿਸ਼ ਕੀਤੀ ਹੈ ਗੁਰੂ ਨੇ।

ਕਜਾ ਜਾਣ ਵਹਿ ਕਜਾ ਕਰ ਡਾਰੇ॥ ਕੀ ਪਤਾ ਕੀ ਕਰ ਦੇਵੇ ਉਹ, ਕਿਸ ਤਰ੍ਹਾਂ ਸਾਡੇ ਨਾਲ ਵਰਤੇ।

ਹਕ ਤਾਲਾ ਜੁ ਮੁਵੱਕਲ ਘਲਾਵੈ॥ ਕੁਦਰਤ ਨਾਲ ਜੇ ਖ਼ੁਦਾ ਦਾ ਹੁਕਮ ਹੀ ਏਸ ਤਰ੍ਹਾਂ ਦਾ ਹੋ ਗਿਆ, ਜੇ ਉਹਨੇ ਕੋਈ ਬੀਰ ਘੱਲ ਦਿੱਤਾ ਮੇਰੇ ਵੱਲ, ਫੇਰ ਕੀ ਬਣੇਗਾ।

ਪਾਸ ਪਿਕੰਬਰ ਥੇ ਜੌ ਆਵੈ॥ ਜਿਹੜੇ ਬੀਰ ਬੰਦੇ ਬਹਾਦਰ ਦੇ ਹੁਕਮ ਵਿਚ ਹਨ, ਉਹ ਸਾਡੇ ਪੈਗੰਬਰਾਂ ਦੇ ਪਾਸ ਆਉਂਦੇ ਸਨ।

ਸੋਊ ਇਨ ਪੈ ਆਵਤ ਕਹੈਂ॥ ਉਹ ਬੀਰ ਇਸਦੇ ਪਾਸ ਵੀ ਆਉਂਦੇ ਹਨ ਏਸ ਤਰ੍ਹਾਂ ਕਹਿੰਦੇ ਹਨ।

ਮਤਿ ਮੋਕੌ ਵਹਿ ਮਾਰ ਗਵਹੈਂ॥੪੩॥ ਕੀ ਪਤਾ ਕਿਸੇ ਬੀਰ ਨੂੰ ਹੁਕਮ ਲਾ ਕੇ ਮੈਨੂੰ ਮਾਰ ਮੁਕਾਉਣ।

ਦੋਹਰਾ॥ ਸੋ ਬੰਦੇ ਕੇ ਖੌਫ ਤੇ, ਮੁੜ ਵੜਜੌ ਆਗਰੇ ਜਾਇ॥ ਬਹਾਦਰ ਸ਼ਾਹ ਤਿਆਰੀ ਕਰ ਕੇ ਨਿਕਲ ਕੇ ਕਿਲ੍ਹੇ ਵਿਚੋਂ ਬੰਦੇ ਦੇ ਭੈ ਤੋਂ ਡਰ ਕੇ ਫੇਰ ਆਗਰੇ ਦੇ ਕਿਲ੍ਹੇ ਵਿਚ ਜਾ ਵੜਿਆ ਹੈ।

ਮਨ ਹੀ ਮੈਂ ਚਿੰਤਾ ਕਰੈ, ਭੇਦ ਨ ਕਿਸੈ ਬਤਾਇ॥੪੪॥ ਹੁਣ ਕਿਸੇ ਨਾਲ ਗੱਲ ਨਹੀਂ ਕਰਦਾ, ਜੇ ਕੋਈ ਆਉਂਦਾ ਕਹਿੰਦਾ ਇਹਨੂੰ ਬਾਹਰ ਹੀ ਲੈ ਜਾਉ ਟਾਲ ਕੇ। ਉਹ ਮਨ ਵਿਚ ਚਿੰਤਾ ਹੈ ਮਤ ਕੋਈ ਮੇਰੇ ਨਾਲ ਕੋਈ ਐਹੋ ਜਿਹੀ ਗੱਲ ਹੋ ਜਾਵੇ, ਮੈਂ ਇਹਨਾਂ ਦੇ ਮਗਰ ਲੱਗ ਕੇ ਤੁਰ ਪਿਆ ਹਾਂ ਇਸ ਤਰ੍ਹਾਂ ਆਪਣੇ ਮਨ ਦੀ ਗੱਲ ਵੀ ਕਿਸੇ ਨੂੰ ਨਹੀਂ ਦਸਦਾ। ੪੪।

ਤੌ ਸ਼ਾਹਿ ਮਨਹਿ ਬਿਚਾਰਿਆ, ਹਮ ਭੇਜੈਂ ਬੰਦੇ ਪੈ ਲਿੱਖ॥ ਬਹਾਦਰ ਸ਼ਾਹ ਨੇ ਇਉਂ ਮਨ ਵਿਚ ਵਿਚਾਰ ਕੀਤੀ ਹੈ ਕਿ ਮੈਂ ਕਿਉਂ ਨਾ ਬੰਦੇ ਬਹਾਦਰ ਪਾਸ ਚਿੱਠੀ ਲਿਖ ਕੇ ਭੇਜ ਕੇ ਦੇਖਾਂ।

ਹਮ ਤੁਹਿ ਮਿਲਨੇ ਆਇ ਹੈਂ, ਹਮ ਤੁਮ ਇਕ ਗੁਰ ਸਿੱਖ॥੪੫॥ ਇਉਂ ਪਤ੍ਰਕਾ ਲਿਖੀ ਹੈ ਕਿ ਸਾਹਿਬ ਜੀ ਮੈਂ ਤੁਹਾਡੇ ਨਾਲ ਲੜਨ ਨਹੀਂ ਆਇਆ ਹਾਂ, ਮੈਂ ਤਾਂ ਸਿਰਫ ਤੁਹਾਨੂੰ ਮਿਲਣ ਵਾਸਤੇ ਆਇਆ ਹਾਂ, ਕਿਉਂਕਿ ਉਸੇ ਗੁਰੂ ਦੇ ਤੁਸੀਂ ਸਿੱਖ ਹੋ ਉਸੇ ਗੁਰੂ ਦਾ ਮੈਂ ਸਿਖ ਹਾਂ। ੪੫।

ਚੌਪਈ॥ ਯੌਂ ਲਿਖ ਸ਼ਾਹੇ ਸਿੱਖ ਘਲਾਯਾ॥ ਬਹਾਦਰ ਸ਼ਾਹ ਨੇ ਪੱਤ੍ਰਕਾ ਵਿੱਚ ਐਸੇ ਲਿਖ ਕੇ ਇੱਕ ਸਿੱਖ ਨੂੰ ਬੰਦੇ ਬਹਾਦਰ ਕੋਲ ਭੇਜਿਆ ਹੈ।

ਭਲਾ ਕੀਆ ਤੈਂ ਬਜੀਰਾ ਘਾਯਾ॥ ਕਹਿੰਦਾ ਇਹ ਤਾਂ ਤੁਸੀਂ ਬਹੁਤ ਭਲਾ ਕੀਤਾ ਹੈ, ਸਤਿਗੁਰਾਂ ਮੇਰੀ ਡਿਊਟੀ ਲਾਈ ਸੀ, ਵਜ਼ੀਰ ਖਾਂ ਨੂੰ ਮਾਰਨ ਦੀ, ਪਰ ਤੂੰ ਜਿਹੜਾ ਮਾਰ ਲਿਆ ਹੈ ਇਹ ਚੰਗਾ ਹੀ ਹੋਇਆ ਹੈ, ਇਹ ਕੋਈ ਮਾੜੀ ਗੱਲ ਨਹੀਂ ਹੋਈ।

ਔਰ ਪਹਾੜੀਏ ਜੋ ਤੈਂ ਮਾਰੇ॥ ਅਤੇ ਜੋ ਤੁਸੀਂ ਪਹਾੜੀਏ ਮਾਰੇ ਹਨ।

ਹੁਤੇ ਦੁਸ਼ਟ ਵੈ ਸਤਿਗੁਰ ਭਾਰੇ॥੪੬॥ ਇਹ ਸ੍ਰੀਗੁਰਾਂ ਦੇ ਬੜੇ ਦੋਖੀ ਸਨ, ਇਹਨਾਂ ਨੇ ਹੀ ਦੁਸ਼ਟਪੁਣਾ ਕੀਤਾ ਸੀ, ਸਾਰੀ ਅੱਗ ਇਹਨਾਂ ਨੇ ਹੀ ਲਾਈ ਹੋਈ ਸੀ। ੪੬।

ਚਾਹਿਤ ਥੋ ਮੈਂ ਇਨ ਕੋ ਮਾਰੇ॥ ਬਹਾਦਰ ਸ਼ਾਹ ਨੇ ਚਿੱਠੀ ਵਿੱਚ ਲਿਖਿਆ ਹੈ ਕਿ ਮੈਂ ਵੀ ਇਹਨਾਂ ਨੂੰ ਮਾਰਨ ਦੀ ਦਲੀਲ ਬਣਾਈ ਸੀ, ਸਤਿਗੁਰਾਂ ਦੇ ਨਾਲ ਵਾਅਦਾ ਵੀ ਕੀਤਾ ਸੀ ਕਿ ਮੈਂ ਮਾਰਾਂਗਾ ਇਹਨਾਂ ਨੂੰ ਮੈਂ ਚਾਹੁੰਦਾ ਸੀ ਕਿ ਮੈਂ ਇਹਨਾਂ ਨੂੰ ਮਾਰਾਂਗਾ, ਪਰ ਤੁਸੀਂ ਜੋ ਮੇਰੇ ਆਉਣ ਤੋਂ ਪਹਿਲਾਂ ਹੀ ਮਾਰ ਲਿਆ ਇਹਨਾਂ ਨੂੰ ਇਹ ਬਹੁਤ ਸੋਹਣਾ ਕੰਮ ਹੋਇਆ ਹੈ।

ਭਲਾ ਕੀਯਾ ਤੈਂ ਆਪ ਸੰਭਾਰੇ॥ ਚੰਗਾ ਕੀਤਾ ਹੈ ਤੁਸੀਂ ਜੋ ਆਪ ਹੀ ਇਹਨਾਂ ਨੂੰ ਸੰਭਾਲ ਲਿਆ ਹੈ, ਇਹਨਾਂ ਨੂੰ ਤੁਸੀਂ ਆਪ ਹੀ ਦੰਡ ਦੇ ਦਿੱਤਾ ਹੈ।

ਹਮ ਤੌ ਦਾਸ ਗੁਰੂ ਕੇ ਆਹੀਂ॥ ਅਸੀਂ ਤਾਂ ਗੁਰੂ ਸਾਹਿਬ ਜੀ ਦੇ ਸੇਵਕ ਹਾਂ, ਸਾਡੇ ਵੱਲੋਂ ਤਾਂ ਕੋਈ ਗੱਲ ਹੀ ਨਹੀਂ ਹੋਈ।

ਉਨ ਕੀ ਕ੍ਰਿਪਾ ਤੇ ਹਮ ਪਤਿਸ਼ਾਹੀ॥੪੭॥ ਉਹਨਾਂ ਦੀ ਮੇਰੇ ਤੇ ਕ੍ਰਿਪਾ ਹੋਈ ਹੈ, ਮਿਹਰ ਭਰਿਆ ਹੱਥ ਮੇਰੇ ਸਿਰ ਤੇ ਰੱਖਿਆ ਹੈ, ਤਾਂ ਮੈਨੂੰ ਹਿੰਦੋਸਤਾਨ ਦੀ ਪਾਤਸ਼ਾਹੀ ਮਿਲੀ ਹੈ, ਨਹੀਂ ਮੈਨੂੰ ਪਾਤਸ਼ਾਹੀ ਕੌਣ ਲੈਣ ਦਿੰਦਾ ਸੀ ? ਮੈਨੂੰ ਕੌਣ ਪਾਤਸ਼ਾਹ ਬਣਨ ਦਿੰਦਾ ਸੀ ? ੪੭।

ਦੋਹਰਾ॥ ਤੁਰਬਤ ਹਮਰੇ ਬਡਨ ਕੀ, ਆਹਿ ਲਹੌਰ ਕੇ ਮਾਂਹਿ॥ (ਤੁਰਬਤ) ਖਾਨਗਾਹ, ਜਿਥੇ ਤੁਰਕਾਂ ਦੇ ਖਾਨਦਾਨ ਦੀਆਂ ਕਬਰਾਂ ਹੁੰਦੀਆਂ ਹਨ, ਜਿਥੇ ਇਹਨਾਂ ਦੇ ਵੱਡੇ ਵਡੇਰਿਆਂ ਨੂੰ ਸਪੁਰਦੇ ਏ ਖਾਕ ਕੀਤਾ ਹੁੰਦਾ ਹੈ, ਬਹਾਦਰ ਸ਼ਾਹ ਬਾਦਸ਼ਾਹ ਬੰਦੇ ਬਹਾਦਰ ਨੂੰ ਲਿਖਦਾ ਹੈ ਕਿ ਜੋ ਸਾਡੇ ਵੱਡੇ ਵਡੇਰਿਆਂ ਦੀਆਂ ਖਾਨਗਾਹਾਂ ਹਨ ਇਥੇ ਲਹੌਰ ਵਿਚ।

ਤਿਨ ਕੀ ਜ਼ਾਰਤ ਕਰਨ ਕੌ, ਹਮ ਅਬ ਊਹਾਂ ਆਂਹਿ॥੪੮॥ ਉਹਨਾਂ ਦੀ (ਜ਼ਾਰਤ) ਯਾਤਰਾ ਕਰਨ ਵਾਸਤੇ, ਮੱਥਾ ਟੇਕਣ ਵਾਸਤੇ ਲਹੌਰ ਜਾਣਾ ਚਾਹੁੰਦਾ ਹਾਂ, ਹੋਰ ਮੇਰਾ ਕੋਈ ਕੰਮ ਨਹੀਂ ਓਥੇ। ੪੮।

ਚੌਪਈ॥ ਕਹੌ ਤੌ ਤੁਮ ਪੈ ਪਹਿਲੇ ਆਵੈਂ॥ ਜੇ ਤੁਸੀਂ ਹੁਕਮ ਕਰੋ ਤਾਂ ਮੈਂ ਤੁਹਾਨੂੰ ਪਹਿਲਾਂ ਆ ਮਿਲਾਂ, ਜਿਥੇ ਤੁਸੀਂ ਆਖੋ ਓਥੇ ਆ ਮਿਲਾਂ।

ਕਹੌ ਤੌ ਹਟਿ ਤੁਮ ਦਰਸ਼ਨ ਪਾਵੈਂ॥ ਜੇ ਕਹੋ ਤਾਂ ਮੈਂ ਪਹਿਲਾਂ ਜਾਰਤ ਕਰ ਆਵਾਂ, ਫੇਰ ਮੈਂ ਮੁੜਦਾ ਹੋਇਆ ਤੁਹਾਡੇ ਦਰਸ਼ਨ ਕਰਾਂਗਾ ਆ ਕੇ।

ਸਿਰਹੰਦ ਰਾਹਿ ਹਮ ਜਾਯਾ ਲੌਰੈਂ॥ ਸਰਹੰਦ ਵਾਲੇ ਰਸਤੇ ਮੈਂ ਲਹੌਰ ਨੂੰ ਲੰਘਣਾ ਚਾਹੁੰਦਾ ਹਾਂ।

ਦਿਹੋ ਰਾਹ ਤੁਮ ਲਾਕ ਲਹੌਰੈਂ॥੪੯॥ ਦਿੱਲੀ ਤੋਂ ਜੋ ਲਹੌਰ ਨੂੰ ਰਾਹ ਜਾਂਦਾ ਹੈ ਇਹ ਮੈਨੂੰ ਦੇ ਦਿਉ ਲੰਘਣ ਵਾਸਤੇ, ਇਸ ਰਸਤੇ ਮੈਂ ਆਪਣੀ ਫੌਜ ਦੇ ਨਾਲ ਜਾਣਾ ਹੈ। ੪੯।

ਮੁਲਕ ਪੰਜਾਬ ਹਮ ਆਧਾ ਦੇਹੁ॥ ਤਕਰੀਬਨ ਅੱਧਾ ਪੰਜਾਬ ਦਾ ਮੁਲਕ ਮੈਨੂੰ ਛੱਡ ਦਿਉ, ਨਾਲ ਫੌਜਾਂ ਲਸ਼ਕਰ ਹੁੰਦੇ ਨੇ, ਦੂਰ ਤਾਈਂ ਆਉਣਾ ਸਾਰਿਆਂ ਨੇ ਮਿਲਣ ਗਿਲਣ, ਇਸ ਕਰਕੇ ਵੱਡਾ ਲਸ਼ਕਰ ਹੁੰਦਾ ਹੈ, ਅੱਧਾ ਪੰਜਾਬ ਖਾਲੀ ਕਰਵਾ ਦਿਉ ਮੈਨੂੰ ਸਿੰਘਾਂ ਤੋਂ, ਅੱਧਾ ਤੁਸੀਂ ਰੱਖ ਲਉ, ਅੱਧੇ ਪੰਜਾਬ ਵਿੱਚ ਦੀ ਮੈਂ ਲੰਘ ਜਾਵਾਂਗਾ।

ਪਰਬਤ ਸਭੀ ਆਪ ਰਖ ਲੇਹੁ॥ ਪਹਾੜ ਸਾਰੇ ਤੁਸੀਂ ਪੱਕੇ ਹੀ ਰੱਖ ਲਵੋ । ਪਹਾੜਾਂ ਦਾ ਰਾਜ, ਹੁਸ਼ਿਆਰਪੁਰ ਜਲੰਧਰ ਵਗੈਰਾ ਇਹ ਤੁਹਾਨੂੰ ਛੱਡਿਆ, ਸਿਰਫ ਮੈਨੂੰ ਆਹ ਸੜਕ ਲੰਘ ਜਾਣ ਦਿਉ।

ਹਮ ਕੋ ਸੱਦੋ ਤੋ ਮਿਲਨੇ ਆਵੈਂ॥ ਜੇ ਤੁਸੀਂ ਮੈਨੂੰ ਬੁਲਾਓ ਤਾਂ ਮੈਂ ਤੁਹਾਨੂੰ ਮਿਲਣ ਵਾਸਤੇ ਆਵਾਂ।

ਨਹੀਂ ਤੋ ਲਾਂਭੇ ਲਾਂਭੇ ਜਾਵੈਂ॥੫੦॥ ਨਹੀਂ ਤਾਂ ਮੈਂ ਲਾਂਭੇ ਲਾਂਭੇ ਦੀ ਲੰਘ ਜਾਵਾਂਗਾ, ਪਾਸੇ ਪਾਸੇ ਦੀ ਟਲ ਜਾਵਾਂਗਾ। ੫੦।

ਹਮ ਕੋ ਰਾਹਿ ਲਹੌਰੈ ਦੱਯੈ॥ ਸਾਨੂੰ ਲਹੌਰ ਜਾਣ ਵਾਸਤੇ ਰਸਤਾ ਦੇ ਦਿਉ, ਲਹੌਰ ਜਾਣਾ ਅਸੀਂ ਯਾਤਰਾ ਕਰਨ।

ਸਿਰਹੰਦ ਮਧ ਕਰ ਰਾਹਿ ਪਹੁੰਚਯੈ॥ ਸਰਹੰਦ ਨੂੰ (ਮਧ) ਵਿਚਕਾਰ ਰਖਕੇ, ਸਰਹੰਦ ਦੇ ਰਸਤੇ ਲੰਘਾਂਗਾ।

ਯੌਂ ਕਹਿ ਸ਼ਾਹ ਦਿਯੋ ਸਿਖ ਘੱਲ॥ ਇਉਂ ਬਾਦਸ਼ਾਹ ਨੇ ਲਿਖਾ ਕੇ ਪੱਤ੍ਰਕਾ ਇੱਕ ਸਿੱਖ ਦੇ ਹੱਥ ਭੇਜੀ ਹੈ।

ਹਾਥ ਜੋੜ ਸਿੰਘ ਜਾ ਕਹੀ ਗੱਲ॥੫੧॥ ਇਹ ਸਿੰਘ ਜੋ ਬਹਾਦਰ ਸ਼ਾਹ ਬਾਦਸ਼ਾਹ ਨੇ ਬੰਦੇ ਬਹਾਦਰ ਕੋਲ ਭੇਜਿਆ ਹੈ, ਉਸਨੇ ਬੰਦੇ ਬਹਾਦਰ ਨੂੰ ਸਾਰੀ ਵਾਰਤਾ ਕਹੀ ਹੈ। ੫੧।

ਆਗੈ ਬੰਦੋ ਥੋ ਜਾਨੀ ਜਾਨ॥ ਬੰਦਾ ਬਹਾਦਰ ਤਾਂ ਪਹਿਲਾਂ ਹੀ ਓਹਦੇ ਮਨ ਦੀਆਂ ਗੱਲਾਂ ਨੂੰ ਜਾਣਦਾ ਸੀ।

ਸਭੇ ਬਾਤ ਉਨ ਲਈ ਪਛਾਨ॥ ਉਹਨੇ ਜੋ ਵੀ ਕੋਈ ਵਿਚਲੀ ਗੱਲ ਬਾਤ ਸੀ, ਉਹ ਸਾਰੀ ਬੁੱਝ ਲਈ ਹੈ।

ਬਹਾਦ੍ਰ ਮਿਲਨੋ ਪੱਜ ਬਣਾਵੈ॥ ਸਾਨੂੰ ਮਿਲਣ ਦਾ ਤਾਂ ਬਹਾਦਰ ਸ਼ਾਹ (ਪੱਜ) ਬਹਾਨਾ ਬਣਾਉਂਦਾ ਹੈ, ਤੇ ਚਾਹੁੰਦਾ ਹੈ ਕਿ ਇਹ ਮੈਨੂੰ ਰਾਜ ਦੇ ਦਿਉ ਵਾਪਸ, ਵਿਚੋਂ ਤਾਂ ਮਨ ਵਿਚ ਇਉਂ ਹੈ।

ਹਮ ਤੇ ਡਰਦੋ ਲਹੌਰ ਨ ਆਵੈ॥੫੨॥ ਸਾਡੇ ਤੋਂ ਡਰਦਾ ਮਾਰਿਆ ਆਪ ਬਾਦਸ਼ਾਹ ਲਹੌਰ ਨਹੀਂ ਵੜਦਾ ਹੈ। ੫੨।

ਦੋਹਰਾ॥ ਬੰਦੇ ਮਿਲ ਤਬ ਯੌਂ ਠਟੀ, ਅਬ ਯਾ ਕੋ ਦਈਐ ਜਾਨ॥ ਬੰਦੇ ਬਹਾਦਰ ਨੇ ਆਪਣੇ ਮਨ ਵਿਚ ਇਉਂ ਠਾਣ ਲਈ ਕਿ ਇਸ ਨੂੰ ਲੰਘ ਜਾਣ ਦੇਈਏ, ਲਹੌਰ ਚਲਿਆ ਜਾਵੇ ਬੇਸ਼ਕ।

ਫੇਰ ਸੁ ਇਸ ਕੋ ਮਾਰਿ ਹੈਂ, ਜੁ ਹੁਇ ਹੈ ਪਿਸ਼ੇਮਾਨ॥੫੩॥ ਜੇ ਕਦੇ ਉਹ ਮੇਰੇ ਨਾਲ ਬੇਈਮਾਨੀ ਕਰੇਗਾ ਤਾਂ ਘੇਰ ਕੇ ਮਾਰਾਂਗਾ ਇਹਨੂੰ । ਇਉਂ ਹੈਰਾਨ ਪਰੇਸ਼ਾਨ ਕਰ ਦਿਆਂਗਾ ਇਸਨੂੰ ਭਾਵ ਐਸਾ ਇਸਨੂੰ ਰੋਲਾਂਗਾ, ਯਾਦ ਪਿਆ ਕਰੇਗਾ। ੫੩।

ਚੌਪਈ॥ ਬੰਦੈ ਕਹੀ ਅਬ ਲਈ ਹਮ ਮਾਨ॥ ਬੰਦੇ ਬਹਾਦਰ ਵਾਪਸ ਚਿੱਠੀ ਦਾ ਜੁਆਬ ਦੇ ਦਿੱਤਾ ਕਿ ਤੇਰੀ ਸ਼ਰਤ ਅਸੀਂ ਮੰਨ ਲਈ ਹੈ ਠੀਕ ਹੈ ਲੰਘ ਜਾ ਬੇਸ਼ਕ।

ਸਾਬਤ ਰਹੈ ਨ ਤੁਮਰੋ ਇਮਾਨ॥ ਯਾਦ ਰੱਖ ਲੈ, ਤੇਰਾ ਇਮਾਨ ਸਾਬਤ ਨਹੀਂ ਰਹਿਣਾ, ਤੂੰ ਕਾਇਮ ਨਹੀਂ ਰਹਿਣਾ ਆਪਣੀ ਗੱਲ ਦੇ ਉੱਤੇ।

ਝੂਠੋ ਕਰ ਫਿਰ ਤੁਮ ਤੇ ਲੇਂਹ॥ ਤੈਨੂੰ ਝੂਠਾ ਕਰ ਕੇ ਤੈਥੋਂ ਸਾਰੇ ਬਦਲੇ ਲਵਾਂਗਾ।

ਗੁਰਸਿਖ ਕਹੇ ਹਮ ਤੁਮ ਰਾਹੁ ਦੇਂਹ॥੫੪॥ ਤੂੰ ਇਹ ਕਿਹਾ ਹੈ ਕਿ ਮੈਂ ਗੁਰੂ ਕਾ ਸਿੱਖ ਹਾਂ, ਇਸ ਨਾਮ ਤੇ ਤੈਨੂੰ ਮੈਂ ਗੁਰੂ ਕਾ ਸਿਖ ਕਰਕੇ ਰਾਹ ਦੇ ਦਿੰਦਾ ਹਾਂ, ਲੰਘ ਜਾ ਮਨ ਨੂੰ ਸਥਿਰ ਰੱਖੀਂ ਡੋਲ ਨਾ ਜਾਈਂ ਕਿਤੇ। ੫੪।

ਉਨ ਸਿੱਖ ਮੁੜ ਆਇ ਸ਼ਾਹ ਸੋਂ ਕਹੀ॥ ਉਸ ਸਿਖ ਨੇ ਬੰਦੇ ਬਹਾਦਰ ਦੇ ਪਾਸੋਂ ਮੁੜ ਕੇ ਆ ਕੇ ਬਾਦਸ਼ਾਹ ਬਹਾਦਰ

ਸ਼ਾਹ ਨੂੰ ਆ ਕੇ ਸਾਰੀ ਗੱਲ ਦੱਸੀ।

ਸ਼ਾਹਿ ਸੁਨਤ ਕੁਛ ਚਿੰਤਨ ਕਹੀ॥ ਬਾਦਸ਼ਾਹ ਨੇ ਸੁਣ ਕੇ ਕੁਛ ਉਸਦੀ ਚਿੰਤਾ ਘਟੀ ਮਨ ਨੂੰ ਤਸੱਲੀ ਹੋ ਗਈ ਹੈ, ਕਿ ਹੁਣ ਮੈਨੂੰ ਕੁਛ ਨਹੀਂ ਕਹਿੰਦਾ।

ਸੁਨ ਤੁਰਕਨ ਮਨ ਵਧਾਈ ਭਈ॥ ਇਹ ਗੱਲ ਸੁਣ ਕੇ ਬੰਦੇ ਬਹਾਦਰ ਦੀ ਕਿ ਰਾਹ ਦਿੱਤਾ, ਜਾਉ ਲੰਘ ਜਾਉ, ਤੁਰਕਾਂ ਦੇ ਮਨ ਵਿਚ ਵਧਾਈਆਂ ਹੋ ਗਈਆਂ, ਖੁਸ਼ੀਆਂ ਹੋ ਗਈਆਂ ਹਨ।

ਕਿਛ ਕਿਛ ਜੀਵਣ ਆਸਾ ਠਈ॥੫੫॥ ਇਸ ਕਰਕੇ ਕੁਛ ਜਿਉਣ ਦੀ ਆਸ ਹੋਈ, ਨਹੀਂ ਤਾਂ ਉਹਨਾਂ ਨੂੰ ਪਤਾ ਸੀ ਕਿ ਸਾਨੂੰ ਕਿਸੇ ਨੂੰ ਛੱਡਣਾ ਹੀ ਨਹੀਂ ਜਿਉਂਦਾ ਏਸਨੇ, ਖਤਮ ਹੀ ਕਰ ਦੇਣਾ ਹੈ, ਇਉਂ ਕੁਛ ਜਾਨ ਬਚਣ ਦੀ ਆਸ ਹੋ ਗਈ। ੫੫।

ਦੋਹਰਾ॥ ਪਹਾੜ ਤਲੀ ਬੰਦੈ ਰਖੀ, ਔਰ ਦਈ ਪੰਜਾਬ ਸੁ ਛੱਡ॥ ਪਹਾੜ ਤੋਂ ਥੱਲੇ ਜਿਵੇਂ ਅਨੰਦਪੁਰ ਸਾਹਿਬ ਸਾਰਾ ਪੱਧਰਾ ਇਲਾਕਾ ਹੈ ਹੁਸ਼ਿਆਰ ਪੁਰ ਜਲੰਧਰ ਤੱਕ ਦਾ ਸਾਰਾ ਇਲਾਕਾ, ਗੁਰਦਾਸਪੁਰ ਆਦਿਕ ਇਹ ਤਾਂ ਰੱਖ ਲਿਆ ਆਪ ਦੇ ਕੋਲ । ਸਰਹੰਦ ਤੱਕ ਇਹ ਰਾਹ ਵੇਹਲਾ ਛੱਡ ਦਿੱਤਾ ਹੈ।

ਬੰਦਾ ਚੜ੍ਹਜੋ ਪਹਾੜ ਕੌ, ਕਿਲ੍ਹੇ ਨੀਹਲ ਚ੍ਹੈ ਗੱਡ॥੫੬॥ ਆਪ ਬੰਦਾ ਬਹਾਦਰ ਪਹਾੜ ਨੂੰ ਚੜ੍ਹ ਗਿਆ ਹੈ। ਨੀਹਲ ਦੇ ਵਿੱਚ ਕਿਲ੍ਹੇ ਕਾਇਮ ਕਰ ਕੇ ਓਥੇ ਫੌਜ ਨੂੰ ਛੱਡ ਗਿਆ ਹੈ ਤਿੰਨ ਕਿਲ੍ਹਿਆਂ ਤੇ ਝੰਡੇ ਗੱਡ ਕੇ। ੫੬।

ਚੌਪਈ॥ ਸਿਢੌਰੇ ਢਿਗ ਇਕ ਗੜ੍ਹੀ ਬਨਾਈ॥ ਸਢੌਰੇ ਦੇ ਕੋਲ ਜਿਥੇ ਕਪਾਲ ਮੋਚਨ ਹੈ, ਇਕ (ਗੜ੍ਹੀ) ਕਿਲ੍ਹਾ ਬਣਾਇਆ ਹੈ।

ਲੋਹਿ ਗੜ੍ਹੀ ਉਸ ਨਾਮ ਸਦਾਈ॥ ਉਸ ਕਿਲ੍ਹੇ ਦਾ ਨਾਮ ਲੋਹਗੜ੍ਹ ਰੱਖਿਆ ਹੈ, ਇਥੇ ਬੰਦੇ ਬਹਾਦਰ ਨੇ ਕਿਲ੍ਹਾ ਬਣਾਇਆ ਹੈ।

ਦੁਈ ਦੁਆਬੇ ਢਿਗ ਜੌ ਦੂਣ॥ ਅਤੇ ਦੂਸਰਾ ਦੁਆਬੇ ਦੇ ਕੋਲ ਜੋ ਪਹਾੜਾਂ ਦੀ ਦੂਣ ਵਜਦੀ ਹੈ ਅਗਲੇ ਪਾਸੇ ਜਿਹੜੀਆਂ ਪਹਾੜੀਆਂ ਹਨ ਇਹਨੂੰ ਦੂਣ ਕਹਿੰਦੇ ਨੇ।

ਸਿਰ ਜਸਵਾਲਨ ਕਹਿਲੂਰਨ ਥੂਣ॥੫੭॥ ਜਸਵਾਲੀਏ ਜੋ ਹਨ ਇਹਨਾਂ ਦੇ ਸਿਰ ਦੇ ਉੱਤੇ, ਸਾਰੀ ਫੌਜ ਖੜ੍ਹੀ ਕਰ ਦਿੱਤੀ ਬਈ ਇਹਨਾਂ ਰਾਜਿਆਂ ਨੂੰ ਡਰ ਰਹੇ ਕਿ ਫੌਜ ਸਾਡੇ ਸਿਰ ਤੇ ਖੜ੍ਹੀ ਹੈ। ੫੭।

ਜੰਮੂ ਢਿਗ ਥੋ ਪਠਾਣ ਸੁ ਕੋਟਿ॥ ਜੰਮੂ ਦੇ ਕੋਲ ਪਠਾਣ ਕੋਟ ਅਤੇ ਸੁਜਾਨਪੁਰ ਦਾ ਜੋ ਇਲਾਕਾ ਹੈ।

ਸਿੰਘ ਸੁ ਵੜ ਰਹੇ ਕਰ ਕਰ ਜੋਟ॥ ਇਥੇ ਪਠਾਣ ਕੋਟ ਤੱਕ ਕਿਲ੍ਹੇ ਬਣਾਏ ਹੋਏ ਸਨ ਆਪਸ ਵਿੱਚ ਉਹਨਾਂ ਦਾ ਸੰਪਰਕ ਜੋੜ ਕੇ, ਇੱਕ ਦੂਜੇ ਦੀ ਸਹਾਇਤਾ ਵਾਸਤੇ, ਜਦੋਂ ਮਰਜ਼ੀ ਸੈਨਾ ਆ ਜਾ ਸਕਦੀ ਹੈ। ਬੰਦੇ ਬਹਾਦਰ ਨੇ ਇਹਨਾਂ ਕਿਲ੍ਹਿਆਂ ਵਿੱਚ ਆਪਣੀ ਫੌਜ ਜਮ੍ਹਾਂ ਕਰ ਕੇ ਖਾਲਸੇ ਨੂੰ ਤਿਆਰ ਬਰ ਤਿਆਰ ਰਹਿਣ ਦਾ ਹੁਕਮ ਦੇ ਦਿੱਤਾ ਹੈ।

ਸੁਨਜੋ ਪਹਾੜ ਜਬ ਬੰਦਾ ਵੜਾ॥ ਜਦੋਂ ਬਹਾਦਰ ਸ਼ਾਹ ਨੇ ਇਹ ਸੁਣਿਆ ਕਿ ਬੰਦਾ ਬਹਾਦਰ ਸਿੰਘਾਂ ਦੀ ਫੌਜ ਸਮੇਤ ਪਹਾੜੀਂ ਜਾ ਚੜ੍ਹਿਆ ਹੈ।

ਸ਼ਾਹ ਬਹਾਦਰ ਅਗਜੋਂ ਚੜ੍ਹਾ॥੫੮॥ ਫੇਰ ਬਹਾਦਰ ਸ਼ਾਹ ਆਗਰੇ ਤੋਂ ਅੱਗੇ ਤੁਰਿਆ ਹੈ, ਪੰਜਾਬ ਵੱਲ ਨੂੰ ਮੂੰਹ ਕੀਤਾ ਹੈ ਉਸਨੇ। ੫੮।

ਸ਼ਾਹਿ ਅਗਾਰੀ ਤੋਰੀ ਫੌਜ॥ ਬਹਾਦਰ ਸ਼ਾਹ ਨੇ ਸਾਰੀ ਫੌਜ ਅੱਗੇ ਤੋਰੀ ਹੈ, ਜਾਉ ਤੁਸੀਂ ਅੱਗੇ ਰਸਤਾ ਬਣਾਉਂਦੇ ਜਾਉ ਪਿਛੇ ਵੀ ਮੈਂ ਹੋਰ ਸੈਨਾ ਲੈ ਕੇ ਆਉਂਦਾ ਹਾਂ।

ਦੇਖਨ ਬੰਦੈ ਦਿਲ ਕੀ ਮੌਜ॥ ਕਿ ਮਤਾਂ ਕਿਤੇ ਬੰਦੇ ਬਹਾਦਰ ਦੇ ਦਿਲ ਵਿੱਚ ਕੋਈ ਹੋਰ ਗੱਲ ਹੋਵੇ, ਸਾਨੂੰ ਭੇਤ ਨਾ ਹੋਵੇ

ਜਾਂ ਲੜਾਈ ਕਰਦਾ ਹੋਵੇ । ਦਿਲ ਕੀ ਮੌਜ, ਦਿਲ ਦਾ ਥਾਹ ਲੈਣ ਵਾਸਤੇ ਬੰਦੇ ਬਹਾਦਰ ਦਾ, ਆਪ ਬਾਦਸ਼ਾਹ ਪਿਛੇ ਹਟ ਕੇ ਰਿਹਾ ਹੈ, ਅੱਗੇ ਫੌਜ ਨੂੰ ਤੋਰ ਦਿੱਤਾ ਹੈ, ਕਿ ਜੇ ਫੌਜ ਨਾਲ ਕੋਈ ਛੇੜ ਛਾੜ ਹੋਇਆ ਤਾਂ ਸਮਝਾਂਗੇ ਕਿ ਲੜਾਈ ਚਾਹੁੰਦਾ ਹੈ।

ਕਿਸ ਤਰ੍ਹਾਂ ਹੈ ਉਸ ਕੀ ਮਰਜ਼ੀ॥ ਉਸਦੀ (ਮਰਜੀ) ਦਿਲ ਦਾ ਇਰਾਦਾ ਕਿਸ ਤਰ੍ਹਾਂ ਹੈ, ਇਸ ਤਰ੍ਹਾਂ ਬਹਾਦਰ ਸ਼ਾਹ ਨੇ ਸੋਚ ਕੇ।

ਦੇਖਨ ਹੇਤ ਸ਼ਾਹ ਕੀ ਗਰਜ਼ੀ॥੫੯॥ ਸ਼ਾਹ ਦੀ ਕੀ ਗਰਜ਼ ਹੈ ਕੀ ਇੱਛਾ ਹੈ ਇਹ ਦੇਖਨ ਵਾਸਤੇ। ੫੯।

ਦੋਹਰਾ॥ ਪਾਣੀਪਤਿ ਲੌ ਪ੍ਰਿਥਮ ਹੀ, ਗਜੋ ਬੰਦਾ ਝੰਡੇ ਗੱਡ॥ ਪਿਛੇ ਆਪਾਂ ਸ੍ਰਵਣ ਕੀਤੀ ਹੈ ਕਥਾ ਕਿ ਬੰਦੇ ਬਹਾਦਰ ਨੇ ਪਾਨੀਪਤ ਝੰਡੇ ਗੱਡ ਦਿੱਤੇ ਸਨ ਕਿ ਇਸਤੋਂ ਅੱਗੇ ਤੁਰਕਾਂ ਦੀ ਫੌਜ ਨਹੀਂ ਲੰਘੇਗੀ । ਜੇ ਫੌਜ ਆਵੇ ਤਾਂ ਉਸਨੂੰ ਅੱਗ ਲੱਗ ਜਾਂਦੀ ਸੀ, ਉਹ ਡਰਦੇ ਪਿਛੇ ਨੂੰ ਫੇਰ ਭੱਜ ਜਾਂਦੇ ਸਨ । ਝੰਡੇ ਗੱਡ ਕੇ ਦਿੱਲੀ ਦਾ ਰਸਤਾ ਰੋਕ ਦਿਤਾ ਸੀ।

ਤੁਰਕ ਨ ਊਹਾਂ ਢੁਕ ਸਕੇਂ, ਕਹਜੋ ਬੰਦੈ ਆਓ ਪੱਟ॥੬੦॥ ਤੁਰਕ ਓਨ੍ਹਾਂ ਝੰਡਿਆਂ ਦੇ ਨੇੜੇ ਨਹੀਂ ਢੁੱਕ ਸਕਦੇ ਸਨ, ਹੁਣ ਬੰਦੇ ਬਹਾਦਰ ਨੇ ਆਪ ਹੀ ਕਹਿ ਦਿੱਤਾ ਹੈ ਕਿ ਉਹ ਝੰਡੇ ਪੁੱਟ ਦਿਉ ਜਿਹੜੇ ਝੰਡੇ ਮੈਂ ਗੱਡ ਕੇ ਆਇਆ ਹਾਂ ਉਹਨਾਂ ਨੂੰ ਹਟਾ ਦਿਉ। ੬੦।

ਚੌਪਈ॥ ਸੋ ਨਿਸ਼ਾਨ ਕਹਿ ਬੰਦੈ ਗਿਰਾਏ॥ ਬੰਦੇ ਬਹਾਦਰ ਨੇ ਆਪ ਹੀ ਕਹਿ ਕੇ ਸਿੰਘਾਂ ਨੂੰ ਉਹ ਨਿਸ਼ਾਨ ਗਿਰਾ ਦਿੱਤੇ।

ਤੁਰਕ ਪਾਣੀਪਤ ਤੌਂ ਲੰਘ ਆਏ॥ ਤੁਰਕ ਦਿੱਲੀ ਤੋਂ ਤੁਰ ਕੇ ਪਾਣੀਪਤ ਲੰਘ ਆਏ ਹਨ।

ਆਇ ਕ੍ਰਨਾਲ ਕੀਏ ਉਨ ਡੇਰੇ॥ ਤੁਰਕ ਫੌਜਾਂ ਨੇ ਕਰਨਾਲ ਆਕੇ ਡੇਰੇ ਲਾ ਦਿੱਤੇ ਹਨ।

ਤ੍ਰਾਵੜੀ ਹੁਤੇ ਸਿੰਘ ਸੋ ਘੇਰੇ॥੬੧॥ ਜੋ ਤ੍ਰਾਵੜੀ ਸ਼ਹਿਰ ਹੈ ਏਥੇ ਵੀ ਕਿਲ੍ਹਾ ਬਣਾਇਆ ਹੋਇਆ ਹੈ ਸਿੰਘਾਂ ਦਾ ਏਥੇ ਕਰੋੜਾ ਸਿੰਘ ਜਥੇਦਾਰ ਸ਼ਹੀਦ ਹੋਇਆ ਹੈ, ਇਥੇ ਕਿਲ੍ਹੇ ਵਿੱਚ ਸਿੰਘਾਂ ਨੇ ਛਾਉਣੀ ਪਾਈ ਹੋਈ ਸੀ, ਤ੍ਰਾਵੜੀ ਦੇ ਕਿਲ੍ਹੇ ਵਿੱਚ ਆ ਸਿੰਘਾਂ ਨੂੰ ਘੇਰਾ ਪਾਇਆ ਹੈ ਤੁਰਕਾਂ ਨੇ।

ਦੋਹਰਾ॥ ਸਿੰਘਨ ਠਾਣੋਂ ਥੋ ਹੁਤੋ, ਤ੍ਰਾਵੜੀ ਮੱਧ ਸਰਾਇ॥ ਜਿਥੇ ਅੱਜ ਕੱਲ ਸਰਾਂ ਬਣੀ ਹੋਈ ਹੈ, ਏਥੇ ਸਿੰਘਾਂ ਦਾ ਠਾਣਾ ਬਣਿਆ ਹੋਇਆ ਸੀ।

ਤੁਰਕਨ ਘੇਰੇ ਆਇ ਜਬ, ਲਰ ਭਿਰ ਗਏ ਪਰਾਇ॥੬੨॥ ਤੁਰਕਾਂ ਨੇ ਜਦੋਂ ਸਿੰਘਾਂ ਨੂੰ ਆ ਕੇ ਘੇਰਾ ਪਾਇਆ ਸਿੰਘ ਲੜ ਭਿੜ ਕੇ ਤੁਰਕਾਂ ਨੂੰ ਮਰਦੇ ਮਾਰਦੇ ਹੋਏ ਅੱਗੇ ਪੰਜਾਬ ਨੂੰ ਨਿਕਲ ਗਏ ਹਨ ਕਿਲ੍ਹਾ ਛਡ ਕੇ। ੬੨।

ਚੌਪਈ॥ ਮਗਰੇ ਫੌਜ ਤ੍ਰਾਵੜੀ ਜੁ ਆਈ॥ ਜਦੋਂ ਸਿੰਘਾਂ ਦਾ ਪਿੱਛਾ ਕਰਦੀ ਹੋਈ ਤੁਰਕ ਫੌਜ ਆਈ ਹੈ ਤ੍ਰਾਵੜੀ ਤੋਂ।

ਤਿਨ ਸ੍ਰਹਿੰਦ ਆ ਕਰੀ ਲੜਾਈ॥ ਉਨ੍ਹਾਂ ਨੇ ਸਰਹੰਦ ਆ ਕੇ ਲੜਾਈ ਛੇੜ ਦਿੱਤੀ ਹੈ।

ਬੰਦੇ ਮਦਤ ਕਰੀ ਉਨ ਨਾਹਿ॥ ਬੰਦੇ ਬਹਾਦਰ ਨੇ ਉਨ੍ਹਾਂ ਸਿੰਘਾਂ ਦੀ ਕੋਈ ਮਦਦ ਨਾ ਕਰੀ, ਆਪ ਚੜ੍ਹ ਗਿਆ ਪਹਾੜਾਂ ਦੀ ਸੈਰ ਨੂੰ।

ਉਡੀਕ ਬੰਦੈ ਕੌ ਛਡ ਗਏ ਵਾਹਿ॥੬੩॥ ਜਦੋਂ ਬੰਦੇ ਬਹਾਦਰ ਨੇ ਸਿੰਘਾਂ ਦੀ ਕੋਈ ਮਦਦ ਨਾ ਕੀਤੀ , ਤਾਂ ਬਾਜ ਸਿੰਘ ਨੇ ਸਰਹੰਦ ਵਿਚੋਂ ਬੰਦੇ ਨੂੰ ਉਡੀਕ ਕੇ, ਕਿ ਤੁਰਕ ਸੈਨਾ ਆ ਗਈ ਹੈ, ਸਿੰਘ ਇਥੋਂ ਕੂਚ ਕਰ ਗਏ, ਸਰਹੰਦ ਖਾਲੀ ਛਡ ਕੇ ਤੁਰ ਗਏ ਹਨ। ੬੩।

ਬਰਸ ਤੀਨਕ ਥੀ ਸ੍ਰਹਿੰਦ ਉਗਰਾਹੀ॥ ਤਿੰਨ ਕੁ ਵਰ੍ਹੇ ਬਾਜ ਸਿੰਘ ਨੇ ਸੂਬੇਦਾਰੀ ਕੀਤੀ ਸੀ ਸਰਹੰਦ ਦੀ, ਮਾਮਲਾ ਉਗਰਾਹਿਆ ਸੀ।

ਇਸ ਬਿਧ ਸਿੰਘਨ ਤੇ ਸੁ ਛੁਡਾਈ॥ ਇਸ ਤਰ੍ਹਾਂ ਸਿੰਘਾਂ ਤੋਂ ਫੇਰ ਸਰਹੰਦ ਛੁਡਾ ਲਈ ਹੈ।

ਲੋਹ ਗੜ੍ਹੀ ਜਾਇ ਆਕੀ ਕਈ॥ ਸਰਹੰਦ ਛੱਡ ਕੇ ਸਿੰਘਾਂ ਦੀ ਫੌਜ ਸਮੇਤ ਬਾਜ ਸਿੰਘ ਲੋਹਗੜ੍ਹੀ ਵਿਚ ਜਾ ਵੜਿਆ ਹੈ ਜਿਹੜੀ ਕਪਾਲ ਮੋਚਨ ਦੇ ਕੋਲ ਹੈ ਉਸ ਗੜ੍ਹੀ ਨੂੰ ਜਾ ਆਕੀ ਕੀਤਾ ਹੈ।

ਫੌਜ ਸ੍ਰਹਿੰਦ ਵੜ ਅਗਜੋਂ ਠਈ॥੬੪॥ ਫੌਜ ਸਰਹੰਦ ਵਿਚ ਵੜ ਕੇ ਫੇਰ ਅੱਗੇ ਨੂੰ ਹੋ ਤੁਰੀ ਹੈ। ੬੪।

ਪ੍ਰਸੰਗ ਫੌਜਦਾਰਨ ਕੇ ਨਾਮ ਦੱਸਨ ਕੋ

(ਬਹਾਦਰ ਸ਼ਾਹ ਲਹੌਰ ਹੋ ਕੇ ਗਿਆ, ਉਸ ਦੇ ਪੁੱਤ੍ਰਾਂ ਦੀ ਗੜਬੜ)

ਦੋਹਰਾ॥ ਤਿੰਨ ਸਰਦਾਰ ਪਤਸ਼ਾਹਿ ਥੇ, ਕਸੂਰੀ ਕੀਏ ਮੁਹਿਰੈਲ॥ ਇਥੋਂ ਦੇ ਤਿੰਨ (ਸਰਦਾਰ) ਫੌਜਦਾਰ ਸਨ ਕਸੂਰ ਦੇ ਰਹਿਣ ਵਾਲੇ ਬੜੇ ਤਕੜੇ ਪਠਾਣ ਸਨ, ਇਹਨਾਂ ਨੂੰ (ਮੁਹਿਰੈਲ) ਅੱਗੇ ਲਾਇਆ ਹੈ, ਚੰਗੇ ਫੌਜ ਦੇ ਦਸਤੇ ਦੇ ਕੇ ਅੱਗੇ ਲਾਇਆ ਹੈ।

ਸ਼ੰਮਸ ਖਾਨ, ਜਾਲੀ ਦੀਅਨ, ਬਜੀਦੈ ਖਾਂ ਫੌਜ ਗੈਲ॥੧॥ ਸ਼ੰਮਸ ਖਾਨ, ਜਾਲੀ ਦੀਨ ਅਤੇ ਬਜੀਦ ਖਾਂ ਦੇ ਪਿਛੇ ਬਹੁਤ ਸਾਰੀ ਸ਼ਾਹੀ ਫੌਜ ਸੀ। ੧।

ਚੌਪਈ॥ ਤ੍ਰਾਵੜੀ ਕੇ ਭੀ ਹੁਤੇ ਫੁਜਦਾਰ॥ ਜਿਹੜੇ ਤ੍ਰਾਵੜੀ ਦੇ ਵੀ ਫੌਜਦਾਰ ਸਨ।

ਸਿੰਘਨ ਲੁਟ ਕਰ ਕੀਏ ਖੁਵਾਰ॥ ਜਿਨ੍ਹਾਂ ਨੂੰ ਲੁੱਟ ਕੇ ਖੁਆਰ ਕੀਤਾ ਸੀ ਸਿੰਘਾਂ ਨੇ।

ਖਾਨ ਮਹਾਵਤ, ਫਰਜੁਲ ਖਾਨ॥ ਮਹਾਵਤ ਖਾਨ ਤੇ ਫਰਜੁੱਲਾ ਖਾਨ ਆਦਿਕ ਜੋ ਪਠਾਣ ਸਰਦਾਰ ਸਨ।

ਕਹਾਵਤ ਥੇ ਓਇ ਬਡੇ ਜੁਆਨ॥੨॥ ਇਹ ਆਪਣੇ ਆਪ ਨੂੰ ਵੱਡੇ ਯੋਧੇ ਕਹਾਉਂਦੇ ਸਨ, ਬਹਾਦਰ ਕਹਾਉਂਦੇ ਸਨ। ੨।

ਉਇ ਭੀ ਹੁਤੇ ਬਜੀਦੇ ਨਾਰ॥ ਇਹ ਵੀ ਪਹਿਲਾਂ ਸਾਰੇ ਬਜ਼ੀਦ ਖਾਂ ਦੇ ਨਾਲ ਸਨ।

ਉਨ ਘਰ ਲੁਟ ਇਮ ਕਰੇ ਖੁਆਰ॥ ਉਨ੍ਹਾਂ ਦੇ ਘਰ ਲੁੱਟ ਕੇ ਇਸ ਤਰ੍ਹਾਂ ਚੰਗੀ ਤਰ੍ਹਾਂ ਖੁਆਰ ਕੀਤਾ ਸੀ ਇਹਨਾਂ ਨੂੰ ਬੰਦੇ ਬਹਾਦਰ ਨੇ।

ਔ ਸਰਦਾਰ ਜੋ ਕੁੰਜਪੁਰੇ ਤਾਈਂ॥ ਅਤੇ ਕੁੰਜਪੁਰੇ ਤੱਕ ਜਿੰਨੇ ਸਰਦਾਰ ਸਨ ਫੌਜਦਾਰ ਸਨ ਏਰੀਏ ਵਿਚ।

ਸਮਾਣੀਏ ਸਢੌਰੀਏ ਜਮਨਾ ਉਵਾਈਂ॥੩॥ ਸਮਾਣੇ ਵਾਲੇ, ਸਢੌਰੇ ਵਾਲੇ ਅਤੇ ਜਮਨਾ ਦੇ ਏਰੀਏ ਦੇ ਜਿੰਨੇ ਪਠਾਣ ਸਰਦਾਰ ਸਨ, ਜਿਹੜੇ ਸੂਬੇ ਬਣੇ ਹੋਏ ਸਨ, ਸਹਾਰਨ ਪੁਰ ਦਾ ਏਰੀਆ ਏਥੋਂ ਦੇ ਜਿਹੜੇ ਮੁਗਲ ਪਠਾਣ ਸਨ। ੩।

ਆਇ ਕੀਓ ਥੋ ਬਜੀਰੈ ਸਾਥ॥ ਇਹਨਾਂ ਸਾਰਿਆਂ ਨੇ ਉਸ ਵੇਲੇ ਬਜ਼ੀਰ ਖਾਂ ਦਾ ਸਾਥ ਦਿੱਤਾ ਸੀ ਜਦੋਂ ਸਰਹੰਦ ਦੀ ਲੜਾਈ ਹੋਈ ਸੀ। ਉਦੋਂ ਇਹ ਸਾਰੇ ਬਜ਼ੀਰ ਖਾਂ ਦੇ ਨਾਲ ਸਨ। ਇਸ ਕਰਕੇ ਇਨ੍ਹਾਂ ਸਾਰਿਆਂ ਨੂੰ ਚੰਗੀ ਤਰ੍ਹਾਂ ਸੋਧਿਆ ਸੀ ਬੰਦੇ ਬਹਾਦਰ ਨੇ। ਮਗਰੋਂ ਖਾਲਸੇ ਨੇ ਵੀ ਇਹਨਾਂ ਦਾ ਚੰਗੀ ਤਰ੍ਹਾਂ ਰਗੜਾ ਬੰਨ੍ਹਿਆ ਸੀ।

ਜੋ ਮਾਰੇ ਥੇ ਬੰਦੇ ਨਾਥ॥ ਜਿਹਨਾਂ ਨੂੰ ਬੰਦੇ ਬਹਾਦਰ ਨੇ ਮਾਰਿਆ ਸੀ।

ਰਲ ਫਰਿਆਦੀ ਆਇ ਥੇ ਸਾਰੇ॥ ਇਹ ਸਾਰੇ ਰਲ ਕੇ ਇਕੱਠੇ ਹੋ ਕੇ ਪੰਜਾਬ ਵਿਚੋਂ ਬਹਾਦਰ ਸ਼ਾਹ ਦੇ ਅਗੇ ਫਰਿਆਦੀ ਹੋਏ ਸਨ। ਇਹ ਸਾਰੇ ਮੁਗਲ ਪਠਾਣ ਔਰੰਗਾਬਾਦ ਦੇ ਵਿੱਚ ਬਾਦਸ਼ਾਹ ਦੇ ਅਗੇ ਫਰਯਾਦੀ ਹੋਏ ਸਨ।

ਭੇਜੇ ਆਗੈ ਸ਼ਾਹਿ ਬਿਚਾਰੇ॥੪॥ ਹੁਣ ਬਾਦਸ਼ਾਹ ਨੇ ਬਿਚਾਰ ਕਰ ਕੇ ਕਿ ਇਹਨਾਂ ਨੇ ਅੱਗਾ ਪਾਲਣਾ ਹੈ, ਇਹਨਾਂ ਦੀਆਂ ਸਰਦਾਰੀਆਂ ਨੇ ਏਸ ਏਰੀਏ ਵਿੱਚ, ਇਹਨਾਂ ਨੂੰ ਕਿਹਾ ਹੈ ਕਿ ਅੱਗੇ ਹੋਵੋ । ਸ਼ੰਮਸ ਖਾਨ, ਜਾਲੀਦੀਨ ਦੀ ਮਦਦ ਕਰੋ, ਚਲੋ ਸਿੰਘਾਂ ਦੇ ਹੋ ਜਾਉ ਦੁਆਲੇ ਸਾਰੇ। ੪।

ਦੋਹਰਾ॥ ਏਈ ਭੇਜੇ ਦੇਖਣੇ, ਬੰਦੈ ਕੀ ਪਰਤੀਤ॥ ਬਹਾਦਰ ਸ਼ਾਹ ਨੇ ਭੇਜੇ ਸਨ, ਬੰਦੇ ਬਹਾਦਰ ਦੀ ਪ੍ਰਤੀਤ ਕਰਨ ਵਾਸਤੇ, ਕਿ ਕਿੰਨੀ ਕੁ ਸ਼ਕਤੀ ਰਖਦਾ ਹੈ ਬੰਦਾ ਬਹਾਦਰ।

ਬੰਦੇ ਰਾਹ ਛੋਡਜੋ ਸੁਨਜੋ, ਖੁਸ਼ੀ ਆਈ ਸ਼ਾਹ ਚੀਤ॥੫॥ ਜਦੋਂ ਬਹਾਦਰ ਸ਼ਾਹ ਸਰਹੰਦ ਆਇਆ, ਪਤਾ ਲੱਗਾ ਕਿ ਬੰਦਾ ਬਹਾਦਰ ਰਾਹ ਛੱਡ ਕੇ ਚਲਿਆ ਗਿਆ ਖਾਲੀ ਕਰ ਗਿਆ ਹੈ ਏਰੀਏ ਨੂੰ, ਬਹਾਦਰ ਸ਼ਾਹ ਦੇ ਚਿੱਤ ਨੂੰ ਬੜੀ ਖੁਸ਼ੀ ਹੋਈ ਹੈ। ੫।

ਚੌਪਈ॥ ਬਹਾਦਰ ਸ਼ਾਹ ਦਿਲ ਆਈ ਧੀਰ॥ ਬਹਾਦਰ ਸ਼ਾਹ ਦੇ ਦਿਲ ਵਿਚ ਧੀਰਜ ਆ ਗਈ ਹੈ, ਉਦੋਂ ਹੀ ਹੌਂਸਲਾ ਵਧ ਗਿਆ ਹੈ।

ਪੁਜਜੋ ਲਹੌਰ ਦਿਲ ਖੁਸ਼ੀ ਗੁਜੀਰ॥ ਉਥੋਂ ਜਿਉਂਦਾ ਜਾਗਦਾ ਲਹੌਰ ਪਹੁੰਚ ਗਿਆ ਹੈ, ਫੇਰ ਤਾਂ ਬਹੁਤੀ ਖੁਸ਼ੀ ਹੋਈ ਹੈ, ਠੀਕ ਹੈ, ਉੱਧਰ ਸਿੰਘਾਂ ਦੁਆਲੇ ਫੌਜ ਹੋਈ ਹੈ। ਇਉਂ ਸੁਖ ਦੇ ਸੁਨੇਹੇ ਆਉਣ ਲੱਗ ਪਏ ਕਿ ਫਲਾਨੀ ਗੜ੍ਹੀ ਵਿਚੋਂ ਵੀ ਸਿੰਘ ਕੱਢ ਦਿੱਤੇ ਨੇ । ਫਲਾਨੇ ਥਾਂ ਵੀ ਟਾਕਰਾ ਹੋਇਆ ਹੈ ਉੱਥੇ ਵੀ ਅਸੀਂ ਕਾਬਜ਼ ਹੋ ਗਏ ਹਾਂ। ਏਸ ਤਰ੍ਹਾਂ ਦੇ ਜਦੋਂ ਸੁਨੇਹੇ ਆਉਂਦੇ ਹਨ ਤਾਂ ਬਹਾਦਰ ਸ਼ਾਹ ਹੌਂਸਲਾ ਕਰ ਕੇ ਲਹੌਰ ਵਿਚ ਬੈਠ ਗਿਆ ਹੈ।

ਥੋੜੇ ਦਿਨ ਰਹਿ ਕੈ ਮੁੜ ਗਯੋ॥ ਥੋੜੇ ਜਿਹੇ ਦਿਨ ਏਥੇ ਲਹੌਰ ਪੰਜਾਬ ਵਿੱਚ ਰਹਿ ਕੇ ਮੁੜ ਗਿਆ ਹੈ ਬਹਾਦਰ ਸ਼ਾਹ ਬਾਦਸ਼ਾਹ।

ਫਿਰ ਦਿੱਲੀ ਨਾਂਹ ਪਹੁੰਚਤ ਭਯੋ॥੬॥ ਫੇਰ ਦਿੱਲੀ ਵਾਪਸ ਨਹੀਂ ਅੱਪੜਿਆ ਜਿਉਂਦਾ ਹੋਇਆ।

ਤਿਸਕੇ ਪੁਤ੍ਰ ਰਹੇ ਥੇ ਚਾਰ॥ ਬਹਾਦਰ ਸ਼ਾਹ ਦੇ ਪਿੱਛੇ ਉਸਦੇ ਚਾਰ ਪੁਤ੍ਰ ਰਹਿ ਗਏ ਸਨ।

ਸੋ ਲਰ ਮਰ ਕਰ ਭਏ ਖੁਆਰ॥ ਉਹ ਸਾਰੇ ਹੀ ਆਪਸ ਵਿਚ ਲੜ ਕੇ ਖੁਆਰ ਹੋ ਕੇ ਮਰੇ ਹਨ।

ਕਈ ਬਰਸ ਯੌਂ ਰੌਲੋ ਰਹਾ॥ ਕਈ ਵਰ੍ਹੇ ਰਾਜਧਾਨੀ ਵਿੱਚ ਏਸੇ ਤਰ੍ਹਾਂ ਹੀ ਰੌਲਾ ਗੌਲਾ ਰਿਹਾ ਹੈ।

ਰਤਨ ਸਿੰਘ ਸੁਨ ਐਸੇ ਕਹਾ॥੭॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ, ਮੈਂ ਇਹਨਾਂ ਦਾ ਸਾਰਾ ਸਿਲਸਲਾ ਸੁਣਿਆ ਹੈ, ਪ੍ਰਸੰਗ ਸੁਣਿਆ ਹੈ ਕਿ ਆਪਸ ਵਿੱਚ ਕਿਵੇਂ ਲੜ ਮਰੇ ਹਨ , ਕੀ ਵਿਗਾੜ ਪਿਆ ਹੈ ਤਾਂ ਮੈਂ ਹੁਣ ਇਸ ਪ੍ਰਕਾਰ ਲਿਖਦਾ ਹਾਂ। ੭।

(ਫਰੁਖਸੀਅਰ ਦਾ ਰਾਜ ਸ਼ੁਰੂ)

ਦੋਹਰਾ॥ ਮੁਯੋ ਬਹਾਦਰ ਸ਼ਾਹਿ, ਸੌ ਸਤ੍ਰੇ ਚੌਰਾਸੀਏ ਸਾਲ॥ (੧੭੮੪) ਸਤਾਰਾਂ ਸੌ ਚੌਰਾਸੀ ਸੰਮਤ ਬਿਕ੍ਰਮੀ ਵਿਚ ਬਾਦਸ਼ਾਹ ਬਹਾਦਰ ਸ਼ਾਹ ਫੌਤ ਹੋ ਗਿਆ ਹੈ।

ਫਰੁਖਸੀਅਰ ਉਸ ਪੋਤਰੋ, ਤਿਸ ਕੋ ਸੁਨੋ ਹਵਾਲ॥੧॥ ਪੁੱਤਰ ਤਾਂ ਬਾਦਸ਼ਾਹ ਦੇ ਲੜ ਮਰੇ ਸਨ, ਫਰੁਖਸੀਅਰ ਇਹ ਬਹਾਦਰ ਸ਼ਾਹ ਦਾ ਪੋਤਰਾ ਸੀ ਹੁਣ ਇਸ ਦਾ ਹਾਲ ਸੁਣੋ ਇਹ ਕਿਵੇਂ ਬਾਦਸ਼ਾਹ ਬਣਿਆ? ੧।

ਚੌਪਈ॥ ਫਰੁਖਸੀਅਰ ਜਬ ਤਖਤੇ ਬਹਜੋ॥ ਜਦੋਂ ਫਰੁਖਸੀਅਰ ਦਿੱਲੀ ਦੇ ਤਖ਼ਤ ਬੈਠਾ ਹੈ।

ਚੁਗਲਨ ਆਨ ਉਸੈ ਯੌਂ ਕਹਜੋ॥ ਚੁਗਲਖ਼ੋਰਾਂ ਨੇ ਆ ਕੇ ਉਸਨੂੰ ਏਸ ਤਰ੍ਹਾਂ ਕਿਹਾ ਹੈ, ਚੁਗਲ ਉਸ ਦੇ ਪਾਸ ਜਾ ਕੇ ਚੁਗਲੀ ਜਾ ਲਾਉਣ ਲੱਗੇ ਹਨ।

ਗੁਰੂ ਬੰਦੈ ਕਰ ਰਖੀ ਖੁਆਰੀ॥ ਹੇ ਬਾਦਸ਼ਾਹ! ਦੇਖ, ਗੁਰੂ ਬੰਦੇ ਨੇ ਕਿਵੇਂ ਖੁਆਰੀ ਕਰ ਰਖੀ ਹੈ ਤੁਹਾਡੀ ਪਰਜਾ ਦੀ, ਚੁਗਲਾਂ

ਦਾ ਹੁਣ ਦਾਓ ਲੱਗਿਆ ਹੈ ਕਿ ਨਵਾਂ ਪਾਤਸ਼ਾਹ ਬਣਿਆ ਹੈ, ਇਸਨੂੰ ਭੜਕਾਉ, ਭੜਕਾ ਕੇ ਇਹਨੂੰ ਵੀ ਲੜਾ ਦੇਈਏ।

ਔਰ ਪਤਿਸ਼ਾਹੀ ਸੁਖ ਹੈ ਸਾਰੀ॥੨॥ ਹੋਰ ਤਾਂ ਸਾਰੀ ਪਾਤਸ਼ਾਹੀ ਵਿੱਚ ਸਾਰੇ ਸੁਖ ਹੈ, ਸਭ ਅਮਨ ਨਾਲ ਰਾਜ ਕਰ ਰਹੇ ਨੇ। ੨।

ਬਾਈ ਸੂਬਨ ਤੇ ਟਕੇ ਚਲਿ ਆਵੈਂ॥ ਦੇਖ ਲਉ ਹਿੰਦੋਸਤਾਨ ਦੇ ਬਾਈ ਸੂਬੇ ਨੇ ਸਭ ਤੋਂ ਉਸੇ ਤਰ੍ਹਾਂ ਹੀ ਮਾਮਲਾ ਤੁਰਿਆ ਆ ਰਿਹਾ ਹੈ, ਸਭ ਦਾ ਮਾਮਲਾ ਖਜ਼ਾਨੇ ਵਿਚ ਪੈਂਦਾ ਹੈ।

ਹੁਕਮ ਸ਼ਾਹਿ ਨਹਿ ਕੋ ਪਲਟਾਵੈ॥ ਬਾਈ ਸੂਬਿਆਂ ਵਿਚੋਂ ਕੋਈ ਵੀ ਬਾਦਸ਼ਾਹ ਦਾ ਹੁਕਮ ਮੰਨਣ ਤੋਂ ਇਨਕਾਰੀ ਨਹੀਂ, ਸਭ ਆਗਿਆ ਮੰਨਦੇ ਹਨ।

ਉਸਕੋ ਚੜ੍ਹ ਤੂੰ ਦੇਹ ਤਿਦਾਰਕ॥ ਇਸ ਕਰ ਕੇ ਤੂੰ ਉਹਦੇ ਉੱਤੇ ਚੜ੍ਹਾਈ ਕਰਕੇ (ਤਿਦਾਰਕ) ਭਾਂਜ ਦੇ ਉਸਨੂੰ।

ਰਹਜੋ ਦਾਦੇ ਤੈਥੋਂ ਕੰਮ ਸਾਰਕ॥੩॥ ਜਿਹੜਾ ਇਹ ਕੰਮ ਤੇਰੇ ਦਾਦੇ ਕੋਲੋਂ ਰਹਿ ਗਿਆ ਸੀ, ਹੁਣ ਤੂੰ ਇਹ ਕੰਮ ਸਾਰ, ਤੂੰ ਵੀ ਨਾਲ ਚੜ੍ਹ ਕੇ ਹੱਲਾ ਕਰ। ੩।

ਦੋਹਰਾ॥ ਫਰੁਖਸੀਅਰ ਉਨ ਆਖਿਆ, ਹਮ ਦਾਦਾ ਗਜੋ ਸਮਝਾਇ॥ ਇਹਨਾਂ ਚੁਗਲਾਂ ਨੂੰ ਫਰੁਖਸੀਅਰ ਨੇ ਜੁਆਬ ਦਿੱਤਾ, ਕਹਿਣ ਲੱਗਾ ਮੇਰਾ ਦਾਦਾ ਮੈਨੂੰ ਸਾਰੀ ਗੱਲ ਸਮਝਾ ਗਿਆ ਹੈ।

ਗੁਰ ਨਾਨਕ ਕੋ ਘਰ ਜੋਊ, ਤਿਨ ਸੋਂ ਤੂੰ ਨ ਬਿਗਰਾਇ॥੪॥ ਵੇਖ ਮੇਰੀ ਤਾਗੀਦ ਹੈ ਤੈਨੂੰ ਜੋ ਗੁਰੂ ਨਾਨਕ ਸਾਹਿਬ ਜੀ ਮਹਾਰਾਜ ਦਾ ਘਰ ਹੈ, ਉਨ੍ਹਾਂ ਨਾਲ ਨਹੀਂ ਵਿਗਾੜਨੀ ਹੈ, ਉਹਨਾਂ ਨਾਲ ਝਗੜਾ ਨਹੀਂ ਕਰਨਾ ਹੈ, ਇਹ ਗੱਲ ਮੇਰਾ ਦਾਦਾ ਬਹਾਦਰ ਸ਼ਾਹ ਸਮਝਾ ਗਿਆ ਹੈ ਪਹਿਲਾਂ ਹੀ, ਇਸ ਕਰਕੇ ਫਜ਼ੂਲ ਕਿਉਂ ਚੁਗਲੀਆਂ ਕਰਦੇ ਹੋ ਕਿਉਂ ਐਵੇਂ ਆ ਕੇ ਚੁਗਲੀਆਂ ਲਾਉਂਦੇ ਹੋ। ੪।

ਚੌਪਈ॥ ਨੌਰੰਗ ਪੜਦਾਦੌ ਜਬੈ ਰਿਸਾਯੋ ਔਰੰਗਜੇਬ ਜੋ ਮੇਰਾ ਪੜਦਾਦਾ ਸੀ ਜਦੋਂ ਉਨ੍ਹਾਂ ਨੇ ਗੁਰੂ ਸਾਹਿਬ ਜੀ ਤੇ ਗੁੱਸਾ ਕੀਤਾ, ਗੁਰੂ ਸਾਹਿਬ ਜੀ ਤੇ ਹੱਲੇ ਬੋਲੇ ਹਨ।

ਸਤਿਗੁਰ ਊਪਰ ਦਾਦੌ ਚੜ੍ਹਾਯੋ॥ ਸਾਡੇ ਦਾਦੇ ਨੇ ਸਤਿਗੁਰਾਂ ਦੇ ਉਪਰ ਮੇਰੇ ਪਿਤਾ ਬਹਾਦਰ ਸ਼ਾਹ ਨੂੰ ਚੜ੍ਹਾਈ ਕਰਕੇ ਭੇਜਿਆ ਸੀ, ਉਹ ਗਏ ਸਨ ਹੱਲਾ ਕਰਨ ਵਾਸਤੇ।

ਹਮ ਦਾਦੇ ਨਿੰਹ ਕਰਜੋ ਬਿਗਾਰ॥ ਸਾਡੇ ਦਾਦੇ ਨੇ ਗੁਰੂ ਜੀ ਨਾਲ ਵਿਗਾੜੀ ਨਹੀਂ ਸੀ, ਇਹ ਸਰਹੰਦੋਂ ਮੁੜ ਗਿਆ ਸੀ, ਲਿਖਕੇ ਮਹਾਰਾਜ ਮੈਂ ਤੁਹਾਡਾ ਸੇਵਕ ਹਾਂ ਮੇਰੇ ਤੇ ਕ੍ਰਿਪਾ ਦ੍ਰਿਸ਼ਟੀ ਰੱਖਿਓ।

ਘਲ ਅਹਦੀਅਨ ਕੰਮ ਦਏ ਸਵਾਰ॥੫॥ ਤੇ ਅਹਿਦੀਏ ਭੇਜ ਦਿੱਤੇ ਲੈ ਇਉਂ ਕਰੋ ਜਿਹੜੇ ਗੁਰੂ ਘਰ ਦੇ ਦੋਖੀ ਨੇ ਉਹਨਾਂ ਨੂੰ ਸੋਧੋ ਜਾ ਕੇ, ਬਲਕਿ ਜੋ ਗੁਰੂ ਘਰ ਦੇ ਦੋਖੀ ਸਨ ਪਹਾੜੀਏ ਇਹਨਾਂ ਉਪਰ ਜਜੀਏ ਲਾਏ ਸੀ ਆ ਕੇ, ਇਹਨਾਂ ਤੇ ਡੰਡ ਲਾਏ ਸੀ, ਇਹਨਾਂ ਨੂੰ ਸਜਾਵਾਂ ਦਿੱਤੀਆਂ ਸਨ ਬਹਾਦਰ ਸ਼ਾਹ ਨੇ ਐਸੇ ਕੰਮ ਕੀਤੇ ਸਨ ਜਿਹੜੇ ਦੁਸ਼ਮਣ ਸਨ ਗੁਰੂ ਘਰ ਦੇ ਉਹਨਾਂ ਦੀ ਮਾਰ ਕੁਟਾਈ ਕਰ ਕੇ ਸਾਰੇ ਕੰਮ ਸਵਾਰ ਦਿੱਤੇ ਸਨ। ੫।

ਉਸ ਦਿਨ ਥੀ ਗੁਰ ਬਾਤਹ ਕਹੀ॥ ਉਸੇ ਦਿਨ ਸਤਿਗੁਰਾਂ ਨੇ ਬਚਨ ਕੀਤੇ ਸਨ ਮੇਰੇ ਦਾਦੇ ਬਹਾਦਰ ਸ਼ਾਹ ਨੂੰ।

ਹਮ ਤੁਮ ਕਉ ਅਬ ਸ਼ਾਹੀ ਦਈ॥ ਲੈ ਬਹਾਦਰ ਸ਼ਾਹ ਜੇ ਤੂੰ ਸਾਡਾ ਸੇਵਕ ਬਣ ਗਿਓਂ, ਅਸੀਂ ਤੈਨੂੰ ਬਾਦਸ਼ਾਹੀ ਦਿੱਤੀ ਹਿੰਦੋਸਤਾਨ ਦੀ।

ਸੋ ਸਤਿਗੁਰ ਸੰਗ ਹੋ ਕਰ ਦਈ॥ ਉਹ ਬਾਦਸ਼ਾਹੀ ਨਾਲ ਹੋ ਕੇ ਦਿੱਤੀ ਹੈ ਸਤਿਗੁਰਾਂ ਨੇ ਕਿਵੇਂ ਚੰਬਲ ਘਾਟੀ ਤੇ ਸਤਿਗੁਰਾਂ ਨੇ ਬਹਾਦਰ ਸ਼ਾਹ ਦੇ ਨਾਲ ਹੋ ਕੇ ਜੰਗ ਕੀਤਾ, ਮਹਾਰਾਜ ਆਪ ਵਿਚ ਵਿਚਰੇ ਸ਼ਹੀਦੀ ਪਹਿਰੇ ਦੇ ਵਿੱਚ ਬਹਾਦਰ

ਸ਼ਾਹ ਦੇ ਨਾਲ ਦਯਾ ਸਿੰਘ, ਧਰਮ ਸਿੰਘ ਜੀ ਨੂੰ ਭੇਜਿਆ ਸੀ ਨਾਲ ਹੋਰ ਪੰਜ ਸੌ ਸਿੰਘ ਦੇ ਦਿਤਾ ਕਿ ਜਾਓ ਇਸਦੀ ਮਦਦ ਕਰੋ, ਅਸੀਂ ਵੀ ਆਵਾਂਗੇ ਇਸ ਤਰ੍ਹਾਂ ਆਪਣੀ ਮਿਹਰ ਕੀਤੀ ਸੀ ਸਤਿਗੁਰਾਂ ਨੇ ਸਾਡੇ ਤੇ।

ਬਿਨ ਉਨ ਹਮ ਕਬ ਸਕਤੇ ਲਈ॥੬॥ ਉਹਨਾਂ ਗੁਰੂਆਂ ਦੀ ਮਦਦ ਤੋਂ ਬਗੈਰ ਅਸੀਂ ਕਦੋਂ ਹਕੂਮਤ ਲੈ ਸਕਦੇ ਸਾਂ, ਤਾਰੇ ਆਜ਼ਮ ਤੋਂ ਸਾਡਾ ਦਾਦਾ ਕਿਵੇਂ ਲੈ ਸਕਦਾ ਸੀ ਬਾਦਸ਼ਾਹੀ ਜੋ ਬਿਲਕੁਲ ਹੀ ਥੋੜੀ ਗਿਣਤੀ ਵਿਚ ਸਨ। ੬।

ਆਜ਼ਮ ਸ਼ਾਹਿ ਥੋ ਹਮ ਤੇ ਭਾਰੀ॥ ਆਜ਼ਮ ਸ਼ਾਹ ਕਿੱਡਾ ਭਾਰੀ ਸੀ ਸਾਡੇ ਨਾਲੋਂ, ਲੱਖਾਂ ਫੌਜਾਂ ਤੇ ਸਾਰੇ ਸੂਬੇ ਓਸਦੇ ਨਾਲ ਸਨ।

ਉਸੈ ਮਗਰ ਥੀ ਬਹੁ ਫੌਜ ਸਾਰੀ॥ ਬਹੁਤ ਭਾਰੀ ਸੈਨਾ ਸੀ ਉਸਦੇ ਨਾਲ।

ਸੋ ਕਬ ਹੁਤੋ ਥੋ ਹਮ ਤੇ ਮਾਰੀ॥ ਉਹ ਸਾਥੋਂ ਕਿਥੇ ਮਰਨਾ ਸੀ ਐਡਾ ਬਲੀ।

ਉਸ ਘਰ ਕਿਮ ਅਬ ਕਰੈਂ ਖੁਆਰੀ॥੭॥ ਤੁਸੀਂ ਕੁਛ ਸੋਚੋ ਵਿਚਾਰੋ, ਜਿਹੜਾ ਐਡਾ ਬਖਸ਼ਿੰਦ ਘਰ ਹੈ, ਜਿਸਨੇ ਸਾਨੂੰ ਬਖਸ਼ਸ਼ਾਂ ਦਿਤੀਆਂ, ਅਸੀਂ ਉਸ ਘਰ ਨਾਲ ਕਿਵੇਂ ਖੁਆਰੀ ਕਰ ਸਕਦੇ ਹਾਂ। ਕਿਵੇਂ ਅਸੀਂ ਲੜ ਪਈਏ ਉਹਨਾਂ ਦੇ ਨਾਲ। ੭।

ਯੌਂ ਕਹਿ ਬਾਤ ਦਈ ਉਸ ਮੋੜ॥ ਇਉਂ ਕਹਿਕੇ ਬਹਾਦਰ ਸ਼ਾਹ ਦੇ ਪੋਤਰੇ ਫਰੁਖ਼ਸੀਅਰ ਨੇ ਇਹਨਾਂ ਚੁਗਲਾਂ ਦੀ ਚੁਗਲੀ ਮੋੜ ਦਿੱਤੀ, ਰੱਖੇ ਆਪਦੇ ਕੋਲ ਮੈਨੂੰ ਨਹੀਂ ਕੋਈ ਜ਼ਰੂਰਤ।

ਨਹਿੰ ਗੁਰ ਘਰ ਸਿਉਂ ਕਰੀ ਅਜੋੜ॥ ਤੁਸੀਂ ਗੁਰੂ ਘਰ ਅਜੋੜ ਕੀਤਾ ਹੈ, ਮੈਂ ਨਹੀਂ ਕਰਨਾ (ਅਜੋੜ) ਤੋੜ ਵਿਛੋੜਾ ਗੁਰੂ ਘਰ ਨਾਲੋਂ।

ਯੌਂ ਕਰਕੇ ਕਈ ਦਿਨੈ ਬਿਤਏ॥ ਇਸ ਤਰ੍ਹਾਂ ਕਰਕੇ ਕਈ ਦਿਨ ਲੰਘੇ।

ਫੇਰ ਚੁਗਲ ਆਇ ਕਹਤੇ ਭਏ॥੮॥ ਫੇਰ ਚੁਗਲ ਆਏ ਹਨ ਇਕੱਠੇ ਹੋ ਕੇ ਫੇਰ ਉਹਨਾਂ ਨੇ ਚੁਗਲੀਆਂ ਲਾਉਣੀਆਂ ਕੀਤੀਆਂ। ੮।

ਔਰ ਪ੍ਰਸੰਗ ਲਿਖਯਤੇ (ਚੁਗਲਾਂ ਨੇ ਚੁਗਲੀ ਲਾਈ)

ਦੋਹਰਾ॥ ਤੌ ਚੁਗਲਨ ਫਿਰ ਆ ਕਹੀ, ਹਮ ਬੰਦੈ ਬਹੁ ਦੁਖ ਦੀਨ॥ ਫੇਰ ਚੁਗਲਾਂ ਆ ਕੇ ਕਿਹਾ ਸਾਨੂੰ ਬੰਦੇ ਬਹਾਦਰ ਨੇ ਬੜਾ ਭਾਰੀ ਦੁੱਖ ਦਿਤਾ ਹੈ। ਅਸੀਂ ਤਾਂ ਮਾਰ ਘੱਤੇ ਬੰਦੇ ਨੇ।

ਦੀਨ ਉਠਾਇਓ ਸੋ ਚਹੈ, ਸਾਰੀ ਹਿੰਦ ਜ਼ਮੀਨ॥੧॥ ਹਿੰਦੋਸਤਾਨ ਦੀ ਸਾਰੀ (ਜ਼ਮੀਨ) ਧਰਤੀ ਤੋਂ ਉਹ ਸਾਡਾ ਦੀਨ ਚੁੱਕਣਾ ਚਾਹੁੰਦਾ ਹੈ, ਕਿ ਮੁਸਲਮਾਨ ਰਹੇ ਹੀ ਨਾ ਏਥੇ ਕੋਈ । ਸਾਰੇ ਹਿੰਦੋਸਤਾਨ ਦੀ ਜ਼ਮੀਨ ਵਿਚੋਂ ਮੁਸਲਮਾਨਾਂ ਨੂੰ ਖਤਮ ਕਰ ਦੇਣਾ ਹੈ, ਇਉਂ ਉਸਨੇ ਤਾਂ ਵਾਢਾ ਧਰਿਆ ਹੈ। ੧।

ਚੌਪਈ॥ ਸੋ ਅਬ ਖ਼ਬਰ ਬੰਦੇ ਕੀ ਆਈ॥ ਹੁਣ ਬੰਦੇ ਦੀ ਖਬਰ ਪਹੁੰਚੀ ਹੈ ਆਕੇ।

ਬੰਦਾ ਲੀਨੌ ਕੁਲੂ ਫੜਾਈ॥ ਕਿ ਬੰਦਾ ਬਹਾਦਰ ਕੁਲੂ ਵਿਚ ਫੜਿਆ ਗਿਆ ਹੈ।

ਅਬ ਕਿਛ ਤੁਮ ਕੌ ਲਗੈ ਨ ਦੋਸ਼॥ ਚੁਗਲ ਕਹਿੰਦੇ ਹਨ ਫਰੁਖ਼ਸੀਅਰ ਨੂੰ ਕਿ ਬੰਦਾ ਬਹਾਦਰ ਗ੍ਰਿਫਤਾਰ ਹੋ ਗਿਆ ਹੈ; ਕੁੱਲੂ ਵਾਲੇ ਰਾਜੇ ਨੇ ਫੜ ਲਿਆ ਉਸਨੂੰ, ਤੈਨੂੰ ਕੋਈ ਦੋਸ਼ ਨਹੀਂ, ਤੂੰ ਬੇਸ਼ੱਕ ਇਹਨਾਂ ਤੇ ਹੱਲਾ ਬੋਲ ਦੇ।

ਖਾਲੀ ਮੁਲਕ ਪਰਜੋ ਨਿਰਜੋਸ਼॥੨॥ ਅੱਗੇ ਖਾਲੀ ਮੁਲਕ ਪਿਆ ਹੈ (ਨਿਰਜੋਸ਼) ਬਿਨਾਂ ਜੋਸ਼ ਤੋਂ ਅੱਗੇ ਕੋਈ ਰੋਕਣ ਵਾਲਾ ਨਹੀਂ ਹੈ, ਕੋਈ ਤਾਕਤਵਰ ਨਹੀਂ ਅੱਗੇ ਰਾਜ ਕਰਨ ਵਾਲਾ।

ਪ੍ਰਸੰਗ ਜਾਲੀ ਦੀਨ ਖਖਨੇ ਕਾ

(ਫੌਜਦਾਰਾਂ ਦਾ ਸਿੰਘਾਂ ਤੇ ਧਾਵਾ। ਬਾਜ ਸਿੰਘ ਨੇ ਜਾਲੀਦੀਨ ਨੂੰ ਮਾਰਨਾ)

ਦੋਹਰਾ॥ ਕੁੱਲੂ ਫੜਜੋ ਬੰਦਾ ਸੁਨਜੋ, ਤੌ ਭਯੋ ਸ਼ਾਹਿ ਉਤਸਾਹਿ॥ ਜਦੋਂ ਫਰੁਖਸੀਅਰ ਬਾਦਸ਼ਾਹ ਨੂੰ ਪਤਾ ਲੱਗਾ ਕਿ ਵਾਕਿਆ ਹੀ ਕੁੱਲੂ ਵਿਚ ਬੰਦਾ ਬਹਾਦਰ ਫੜਿਆ ਗਿਆ ਹੈ ਤਾਂ ਉਸਦੇ ਮਨ ਵਿਚ ਕੁਛ ਉਤਸ਼ਾਹ ਹੋਇਆ ਹੈ ਕਿ ਠੀਕ ਹੈ, ਹੁਣ ਬੰਦਾ ਗ੍ਰਿਫਤਾਰ ਹੋ ਚੁੱਕਾ ਹੈ।

ਤੋਰੀ ਫੌਜ ਮੁਲਕ ਲੈਨ ਕੌ, ਲੱਗੋ ਚੁਗਲਨ ਸਲਾਹਿ॥੧॥ ਫਰੁਖਸੀਅਰ ਚੁਗਲਾਂ ਦੀ ਸਲਾਹ ਮਗਰ ਲੱਗ ਗਿਆ ਹੈ, ਫੌਜ ਨੂੰ ਤੋਰਿਆ ਹੈ ਜਾਉ ਮੁਲਕ ਮੱਲੋ, ਜਿਹੜਾ ਸਿੰਘਾਂ ਦੇ ਕਬਜ਼ੇ ਵਿਚ ਹੈ ਉਹ ਵੀ ਖੋਹ ਲਈਏ। ੧।

ਚੌਪਈ॥ ਬਾਤ ਜਗਤ ਬੀ ਯੌਂ ਉਡ ਗਈ॥ ਸਾਰੀ ਦੁਨੀਆਂ ਵਿੱਚ ਵੀ ਇਉਂ ਗੱਲ ਉੱਡ ਗਈ, ਲੋਕਾਂ ਨੇ ਏਸ ਤਰ੍ਹਾਂ ਧੁਮਾ ਦਿੱਤੀ ਹੈ ਗੱਲ।

ਕਰਾਮਾਤ ਦੂਰ ਬੰਦਿਅਉਂ ਭਈ॥ ਕਿ ਬੰਦੇ ਬਹਾਦਰ ਤੋਂ ਕਰਾਮਾਤ ਵੀ ਨਿਕਲ ਕੇ ਦੂਰ ਚਲੀ ਗਈ ਹੈ।

ਬਹੁਤ ਸਿੱਧ ਥੇ ਪਰਬਤ ਮਾਂਹਿ॥ ਕਿਉਂਕਿ ਪਹਾੜ ਵਿੱਚ ਬੜੇ ਸਿੱਧ ਸਨ, ਬੜੇ ਕਰਾਮਾਤੀ ਲੋਕ ਸਨ ਪ੍ਰਬਤਾਂ ਵਿੱਚ।

ਉਨ ਨੇ ਸਿੱਧੀ ਛੋਡੀ ਨਾਂਹਿ॥੨॥ ਬੰਦੇ ਬਹਾਦਰ ਦੀ ਸਿੱਧੀ ਉਹਨਾਂ ਨੇ ਗਵਾ ਦਿੱਤੀ ਹੈ, ਉਹਨਾਂ ਖੋਹ ਲਈ ਹੈ, ਇਉਂ ਲੋਕਾਂ ਨੇ ਫੈਲਾ ਦਿਤਾ ਚੁਗਲਾਂ ਨੇ। ੨।

ਔਰ ਤ੍ਰਿਯਾ ਬੰਦੇ ਕਈ ਚਾਰ॥ ਅਤੇ ਚਾਰ ਸ਼ਾਦੀਆਂ ਕਰਵਾ ਲਈਆਂ ਬੰਦੇ ਬਹਾਦਰ ਨੇ, ਮਹਾਰਾਜ ਦਾ ਹੁਕਮ ਸੀ ਗ੍ਰਹਿਸਤ ਨਹੀਂ ਕਰਨਾ, ਜਤ ਸਤ ਰਖਣਾ ਹੈ।

ਇਸ ਕਰ ਜਤੋਂ ਬੰਦਾ ਗਜੋ ਹਾਰ॥ ਇਸ ਕਰਕੇ ਬੰਦਾ ਬਹਾਦਰ ਜਤ ਤੋਂ ਹਾਰ ਗਿਆ ਹੈ, ਗੁਰਾਂ ਦੇ ਕਹੇ ਬਚਨ ਤੋਂ ਹਾਰ ਗਿਆ ਹੈ, ਹੁਣ ਉਹ ਜਤੀ ਸਤੀ ਨਹੀਂ ਰਿਹਾ ਹੈ।

ਬੀਰ ਹੁਤੇ ਥੇ ਸੋ ਨਠ ਗਏ॥ ਜਦੋਂ ਦਾ ਗ੍ਰਹਿਸਤੀ ਬਣਿਆ ਹੈ ਉਹ ਜਿਹੜੇ ਬੀਰ ਸਨ ਉਹ ਵੀ ਛੱਡ ਕੇ ਨੱਸ ਗਏ ਹਨ ਬੰਦੇ ਬਹਾਦਰ ਨੂੰ।

ਬੰਦਾ ਕੈਦ ਸੁ ਯਾਂਤੇ ਪਏ॥੩॥ ਏਸੇ ਕਰਕੇ ਬੰਦਾ ਕੈਦ ਹੋ ਗਿਆ ਹੈ, ਜਦੋਂ ਉਹਦੀ ਕਰਾਮਾਤ ਨਿਕਲ ਗਈ ਹੈ, ਬੀਰ ਛੱਡ ਗਏ ਹਨ, ਤਾਂ ਬੰਦੇ ਨੂੰ ਫੜਿਆ ਰਾਜੇ ਕੁੱਲੂ ਵਾਲੇ ਨੇ, ਨਹੀਂ ਤਾਂ ਕੁੱਲੂ ਵਾਲੇ ਕਿਵੇਂ ਫੜ ਸਕਦੇ ਸਨ। ੩।

ਦੂਰ ਭਯੋ ਯੌਂ ਬੰਦੇ ਖੌਫ॥ ਇਉਂ ਬੰਦੇ ਦਾ (ਖੌਫ) ਡਰ ਦੂਰ ਹੋ ਗਿਆ ਹੈ, ਤੁਰਕਾਂ ਦੇ ਹੌਸਲੇ ਵਧ ਗਏ ਹਨ।

ਭਯੋ ਸਿਖਨ ਕੌ ਯਹ ਅਫਸੋਸ॥ ਸਿੰਘਾਂ ਨੂੰ ਇਹ ਖਬਰ ਸੁਣ ਕੇ ਬੜਾ ਅਫਸੋਸ ਹੋਇਆ ਹੈ ਕਿ ਇਹ ਖਬਰ ਬੜੀ ਮਾੜੀ ਆਈ ਹੈ।

ਯੌ ਚਲ ਬਾਤ ਸ਼ਾਹਿ ਲੌ ਅਈ॥ ਇਸ ਤਰ੍ਹਾਂ ਗੱਲ ਚਲਦੀ ਚਲਦੀ ਬਾਦਸ਼ਾਹ ਦੇ ਕੋਲ ਆ ਗਈ ਹੈ।

ਫੌਜਦਾਰਨ ਸ਼ਾਹ ਆਗਜਾ ਦਈ॥ ੪॥ ਫੌਜਦਾਰਾਂ ਨੂੰ ਬਾਦਸ਼ਾਹ ਨੇ ਆਗਿਆ ਦੇ ਦਿੱਤੀ ਹੈ ਚਲੋ ਤੁਸੀਂ ਫੌਜ ਲੈ ਕੇ। ੪।

ਸ਼ੰਮਸ, ਬਜੀਦਾ, ਜਾਲੀਦੀਨ॥ ਸ਼ੰਮਸ ਖਾਂ, ਬਜੀਦ ਖਾਂ ਅਤੇ ਜਾਲੀਦੀਨ ਫੌਜੀ ਜਰਨੈਲ ਸਨ।

ਹੁਤੇ ਕਸੂਰੀ ਪਠਾਨ ਸੁ ਤੀਨ॥ ਇਹ ਤਿੰਨ ਪਠਾਣ ਫੌਜਦਾਰ ਕਸੂਰ ਸ਼ਹਿਰ ਦੇ ਰਹਿਣ ਵਾਲੇ ਸਨ, ਬੜੇ ਬਲਵਾਨ ਤੇ ਤਾਕਤਵਰ ਸਨ।

ਕਰੀ ਫੌਜਦਾਰਨ ਤਿੰਨਨ ਧਾਈ॥ ਇਹਨਾਂ ਤਿੰਨਾਂ ਫੌਜਦਾਰਾਂ ਨੇ ਆਪੋ ਆਪਣੀ ਸੈਨਾ ਲੈ ਕੇ, ਇਹ ਦੁਆਬੇ ਦਾ ਇਲਾਕਾ ਜਿਥੇ ਖਾਲਸਾ ਰਹਿੰਦਾ ਸੀ, ਏਸ ਇਲਾਕੇ ਤੇ ਧਾਵਾ ਬੋਲ ਦਿੱਤਾ ਹੈ।

ਸਿੰਘਨ ਸੋਂ ਜਾ ਕਰੀ ਲੜਾਈ॥੫॥ ਜਿੱਥੇ ਜਿੱਥੇ ਸਿੰਘਾਂ ਦੇ ਥਾਣੇ ਬੰਨ੍ਹੇ ਸਨ, ਕਿਲ੍ਹੇ ਸਨ ਉੱਥੇ ਉੱਥੇ ਲੜਾਈ ਸ਼ੁਰੂ ਕਰ ਦਿੱਤੀ ਹੈ।

ਦੋਹਰਾ॥ ਲੋਹਗੜ੍ਹੀ ਬਾਜ ਸਿੰਘ ਅੜਾ, ਤਹਿੰ ਪੜਾ ਸ਼ੰਮਸ ਖਾਂ ਧਾਇ॥ ਸਰਹੰਦ ਛੱਡ ਕੇ ਬਾਜ ਸਿੰਘ ਲੋਹਗੜ੍ਹੀ ਵਿੱਚ ਜਾ ਆਕੀ ਹੋਇਆ, ਉੱਥੇ ਸ਼ੰਮਸ ਖਾਂ ਨੇ ਜਾ ਧਾਵਾ ਬੋਲਿਆ ਹੈ, ਕਿ ਏਥੇ ਮੈਂ ਘੇਰ ਲਵਾਂ ਬਾਜ ਸਿੰਘ ਨੂੰ।

ਤਿਨ ਮੈਂ ਯਾਕੀ ਲਗ ਰਹਾ, ਨਿਤ ਪ੍ਰਤਿ ਯੁੱਧ ਮਚਾਇ॥੬॥ ਹੁਣ ਬਾਜ ਸਿੰਘ ਕਿਲ੍ਹੇ ਅੰਦਰ ਆਕੀ ਹੋ ਗਿਆ ਹੈ, ਹੁਣ ਨਿਤਾਪ੍ਰਤੀ ਜੰਗ ਸ਼ੁਰੂ ਹੋ ਗਿਆ ਹੈ, ਹਮਲੇ ਉੱਧਰੋਂ ਉੱਧਰੀ ਹੁੰਦੇ ਨੇ। ੬।

ਚੌਪਈ॥ ਬਜੀਦਾ ਪੜਜੋ ਪਠਾਣਕੋਟ ਲਾਗ॥ ਬਜੀਦ ਖਾਂ ਪਠਾਣ ਕੋਟ ਦੇ ਲਾਗੇ ਸਿੰਘਾਂ ਉੱਤੇ ਹੱਲਾ ਕਰਕੇ ਜਾ ਪਿਆ ਹੈ, ਤਿੰਨੇ ਖਿਲਰ ਕੇ ਲੜਾਈ ਕਰ ਰਹੇ ਨੇ, ਕਿਉਂਕਿ ਇਹ ਕਸੂਰੀਏ ਪਠਾਣ ਨੇ ਲੁਟੇਰੇ, ਇਹਨਾਂ ਨੂੰ ਇਹ ਸੀ ਕਿ ਲੁੱਟ ਕੇ ਆਪਣੇ ਘਰ ਭਰ ਲਈਏ ਸਾਰੇ ਇਲਾਕੇ ਦਾ ਮਾਮਲਾ ਉਗਰਾਹ ਲਈਏ। ਇਸ ਕਰਕੇ ਤਿੰਨ ਆਪੋ ਆਪਣੇ ਇਲਾਕੇ ਵਿਚ ਲੱਗੇ ਨੇ ਫੌਜਦਾਰ।

ਜਾਲੀਦੀਨ ਪਰਜੋ ਹਿਠਲੁ ਬਾਗ॥ ਜਾਲੀਦੀਨ ਜਿਹੜਾ ਹੇਠਲਾ ਇਲਾਕਾ ਬਾਗਾਂ ਵਾਲਾ ਹੇਠਲਾ ਦੁਆਬੇ ਦੇ ਏਥੇ ਜਾਲੀਦੀਨ ਆ ਗਿਆ ਹੈ, ਸਿੰਘਾਂ ਦੇ ਦੁਆਲੇ ਹੋਇਆ ਹੈ।

ਹੁਤੀ ਤੀਨਨ ਕੀ ਇਕ ਸਲਾਹਿ॥ ਇਹਨਾਂ ਤਿੰਨਾਂ ਪਠਾਣਾਂ ਦੀ ਇਕੋ ਰਮਜ਼ ਸੀ, ਇਕੋ ਸਲਾਹ ਸੀ।

ਮੁਲਕ ਲੁਟਜੋ ਔ ਲਿਓ ਉਗਰਾਹਿ॥੭॥ ਕਿ ਮੁਲਕ ਨੂੰ ਖੂਬ ਲੁੱਟੋ ਤੇ ਨਾਲ ਹੀ ਮਾਮਲਾ ਉਗਰਾਹੀ ਕਰ ਲਉ ਪਾਤਸ਼ਾਹੀ, ਸਾਰਾ ਮਾਮਲਾ ਖਜ਼ਾਨੇ ਦਾ ਇਕੱਠਾ ਕਰ ਲਵੋ। ੭।

ਰਹਿਤ ਜਹਾਂ ਥੇ ਥੋੜੇ ਸਿੱਖ॥ ਇਹ ਹੁਣ ਦੇਖਦੇ ਹਨ ਜਿਥੇ ਥੋੜੇ ਸਿਖ ਹੋਣ ਬਹੁਤੀ ਫੌਜ ਨਾ ਹੋਵੇ।

ਨਿਕਲ ਗਏ ਵੈ ਬਹੁ ਫੌਜ ਪਿੱਖ॥ ਜਿਥੇ ਥੋੜੇ ਥੋੜੇ ਸਿੱਖ ਰਹਿੰਦੇ ਸਨ ਉਹ ਬਹੁਤੀ ਸੈਨਾ ਨੂੰ ਦੇਖ ਕੇ ਉਹ ਵੀ ਛੱਡਕੇ ਚਲੇ ਗਏ, ਜਿਥੇ ਜਿਆਦਾ ਸਿੰਘ ਸਨ ਉਥੇ ਜਾ ਕੇ ਇਕੱਤਰ ਹੋ ਗਏ ਹਨ।

ਸਿੰਘਨ ਭੀ ਸੁਨਿਓ ਥੋ ਫੜਜਾ॥ ਸਿੰਘਾਂ ਨੂੰ ਖ਼ਬਰ ਹੋ ਗਈ ਸੀ ਕਿ ਬੰਦਾ ਬਹਾਦਰ ਕੁੱਲੂ ਵਿੱਚ ਫੜਿਆ ਗਿਆ ਹੈ।

ਇਮ ਕਰ ਔਰ ਕੋਊ ਨਹਿੰ ਅੜਜਾ॥੮॥ ਇਸ ਕਰਕੇ ਕੋਈ ਵੀ ਸਿੰਘ ਤੁਰਕ ਫੌਜਾਂ ਅੱਗੇ ਨਹੀਂ ਅੜਿਆ ਹੈ, ਸਭ ਛਡ ਛਡ ਕੇ ਅੱਗੇ ਤੁਰ ਗਏ ਹਨ। ੮।

ਬਾਜ ਸਿੰਘ ਦਿਲ ਇਤਨੀ ਆਈ॥ ਭਾਈ ਬਾਜ ਸਿੰਘ ਦੇ ਦਿਲ ਵਿੱਚ ਇਸ ਤਰ੍ਹਾਂ ਆਈ ਹੈ।

ਮੈਂ ਨਠ ਜਾਊਂ ਤੋ ਗੀਦੀ ਸਦਾਈ॥ ਹੁਣ ਜੇ ਮੈਂ ਗੜ੍ਹੀ ਨੂੰ ਛੱਡਕੇ ਭੱਜਾਂ ਕਿਸੇ ਪਾਸੇ ਮੈਨੂੰ ਤਾਂ ਲੋਕ ਗੀਦੀ ਆਖਣਗੇ ਜਿਥੇ ਮੈਂ ਬਹਾਦਰਾਂ ਵਿਚ ਗਿਣਿਆਂ ਜਾਂਦਾ ਹਾਂ, ਸੂਰਮਿਆਂ ਦੀ ਸਭਾ ਵਿੱਚ ਬੈਠਦਾ ਹਾਂ, ਮੈਨੂੰ ਸਿੰਘ ਕੀ ਆਖਣਗੇ? ਗੀਦੀ ਬਣ ਕੇ ਭੱਜਿਆ ਏਥੋਂ, ਇਉਂ ਸੋਚ ਕੇ ਮਨ ਦੇ ਵਿੱਚ।

ਜਾਇ ਬੰਦੇ ਕਜਾ ਮੁਖ ਦਿਖਾਊਂ॥ ਬੰਦੇ ਬਹਾਦਰ ਦੇ ਪਾਸ ਜਾ ਕੇ ਮੈਂ ਕੀ ਮੂੰਹ ਦਿਖਾਵਾਂਗਾ, ਭੱਜ ਕੇ ਆ ਗਿਆ ਹੈ ? ਡਰਦਾ ਭੱਜ ਆਇਆ ਉੱਥੋਂ।

ਸਭਾ ਸੂਰਨ ਕਬ ਬੈਠਨ ਪਾਊਂ॥੯॥ ਸੂਰਬੀਰਾਂ ਦੀ ਸਭਾ ਵਿੱਚ ਮੈਂ ਕਿਵੇਂ ਬੈਠੂੰਗਾ, ਕੀ ਮੂੰਹ ਲੈ ਕੇ ਬੈਠਾਂਗਾ। ੯।

ਸਿੰਘ ਬਾਜ ਔ ਖਾਂ ਸ਼ਮਸੋਊ॥ ਏਧਰ ਬਾਜ ਸਿੰਘ ਤੇ ਸ਼ੰਮਸ ਖਾਂ ਇਹ ਦੋਵੇਂ ਜਿਹੜੇ ਸਨ।

ਏ ਫਸ ਗਏ ਸੁ ਇਕ ਥਾਂ ਦੋਊ॥ ਇਹ ਦੋਵੇਂ ਇੱਕ ਥਾਂ ਫਸੇ ਹੋਏ ਹਨ, ਇਹਨਾਂ ਦੋਵਾਂ ਦੇ ਆਪਸ ਵਿੱਚ ਸਿੰਗ ਫਸ ਗਏ ਹਨ, ਆਪਸ ਵਿੱਚ ਦੋਵੇਂ ਅੜੇ ਬੈਠੇ ਨੇ।

ਜਾਲੀ ਦੀਨ ਬਹੁ ਖੁਸ਼ੀਆਂ ਕਰੇ॥ ਜਾਲੀਦੀਨ ਪਠਾਣ ਦੁਆਬੇ ਵਿੱਚ ਖੁਸ਼ੀਆਂ ਕਰ ਰਿਹਾ ਹੈ।

ਲੁਟੇ ਕੁਟੇ ਮੁਲਕ ਦ੍ਰਾਬੋ ਉਘਰੇ॥੧੦॥ ਉਹ ਦੁਆਬਾ ਉਗਰਾਹੁੰਦਾ ਹੈ, ਲੁੱਟਦਾ ਹੈ ਤੇ ਕੁੱਟਦਾ ਹੈ ਲੋਕਾਂ ਨੂੰ, ਬੜਾ ਜ਼ੋਰ ਜਬਰਦਸਤੀ ਕਰਕੇ ਇਹਨਾਂ ਤੋਂ ਧਨ ਲੈ ਰਿਹਾ ਹੈ। ੧੦।

ਦੋਹਰਾ॥ ਭਯੋ ਗੁਮਰਾਹਿ ਬਹੁ ਫੌਜ ਸੋਂ, ਕਹਿ ਸਿੰਘ ਅਬ ਨਦਰੀ ਪਾਇ॥ ਆਪਣੀ ਜਿਆਦਾ ਫੌਜ ਵੇਖ ਕੇ ਖੁਸ਼ ਫਹਿਮੀ ਹੋ ਗਈ ਹੈ, ਗੁਮਰਾਹ ਹੋ ਗਿਆ, ਕਹਿੰਦਾ ਹੁਣ ਸਿੰਘ ਮੈਨੂੰ ਕਿਤੇ ਨਜ਼ਰੀਂ ਪੈ ਜਾਣ, ਤਾਂ ਮੈਂ ਉਨ੍ਹਾਂ ਨੂੰ ਨਹੀਂ ਛੱਡਾਂਗਾ। ਕਿਉਂਕਿ ਸਿੰਘ ਤਾਂ ਸਾਰਾ ਇਲਾਕਾ ਖਾਲੀ ਕਰ ਕੇ ਚਲੇ ਗਏ ਹਨ, ਹੁਣ ਲੋਕਾਂ ਤੇ ਜ਼ੁਲਮ ਢਾਹੁੰਦਾ ਹੈ, ਆਮ ਪਰਜਾ ਨੂੰ ਫੜ ਫੜ ਕੇ ਕੁੱਟਦਾ ਹੈ ਤੇ ਮਾਮਲੇ ਲੈਂਦਾ ਹੈ, ਨਾਲੇ ਕਹਿੰਦਾ ਹੈ ਤੁਸੀਂ ਸਿੰਘਾਂ ਦੀ ਸਹਾਇਛਾ ਕੀਤੀ, ਉਹਨਾਂ ਦੀ ਸੇਵਾ ਤੁਸੀਂ ਕਰਦੇ ਰਹੇ ਹੋ।

ਮਾਰੋਂ ਸਸੇ ਸ਼ਿਕਾਰ ਜਿਮ, ਤੋ ਸ਼ੀਰਣੀ ਬੰਡੇ ਖੁਦਾਇ॥੧੧॥ ਜਿਵੇਂ ਸਹਾ ਮਾਰੀਦਾ ਹੈ ਇਉਂ ਮਾਰਾਂ ਸਿੰਘਾਂ ਨੂੰ ਤੇ ਖ਼ੁਦਾ ਦੇ ਨਾਮ ਦੀ ਸ਼ੀਰਣੀ ਵੰਡੀਏ, ਤੇ ਖੁਸ਼ੀਆਂ ਕਰੀਏ, ਮੌਜਾਂ ਕਰੀਏ। ੧੧।

ਚੌਪਈ॥ ਫੌਜ ਚੁਫੇਰੇ ਦਈ ਖਿੰਡਾਇ॥ ਜਾਲੀਦੀਨ ਨੇ ਆਪਣੀ ਫੌਜ ਨੂੰ ਲੁੱਟਣ ਵਾਸਤੇ ਦੂਰ ਦੂਰ ਤੱਕ ਖਿੰਡਾ ਦਿੱਤਾ ਹੈ।

ਲਾਲਚ ਪੈਸੇ ਲਗਿਓ ਵਾਇ॥ ਪੈਸੇ ਲੈ ਕੇ ਆਉਂਦੀ ਹੈ ਇਕੱਠੇ ਕਰ ਕਰ ਕੇ, ਇਉਂ ਜਾਲੀਦੀਨ ਲਾਲਚ ਵਿੱਚ ਲਗ ਗਿਆ ਹੈ।

ਬੇਗਮ ਹੁਇ ਆਪ ਬਹਿ ਰਹਿ ਡੇਰੇ॥ (ਬੇਗਮ) ਬਿਨਾਂ ਗ਼ਮ ਤੋਂ ਹੋ ਕੇ ਜਾਲੀਦੀਨ ਆਪਣੇ ਡੇਰੇ ਵਿੱਚ ਬਹਿ ਗਿਆ ਹੈ, ਕੋਈ ਫਿਕਰ ਨਹੀਂ ਹੈ ਇਸਨੂੰ ਕਿਸੇ ਦਾ।

ਕਹੈ ਸਿੰਘ ਸਭ ਸ਼ੰਮਸ ਖਾਂ ਘੇਰੇ॥੧੨॥ ਜਾਲੀਦੀਨ ਪਠਾਣ ਫੌਜਦਾਰ ਮਨ ਵਿਚ ਕਹਿੰਦਾ ਹੈ ਕਿ ਸਿੰਘਾਂ ਨੂੰ ਤਾਂ ਸਾਰਿਆਂ ਨੂੰ ਲੋਹਗੜ੍ਹੀ ਵਿਚ ਸ਼ੰਮਸ ਖਾਂ ਨੇ ਘੇਰਿਆ ਹੋਇਆ ਹੈ । ਉਥੇ ਖਾਲਸਾ ਸਾਰਾ ਘਿਰਿਆ ਹੋਇਆ ਹੈ, ਇਉਂ ਬੇ-ਫਿਕਰ ਹੋਇਆ ਹੋਇਆ ਹੈ ਸਿੰਘਾਂ ਤੋਂ। ੧੨।

ਬਾਜ ਸਿੰਘ ਨੇ ਸਭ ਸੁਨ ਪਾਈਂ॥ ਇਹ ਸਭ ਗੱਲਾਂ ਬਾਜ ਸਿੰਘ ਨੇ ਸੁਣ ਲਈਆਂ ਹਨ, ਕਿ ਉਹ ਤਾਂ ਬੇ-ਫਿਕਰ ਹੋਇਆ ਫਿਰਦਾ ਹੈ।

ਸੋ ਚਾਹਤ ਉਸ ਪਰ ਕਰੋਂ ਧਾਈਂ॥ ਉਹ ਹੁਣ ਉਸ ਦੇ ਉਤੇ ਭਾਵ ਬਾਜ ਸਿੰਘ ਜਾਲੀਦੀਨ ਤੇ ਧਾਵਾ ਬੋਲਣਾ ਚਾਹੁੰਦਾ ਹੈ।

ਬਾਜ ਸਿੰਘ ਜਬ ਉੱਦਮ ਕਰਾ॥ ਜਦੋਂ ਬਾਜ ਸਿੰਘ ਨੇ ਜਾਲੀਦੀਨ ਦੇ ਉਪਰ ਬਾਜ ਦੀ ਤਰ੍ਹਾਂ ਝਪਟਣ ਦਾ ਉੱਦਮ ਕੀਤਾ ਹੈ।

ਲੋਹਿਗੜ੍ਹੀ ਛੱਡ ਉਸ ਵਲ ਤੁਰਾ॥੧੩॥ ਉਸੇ ਵੇਲੇ ਲੋਹਗੜ੍ਹੀ ਨੂੰ ਛਡ ਕੇ ਪੰਜ ਸੌ ਸਵਾਰ ਨਾਲ ਲੈ ਕੇ ਗੁਪਤ ਰਸਤੇ ਨਿਕਲ ਗਿਆ ਹੈ ਬਾਜ ਸਿੰਘ ਤੇ ਜਾਲੀਦੀਨ ਵੱਲ ਨੂੰ ਦੁਆਬੇ ਨੂੰ ਤੁਰ ਪਿਆ ਹੈ। ੧੩।

ਤਊ ਰਾਤ ਕੋ ਕੀਨੀ ਧਾਈਂ॥ ਰਾਤੋ ਰਾਤ ਹੀ ਲੋਹਿਗੜੀ ਵਿਚੋਂ ਚੜ੍ਹਾਈ ਕਰ ਦਿੱਤੀ ਹੈ।

ਸਿਖਰ ਦੁਪਹਿਰੇ ਪਹੁੰਚਜੋ ਜਾਈਂ॥ ਜਿਥੇ ਜਾਲੀਦੀਨ ਡੇਰਾ ਲਾਈ ਬੈਠਾ ਸੀ, ਸਿਖਰ ਦੁਪਹਿਰੇ ਭਾਈ ਬਾਜ ਸਿੰਘ ਆਪਣੀ ਫੌਜ ਲੈ ਕੇ ਪਹੁੰਚ ਗਿਆ ਹੈ।

ਅਚਾਣਚੱਕ ਤਿਸ ਪਰ ਜਾ ਪੜਾ॥ ਅਚਨਚੇਤ ਹੀ ਉਸਦੇ ਉਪਰ ਜਾ ਪਿਆ ਹੈ ਬਾਜ ਸਿੰਘ ਹੱਲਾ ਕਰਕੇ।

ਮਾਰ ਲਯੋ ਵਹਿ ਡੇਰੇ ਖੜਾ॥੧੪॥ ਡੇਰੇ ਵਿਚ ਖੜੇ ਨੂੰ ਹੀ ਜਾ ਮਾਰਿਆ ਹੈ ਭਾਈ ਬਾਜ ਸਿੰਘ ਨੇ ਜਾਲੀਦੀਨ ਪਠਾਣ ਨੂੰ। ੧੪।

ਦੋਹਰਾ॥ ਬਾਜ ਸਿੰਘ ਪਜੋ ਬਾਜ ਜਿਉਂ, ਲਜੋ ਜਾਲੀ ਬਟੇਰੋ ਦੱਬ॥ ਜਿਵੇਂ ਬਾਜ ਬਟੇਰਿਆਂ ਨੂੰ ਦੱਬ ਲੈਂਦਾ ਹੈ, ਇਉਂ ਬਾਜ ਸਿੰਘ ਲੋਹਗੜ੍ਹੀ ਵਿਚੋਂ ਬਾਜ ਦੀ ਤਰ੍ਹਾਂ ਪਿਆ ਹੈ ਨਿਕਲ ਕੇ, ਜਾਲੀਦੀਨ ਨੂੰ ਬਟੇਰੇ ਵਾਂਗ ਉਥੇ ਹੀ ਦੱਬ

ਲਿਆ ਹੈ।

ਸਿੰਘਨ ਮਾਰਤ ਸੋ ਮੁਯੋ, ਦੇਖੋ ਰੱਬ ਸਬੱਬ॥੧੫॥ ਦੇਖੋ ਰੱਬ ਨੇ ਕੀ ਸਬੱਬ ਬਣਾਇਆ ਹੈ ਕਿ ਜਾਲੀਦੀਨ ਸਿੰਘਾਂ ਨੂੰ ਮਾਰਦਾ ਹੋਇਆ ਆਪ ਹੀ ਸਿੰਘਾਂ ਦੀ ਤੇਗ ਦੀ ਭੇਟ ਹੋ ਗਿਆ ਹੈ। ੧੫।

ਪ੍ਰਸੰਗ ਸ਼ੰਮਸ ਖਾਂ ਔਰ ਬਜੀਦ ਖਾਨ ਕਾ

(ਬੰਦੇ ਨੇ ਸ਼ੰਮਸ ਖਾਂ ਤੇ ਵਜੀਦ ਖਾਂ ਨੂੰ ਮਾਰਿਆ)

ਚੌਪਈ॥ ਜਿਨ ਜਹਿ ਸੁਨਾ ਜਾਲੀਦੀਨ ਮਾਰਾ॥ ਜਿਹੜੀ ਫੌਜ ਖਿਲਰੀ ਉਗਰਾਹੀ ਤੇ ਚੜ੍ਹੀ ਹੋਈ ਸੀ ਫੌਜਦਾਰ ਸਰਦਾਰਾਂ ਨੂੰ ਨਾਲ ਲੈ ਕੇ, ਜਦੋਂ ਉਨ੍ਹਾਂ ਨੂੰ ਪਤਾ ਲੱਗਾ ਖਬਰ ਪਹੁੰਚੀ ਕਿ ਜਾਲੀਦੀਨ ਡੇਰੇ ਸਮੇਤ ਮਾਰਿਆ ਗਿਆ ਹੈ, ਪਤਾ ਨਹੀਂ ਸਿੰਘ ਕਿਥੋਂ ਆ ਪਏ ਨੇ, ਜਿਸ ਜਿਸ ਨੇ ਜਿਥੇ ਜਿਥੇ ਸੁਣਿਆ ਹੈ।

ਸੋ ਨੱਠ ਚਲਜੋ ਨ ਆਪ ਸੰਭਾਰਾ॥ ਉਹਨਾਂ ਨੇ ਆਪਣਾ ਆਪ ਨਹੀਂ ਸੰਭਾਲਿਆ ਹੈ, ਜਿਸਨੇ ਸੁਣਿਆ ਹੈ ਉਹੀ ਭੱਜ ਤੁਰਿਆ ਹੈ। ਜਿਧਰ ਨੂੰ ਕਿਸੇ ਦਾ ਮੂੰਹ ਹੋਇਆ ਹੈ, ਉੱਧਰ ਨੂੰ ਹੀ ਨੱਠ ਤੁਰੀ ਹੈ ਫੌਜ ਸਾਰੀ।

ਭੂਪ ਬਿਨਾ ਕੌ ਕਰੇ ਲਰਾਈ॥ ਜਦੋਂ ਰਾਂਜਾ ਮਾਰਿਆ ਗਿਆ ਕੌਣ ਲੜਾਈ ਕਰੇ, ਸਰਦਾਰਾਂ ਬਿਨਾਂ ਫੌਜ ਨਹੀਂ ਲੜਦੀ ਹੈ।

ਇਮ ਕਰ ਸਬਹਨ ਨੱਠਨ ਤਕਾਈ॥੧॥ ਇਸ ਤਰ੍ਹਾਂ ਕਰਕੇ ਜਿੰਨੀ ਫੌਜ ਖਿਲਰੀ ਹੋਈ ਸੀ ਥਾਵਾਂ ਥਾਵਾਂ ਤੇ, ਸਭ ਨੇ ਭੱਜਣ ਦੀ ਕੀਤੀ ਹੈ ਜਾਲੀਦੀਨ ਨੂੰ ਮਰਵਾ ਕੇ ਸਭ ਨੇ ਨਿਕਲਨ ਦੀ ਕੀਤੀ ਹੈ। ੧।

ਕਹਿ ਅਸਮਾਨੋਂ ਕਜਾ ਬਿਜ ਪਰੀ॥ ਆਪਸ ਵਿੱਚ ਕਹਿੰਦੇ ਹਨ, ਪਤਾ ਨਹੀਂ ਕੀ ਅਸਮਾਨ ਵਿਚੋਂ ਹੀ ਕੋਈ ਬਿੱਜ ਆ ਪਈ ਹੈ, ਬਿਜਲੀ ਵਾਂਗ ਪਿਆ ਉਤੋਂ ਅਸਮਾਨ ਵਿਚੋਂ ਕੋਈ ਆ ਕੇ ਪਤਾ ਨਹੀਂ ਕੌਣ ਸੀ ਕੌਣ ਨਹੀਂ, ਇਹ ਵੀ ਪਤਾ ਨਹੀਂ ਕਿ ਕੌਣ ਆਇਆ ਸੀ।

ਆਨ ਮਾਰੇ ਸਭ ਬਿਚ ਇਕ ਘਰੀ॥ ਇੱਕ ਘੜੀ ਦੇ ਵਿੱਚ ਆ ਕੇ ਸਭ ਵੱਡੇ ਵੱਡੇ ਖਾਨ ਮਾਰ ਕੇ ਸੁੱਟ ਦਿੱਤੇ ਹਨ । ਸਾਰੀ ਫੌਜ ਬਿਚਲਾ ਦਿੱਤੀ ਹੈ ਇੱਕ ਦਿਨ ਵੀ ਨਹੀਂ ਲੜਿਆ ਕੋਈ ਸਾਹਮਣੇ ਆ ਕੇ।

ਸਿੰਘ ਪੰਜ ਸੈ ਥਾ ਉਸ ਸਾਥ॥ ਬਾਜ ਸਿੰਘ ਦੇ ਨਾਲ ਸਿਰਫ ਪੰਜ ਸੌ ਸਿੰਘ ਸਨ ਗਿਣਤੀ ਦੇ। ਪੰਜ ਸੌ ਦੇ ਨਾਲ ਹਜ਼ਾਰਾਂ ਦੀ ਤਦਾਦ ਦੇ ਵਿੱਚ ਤੁਰਕ ਫੌਜਾਂ ਮਾਰ ਘੱਤੀਆਂ ਉਸਨੇ।

ਕਹਾਂ ਲਗੇ ਤੇ ਮਾਰੇ ਹਾਥ॥੨॥ ਜਿਥੋਂ ਤੱਕ ਬਲ ਪਿਆ ਉਹਦਾ, ਉਹਨੇ ਪਿੱਛਾ ਕੀਤਾ ਫੌਜ ਦਾ, ਚੰਗੇ ਲੰਬੇ ਹੱਥ ਮਾਰੇ ਉਸਨੇ ਫੌਜ ਉਤੇ। ੨।

ਮੁਲਕ ਚੌਫੇਰਜੋਂ ਲੁੱਟਨ ਪੜਾ॥ ਪਹਿਲਾਂ ਤਾਂ ਤੁਰਕ ਫੌਜਾਂ ਪਰਜਾ ਨੂੰ ਲੁੱਟਣ ਵਿੱਚ ਲੱਗੀਆਂ ਹੋਈਆਂ ਸਨ ਜਾਲੀਦੀਨ ਦੀ ਅਗਵਾਈ ਵਿੱਚ, ਹੁਣ ਜਾਲੀਦੀਨ ਮਰੇ ਤੋਂ ਦੁਆਬੇ ਦੇਸ਼ ਦੇ ਲੋਕ ਚਾਰ ਚੌਫੇਰਿਓਂ ਜਾਲੀਦੀਨ ਦੇ ਡੇਰੇ ਨੂੰ ਲੁੱਟਣ ਵਾਸਤੇ ਪੈ ਨਿਕਲੇ । ਕੋਈ ਜਿਉਂਦਾ ਤੇ ਕੋਈ ਮੁਰਦਾ ਜਿਹੋ ਜਿਹਾ ਕੋਈ ਹੱਥ ਲੱਗਿਆ, ਸਭ ਨੂੰ ਮਾਰਿਆ ਤੇ ਸਭ ਨੂੰ ਲੁੱਟਿਆ ਚੰਗੀ ਤਰ੍ਹਾਂ।

ਤੁਰਕਨ ਲੁਟ ਕਰ ਸੋ ਰੱਜ ਖੜਾ॥ ਸਾਰੇ ਮੁਲਕ ਨੇ ਤੁਰਕਾਂ ਨੂੰ ਲੁੱਟ ਕੇ ਫੇਰ ਰੱਜ ਕੇ ਖੜਾ ਹੋ ਗਿਆ ਹੈ । ਕਿਉਂਕਿ ਤੁਰਕ ਫੌਜਾਂ ਨੇ ਲੋਕਾਂ ਨੂੰ ਉਜਾੜਿਆ ਸੀ, ਉਹਨਾਂ ਦੇ ਘਰ ਤਬਾਹ ਕਰ ਦਿੱਤੇ ਸਨ, ਹੁਣ ਲੋਕਾਂ ਨੇ ਇਹਨਾਂ ਨੂੰ ਲੁੱਟ ਕੇ ਆਪਣੇ ਘਰ ਭਰ ਲਏ ਹਨ, ਇਉਂ ਫੇਰ ਸਾਰਾ ਮੁਲਕ ਤਕੜਾ ਹੋ ਗਿਆ।

ਤੁਰਕਨ ਸੰਗ ਥੇ ਕਈ ਲੁਟੇਰੇ॥ ਤੁਰਕ ਦੀ ਸੈਨਾ ਦੇ ਨਾਲ ਬਹੁਤ ਸਾਰੇ ਲੁਟੇਰੇ ਲੁੱਟਣ ਵਾਲੇ ਰਲੇ ਹੋਏ ਸਨ।

ਆਏ ਜੁ ਲੁੱਟਨ ਘਰੋਂ ਘਨੇਰੇ॥੩॥ ਜਿਹੜੇ ਘਰੋਂ ਹੀ ਬਹੁਤੇ ਲੁੱਟਣ ਦੀ ਮਨਸ਼ਾ ਧਾਰ ਕੇ ਆਇ ਸਨ। ੩।

ਸ਼ੰਮਸ ਖਾਨ ਥੋ ਮਗਰੇ ਜਾਤ॥ ਸ਼ੰਮਸ ਖਾਂ ਨੇ ਲੋਹਗੜ੍ਹੀ ਵਿੱਚ ਬਾਜ ਸਿੰਘ ਨੂੰ ਘੇਰਿਆ ਹੋਇਆ ਸੀ । ਜਦੋਂ ਇਸਨੂੰ ਪਤਾ ਲੱਗਾ ਕਿ ਬਾਜ ਸਿੰਘ ਗੜ੍ਹੀ ਵਿਚੋਂ ਗੁਪਤ ਰਸਤੇ ਨਿਕਲ ਗਿਆ ਹੈ ਤੇ ਇਹ ਬਾਜ ਸਿੰਘ ਦਾ ਪਿਛਾ ਕਰਦਾ ਹੋਇਆ ਉਸਦੇ ਮਗਰ ਹੀ ਜਾ ਰਿਹਾ ਸੀ।

ਆਨ ਪਰੀ ਤਿਸ ਕੰਨ ਯਹਿ ਬਾਤ॥ ਸ਼ੰਮਸ ਖਾਨ ਦੇ ਕੰਨਾਂ ਵਿਚ ਜਾਲੀਦੀਨ ਮਾਰਨ ਦੀ ਇਹ ਖ਼ਬਰ ਆ ਪਈ ਹੈ।

ਕਹਜੋ ਉਸੈ ਥੋ ਵਕੂਫ ਕੁਛ ਨਾਂਹਿ॥ ਕਹਿਣ ਲੱਗਾ ਸ਼ੰਮਸ ਖਾਂ ਕਿ ਉਹ ਤਾਂ ਬੇਵਕੂਫ ਸੀ, ਉਹਨੂੰ ਤਾਂ ਪਤਾ ਹੀ ਨਹੀਂ ਸੀ ਕਿ ਮੈਨੂੰ ਵੀ ਕੋਈ ਬਲਾਅ ਆ ਕੇ ਪਵੇਗੀ।

ਪਾਸੋਂ ਸਭ ਫੌਜ ਦਈ ਚੜ੍ਹਾਇ॥੪॥ ਬੇਵਕੂਫ ਨੇ ਕੀ ਕੀਤਾ ਹੈ? ਆਪ ਤਾਂ ਡੇਰਾ ਪਾ ਕੇ ਬੈਠ ਗਿਆ ਹੈ ਜਾਲੀਦੀਨ, ਤੇ ਆਪਣੇ ਨਾਲੋਂ ਫੌਜ ਸਭ ਚੜ੍ਹਾ ਦਿੱਤੀ ਹੈ, ਜਾਉ ਲੁੱਟੋ ਤੇ ਲਿਆਉ ਮਾਮਲੇ, ਕਹਿੰਦਾ ਕਿੱਡੀ ਬੇਵਕੂਫੀ ਕੀਤੀ ਉਸਨੇ, ਜਾਲੀਦੀਨ ਇਉਂ ਮਾਰਿਆ ਗਿਆ ਹੈ। ੪।

ਦੋਹਰਾ॥ ਦੇਖੋ ਹਮ ਉਸ ਮਾਰਿ ਹੈਂ, ਜੁ ਹਮ ਤੇ ਨਠ ਗਜੋ ਹਾਰ॥ ਇਹ ਜਿਹੜਾ ਸ਼ੰਮਸ ਖਾਂ ਹੈ ਇਹ ਹੰਕਾਰ ਕਰਦਾ ਹੈ, ਕਹਿੰਦਾ ਦੇਖਿਓ ਹੁਣ, ਹੁਣ ਮੈਂ ਮਾਰਦਾ ਹਾਂ ਉਸਨੂੰ, ਮੈਥੋਂ ਹਾਰ ਕੇ ਭੱਜਿਆ ਹੈ ਬਾਜ ਸਿੰਘ ਨੱਠਿਆ ਹੈ ਮੈਥੋਂ ਡਰਦਾ, ਹੁਣ ਮੈਂ ਏਸ ਨੂੰ ਛੱਡਦਾ ਨਹੀਂ ਹਾਂ ਇਹਨੇ ਜਾਲੀਦੀਨ ਨੂੰ ਤਾਂ ਮਾਰ ਹੀ ਲਿਆ ਹੈ।

ਤਬ ਲੋਕਨ ਉਸ ਕੋ ਕਹਾ, ਲਿਖ ਚਾਚੇ ਕਰ ਖਬ੍ਦਾਰ॥੫॥ ਸ਼ੰਮਸ ਖਾਂ ਦੇ ਨਾਲ ਜੋ ਸਿਆਣੇ ਲੋਕ ਸਨ ਉਹ ਇਸਨੂੰ ਕਹਿੰਦੇ ਹਨ, ਸ਼ੰਮਸ ਖਾਂ ਦਾ ਚਾਚਾ ਲਗਦਾ ਸੀ ਬਜੀਦ ਖਾਂ ਜਿਹੜਾ ਪਠਾਣ ਕੋਟ ਵੱਲ ਵਧਿਆ ਹੋਇਆ ਸੀ, ਕਹਿੰਦੇ ਹਨ ਉਹਨੂੰ ਚਿੱਠੀ ਲਿਖ ਕਿ ਖ਼ਬਰਦਾਰ ਹੋਵੇ, ਕਿ ਹੋਸ਼ ਕਰ ਕਿਤੇ ਉਹ ਨਾ ਰਗੜਿਆ ਜਾਂਦਾ ਹੋਵੇ, ਤੂੰ ਆਪਣੀ ਜਾਨ ਬਚਾ ਕਿਤੇ ਸਿੰਘਾਂ ਨੂੰ ਮਾਰਦਾ ਆਪ ਹੀ ਨਾ ਰਗੜਿਆ ਜਾਈਂ। ਸਿਆਣੇ ਲੋਕਾਂ ਨੇ ਸਮਝਾਇਆ ਕਿ ਆਪਣੇ ਚਾਚੇ ਨੂੰ ਖਬਰਦਾਰ ਕਰ ਤੇ ਆਪ ਵੀ ਖਬਰਦਾਰ ਹੋ। ੫।

ਚੌਪਈ॥ ਮਤ ਇਮ ਉਸ ਕੋ ਲੇਵੈ ਮਾਰ॥ ਉਸਨੂੰ ਖ਼ਬਰਦਾਰ ਕਰ ਦੇਹ ਮਤਾਂ ਕਿਤੇ ਉਹਨੂੰ ਵੀ ਮਾਰ ਲੈਂਦਾ ਹੋਵੇ, ਬਾਜ ਸਿੰਘ ਜਾ ਕੇ।

ਚਲੋ ਰਲੋ ਤੁਮ ਉਸ ਕੇ ਨਾਰ॥ ਹੁਣ ਤੁਸੀਂ ਚਲੋ ਆਪਣੇ ਵਜ਼ੀਦ ਖਾਂ ਦੇ ਨਾਲ ਚਲ ਕੇ ਰਲੋ, ਦੋਵੇਂ ਇਕੱਠੇ ਹੋ ਜਾਉ, ਇਕੱਲੇ ਇਕੱਲੇ ਨਾ ਵਿਚਰੋ।

ਤਬ ਤਿਸ ਕੋ ਬਹੁ ਚਿੰਤਾ ਪਰੀ॥ ਜਦੋਂ ਸਿਆਣੇ ਲੋਕਾਂ ਨੇ ਸਲਾਹ ਦਿੱਤੀ ਕਿ ਵਜ਼ੀਦ ਖਾਂ ਦੇ ਨਾਲ ਰਲ ਜਾ ਕੇ, ਨੇੜੇ ਲੱਗ ਜਾ ਕੇ ਉਸਦੀ ਬੱਚਤ ਤੇਰੀ ਬੱਚਤ ਹੋ ਸਕਦੀ ਹੈ, ਇਹ ਸੁਣਕੇ ਤਦੋਂ ਸ਼ੰਮਸ ਖਾਂ ਨੂੰ ਬਹੁਤੀ ਚਿੰਤਾ ਹੋ ਗਈ ਹੈ।

ਘਲ ਹਲਕਾਰੇ ਚੌਕਸੀ ਕਰੀ॥੬॥ ਉਸਨੇ ਇੱਕ ਦਮ (ਹਲਕਾਰੇ) ਘੋੜ ਸਵਾਰ ਭੇਜੇ ਆਪਣੇ ਚਾਚੇ ਬਜ਼ੀਦ ਖਾਂ ਕੋਲ, (ਚੌਕਸੀ) ਖਬਰਦਾਰ ਕੀਤਾ ਹੈ ਉਸਨੂੰ। ੬।

ਹਮ ਤੁਮ ਰਲ ਕੈ ਕਰੈਂ ਲਰਾਈ॥ ਇਸ ਤਰ੍ਹਾਂ ਸੁਨੇਹਾ ਭੇਜ ਦਿੱਤਾ ਬਜੀਦ ਖਾਂ ਨੂੰ, ਮੈਨੂੰ ਆ ਲੈਣ ਦਿਉ, ਅਸੀਂ ਤੁਸੀਂ ਦੋਵੇਂ ਰਲ ਕੇ ਸਿੰਘਾਂ ਨਾਲ ਲੜਾਈ ਕਰਾਂਗੇ, ਇਕੱਲਾ ਨਾ ਅੱਗੇ ਵਧੀਂ ਕਿਸੇ ਪਾਸੇ।

ਹਮ ਬਿਨ ਅਗੇ ਤੂੰ ਪੈਰ ਨ ਪਾਈਂ॥ ਜਿੰਨਾਂ ਚਿਰ ਮੈਂ ਨਹੀਂ ਰਲਦਾ ਤੇਰੇ ਨਾਲ, ਅੱਗੇ ਪੈਰ ਨਹੀਂ ਪੁੱਟਣਾ, ਤੂੰ ਪਿਛੇ ਰਹੀਂ ਉੱਤਨੀ ਦੇਰ।

ਐਸੋ ਖੌਫ ਬਾਜ ਸਿੰਘ ਕਾ ਪੜਾ॥ ਐਸਾ ਬਾਜ ਸਿੰਘ ਦਾ (ਖੌਫ) ਡਰ ਪਿਆ ਹੈ ਤੁਰਕਾਂ ਨੂੰ।

ਸਭ ਤੁਰਕਨ ਕੋ ਕਾਂਬਾ ਚੜ੍ਹਾ॥੭॥ ਇਹ ਸੁਣ ਕੇ ਕਿ ਬਾਜ ਸਿੰਘ ਆ ਪਿਆ ਹੈ ਜਾਲੀਦੀਨ ਤੇ, ਸਭ ਤੁਰਕਾਂ ਨੂੰ ਕਾਂਬਾ ਚੜ੍ਹ ਗਿਆ ਹੈ, ਤੁਰਕ ਫੌਜਦਾਰ ਬਾਜ ਸਿਘ ਦੇ ਨਾਮ ਤੋਂ ਥਰ ਥਰ ਕੰਬਦੇ ਹਨ। ੭।

ਤਬ ਵੈ ਦੋਨੋਂ ਇੱਕ ਠਾਂ ਹੋਏ॥ ਤਦੋਂ ਇਹ ਦੋਨੋਂ ਫੌਜਦਾਰ ਚਾਚਾ ਭਤੀਜਾ ਬਜੀਦ ਖਾਂ ਤੇ ਸ਼ੰਮਸ ਖਾਂ ਦੋਵੇਂ ਇੱਕ ਥਾਂ ਇਕੱਠੇ ਹੋ ਗਏ ਹਨ ਸਿੰਘਾਂ ਦਾ ਟਾਕਰਾ ਕਰਨ ਵਾਸਤੇ।

ਚਾਚੋ ਭਤੀਜੋ ਤੋ ਕੁਛ ਸੋਏ॥ ਚਾਚਾ ਭਤੀਜਾ ਇਹ ਦੋਵੇਂ ਫੌਜਦਾਰ ਇਕੱਠੇ ਹੋਏ ਹਨ, ਤਾਂ ਕੁਛ ਨੀਂਦ ਆਈ ਹੈ ਦੋਵਾਂ ਨੂੰ ਥੋੜੀ ਬਹੁਤੀ ਹੁਣ ਸੌਣ ਲੱਗੇ ਹਨ, ਨਹੀਂ ਡਰਦੇ ਜਾਗਦੇ ਰਹਿੰਦੇ ਸਨ ਕਿ ਪਤਾ ਨਹੀਂ ਕਦੋਂ ਆ ਪੈਣਾ ਉਸਨੇ।

ਡਰਤ ਸਿੰਘਨ ਤੇ ਤੇ ਗਿੰਹ ਖੜੇ॥ ਇਹਨਾਂ ਤੇ ਸਿੰਘਾਂ ਦਾ ਦਾਬਾ ਪਿਆ ਹੈ, ਭਾਵੇਂ ਫੌਜਦਾਰ ਨੇ ਪਰ ਡਰਦੇ ਸਿੰਘਾਂ ਤੋ, ਉਹ ਇਸ ਤਰ੍ਹਾਂ ਖੜ੍ਹੇ ਰਹਿੰਦੇ ਹਨ ਕਿ ਮਤਾਂ ਹੁਣ ਆਇਆ ਕਿ ਹੁਣ ਆਇਆ ਬਾਜ ਸਿੰਘ, ਐਡਾ ਭੈ ਹੋ ਗਿਆ ਇਹਨਾਂ ਨੂੰ।

ਮਤ ਕਿਤ ਆਇ ਹਮੈਂ ਪਰ ਪੜੇ॥੮॥ ਮਤਾਂ ਕਿਤੇ ਸਾਡੇ ਉੱਪਰ ਨਾ ਆ ਪੈਂਦਾ ਹੋਵੇ ਬਾਜ ਸਿੰਘ। ੮।

ਆਗੈ ਸੁਣੋਂ ਬੰਦੇ ਕੀ ਬਾਤ॥ ਬੰਦਾ ਬਹਾਦਰ ਜੋ ਖਾਲਸੇ ਨੂੰ ਛੱਡ ਕੇ ਪਹਾੜਾਂ ਨੂੰ ਚੜ੍ਹ ਗਿਆ ਸੀ ਹੁਣ ਅੱਗੇ ਉਸ ਦੀ ਕਹਾਣੀ ਸੁਣੋ।

ਦੁਇ ਫੁਜਦਾਰ ਕੀਏ ਜਿਮ ਘਾਤ॥ ਜਿਵੇਂ ਬੰਦਾ ਸਿੰਘ ਬਹਾਦਰ ਪਹਾੜਾਂ ਤੋਂ ਉਤਰ ਕੇ ਆਉਂਦਾ ਹੈ ਅਤੇ ਇਹਨਾਂ ਦੋਵਾਂ ਫੌਜਦਾਰਾਂ ਨੂੰ ਮਾਰਿਆ ਹੈ ਆ ਕੇ।

ਜਬ ਸਿੰਘਨ ਪਰ ਪਰੀ ਥੀ ਭੀਰ॥ ਜਦੋਂ ਦੁਆਬੇ ਵਿੱਚ ਚਾਚਾ ਭਤੀਜਾ ਦੋਵੇਂ ਇਕੱਠੇ ਹੋ ਗਏ ਤੇ ਸਿੰਘਾਂ ਤੇ ਭੀੜ ਪਈ, ਸਿੰਘਾਂ ਨੂੰ ਘੇਰ ਕੇ ਬਹਿ ਗਏ ਸਨ, ਬੜੀ ਲੜਾਈ ਹੋ ਰਹੀ ਸੀ, ਸਿੰਘਾਂ ਉੱਤੇ ਆ ਕੇ ਬੜੀ ਬਿਪਤਾ ਟੁੱਟੀ ਸੀ।

ਬੰਦੈ ਕੀਨੀ ਯੌਂ ਤਦਬੀਰ॥੯॥ ਬੰਦੇ ਬਹਾਦਰ ਨੇ ਜੋ ਪਿੰਜਰੇ ਵਿੱਚ ਬੰਦ ਹੋਇਆ ਹੋਇਆ ਸੀ, ਉਥੇ ਹੀ ਸਿੰਘਾਂ ਦੀ ਮਦਦ ਵਾਸਤੇ ਇਉਂ ਤਰੀਕਾ ਸੋਚਿਆ ਹੈ। ੯।

ਬੀਰਨ ਕਹਜੋ ਹਮ ਲੈ ਚਲ ਮੰਡੀ॥ ਬੀਰਾਂ ਨੂੰ ਹੁਕਮ ਲਾਇਆ ਕਿ ਮੈਨੂੰ ਪਿੰਜਰੇ ਸਮੇਤ ਸਕੇਤ ਮੰਡੀ ਲੈ ਚਲੋ ਸੁਧਰ ਸੈਨ ਰਾਜੇ ਕੋਲ।

ਨੀਹਲ ਚਲ ਖੜਕਾਵੇਂ ਚੰਡੀ॥ (ਨੀਹਲ) ਜੋ ਪਹਾੜ ਦੇ ਹੇਠਾਂ ਹੇਠਾਂ ਜੋ ਦੁਆਬਾ ਦੇਸ ਹੈ ਉਥੇ ਚਲ ਕੇ ਚੰਡੀ ਖੜਕਾਉਂਦੇ ਹਾਂ। ਉਥੇ ਤੁਰਕਾਂ ਦਾ ਤੇ ਸਿੰਘਾਂ ਦਾ ਘੋਲ ਹੋ ਰਿਹਾ ਸੀ, ਯੁੱਧ ਹੋ ਰਿਹਾ ਸੀ।

ਤਬ ਬੀਰਨ ਨੇ ਸੋਊ ਕਰਿਓ॥ ਤਦੋਂ ਬੀਰਾਂ ਨੇ ਉਹੀ ਕੀਤਾ ਜੋ ਬੰਦੇ ਬਹਾਦਰ ਨੇ ਹੁਕਮ ਕੀਤਾ ਸੀ।

ਲੋਹ ਪਿੰਜਰੋ ਲੈ ਮੰਡੀ ਧਰਿਓ॥੧੦॥ ਉਹ ਲੋਹੇ ਦਾ ਪਿੰਜਰਾ ਜਿਸ ਵਿੱਚ ਬੰਦਾ ਬਹਾਦਰ ਬੰਦ ਕੀਤਾ ਹੋਇਆ ਸੀ ਤਾਲਾ ਲਾ ਕੇ, ਪਿੰਜਰਾ ਸ਼ੁਕਦਾ ਹੋਇਆ ਪਹਾੜਾਂ ਨੂੰ ਚੜ੍ਹ ਗਿਆ ਹੈ ਅਤੇ ਪਿੰਜਰੇ ਨੂੰ ਸੁਧਰ ਸੈਨ ਰਾਜੇ ਸਕੇਤ ਮੰਡੀ ਵਾਲੇ ਕੋਲ ਲਿਆ ਰੱਖਿਆ ਹੈ, ਉੱਥੇ ਆ ਕੇ ਪਿੰਜਰੇ ਦਾ ਤਾਲਾ ਤੁੜਵਾਇਆ ਹੈ। ੧੦।

ਨਿਕਲ ਸ਼ਿਤਾਬ ਨੀਹਲ ਕੋ ਦੌੜਾ॥ ਪਿੰਜਰੇ ਵਿਚੋਂ ਨਿਕਲ ਕੇ ਇਕ ਦਮ ਬੰਦਾ ਬਹਾਦਰ (ਨੀਹਲ) ਦੁਆਬੇ ਦੇ ਏਰੀਏ ਨੂੰ ਦੌੜਿਆ ਹੈ, ਸਿੰਘਾਂ ਦੀ ਸਹਾਇਤਾ ਕਰਨ ਵਾਸਤੇ।

ਪਾਸ ਉਸੈ ਥੋ ਤਬ ਦਲ ਥੋੜਾ॥ ਬੰਦਾ ਸਿੰਘ ਬਹਾਦਰ ਦੇ ਪਾਸ ਥੋੜੀ ਜਿਹੀ ਸਿੰਘਾਂ ਦੀ (ਦਲ) ਫੌਜ ਸੀ।

ਨਹੀਂ ਰਖਤ ਥੋ ਦਲ ਪਰਵਾਹਿ॥ ਬੰਦਾ ਸਿੰਘ ਦਲ ਪੰਥ ਦੀ ਪ੍ਰਵਾਹ ਨਹੀਂ ਸੀ ਕਰਦਾ ਕਿ ਮੈਨੂੰ ਕੌਣ ਹੈ ਫੜਨ ਵਾਲਾ, ਸਾਰੀ ਦੁਨੀਆਂ ਤਾਂ ਉਸ ਵੇਲੇ ਬੰਦੇ ਦੇ ਨਾਮ ਤੋਂ ਝਾਹ ਝਾਹ ਕਰਦੀ ਸੀ, ਇਸ ਕਰਕੇ ਬੰਦਾ ਬਹਾਦਰ ਤੁਰਕਾਂ ਦਾ ਕੋਈ ਐਡਾ ਭੈ ਨਹੀਂ ਸੀ ਕਰਦਾ।

ਦੌੜ ਪੜਾ ਸੋ ਨੀਹਲ ਰਾਹਿ॥੧੧॥ ਹੱਲਾ ਕਰ ਕੇ ਜਾ ਪਿਆ ਹੈ (ਨੀਹਲ) ਜੋ ਪਹਾੜਾਂ ਦਾ ਹੇਠਲਾ ਹਿੱਸਾ ਹੈ ਦੁਆਬੇ ਦੇ ਰਸਤੇ ਨੂੰ। ੧੧।

ਇਹ ਜਬ ਬਾਤ ਸਿੰਘਨ ਸੁਨ ਪਾਈ॥ ਬੰਦਾ ਬਹਾਦਰ ਦੇ ਪ੍ਰਗਟ ਹੋਣ ਦੀ ਖ਼ਬਰ ਜਦੋਂ ਸਿੰਘਾਂ ਨੇ ਸੁਣੀ ਹੈ, ਕਿ ਬੰਦਾ ਬਹਾਦਰ ਸਿੰਘਾਂ ਦੀ ਮਦਦ ਵਾਸਤੇ ਫੌਜ ਲੈ ਕੇ ਆ ਰਿਹਾ ਹੈ।

ਸਿੰਘਨ ਕੇ ਦਿਲ ਭਈ ਵਧਾਈ॥ ਸਿੰਘਾਂ ਦੇ ਮਨਾਂ ਵਿਚ ਸ਼ਾਦੀਆਂ ਹੋ ਗਈਆਂ ਹਨ, ਖੁਸ਼ੀਆਂ ਵਾਪਰ ਗਈਆਂ ਹਨ।

ਲੁਕੇ ਛਿਪੇ ਤੇ ਸਭਿ ਆ ਮਿਲੇ॥ ਜਿਹੜੇ ਸਿੰਘ ਆਸੇ ਪਾਸੇ ਲੁਕ ਛਿਪ ਕੇ ਬੈਠੇ ਸਨ, ਉਹ ਸਾਰੇ ਆ ਮਿਲੇ ਹਨ ਖਾਲਸਾ ਫੌਜ ਵਿੱਚ।

ਭਯੋ ਹੁਲਾਸ ਸਿੰਘਨ ਬਹੁ ਦਿਲੇ॥੧੨॥ ਸਿੰਘਾਂ ਦੇ ਮਨਾਂ ਵਿਚ ਬੜਾ ਭਾਰੀ (ਹੁਲਾਸ) ਉਤਸ਼ਾਹ ਵਧ ਗਿਆ ਹੈ। ੧੨।

ਦੋਹਰਾ॥ ਤੁਰਕਨ ਸੁਨ ਚਿੰਤਾ ਪਰੀ, ਜਨੁ ਉਨ ਪਰ ਗਈ ਮੌਤ॥ ਜਦੋਂ ਏਸ ਗੱਲ ਦਾ ਤੁਰਕਾਂ ਨੂੰ ਪਤਾ ਲੱਗਾ ਕਿ ਬੰਦਾ ਬਹਾਦਰ ਫੌਜ ਲੈ ਕੇ ਆ ਰਿਹਾ ਹੈ, ਇਹ ਸੁਣ ਕੇ ਤੁਰਕਾਂ ਨੂੰ ਬੜੀ ਭਾਰੀ ਚਿੰਤਾ ਹੋ ਗਈ ਹੈ, ਜਾਣੋ ਮੌਤ ਹੀ ਆ ਗਈ ਉਹਨਾਂ ਤੇ, ਮੁਰਦੇ ਹੀ ਦਿਸਦੇ ਹਨ ਉਨ੍ਹਾਂ ਵਿਚ ਜਾਨ ਨਹੀਂ ਨਜ਼ਰ ਆਉਂਦੀ।

ਉਨ ਮਨ ਮਰਨੋਂ ਦਿਢ ਕੀਓ, ਛੁਟ ਖਾਣ ਪੀਣ ਗਈ ਸੌਤ॥੧੩॥ ਫੌਜਦਾਰਾਂ ਦੇ ਮਨ ਵਿਚ ਇਹ ਦ੍ਰਿੜ ਹੋ ਗਿਆ ਕਿ ਬੱਸ ਹੁਣ ਮੌਤ ਆ ਗਈ ਹੈ, ਇਸ ਕਰਕੇ ਖਾਣਾ ਪੀਣਾ ਛੁੱਟ ਗਿਆ ਹੈ, ਰੋਟੀ ਚੰਗੀ ਨਹੀਂ ਲਗਦੀ , ਇਉਂ ਸੋਚਦਿਆਂ ਕਿ ਕਦੋਂ ਮਰੇ ਕਦੋਂ ਮਰੇ। ੧੩।

ਚੌਪਈ॥ ਤੌ ਬੰਦਾ ਦਲ ਆਪਣੇ ਬੜਾ॥ ਤਾਂ ਬੰਦਾ ਸਿੰਘ ਬਹਾਦਰ ਆਪਣਾ ਛੋਟਾ ਜਿਹਾ ਦਲ ਲੈ ਕੇ ਖਾਲਸਾ ਦਲ ਵਿੱਚ ਵੜਿਆ ਹੈ।

ਦਲ ਬਾਗੀਚੇ ਜਨ ਜਲ ਪੜਾ॥ ਭਾਈ ਸਾਹਿਬ ਜੀ ਪ੍ਰਮਾਣ ਦਿੰਦੇ ਹਨ ਜਿਵੇਂ ਸੁੱਕੇ ਬਗੀਚੇ ਵਿੱਚ ਪਾਣੀ ਪੈ ਜਾਵੇ, ਸਾਰੇ ਬ੍ਰਿਛ ਜੋ ਹਨ ਉਚਨਾਂ ਤੇ ਹਰਿਆਲੀ ਆ ਜਾਂਦੀ ਹੈ, ਜਿਵੇਂ ਬਗੀਚੇ ਕੁਮਲਾਏ ਹੋਏ ਨੂੰ ਪਾਣੀ ਮਿਲ ਜਾਏ, ਖਾਲਸੇ ਨੂੰ ਜਦੋਂ ਬੰਦਾ ਬਹਾਦਰ ਮਿਲਿਆ ਤਾਂ ਇਸ ਤਰ੍ਹਾਂ ਹਰਾ ਭਰਾ ਹੋ ਗਿਆ ਹੈ।

ਜੇਠ ਮਾਂਹ ਜਨ ਬਡ ਮੀਂਹ ਪਰਾ॥ ਦੂਸਰਾ ਪ੍ਰਮਾਣ ਦਿੰਦੇ ਨੇ ਜਿਵੇਂ ਜੇਠ ਦੇ ਮਹੀਨੇ ਵਿਚ ਬੜੀ ਗਰਮੀ ਹੁੰਦੀ ਹੈ, ਉਸ ਵੇਲੇ ਸਭ ਚੀਜਾਂ ਸੁੱਕ ਜਾਂਦੀਆਂ ਹਨ । ਜਿਵੇਂ ਜੇਠ ਦੇ ਮਹੀਨੇ ਵਿਚ ਕੋਈ ਵੱਡਾ ਮੀਂਹ ਪੈ ਜਾਵੇ, ਵਰਖਾ ਖੁਲ੍ਹ ਕੇ ਹੋ ਜਾਵੇ।

ਸੂਕਤ ਬਾਗ ਭਯੋ ਜਨੁ ਹਰਾ॥੧੪॥ ਜਾਣੋ ਸੁੱਕਾ ਬਾਗ ਹੀ ਹਰਾ ਹੋ ਗਿਆ ਹੈ, ਜਿਵੇਂ ਪਾਣੀ ਨਾਲ ਸਭ ਜੜ੍ਹੀਆਂ ਬੂਟੀਆਂ ਨਿਕਲ ਆਉਂਦੀਆਂ ਨੇ, ਧਰਤੀ ਹਰੀ ਭਰੀ ਹੋ ਜਾਂਦੀ ਹੈ । ਇਉਂ ਬੰਦੇ ਬਹਾਦਰ ਦੇ ਆਉਣ ਨਾਲ ਖਾਲਸੇ ਨੇ ਫੇਰ ਆਪਣਾ ਸਿਰ ਚੁੱਕ ਲਿਆ ਹੈ, ਤਕੜੇ ਹੋ ਗਏ ਸਾਰੇ। ੧੪।

ਸਿੱਖ ਸੰਗਤ ਕਰੇ ਜੈ ਜੈ ਕਾਰ॥ ਸਿਖ ਸੰਗਤਾਂ ਜੈਕਾਰੇ ਗਜਾਉਂਦੀਆਂ ਹਨ, ਗੁਰੂ ਖਾਲਸਾ ਗੁਰੂਆਂ ਦੇ ਸ਼ੁਕਰਾਨੇ ਵਜੋਂ ਗੁਰੂਆਂ ਦੀ ਜੈ ਜੈਕਾਰ ਕਰ ਰਿਹਾ ਹੈ।

ਜਨ ਡੱਡੂ ਬੋਲੈਂ ਕਈ ਹਜ਼ਾਰ॥ ਗਰਮੀਆਂ ਦੇ ਮਹੀਨੇ ਛੱਪੜ ਆਦਿਕ ਸਭ ਸੁੱਕ ਜਾਂਦੇ ਨੇ, ਉਦੋਂ ਕੋਈ ਡੱਡੂ ਨਜ਼ਰ ਨਹੀਂ ਆਉਂਦਾ ਵਿਚੇ ਹੀ ਗੈਬ ਦੇ ਦੱਬੇ ਜਾਂਦੇ ਹਨ। ਜਦੋਂ ਮੀਂਹ ਪੈਂਦਾ ਹੈ, ਵਰਖਾ ਦਾ ਪਾਣੀ ਛੱਪੜਾਂ ਵਿਚ ਜਮ੍ਹਾਂ ਹੋਣ ਨਾਲ ਫੇਰ ਛੱਪੜਾਂ ਵਿਚ ਡੱਡੂ ਹੀ ਡੱਡੂ ਹੋ ਜਾਂਦੇ ਹਨ। ਇਉਂ ਜਿਵੇਂ ਜੇਠ ਦੇ ਮਹੀਨੇ ਵਿਚ ਮੀਂਹ ਪਏ ਤੋਂ ਛੱਪੜਾਂ ਵਿਚ ਡੱਡੂ ਹੀ ਡੱਡੂ ਹੋ ਜਾਂਦੇ ਹਨ ਅਤੇ ਗੜੈਂ ਗੜੈਂ ਕਰਦੇ ਹਨ। ਇਉਂ ਖਾਲਸੇ ਪੰਥ ਵਿੱਚ ਖੁਸ਼ੀਆਂ ਵਾਪਰ ਗਈਆਂ ਹਨ ਅਤੇ ਸਾਰੇ ਹੀ ਸਿੰਘ ਜੈ ਜੈਕਾਰ ਦੇ ਜੈਕਾਰੇ ਲਾਉਂਦੇ ਨੇ ਬਾਣੀਆਂ ਪੜ੍ਹਦੇ ਨੇ, ਨਾਮ ਜਪ ਰਹੇ ਨੇ।

ਅੱਕ ਜੁਆਂਹ ਸਮ ਤੁਰਕ ਹੋਇ॥ ਅੱਕ ਅਤੇ (ਜੁਆਂਹ) ਛੋਟੇ ਛੋਟੇ ਉਹਦੇ ਤੇ ਕੰਡੇ ਹੁੰਦੇ ਹਨ ਬੂਟੀ ਹੁੰਦੀ ਹੈ ਜੁਆਂਹ ਕਹਿੰਦੇ ਹਨ ਇਹ ਗਰਮੀ ਸਮੇਂ ਹਰੇ ਭਰੇ ਲਗਦੇ ਨੇ, ਜੁਆਂਹੇ ਨੂੰ ਲਾਲ ਲਾਲ ਜਿਹੇ ਫੁੱਲ ਨਿਕਲ ਆਉਂਦੇ ਨੇ ਅਤੇ ਜਦੋਂ ਮੀਂਹ ਪੈਂਦਾ ਹੈ ਮੁਰਝਾ ਜਾਂਦੇ ਹਨ । ਤੁਰਕ ਤਾਂ ਅੱਕ ਜੁਆਂਹ ਵਾਂਗੂੰ ਮੁਰਝਾ ਗਏ ਹਨ। ਤੇ ਖਾਲਸਾ

ਪੰਥ ਜਿਵੇਂ ਮੀਂਹ ਪਏ ਤੇ ਸਭ ਚੀਜ ਹਰੀ ਭਰੀ ਹੋ ਜਾਂਦੀ ਹੈ, ਖਾਲਸਾ ਇਉਂ ਪ੍ਰਫੁੱਲਤ ਹੋ ਗਿਆ ਹੈ ਹਰਾ ਭਰਾ ਹੋ ਗਿਆ ਹੈ।

ਸਾਬਤ ਦਿੱਸੈ ਔ ਬਲ ਗਜੋ ਖੋਇ॥੧੫॥ ਤੁਰਕ ਦੇਖਣ ਨੂੰ ਤਾਂ ਸਾਬਤ ਦਿਸਦੇ ਹਨ ਠੀਕ ਹੈ ਸਨੱਧਬੱਧ ਹੈ ਫੌਜ, ਲੇਕਿਨ ਬਲ ਨਿਕਲ ਗਿਆ ਹੈ ਤੁਰਕਾਂ ਦਾ, ਅੰਦਰ ਸ਼ਕਤੀ ਕੋਈ ਨਹੀਂ ਰਹਿ ਗਈ ਹੈ ਐਡੀ ਕਮਜੋਰ ਪੈ ਗਏ ਹਨ। ੧੫।

ਤਬ ਬੰਦੌ ਚੜ੍ਹ ਦੁਆਬੇ ਵੜਾ॥ ਤਾਂ ਬੰਦਾ ਸਿੰਘ ਇਕੱਤਰ ਹੋ ਕੇ ਖਾਲਸੇ ਦਲ ਨੂੰ ਨਾਲ ਲੈ ਕੇ ਦੁਆਬੇ ਵਿਚ ਚੜ੍ਹਾਈ ਕਰਕੇ ਆ ਵੜਿਆ ਹੈ।

ਬਡੀ ਜਗ੍ਹਾ ਮਾਰ ਤੁਰਕਨ ਧਰਾ॥ ਜਿਥੇ ਤੁਰਕ ਬਹੁਤੇ ਇਕੱਠੇ ਹੋਏ ਹੋਏ ਸਨ ਵੱਡਾ ਕਸਬਾ ਸੀ, ਜਿਵੇਂ ਹੁਸ਼ਿਆਰਪੁਰ ਸੀ ਅਤੇ ਇਹਦੇ ਲਾਗੇ ਚਾਗੇ ਜਿੰਨੇ ਕਸਬੇ ਹਨ, ਉਦੋਂ ਹੀ ਆ ਪਿਆ ਹੈ ਬੰਦਾ ਬਹਾਦਰ, ਮਾਰ ਕੇ ਤੁਰਕਾਂ ਦੀ ਤਹਿ ਲਾ ਦਿੱਤੀ ਹੈ।

ਮਗਰੇ ਤੁਰਕ ਉਸੇ ਕੌ ਟੋਲੈਂ॥ ਜਿਹੜੇ ਦੂਸਰੇ ਫੌਜਦਾਰ ਹਨ ਉਹ ਬੰਦੇ ਬਹਾਦਰ ਦੇ ਮਗਰ ਲੱਗੇ ਹੋਏ ਉਸ ਨੂੰ (ਟੋਲੈਂ) ਲੱਭ ਰਹੇ ਹਨ, ਕਿ ਏਧਰ ਨੂੰ ਗਿਆ ਹੈ ਬੰਦਾ ਬਹਾਦਰ, ਉੱਧਰ ਨੂੰ ਗਿਆ ਹੈ, ਭਾਲਦੇ ਫਿਰਦੇ ਹਨ ਫੌਜਦਾਰ।

ਢੁਕੈਂ ਨ ਨੇੜੈ ਦੂਰੋਂ ਰੌਲੈਂ॥੧੬॥ ਡਰਦੇ ਨੇ ਤੁਰਕ, ਪਤਾ ਵੀ ਹੈ ਕਿ ਸਾਡੇ ਅੱਗੇ ਅੱਗੇ ਤੁਰਕਾਂ ਦਾ ਨਾਸ ਕਰੀ ਜਾਂਦਾ ਹੈ, ਨੇੜੇ ਨਹੀਂ ਢੁਕਦੇ ਬੰਦੇ ਦੇ, ਦੂਰੋਂ ਰੌਲਾ ਬੜਾ ਪਾਉਂਦੇ ਹਨ, ਐਧਰ ਨੂੰ ਗਿਆ ਹੈ, ਉੱਧਰ ਨੂੰ ਗਿਆ ਹੈ। ੧੬।

ਜੋ ਕਿਤ ਫੌਜ ਬੰਦੇ ਵਲ ਆਵੈ॥ ਜੇ ਕਿਤੇ ਫੌਜ ਦਾ ਦਸਤਾ ਬੰਦੇ ਵੱਲ ਆਉਂਦਾ ਹੈ।

ਕਰ ਝਟ ਉਨ ਸਿੰਘ ਮਾਰ ਲੈ ਜਾਵੈ॥ ਸਿੰਘ ਹੱਲਾ ਕਰ ਕੇ ਪੈਂਦੇ ਨੇ ਉਪਰ ਝਪਟ ਮਾਰ ਕੇ ਝੱਟ ਹੀ ਮਾਰ ਕੇ ਲੈ ਜਾਂਦੇ ਹਨ।

ਅਗੈ ਪੀਛੈ ਪਰੈਂ ਬਿੱਜ ਸਮਾਨ॥ ਖਾਲਸਾ ਫੌਜ ਦਾ ਜੱਥਾ ਕਿਤੇ ਤੁਰਕਾਂ ਨੂੰ ਅੱਗੋਂ ਆ ਪੈਂਦਾ, ਕਿਤੇ ਪਿਛੋਂ ਆ ਪੈਂਦਾ ਹੈ ਬਿਜਲੀ ਵਾਂਗ । ਸਿੰਘਾਂ ਦਾ ਢੰਗ ਹੈ ਲੜਾਈ ਦਾ, ਕਿਉਂਕਿ ਸਿੰਘਾਂ ਨੂੰ ਲੜਾਈ ਵਿੱਚ ਐਸਾ ਢੰਗ ਆ ਚੁੱਕਾ ਸੀ ਲੜਾਈ ਲੜਨ ਦਾ, ਸਿੰਘ ਇਉਂ ਪੈਂਦੇ ਹਨ ਕਿ ਫੌਜ ਨੂੰ ਪਤਾ ਹੀ ਨਹੀਂ ਲਗਦਾ ਹੈ ਕਿ ਸਿੰਘ ਕਿਹੜੇ ਪਾਸਿਉਂ ਹੱਲਾ ਕਰਦੇ ਹਨ, ਤੁਰਕਾਂ ਨੂੰ ਬੜਾ ਪ੍ਰੇਸ਼ਾਨ ਕੀਤਾ ਸਿੰਘਾਂ।

ਇਮ ਕਰ ਕੀਨੇ ਤੁਰਕ ਹਿਰਾਨ॥੧੭॥ ਇਉਂ ਤੁਰਕ ਬੜੇ ਹੈਰਾਨ ਕੀਤੇ ਹਨ। ੧੭।

ਦੋਹਰਾ॥ ਡਰਤ ਨਿਜੈ ਪਤਿਸ਼ਾਹਿ ਤੇ, ਤੁਰਕ ਗੈਲੋ ਨਾਹ ਰਹਾਂਇ॥ ਇਹ ਤੁਰਕ ਜੋ ਬੰਦੇ ਬਹਾਦਰ ਦਾ ਪਿੱਛਾ ਕਰਦੇ ਆ ਰਹੇ ਹਨ, ਉਧਰ ਆਪਣੇ ਬਾਦਸ਼ਾਹ ਫਰੁਖਸੀਅਰ ਤੋਂ ਡਰਦੇ ਸਨ ਕਿ ਸਾਨੂੰ ਛੱਡ ਕੇ ਗਿਆ ਹੈ ਆਪੋ ਆਪਣੀ ਡਿਉਟੀ ਲਾ ਕੇ ਸਭ ਦੀ, ਜੇ ਅਸੀਂ ਦਿੱਲੀ ਜਾਂ ਲਹੌਰ ਨੂੰ ਨੱਠ ਜਾਈਏ ਤਾਂ ਬਾਦਸ਼ਾਹੀ ਕ੍ਰੋਪ ਹੋ ਜਾਇਗਾ, ਸਾਨੂੰ ਉਹ ਸਜ਼ਾ ਦੇਵੇਗਾ, ਦੋਵੇਂ ਪਾਸੀਂ ਮਰਦੇ ਹਨ । ਅੱਗੇ ਹੁੰਦੇ ਹਨ ਤਾਂ ਸਿੰਘ ਮਾਰਦੇ ਹਨ ਪਿੱਛੇ ਹੁੰਦੇ ਹਨ ਤਾਂ ਬਾਦਸ਼ਾਹ ਦਾ ਡਰ ਹੈ, ਇਉਂ ਤੁਰਕ ਦੂਰ ਦੂਰ ਹੀ ਢੋਲ ਵਜਾਉਂਦੇ ਨੇ, ਬਸ ਹੁਣ ਹੱਲਾ ਹੋ ਜਾਣਾ ਹੈ ਹੁਣ ਜਾ ਫੜਦੇ ਹਾਂ, ਇਉਂ ਪਿੱਛਾ ਵੀ ਨਹੀਂ ਛੱਡ ਸਕਦੇ ਸਿੰਘਾਂ ਦਾ, ਬਾਦਸ਼ਾਹ ਦੇ ਡਰ ਕਰਕੇ।

ਔ ਬੰਦੈ ਪਰ ਬਡ ਧਾਵਨੀ ਕਰ ਭੀ ਸੋਊ ਨ ਪਾਇ॥੧੮॥ ਅਤੇ ਬੰਦੇ ਬਹਾਦਰ ਤੇ ਵੱਡਾ ਹੱਲਾ ਵੀ ਨਹੀਂ ਬੋਲਦੇ, ਕਿਉਂਕਿ ਡਰਦਾ ਕੋਈ ਸਾਥ ਵੀ ਨਹੀਂ ਦਿੰਦਾ ਹੈ, ਨੇੜੇ ਨਹੀਂ ਕੋਈ ਆਉਂਦਾ ਹੈ ਐਸਾ ਭੈ ਪੈ ਗਿਆ ਹੈ। ੧੮।

ਚੌਪਈ॥ ਸ਼ੰਮਸ ਦੀਨ ਕੀ ਹੋਨੀ ਆਈ॥ ਸ਼ੰਮਸ ਦੀਨ ਤੇ ਬਜੀਦ ਖਾਂ ਦੋ ਹਨ ਚਾਚਾ ਭਤੀਜਾ, ਹੁਣ ਸ਼ੰਮਸ ਦੀਨ ਦੀ ਹੋਣੀ ਆ ਗਈ ਹੈ ਭਾਵ ਮੌਤ ਆ ਗਈ ਹੈ ਉਸਦੀ, ਕੀ ਬਣਿਆ ਤਰੀਕਾ?

ਹੁਤੀ ਉਸੈ ਕੀ ਪਿਛਲ ਸਗਾਈ॥ ਉਸਦੀ ਪਹਿਲਾਂ ਕਿਤੇ ਮੰਗਣੀ ਹੋਈ ਹੋਈ ਸੀ ਅਤੇ ਨਿਕਾਹ ਦਾ ਸਮਾਂ ਮੁਕੱਰਰ ਕੀਤਾ ਹੋਇਆ ਸੀ ਕਿ ਫਲਾਨੇ ਮਹੀਨੇ ਨਿਕਾਹ ਹੋਵੇਗਾ।

ਨਿਕਾਹਿ ਬਹਾਨੇ ਮੁੜਿਓ ਕਸੂਰ॥ ਨਿਕਾਹ ਦਾ ਤਾਂ ਬਹਾਨਾ ਸੀ, ਮੌਤ ਆ ਗਈ ਸੀ ਉਸਦੀ, ਇਉਂ ਕਸੂਰ ਨੂੰ ਮੁੜ ਪਿਆ ਹੈ ਕਿ ਮੈਂ ਨਿਕਾਹ ਕਰਾ ਆਉਂਦਾ ਹਾਂ, ਫੌਜ ਪਿੱਛੇ ਛੱਡ ਦਿੱਤੀ ਹੈ ਸ਼ੰਮਸ ਦੀਨ ਨੇ।

ਸੁਨੀ ਬਾਤ ਯੌ ਬੰਦੈ ਹਜੂਰ॥੧੯॥ ਬੰਦੇ ਬਹਾਦਰ ਕੋਲ ਖ਼ਬਰ ਪਹੁੰਚ ਗਈ ਕਿ ਦੋਵਾਂ ਫੌਜਦਾਰਾਂ ਵਿਚੋਂ ਇੱਕ ਦਾ ਨਿਕਾਹ ਹੈ, ਉਹ ਦੱਸਦੇ ਹਨ ਕਸੂਰ ਨੂੰ ਜਾ ਰਿਹਾ ਹੈ, ਜਦੋਂ ਬੰਦੇ ਬਹਾਦਰ ਕੋਲ ਇਹ ਖ਼ਬਰ ਪਹੁੰਚੀ ਹੈ। ੧੯।

ਬੰਦੈ ਕਹਜੋ, ਵਹੁ ਜਾਨ ਨ ਪਾਵੈ॥ ਬੰਦਾ ਬਹਾਦਰ ਉਸ ਵੇਲੇ ਦਿਵਾਨ ਲਾ ਕੇ ਕਹਿਣ ਲੱਗਾ, ਖਾਲਸਾ ਜੀ! ਹੁਣ ਇਹ ਸ਼ੰਮਸ ਦੀਨ ਜਿਉਂਦਾ ਨਹੀਂ ਜਾਣਾ ਚਾਹੀਦਾ ਕਸੂਰ ਨੂੰ, ਇਹ ਜੋ ਫੌਜ ਨੂੰ ਛੱਡ ਕੇ ਚੱਲਿਆ ਹੈ, ਇਸ ਨੂੰ ਰਾਹ ਵਿਚ ਹੀ ਮਾਰ ਘੱਤੋ।

ਹੈ ਕੋ ਸੂਰ ਜੋ ਮਾਰ ਲਿਆਵੈ॥ ਹੈ ਕੋਈ ਸੂਰਬੀਰ ਯੋਧਾ ਦਲ ਪੰਥ ਦੇ ਵਿੱਚ, ਜਿਹੜਾ ਉਸਨੂੰ ਮਾਰ ਕੇ ਉਸਦਾ ਸਿਰ ਵੱਢ ਕੇ ਲਿਆਵੇ।

ਕਹਜੋ ਸਭਨ ਤੂੰ ਐਸੋ ਆਪ॥ ਖਾਲਸੇ ਦੇ ਸਾਰੇ ਸਰਦਾਰਾਂ ਨੇ ਬੰਦੇ ਬਹਾਦਰ ਨੂੰ ਕਿਹਾ ਕਿ ਐਡਾ ਬਲੀ ਤਾਂ ਤੂੰ ਆਪ ਹੀ ਹੈਂ , ਤੇਰੇ ਵਿਚ ਹੀ ਇਤਨਾ ਬਲ ਹੈ ਕਿ ਫੌਜਦਾਰ ਨੂੰ ਜਾ ਕੇ ਮਾਰ ਲਿਆਵੇਂ।

ਔਰ ਘੱਲ ਜਿਸ ਦੀਂਹ ਪ੍ਰਤਾਪ॥੨੦॥ ਜਾਂ ਕਿਸੇ ਹੋਰ ਨੂੰ (ਪ੍ਰਤਾਪ) ਤਾਕਤ, ਸ਼ਕਤੀ ਦੇ, ਆਗਿਆ ਦੇ ਕੇ ਭੇਜ ਤੇ ਉਹ ਮਾਰ ਲਿਆਵੇਗਾ। ੨੦।

ਯੌ ਸੁਨਿ ਬੰਦੋ ਆਪੋ ਚੜ੍ਹਜੋ॥ ਇਉਂ ਸੁਣ ਕੇ ਬੰਦੇ ਬਹਾਦਰ ਨੇ, ਆਪ ਹੀ ਚੜ੍ਹਾਈ ਕੀਤੀ ਹੈ ਸ਼ੰਮਸ ਦੀਨ ਉੱਤੇ ਉਸਨੂੰ ਸੋਧਣ ਵਾਸਤੇ।

ਚਾਲੀ ਅਸਵਾਰ ਸਭੀ ਸੰਗ ਖੜਜੋ॥ ਸਾਰੇ ਗਿਣਤੀ ਦੇ ਚਾਲੀ ਘੋੜ ਸਵਾਰ ਸਨ, ਜਿਨ੍ਹਾਂ ਨੂੰ ਨਾਲ ਲੈ ਕੇ ਬੰਦਾ ਬਹਾਦਰ ਤੁਰਿਆ ਹੈ।

ਦੌੜ ਬੰਦੈ ਨੇ ਧਾਵੋ ਕੀਯੋ॥ ਖਾਲਸੇ ਦੀ ਸੈਨਾ ਸਮੇਤ ਦੌੜ ਕੇ ਬੰਦੇ ਬਹਾਦਰ ਨੇ ਹੱਲਾ ਬੋਲਿਆ ਹੈ ਸ਼ੰਮਸ ਦੀਨ ਤੇ ।

ਆਗੈ ਕਸੂਰੈ ਰਾਹ ਰੁਕੈਯੋ॥੨੧॥ ਅੱਗੇ ਜੋ ਕਸੂਰ ਨੂੰ ਰਸਤਾ ਜਾ ਰਿਹਾ ਸੀ, ਜਿਸਤੇ ਸ਼ੰਮਸ ਦੀਨ ਆ ਰਿਹਾ ਸੀ, ਜੰਗਲ ਦਾ ਰਸਤਾ ਹੁੰਦਾ ਸੀ ਉਸ ਵੇਲੇ, ਰਸਤਾ ਰੋਕ ਕੇ ਤਾੜ ਲਾ ਕੇ ਬੈਠ ਗਏ ਹਨ। ੨੧।

ਉਸ ਕੈ ਦਿਲ ਗ਼ਮ ਹੁਤੋ ਨ ਕੋਈ॥ ਉਸ ਦੇ ਦਿਲ ਵਿੱਚ ਕੋਈ (ਗ਼ਮ) ਫਿਕਰ ਨਹੀਂ ਸੀ, ਭੈ ਕੋਈ ਨਹੀਂ ਸੀ ਬੰਦੇ ਬਹਾਦਰ ਜਾਂ ਗੁਰੂ ਖਾਲਸੇ ਦਾ ਕਿ ਮੇਰਾ ਰਾਹ ਰੁਕਿਆ ਹੋਇਆ ਹੈ, ਉਹ ਏਸੇ ਤਰ੍ਹਾਂ ਹੀ ਅਵੇਸਲਾ ਹੋਇਆ ਬੇਫਿਕਰ ਹੋਇਆ ਜਾ ਰਿਹਾ ਸੀ ਕਸੂਰ ਨੂੰ।

ਚਲਜੋ ਹਾਥੀ ਚੜ੍ਹ ਘਰ ਕੋ ਸੋਈ॥ ਨਾਲ ਸ਼ੰਮਸ ਦੀਨ ਘੋੜ ਸਵਾਰ ਹਨ, ਫੌਜ ਦੀ ਟੁਕੜੀ ਹੈ ਘੋੜ ਸਵਾਰਾਂ ਦੀ, ਬੇ-ਫਿਕਰ ਹੋਇਆ ਹਾਥੀ ਤੇ ਚੜ੍ਹ ਕੇ ਆਪਣੇ ਘਰ ਨੂੰ ਤੁਰਿਆ ਜਾ ਰਿਹਾ ਸੀ

ਸੋ ਬੰਦੈ ਦੂਰੋਂ ਲਖ ਲਯੋ॥ ਉਹ ਬੰਦੇ ਬਹਾਦਰ ਨੇ ਦੂਰੋਂ ਜਾਣ ਲਿਆ ਹੈ ਕਿ ਔਹ ਤੁਰਿਆ ਆ ਰਿਹਾ ਹੈ।

ਵਾਂਗਰ ਬਿਜਲੀ ਉਸ ਪਰ ਪਯੋ॥੨੨॥ ਜਿਵੇਂ ਅਕਾਸ਼ ਵਿੱਚ ਬਿਜਲੀ ਅਸਮਾਨੀ ਪੈਂਦੀ ਹੈ, ਅਚਨਚੇਤ ਜਾ ਪਿਆ ਹੈ ਉਸ ਉਤੇ ਬੰਦਾ ਬਹਾਦਰ। ੨੨।

ਕਿਨ ਜਾਨਯੋਂ ਕਿਨ ਜਾਨਯੋਂ ਨਾਹਿ॥ ਸ਼ੰਮਸ ਦੀਨ ਦੇ ਨਾਲ ਜੋ ਸਾਥੀ ਸਨ ਉਹਨਾਂ ਨੂੰ ਕਿਸੇ ਨੂੰ ਪਤਾ ਲੱਗਿਆ ਕਿਸੇ ਨੂੰ ਨਹੀਂ ਪਤਾ ਲੱਗਿਆ, ਉਦੋਂ ਹੀ ਪਤਾ ਲੱਗਾ ਜਦੋਂ ਆ ਘੇਰਿਆ ਸਾਹਮਣੇ।

ਦਯੋ ਤੀਰ ਸੋਂ ਉਪਰੋਂ ਛਟਿ ਵਾਹਿ॥ ਅਤੇ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਘੇਰੇ ਗਏ ਹਾਂ, ਅਜੇ ਉੱਠੇ ਹੀ ਹਨ, ਅਜੇ ਸਿਰ ਹੀ ਚੁੱਕਿਆ ਉਨ੍ਹਾਂ ਨੇ ਮਾਰ ਕੇ ਤੀਰ ਫੱਟੜ ਕਰ ਦਿੱਤਾ ਸ਼ੰਮਸ ਦੀਨ ਨੂੰ ਹਾਥੀ ਉੱਤੇ ਹੀ।

ਫਿਰ ਨੇਜਾ ਚੁਕ ਬੰਦੈ ਲਗਾਯਾ॥ ਫੇਰ ਬੰਦੇ ਨੇ ਆਪਣਾ ਨੇਜਾ ਚੁੱਕ ਕੇ ਜਿਥੇ ਉਹ ਹਾਥੀ ਦੇ ਹੌਦੇ ਵਿੱਚ ਬੈਠਾ ਸੀ ਮਾਰਿਆ ਹੈ।

ਕਰ ਜ਼ਖਮੀ ਹੇਠ ਹਾਥੀਓਂ ਗਿਰਾਯਾ॥੨੩॥ ਸ਼ੀਮਸ ਦੀਨ ਨੂੰ ਨੇਜੇ ਨਾਲ ਜ਼ਖ਼ਮੀ ਕਰਕੇ ਹਾਥੀ ਤੋਂ ਹੇਠਾਂ ਸੁੱਟ ਲਿਆ ਹੈ। ੨੩।

ਸੀਸ ਕਾਟ ਲਯੋ ਬੰਦੈ ਚੁਕਾਇ॥ ਬੜੀ ਫੁਰਤੀ ਨਾਲ ਉਹਦਾ ਸਿਰ ਵੱਢ ਕੇ ਪਰ੍ਹੇ ਸੁੱਟ ਦਿੱਤਾ ਹੈ, ਅਤੇ ਨੇਜੇ ਵਿਚ ਪਰੋ ਕੇ ਚੁਕਾ ਲਿਆ ਹੈ ਸਿਰ ਸਿੰਘਾਂ ਨੂੰ।

ਮੁੜ ਵੜਯੋ ਵਹੁ ਨਿਜ ਫੌਜ ਆਇ॥ ਬੰਦਾ ਸਿੰਘ ਉਸ ਨੂੰ ਮਾਰਕੇ ਮੁੜ ਆਪਣੀ ਫੌਜ ਖਾਲਸਾ ਦਲ ਵਿੱਚ ਆ ਵੜਿਆ ਹੈ।

ਇਸ ਬਿਧ ਲੀਨੋ ਸ਼ਮਸੂ ਮਾਰ॥ ਏਸ ਤਰੀਕੇ ਨਾਲ ਸ਼ੀਮਸ ਦੀਨ ਨੂੰ ਬੰਦੇ ਬਹਾਦਰ ਨੇ ਮਾਰ ਮੁਕਾਇਆ ਹੈ।

ਅੱਗੈ ਸੁਨੋ ਬਜੀਦੈ ਹਵਾਰ॥੨੪॥ ਹੁਣ ਅੱਗੇ ਤੀਜਾ ਫੌਜਦਾਰ ਜੋ ਬਜੀਦ ਖਾਂ ਸੀ ਉਸਦੀ ਕਹਾਣੀ ਸੁਣੋ ਕਿ ਉਸਦਾ ਕੀ ਹਾਲ ਹੋਇਆ ਹੈ? ਕੀ ਵਾਪਰਿਆ ਹੈ ਉਸਦੇ ਨਾਲ। ੨੪।

ਦੋਹਰਾ॥ ਹੁਤੋ ਬਜੀਦੋ ਜਹਿੰ ਪੜੋ, ਬੰਦੋ ਉਦਾਲੋ ਜਾਇ॥ ਜਿਥੇ ਬਜੀਦ ਖਾਂ ਅਪਣੀ ਫੌਜ ਨਾਲ ਉਤਰਿਆ ਹੋਇਆ ਸੀ, ਬੰਦਾ ਸਿੰਘ ਬਹਾਦਰ ਆਪਣੀ ਫੌਜ ਲੈ ਕੇ ਸਿੰਘਾਂ ਦੀ, ਉਸਦੇ ਜਾ ਦੁਆਲੇ ਹੋਇਆ ਹੈ।

ਫੌਜ ਛੋਡ ਭਜ ਉਸ ਗਈ, ਕਹਿ ਨਿਹਕਲੰਕ ਭਜੋ ਆਇ॥੨੫॥ ਜਦੋਂ ਬਜੀਦ ਖਾਂ ਵੱਲ ਨੂੰ ਬੰਦੇ ਬਹਾਦਰ ਨੇ ਰੁਕ ਕੀਤਾ, ਤਾਂ ਬਜੀਦ ਖਾਂ ਦੀ ਫੌਜ ਉਸੇ ਵੇਲੇ ਉਸਨੂੰ ਛੱਡ ਕੇ ਭੱਜ ਗਈ ਬਿਨਾਂ ਪੁੱਛੇ ਤੋਂ, ਕਹਿੰਦੇ ਨਿਹਕਲੰਕ ਆ ਗਿਆ। ਉਹ ਨਿਹਕਲੰਕ ਅਵਤਾਰ ਮੰਨਦੇ ਹਨ ਬੰਦੇ ਬਹਾਦਰ ਨੂੰ ਜਿਸ ਦੇ ਅੱਗੇ ਹੀ ਕੋਈ ਨਹੀਂ ਖੜ੍ਹਦਾ ਹੈ। ਕਹਿੰਦੇ ਹਨ ਕਿ ਉਹ ਨਿਹਕਲੰਕ ਅਵਤਾਰ ਆ ਗਿਆ ਹੈ ਸਾਨੂੰ ਨਹੀਂ ਛਡਣਾ ਇਸਨੇ। ੨੫।

ਚੌਪਈ॥ ਉਸ ਕੋ ਨੱਠਨੋ ਔਖੋ ਭਯੋ॥ ਉਸਨੂੰ ਭੱਜਣਾ ਔਖਾ ਹੋ ਗਿਆ ਹੈ, ਫੌਜ ਨੂੰ ਛੱਡ ਕੇ ਕਿਵੇਂ ਇਕੱਲਾ ਭੱਜੇ ਕਿਸ ਪਾਸੇ।

ਮਗਰ ਸ਼ਾਹਿ ਤੈ ਉਨ ਗਮ ਖਜੋ॥ ਬਾਦਸ਼ਾਹ ਦਾ ਪਿਛੋਂ ਡਰ ਹੈ ਕਿ ਮੈਨੂੰ ਉਹ ਸਜ਼ਾ ਦੇਵੇਗਾ, ਮੈਨੂੰ ਮਰਵਾ ਦੇਵੇਗਾ ਕਿ ਤੂੰ ਲੀਕ ਲਾ ਕੇ ਆਇਆ ਹੈ ਫੌਜ ਨੂੰ ਛੱਡ ਕੇ ਭੱਜਿਆ ਹੈ।

ਲਰਤ ਭਿਰਤ ਵਹੁ ਜ਼ਖਮੀ ਭਯੋ॥ ਵਜੀਦ ਖਾਂ ਖਾਲਸੇ ਪੰਥ ਨਾਲ ਅੱਗੇ ਪਿੱਛੇ ਜੰਗ ਕਰਦਾ ਹੋਇਆ ਫੱਟੜ ਹੋ ਗਿਆ ਹੈ।

ਘਰ ਕੋ ਜਾਤ ਵਹੁ ਭੀ ਮਰ ਗਯੋ॥੨੬॥ ਵਜੀਦਾ ਜਦੋਂ ਘਾਇਲ ਹੋ ਗਿਆ ਹੈ ਤਾਂ ਜੰਗ ਨੂੰ ਛੱਡ ਕੇ ਘਰ ਨੂੰ ਮੁੜਿਆ ਹੈ, ਘਰ ਨੂੰ ਜਾਂਦਾ ਹੀ ਜਖਮੀ ਹੋਇਆ ਰਾਹ ਵਿਚ ਹੀ ਮਰ ਗਿਆ ਹੈ। ਅੱਗੇ ਦਸਦੇ ਹਨ ਕਿਵੇਂ ਮਾਰਿਆ ਹੈ। ੨੬।

ਦੋਹਰਾ॥ ਫੇਰ ਘੇਰ ਕੈ ਉਨੈ ਕੋ, ਬੰਦੈ ਜੀ ਲਏ ਮਾਰ॥ ਫੇਰ ਬੰਦਾ ਬਹਾਦਰ ਨੇ ਉਸਨੂੰ ਘੇਰਾ ਪਾ ਕੇ ਤੀਜੇ ਫੌਜਦਾਰ ਨੂੰ ਵੀ ਮਾਰ ਲਿਆ ਹੈ ਭਾਵ ਵਜੀਦ ਖਾਂ ਨੂੰ ਭੀ।

ਤੁਰਕ ਸਭੀ ਬੈਠੇ ਤਬੈ ਬੰਦੈ ਕੋਲੋਂ ਹਾਰ॥੨੭॥ ਇਹ ਤਿੰਨੇ ਫੌਜਦਾਰ ਵੱਡੇ ਜਿਨ੍ਹਾਂ ਦਾ ਜ਼ੋਰ ਸੀ, ਜਿਨ੍ਹਾਂ ਨੇ ਪੰਜਾਬ ਵਿੱਚ ਆ ਕੇ ਤਰਥੱਲ ਮਚਾ ਦਿੱਤਾ ਸੀ, ਜਦੋਂ ਤਿੰਨਾਂ ਨੂੰ ਮਾਰ ਦਿੱਤਾ ਹੈ ਤਾਂ ਤੁਰਕ ਫੌਜਾਂ ਢੇਰੀਆਂ ਢਾਹ ਕੇ ਬੈਠ ਗਈਆਂ ਹਨ, ਕਹਿੰਦੇ ਹੋਰ ਕੋਈ ਵਾਹ ਨਹੀਂ, ਫੌਜਦਾਰ ਜਦੋਂ ਹਾਰ ਜਾਣ ਤਾਂ ਉਦੋਂ ਪਰਜਾ ਦਾ ਕੀ ਬਣਦਾ ਹੈ ? ਸਾਰੇ ਤੁਰਕ ਤਦੋਂ ਬੰਦੇ ਬਹਾਦਰ ਕੋਲੋਂ ਹਾਰ ਗਏ। ੨੭।

ਅਥ ਬੰਦੈ ਕੋ ਆਖਰੀ ਪ੍ਰਸੰਗ ਲਿਖਜਤੇ

(ਤੁਰਕਾਂ ਨੇ ਮਾਤਾ ਜੀ ਤੋਂ ਬੰਦੇ ਨੂੰ ਚਿੱਠੀ ਲਿਖਾਈ ਤੇ ਉਸ ਦਾ ਉੱਤਰ)

ਦੋਹਰਾ॥ ਤਿੰਨ ਫੁਜਦਾਰ ਮਾਰੇ ਜਬੈ, ਪਰੀ ਬਡੀ ਤਬ ਧਾਂਕ॥ ਜਦੋਂ ਸ਼ਾਹੀ ਫੌਜ ਦੇ ਤਿੰਨ ਫੌਜਦਾਰ ਜਾਲੀਦੀਨ, ਸ਼ੀਮਸ ਖਾਂ ਤੇ ਬਜੀਦ ਖਾਂ ਮਾਰ ਲਏ ਇਕੱਠੇ ਹੀ, ਤਾਂ ਸਾਰੇ ਪੰਜਾਬ ਵਿੱਚ ਬੰਦੇ ਬਹਾਦਰ ਅਤੇ ਖਾਲਸਾ ਦਲ ਦੀ ਧਾਂਕ ਪੈ ਗਈ ਹੈ, ਤਰਥੱਲਾ ਮੱਚ ਗਿਆ ਹੈ।

ਕੋਊ ਤੁਰਕ ਬੀ ਨਾਂਹ ਸਕੇ, ਬੰਦੈ ਸਨਮੁਖ ਝਾਂਕ॥੧॥ ਹੁਣ ਕਿਸੇ ਦੀ ਜੁਰਅਤ ਨਹੀਂ ਪੈਂਦੀ ਕੋਈ ਵੀ ਭਾਵੇਂ ਕਿੱਡਾ ਬਲੀ ਤੁਰਕ ਹੈ ਕਿ ਬੰਦੇ ਦੇ ਸਾਹਮਣੇ ਕੋਈ ਝਾਕ ਜਾਵੇ, ਅੱਖ ਪੁੱਟ ਕੇ ਦੇਖ ਸਕੇ। ੧।

ਚੌਪਈ॥ ਤਬ ਦਿੱਲੀ ਮੈਂ ਕਹਿਬਤ ਭਈ॥ ਤਦ ਦਿੱਲੀ ਵਿੱਚ ਇਸ ਤਰ੍ਹਾਂ ਕਹਾਵਤ ਚ਼ਲ ਪਈ ਹੈ, ਦਿੱਲੀ ਵਿੱਚ ਗੱਲਾਂ ਚਲ ਪਈਆਂ ਹਨ।

ਆਵਤ ਬੰਦਾ ਦਿੱਲੀ ਤਈਂ॥ ਬੰਦਾ ਸਿੰਘ ਤਾਂ ਹੁਣ ਦਿੱਲੀ ਨੂੰ ਆ ਰਿਹਾ ਹੈ, ਕਿ ਉਧਰ ਪੰਜਾਬ ਵਿੱਚ ਤਾਂ ਵਿਹਲਾ ਹੋ ਗਿਆ ਹੈ, ਲੜਾਈ ਹੁਣ ਉਨ੍ਹਾਂ ਨੂੰ ਕੋਈ ਨਹੀਂ ਰਹੀ ਹੁਣ ਉਹ ਤਕੜੇ ਹੋ ਕੇ ਫੌਜੀ ਦਲ ਬਣਾ ਕੇ ਦਿੱਲੀ ਉੱਤੇ ਧਾਵਾ ਬੋਲਣਗੇ, ਇਉਂ ਸਾਰੇ ਸ਼ੋਹਰਤ ਹੋ ਗਈ ਹੈ।

ਲਹੌਰ ਕਹੈਂ ਵਹਿ ਆਵੈ ਲਹੌਰ॥ ਏਧਰ ਲਹੌਰ ਵਿਚ ਜੋ ਤੁਰਕ ਵਸਦੇ ਹਨ, ਲਹੌਰੀਆਂ ਨੂੰ ਫਿਕਰ ਪੈ ਗਿਆ ਹੈ, ਉਹ ਕਹਿੰਦੇ ਹਨ ਲਹੌਰ ਤੇ ਆ ਪੈਣਾ ਹੈ ਉਸਨੇ ਅਸੀਂ ਤਾਂ ਨੇੜੇ ਹੀ ਬੈਠੇ ਹਾਂ, ਉਸਨੇ ਲਹੌਰ ਤੇ ਧਾਵਾ ਬੋਲਣਾ ਹੈ।

ਕਸ਼ਮੀਰ ਮੁਲਤਾਨ ਤਿਉਂ ਕੰਪੈ ਪਿਸ਼ੌਰ॥੨॥ ਕਸ਼ਮੀਰ ਵਾਲੇ ਵੀ ਡਰੀ ਜਾਂਦੇ ਨੇ, ਮੁਲਤਾਨ ਵਾਲੇ ਵੀ ਤ੍ਰਾਹ ਤ੍ਰਾਹ ਕਰੀ ਜਾਂਦੇ ਨੇ, ਅਤੇ ਪਸ਼ੌਰ ਵਿਚ ਬੈਠੇ ਵੀ ਸਾਰੇ ਕੰਬੀ ਜਾਂਦੇ ਨੇ, ਇਉਂ ਸਾਰੇ ਮੁਲਕ ਵਿਚ ਭੈ ਹੋ ਗਿਆ ਹੈ। ੨।

ਤਬ ਸੱਦ ਪੁਛਜੋ ਬਜੀਰ ਸਲਾਹਿ॥ ਤਦੋਂ ਬਾਦਸ਼ਾਹ ਨੇ ਆਪਣੇ ਵਜੀਰਾਂ ਨੂੰ ਸੱਦ ਕੇ ਉਨ੍ਹਾਂ ਦੀ ਸਲਾਹ ਲਈ ਹੈ, ਆਪਸ ਵਿੱਚ ਮਸ਼ਵਰਾ ਕੀਤਾ ਹੈ।

ਆਪ ਸੌਂਦਕੇ ਢਿਗ ਪਤਿਸ਼ਾਹਿ॥ ਪਾਤਸ਼ਾਹ ਨੇ ਆਪ ਸੱਦ ਕੇ ਉਹਨਾਂ ਦੀ ਸਲਾਹ ਲਈ ਹੈ ਕਿ ਹੁਣ ਕਿਵੇਂ ਕਰੀਏ? ਕਿਉਂਕਿ ਦਿੱਲੀ ਨੂੰ ਖਤਰਾ ਹੈ, ਦਿੱਲੀ ਵਾਲੇ ਸਾਰੇ ਘਾਬਰ ਗਏ ਹਨ ਕਿ ਸਾਡੇ ਤੇ ਹੱਲਾ ਹੋ ਜਾਣਾ ਹੈ।

ਪਾਨਾ ਬੀਰਾ ਧਰੀ ਸ਼ਮਸ਼ੇਰ॥ ਪਾਤਸ਼ਾਹ ਨੇ ਪਾਨਾਂ ਦਾ ਬੀੜਾ ਤੇ ਤਲਵਾਰ ਰੱਖ ਦਿੱਤੀ ਮੈਦਾਨ ਵਿੱਚ।

ਚਕੈ ਬੰਦੇ ਪੈ ਹੈ ਕੋਈ ਸ਼ੇਰ॥੩॥ ਫੌਜਦਾਰਾਂ ਨੂੰ ਹੁਕਮ ਕੀਤਾ ਹੈ, ਉਠੋ! ਜੇ ਕੋਈ ਬਹਾਦਰ ਹੈ ਸ਼ੇਰ, ਉਠੋ ਬੰਦੇ ਉੱਤੇ ਕੋਈ ਤਲਵਾਰ ਚੁੱਕੋ। ੩।

ਦੋਹਰਾ॥ ਤੁਰਕ ਰਹੇ ਚੁੱਪ ਹ੍ਵੈ ਸਬੈ, ਉੱਤਰ ਕੋਊ ਨ ਦੇਇ॥ ਹੁਣ ਸਾਰੇ ਹੀ ਨੀਵੀਆਂ ਪਾ ਕੇ ਬੈਠ ਗਏ ਨੇ, ਧਰਤੀ ਖੁਰਚੀ ਜਾਂਦੇ ਨੇ, ਕੋਈ ਅੱਗੋਂ ਉੱਤਰ ਨਹੀਂ ਦਿੰਦਾ ਹੈ, ਕਿ ਮੈਂ ਜਾਂਦਾ ਹਾਂ, ਜਾਂ ਕੋਈ ਮੈਨੂੰ ਫੌਜ ਜਾਂ ਤਾਕਤ ਦਿਉ, ਬੋਲਦਾ ਹੀ ਨਹੀਂ ਹੈ ਕੋਈ।

ਬੰਦੇ ਪੈ ਨਾਂਹ ਕੋ ਚੜ੍ਹੈ, ਮਰਣੋਂ ਸਭ ਡਰੇਇ॥੪॥ ਪਤਾ ਸਭ ਨੂੰ ਹੈ ਕਿ ਜਿਹੜਾ ਬੰਦੇ ਮਗਰ ਚੜ੍ਹਿਆ, ਉਸਨੂੰ ਮਾਰ ਹੀ ਲੈਣਾ ਹੈ ਅੱਗੇ ਫੌਜਦਾਰਾਂ ਦੀ ਹਾਲਤ ਸਾਰੀ ਸੁਣੀ ਹੈ । ਇਸ ਤਰ੍ਹਾਂ ਕੋਈ ਵੀ ਬੰਦੇ ਬਹਾਦਰ ਤੇ ਚੜ੍ਹਾਈ ਕਰਨ ਦਾ ਹੌਂਸਲਾ ਨਹੀਂ ਕਰਦਾ, ਤੁਰਕ ਜਰਨੈਲ ਸਭ ਮਰਨ ਤੋਂ ਸੰਗਦੇ ਹਨ। ੪।

ਚੌਪਈ॥ ਤਬ ਤੁਰਕਨ ਨੇ ਯੌ ਕਰੀ ਬਾਤ॥ ਤਦੋਂ ਤੁਰਕਾਂ ਨੇ ਇਸ ਤਰ੍ਹਾਂ ਗੱਲ ਕੀਤੀ ਹੈ।

ਹੈ ਸਤਿਗੁਰ ਕੋ ਯਹਿ ਉਤਪਾਤਿ॥ ਆਪਸ ਵਿੱਚ ਕਹਿੰਦੇ ਹਨ ਕਿ ਸਾਰੀ ਗੱਲ ਤਾਂ ਸਤਿਗੁਰਾਂ ਦੀ ਹੈ । ਸਤਿਗੁਰਾਂ ਨੇ ਭੇਜਿਆ ਹੈ ਬੰਦੇ ਬਹਾਦਰ ਨੂੰ ਨੰਦੇੜ ਤੋਂ ਥਾਪੜਾ ਦੇ ਕੇ ਇਸ ਦੀ (ਉਤਪਾਤਿ) ਉਤਪਤੀ, ਗੁਰੂ ਤੋਂ ਹੋਈ ਹੈ।

ਜਿਸੈ ਕਬੀਲੈ ਹੈਂ ਤੁਮ ਪਾਸ॥ ਮਾਤਾ ਸਾਹਿਬ ਦੇਵਾਂ ਜੀ ਉਦੋਂ ਦਿੱਲੀ ਰਹਿੰਦੇ ਹੁੰਦੇ ਸਨ । ਇਹਨਾਂ ਸਾਰਿਆਂ ਤੁਰਕਾਂ ਨੇ ਬਾਦਸ਼ਾਹ ਨੂੰ ਜਾ ਕੇ ਕਿਹਾ, ਬਾਦਸ਼ਾਹ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੋਬਿੰਦ ਸਿੰਘ ਜੀ ਮਹਾਰਾਜ ਨੇ ਬੰਦਾ ਬਹਾਦਰ ਨੂੰ ਤਾਕਤ ਦੇ ਕੇ ਭੇਜਿਆ ਹੈ, ਹੁਣ ਉਹਦੇ ਨਾਲ ਤਾਂ ਕਿਸੇ ਦੀ ਵਾਹ ਨਹੀਂ ਲੜਨ ਦੀ, ਉਸ ਬਲੀ ਗੁਰੂ ਦਾ ਉਹ ਸੇਵਕ ਹੈ। ਉਹਨਾਂ ਗੁਰੂਆਂ ਦੇ (ਕਬੀਲੈ) ਮਹਿਲ ਏਥੇ ਤੁਹਾਡੇ ਕੋਲ ਰਹਿੰਦੇ ਹਨ ਦਿੱਲੀ ਵਿੱਚ, ਉਹਨਾਂ ਨੂੰ ਜਾ ਕੇ ਕਹੋ ਕੁਛ, ਕੋਈ ਉਸ ਨੂੰ ਹਦਾਇਤ ਕਰਨ।

ਕਰਾਯੋ ਹੈ ਜਿਹ ਮੁਲਕੈ ਨਾਸ॥੫॥ ਜਿਨ੍ਹਾਂ ਗੁਰੂਆਂ ਨੇ ਮੁਲਕ ਦਾ ਨਾਸ ਕਰਵਾ ਦਿੱਤਾ ਹੈ ਔਰ ਸਾਰੇ ਆਪਣੇ ਦੋਖੀ ਮਾਰ ਲਏ ਹਨ ਉਹਨਾਂ ਦਾ ਇਹ ਸੇਵਕ ਹੈ, ਗੁਰੂ ਦਾ ਪ੍ਰਵਾਰ ਏਥੇ ਦਿੱਲੀ ਵਿੱਚ ਰਹਿੰਦਾ ਹੈ। ੫।

ਉਸ ਹੀ ਤੇ ਉਨ ਮਨ੍ਹੇਂ ਕਰਾਵੋ॥ ਉਨ੍ਹਾਂ ਨੂੰ ਕਹੋ ਜਾ ਕੇ ਕਿ ਆਪਣੇ ਸੇਵਕ ਨੂੰ ਹਟਾਓ। ਹੁਣ ਤਾਂ ਕੋਈ ਕਸਰ ਨਹੀਂ ਰਹਿ ਗਈ, ਸਾਰੇ ਦੋਖੀ ਮਾਰ ਲਏ ਹਨ ਉਸਨੇ, ਬਦਲੇ ਲੈ ਲਏ ਹਨ। ਹੁਣ ਉਹਨਾਂ ਨੂੰ ਕਹਿ ਕੇ ਬੰਦੇ ਬਹਾਦਰ ਨੂੰ ਹਟਾਉ, ਹੋਰ ਕੋਈ ਤਰੀਕਾ ਨਹੀਂ ਰਹਿ ਗਿਆ ਹੈ।

ਉਨ ਕੋ ਹੈ ਸਿੱਖ ਕਹਿ ਹਟਵਾਵੋ॥ ਉਹਨਾਂ ਦੇ ਘਰ ਦਾ ਸਿੱਖ ਹੈ। ਮਾਤਾ ਜੀ ਨੂੰ ਕਹੋ ਜਾ ਕੇ, ਉਹ ਆਪੇ ਹਟਾਉਣ ਇਸਨੂੰ।

ਜੇ ਮਾਤਾ ਉਨੈ ਹਟਾਵੈ ਨਾਂਹੀ॥ ਜੇ ਮਾਤਾ ਜੀ ਬੰਦੇ ਬਹਾਦਰ ਨੂੰ ਜੰਗ ਕਰਨ ਤੋਂ ਨਾ ਰੋਕਣ।

ਕੈਦ ਕਰਾਵੋ ਹਮਰੇ ਪਾਹੀਂ॥੬॥ ਲੋਕ ਆਪਣੇ ਸਿਰੋਂ ਬਲਾ-ਟਾਲਣ ਵਾਸਤੇ, ਗੱਲ ਟਾਲਣ ਵਾਸਤੇ ਕਹਿੰਦੇ ਹਨ । ਜੇ ਉਹ ਨਹੀਂ ਮੰਨਦੇ ਤਾਂ ਉਹਨਾਂ ਨੂੰ ਸਾਡੇ ਕੋਲ ਕੈਦ ਕਰਵਾਉ, ਅਸੀਂ ਉਨ੍ਹਾਂ ਨੂੰ ਮਨਾਵਾਂਗੇ। ੬।

ਤਬੈ ਸ਼ਾਹਿ ਨੇ ਐਸੇ ਸੁਨੀ॥ ਜਦੋਂ ਬਾਦਸ਼ਾਹ ਫਰੁਖਸੀਅਰ ਨੇ ਏਸ ਤਰ੍ਹਾਂ ਸੁਣਿਆ ਹੈ।

ਨਾਂਹ ਯਹਿ ਆਛੀ ਤੁਮ ਜੋ ਗੁਨੀ॥ ਫਰੁਖਸੀਅਰ ਬਾਦਸ਼ਾਹ ਨੇ ਕਿਹਾ ਨਹੀਂ, ਇਹ ਜੋ ਤੁਸੀਂ (ਗੁਨੀ) ਸਲਾਹ ਕੀਤੀ ਹੈ, ਇਹ ਚੰਗੀ ਨਹੀਂ ਕੀਤੀ, ਤੁਸੀਂ ਸੋਚਣਾ ਨਹੀਂ ਸੀ ਏਸ ਬਾਰੇ ਵਿੱਚ।

ਹੈ ਉਸਕੋ ਹਮ ਸਿਰੈ ਹਸਾਨ॥ ਉਹਨਾਂ ਗੁਰੂਆਂ ਦਾ ਤਾਂ ਸਾਡੇ ਸਿਰ ਤੇ ਅਹਿਸਾਨ ਹੈ, ਉਹਨਾਂ ਦੇ ਆਸਰੇ ਤਾਂ ਬਾਦਸ਼ਾਹੀ ਕਰ ਰਹੇ ਹਾਂ, ਨਹੀਂ ਤਾਂ ਸਾਡੇ ਪ੍ਰਵਾਰ ਨੂੰ ਰਾਜ ਕਿਵੇਂ ਬਖਸ਼ਸ਼ ਕਰਦੇ।

ਦਈ ਪਤਿਸ਼ਾਹੀ ਹਮਹਿ ਉਨ ਆਨਿ॥੭॥ ਉਹਨਾਂ ਨੇ ਵੇਖੋ ਕਿਥੋਂ ਚਲ ਕੇ ਸਾਡੇ ਬਜ਼ੁਰਗ ਨੂੰ ਸਾਡੇ ਦਾਦੇ ਨੂੰ ਪਾਤਸ਼ਾਹੀ ਦਿੱਤੀ ਹੈ। ਉਹਨਾਂ ਦਾ ਅਹਿਸਾਨ ਹੁਣੇ ਭੁੱਲ ਜਾਈਏ ਇਹ ਤਾਂ ਚੰਗੀ ਗੱਲ ਨਹੀਂ ਹੈ। ੭।

ਤਬ ਭਾਈ ਨੰਦ ਲਾਲ ਬੁਲਾਯੋ॥ ਭਾਈ ਨੰਦ ਲਾਲ ਜੀ ਜੋ ਬਾਦਸ਼ਾਹੀ ਦਿਵਾਨ ਸਨ, ਉਹਨਾਂ ਨੂੰ ਬੁਲਾਇਆ ਹੈ।

ਤੌ ਪਤਿਸ਼ਾਹੈ ਯੌ ਸਮਝਾਯੋ॥ ਬਾਦਸ਼ਾਹ ਫਰੁਖਸੀਅਰ ਨੇ ਭਾਈ ਨੰਦ ਲਾਲ ਜੀ ਨੂੰ ਇਸ ਤਰ੍ਹਾਂ ਕਹਿ ਕੇ ਸਮਝਾਇਆ ਹੈ।

ਤੁਮ ਜਾਯੋ ਮਾਤਾ ਜੀ ਪਾਸ॥ ਭਾਈ ਨੰਦ ਲਾਲ ਜੀ! ਤੁਸੀਂ ਮਾਤਾ ਜੀ ਪਾਸ ਜਾਉ।

ਹਾਥ ਜੋੜ ਯੌ ਕਰੋ ਅਰਦਾਸ॥੮॥ ਉਹਨਾਂ ਦੇ ਪਾਸ ਜਾ ਕੇ ਹੱਥ ਜੋੜ ਕੇ ਇਉਂ (ਅਰਦਾਸ) ਬੇਨਤੀ ਕਰੋ, ਸਾਡੀ ਤਰਫੋਂ। ੮।

ਬੰਦੈ ਤੁਮਰੋ ਸਭ ਕੰਮ ਕੀਯੋ॥ ਮਾਤਾ ਜੀ! ਜੋ ਤੁਹਾਡਾ ਸੇਵਕ ਬੰਦਾ ਬਹਾਦਰ ਪੰਜਾਬ ਭੇਜਿਆ ਹੋਇਆ ਹੈ, ਉਸਨੇ ਸਾਰੇ ਕੰਮ ਕਰ ਲਏ ਹਨ, ਜੋ ਉਹਨੂੰ ਸਤਿਗੁਰਾਂ ਨੇ ਹੁਕਮ ਦਿੱਤਾ ਸੀ, ਉਹਨਾਂ ਸਾਰਿਆਂ ਤੋਂ ਬਦਲੇ ਲੈ ਲਏ ਹਨ।

ਸਾਹਿਬਜ਼ਾਦਨ ਬਦਲਾ ਲੀਯੋ॥ ਸਾਹਿਬਜ਼ਾਦਿਆਂ ਦਾ ਵੀ ਬਦਲਾ ਲੈ ਲਿਆ ਹੈ, ਬਜ਼ੀਦ ਖਾਂ ਮਾਰ ਕੇ ਰੋਲ ਦਿੱਤਾ ਹੈ।

ਪਰਬਤੀਅਨ ਕੌ ਦਈ ਸਜਾਇ॥ ਜਿਨ੍ਹਾਂ ਪਹਾੜੀਆਂ ਨੇ ਸਾਰਾ ਛੇੜਾ ਛੇੜਿਆ ਸੀ, ਉਹਨਾਂ ਨੂੰ ਵੀ ਉਸਨੇ ਖੂਬ ਸਜ਼ਾ ਦਿੱਤੀ ਹੈ, ਉਹਨਾਂ ਨੂੰ ਪੂਰਾ ਦੰਡ ਲਾ ਲਿਆ ਹੈ।

ਉਨ ਕੀਨੋ ਸੋਊ ਲੀਨੋ ਪਾਇ॥੯॥ ਅਤੇ ਜੋ ਉਹਨਾਂ ਨੇ ਕੀਤਾ ਸੀ ਉਹੀ ਉਨ੍ਹਾਂ ਨੇ ਪਾ ਲਿਆ ਹੈ, ਜਿਨ੍ਹਾਂ ਜਿਨ੍ਹਾਂ ਨੇ ਖਰਾਬੀ ਕੀਤੀ ਸੀ ਭੁਗਤ ਲਈ ਹੈ।

ਅਬ ਹਮ ਪਾਸ ਉਸ ਲੇਹੁ ਬੁਲਾਇ॥ ਹੁਣ ਤੁਸੀਂ ਉਸ ਨੂੰ ਸਾਡੇ ਪਾਸ ਬੁਲਾ ਲਵੋ ਬੰਦੇ ਬਹਾਦਰ ਨੂੰ, ਐਥੇ ਸੱਦ ਲਵੋ ਦਿੱਲੀ ਵਿੱਚ, ਇਉਂ ਸਲਾਹ ਦਿੱਤੀ ਹੈ ਭਾਈ ਨੰਦ ਲਾਲ ਨੂੰ ਬਾਦਸ਼ਾਹ ਨੇ।

ਉਸ ਕੀ ਗੁਜਰ ਉਸ ਦੇਵੈਂ ਲਾਇ॥ ਅਸੀਂ ਉਸਦਾ ਗੁਜਾਰਾ ਜਿੰਨਾਂ ਉਸਨੂੰ ਚਾਹੀਦਾ ਹੋਇਆ, ਉੱਤਨੀ ਜਗੀਰ ਲਾ ਦਿੰਦੇ ਹਾਂ। ਉਤਨਾ ਇਲਾਕਾ ਉਸਦੇ ਨਾਲ ਜੋੜ ਦਿੰਦੇ ਹਾਂ।

ਨਾਲੇ ਆਵੈਂ ਪਰਬਤੀ ਚੱਲ॥ ਨਾਲੇ ਸਾਰੇ ਪਹਾੜੀਏ ਚਲ ਕੇ ਆਉਣਗੇ, ਉਹਨਾਂ ਨੂੰ ਬੁਲਾ ਲੈਂਦੇ ਹਾਂ।

ਉਨਕੀ ਤੁਮ ਸਜੋਂ ਕਰਾਵੋਂ ਗੱਲ॥੧੦॥ ਪਹਾੜੀ ਰਾਜਿਆਂ ਦੀ ਤੁਹਾਡੇ ਨਾਲ ਗੱਲ ਕਰਵਾ ਦਿੰਦੇ ਹਾਂ। ੧੦।

ਇਸ ਲਪੇਟ ਮੈਂ ਮਾਤੈ ਕਹਜੋ॥ ਇਸ ਤਰ੍ਹਾਂ ਦੀਆਂ ਗੱਲਾਂ ਵਿਚ ਲਪੇਟ ਕੇ ਮਾਤਾ ਜੀ ਨੂੰ ਕਿਹਾ ਹੈ।

ਮਾਤਾ ਨੇ ਇਮ ਉੱਤਰ ਦਯੋ॥ ਮਾਤਾ ਜੀ ਨੇ ਭਾਈ ਨੰਦ ਲਾਲ ਜੀ ਨੂੰ ਇਸ ਤਰ੍ਹਾਂ ਉੱਤਰ ਦਿੱਤਾ ਹੈ।

ਵਹਿ ਹਮਰੀ ਕਬ ਮਾਨੇ ਬਾਤ॥ ਨੰਦ ਲਾਲ ਤੂੰ ਸਿਆਣਾ ਹੈ, ਉਹ ਸਾਡੀ ਕਦੋਂ ਮੰਨੇਗਾ, ਐਡਾ ਉਹ ਤਕੜਾ ਹੈ, ਹੁਣ ਉਹ ਸਾਡੀ ਗੱਲ ਮੰਨਦਾ ਹੈ ਜਿਸਨੇ ਸਭ ਨੂੰ ਦਬਾ ਲਿਆ ਹੈ।

ਬਹੁਤ ਫੌਜ ਵਹਿ ਰਖਤਾ ਜਾਤ॥੧੧॥ ਅਤੇ ਹੋਰ ਫੌਜ ਬੜੀ ਇਕੱਠੀ ਕਰੀ ਜਾਂਦਾ ਹੈ। ੧੧।

ਦੋਹਰਾ॥ ਵਹਿ ਸੱਦਜੋ ਕਬ ਆਇ ਹੈ, ਜੋ ਪਤਿਸ਼ਾਹੀ ਚੋਰ॥ ਦੂਸਰਾ ਦੋਸ਼ੀ ਹੈ ਉਹ, ਉਸਨੇ ਐਨੇ ਮਾਰੇ ਹਨ, ਕਤਲ ਕੀਤੇ ਹਨ, ਪਾਤਸ਼ਾਹ ਵੱਲੋਂ ਉਸ ਤੇ ਫਤਵਾ ਹੈ ਕਿ ਐਨੇ ਮਾਰੇ ਨੇ, ਐਨੇ ਕਤਲ ਕੀਤੇ ਨੇ, ਤੇ ਉਹ ਬਾਦਸ਼ਾਹ ਦਾ ਚੋਰ ਹੈ, ਸਾਡਾ ਸੱਦਿਆ ਕਦੋਂ ਆਇਗਾ।

ਬਿਨ ਪਕੜਜੋ ਕਬ ਆਇ ਹੈ, ਫੌਜਨ ਕੇ ਬਿਨ ਜੋਰ॥੧੨॥ ਮਾਤਾ ਜੀ ਨੇ ਕਿਹਾ ਫੌਜਾਂ ਜਿੰਨਾਂ ਚਿਰ ਜੋਰ ਨਹੀਂ ਪਾਉਂਦੀਆਂ ਜਾ ਕੇ, ਉਹ ਉਨਾਂ ਫੜੇ ਤੋਂ ਕਿਵੇਂ ਆਵੇਗਾ, ਸਾਡੇ ਕਹਿਣ ਤੇ ਨਹੀਂ ਆਉਣਾ ਉਸਨੇ। ੧੨।

ਚੌਪਈ॥ ਤਬ ਨੰਦ ਲਾਲ ਸੁਨਤ ਯੌ ਭਾਖੀ॥ ਜਦੋਂ ਨੰਦ ਲਾਲ ਜੀ ਨੇ ਇਉਂ ਉੱਤਰ ਸੁਣਿਆ ਮਾਤਾ ਜੀ ਤੋਂ, ਤਾਂ ਭਾਈ ਨੰਦ ਲਾਲ ਨੇ ਮਾਤਾ ਜੀ ਨੂੰ ਕਿਹਾ ਹੈ।

ਮੰਨੈ ਨ ਮੰਨੈ ਤੁਮ ਬਨੇ ਹੈ ਆਖੀ॥ ਮਾਤਾ ਜੀ! ਅੱਗੇ ਉਸਦੀ ਮਰਜ਼ੀ ਹੈ ਮੰਨੇ ਨਾ ਮੰਨੇ, ਤੁਸੀਂ ਆਪਣਾ ਫਰਜ਼ ਪੂਰਾ ਕਰੋ। ਤੁਹਾਡਾ ਫਰਜ਼ ਹੈ ਤੁਸੀਂ ਇੱਕ ਵਾਰੀ ਆਖ ਤਾਂ ਦਿਉ ਉਸਨੂੰ ਮੰਨਦਾ ਹੈ ਕਿ ਨਹੀਂ ਮੰਨਦਾ ਇਹ ਪਤਾ ਲੱਗ ਜਾਇਗਾ।

ਮੰਨੈ ਨਾਹੀਂ ਜੋ ਤੁਮਰੀ ਬਾਤ॥ ਮਾਤਾ ਜੀ ! ਜੇ ਤੁਹਾਡੀ ਗੱਲ ਉਹ ਨਾ ਮੰਨੇਗਾ।

ਨਿਕਸ ਜਾਇ ਤਿਸ ਕੀ ਕਰਮਾਤ॥੧੩॥ ਜੇ ਉਸਨੇ ਤੁਹਾਡੇ ਹੁਕਮ ਦੀ ਤਮੀਲ ਨਾ ਕੀਤੀ, ਉਸਦੀ ਕਰਾਮਾਤ ਹੀ ਸਾਰੀ ਨਿਕਲ ਜਾਇਗੀ, ਉਹ ਫਿਹਲ ਹੋ ਜਾਇਗਾ। ੧੩।

ਜੌ ਨ ਲਿਖੋ ਤਉ ਸ਼ਾਹਿ ਰਿਸਾਵੈ॥ ਹੇ ਮਾਤਾ ਜੀ ! ਜੇ ਤੁਸੀਂ ਬਾਦਸ਼ਾਹ ਦੇ ਕਹੇ ਤੋਂ ਉਸਨੂੰ ਨਾ ਆਖਿਆ ਜਾਂ ਨਾ ਲਿਖਿਆ ਤਾਂ ਬਾਦਸ਼ਾਹ ਕ੍ਰੋਪ ਹੋਵੇਗਾ ਕਿ ਜਾਣਕੇ ਨਹੀਂ ਕਹਿੰਦੇ, ਜਾਣਕੇ ਮਰਵਾਉਂਦੇ ਹਨ ਸਾਰੀ ਪਰਜਾ ਨੂੰ।

ਵਹੁ ਜਾਨਹਿ ਇਨ ਸੱਦਜੋ ਆਵੈ॥ ਉਸਨੂੰ ਤੇ ਇੰਨਾਂ ਹੀ ਪਤਾ ਹੈ ਕਿ ਜੇ ਮਾਤਾ ਜੀ ਉਹਨੂੰ ਬੁਲਾ ਲੈਣ ਤਾਂ ਉਹ ਸੱਦਿਆ ਆ ਸਕਦਾ ਹੈ, ਕਿਉਂਕਿ ਇਸ ਘਰ ਦਾ ਸੇਵਕ ਹੈ ਉਹ ਇਨਕਾਰ ਨਹੀਂ ਕਰੇਗਾ।

ਤੁਮ ਲਿਖ ਭੇਜੋ ਅਪਨੀ ਓਰ॥ ਤੁਸੀਂ ਆਪਣੇ ਵਲੋਂ ਇਕ ਵਾਰ ਉਲਾਂਭਾ ਤਾਂ ਲਾਹ ਦਿਉ, ਤੁਸੀਂ ਇਕ ਵਾਰ ਬੰਦੇ ਨੂੰ ਲਿਖ ਕੇ ਜਰੂਰ ਭੇਜੋ।

ਮੰਨੈ ਨ ਮੰਨੈ ਵਹਿ ਅਪਨੈ ਜੋਰ॥੧੪॥ ਬਾਕੀ ਉਸਦੀ ਗੱਲ ਉਸਤੇ ਰਹਿ ਜਾਇਗੀ, ਆਪਣੀ ਤਾਕਤ ਨਾਲ਼ ਮੰਨੇ ਨਾ ਮੰਨੇ, ਤੁਹਾਡਾ ਫਰਜ਼ ਪੂਰਾ ਹੋ ਜਾਇਗਾ। ੧੪।

ਤੁਮ ਅਪਨੀ ਸੁਰਖਰੋਈ ਕਰੋ॥ ਤੁਸੀਂ ਆਪਣੀ (ਸੁਰਖਰੋਈ) ਕਰੋ, ਸੁਰਖੁਰੂ ਹੋ ਜਾਉ ਤੁਸੀਂ, ਪਾਤਸ਼ਾਹ ਵਲੋਂ ਨਾ ਹੋਵੇ ਕਿ ਮਾਤਾ ਜੀ ਨੇ ਕਿਹਾ ਹੀ ਨਹੀਂ ਉਸਨੂੰ, ਜਾਣ ਕੇ ਨਹੀਂ ਕਹਿੰਦੇ ਉਸਨੂੰ।

ਭਾਵੈਂ ਮੰਨੇ ਭਾਵੇਂ ਵਹੁ ਲਰੋ॥ ਭਾਵੇਂ ਉਹ ਮੰਨ ਜਾਵੇ ਤੇ ਭਾਵੇਂ ਉਹ ਤੁਰਕਾਂ ਨਾਲ ਲੜਦਾ ਰਹੇ ਅੱਗੇ ਉਹਦੀ ਮਰਜ਼ੀ ਰਹੇਗੀ।

ਤੌ ਮਾਤਾ ਨੰਦ ਲਾਲਹ ਭਾਖੀ॥ ਇਸ ਤਰ੍ਹਾਂ ਸੁਣ ਕੇ ਮਾਤਾ ਜੀ ਨੇ ਭਾਈ ਨੰਦ ਲਾਲ ਨੂੰ ਕਿਹਾ ਨੰਦ ਲਾਲ !

ਲਿਖ ਭੇਜੋ ਹਮ ਨਾਂਵਹਿ ਰਾਖੀ॥੧੫॥ ਸਾਡਾ ਨਾਮ ਰੱਖ ਕੇ ਲਿਖੋ ਤੁਸੀਂ ਬੰਦੇ ਬਹਾਦਰ ਵੱਲ ਕਿ ਮਾਤਾ ਜੀ ਦਾ ਹੁਕਮ ਹੈ। ੧੫।

ਮਾਤਾ ਕਹਜੋ ਅਬ ਤੂੰ ਲਿਖ ਦੇਹਿ॥ ਮਾਤਾ ਜੀ ਨੇ ਆਖਿਆ ਨੰਦ ਲਾਲ ਤੂੰ ਸਾਡੇ ਵੱਲੋਂ ਲਿਖ।

ਮੁਹਰ ਗੁਰੂ ਕੀ ਤੂੰ ਲਾ ਦੇਹਿ॥ ਆਹ ਸਾਡੇ ਕੋਲ ਗੁਰੂ ਜੀ ਦੀ ਮੋਹਰ ਹੈ ਚਿੱਠੇ ਉੱਤੇ ਲਾ ਦੇ।

ਤਜੋਂ ਹੀ ਕੀਨ ਭਾਈ ਨੰਦ ਲਾਲ॥ ਭਾਈ ਨੰਦ ਲਾਲ ਜੀ ਨੇ ਇਸ ਤਰ੍ਹਾਂ ਲਿਖਣਾ ਕੀਤਾ, ਗੁਰੂ ਜੀ ਦੀ ਮੋਹਰ ਲਾ ਕੇ।

ਜੋ ਪਤਿਸ਼ਾਹੀ ਹੁਤੋ ਸਵਾਲ॥੧੬॥ ਜੋ ਪਾਤਸ਼ਾਹਾਂ ਨੇ ਸਵਾਲ ਕੀਤਾ ਸੀ ਭਾਈ ਨੰਦ ਲਾਲ ਜੀ ਉਸ ਤਰ੍ਹਾਂ ਲਿਖ ਦਿੱਤਾ ਹੈ। ੧੬।

ਦੋਹਰਾ॥ ਤੁਰਤ ਹੁਕਮ ਸ੍ਰੀ ਗੁਰੂ ਕਾ, ਭੇਜਜੋ ਭਾਈ ਨੰਦ ਲਾਲ॥ ਭਾਈ ਨੰਦ ਲਾਲ ਜੀ ਨੇ ਜੋ ਹੁਕਮਨਾਮਾ ਲਿਖਿਆ ਸੀ ਉਹ ਤੁਰਤ ਫੁਰਤ ਬੰਦੇ ਬਹਾਦਰ ਨੂੰ ਭੇਜਿਆ ਹੈ।

ਸਿੱਖ ਲੇਇ ਪਹੁੰਚਤ ਭਯੋ, ਬੰਦੈ ਢਿਗ ਦਰਹਾਲ॥੧੭॥ ਇਕ ਸਿਖ ਨੂੰ ਤਿਆਰ ਕੀਤਾ ਹੈ ਜਾਉ ਜਾ ਕੇ ਬੰਦੇ ਬਹਾਦਰ ਨੂੰ ਇਹ ਹੁਕਮ ਦੇ ਦਿਉ, ਉਹ ਤਤਕਾਲ ਹੀ ਬੰਦੇ ਬਹਾਦਰ ਕੋਲ ਪਹੁੰਚ ਗਿਆ ਹੈ ਸਿੱਖ। ੧੭।

ਬੰਦੈ ਚਿੱਠਾ ਸੁਨਿ ਕਹਜੋ, ਕਿਆ ਤਿਰੀਆ ਕੀ ਬਾਤ॥ ਜਦੋਂ ਬੰਦੇ ਬਹਾਦਰ ਨੇ ਇਹ ਹੁਕਮਨਾਮਾ ਸੁਣਿਆ ਹੈ, ਪੜ੍ਹ ਕੇ ਲਿਖਾਰੀ ਨੇ ਸੁਣਾਇਆ, ਕਹਿੰਦਾ ਔਰਤਾਂ ਦੀ ਏਨੀ ਕੁ ਹੀ ਬੁਧੀ ਹੁੰਦੀ ਹੈ ਕੀ ਉਨ੍ਹਾਂ ਦੀ ਗੱਲ ਪਿੱਛੇ ਲੱਗਣਾ ਹੈ।

ਹਮ ਤੁਰਕਨ ਕੌ ਹਥ ਲਗੋਂ, ਛਡੇਂ ਨ ਹਮਰੀ ਜਾਤ॥੧੮॥ ਮੈਂ ਤੁਰਕਾਂ ਦੇ ਕਾਬੂ ਆ ਜਾਵਾਂ, ਆਪ ਜਾ ਕੇ ਦਿੱਲੀ, ਮੇਰੀ ਤਾਂ ਨਿਸ਼ਾਨੀ ਨਹੀਂ ਛਡਣੀ ਉਹਨਾਂ ਨੇ, ਮੈਨੂੰ ਤਾਂ ਖਤਮ ਕਰ ਦੇਣਗੇ। ੧੮।

ਜੋ ਉੱਤਰ ਬੰਦੈ ਕਹਜੋ, ਦਯੋ ਸ਼ਾਹਿ ਪੈ ਘੱਲ॥ ਅਤੇ ਬੰਦੇ ਬਹਾਦਰ ਨੇ ਜੋ ਉੱਤਰ ਲਿਖ ਕੇ ਭੇਜਿਆ ਵਾਪਸ, ਉਹ ਮਾਤਾ ਜੀ ਨੇ ਫਰੁਖਸੀਅਰ ਬਾਦਸ਼ਾਹ ਕੋਲ ਭੇਜ ਦਿੱਤਾ ਹੈ।

ਸ਼ਾਹੈ ਸਭਾ ਲਗਾਇ ਕੈ, ਸੁਨਾਈ ਸਬਹਨ ਗੱਲ॥੧੯॥ ਬਾਦਸ਼ਾਹ ਨੇ ਸਭਾ ਲਗਾਈ ਹੈ, ਜੋ ਮਾਤਾ ਜੀ ਨੇ ਬੰਦੇ ਬਹਾਦਰ ਨੂੰ ਹੁਕਮਨਾਮਾ ਘੱਲਿਆ ਸੀ ਅਤੇ ਉਸਦੇ ਜੁਆਬ ਵਿਚ ਜੋ ਬੰਦੇ ਬਹਾਦਰ ਨੇ ਮਾਤਾ ਜੀ ਨੂੰ ਪੱਤਰ ਭੇਜਿਆ ਹੈ ਉਹ ਕਚਹਿਰੀ ਵਿੱਚ ਸੁਣਾ ਦਿੱਤਾ ਹੈ। ੧੯।

ਚੌਪਈ॥ ਬੰਦੈ ਕਹਜੋ ਮੈਂ ਤਵ ਸਿੱਖ ਨਾਂਹੀ ॥ ਬੰਦੇ ਬਹਾਦਰ ਨੇ ਮਾਤਾ ਜੀ ਨੂੰ ਉੱਤਰ ਲਿਖ ਦਿੱਤਾ ਹੈ ਕਿ ਮੈਂ ਤੁਹਾਡਾ ਸਿੱਖ ਹੀ ਨਹੀਂ ਹਾਂ।

ਮੈਂ ਬੈਰਾਗੀ ਬੈਸਨੌ ਆਹੀਂ॥ ਮੈਂ ਤਾਂ ਬੈਰਾਗੀ ਸਾਧ ਹਾਂ ਅਤੇ ਵੈਸ਼ਨੋ ਮੱਤ ਵਾਲਾ ਹਾਂ। ਤੁਸੀਂ ਛੱਤ੍ਰੀ ਹੋ ਸਾਰੇ।

ਹਮ ਔ ਤੁਮ ਕੌ ਇਤਨੌ ਮੇਲ॥ ਸਾਡਾ ਤੇ ਤੁਹਾਡਾ ਇਤਨਾ ਕੁ ਹੀ ਆਪਸ ਵਿੱਚ ਮੇਲ ਸੀ, ਜਿਹੜਾ ਹੁਣ ਤਕ ਨਿਭਾ ਦਿੱਤਾ ਹੈ ਮੈਂ।

ਲੇਂ ਪਤਿਸ਼ਾਹੀ ਹਮ ਅਪਨੇ ਖੇਲ॥੨੦॥ ਹੁਣ ਮੈਂ ਆਪਣੀ ਤਾਕਤ ਨਾਲ ਪਾਤਸ਼ਾਹੀ ਲੈਣੀ ਹੈ ਤੁਰਕਾਂ ਤੋਂ, ਆਪਣੇ ਜ਼ੋਰ ਨਾਲ ਖੋਹ ਲੈਣੀ ਹੈ। ੨੦।

ਮੈਂ ਅਬ ਦਰਸ਼ਨ ਫੜ੍ਹੇ ਬੁਲਾਊਂ॥ ਐਨਾ ਹੰਕਾਰ ਹੋ ਗਿਆ ਹੈ ਬੰਦੇ ਬਹਾਦਰ ਨੂੰ ਕਹਿਣ ਲੱਗਾ ਮੈਂ ਹੁਣ 'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ' ਇਹ ਬੰਦ ਕਰ ਦੇਣੀ ਹੈ, ਮੈਂ ਉਹ ਵੀ ਛੱਡੀ। ਹੁਣ ਮੈਂ ਦਰਸ਼ਨ ਜੀ ਕਾ ਖਾਲਸਾ, ਦਰਸ਼ਨ ਜੀ ਕੀ ਫਤਹਿ ਬੁਲਾਉਣੀ ਹੈ। ਮੈਂ ਗੁਰੂ ਦੀ ਫਤਹਿ ਹੀ ਛੱਡ ਦਿੱਤੀ ਹੈ ਅੱਜ ਤੋਂ।

ਫੜ੍ਹੇ ਗੁਰੂ ਕੀ ਦੂਰ ਕਰਾਊਂ॥ ਮੈਂ ਗੁਰੂ ਦੀ ਫੜ੍ਹੇ ਨੂੰ ਦੂਰ ਕਰਾਵਾਂਗਾ, ਮੈਂ ਆਪਣੀ ਜਿਹੜੀ ਫੜ੍ਹੇ ਹੈ ਉਸਨੂੰ ਬੁਲਾਵਾਂਗਾ।

ਜਿਮ ਹਮ ਬਕਰੇ ਸਿੰਘਨ ਮਾਰੇ॥ ਜਿਵੇਂ ਸਿੰਘਾਂ ਨੇ ਮੇਰੇ ਆਸ਼ਰਮ ਵਿੱਚ ਬੱਕਰੇ ਝਟਕਾਏ ਸਨ।

ਤਿਮ ਹਮ ਇਨ ਕੋ ਕਰੈਂ ਖੁਵਾਰੇ॥੨੧॥ ਜਿਵੇਂ ਇਹਨਾਂ ਨੇ ਮੇਰੇ ਬੱਕਰੇ ਮਾਰੇ ਸਨ ਹੁਣ ਮੈਂ ਉਹਨਾਂ ਦਾ ਬਦਲਾ ਲੈਣਾ, ਹੁਣ ਮੈਂ ਖੁਆਰ ਕਰਾਂਗਾ ਖਾਲਸੇ ਨੂੰ। ੨੧।

ਬੰਦਾ ਤੁਰਕਨ ਮਾਰਨ ਡਹਜੋ॥ ਬੰਦਾ ਉੱਠ ਕੇ ਤੁਰਕਾਂ ਨੂੰ ਮਾਰਨ ਡਹਿ ਪਿਆ ਹੈ ਗੁੱਸੇ ਵਿੱਚ ਆ ਕੇ।

ਤੁਰਕਨ ਤੇ ਕੁਛ ਬੰਦ ਨ ਪਯੋ॥ ਤੇ ਤੁਰਕਾਂ ਤੋਂ ਤਾਂ ਕੋਈ ਹੋਇਆ ਹੀ ਨਹੀਂ ਹੈ ਕੰਮ, ਤੁਰਕਾਂ ਦਾ ਤਾਂ ਜੋਰ ਹੀ ਕੋਈ ਨਾ ਚੜੇ, ਉਹ ਤਾਂ ਨਾਮ ਸੁਣ ਕੇ ਹੀ ਭੱਜ ਜਾਂਦੇ ਸਨ।

ਬੰਦੇ ਸਾਥ ਤੁਰਕ ਲਰ ਹਾਰੇ॥ ਬੰਦੇ ਨਾਲ ਤੁਰਕ ਲੜ ਕੇ ਹਾਰ ਕੇ ਬੈਠ ਗਏ ਸਨ ਘਰਾਂ ਵਿੱਚ।

ਕਰੀ ਬੰਦੈ ਸਭ ਪੰਜਾਬ ਖੁਵਾਰੇ॥੨੨॥ ਬੰਦੇ ਨੇ ਸਾਰੇ ਪੰਜਾਬ ਵਿੱਚ ਖੁਆਰੀ ਪਾ ਦਿੱਤੀ ਹੈ। ਸਾਰੇ ਤੁਰਕਾਂ ਨੂੰ ਰੋਲ ਮਾਰਿਆ ਸੀ । ੨੨।

(ਬੰਦੇ ਦਾ ਤੇ ਤੱਤ ਖਾਲਸੇ ਦਾ ਅੱਡ ਅੱਡ ਹੋਣਾ)

ਦੋਹਰਾ॥ ਜਬ ਬੰਦੈ ਤੁਰਕ ਜਿਤ ਲਏ, ਲੜ ਨਹਿ ਸੱਕੈ ਕੋਇ॥ ਜਦੋਂ ਪੰਜਾਬ ਦੇ ਹਾਕਮ ਤੁਰਕਾਂ ਨੂੰ ਬੰਦੇ ਬਹਾਦਰ ਨੇ ਜਿੱਤ ਲਿਆ ਹੈ, ਕੋਈ ਵੀ ਹੁਣ ਬੰਦੇ ਬਹਾਦਰ ਨਾਲ ਟਾਕਰਾ ਨਹੀਂ ਕਰ ਸਕਦਾ ਹੈ।

ਤੌ ਚੁਗਲਨ ਫਿਰ ਆਖਿਓ, ਫਰੁਖਸੀਅਰ ਸੰਗ ਜੋਇ॥੧॥ ਚੁਗਲ ਲੋਕ ਜਿਹੜੇ ਹਨ, ਸ਼ੈਤਾਨ ਲੋਕ, ਬੇਈਮਾਨ ਜਿਹੜੇ ਹੁੰਦੇ ਹਨ, ਆਪਣੀ ਕੌਮ ਧਰਮ ਨੂੰ ਨਹੀਂ ਪਛਾਣਦੇ, ਉਹਨਾਂ ਨੇ ਜਾ ਕੇ ਫਰੁਖਸੀਅਰ ਨੂੰ ਇਸ ਤਰ੍ਹਾਂ ਚੁਗਲੀ ਲਾਈ ਹੈ। ੧।

ਚੌਪਈ॥ ਮਾਤਾ ਬੰਦੈ ਕਹਤੀ ਨਾਹੀਂ॥ ਉਹ ਤੁਰਕਾਂ ਨੂੰ ਮਾਰੀ ਤੁਰਿਆ ਜਾਂਦਾ ਹੈ, ਭਾਵ ਅੰਦਰੋਂ ਮਾਤਾ ਜੀ ਨਹੀਂ ਆਖਦੇ ਇਹ ਚੁਗਲ ਇਉਂ ਸ਼ਕਾਇਤਾਂ ਲਾਉਂਦੇ ਹਨ।

ਇਮ ਹੀ ਤੁਮ ਕੌ ਦੇ ਪਰਚਾਹੀਂ॥ ਮਾਤਾ ਜੀ ਤੁਹਾਨੂੰ ਇਉਂ ਹੀ ਪਰਚਾਈ ਜਾਂਦੇ ਹਨ, ਐਵੇਂ ਗੱਲਾਂ ਬਾਤਾਂ ਨਾਲ ਹੀ ਟਾਲੀ ਜਾਂਦੇ ਹਨ, ਅਸਲੀਅਤ ਇਹ ਹੈ ਕਿ ਮਾਤਾ ਜੀ ਆਪ ਕਹਿੰਦੇ ਨਹੀਂ ਹਨ।

ਉਨ ਕੇ ਘਰ ਕੇ ਹੈਂ ਵਹਿ ਖਾਦਮ॥ ਉਹਨਾਂ ਦੇ ਘਰ ਦੇ ਤਾਂ ਉਹ ਚਾਕਰ ਨੇ, ਸੇਵਕ ਹਨ ਉਹਨਾਂ ਦੇ।

ਬਿਨਾਂ ਗੁਰੂ ਕਬ ਹੁਇ ਬਡ ਆਦਮ॥੨॥ ਜਿੰਨਾਂ ਚਿਰ ਗੁਰੂ ਦਾ ਉੱਤੇ ਹੱਥ ਨਾ ਹੋਵੇ, ਪ੍ਰਤਾਪ ਨਾ ਹੋਵੇ, ਬਿਨਾਂ ਗੁਰੂ ਦੇ ਇਹ ਕਿਵੇਂ ਵੱਡਾ ਹੋ ਸਕਦਾ ਹੈ, ਇਹਦੇ ਕੋਲ ਸ਼ਕਤੀ ਭਗਤੀ ਕਿਵੇਂ ਰਹਿ ਸਕਦੀ ਹੈ। ੨।

ਮਾਤ ਕਹਜੋ ਕਿਮ ਮੰਨੈ ਵਹਿ ਨਾਹਿ॥ ਮਾਤਾ ਜੀ ਦਾ ਕਿਹਾ ਹੋਇਆ ਉਹ ਕਿਵੇਂ ਨਹੀਂ ਮੰਨੇਗਾ ? ਉਹ ਜ਼ਰੂਰ ਮੰਨੇਗਾ, ਪਰ ਮਾਤਾ ਜੀ ਆਪਣੇ ਮਨ ਕਰਕੇ ਨਹੀਂ ਕਹਿੰਦੇ ਹਨ, ਉਪਰਲੇ ਮਨੋ ਕਹਿੰਦੇ ਹਨ ਮਾਤਾ ਜੀ।

ਜੌ ਮਾਤਾ ਕਹਿ ਜੋਰ ਲਗਾਂਇ॥ ਜੇ ਮਾਤਾ ਜੀ ਬੰਦੇ ਬਹਾਦਰ ਨੂੰ ਜੋਰ ਦੇ ਕੇ ਕਹਿਣ।

ਚੁਗਲ ਕਹੈ ਵਹਿ ਜੋਰ ਨ ਲਾਵੈ॥ ਚੁਗਲੀ ਕਰਨ ਵਾਲੇ ਬਾਦਸ਼ਾਹ ਨੂੰ ਕਹਿੰਦੇ ਹਨ ਕਿ ਮਾਤਾ ਜੀ ਜੋਰ ਦੇ ਕੇ ਨਹੀਂ ਕਹਿੰਦੇ ਹਨ।

ਤੁਮ ਕੋ ਬਾਤਨ ਹੀ ਪਰਚਾਵੈ॥੩॥ ਬਾਦਸ਼ਾਹ! ਮਾਤਾ ਜੀ ਤੁਹਾਨੂੰ ਐਵੇਂ ਗੱਲੀਂ ਬਾਤੀਂ ਹੀ ਪਰਚਾਉਂਦੇ ਹਨ। ੩।

ਆਪ ਲਗਾਯਾ ਉਨ ਨੇ ਪਾਪ॥ ਆਪ ਹੀ ਤਾਂ ਉਨ੍ਹਾਂ ਨੇ ਬੰਦਾ ਬਹਾਦਰ ਰੂਪੀ ਪਾਪ ਲਾਇਆ ਹੈ ਤੁਰਕਾਂ ਨੂੰ, ਕਿ ਜਾਹ ਜਾ ਕੇ ਮਾਰ ਸਾਹਿਬਜ਼ਾਦਿਆਂ ਦੇ ਘਾਤੀਆਂ ਨੂੰ, ਬਦਲੇ ਲੈ, ਉਹਨਾਂ ਨੇ ਆਪ ਤਾਂ ਭੇਜਿਆ ਹੈ ਇਸਨੂੰ।

ਤੁਰਕ ਪਤਿਸ਼ਾਹੀ ਕਰੈ ਨ ਖਾਪ॥ ਫੇਰ ਕਿਉਂ ਨਾ ਉਹ ਤੁਰਕਾਂ ਦੀ ਪਾਤਸ਼ਾਹੀ ਨਾਸ ਕਰੇ, ਉਹ ਤਾਂ ਤੁਹਾਡੀ ਪਾਤਸ਼ਾਹੀ ਦਾ ਸਤਿਆਨਾਸ ਕਰ ਦੇਵੇਗਾ, ਤੁਹਾਡੀ ਪਾਤਸ਼ਾਹੀ ਦਾ ਮੂਲ ਵੀ ਨਹੀਂ ਰਹਿਣ ਦੇਣਾ ਉਸਨੇ।

ਆਪ ਚਤੁਰ ਓਇ ਆਪੇ ਚੋਰ॥ ਆਪੇ ਚਤੁਰ ਤੇ ਆਪੇ ਚੋਰ, ਉਹ ਗੱਲ ਹੈ ਇਹਨਾਂ ਦੀ, ਇਉਂ ਬਾਦਸ਼ਾਹ ਨੂੰ ਚੁਗਲੀਆਂ ਲਾ ਲਾ ਕੇ, ਤੂੰਹੰਮਤਾਂ ਲਾ ਲਾ ਕੇ ਕਹਿੰਦੇ ਹਨ।

ਹੈ ਬੰਦੇ ਮੇਂ ਸਭ ਉਨ ਜੋਰ॥ ੪॥ ਬਲਕਿ ਬੰਦੇ ਬਹਾਦਰ ਵਿੱਚ ਜਿੰਨਾਂ ਜ਼ੋਰ ਹੈ, ਜਿੰਨੀ ਤਾਕਤ ਹੈ, ਉਹ ਸਭ ਉਨ੍ਹਾਂ ਦੀ ਹੈ ਜੇ ਗੁਰੂ ਘਰ ਦੀ ਸ਼ਕਤੀ ਇਸਦੇ ਨਾਲ ਨਾ ਹੋਵੇ, ਤਾਂ ਬੰਦਾ ਬਹਾਦਰ ਕੋਈ ਚੀਜ਼ ਨਹੀਂ ਸਾਡੇ ਸਾਹਮਣੇ। ੪।

ਦੋਹਰਾ॥ ਅਬ ਨੰਦ ਲਾਲ ਭਿਜਾਇ ਕੈ, ਅਖਵਾਵੋ ਦੁਇ ਬਾਤ॥ ਬਾਦਸ਼ਾਹ ਤੁਸੀਂ ਇਉਂ ਕਰੋ, ਨੰਦ ਲਾਲ ਨੂੰ ਫੇਰ ਸੱਦੋ ਆਪਣੇ ਕੋਲ, ਬਾਦਸ਼ਾਹ ਨੂੰ ਚੁਗਲ ਕਹਿੰਦੇ ਹਨ, ਭਾਈ ਨੰਦ ਲਾਲ ਨੂੰ ਮਾਤਾ ਜੀ ਕੋਲ ਭੇਜ ਕੇ ਦੋ ਗੱਲਾਂ ਅਖਵਾ ਦਿਉ ਮਾਤਾ ਜੀ ਤੋਂ, ਫੇਰ ਅਸੀਂ ਮੰਨ ਲੈਂਦੇ ਹਾਂ।

ਕਹੇ ਬੰਦੇ ਪੈ ਨਹਿੰ ਰਹੈ, ਜਿਤਨੀ ਹੈ ਕਰਮਾਤਿ॥੫॥ ਇਹ ਕਹਾ ਦਿਉ ਮਾਤਾ ਜੀ ਤੋਂ ਕਿ ਜਿੰਨੀ ਗੁਰੂ ਜੀ ਨੇ ਬੰਦੇ ਬਹਾਦਰ ਨੂੰ ਕਰਾਮਾਤ ਬਖਸ਼ੀ ਹੈ, ਉਹ ਬੰਦੇ ਦੇ ਕੋਲ ਨਾ ਰਹੇ, ਜਿੰਨੀ ਗੁਰੂ ਸਾਹਿਬ ਜੀ ਦੀ ਤਾਕਤ ਹੈ ਬੰਦੇ ਕੋਲ ਨਾ ਰਹੈ, ਗੁਰੂ ਸਾਹਿਬ ਕੋਲ ਵਾਪਸ ਹੋ ਜਾਵੇ। ੫।

ਚੌਪਈ॥ ਔਰ ਜੁ ਤੁਮਰੇ ਸਿੰਘ ਸਜੂਦ॥ ਹੋਰ ਜੋ ਤੁਹਾਡੇ ਪੰਥ ਦੇ (ਸਜੂਦ) ਸਜੇ ਵਜੇ, ਤਿਆਰ ਬਰ ਤਿਆਰ ਸਿੰਘ ਹਨ, ਜੋ ਬਲੀ ਸਿੰਘ ਹਨ, ਜੋਧੇ ਨੇ ਪੰਥ ਵਿਚ ਉਹਨਾਂ ਦਾ ਆਦਰ ਹੈ।

ਨਹਿੰ ਬੰਦੇ ਕੇ ਰਹੈਂ ਮਜੂਦ॥ ਉਹ ਬੰਦੇ ਦੇ ਨਾਲ ਮੌਜੂਦ ਨਾ ਰਹਿਣ, ਉਹ ਵੀ ਇਹਦਾ ਖਹਿੜਾ ਛੱਡ ਦੇਣ, ਖਾਲਸਾ ਪੰਥ ਨਿਆਰਾ ਹੋ ਜਾਵੇ ਬੰਦੇ ਬਹਾਦਰ ਤੋਂ।

ਹੈ ਜੁ ਲੜਾਈ ਬੰਦੇ ਪਾਸ॥ ਇਹ ਦੋ ਤਾਕਤਾਂ ਨੇ ਬੰਦੇ ਬਹਦਾਰ ਦੇ ਪਾਸ, ਇੱਕ ਗੁਰੂ ਜੀ ਦਾ ਬਚਨ ਜਿਹੜੀ ਉਹਨਾਂ ਨੇ ਸ਼ਕਤੀ ਭਗਤੀ ਦਿੱਤੀ ਹੈ। ਦੂਸਰਾ ਖਾਲਸਾ ਪੰਥ ਨਾਲ ਹੈ, ਦੋ ਹੀ ਸ਼ਕਤੀਆਂ ਹਨ ਬੰਦੇ ਕੋਲ ਜਿਨ੍ਹਾਂ ਨਾਲ ਸਾਨੂੰ ਖਰਾਬ ਕਰ ਰਿਹਾ।

ਸੋ ਸਭ ਤੁਮਰੇ ਸਿੰਘਨ ਖਾਸ॥੬॥ ਅਤੇ ਜੋ ਲੜਾਈ ਹੈ ਬੰਦੇ ਬਹਾਦਰ ਕੋਲ, ਜੋ ਤਾਕਤ ਹੈ ਸਾਨੂੰ ਮਾਰਨ ਦੀ, ਉਹ ਤਾਂ ਤੁਹਾਡੇ ਸਿੰਘਾਂ ਦੀ ਹੈ। ਸਿੰਘ ਮਾਰਦੇ ਨੇ ਸਾਨੂੰ, ਬੰਦਾ ਬਹਾਦਰ ਤਾਂ ਸਾਡੇ ਸਾਮ੍ਹਣੇ ਕੁਛ ਨਹੀਂ ਹੈ । ਇਉਂ ਤੁਰਕ ਮਾਤਾ ਜੀ ਨੂੰ ਮਜਬੂਰ ਕਰਦੇ ਨੇ ਕਿ ਇਹ ਦੋ ਗੱਲਾਂ ਕਹਾ ਦਿਉ। ੬।

ਤਬ ਮਾਤਾ ਨੇ ਇਮ ਹੀ ਭਾਖੀ॥ ਜਦੋਂ ਤੁਰਕ ਬਹੁਤਾ ਹੀ ਆਖੀ ਜਾਣ ਕਿ ਤੁਸੀਂ ਜਾਣ ਕੇ ਨਹੀਂ ਕਹਿੰਦੇ, ਤਾਂ ਮਾਤਾ ਜੀ ਨੇ ਇਸ ਤਰ੍ਹਾਂ ਹੀ ਦੋ ਗੱਲਾਂ ਕਹਿ ਦਿੱਤੀਆਂ ਹਨ।

ਬੰਦੇ ਨ ਮਾਨੀ ਹਮਰੀ ਆਖੀ॥ ਮਾਤਾ ਜੀ ਨੇ ਉਥੋਂ ਚਿੱਠੀ ਵਿਚ ਕਹਿ ਦਿੱਤਾ ਹੈ ਕਿ ਬੰਦੇ ਨੇ ਸਾਡਾ ਹੁਕਮ ਨਹੀਂ ਮੰਨਿਆ ਹੈ, ਅਸੀਂ ਜੋ ਆਗਿਆ ਕਰਕੇ ਭੇਜਿਆ ਸੀ ਉਹਨੇ ਪ੍ਰਵਾਹ ਨਹੀਂ ਕੀਤੀ ਉਸਦੀ।

ਕਰਾਮਾਤ ਬੰਦਜੋਂ ਤਜ ਜਾਇ॥ ਹੇ ਗੁਰੂ ਨਾਨਕ ਪਾਤਸ਼ਾਹ ਜੀ! ਬੰਦੇ ਬਹਾਦਰ ਵਿਚੋਂ ਕਰਾਮਾਤ ਨਿਕਲ ਜਾਏ।

ਰਹੈ ਖਾਲਸੋ ਹਮਰੇ ਆਇ॥੭॥ ਅਤੇ ਉਹ ਕਰਾਮਾਤ ਮੇਰੇ ਖਾਲਸੇ ਵਿੱਚ ਹੀ ਆ ਜਾਏ ਵਾਪਸ ਹੋਰ ਨਾ ਕਿੱਧਰੇ ਜਾਵੇ, ਤੇ ਬੰਦੇ ਵਿੱਚ ਰਹੇ ਨਾ। ੭।

ਜੋ ਮਾਤਾ ਖਾਲਸੈ ਲਿਖ ਪਠਈ॥ ਜੋ ਹੁਕਮਨਾਮਾ ਮਾਤਾ ਜੀ ਨੇ ਖਾਲਸੇ ਪੰਥ ਨੂੰ ਲਿਖ ਕੇ ਭੇਜਿਆ ਹੈ। ਖਾਲਸਾ ਜੀ! ਹੁਣ ਤੁਸੀਂ ਇਹਦਾ ਸਾਥ ਨਹੀਂ ਦੇਣਾ, ਇਹਦੇ ਤੋਂ ਪਿੱਛੇ ਹੱਟ ਜਾਉ।

ਖਾਲਸੈ ਸੀਸ ਸੋਊ ਧਰ ਲਈ॥ ਜਦੋਂ ਇਹ ਹੁਕਮਨਾਮਾ ਖਾਲਸਾ ਜੀ ਨੂੰ ਮਿਲਿਆ, ਕਿ ਇਸਦਾ ਸਾਥ ਨਹੀਂ ਦੇਣਾ, ਇਹ ਸ਼ਕਤੀ ਹੁਣ ਤੁਹਾਡੇ ਵਿੱਚ ਰਹੇਗੀ ਤਾਂ ਖਾਲਸੇ ਨੇ ਹੁਕਮ ਸਿਰ ਮੱਥੇ ਤੇ ਪ੍ਰਵਾਣ ਕੀਤਾ ਹੈ।

ਬੰਦਾ ਰਖਤ ਥੋ ਖਾਲਸੈ ਕੋ ਤੰਗ॥ ਜਦੋਂ ਮਾਤਾ ਜੀ ਨੇ ਬੰਦੇ ਬਹਾਦਰ ਨੂੰ ਹੁਕਮਨਾਮਾ ਭੇਜਿਆ ਸੀ ਕਿ ਭਾਈ ਹੁਣ ਤੂ ਜਾਣ ਦੇ, ਸੁਖ ਦਾ ਸਾਹ ਲੈਣ ਦੇ ਸੰਸਾਰ ਨੂੰ, ਉਹ ਖਾਲਸੇ ਨਾਲ ਵੈਰ ਬੰਨ੍ਹ ਬੈਠਾ ਸੀ, ਸਿੰਘਾਂ ਨੂੰ ਤੰਗ ਕਰਦਾ ਸੀ, ਬੋਲ ਕਬੋਲ ਬੋਲਦਾ ਸੀ ਭੈੜੇ ਜੋ ਭਾਈ ਰਤਨ ਸਿੰਘ ਜੀ ਲਿਖਦੇ ਹਨ।

ਸੁਨ ਬਚ ਮਾਤ ਖਾਲਸੇ ਲਗਜੋ ਰੰਗ॥੮॥ ਮਾਤਾ ਜੀ ਦਾ ਹੁਕਮ ਸੁਣ ਕੇ, ਖਾਲਸੇ ਪੰਥ ਨੂੰ ਤੇ ਸਿੰਘਾਂ ਨੂੰ ਤਾਂ ਰੰਗ ਲੱਗ ਗਿਆ ਕਿ ਹੁਣ ਹੋ ਗਏ ਹਾਂ ਸੁਰਖੁਰੂ, ਕਿ ਅਸੀਂ ਆਪਣੇ ਆਪ ਪਿੱਛੇ ਨਹੀਂ ਸੀ ਹਟਣਾ ਕਿ ਗੁਰੂ ਜੀ ਦਾ ਹੁਕਮ ਸੀ ਕਿ ਇਹਦਾ ਸਾਥ ਦੇਣਾ ਹੈ। ਹੁਣ ਮਾਤਾ ਜੀ ਦਾ ਹੁਕਮਨਾਮਾ ਆ ਗਿਆ ਹੈ ਹੁਣ ਅਸੀਂ ਇਸ ਤੋਂ ਪਿਛੇ ਹਟ ਜਾਵਾਂਗੇ, ਜੇ ਉਹ ਸਾਨੂੰ ਤੰਗ ਕਰਦਾ ਹੈ, ਸਾਡੇ ਨਾਲ ਵੈਰ ਕਰਦਾ ਹੈ। ੮।

ਤਬ ਖਾਲਸੇ ਇਮ ਬਾਤ ਉਚਾਰਾ॥ ਖਾਲਸਾ ਪੰਥ ਨੇ ਮਾਤਾ ਜੀ ਦਾ ਹੁਕਮਨਾਮਾ ਮੰਨ ਕੇ ਅੱਗੋਂ ਮਾਤਾ ਜੀ ਨੂੰ ਏਸ ਤਰਾਂ ਬਚਨ ਕਿਹਾ ਹੈ।

ਕਿਮ ਕਰ ਹੋਵਗ ਹਮੈ ਗੁਜਾਰਾ ?॥ ਖਾਲਸਾ ਪੰਥ ਨੇ ਮਾਤਾ ਜੀ ਨੂੰ ਇਹ ਲਿਖ ਕੇ ਭੇਜਿਆ ਹੈ, ਹੇ ਮਾਤਾ ਜੀ! ਤੁਸੀਂ ਕਹਿੰਦੇ ਹੋ ਪਿੱਛੇ ਹਟ ਕੇ ਬੈਠ ਜਾਉ, ਇਸਦਾ ਸਾਥ ਨਾ ਦਿਉ, ਤੇ ਖਾਲਸੇ ਪੰਥ ਦਾ ਕੰਮ ਤਾਂ ਲੁੱਟ ਮਾਰ ਤੇ ਚੱਲ ਰਿਹਾ ਹੈ। ਅੰਨ ਅਨਾਜ ਲਿਆਉਣਗੇ ਲੁੱਟ ਕੇ, ਧਨ ਪਦਾਰਥ ਲਿਆਉਣਗੇ ਤਾਂ ਹੀ ਕੋਈ ਕੰਮ ਸਰੇਗਾ, ਮਾਤਾ ਜੀ ਸਾਡਾ ਗੁਜਾਰਾ ਕਿਵੇਂ ਹੋਵੇਗਾ? ਅਸੀਂ ਕਿਵੇਂ ਨਿਰਬਾਹ ਕਰਾਂਗੇ?

ਕਹਜੋ ਮਾਤਾ ਨੇ ਚੜ੍ਹਾਵੈ ਖਾਵੋ॥ ਤਾਂ ਮਾਤਾ ਜੀ ਨੇ ਹੁਕਮਨਾਮਾ ਘੱਲ ਦਿੱਤਾ ਹੈ ਕਿ ਗੁਰੂ ਘਰ ਵਿਚ ਜੋ ਚੜ੍ਹਤ ਚੜ੍ਹਾਵਾ ਹੁੰਦਾ ਹੈ, ਹੁਣ ਉਸਦੇ ਨਾਲ ਗੁਜਾਰਾ ਕਰਿਆ ਕਰੋ। ਪਹਿਲੇ ਖਾਲਸਾ ਜੀ ਗੁਰੂ ਘਰ ਦਾ ਚੜ੍ਹਾਵਾ ਖਾਲਸਾ ਪੰਥ ਨਹੀਂ ਸੀ ਵਰਤਦਾ ਆਪਣੀ ਮਿਹਨਤ ਮਜ਼ਦੂਰੀ ਕਰਕੇ ਆਪਣੇ ਬਲ ਸ਼ਕਤੀ ਨਾਲ ਪੈਦਾ ਕਰਕੇ ਛਕਦਾ ਛਕਾਉਂਦਾ ਸੀ। ਹੁਣ ਮਾਤਾ ਜੀ ਨੇ ਹੁਕਮ ਕੀਤਾ ਹੈ ਕਿ ਹੁਣ ਗੁਰੂ ਘਰ ਵਿੱਚ ਟਹਿਲ ਕਰੋ, ਜੋ ਸ਼ਰਧਾਲੂ ਸਿੱਖ ਆ ਕੇ ਦਸਵੰਧ ਦਿੰਦੇ ਹਨ, ਉਸਤੇ ਤੁਸੀਂ ਗੁਜ਼ਾਰਾ ਕਰੋ, ਪਹਿਲਾਂ ਦਸਵੰਧ ਸਾਰਾ ਪਟਣੇ ਸਾਹਿਬ ਜਮ੍ਹਾਂ ਹੁੰਦਾ ਸੀ। ਜਦੋਂ ਲੋੜ ਪੈਂਦੀ ਸੀ ਗੁਰੂ ਸਾਹਿਬ ਹੁਕਮਨਾਮਾ ਭੇਜ ਕੇ ਮੰਗਵਾਉਂਦੇ ਸਨ।

ਪਟਣੇ ਤੇ ਅਬ ਇਹਾਂ ਮੰਗਾਵੋ॥੯॥ ਮਾਤਾ ਜੀ ਕਹਿੰਦੇ ਹਨ ਕਿ ਅੱਗੇ ਪਟਣਾ ਸਾਹਿਬ ਤੋਂ ਅਸੀਂ ਮੰਗਵਾਉਦੇ ਸਾਂ ਖਜ਼ਾਨਾ ਹੁਣ ਖਾਲਸਾ ਜੀ ਤੁਸੀਂ ਗੁਰੂ ਘਰ ਬੈਠੇ ਹੋ, ਏਥੇ ਬੈਠ ਕੇ ਏਥੇ ਹੀ ਆਪਣਾ ਖਜ਼ਾਨਾ ਮੰਗਾਉ ਪਟਣੇ ਸਾਹਿਬ ਤੋਂ। ੯।

ਤੋਸ਼ੇ ਖਾਨੇ ਲੈ ਜਾਉ ਸੱਭ॥ ਅਤੇ ਸਾਡੇ ਕੋਲ ਜਿੰਨੇ ਤੋਸ਼ੇਖਾਨੇ ਹਨ, ਜੋ ਗੁਰੂ ਜੀ ਦਾ ਸਾਮਾਨ ਹੈ ਮੇਰੇ ਕੋਲ ਉਹ ਸਾਰਾ ਲੈ ਜਾਉ ਆ ਕੇ।

ਸਭ ਗੁਰਦ੍ਵਾਰੇ ਸੌਂਪ ਦਏ ਤਬ॥ ਮਾਤਾ ਜੀ ਨੇ ਖਾਲਸੇ ਨੂੰ ਸਾਰੇ ਗੁਰਦੁਆਰਿਆਂ ਦਾ ਪ੍ਰਬੰਧ ਸੌਂਪ ਦਿੱਤਾ, ਸਾਰਾ ਦਸਵੰਧ

ਗੁਰੂ ਖਾਲਸੇ ਨੂੰ ਸੰਭਾਲ ਦਿਤਾ ਹੈ ਗੁਰੂ ਘਰ ਦਾ। ਸਾਰੇ ਖਜ਼ਾਨੇ ਖਾਲਸਾ ਜੀ ਲੈ ਜਾਉ ਅੱਜ ਤੋਂ ਖਾਲਸਾ ਪੰਥ ਵਰਤੇਗਾ ਇਸਨੂੰ । ਇਉਂ ਗੁਰੂ ਘਰ ਦੀ ਸ਼ਕਤੀ ਭਗਤੀ ਵੀ ਆ ਗਈ ਖਾਲਸਾ ਪੰਥ ਵਿੱਚ ਅਤੇ ਗੁਰੂ ਕਾ ਖਜ਼ਾਨਾ ਵੀ ਖਾਲਸੇ ਪੰਥ ਦੇ ਹੱਥ ਆ ਗਿਆ ਹੈ।

ਸੋ ਕੋਇ ਦਿਨ ਇਮ ਸਰਬ ਲਿਖਾਯੋ॥ ਇਸ ਤਰ੍ਹਾਂ ਨਿਰਬਾਹ ਹੋਇਆ ਖਾਲਸੇ ਦਾ, ਪਟਣੇ ਸਾਹਿਬ ਤੋਂ ਧਨ ਇਥੇ ਆਉਣ ਲੱਗ ਪਿਆ ਹੈ, ਇਉਂ ਮੁੱਲ ਖਰੀਦ ਕੇ ਨਿਰਬਾਹ ਕਰਨ ਲਗੇ।

ਫਿਰ ਗੁਰ ਬਚਨੀ ਪਤਿਸ਼ਾਹੀ ਪਾਯੋ॥੧੦॥ ਮਾਤਾ ਜੀ ਲਿਖਦੇ ਹਨ ਖਾਲਸੇ ਨੂੰ, ਫੇਰ ਗੁਰਾਂ ਦੇ ਬਚਨਾਂ ਅਨੁਸਾਰ ਪਾਤਸ਼ਾਹੀ ਪ੍ਰਾਪਤ ਹੈ, ਰਾਜ ਕਰਿਉ ਖਾਲਸਾ ਜੀ, ਇਉਂ ਮਾਤਾ ਜੀ ਦਾ ਹੁਕਮਨਾਮਾ ਪਹੁੰਚ ਗਿਆ ਹੈ। ੧੦।

ਬਿਨ ਸਿੰਘਨ ਹਮ ਪਜਾਰੋ ਨ ਕੋਈ॥ ਮਾਤਾ ਜੀ ਕਹਿੰਦੇ ਸਿੰਘਾਂ ਤੋਂ ਬਿਨਾਂ ਸਾਨੂੰ ਹੋਰ ਕੋਈ ਪਿਆਰਾ ਨਹੀਂ ਹੈ, ਸਾਡੇ ਕੋਲ ਕੀ ਰਹਿ ਗਿਆ ਸਿੰਘਾਂ ਤੋਂ ਬਿਨਾਂ, ਸਿੰਘ ਹੀ ਸਾਡੇ ਸਪੁੱਤ੍ਰ ਹਨ।

ਪੁੱਤ ਹਮਾਰੇ ਸਿੰਘ ਸੁ ਹੋਈ॥ ਸਿੰਘ ਹੀ ਸਾਡੇ ਪੁੱਤਰ ਹਨ ਸਿੰਘ ਹੀ ਹੋਣਗੇ ਗੁਰੂ ਘਰ ਦੇ ਮਾਲਕ।

ਦਾਵਾ ਹਮਰਾ ਸਿੰਘਨ ਤਾਂਈ॥ ਖਾਲਸਾ ਜੀ! ਤੁਹਾਡੇ ਤੇ ਹੀ ਦਾਵਾ ਹੈ ਸਾਡਾ, ਗੁਰੂ ਘਰ ਦਾ ਦਾਵਾ ਸਿੰਘਾਂ ਤੇ ਹੀ ਹੈ, ਤੁਸੀਂ ਸਾਡੇ ਪੁੱਤਰ ਹੋ।

ਸਿੰਘ ਹੀ ਪੈਨਹਿੰ ਸਿੰਘ ਹੀ ਖਾਹੀਂ॥੧੧॥ ਖਜ਼ਾਨਾ ਜੋ ਗੁਰੂ ਘਰ ਦਾ ਹੈ ਅੱਜ ਤੋਂ ਸਿੰਘ ਹੀ ਪੈਨਣ ਸਿੰਘ ਹੀ ਖਾਣ ਅਤੇ ਸਿੰਘ ਹੀ ਗੁਰੂ ਘਰ ਦੀ ਸਭ ਵਸਤੂਆਂ ਵਰਤਣ। ੧੧।

ਦੋਹਰਾ॥ ਤਬੈ ਖਾਲਸੈ ਫਿਰ ਕਹੀ, ਮਾਤਾ ਪੈ ਅਰਦਾਸ॥ ਤਾਂ ਖਾਲਸਾ ਪੰਥ ਨੇ ਫਿਰ ਮਾਤਾ ਜੀ ਨੂੰ ਅਰਦਾਸ ਲਿਖ ਕੇ ਭੇਜੀ ਹੈ।

ਲੂਟੇ ਔ ਕੂਟੇ ਬਿਨਾਂ, ਕਿਮ ਖਾਲਸੈ ਹੋਗ ਪ੍ਰਗਾਸ॥੧੨॥ ਹੇ ਮਾਤਾ ਜੀ! ਜਦੋਂ ਅਸੀਂ ਤੁਰਕਾਂ ਨੂੰ ਲੁੱਟਾਂ ਕੁਟਾਂ, ਮਾਰਾਂਗੇ ਨਾ ਫੇਰ ਖਾਲਸਾ ਪੰਥ ਦਾ ਪ੍ਰਤਾਪ ਕਿਵੇਂ ਵਧੇਗਾ, ਖਾਲਸਾ ਕਿਵੇਂ ਰਾਜਧਾਨੀਆਂ ਬਣਾਵੇਗਾ। ੧੨।

ਚੌਪਈ॥ ਤਬੈ ਮਾਤਾ ਫਿਰ ਤਿਨ ਸੋਂ ਕਹਜੋ॥ ਫੇਰ ਮਾਤਾ ਜੀ ਨੇ ਸਿੰਘਾਂ ਨੂੰ ਹੁਕਮਨਾਮੇ ਵਿੱਚ ਇਸ ਤਰ੍ਹਾਂ ਕਿਹਾ ਹੈ।

ਜਿਮ ਬਨਿ ਆਵੈ ਤਿਮ ਫਿਰ ਬਨਯੋ॥ ਖਾਲਸਾ ਜੀ! ਇਕ ਵੇਰਾਂ ਤਾਂ ਮੇਰਾ ਹੁਕਮ ਪ੍ਰਵਾਨ ਕਰੋ, ਤੁਰਕਾਂ ਦੀਆਂ ਨਜ਼ਰਾਂ ਠੰਢੀਆਂ ਹੋ ਜਾਣ ਜਰਾ ਕੁ, ਅਸੀਂ ਸੁਰਖੁਰੂ ਹੋ ਜਾਈਏ, ਫਿਰ ਜਿਵੇਂ ਤੁਹਾਨੂੰ ਹੁਕਮ ਹੈ ਗੁਰੂ ਦਾ ਉਵੇਂ ਬਜਾਇਉ ਉਵੇਂ ਕਰਿਉ ਤੁਸੀਂ।

ਅਬ ਬੰਦੈ ਕੋ ਦੇਖੋ ਤਾਨ॥ ਹੁਣ ਤੁਸੀਂ ਬੰਦੇ ਦਾ (ਤਾਨ) ਬਲ ਵੇਖੋ, ਇਹ ਕਹਿੰਦਾ ਹੈ ਮੈਂ ਆਪਣੇ ਬਲ ਨਾਲ ਰਾਜ ਕਰਾਂਗਾ, ਮੈਨੂੰ ਕਿਸੇ ਦੀ ਪ੍ਰਵਾਹ ਨਹੀਂ, ਹੁਣ ਤੁਸੀਂ ਚੁੱਪ ਕਰ ਜਾਉ, ਖਾਲਸਾ ਜੀ ਹੁਣ ਤੁਸੀਂ ਪਾਸੇ ਹਟ ਜਾਉ, ਦੇਖੋ ਕੀ ਕਰ ਗੁਜ਼ਰਦਾ ਹੈ।

ਬੰਦਾ ਭਯੋ ਹਮ ਤੇ ਬੇਈਮਾਨ॥੧੩॥ ਗੁਰੂ ਘਰ ਤੋਂ ਬੰਦਾ ਬੇਈਮਾਨ ਹੋ ਗਿਆ ਹੈ, ਇਹ ਹੁਣ ਹੁਕਮ ਦੀ ਪਾਲਣਾ ਨਹੀਂ ਕਰਦਾ। ੧੩।

ਦੇਨਦਾਰ ਹਮ ਤੁਰਕਨ ਨਾਹੀਂ॥ ਮਾਤਾ ਜੀ ਕਹਿੰਦੇ ਹਨ ਕਿ ਅਸੀਂ ਕੋਈ ਤੁਰਕਾਂ ਦੇ ਦੇਣਦਾਰ ਤਾਂ ਨਹੀਂ ਹਾਂ, ਅਸੀਂ ਤੁਰਕਾਂ ਦਾ ਕੁਛ ਦੇਣਾ ਨਹੀਂ ਹੈ, ਬਲਕਿ ਅਹਿਸਾਨ ਹਨ ਇਹਨਾਂ ਉਤੇ ਗੁਰੂ ਘਰ ਦੇ ਪਹਿਲਾਂ ਬਾਬਰ ਨੂੰ ਗੁਰੂ ਨਾਨਕ ਸਾਹਿਬ ਜੀ ਨੇ ਪਾਤਸ਼ਾਹੀ ਬਖਸ਼ੀ ਸੀ, ਫੇਰ ਗੁਰੂ ਅੰਗਦ ਦੇਵ ਜੀ ਨੇ ਹਮਾਯੂ ਨੂੰ, ਗੁਰੂ ਅਮਰਦਾਸ ਜੀ ਨੇ ਅਕਬਰ ਨੂੰ ਅਤੇ ਦਸਮੇਸ਼ ਜੀ ਨੇ ਬਹਾਦਰ ਸ਼ਾਹ ਨੂੰ ਪਾਤਸ਼ਾਹੀ ਬਖਸ਼ੀ ਹੈ।

ਲੈਣਦਾਰ ਬੈਠੇ ਇਨ ਪਾਹੀਂ॥ ਅਸੀਂ ਤਾਂ ਇਨ੍ਹਾਂ ਪਾਸੋਂ ਲੈਣ ਵਾਲੇ ਬੈਠੇ ਹਾਂ, ਅਹਿਸਾਨ ਹੈ ਇਹਨਾਂ ਉੱਤੇ ਗੁਰੂ ਘਰ ਦਾ,

ਅਸੀਂ ਏਥੇ ਤਾਂ ਹੀ ਦਿੱਲੀ ਬੈਠੇ ਹਾਂ, ਇਹ ਸਾਡੇ ਘਰ ਦੇ ਦੇਣਦਾਰ ਹਨ।

ਜਿਮ ਹਮ ਬਡਿਅਨ ਸੀਸ ਚਢਾਯੋ॥ ਜਿਵੇਂ ਸਾਡੇ ਵੱਡਿਆਂ ਨੇ ਗੁਰੂ ਤੇਗ ਬਹਾਦਰ ਜੀ ਨੇ ਆਪਣਾ ਸੀਸ ਭੇਟਾ ਕੀਤਾ ਹੈ, ਗੁਰੂ ਅਰਜਨ ਦੇਵ ਜੀ ਨੇ ਤੱਤੀ ਲੋਹ ਦੇ ਉੱਪਰ ਬੈਠ ਕੇ ਆਪਣਾ ਬਲੀਦਾਨ ਕੀਤਾ ਹੈ।

ਹਮ ਭੀ ਤੁਰਕਨ ਸਿਰ ਚਹੈਂ ਲਾਯੋ॥੧੪॥ ਮਾਤਾ ਜੀ ਕਹਿੰਦੇ ਅਸੀਂ ਵੀ ਆਪਣਾ ਸੀਸ ਤੁਰਕਾਂ ਦੇ ਸਿਰ ਲਾਉਣਾ ਚਾਹੁੰਦੇ ਹਾਂ। ੧੪।

ਦੋਹਰਾ॥ ਬੰਦੇ ਕੋ ਖਿਜਮਤ ਦਈ, ਦਈ ਪਤਿਸ਼ਾਹੀ ਨਾਹਿ॥ ਆਹ ਦੇਖ ਲਉ ਇਤਹਾਸ ਫੈਸਲਾ ਦੇ ਰਿਹਾ ਹੈ, ਜਿਹੜੇ ਕਹਿੰਦੇ ਹਨ ਬੰਦੇ ਨੂੰ ਜਥੇਦਾਰੀ ਦਿੱਤੀ ਬੰਦੇ ਨੂੰ ਖਾਲਸੇ ਪੰਥ ਦਾ ਆਗੂ ਥਾਪ ਕੇ ਭੇਜਿਆ ਹੈ। ਮਾਤਾ ਜੀ ਲਿਖ ਰਹੇ ਹਨ ਖਾਲਸੇ ਪੰਥ ਨੂੰ ਕਿ ਬੰਦੇ ਨੂੰ ਪਾਤਸ਼ਾਹੀ ਨਹੀਂ ਦਿੱਤੀ ਖਾਲਸੇ ਪੰਥ ਦੀ, ਬੰਦੇ ਨੂੰ ਦਿੱਤੀ ਹੈ ਖਿਦਮਤ, ਸੇਵਾ ਦਿੱਤੀ ਹੈ ਕਿ ਜਾਹ ਸੇਵਾ ਕਰ ਇਹ ਤਾਂ ਮੰਗਦਾ ਸੀ, ਸਤਿਗੁਰਾਂ ਕਿਹਾ ਨਹੀਂ ਇਹ ਨਹੀਂ ਗੱਲ ਬਣਨੀ ਮਹਾਰਾਜ ਜੀ ਨੇ ਖੰਡਾ ਬਖਸ਼ ਦਿੱਤਾ ਸੀ, ਜਿਹੜਾ ਖਾਲਸੇ ਨੇ ਖੋਹ ਲਿਆ ਸੀ ਸਤਿਗੁਰਾਂ ਹੱਸ ਕੇ ਇਹ ਗੱਲ ਕਹੀ ਕਿ ਇਹ ਵਸਤੂ ਇਹਨਾਂ ਦੀ ਸੀ। ਮਹਾਰਾਜ ਲੜਦੇ ਭਿੜਦੇ ਅਸੀਂ ਰਹੇ, ਬਾਦਸ਼ਾਹੀ ਫੌਜਾਂ ਨਾਲ ਟਾਕਰੇ ਸਾਡੇ ਹੋਏ, ਇਹ ਕੌਣ ਹੈ ? ਇਹ ਸਾਧ ਨੂੰ ਦੇਈ ਜਾਂਦੇ ਹੋ, ਸਾਡੀ ਤਾਕਤ ਹੈ ਇਹ, ਇਸਤੇ ਸਾਡਾ ਹੱਕ ਹੈ। ਖਾਲਸੇ ਪੰਥ ਦੀ ਜੋ ਤਲਵਾਰ ਸੀ, ਜੋ ਬਖਸ਼ਸ਼ ਸੀ ਹਜ਼ੂਰ ਦੀ, ਜਿਸਨੂੰ ਕੋਈ ਬਖਸ਼ਸ਼ ਹੋਵੇ ਮਹਾਰਾਜ ਜੀ ਵਲੋਂ, ਸ਼ਸਤ੍ਰ ਭੇਟ ਹੋਵੇ ਤੇ ਪਾਤਸ਼ਾਹੀ ਉਸਦੇ ਨਾਲ ਹੈ । ਇਸ ਕਰਕੇ ਖਾਲਸੇ ਨੇ ਆਪਣੀ ਵਸਤੂ ਸੰਭਾਲ ਲਈ ਹੈ। ਆਹ ਲੈ ਪੰਜ ਤੀਰ ਲੈ ਲੈ, ਤੈਨੂੰ ਹੋਰ ਸ਼ਕਤੀ ਦੇ ਦਿੰਦੇ ਹਾਂ। ਉਸਨੇ ਆਖਿਆ ਜੀ ਹੋਰ ਵੀ ਰਿਧੀਆਂ ਸਿੱਧੀਆਂ ਦਿਉ । ਮਹਾਰਾਜ ਜੀ ਨੇ ਕਿਹਾ ਅਸੀਂ ਸਭ ਕੁਛ ਖਾਲਸੇ ਨੂੰ ਸੌਂਪ ਦਿੱਤਾ ਹੈ । ਅਸੀਂ ਅਪਣੇ ਕੋਲ ਨਹੀਂ ਰੱਖਿਆ ਕੁਛ, ਤੂੰ ਇਸਦੇ ਵਿਚੋਂ ਆਪਣਾ ਹਿੱਸਾ ਖਾਲਸਾ ਬਣ ਕੇ ਲੈ ਸਕਦਾ ਹੈਂ। ਇਹ ਖਾਲਸਾ ਬਣਿਆ ਨਹੀਂ ਤੇ ਉਹ ਤਾਕਤ ਮਿਲੀ ਨਹੀਂ । ਇਉਂ ਬੰਦਾ ਬਹਾਦਰ ਆਪ ਹੀ ਪਿੱਛੇ ਹਟਿਆ ਹੈ। ਖਾਲਸੇ ਪੰਥ ਨੇ ਨਹੀਂ ਉਸਨੂੰ ਪਿਛੇ ਹਟਾਇਆ ਹੈ ਇਸਨੂੰ ਪਾਤਸ਼ਾਹੀ ਨਹੀਂ ਦਿੱਤੀ ਹੈ, ਪਾਤਸ਼ਾਹੀ ਤੁਹਾਨੂੰ ਬਖਸ਼ੀ ਸੀ ਮਹਾਰਾਜ ਨੇ ਖਾਲਸੇ ਪੰਥ ਨੂੰ।

ਦਈ ਪਤਿਸ਼ਾਹੀ ਪੰਥ ਨਿਜ ਆਪ ਸਚੇ ਪਤਿਸ਼ਾਹਿ॥੧੫॥ ਸੱਚੇ ਪਾਤਸ਼ਾਹ ਜੀ ਨੇ ਆਪ (ਨਿਜ) ਆਪਣੇ ਪੰਥ ਨੂੰ ਖਾਲਸਾ ਪੰਥ ਨੂੰ ਆਪਣੇ ਹੱਥਾਂ ਨਾਲ ਪਾਤਸ਼ਾਹੀ ਦੀ ਬਖਸ਼ਸ਼ ਕੀਤੀ ਹੈ, ਖਾਲਸਾ ਜੀ ਨੂੰ ਸਾਰੀਆਂ ਤਾਕਤਾਂ ਬਖਸ਼ੀਆਂ ਹਨ ਸੱਚੇ ਪਾਤਸ਼ਾਹ ਨੇ। ੧੫।

ਚੌਪਈ॥ ਜਬ ਮਾਤਾ ਸਰਾਪ ਕਰ ਦੀਆ॥ ਜਦੋਂ ਮਾਤਾ ਜੀ ਨੇ ਬੰਦੇ ਬਹਾਦਰ ਨੂੰ ਸਰਾਪ ਦੇ ਦਿੱਤਾ ਤੇ ਖਾਲਸੇ ਪੰਥ ਨੂੰ ਸੁਚੇਤ ਕਰ ਦਿੱਤਾ ਹੈ, ਕਿ ਇਹ ਵਸਤੂ ਤੁਹਾਡੀ ਹੈ, ਅੱਜ ਤੋਂ ਤੁਸੀਂ ਮਾਲਕ ਹੋ ਗੁਰੂ ਘਰ ਦੇ।

ਬਯਾਕੁਲ ਬੰਦਾ ਤਿਸ ਦਿਨ ਤੇ ਥੀਆ॥ ਬੌਂਦਲ ਗਿਆ ਹੈ, (ਵਿਆਕੁਲ) ਬੌਂਦਲ, ਉਸ ਦਿਨ ਤੋਂ ਬੰਦਾ ਵਿਆਕੁਲ ਹੋ ਗਿਆ ਹੈ, ਗੁੰਮ ਸੁੰਮ ਜਿਹਾ ਹੋ ਗਿਆ ਹੈ, ਕੋਈ ਉਸਨੂੰ ਸਮਝ ਨਾ ਰਹੀ।

ਮੰਡੀ ਤੇ ਇਕ ਰੰਡੀ ਮੰਗਾਈ॥ ਉਸਦੀ ਮੱਤ ਮਾਰੀ ਗਈ ਹੈ, ਮਨਮਤੀਆ ਬਣ ਗਿਆ ਹੈ, ਉਸਨੇ ਸਕੇਤ ਮੰਡੀ ਤੋਂ ਇੱਕ (ਰੰਡੀ) ਕੰਜਰੀ ਮੰਗਾ ਲਈ ਹੈ, ਜੋ ਦਸਦੇ ਨੇ ਬੜੀ ਰੂਪਵੰਤੀ ਸੀ ਅਤੇ ਬੰਦਾ ਬਹਾਦਰ ਉਸ ਤੇ ਮੋਹਤ ਹੋ ਗਿਆ ਸੀ, ਉਸਨੇ ਫੇਰ ਆਪਣੀ ਯਾਰਨੀ ਨੂੰ ਮੰਗਾ ਲਿਆ ਸੀ ਕੋਲ । ਇਹ ਖਾਲਸੇ ਪੰਥ ਦੀ ਰਹੁ ਰੀਤ ਸੀ? ਖਾਲਸਾ ਪੰਥ ਕਿਵੇਂ ਸਾਥ ਦੇਵੇ ਐਸੇ ਕੁਕਰਮੀ ਦਾ? ਏਸ ਕਰਕੇ ਖਾਲਸਾ ਜੀ! ਬੰਦਈਆਂ ਨੂੰ ਛੱਡਿਆ ਸੀ ਖਾਲਸੇ ਪੰਥ ਨੇ, ਕੋਈ ਮਮੂਲੀ ਗੱਲ ਤੋਂ ਨਹੀਂ ਸੀ ਛੱਡਿਆ ਉਸਨੂੰ । ਇਸਦਾ ਮਤਲਬ ਸੀ, ਜੇ ਇਹ ਖਾਲਸੇ ਪੰਥ ਦਾ ਜਥੇਦਾਰ ਹੁੰਦਾ ਤਾਂ ਇਹਨਾਂ ਅਵਗੁਣਾਂ ਦੀ ਖੁਲ੍ਹ ਹੋ ਜਾਣੀ ਸੀ ਖਾਲਸੇ ਪੰਥ ਵਿੱਚ, ਕਿ ਜਥੇਦਾਰ ਜੋ ਹੈ ਜੋ ਮਰਜ਼ੀ ਕਰਦਾ ਫਿਰੇ ਉਹੀ ਜਥੇਦਾਰ ਰਹਿੰਦਾ, ਇਹ ਨਹੀਂ ਗੱਲ ਹੈ । ਮਨਮਤੀਏ ਨੂੰ ਏਥੇ ਪੰਥ ਵਿੱਚ ਕੋਈ ਟਿਕਾਣਾ ਨਹੀਂ ਹੈ,

ਗੁਰੂ ਖਾਲਸੇ ਪੰਥ ਦੀ ਸਰਦਾਰੀ ਕਰਨ ਦਾ ਕੋਈ ਅਧਿਕਾਰ ਨਹੀਂ ਹੈ।

ਨਾਲ ਆਪਣੇ ਸੋ ਪਰਨਾਈ॥੧੬॥ ਉਸ ਵੇਸਵਾ ਨਾਲ (ਪਰਨਾਈ) ਵਿਆਹ ਕਰਵਾ ਲਿਆ ਹੈ। ੧੬।

ਬੰਦੇ ਥੇ ਦੁਇ ਕਰੇ ਬਿਆਹੁ॥ ਬੰਦੇ ਬਹਾਦਰ ਏਸ ਤੋਂ ਬਗੈਰ ਚੰਬੇ ਵਿੱਚ ਪਹਿਲਾਂ ਹੀ ਹੋਰ ਦੋ ਵਿਆਹ ਕਰਾਏ ਸਨ ਆਪਣੇ।

ਤੈਂ ਬੰਦੇ ਜਤ ਲਯੋ ਗਵਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਸਤਿਗੁਰੂ ਜੀ ਦਾ ਹੁਕਮ ਸੀ ਬੰਦੇ ਬਹਾਦਰ ਨੂੰ ਕਿ ਜਤ ਸਤ ਰਖਣਾ ਹੈ , ਸ਼ਾਦੀ ਨਹੀਂ ਕਰਨੀ ਹੈ, ਇਸਨੇ ਜਤ ਤਾਂ ਗਵਾ ਹੀ ਲਿਆ ਹੈ, ਸਤਿਗੁਰਾਂ ਦੇ ਹੁਕਮ ਦੀ ਪਾਲਣਾ ਨਾ ਕੀਤੀ।

ਸਿਰੜ ਕਰੈ ਔ ਸੀਸ ਹਿਲਾਵੈ॥ ਹੁਣ ਕਰਾਮਾਤ ਨਿਕਲ ਗਈ ਹੈ ਵਿਚੋਂ ਮਾਤਾ ਜੀ ਦੇ ਹੁਕਮ ਨਾਲ (ਸਿਰੜ) ਹੱਠ ਕਰਦਾ ਹੈ ਤੇ ਆਪਣਾ ਸਿਰ ਹਿਲਾ ਹਿਲਾ ਕੇ ਭੂਤਾਂ ਕੱਢਣ ਵਾਲਿਆਂ ਵਾਂਗ, ਲੋਕਾਂ ਨੂੰ ਦਿਖਾਉਂਦਾ ਹੈ ਕਿ ਮੇਰੇ ਵਿਚ ਬੜੀ ਤਾਕਤ ਹੈ।

ਮੂਹੋਂ ਬਕੈ ਕਛ ਸਮਝ ਨ ਆਵੈ॥੧੭॥ ਮੂੰਹੋਂ ਪਤਾ ਨਹੀਂ ਕੀ ਬਕਵਾਸ ਕਰਦਾ ਹੈ ? ਕੀ ਬੋਲਦਾ ਹੈ ? ਸੁਣਨ ਵਾਲਿਆਂ ਨੂੰ ਕੋਈ ਸਮਝ ਨਹੀਂ ਲਗਦੀ ਹੈ ਕਿ ਕੀ ਬੋਲੀ ਜਾਂਦਾ ਹੈ। ੧੭।

ਇਮ ਬੰਦੇ ਕੀ ਅਕਲ ਬਿਕਾਈ॥ ਬੰਦੇ ਬਹਾਦਰ ਦੀ ਸ਼ਰੇਆਮ ਬਜ਼ਾਰ ਦੇ ਵਿੱਚ ਅਕਲ ਵਿਕ ਗਈ ਹੈ, ਬੁਧੀ ਭ੍ਰਿਸ਼ਟ ਹੋ ਗਈ ਹੈ ਹੁਣ ਅਕਲ ਟਿਕਾਣੇ ਨਹੀਂ ਰਹਿ ਗਈ ਹੈ।

ਸਿੰਘਨ ਸੇਤੀ ਬਾਦ ਕਰਾਈ॥ ਸਿੰਘਾਂ ਨਾਲ ਜਿਨ੍ਹਾਂ ਪਿਆਰਿਆਂ ਦੇ ਸਿਰ ਤੇ ਮੌਜਾਂ ਕਰਦਾ ਸੀ, ਜਿਨ੍ਹਾਂ ਦੇ ਪ੍ਰਤਾਪ ਨਾਲ ਤੁਰਕ ਡਰਦੇ ਸਨ। ਹੁਣ ਸਿੰਘਾਂ ਨਾਲ (ਬਾਦ) ਵੈਰ ਵਿਢਣਾ ਸ਼ੁਰੂ ਕਰ ਦਿੱਤਾ ਹੈ।

ਮੇਰੋ ਹੈ ਪਤਿਸ਼ਾਹੀ ਦਾਵਾ॥ ਸਿੰਘਾਂ ਵਿੱਚ ਬੈਠ ਕੇ ਕਹਿੰਦਾ ਹੈ ਮੇਰਾ ਪਾਤਸ਼ਾਹੀ ਦਾਵਾ ਹੈ, ਮੈਂ ਪਾਤਸ਼ਾਹੀ ਲੈਣੀ ਹੈ ਹਿੰਦੋਸਤਾਨ ਦੀ।

ਮੈਂ ਰਾਖੋਂ ਤੁਮ ਚਾਕਰ ਭਾਵਾ॥੧੮॥ ਸਿੰਘਾਂ ਨੂੰ ਕਹਿੰਦਾ ਹੈ ਬੰਦਾ ਬਹਾਦਰ ਮੈਂ ਤੁਹਾਨੂੰ (ਚਾਕਰ) ਨੌਕਰ ਰੱਖਾਂਗਾ ਆਪਣੇ ਮਨ ਭਾਉਂਦੇ। ੧੮।

ਮੈਂ ਅਬ ਤਖਤ ਸੁ ਬਹੌਂ ਲਹੌਰ॥ ਬੱਸ ਹੁਣ ਤੁਹਾਡੇ ਨਾਲ ਮੇਰਾ ਕੋਈ ਮੇਲ ਨਹੀਂ ਰਹਿ ਗਿਆ ਹੈ । ਹੁਣ ਮੈਂ ਆਪ ਲਹੌਰ ਦੇ ਤਖ਼ਤ ਤੇ ਬੈਠ ਕੇ ਰਾਜ ਕਰਾਂਗਾ।

ਦਜੌਂ ਚਾਕਰੀ ਤੁਮ ਅਪਨੀ ਤੌਰ॥ ਆਪਣੇ ਤੌਰ ਤੇ ਜਿੰਨੀ ਮੈਂ ਚਾਹਾਂਗਾ, ਉਤਨੀ ਮੈਂ ਤੁਹਾਨੂੰ ਨੌਕਰੀ ਦਿਆਂਗਾ।

ਯਹਿ ਸੁਨ ਖਾਲਸੇ ਲੱਗੀ ਆਗ॥ ਇਹ ਜਦੋਂ ਖਾਲਸੇ ਪੰਥ ਨੇ ਗੱਲ ਸੁਣੀ ਹੈ, ਜੋ ਸ਼ਰੇਆਮ ਉਸਨੇ ਕਹਿ ਦਿੱਤੀ ਹੈ, ਸਿੰਘਾਂ ਨੂੰ ਤਾਂ ਅੱਗ ਲੱਗ ਗਈ ਹੈ, ਕਿ ਇਹ ਕੀ ਕਹਿਣ ਲੱਗਿਆ ਬਾਵਾ, ਇਹ ਸਾਧ ਕੀ ਕਹਿੰਦਾ ਹੈ, ਸਿੰਘ ਤਾਂ ਉਸਦੀ ਪ੍ਰਵਾਹ ਨਹੀਂ ਸੀ ਕਰਦੇ, ਉਹ ਤਾਂ ਸਤਿਗੁਰਾਂ ਦਾ ਹੁਕਮ ਮੰਨਦੇ ਸੀ, ਉਹਨਾਂ ਦਾ ਹੁਕਮ ਸੀ ਇਸਦਾ ਸਾਥ ਦਿਉ ਸਾਥ ਨਿਭਾਇਹੁ ਇਸਦਾ, ਖਾਲਸਾ ਪੰਥ ਤਾਂ ਇਉਂ ਸਾਥ ਦੇ ਰਿਹਾ ਸੀ ਬੰਦੇ ਨੂੰ ਆਪਣੀ ਤਾਕਤ ਦੇਖ ਕੇ, ਚੇਲੇ ਚਾਟੜੇ ਵੇਖ ਕੇ ਮਨ ਵਿਚ ਹੰਕਾਰ ਹੋ ਗਿਆ ਸੀ। ਇਉਂ ਖਾਲਸੇ ਨੇ ਜਦੋਂ ਇਹ ਬਚਨ ਸੁਣਿਆ ਕਿ ਤੁਹਾਨੂੰ ਨੌਕਰ ਰਖਣਾ ਹੈ। ਮੈਂ ਆਪ ਬਾਦਸ਼ਾਹ ਬਣਨਾ ਹੈ ਦੁਨੀਆਂ ਦਾ। ਸਿੰਘਾਂ ਨੂੰ ਤਾਂ ਫੇਰ ਗੁੱਸਾ ਚੜ੍ਹ ਗਿਆ ਹੈ, ਕਿ ਇਹ ਤਾਂ ਬਿਲਕੁਲ ਹੀ ਮਨਮਤੀਆ ਨਿਕਲਿਆ ਹੈ ਇਸਨੇ ਗੁਰੂਆਂ ਦੇ ਸ਼ਬਦ ਦੀ ਕੋਈ ਪ੍ਰਵਾਹ ਨਹੀਂ ਕੀਤੀ।

ਜਨ ਸੂਤੋ ਸ਼ੇਰ ਸੁ ਭਯੋ ਜਾਗ॥੧੯॥ 'ਖਾਲਸਾ ਮੇਰੋ ਕਰੇ ਨਿਰਬਾਹ' ਖਾਲਸਾ ਨਿਰਬਾਹ ਕਰ ਰਿਹਾ ਸੀ, ਸਮਾਂ ਪਾਸ ਕਰ ਰਿਹਾ ਸੀ, ਬੰਦੇ ਨੇ ਖਾਲਸੇ ਪੰਥ ਨੂੰ ਐਹੋ ਜਿਹੀਆਂ ਖੋਟੀਆਂ ਗੱਲਾਂ ਕਰਕੇ ਜਾਣੋ ਸੁੱਤਾ ਹੋਇਆ ਸ਼ੇਰ ਜਾਗ ਪਿਆ ਹੈ ਖਾਲਸਾ। ੧੯।

ਦੋਹਰਾ॥ ਸਤਿਗੁਰ ਖਾਲਸੈ ਬਚ ਹੁਤੋ, ਹੰਨੇ ਹੰਨੇ ਹੋਨ ਮੀਰ॥ ਗੁਰੂ ਸਾਹਿਬ ਜੀ ਦਾ ਹੁਕਮ ਸੀ, ਮੇਰਾ ਖਾਲਸਾ ਹੰਨੇ ਹੰਨੇ (ਮੀਰ) ਪਾਤਸ਼ਾਹ ਹੋਵੇਗਾ । (ਹੰਨੇ ਹੰਨੇ) ਕਾਠੀ ਕਾਠੀ ਪਾਤਸ਼ਾਹ ਹੋਵੇਗਾ। ਅਸੀਂ ਤਾਂ ਗੁਰੂ ਜੀ ਦੇ ਹੁਕਮ ਦੀ ਪਾਲਣਾ ਕਰਨੀ ਹੈ, ਗੁਰੂ ਸਾਡਾ ਪਾਤਸ਼ਾਹ ਹੈ । ਉਹਨਾਂ ਨੇ ਸਾਨੂੰ ਪਾਤਸ਼ਾਹੀ ਦਿੱਤੀ ਹੈ ਅਸੀਂ ਬੰਦੇ ਦੀ ਕੀ ਪ੍ਰਵਾਹ ਰਖਦੇ ਹਾਂ । ਖਾਲਸੇ ਨੇ ਆਪਣਾ ਤੌਰ ਅਖਤਿਆਰ ਕਰ ਲਿਆ ਹੈ।

ਬੰਦੇ ਬਚਨ ਸੁ ਯੌਂ ਲੱਗਾ, ਜੈਸ ਕਾਲਜੇ ਤੀਰ॥੨੦॥ ਬੰਦੇ ਦਾ ਇਹ ਬਚਨ ਕਿ ਮੈਂ ਤੁਹਾਨੂੰ ਨੌਕਰ ਰੱਖਣਾ ਹੈ ਇਉਂ ਲੱਗਿਆ ਹੈ ਜਿਵੇਂ ਕਾਲਜੇ ਵਿੱਚ ਤੀਰ ਲੱਗਿਆ ਹੈ । ਸਿੰਘਾਂ ਨੂੰ ਇਉਂ ਰੋਹ ਚੜ੍ਹਿਆ ਇਸਦੇ ਉਤੇ। ੨੦।

ਦੋਹਰਾ॥ ਬੰਦੇ ਕੇ ਦਾਸਨ ਤਬੈ, ਬੰਦਾ ਦਯੋ ਭਰਮਾਇ॥ ਜੋ ਬੰਦੇ ਦੇ ਦਾਸ ਬਣੇ ਸਨ, ਸੇਵਕ ਬਣੇ ਸਨ, ਸਿਖ ਬਣੇ ਸਨ, ਉਹਨਾਂ ਨੇ ਬੰਦੇ ਨੂੰ ਹੋਰ ਭਰਮਾਇਆ ਹੈ। ਹੋਰ ਉਸਨੂੰ ਚੁੱਕਿਆ ਹੈ, ਹੋਰ ਝੂਠੀਆਂ ਗੱਲਾਂ ਕਰ ਕਰ ਕੇ ਹੋਰ ਭੜਕਾ ਦਿੱਤਾ ਏਸਨੂੰ।

ਤੂੰ ਕਰਤਾ ਹਰਤਾ ਨਿਜੈ ਤੂੰ, ਅਪਨੋ ਪੰਥ ਚਲਾਇ ॥੨੧॥ ਹੇ ਬਾਬਾ! ਤੂੰ ਕਰਤਾ ਧਰਤਾ ਆਪ ਹੈਂ ਸਾਰੀਆਂ ਕਲਾਂ ਸ਼ਕਤੀਆਂ ਦਾ ਮਾਲਕ ਤੂੰ ਆਪ ਹੈਂ। ਤੂੰ ਆਪਣਾ ਪੰਥ ਚਲਾ ਤੂੰ ਇਹਨਾਂ ਸਿੰਘਾਂ ਤੋਂ ਕੀ ਲੈਣਾ ਹੈ । ਇਉਂ ਬੰਦੇ ਨੂੰ ਹੋਰ ਚੁੱਕ ਦਿੱਤਾ ਹੈ ਹੰਕਾਰ ਵਿੱਚ ਕਰ ਦਿੱਤਾ ਹੈ। ੨੧।

ਚੌਪਈ॥ ਤਬ ਬੰਦਾ ਭਰਜੋ ਬਹੁ ਹੰਕਾਰ॥ ਤਦੋਂ ਬੰਦਾ ਬਹੁਤ ਹੰਕਾਰ ਨਾਲ ਭਰ ਗਿਆ ਹੈ । ਬੰਦੇ ਨੂੰ ਹੰਕਾਰ ਦਾ ਤਾਪ ਚੜ੍ਹ ਗਿਆ ਹੈ ।

ਜੀਤਜੋ ਮੈਂ ਹੈ ਨੀਹਲ ਪਹਾਰ॥ ਹੰਕਾਰ ਵਿਚ ਆ ਕੇ ਕਹਿੰਦਾ ਹੈ ਦੇਖ ਲਉ ਮੈਂ ਜਿੱਤਿਆ ਹੈ ਨੀਹਲ ਤੇ ਪਹਾੜ ਦਾ ਸਾਰਾ ਇਲਾਕਾ, ਮੈਥੋਂ ਤੁਰਕ ਡਰਦੇ ਹਨ।

ਸੋਢੀਅਨ ਤੇ ਮੋ ਮੇਂ ਬਡ ਕਲਾ॥ ਸੋਢੀ ਗੁਰੂ ਕੀ ਬੰਸ ਹੈ, ਇਹਨਾਂ ਵਿਚ ਵੀ ਕਲਾ ਸੀ, ਗੁਰੂ ਘਰ ਦੇ ਤਾਂ ਕੁੱਤਿਆਂ ਵਿਚ ਵੀ ਕਲਾ ਸੀ, ਗੁਰੂ ਬੰਸ ਵਿੱਚ ਤਾਂ ਹੋਣੀ ਸੀ। ਸਾਰਾ ਖਾਲਸਾ ਸੋਢ ਬੰਸ ਹੈ, ਸਤਿਗੁਰੂ ਨੇ ਖਾਲਸੇ ਨੂੰ ਆਪਣੇ ਬੰਸ ਵਿੱਚ ਰਲਾ ਲਿਆ ਹੈ। ਸੋ ਬੰਦਾ ਹੰਕਾਰ ਕਰਦਾ ਹੈ ਖਾਲਸੇ ਨੂੰ ਸੋਢੀ ਸਮਝਦਾ ਹੈ, ਕਹਿੰਦਾ ਸੋਢੀਆਂ ਤੋਂ ਮੇਰੇ ਵਿਚ ਕਲਾ ਜਿਆਦਾ ਹੈ। ਇਹ ਸਿੱਖ ਮੇਰੇ ਤੁਲ ਕਿਵੇਂ ਹੋ ਸਕਦੇ ਹਨ, ਜੋ ਸੋਢੀ ਕਹਾਉਂਦੇ ਹਨ ਆਪਣੇ ਆਪ ਨੂੰ।

ਕਜਾ ਜਾਣੋਂ ਕਿਮ ਮੰਜਾ ਨ ਹਲਾ॥੨੨॥ ਕੀ ਜਾਣਾ ਕੀ ਗੱਲ ਸੀ ? ਉਹ ਮੇਰਾ ਪਲੰਘ ਨ ਹਿੱਲਿਆ । ਜਦੋਂ ਨੰਦੇੜ ਵਿੱਚ ਦਸਮੇਸ਼ ਪਿਤਾ ਇਸਦੇ ਆਸ਼ਰਮ ਵਿੱਚ ਜਾ ਕੇ ਇਸਦੇ ਪਲੰਘ ਤੇ ਜਾ ਬਿਰਾਜਮਾਨ ਹੋਏ ਸਨ, ਬੀਰਾਂ ਸਮੇਤ ਮਾਧੋ ਦਾਸ ਬੈਰਾਗੀ ਸਾਰਾ ਜ਼ੋਰ ਲਾ ਕੇ ਵੇਖ ਲਿਆ ਸੀ ਪਰ ਉਹ ਪਲੰਘ ਜਿਸਤੇ ਗੁਰੂ ਜੀ ਬਿਰਾਜਮਾਨ ਸਨ ਏਸ ਤੋਂ ਮੂਧਾ ਨਹੀ ਵੱਜਾ ਸੀ, ਅਖੀਰ ਗੁਰੂ ਜੀ ਦੇ ਚਰਨਾਂ ਤੇ ਡਿੱਗ ਕੇ ਕਿਹਾ ਮਹਾਰਾਜ ਮੈਂ ਤੁਹਾਡਾ (ਬੰਦਾ) ਦਾਸ ਹਾਂ ਮੇਰੀ ਭੁੱਲ ਮੁਆਫ ਕਰੋ ਹੁਣ ਕਹਿ ਰਿਹਾ ਹੈ ਕਿ ਪਤਾ ਉਦੋਂ ਕਿਵੇਂ (ਮੰਜਾ) ਪਲੰਘ ਨਹੀਂ ਸੀ ਹਿੱਲਿਆ ਮੈਥੋਂ ਤਾਕਤ ਤਾਂ ਗੁਰੂਆਂ ਨਾਲੋਂ ਮੇਰੇ ਵਿਚ ਜਿਆਦਾ ਸੀ, ਇਉਂ ਆਪਦੇ ਚਾਟੜਿਆਂ ਵਿਚ ਝੂਠ ਫਰੇਬ ਮਾਰਦਾ ਸੀ।

ਜਿਮ ਨਿੰਦਕ ਉਸ ਬਾਤ ਸੁਨਾਵੈਂ॥ ਜਿਉਂ ਜਿਉਂ ਨਿੰਦਕ ਉਸਨੂੰ ਚੁੱਕਦੇ ਨੇ ਜਿਉਂ ਜਿਉਂ ਕਹਿੰਦੇ ਹਨ ਤੇਰੇ ਵਿਚ ਬਾਬਾ ਕਲਾ ਹੈ, ਸ਼ਕਤੀ ਹੈ, ਤੈਥੋਂ ਡਰਦੇ ਨੇ ਸਾਰੇ ਦੁਨੀਆਂ ਦੇ ਲੋਕ।

ਤਿਮ ਤਿਮ ਬੰਦਾ ਫੁਲਤਾ ਜਾਵੈ॥ ਤਿਉਂ ਤਿਉਂ ਬੰਦਾ ਹੰਕਾਰ ਨਾਲ ਫੁੱਲਦਾ ਜਾਂਦਾ ਹੈ, ਭੁਤਰਦਾ ਜਾਂਦਾ ਹੈ।

ਬੰਦੇ ਸਾਇਤ ਖੋਟੀ ਆਈ॥ ਬੰਦੇ ਦੇ ਉਤੇ ਖੋਟੀ (ਸਾਇਤ) ਘੜੀ ਆ ਗਈ ਹੈ, ਖੋਟਾ ਸਮਾਂ ਆ ਗਿਆ ਹੈ । ਇਸਦੇ ਵਸ ਵਿੱਚ ਕੀ ਹੈ ? ਜਦੋਂ ਵਕਤ ਮਾੜਾ ਆ ਜਾਵੇ ਬੰਦੇ ਤੇ ਫੇਰ ਕੋਈ ਚਾਰਾ ਨਹੀਂ ਹੁੰਦਾ ਹੈ।

ਕਰਨ ਲਗਜੋ ਖਾਲਸੰ ਖੁਟਿਆਈ॥੨੩॥ ਖਾਲਸੇ ਨਾਲ ਓਸ ਦਿਨ ਤੋਂ ਖੋਟ ਕਰਨ ਲੱਗ ਪਿਆ ਹੈ ਬੰਦਾ ਬਹਾਦਰ,

ਸਿੰਘ ਰਹਿੰਦੇ ਤਾਂ ਨਾਲ ਹੀ ਸਨ ਜਥੇਬੰਦ ਹੋ ਕੇ, ਲੇਕਨ ਉਸ ਦਿਨ ਤੋਂ ਇਸਦੇ ਮਨ ਵਿਚ ਫਰਕ ਆ ਗਿਆ ਹੈ, ਹੁਣ ਸਿੰਘਾਂ ਨੂੰ ਖੁਟਿਆਈ ਕਰਦਾ ਹੈ, ਸਿੰਘਾਂ ਨੂੰ ਮੰਦਾ ਬੋਲਣ ਲੱਗਿਆ ਹੈ। ੨੩।

ਕਹਿ ਬਕਰੇ ਮੇਰੇ ਜਿਮ ਘਾਏ॥ ਕਹਿਣ ਲੱਗਾ ਹੈ ਜਿਵੇਂ ਨੰਦੇੜ ਵਿਖੇ ਮੇਰੇ ਬੈਸਨੋ ਆਸ਼ਰਮ ਦੇ ਵਿੱਚ ਬਕਰੇ ਝਟਕੇ ਸਨ ਸਿੰਘਾਂ ਨੇ।

ਤਿਮ ਇਨ ਕੇ ਦੇਊਂ ਸੀਸ ਕਟਾਏ॥ ਉਸੇ ਤਰ੍ਹਾਂ ਜਿਵੇਂ ਮੇਰੇ ਬੱਕਰਿਆਂ ਦੇ ਸਿਰ ਵੱਢੇ ਸੀ, ਏਵੇਂ ਹੀ ਇਨ੍ਹਾਂ ਸਿੰਘਾਂ ਦੇ ਸਿਰ ਕਟਾਵਾਂਗਾ।

ਕਦੇ ਕਹੈ ਮੋਹਿ ਕਹੈ ਨ ਲਾਗੇ॥ ਕਹਿੰਦਾ ਇਹ ਕਿੱਡੇ ਮਾੜੇ ਬੰਦੇ ਨੇ, ਮੈਂ ਹੁਕਮ ਦਿੰਦਾ ਹਾਂ ਉਸਦੀ ਪਾਲਣਾ ਨਹੀਂ ਕਰਦੇ ਇਹ, ਮੇਰੇ ਆਖੇ ਹੀ ਨਹੀਂ ਲਗਦੇ ਹਨ । ਹੁਣ ਸਿੰਘ ਵਿਟਰ ਗਏ ਹਨ ਕਿ ਇਹ ਸਾਨੂੰ ਨੌਕਰ ਰੱਖਣਾ ਚਾਹੁੰਦਾ ਹੈ ਅਸੀਂ ਕੀ ਜਾਣਦੇ ਇਸਨੂੰ ਸਿੰਘ ਵੇਪਰਵਾਹ ਹੋ ਗਏ ਹਨ ਬੰਦੇ ਤੋਂ ਤੇ ਹੁਣ ਉਹ ਬਕਦਾ ਹੈ ਮੈਂ ਕੁਝ ਕਹਿੰਦਾ ਹਾਂ ਤੇ ਉਹ ਮੰਨਦੇ ਨਹੀਂ।

ਦਯੋਂ ਸਜਾਇ ਇਨੈ ਬਡ ਆਗੇ॥੨੪॥ ਚਲੋ ਅੱਗੇ ਚਲਕੇ ਮੈਂ ਇਹਨਾਂ ਨੂੰ ਬੜੀ ਭਾਰੀ ਸਜਾ ਦੇਵਾਂਗਾ , ਇਹ ਯਾਦ ਰਖਣਗੇ ਜੋ ਮੈਂ ਸਜਾ ਇਹਨਾਂ ਨੂੰ ਦਿਆਂਗਾ।

ਦੋਹਰਾ॥ ਬਦੀਆਂ ਦੇਵਨ ਸੋ ਲਗਾ, ਹੋਤਿ ਅਨਹੋਵਤ ਨਿੱਤ॥ ਅਨਹੋਣੀਆਂ ਗੱਲਾਂ ਖਾਲਸੇ ਨੂੰ ਨਿੱਤ ਕਹਿਣ ਲੱਗਾ ਹੈ, ਬਦੀਆਂ ਲਾਉਣ ਲੱਗਿਆ ਹੈ ਖਾਲਸੇ ਪੰਥ ਦੇ ਸਿਰ, ਇਹ ਮਾੜੇ ਹਨ, ਐਵੇਂ ਦੋਸ਼ ਦੇਈ ਜਾਂਦਾ ਹੈ ਖਾਲਸੇ ਪੰਥ ਨੂੰ।

ਤਬੈ ਖਾਲਸੈ ਯੌ ਕਹਜੋ, ਯਹ ਕਬ ਹਮਰੋ ਮਿੱਤ॥੨੫॥ ਤਾਂ ਖਾਲਸੇ ਪੰਥ ਨੇ ਵੀ ਇਕੱਤਰਤਾਈ ਕਰਕੇ, ਇਹ ਸਾਡਾ ਕਦੋਂ ਦਾ ਮਿੱਤ੍ਰ ਹੈ ਸਤਿਗੁਰਾਂ ਨੇ ਭੇਜਿਆ ਹੈ ਇਸਦੇ ਨਾਲ ਸਾਥ ਦਿਉ, ਤਾਂ ਅਸੀਂ ਇਸ ਬਾਵੇ ਤੋਂ ਕੀ ਲੈਣਾ ਹੈ? ੨੫।

ਚੌਪਈ॥ ਕਿਸੈ ਕਹੈ ਯਹ ਮਾਰਨ ਜੋਗ॥ ਜਦੋਂ ਕੋਈ ਗੱਲ ਬਣਦੀ ਹੈ, ਕੁਝ ਨਾ ਕੁਝ ਤਾਂ ਹੋ ਹੀ ਜਾਂਦਾ ਹੈ ਲੋਕਾਂ ਦੇ ਵਿੱਚ ਤਾਂ ਸਿੰਘਾਂ ਨੂੰ ਕਹਿੰਦਾ ਹੈ ਇਹ ਤਾਂ ਮਾਰਨ ਦੇ ਲਾਇਕ ਹਨ ਇਹਨਾਂ ਨੂੰ ਤਾਂ ਮੈਂ ਇਸ ਤਰ੍ਹਾਂ ਮਾਰਾਂ, ਐਸੇ ਸਜ਼ਾ ਦੇਵਾਂ, ਬੋਲਦਾ ਹੈ ਬੰਦਾ।

ਕਿਸੈ ਕਹੈ ਪੰਥ ਖੋਟੋ ਲੋਗ॥ ਕਿਸੇ ਨੂੰ ਕਹਿੰਦਾ ਹੈ ਇਹ ਪੰਥ ਹੀ ਖੋਟੇ ਲੋਕਾਂ ਦਾ ਹੈ, ਇਹ ਚੰਗੇ ਨਹੀਂ ਹੁੰਦੇ, ਇਹਨਾਂ ਦੀਆਂ ਬੜੀਆਂ ਮਾੜੀਆਂ ਗੱਲਾਂ, ਹਰਕਤਾਂ ਮਾੜੀਆਂ ਨੇ ਇਹਨਾਂ ਦੀਆਂ।

ਅਬ ਮੈਂ ਅਪਨੋ ਪੰਥ ਚਲਾਊਂ॥ ਮੈਂ ਹੁਣ ਇਹਨਾਂ ਖੋਟਿਆਂ ਲੋਕਾਂ ਦਾ ਪੰਥ ਨਹੀਂ ਰਖਣਾ ਹੈ ਹੁਣ ਮੈਂ ਆਪਣਾ ਪੰਥ ਵਧੀਆ ਖਰਾ ਚਲਾਵਾਂਗਾ॥

ਪੰਥ ਖਾਲਸੇ ਦੂਰ ਕਰਾਊਂ॥੨੬॥ ਇਹ ਜੋ ਖਾਲਸਾ ਪੰਥ ਇਸਨੂੰ ਮੈਂ ਦੂਰ ਕਰ ਦਿਆਂਗਾ, ਖਤਮ ਕਰ ਦਿਆਂਗਾ । ਅਬਾ ਤਬਾ ਬੋਲਣ ਲਗਾ। ੨੬।

ਕਦੇ ਕਹੈ ਮੈਂ ਤਖਤੇ ਬਹੌਂ॥ ਕਦੇ ਕਹਿੰਦਾ ਹੈ ਮੈਂ ਲਹੌਰ ਦੇ ਤਖ਼ਤ ਤੇ ਬੈਠ ਜਾਣਾ ਜਾਕੇ, ਮੈਂ ਪਾਤਸ਼ਾਹੀ ਖੋਹ ਲੈਣੀ ਹੈ।

ਵਾਹਿਗੁਰੂ ਕੋ ਜਾਪ ਨ ਕਹੌਂ॥ ਮੈਂ ਆਪਣੇ ਅਤੇ ਆਪਣਿਆਂ ਚੇਲਿਆਂ ਦੇ ਮੂੰਹੋਂ ਵਾਹਿਗੁਰੂ ਦਾ ਜਾਪ ਨਹੀਂ ਕਹਿਣ ਦੇਵਾਂਗਾ। ਖਾਲਸਾ ਜੀ! ਇਹ ਗੁਰਮੰਤਰ ਮਿਲਿਆ ਹੈ ਹਰ ਖਾਲਸੇ ਨੂੰ ਕਿ ਸ੍ਵਾਸ ਸ੍ਵਾਸ ਵਾਹਿਗੁਰੂ ਮੰਤ੍ਰ ਦਾ ਜਾਪ ਕਰਿਉ ਫੇਰ ਤੁਹਾਡੇ ਅਸੀਂ ਅੰਗ ਸੰਗ ਰਹਾਂਗੇ । ਵਾਹਿਗੁਰੂ ਸ਼ਬਦ ਗੁਰੂ ਰੂਪ ਸ਼ਬਦ ਹੈ, ਇਹੀ ਹੈ ਬੇੜਾ ਸੰਸਾਰ ਸਮੁੰਦਰ ਤੋਂ ਪਾਰ ਲੰਘਾਉਣ ਵਾਲਾ, ਖਾਲਸੇ ਪੰਥ ਨੂੰ ਤਾਂ ਇਹੀ ਪ੍ਰਾਪਤ ਹੋਇਆ ਹੈ। ਸੋ ਬੰਦਾ ਬਹਾਦਰ ਇਹਨਾਂ ਗੱਲਾਂ ਤੋਂ ਮੁਨਕਰ ਹੋ ਗਿਆ ਹੈ । ਕਹਿੰਦਾ ਬੱਸ ਮੈਂ ਇਹਨਾਂ ਦੀ ਗੱਲ ਨਹੀਂ ਚਲਣ ਦੇਣੀ, ਇਹ ਫਤ੍ਹੇ ਜੋ ਹੈ ਗੁਰੂ ਨੇ ਬਖਸ਼ੀ ਹੋਈ

ਹੈ, ਉਹ ਵੀ ਹਟਾ ਦੇਣੀ ਹੈ, ਇਉਂ ਕਹਿਣ ਲੱਗਾ।

ਕਰੋਂ ਕੁਠਾਰੀ ਖਾਲਸੇ ਗਾਰੋਂ॥ ਜਿਵੇਂ ਕੁਠਾਲੀ ਵਿਚ ਸੋਨਾ ਪਾ ਕੇ ਢਾਲ ਦਿੰਦੇ ਹਨ, ਕਹਿੰਦਾ ਹੈ ਬੰਦਾ, ਕਿ ਹੁਣ ਮੈਂ ਕੁਠਾਲੀ ਵਿਚ ਪਾ ਕੇ ਇਹਨਾਂ ਨੂੰ ਗਾਲ ਦਿਆਂਗਾ।

ਗੁਰਦਾਸਪੁਰੇ ਇਨ ਅੰਦਰ ਵਾਰੋਂ॥੨੭॥ ਕਹਿੰਦਾ ਹੈ (ਗੁਰਦਾਸਪੁਰ) ਗੁਰਦਾਸ ਨੰਗਲ ਦੇ ਕਿਲ੍ਹੇ ਵਿਚ ਵਾੜਾਂਗਾ ਇਹਨਾਂ ਨੂੰ, ਉੱਥੇ ਲਉਂ ਬਦਲੇ ਇਹਨਾਂ ਤੋਂ ਇਉਂ ਸਾਥੀਆਂ ਨਾਲ ਸਲਾਹਾਂ ਕਰਦਾ ਹੈ। ੨੭।

ਸਵਾ ਲੱਖ ਪੈ ਸੀਸ ਦਿਵਾਊਂ॥ ਮੈਂ ਸਵਾ ਲੱਖ ਸਿਰ ਇਹਨਾਂ ਦਾ ਭੇਟਾ ਕਰਾਂਗਾ। ਪੰਥ ਚਲਾਉਣਾ ਹੋਵੇ ਕੋਈ ਸ਼ਕਤੀ ਚਾਹੀਦੀ ਹੈ ਸ਼ਕਤੀ ਭਗਤੀ ਨਾ ਹੋਵੇ ਤਾਂ ਅੱਗੇ ਪੰਥ ਨਹੀਂ ਚਲੰਦਾ ਹੈ। ਖਾਲਸਾ ਪੰਥ ਐਵੇਂ ਥੋੜਾ ਸਤਿਗੁਰਾਂ ਨੇ ਚਲਾਇਆ ਹੈ। ਬੜੀਆਂ ਸ਼ਕਤੀਆਂ ਭਗਤੀਆਂ ਨਾਲ ਭਰਪੂਰ ਕੀਤਾ ਹੈ ਖਾਲਸੇ ਪੰਥ ਨੂੰ । ਹੁਣ ਇਹ ਕਹਿੰਦਾ ਹੁਣ ਮੈਂ ਆਪਣਾ ਪੰਥ ਚਲਾਉਣਾ ਹੈ ਤੇ ਭੇਟਾ ਦੇਊਂ ਕਾਲੀ ਮਾਈ ਦੀ, ਸਿੰਘਾਂ ਦੀ । ਸਵਾ ਲੱਖ ਸਿਰ ਇਨ੍ਹਾਂ ਦਾ ਭੇਟਾ ਦੇਊਂਗਾ।

ਮੈਂ ਇਸ ਜੋਗਨ ਖਪਰ ਭਰਾਊਂ॥ ਅਤੇ ਉਹ ਜੋਗਨੀ ਜਿਹੜੀ ਹੈ ਕਾਲਕਾ, ਉਸ ਦਾ ਖੱਪਰ ਮੈਂ ਇਨ੍ਹਾਂ ਦੇ ਖੂਨ ਨਾਲ ਭਰਾਉਣਾ ਹੈ, ਇਹਨਾਂ ਨੂੰ ਮਾਰ ਕੇ ਭੇਟਾ ਦੇਣੀ ਹੈ।

ਸੀਸ ਸਿੰਘਨ ਕੇ ਕਾਲੀ ਅਘਾਊਂ॥ ਸ਼ਿੰਘਾਂ ਦੇ ਸਿਰਾਂ ਦੀ ਭੇਟਾ ਦੇ ਕੇ ਕਾਲੀ ਨੂੰ ਮੈਂ ਰਾਜੀ ਕਰਨਾ ਹੈ, ਮੈਂ ਚੰਡੀ ਨੂੰ ਰਜਾਉਣਾ ਹੈ।

ਤਬ ਮੈਂ ਅਪਨੋ ਪੰਥ ਚਲਾਊਂ॥੨੮॥ ਤਾਂ ਮੈਂ ਆਪਣਾ ਪੰਥ ਚਲਾ ਸਕਦਾ ਹਾਂ, ਇਹਨਾਂ ਦੀ ਭੇਟਾ ਦੇ ਦੇਣੀ ਹੈ ਕਾਲੀ ਨੂੰ। ੨੮।

ਬਿਨ ਕਾਲੀ ਕੇ ਖਪਰ ਭਰਾਏ॥ ਜਿੰਨਾਂ ਚਿਰ ਕਾਲੀ ਦਾ ਖੱਪਰ ਨਾ ਭਰਿਆ ਜਾਵੇ, ਨਾ ਸਿਧ ਕੀਤਾ ਜਾਵੇ ਚੰਡੀ ਨੂੰ।

ਤਿਸ ਕੋ ਪੰਥ ਨ ਅਗੇ ਤੁਰਾਏ॥ ਕਹਿੰਦੇ ਉਸ ਪੁਰਸ਼ ਦਾ ਪੰਥ ਨਹੀਂ ਚਲਦਾ ਅੱਗੇ, ਉਸਦੇ ਪੰਥ ਦੀ ਰਚਨਾ ਹੀ ਨਹੀਂ ਹੋ ਸਕਦੀ।

ਬੰਦੇ ਨੀਤ ਜਬੈ ਫਿਟ ਗਈ॥ ਜਦੋਂ ਬੰਦੇ ਬਹਾਦਰ ਦੀ ਸਿੰਘਾਂ ਤੇ ਨੀਤ ਫਿੱਟ ਗਈ, ਜਦੋਂ ਐਸੀ ਭੈੜੀ ਨੀਤ ਧਾਰ ਲਈ ਇਸਨੇ।

ਤਉ ਖਾਲਸੇ ਨੇ ਲਖ ਲਈ॥੨੯॥ ਖਾਲਸੇ ਨੇ ਬੁੱਝ ਲਈ ਹੈ ਝੱਟ ਹੀ, ਇਹ ਹੁਣ ਬੇਈਮਾਨ ਹੋ ਗਿਆ ਸਾਡੇ ਨਾਲ, ਸਾਡਾ ਜਾਨੀ ਵੈਰੀ ਬਣ ਗਿਆ ਹੈ, ਹੁਣ ਸਾਡੀ ਭੇਟਾ ਦੇਣੀ ਚਾਹੁੰਦਾ ਹੈ। ੨੯।

ਅਬ ਬੰਦਾ ਬਹੁ ਭਰਜੋ ਹੰਕਾਰ॥ ਹੁਣ ਬੰਦੇ ਵਿਚ ਕੋਈ ਕਸਰ ਨਹੀਂ ਰਹਿ ਗਈ, ਖਾਲਸੇ ਪੰਥ ਨੇ ਬੁੱਝ ਲਿਆ ਹੈ, ਇਹ ਹੰਕਾਰ ਨਾਲ ਭਰ ਗਿਆ ਹੈ।

ਅਯੋ ਨੇੜ ਇਸ ਮਰਨੇਵਾਰ॥ ਇਸਦੀ ਮੌਤ ਨੇੜੇ ਆ ਗਈ ਹੈ ਹੋਰ ਕੋਈ ਗੱਲ ਨਹੀਂ ਹੈ, ਇਉਂ ਖਾਲਸੇ ਪੰਥ ਨੇ ਵਿਚਾਰ ਲਿਆ ਹੈ, ਤੱਤ ਕੱਢ ਲਿਆ ਹੈ।

ਕਰ ਆਯੋ ਥੋ ਹਜੂਰ ਕਰਾਰ॥ ਜੋ (ਹਜੂਰ) ਕਲਗੀਧਰ ਪਿਤਾ ਜੀ ਦੇ ਸਾਹਮਣੇ ਇਕਰਾਰ ਕੀਤੇ ਸੀ ਇਸਨੇ, ਸ਼ਰਤਾਂ ਰੱਖੀਆਂ ਹਨ ਨਾਲੇ ਚੰਗੇ ਕਰਮ ਨਹੀਂ ਕੀਤੇ। ਆਪਣਾ ਪੰਥ ਨਹੀਂ ਸੀ ਚਲਾਉਣਾ। ਇਉਂ ਸੱਚੇ ਪਾਤਸ਼ਾਹ ਦੇ ਹੁਕਮ ਤੋਂ ਅਲੱਗ ਹੋ ਗਿਆ ਹੈ ਇਹ, ਖਾਲਸੇ ਪੰਥ ਨੇ ਨਿਰਨਾ ਕਰ ਲਿਆ ਹੈ।

ਸੋਊ ਅਬ ਯਹਿ ਚਲਿਓ ਹਾਰ ॥ ਉਹ ਇਕਰਾਰਾਂ ਤੋਂ ਹੁਣ ਇਹ ਹਾਰ ਚਲਿਆ ਹੈ, ਹੁਣ ਇਹ ਪਸ਼ੇਮਾਨ ਹੋ ਜਾਇਗਾ, ਸਿੰਘਾਂ ਨੇ ਜਾਚ ਲਿਆ ਹੈ।

ਸੋ ਅਬ ਇਸਕੈ ਸਾਥ ਨ ਰਹੋ॥ ਲਉ ਖਾਲਸਾ ਜੀ! ਹੁਣ ਅਸੀਂ ਇਸਦੇ ਸੰਗ ਨਹੀਂ ਰਹਿਣਾ, ਹੁਣ ਅਸੀਂ ਇਸਦਾ ਸਾਥ ਨਹੀਂ ਦੇਣਾ।

ਹੁਇ ਨਜਾਰੇ ਗੁਰਦਰਬਾਰੇ ਬਹੋ॥੩੦॥ ਮਾਤਾ ਜੀ ਦਾ ਵੀ ਹੁਕਮ ਹੈ ਆਪਾਂ ਨਿਆਰੇ ਹੋ ਜਾਉ ਇਸਤੋਂ ਅਤੇ ਗੁਰੂ ਦਰਬਾਰ ਵਿੱਚ ਚਲਕੇ ਡੇਰੇ ਲਾਈਏ, ਉਥੇ ਗੁਰੂ ਸਾਹਿਬ ਜੀ ਦੀ ਸੇਵਾ ਕਰੀਏ। ੩੦।

ਦੋਹਰਾ॥ ਤਬ ਬੰਦੈ ਪੰਥ ਖ਼ੁਦ ਰਚਜੋ, ਖਾਲਸੈ ਸੋਂ ਕਰ ਬਾਦ॥ ਤਾਂ ਖਾਲਸੇ ਨਾਲ ਬਾਦ ਬਿਬਾਦ ਹੋ ਗਿਆ ਹੈ । ਬੰਦੇ ਬਹਾਦਰ ਨੂੰ ਛਡ ਕੇ ਖਾਲਸਾ ਪੰਥ ਨਿਆਰਾ ਹੋ ਗਿਆ ਹੈ, ਗੁਰੂ ਦਰਬਾਰ ਵਿਚ ਜਾ ਡਰੇ ਲਾਏ ਖਾਲਸੇ ਪੰਥ ਨੇ, ਉਸ ਦਿਨ ਤੋਂ ਇਸਨੇ ਆਪਣਾ ਪੰਥ ਬਨਾਉਣਾ ਸ਼ੁਰੂ ਕਰ ਦਿੱਤਾ ਹੈ ਹੁਣ ਮੈਂ ਆਪਣਾ ਪੰਥ ਬਣਾ ਲੈਣਾ ਹੈ।

ਸਿੰਘਨ ਵੇਖ ਸੁ ਨਹਿੰ ਸਕੈ, ਕਰੈ ਸੁ ਬਹੁਤ ਬਿਖਾਦ॥੩੧॥ ਸਿੰਘਾਂ ਨੂੰ ਜਦੋਂ ਵੇਖਦਾ ਹੈ ਤਾਂ ਵੇਖਿਆ ਨਹੀਂ ਸੁਖਾਉਂਦਾ ਹੈ ਜੇ ਵੇਖਦਾ ਤਾਂ ਬਿਖਾਦ ਕਰਦਾ ਹੈ ਮੰਦਾ ਬੋਲਦਾ ਹੈ। ੩੧।

ਚੌਪਈ॥ ਸੂਹੋ ਥੋ ਜੋ ਗੁਰੂ ਹਟਾਯੋ॥ ਗੁਰੂ ਸਾਹਿਬ ਜੀ ਨੇ ਰਹਿਤਨਾਮੇ ਵਿੱਚ ਲਿਖਿਆ ਹੈ ''ਸੂਹਾ ਪਹਿਨ ਲਏ ਨਸਵਾਰ ਕਹੈ ਗੋਬਿੰਦ ਸਿੰਘ ਤਿਸ ਜਮ ਕਰੇ ਖੁਆਰ,'' ਜਿਹੜਾ ਸੂਹਾ ਪਹਿਨੇਗਾ, ਨਸਵਾਰ ਆਦਿਕ ਬੀੜੀ ਬੱਤੀ ਪੀਵੇਗਾ, ਉਹਦੀ ਜਮ ਖੁਆਰੀ ਕਰੇਗਾ, ਉਹ ਜਮਪੁਰੀ ਨੂੰ ਜਾਇਗਾ, ਉਹ ਨਰਕਾਂ ਦਾ ਅਧਿਕਾਰੀ ਬਣੇਗਾ। ਇਉਂ ਸਤਿਗੁਰਾਂ ਨੇ ਹੁਕਮ ਕਰਕੇ ਮਨ੍ਹਾ ਕੀਤਾ ਸੀ। ਜੋ ਸੂਹਾ ਪਹਿਨਣਾ ਸਤਿਗੁਰਾਂ ਨੇ ਮਨ੍ਹਾ ਕੀਤਾ ਸੀ, ਇਸ ਨੇ ਜਾਣ ਕੇ ਪਹਿਨਿਆ ਹੈ ਉਸ ਨੂੰ ਕਿਉਂਕਿ ਸਿੰਘ ਸੁਰਮਈ ਪਹਿਨਦੇ ਹਨ, ਸੁਰਮਈ ਦੁਮਾਲੇ ਝੁਲਾਉਂਦੇ ਨੇ ਏਸ ਲਈ ਇਸ ਨੇ ਜਾਣ ਕੇ ਜਿੱਦ ਨਾਲ ਅਪਣਿਆਂ ਚੇਲਿਆਂ ਨੂੰ ਸੂਹਾ ਰੰਗ ਪਹਿਨਾਇਆ। ਅਤੇ ਆਪਣਾ ਵੱਖਰਾ ਪੰਥ ਚਲਾਇਆ ਹੈ।

ਸੋਊ ਜ਼ਿਦ ਕਰ ਉਨ ਪਹਿਰਾਯੋ॥ ਜਿਦ ਕਰਕੇ ਕਿ ਸਿੰਘ ਮਨ੍ਹੇ ਕਰਦੇ ਨੇ, ਇਸ ਨੇ ਜਿਦ ਕਰ ਕੇ, ਆਪਣਿਆਂ ਸੇਵਕਾਂ ਨੂੰ, ਆਪਣਿਆਂ ਚੇਲਿਆਂ ਬਾਲਿਆਂ ਨੂੰ ਬੰਦਈਆਂ ਨੂੰ ਇਹੀ ਸੂਹੇ ਰੰਗ ਦਾ ਬਾਣਾ ਪਹਿਰਾ ਦਿੱਤਾ ਹੈ।

ਵਾਹਿਗੁਰੂ ਕੀ ਫੜ੍ਹੇ ਹਟਾਈ॥ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫੜ੍ਹੇ ਗਜਾਉਣੀ ਬੰਦ ਕਰਵਾ ਦਿੱਤੀ ਹੈ।

ਦਰਸ਼ਨ ਫੜ੍ਹੇ ਉਸ ਆਪ ਠਹਿਰਾਈ॥੩੨॥ ਦਰਸ਼ਨ ਜੀ ਕਾ ਖਾਲਸਾ, ਦਰਸ਼ਨ ਜੀ ਕੀ ਫੜ੍ਹੇ ਆਪਣੇ ਕੋਲੋਂ ਹੀ ਬਣਾ ਲਈ ਹੈ ਇਸਨੇ, ਫੜ੍ਹੇ ਵੀ ਨਵੀਂ ਬਣਾ ਲਈ ਹੈ। ੩੨।

ਨੀਲ ਪਹਿਰਨ ਤੇ ਦੂਰ ਕਰਾਯੋ॥ ਅਤੇ ਮਜਬੂਰ ਕਰਕੇ ਆਪਣੇ ਚੇਲਿਆਂ ਨੂੰ ਬੰਦਈਆਂ ਨੂੰ, ਕਿ ਅੱਜ ਤੋਂ ਨੀਲਾ ਨਹੀਂ ਪਹਿਰਨਾ ਤੁਸੀਂ, ਇਸ ਨੂੰ ਦੂਰ ਰੱਖਣਾ ਹੈ, ਸੂਹਾ ਪਹਿਰਨਾ ਹੈ । ਖਾਲਸੇ ਨਾਲ ਜ਼ਿਦ ਕਰਦਾ ਹੈ, ਕਿ ਖਾਲਸਾ ਵੇਖ ਕੇ ਚਿੜੇਗਾ, ਜ਼ਿਦ ਕਰਨਗੇ, ਇਹਨਾਂ ਨੂੰ ਸਗੋਂ ਚਿੜਾਉਂਦਾ ਹੈ।

ਸਮਰਾ ਸੂਹਾ ਸੀਸ ਬੰਧਾਯੋ॥ ਦੁਮਾਲੇ ਦੀ ਥਾਂ ਤੇ ਸ਼ਮਲ੍ਹਾ ਛੱਡ ਕੇ ਪਿੱਛੇ ਨੂੰ ਅਤੇ ਸੂਹੇ ਰੰਗ ਦਾ ਦਸਤਾਰਾ ਸੀਸ ਤੇ ਝੁਲਾਉਣਾ ਸ਼ੁਰੂ ਕਰ ਦਿੱਤਾ ਹੈ।

ਮਹਾਂ ਪ੍ਰਸ਼ਾਦ ਕੈ ਨੇੜ ਨ ਆਵੈ॥ ਇਹ ਛਤ੍ਰੀ ਧਰਮ ਦੀ ਰੀਤ ਹੈ (ਮਹਾਂ ਪ੍ਰਸ਼ਾਦ) ਝਟਕੇ ਦੀ, ਅੱਜ ਤੋਂ ਮਾਸ ਦੇ ਨੇੜੇ ਨਹੀਂ ਜਾਣਾ ਮਨ੍ਹਾ ਕਰ ਦਿੱਤਾ ਹੈ।

ਧੋ ਕੈ ਲਕੜੀ ਚੌਂਕੇ ਪਾਵੈ॥੩੩॥ ਬਾਹਮਣ ਵਾਦ ਚਲਾ ਲਿਆ ਹੈ ਉਸਨੇ, ਲੱਕੜੀ ਧੋ ਕੇ ਚੌਂਕੇ ਵਿਚ ਪਾਉਂਦਾ ਹੈ, ਕਿ ਲੱਕੜਾਂ ਦਾ ਇਸ਼ਨਾਨ ਕਰਾਉ ਤੇ ਫੇਰ ਬਾਲੋ ਏਸ ਤਰ੍ਹਾਂ ਦੀ ਰੀਤ ਕਰ ਦਿੱਤੀ। ੩੩।

ਭੁਜੰਗਨ ਰੀਤਿ ਸੁ ਦਈ ਹਟਾਇ॥ ਜੋ ਨਿਹੰਗ ਭੁਜੰਗਾਂ ਦੀ ਰੀਤ ਸੀ ਸਿੰਘਾਂ ਦੀ ਰੀਤ ਸੀ ਖਾਸ ਕਰਕੇ ਛੱਤ੍ਰੀ, ਉਹ ਇਸਨੇ ਹਟਾ ਦਿੱਤੀ ਹੈ।

ਵਖਤ ਭੀੜ ਮੈਂ ਜੋ ਥੀ ਸੁਖਦਾਇ॥ ਜੋ ਖਾਲਸੇ ਪੰਥ ਦੀ ਰਹੁ ਰੀਤ ਸੀ, ਭੀੜਾਂ ਆਉਂਦੀਆਂ ਨੇ ਜੰਗ ਹੁੰਦੇ ਸਨ, ਫੌਜਾਂ

ਦੇ ਮੁਕਾਬਲੇ ਹੁੰਦੇ ਨੇ ਉਧਰੋਂ ਉ ਧਰੀ, ਭੀੜਾਂ ਪੈ ਜਾਂਦੀਆਂ ਹਨ ਉਸ ਵੇਲੇ ਤਾਂ ਘੋੜੇ ਖਚਰਾਂ ਦਾ ਮਾਸ ਵੀ ਕੰਮ ਆਉਂਦਾ ਹੈ, ਬਾਕੀ ਸ਼ਿਕਾਰ ਆਦਿਕ ਖੇਡਦੇ, ਉਥੇ ਕਦੋਂ ਕਣਕ ਬੀਜੀ ਤੇ ਕਦੋਂ ਸਾਗ ਹੋਇਆ । ਸੋ ਭੀੜ ਆਦਿਕ ਵਿੱਚ ਆਪਣੇ ਸਰੀਰ ਨੂੰ ਬਚਾਉਣ ਵਾਸਤੇ ਇਹੀ ਬਣਦਾ ਸੀ । ਇਹ ਸਤਿਗੁਰਾਂ ਨੇ ਰੀਤ ਚਲਾਈ ਸੀ ਖਾਲਸੇ ਵਿਚ।

ਵਖਤ ਕੁਵਖਤ ਥੋ ਗੁਰੂ ਬਿਚਾਰਯਾ॥ ਗੁਰੂ ਸਾਹਿਬ ਨੀਤੀ ਦੇ ਮਾਲਕ ਸਨ, (ਵਖਤ ਕੁਵਖਤ) ਚੰਗੇ ਮਾੜੇ ਸਮੇਂ ਵਿੱਚ ਜਦੋਂ ਹੋਰ ਕੋਈ ਵਸਤੂ ਨਾ ਤਿਆਰ ਹੋ ਸਕੇ, ਉਦੋਂ ਜੋ ਹੋ ਸਕਦਾ ਹੈ ਕਰੋ, ਇਹ ਸਤਿਗੁਰਾਂ ਨੇ ਖਾਲਸਾ ਪੰਥ ਨੂੰ, ਰਹੁ ਰੀਤ ਮੁਯਾਦਾ ਦੱਸੀ ਸੀ।

ਦੂਰਹਿ ਤੇ ਸੋ ਥੋ ਗੁਰੂ ਸੰਭਾਰਯਾ॥੩੪॥ ਸਤਿਗੁਰਾਂ ਨੇ ਬੜੀ ਦੂਰ ਦ੍ਰਿਸ਼ਟੀ ਕਰਕੇ ਸੰਭਾਲਿਆ ਸੀ ਕਿ ਖਾਲਸੇ ਨੂੰ ਛਤ੍ਰੀ ਧਰਮ ਵਿੱਚ ਪ੍ਰਵੇਸ਼ ਕੀਤਾ ਜਾਏ, ਖਾਲਸੇ ਦਾ ਧਰਮ ਛਤ੍ਰੀ ਹੋਵੇ, ਜੋ ਮਹਾਂ ਪ੍ਰਸ਼ਾਦ ਆਦਿਕ ਵਰਤ ਸਕਦਾ ਹੋਵੇ। ੩੪।

ਭੀੜ ਭੁੱਖ ਉਨ ਸਿਰ ਨਾਂਹ ਜਾਨੀ॥ ਬੰਦੇ ਬਹਾਦਰ ਨੂੰ ਕੀ ਪਤਾ ਸੀ ? ਉਸਤੇ ਅੱਜ ਤਾਈਂ ਕਦੇ ਭੀੜ ਨਹੀਂ ਸੀ ਪਈ, ਗੁਰੂਆਂ ਦੇ ਹੁਕਮ ਨਾਲ ਹੀ ਜਿੱਤ ਪ੍ਰਾਪਤ ਕਰਦਾ ਰਿਹਾ ਹੈ । ਕਦੀ ਕਿਸੇ ਕਿਲ੍ਹੇ ਵਿੱਚ ਘਿਰਿਆ ਨਹੀਂ ਸੀ, ਇਸਨੂੰ ਕੀ ਪਤਾ ਸੀ ਇਹਨਾਂ ਗੱਲਾਂ ਦਾ।

ਰਾਜਨੀਤ ਕੋ ਹੁਤੋਨ ਗਜਾਨੀ॥ ਉਹ ਰਾਜਨੀਤੀ ਦਾ ਮਾਹਰ ਨਹੀਂ ਸੀ, ਅਗਜਾਨੀ ਸੀ, ਇਹਨੂੰ ਗਿਆਨ ਹੀ ਨਹੀਂ ਸੀ ਕਿ ਰਾਜਨੀਤੀ ਕੀ ਚੀਜ਼ ਹੁੰਦੀ ਹੈ।

ਭੁਖ ਭੀੜ ਕੋ ਜਤਨ ਨ ਲਖਾ॥ ਉਸ ਨੂੰ ਕੋਈ ਸਮਝ ਨਹੀਂ ਕਿ ਜਦੋਂ ਭੀੜਾਂ ਪੈਣ ਉਥੇ ਭੁਖ ਦੇ ਦੁਖ ਦਰਦ ਹੁੰਦੇ ਨੇ ਜੰਗਾਂ ਦੇ ਵਿੱਚ, ਉਦੋਂ ਕੀ ਕੀਤਾ ਜਾ ਸਕਦਾ ਹੈ, ਉੱਥੇ ਵੈਸ਼ਨੂੰ ਬਣ ਗਿਆ ਹੈ, ਬਿਸ਼ਨੋਈ ਰੀਤ ਚਲਾ ਲਈ ਹੈ। ਆਹ ਉੱਥੇ ਭੇਟ ਲੱਗਦੀ ਹੈ। ਏਥੇ ਆਹ ਨਹੀਂ ਕਰਨਾ, ਔਹ ਨਹੀਂ ਕਰਨਾ ਲਕੜੀਆਂ ਧੋ ਕੇ ਲੰਗਰ ਵਿਚ ਲਾਉਣੀਆਂ ਹਨ। ਇਹ ਰੀਤੀਆਂ ਜੰਗਾਂ ਵਿੱਚ ਕਦੋਂ ਚਲਦੀਆਂ ਨੇ। ਉਥੇ ਤੇ ਮਾਰੋ ਮਾਰ ਹੁੰਦੀ ਹੈ ਜਿਹੋ ਜਿਹਾ ਮਿਲੇ ਕੱਚਾ ਭੁੰਨਾ ਹੋਇਆ ਉਹੋ ਜਿਹਾ ਖਾ ਪੀ ਕੇ ਧਰਮ ਤੇ ਜਾਨ ਕੁਰਬਾਨ ਕਰਨੀ ਹੈ, ਉਹ ਬਿਹਤਰ ਹੈ। ਇਸ ਕਰਕੇ ਬੰਦੇ ਬਹਾਦਰ ਨੂੰ ਨਾ ਭੀੜ ਪਈ ਸੀ, ਅਤੇ ਨਾ ਹੀ ਕੋਈ ਮੁਸੀਬਤ ਪਈ ਸੀ, ਅਤੇ ਨਾ ਹੀ ਇਹ ਸਮਝ ਸਕਿਆ ਸੀ ਇਸ ਗੱਲ ਨੂੰ।

ਪੰਥ ਕਰਨ ਚਹਜੋ ਉਨ ਸੁ ਵਖਾ॥੩੫॥ ਇਸ ਕਰਕੇ ਪੰਥ ਤਾਂ ਵਖਰਾ ਕਰਨਾ ਲੋੜਿਆ ਇਸਨੇ ਕਿ ਆਪਣਾ ਪੰਥ ਵੱਖਰਾ ਹੀ ਬਣਾ ਲਵਾਂ, ਲੇਕਨ ਗੱਲ ਸਮਝ ਨਾ ਸਕਿਆ। ੩੫।

ਦੋਹਰਾ॥ ਸਤਿਗੁਰ ਖੂਬ ਬਿਚਾਰ ਥੀ, ਕਰੀ ਸਰਬੰਗੀ ਰੀਤ॥ ਸਤਿਗੁਰੂ ਜੀ ਜਾਣੀ ਜਾਣ ਸਨ ਅੰਤਰਜਾਮੀ ਸਨ, ਉਹਨਾਂ ਨੇ ਖੂਬ ਵਿਚਾਰ ਕੀਤੀ ਸੀ , ਸਰਬੰਗੀ ਰੀਤ ਕੀਤੀ ਸੀ, ਜੋ ਸਾਰਿਆਂ ਨੂੰ ਮਾਫਕ ਆ ਸਕੇ, ਸਾਰੇ ਜਿਸ ਨੂੰ ਚਲਾ ਸਕਣ ਵਰਤ ਸਕਣ।

ਚਾਰੋਂ ਬਰਨ ਮਿਲਾਇਕੈ ਕਰੀ ਪਾਂਚਵੀਂ ਰੀਤ॥੩੬॥ ਚਾਰੇ ਬਰਨਾਂ ਨੂੰ ਇਕੱਤਰ ਕਰਕੇ ਪੰਜਵੀਂ ਰੀਤੀ ਖਾਲਸੇ ਪੰਥ ਦੀ ਕਰਕੇ ਵਿਖਾਈ ਸੀ।

ਜੰਗ ਦੌੜ ਔ ਸੌੜ ਮੈਂ, ਭੁੱਖ ਭੀੜ ਬਹੁ ਹੋਇ॥ ਜਦੋਂ ਜੰਗ ਹੁੰਦਾ ਹੈ ਉਦੋਂ ਦੌੜ ਭੁਖ ਤੇ ਬੜੀਆਂ ਮੁਸੀਬਤਾਂ ਆ ਪੈਂਦੀਆਂ ਨੇ, ਉਨ੍ਹਾਂ ਦੇ ਟਾਕਰੇ ਵਾਸਤੇ ਸਤਿਗੁਰਾਂ ਨੇ ਪਹਿਲੇ ਵਿਚਾਰ ਕੀਤੀ ਸੀ।

ਤਾਂਹ ਬਿਸ਼ਨੋਈ ਕਿਮ ਚਲੈ, ਜਹਾਂ ਯੁਧਿ ਨਿਤ ਹੋਇ॥੩੭॥ ਉੱਥੇ (ਬਿਸ਼ਨੋਈ) ਵੈਸ਼ਨੂੰ ਪੰਥ ਕਿਵੇਂ ਚਲੇਗਾ, ਉਥੇ ਵੈਸ਼ਨੂੰ ਕਿਵੇਂ ਚੱਲ ਸਕਦੇ ਨੇ ਜਿੱਥੇ ਰੋਜ਼ ਜੰਗ ਹੋਵੇ, ਰੋਜ਼ ਖੂਨ ਡੁਲ੍ਹਦਾ ਹੋਵੇ ਜਿਥੇ, ਉਥੇ ਵੈਰੀ ਦਾ ਖੂਨ ਪੀ ਕੇ ਵੀ ਨਿਰਬਾਹ

ਕਰਨਾ ਪੈਂਦਾ ਹੈ, ਐਸੀ ਭੀੜ ਜਿਥੇ ਹੁੰਦੀ ਹੈ। ਬੰਦਾ ਬਹਾਦਰ ਬੈਰਾਗੀਆਂ ਦੇ ਪੰਥ ਵਿੱਚ ਸਾਧ ਸੀ, ਏਸ ਨੂੰ ਇਸ ਗੱਲ ਦਾ ਪਤਾ ਨਹੀਂ ਸੀ। ੩੭।

ਚੌਪਈ॥ ਬੰਦੈ ਕਹਜੋ ਹਮ ਆਪੇ ਗੁਰੂ॥ ਬੰਦਾ ਬਹਾਦਰ ਹੰਕਾਰ ਵਿੱਚ ਆ ਕੇ ਪ੍ਰਚਾਰ ਕਰਦਾ ਹੈ, ਕਹਿੰਦਾ ਮੈਂ ਖੁਦ ਗੁਰੂ ਹਾਂ, ਮੈਨੂੰ ਕਿਹੜੇ ਗੁਰੂ ਨੇ ਚੇਲਾ ਬਨਾਉਣਾ ਸੀ, ਗੁਰੂ ਮੈਂ ਆਪਣੇ ਆਪ ਹੀ ਹਾਂ।

ਹਮਰੈ ਮਗਰ ਸਭੀ ਲਗ ਤੁਰੂ॥ ਮਨ ਵਿਚ ਭੁਲੇਖਾ ਸੀ ਏਸਨੂੰ ਮੈਂ ਆਪ ਗੁਰੂ ਹਾਂ ਮੈਂ ਆਪਣੀ ਵਖਰੀ ਰੀਤੀ ਚਲਾਉਂਗਾ ਸਾਰੀ ਦੁਨੀਆਂ ਮੇਰੇ ਮਗਰ ਆਪੇ ਹੀ ਲੱਗ ਤੁਰੇਗੀ।

ਹਮ ਤੁਮਰੇ ਗੁਰ ਸੁਤਨ ਬੈਰ ਲੀਆ॥ ਸਿੰਘਾਂ ਨੂੰ ਮਿਹਣੇ ਮਾਰਦਾ ਹੈ, ਦੇਖਿਆ! ਮੈਂ ਤੁਹਾਡੇ ਗੁਰੂ ਦੇ ਪੁੱਤਰਾਂ ਦਾ ਵੈਰ ਲੈ ਕੇ ਦਿੱਤਾ ਹੈ। ਮੈਂ ਤਕੜਾ ਸਾਂ ਤਾਂ ਹੀ ਵੈਰ ਲੈ ਕੇ ਦਿੱਤਾ ਹੈ।

ਹਮਹੀ ਤੁਮ ਕੌ ਖਾਲਸੋ ਕੀਆ॥੩੮॥ ਮੈਂ ਹੀ ਤੁਹਾਨੂੰ ਖਾਲਸਾ ਬਣਾਇਆ ਹੈ, ਤੁਹਾਨੂੰ ਤਾਂ ਪੰਜਾਬ ਵਿਚੋਂ ਕੱਢ ਦਿੱਤਾ ਸੀ ਮੁਗਲਾਂ ਨੇ, ਮੈਂ ਤੁਹਾਨੂੰ ਪੰਜਾਬ ਵਿਚ ਵਾੜਿਆ ਆ ਕੇ, ਨਹੀਂ ਤਾਂ ਤੁਸੀਂ ਖਤਮ ਹੋ ਜਾਂਦੇ ਕਦੇ ਦੇ, ਤੁਹਾਨੂੰ ਮੁਗਲਾਂ ਨੇ ਛਡਣਾ ਨਹੀਂ ਸੀ । ਐਹੋ ਜਿਹੇ ਤਾਨੇ ਮਿਹਣਿਆਂ ਤੇ ਆ ਗਿਆ ਹੈ। ੩੮।

ਹਮ ਨੈ ਤੁਮ ਕੌ ਮੁਲਕ ਮੱਲ ਦੀਆ॥ ਮੈਂ ਤੁਹਾਨੂੰ ਸਾਰਾ ਮੁਲਕ ਮੱਲ ਕੇ ਦਿੱਤਾ ਹੈ, ਸਾਰਾ ਮੁਲਕ ਮੱਲ ਕੇ ਖਾਲਸੇ ਦੇ ਹੱਥ ਦਿਤਾ।

ਹਮ ਨੈ ਤੁਮ ਕੌ ਰਾਜੈ ਕੀਯਾ॥ ਮੈਂ ਤੁਹਾਨੂੰ ਧਰਤੀ ਦੇ ਰਾਜੇ ਬਣਾ ਦਿੱਤਾ ਹੈ, ਐਸਾ ਬੰਦਾ ਹੰਕਾਰ ਕਰਦਾ ਹੈ।

ਖਾਲਸੋ ਕਹਜੋ ਹਮ ਪੂਤ ਪਰਾਯਾ॥ ਖਾਲਸਾ ਹੁਣ ਉੱਤਰ ਦਿੰਦਾ ਹੈ ਕਹਿੰਦਾ ਹੈ ਸੁਣ ਓ ਬਾਵਾ, ਬੰਦਿਆ ! ਅਸੀਂ ਪਰਾਏ ਪੁੱਤਰ ਹਾਂ, ਤੇਰੇ ਅਸੀਂ ਕੀ ਲੱਗਦੇ ਹਾਂ, ਤੂੰ ਸਾਡਾ ਕੀ ਲੱਗਦਾ ਹੈਂ । ਸਾਡੇ ਮਾਤਾ ਪਿਤਾ ਨੇ ਸਾਨੂੰ ਪੈਦਾ ਕੀਤਾ ਤਾਂ ਅਸੀਂ ਪਰਾਏ ਪੁੱਤਰ ਹਾਂ । ਜੇ ਤੂੰ ਬੈਰਾਗੀ ਹੈਂ, ਜਾਂ ਤੂੰ ਆਪਣੇ ਆਪ ਵੱਡਾ ਸੂਰਮਾ ਬਣਦਾ ਹੈਂ ਤੇ ਸਾਡੇ ਗੁਰੂ ਦਾ ਪ੍ਰਤਾਪ ਵੇਖ ਅਸੀਂ ਤਾਂ ਗੁਰੂ ਦੇ ਪੁੱਤਰ ਹਾਂ ਤੇਰੇ ਅਸੀਂ ਕੀ ਲੱਗਦੇ ਹਾਂ, ਇਉਂ ਖਾਲਸੇ ਨੇ ਉੱਤਰ ਦਿੱਤਾ ਹੈ।

ਤੂੰ ਹਮਰੋ ਬਨਿਓਂ ਥੋ ਦਾਯਾ॥੩੯॥ ਸਾਡੇ ਪਿਤਾ ਖਿਡਾਉਣ ਵਾਸਤੇ ਤੈਨੂੰ ਦਾਈ ਬਣਾਇਆ ਹੈ, ਸਿੰਘਾਂ ਨੇ ਕਿਹਾ ਸਾਡੇ ਪਿਤਾ ਨੇ ਤੈਨੂੰ ਸਾਨੂੰ ਖਿਡਾਉਣ ਵਾਸਤੇ ਖਿਡਾਵਾ ਲਾਇਆ ਸੀ, ਇਹਨਾਂ ਨੂੰ ਖਿਡਾਇਆ ਕਰ ਮੇਰੇ ਪੁੱਤਰਾਂ ਨੂੰ ਬੱਚਿਆਂ ਨੂੰ, ਇਹਨਾਂ ਦੀ ਸੇਵਾ ਕਰਿਆ ਕਰ ਤੈਨੂੰ ਤਾਂ ਟਹਿਲੂਆ ਲਾਇਆ ਸੀ। ੩੯।

ਕਯਾ ਹੋਯਾ ਤੈਂ ਹਮੈਂ ਖਿਲਾਯਾ॥ ਕੀ ਹੋਇਆ ਹੈ ਜੇ ਤੂੰ ਸਾਨੂੰ ਖਿਡਾਇਆ ਹੈ, ਤੂੰ ਨਾ ਹੁੰਦਾ ਸਾਡਾ ਪਿਤਾ ਕਿਸੇ ਹੋਰ ਦੀ ਡਿਊਟੀ ਲਾ ਦਿੰਦਾ ਸਾਡੀ ਉਹ ਸੇਵਾ ਕਰਦਾ।

ਹਮ ਪਿਤਾ ਤੂੰ ਖਿਜਮਤਗਰ ਲਾਯਾ॥ ਸਾਡੇ ਪਿਤਾ ਨੇ ਤੈਨੂੰ ਸਾਡਾ (ਖਿਜਮਤਗਰ) ਸੇਵਾਦਾਰ ਲਾਇਆ ਹੈ।

ਨਿਜ ਪਿਤ ਲੇਵੈ ਸੁਤਹਿ ਸੰਭਾਲ॥ ਜਦੋਂ ਪੁੱਤਰ ਪਲ ਜਾਂਦੇ ਹਨ, ਹੁਸ਼ਿਆਰ ਹੋ ਜਾਂਦੇ ਹਨ, ਫੇਰ ਪਿਤਾ ਆਪਣੇ ਪੁੱਤਰਾਂ ਨੂੰ ਆਪੇ ਸੰਭਾਲ ਲੈਂਦਾ ਹੈ।

ਤੈਂ ਮੁੰਹ ਭਰਾਯੋ ਲਾਲਨ ਨਾਲ॥੪੦॥ ਤੂੰ ਆਪਣਾ ਮੂੰਹ ਲਾਲ਼ਾਂ ਨਾਲ ਭਰਾਇਆ ਹੈ, ਸਾਡੀਆਂ ਲਾਲ਼ਾਂ ਨਾਲ। ੪੦।

ਕ੍ਰਿਸ਼ਨ ਪਲਜੋ ਥੋ ਗੋਪਨ ਮਾਂਹਿ॥ ਕ੍ਰਿਸ਼ਨ ਜੀ ਵੀ ਤਾਂ ਗੁਆਲਿਆਂ ਵਿਚ ਹੀ ਪਲਿਆ ਸੀ, ਉਸ ਦੇ ਮਾਤਾ ਪਿਤਾ ਤਾਂ ਹੋਰ ਸਨ।

ਹੁਇ ਸਜਾਨੋ ਮਿਲਿਓ ਪਿਤ ਆਇ॥ ਜਦੋਂ ਕ੍ਰਿਸ਼ਨ ਜੀ ਸਿਆਣੇ ਹੋ ਗਏ ਵੱਡੇ ਹੋ ਗਏ, ਉਦੋਂ ਹੀ ਆਪਣੇ ਮਾਤਾ ਪਿਤਾ ਨੂੰ ਆ ਮਿਲੇ ਹਨ ਏਸੇ ਤਰ੍ਹਾਂ ਹੀ ਜਦੋਂ ਅਸੀਂ ਛੋਟੇ ਸੀ ਤਾਂ ਸਾਡੇ ਪਿਤਾ ਜੀ ਨੇ ਤੈਨੂੰ ਖਿਡਾਵਾ ਲਾਇਆ ਸੀ। ਹੁਣ ਜਦੋਂ ਅਸੀਂ ਵੱਡੇ ਹੋ ਗਏ ਹਾਂ ਅਸੀਂ ਆਪਣੇ ਪਿਤਾ ਕੋਲ ਚਲੇ ਗਏ ਹਾਂ। ਤੇਰਾ ਕੀ ਅਸੀਂ ਚੁੱਕ ਲਿਆ ਉਇ! ਤੂੰ

ਕਾਹਦੇ ਮਿਹਣੇ ਮਾਰਦਾਂ ਸਾਨੂੰ।

ਕਾਕ ਘਰ ਦੇਵੈ ਕੋਇਲ ਆਂਡੇ॥ ਹੋਰ ਪ੍ਰਮਾਣ ਦਿੰਦੇ ਹਨ ਕਿ ਕਾਂ ਜਿਹੜਾ ਹੈ ਉਹ ਕੋਇਲ ਦੇ ਆਂਡੇ ਪੀ ਜਾਂਦਾ ਹੈ, ਕੋਇਲ ਕਾਂ ਦੇ ਆਲ੍ਹਣੇ ਵਿਚ ਆਂਡੇ ਦੇ ਦਿੰਦੀ ਹੈ, ਆਪਣੇ ਬੱਚਿਆਂ ਨੂੰ ਬਚਾਉਣ ਵਾਸਤੇ।

ਅਪਨੀ ਕੁਲ ਕਬ ਦੇਵੈ ਛਾਡੇ॥੪੧॥ ਕੀ ਉਹ ਕੋਇਲ ਦੇ ਬੱਚੇ ਆਪਣੀ ਕੁਲ ਛੱਡ ਦਿੰਦੇ ਹਨ , ਏਸੇ ਤਰ੍ਹਾਂ ਅਸੀਂ ਆਪਣੇ ਪਿਉ ਦੇ ਪੁੱਤਰ ਹਾਂ, ਏਸੇ ਤਰ੍ਹਾਂ ਹੁਸ਼ਿਆਰ ਹੋ ਕੇ ਅਸੀਂ ਆਪਣੇ ਪਿਤਾ ਦੇ ਘਰ ਆ ਗਏ ਹਾਂ। ੪੧।

ਤਬ ਖਾਲਸੈ ਨੇ ਮਤੋ ਮਤਾਯਾ॥ ਤਾਂ ਖਾਲਸੇ ਪੰਥ ਨੇ ਇਹੋ ਜਿਹੀਆਂ ਗੱਲਾਂ ਸੁਣਕੇ ਬੰਦੇ ਬਹਾਦਰ ਦੀਆਂ, ਇਕੱਤਰ ਹੋ ਕੇ ਆਪਣਾ ਗੁਰਮਤਾ ਸੋਧਿਆ ਹੈ।

ਯਾ ਕੋ ਮਰਨ ਨਿਕਟ ਹੈ ਆਯਾ॥ ਖਾਲਸਾ ਜੀ! ਇਹ ਕਿਹੋ ਜਿਹੀਆਂ ਗੱਲਾਂ ਕਰਨ ਲਗ ਪਿਆ ਹੈ, ਤਾਂ ਸਿੰਘਾਂ ਨੇ ਅਵਾਜੇ ਕਸੇ ਕਿ ਇਸਦੀ ਮੌਤ ਆ ਗਈ ਹੈ ਇਸਦਾ ਮਰਨਾ ਨੇੜੇ ਆ ਗਿਆ ਹੈ।

ਜੁਦੋ ਦੇਸ਼ ਸਿੰਘ ਮੱਲਨ ਭਹੇ॥ ਸਿੰਘਾਂ ਨੇ ਕਿਹਾ ਹੁਣ ਇਸ ਦੀ ਕੋਈ ਲੋੜ ਨਹੀਂ ਹੈ । ਸਿੰਘ ਆਪਣੀ ਮਾਰ ਧਾੜ ਕਰਨ ਲਗ ਪਏ ਹਨ। ਜਿਹੜਾ ਬੰਦੇ ਬਹਾਦਰ ਨੇ ਇਲਾਕਾ-ਮੱਲਿਆ ਸੀ ਉਹਨੂੰ ਛੱਡ ਦਿਤਾ ਹੈ । ਸਿੰਘਾਂ ਨੇ ਆਪਣਾ ਹੋਰ ਨਵਾਂ ਇਲਾਕਾ ਮਲਣਾ ਸ਼ੁਰੂ ਕਰ ਦਿੱਤਾ ਹੈ।

ਆਪਸ ਮੈਂ ਇਮ ਪਰ ਗਈ ਖਹੇ॥੪੨॥ ਅਤੇ ਉਹ ਬੰਦਾ ਪਿੱਟਦਾ ਹੈ, ਕਿ ਸਿੰਘ ਤਾਂ ਆਪਣੇ ਆਪ ਹੀ ਮੱਲਾਂ ਮਾਰਨ ਲਗ ਗਏ ਹਨ, ਇਉਂ ਖਹਿਬਾਜੀ ਹੋਇ ਗਈ ਹੈ, ਵੈਰ ਵਧ ਗਿਆ ਹੈ। ੪੨।

ਲੱਭੈ ਖਾਲਸੇ ਕੋ ਜੋ ਬੰਦਈ॥ ਜੇ ਖਾਲਸੇ ਨੂੰ ਕੋਈ ਬੰਦਈ ਮਿਲ ਜਾਂਦਾ ਹੈ, ਵਿਛੜਿਆ ਹੋਇਆ ਬੰਦਈ ਟੋਲੇ ਤੋਂ।

ਮਾਰ ਕੂਟ ਉਸ ਲੇਹਿੰ ਖੁਹਈ॥ ਸਿੰਘ ਉਹਦੇ ਤੇ ਚੰਗਾ ਸਲੋਤਰ ਫੇਰਦੇ ਹਨ, ਮਾਰ ਕੁੱਟ ਕੇ ਖੋਹ ਲੈਂਦੇ ਹਨ ਜੋ ਕੁਛ ਉਹਨਾਂ ਦੇ ਪੱਲੇ ਹੋਵੇ।

ਬੰਦਈਅਨ ਕੇ ਭੀ ਖਾਲਸੋ ਹਥ ਆਵੈ॥ ਏਧਰ ਬੰਦਈਅਨ ਦਾ ਵੀ ਤੋਰ ਬਦਲ ਗਿਆ ਹੈ, ਜੇ ਇਕੱਲਾ ਦੁਕੱਲਾ ਸਿੰਘ ਇਹਨਾਂ ਦੇ ਹੱਥ ਆ ਜਾਂਦਾ ਹੈ।

ਵੈ ਭੀ ਖਾਲਸੈ ਮਾਰ ਗਿਰਾਵੈ॥੪੩॥ ਉਹ ਵੀ ਖਾਲਸੇ ਉੱਤੇ ਹੱਲਾ ਬੋਲ ਦਿੰਦੇ ਹਨ, ਉਹ ਸਿੰਘ ਨੂੰ ਸ਼ਹੀਦ ਕਰ ਦਿੰਦੇ ਹਨ, ਮਾਰ ਕੇ ਸੁੱਟ ਦਿੰਦੇ ਹਨ। ੪੩।

ਤਬ ਖਾਲਸੋ ਉੱਠ ਲੁੱਟਨ ਭਹਿਆ॥ ਤਾਂ ਖਾਲਸੇ ਪੰਥ ਨੇ ਉੱਠ ਕੇ ਲੁੱਟਣਾ ਸ਼ੁਰੂ ਕਰ ਦਿੱਤਾ ਹੈ ਮੁਲਕ ਨੂੰ, ਆਪਣਾ ਵੱਖਰਾ ਇਲਾਕਾ ਮਲਣਾ ਸ਼ੁਰੂ ਕਰ ਦਿੱਤਾ ਹੈ, ਤੁਰਕਾਂ ਦੀ ਲੁੱਟ ਮਾਰ ਸ਼ੁਰੂ ਕਰ ਦਿੱਤੀ ਹੈ ।

ਬੰਦੇ ਮਨੂੰ ਕੀਆ ਨਹਿੰ ਰਹਿਆ॥ ਬੰਦਾ ਬਹਾਦਰ ਮਨ੍ਹਾਂ ਕਰਦਾ ਹੈ ਸਿੰਘਾਂ ਨੂੰ ਲੁੱਟਣ ਤੋਂ, ਬੰਦਾ ਕਹਿੰਦਾ ਹੈ ਸਿੰਘਾਂ ਨੂੰ ਨਾ ਲੁੱਟੋ, ਇਹ ਮੇਰਾ ਮੁਲਕ ਮੱਲਿਆ ਹੋਇਆ ਹੈ, ਸਿੰਘ ਅੱਗੋਂ ਕਹਿੰਦੇ ਹਨ, ਚਲ ਚਲ ਕਿਸੇ ਹੋਰ ਨਾਲ ਗੱਲ ਕਰ, ਅਸੀਂ ਨਹੀਂ ਤੇਰੀ ਕੋਈ ਗੱਲ ਸੁਣਦੇ ਨਾ ਮੰਨਦੇ ਹਾਂ, ਇਉਂ ਸਿੰਘਾਂ ਨੇ ਜੁਆਬ ਦੇ ਦਿੱਤਾ ਹੈ।

ਜਿਧਰ ਜਾਇ ਆਪ ਲਜਾਵੈਂ ਲੂਟ॥ ਸਿੰਘਾਂ ਦਾ ਗੁਰਮਤਾ ਹੋ ਗਿਆ ਹੈ, ਜਿਧਰ ਜਾਂਦੇ ਆਪਣਾ ਲੁੱਟ ਕੇ ਲਿਆਉਂਦੇ ਆਪਣੇ ਜੱਥੇ ਵਿਚ ਆਪਣਾ ਵੱਖਰਾ ਰੱਖਦੇ ਹਨ । ਅੱਗੇ ਤਾਂ ਬੰਦੇ ਬਹਾਦਰ ਨੂੰ ਲਿਆ ਕੇ ਦਿਆ ਕਰਦੇ ਸਨ। ਹੁਣ ਸਿੰਘਾਂ ਨੇ ਆਪਣਾ ਵੱਖਰਾ ਹੀ ਡੇਰਾ ਕਰ ਲਿਆ ਹੈ । ਆਪਣਾ ਜੋ ਗੁਰੂ ਕਾ ਖਜ਼ਾਨਾ ਹੈ ਉਸ ਖਜ਼ਾਨੇ ਵਿੱਚ ਪਾਉਂਦੇ ਹਨ।

ਦੇਨ ਨ ਕਰਨ ਬੰਦੱਈਅਨ ਛੂਟ॥੪੪॥ (ਛੂਟ) ਲੁੱਟਣ ਵਾਸਤੇ, ਭਾਵ ਜਦੋਂ ਬੰਦਈ ਲੁੱਟਣ ਚੜ੍ਹਦੇ ਹਨ, ਉਨ੍ਹਾਂ ਨੂੰ ਵਕਤ ਹੀ ਨਹੀਂ ਦਿੰਦੇ, ਸਿੰਘ ਹੁਸ਼ਿਆਰ ਸਨ, ਸਿੰਘ ਗੁਰੂ ਸਾਹਿਬ ਜੀ ਦੇ ਮੁਢ ਤੋਂ ਸਿਖਲਾਏ ਸਨ ਕਿ ਦੁਸ਼ਮਣ ਦੇ ਉੱਤੇ

ਫਤ੍ਹੇ ਕਿਵੇਂ ਪਾਈ ਦੀ ਹੈ । ਅਜੇ ਉਹ ਸਲਾਹਾਂ ਹੀ ਕਰਦੇ ਰਹਿ ਜਾਂਦੇ ਹਨ ਕਿ ਏਸ ਇਲਾਕੇ ਵਿੱਚ ਕੋਈ ਲੜਨ ਵਾਲਾ ਨਹੀਂ ਹੈ। ਜਿਧਰ ਨੂੰ ਬੰਦਈ ਮੂੰਹ ਕਰਦੇ ਹਨ, ਸਿੰਘ ਉਹਨਾਂ ਤੋਂ ਪਹਿਲਾਂ ਹੀ ਇਲਾਕਾ ਮੱਲ ਲੈਂਦੇ ਹਨ, ਇਉਂ ਸਿੰਘ ਬੰਦਈਆਂ ਦੀ ਕੋਈ ਵਾਹ ਨਹੀਂ ਚਲਣ ਦਿੰਦੇ। ੪੪।

ਬੰਦੱਈਅਨ ਸਿੰਘਨ ਪਰ ਗਜੋ ਬੈਰ॥ ਇਸ ਕਰਕੇ ਬੰਦਈਆਂ ਤੇ ਸਿੰਘਾਂ ਦਾ ਆਪਸ ਵਿੱਚ ਬੜਾ ਭਾਰੀ ਵੈਰ ਵਧ ਗਿਆ ਹੈ।

ਲਗੀ ਚਲਨ ਇਨ ਮੈਂ ਸ਼ਮਸ਼ੇਰ॥ ਖਾਲਸੇ ਤੇ ਬੰਦਈਆਂ ਦੀ ਇਨ੍ਹਾਂ ਦੀ ਆਪਸ ਵਿੱਚ ਤਲਵਾਰ ਚੁਲਣੀ ਸ਼ੁਰੂ ਹੋ ਗਈ ਹੈ।

ਸਿੰਘ ਨ ਉਨਕਾ ਕਰੈਂ ਬਿਸਾਹ॥ ਹੁਣ ਖਾਲਸਾ ਪੰਥ ਉਹਨਾਂ ਦਾ ਵਿਸਾਹ ਨਹੀਂ ਕਰਦਾ ਹੈ, ਕੱਚਿਆਂ ਪਿੱਲਿਆਂ ਦਾ ਕੀ ਹੈ? ਤਕੜਾਈ ਰਖਦੇ ਨੇ, ਇਹਨਾਂ ਦਾ ਕਦੀ ਵੀ ਵਿਸਾਹ ਨਹੀਂ ਕਰਦੇ, ਕੋਈ ਭਰੋਸਾ ਨਹੀਂ ਕਰਦੇ ਇਹਨਾਂ ਤੇ।

ਰਹੈਂ ਸੁਚੇਤ ਸੁ ਆਪਸ ਮਾਂਹਿ॥੪੫॥ ਖਾਲਸਾ ਪੰਥ ਆਪਸ ਵਿੱਚ ਸੁਚੇਤ ਰਹਿੰਦਾ ਹੈ, ਖ਼ਬਰਦਾਰ ਰਹਿੰਦਾ ਹੈ, ਤਿਆਰ-ਬਰ-ਤਿਆਰ ਰਹਿੰਦੇ ਹਨ ਸਿੰਘ। ੪੫।

ਦੋਹਰਾ॥ ਤਬੈ ਖਾਲਸੋ ਕੂਚ ਕਰ, ਉਤਰਜੋ ਗੁਰ ਚੱਕ ਪਾਸ॥ ਭਾਈ ਰਤਨ ਸਿੰਘ ਜੀ ਲਿਖਦੇ ਹਨ, ਕਿ ਪਹਿਲਾਂ ਤਾਂ ਖਾਲਸਾ ਤੇ ਬੰਦਈ ਇਕੋ ਜਗ੍ਹਾ ਤੇ ਵਿਚਰਦੇ ਸਨ। ਹੁਣ ਖਾਲਸੇ ਨੇ ਕੂਚ ਕਰ ਦਿੱਤਾ ਹੈ ਆਪਣਾ ਦਲ ਵਖਰਾ ਤੋਰ ਲਿਆ ਹੈ ਅਤੇ (ਗੁਰੂ ਚੱਕ) ਸ੍ਰੀ ਅੰਮ੍ਰਿਤਸਾਰ ਦੇ ਨੇੜੇ ਆ ਡੇਰਾ ਕੀਤਾ ਹੈ।

ਬੇਸਾਹਿ ਨ ਕਰਨੋ ਕਬਿ ਬੰਦੈ, ਇਮ ਕਰ ਲੀ ਅਰਦਾਸ॥੪੬॥ ਖਾਲਸੇ ਪੰਥ ਨੇ ਇਉਂ ਅਰਦਾਸ ਕਰ ਲਈ ਹੈ ਕਿ ਅੱਜ ਤੋਂ ਬਾਅਦ ਬੰਦਈਆਂ ਦਾ ਵਿਸਾਹ ਨਾ ਕਰੋ, ਇਹਨਾਂ ਦੇ ਭੁਲੇਖੇ ਵਿੱਚ ਨਹੀਂ ਆਉਣਾ ਖਾਲਸਾ ਜੀ। ੪੬।

ਚੌਪਈ॥ ਤਬ ਬੰਦੇ ਨੇ ਯੌ ਚਿਤ ਠਯੋ॥ ਜਦੋਂ ਬੰਦੇ ਬਹਾਦਰ ਤੋਂ ਖਾਲਸਾ ਪੰਥ ਅਲੱਗ ਹੋ ਗਿਆ ਹੈ, ਤਾਂ ਬੰਦੇ ਨੇ ਆਪਣੇ ਚਿੱਤ ਵਿੱਚ ਧਾਰਨਾ ਕਰ ਲਈ ਹੈ।

ਭਲੋ ਭਯੋ ਹਮ ਸੰਗ ਛੁਟ ਗਯੋ॥ ਕਹਿੰਦਾ ਸ਼ੁਕਰ ਹੋਇਆ ਜਿਹੜਾ ਖਾਲਸੇ ਤੋਂ ਸਾਥ ਛੁੱਟ ਗਿਆ ਮੇਰਾ, ਮੈਂ ਅਜਾਦ ਹੋ ਗਿਆ ਹਾਂ। ਇਹ ਨਹੀਂ ਸੋਚਿਆ ਉਸਨੇ ਕਿ ਮੈਂ ਇਕੱਲਾ ਰਹਿ ਗਿਆ ਹਾਂ, ਖਾਲਸਾ ਅਲਹਿਦਾ ਹੋ ਗਿਆ ਹੈ ਤੇ ਖਾਲਸੇ ਪੰਥ ਵਿੱਚ ਬਰਕਤ ਹੈ ਸਾਰੀ, ਉਹਨਾਂ ਦੇ ਬਲ ਨਾਲ ਤਾਂ ਮੈਂ ਜੇਤੂ ਹੋਇਆ ਹਾਂ । ਇਹ ਭੁਲੇਖਾ ਸੀ ਇਸਦੇ ਚਿੱਤ ਵਿੱਚ, ਹੁਣ ਆਪਣੇ ਚੇਲਿਆਂ ਨੂੰ ਹੌਂਸਲਾ ਦਿੰਦਾ ਹੈ । ਚੰਗਾ ਹੋਇਆ ਹੈ ਜੋ ਖਾਲਸਾ ਆਪ ਹੀ ਪ੍ਰ੍ਹਾਂ ਹੋ ਗਿਆ ਹੈ ਮੇਰੇ ਨਾਲੋਂ।

ਅਬ ਹਮ ਚਲ ਮਲ ਲਹੈਂ ਲਹੌਰ॥ ਚੇਲਿਆਂ ਨੂੰ ਹੌਂਸਲਾ ਦਿੰਦਾ ਹੈ ਫਿਕਰ ਨਾ ਕਰੋ, ਚਲੋ ਪਹਿਲਾਂ ਆਪਾਂ ਜਾ ਕੇ ਮੱਲੀਏ ਲਹੌਰ।

ਨਹਿ ਛਡਹੈਂ ਕਸ਼ਮੀਰ ਪਸ਼ੌਰ॥੪੭॥ ਕਸ਼ਮੀਰ ਤੇ ਪਸ਼ੌਰ ਸਭ ਮੱਲ ਲੈਣਾ ਹੈ, ਹੌਲੀ ਹੌਲੀ ਸਾਰੇ ਦੱਬ ਲੈਣੇ ਹਨ ਛੱਡਣੇ ਨਹੀਂ। ੪੭।

ਹਮ ਨੈ ਰਾਜੇ ਸਿੰਘ ਬਨਾਏ॥ ਮੈਂ ਇਨ੍ਹਾਂ ਸਿੰਘਾਂ ਨੂੰ ਬਾਦਸ਼ਾਹ ਬਣਾਇਆ ਹੈ।

ਏਹ ਹਮ ਬਿਨ ਗਿਰ ਬਾਂਹ ਇਕ ਥਾਏ॥ ਨਾਲ ਦੇ ਚੇਲਿਆਂ ਨੂੰ ਕਹਿੰਦਾ ਹੈ ਬੰਦਾ, ਇਹ ਦੇਖ ਲਉ ਮੇਰੇ ਤੇ ਬਗੈਰ ਡਿੱਗ ਪੈਣਾ ਹੈ ਇਹਨਾਂ ਨੇ, ਇਹਨਾਂ ਨੇ ਹਾਰ ਜਾਣਾ ਹੈ, ਹਾਰ ਕੇ ਟਿਕਾਣੇ ਲੱਗ ਕੇ ਬਹਿ ਜਾਣਗੇ ਇੱਕ ਪਾਸੇ।

ਹਮ ਬਿਨ ਤੁਰਕ ਲੈਹੈਂ ਇਨ ਮਾਰ॥ ਸਾਡੇ ਤੋਂ ਬਿਨਾਂ ਤੁਰਕ ਸਿੰਘਾਂ ਨੂੰ ਮਾਰ ਲੈਣਗੇ, ਜੇ ਸਿੰਘ ਮੇਰੇ ਨਾਲ ਨਹੀਂ ਚਲਣਗੇ।

ਹਮੈਂ ਆਇ ਮਿਲ ਹੈਂ ਹੁਇ ਖ਼ੁਆਰ॥੪੮॥ ਜਦੋਂ ਤੁਰਕਾਂ ਦੀ ਮਾਰ ਪਈ ਉਦੋਂ ਖੁਆਰ ਹੋ ਕੇ ਮੇਰੀ ਸ਼ਰਨ ਵਿਚ ਆਉਣਗੇ ਪਛਤਾ ਕੇ, ਇਉਂ ਬੰਦੇ ਨੇ ਧਾਰਨਾ ਕਰ ਲਈ ਦਿਲ ਵਿੱਚ। ੪੮।

ਹਮ ਬਿਨ ਸਰੈ ਨ ਕੌਡੀ ਕਾਮ॥ ਸਾਡੇ ਤੋਂ ਬਿਨਾਂ ਇਹਨਾਂ ਦਾ ਕੌਡੀ ਜਿੰਨਾਂ ਕੰਮ ਨਹੀਂ ਸਰਨਾ, ਸਾਡੇ ਬਗੈਰ ਇਨ੍ਹਾਂ ਦਾ

ਕੋਈ ਕੰਮ ਨਹੀਂ ਬਣੇਗਾ।

ਆਇ, ਪਰੈਂਗੇ ਹਮਰੀ ਸ਼ਾਮ॥ ਇਹਨਾਂ ਆਪ ਹੀ ਮੇਰੀ (ਸ਼ਾਮ) ਸ਼ਰਨ ਆ ਕੇ ਪੈ ਜਾਣਾ ਹੈ।

ਹਮ ਪੈ ਬੀਰ ਆਂਹਿ ਦੋਇ ਪੂਰੇ॥ ਇਹਦੇ ਕੋਲ ਬੀਰ ਵੀ ਸਨ, ਸਤਿਗੁਰਾਂ ਨੇ ਚਾਰ ਤੀਰ ਵੀ ਦਿੱਤੇ ਸਨ। ਇਹ ਹੁਣ ਚੇਲਿਆਂ ਨੂੰ ਕਹਿੰਦਾ ਹੈ ਮੇਰੇ ਕੋਲ ਦੋ ਬੀਰ ਹਨ ਪੂਰੇ, ਉਹ ਤਖ਼ਤ ਮੂੰਧਾ ਕਰ ਸਕਦੇ ਨੇ, ਉਹ ਧਰਤੀ ਨੂੰ ਉਲਟ ਪੁਲਟ ਸਕਦੇ ਹਨ ਉਹ ਐਨੀ ਸ਼ਕਤੀ ਰਖਦੇ ਹਨ, ਇਹਨਾਂ ਕੋਲ ਕੀ ਹੈ । ਮੇਰੇ ਕੋਲ ਐਨੀਆਂ ਤਾਕਤਾਂ ਹਨ, ਮੇਰੇ ਕੋਲ ਬੀਰ ਰਹਿੰਦੇ ਹਨ।

ਰਿਧਿ ਸਿਧਿ ਹਮ ਰਹੈਂ ਹਜ਼ੂਰੇ॥੪੯॥ ਰਿੱਧੀਆਂ ਸਿੱਧੀਆਂ ਦਾ ਮੇਰੇ ਕੋਲ ਭੰਡਾਰ ਹੈ, ਮੇਰੀ ਤਾਬਿਆ ਰਹਿੰਦੀਆਂ ਹਨ। ੪੯।

ਹਮ ਕੋ ਕਾਨ ਕਿਸੀ ਕੀ ਨਾਹਿ॥ ਮੈਨੂੰ ਕਿਸੇ ਦੀ ਕੋਈ ਮੁਥਾਜਗੀ ਨਹੀਂ ਹੈ, ਮੈਂ ਕਿਸੇ ਦੀ ਕਾਣ ਨਹੀਂ ਕੱਢਦਾ ਹਾਂ।

ਹਮ ਪ੍ਰਤਾਪ ਥੋ ਸਿੰਘਨ ਪਾਹਿ॥ ਸਾਡਾ ਪ੍ਰਤਾਪ ਹੀ ਤਾਂ ਸੀ ਸਿੰਘਾਂ ਦੇ ਪਾਸ, ਮੇਰੇ ਪ੍ਰਤਾਪ ਨੂੰ ਹੀ ਸਿੰਘ ਵਰਤਦੇ ਸਨ ਸਿੰਘਾਂ ਕੋਲ ਕੀ ਸੀ ? ਖਾਲੀ ਸਨ ਸਿੰਘ ਤਾਂ।

ਹਮ ਬਿਨ ਤੁਰਕ ਦੇਤ ਪੰਥਹ ਗਾਰ॥ ਜੇ ਅਸੀਂ ਨਾਲ ਨਾ ਹੁੰਦੇ ਸਿੰਘਾਂ ਦੇ ਤਾਂ ਤੁਰਕਾਂ ਨੇ ਪੰਥ ਨੂੰ ਗਾਲ਼ ਦੇਣਾ ਸੀ ਜੋ ਗੁਰੂ ਜੀ ਨੇ ਬਣਾਇਆ ਸੀ, ਐਸੇ ਹੰਕਾਰ ਦੇ ਬੋਲ ਬੋਲਦਾ ਹੈ।

ਇਮ ਬੰਦੈ ਦ੍ਰਿੜਾਈ ਦਾਸਨ ਕਾਰ॥੫੦॥ ਇਉਂ ਬੰਦੇ ਬਹਾਦਰ ਨੇ ਆਪਣਿਆਂ ਸੇਵਕਾਂ ਨੂੰ ਪੁੱਠੀ ਰਹੁ ਰੀਤ (ਦ੍ਰਿੜਾਈ) ਪੱਕੀ ਕਰਾ ਦਿੱਤੀ ਹੈ। ੫੦।

(ਬੰਦੇ ਨੂੰ ਤਤ ਖਾਲਸੇ ਨੇ ਹਾਰ ਦਿੱਤੀ)

ਦੋਹਰਾ॥ ਬੰਦੇ ਕੈ ਦਾਸਨ ਕਰੀ, ਬੰਦੈ ਸੋਂ ਅਰਦਾਸ॥ ਬੰਦੇ ਦੇ ਜਿਹੜੇ ਨਵੇਂ ਚੇਲੇ ਬਣੇ ਹਨ, ਜੋ ਆਪਣੇ ਆਪ ਨੂੰ ਬੰਦਈ ਸਿੱਖ ਕਹਾਉਂਦੇ ਸਨ, ਉਹਨਾਂ ਬੰਦੇ ਬਹਾਦਰ ਕੋਲ ਬੇਨਤੀ ਕੀਤੀ ਹੈ।

ਮੱਲੋ ਚੱਲ ਲਹੌਰ ਅਬ, ਕਰੋ ਪਾਤਿਸ਼ਾਹੀ ਆਸ॥੫੧॥ ਬਾਬਾ ਜੀ! ਤੁਹਾਨੂੰ ਕੀ ਮੁਥਾਜਗੀ ਹੈ ? ਤੁਸੀਂ ਚੱਲੋ ਹੁਣ ਲਹੌਰ ਮੱਲੋ ਤੇ ਆਪ ਪਾਤਸ਼ਾਹੀ ਕਰੋ, ਅਸੀਂ ਤੁਹਾਡੇ ਨਾਲ ਹਾਂ ਤੁਹਾਡੇ ਸੇਵਕ ਸਾਰੇ। ੫੧।

ਚੌਪਈ॥ ਹਮ ਪਹਿਲੋਂ ਸਿੰਘ ਲੇਵੈਂ ਮੱਲ॥ ਕਿਤੇ ਉਹ ਗੱਲ ਨਾ ਹੁੰਦੀ ਹੋਵੇ, ਆਪਾਂ ਤਾਂ ਸੋਚਦੇ ਰਹਿ ਜਾਈਏ ਤੇ ਸਿੰਘ ਪਹਿਲਾਂ ਹੀ ਲਹੌਰ ਮੱਲ ਲੈਣ ਜਾ ਕੇ । ਹੁਣ ਆਪਾਂ ਛੇਤੀ ਕਰੀਏ ਤੇ ਲਹੌਰ ਮੱਲੀਏ ਚੱਲ ਕੇ।

ਲੈਨ ਹੋਗ ਫਿਰ ਔਖੀ ਗੱਲ॥ ਸਿੰਘਾਂ ਤੋਂ ਛੁਡਾਉਣਾ ਤਾਂ ਫੇਰ ਗੱਲ ਔਖੀ ਹੈ, ਏਨਾ ਵੀ ਪਤਾ ਹੈ ਬੰਦਈਆਂ ਨੂੰ ਕਿ ਜੇ ਸਿੰਘਾਂ ਨੇ ਲਹੌਰ ਤੇ ਕਬਜ਼ਾ ਕਰ ਲਿਆ ਤਾਂ ਉਹ ਉਹਨਾਂ ਤੋਂ ਲਹੌਰ ਵਾਪਸ ਲੈਣਾ ਔਖੀ ਗੱਲ ਹੋ ਜਾਵੇਗੀ ਤੇ ਆਪਾਂ ਪਹਿਲਾਂ ਹੀ ਲਹੌਰ ਮੱਲ ਲਈਏ । ਨਾਲੇ ਪਤਾ ਹੈ ਕਿ ਸਿੰਘ ਸਾਥੋਂ ਤਕੜੇ ਨੇ ਤੇ ਗੁਰੂ ਸਾਹਿਬ ਉਹਨਾਂ ਦੇ ਅੰਗ ਸੰਗ ਰਹਿੰਦੇ ਨੇ।

ਗੁਰਦਾਸ ਪੁਰਜੋਂ ਉਠ ਬੰਦਾ ਤੁਰਜਾ॥ ਕਿਉਂਕਿ ਖਾਲਸੇ ਨੇ ਤਾਂ ਹੁਣ ਜੁਦਾ ਹੋ ਕੇ ਸ੍ਰੀ ਅੰਮ੍ਰਿਤਸਰ ਆ ਉਤਾਰਾ ਕੀਤਾ ਹੈ, ਬੰਦਾ ਬਹਾਦਰ ਗੁਰਦਾਸਪੁਰ ਆਪਣੇ ਸਾਥੀਆਂ ਸਮੇਤ ਉੱਤਰਿਆ ਹੋਇਆ ਹੈ, ਹੁਣ ਉਹ ਗੁਰਦਾਸ ਪੁਰ ਤੋਂ ਉੱਠ ਕੇ ਤੁਰ ਪਿਆ ਹੈ ਲਹੌਰ ਨੂੰ।

ਅੰਮ੍ਰਿਤਸਰ ਲੰਘ ਅਗੈ ਉਤਰਜਾ॥੫੨॥ ਸ੍ਰੀ ਅੰਮ੍ਰਿਤਸਰ ਦੇ ਪਾਸੇ ਪਾਸੇ ਦੀ ਲੰਘ ਕੇ ਅੱਗੇ ਜਾ ਉੱਤਰਿਆ ਹੈ। ੫੨।

ਪਿੰਡ ਖੋਹਾਲੀ ਡੇਰਾ ਕੀਯਾ॥ ਸ੍ਰੀ ਅੰਮ੍ਰਿਤਸਰ ਤੋਂ ਅੱਗੇ ਖੋਹਾਲੀ ਪਿੰਡ ਆਉਂਦਾ ਹੈ, ਉਥੇ ਜਾ ਡੇਰਾ ਕੀਤਾ ਹੈ ਇਸਨੇ।

ਫਿਰਿ ਆਗੈ ਵਣੀਏਂ ਕੀ ਥੀਆ॥ ਉਸ ਤੋਂ ਅੱਗੇ ਲਹੌਰ ਦੀ ਹੱਦ ਆ ਜਾਂਦੀ ਹੈ, ਲਹੌਰ ਦੇ ਨੇੜੇ ਹੀ 'ਵਣੀਏ ਕੀ' ਪਿੰਡ

ਆ ਜਾਂਦਾ ਹੈ ਫੇਰ ਉੱਥੇ ਜਾ ਡੇਰਾ ਕੀਤਾ ਹੈ, ਖੁਆਲੀ ਤੋਂ ਕੂਚ ਕਰਕੇ।

ਤਬ ਬੰਦਾ ਮਨ ਮੈਂ ਗਰਬਾਯਾ॥ ਤਾਂ ਬੰਦਾ ਮਨ ਵਿਚ ਬੜਾ ਹੰਕਾਰਿਆ ਹੈ।

ਭਲਾ ਭਯੋ ਗੈਲੋਂ ਖਾਲਸਾ ਲਾਹਜਾ॥੫੩॥ ਕਹਿੰਦਾ ਭਲਾ ਹੀ ਹੋਇਆ ਹੈ ਜੋ ਮੈਂ ਖਾਲਸਾ ਪੰਥ ਨੂੰ ਆਪਣੇ ਗਲੋਂ ਲਾਹ ਦਿਤਾ ਹੈ, ਆਪਣੇ ਪਿਛਿਉਂ ਲਾਹ ਦਿਤਾ ਹੈ। ੫੩।

ਵੈ ਕਬਿ ਤਖਤੈ ਹਮ ਚੜ੍ਹਨ ਦੇਤੇ॥ ਜੇ ਉਹ ਮੇਰੇ ਨਾਲ ਹੁੰਦੇ ਮੈਨੂੰ ਕਦੋਂ ਉਹਨਾਂ ਨੇ ਤਖ਼ਤ ਤੇ ਬੈਠਣ ਦੇਣਾ ਸੀ ਉਸਨੂੰ ਪੁੱਛੇ ਕੋਈ ਹੁਣ ਤੈਨੂੰ ਤਖਤ ਤੇ ਬੈਠਣ ਦੇਣਾ ਹੈ ਕਿਸੇ ਨੇ, ਖਾਲਸੇ ਪੰਥ ਦੀ ਨਿਗਾਹ ਵਿਚ ਆ ਗਿਆ ਹੈ, ਹੁਣ ਤੈਨੂੰ ਨਹੀਂ ਖੜਨ ਦਿੰਦੇ। ਬੰਦਾ ਨਾਲ ਦੇ ਚੇਲਿਆਂ ਨੂੰ ਕਹਿੰਦਾ ਹੈ ਦੇਖੋ ਚੰਗਾ ਹੋਇਆ, ਜਿਹੜਾ ਪਹਿਲਾਂ ਹੀ ਆਪੇ ਹੀ ਮਗਰੋਂ ਲਹਿ ਗਏ ਹਨ । ਨਹੀਂ ਇਹਨਾਂ ਨੇ ਲਹੌਰ ਦੇ ਤਖਤ ਤੇ ਬੈਠ ਕੇ ਰਾਜ ਨਹੀਂ ਸੀ ਕਰਨ ਦੇਣਾ।

ਜੰਗ ਕਰਤ ਹਮ ਤਖਤੇ ਬਹਿਤੇ॥ ਜਦੋਂ ਤਖਤ ਬੈਠਣ ਦੀ ਸਲਾਹ ਇਹਨਾਂ ਨਾਲ ਹੋਣੀ ਸੀ ਉਦੋਂ ਹੀ ਸਿੰਘਾਂ ਨੇ ਮੇਰੇ ਨਾਲ ਜੰਗ ਕਰਨ ਲਗ ਜਾਣਾ ਸੀ । ਮੈਨੂੰ ਬੈਠਣ ਨਹੀਂ ਦੇਣਾ, ਮੈਂ ਬੈਠਣ ਨੂੰ ਕਰਨਾ ਸੀ ਤੇ ਲੜਾਈ ਹੋ ਜਾਣੀ ਸੀ ਸਾਡੀ।

ਸਿੰਘ ਕਹੈਂ ਦੇਖੋ ਬੰਦੇ ਦਾ ਤਾਣ॥ ਸਿੰਘਾਂ ਨੂੰ ਵੀ ਪਤਾ ਹੈ ਸਾਰਾ, ਕਿ ਬੰਦਾ ਬਹਾਦਰ ਗੁਰਦਾਸ ਪੁਰ ਤੋਂ ਚਲਿਆ ਹੈ ਲਹੌਰ ਨੂੰ, ਸਿੰਘਾਂ ਨੇ ਕਿਹਾ ਹੁਣ ਇਸਦੀ ਇਮਦਾਦ ਨਹੀਂ ਕਰਨੀ ਹੈ ਹੁਣ ਇਸਦਾ (ਤਾਣ) ਬਲ ਦੇਖੀਏ, ਭਲਾ ਕਿਵੇਂ ਲਹੌਰ ਤੇ ਹੁੰਦਾ ਹੈ ਕਾਬਜ਼, ਮਲ ਲਵੇਗਾ ਚੱਲ ਕੇ ਲਹੌਰ ਨੂੰ ਦੇਖੋ ਇਸਦੀ ਤਾਕਤ ਨੂੰ, ਸਿੰਘਾਂ ਗੁਰਮਤਾ ਸੋਧ ਲਿਆ ਹੈ ਇਸ ਦੀ ਮਦਦ ਨਹੀਂ ਕਰਨੀ।

ਹੋਊ ਖਾਲਸੇ ਬਿਨ ਪਸ਼ੇਮਾਨ॥੫੪॥ ਖਾਲਸੇ ਤੋਂ ਬਗੈਰ (ਪਸ਼ੇਮਾਨ) ਖੁਆਰ ਹੋਵੇਗਾ, ਇਸਨੂੰ ਭੱਜਣਾ ਪਏਗਾ ਮੈਦਾਨ ਦੇ ਵਿਚੋਂ ਇਸਨੂੰ ਜ਼ੋਰ ਲਾ ਕੇ ਵੇਖ ਹੀ ਲੈਣ ਦਿਉ ਹੁਣ। ੫੪।

ਜੌ ਖਾਲਸੇ ਮੈਂ ਹੈ ਬਡ ਕਲਾ॥ ਜੇ ਗੁਰੂ ਸਾਹਿਬ ਜੀ ਦੇ ਖਾਲਸੇ ਪੰਥ ਵਿੱਚ ਵੱਡਾ ਪ੍ਰਤਾਪ, ਜੇ ਖਾਲਸੇ ਵਿੱਚ ਗੁਰੂ ਸਾਹਿਬ ਦੀ ਵੱਡੀ (ਕਲਾ) ਸ਼ਕਤੀ ਹੈ।

ਤੁਰਕਨ ਤੇ ਸੋ ਆਵਗੁ ਚਲਾ॥ ਤੁਰਕਾਂ ਤੋਂ ਭਾਂਜ ਖਾ ਕੇ ਚਲਿਆ ਆਵੇਗਾ ਉਹ (ਸੋ) ਬੰਦਾ ਬਹਾਦਰ, ਕਦੇ ਜਿੱਤ ਨਹੀਂ ਪ੍ਰਾਪਤ ਕਰੇਗਾ।

ਜੌ ਹਮ ਗੁਰ ਪਤਿਸ਼ਾਹੀ ਦੈਨੀ॥ ਜੇ ਸਾਨੂੰ ਸਤਿਗੁਰਾਂ ਨੇ ਪਾਤਸ਼ਾਹੀ ਦੇਣੀ ਹੈ, ਜੇ ਖਾਲਸੇ ਨੂੰ ਸਤਿਗੁਰਾਂ ਨੇ ਤਖ਼ਤ ਤਾਜ ਦੇਣਾ ਹੈ।

ਜਾਗ ਬੰਦੇ ਕੀ ਗੁਲ ਹੋਗੁ ਪੈਨੀ॥੫੫॥ ਤਾਂ ਬੰਦੇ ਦੀ ਗੱਲ ਤਾਂ ਗੁੱਲ ਹੋ ਜਾਣੀ ਹੈ, ਇਹਦੀਆਂ ਗੱਲਾਂ ਸਭ ਠੁੱਸ ਹੋ ਜਾਣਗੀਆਂ, ਇਹ ਕੁਛ ਨਹੀਂ ਕਰ ਸਕੇਗਾ। ੫੫।

ਦੋਹਰਾ॥ ਤੁਰਕਨ ਭੀ ਖ਼ਬਰੋ ਭਈ, "ਸਿੰਘ ਬੰਦਜੋਂ ਹੋ ਗਏ ਦੂਰ"॥ ਤੁਰਕਾਂ ਦੇ ਵਿੱਚ ਵੀ ਖਬਰਾਂ ਪਹੁੰਚਦੀਆਂ ਹੋ ਗਈਆਂ ਕਿ ਸਿੰਘ ਬੰਦੇ ਬਹਾਦਰ ਤੋਂ ਦੂਰ ਹੋ ਗਏ ਹਨ । ਖਾਲਸੇ ਨੇ ਤਿਆਗ ਦਿੱਤਾ ਹੈ ਬੰਦੇ ਨੂੰ, ਖਾਲਸਾ ਸ੍ਰੀ ਅੰਮ੍ਰਿਤਸਰ ਜਾ ਉਤਰਿਆ ਹੈ।

ਕਰਾਮਾਤ ਬੰਦਜੋਂ ਗਈ, ਭਯੋ ਮਾਤਾ ਬਚਨ ਜਰੂਰ॥੫੬॥ ਤੁਰਕਾਂ ਨੂੰ ਇਹ ਤਸੱਲੀ ਹੋ ਗਈ ਹੈ ਕਿ ਮਾਤਾ ਜੀ ਨੇ ਜੋ ਬੰਦੇ ਬਹਾਦਰ ਨੂੰ ਸਰਾਪ ਦਿਤਾ ਸੀ ਕਿ ਇਸਦੇ ਵਿੱਚ ਕੋਈ ਸ਼ਕਤੀ ਨਾ ਰਹੇ ਅਰਦਾਸ ਕੀਤੀ ਸੀ ਬੰਦੇ ਦੀ ਕਰਾਮਾਤ ਨਿਕਲ ਜਾਵੇ ਤੇ ਖਾਲਸੇ ਵਿੱਚ ਆ ਜਾਵੇ, ਉਹ ਬਚਨ ਜਰੂਰ ਪੂਰਾ ਹੋਵੇਗਾ, ਇਸ ਤਰ੍ਹਾਂ ਬੰਦੇ ਦੀ ਕਰਾਮਾਤ ਚਲੀ ਗਈ ਉਸ ਪਾਸੋਂ। ੫੬।

ਚੌਪਈ॥ ਤੁਰਕਨ ਕੈ ਘਰ ਭਈ ਬਧਾਈ॥ ਇਹ ਗੱਲਾਂ ਸੁਣ ਕੇ ਤੁਰਕਾਂ ਦੇ ਘਰ ਸ਼ਾਦੀਆਂ ਹੋ ਗਈਆਂ, ਖੁਸ਼ੀਆਂ ਹੋ ਗਈਆਂ ਹਨ ਕਹਿੰਦੇ ਹੁਣ ਅਸੀਂ ਬੰਦੇ ਤੋਂ ਲਈਦੇ ਨਹੀਂ ਅਗੇ ਤਾਂ ਖੌਫ ਖਾਂਦੇ ਸੀ, ਅੱਗੇ ਤਾਂ ਲੜਾਈ ਲੜਨ ਵੇਲੇ ਖਾਲਸਾ ਪੰਥ ਅੱਗੇ ਹੁੰਦਾ ਸੀ ਅਤੇ ਜਦੋਂ ਖਜ਼ਾਨੇ ਲੁੱਟ ਕੇ ਲਿਆਉਂਦੇ ਸਨ ਤਾਂ ਬੰਦੇ ਬਹਾਦਰ ਦੇ ਅੱਗੇ ਧਰਦੇ ਸਨ । ਤੁਰਕ ਡਰਦੇ ਸਨ ਖਾਲਸੇ ਪੰਥ ਤੋਂ, ਹੁਣ ਉਹਨਾਂ ਦਾ ਡਰ ਦੂਰ ਹੋ ਗਿਆ ਹੈ, ਖਾਲਸਾ ਪੰਥ ਹੀ ਤਾਕਤ ਸੀ, ਉਹ ਹੀ ਜੰਗ ਕਰਨ ਵਿੱਚ ਮਸ਼ਹੂਰ ਸਨ, ਉਹ ਹੀ ਸਾਨੂੰ ਮਾਰਦੇ ਸਨ । ਜਦੋਂ ਖਾਲਸਾ ਪਾਸੇ ਹੋ ਗਿਆ ਹੈ, ਹੁਣ ਨਹੀਂ ਅਸੀਂ ਬੰਦੇ ਨੂੰ ਕੁਛ ਜਾਣਦੇ।

ਭੇਜੇ ਬਕੀਲ ਸਿੰਘਨ ਕੇ ਪਾਹੀਂ॥ ਤੁਰਤ ਹੀ ਲਹੌਰ ਦੇ ਸੂਬੇ ਨੇ ਸਿੰਘਾਂ ਕੋਲ ਆਪਣੇ ਵਕੀਲ ਭੇਜੇ ਹਨ।

ਹਮ ਤੁਮ ਹੈਂ ਗੁਰ ਨਾਨਕ ਸਿੱਖ॥ ਤੁਰਕਾਂ ਦੇ ਵਕੀਲ ਖਾਲਸੇ ਨੂੰ ਕਹਿੰਦੇ ਹਨ, ਅਸੀਂ ਅਤੇ ਤੁਸੀਂ ਤਾਂ ਗੁਰੂ ਨਾਨਕ ਸਾਹਿਬ ਜੀ ਦੇ ਸਿਖ ਹਾਂ।

ਜਿਮ ਹੈਂ ਤੁਮਰੇ ਬਡ ਗਏ ਲਿੱਖ॥੫੭॥ ਜਿਵੇਂ ਤੁਹਾਡੇ ਵੱਡੇ ਲਿਖ ਗਏ ਹਨ ਆਪ। ੫੭।

ਬਾਬੇ ਔ ਬਾਬਰ ਕੇ ਦੋਊ॥ ਗੁਰੂ ਸਾਹਿਬ ਲਿਖ ਗਏ ਹਨ, (ਬਾਬੇ ਕੇ) ਗੁਰੂ ਨਾਨਕ ਸਾਹਿੰਬ ਜੀ ਅਤੇ ਅੱਗੇ ਉਹਨਾਂ ਦੇ ਸਿੱਖ ਸੇਵਕ (ਬਾਬਰ ਕੇ) ਬਾਬਰ ਤੋਂ ਲੈ ਕੇ ਅੱਗੇ ਉਹਨਾਂ ਦੀ ਪੀਹੜੀ ਅਤੇ ਸਰਕਾਰ ਦਿੱਲੀ ਆਦਿਕ, ਦੋਵੇਂ।

ਆਪ ਕੀਏ ਪਰਮੇਸ਼ੁਰ ਸੋਊ॥ ਬਾਬੇ ਕੇ ਤੇ ਬਾਬਰ ਕੇ ਦੋਵੇਂ ਹੀ ਆਪ ਹੀ ਪ੍ਰਮੇਸ਼ਰ ਨੇ ਕੀਤੇ ਹਨ।

ਬੰਦੋ ਪੂਜਕ ਪੱਥਰਨ ਵਾਰੋ॥ ਬੰਦਾ ਬਹਾਦਰ ਤਾਂ ਪੱਥਰਾਂ ਨੂੰ ਪੂਜਣ ਵਾਲਾ ਪਹਾੜੀਆ ਹੈ ''ਭਾਵ ਬੁੱਤ ਪੂਜ ਹੈ''।

ਹਮ ਤੁਮ ਪੱਥਰਨ ਤੋੜਨਹਾਰੋ॥ ੫੮॥ ਅਸੀਂ ਤੇ ਤੁਸੀਂ ਪੱਥਰਾਂ ਨੂੰ ਤੋੜਨ ਵਾਲੇ ਹਾਂ, ਭਾਵ ਪੱਥਰਾਂ ਦੀ ਪੂਜਾ ਨਹੀਂ ਕਰਦੇ ਹਾਂ।

ਯਥਾ ਸ੍ਰੀ ਮੁਖਵਾਕ ਪਾਤਿਸ਼ਾਹੀ ੧੦॥

ਮਨਮ ਕੁਸ਼ਤਨਮ ਕੋਹੀਯਾਂ ਬੁਤ ਪਰਸਤ॥ ਕਿ ਓ ਬੁਤ ਪਰਸਤੰਦੁ ਮਨ ਬੁਤ ਸ਼ਿਕਸਤ॥ ੯੫॥

ਪਦ ਅਰਥ:- ਮਨਮ= ਮੈਂ। ਕੁਸ਼ਤਨਮ =ਕੋਹਣ ਵਾਲਾ, ਮਾਰਨ ਵਾਲਾ। ਕੋਹੀਯਾਂ=ਪਹਾੜੀਆਂ। ਬੁਤ ਪਰਸਤ=ਬੁੱਤਾਂ ਭਾਵ ਮੂਰਤੀਆਂ ਨੂੰ ਪੂਜਣ ਵਾਲੇ। *ਅਰਥ=*ਮੈਂ ਪਹਾੜੀਆਂ ਨੂੰ ਕੋਹਣ ਭਾਵ ਮਾਰਣ ਵਾਲਾ ਹਾਂ, ਉਹ ਮੂਰਤੀਆਂ ਨੂੰ ਪੂਜਨ ਵਾਲੇ ਹਨ। ਮੈਂ ਮੂਰਤੀਆਂ ਨੂੰ ਤੋੜਨ ਵਾਲਾ ਹਾਂ। ੯੫।

ਜਫਰਨਾਮਹ ਹਿਕਾਇਤ

ਚੌਪਈ॥ ਸਿੰਘਨ ਪੈਸੇ ਟਕੇ ਲਿਆਏ॥ ਤੁਰਕ ਸਿੰਘਾਂ ਵਾਸਤੇ ਖਜ਼ਾਨੇ ਵਿਚੋਂ ਪੈਸੇ ਲਿਆਏ ਹਨ, (ਪੈਸੇ ਟਕੇ) ਸ਼ਾਹੀ ਮਾਮਲਾ ਲੈ ਕੇ ਆਏ ਹਨ।

ਤੇ ਲੈ ਸਿੰਘਨ ਔਰ ਠਹਿਰਾਏ॥ ਸਿੰਘਾਂ ਨੇ ਉਹ ਪੈਸੇ ਜੋ ਤੁਰਕ ਲੈ ਕੇ ਆਏ ਸੀ, ਉਹ ਲੈ ਲਏ ਹਨ, ਅਤੇ ਨਾਲ ਹੀ ਸਿੰਘਾਂ ਨੇ ਕਿਹਾ ਏਨੇ ਪੈਸਿਆਂ ਨਾਲ ਸਾਡਾ ਨਹੀਂ ਸਰਨਾ ਹੈ, ਦੇਖ ਲਉ ਕਿੰਨਾ ਖਰਚਾ ਹੈ ਖਾਲਸੇ ਦਾ, ਤੁਰਕ ਕਹਿਣ ਲੱਗੇ ਕਿ ਸ਼ਾਹੀ ਖਜ਼ਾਨਾ ਸਭ ਤੁਹਾਡਾ ਹੀ ਹੈ ਖਾਲਸਾ ਜੀ! ਜਿੰਨਾਂ ਧਨ ਹੋਰ ਕਹੋ, ਅਸੀਂ ਉਹ ਵੀ ਦਿਆਂਗੇ, ਸਿੰਘਾਂ ਨੇ ਐਸੇ ਵਾਸਤੇ ਤੁਰਕਾਂ ਤੋਂ ਹੋਰ ਪੈਸਾ ਲੈਣਾ ਠਹਿਰਾ ਲਿਆ ਹੈ।

ਅਸਲਮ ਖਾਂ ਥੋ ਲਹੌਰ ਨਿਬਾਬ॥ ਉਸ ਸਮੇਂ ਲਹੌਰ ਦਾ (ਨਿਬਾਬ) ਸੂਬਾ, ਅਸਲਮ ਖਾਂ ਸੀ, ਇਹ ਬੜਾ ਚਲਾਕ ਤੇ ਨੀਤੀ ਨਿਪੁੰਨ ਸੂਬੇਦਾਰ ਸੀ।

ਕਾਹਨ ਸਿੰਘ ਕੇ ਭਏ ਥੇ ਤਾਬ॥੫੯॥ ਇਹ ਲਹੌਰ ਦਾ ਸੂਬਾ ਭਾਈ ਕਾਹਨ ਸਿੰਘ ਦੀ ਤਾਬਿਆ ਹੋ ਗਿਆ ਸੀ, ਬੰਦੇ ਬਹਾਦਰ ਨਾਲ ਲੜਾਈ ਲੜਨ ਵਾਸਤੇ। ੫੯।

ਦੋਹਰਾ॥ ਕਾਹਨ ਸਿੰਘ ਔ ਬਚਨ ਸਿੰਘ, ਬਾਬੇ ਟਿਹਨ ਭੁਜੰਗ॥ ਭਾਈ ਕਾਹਨ ਸਿੰਘ ਜੀ ਅਤੇ ਬਚਨ ਸਿੰਘ ਜੀ ਗੁਰੂ ਅੰਗਦ ਦੇਵ ਜੀ ਦੀ ਬੰਸ (ਟਿਹਨ) ਤ੍ਰੇਹਣ, ਖੱਤ੍ਰੀ ਕੁਲ ਵਿਚੋਂ (ਬਾਬੇ) ਸਾਹਿਬਜ਼ਾਦੇ ਸਨ, (ਭੁਜੰਗ) ਸੂਰਬੀਰ ਯੋਧੇ ਸਨ।

ਦਯਾ ਰਾਮ ਮੱਲ ਹੁਤੋ, ਜੋ ਲੜਜੋ ਭੰਗਾਣੀ ਜੰਗ॥੬੦॥ ਦਇਆ ਰਾਮ (ਮੱਲ) ਪਹਿਲਵਾਨ ਸੀ ਇੱਕ, ਉਹ ਦਸ਼ਮੇਸ਼ ਗੁਰੂ ਜੀ ਨਾਲ ਹੁੰਦਾ ਸੀ ਜਦੋਂ ਭੰਗਾਣੀ ਦਾ ਯੁਧ ਹੋਇਆ ਹੈ, ਉਦੋਂ ਇਸਨੇ ਬੜਾ ਭਾਰੀ ਯੁਧ ਕੀਤਾ ਸੀ, ਇਹ ਬੜਾ ਬਹਾਦਰ ਸੀ । ਹੁਣ ਜਦੋਂ ਖਾਲਸੇ ਨੇ ਬੰਦੇ ਬਹਾਦਰ ਦੇ ਵਿਰੁੱਧ ਗੁਰਮਤਾ ਸੋਧਿਆ ਹੈ, ਇਹ ਵੀ ਨਾਲ ਸੀ। ਕਿ ਠੀਕ ਹੈ ਬੰਦਾ ਗੁਰੂ ਸਾਹਿਬ ਜੀ ਦੀ ਆਗਿਆ ਤੋਂ ਬਾਹਰ ਹੋ ਗਿਆ ਹੈ, ਇਸ ਨੂੰ ਤਿਆਗ ਦੇਣਾ ਹੀ ਠੀਕ ਹੈ। ੬੦।

ਚੌਪਈ॥ ਮੀਰੀ ਸੁਤ ਕਾਹਨ ਸਿੰਘ ਕੋ ਜੋਊ॥ ਮੀਰੀ ਸਿੰਘ ਜੋ ਕਾਹਨ ਸਿੰਘ ਦਾ ਪੁੱਤਰ ਸੀ।

ਸਾਥ ਬੰਦਈਅਨ ਘਲਿਓ ਥੋਊ॥ ਇਹ ਇੱਕ ਸਿੰਘ ਬੰਦਈ, ਗੁਰੂ ਸਾਹਿਬ ਤੋਂ ਸਜਿਆ ਹੋਇਆ, ਬੰਦਈ ਬਣ ਗਿਆ ਸੀ, ਜਦੋਂ ਬੰਦੇ ਬਹਾਂਦਰ ਨੇ ਆ ਕੇ ਉਤਾਰਾ ਕੀਤਾ ਸੀ ਤਾਂ ਉਸਦੇ ਬਰਾਬਰ ਇਸਨੂੰ ਘੱਲਿਆ ਸੀ।

ਹਜ਼ੂਰ ਸਤਿਗੁਰ ਵੈ ਰਹਿਤੋ ਥਈ॥ ਇਹ ਗੁਰ ਸਾਹਿਬ ਸੱਚੇ ਪਾਤਸ਼ਾਹ ਦੀ ਤਾਬਿਆ ਰਹਿੰਦਾ ਸੀ, ਇਹ ਕਾਨ੍ਹ ਸਿੰਘ ਜੋਧਾ ਸੂਰਮਾ।

ਖੰਡੇ ਪਾਹੁਲ ਨਿਜ ਹਜ਼ੂਰਹਿ ਦਈ॥੬੧॥ (ਹਜ਼ੂਰ) ਸੱਚੇ ਪਾਤਸ਼ਾਹ ਜੀ ਨੇ ਆਪ ਆਪਣੇ ਹੱਥੀਂ ਖੰਡੇ ਦਾ ਅੰਮ੍ਰਿਤ ਛਕਾਇਆ ਸੀ ਭਾਈ ਕਾਨ੍ਹ ਸਿੰਘ ਨੂੰ। ੬੧।

ਨੀਲ ਬਸਤ੍ਰ ਰਖ ਚੱਕ੍ਰ ਸਿਰ ਧਾਰੈ॥ ਨੀਲਾ ਬਾਣਾ ਧਾਰਨ ਕਰਦੇ ਸਨ ਅਤੇ ਸਿਰ ਤੇ ਚੱਕ੍ਰ ਤੋੜੇ ਧਾਰਨ ਕਰਦੇ ਸਨ।

ਮੀਣੇ ਮਸੰਦੀਏ ਤਜੇ ਬੇਟੀ ਜੋ ਮਾਰੈ॥ ਮੀਣੇ, ਮਸੰਦ, ਅਤੇ ਜੋ ਕੁੜੀ ਮਾਰਦੇ ਹਨ ਉਹਨਾਂ ਨੂੰ ਪਰ੍ਹੇ ਹਟਾ ਦਿੰਦਾ ਸੀ, ਕੋਈ ਮੇਲ ਨਹੀਂ ਸੀ ਇਹਨਾਂ ਨਾਲ ਕਰਦਾ।

ਰਮਰਈਏ ਕੈ ਬ੍ਰਤੈ ਨ ਸੰਗ॥ ਰਾਮਰਾਈਆਂ ਨਾਲ ਵੀ ਨਹੀਂ ਸੀ ਵਰਤਦਾ, ਮਨ੍ਹਾਂ ਹੈ ਖਾਲਸੇ ਨੂੰ, ਰਾਮਰਾਈਏ, ਧੀਰਮੱਲੀਏ, ਨਾਲ ਮੇਲ ਨਹੀਂ ਕਰਨਾ, ''ਜੋ ਜੋ ਗੁਰਮੰਤਰ ਹੀਣ, ਕੁੜੀ ਮਾਰ, ਨੜੀ ਮਾਰ, ਇਨ ਸਿਉਂ ਮੇਲ ਨਾ ਕੀਜੀਏ'' ॥

ਮਾਰ ਬੰਦਈਅਨ ਵੈ ਕਰੈ ਤੰਗ॥੬੨॥ ਇਹ ਕਾਹਨ ਸਿੰਘ ਜਿਸਨੇ ਸਤਿਗੁਰਾਂ ਤੋਂ ਪਹੁਲ ਲਈ ਹੈ, ਇਹ ਹੁਣ ਬਲੀ ਸਿੰਘ ਹੈ ਤੱਤ ਖਾਲਸਾ ਹੈ, ਬੰਦਈਆਂ ਨੂੰ ਚੰਗਾ ਰਗੜਾ ਲਾਉਂਦਾ ਹੈ, ਸੋਧਦਾ ਹੈ ਕੁੱਟਮਾਰ ਕਰਦੇ ਹਨ। ੬੨।

ਔਰ ਰਹਿਤ ਜੋ ਸਤਿਗੁਰ ਕਹੀ॥ ਹੋਰ ਜਿਹੜੀ ਰਹਿਤ ਬਹਿਤ ਖਾਲਸੇ ਨੂੰ ਸਤਿਗੁਰਾਂ ਨੇ ਦ੍ਰਿੜ੍ਹ ਕਰਾਈ ਹੈ, ''ਰਹਿਣੀ ਰਹੈ ਸੋਈ ਸਿਖ ਮੇਰਾ॥ ਉਹ ਸਾਹਿਬ ਮੈਂ ਉਸ ਕਾ ਚੇਰਾ'' ॥ ਜੋ ਗੁਰੂ ਦੀ ਰਹਿਣੀ ਵਿੱਚ ਰਹੇ, ਰਹਿਣੀ ਬਹਿਣੀ ਦਾ ਪੂਰਾ ਸੂਰਾ ਸੀ।

ਉਸੀ ਰਹਿਤ ਸੋਂ ਰਹਿਤਾ ਵਹੀ॥ ਜੋ ਗੁਰੂ ਸਾਹਿਬ ਜੀ ਦੀ ਪੂਰਨ ਰਹਿਤ ਹੈ, ਉਸੇ ਰਹਿਤ ਵਿੱਚ ਹੀ ਰਹਿੰਦਾ ਸੀ ਕਾਹਨ ਸਿੰਘ।

ਪ੍ਰਿਥਮ ਬੰਦੇ ਤੇ ਲਰ ਭਏ ਨਜਾਰੇ॥ (ਪ੍ਰਿਥਮ) ਸਭ ਤੋਂ ਪਹਿਲਾਂ ਬੰਦੇ ਬਹਾਦਰ ਨਾਲ ਝਗੜਾ ਹੋਣ ਤੇ ਭਾਈ ਕਾਨ੍ਹ ਸਿੰਘ ਹੋਰੀਂ ਵੱਖਰੇ ਹੋ ਗਏ ਸਨ, ਬੰਦੇ ਨੂੰ ਛੱਡ ਗਏ ਸਨ।

ਪੰਜ ਸੈ ਸਿੰਘ ਉਸ ਗਜੋ ਥੋ ਨਾਰੇ॥੬੩॥ ਜਦੋਂ ਕਾਨ੍ਹ ਸਿੰਘ ਨੇ ਬੰਦੇ ਬਹਾਦਰ ਨੂੰ ਛੱਡਿਆ ਸੀ, ਉਸ ਵੇਲੇ ਪੰਜ ਸੌ ਸਿੰਘ ਬੰਦੇ ਨੂੰ ਛੱਡ ਕੇ ਭਾਈ ਕਾਨ੍ਹ ਸਿੰਘ ਦੇ ਨਾਲ ਚਲਿਆ ਗਿਆ ਸੀ ਸ੍ਰੀ ਅੰਮ੍ਰਿਤਸਰ ਨੂੰ, ਇਹ ਸਿੰਘਾਂ ਦੀ ਵਖਰੀ ਫੌਜ ਲੈ ਕੇ ਨਿਕਲ ਗਏ ਸਨ। ੬੩।

ਉਨ ਤੁਰਕਨ ਸੋਂ ਲਈ ਬਨਾਇ॥ ਲਹੌਰ ਦੇ ਜਿਹੜੇ ਤੁਰਕ ਸਨ ਉਨ੍ਹਾਂ ਤੋਂ ਮਾਮਲਾ ਆਦਿਕ ਛਕ ਛਕਾ ਲਿਆ ਹੈ, ਉਸਨੇ ਤੁਰਕਾਂ ਨਾਲ ਬਣਾ ਲਈ ਸੀ।

ਰਲਜੋ ਆਪ ਸੰਗ ਤੁਰਕਨ ਜਾਇ॥ ਭਾਈ ਕਾਹਨ ਸਿੰਘ ਜੀ ਲਹੌਰ ਪਹੁੰਚ ਗਿਆ ਹੈ, ਆਪਣੇ ਪੰਜ ਸੌ ਸਿੰਘਾਂ ਦਾ ਜਥਾ ਲੈ ਕੇ ਤੁਰਕਾਂ ਨਾਲ ਜਾ ਰਲਿਆ ਹੈ।

ਔਰ ਖਾਲਸੋ ਅੰਮ੍ਰਿਤਸਰ ਬਹਯੋ॥ ਅਤੇ ਜੋ ਬਾਕੀ ਸਾਬੱਤ ਖਾਲਸਾ ਪੰਥ ਹੈ, ਬਾਬੇ ਬਿਨੋਦ ਸਿੰਘ ਦੀ ਤਾਬਿਆ ਹੈ, ਉਹ ਖਾਲਸਾ ਸ੍ਰੀ ਅੰਮ੍ਰਿਤਸਰ ਸਾਹਿਬ ਬੈਠਾ ਹੈ ।

ਤੱਤ ਖਾਲਸੈ ਜੋਊ ਕਹਜੋ॥੬੪॥ ਜਿਸਨੂੰ 'ਤੱਤ ਖਾਲਸਾ' ਕਹਿੰਦੇ ਹਨ ਉਹ ਅੰਮ੍ਰਿਤਸਰ ਉਤਾਰਾ ਕਰੀ ਬੈਠਾ ਹੈ। ੬੪।

ਕਾਨ੍ਹ ਸਿੰਘ ਕੇ ਲੱਗੇ ਤੁਰਕ ਸਲਾਹਿ॥ ਕਾਨ੍ਹ ਸਿੰਘ ਜੀ ਜਦੋਂ ਲਹੌਰ ਪਹੁੰਚ ਗਏ ਹਨ ਤਾਂ ਤੁਰਕਾਂ ਨੇ ਆ ਕੇ ਉਹਦੇ ਨਾਲ ਸਲਾਹ ਮਸ਼ਵਰਾ ਸ਼ੁਰੂ ਕਰ ਦਿਤੇ ਹੈ, ਕਾਨ੍ਹ ਸਿੰਘ ਜੀ ਨੇ ਤੁਰਕਾਂ ਨੂੰ ਸਮਝਾਇਆ ਹੈ ਕਿ ਬੰਦੇ ਬਹਾਦਰ ਨਾਲ ਇਉਂ ਲੜਿਆ ਜਾਇਗਾ, ਅਸੀਂ ਲੜਾਂਗੇ ਪਰ ਅਸੀਂ ਤੁਹਾਡੇ ਨਾਲੋਂ ਵੱਖਰੇ ਰਹਾਂਗੇ, ਐਧਰ ਸਾਡੀ ਫੌਜ ਰਹੇਗੀ ਤੇ ਤੁਸੀਂ ਹੁਣ ਉਸਦੇ ਨਾਲ ਟਾਕਰਾ ਕਰੋ, ਤੁਰਕਾਂ ਨੇ ਕਾਨ੍ਹ ਸਿੰਘ ਦੀ ਸਲਾਹ ਮੰਨ ਲਈ ਹੈ।

ਢਿਮ ਢਾਣੀ ਉਨ ਲਈ ਬਨਾਇ॥ (ਢਿਮ ਢਾਣੀ) ਜੰਗ ਦਾ ਢੰਗ ਤਰੀਕਾ ਉਨ੍ਹਾਂ ਨੇ ਸੋਚ ਲਿਆ ਸੀ।

ਲਹੌਰ ਬਾਹਰ ਤਿਨ ਡੇਰੋ ਪ੍ਰਾਯੋ॥ ਲਹੌਰ ਕਿਲ੍ਹੇ ਤੋਂ ਬਾਹਰ ਸ਼ਾਲਾਮਾਰ ਬਾਗ ਵਿੱਚ ਖਾਲਸੇ ਦਾ ਡੇਰਾ ਪੁਆ ਦਿੱਤਾ ਹੈ, ਖਾਲਸੇ ਦਾ ਉਤਾਰਾ ਕਰਵਾ ਦਿੱਤਾ ਹੈ।

ਤੋਪ ਜੰਬੂਰਨ ਅਗੈ ਖੜਾਯੋ॥੬੫॥ ਜੋ ਤੁਰਕਾਂ ਕੋਲ ਤੋਪਾਂ ਤੇ (ਜੰਬੂਰਨ) ਜੰਬੂਰੇ, ਛੋਟੀਆਂ ਤੋਪਾਂ ਸਨ, ਉਹ ਕਤਾਰ ਬੰਨ੍ਹ ਕੇ ਅੱਗੇ ਖੜ੍ਹੇ ਕਰ ਦਿੱਤੇ ਹਨ। ੬੫।

ਦੋਹਰਾ॥ ਬੰਦੋ ਚਾਮ੍ਹਲ ਥੋ ਚੜਜੋ, ਪੜਜੋ ਉਨ੍ਹੈ ਪਰ ਧਾਇ॥ ਬੰਦਾ ਬਹਾਦਰ ਜਦੋਂ ਖਾਲਸਾ ਪੰਥ ਦੇ ਨਾਲ ਸੀ ਉਦੋਂ ਦਾ ਇਹ ਚਾਮ੍ਹਲਿਆ ਹੋਇਆ ਸੀ। ਬੰਦੇ ਬਹਾਦਰ ਨੇ ਚਾਮ੍ਹਲੇ ਹੋਏ ਨੇ ਜਾ ਲਹੌਰ ਤੇ ਧਾਵਾ ਕੀਤਾ ਹੈ।

ਅਗਜੋਂ ਸ਼ਲਕੈਂ ਉਨ ਛਡੀਂ, ਭਯੋ ਬੰਦੈ ਪੈਰ ਮੁੜਾਇ॥੬੬॥ ਅਗੋਂ ਤੋਪ ਖਾਨੇ ਰਹਿਕਲੇ, ਜੰਬੂਰੇ ਅਤੇ ਬੰਦੂਕਾਂ ਦੇ (ਸ਼ਲਕੈਂ) ਇਕੱਠੇ ਫਾਇਰ ਛੁੱਟੇ ਤਾਂ ਬੰਦੇ ਬਹਾਦਰ ਦੀ ਫੌਜ ਦੇ ਪੈਰ ਉਖੜ ਗਏ, ਬੰਦੇ ਬਹਾਦਰ ਦੇ ਪੈਰ ਪਿੱਛੇ ਨੂੰ ਮੁੜ ਪਏ ਹਨ। ੬੬।

ਚੌਪਈ॥ ਤਬ ਬੰਦੇ ਰਹਜੋ ਜਤਨ ਕਰਾਇ॥ ਜਦੋਂ ਬੰਦੇ ਬਹਾਦਰ ਦੇ ਪੈਰ ਹਿੱਲ ਗਏ, ਤੋਪਾਂ ਨੇ ਪੈਰ ਨਾ ਲੱਗਣ ਦਿੱਤੇ ਇਸਦੇ, ਹੁਣ ਜਤਨ ਕਰਦਾ ਕਿਵੇਂ ਏਥੇ ਡਟੀਏ; ਅੱਗੇ ਵਧੀਏ, ਹੱਲਾ ਮਾਰੀਏ।

ਬੰਦਈਅਨ ਲਲਕਾਰ ਅਰ ਬੀਰਨ ਬੁਲਾਇ॥ ਇਹਨੇ ਬੰਦਈਆਂ ਨੂੰ ਲਲਕਾਰਿਆ, ਤਕੜੇ ਹੋ ਜਾਉ, ਆਪਾਂ ਭੱਜਣਾ ਨਹੀਂ ਹੈ ਮੈਦਾਨ ਛੱਡ ਕੇ ਅਤੇ ਬੀਰਾਂ ਨੂੰ ਵੀ ਸੱਦਦੇ ਹਾਂ ਕਿ ਤੁਸੀਂ ਆਉ ਮੇਰੀ ਮਦਦ ਕਰੋ।

ਟਿਕੀ ਨ ਫੌਜ ਪਿੱਛੈ ਮੁੜ ਧਈ॥ ਬੰਦਈਆਂ ਦੀ ਫੌਜ ਤੱਤ ਖਾਲਸੇ ਦੇ ਅੱਗੇ ਟਿਕ ਨ ਸਕੀ, ਪਿੱਛੇ ਨੂੰ ਮੁੜ ਪਈ ਭੱਜ ਗਈ ਹੈ ਵਾਪਸ ਹੋ ਗਏ ਹਨ ਇਕ ਦਮ।

ਐਸ ਕਲਾ ਸਤਿਗੁਰ ਕੀ ਭਈ॥੬੭॥ ਐਸੀ ਕਲਾ ਸਤਿਗੁਰਾਂ ਦੀ ਹੋਈ, ਕਿਉਂਕਿ ਜੋ ਸਤਿਗੁਰ ਦੇ ਭਾਣੇ ਵਿੱਚ ਰਹਿੰਦੇ ਹਨ, ਹੁਕਮ ਵਿੱਚ ਰਹਿੰਦੇ ਹਨ ਸਤਿਗੁਰਾਂ ਦੇ, ਉਹਨਾਂ ਦੀ ਕਲਾ ਸਵਾਈ ਹੁੰਦੀ ਹੈ, ਉਹਨਾਂ ਨੂੰ ਜਿੱਤਾਂ ਪ੍ਰਾਪਤ ਹੁੰਦੀਆਂ ਹਨਾ ਬੰਦਾ ਬਹਾਦਰ ਜਦੋਂ ਸਤਿਗੁਰਾਂ ਤੋਂ ਮੁਨਕਰ ਹੋ ਗਿਆ , ਉਹਨਾਂ ਦੀ ਮੁਯਾਦਾ ਨੂੰ, ਉਨ੍ਹਾਂ ਦੇ ਬਚਨਾਂ ਨੂੰ ਛੱਡ ਬੈਠਾ ਹੈ, ਤਾਂ ਸਤਿਗੁਰੂ ਦਾ ਐਸਾ ਭਾਣਾ ਵਰਤਿਆ, ਬੰਦੇ ਬਹਾਦਰ ਨੂੰ ਸਭ ਤੋਂ ਪਹਿਲਾਂ ਏਥੇ ਭਾਂਜ ਆਈ ਹੈ ਲਹੌਰ ਵਿੱਚ, ਪਿਛਾਂਹ ਨੂੰ ਨੱਠ ਤੁਰਿਆ ਹੈ।

ਜਹਿੰ ਤੇ ਚੜ੍ਹੀ ਤਹਾਂ ਮੁੜ ਪਈ॥ ਜਿਥੋਂ ਬੰਦੇ ਬਹਾਦਰ ਦੀ ਫੌਜ ਚੜ੍ਹੀ ਸੀ ਲਹੌਰ ਤੇ ਹੱਲਾ ਬੋਲਣ ਵਾਸਤੇ, ਓਥੇ ਨੂੰ ਵਾਪਸ ਮੁੜ ਪਈ ਹੈ ।

ਐਸੀ ਬੰਦਈਓਂ ਸੱਤਜਾ ਗਈ॥ ਸੱਤਜਾ ਹੀ ਜਾਂਦੀ ਰਹੀ ਹੈ, ਸੱਦੇ ਹੋਏ ਬੀਰ ਵੀ ਨਹੀਂ ਆਏ ਹਨ, ਅੱਗੇ ਜਿਹੜੇ ਜੰਤ੍ਰ ਮੰਤ੍ਰ ਜਾਣਦਾ ਸੀ ਉਹ ਵੀ ਕੋਈ ਨਹੀਂ ਫੁਰਿਆ, ਕੋਈ ਚੱਲਿਆ ਹੀ ਨਹੀਂ, ਤਾਕਤ ਨਿਕਲ ਗਈ ਹੈ ਇਸਦੀ।

ਤਹਿੰ ਭੀ ਉਨਕੇ ਲਗੇ ਨ ਪੈਰ॥ ਜਿਥੇ ਇਸਨੇ ਡੇਰਾ ਕੀਤਾ ਹੋਇਆ ਸੀ ਮੋਰਚਾ ਬੰਦੀ ਕੀਤੀ ਹੋਈ ਸੀ, ਉੱਥੇ ਵੀ ਇਸਦੇ ਪੈਰ ਨਹੀਂ ਲੱਗੇ, ਕਿਉਂਕਿ ਮਗਰੇ ਹੀ ਫੌਜ ਆ ਗਈ ਹੈ। ਭਾਈ ਕਾਨ੍ਹ ਸਿੰਘ ਵੀ ਮਗਰੇ ਸਿੰਘਾਂ ਦੀ ਫੌਜ ਲੈ ਕੇ ਆ ਗਿਆ ਹੈ, ਹੁਣ ਇਹਨੂੰ ਖੜ੍ਹਨ ਨਹੀਂ ਦਿੰਦੇ ਹਨ ।

ਕਰੀ ਨ ਤੁਰਕਨ ਕੁਛ ਉਨ ਖ਼ੈਰ॥੬੮॥ ਤੁਰਕ ਕਦੋਂ ਖੈਰ ਕਰਦੇ ਨੇ, ਜਦੋਂ ਤੁਰਕਾਂ ਦੇ ਅੜਿੱਕੇ ਚੜ੍ਹ ਗਿਆ ਹੈ, ਭੱਜ ਪਿਆ ਹੈ ਅੱਗੇ ਲੱਗ ਕੇ ਫੇਰ ਤੁਰਕਾਂ ਨੇ ਪਿੱਛਾ ਕੀਤਾ ਇਸਦੇ ਨਾਲ ਕੋਈ ਲਿਹਾਜ ਨਹੀਂ ਰੱਖੀ। ੬੮।

ਨਿਕਲ ਗਯੋ ਯੌਂ ਬੰਦੇ ਪੋਲ॥ ਹੁਣ ਤੱਕ ਖਾਹ ਮਖਾਹ ਦਾ ਐਵੇਂ ਆਕੜਦਾ ਸੀ, ਇਸਦੀ ਪੋਲ ਨਿਕਲ ਗਈ ਹੈ।

ਬੰਦੇ ਰਹਜੋ ਨ ਫਿਰ ਵਹਿ ਤੋਲ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਬੰਦੇ ਬਹਾਦਰ ਕੋਲ ਫੇਰ ਉਹ ਤੋਲ ਆਇਆ ਹੀ ਨਹੀਂ ਪਰਤਕੇ, ਜਿਵੇਂ ਜਿੱਤਾਂ ਇਸਦੇ ਪੈਰ ਚੁੰਮਦੀਆਂ ਸਨ ਹੁਣ ਉਹ ਰਹਿ ਹੀ ਨਹੀਂ ਗਿਆ ਹੈ, ਹਾਰ ਗਿਆ ਹੈ ਪਸਪਾ ਹੋ ਗਿਆ ਹੈ।

ਬੰਦੈ ਜਾਣਜੋਂ ਸਤਿਗੁਰ ਭਾਣਾ॥ ਹੁਣ ਬੰਦੇ ਬਹਾਦਰ ਨੂੰ ਵੀ ਪਤਾ ਲੱਗ ਗਿਆ ਹੈ, ਉਹਹੋ ਸਤਿਗੁਰੂ ਤੋਂ ਮੁਨਕਰ ਹੋ ਗਿਆ ਹਾਂ, ਸਤਿਗੁਰੂ ਦਾ ਭਾਣਾ ਵਰਤ ਗਿਆ ਹੈ , ਹੁਣ ਮੇਰੇ ਵਿੱਚ ਸਮਰੱਥਾ ਨਹੀਂ ਰਹੀ ਹੈ, ਬੰਦੇ ਨੂੰ ਪੱਕੀ ਤਰ੍ਹਾਂ ਪ੍ਰਤੀਤ ਹੋ ਗਈ ਹੈ।

ਸਤਿਗੁਰ ਖਾਲਸੈ ਮੱਧ ਪਛਾਣਾ॥੬੯॥ ਹੁਣ ਇਹਨੂੰ ਪਤਾ ਲੱਗਿਆ ਹੈ, ਜਾਗ ਆਈ ਹੈ ਕਿ ਖਾਲਸੇ ਵਿੱਚ ਹੈ ਸਤਿਗੁਰੂ, ਸਾਹਿਬ ਸੱਚੇ ਪਾਤਸ਼ਾਹ ਜੀ ਨੇ ਸ੍ਰੀ ਸਰਬਲੋਹ ਜੀ ਵਿੱਚ ਹੁਕਮਨਾਮਾ ਲਿਖਿਆ ਹੈ *"ਖਾਲਸਾ ਮੇਰੋ ਰੂਪ ਹੈ ਖਾਸ॥ ਖਾਲਸੇ ਮੈ ਹਉਂ ਕਰਉਂ ਨਿਵਾਸ॥ ਖਾਲਸਾ ਮੇਰੀ ਜਾਨ ਕੀ ਜਾਨ॥ ਖਾਲਸਾ ਮੇਰੋ ਪਿੰਡ ਪ੍ਰਾਨ"॥* ਸਤਿਗੁਰਾਂ ਨੇ ਬਹੁਤ ਵੱਡਾ ਪ੍ਰਸੰਗ ਲਿਖਿਆ ਹੈ ਖਾਲਸੇ ਪ੍ਰਤੀ । ਹੁਣ ਬੰਦੇ ਬਹਾਦਰ ਨੂੰ ਪ੍ਰਤੀਤ ਹੋ ਗਈ ਹੈ ਕਿ ਸਤਿਗੁਰੂ ਤਾਂ ਇਹਨਾਂ ਦੇ ਵਿੱਚ ਛੁਪਿਆ ਹੋਇਆ ਹੈ ਗੁਰੂ ਖਾਲਸੇ ਵਿੱਚ ਨਿਵਾਸ ਕਰਦਾ ਹੈ, ਹੁਣ ਗੁਰੂ ਜੀ ਮੇਰਾ ਸਾਥ ਛੱਡ ਗਏ ਹਨ। ੬੯।

ਢਿਗ ਡੇਰਾ ਆ ਖਾਲਸੈ ਲਾਯਾ॥ ਉਥੋਂ ਆ ਕੇ ਸ੍ਰੀ ਅੰਮ੍ਰਿਤਸਰ ਤੱਤ ਖਾਲਸੇ ਕੋਲ ਆ ਡੇਰਾ ਲਾਇਆ ਹੈ, ਉਤਾਰਾ ਕੀਤਾ ਹੈ ਬੰਦੇ ਬਹਾਦਰ ਨੇ ਖਾਲਸੇ ਦੇ ਨੇੜੇ ਆ ਕੇ।

ਪਾਸ ਖਾਲਸੋ ਆਖ ਘਲਾਯਾ॥ ਬੰਦਾ ਬਹਾਦਰ ਖਾਲਸੇ ਪਾਸ ਆਪਣੇ ਮੋਹਤਬਰ ਭੇਜ ਕੇ ਬੇਨਤੀਆਂ ਕਰਦਾ ਹੈ।

ਤੁਮ ਬਿਨ ਅਸੀਂ ਅਸਾਂ ਬਿਨ ਤੁਸੀਂ॥ ਲਿਖ ਕੇ ਭੇਜਿਆ ਹੈ ਖਾਲਸੇ ਨੂੰ, ਖਾਲਸਾ ਜੀ! ਤੁਹਾਡੇ ਬਿਨਾਂ ਅਸੀਂ, ਸਾਡੇ ਬਿਨਾਂ ਤੁਸੀਂ, ਵੇਖੋ ਅੱਗੇ ਆਪਾਂ ਮਿਲਕੇ ਚਲਦੇ ਸਾਂ, ਹੁਣ ਤੁਸੀਂ ਅਲੱਗ ਹੋ ਗਏ ਹੋ ਤੁਰਕਾਂ ਨਾਲ ਸਾਡਾ ਤੇ ਮੇਲ ਨਹੀਂ ਬਹਿਣਾ, ਟਾਕਰਾ ਨਹੀਂ ਹੋ ਸਕਣਾ, ਮੇਰੇ ਬਿਨਾਂ ਤੁਸੀਂ ਵੀ ਤੁਰਕਾਂ ਦਾ ਟਾਕਰਾ ਨਹੀਂ ਕਰ ਸਕਣਾ। ਵੇਖੋ ਕੀ ਕਹਿੰਦਾ ਹੈ? ਜਾਂ ਤਾਂ ਸਿੱਧਾ ਕਹਿੰਦਾ ਕਿ ਖਾਲਸਾ ਜੀ! ਤੁਹਾਡੇ ਬਿਨਾਂ ਮੇਰਾ ਨਹੀਂ ਸਰਨਾ ਮੇਰੀ ਸਹਾਇਤਾ ਕਰੋ। ਇਉਂ ਅਜੇ ਵੀ ਦੋਗਲੀ ਨੀਤੀ ਵਰਤ ਰਿਹਾ ਹੈ।

ਬਚੈਂ ਨਹੀਂ ਯੌਂ ਹਮ ਦਿਲ ਬਸੀ॥੭੦॥ ਮੇਰੇ ਦਿਲ ਵਿਚ ਤਾਂ ਇਸ ਤਰ੍ਹਾਂ ਵਸੀ ਹੈ ਕਿ ਤੁਹਾਡੇ ਬਿਨਾਂ ਮੈਂ, ਮੇਰੇ ਬਗੈਰ ਤੁਸੀਂ ਬਚਾਂਗੇ ਨਹੀਂ। ੭੦।

ਦੋਹਰਾ॥ ਤੱਤ ਖਾਲਸੈ ਉਸ ਕਹਜੋ, ਅਸੀਂ ਕਰੈਂ ਨ ਤੇਰੀ ਆਸ॥ ਤੱਤ ਖਾਲਸੇ ਨੇ ਬੰਦੇ ਬਹਾਦਰ ਨੂੰ ਉੱਤਰ ਦਿੱਤਾ ਹੈ ਗੱਲ ਸੁਣ ਸਾਨੂੰ ਤੇਰੀ ਕੋਈ ਆਸ ਨਹੀਂ ਹੈ। ਅਸੀਂ ਤੇਰੇ ਤੇ ਕੋਈ ਟੇਕ ਨਹੀਂ ਰੱਖੀ ਹੋਈ ਹੈ, ਕੋਈ ਤੇਰੇ ਤੇ ਭਰੋਸਾ ਨਹੀਂ ਸਾਨੂੰ। ਤੂੰ ਜਿਵੇਂ ਮਰਜ਼ੀ ਕਰ, ਜਦੋਂ ਤੂੰ ਗੁਰੂ ਕੀ ਮੁਯਾਦਾ ਤੋੜ ਦਿੱਤੀ ਹੈ, ਤਾਂ ਖਾਲਸਾ ਪੰਥ ਤੇਰੇ ਤੋਂ ਪਿੱਛੇ ਹਟ ਗਿਆ ਹੈ। ਹੁਣ ਤੇਰਾ ਸਾਡਾ ਕੋਈ ਮੇਲ ਨਹੀਂ ਹੈ।

ਜੋ ਮਾਲਕ ਇਸ ਪੰਥ ਕਾ, ਸੋ ਰਹੈ ਅਸਾਡੇ ਪਾਸ॥੭੧॥ ਇਸ ਖਾਲਸੇ ਪੰਥ ਦਾ ਜੋ ਮਾਲਕ ਹੈ, ਜੋ ਖਾਲਸੇ ਦਾ ਸਿਰਜਨਹਾਰ ਹੈ, ਉਹ ਸਾਡੇ ਕੋਲ ਰਹਿੰਦਾ ਹੈ। ਉਹ ਸਾਡੇ ਪੰਥ ਦੇ ਵਿੱਚ ਰਹਿੰਦਾ ਹੈ। ਇਉਂ ਉੱਤਰ ਦਿੱਤਾ ਹੈ ਖਾਲਸੇ ਨੇ। ੭੧।

ਚੌਪਈ॥ ਕਹਜੋ ਖਾਲਸੇ ਤੂੰ ਬੇਮੁਖ ਭਯੋ॥ ਤੱਤ ਖਾਲਸੇ ਨੇ ਬੰਦੇ ਬਹਾਦਰ ਨੂੰ ਕਿਹਾ, ਤੂੰ ਗੁਰੂ ਖਾਲਸੇ ਤੋਂ ਬੇਮੁਖ ਹੋ ਗਿਆ ਹੈਂ, ਤੂੰ ਆਪ ਪਿੱਛੇ ਹਟ ਗਿਆ ਹੈਂ ਖਾਲਸੇ ਪੰਥ ਤੋਂ।

ਤੂੰ ਚਹੈਂ ਅਸਾਂ ਸੋਂ ਦਗੋ ਕਮੱਯੋ॥ ਤੂੰ ਸਾਡੇ ਨਾਲ ਦਗਾ ਕਰਨਾ ਚਾਹੁੰਦਾ ਹੈਂ, ਧੋਖਾ ਕਰਨਾ ਚਾਹੁੰਦਾ ਹੈਂ, ਤੂੰ ਕਿੰਨੀ ਵਾਰੀ ਕਿਹਾ ਹੈ, ਮੈਂ ਬਦਲਾ ਲਵਾਂਗਾ ਬਕਰਿਆਂ ਦਾ, ਮੈਂ ਖਾਲਸੇ ਨੂੰ ਚੰਡੀ ਭੇਟ ਕਰ ਦੇਵਾਂਗਾ, ਮੈਂ ਇਹ ਪੰਥ ਰਹਿਣ ਹੀ ਨਹੀਂ ਦੇਣਾ, ਕਿੰਨੇ ਤੂੰ ਸ਼ਬਦ ਕਹੇ ਨੇ, ਇਸ ਕਰਕੇ ਅਸੀਂ ਤੇਰਾ ਭਰੋਸਾ ਨਹੀਂ ਕਰਦੇ, ਹੁਣ ਤੇਰੇ ਤੋਂ ਅਸੀਂ ਦੂਰ ਹੀ ਰਹਾਂਗੇ।

ਤੂ ਜੁ ਕਹੈਂ ਮੈਂ ਹੀ ਕਰਮਾਤੀ॥ ਤੂੰ ਤਾਂ ਆਪ ਕਹਿੰਦਾ ਹੈਂ ਮੇਰੇ ਵਿਚ ਹੀ ਹੈ ਕਰਾਮਾਤ ਸਾਰੀ, ਮੈਂ ਹੀ ਗੁਰੂ ਹਾਂ ਅੱਜ ਤੋਂ, ਸੋਢੀਆਂ ਵਿਚ ਤਾਂ ਕਲਾ ਆਈ ਹੀ ਨਹੀਂ।

ਸਤਿਗੁਰ ਸ਼ਕਤ ਨ ਨਿਜ ਬਿਚ ਜਾਤੀ॥੭੨॥ ਤੂੰ ਸਤਿਗੁਰੂ ਦੀ ਕਲਾ ਆਪਣੇ ਵਿੱਚ ਨਹੀਂ ਜਾਣੀ, ਕਿ ਸਤਿਗੁਰੂ ਦੀ ਕਲਾ ਮੇਰੇ ਵਿੱਚ ਵਰਤ ਰਹੀ ਹੈ, ਉਹਨਾਂ ਦੇ ਪ੍ਰਤਾਪ ਨਾਲ ਮੇਰੀ ਚੜ੍ਹਦੀ ਕਲਾ ਹੋਈ ਹੈ। ਜਦ ਤੋਂ ਮੁਨਕਰ ਹੋਇਆ ਹੈਂ ਸਤਿਗੁਰੂ ਤੋਂ, ਸਾਨੂੰ ਕੀ ਕਰ ਲਿਆ ਹੈ ਤੂੰ। ੭੨।

ਦੋਹਰਾ॥ ਜੈਸੇ ਰਵਿ ਕੇ ਤੇਜ ਤੇ, ਬਾਰੂ ਅਤਿ ਤਪਤਾਇ॥ ਭਾਈ ਸਾਹਿਬ ਜੀ ਪ੍ਰਮਾਣ ਦਿੰਦੇ ਹਨ ਕਿ ਜਿਵੇਂ (ਰਵਿ) ਸੂਰਜ ਦੇ (ਤੇਜ) ਤਪਸ਼ ਨਾਲ ਜੇਠ ਹਾੜ ਦੇ ਮਹੀਨੇ (ਬਾਰੂ) ਰੇਤਾ ਜੋ ਹੈ ਬਹੁਤੀ (ਤਪਤਾਇ) ਗਰਮ ਹੋ ਜਾਂਦੀ ਹੈ।

ਰਵਿ ਬਲ ਛੁਦ੍ਰ ਨ ਜਾਨ ਹੀ, ਆਪਨ ਹੀ ਗਰਬਾਇ॥੭੩॥ (ਰਵਿ) ਸੂਰਜ ਦੇ ਬਲ ਨੂੰ ਤਾਂ ਜਾਣਦਾ ਨਹੀਂ ਹੈ, ਜਿਸਦੇ ਪ੍ਰਤਾਪ ਨਾਲ ਮੈਂ ਗਰਮ ਹੋਇਆ ਹਾਂ, ਉਹ ਆਪਣੇ ਆਪ ਹੀ ਹੰਕਾਰ ਕਰਦਾ ਹੈ ਕਿ ਮੈਂ ਆਪਣੇ ਆਪ ਹੀ ਇਤਨਾ ਗਰਮ ਹਾਂ। ਬੰਦਿਆ! ਉਹ ਹਾਲਤ ਤੇਰੀ ਹੈ ਤੂੰ ਨਹੀਂ ਜਾਣਦਾ ਹੈਂ ਕਿ ਸਤਿਗੁਰਾਂ ਦੇ ਪ੍ਰਤਾਪ ਨਾਲ ਮੇਰਾ ਪ੍ਰਤਾਪ ਹੈ। ੭੩।

ਚੌਪਈ॥ ਆਪ ਕਹਾਵੈਂ ਤੂੰ ਕਲ ਧਾਰੀ॥ ਤੂੰ ਆਪਣੇ ਆਪ ਨੂੰ ਬੜਾ ਕਲਾਧਾਰੀ ਕਹਾਉਂਦਾ ਹੈਂ ਕਿ ਮੇਰੇ ਵਿਚ ਬੜੀਆਂ ਸ਼ਕਤੀਆਂ ਹਨ।

ਕਹਾਂ ਗਈ ਅਬ ਤੋ ਕਲ ਸਾਰੀ॥ ਹੁਣ ਤੇਰੀ ਸਾਰੀ (ਕਲ) ਸ਼ਕਤੀ ਕਿਥੇ ਗਈ ਹੈ, ਹੁਣ ਲਹੌਰ ਖੜ੍ਹਦਾ ਉੱਥੇ, ਬਹਿੰਦਾ ਜਾ ਕੇ ਤਖਤ ਤੇ, ਹੁਣ ਕਿਉਂ ਨਹੀਂ ਬੈਠਾ ਤਖਤ ਤੇ, ਭੱਜਿਆ ਆਉਂਦਾ ਹੈਂ ਪਿਛਾਂਹ ਨੂੰ।

ਤੱਤ ਖਾਲਸੈ ਆਪ ਲੜਾਈ॥ ਤੱਤ ਖਾਲਸੇ ਨੇ ਆਪ ਇਹ (ਲੜਾਈ) ਜੰਗ ਯੁੱਧ।

ਸਤਿਗੁਰ ਤੇ ਮੰਗ ਕੈ ਗਲ ਪਾਈ॥੭੪॥ ਸਤਿਗੁਰਾਂ ਤੋਂ ਮੰਗ ਕੇ, ਸਤਿਗੁਰਾਂ ਨੇ ਕਿਹਾ ਖਾਲਸਾ ਜੀ ! ਮੈਂ ਤੁਹਾਡੇ ਤੇ ਬੜਾ ਪ੍ਰਸੰਨ ਹਾਂ, ਮੰਗੋ ਜੋ ਮੰਗਦੇ ਹੋ, ਕੀ ਚਾਹੀਦਾ ਹੈ ਤੁਹਾਨੂੰ? ਖਾਲਸਾ ਕਹਿਣ ਲੱਗਾ ਜੰਗ ਹੁੰਦਾ ਰਹੇ, ਤੁਰਕਾਂ ਨਾਲ ਤੇਗ ਖੜਕਦੀ ਰਹੇ ਕਹਿੰਦੇ ਖਾਲਸੇ ਨੇ ਸਤਿਗਰਾਂ ਤੋਂ ਆਪ ਲੜਾਈ ਮੰਗ ਕੇ ਆਪਣੇ ਗਲ ਪਾਈ ਹੈ। *"ਜਾਤ ਗੌਤ ਸਿੰਘਨ ਕੀ ਦੰਗਾ॥ ਦੰਗਾ ਹੀ ਇਨ ਗੁਰ ਤੇ ਮੰਗਾ"*। ੭੪।

ਲੜਨੋਂ ਮਰਨੋਂ ਹਮ ਨ ਸੰਕਾਂਹੀ॥ ਲੜਨ ਮਰਨ ਤੋਂ ਅਸੀਂ ਸੰਕੋਚ ਨਹੀਂ ਕਰਦੇ ਹਾਂ।

ਬਿਨ ਲੜੇ ਮਰੇ ਕਿਮ ਮਿਲੇ ਪਤਿਸ਼ਾਹੀ॥ ਬਿਨਾਂ ਲੜੇ ਮਰੇ ਤੋਂ, ਜਿੰਨਾਂ ਚਿਰ ਲੜਾਂ ਮਰਾਂਗੇ ਨਹੀਂ, ਦੁਸ਼ਮਣ ਨੂੰ ਨਹੀਂ ਮਾਰਾਂਗੇ, ਕਿਵੇਂ ਪਾਤਸ਼ਾਹੀ ਮਿਲੇਗੀ।

ਜਾਨ ਬਾਜੀ ਖੇਡ ਖਾਲਸੋ ਖੇਡੈ॥ ਖਾਲਸਾ ਤਾਂ ਜਾਨ ਦੀ ਬਾਜੀ ਦੀ ਖੇਡ ਕਰਦਾ ਹੈ, ਸਦਾ ਖੇਡਦਾ ਹੈ ਇਸ ਤਰ੍ਹਾਂ, ਜਿੰਦਗੀ ਮੌਤ ਦਾ ਸਵਾਲ ਹੈ ਏਥੇ। ਸਾਨੂੰ ਮੌਤ ਤੋਂ ਕੋਈ ਡਰ ਨਹੀਂ ਆਉਂਦਾ, ਅਸੀਂ ਤਾਂ ਆਪ ਲੜਾਈ ਖਰੀਦ ਕੇ ਗਲ ਪਾਈ ਹੈ।

ਮਰੈਂ ਗਲੈਂ ਪਤਿਸ਼ਾਹੀ ਨ ਛੋਡੈ॥੭੫॥ ਭਾਵੇਂ ਲੜੀਏ ਭਾਵੇਂ ਮਰੀਏ ਗਲ੍ਹੀਏ ਪਰ ਖਾਲਸਾ ਪਾਤਸ਼ਾਹੀ ਦਾਅਵਾ ਨਹੀਂ ਛੱਡਦਾ ਹੈ, ਸਾਡਾ ਪਾਤਸ਼ਾਹੀ ਦਾਅਵਾ ਹੈ। ੭੫।

ਹਮ ਤੁਮ ਬਾਤ ਬਨੈ ਅਬ ਕੈਸੇ॥ ਹੁਣ ਤੂੰ ਹੀ ਦੱਸ, ਤੇਰੀ ਸਾਡੀ ਗੱਲ ਕਿਵੇਂ ਬਣੇ, ਜਦ ਤੂੰ ਕਹਿੰਦਾ ਹੈ ਕਿ ਮੇਰੇ ਬਿਨਾਂ ਤੁਸੀਂ ਨਹੀਂ ਬਚ ਸਕਦੇ, ਤੂੰ ਦੱਸ ਤੇਰਾ ਮੇਲ ਸਾਡੇ ਨਾਲ ਕਿਵੇਂ ਬਣੇਗਾ, ਤੂੰ ਸਤਿਗੁਰਾਂ ਦੇ ਬਚਨ ਨਹੀਂ ਮੰਨਦਾ, ਅਸੀਂ ਤੇਰਾ ਕਿਉਂ ਮੰਨੀਏ, ਅਸੀਂ ਤੇਰੇ ਤੇ ਕਿਉਂ ਭਰੋਸਾ ਰਖੀਏ।

ਤੂੰ ਚਹਿੰ ਲਹੌਰ ਕੇ ਤਖਤੇ ਬੈਸੇ॥ ਤੂੰ ਆਪ ਕਿਹਾ ਸੀ ਮੈਂ ਲਹੌਰ ਦੇ ਤਖਤ ਤੇ ਬੈਠਾਂਗਾ ਤੇ ਤੁਹਾਨੂੰ ਮੈਂ ਨੌਕਰ ਰੱਖਾਂਗਾ ਨੌਕਰੀਆਂ ਦੇਵਾਂਗਾ ਆਪਦੀ ਮਰਜ਼ੀ ਨਾਲ। ਤੂੰ ਕਹਿੰਦਾ ਸੀ ਕਿ ਨਹੀਂ ਹੁਣ ਦੱਸ, ਹੁਣ ਕਿਵੇਂ ਬੈਠੇਂਗਾ ਸਾਡੇ ਗੁਰਮਤੇ ਤੋਂ ਬਿਨਾਂ ਤਖਤ ਤੇ।

ਆਯੋ ਹੈ ਤੈਂ ਦਿਲ ਹੰਕਾਰ॥ ਇਸ ਕਰਕੇ ਬੰਦਿਆ! ਤੇਰੇ ਦਿਲ 'ਚ ਹੰਕਾਰ ਆ ਗਿਆ ਹੈ, ਤੂੰ ਮਾਣ ਕਰਦਾ ਹੈਂ, ਆਪਣੇ ਆਪਨੂੰ ਅਕਾਲ ਪੁਰਖ ਸਮਝਦਾ ਹੈਂ।

ਅਬ ਆਈ ਤੈਂ ਮਰਨੇ ਵਾਰ॥੭੬॥ ਸਾਨੂੰ ਤਾਂ ਇਉਂ ਨਜ਼ਰ ਆਉਂਦਾ ਹੈ ਕਿ ਹੋਰ ਕੋਈ ਗੱਲ ਨਹੀਂ ਹੈ? ਹੁਣ ਤੇਰੀ ਮੌਤ ਨੇੜੇ ਆ ਗਈ ਹੈ, ਤੇਰੀ ਮਰਨ ਦੀ ਵਾਰੀ ਆ ਗਈ ਹੈ। ੭੬।

ਦੋਹਰਾ॥ ਤਬਹਿ ਖਾਲਸੈ ਫਿਰ ਕਹਜੋ, ਰਲ ਖਾਲਸੇ ਸੋਂ ਕਰ ਕਾਜ॥ ਤਦੋਂ ਫੇਰ ਖਾਲਸੇ ਨੇ ਕਿਹਾ ਹੈ ਬੰਦੇ ਬਹਾਦਰ ਨੂੰ ਕਿ ਆ ਕੇ ਖਾਲਸੇ ਪੰਥ ਦੀ ਸ਼ਰਨ ਲੈ ਲੈ, ਖਾਲਸੇ ਨਾਲ ਰਲ ਮਿਲ ਕੇ ਕਾਰਜ ਕਰ, ਇਕੱਲਾ ਨਹੀਂ ਤੂੰ ਕੁਛ ਕਰ ਸਕੇਂਗਾ।

ਹਮ ਤੁਮ ਕੋ ਪਰਬਤ ਦੀਯੋ, ਹੁਇ ਖਾਲਸੋ ਕਰ ਊਹਾਂ ਰਾਜ॥੭੭॥ ਜਾ ਪਹਾੜਾਂ ਦਾ ਰਾਜ ਤੈਨੂੰ ਦੇ ਦਿੱਤਾ ਅਸੀਂ, ਪਰ ਇੱਕ ਸ਼ਰਤ ਹੈ ਕਿ ਖਾਲਸਾ ਬਣ ਅੰਮ੍ਰਿਤ ਪਾਨ ਕਰ। ਇਹ ਸੂਹਾ ਬਾਣਾ ਤਿਆਗ ਦੇ, ਨੀਲੇ ਬਾਣੇ ਦਾ ਧਾਰਨੀ ਹੋ, ਔਰ ਖਾਲਸੇ ਦੀ ਮੁਯਾਦਾ, ਗੁਰੂ ਦੀ ਮੁਯਾਦਾ ਨੂੰ ਧਾਰਨ ਕਰ, ਫੇਰ ਤੂੰ ਮੌਜ ਲੈ ਸਕਦਾ ਹੈ ਖਾਲਸਾ ਬਣ ਕੇ। ੭੭।

ਸਿੰਘ ਕਹੈਂ ਬਣ ਖਾਲਸੋ, ਸੋ ਕਹਿ ਬੈਸਨੋ ਪੰਥ ਚਲਵਾਂਹ॥ ਸਿੰਘ ਤਾਂ ਕਹਿੰਦੇ ਹਨ ਤੂੰ ਖਾਲਸਾ ਬਣ ਜਾ, ਉਹ ਕਹਿੰਦਾ ਮੈਂ ਤਾਂ ਵੈਸ਼ਨੂੰ ਪੰਥ ਚਲਾਉਣਾ ਹੈ, ਫੇਰ ਮੇਲ ਕਿਵੇਂ ਹੋਵੇਗਾ।

ਯੌ ਬੰਦੇ ਕੀ ਔ ਸਿੰਘਨ ਕੀ, ਬਨੈ ਸੁ ਮੀਜੈ ਨਾਂਹਿ॥੭੮॥ ਇਸ ਤਰ੍ਹਾਂ ਬੰਦੇ ਬਹਾਦਰ ਦੀ ਅਤੇ ਸਿੰਘਾਂ ਦੀ ਮਿਜਾ ਨਹੀਂ ਮਿਲਦੀ (ਮਿਜਾ) ਸਲਾਹ ਮਸ਼ਵਰਾ ਨਹੀਂ ਮਿਲਦਾ। ੭੮।

ਚੌਪਈ॥ ਕਿਲ੍ਹੈ ਮੱਧ ਤੂੰ ਹਮੈਂ ਅੜਾਵੈਂ? ਤੂੰ ਸਾਨੂੰ ਕਹਿੰਦਾ ਸੀ ਮੈਂ ਤੁਹਾਨੂੰ ਗੁਰਦਾਸ ਨੰਗਲ ਦੇ ਕਿਲ੍ਹੇ ਵਿੱਚ ਬੰਦ ਕਰਾਊਂਗਾ, ਭਾਵ ਉਹਦਾ ਇਹ ਸੀ ਕਿ ਖਾਲਸੇ ਨੂੰ ਉਥੋਂ ਮਰਵਾਵਾਂਗਾ, ਕਿ ਸਿੰਘਾਂ ਨੂੰ ਮਰਵਾ ਦਿਆਂ, ਸਿੰਘਾਂ ਨੇ ਕਿਹਾ ਨਹੀਂ ਖਾਲਸਾ ਪੰਥ ਇਸ ਤਰ੍ਹਾਂ ਕੈਦ ਵਿਚ ਨਹੀਂ ਰਹਿ ਸਕਦਾ ਹੈ। ਸ਼ੇਰ ਕਦੀ ਪਿੰਜਰੇ ਵਿਚ ਨਹੀਂ ਪਾਏ ਜਾ ਸਕਦੇ, ਖਾਲਸੇ ਪੰਥ ਨੇ ਬੂਹੇ ਖੋਲ੍ਹ ਕੇ ਨਗਾਰੇ ਤੇ ਲਾਕੇ ਚੋਟਾਂ, ਫੌਜ ਨੂੰ ਚੀਰ ਕੇ ਨਿਕਲ ਗਿਆ ਸੀ ਖਾਲਸਾ।

ਸ਼ੇਰਨ ਘੇਰ ਤੂੰ ਪਿੰਜਰੇ ਪਾਵੈਂ?॥ ਤੂੰ ਸ਼ੇਰਾਂ ਨੂੰ ਘੇਰ ਕੇ ਪਿੰਜਰਿਆਂ ਵਿਚ ਪਾਉਣਾ ਚਾਹੁੰਦਾ ਹੈਂ? ਇਉਂ ਕਿਵੇਂ ਤੇਰੀ ਗੱਲ ਬਣੇਗੀ?

ਹਮ ਤੇ ਚਹੈਂ ਬਕਰਨ ਬੈਰ ਲੀਯਾ? ਤੂੰ ਸਾਡੇ ਕੋਲੋਂ ਆਪ ਦੇ ਬੱਕਰਿਆਂ ਦਾ ਵੈਰ ਲੈਣਾ ਚਾਹੁੰਦਾ ਹੈਂ, ਤੇਰੀ ਤਾਂ ਇਹ ਨੀਅਤ ਹੈ, ਤੇਰੀ ਨੀਅਤ ਖੋਟੀ ਹੈ, ਅਸੀਂ ਸਮਝ ਗਏ ਤੇਰੀ ਗੱਲ ਨੂੰ।

ਹਮੈਂ ਚਹੈਂ ਚੰਡੀ ਭੇਟ ਕੀਯਾ?॥੭੯॥ ਸਾਨੂੰ ਤੂੰ ਚੰਡੀ ਦੇ ਭੇਟ ਕਰਨਾ ਚਾਹੁੰਦਾ ਹੈ, ਕਿ ਮੈਂ ਪੰਥ ਚਲਾਉਣਾ ਹੈ ਪਹਿਲਾਂ ਚੰਡੀ ਨੂੰ ਮਨਾਉਣਾ ਹੈ ਤੇ ਚੰਡੀ ਦੀ ਭੇਟਾ ਦੇਣੀ ਪੈਂਦੀ ਹੈ। ਤੂੰ ਤਾਂ ਇਹ ਸਲਾਹ ਵਿੱਚ ਲੱਗਿਆ ਹੋਇਆਂ ਹੈਂ ਕਿ ਮੈਂ ਚੰਡੀ ਦੀ ਭੇਟਾ ਖਾਲਸੇ ਨੂੰ ਦੇਵਾਂਗਾ। ੭੯।

ਦੋਹਰਾ॥ ਬੰਦੋ ਚੜ੍ਹਕੈ ਤਬ ਗਯੋ, ਗੁਰਦਾਸ ਪੁਰੇ ਕੇ ਰਾਹੁ॥ ਇਹ ਖਾਲਸੇ ਦਾ ਗੁਰਮਤਾ ਚੰਗਾ ਨਾ ਲੱਗਿਆ ਬੰਦੇ ਬਹਾਦਰ ਨੂੰ, ਉਦੋਂ ਹੀ ਇਹ ਕੂਚ ਕਰਕੇ ਗੁਰਦਾਸ ਪੁਰ ਦੇ ਰਸਤੇ ਨੂੰ ਤੁਰ ਪਿਆ ਹੈ।

ਅੰਮ੍ਰਿਤਸਰ ਖਾਲਸੈ ਬਹਜੋ, ਸਤਿਗੁਰ ਓਟ ਤਕਾਹੁ॥੮੦॥ ਸਤਿਗੁਰੂ ਜੀ ਦੇ ਚਰਨਾਂ ਦੀ ਓਟ ਤੱਕ ਕੇ ਖਾਲਸਾ ਪੰਥ ਸ੍ਰੀ ਅੰਮ੍ਰਿਤਸਰ ਬੈਠਾ ਰਿਹਾ ਹੈ। ਬੰਦਾ ਬਹਾਦਰ ਗੁਰਦਾਸ ਨੰਗਲ ਦੇ ਕਿਲ੍ਹੇ ਨੂੰ ਚਲਾ ਗਿਆ ਹੈ ਜਿਥੇ ਇਸਨੇ ਕੱਚਾ ਕਿਲ੍ਹਾ ਬਣਾਇਆ ਹੋਇਆ ਸੀ। ੮੦।

ਜਬ ਸਭ ਗਲ ਤਿਨ ਥੀ, ਸੁਨੀ ਫਰੁੱਖਸੀਅਰ ਪਤਿਸ਼ਾਹਿ॥ ਜਦੋਂ ਇਹ ਸਾਰੀ ਗੱਲ ਕਿ ਲਹੌਰ ਇਹ ਗਿਆ ਤੇ ਹਾਰ ਕੇ ਪਿੱਛੇ ਹਟਿਆ, ਜੋ ਖਾਲਸੇ ਪੰਥ ਨਾਲ ਓਧਰੋ ਓਧਰੀ ਸਵਾਲ ਜਵਾਬ ਹੋਇਆ ਇਸਦਾ, ਦਿੱਲੀ ਦੇ ਪਾਤਸ਼ਾਹ ਫਰੁਖਸੀਅਰ ਨੇ ਸੁਣਿਆ ਹੈ।

ਲਹੌਰ ਬਚਾਈ ਫੁਟ ਸਿੰਘਨ, ਬੰਦਾ ਦਯੋ ਭਜਾਇ॥੮੧॥ ਖਾਲਸਾ ਪੰਥ ਵੱਖਰਾ ਹੋ ਗਿਆ ਹੈ, ਬੰਦਾ ਬਹਾਦਰ ਅਲਹਿਦਾ ਹੋ ਗਿਆ, ਸਿੰਘਾਂ ਦੀ ਤੇ ਬੰਦੇ ਦੀ ਆਪਸੀ ਖਹਿ ਨੇ ਲਹੌਰ ਨੂੰ ਬਚਾਇਆ ਹੈ, ਤੇ ਬੰਦਾ ਬਹਾਦਰ ਭਜਾ ਦਿੱਤਾ ਹੈ। ੮੧।

ਚੌਪਈ॥ ਯੌ ਸੁਨ ਦਿਲ ਸ਼ਾਹਿ ਸ਼ਾਦੀ ਆਈ॥ ਇਸ ਸਾਰੀ ਗੱਲ ਨੂੰ ਸੁਣ ਕੇ ਪਾਤਸ਼ਾਹ ਦਿਲ ਵਿੱਚ ਬੜਾ ਖੁਸ਼ ਹੋਇਆ ਹੈ।

ਬੰਦੇ ਖੌਫ ਸੁ ਗਯੋ ਪਰਾਈ॥ ਬੰਦੇ ਬਹਾਦਰ ਦਾ ਜਿਹੜਾ ਡਰ ਸੀ ਕਿ ਪਤਾ ਨਹੀਂ ਕਿਹੜੇ ਵੇਲੇ ਮਾਰ ਦੇਵੇ ਮੈਨੂੰ ਆ ਕੇ, ਕਦੋਂ ਨੱਪ ਲਵੇ ਮੈਨੂੰ ਆ ਕੇ ਦਿੱਲੀ ਨੂੰ ਉਜਾੜ ਦੇਵੇਗਾ, ਹੁਣ ਜਿਹੜਾ ਭੈ ਸੀ ਉੱਡ ਗਿਆ ਹੈ।

ਕਹਜੋ ਸ਼ਾਹਿ ਲੋਹਿ ਲੋਹੈ ਕਟਾਯੋ॥ ਫਰੁਖਸੀਅਰ ਪਾਤਸ਼ਾਹ ਕਹਿੰਦਾ ਹੈ ਕਿ ਆਹ ਬੜਾ ਚੰਗਾ ਹੋਇਆ ਹੈ ਲੋਹੇ ਨੂੰ ਲੋਹਾ ਹੀ ਕੱਟਦਾ ਹੈ। ਲੋਹਾ ਕੱਟਣ ਵਾਸਤੇ ਲੋਹੇ ਦੀ ਛੈਣੀ ਹੁੰਦੀ ਹੈ। ਖਾਲਸੇ ਪੰਥ ਨੇ ਹੀ ਬੰਦੇ ਨੂੰ ਹਾਰ ਦੇ ਦਿੱਤੀ ਹੈ।

ਉਨ ਰਖੋ ਸਿੰਘਨ ਕਿਮ ਅਪਨ ਬਨਾਯੋ॥੮੨॥ ਫਰੁਖਸੀਅਰ ਨੇ ਸਾਰੇ ਫੌਜਦਾਰਾਂ ਨੂੰ, ਸੂਬੇਦਾਰਾਂ ਨੂੰ ਸ਼ਾਹੀ ਹੁਕਮਨਾਮਾ ਭੇਜ ਦਿੱਤਾ ਹੈ, ਕਿ ਤੁਸੀਂ ਖਾਲਸੇ ਪੰਥ ਨਾਲ ਬਣਾ ਕੇ ਰੱਖੋ, ਮਿਲਾਪ ਰੱਖੋ, ਮੱਤ ਵਿਗਾੜੋ ਖਾਲਸੇ ਪੰਥ ਨਾਲ। ੮੨।

ਦਯੋ ਨਿਗਾਰੋ ਨਿਸ਼ਾਨ ਘਲਾਇ॥ ਇਹ ਨਿਸ਼ਾਨੀਆਂ ਹੁੰਦੀਆਂ ਹਨ ਪਾਤਸ਼ਾਹੀ ਦੀਆਂ, ਰਾਜ ਦੀਆਂ। ਇਸਨੇ ਨਗਾਰੇ ਤੇ ਨਿਸ਼ਾਨ ਭੇਜ ਦਿਤੇ ਲਉ ਖਾਲਸਾ ਜੀ! ਇਹ ਤੁਹਾਨੂੰ ਪਾਤਸ਼ਾਹੀ ਨਿਸ਼ਾਨੀਆਂ ਦਿੰਦੇ ਹਾਂ ਹੁਣ ਤੁਸੀਂ ਪਾਤਸ਼ਾਹੀ ਕਰੋ, ਅਸੀਂ ਤੁਹਾਨੂੰ ਪ੍ਰਵਾਨ ਕਰਦੇ ਹਾਂ। ਪਾਤਸ਼ਾਹ ਨੇ ਇੱਕ ਧੌਂਸਾ ਤੇ ਨਿਸ਼ਾਨ ਸਾਹਿਬ ਭੇਜ ਦਿੱਤਾ ਹੈ ਖਾਲਸੇ ਨੂੰ।

ਲਿਖਜੋ ਦਿਲਾਸੋ ਬਹੁ ਬਾਤ ਬਨਾਇ॥ ਬੜੀਆਂ ਗੱਲਾਂ ਬਣਾਈਆਂ ਫਰੁਖਸੀਅਰ ਨੇ, ਨਾਲ ਮਾਇਆਂ ਭੇਜੀ ਹੈ, ਮੋਹਰਾਂ, ਖਜ਼ਾਨੇ ਭੇਜੇ ਹਨ ਅਤੇ ਉਹ ਜਿਕਰ ਲਿਖ ਭੇਜਿਆ ਹੈ ਖਾਲਸਾ ਜੀ! ਅਸੀਂ ਤੁਹਾਡੇ ਨਾਲ ਰਹਿਣਾ ਚਾਹੁੰਦੇ ਹਾਂ। ਤੁਹਾਨੂੰ ਕਿਸੇ ਚੀਜ਼ ਦੀ ਜ਼ਰੂਰਤ ਹੈ ਸ਼ਾਹੀ ਖਜ਼ਾਨੇ ਤੁਹਾਡੇ ਵਾਸਤੇ ਖੁਲ੍ਹੇ ਹਨ ਜਦੋਂ ਮਰਜ਼ੀ ਲੈ ਜਾਉ ਤੁਸੀਂ, ਇਉਂ

ਬੜੀਆਂ ਮਿੱਠੀਆਂ ਮਿੱਠੀਆਂ ਗੱਲਾਂ ਲਿਖੀਆਂ ਹਨ ਦਿਲਾਸੇ ਦੀਆਂ।

ਜੋ ਬੰਦੈ ਤੇ ਮੁਲਕ ਛੁਡਾਇ॥ ਅਤੇ ਨਾਲ ਲਿਖਿਆ ਹੈ ਫਰੁਖ਼ਸੀਅਰ ਨੇ ਕਿ ਜੋ ਬੰਦੇ ਨੇ ਮੁਲਕ ਮੱਲਿਆ ਹੋਇਆ ਹੈ ਸਾਰਾ ਪਹਾੜ ਨੀਹਲ ਦਾ ਇਲਾਕਾ, ਪਹਾੜੀ ਰਾਜੇ ਉਸਦਾ ਮਾਮਲਾ ਭਰਨ ਲਗ ਪਏ ਸਨ। ਸਿੰਘਾਂ ਨੂੰ ਕਹਿ ਦਿਤਾ ਖਾਲਸਾ ਜੀ! ਜਿਹੜਾ ਤੁਸੀਂ ਇਸ ਤੋਂ ਮੁਲਕ ਛੁਡਾ ਲਵੋਗੇ।

ਸੋ ਦਜੌਂ ਤੁਮੈਂ ਜਗੀਰਹਿ ਲਾਇ॥੮੩॥ ਮੇਰੇ ਵੱਲੋਂ ਉਹ ਮੁਲਕ ਤੁਹਾਡਾ ਹੋਇਆ ਮੈਂ ਤੁਹਾਨੂੰ ਜਗੀਰ ਦੇ ਰੂਪ ਵਿਚ ਲਾ ਦੇਵਾਂਗਾ। ਜਿਹੜਾ ਮੁਲਕ ਤੁਸੀਂ ਏਸ ਤੋਂ ਖੋਹ ਲਵੋਗੇ, ਉਸਨੂੰ ਤੁਸੀਂ ਆਪਣਾ ਸਮਝੋ। ੮੩।

(ਤੁਰਕਾਂ ਦੀ ਤੱਤ ਖਾਲਸੇ ਨਾਲ ਮੇਲ ਦੀ ਕੋਸ਼ਿਸ਼ ਤੇ ਬੰਦੇ ਦਾ ਭੇਤ ਲੈ ਕੇ ਚੜ੍ਹਾਈ)

ਚੌਪਈ॥ ਸ਼ਾਹੁ ਕਹੈ ਮਾਤਾ ਨੇ ਬਚਾਯੋ॥ ਫਰੁਖਸੀਅਰ ਬਾਦਸ਼ਾਹ ਹੁਣ ਮਾਤਾ ਜੀ ਦਾ ਅਹਿਸਾਨਮੰਦ ਹੁੰਦਾ ਹੈ, ਬਾਦਸ਼ਾਹ ਕਹਿੰਦਾ ਹੈ ਕਿ ਮਾਤਾ ਜੀ ਨੇ ਬਚਾਏ ਦਿੱਤਾ ਹੈ ਸਾਨੂੰ, ਨਹੀਂ ਤਾਂ ਸਾਰਿਆਂ ਤੁਰਕਾਂ ਨੂੰ ਮਾਰ ਦੇਣਾ ਸੀ ਬੰਦੇ ਬਹਾਦਰ ਨੇ।

ਬੰਦਜੋਂ ਖਾਲਸੋ ਜੁਦਾ ਕਰਾਯੋ॥ ਖਾਲਸੇ ਪੰਥ ਨੂੰ ਹੁਕਮਨਾਮਾ ਭੇਜ ਕੇ ਬੰਦੇ ਬਹਾਦਰ ਤੋਂ ਅਲਹਿਦਾ ਕਰਵਾ ਦਿਤਾ ਹੈ ਮਾਤਾ ਜੀ ਨੇ।

ਔ ਜੁ ਦਯੋ ਜਿਮ ਬੰਦੈ ਸ੍ਰਾਪ॥ ਔਰ ਜਿਵੇਂ ਬੰਦੇ ਬਹਾਦਰ ਨੂੰ ਮਾਤਾ ਜੀ ਨੇ ਸ੍ਰਾਪ ਦਿੱਤਾ ਹੈ।

ਤੇਊ ਗਯੋ ਬੰਦਜੋਂ ਪਰਤਾਪ॥੧॥ ਬੰਦੇ ਬਹਾਦਰ ਦਾ ਪ੍ਰਤਾਪ ਏਸੇ ਗੱਲ ਤੋਂ ਗਿਆ ਹੈ, ਕਿ ਮਾਤਾ ਜੀ ਦੀ ਰਜ਼ਾ ਵਿਚ ਨਹੀਂ ਰਹਿ ਸਕਿਆ। ਹੁਕਮ ਨਹੀਂ ਮੰਨ ਸਕਿਆ ਮਾਤਾ ਜੀ ਦਾ, ਮਾਤਾ ਜੀ ਨੇ ਸ੍ਰਾਪ ਦੇਕੇ ਬੰਦੇ ਬਹਾਦਰ ਦੀਆਂ ਸਾਰੀਆਂ ਕਲਾ ਦੂਰ ਕਰ ਦਿੱਤੀਆਂ ਹਨ। ੧।

ਭੇਜੋ ਔਰ ਪਤਿਸ਼ਾਹੀ ਫੌਜ॥ ਲਹੌਰ ਦੇ ਸੂਬੇ ਦੀ ਮਦਦ ਵਾਸਤੇ ਹੋਰ ਪਾਤਸ਼ਾਹੀ ਫੌਜ ਭੇਜੋ।

ਮਾਰੋ ਬੰਦੈ ਅਬ ਕਰੋ ਮੌਜ॥ ਹੁਣ ਬੰਦੇ ਬਹਾਦਰ ਨੂੰ ਮਾਰ ਕੇ ਸਦਾ ਵਾਸਤੇ ਮੌਜ ਕਰੋ।

ਬਜੀਰ ਕਹੀ ਕੋਊ ਭੇਜੋ ਸਿਆਣੇ॥ ਲਹੌਰ ਦੇ ਵਜੀਰ ਨੇ ਕਿਹਾ ਕਿ ਕੋਈ ਸਿਆਣੇ ਸਿਆਣੇ ਬੰਦੇ ਭੇਜੋ। ਬੰਦੇ ਬਹਾਦਰ ਅਤੇ ਖਾਲਸੇ ਪੰਥ ਨਾਲ ਅਲੱਗ ਅਲੱਗ ਸਲਾਹ ਮਸ਼ਵਰਾ ਕਰਨ ਵਾਸਤੇ।

ਕਰੈਂ ਜੋ ਛਲ ਬਲ ਮਤਲਬ ਪਛਾਣੇ॥੨॥ ਜਿਹੜਾ ਮਤਲਬ ਪਛਾਣੇ, ਆਪਣੇ ਮਤਲਬ ਵਾਸਤੇ ਬਲ ਛਲ ਕਰੇ, ਧੋਖਾ ਕਰੇ, ਜਿਹੜਾ ਬਹੁਤਾ ਧੋਖੇਬਾਜ ਹੋਵੇ, ਐਹੋ ਜਿਹਾ ਕੋਈ ਭੇਜੋ ਬੰਦੇ ਕੋਲ। ੨।

ਅਗੈ ਬੰਦੋ ਹੈ ਬੁਰੀ ਬਲਾਇ॥ ਅੱਗੇ ਬੰਦਾ ਬਹਾਦਰ ਬੜੀ ਬੁਰੀ ਬਲਾਏ ਹੈ, ਦੇਖਿਉ ਕਿਤੇ ਧੋਖਾ ਖਾ ਜਾਉ, ਕੋਈ ਸਿਆਣਾਂ ਬੰਦਾ ਭੇਜਿਉ।

ਲੜ ਕਰ ਫੌਜ ਨ ਲਜੋ ਮਰਵਾਇ॥ ਐਵੇਂ ਉਸਦੇ ਨਾਲ ਸਿੱਧੀ ਟੱਕਰ ਲੈ ਕੇ, ਲੜ ਮਰ ਕੇ ਫੌਜ ਨਾ ਮਰਵਾ ਲੈਣੀ ਆਪਣੀ।

ਸਿੰਘਨ ਸੋਂ ਭੀ ਤੁਟੇ ਨ ਜਾਈ॥ ਅਤੇ ਸਿੰਘਾਂ ਨਾਲ ਵੀ ਤੋੜ ਵਿਛੋੜੀ ਨਾ ਹੋਵੇ, ਇਹ ਵੀ ਖਿਆਲ ਰਖਣਾ।

ਸੱਚ ਝੂਠ ਸੋਂ ਕਰੈਂ ਸਿੰਘਨਿ ਧਿਜਾਈ॥੩॥ ਸੱਚ ਬੋਲੋ, ਝੂਠ ਬੋਲੋ, ਜਿਸ ਤਰ੍ਹਾਂ ਵੀ ਹੋ ਸਕੇ ਸਿੰਘਾਂ ਨੂੰ ਧਿਜਾ ਕੇ ਰੱਖੋ, ਆਪਣੇ ਨਾਲ ਰੱਖੋ। ੩।

ਅਗਜੋਂ ਬਿਗਰ ਸਿੰਘ ਜੇ ਪਾਂਹਿ॥ ਅੱਗੋਂ ਜੇ ਕਿਸੇ ਗੱਲੋਂ ਸਿੰਘ ਵਿਗੜ ਜਾਣ ਤਾਂ, ਕਿ ਅਸੀਂ ਨਹੀਂ ਇਹ ਗੱਲ ਮੰਨਦੇ

ਤੁਹਾਡੀ।

ਆਪ ਉਨੈ ਸੋ ਬਿਗਰੈ ਨਾਂਹਿ॥ ਉਹ ਬੇਸ਼ੱਕ ਵਿਗੜ ਜਾਣ ਪਰ ਤੁਸੀਂ ਨਾ ਵਿਗੜਨਾ, ਤੁਸੀਂ ਉਨ੍ਹਾਂ ਦੀ ਸਲਾਹ ਮਸ਼ਵਰੇ ਵਿੱਚ ਰਹਿਣਾ ਹੈ, ਬੇਸ਼ੱਕ ਤੁਹਾਨੂੰ ਘੂਰਨ, ਦਬਕਾਉਣ ਕੁਛ ਕਰਨ, ਇਉਂ ਬਾਦਸ਼ਾਹ ਨੇ ਹਦਾਇਤਾਂ ਕੀਤੀਆਂ ਹਨ।

ਦਿਉ ਟਕੇ ਔ ਰਖੋ ਉਨ ਪਾੜ॥ ਅਤੇ ਉਹਨਾਂ ਨੂੰ ਟਕੇ ਭੇਜਦੇ ਰਹੋ, ਮਾਮਲਾ ਦਿੰਦੇ ਰਹੋ, ਖਰਚਾ ਦਿੰਦੇ ਰਹੋ, ਬੰਦੇ ਨਾਲੋਂ ਉਨ੍ਹਾਂ ਨੂੰ ਪਾੜ ਕੇ ਰੱਖੋ, ਮੇਲ ਨਾਂ ਕਰਨ ਦਿਉ ਉਸਦੇ ਨਾਲ।

ਮਤ ਫਿਰ ਸਿੰਘ ਰਲੈਂ ਉਨ ਨਾਰ॥੪॥ ਸਿੰਘ ਉਸਦੇ ਨਾਲ ਫਿਰ ਰਲ ਜਾਣ ਤੇ ਫਿਰ ਉਹ ਗੁਰੂ ਦੀ ਬਲਾਅ ਖੜ੍ਹੀ ਹੋ ਜਾਵੇ।

ਦੋਹਰਾ॥ ਸੱਦਜੋ ਬਹੁਤ ਬਿਚਾਰਿ ਕੈ, ਕਸੂਰੀਆ ਹਿੰਮਤ ਖਾਨ॥ ਹਿੰਮਤ ਖਾਂ ਪਠਾਣ ਕਸੂਰ ਦੇ ਰਹਿਣ ਵਾਲਾ ਸੀ, ਇਹ ਬੜਾ ਚਲਾਕ ਅਤੇ ਬੜਾ ਸੂਝਵਾਨ ਸੀ, ਬੜਾ ਵਿਚਾਰ ਕੇ ਉਸਨੂੰ ਬੁਲਾਇਆ ਹੈ।

ਬੰਦੈ ਮਾਰਨ ਕੋ ਕਹਜੋ, ਕਰ ਲਖ ਕਸਮ ਕੁਰਾਨ॥੫॥ ਭਾਵੇਂ ਕੁਰਾਨ ਦੀਆਂ ਲੱਖਾਂ ਸੌਹਾਂ ਖਾਣੀਆਂ ਪੈਣ, ਕਿ ਤੂੰ ਜਿਵੇਂ ਵੀ ਹੋਵੇ ਬੰਦੇ ਨੂੰ ਕਾਬੂ ਕਰ, ਇਸ ਨੂੰ ਧਿਜਾ ਕੇ ਵਖਰਾ ਕਰ ਖਾਲਸੇ ਨਾਲੋਂ। ੫।

ਚੌਪਈ॥ ਫਰੁਖਸੀਅਰ ਉਸ ਯੌਂ ਸਮਝਾਯੋ॥ ਫਰੁਖਸੀਅਰ ਪਾਤਸ਼ਾਹ ਨੇ (ਉਸ) ਹਿੰਮਤ ਖਾਂ ਨੂੰ ਇਉਂ ਸਮਝਾਇਆ ਹੈ।

ਜਿਮ ਤਿਮ ਬੰਦੈ ਮਾਰ ਗਵਾਯੋ॥ ਜਿਵੇਂ ਕਿਵੇਂ ਵੀ ਹੋ ਸਕੇ ਬੰਦੇ ਬਹਾਦਰ ਨੂੰ ਜਾਨੋਂ ਮਾਰ ਮੁਕਾਉ, ਉਸ ਨੂੰ ਕਿਸੇ ਵੀ ਕੀਮਤ ਤੇ ਨਹੀਂ ਛਡਣਾ ਹੈ।

ਬਹੁ ਸਮਝਾਯੋ ਬਾਰਹ ਬਾਰ॥ ਹਿੰਮਤ ਖਾਨ ਨੂੰ ਵਾਰ ਵਾਰ ਬਹੁਤ ਹੀ ਸਮਝਾਇਆ ਹੈ, ਵੇਖੀਂ ਕਿਤੇ ਧੋਖਾ ਖਾ ਜਾਏਂ।

ਕਸਮ ਕਰਜੋ ਤੁਮ ਕਈ ਹਜ਼ਾਰ॥੬॥ ਕੁਰਾਨ ਦੀਆਂ ਹਜ਼ਾਰਾਂ ਕਸਮਾਂ ਖਾਣੀਆਂ ਪੈਣ ਤਾਂ ਖਾ ਲਵੀਂ ਕੋਈ ਪ੍ਰਵਾਹ ਨਾ ਕਰੀਂ, ਤੇਰਾ ਕੁਛ ਨਹੀਂ ਵਿਗੜਦਾ ਕਸਮਾਂ ਨਾਲ। ੬।

ਬਾਂਹਿ ਡੁਬਾਈਅਹਿ ਤੇਲਹ ਮਾਹਿ॥ ਤੇਲ ਵਿਚ ਬਾਂਹ ਡਬੋਈਏ ਆਪਣੀ, ਤੇਲ ਵਿੱਚ ਬਾਂਹ ਨੂੰ ਭਿਉਂ ਲਈਏ ਸਾਰੀ ਨੂੰ।

ਜਿਤਨੇ ਤਿਲ ਉਸ ਸੰਗ ਲਗਾਹਿ॥ ਫਿਰ ਤਿਲਾਂ ਦੀ ਭਰੀ ਹੋਈ ਬੋਰੀ ਵਿੱਚ ਜਾਂ ਤਿਲਾਂ ਦੇ ਢੇਰ ਵਿੱਚ, ਉਸ ਤੇਲ ਵਿੱਚ ਭਿੱਜੀ ਹੋਈ ਬਾਂਹ ਨੂੰ ਦੇ ਦੇਈਏ, ਜਿੰਨੇ ਤਿਲ ਉਸ ਬਾਂਹ ਨੂੰ ਲੱਗ ਜਾਣ।

ਇਤੀ ਕਸਮ ਕਰ ਹਿੰਦੂ ਮਰਈਏ॥ ਕਹਿੰਦੇ ਜੇ ਏਨੀਆਂ ਕਸਮਾਂ ਖਾ ਕੇ ਜੇ ਹਿੰਦੂ ਨੂੰ ਮਾਰ ਲਈਏ।

ਤੌ ਭੀ ਕਸਮਨ ਤੇ ਨ ਡਰਈਏ॥੭॥ ਫੇਰ ਵੀ ਕਸਮਾਂ ਖਾਣ ਤੋਂ ਨਾ ਡਰੀਏ। ੭।

ਹਿੰਦੂ ਕਸਮਨ ਪਰ ਜਾਵੈਂ ਭੁੱਲ॥ ਹਿੰਦੂ ਲੋਕ ਕਸਮਾਂ ਤੇ ਭੁੱਲ ਜਾਂਦੇ ਹਨ, ਸੌਂਹਾਂ ਦੇ ਉਤੇ ਵਿਸ਼ਵਾਸ ਕਰ ਲੈਂਦੇ ਹਨ। ਕਿਉਂਕਿ ਇਹ ਧਰਮ ਵਾਲੇ ਬੰਦੇ ਹਨ।

ਮਰੈਂ ਸ਼ਿਤਾਬ ਹਿੰਦੂ ਇਤ ਗੱਲ॥ ਕਸਮਾਂ ਤੇ ਇਤਬਾਰ ਕਰਕੇ ਇਸ ਗੱਲ ਤੇ ਹਿੰਦੂ ਛੇਤੀ ਮਰਦੇ ਹਨ।

ਸਿੰਘਨ ਪੈ ਭੀ ਵਕੀਲ ਘਲਾਯੋ॥ ਓਧਰ ਸਿੰਘਾਂ ਵੱਲ ਵੀ ਵਕੀਲ ਭੇਜਦੇ ਰਹਿਣਾ ਹੈ, ਇਹ ਵੀ ਨਾ ਹੋਵੇ ਕਿ ਖਾਲਸਾ ਵਿਗੜ ਜਾਵੇ ਕਿ ਹੁਣ ਨਹੀਂ ਤੁਰਕ ਸਾਡੇ ਪਾਸ ਆਉਂਦੇ ਸਾਡੇ ਪਾਸ ਛਿਆਨੀ ਭਰਨ ਵਾਸਤੇ, ਬਸ ਏਨਾ ਕੁ ਮਤਲਬ ਹੀ ਕੱਢਣਾ ਸੀ ਉਹਨਾਂ ਨੇ, ਤੇ ਸਿੰਘਾਂ ਪਾਸ ਵੀ ਤੁਰਕਾਂ ਦੇ ਬੰਦੇ ਆਉਂਦੇ ਜਾਂਦੇ ਰਹਿੰਦੇ ਹਨ।

ਦੇਨ ਲੈਨ ਕਰ ਉਨੈ ਧਿਜਾਯੋ॥੮॥ ਉਨ੍ਹਾਂ ਨਾਲ ਦੇਣ ਲੈਣ ਕਰਕੇ, ਦੱਸੋ ਜੀ ਹੋਰ ਕੀ ਸੇਵਾ ਕਰੀਏ, ਜੋ ਉਹ ਕਹਿਣ ਉਹ ਕਰਦੇ ਰਹਿਣਾ, ਮਾਇਆ ਦੀ ਕੋਈ ਪ੍ਰਵਾਹ ਨਹੀਂ ਹੈ ਖਜ਼ਾਨੇ ਵਿਚੋਂ ਦੇਈ ਜਾਉ ਉਹਨਾਂ ਨੂੰ, ਇਸ ਤਰ੍ਹਾਂ ਧਿਜਾ ਕੇ ਆਪਣੇ ਨਾਲ ਜੋੜੀ ਰੱਖੋ। ੮।

ਤੁਮ ਸਿਖ ਜਿਸਕੈ ਕਹਜੋ ਹਮ ਸਿੱਖ॥ ਜਿਸ ਗੁਰੂ ਨਾਨਕ ਦੇ ਤੁਸੀਂ ਸਿੱਖ ਹੋ, ਉਸੇ ਗੁਰੂ ਦੇ ਅਸੀਂ ਸਿਖ ਹਾਂ।

ਗੁਰ ਪਤਨੀ ਹਮ ਸੇਵੈਂ ਨਿੱਤ॥ (ਗੁਰਪਤਨੀ) ਗੁਰੂ ਕੇ ਮਹਿਲ ਮਾਤਾ ਸਾਹਿਬ ਦੇਵਾਂ ਜੀ ਦਿੱਲੀ ਰਹਿੰਦੇ ਹਨ, ਸਾਡਾ ਬਾਦਸ਼ਾਹ ਰੋਜ਼ ਉਹਨਾਂ ਦੀ ਪੂਜਾ ਕਰਦਾ ਹੈ, ਰੋਜ਼ਾਨਾ ਉਹਨਾਂ ਦੀ ਟਹਿਲ ਸੇਵਾ ਵਿੱਚ ਸਾਡਾ ਬਾਦਸ਼ਾਹ ਹਾਜਰ ਰਹਿੰਦਾ ਹੈ।

ਤਿਸ ਕੌ ਹਮ ਅਬ ਦੇ ਬਡ ਦੇਸ਼॥ ਉਹਨਾਂ ਨੂੰ ਹੁਣ ਅਸੀਂ ਬੜਾ ਵੱਡਾ ਦੇਸ਼ ਦੇ ਦੇਣਾ ਹੈ।

ਰਹਜੋ ਸੁਖਾਲੇ ਕਰ ਗੁਰ ਭੇਸ॥੯॥ ਗੁਰੂ ਕੀ ਮੁਯਾਦਾ ਵਿੱਚ, ਉਸੇ ਤਰ੍ਹਾਂ ਗੁਰੂ ਕੇ (ਭੇਸ) ਲਿਬਾਸ, ਬਾਣੇ ਵਿੱਚ ਰਹੋ, ਤੇ ਸੌਖੇ ਰਹੋ ਸਦਾ ਹੀ। ੯।

ਦੋਹਰਾ॥ ਐਸੀ ਐਸੀ ਬਾਤ ਦਸ, ਭੇਜਜੋ ਤਰਫ ਲਹੌਰ॥ ਐਸੀਆਂ ਐਸੀਆਂ ਗੱਲਾਂ ਰਾਜਨੀਤੀ ਦੀਆਂ ਹਿੰਮਤ ਖਾਂ ਪਠਾਣ ਨੂੰ ਫਰੁਖਸੀਅਰ ਨੇ ਸਮਝਾ ਕੇ ਲਹੌਰ ਨੂੰ ਭੇਜ ਦਿੱਤਾ ਹੈ।

ਸੋਊ ਜੁਗਤਿ ਤਿਨ ਆ ਕਰੀ, ਕਹੂੰ ਸੁ ਆਗੈ ਤੌਰ॥੧੦॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਅੱਗੇ ਇਤਿਹਾਸ ਵਿੱਚ ਮੈਂ ਉਹ ਸਾਰੀ ਗੱਲ ਦੱਸਾਂਗਾ, ਜਿਸ ਜਿਸ ਢੰਗ ਨਾਲ ਹਿੰਮਤ ਖਾਂ ਪਠਾਣ ਕਸੂਰੀਏ ਨੇ ਆ ਕੇ ਬੰਦੇ ਬਹਾਦਰ ਨੂੰ ਘੇਰੇ ਵਿੱਚ ਲੈ ਲਿਆ ਹੈ। ੧੦।

ਚੌਪਈ॥ ਪ੍ਰਿਥਮ ਸਿੰਘਨ ਕੌ ਦਯੋ ਦਿਲਾਸਾ॥ ਪਹਿਲਾਂ ਤਾਂ ਸਿੰਘਾਂ ਨੂੰ ਦਿਲਾਸਾ ਦਿੱਤਾ ਹੈ।

ਭੇਜਜੋ ਸਿੰਘਨ ਪੈ ਵਕੀਲ ਕਰ ਖਾਸਾ॥ ਖਾਸ ਵਕੀਲ ਕਰਕੇ ਸਿੰਘਾਂ ਦੇ ਕੋਲ ਘੱਲੇ ਹਨ।

ਤੁਮ ਹਮ ਤੇ ਅਬ ਰੋਜ ਬੰਧਾਯੋ॥ ਤੁਸੀਂ ਸਾਥੋਂ ਰੋਜ਼ ਦਾ ਬੰਧਾਨ ਬੰਨ੍ਹ ਲਵੋ, ਕਿੰਨਾ ਖਰਚਾ ਹੈ ਤੁਹਾਡਾ, ਰੋਜ਼ ਅਸੀਂ ਹਾਜ਼ਰ ਕਰਾਂਗੇ।

ਬੈਠ ਅੰਮ੍ਰਿਤਸਰ ਸੁਖ ਸੋਂ ਖਾਯੋ॥੧੧॥ ਸਿੰਘਾਂ ਨੂੰ ਜੰਗਾਂ ਜੁੱਧਾਂ ਵਿੱਚ ਬੜੇ ਥਕੇਵੇਂ ਹੋਏ ਨੇ, ਕਿਉਂ ਐਵੇਂ ਤਕਲੀਫ ਬੜੀ ਕੱਟੀ ਹੈ ਖਾਲਸਾ ਜੀ! ਹੁਣ ਆਪਾਂ ਅਮਨ ਨਾਲ ਰਹੀਏ, ਦੇਸ਼ ਵਸਾ ਲਈਏ, ਸ੍ਰੀ ਅੰਮ੍ਰਿਤਸਰ ਜੀ ਬੈਠ ਕੇ ਸੁਖ ਦੇ ਨਾਲ ਛਕੋ ਛਕਾਉ। ਤੁਸੀਂ ਵੀ ਮੌਜ ਕਰੋ ਅਸੀਂ ਵੀ ਮੌਜ ਕਰੀਏ। ੧੧।

ਆਪ ਦੁੱਖ ਕਿਮ ਹਮੈਂ ਦੁਖਾਯੋ॥ ਕੀ ਲੋੜ ਹੈ ਤੁਸੀਂ ਆਪ ਵੀ ਕਿਵੇਂ ਦੁਖੀ ਹੁੰਦੇ ਹੋ ਤੇ ਸਾਨੂੰ ਦੁੱਖ ਦਿੰਦੇ ਹੋ, ਛੱਡੋ ਇਸ ਪਿਛਲੀ ਗੱਲ ਨੂੰ।

ਮੁਲਕ ਚਹੌ ਤੌ ਮੁਲਕ ਦਿਵਾਯੋ॥ ਦਿਲਾਸੇ ਦਿੰਦੇ ਹਨ ਤੱਤ ਖਾਲਸੇ ਨੂੰ, ਜੇ ਤੁਸੀਂ ਮੁਲਕ ਕਹਿੰਦੇ ਹੋ, ਅਸੀਂ ਪਾਤਸ਼ਾਹ ਨੂੰ ਕਹਿੰਦੇ ਹਾਂ ਜਾ ਕੇ ਜਿੰਨਾਂ ਮੁਲਕ ਚਾਂਹੋ, ਉਤਨਾ ਮੁਲਕ ਦਿਵਾ ਦਿੰਦੇ ਹਾਂ।

ਖੇਤੀ ਕਰੋ ਸੁ ਮਾਫ ਲਿਖਾਯੋ॥ ਤੁਸੀਂ ਖੇਤੀ ਕਰੋ, ਖੇਤੀ ਦਾ ਮਾਮਲਾ ਮੁਆਫ ਕਰਕੇ ਲਿਖਵਾ ਕੇ ਲਿਆ ਦਿੰਦੇ ਹਾਂ।

ਬਣਜ ਕਰੈ ਤਿਸ ਜ਼ਕਾਤ ਮਾਫ ਕਰਾਯੋ॥੧੨॥ ਜਿਹੜੇ ਸਿੰਘ (ਬਣਜ) ਵਪਾਰ ਕਰਨ ਉਸਦੇ ਤੇ ਜਿਹੜਾ ਮਸੂਲ ਲੱਗਦਾ ਹੈ, ਉਹ ਅਸੀਂ ਸਰਕਾਰੀ ਤੌਰ ਤੇ ਮੁਆਫ ਕਰ ਦਿੰਦੇ ਹਾਂ, ਸਿੰਘਾਂ ਨੂੰ ਕੋਈ ਮਸੂਲ ਨਹੀਂ ਲੱਗੇਗਾ, ਜਿਹੋ ਜਿਹਾ ਮਰਜ਼ੀ ਵਪਾਰ ਕਰੋ। ੧੨।

ਚਿਤੈਂ ਜਿਮ ਤੁਰਕ ਛਲ ਬਲ ਕਰੈਂ॥ (ਚਿਤੈਂ) ਚਿਤਰੇ, ਬਾਘ ਦੀ ਤਰ੍ਹਾਂ ਤੁਰਕ (ਛਲ) ਧੋਖਾ ਅਤੇ (ਬਲ) ਸ਼ਕਤੀ ਦਾ ਪ੍ਰਯੋਗ ਕਰਨਾ ਚਾਹੁੰਦੇ ਹਨ। ਕਿ ਏਧਰ ਖਾਲਸਾ ਟਿਕਿਆ ਰਹੇ, ਉਧਰ ਬੰਦਈ ਟਿਕੇ ਰਹਿਣ, ਅਸੀਂ ਆਪਣਾ ਕੰਮ ਕੱਢੀ ਰੱਖੀਏ।

ਮ੍ਰਿਗ ਜਿਮ ਸਿੰਘਨ ਸੋਂ ਚਾਂਹ ਫਰੈ॥ ਜਿਵੇਂ (ਮ੍ਰਿਗ) ਹਿਰਨ ਨੂੰ ਵਿਸਾਹ ਕੇ, ਮੌਕੇ ਤੇ ਸ਼ਿਕਾਰੀ ਲੁਕ ਕੇ ਬੈਠੇ ਹੁੰਦੇ ਹਨ ਅਤੇ ਮ੍ਰਿਗਾਂ ਨੂੰ ਘੇਰ ਘੇਰ ਕੇ ਲਿਆਉਂਦੇ ਨੇ, ਜਦੋਂ ਨੇੜੇ ਆਉਂਦੇ ਹਨ ਉਦੋਂ ਸ਼ਿਕਾਰ ਕਰ ਲੈਂਦੇ ਹਨ। ਇਉਂ

ਸਿੰਘਾਂ ਨੂੰ ਘੇਰ ਕੇ ਫੜਨਾ ਚਾਹੁੰਦੇ ਹਨ ਤੁਰਕ।

ਸਿੰਘ ਕਹੈਂ ਅਸੀਂ ਆਪੇ ਸ਼ੇਰ॥ ਸਿੰਘ ਕਹਿੰਦੇ ਹਨ ਅਸੀਂ ਤਾਂ ਗੁਰੂ ਕਿਰਪਾ ਨਾਲ ਆਪ ਹੀ ਸ਼ੇਰ ਹਾਂ, ਸਾਨੂੰ ਕਿਸੇ ਦਾ ਕੋਈ ਡਰ ਨਹੀਂ ਹੈ।

ਤੁਰਕਨ ਲਗ ਹੋਂਹਿ ਨ ਘੇਰ॥੧੩॥ ਸਿੰਘ ਹੋਸ਼ਿਆਰ ਨੇ, ਤੁਰਕਾਂ ਦੇ ਦਿਲਾਸੇ ਵਿੱਚ ਨਹੀਂ ਆਉਂਦੇ, ਆਪਣੀ ਗੱਲ ਨੂੰ ਸਿੱਧੀ ਰੱਖਦੇ ਹਨ ਸਿੰਘ ਕਹਿੰਦੇ ਤੁਰਕਾਂ ਦੇ ਪਿਛੇ ਲੱਗ ਅਸੀਂ ਘੇਰੇ ਵਿੱਚ ਨਹੀਂ ਆਉਂਦੇ ਹਾਂ। ੧੩।

ਟਕੇ ਦਏਂ ਤੋ ਲੇ ਭੀ ਲੇਇ॥ ਤੁਰਕ ਖਾਲਸੇ ਦੀ ਹਾਜ਼ਰੀ ਭਰਦੇ ਹਨ ਜੇ ਉਹ (ਟਕੇ) ਮਾਮਲਾ ਦਿੰਦੇ ਹਨ ਤਾਂ ਖਾਲਸਾ ਉਹ ਵੀ ਲੈ ਲੈਂਦਾ ਹੈ।

ਇਕ ਥਾਂ ਡੇਰਾ ਤਉ ਨ ਕਰੇਇ॥ ਬੰਦੇ ਬਹਾਦਰ ਨੂੰ ਤਾਂ ਕਿਲ੍ਹੇ ਵਿਚ ਘੇਰ ਕੇ ਬਿਠਾ ਲਿਆ ਹੈ। ਤੱਤ ਖਾਲਸਾ ਇੱਕ ਥਾਂ ਡੇਰਾ ਨਹੀਂ ਕਰਦਾ ਹੈ, ਤੁਰਕਾਂ ਦਾ ਵਿਸਾਹ ਨਹੀਂ ਕਰਦਾ ਖਾਲਸਾ ਪੰਥ।

ਸਿੰਘ ਨਿਤ ਡੇਰਾ ਕੂਚ ਰਖਾਂਹ॥ ਖਾਲਸੇ ਪੰਥ ਦਾ ਡੇਰਾ ਕੂਚ ਨਿੱਤ ਕੂਚ ਦਾ ਕੂਚ ਰਹਿੰਦਾ ਹੈ, ਰੋਜ਼ ਹੀ ਖਾਲਸੇ ਦਾ ਚਾਲਾ ਰਹਿੰਦਾ ਹੈ, ਕਦੀ ਏਸ ਪਿੰਡ ਔਸ ਗੁਰਦੁਆਰੇ, ਕਦੀ ਅਨੰਦਪੁਰ ਸਾਹਿਬ ਕਦੀ ਮੁਕਤਸਰ ਨੂੰ ਇਉਂ ਖਾਲਸੇ ਦਾ ਚਾਲਾ ਰਹਿੰਦਾ ਹੈ ਜੋੜ ਮੇਲੇ ਮਨਾਉਣ ਵਿੱਚ।

ਇਮ ਕਰ ਤੁਰਕਨ ਹੱਥ ਨ ਆਂਹ॥੧੪॥ ਸਿੰਘਾਂ ਦਾ ਮਤਲਬ ਹੈ ਅਸੀਂ ਤੁਰਕਾਂ ਦੇ ਹੱਥ ਨਹੀਂ ਆਉਣਾ ਹੈ, ਜੇ ਤੁਰਕ ਸਾਨੂੰ ਕਿਤੇ ਘੇਰੇ ਵਿੱਚ ਵਿਸਾਹ ਕੇ ਫੜਨਾ ਚਾਹੁਣ ਤਾਂ ਖਾਲਸਾ ਵਿਸਾਹ ਨਹੀਂ ਕਰਦਾ ਤੁਰਕਾਂ ਦਾ। ਇਉਂ ਖਾਲਸਾ ਚਕ੍ਰਵਰਤੀ ਰਹਿੰਦਾ ਹੈ। ਇਸ ਤਰ੍ਹਾਂ ਸਿੰਘ ਤੁਰਕਾਂ ਦੇ ਹੱਥ ਨਹੀਂ ਆਉਂਦੇ ਹਨ। ੧੪।

ਦੋਹਰਾ॥ ਸਿੰਘਨ ਕੌ ਉਨ ਜੋਹਿ ਕੈ, ਸਿਖ ਲਯੋ ਬੰਦਈ ਬੁਲਾਇ॥ ਜਦੋਂ ਇਸ ਤਰ੍ਹਾਂ ਉਹਨਾਂ ਨੇ ਜੋਹ ਲਿਆ ਹੈ ਕਿ ਇਹ ਨਹੀਂ ਵਿਸਾਹ ਖਾਂਦੇ, ਇਹ ਸਾਡੇ ਦਾਉ ਵਿਚ ਨਹੀਂ ਆਉਣਗੇ। ਤਾਂ ਉਹਨਾਂ ਨੇ ਬੰਦਈਆਂ ਦੇ ਬੰਦੇ ਬੁਲਾ ਲਏ ਕਿ ਤੁਸੀਂ ਆਉ ਤੁਹਾਡੇ ਨਾਲ ਗੱਲ ਕਰੀਏ।

ਦੇ ਲਾਲਚ ਕਿਛ ਤਾਸ ਕੌ, ਸੋ ਲੀਨੋ ਭਰਮਾਇ॥੧੫॥ ਅਤੇ ਉਨ੍ਹਾਂ ਨੂੰ ਬਹੁਤ ਸਾਰੇ ਰੁਪਏ ਦਾ ਲਾਲਚ ਦੇ ਕੇ ਉਹਨਾਂ ਨੂੰ ਭਰਮਾ ਲਿਆ ਹੈ। ਬੰਦਾ ਬਹਾਦਰ ਧਨ ਦੌਲਤ ਦੇ ਲਾਲਚ ਵਿੱਚ ਆ ਕੇ ਉਦੋਂ ਹੀ ਪੰਘਰ ਗਿਆ ਹੈ ਕਿ ਮੇਰੀ ਖੁਸ਼ਾਮਦ ਕਰਦੇ ਹਨ, ਅਗੋਂ ਮੈਨੂੰ ਮਾਮਲੇ ਹਾਜਰ ਕਰਦੇ ਨੇ ਆ ਕੇ। ੧੫।

ਚੌਪਈ॥ ਤੁਰਕਨ ਬੰਦੇ ਪੈ ਘਲੇ ਵਕੀਲ॥ ਹੁਣ ਤੁਰਕਾਂ ਨੇ ਆਪਣੇ ਵਕੀਲ ਬੰਦੇ ਦੇ ਪਾਸ ਭੇਜੇ ਹਨ।

ਤੁਮਰੇ ਹੈਂ ਏਹ ਸਿੰਘ ਬਖੀਲ॥ ਉਹਨਾਂ ਨੇ ਜਾ ਕੇ ਸਿੰਘਾਂ ਦੀ ਚੁਗਲੀ ਕੀਤੀ ਕਿ ਅਸੀਂ ਗਏ ਸਾਂ ਉਥੇ ਤੱਤ ਖਾਲਸੇ ਦੇ ਪਾਸ, ਉਹ ਤਾਂ ਤੇਰੀ ਬੜੀ ਬਖੀਲੀ ਕਰਦੇ ਨੇ।

ਤੁਮ ਇਨਕੀ ਕਿਮ ਮਿੰਨਤ ਕਰੋ॥ ਤੁਸੀਂ ਇਨ੍ਹਾਂ ਦੀ ਕਿਵੇਂ ਮਿੰਨਤ ਕਰਦੇ ਹੋ।

ਤੁਰਕਨ ਤੇ ਅਬ ਤੁਮ ਕਿਮ ਡਰੋ? ॥੧੬॥ ਤੁਰਕਾਂ ਤੋਂ ਹੁਣ ਤੁਸੀਂ ਕਿਸ ਤਰ੍ਹਾਂ ਡਰਦੇ ਹੋ ਜਦੋਂ ਅਸੀਂ ਤੁਹਾਡੇ ਹੋ ਗਏ ਹਾਂ, ਤੁਹਾਡੇ ਅਨੁਸਾਰ ਹੋ ਗਏ ਹਾਂ, ਤੁਸੀਂ ਡਰੋ ਨਾ ਸਾਡੇ ਕੋਲੋਂ। ੧੬।

ਸਿੰਘਨ ਕੇ ਤੈਂ ਕੰਮ ਸਵਾਰੇ॥ ਦੇਖੋ ਨਾ ਬਾਬਾ ਜੀ! ਤੁਸੀਂ ਸਿੰਘਾਂ ਦੇ ਕਿੰਨੇ ਕੰਮ ਸਵਾਰੇ ਹਨ, ਸਾਹਿਬਜ਼ਾਦਿਆਂ ਦੇ ਵੈਰ ਲੈ ਕੇ ਦਿੱਤੇ ਨੇ, ਇਹਨਾਂ ਨੂੰ ਕੋਈ ਖਲੋਣ ਨਹੀਂ ਸੀ ਦਿੰਦਾ, ਤੁਸਾਂ ਆ ਕੇ ਇਹਨਾਂ ਦਾ ਰੋਅਬ ਦਾਬ ਬਣਾਇਆ ਹੈ, ਇਹਨਾਂ ਨੂੰ ਰਾਜਧਾਨੀਆਂ ਸੌਂਪੀਆਂ ਨੇ, ਇਲਾਕੇ ਮੱਲ ਕੇ ਦਿੱਤੇ ਹਨ, ਇਉਂ ਭਰਮਾਉਂਦੇ ਹਨ ਬੰਦੇ ਬਹਾਦਰ ਨੂੰ।

ਸਿੰਘ ਚਹੈਂ ਅਬ ਤੁਮ ਦੀਏ ਮਾਰੇ॥ ਵੇਖੋ ਅਸੀਂ ਸੁਣਕੇ ਆਏ ਹਾਂ, ਸਿੰਘ ਕਹਿੰਦੇ ਹਨ ਅਸੀਂ ਬੰਦੇ ਬਹਾਦਰ ਨੂੰ ਛੱਡਣਾ ਹੀ ਨਹੀਂ ਹੈ, ਅਸੀਂ ਉਸਨੂੰ ਮਾਰ ਦੇਣਾ ਹੈ, ਉਹ ਤੁਹਾਨੂੰ ਮਾਰ ਦੇਣਾ ਚਾਹੁੰਦੇ ਹਨ। ਹਾਲਾਂ ਕਿ ਸਿੰਘਾਂ ਨੇ ਕੋਈ

ਵਿਚਾਰ ਨਹੀਂ ਕੀਤੀ ਹੈ, ਲੇਕਨ ਦੁਸ਼ਮਣਾਂ ਨੇ ਇਹ ਗੱਲ ਉਸਦੇ ਕੰਨੀ ਪਾਈ ਹੈ ਜਾ ਕੇ।

ਹਮ ਤੁਮ ਹੋਵਨ ਆਏ ਦਾਸ॥ ਅਸੀਂ ਤਾਂ ਤੁਹਾਡੇ ਮੁਰੀਦ ਬਣਨ ਵਾਸਤੇ ਆਏ ਹਾਂ, ਤੁਹਾਡੇ ਸੇਵਕ ਹੋਣ ਵਾਸਤੇ ਆਏ ਹਾਂ।

ਲੈ ਕੇ ਟਕੇ ਆਵੈਂ ਤੁਹਿ ਪਾਸ॥੧੭॥ ਇਸ ਕਰਕੇ ਅਸੀਂ ਆਏ ਹਾਂ ਪਤਾ ਕਰਨ ਵਾਸਤੇ, ਜੇ ਤੁਸੀਂ ਪ੍ਰਵਾਨ ਕਰ ਲਵੋ, ਸਾਨੂੰ ਆਪਣੇ ਸੇਵਕ ਬਣਾ ਲਵੋ, ਤਾਂ ਅਸੀਂ ਬਹੁਤ ਸਾਰੇ ਸ਼ਾਹੀ (ਟਕੇ) ਮਾਮਲੇ ਲਿਆ ਕੇ ਤੁਹਾਡੇ ਅੱਗੇ ਹਾਜ਼ਰ ਕਰੀਏ, ਭੇਟਾ ਕਰੀਏ। ੧੭।

ਯੌ ਬੰਦੇ ਕੌ ਬਾਤਨ ਲਾਯਾ॥ ਹਿੰਮਤ ਖਾਨ ਕਸੂਰੀਆ ਸੀ ਪਠਾਣ ਬੜਾ ਹੀ ਚਲਾਕ ਸੀ, ਝੂਠ ਬੋਲਣ ਵਿੱਚ ਸਭ ਤੋਂ ਨੰਬਰ ਸੀ ਉਸਦੀ ਡਿਊਟੀ ਲਾ ਦਿੱਤੀ ਹੈ ਸੈਂਟਰ ਸਰਕਾਰ ਨੇ, ਮੁਗਲਾਂ ਨੇ ਕਿ ਜਾਹ ਤੂੰ ਜਿਵੇਂ ਕਿਵੇਂ ਹੁੰਦਾ ਬੰਦੇ ਬਹਾਦਰ ਤੇ ਤੱਤ ਖਾਲਸੇ ਨੂੰ ਆਪਸ ਵਿੱਚ ਪਾੜ ਦੇ ਤੇ ਭਰਮਾ ਲੈ ਉਹਨਾਂ ਨੂੰ ਇਉਂ ਬੰਦੇ ਬਹਾਦਰ ਨੂੰ ਗੱਲੀਂ ਲਾ ਲਿਆ ਹੈ।

ਲਾਖ ਟਕਾ ਉਨ ਦੇਨ ਠਹਰਾਯਾ॥ ਲਉ ਜੀ ਬੋਲੋ ਕਿੰਨਾ ਕੁ, ਉਸਨੇ ਆਖਿਆ ਲੱਖ ਤੋਂ ਘੱਟ ਨਹੀਂ ਗੱਲ ਬਣਦੀ, ਤੁਰਕਾਂ ਨੇ ਕਿਹਾ ਇੱਕ ਲੱਖ ਅਸੀਂ ਤੁਹਾਡੀ ਭੇਟਾ ਕਰਾਂਗੇ, ਫੇਰ ਤਾਂ ਸਾਨੂੰ ਮੁਰੀਦ ਬਣਾ ਲਵੋਗੇ ਨਾ? ਫੇਰ ਤਾਂ ਸਾਨੂੰ ਆਪਣੇ ਸੇਵਕ ਬਣਾ ਲਵੋਗੇ? ਬੰਦੇ ਨੂੰ ਲੱਖ ਟਕਾ ਦੇਣਾ ਠਹਿਰਾ ਲਿਆ ਹੈ ਤੁਰਕਾਂ ਨੇ।

ਮੁਰੀਦ ਹੋਨ ਤੁਮ ਨਿਬਾਬ ਚਹੈ ਆਯਾ॥ ਸਾਡਾ ਜੋ ਲਹੌਰ ਦਾ ਨਬਾਬ ਹੈ ਉਹ ਤੁਹਾਡਾ ਮੁਰੀਦ ਹੋਣ ਵਾਸਤੇ ਤੁਹਾਡੇ ਪਾਸ ਆਉਣਾ ਚਾਹੁੰਦਾ ਹੈ।

ਇਮ ਕਰ ਤੁਰਕਨ ਲਜੋ ਪ੍ਰਚਾਯਾ॥੧੮॥ ਇਸ ਤਰ੍ਹਾਂ ਕਰਕੇ ਤੁਰਕਾਂ ਨੇ ਬੰਦੇ ਬਹਾਦਰ ਨੂੰ (ਪ੍ਰਚਾਯਾ) ਪੁਚਕਾਰ ਲਿਆ ਹੈ। ੧੮।

ਕਈ ਹਜ਼ਾਰ ਦਏ ਟਕੇ ਘਲਾਇ॥ ਅਤੇ ਇਸ ਕਰਕੇ ਲੱਖ ਤਾਂ ਅਜੇ ਭੇਜਿਆ ਨਹੀਂ ਹੈ ਉਹਨਾਂ ਨੇ, ਕਈ ਹਜ਼ਾਰ ਭਾਵ ਵੀਹ ਪੱਚੀ ਹਜ਼ਾਰ ਟਕਾ ਇਸਨੂੰ ਭੇਜ ਦਿੱਤਾ ਹੈ।

ਬੰਦੌ ਲੀਨੌ ਬਾਉਲੀ ਲਾਇ॥ ਬੰਦੇ ਬਹਾਦਰ ਨੂੰ (ਬਾਉਲੀ) ਬਉਲਾ ਕਰ ਲਿਆ ਹੈ, ਆਪਣੇ ਮਗਰ ਲਾ ਲਿਆ ਹੈ, ਸੋਚ ਵਿਚਾਰ ਇਸਦੀ ਜਾਂਦੀ ਰਹੀ ਹੈ।

ਬੰਦੇ ਕੀ ਅਬ ਅਕਲ ਬਿਕਾਈ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹੁਣ ਬੰਦੇ ਬਹਾਦਰ ਨੇ ਅਕਲ ਵੇਚ ਦਿੱਤੀ ਹੈ ਬਜ਼ਾਰ ਵਿੱਚ, ਅਕਲ ਗੁਲਾਮ ਹੋ ਗਈ ਹੈ, ਇਸਦਾ ਦਿਮਾਗ ਕੰਮ ਕਰਨੋਂ ਹਟ ਗਿਆ ਹੈ॥

ਜਬ ਤੈ ਮਾਤਾ ਦਈ ਗਵਾਈ॥੧੯॥ ਕਾਰਨ ਕੀ ਬਣਿਆ ਹੈ? ਜਿਸਤੋਂ ਮਾਤਾ ਜੀ ਨੇ ਇਹਦੀ ਕਲਾ ਗਵਾ ਦਿੱਤੀ ਹੈ। ਉਹਨਾਂ ਨੇ ਗੁਰੂ ਨਾਨਕ ਸਾਹਿਬ ਜੀ ਦੇ ਦਰਬਾਰ ਵਿਚ ਬੇਨਤੀ ਕਰ ਦਿੱਤੀ ਹੈ। ਸੱਚੇ ਪਾਤਸ਼ਾਹ ਇਹ ਤੇਰੇ ਘਰ ਦੀ ਤੇਰੀ ਮੋਹਰ ਨੂੰ ਨਹੀਂ ਮੰਨ ਰਿਹਾ ਹੈ, ਸਾਹਿਬ ਜੀ ਨੇ ਮੋਹਰ ਦਿੱਤੀ ਸੀ ਮਾਤਾ ਜੀ ਨੂੰ, ਉਹ ਮੋਹਰ ਲਾ ਕੇ ਦਿੱਤੀ ਸੀ, ਕਿ ਸਤਿਗੁਰਾਂ ਦੀ ਮੋਹਰ ਹੈ, ਸਤਿਗੁਰਾਂ ਦਾ ਹੁਕਮ ਹੈ, ਕਿ ਤੂੰ ਮੰਨ ਜਾ ਤੇ ਟਿਕ ਕੇ ਬਹਿ ਜਾ। ਖਾਲਸੇ ਨੂੰ ਤੰਗ ਨਾ ਕਰ, ਖਾਲਸੇ ਨੂੰ ਵਖਰਾ ਨਾ ਕਰ, ਇਹਨਾਂ ਨਾਲੋਂ ਵਖਰਾ ਨਾ ਹੋ। ਤੂ ਮੰਨ ਜਾ ਇਹ ਗੱਲ, ਸੋ ਇਸਨੇ ਨਾ ਮੰਨੀ। ਇਤਿਹਾਸ ਗੱਲ ਇਹ ਕਰਦਾ ਹੈ ਕਿ ਓਸ ਦਿਨ ਤੋਂ ਇਸਦੀ ਅਕਲ ਹੀ ਜਾਂਦੀ ਰਹੀ ਹੈ, ਜਿਸ ਦਿਨ ਤੋਂ ਇਸਨੇ ਮਾਤਾ ਜੀ ਦੀ ਆਗਿਆ ਦਾ ਉਲੰਘਣ ਕਰ ਦਿੱਤਾ ਹੈ। ੧੯।

ਦੋਹਰਾ॥ ਆਮ ਭੇਦ ਮਾਲੂਮ ਕਰ, ਪਰਤੇ ਤੁਰਤ ਵਜੀਰ॥ ਜੋ ਲਾਹੌਰ ਤੋਂ ਵਜ਼ੀਰ ਭੇਜੇ ਸਨ, ਉਹਨਾਂ ਨੇ ਬੰਦੇ ਬਹਾਦਰ ਦਾ ਸਾਰਾ ਭੇਦ ਮਲੂਮ ਕਰ ਲਿਆ ਕਿ ਬੰਦਾ ਤਾਂ ਲਾਲਚੀ ਹੈ। ਇਸਦਾ ਦਿਮਾਗ ਕੋਈ ਐਨਾ ਕੰਮ ਨਹੀਂ ਕਰਦਾ ਹੈ, ਇਹ ਕੋਈ ਖਾਸ ਜਰਨੈਲ ਨਹੀਂ ਹੈ, ਇਸਨੂੰ ਕੋਈ ਸੋਝੀ ਨਹੀਂ ਹੈ, ਸਾਰੀ ਗੱਲ ਸਮਝ ਕੇ ਤੁਰਤ ਲਹੌਰ ਨੂੰ ਮੁੜੇ ਹਨ।

ਵਜੀਰ ਵਕੀਲ ਤਬ ਭੇਜਿਆ, ਲਿਖ ਸਭ ਹੀ ਤਤਬੀਰ॥੨੦॥ ਤਾਂ ਵਜ਼ੀਰ ਨੇ ਵਕੀਲ ਭੇਜਿਆ ਹੈ ਸਾਰਾ ਤਰੀਕਾ ਲਿਖ ਕੇ ਕਿ ਅਸੀਂ ਇਹ ਤਰੀਕਾ ਸਮਝ ਕੇ ਆਏ ਹਾਂ, ਕਿ ਬੰਦਾ ਬਹਾਦਰ ਐਨੀ ਕੁ ਅਕਲ ਦਾ ਮਾਲਕ ਹੈ, ਇਹ ਖਾਸ ਇਸਦੀ ਕੋਈ ਅਕਲ ਕੰਮ ਨਹੀਂ ਕਰ ਰਹੀ ਹੈ। ੨੦।

ਚੌਪਈ॥ ਮੁੜ ਸੋ ਵਕੀਲ ਲਹੌਰਹਿ ਆਏ॥ ਉਹ ਵਕੀਲ ਮੁੜ ਕੇ ਲਹੌਰ ਆ ਗਏ ਹਨ।

ਦੋਊ ਵੱਲ ਕੋ ਭੇਦ ਬਤਾਏ॥ ਬੰਦੇ ਬਹਾਦਰ ਦੇ ਚੇਲਿਆਂ ਦਾ ਤੇ ਤੱਤ ਖਾਲਸੇ ਦਾ ਦੋਹਾਂ ਤਰਫਾਂ ਦਾ ਸਾਰਾ ਭੇਤ ਦੱਸਿਆ ਹੈ।

ਨਿਬਾਬ ਕਹਜੋ ਅਬ ਬੰਦੇ ਮਾਰੋ॥ ਲਹੌਰ ਦੇ ਨਬਾਬ ਨੇ ਸਭ ਫੌਜਦਾਰਾਂ ਨੂੰ ਹੁਕਮ ਕੀਤਾ ਹੈ ਕਿ ਸਭ ਤੋਂ ਪਹਿਲਾਂ ਹੁਣ ਬੰਦੇ ਬਹਾਦਰ ਨੂੰ ਮਾਰੋ।

ਉਸ ਬਿਨ ਸਿੰਘ ਆਪ ਹੋਂਹਿ ਖ਼ੁਆਰੋ॥੨੧॥ ਜਦੋਂ ਬੰਦਾ ਬਹਾਦਰ ਮਾਰ ਲਿਆ ਅਸੀਂ, ਉਸ ਤੋਂ ਬਿਨਾਂ ਫਿਰ ਪੰਥ ਖ਼ੁਆਰ ਹੋ ਜਾਏਗਾ ਉਸਦੀ ਤਾਕਤ ਇਹਨਾਂ ਨਾਲੋਂ ਟੁੱਟ ਜਾਇਗੀ, ਫਿਰ ਸਿੰਘਾਂ ਨੂੰ ਮਾਰਨਾ ਸੌਖਾ ਹੋ ਜਾਇਗਾ ਸਾਨੂੰ। ੨੧।

ਬੰਦੈ ਊਪਰ ਕਰੀ ਚੜ੍ਹਾਈ॥ ਬੰਦੇ ਬਹਾਦਰ ਉੱਪਰ ਤੁਰਕਾਂ ਨੇ ਚੜ੍ਹਾਈ ਕਰ ਦਿੱਤੀ ਹੈ।

ਬਹੁਤ ਫੌਜ ਥੀ ਦਿਲੀਓਂ ਆਈ॥ ਬਹੁਤ ਸਾਰੀ ਸੈਨਾ ਦਿੱਲੀ ਤੋਂ ਆ ਗਈ ਸੀ, ਮੰਗਵਾ ਲਈ ਸੀ ਇਹਨਾਂ ਨੇ।

ਔ ਜੁ ਤੁਰਕ ਥੇ ਮੁਲਖੋਂ ਨਿਕਾਰੇ॥ ਹੋਰ ਜਿਹੜੇ ਤੁਰਕ ਸਰਹੰਦ, ਛੱਤ, ਬਨੂੜ, ਸਮਾਣੇ, ਸਢੌਰੇ ਤੋਂ ਕੱਢੇ ਸਨ ਸਿੰਘਾਂ ਤੇ ਬੰਦੇ ਬਹਾਦਰ ਨੇ।

ਕਸੂਰ ਲਹੌਰ ਆਇ ਬਹੇ ਥੇ ਸਾਰੇ॥੨੨॥ ਉਹ ਸਾਰੇ ਲਹੌਰ ਤੇ ਕਸੂਰ ਵਿਚ ਆ ਬੈਠੇ ਸਨ। ੨੨।

ਮੁਹਰੇ ਨਿਬਾਬ ਨੇ ਸਭ ਧਰ ਲਏ॥ ਨਬਾਬ ਨੇ ਉਹਨਾਂ ਨੂੰ ਕਿਹਾ ਚਲੋ, ਤੁਹਾਡਾ ਇਲਾਕਾ ਖਾਲੀ ਕਰਵਾਉਂਦੇ ਹਾਂ। ਲੱਗੋ ਮੂਹਰੇ ਤੁਸੀਂ, ਬੰਦੇ ਨਾਲ ਲੜਾਈ ਲ਼ੜਨੀ ਹੈ ਇਲਾਕਾ ਛੁਡਾਣਾ ਹੈ। ਇਹ ਤੁਸੀਂ ਹੀ ਲੈਣਾ ਹੈ ਇਲਾਕਾ, ਤੁਹਾਡੀਆਂ ਹੀ ਜਾਇਦਾਦਾਂ ਹਨ, ਅੱਗੇ ਹੋ ਕੇ ਲੜੋ ਹੁਣ ਤੁਸੀਂ।

ਡੋਗਰ ਥੱਟੂ ਔ ਭਟੀ ਮੰਗਏ॥ ਇਹ ਕੌਮਾਂ ਹਨ ਡੋਗਰ ਥੱਟੂ, ਭੱਟੀ, ਇਹ ਤੁਰਕਾਂ ਦੀਆਂ ਜਾਤਾਂ ਹਨ, ਇਹਨਾਂ ਸਾਰਿਆਂ ਨੂੰ ਸੱਦ ਲਿਆ ਹੈ।

ਦੀਨ ਦੀਨ ਕਰ ਸਭ ਰਲ ਤੁਰੇ॥ ਦੀਨ ਮਜ਼ਬ ਦੀ ਲੜਾਈ ਕਰਕੇ, ਇਹ ਦੀਨ ਦੀ ਲੜਾਈ ਹੈ, ਸਾਰੇ ਘਰਾਂ ਤੋਂ ਲੱਕ ਬੰਨ੍ਹ ਕੇ ਤੁਰ ਪਏ ਹਨ।

ਆਇ ਲਹੌਰ ਕੇ ਸੋ ਢਿਗ ਜੁਰੇ॥੨੩॥ ਉਹ ਸਾਰੇ ਲਹੌਰ ਦੇ ਨੇੜੇ ਆ ਜੁੜੇ ਹਨ। ੨੩।

ਕਾਜ਼ੀ ਮੁੱਲਾਂ ਸੱਯਦ ਘਨੇ॥ ਕਾਜ਼ੀ, ਮੁਲਾਣੇ, ਸਈਅਦ ਆਦਿਕ ਬਹੁਤੇ।

ਪੀਰ ਫਕੀਰ ਬਹੁ ਜਾਂਹਿ ਨ ਗਨੇ॥ ਅਤੇ ਪੀਰ ਫਕੀਰ ਤਾਂ ਗਿਨੇ ਹੀ ਨਹੀਂ ਜਾਂਦੇ ਹਨ, ਕੁਲ ਦੁਨੀਆਂ ਦੇ ਪੀਰ ਫਕੀਰ ਸਭ ਇਕੱਠੇ ਹੋ ਗਏ ਸਨ।

ਰਸਤ ਖਾਨ ਕੋ ਮੁਹਰੇ ਆਵੈਂ॥ ਸਰਕਾਰੀ ਖਜ਼ਾਨੇ ਵਿਚੋਂ ਰਸਦ ਮਿਲਦੀ ਹੈ, ਵੱਧ ਤੋਂ ਵੱਧ ਰਸਦ ਦੀ ਮੰਗ ਕਰਦੇ ਹਨ, ਰਸਦ ਵਸਤ ਛਕਣ ਵਾਸਤੇ ਅੱਗੇ ਆਉਂਦੇ ਹਨ।

ਮੁਹਰੇ ਤੁਰਨੋ ਪਿਛੈ ਲੁਕਾਵੈਂ॥੨੪॥ ਜਦੋਂ ਨਬਾਬ ਕਹਿੰਦਾ ਹੈ ਮੂਹਰੇ ਲੱਗੋ, ਫੇਰ ਕਹਿੰਦੇ ਜੀ ਅਸੀਂ ਪਿੱਛੇ ਪਿੱਛੇ ਆਵਾਂਗੇ, ਮੂਹਰੇ ਤੁਸੀਂ ਫੌਜ ਨੂੰ ਤੋਰੋ ਇਉਂ ਯਰਕਦੇ ਹਨ। ੨੪।

ਤੁਰਕਾਂ ਨੇ ਘੇਰਾ ਘੱਤਣਾ

ਦੋਹਰਾ॥ ਰਲ ਲਹੌਰ ਡੇਰੇ ਕਰੇ, ਅਗੈ ਤੁਰੈ ਕੋਊ ਨਾਹਿ॥ ਸਾਰੇ ਤੁਰਕਾਂ ਨੇ ਰਲ ਕੇ ਲਹੌਰ ਆ ਡੇਰਾ ਕੀਤਾ ਹੈ, ਅੱਗੇ ਬੰਦੇ ਬਹਾਦਰ ਨੂੰ ਫੜਨ ਵਾਸਤੇ ਕੋਈ ਤੁਰਦਾ ਨਹੀਂ ਹੈ।

ਕਹੈਂ ਸੁ ਬੰਦਾ ਆ ਪੜੈ, ਕਰੂਗੁ ਸਭਨ ਫਨਾਹਿ॥੧॥ ਤੁਰਕ ਆਪਸ ਵਿੱਚ ਸਲਾਹਾਂ ਕਰਦੇ ਹਨ ਕਿ ਜੇ ਬੰਦੇ ਨੂੰ ਪਤਾ ਲੱਗ ਗਿਆ ਕਿ ਤੁਰਕ ਮੈਨੂੰ ਫੜਨ ਆਉਂਦੇ ਨੇ, ਉਸ ਨੇ ਆ ਪੈਣਾ ਹੈ, ਅਤੇ ਸਭ ਨੂੰ ਫਨਾਹ ਕਰ ਦੇਣਾ ਹੈ। ੧।

ਚੌਪਈ॥ ਸਭਨ ਅਗੇ ਤੇ ਆਵੈ ਸ਼ੀਂਹਆਨ॥ ਸਭ ਨੂੰ ਅੱਗੇ ਤੋਂ ਡਰ ਆਉਂਦਾ ਹੈ, ਜਿਵੇਂ ਭੇਡ, ਬੱਕਰੀਆਂ, ਮੱਝਾਂ ਗਊਆਂ, ਜਿਸ ਇਲਾਕੇ ਵਿੱਚ ਸ਼ੇਰ ਰਹਿੰਦਾ ਹੈ, ਉਸਦਾ ਉਹਨਾਂ ਨੂੰ ਘਰ ਬੈਠਿਆਂ ਨੂੰ ਮੁਸ਼ਕ ਆ ਜਾਂਦਾ ਹੈ, ਭਾਵੇਂ ਉਹ ਪਸ਼ੂ ਹਨ ਜੰਗਲ ਦੇ ਉਸ ਪਾਸੇ ਨੂੰ ਉਹ ਮੂੰਹ ਨਹੀਂ ਕਰਦੇ ਹਨ। ਹੁਣ ਤੁਰਕਾਂ ਸਭਨਾਂ ਨੂੰ ਅੱਗੋਂ ਬੰਦੇ ਬਹਾਦਰ ਤੋਂ (ਸੀਂਹਆਣ) ਸ਼ੇਰ ਵਰਗਾ ਭੈ ਆਉਂਦਾ ਹੈ।

ਸਭ ਸੇ ਪਜਾਰੀ ਅਪਣੀ ਜਾਨ॥ ਦੁਨੀਆਂ ਵਿੱਚ ਕੋਈ ਵੀ ਹੈ ਸਭ ਨੂੰ ਸਭ ਤੋਂ ਪਿਆਰੀ ਆਪਣੀ ਜਾਨ ਹੁੰਦੀ ਹੈ

ਨਾਲ ਜਾਨ ਹੈ ਸੱਭ ਜਹਾਨ॥ ਸਭ ਦੁਨੀਆਂ ਜਾਣਦੀ ਹੈ ਜੇ ਜਾਨ ਹੈ ਤਾਂ ਜਹਾਨ ਹੈ, ਜੇ ਜਾਨ ਹੀ ਨਾ ਬਚੀ ਤਾਂ ਜਹਾਨ ਕਿਥੇ ਰਹਿਆ।

ਜਾਨ ਨਾਲ ਹੈ ਦੀਨ ਇਮਾਨ॥੨॥ ਜੇ ਜਾਨ ਹੈ ਤਾਂ ਦੀਨ ਇਮਾਨ ਹੈ, ਜੇ ਜਾਨ ਹੈ ਤਾਂ ਧਰਮ ਹੈ। ੨।

ਦੋਹਰਾ॥ ਜਾਨ ਪਿਆਰੀ ਸੱਭ ਤੇ, ਜਾਨੇ ਨਾਲ ਜਹਾਨ॥ ਸਭ ਤੋਂ ਪਿਆਰੀ ਜਾਨ ਹੈ ਅਤੇ ਜਾਨ ਦੇ ਨਾਲ ਹੀ (ਜਹਾਨ) ਸੰਸਾਰ ਹੈ।

ਅੱਗੇ ਬੰਦੋ ਜਮ ਦਿਸੈ, ਪਿਛੈ ਮਾਰੈ ਸ਼ਾਹੁ ਜਾਨਿ॥੩॥ ਹੁਣ ਜੇ ਅੱਗੇ ਨੂੰ ਤੁਰਦੇ ਹਨ ਤਾਂ ਅੱਗੋਂ ਬੰਦਾ ਬਹਾਦਰ ਜਮ ਰੂਪ ਦਿਸਦਾ ਹੈ ਕਿ ਇਹ ਸਾਨੂੰ ਮਾਰ ਦੇਵੇਗਾ ਜੇ ਪਿੱਛੇ ਭਜਦੇ ਹਨ ਤਾਂ ਬਾਦਸ਼ਾਹ ਜਾਨੋਂ ਮਾਰਦਾ ਹੈ। ੩।

ਚੌਪਈ॥ ਤਬ ਨਿਬਾਬ ਯੌਂ ਕਰੀ ਸਲਾਹਿ॥ ਤਦੋਂ ਨਬਾਬ ਨੇ ਆਪਣੇ ਸਾਥੀਆਂ ਨਾਲ ਇਉਂ ਸਲਾਹ ਕੀਤੀ ਹੈ।

ਮੁਹਰੈ ਮੁਲਾਣੇ ਤੋਰੇ ਲਾਇ॥ ਸਭ ਤੋਂ ਅੱਗੇ ਮੁੱਲਾਂ ਕਾਜ਼ੀ ਲਾ ਲਏ ਹਨ।

ਕਲਾਮ ਮਜੀਦ ਵੈਂ ਪੜ੍ਹਤੇ ਜਾਂਹਿ॥ ਮੁਲਾਂ, ਕਾਜ਼ੀਆਂ ਦੇ ਹੱਥ ਵਿੱਚ ਉਹਨਾਂ ਦੇ ਧਰਮ ਗ੍ਰੰਥ ਕੁਰਾਨ ਮਜੀਦ ਆਦਿਕ ਫੜਾ ਦਿੱਤੇ ਹਨ, ਅਤੇ ਉਹਨਾਂ ਨੂੰ ਹੁਕਮ ਦਿੱਤਾ ਹੈ ਕਿ ਤੁਸੀਂ ਅੱਗੇ ਅੱਗੇ ਕੁਰਾਨ ਮਜੀਦ ਵਿਚੋਂ ਕਲਾਮ ਪੜ੍ਹਦੇ ਜਾਉ, ਭਾਵ ਬੰਦੇ ਬਹਾਦਰ ਦਾ ਜੋ ਜੰਤ੍ਰ ਮੰਤ੍ਰ ਹੈ ਉਹ ਸਾਡੇ ਤੇ ਨਹੀਂ ਚਲੇਗਾ।

ਡਾਰ ਕੂੰਜਨ ਜਿਮ ਪਾਂਤ ਬਣਾਹਿ॥੪॥ ਜਿਵੇਂ ਕੂੰਜਾਂ ਦੀਆਂ ਡਾਰਾਂ ਇਕ ਦੂਸਰੀ ਦੇ ਪਿਛੇ ਪੰਗਤੀਆਂ ਬਣਾ ਕੇ ਜਾਂਦੀਆਂ ਹਨ, ਇਉਂ ਤੁਰਕਾਂ ਦੀਆਂ ਫੌਜਾਂ ਇੱਕ ਦੂਜੇ ਦੇ ਪਿਛੇ ਪੰਗਤੀਆਂ ਬਣਾ ਕੇ ਜਾਂਦੀਆਂ ਹਨ। ੪।

ਉਨ ਕੈ ਅੱਗੇ ਕਰੇ ਫਕੀਰ॥ ਮੁੱਲਾਂ ਕਾਜ਼ੀਆਂ ਦੇ ਅੱਗੇ ਜੋ ਫਕੀਰ ਮਲੰਗ ਸਨ ਜਿਵੇਂ ਸਾਧ ਸੰਤ ਹੁੰਦੇ ਹਨ, ਉਹਨਾਂ ਨੂੰ ਸਭ ਤੋਂ ਅੱਗੇ ਲਾ ਦਿਤਾ ਹੈ, ਅੱਗੇ ਕਰ ਦਿੱਤੇ ਹਨ।

ਓਇ ਭੀ ਕਰੈਂ ਸੁ ਅਪਨ ਤਤਬੀਰ॥ ਉਹ ਵੀ ਆਪਣਾ ਆਪਣਾ ਤਰੀਕਾ ਕਰਕੇ ਅੱਗੇ ਅੱਗੇ ਜਾ ਰਹੇ ਹਨ।

ਢੋਲ ਬਜਾਇ ਔ ਧਮਾਲ ਸੁ ਪਾਵੈਂ॥ ਢੋਲ ਵੱਜਦੇ ਨੇ (ਧਮਾਲ) ਇੱਕ ਤਰ੍ਹਾਂ ਦਾ ਨਾਚ ਜੋ ਢੋਲ ਦੇ ਡੱਗੇ ਨੱਚੀਦਾ ਹੈ, ਜੋ ਫਕੀਰ ਹਨ ਉਹ ਧਮਾਲਾਂ ਪਾਉਂਦੇ ਹਨ ਆਪਣੀ ਮੌਜ ਦੇ ਨਾਲ।

ਅਲੀ ਅਲੀ ਕਹਿ ਬਾਂਹ ਉਠਾਵੈਂ॥੫॥ ਆਪਣੀ ਬਾਂਹ ਉਤਾਂਹ ਨੂੰ ਚੁੱਕ ਕੇ ਯਾ ਅਲੀ ਯਾ ਅਲੀ ਦੇ ਨਾਅਰੇ ਲਾਉਂਦੇ ਹਨ। ੫।

ਨਿਬਾਬ ਗਿਰਦ ਕਰ ਰੱਖੈਂ ਪੀਰ॥ ਨਬਾਬ ਦੇ ਦੁਆਲੇ ਪੀਰਾਂ ਨੂੰ ਰੱਖਿਆ ਹੋਇਆ ਹੈ।

ਪੜ੍ਹੇਂ ਸੈਫੀਆਂ ਅਪਨ ਤਤਬੀਰ॥ ਜੋ ਪੀਰ ਫਕੀਰ ਹਨ ਉਹ ਆਪਣੇ ਤਰੀਕੇ ਨਾਲ ਆਪਣੇ ਧਰਮ ਗ੍ਰੰਥਾਂ ਵਿਚੋਂ (ਸੈਫੀਆਂ) ਕਲਾਮਾਂ ਪੜ੍ਹਦੇ ਹਨ।

ਪੜ੍ਹ ਪੜ੍ਹ ਸੈਫੀਆਂ ਫੂਕਾਂ ਮਾਰੈਂ॥ (ਸੈਫੀਆਂ) ਮੁਸਲਮਾਨੀ ਮੰਤ੍ਰ ਪੜ੍ਹ ਪੜ੍ਹ ਕੇ ਫੂਕਾਂ ਮਾਰਦੇ ਹਨ।

ਰਹੈਂ ਪਹਿਰ ਅਠ ਨਿਬਾਬ ਦੁਵਾਰੇ॥੬॥ ਜੋ ਪੀਰ ਫਕੀਰ ਹਨ ਉਹ (ਅਠ ਪਹਿਰ) ਅੱਠੇ ਪਹਿਰ ਨਬਾਬ ਦੇ (ਦੁਵਾਰੇ) ਦੁਆਲੇ ਹੋਏ ਰਹਿੰਦੇ ਹਨ। ੬।

ਇਸੀ ਭਾਂਤ ਕਰ ਤੁਰਯੋ ਨਿਬਾਬ॥ ਇਸ ਤਰ੍ਹਾਂ ਕਰਕੇ ਲਹੌਰ ਦਾ ਨਬਾਬ ਤੁਰਿਆ ਹੈ।

ਡਰ ਨਿਜ ਜਾਨਜੋ ਯੌ ਕਰੈ ਬਾਬ॥ ਆਪਣੇ ਆਪ ਹੀ ਡਰੀ ਜਾਂਦੇ ਹਨ ਇਸ ਤਰ੍ਹਾਂ (ਬਾਬ) ਢੰਗ ਵੰਗ ਜਿਹਾ ਕਰਦੇ ਹਨ।

ਕੋਈ ਕਹੈ ਮੈਂ ਸੋ ਬਿਧਿ ਜਾਣੋਂ॥ ਮੁਲਾਣੇ, ਕਾਜ਼ੀ, ਫਕੀਰ ਇੱਕ ਦੂਜੇ ਨੂੰ ਹੌਂਸਲਾ ਦਿੰਦੇ ਇਉਂ ਗੱਲਾਂ ਕਰਦੇ ਜਾਂਦੇ ਹਨ, ਉਹ ਫਿਕਰ ਨਾ ਕਰੋ, ਮੈਨੂੰ ਉਹ ਤਰੀਕਾ ਆਉਂਦਾ ਹੈ, ਤੁਸੀਂ ਦੇਖਿਉ ਆਉਣ ਦਿਉ ਬੰਦੇ ਨੂੰ ਮੈਂ ਤੁਹਾਨੂੰ ਉਹ ਤਰੀਕਾ ਵਰਤ ਕੇ ਵਿਖਾਵਾਂਗਾ।

ਕਰੈ ਜੁ ਤੁਮਕੋਂ ਸੋ ਮੁਝ ਉਸ ਪਾਣੋਂ॥੭॥ ਉਹ ਦੂਸਰਿਆਂ ਅਫਸਰਾਂ ਨੂੰ ਹੌਂਸਲਾ ਦਿੰਦੇ ਨੇ, ਜੇ ਤੁਹਾਡੇ ਤੇ ਜੰਤ੍ਰ ਮੰਤ੍ਰ ਸੁੱਟੇਗਾ ਉਹ, ਮੈਨੂੰ ਉਹ ਤਰੀਕਾ ਆਉਂਦਾ ਹੈ, ਮੈਂ ਮੋੜ ਕੇ ਉਹ ਮੰਤ੍ਰ ਉਸਦੇ ਉਤੇ ਸੁੱਟ ਦਿਆਂਗਾ। ਤੁਸੀਂ ਫਿਕਰ ਨਾ ਕਰੋ ਤੁਹਾਨੂੰ ਕੋਈ ਅਸਰ ਨਹੀਂ ਹੋਣ ਦਿਆਂਗਾ, ਇਉਂ ਢਾਰਸ ਦਿੰਦੇ ਜਾਂਦੇ ਹਨ। ੭।

ਦੋਹਰਾ॥ ਕੋਊ ਕਹੈ ਉਸ ਬੀਰ ਜੋ, ਸੋ ਮੈਂ ਕੀਨੇ ਕੈਦ॥ ਹੁਣ ਗੱਪਾਂ ਮਾਰਨ ਤੇ ਹੋਏ ਨੇ ਸਾਰੇ, ਸਭ ਆਪੋ ਆਪਣੀ ਗੱਲ ਬਣਾਉਂਦੇ ਨੇ, ਹੁਣ ਇਹਨਾਂ ਨੂੰ ਪਤਾ ਹੈ ਕਿ ਬੰਦੇ ਬਹਾਦਰ ਵਿਚੋਂ ਕਰਾਮਾਤ ਨਿਕਲ ਗਈ ਹੈ, ਹੁਣ ਬੰਦਾ ਫੋਕਾ ਹੈ, ਹੁਣ ਆਪੋ ਆਪਣੀਆਂ ਫੜ੍ਹਾਂ ਮਾਰਦੇ ਨੇ, ਉਹ ਜਿਹੜੇ ਬੀਰ ਸਨ ਇਹਦੇ ਕੋਲ ਉਹ ਤਾਂ ਮੰਤ੍ਰ ਨਾਲ ਮੈਂ ਕੈਦ ਕਰ ਦਿੱਤੇ ਹੋਏ ਨੇ, ਉਹ ਤਾਂ ਮੇਰੇ ਕੈਦੀ ਹਨ, ਤੁਸੀਂ ਕਿਉਂ ਡਰਦੇ ਹੋਂ ਬੀਰਾਂ ਤੋਂ।

ਕੋਈ ਕਹੈ ਮੈਂ ਪੀਰ ਬਡ, ਜਪੀਆ ਤਪੀਆ ਸੈਦ॥੮॥ ਕੋਈ ਕਹਿੰਦਾ ਹੈ ਮੈਂ ਵੱਡਾ ਪੀਰ ਹਾਂ, ਜਪੀਆ ਤਪੀਆ ਹਾਂ (ਸੈਦ) ਜੰਤ੍ਰੀ ਮੰਤ੍ਰੀ ਹਾਂ। ੮।

ਚੌਪਈ॥ ਯੌ ਕਹਿ ਕਹਿ ਸਭਿ ਰਿਜਕ ਲੇ ਖਾਂਹਿ॥ ਇਸ ਤਰ੍ਹਾਂ ਕਹਿ ਕਹਿ ਕੇ ਅਫਸਰਾਂ ਨੂੰ ਨਬਾਬਾਂ ਨੂੰ ਤਸੱਲੀਆਂ ਦੇ ਕੇ, ਉਨ੍ਹਾਂ ਕੋਲੋਂ (ਰਿਜ਼ਕ) ਅੰਨ ਪਾਣੀ ਪੈਸਾ ਲੈ ਕੇ ਖਾਂਦੇ ਹਨ।

ਬੰਦੇ ਕੇ ਡਰ ਸੋਂ ਕਿਤੈ ਨ ਜਾਂਹਿ॥ ਬੰਦੇ ਬਹਾਦਰ ਦੇ ਡਰ ਕਰਕੇ ਕਿਤੇ ਜਾਂਦੇ ਹੀ ਨਹੀਂ ਹਨ। ਇਉਂ ਇਕੱਠੇ ਹੋ ਹੋ ਤੁਰਦੇ ਹਨ, ਕਿ ਸਾਨੂੰ ਇਕੱਲਿਆਂ ਨੂੰ ਨਾ ਕਿਤੇ ਆ ਪਵੇ।

ਵਹਿ ਆਖੈਂ ਜਹਿਂ ਹੋਗ ਨਿਬਾਬ॥ ਉਹ ਕਹਿੰਦੇ ਹਨ ਕਿ ਜਿਥੇ ਨਬਾਬ ਹੋਵੇਗਾ।

ਆਉਗ ਆਪ ਸੁ ਊਹਾਂ ਤਾਬ॥੯॥ ਸਾਡੇ ਤੋਂ ਬੰਦੇ ਬਹਾਦਰ ਨੇ ਕੀ ਲੈਣਾ ਹੈ ਮਲੰਗਾਂ ਤੋਂ, ਉਹ ਤਾਂ ਉਥੇ ਜਾਇਗਾ ਜਿਥੇ ਨਬਾਬ ਹੋਵੇਗਾ, ਉਸਨੂੰ ਮਾਰੇਗਾ, ਵੈਰ ਤਾਂ ਉਸਦੇ ਨਾਲ ਹੈ, ਸਾਨੂੰ ਕੀ ਡਰ ਹੈ ਚਲੋ ਅਸੀਂ ਬੇਫਿਕਰ ਹੋ ਕੇ ਤੁਰੇ ਚਲੋ, ਮੁਲਾਣੇ ਫਕੀਰ ਇਉਂ ਗੱਲਾਂ ਕਰਦੇ ਤੁਰੇ ਜਾਂਦੇ ਹਨ। ੯।

ਕੋਊ ਕਹੈ ਉਸ ਪੈ ਹੈਂ ਬੀਰ॥ ਕੋਈ ਆਪਸ ਵਿੱਚ ਕਹਿੰਦੇ ਹਨ ਕਿ ਉਸਦੇ ਕੋਲ ਬੀਰ ਨੇ ਭਾਈ, ਜੋ ਕਿ ਬੜੇ ਡਾਢੇ ਹੁੰਦੇ ਹਨ।

ਕੋਊ ਕਹੈ ਉਸ ਗੁਰ ਦਏ ਤੀਰ॥ ਕੋਈ ਇਹ ਕਹਿੰਦਾ ਹੈ ਕਿ ਉਸ ਨੂੰ ਗੁਰੂ ਸਾਹਿਬ ਜੀ ਨੇ ਤੀਰ ਦਿੱਤੇ ਹੋਏ ਹਨ ਕਿ

ਦੇਖਿਆ ਸਰਹੰਦ ਵਿੱਚ ਇੱਕੋ ਹੀ ਤੀਰ ਚਲਾਇਆ ਸੀ।

ਵਹਿ ਭੀ ਨਾਨਕ ਕੋ ਘਰ ਭਾਰੀ॥ ਕਈ ਕਹਿੰਦੇ ਹਨ ਕਿ ਉਹ ਵੀ ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਘਰ ਹੈ ਜੋ ਕਰਾਮਾਤਾਂ ਨਾਲ ਭਰਪੂਰ ਹੈ।

ਕਦੇ ਨ ਹੋਗ ਤੁਰਕਨ ਤੇ ਹਾਰੀ॥੧੦॥ ਉਸਨੇ ਤੁਰਕਾਂ ਤੋਂ ਕਦੇ ਵੀ ਨਹੀਂ ਹਾਰਨਾ ਹੈ, ਇਹ ਵੀ ਦੇਖ ਲਉ ਤੁਸੀਂ, ਜਦ ਕਦ ਸਾਡੇ ਤੁਰਕਾਂ ਤੇ ਉਹ ਜਿੱਤ ਪ੍ਰਾਪਤ ਕਰ ਲਵੇਗਾ। ੧੦।

ਇਮ ਉਸ ਲੋਕ ਸੁ ਕਹਿਤੇ ਜਾਂਇ॥ ਇਸ ਤਰ੍ਹਾਂ ਦੀਆਂ ਗੱਲਾਂ ਲੋਕ ਬੰਦੇ ਬਹਾਦਰ ਦੇ ਬਾਰੇ ਵਿਚ ਕਹਿੰਦੇ ਜਾਂਦੇ ਹਨ।

ਜੋ ਜਿਹ ਆਵੈ ਮਨ ਹੀ ਮਾਂਹਿ॥ ਜਿਹੋ ਜਿਹੀ ਕਿਸੇ ਦੇ ਮਨ ਵਿਚ ਆਉਂਦੀ ਹੈ।

ਫੇਰ ਨਿਬਾਬ ਨੇ ਘਲੇ ਵਕੀਲ॥ ਫੇਰ ਲਹੌਰ ਦੇ ਨਬਾਬ ਨੇ ਆਪਣੇ ਵਕੀਲ ਘੱਲੇ ਹਨ ਬੰਦੇ ਬਹਾਦਰ ਦੇ ਪਾਸ।

ਸਾਥ ਮਾਯਾ ਦਈ ਲਦਿ ਕੈ ਫੀਲ॥੧੧॥ ਜੋ ਪਹਿਲਾਂ ਵਜ਼ੀਰ ਭੇਜੇ ਸਨ ਬੰਦੇ ਬਹਾਦਰ ਦੇ ਪਾਸ, ਉਹ ਵਾਅਦਾ ਕਰ ਗਏ ਸਨ, ਕਿ ਸਾਡੇ ਪਿਛੇ ਲੱਖ ਰੁਪੱਈਆ ਨਬਾਬ ਲਿਆ ਰਿਹਾ ਹੈ, ਤੁਹਾਡੀ ਭੇਟਾ ਰੱਖੇਗਾ, ਤੁਹਾਡਾ ਮੁਰੀਦ ਬਣੇਗਾ। ਹੁਣ ਇਹਨਾਂ ਵਕੀਲਾਂ ਦੇ ਪਾਸ ਰੁਪਿਆਂ ਦਾ ਹਾਥੀ ਲੱਦ ਕੇ ਭੇਜਿਆ ਹੈ ਬੰਦੇ ਨੂੰ ਭਰਮਾਣ ਵਾਸਤੇ। ੧੧।

ਤਬ ਬੰਦੈ ਕੇ ਦਾਸਨ ਕਹਜੋ॥ ਜੋ ਬੰਦੇ ਬਹਾਦੱਰ ਦੇ (ਦਾਸ) ਸੇਵਕ, ਨਵੇਂ ਸਿੱਖ, ਬੰਦਈ ਬਣੇ ਸਨ, ਜਿਨ੍ਹਾਂ ਨੇ ਉਸਨੂੰ ਭਰਮਾਇਆ ਸੀ, ਉਹਨਾਂ ਨੇ ਇਸਤਰ੍ਹਾਂ ਕਿਹਾ ਹੈ।

ਭਲੀ ਭਈ ਤੁਰਕ ਹਮ ਮਿਲ ਪਯੋ॥ ਲਉ ਜੀ ਆਹ ਤਾਂ ਬੜੀ ਚੰਗੀ ਗੱਲ ਹੋ ਗਈ ਹੈ, ਦੇਖ ਲਉ ਤੁਰਕ ਆਪੇ ਆ ਗਏ ਹਨ, ਸਾਡੇ ਦਰ ਤੇ ਤੁਰਕ ਤੁਹਾਡੇ ਚੇਲੇ ਬਣਨ ਵਾਸਤੇ ਤੁਹਾਡੇ ਚਰਨਾਂ ਵਿੱਚ ਆ ਗਏ ਹਨ। ਚੰਗਾ ਹੋ ਗਿਆ ਹੈ ਜੋ ਤੁਰਕ ਪਹਿਲਾਂ ਸਾਨੂੰ ਮਿਲ ਪਏ ਹਨ।

ਵੈ ਮੂਰਖ ਇਮ ਸਮਝ ਨ ਕਈ॥ ਭਾਈ ਰਤਨ ਸਿੰਘ ਜੀ ਲਿਖਦੇ ਨੇ, ਕਿ ਮੂਰਖ ਹਨ ਬੰਦਈ, ਇਹ ਗੱਲ ਤਾਂ ਉਹਨਾਂ ਨੇ ਸਮਝੀ ਨਹੀਂ ਹੈ, ਉਨ੍ਹਾਂ ਦੇ ਦਿਮਾਗ ਵਿੱਚ ਨਹੀਂ ਆਈ।

ਬਿੱਲੇ ਜਿਮ ਤੁਰਕ ਆਵਤ ਛਈ॥੧੨॥ ਕਿ ਜਿਵੇਂ ਬਿੱਲਾ ਕਿਸੇ ਜਾਨਵਰ ਨੂੰ ਫੜਦਾ ਹੈ, ਉਹ ਛਹਿ ਕੇ ਬਹਿ ਜਾਂਦਾ ਹੈ, ਜਦੋਂ ਉਹ ਉਸਦੀ ਮਾਰ ਹੇਠ ਆ ਜਾਂਦਾ ਹੈ ਉਦੋਂ ਹੀ ਉਹ ਉਸਨੂੰ ਫੜ ਲੈਂਦਾ ਹੈ, ਇਹ ਨਾ ਪਛਾਣ ਕਰ ਸਕੇ ਕਿ ਤੁਰਕ ਤਾਂ ਬਿੱਲੇ ਵਾਂਗ ਸ਼ਹਿ ਲਾਈ ਤੁਰੇ ਆਉਂਦੇ ਹਨ ਸਾਨੂੰ ਫੜਨ ਵਾਸਤੇ। ੧੨।

ਦੋਹਰਾ॥ ਵਕੀਲ ਸੁ ਬੰਦੈ ਕੋ ਕਹਜੋ, ਤੁਮ ਕਹਜੋ ਨਿਬਾਬ ਸਲਾਮ॥ ਵਕੀਲਾਂ ਨੇ ਬੰਦੇ ਬਹਾਦਰ ਨੂੰ ਕਿਹਾ ਹੈ ਕਿ ਨਬਾਬ ਸਾਹਿਬ ਜੀ ਨੇ ਤੁਹਾਨੂੰ ਸਲਾਮ ਆਖੀ ਹੈ, ਮਨਜੂਰ ਕਰਨੀ ਜੀ।

ਮੈਂ ਕਰਨੈ ਆਯੋ ਪੀਰ ਤੁਮ, ਹੁਇ ਸਿਖ ਕਰੂੰ ਤੁਹਿ ਕਾਮ॥੧੩॥ ਨਬਾਬ ਸਾਹਿਬ ਜੀ ਨੇ ਇਉਂ ਆਖ ਕੇ ਭੇਜਿਆ ਹੈ ਕਿ ਮੈਂ ਤੁਹਾਨੂੰ ਆਪਣਾ ਪੀਰ ਬਨਾਉਣ ਆ ਰਿਹਾ ਹਾਂ, ਮੈਂ ਹੁਣ ਤੁਹਾਡਾ ਮੁਰੀਦ ਬਣ ਜਾਣਾ ਹੈ, ਜਦੋਂ ਮੈਂ ਤੁਹਾਡਾ ਮੁਰੀਦ ਬਣ ਗਿਆ, ਫੇਰ ਜੋ ਹੁਕਮ ਕਰੋਗੇ, ਉਹ ਮੈਂ ਤੁਹਾਡੇ ਕੰਮ ਕਰਾਂਗਾ। ੧੩।

ਚੌਪਈ॥ ਫਿਰ ਵਕੀਲ ਬੰਦੇ ਸੋਂ ਕਹਜੋ॥ ਫਿਰ ਵਕੀਲਾਂ ਨੇ ਬੰਦੇ ਬਹਾਦਰ ਨੂੰ ਕਿਹਾ ਹੈ।

ਤੂੰ ਅਬ ਪੀਰ ਫਕੀਰ ਬਡ ਲਹਜੋ॥ ਸਾਡੇ ਨਬਾਬ ਨੇ ਤੁਹਾਨੂੰ ਪਛਾਣ ਲਿਆ ਹੈ, ਕਿ ਤੁਸੀਂ ਸਭ ਤੋਂ ਵੱਡੇ ਕਰਾਮਾਤੀ ਪੀਰ ਹੋ, ਅਤੇ ਸਭ ਤੋਂ ਵੱਡੇ ਫਕੀਰ ਹੋ।

ਹਮ ਆਵੈਂ ਤੁਹਿ ਕਰਨ ਸਲਾਮ॥ ਨਬਾਬ ਨੇ ਵਕੀਲਾਂ ਦੇ ਪਾਸ ਸੁਨੇਹਾ ਭੇਜਿਆ ਹੈ, ਕਿ ਅਸੀਂ ਤੁਹਾਨੂੰ ਸਲਾਮ ਕਰਨ ਵਾਸਤੇ ਆਵਾਂਗੇ, ਤੁਹਾਨੂੰ ਮੱਥਾ ਟੇਕਣ ਵਾਸਤੇ ਆ ਰਹੇ ਹਾਂ।

ਤੂੰ ਇਕ ਥਾਂ ਅਬ ਰੱਖ ਮੁਕਾਮ॥੧੪॥ ਬੰਦੇ ਬਹਾਦਰ ਨੂੰ ਨਬਾਬ ਨੇ ਸਲਾਹ ਭੇਜੀ ਹੈ ਕਿ ਹੁਣ ਤੁਸੀਂ ਕਿਸੇ ਪਾਸੇ ਜਾਣਾ

ਨਹੀਂ ਹੈ, ਇੱਕ ਥਾਂ ਤੇ ਟਿਕਾਣਾ ਰੱਖੋ ਜੀ ਹੁਣ ਤੁਸੀਂ। ਕਿਉਂਕਿ ਬੰਦਾ ਬਹਾਦਰ ਗੁਰਦਾਸ ਨੰਗਲ ਦੀ ਕੱਚੀ ਗੜ੍ਹੀ ਵਿੱਚ ਬੈਠਾ ਸੀ, ਕਿ ਤੁਸੀਂ ਏਥੇ ਹੀ ਰਹਿਣਾ ਹੈ, ਕਿਤੇ ਕੂਚ ਨਾ ਕਰ ਜਾਇਓ ਅੱਗੇ, ਸਾਨੂੰ ਤੁਹਾਡੇ ਪਿੱਛੇ ਪਿੱਛੇ ਆਉਣਾ ਪਵੇਗਾ। ੧੪।

ਨਜਾਜ਼ ਆਪ ਤੁਹਿ ਘਲੀ ਪਤਿਸ਼ਾਹਿ॥ ਦਿੱਲੀ ਦੇ ਪਾਤਸ਼ਾਹ ਵੱਲੋਂ ਆਪ ਤੁਹਾਨੂੰ (ਨਜਾਜ਼) ਤੋਹਫੇ ਆਦਿਕ ਭੇਜੇ ਹਨ।

ਜਹਾਂ ਕਹੈਂ ਤਿਹ ਲਜਾਵੈਂ ਪਾਹਿ॥ ਜੇ ਹੁਕਮ ਦੇਵੋ ਤਾਂ ਜਿਥੇ ਆਖੋ ਉਥੇ ਹੀ ਤੁਹਾਡੇ ਚਰਨਾਂ ਵਿਚ ਲਿਆਈਏ, ਤੁਹਾਡੇ ਅੱਗੇ ਭੇਟਾ ਰੱਖੀਏ।

ਜਿਤਨੋ ਮੁਲਕ ਚਾਹੋ ਸੋ ਲੇਹੁ॥ ਜਦੋਂ ਪਾਤਸ਼ਾਹ ਤੁਹਾਡਾ ਚੇਲਾ ਬਣ ਗਿਆ ਤਾਂ ਜਿੰਨਾਂ ਮਰਜ਼ੀ ਮੁਲਕ ਲੈ ਲੈਣਾ ਪਾਤਸ਼ਾਹ ਤੋਂ, ਜਿਹੜਾ ਇਲਾਕਾ ਕਹੋਗੇ, ਉਹੀ ਤੁਹਾਡੇ ਨਾਮ ਲਿਖ ਦੇਵੇਗਾ।

ਕਰੋ ਉਗ੍ਰਾਹੀਂ ਮੁਲਕ ਬਸੇਹੁ॥੧੫॥ ਮੁਲਕ ਦੀ ਉਗਰਾਹੀ ਕਰਕੇ ਮਾਮਲਾ ਲੇਵਹੁ, ਅਤੇ ਉਸ ਮੁਲਕ ਨੂੰ ਵਸਾਇਉ। ੧੫।

ਲੋਕ ਗਰੀਬਨ ਕਿਉਂ ਦੁਖ ਦੇਹੁ॥ ਕੀ ਲੋੜ ਹੈ ਗਰੀਬ ਲੋਕਾਂ ਨੂੰ ਦੁਖ ਦੇਣ ਦੀ? ਕਿਉਂ ਕਿਸੇ ਨੂੰ ਤੰਗ ਕਰਨਾ ਹੈ?

ਉਨ ਸੁਖ ਦੇਹੁ ਆਪ ਸੁਖ ਲੇਹੁ॥ ਉਹਨਾਂ ਗਰੀਬਾਂ ਨੂੰ ਸੁਖ ਦਿਉ ਅਤੇ ਆਪ ਸੁਖ ਮਾਣੋ।

ਕਹੈਂ ਤੁ ਖਾਲਸੇ ਹਮ ਕਢ ਦੇਵੈਂ॥ ਜੇ ਤੁਸੀਂ ਆਖੋ ਤਾਂ ਖਾਲਸੇ ਨੂੰ ਅਸੀਂ ਪੰਜਾਬ ਵਿਚੋਂ ਕੱਢ ਦਿੰਦੇ ਹਾਂ, ਖਾਲਸੇ ਦਾ ਕੀ ਹੈ? ਤੁਹਾਡੇ ਕਰਕੇ ਅਸੀਂ ਉਹਨਾਂ ਨੂੰ ਛੱਡੀ ਆਉਂਦੇ ਸਾਂ, ਹੁਣ ਜਦੋਂ ਅਸੀਂ ਤੁਹਾਡੇ ਮੁਰੀਦ ਹੋ ਗਏ, ਜਦੋਂ ਤੁਸੀਂ ਹੁਕਮ ਦਿਓਗੇ ਖਾਲਸੇ ਨੂੰ ਉਦੋਂ ਹੀ ਪੰਜਾਬ ਤੋਂ ਬਾਹਰ ਕੱਢ ਦਿਆਂਗੇ।

ਤੁਮ ਸੋਂ ਫਿਰ ਨਹਿਂ ਦੰਗੋ ਕਰੇਵੈਂ॥੧੬॥ ਜਦੋਂ ਸਿੰਘਾਂ ਨੂੰ ਅਸੀਂ ਪੰਜਾਬ ਵਿਚੋਂ ਬਾਹਰ ਕੱਢ ਦਿੱਤਾ, ਫਿਰ ਤੇਰੇ ਨਾਲ ਕੋਈ (ਦੰਗੋ) ਲੜਾਈ ਝਗੜਾ ਨਹੀਂ ਕਰਨਗੇ। ੧੬।

ਜੇ ਵੈ ਤੁਮਰੈ ਚਰਨ ਆਇ ਪਰੈਂ॥ ਜੇ ਖਾਲਸਾ ਤੇਰੇ ਚਰਨਾਂ ਤੇ ਆ ਡਿੱਗੇ ਤਾਂ।

ਤੌ ਇਤ ਦੇਸ਼ ਮੰਗ ਗੁਜਰੈ ਕਰੈਂ॥ ਤਾਂ ਇਸ ਦੇਸ਼ ਵਿੱਚ ਮੰਗ ਕੇ ਗੁਜ਼ਾਰਾ ਕਰਨਗੇ ਖਾਲਸੇ।

ਕਈ ਹਜ਼ਾਰ ਹਮ ਲਜਾਏ ਕੁਰਾਨ॥ ਕਈ ਹਜ਼ਾਰਾਂ ਦੀ ਗਿਣਤੀ ਵਿੱਚ ਅਸੀਂ ਕੁਰਾਨ ਮਜ਼ੀਦ ਲੈ ਕੇ ਆਏ ਹਾਂ।

ਕਸਮ ਕਰਨ ਤੁਮਰੇ ਸੰਗ ਜਾਨ॥੧੭॥ ਪਵਿਤ੍ਰ ਕੁਰਾਨ ਮਜੀਦ, ਇਸ ਕਰਕੇ ਲਿਆਂਦੇ ਹਨ, ਕਿ ਅਸੀਂ ਇਹਨਾਂ ਹਜ਼ਾਰਾਂ ਕੁਰਾਨ ਦੀ ਸਹੁੰ ਚੁੱਕਦੇ ਹਾਂ। ਇੱਕ ਥੋੜੀ ਸੀ ਕੁਰਾਨ, ਕੁਰਾਨ ਤਾਂ ਇੱਕੋ ਹੀ ਬਹੁਤ ਸੀ, ਉਹ ਤਾਂ ਭੁਲੇਖੇ ਪਾਉਣ ਵਾਸਤੇ, ਆਪਦੇ ਬਚਾਉ ਲਈ ਲੈਕੇ ਆਏ ਸਨ, ਹੁਣ ਕਹਿੰਦੇ ਹਨ ਤੁਰਕ ਅਸੀਂ ਕਸਮ ਚੁੱਕਣ ਵਾਸਤੇ ਤਾਂ ਐਨੇ ਕੁਰਾਨ ਸ਼ਰੀਫ ਲੈ ਕੇ ਆਏ ਹਾਂ ਕਿ ਤੁਹਾਡੇ ਅਸੀਂ ਸਹੁੰ ਖਾਣੀ ਹੈ, ਨਿਯਮ ਕਰਨਾ ਹੈ, ਜੇ ਤੁਹਾਡੇ ਨਾਲ ਧੋਖਾ ਹੋਵੇ ਤਾਂ ਅਸੀਂ ਕੁਰਾਨ ਦੀ ਸੌਂਹ ਖਾਂਦੇ ਹਾਂ। ੧੭।

ਦੋਹਰਾ॥ ਐਸੀ ਐਸੀ ਬਾਤ ਕਰ, ਭੇਜਜੋ ਬਹੁ ਸਮਝਾਇ॥ ਜੋ ਵਕੀਲ ਬੰਦੇ ਬਹਾਦਰ ਦੇ ਪਾਸ ਭੇਜੇ ਹਨ, ਉਨ੍ਹਾਂ ਨੂੰ ਲਹੌਰ ਦੇ ਨਬਾਬ ਨੇ ਐਸੀਆਂ ਐਸੀਆਂ ਗੱਲਾਂ ਕਰ ਕੇ ਚੰਗੀ ਤਰ੍ਹਾਂ ਸਮਝਾ ਕੇ ਭੇਜਿਆ ਹੈ।

ਬੰਦੇ ਕੇ ਜੋ ਸਿੱਖ ਹੁਤੇ, ਸੋ ਲੀਨੇ ਭਰਮਾਇ॥੧੮॥ ਜੋ ਬੰਦੇ ਬਹਾਦਰ ਦੇ ਸਿਖ ਬੰਦਈ ਸਿਖ ਸਨ, ਉਹਨਾਂ ਨੂੰ ਕਈ ਤਰ੍ਹਾਂ ਦੇ ਇਨਾਮ ਆਦਿਕ ਦੇ ਲਾਲਚ ਦੇ ਕੇ ਤੁਰਕਾਂ ਦੇ ਵਕੀਲਾਂ ਨੇ ਭਰਮਾ ਲਿਆ ਹੈ। ੧੮।

ਚੌਪਈ॥ ਉਨ ਤੇ ਬਾਤਾਂ ਬਹੁਤ ਕਹਾਈਆਂ॥ ਨਬਾਬ ਨੇ ਉਹਨਾਂ ਤੋਂ ਬਹੁਤ ਗੱਲਾਂ ਕਹਾਈਆਂ ਹਨ।

ਕਈਕ ਗੱਲਾਂ ਉਨ ਮਨੋਂ ਬਨਾਈਆਂ॥ ਕਈ ਗੱਲਾਂ ਉਨ੍ਹਾਂ ਨੇ ਆਪਣੇ ਮਨੋਂ ਘੜ ਲਈਆਂ ਹਨ, ਆਪ ਹੀ ਗੱਲਾਂ ਆਪਣੇ ਮਨੋਂ ਬਨਾਉਣ ਲਗ ਪਏ ਹਨ।

ਕਈ ਸੁਲਤਾਨੀ ਹਿੰਦੂ ਭ੍ਰਮਾਏ॥ ਕਈ ਹਿੰਦੂ ਲੋਕ ਜਿਹੜੇ ਸਖੀ ਸਰਵਰੀਏ ਸਨ ਤੁਰਕਾਂ ਨੇ ਉਨ੍ਹਾਂ ਨੂੰ ਭਰਮਾ ਲਿਆ ਹੈ।

ਬੰਦੇ ਹੋਣ ਸਿਖ ਆਖ ਘਲਾਏ॥੧੯॥ ਉਨ੍ਹਾਂ ਸਖੀ ਸੁਲਤਾਨ ਦੇ ਚੇਲਿਆਂ ਨੂੰ ਨਬਾਬ ਨੇ ਬੰਦੇ ਦੇ ਪਾਸ ਭੇਜਿਆ ਹੈ, ਉਨ੍ਹਾਂ ਨੇ ਆਕੇ ਬੰਦੇ ਬਹਾਦਰ ਨੂੰ ਆਖਿਆ ਹੈ ਕਿ ਅਸੀਂ ਅੱਜ ਤੋਂ ਸਖੀ ਸੁਲਤਾਨ ਨੂੰ ਛੱਡ ਦਿੱਤਾ ਹੈ, ਅਤੇ ਅਸੀਂ ਤੁਹਾਡੇ ਸਿਖ ਹੋਣ ਵਾਸਤੇ ਆਏ ਹਾਂ, ਤੁਹਾਨੂੰ ਗੁਰੂ ਧਾਰਨ ਕਰਨ ਵਾਸਤੇ ਆਏ ਹਾਂ। ੧੯।

ਕਹੈਂ ਡੇਰੋ ਹਮ ਕਿਸ ਵਲ ਲਾਵੈਂ ? ਜਿੰਨੇ ਹਿੰਦੂ ਸੁਲਤਾਨੀਏ, ਫੌਜ ਤੁਰਕਾਂ ਦੀ ਅਤੇ ਪੀਰ ਫਕੀਰ ਆਏ ਹਨ ਅਸੀਂ ਡੇਰਾ ਕਿਸ ਪਾਸੇ ਵਲ ਲਾਈਏ ਇਉਂ ਪੁਛਦੇ ਹਨ ਬੰਦੇ ਬਹਾਦਰ ਨੂੰ।

ਬੰਦਾ ਕਹੈ ਤੁਮ ਜਿੱਧਰ ਭਾਵੈਂ॥ ਬੰਦਾ ਬਹਾਦਰ ਕਹਿੰਦਾ ਹੈ ਕਿ ਜਿਸ ਪਾਸੇ ਤੁਹਾਨੂੰ ਭਾਉਂਦਾ ਹੈ, ਜਿੱਧਰ ਮਰਜ਼ੀ ਲਾ ਲਉ, ਜਿਹੜੇ ਪਾਸੇ ਤੁਸੀਂ ਮਰਜ਼ੀ ਉਤਰੋ ਕਿਲ੍ਹੇ ਦੇ, ਆਪਣੇ ਆਪ ਹੀ ਕਿਲ੍ਹੇ ਨੂੰ ਘੇਰਾ ਪੁਆਈ ਜਾਂਦਾ ਹੈ।

ਐਸੀ ਤੌਰ ਸੁ ਬੰਦਾ ਭੁਲਾਯੋ॥ ਐਸ ਤਰੀਕੇ ਨਾਲ ਬੰਦੇ ਨੂੰ ਤੁਰਕਾਂ ਨੇ ਭਰਮਾ ਲਿਆ ਹੈ।

ਆਪ ਚੁਤਰਫੈ ਡੇਰਾ ਲਵਾਯੋ॥੨੦॥ ਆਪ ਹੀ ਬੰਦੇ ਬਹਾਦਰ ਨੇ ਉਹਨਾਂ ਦਾ ਚਾਰੋਂ ਤਰਫ ਡੇਰਾ ਲੁਆ ਲਿਆ ਹੈ, ਕਿਲ੍ਹੇ ਦੇ ਚਾਰੇ ਪਾਸੀਂ, ਫੌਜ ਦੇ ਮੋਰਚੇ ਚਾਰੋਂ ਤਰਫ ਲੁਆ ਲਏ ਹਨ, ਆਪਣੇ ਹਮਾਇਤੀ ਸਮਝ ਕੇ। ੨੦।

ਐਸੀ ਐਸੀ ਬਾਤਨ ਲਾਏ॥ ਐਸੀਆਂ ਐਸੀਆਂ ਮਿੱਠੀਆਂ ਮਿੱਠੀਆਂ ਗੱਲਾਂ ਵਿਚ ਲਾ ਕੇ ਬੰਦੇ ਬਹਾਦਰ ਨੂੰ।

ਡੇਰਾ ਕੀਨਾ ਢਿਗ ਢਿਗ ਜਾਏ॥ ਤੁਰਕਾਂ ਦੀਆਂ ਫੌਜਾਂ ਨੇ ਕਿਲ੍ਹੇ ਦੇ ਨੇੜੇ ਨੇੜੇ ਜਾ ਕੇ ਡੇਰਾ ਲਾ ਲਿਆ ਹੈ, ਜਿਥੋਂ ਬੰਦਾ ਬਹਾਦਰ ਕਿਤੋਂ ਰਾਤ ਬਰਾਤੇ ਨਿਕਲ ਨ ਸਕੇ, ਇਉਂ ਤਕੜਾਈ ਕਰ ਲਈ ਹੈ ਤੁਰਕਾਂ ਨੇ।

ਔਰ ਦਰਬ ਤਿਨ ਦਈ ਘਲਾਇ॥ ਅਤੇ ਹੋਰ ਧਨ ਭੇਜ ਦਿਤਾ ਹੈ ਕਿਲ੍ਹੇ ਅੰਦਰ, ਲਉ ਜੀ! ਨਬਾਬ ਵਲੋਂ ਤੁਹਾਡੀ ਭੇਟਾ ਹੋਰ ਧਨ ਆਇਆ ਹੈ।

ਆਟਾ ਦਾਣਾ ਕਿਛਕ ਦਿਵਾਇ॥੨੧॥ ਘੋੜਿਆਂ ਵਾਸਤੇ ਕੁਛ ਕੁ ਦਾਣਾ ਪੱਠਾ ਅਤੇ ਲੰਗਰ ਵਾਸਤੇ ਕੁਛ ਕੁ ਰਸਤ ਬਸਤ ਵੀ ਭੇਜ ਦਿੱਤੀ ਹੈ। ੨੧।

ਬੰਦੈ ਕਾ ਦਲ ਜਹਿੰ ਕਹੀ ਜਾਵੈ॥ ਬੰਦੇ ਬਹਾਦਰ ਦਾ ਦਲ (ਜਹਿੰ ਕਹੀ) ਜਿਥੇ ਕਿਧਰ ਕਿਲ੍ਹੇ ਤੋਂ ਬਾਹਰ ਜਾਂਦਾ ਹੈ।

ਉਤ ਵਲ ਤੁਰਕ ਨ ਕੋਈ ਧਾਵੈ॥ ਅਤੇ ਤੁਰਕ ਉਸ ਪਾਸੇ ਵਲ ਕੋਈ ਹੱਲਾ ਨਹੀਂ ਕਰਦੇ ਹਨ, ਸਗੋਂ ਉਹ ਰਾਹ ਵਿਹਲਾ ਕਰ ਦਿੰਦੇ ਹਨ ਕਿ ਲੰਘ ਜਾਵੇ ਬੰਦੇ ਦੀ ਫੌਜ।

ਬੰਦੈ ਕੈ ਕਰੇਂ ਤੱਦੀ ਲੋਕ॥ ਜੋ ਬੰਦੇ ਬਹਾਦਰ ਦੇ (ਲੋਕ) ਬੰਦਈ ਸਿੱਖ ਹਨ, ਉਹ ਤੁਰਕਾਂ ਨੂੰ (ਤੱਦੀ) ਘੂਰ ਘੂਰ ਕੇ ਪੈਂਦੇ ਹਨ, ਤਾੜਨਾ ਕਰਦੇ ਹਨ ਤੁਰਕਾਂ ਨੂੰ, ਜਿਵੇਂ ਸਿੰਘ ਤੇ ਤੁਰਕ ਪਹਿਲਾਂ ਇੱਕ ਦੂਜੇ ਦੇ ਦੁਸ਼ਮਣ ਸਨ।

ਸੋ ਟਲ ਜਾਵੈਂ ਕਰ ਦਿਲ ਸ਼ੋਕ॥੨੨॥ ਤੁਰਕਾਂ ਨੂੰ ਜਰਨੈਲਾਂ ਵਲੋਂ ਹੁਕਮ ਹੈ ਕਿ ਬੰਦੇ ਦੇ ਸਿੱਖਾਂ ਅੱਗੇ ਅੜਨਾ ਨਹੀਂ ਹੈ, ਜਿਵੇਂ ਉਹ ਕਹਿਣ ਓਵੇਂ ਹੀ ਕਰਨਾ ਹੈ, ਜਦੋਂ ਬੰਦੇ ਦੇ ਸਿੱਖ ਉਹਨਾਂ ਨੂੰ ਘੂਰਦੇ ਹਨ, ਆਪਣੇ ਦਿਲ ਹੀ ਦਿਲ ਸ਼ੋਕ ਕਰਕੇ ਉਹ ਟਲ ਜਾਂਦੇ ਹਨ, ਆਪਣੀ ਮਜਬੂਰੀ ਸਮਝਕੇ ਟਲ ਜਾਂਦੇ ਹਨ। ੨੨।

(ਤੁਰਕਾਂ ਨੇ ਘੇਰੇ ਵਿੱਚ ਬੰਦੇ ਨੂੰ ਤੰਗ ਕਰਨਾ)

ਦੋਹਰਾ॥ ਤੁਰਕਨ ਦਿਲ ਬਡ ਖੌਫ ਥੋ, ਕਿਮ ਕਿਮ ਅਗੈ ਤੁਰਾਂਹਿ॥ ਤੁਰਕਾਂ ਦੇ ਮਨ ਵਿਚ ਬੜਾ ਭਾਰੀ ਡਰ ਬੈਠਾ ਹੋਇਆ ਸੀ, (ਕਿਮ ਕਿਮ) ਕਿਲੇ ਵਲ ਨੂੰ ਹੌਲੀ ਹੌਲੀ ਤੁਰੇ ਜਾਂਦੇ ਹਨ, ਘਾਤ ਲਾ ਕੇ।

ਵਹਿ ਜਾਣੈਂ ਹਮ ਨਾਂਹ ਬਚੈਂ, ਥਰ ਥਰ ਰਿਦੈ ਕੰਪਾਂਹਿ॥੧॥ ਨਾਲੇ ਤੁਰਕਾਂ ਨੇ ਪੂਰੀ ਤਸੱਲੀ ਕਰ ਲਈ ਹੈ ਪਰ ਅਜੇ ਵੀ ਇਹ ਸੋਚ ਹੈ ਕਿ ਬੰਦੇ ਬਹਾਦਰ ਤੋਂ ਅਸੀਂ ਨਹੀਂ ਬਚਦੇ, ਬੰਦੇ ਦੇ ਨਾਮ ਤੋਂ ਥਰ ਥਰ ਕੰਬਦੇ ਹਨ, ਅੱਗੇ ਵਧਣ ਨੂੰ ਜੀਅ ਨਹੀਂ ਕਰਦਾ ਹੈ ਤੁਰਕਾਂ ਦਾ। ੧।

ਚੌਪਈ॥ ਅਗੈ ਸੁਨੋ ਬੰਦੇ ਕੀ ਬਾਤ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਇਸ ਤੋਂ ਅੱਗੇ ਬੰਦੇ ਬਹਾਦਰ ਦੀ ਗੱਲ ਸੁਣੋ।

ਸਮਝੋ ਨ ਕੁਛ ਵਹਿ ਤੁਰਕਨ ਘਾਤ॥ ਬੰਦਾ ਬਹਾਦਰ ਤੁਰਕਾਂ ਦੇ (ਘਾਤ) ਧੋਖੇ ਨੂੰ ਕੁਛ ਨਹੀਂ ਸਮਝ ਰਿਹਾ ਹੈ, ਕਿ ਮੇਰੇ ਨਾਲ ਕਿਸ ਤਰ੍ਹਾਂ ਦਾ ਛਲ ਕਪਟ ਕਰ ਰਹੇ ਹਨ।

ਨਾਂਹ ਕਿਲ੍ਹੋ ਵਡ ਠਾਢੋ ਕਰਾ॥ ਨਾ ਹੀ ਕੋਈ ਵੱਡਾ ਪੱਕਾ ਕਿਲ੍ਹਾ ਹੀ ਲੜਾਈ ਲੜਨ ਵਾਸਤੇ (ਠਾਢੋ) ਖੜ੍ਹਾ ਕੀਤਾ ਹੈ। ਐਵੇਂ ਕੱਚੀ ਗੜ੍ਹੀ ਹੀ ਸੀ।

ਨਾਂਹਿ ਜ਼ਖੀਰਾ ਉਸ ਬਹੁ ਭਰਾ॥੨॥ ਅੰਨ ਅਨਾਜ, ਦਾਰੂ ਸਿੱਕੇ ਦਾ ਕੋਈ ਭੰਡਾਰ ਹੀ ਭਰ ਕੇ ਨਹੀਂ ਰਖਿਆ। ਦੋ ਚਾਰ ਸਾਲ ਦੀ ਲੜਾਈ ਵਾਸਤੇ। ੨।

ਲਰਨ ਭਿਰਨ ਕਛੁ ਕੀਓ ਨ ਕਾਜ॥ ਲੜਨ ਭਿੜਨ ਵਾਸਤੇ ਵੀ ਕਿਲ੍ਹੇ ਦੇ ਦੁਆਲੇ ਮੋਰਚਾ ਬੰਦੀ ਦਾ ਕੋਈ ਚੰਗਾ ਕੰਮ ਨਹੀਂ ਸੀ ਕੀਤਾ ਹੋਇਆ।

ਹੁਤੋ ਫਕੀਰ ਕਰ ਜਾਣੈ ਕਜਾ ਰਾਜ॥ ਉਹ ਤਾਂ ਫਕੀਰ ਸਾਧ ਸੀ ਉਸਨੂੰ ਕੀ ਪਤਾ ਹੈ ਰਾਜ ਸਾਜ ਦਾ ਇੰਤਜ਼ਾਮ ਕਿਵੇਂ ਕੀਤਾ ਜਾਂਦਾ ਹੈ, ਲੜਾਈਆਂ ਕਿਵੇਂ ਲੜੀਆਂ ਜਾਂਦੀਆਂ ਹਨ? ਇਹ ਤਾਂ ਖਾਲਸੇ ਪੰਥ ਨੂੰ ਹੀ ਇਨ੍ਹਾਂ ਗੱਲਾਂ ਦਾ ਭੇਤ ਸੀ। ਇਹ ਫਕੀਰ ਹੋਣ ਦੇ ਨਾਤੇ ਰਾਜਨੀਤੀ ਬਾਰੇ ਕੁਛ ਨਹੀਂ ਸੀ ਜਾਣਦਾ।

ਕਹੈ ਤੁਰਕ ਮੋ ਤੇ ਗਏ ਹਾਰ॥ ਆਪਣੇ ਮਨ ਨਾਲ ਤਸੱਲੀਆਂ ਕਰ ਰਿਹਾ ਹੈ, ਕਿ ਤੁਰਕ ਮੈਥੋਂ ਹਾਰ ਗਏ ਹਨ, ਉਹ ਘਬਰਾ ਗਏ ਹਨ, ਤੁਰਕ ਮੇਰਾ ਸਾਮ੍ਹਣਾ ਨਹੀਂ ਕਰ ਸਕਦੇ।

ਮਾਰ ਡਾਰੇ ਮੈਂ ਵਡੇ ਸਿਰਦਾਰ॥੩॥ ਕਿਉਂਕਿ ਮੈਂ ਇਹਨਾਂ ਦੇ ਵੱਡੇ ਵੱਡੇ ਸਰਦਾਰ ਮਾਰ ਸੁੱਟੇ ਹਨ, ਵੱਡੇ ਵੱਡੇ ਇਹਨਾਂ ਦੇ ਮੈਂ ਜਰਨੈਲ ਮਾਰ ਦਿੱਤੇ ਹਨ, ਇਸ ਕਰਕੇ ਤੁਰਕ ਮੇਰੇ ਚਰਨੀਂ ਆ ਪਏ ਹਨ। ੩।

ਮੇਰੇ ਮੈਂ ਇਨ ਲਖੀ ਕਰਮਾਤ॥ ਮੇਰੇ ਵਿੱਚ ਇਨ੍ਹਾਂ ਨੇ ਕਰਾਮਾਤ ਦੇਖੀ ਹੈ ਤਾਂ ਮੇਰੇ ਚੇਲੇ ਬਣ ਗਏ ਹਨ।

ਅਬ ਬੰਨ੍ਹ ਆਏ ਮੋ ਪੈ ਹਾਥ॥ ਹੁਣ ਹੱਥ ਬੰਨ੍ਹ ਕੇ ਮੇਰੇ ਕੋਲ ਆਏ ਹਨ, ਮੇਰੇ ਦਾਸ ਬਣਨ ਵਾਸਤੇ, ਸੇਵਕ ਬਣਨ ਵਾਸਤੇ।

ਕਹਾਂ ਭਯੋ ਜੁ ਤੁਰਕ ਬਹੁ ਅਏ॥ ਕੀ ਹੋ ਗਿਆ ਹੈ? ਜੇ ਤੁਰਕ ਬਹੁਤੇ ਇਕੱਠੇ ਹੋ ਕੇ ਆ ਗਏ ਹਨ, ਬੰਦਾ ਬਹਾਦਰ ਅਜੇ ਵੀ ਮਨ ਨੂੰ ਤਸੱਲੀਆਂ ਦਿੰਦਾ ਹੈ।

ਕਿਆ ਭਯੋ ਜੁ ਸਿੰਘ ਨੱਠ ਗਏ॥੪॥ ਕੀ ਹੋਇਆ? ਜੇ ਮੈਨੂੰ ਸਿੰਘ ਛੱਡ ਕੇ ਭੱਜ ਗਏ ਹਨ, ਫੇਰ ਕੀ ਹੋ ਗਿਆ? ਆਪਣੇ ਆਪ ਨੂੰ ਅਜੇ ਵੀ ਤਕੜਾ ਸਮਝਦਾ ਹੈ। ੪।

ਜੋ ਹਮ ਸੋ ਵੈ ਦਗਾ ਕਮਾਵੈਂ॥ ਜੇ ਤੁਰਕਾਂ ਨੇ ਮੇਰੇ ਨਾਲ (ਦਗਾ) ਧੋਖਾ, ਵਿਸ਼ਵਾਸ ਘਾਤ ਕੀਤਾ, ਤਾਂ।

ਏਕ ਘੜੀ ਮੈਂ ਸਬਹ ਹਿਰਾਵੈਂ॥ ਇਕ ਘੜੀ ਵਿੱਚ ਮੈਂ ਸਾਰੇ ਤੁਰਕਾਂ ਨੂੰ ਹਰਾ ਦਿਆਂਗਾ।

ਇਨ ਕੇ ਸ਼ਸਤ੍ਰ ਇਨ ਪਰ ਪਾਂਹਿ॥ ਇਹ ਜੋ ਸ਼ਸਤ੍ਰ ਮੇਰੇ ਵੱਲ ਮਾਰਨਗੇ, ਉਹ ਮੇਰੇ ਜੰਤ੍ਰਾਂ ਦੇ ਬਲ ਨਾਲ ਇਹਨਾਂ ਨੂੰ ਹੀ ਵੱਜਣਗੇ। ਇਹ ਜੋ ਸ਼ਸਤ੍ਰਾਂ ਨੂੰ ਮੇਰੇ ਮਾਰਨਗੇ, ਮੈਂ ਇਹਨਾਂ ਦੇ ਸ਼ਸਤ੍ਰ ਆਪਣੀ ਮੰਤ੍ਰ ਸਿੱਧੀ ਨਾਲ ਇਹਨਾਂ ਦੇ ਹੀ ਮਾਰਾਂਗਾ।

ਹਮਰੀ ਮੌਤ ਏਹੀ ਮਰ ਜਾਂਹਿ॥੫॥ ਜੋ ਇਹ ਮੇਰੀ ਮੌਤ ਸੋਚਣ ਗੇ ਕਿ ਇਹ ਨੂੰ ਮਾਰੀਏ, ਇਹ ਆਪ ਹੀ ਮਰ ਜਾਣਗੇ ਉਸੇ ਮੌਕੇ। ੫।

ਦੋਹਰਾ॥ ਐਸੀ ਬੰਦੋ ਬਾਤ ਕਹਿ, ਮਨ ਮੈਂ ਬਹੁ ਗਰਬਾਇ॥ ਬੰਦਾ ਬਹਾਦਰ ਇਸ ਤਰ੍ਹਾਂ ਆਪਣੇ ਮਨ ਨਾਲ ਗੱਲਾਂ ਕਰਦਾ ਹੈ ਔਰ ਆਪਣੇ ਸਾਥੀਆਂ ਸੇਵਕਾਂ ਨੂੰ ਤਸੱਲੀਆਂ ਦਿੰਦਾ ਹੈ, ਅਤੇ ਮਨ ਵਿਚ ਬੜਾ ਹੰਕਾਰ ਕਰਦਾ ਹੈ।

ਧੀਰੀ ਧੀਰੀ ਭਾਂਤ ਸੋਂ, ਲਈ ਤੁਰਕਨ ਜੁਗਤ ਬਨਾਇ॥੬॥ (ਧੀਰੀ ਧੀਰੀ) ਹੌਲੀ ਹੌਲੀ ਜੁਗਤਿ ਮੁਕਤ ਨਾਲ ਬੰਦੇ ਨੂੰ ਘੇਰ ਕੇ ਆਪਣੀ ਗੱਲ ਸਿੱਧ ਕਰ ਲਈ ਹੈ। ਇਉਂ ਤੁਰਕਾਂ ਨੇ ਬੰਦੇ ਨੂੰ ਘੇਰੇ ਵਿੱਚ ਲੈ ਲਿਆ ਹੈ। ੬।

ਚੌਪਈ॥ ਰਸਤ ਵਜ਼ਨ ਤੁਰਕ ਉਤਨੀ ਕੁ ਦੀਂਹ॥ ਹੁਣ ਅੰਦਰ ਭੁੱਖ ਲੱਗਦੀ ਹੈ ਲੰਗਰ ਵੀ ਚਲਣਾ ਹੈ, ਤੁਰਕਾਂ ਨੇ ਇੰਤਜਾਮ ਕੀਤਾ ਹੋਇਆ ਹੈ, ਉਨੀ ਕੁ ਰਸਤ ਵਸਤ ਲੰਗਰ ਦੀ ਅੰਦਰ ਲੰਘਣ ਦਿੰਦੇ ਹਨ।

ਜਿਤਨੀ ਕੁ ਨਿਤਪ੍ਰਤਿ ਖਾਇ ਵੈ ਲੈਂਹਿ॥ ਜਿੰਨੀ ਕੁ ਪਕਾ ਕੇ ਹਰ ਰੋਜ਼ ਖਾ ਪੀ ਲੈਣ, ਉਸ ਤੋਂ ਜਿਆਦਾ ਰਸਤ ਕਿਲ੍ਹੇ ਦੇ ਅੰਦਰ ਜਾਣ ਨਹੀਂ ਦਿੰਦੇ ਤੁਰਕ।

ਚਾਰ ਤਰਫ ਉਨ ਡੇਰੇ ਲਾਏ॥ ਚਾਰੋਂ ਤਰਫ ਉਨ੍ਹਾਂ ਦੇ ਡੇਰੇ ਲਾਏ ਹੋਏ ਨੇ ਕਿੱਧਰ ਦੀ ਲੰਘੇਗਾ ਕੋਈ।

ਦੇ ਦੇ ਦਿਲਾਸੇ ਕੰਮ ਬਨਾਏ॥੭॥ ਦਿਲਾਸੇ ਦੇ ਦੇ ਕੇ ਜਿੰਨੀ ਕਹੋ ਰਸਤ ਭੇਜ ਦਿੰਦੇ ਹਾਂ, ਲੰਘਣ ਓਨੀ ਕੁ ਹੀ ਦੇਣੀ ਹੈ, ਜਿੰਨੀ ਕੁ ਉਹ ਰੋਜ਼ ਖਾ ਪੀ ਲੈਣ। ੭।

ਝੂਠੀ ਬਾਤਨ ਬੰਦੋ ਲਾਯੋ॥ ਤੁਰਕਾਂ ਨੇ ਝੂਠੀਆਂ ਗੱਲਾਂ ਕਰ ਕਰ ਕੇ ਬੰਦੇ ਨੂੰ ਆਪਣੇ ਮਗਰ ਲਾ ਲਿਆ ਹੈ।

ਵਹੁ ਜਾਨੈ ਇਨ ਸੱਚ ਕਮਾਯੋ॥ ਬੰਦਾ ਬਹਾਦਰ ਆਪਣੇ ਮਨ ਨੂੰ ਤਸੱਲੀਆਂ ਦਿੰਦਾ ਹੈ, ਕਿ ਤੁਰਕ ਬਿਲਕੁਲ ਸੱਚੀਆਂ ਗੱਲਾਂ ਕਰਦੇ ਹਨ, ਹੁਣ ਨਹੀਂ ਮੈਨੂੰ ਦਗਾ ਦਿੰਦੇ।

ਕਦੇ ਕਹੈਂ ਪਰਵਾਨੋ ਸ਼ਾਹ ਆਯਾ॥ ਕਦੇ ਬੰਦੇ ਬਹਾਦਰ ਨੂੰ ਕਹਿੰਦੇ ਹਨ ਕਿ ਦਿੱਲੀ ਤੋਂ ਬਾਦਸ਼ਾਹ ਦਾ ਲਿਖਿਆ ਪਰਵਾਨਾ ਆ ਗਿਆ ਹੈ, ਹੋਰ ਇੱਕ ਹੁਕਮ ਆ ਗਿਆ ਹੈ।

ਤੁਮ ਕੋ ਮੁਲਕ ਪਹਾੜ ਲਿਖਾਯਾ॥੮॥ ਉਸਦੇ ਵਿੱਚ ਲਿਖਿਆ ਹੋਇਆ ਹੈ ਬਾਦਸ਼ਾਹ ਵੱਲੋਂ ਕਿ ਤੁਹਾਨੂੰ ਸਾਰਾ ਪਹਾੜ ਦਾ ਮੁਲਕ, ਸਾਰਾ ਬਾਈਧਾਰਾਂ ਦਾ ਇਲਾਕਾ ਤੁਹਾਡੇ ਨਾਮ ਲਿਖ ਦਿਤਾ ਹੈ। ੮।

ਸਾਥ ਦੂਨ ਤੁਹਿ ਦਈ ਹੈ ਸਾਰੀ॥ ਕਹਿੰਦੇ ਹਨ ਪਹਾੜ ਤੋਂ ਅਗਲਾ ਪਾਸਾ, ਏਧਰ ਹੁਸ਼ਿਆਰ ਪੁਰ ਦਾ ਇਲਾਕਾ ਅਤੇ ਹੇਠਲੀਆਂ ਪਹਾੜੀਆਂ, ਦੇਹਰਾਦੂਨ ਆਦਿਕ ਦਾ ਇਲਾਕਾ ਸਭ ਲਿਖ ਦਿੱਤਾ ਹੈ, ਇਹ ਵੀ ਇਲਾਕਾ ਤੁਹਾਨੂੰ ਦੇ ਦਿੱਤਾ ਬਾਦਸ਼ਾਹ ਨੇ।

ਜੰਮੂ ਲਾਕ ਔ ਲਾਕ ਹਰਿਦੁਵਾਰੀ॥ ਜੰਮੂ ਤੋਂ ਲੈ ਕੇ ਹਰਿਦੁਆਰ ਤੱਕ ਜਿੰਨਾਂ ਇਲਾਕਾ ਹੈ ਤੇਰੇ ਨਾਮ ਕਰ ਦਿਤਾ ਹੈ, ਪਟਾ ਲਿਖ ਦਿੱਤਾ ਹੈ ਬਾਦਸ਼ਾਹ ਨੇ ਤੇਰੇ ਨਾਮ ਦਾ।

ਔਰ ਕੋਊ ਲੇਹੁ ਜੋ ਲੋੜਿਓ॥ ਹੋਰ ਹੁਕਮ ਕਰੋ ਜੇ ਕਿਸੇ ਹੋਰ ਇਲਾਕੇ ਦੀ ਲੋੜ ਹੈ, ਅਸੀਂ ਉਹ ਵੀ ਬਾਦਸ਼ਾਹ ਤੋਂ ਲਿਖਵਾ ਦਿਆਂਗੇ।

ਅਬ ਲੈ ਲਓ ਨ ਫਿਰ ਕੁਛ ਛੋੜਿਓ॥੯॥ ਇਉਂ ਕਰੋ ਤੁਸੀਂ ਜਿਹੜੀ ਚੀਜ ਲੈਣੀ ਹੈ, ਹੁਣੇ ਹੀ ਲੈ ਲਉ ਤੁਸੀਂ, ਹੁਣ

ਸਾਨੂੰ ਦੱਸਿਆ ਜੇ, ਅਸੀਂ ਉਹੀ ਲਿਖਾ ਦਿਆਂਗੇ, ਫੇਰ ਨਾ ਕਹਿਓ ਕਿ ਆਹ ਇਲਾਕਾ ਰਹਿ ਗਿਆ ਸੀ, ਹੁਣੇ ਲਿਖਾ ਲਉ, ਫੇਰ ਨਾ ਕਿਸੇ ਨੂੰ ਛੇੜਿਓ, ਫੇਰ ਨਾ ਕਿਸੇ ਨੂੰ ਤੰਗ ਕਰਿਓ, ਕੋਈ ਇਲਾਕਾ ਖਾਲੀ ਨਾ ਕਰਾਇਓ। ੯।

ਪ੍ਰਸ਼ਨ-***ਦੋਹਰਾ॥ ਜੋ ਕੋਊ ਆਖੈ ਪ੍ਰਸ਼ਨ ਯਹਿ, ਥੋ ਬੰਦੋ ਸੋ ਜਾਨੀ ਜਾਨ॥*** ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ। ਪ੍ਰਸ਼ਨ ਕਰਨ ਵਾਲੇ ਪ੍ਰਸ਼ਨ ਕਰਦੇ ਹਨ ਕਿ ਬੰਦਾ ਤਾਂ ਜਾਨੀ ਜਾਨ ਸੀ, ਅੰਤਰਜਾਮੀ ਸੀ, ਹਰੇਕ ਦੇ ਦਿਲ ਦੀ ਝਟ ਪਛਾਣ ਲੈਂਦਾ ਸੀ।

ਅਬ ਤੁਰਕਨ ਕੈ ਛਲਨ ਕੋ, ਕਰੀ ਕਿਮ ਨਾਹਿ ਪਛਾਨ? ॥੧੦॥ ਹੁਣ ਤੁਰਕਾਂ ਨੇ ਜੋ ਬੰਦੇ ਬਹਾਦਰ ਨਾਲ ਛਲ ਕੀਤਾ ਹੈ, ਇਸਦੀ ਕਿਉਂ ਨਾ ਪਛਾਣ ਕੀਤੀ ਉਸਨੇ। ੧੦।

ਉੱਤਰ-***ਚੌਪਈ॥ ਬੰਦੈ ਤੇ ਯਿਹ ਚੂਕ ਸੁ ਭਈ॥*** ਭਾਈ ਰਤਨ ਸਿੰਘ ਜੀ ਇਸ ਗੱਲ ਦਾ ਜੁਆਬ ਦਿੰਦੇ ਹਨ ਕਿ ਏਥੇ ਆ ਕੇ ਬੰਦੇ ਬਹਾਦਰ ਤੋਂ (ਚੂਕ) ਭੁਲ ਹੋ ਗਈ ਹੈ, (ਚੂਕ) ਉਕ ਗਿਆ ਹੈ।

ਪ੍ਰਿਥਮ ਸੁ ਮਾਤਾ ਗੁੱਸੇ ਕਈ॥ ਪਹਿਲੀ ਗਲਤੀ ਇਸਨੇ ਇਹ ਕੀਤੀ ਕਿ ਮਾਤਾ ਜੀ ਨੂੰ ਗੁੱਸੇ ਕਰ ਲਿਆ ਹੈ ਇਸਨੇ।

ਦੂਜੋ ਲਯੋ ਉਨ ਜਤ ਗਵਾਇ॥ ਮਹਾਰਾਜ ਜੀ ਨੇ ਕਿਹਾ ਸੀ ਕਿ ਵਿਆਹ ਨਹੀਂ ਕਰਨਾ, ਇਸਨੇ ਚਾਰ ਪੰਜ ਸ਼ਾਦੀਆਂ ਕਰ ਲਈਆਂ ਅਤੇ ਜਤ ਵੀ ਗੁਆ ਲਿਆ, ਜਤ ਸਤ ਨਾ ਰੱਖ ਸਕਿਆ।

ਨਾਰਨ ਬਹੁ ਪਰਵਿਰਤਜੋ ਜਾਇ॥੧੧॥ ਬਹੁਤ ਸਾਰੀਆਂ ਇਸਤ੍ਰੀਆਂ ਵਿੱਚ ਪ੍ਰਵਿਰਤ ਹੋ ਗਿਆ, ਏਥੋਂ ਤੱਕ ਕਿ ਕੰਜਰੀ ਨਾਲ ਵਿਆਹ ਕਰਵਾ ਲਿਆ ਇਸਨੇ। ੧੧।

ਤੀਜੇ ਬੀਰਨ ਵਿੱਦਜਾ ਗਈ॥ ਤੀਜੇ ਨੰਬਰ ਤੇ ਜੋ ਬੀਰ ਵਿੱਦਿਆ ਸੀ, ਬੀਰਾਂ ਨੂੰ ਕਾਬੂ ਕਰਨ ਦੀ ਉਹ ਇਹਦਾ ਸਾਥ ਛੱਡ ਗਈ ਹੈ।

ਉੱਡਨ ਕੀ ਸ਼ਕਤੀ ਬੀ ਖਈ॥ ਅੱਗੇ ਉਡਾਰੀ ਮਾਰ ਕੇ ਉੱਡ ਜਾਂਦਾ ਸੀ, ਉੱਡਣ ਦੀ ਸ਼ਕਤੀ ਵੀ ਇਹਦੀ (ਖਈ) ਨਾਸ ਹੋ ਗਈ।

ਚੌਥੀ ਪੋਥੀ ਰਹੀ ਮੰਡੀ ਮਾਹਿ॥ ਚੌਥੇ, ਉਹ ਪੋਥੀ ਜੋ ਇਸਨੂੰ ਅਨੂਣੀਏ ਸਿੱਧ ਨੇ ਦਿੱਤੀ ਸੀ, ਜਿਸ ਦੇ ਵਿੱਚ ਰਿੱਧੀਆਂ ਸਿੱਧੀਆਂ ਸਨ, ਉਹ ਮੰਡੀ ਦੇ ਰਾਜੇ ਸੁਧ ਸੈਨ ਦੇ ਕੋਲ ਸੁਕੇਤ ਮੰਡੀ ਵਿੱਚ ਰਹਿ ਗਈ ਸੀ।

ਸੁਧ ਸੈਨ ਕੋ ਸੌਂਪੀ ਵਾਹਿ॥੧੨॥ ਉਹ ਪੋਥੀ ਇਸਨੇ ਸੁਧ ਸੈਨ ਮੰਡੀ ਦੇ ਰਾਜੇ ਨੂੰ ਸੌਂਪ ਦਿੱਤੀ ਸੀ। ੧੨।

ਪੰਜਮ ਸਤਿਗੁਰ ਨਿੰਦਜਾ ਕਰੀ॥ ਪੰਜਵੀਂ ਗਲਤੀ ਇਸ ਤੋਂ ਇਹ ਹੋ ਗਈ ਕਿ ਇਸਨੇ ਸਤਿਗੁਰਾਂ ਦੀ ਨਿੰਦਿਆ ਕੀਤੀ, ਕਹਿੰਦਾ ਸੀ, ਸੋਢੀਆਂ ਨਾਲੋਂ ਮੇਰੇ ਵਿੱਚ ਜਿਆਦਾ ਕਲਾ ਹੈ, ਸਤਿਗੁਰੂ ਜੀ ਸੋਢੀ ਸਨ, ਇਹ ਨਿੰਦਿਆ ਸੀ ਸਤਿਗੁਰਾਂ ਦੀ। ਜਿਨ੍ਹਾਂ ਨੇ ਆਪਣਾ ਸੇਵਕ ਬਣਾ ਕੇ ਏਨੀਆਂ ਸ਼ਕਤੀਆਂ ਦੀ ਬਖਸ਼ਸ਼ ਕੀਤੀ ਸੀ, ਉਹਨਾਂ ਦੀ ਨਿੰਦਿਆ ਕੀਤੀ ਇਸਨੇ, ਕਹਿੰਦਾ ਮੈਂ ਹੀ ਵੱਡਾ ਕਰਾਮਾਤੀ ਹਾਂ।

ਛੇਵੇਂ ਪੰਥ ਗੁਰ ਬਿਗੜ ਸੁ ਪਰੀ॥ ਛੇਵੀਂ ਗਲਤੀ ਇਸਨੇ ਇਹ ਕੀਤੀ ਕਿ ਗੁਰੂ ਖਾਲਸੇ ਪੰਥ ਨਾਲ ਵਿਗੜ ਗਿਆ, ਖਾਲਸੇ ਨਾਲ ਵਿਗਾੜ ਪਾ ਕੇ ਬੈਠ ਗਿਆ।

ਸਤਵੈਂ ਉਨ ਪੰਥ ਆਪ ਚਲਾਯੋ॥ ਸੱਤਵੀਂ ਗਲਤੀ ਉਸਨੇ ਹੋਰ ਕੀਤੀ ਕਿ ਉਸਨੇ ਗੁਰੂ ਜੀ ਦੇ ਪੰਥ, ਅਕਾਲੀ ਪੰਥ ਦੇ ਬਰਾਬਰ ਆਪਣਾ (ਬੰਦੇ) ਮਨੁੱਖ ਦਾ, ਬੰਦਈ ਪੰਥ ਬਣਾ ਲਿਆ, ਆਪਣਾ ਵੱਖਰਾ ਹੀ ਪੰਥ ਚਲਾ ਲਿਆ,

''ਮਨਮੁਖ ਹੋਇ ਬੰਦੇ ਦਾ ਬੰਦਾ'' *(ਵਾਰਾਂ ਭਾਈ ਗੁਰਦਾਸ)*

ਅਠਵੈਂ ਬੇਟੀ ਉਸ ਤ੍ਰੀਯਾ ਦਬਾਯੋ॥੧੩॥ ਅੱਠਵੀਂ ਗਲਤੀ ਉਸਨੇ ਇਕ ਹੋਰ ਕੀਤੀ, ਖਾਲਸੇ ਨੂੰ ਨੜੀ ਕੁੜੀ ਮਾਰਨਾ ਮਨ੍ਹਾ ਹੈ, ਇਸ ਦੇ ਘਰ ਵਿੱਚ ਚਾਰ ਪੰਜ ਇਸਤ੍ਰੀਆਂ ਸਨ, ਇਸਦੀ ਇੱਕ ਇਸਤ੍ਰੀ ਦੇ ਲੜਕੀ ਪੈਦਾ ਹੋਈ ਸੀ,

ਉਸ ਲੜਕੀ ਨੂੰ ਜਿਉਂਦੀ ਨੂੰ ਧਰਤੀ ਵਿੱਚ ਦੱਬ ਦਿੱਤਾ ਸੀ। ੧੩।

ਨੌਮੇਂ ਸਿੱਧੀ ਥੀ ਮੁਖਤ ਉਨ ਪਾਈ॥ ਨੌਵਾਂ ਕਾਰਨ ਇਹ ਸੀ ਕਿ ਸਿੱਧੀ ਇਸਨੇ ਮੁਫਤ ਪ੍ਰਾਪਤ ਕੀਤੀ ਸੀ, ਕਮਾਈ ਕਰਕੇ ਨਹੀਂ ਸੀ ਪ੍ਰਾਪਤ ਕੀਤੀ।

ਦਸਮੇਂ ਬਹਜੋ ਵਹਿ ਛੋਡ ਕਮਾਈ॥ ਦਸਵੀਂ ਇਹ ਗਲਤੀ ਹੋ ਗਈ ਇਸਤੋਂ ਕਿ ਕਮਾਈ ਛੱਡ ਦਿੱਤੀ ਇਸਨੇ, ਆਪਦਾ ਨਿਯਮ ਛੱਡ ਦਿਤਾ, ਨਿਤਨੇਮ ਛੱਡ ਦਿੱਤਾ, ਹੁਣ ਇਸਤ੍ਰੀਆਂ ਵਿਚ ਜੋ ਪ੍ਰਵਿਰਤ ਹੋ ਗਿਆ, ਉਸਦਾ ਨਿਤਨੇਮ ਰਹਿ ਗਿਆ। ਇਸ ਤਰ੍ਹਾਂ ਦਸ ਗਲਤੀਆਂ ਕੀਤੀਆਂ, ਗੁਰੂ ਸਾਹਿਬ ਜੀ ਨੇ ਇਹਨਾਂ ਤੋਂ ਵਰਜਿਆ ਸੀ ਕਿ ਇਹ ਨ ਕਰੀਂ, ਫੇਰ ਅਸੀਂ ਤੇਰੀ ਮਦਦ ਰਖਾਂਗੇ, ਫੇਰ ਮੇਰਾ ਖਾਲਸਾ ਤੇਰੇ ਨਾਲ ਰਹੇਗਾ, ਜੇ ਤੂੰ ਇਹ ਗਲਤੀਆਂ ਕੀਤੀਆਂ ਮੇਰਾ ਖਾਲਸਾ ਤੈਨੂੰ ਛੱਡ ਦੇਵੇਗਾ। ਇਉਂ ਬੰਦੇ ਬਹਾਦਰ ਨੇ ਦਸੇ ਦੀਆਂ ਦਸੇ ਗਲਤੀਆਂ ਕਰ ਲਈਆਂ।

ਮੁਖਤ ਨਿਆਮਤ ਮੁਖਤਹਿ ਜਾਏ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਜਿਹੜੀ ਮੁਫਤ ਦੀ ਸ਼ਕਤੀ ਹੋਵੇ, ਮੁਖਤ ਦੀ ਨਿਆਮਤ ਕਿਸੇ ਨੂੰ ਮਿਲੇ, ਉਹ ਮੁਫਤ ਵਿਚ ਹੀ ਚਲੀ ਜਾਂਦੀ ਹੈ।

ਮਹਿੰਗ ਖਰੀਦੀ ਮਹਿੰਗ ਬਿਕਾਏ॥੧੪॥ ਜਿਹੜੀ ਵਸਤੂ ਮਹਿੰਗੀ ਖਰੀਦੀ ਹੋਵੇ ਉਹ ਮਹਿੰਗੀ ਵਿਕਦੀ ਹੈ, ਜੇ ਮਿਹਨਤ ਨਾਲ ਚੀਜ਼ ਲਈ ਹੋਵੇ, ਉਹ ਪੱਲੇ ਰਹਿੰਦੀ ਹੈ, ਉਸਦੀ ਕੀਮਤ ਜਿਆਦਾ ਹੁੰਦੀ ਹੈ। ੧੪।

ਦੋਹਰਾ॥ ਜੋ ਜਾਦੂ ਕੀ ਸਿੱਧ ਹੁਤੀ, ਅਪਨੀ ਮਿਹਨਤ ਬਗੈਰ॥ ਜੋ ਜਾਦੂ ਦੀ ਸਿੱਧੀ ਹੈ ਜਿੰਨਾਂ ਚਿਰ ਆਪ ਨਾ ਕਮਾਈ ਹੋਵੇ, ਆਪ ਨਾ ਕਮਾਈ ਕਰਕੇ ਪ੍ਰਾਪਤ ਕੀਤੀ ਹੋਵੇ।

ਉਹ ਭੀ ਦਗੌ ਸੁ ਦੇਤ ਹੈ, ਔਸੁਰ ਅੰਤਹਿ ਬੇਰ॥੧੫॥ ਜਦੋਂ ਕਦੇ ਲੋੜ ਪਵੇ ਇਹ ਮੁਫਤ ਦੀਆਂ ਨਿਆਮਤਾਂ ਜਿਹੜੀਆਂ ਕਿਸੇ ਕੋਲੋਂ ਲਈਆਂ ਹੋਈਆਂ, ਉਹ ਦਗਾ ਦੇ ਜਾਂਦੀਆਂ ਹਨ, ਉਹ ਛੱਡ ਜਾਂਦੀਆਂ ਹਨ ਆਖਰੀ ਸਮੇਂ ਤੇ, ਉਹ ਵੀ ਕੰਮ ਨਹੀਂ ਦਿੰਦੀਆਂ। ੧੫।

ਚੌਪਈ॥ ਭਗਵਾਨ ਭਗਤੀ ਤੇ ਜੋ ਕੁਛ ਪਾਵੈ॥ ਪ੍ਰਮੇਸ਼ਰ ਦੀ ਬੰਦਗੀ ਕਰਕੇ ਜੋ ਕਰਾਮਾਤ ਉਸਦੇ ਵਿਚੋਂ ਸਿੱਧੀ ਮਿਲੇ, ਬੰਦਗੀ ਕਰਨ ਵਾਲੇ ਮਹਾਂਪੁਰਸ਼ ਜਿਹੜੇ ਹਨ, ਉਹਨਾਂ ਦੀ ਰਸਨਾ ਤੇ ਵਾਹਿਗੁਰੂ ਦਾ ਵਾਸਾ ਹੋ ਜਾਂਦਾ ਹੈ, ਜੋ ਉਹ ਕਹਿ ਦਿੰਦੇ ਹਨ, ਪ੍ਰਮੇਸ਼ਰ ਓਵੇਂ ਹੀ ਕਰ ਦਿੰਦਾ ਹੈ।

ਸੋ ਤੋ ਸਾਸਾਂ ਸਾਥ ਨਿਬਾਹਵੈ॥ ਉਹ ਆਖਰੀ ਸਵਾਸਾਂ ਤੱਕ ਨਿਭਦੀ ਹੈ, ਦੇਖੋ ਭਾਈ ਮਨੀ ਸਿੰਘ ਜੀ ਦੇ ਬੰਦ ਬੰਦ ਜੁਦਾ ਕਰ ਕੇ, ਉਹ ਟੋਕਰਿਆਂ ਵਿਚ ਪਾਏ ਹੋਏ ਹਨ ਡਲੇ ਕਰਕੇ ਸਾਰੇ ਸਰੀਰ ਦੇ ਅੰਗ ਵਖਰੇ ਵਖਰੇ ਹਨ, ਫੇਰ ਵੀ ਸੁਖਮਨੀ ਸਾਹਿਬ ਜੀ ਦਾ ਪਾਠ ਹੋ ਰਿਹਾ ਹੈ, ''ਨਹਿ ਕਿਛੁ ਜਨਮੈ ਨਹਿ ਕਿਛ ਮਰੈ॥ ਆਪਨ ਚਲਿਤ ਆਪ ਹੀ ਕਰੈ''॥ ਉਹਦਾ ਅੰਗ ਅੰਗ ਬੋਲ ਰਿਹਾ ਹੈ, ਰੋਮ ਰੋਮ ਬੋਲ ਰਿਹਾ ਹੈ। ਭਾਈ ਦਿਆਲਾ ਜੀ ਉਬਲਦੀ ਦੇਗ ਦੇ ਵਿੱਚ ਬੈਠਾ ਸ੍ਰੀ ਜਪੁ ਜੀ ਸਾਹਿਬ ਦਾ ਪਾਠ ਕਰ ਰਿਹਾ ਹੈ। ਭਾਈ ਮਤੀ ਦਾਸ ਜੀ ਦੇ ਸਿਰ ਤੇ ਆਰਾ ਚੱਲ ਰਿਹਾ ਹੈ, ਦੋਫਾੜ ਹੋ ਗਏ ਹਨ, ਲੇਕਨ ਜਿੰਨਾ ਚਿਰ ਜਪੁ ਜੀ ਸਾਹਿਬ ਦਾ ਭੋਗ ਨਹੀਂ ਪਿਆ, ਦੋਵੇਂ ਫਾੜਾਂ ਦੇ ਵਿਚੋਂ ਜਪੁ ਜੀ ਸਾਹਿਬ ਦਾ ਪਾਠ ਹੋ ਰਿਹਾ ਹੈ। ਜੋ ਨਿਯਮ ਨਾਲ ਧਰਮ ਦੀ ਕਮਾਈ ਕੀਤੀ ਹੋਵੇ ਉਹ ਆਖਰੀ ਸ੍ਵਾਸਾਂ ਤਕ ਨਾਲ ਜਾਂਦੀ ਹੈ, ਉਹ ਸਰੀਰ ਖਤਮ ਹੋਣ ਤੋਂ ਬਾਅਦ ਵੀ ਆਤਮਾ ਦੇ ਨਾਲ ਜਾਂਦੀ ਹੈ।

ਜਾਦੂ ਦਾ ਬਲ ਸੇਵਾ ਤਾਂਈਂ॥ ਜੋ ਜਾਦੂ ਦਾ ਜੋਰ ਹੈ ਉਹ ਸੇਵਾ ਤੱਕ ਹੈ, ਜਿੰਨਾਂ ਚਿਰ ਉਸਨੂੰ ਮੰਨਦੇ ਰਹੀਏ, ਪੂਜਦੇ ਰਹੀਏ ਉਨਾਂ ਚਿਰ ਸਹਾਇਤਾ ਕਰਦਾ ਹੈ।

ਸੇਵ ਛਡੀ ਤੇ ਸੋ ਛਡ ਜਾਹੀਂ॥੧੬॥ ਜਦੋਂ ਜਾਦੂ ਮੰਤ੍ਰਾਂ ਦੀ ਸੇਵਾ ਛੱਡ ਦੇਈਏ ਤਾਂ ਜਾਦੂ ਮੰਤਰ ਵੀ ਛੱਡ ਕੇ ਤੁਰ ਜਾਂਦੇ ਹਨ, ਬੰਦੇ ਦਾ ਸਰੀਰ ਜਾਦੂ ਮੰਤ੍ਰਾਂ ਦੀ ਸ਼ਕਤੀ ਤੋਂ ਸੱਖਣਾ ਹੋ ਜਾਂਦਾ ਹੈ। ੧੬।

ਬੰਦੇ ਭੀ ਸਸਤੀ ਥੀ ਆਈ॥ ਬੰਦੇ ਬਹਾਦਰ ਨੂੰ ਵੀ ਇਹ ਸ਼ਕਤੀ ਅਨੂਣੀਏ ਸਿੱਧ ਤੋਂ ਸਸਤੀ ਹੀ ਮਿਲੀ ਸੀ ਬਿਨਾਂ ਕੋਈ

ਸੇਵਾ ਤਪ ਆਦਿਕ ਸਾਧੇ ਤੋਂ।

ਮਿਹਨਤ ਦੀ ਥੀ ਬੰਦੇ ਭੁਲਾਈ॥੧੭॥ ਇਸ ਦੀ ਮਿਹਨਤ ਕਰਨੀ ਵੀ ਬੰਦੇ ਨੇ ਛੱਡ ਦਿੱਤੀ ਸੀ, ਭੁੱਲ ਗਿਆ ਸੀ ਇਹਨਾਂ ਗੱਲਾਂ ਨੂੰ। ੧੭।

ਦੋਹਰਾ॥ ਚਾਕਰ, ਰਾਜ, ਗੁਮਾਸ਼ਤੋ, ਜੰਤਰ ਸਿੱਧੀ, ਛਾਮ॥ ਭਾਈ ਸਾਹਿਬ ਜੀ ਇੱਕ ਹੋਰ ਨਿਚੋੜ ਕੱਢਦੇ ਹਨ, (ਚਾਕਰ) ਨੌਕਰ, (ਗੁਮਾਸ਼ਤਾ) ਕਿਸੇ ਨੂੰ ਕੁੱਲ ਖਰਚ ਦੇ ਕੇ ਨਾਲ ਤੋਰ ਦੇਣਾ ਆਪਣੇ ਪੁੱਤਰ ਦੇ, ਜਿਹੜੀ ਤੂੰ ਕਮਾਈ ਕਰਨੀ ਹੈ ਆਪਣੇ ਘਰ ਵਿੱਚ, ਉਹ ਅਸੀਂ ਤੇਰੇ ਘਰ ਦਿਆਂ ਨੂੰ ਦੇ ਚਲਦੇ ਹਾਂ, ਉਸਨੂੰ ਗੁਮਾਸ਼ਤਾ ਕਹਿੰਦੇ ਹਨ, ਜੰਤਰਾਂ ਮੰਤ੍ਰਾਂ ਦੀਆਂ ਸਿੱਧੀਆਂ ਅਤੇ ਕਿਸੇ ਰੁਖਾਂ ਬਿਰਖਾਂ ਦੀ ਛਾਂ ਅਤੇ ਰਾਜ ਆਦਿਕ।

ਪ੍ਰਤੀਤ ਨ ਇਨਕੀ ਕੀਜੀਏ, ਜੈਸ ਬਨੇਰੇ ਕਾਮ॥੧੮॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਇਹਨਾਂ ਉਪਰ ਲਿਖੇ ਹੋਇਆਂ ਦਾ (ਪ੍ਰਤੀਤ) ਯਕੀਨ ਨਹੀਂ ਕਰਨਾ ਚਾਹੀਦਾ, ਕਿਹੜੇ ਵੇਲੇ ਛੱਡ ਕੇ ਚਲੇ ਜਾਣ। ਇਹਨਾਂ ਜਾਦੂ ਟੂਣਿਆਂ ਤੇ ਇਤਬਾਰ ਨਾ ਕਰੋ, ਜਿਸ ਤਰ੍ਹਾਂ ਕਾਂ ਬਨੇਰੇ ਤੇ ਬੈਠਾ ਹੋਵੇ ਕੀ ਪਤਾ ਉਸਨੇ ਕਦੋਂ ਉਡਾਰੀ ਮਾਰ ਜਾਣੀ ਹੈ? ਉਥੇ ਥੋੜੇ ਬੱਧਾ ਰਹਿਣਾ ਉਸਨੇ। ੧੮।

(ਬੰਦਈਆਂ ਦੀ ਅਰਦਾਸ ਤੇ ਬੰਦੇ ਦਾ ਉੱਤਰ)

ਦੋਹਰਾ॥ ਜਬ ਤੁਰਕਨ ਘੇਰੋ ਕੀਯੋ, ਬਜ਼ ਨਿਕਲਨ ਨਹਿੰ ਦੇਹਿੰ॥ ਜਦੋਂ ਤੁਰਕਾਂ ਨੇ ਘੇਰਾ ਤੰਗ ਕਰ ਦਿੱਤਾ, ਨਾ ਕਿਲ੍ਹੇ ਵਿੱਚ ਕਿਸੇ ਨੂੰ ਵੜਨ ਦਿੰਦੇ ਹਨ ਅਤੇ ਨਾਂਹੀ ਕਿਲ੍ਹੇ ਦੇ ਅੰਦਰੋਂ ਕਿਸੇ ਨੂੰ ਬਾਹਰ ਨਿਕਲਣ ਦਿੰਦੇ ਹਨ।

ਤਬ ਲੋਗਨ ਦੁਖ ਪਾ ਕਹਜੋ, 'ਇਹ ਹਮ ਸੋਂ ਦਗਾ ਕਮੇਹਿੰ॥ ੧॥ ਜਦੋਂ ਤੁਰਕਾਂ ਦੇ ਮੋਰਚੇ ਵੇਖੇ ਕਿਲ੍ਹੇ ਦੇ ਅੰਦਰ ਕਿਸੇ ਨੂੰ ਜਾਣ ਨਹੀਂ ਦਿੰਦੇ ਤੇ ਬਾਹਰ ਕਿਲ੍ਹੇ ਦੇ ਵਿੱਚੋਂ ਨਿਕਲਨ ਨਹੀਂ ਦਿੰਦੇ, ਤਦ ਲੋਕਾਂ ਨੇ ਬੜਾ ਦੁਖ ਪਾਇਆ ਹੈ, ਕਹਿੰਦੇ ਉਹੋ ਤੁਰਕ ਤਾਂ ਸਾਡੇ ਨਾਲ ਦਗਾ ਕਰ ਰਹੇ ਹਨ, ਧੋਖਾ ਦੇ ਰਹੇ ਹਨ ਸਾਨੂੰ, ਇਸ ਤਰ੍ਹਾਂ ਕਿਹਾ ਹੈ। ੧।

ਚੌਪਈ॥ ਬਾਜ ਸਿੰਘ ਥੋ ਬਡ ਮੁਖਤਜਾਰ॥ ਭਾਈ ਬਾਜ ਸਿੰਘ ਜੀ ਬੰਦੇ ਬਹਾਦਰ ਦੇ ਮੁਖਤਜਾਰ ਆਮ ਸਨ।

ਇਨ ਪੈ ਕਰੀ ਸਿਖ ਗ੍ਰੀਬਨ ਪੁਕਾਰ॥ ਗਰੀਬ ਸਿਖਾਂ ਨੇ ਭਾਈ ਬਾਜ ਸਿੰਘ ਜੀ ਦੇ ਅੱਗੇ ਪੁਕਾਰ ਕੀਤੀ ਹੈ।

ਕਹਿਤ ਨਹੀਂ ਤੂੰ ਬੰਦੇ ਪਾਸ॥ ਕਿ ਤੂੰ ਬੰਦੇ ਬਹਾਦਰ ਦੇ ਕੋਲ ਕਹਿੰਦਾ ਨਹੀਂ ਹੈ।

ਕਹਾਂ ਭਯੋ ਤੁਮ ਭੀ ਬੁਧਿ ਨਾਸ॥੨॥ ਤੂੰ ਸਾਰਿਆਂ ਤੋਂ ਸਿਆਣਾ ਸੀ, ਕੀ ਹੋ ਗਿਆ ਹੈ ਤੈਨੂੰ ਵੀ, ਤੇਰੀ ਵੀ ਬੁਧੀ ਖਤਮ ਹੋ ਗਈ ਹੈ। ੨।

ਤੁਰਕ ਕਰਤ ਹੈਂ ਹਮ ਸੋ ਛੱਲ॥ ਤੈਨੂੰ ਵੀ ਨਹੀਂ ਪਤਾ ਲਗਿਆ ਹੈ ਤੁਰਕ ਸਾਡੇ ਨਾਲ ਦਗਾ ਕਰ ਰਹੇ ਹਨ, ਸਾਨੂੰ ਧੋਖੇ ਨਾਲ ਘੇਰਾ ਪਾਇਆ ਹੋਇਆ ਹੈ।

ਕਹੋ ਨ ਸਚ ਤੁਮ ਬੰਦੇ ਸੋਂ ਚੱਲ॥ ਤੁਸੀਂ ਬੰਦੇ ਬਹਾਦਰ ਕੋਲ ਚੱਲ ਕੇ, ਜਾ ਕੇ ਸੱਚੀ ਗੱਲ ਨਹੀਂ ਆਖਦੇ।

ਹਮ ਕੋ ਕਿਮ ਅਕਾਰਥ ਮ੍ਰਵਾਓ॥ ਸਿੱਖ ਬਾਜ ਸਿੰਘ ਨੂੰ ਮਿਹਣੇ ਦਿੰਦੇ ਹਨ ਕਿ ਸਾਨੂੰ ਕਿਵੇਂ (ਅਕਾਰਥ) ਬਿਨਾਂ ਮੌਤ ਆਈ ਤੋਂ ਕਿਉਂ ਮਰਵਾਉਣ ਲੱਗੇ ਹੋ।

ਲੜਨ ਨ ਦੇਹੋ ਇਮ ਕੈਦ ਕਰਾਓ॥੩॥ ਸਾਨੂੰ ਲੜਨ ਵੀ ਨਹੀਂ ਦਿੰਦਾ ਬੰਦੇ ਬਹਾਦਰ ਦਾ ਹੁਕਮ ਹੈ ਕਿ ਲੜੋ ਨਾ,

ਇਉਂ ਸਾਨੂੰ ਕੈਦ ਕਰਵਾਉਣਾ ਚਾਹੁੰਦਾ ਹੈ, ਗ੍ਰਿਫਤਾਰ ਕਰਵਾਏਗਾ। ੩।

ਜਿਨ ਕੀ ਖਾਤਰ ਇਹ ਕੰਮ ਬਨਾਯੋ॥ ਬਾਜ ਸਿੰਘ ਨੂੰ ਕਹਿੰਦੇ ਹਨ ਕਿ ਜਿਨ੍ਹਾਂ ਦੀ ਖਾਤਰ ਇਹ ਕੰਮ ਬਣਾਇਆ ਸੀ, ਭਾਵ ਸਿੰਘਾਂ ਦੇ ਮਰਵਾਉਣ ਵਾਸਤੇ ਇਹ ਸਾਰਾ ਕੰਮ ਕੀਤਾ ਸੀ, ਕਿ ਮੈਂ ਇਹਨਾਂ ਤੋਂ ਜੋ ਨੰਦੇੜ ਦੀ ਧਰਤੀ ਤੇ ਸਿੰਘਾਂ ਨੇ ਮੇਰੇ ਆਸ਼ਰਮ ਵਿੱਚ ਬੱਕਰੇ ਝਟਕੇ ਸਨ, ਉਹਨਾਂ ਦਾ ਬਦਲਾ ਲੈਣਾ ਹੈ। ਕਿਉਂਕਿ ਪੰਥ ਨਵਾਂ ਬਨਾਉਣਾ ਹੈ, ਮੈਂ ਇਹ (ਸਿੰਘ) ਕਾਲੀ ਦੀ ਭੇਟਾ ਦੇ ਦੇਣੇ ਹਨ।

ਉਨ ਮੈਂ ਕੋਈ ਨਾਂਹਿ ਫਸਾਯੋ॥ ਉਹਨਾਂ ਦੇ ਵਿਚੋਂ ਤਾਂ ਕਿਸੇ ਨੂੰ ਵੀ ਫਸਾਇਆ ਨਹੀਂ ਏਸ ਜਾਲ ਵਿੱਚ।

ਸੋ ਨਠ ਗਏ ਇਸ ਤੌਰ ਪਛਾਨੇ॥ (ਸੋ) ਉਹ ਸਿੰਘ ਤਾਂ ਇਸ ਦਾ (ਤੌਰ) ਤਰੀਕਾ ਪਛਾਣ ਕੇ ਉਦੋਂ ਹੀ ਨਗਾਰੇ ਤੇ ਚੋਟ ਲਾ ਕੇ ਉਦੋਂ ਹੀ ਹਰਨ ਹੋ ਗਏ ਸਨ, ਘੋੜਿਆਂ ਤੇ ਚੜ੍ਹ ਕੇ ਭੱਜ ਗਏ ਮੱਲੋ ਮੱਲੀ।

ਹਮ ਆਇ ਫਸੇ ਸੋ ਗਰੀਬ ਇਆਨੇ॥੪॥ ਅਸੀਂ (ਇਆਨੇ) ਬੇ-ਸਮਝ ਸਿਖ ਫਸ ਗਏ ਹਾਂ। ਹੁਣ ਸਾਡਾ ਕੋਈ ਇਲਾਜ ਦੱਸ ਸਾਨੂੰ ਕਿਵੇਂ ਬਚਾਇੰਗਾ। ੪।

ਜਬੈ ਪਰੂਗੁ ਬੰਦੇ ਪਰ ਭਾਰੀ॥ ਜਦੋਂ ਬੰਦੇ ਬਹਾਦਰ ਤੇ ਬੜੀ ਭਾਰੀ ਭੀੜ ਪਵੇਗੀ।

ਸੋ ਨਠ ਜਾਊਗ ਕਰ ਬੀਰਨ ਅਸ੍ਵਾਰੀ॥ ਉਹ ਤਾਂ ਬੀਰਾਂ ਨੂੰ ਹੁਕਮ ਦੇਵੇਗਾ ਕਿ ਚਲੋ ਮੈਨੂੰ ਲੈ ਚਲੋ, ਉਹ ਤਾਂ ਭੱਜ ਜਾਇਗਾ ਬੀਰਾਂ ਤੇ ਸਵਾਰ ਹੋ ਕੇ।

ਸੋ ਪਚਾਸ ਕੌਹ ਇਹ ਉਡ ਜਾਊਗ॥ ਉਹ ਤਾਂ ਸੌ ਪੰਜਾਹ ਕੋਹ ਦੂਰ ਨਿਕਲ ਜਾਇਗਾ ਉਡ ਕੇ, ਫੇਰ ਇਹਨੂੰ ਕੌਣ ਫੜ ਸਕੇਗਾ।

ਤੁਰਕਨ ਕੇ ਜਹਿਂ ਹੱਥ ਨ ਆਊਗ॥੫॥ ਉਥੇ ਚਲਿਆ ਜਾਵੇਗਾ, ਜਿਥੇ ਤੁਰਕਾਂ ਦੇ ਹੱਥ ਨਾ ਆਵੇ। ੫।

ਦੋਹਰਾ॥ ਹਮੈ ਖੁਵਾਰੀ ਬਣ ਗਈ, ਫਸੇ ਗਰੀਬ ਸੁ ਆਇ॥ ਖੁਆਰੀ ਤਾਂ ਸਾਨੂੰ ਬਣ ਗਈ ਹੈ ਜੋ ਅਸੀਂ ਗਰੀਬ ਧੋਖੇ ਵਿੱਚ ਫਸ ਗਏ ਹਾਂ, ਤੁਹਾਡੇ ਮਗਰ ਲੱਗ ਕੇ ਘੇਰੇ ਵਿੱਚ ਆ ਗਏ ਹਾਂ।

ਤੁਮ ਤੋ ਬਹੁਤ ਕਮਾਇਓ, ਲਿਓ ਪਹਿਰ ਔ ਖਾਇ॥੬॥ ਭਾਈ ਬਾਜ ਸਿੰਘ ਜੀ ਨੂੰ ਕਹਿੰਦੇ ਹਨ, ਕਿ ਤੁਸੀਂ ਤਾਂ ਬਹੁਤ ਕੁਛ ਕਮਾ ਲਿਆ ਹੈ, ਸਰਹੰਦ ਦਾ ਸੂਬੇਦਾਰ ਰਿਹਾ ਹੈਂ ਬਹੁਤ ਧਨ ਇੱਕਠਾ ਕੀਤਾ ਹੈ, ਕਮਾ ਹੰਢਾ ਲਿਆ ਹੈ, ਖਾ ਪੀ ਲਿਆ ਹੈ ਬੜਾ, ਅਸੀਂ ਗਰੀਬ ਜਿਹੜੇ ਥੋੜੇ ਦਿਨਾਂ ਦੇ ਭਰਤੀ ਹੋਏ ਹਾਂ, ਸਾਡਾ ਇਲਾਜ ਦੱਸ। ੬।

ਚੌਪਈ॥ ਤਬ ਸੁਨ ਉਨ ਮੁਖਤਜਾਰਨ ਭਾਖੀ॥ ਤਦ ਸੁਣ ਕੇ ਇਹਨਾਂ ਲੋਕਾਂ ਦੀ ਗੱਲ, ਬਾਜ ਸਿੰਘ ਤੇ ਜੋ ਹੋਰ ਮੁਖਤਿਆਰ ਬਣਾਏ ਹੋਏ ਸਨ ਬੰਦੇ ਬਹਾਦਰ ਨੇ ਬੰਦਈ ਸਿਖ, ਉਹਨਾਂ ਨੇ ਇਸ ਤਰ੍ਹਾਂ ਕਹੀ ਹੈ ਗੱਲ, ਉਹਨਾਂ ਗਰੀਬ ਸਿੱਖਾਂ ਨੂੰ।

ਵਹੁ ਜਾਨੀ ਜਾਨ ਹਮ ਬਨੈ ਨ ਆਖੀ॥ ਭਲਿਓ ਲੋਕੋ! ਉਹ ਅੰਤਰਜਾਮੀ ਹੈ, ਉਹ ਸਭ ਕੁਛ ਜਾਣਦਾ ਬੁੱਝਦਾ ਹੈ, ਸਾਡਾ ਕਿਹਾ ਨਹੀਂ ਮੰਨਦਾ ਕਿ ਅਸੀਂ ਉਸਨੂੰ ਐਵੇਂ ਕੋਈ ਗੱਲ ਕਹੀਏ।

ਕਜਾ ਜਾਣੈ ਉਸ ਕਜਾ ਦਿਲ ਆਈ॥ ਕੀ ਜਾਣੀਏ? ਉਸਦੇ ਦਿਲ ਵਿੱਚ ਕੀ ਵਸੀ ਹੋਈ ਹੈ? ਉਹ ਕੀ ਕਰਨਾ ਚਾਹੁੰਦਾ ਹੈ? ਕਿਉਂਕਿ ਕਰਤਾ ਹਰਤਾ ਮੰਨਦੇ ਸਨ ਬੰਦੇ ਬਹਾਦਰ ਨੂੰ ਕੀ ਪਤਾ? ਉਸਦੇ ਦਿਲ ਵਿੱਚ ਕੀ ਆਈ ਹੈ?

ਹਮ ਕੋ ਬਨੈ ਨ ਗਲ ਪਲਟਾਈ॥੭॥ ਸਾਨੂੰ ਉਸਦੀ ਗੱਲ ਉਲਟਾਉਣੀ ਯੋਗ ਨਹੀਂ ਹੈ। ੭।

ਦੇਵੈਂਗੇ ਉਸ ਅੱਗੇ ਸੀਸ॥ ਉਹ ਜਿਹੜੇ ਮੁਖਤਿਆਰ ਬਣੇ ਸਨ, ਉਹ ਕਹਿੰਦੇ ਹਨ ਕਿ ਸਾਡਾ ਫਰਜ਼ ਨਹੀਂ ਬਣਦਾ, ਅਸੀਂ ਜਾ ਕੇ ਹੁਣ ਆਖੀਏ ਇਸਨੂੰ, ਕਿ ਸਾਨੂੰ ਭੇਜਾ ਏਥੋਂ, ਜਾਂ ਸਾਨੂੰ ਲੈ ਚੱਲ ਕਿਸੇ ਹੋਰ ਪਾਸੇ ਹੁਣ ਤਾਂ ਅਸੀਂ ਸੀਸ ਦਿਆਂਗੇ, ਇਸਦੇ ਅੱਗੇ ਹੋ ਹੋ ਕੇ ਮਰਾਂਗੇ। ੭।

ਹਮ ਗੁਰ ਧਾਰਜੋ ਬਿਸਵੇ ਬੀਸ॥ ਦੱਸੋ ਉਹ ਵੀ ਤਾਂ ਮਝੈਲ ਹੀ ਸਨ, ਜਿਨ੍ਹਾਂ ਨੇ ਬੰਦੇ ਬਹਾਦਰ ਨੂੰ ਗੁਰੂ ਬਣਾ ਲਿਆ ਹੈ;

ਪਹਿਲਾਂ ਤੱਤ ਖਾਲਸਾ ਹੁੰਦੇ ਹੋਏ ਹੁਣ ਬੰਦੇ ਦੇ ਚੇਲੇ ਬਣ ਬੈਠੇ, ਕਿ ਅਸੀਂ ਬੰਦੇ ਦੇ ਸਿਖ ਹਾਂ। ਇਸ ਕਰਕੇ ਕਹਿੰਦੇ ਹਨ ਕਿ ਅਸੀਂ ਵੀਹ ਬਿਸਵੇ ਉਸਨੂੰ ਗੁਰੂ ਧਾਰਨ ਕੀਤਾ ਹੈ।

ਤੁਮਰੀ ਖਾਤਰ ਇਤਨੀ ਆਖੈਂ॥ ਹਾਂ ਇਹ ਠੀਕ ਹੈ ਤੁਸੀਂ ਜੋ ਨਵੇਂ ਸਿਪਾਹੀ ਆਏ ਹੋ, ਤੁਹਾਡੀ ਖਾਤਰ ਅਸੀਂ ਏਨੀ ਗੱਲ ਜ਼ਰੂਰ ਕਹਿ ਸਕਦੇ ਹਾਂ।

ਆਪ ਚੱਲ ਸਭ ਦੇਖੋ ਆਂਖੈਂ॥੮॥ ਆਉ ਤੁਸੀਂ, ਉਸਨੂੰ ਵੀ ਅਸੀਂ ਆਖਦੇ ਹਾਂ, ਕਿ ਆਉ ਜਰਾ ਅੱਖਾਂ ਨਾਲ ਤਾਂ ਵੇਖੋ, ਸਿਪਾਹੀਆਂ ਦੀ ਕੀ ਹਾਲਤ ਹੋਈ ਹੋਈ ਹੈ, ਲੰਗਰ ਕਿਵੇਂ ਮਸਤਾਨੇ ਹਨ, ਕੀ ਹਾਲਾਤ ਹਨ ਸਿਖਾਂ ਦੇ? ਉਹਨਾਂ ਲੋਕਾਂ ਨੂੰ ਕਹਿੰਦੇ ਹਨ ਕਿ ਜੇ ਤੁਹਾਨੂੰ ਸਾਡੇ ਤੇ ਯਕੀਨ ਨਹੀਂ ਹੈ, ਤੁਸੀਂ ਆਪ ਆਪਣੀਆਂ ਅੱਖਾਂ ਨਾਲ ਦੇਖੋ, ਸਾਡੇ ਨਾਲ ਜਾ ਕੇ ਕਿ ਅਸੀਂ ਉਸ ਨੂੰ ਕਹਿੰਦੇ ਹਾਂ ਕਿ ਨਹੀਂ। ੮।

ਉਨ ਕੋ ਮੁਹਰੈ ਕਰ ਕੈ ਤੁਰੈ॥ ਉਹ ਮੁਖਤਿਆਰ ਉਹਨਾਂ ਲੋਕਾਂ ਨੂੰ ਆਪਣੇ ਅੱਗੇ ਲਾ ਕੇ ਤੁਰੇ ਹਨ।

ਹਾਥ ਜੋਰ ਜਾ ਉਨ ਪੈ ਖਰੈ॥ ਹੱਥ ਜੋੜ ਕੇ (ਉਨ) ਉਸਦੇ ਪਾਸ, ਬੰਦੇ ਬਹਾਦਰ ਦੇ ਕੋਲ ਜਾ ਖੜੇ ਹੋਏ ਹਨ।

ਜਾ ਅਰਦਾਸੀਅਨ ਕਰੀ ਅਰਦਾਸ॥ ਜਾ ਕੇ (ਅਰਦਾਸੀਅਨ) ਅਰਦਾਸ ਕਰਨ ਵਾਲਿਆਂ ਨੇ (ਅਰਦਾਸ) ਬੇਨਤੀ ਕੀਤੀ ਹੈ।

ਹਾਥ ਜੋੜ ਖੜ ਹਜੂਰੀ ਪਾਸ॥੯॥ ਹੱਥ ਜੋੜ ਕੇ ਨੇੜੇ ਹੋ ਕੇ ਗਲ ਵਿਚ ਪੱਲਾ ਪਾ ਕੇ, ਬੰਦੇ ਬਹਾਦਰ ਦੀ ਹਾਜ਼ਰੀ ਵਿੱਚ, ਇਸ ਤਰ੍ਹਾਂ ਅਰਦਾਸੇ ਕਰਦੇ ਹਨ। ੯।

ਬੰਦੈ ਕਹਜੋ ਜਿਮ ਕਹਿਓ ਆਇ॥ ਜਿਵੇਂ ਉਹਨਾਂ ਲੋਕਾਂ ਨੇ ਕਿਹਾ ਸੀ, ਉਸ ਤਰ੍ਹਾਂ ਆ ਕੇ ਅਰਦਾਸੀਆਂ ਨੇ ਬੰਦੇ ਬਹਾਦਰ ਦੇ ਪਾਸ ਅਰਦਾਸ ਕੀਤੀ।

ਹਮ ਜਾਨਜੋ ਤੁਮ ਲੋਕਨ ਬਹਿਕਾਇ॥ ਬੰਦੇ ਬਹਾਦਰ ਨੇ ਉੱਤਰ ਦਿੱਤਾ, ਤੁਸੀਂ ਸਾਰੇ ਆਗੂ ਹੋ ਮੇਰੇ, ਮੈਂ ਜਾਣ ਲਿਆ ਹੈ ਕਿ ਤੁਹਾਨੂੰ ਉਨ੍ਹਾਂ ਲੋਕਾਂ ਨੇ ਬਹਿਕਾਇਆ ਹੈ ਭੜਕਾਇਆ ਹੈ, ਉਹਨਾਂ ਦੇ ਕਹੇ ਤੋਂ ਤੁਸੀਂ ਆ ਖੜ੍ਹੇ ਹੋ ਏਥੇ।

ਹਮ ਕੋ ਤੁਰਕ ਇਹ ਮਾਰਨ ਆਏ॥ ਕਿ ਸਾਨੂੰ ਤੁਰਕ ਮਾਰਨ ਵਾਸਤੇ ਆਏ ਹਨ, ਇਹ ਤੁਹਾਨੂੰ ਐਵੇਂ ਕਿਸੇ ਨੇ ਭੜਕਾ ਤਾਂ ਨਹੀਂ ਦਿੱਤਾ।

ਬੰਦੇ ਨਸਮਝ ਤੁਮ ਚਹੌ ਸਮਝਾਏ॥੧੦॥ ਤੁਸੀਂ ਸਮਝਦੇ ਹੋ ਕਿ ਬੰਦਾ ਬੇਸਮਝ ਹੈ, ਇਹੀ ਸਮਝਦੇ ਹੋ ਤੁਸੀਂ, ਕਿ ਅਸੀਂ ਬਥੇਰਾ ਕਹਿੰਦੇ ਹਾਂ ਬੰਦਾ ਨਹੀਂ ਮੰਨਦਾ ਹੈ, ਤੁਸੀਂ ਮੈਨੂੰ ਸਮਝਾਉਣਾ ਚਾਹੁੰਦੇ ਹੋ, ਇਹ ਦੱਸੋ ਤੁਸੀਂ। ੧੦।

ਦੋਹਰਾ॥ ਤੁਮ ਜੁ ਕਹਜੋ ਛਡ ਜਾਇਗੋ, ਬੰਦਾ ਪੜੀਅਤ ਭੀਰ॥ ਬੰਦਾ ਬਹਾਦਰ ਕਹਿਣ ਲੱਗਾ ਹੈ ਤੁਸੀਂ ਜੋ ਕਹਿੰਦੇ ਹੋ ਕਿ ਬੰਦਾ ਬਹਾਦਰ ਬੀਰਾਂ ਤੇ ਸਵਾਰੀ ਕਰ ਕੇ ਨੱਠ ਜਾਇਗਾ ਤੇ ਸਾਡੇ ਲੋਕਾਂ ਨੂੰ ਮੁਸੀਬਤ ਬਣ ਜਾਇਗੀ, ਅਸੀਂ ਮਾਰੇ ਜਾਵਾਂਗੇ, ਉਸਦਾ ਉੱਤਰ ਦਿੰਦਾ ਹੈ।

ਯਹਿ ਤੋ ਬਾਤ ਨ ਹੋਇਗੀ, ਸਾਖੀ ਬਿਚ ਯਹਿ ਬੀਰ॥੧੧॥ ਬੀਰਾਂ ਦੀ ਸੌਂਹ ਖਾ ਕੇ ਕਹਿੰਦਾ ਹੈ, ਇਹ ਤਾਂ ਗੱਲ ਨਹੀਂ ਹੋਣੀ, ਤੁਹਾਨੂੰ ਮੈਂ ਛੱਡ ਕੇ ਨਹੀਂ ਜਾਵਾਂਗਾ, ਮਰਾਂਗਾ ਤਾਂ ਤੁਹਾਡੇ ਨਾਲ ਮਰਾਂਗਾ, ਨੱਠਾਂਗਾ ਤੁਹਾਡੇ ਨਾਲ ਨੱਠਾਂਗਾ, ਸਹੁੰ ਲੱਗੇ ਮੈਨੂੰ ਬੀਰਾਂ ਦੀ, ਬੀਰਾਂ ਦੀ ਮਾਰ ਵੱਗੇ ਜੇ ਮੈਂ ਤੁਹਾਡੇ ਨਾਲ ਧੋਖਾ ਕਰਾਂ, ਮੈਂ ਤੁਹਾਨੂੰ ਛੱਡ ਕੇ ਨਹੀਂ ਭੱਜਾਂਗਾ। ੧੧।

ਚੌਪਈ॥ ਭਲੀ ਬੁਰੀ ਤੁਮ ਸੰਗ ਨਿਬਾਹੌਂ॥ ਭਲੀ ਹੋਵੇ ਬੁਰੀ ਹੋਵੇ, ਦੁਖ ਹੋਵੇ ਸੁਖ ਹੋਵੇ, ਤੁਹਾਡੇ ਨਾਲ ਹੀ ਰਹਾਂਗਾ, ਤੁਹਾਡੇ ਨਾਲ ਹਰ ਨਿਰਬਾਹ ਕਰਾਂਗਾ।

ਸੌਂਤਿ ਬਚਨ ਅਬ ਉਡ ਨਹਿ ਜਾਵੌਂ॥ ਇਹ ਮੇਰਾ ਸੱਚਾ ਬਚਨ ਹੈ ਮੈਂ ਹੁਣ ਉੱਡ ਕੇ ਨਹੀਂ ਜਾਵਾਂਗਾ, ਅੱਗੇ ਵਾਂਗ ਉਡ੍ਹਾਰੀ ਨਹੀਂ ਮਾਰਾਂਗਾ।

ਯਾਂਤੇ ਬੰਦੇ ਉਡਨੌ ਛੋਡਜੋ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਸ ਕਰਕੇ ਬੰਦੇ ਨੇ ਉਸਤੋਂ ਮਗਰੋਂ ਉਡਣਾ ਛੱਡ ਦਿੱਤਾ ਹੈ।

ਮਰ ਸੁ ਗਯੋ ਅਰ ਪ੍ਰਣ ਨਹਿੰ ਛੋਡਜੋ॥੧੨॥ ਉਹ ਮਰ ਤਾਂ ਗਿਆ ਹੈ, ਦਿੱਲੀ ਜਾ ਕੇ ਸਿੱਖਾਂ ਨਾਲ ਸ਼ਹੀਦ ਹੋ ਗਿਆ ਹੈ, ਲੇਕਨ ਆਪਣਾ ਕੀਤਾ ਹੋਇਆ ਪ੍ਰਣ ਨਹੀਂ ਛੱਡਿਆ, ਉਸਨੇ ਕਿਹਾ ਸੀ ਮੈਂ ਨਹੀਂ ਉਡਾਂਗਾ, ਉਸਨੇ ਇਸ ਗੱਲ ਦੀ ਉਲੰਘਣਾ ਨਹੀਂ ਕੀਤੀ ਹੈ, ਨਹੀਂ ਉੱਡਿਆ ਉਸ ਦਿਨ ਤੋਂ। ੧੨।

ਇਹ ਜੁ ਤੁਰਕ ਹਮ ਮਾਰਨ ਆਯੋ॥ ਇਹ ਜੋ ਤੁਰਕ ਸਾਨੂੰ ਮਾਰਨ ਵਾਸਤੇ ਆਏ ਹਨ। ਪਤਾ ਤਾਂ ਇਸਨੂੰ ਲੱਗ ਗਿਆ ਹੈ ਹੁਣ, ਕਿ ਸਾਨੂੰ ਘੇਰਾ ਜੋ ਪਾਇਆ ਹੈ, ਮਾਰਨੇ ਵਾਸਤੇ ਹੈ, ਕਹਿੰਦਾ ਇਹ ਜੋ ਤੁਰਕ ਇਕੱਠੇ ਹੋ ਕੇ ਆਏ ਹਨ ਸਾਨੂੰ ਮਾਰਨ ਵਾਸਤੇ।

ਇਨ ਨੇ ਹਮਸੋਂ ਦਗਾ ਕਮਾਯੋ॥ ਇਹਨਾਂ ਬੇਈਮਾਨਾਂ ਨੇ ਸਾਡੇ ਨਾਲ (ਦਗ਼ਾ) ਧੋਖਾ ਕੀਤਾ ਹੈ।

ਹਮ ਭੀ ਆਖਰ ਮਰਨੌ ਆਹਿ॥ ਕੋਈ ਡਰ ਨਹੀਂ ਅਖੀਰ ਨੂੰ ਤਾਂ ਮਰਨਾ ਹੀ ਹੈ, ਮੌਤ ਤਾਂ ਸਾਡੀ ਵੀ ਅਖੀਰ ਨੂੰ ਆਵੇਗੀ।

ਜਿਨ ਨਹੀਂ ਮਰਨੋਂ ਸੋ ਨਠ ਜਾਹਿ॥੧੩॥ ਭਾਈ ਜਿਨ੍ਹਾਂ ਨੇ ਨਹੀਂ ਮਰਨਾ, ਜਿਨ੍ਹਾਂ ਨੂੰ ਮੌਤ ਨਹੀਂ ਆਵੇਗੀ, ਉਹ ਹੁਣ ਭੱਜ ਜਾਉ, ਨਿਕਲ ਜਾਉ ਬੇਸ਼ੱਕ ਏਥੋਂ। ੧੩।

ਹਮ ਭੀ ਤੁਰਕਨ ਸਿਰ ਸਿਰ ਲਾਵੈਂ॥ ਸਿੱਖਾਂ ਨੂੰ ਤਸੱਲੀ ਦਿੰਦਾ ਹੈ ਕਿ ਅਸੀਂ ਵੀ ਹੁਣ ਤੁਰਕਾਂ ਦੇ ਸਿਰ ਆਪਣਾ ਸੀਸ ਲਾਵਾਂਗੇ।

ਸਿਰ ਆਈ ਕਿਮ ਅਬ ਨਠ ਜਾਵੈਂ॥ ਮੌਤ ਸਿਰ ਤੇ ਖੜ੍ਹੀ ਹੈ ਹੁਣ ਕਿਵੇਂ ਨੱਠ ਜਾਈਏ, ਕਿਉਂ ਮੈਂ ਤੁਹਾਨੂੰ ਛੱਡ ਕੇ ਭੱਜਾਂਗਾ ਏਥੋਂ।

ਆਗੈ ਭੀ ਸਿਰ ਗੁਰੂਅਨ ਦੀਓ॥ ਬੰਦਾ ਕਹਿੰਦਾ ਹੈ ਅੱਗੇ ਵੀ ਸਤਿਗੁਰਾਂ ਨੇ ਸੀਸ ਦਿਤੇ ਹਨ, ਗੁਰੂਆਂ ਨੇ ਆਪਣੇ ਸੀਸ ਤੁਰਕਾਂ ਦੇ ਸਿਰ ਲਾਏ ਹਨ।

ਹਮ ਭੀ ਚਹੈਂ ਉਮ ਸਾਕੋ ਕੀਓ॥੧੪॥ ਅਸੀਂ ਵੀ ਚਾਹੁੰਦੇ ਹਾਂ ਕਿ ਉਵੇਂ ਸਾਕਾ ਕਰੀਏ, ਜਿਵੇਂ ਸਤਿਗੁਰਾਂ ਨੇ ਕੀਤਾ ਹੈ, ਜਿਵੇਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਤੁਰਕਾਂ ਦੇ ਸਿਰ ਆਪਣਾ ਸੀਸ ਲਾਇਆ ਹੈ, ਮੈਂ ਵੀ ਚਾਹੁੰਦਾ ਹਾਂ ਕਿ ਮੈਂ ਆਪਣਾ ਸੀਸ ਤੁਰਕਾਂ ਦੇ ਸਿਰ ਲਾ ਦਿਆਂ। ੧੪।

ਤਲਵਾਰਨ ਤੇ ਤੁਰਕ ਮੁਕਤੇ ਨਾਹੀਂ॥ ਜੇ ਹੁਣ ਤਲਵਾਰਾਂ ਨਾਲ ਮਾਰੀਏ ਤਾਂ ਤੁਰਕ ਇੰਨੇ ਜਿਆਦਾ ਹੋ ਚੁੱਕੇ ਨੇ ਕਿ ਇਹ ਵੱਢੇ ਹੀ ਨਹੀਂ ਜਾਣੇ, ਇਤਨੀ ਜਿਆਦਾ ਇਨ੍ਹਾਂ ਦੀ ਪੈਦਾਇਸ਼ ਹੋ ਗਈ ਹੈ।

ਸੀਸ ਲਗਾਇ ਇਨ ਦ੍ਰਗਾਹੋਂ ਗਿਰਾਹੀਂ॥ ਅਸੀਂ ਆਪਣਾ ਸੀਸ ਲਗਾ ਦੇਵਾਂਗੇ, ਵਾਹਿਗੁਰੂ ਨਿਰੰਕਾਰ ਇਹਨਾਂ ਨੂੰ ਦਰਗਾਹ ਵਿਚੋਂ ਹੀ ਕੱਢ ਦੇਵੇਗਾ ਉਥੇ ਹੀ ਇਨ੍ਹਾਂ ਦਾ ਪੱਤਾ ਕੱਟਿਆ ਜਾਇਗਾ।

ਹਮ ਕੋ ਭੀ ਅਬ ਸਿਰ ਪਰ ਆਯੋ॥ ਮੌਤ ਹੁਣ ਸਾਡੇ ਵੀ ਸਿਰ ਤੇ ਆ ਗਈ ਹੈ, ਮੈਨੂੰ ਤਾਂ ਇਉਂ ਪ੍ਰਤੀਤ ਹੋ ਗਿਆ ਹੈ।

ਹਮ ਭੀ ਚਹੈਂ ਤੁਰਕਨ ਕੋ ਗਵਾਯੋ॥੧੫॥ ਅਸੀਂ ਵੀ ਚਾਹੁੰਦੇ ਹਾਂ ਕਿ ਤੁਰਕਾਂ ਨੂੰ ਗੁਆ ਦਿਆਂ, ਇਹ ਸੀਸ ਐਵੇਂ ਨਾ ਜਾਵੇ, ਤੁਰਕਾਂ ਦੇ ਸਿਰ ਚੜ੍ਹਾ ਦਿਆਂ, ਇਹ ਪਾਪ ਇਹਨਾਂ ਦੇ ਸਿਰ ਚੜ੍ਹੇ ਤੇ ਪ੍ਰਮੇਸ਼ਰ ਇਨ੍ਹਾਂ ਨੂੰ ਦਰਗਾਹੋਂ ਕੱਢੇ। ੧੫।

ਦੋਹਰਾ॥ ਐਸੀ ਐਸੀ ਬਾਤ ਕਰ, ਫਿਰ ਬੰਦਾ ਚੁਪ ਕੀਨ॥ ਸਿਖਾਂ ਨਾਲ ਐਹੋ ਜਿਹੀਆਂ ਗੱਲਾਂ ਕਰਕੇ ਬੰਦਾ ਬਹਾਦਰ ਚੁੱਪ ਕਰ ਗਿਆ ਹੈ।

ਸੋ ਵਹੁ ਚੁਬਾਰੇ ਵਜ਼ ਬਹਜੋ, ਬਾਰ ਸੁ ਤਖਤੇ ਦੀਨ॥੧੬॥ ਚੁਬਾਰੇ ਵਿਚ ਵੜ ਕੇ ਬੈਠ ਗਿਆ ਹੈ, ਚੁਬਾਰੇ ਦੇ ਦਰਵਾਜੇ ਦੇ ਅੰਦਰੋਂ ਕੁੰਡਾ ਲਾ ਕੇ ਤਖਤੇ ਭੇੜ ਦਿੱਤੇ ਹਨ। ੧੬।

ਬੰਦੇ ਨੇ ਕਹੀ ਮਾਰੀ

(ਤੁਰਕਾਂ ਨੇ ਛਲ ਕਰਕੇ ਬੰਦੇ ਦੀ ਫੌਜ ਤੇ ਆ ਪੈਣਾ ਤੇ ਘਮਸਾਣ ਹੋਣਾ)

ਦੋਹਰਾ॥ ਬੰਦਾ ਕਾਬੂ ਅਬ ਭਜੋ, ਤੁਰਕਨ ਯੌ ਲਖਿ ਲੀਨ॥ ਇਹ ਗੱਲ ਤੁਰਕਾਂ ਕੋਲ ਪਹੁੰਚਗੀ, ਕਿ ਕਿਲ੍ਹੇ ਦੇ ਅੰਦਰ ਆਹ ਮਸ਼ਵਰਾ ਹੋਇਆ ਹੈ ਕਿ ਬੰਦਾ ਕਹਿੰਦਾ ਹੈ ਹੁਣ ਮੈਂ ਕਿਤੇ ਨਹੀਂ ਜਾਂਦਾ ਹਾਂ। ਤੁਰਕਾਂ ਨੇ ਵੀ ਹੁਣ ਇਹ ਜਾਣ ਲਿਆ ਹੈ ਕਿ ਹੁਣ ਬੰਦਾ ਕਾਬੂ ਆ ਗਿਆ ਹੈ, ਹੁਣ ਇਹ ਗ੍ਰਿਫਤਾਰੀ ਦੇਵੇਗਾ ਹੀ ਦੇਵੇਗਾ॥

ਅਬ ਇਨ ਮਾਰ ਘਟਾਈਏ ਸਲਾਹਿ ਬੈਠ ਉਨ ਕੀਨ॥੧॥ ਤੁਰਕਾਂ ਨੇ ਵੀ ਬੈਠ ਕੇ ਸਲਾਹ ਕਰ ਲਈ ਹੈ, ਹੁਣ ਆਪਾਂ ਇਉਂ ਕਰੀਏ, ਇਹਨਾਂ ਨੂੰ ਮਾਰ ਕੇ ਘਟਾਈਏ, ਮਾਰ ਕੇ ਥੋੜੇ ਕਰ ਲਈਏ, ਬਿਲਕੁਲ ਥੋੜੇ ਜਦੋਂ ਰਹਿ ਗਏ ਫੇਰ ਮਾਰਨੇ ਸੌਖੇ ਹੋ ਜਾਣਗੇ। ੧।

ਚੌਪਈ॥ ਅਗੇ ਸੁਨੋ ਤੁਰਕਨ ਕੋ ਘਾਤ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਅੱਗੇ ਤੁਰਕਾਂ ਦੀ ਕਹਾਣੀ ਸੁਣੋ ਕਿਸ ਤਰ੍ਹਾਂ ਬੰਦਈਆਂ ਨਾਲ ਉਨ੍ਹਾਂ ਨੇ (ਘਾਤ) ਦਾਉ ਪੇਚ ਕਰਦੇ ਹਨ।

ਉਨ ਜੋਹਿ ਲਈ ਬੰਦੇ ਸਭ ਬਾਤ॥ ਉਹਨਾਂ ਨੇ ਬੰਦੇ ਬਹਾਦਰ ਦੀ ਸਾਰੀ ਗੱਲ ਜੋਹ ਲਈ ਹੈ, ਇਸਨੇ ਬਿਲਕੁਲ ਹੀ ਭੱਜਣਾ ਨਹੀਂ ਹੈ ਅਤੇ ਨਾ ਹੀ ਇਸਨੇ ਉਡਾਰੀ ਮਾਰਨੀ ਹੈ, ਉਹਨੇ ਸਿਖਾਂ ਦਾ ਸਾਥ ਨਿਭਾਉਣ ਦਾ ਪ੍ਰਣ ਕੀਤਾ ਹੈ।

ਗਈ ਲਖੀ ਬੰਦਜੋਂ ਕਰਾਮਾਤ॥ ਉਹਨਾਂ ਨੇ ਦੇਖ ਲਿਆ ਹੈ, ਕਿ ਬੰਦੇ ਵਿਚੋਂ ਕਰਾਮਾਤ ਨਿਕਲ ਚੁੱਕੀ ਹੈ।

ਉਸੇ ਨਾਲ ਅਬ ਅਕਲ ਰਹੀ ਜਾਤ॥੨॥ (ਉਸੇ) ਕਰਾਮਾਤ ਦੇ ਨਾਲ ਹੀ ਅਕਲ ਵੀ ਜਾਂਦੀ ਰਹੀ ਹੈ, ਹੁਣ ਅਕਲ ਵੀ ਇਸਦੀ ਕੰਮ ਨਹੀਂ ਦੇ ਰਹੀ ਹੈ। ੨।

ਰਸਤ ਘੱਲਨ ਤੇ ਦਈ ਹਟਾਇ॥ ਅੱਗੇ ਰੋਜ਼ਾਨਾ ਰਸਤ ਬਸਤ ਦਿੰਦੇ ਸਨ ਜਿਹੜੀ ਕਿ ਸਿੱਖ ਪਕਾ ਖਾ ਲੈਣ, ਉਸ ਦਿਨ ਤੋਂ ਰਸਦ ਭੇਜਣ ਤੋਂ ਬੰਦ ਕਰ ਦਿੱਤੀ ਹੈ, ਹੁਣ ਆਪਾਂ ਨੂੰ ਕੋਈ ਡਰ ਨਹੀਂ ਹੈ ਬਿਲਕੁਲ ਹੀ ਰਸਦ ਨਾ ਭੇਜੋ।

ਨਾਹਿ ਜ਼ਖੀਰੋ ਹੈ ਉਸ ਪਾਹਿ॥ ਅਨਾਜ ਦਾ (ਜ਼ਖੀਰੋ) ਭੰਡਾਰ ਵੀ ਉਨ੍ਹਾਂ ਦੇ ਕੋਲ ਕੋਈ ਨਹੀਂ ਹੈ, ਲੜਾਈ ਦਾ ਤਾਂ ਉਸਨੇ ਸਾਮਾਨ ਹੀ ਕੋਈ ਜਮ੍ਹਾਂ ਨਹੀਂ ਕੀਤਾ, ਕਿ ਸਾਨੂੰ ਅਨਾਜ, ਪਾਣੀ ਦੀ ਲੋੜ ਪਈ ਤਾਂ ਕੀ ਕਰਾਂਗੇ? ਕਿਵੇਂ ਨਿਰਬਾਹ ਹੋਇਗਾ?

ਅਨਾਜ ਬਿਨਾਂ ਲੋਕ ਔਖੇ ਹੈ ਹੈਂ॥ ਕਿ (ਅਨਾਜ) ਲੰਗਰ ਤੋਂ ਬਿਨਾਂ ਸਾਰੇ ਲੋਕ ਔਖੇ ਹੋ ਜਾਣਗੇ।

ਨੀਰੇ ਬਿਨਾਂ ਘੋੜੇ ਮਰ ਜੈ ਹੈਂ॥੩॥ (ਨੀਰੇ) ਪਾਣੀ ਅਤੇ ਘਾਹ ਪੱਠੇ ਤੋਂ ਬਿਨਾਂ ਘੋੜੇ ਮਰ ਜਾਣਗੇ ਸਾਰੇ। (ਨੀਰੇ) ਤੂੜੀ ਤੋਂ ਬਿਨਾਂ ਘੋੜੇ ਮਰ ਜਾਣਗੇ ਸਾਰੇ। ੩।

ਅੱਗਜੋਂ ਬੰਦਾ ਬੂਹਾ ਨ ਖੋਲੈ॥ ਅੱਗੇ ਬੰਦਾ ਬਹਾਦਰ ਚੁਬਾਰੇ ਦਾ ਦਰਵਾਜਾ ਖੋਲ੍ਹ ਦਿੰਦਾ ਸੀ, ਲੋਕ ਮੱਥਾ ਆਦਿਕ ਟੇਕ ਲੈਂਦੇ ਸਨ, ਹੁਣ ਦਰਵਾਜਾ ਬੰਦ ਹੀ ਰਖਦਾ ਹੈ ਅੰਦਰੋਂ ਕੁੰਡੀ ਲਾ ਕੇ।

ਬਹੁਰ ਬੁਲਾਯੋ ਮੁਖੋਂ ਨ ਬੋਲੈ॥ ਫੇਰ ਉਸਨੂੰ ਵਾਰ ਵਾਰ ਬੁਲਾਏ ਤੋਂ ਵੀ ਆਪਣੇ ਮੂੰਹੋਂ ਕੁਛ ਨਹੀਂ ਬੋਲਦਾ ਹੈ।

ਜੋ ਲਜਾਵਤ ਥੇ ਬਾਹਰੋਂ ਰਸਤ॥ ਸਿਖ ਜੇ ਕੋਈ ਬਾਹਰੋਂ ਜਾ ਕੇ ਰਸਤ ਵਸਤ ਲਿਆਉਂਦੇ ਸਨ।

ਸੋ ਇਨ ਕੀ ਕਰ ਲਜੋ ਬੰਦੋਬਸਤ॥੪॥ ਉਹ ਇਨ੍ਹਾਂ ਦੀ ਰਸਤ ਵਸਤ ਦਾ ਵੀ ਉਨ੍ਹਾਂ ਨੇ ਕਿਲ੍ਹੇ ਦੇ ਅੰਦਰ ਨਾ ਆਉਣ ਦਾ (ਬੰਦੋਬਸਤ) ਪ੍ਰਬੰਧ ਕਰ ਲਿਆ ਹੈ। ੪।

ਇਮ ਤੁਰਕਨ ਕਰ ਲਈ ਸਲਾਹਿ॥ ਤੁਰਕਾਂ ਨੇ ਇਸ ਤਰ੍ਹਾਂ ਸਲਾਹ ਕਰ ਲਈ ਹੈ।

ਮਾਰ ਲੋਕਨ ਯੌ ਦਏ ਘਟਾਇ॥ ਇਉਂ ਲੋਕਾਂ ਨੂੰ ਮਾਰ ਕੇ ਘਟਾ ਦੇਈਏ, ਥੋੜੇ ਕਰ ਦੇਈਏ।

ਤਬ ਸਜਾਨਨ ਨੇ ਅਸ ਠਹਿਰਾਯੋ॥ ਤੁਰਕਾਂ ਵਿੱਚ ਵੀ ਸਿਆਣੇ ਲੋਕ ਸਨ, ਉਨ੍ਹਾਂ ਨੇ ਏਸ ਤਰ੍ਹਾਂ ਤਹਿ ਕੀਤਾ।

ਮਾਰੋ ਸਹੀ ਪਰ ਬਹੁਤ ਰੁਲਾਯੋ॥੫॥ ਇਨ੍ਹਾਂ ਨੂੰ ਮਾਰੋ ਤਾਂ ਸਹੀ ਪਰ ਬਹੁਤ ਰੋਲ ਕੇ ਮਾਰੋ, ਬਹੁਤ ਦੁਖੀ ਕਰਕੇ ਮਾਰੋ, ਜਿਵੇਂ ਸਾਡੇ ਨਾਲ ਇਹਨਾਂ ਨੇ ਕੀਤੀ ਹੈ, ਏਸ ਤਰ੍ਹਾਂ ਕਰੀਏ। ੫।

ਦੋਹਰਾ॥ ਤਬ ਸਜਾਨਨ ਐਸੇ ਕਹਜੋ, ਅਬ ਇਨ ਦੈਂ ਚਮਲਾਇ॥ ਤਦ ਸਿਆਣਿਆਂ ਨੇ ਏਸ ਤਰ੍ਹਾਂ ਕਿਹਾ ਕਿ ਹੁਣ ਇਹਨਾਂ ਨੂੰ ਚਮਲ੍ਹਾ ਦੇਈਏ, ਇਹ ਗੱਲ ਨੂੰ ਸਮਝ ਨਾ ਸਕਣ।

ਜਬ ਇਹ ਨਿਕਸੈਂ ਹੁਇ ਘਨੇ, ਤਬ ਸਭ ਲਈਏ ਘਾਇ॥੬॥ ਜਦੋਂ ਰਸਤ ਬਸਤ ਲਿਆਉਣ ਵਾਸਤੇ ਬਹੁਤੇ ਇਕੱਠੇ ਹੋ ਕੇ ਕਿਲ੍ਹੇ ਵਿਚੋਂ ਬਾਹਰ ਨਿਕਲਣ, ਉਦੋਂ ਆਪਾਂ ਇਹਨਾਂ ਨੂੰ ਕੁਛ ਨਾ ਆਖੋ, ਨਿਕਲ ਲੈਣ ਦਿਓ, ਜਦੋਂ ਦੂਰ ਨਿਕਲ ਜਾਣ ਕਿਲ੍ਹੇ ਤੋਂ ਤਾਂ ਸਭ ਨੂੰ ਮਾਰ ਲਈਏ। ੬।

ਚੌਪਈ॥ ਤਬ ਨਿਬਾਬ ਨੇ ਦਜੋ ਦਿਲਾਸਾ॥ ਤਦ ਨਬਾਬ ਨੇ ਦਿਲਾਸਾ ਦਿੱਤਾ ਹੈ, ਕਿ ਸਿੱਖੋ ਘਬਰਾਉ ਨਾ ਭਾਈ।

ਮੈਂ ਅਬ ਕਰਵਾਯੋ ਪ੍ਰਵਾਨੋ ਖਾਸਾ॥ ਇਹ ਤਾਂ ਦੇਰ ਇਉਂ ਲੱਗ ਗਈ ਹੈ ਕਿ ਮੈਂ ਆਪ ਦੇ ਲਈ ਗਿਆ ਸਾਂ ਲਹੌਰ ਦਾ ਨਬਾਬ ਕਹਿੰਦਾ ਹੈ, ਕਿ ਹੁਣ ਮੈਂ ਤੁਹਾਡੇ ਲਈ ਖਾਸ (ਪ੍ਰਵਾਨੋ) ਜਗੀਰ ਦਾ ਪਟਾ ਤਿਆਰ ਕਰਵਾਇਆ ਹੈ।

ਤੁਮਕੋ ਪਤਿਸ਼ਾਹ ਲਿਖ ਦਏ ਪਹਾੜ॥ ਜਿੰਨਾਂ ਪਹਾੜ ਦਾ ਰਾਜ ਪਾਤਸ਼ਾਹ ਦੇ ਮਤਹਿਤ ਹੈ ਉਸਦੀ ਮਿਸਲ ਤੁਹਾਨੂੰ ਲਿਖ ਦਿੱਤੀ ਹੈ, ਇਉਂ ਬੰਦਈਆਂ ਨੂੰ ਭਰਮਾਇਆ ਹੈ।

ਮੈਂ ਹੀ ਲਿਖਾਏ ਕਰ ਬਹੁ ਕਰਾਰ॥੭॥ ਮੈਂ ਗਿਆ ਹਾਂ ਬੜੇ ਇਕਰਾਰ ਕੀਤੇ, ਉੱਥੇ ਮੈਂ ਆਪ ਲਿਖਵਾਇਆ ਹੈ ਪ੍ਰਵਾਨਾ। ਜਿਸ ਤਰ੍ਹਾਂ ਬੰਦਾ ਬੜਾ ਕਰਾਮਾਤੀ ਹੈ, ਉਸਦੇ ਵਿਚ ਬੜੀਆਂ ਸ਼ਕਤੀਆਂ ਹਨ, ਤੁਸੀਂ ਉਸਨੂੰ ਖੁਲ੍ਹ-ਦਿਲੀ ਨਾਲ ਦਿਉ ਇਲਾਕਾ, ਜਿਸ ਤੋਂ ਉਸਦਾ ਗੁਜਾਰਾ ਹੋ ਸਕੇ। ੭।

ਮੈਂ ਆਖਜੋ ਬੰਦਾ ਕਰਮਾਤੀ॥ ਮੈਂ ਬਾਦਸ਼ਾਹ ਨੂੰ ਆਖਿਆ ਸੀ ਬੰਦਾ ਬਹਾਦਰ ਬੜਾ ਕਰਾਮਾਤੀ ਹੈ, ਉਸਦੇ ਵਿਚ ਬੜੀ ਤਾਕਤ ਹੈ।

ਤੈਂ ਉਸ ਕੀ ਕਿਮ ਸਾਰ ਨ ਜਾਤੀ॥ ਬਾਦਸ਼ਾਹ! ਤੂੰ ਉਨ੍ਹਾਂ ਦੀ ਹੁਣ ਕਿਉਂ (ਸਾਰ) ਖ਼ਬਰ ਨਹੀਂ ਜਾਣੀ ਹੈ, ਭਾਵ ਤੂੰ ਹੁਣ ਤੱਕ ਉਨ੍ਹਾਂ ਦੀ ਖਬਰ ਸਾਰ ਨਹੀਂ ਲਈ ਹੈ।

ਤੁਮ ਨਿਜ ਮਾਤਬਰ ਦਿੱਲੀ ਤੋਰੋ॥ ਤੁਸੀਂ ਆਪਣੇ (ਮਾਤਬਰ) ਜਿੰਮੇਵਾਰ ਬੰਦੇ ਸਾਡੇ ਨਾਲ ਤੋਰੋ ਦਿੱਲੀ ਨੂੰ।

ਮੁਲਕ ਦਿਵਾਊਂ ਰਲਾਇ ਕੁਛ ਔਰੋ॥੮॥ ਜੇ ਤੁਸੀਂ ਮੇਰੇ ਨਾਲ ਚੱਲੋ ਜੋ ਮੈਂ ਮੁਲਕ ਲਿਖਵਾਇਆ ਹੈ ਬਾਦਸ਼ਾਹ ਤੋਂ, ਉਸਦੇ ਨਾਲ ਕੁਛ ਮੁਲਕ ਹੋਰ ਰਲਾ ਕੇ, ਦਿਵਾ ਦਿੰਦਾ ਹਾਂ ਬਾਦਸ਼ਾਹ ਤੋਂ। ੮।

ਸੋ ਅਬ ਬੇਸ਼ਕ ਚੜ੍ਹਾਓ ਕਹੀਆ॥ ਸੋ ਹੁਣ ਤੁਸੀਂ ਬਿਨਾਂ ਸ਼ੱਕ ਤੋਂ ਕਹੀ ਚੜ੍ਹਾਓ। (ਕਹੀ) ਰਸਤ ਵਸਤ ਲਿਆਉਣ ਵਾਸਤੇ ਘੋੜੇ ਖੱਚਰਾਂ ਲੱਦ ਕੇ ਲਿਆਉਣ ਵਾਸਤੇ ਫੌਜ ਇਕੱਠੀ ਕਰਕੇ ਭੇਜੋ।

ਲਓ ਖਰੀਦ ਖਾਨੇ ਜੋ ਚਹੀਆ॥ ਜੋ ਖਾਣ ਵਾਸਤੇ ਰਸਤਾਂ ਵਸਤਾਂ ਚਾਹੀਦੀਆਂ ਹਨ, ਖਰੀਦ ਕੇ ਲੈ ਆਉ।

ਸੁਲਤਾਨੀ ਭਏ ਥੇ ਸਿਖ ਜੋ ਆਏ॥ ਪੈਸਾ ਬਹੁਤ ਇਕੱਠਾ ਕੀਤਾ ਹੋਇਆ ਸੀ ਬੰਦੇ ਬਹਾਦਰ ਦੇ ਕੋਲ ਇਸ ਕਰਕੇ ਖਰੀਦ ਕੇ ਲਿਆਉਂਦੇ ਸਨ ਆਪਣਾ ਮਾਲ। ਜੋ ਸੁਲਤਾਨੀ ਲੋਕ ਸਨ, ਜਿਨ੍ਹਾਂ ਦਾ ਧਰਮ ਕੋਈ ਨਹੀਂ ਸੀ ਸਿੱਖਾਂ ਦਾ ਨਾ ਹਿੰਦੂਆਂ ਦਾ, ਕਿਸੇ ਧਰਮ ਦੇ ਨਹੀਂ ਸਨ, ਸਿਰਫ ਚੁਗਲ ਸਨ, ਚੁਗਲੀਆਂ ਕਰ ਕੇ ਖਾਣ ਪੀਣ ਵਾਲੇ ਚਾਪਲੂਸ ਕਰਨ ਵਾਲੇ ਬਨਾਉਟੀ ਸਿੱਖ ਬਣੇ ਸਨ।

ਉਨ ਕਰ ਦਗੇ ਸਿੱਖ ਭਰਮਾਏ॥੯॥ ਉਨ੍ਹਾਂ ਸਖੀ ਸੁਲਤਾਨ ਦੇ ਚੇਲਿਆਂ ਨੇ (ਦਗੇ) ਧੋਖੇ ਕਰਕੇ ਸਿਖਾਂ ਨਾਲ ਉਨ੍ਹਾਂ ਨੂੰ ਭਰਮਾ ਲਿਆ ਹੈ ਕਿ ਤੁਰਕ ਬਿਲਕੁਲ ਸੱਚ ਕਹਿੰਦੇ ਹਨ ਤੁਹਾਨੂੰ, ਹੁਣ ਨਹੀਂ ਕੋਈ ਪਾਬੰਦੀ ਰਹੀ ਹੈ। ਖਾਲਸਾ ਜੀ! ਹੁਣ ਰਾਸ਼ਨ ਲਿਆਉ ਜਾ ਕੇ, ਉਨ੍ਹਾਂ ਨੇ ਦਗੇਬਾਜੀ ਦੀਆਂ ਗੱਲਾਂ ਕਰ ਕੇ ਬਹੁਤਿਆਂ ਨੂੰ ਭਰਮਾ ਲਿਆ ਹੈ, ਸਿੱਖਾਂ ਨੂੰ ਆਪਣੇ ਮਗਰ ਲਾ ਲਿਆ ਹੈ। ੯।

ਸੋਊ ਬਾਤ ਸਿੱਖਨ ਮੰਨ ਲਈ॥ ਉਹਨਾਂ ਚੁਗਲਖੋਰਾਂ ਦੀ ਗੱਲ ਸਿੱਖਾਂ ਨੇ ਮੰਨ ਲਈ ਹੈ, ਉਨ੍ਹਾਂ ਦਾ ਸੱਚ ਮੰਨ ਲਿਆ ਹੈ, ਕਿ ਠੀਕ ਹੀ ਇਹ ਕਹਿੰਦੇ ਹਨ, ਜੋ ਸਾਨੂੰ ਕਹਿੰਦੇ ਹਨ।

ਸੁਨਤ ਕਹੀ ਉਨ ਛੋੜੇ ਦਈ॥ ਇਹ ਗੱਲ ਸੁਣਨ ਸਾਰ ਹੀ (ਕਹੀ) ਜੱਥਾ ਬੰਨ੍ਹ ਕੇ ਜਾਣਾ ਰਾਸ਼ਨ ਵਾਸਤੇ, ਉਦੋਂ ਹੀ ਉਨ੍ਹਾਂ (ਛੋੜ ਦਈ) ਚਲੋ ਆਪਾਂ ਚਲੀਏ ਬਾਹਰ ਨਿਕਲੀਏ ਕਿਲ੍ਹੇ ਤੋਂ।

ਮਨਸਾ ਤੁਰਕਨ ਕੀ ਭਈ ਪੂਰੀ॥ ਤੁਰਕਾਂ ਦੇ ਮਨ ਦੀ ਇੱਛਾ ਪੂਰੀ ਹੋ ਗਈ ਹੈ।

ਜਿਮ ਚਾਹਤ ਥੋ ਤੁਰਕ ਜ਼ਰੂਰੀ॥੧੦॥ ਤੁਰਕਾਂ ਨੂੰ ਜਿਵੇਂ ਲੋੜ ਸੀ ਖ਼ਾਹਸ਼ ਸੀ, ਉਹਨਾਂ ਦੀ ਪੂਰੀ ਹੋ ਗਈ ਹੈ, ਉਨ੍ਹਾਂ ਦੀ ਗੱਲ ਮਗਰ ਲੱਗ ਗਏ ਸਾਰੇ ਬੰਦਈ ਸਿੱਖ। ੧੦।

ਦੋਹਰਾ॥ ***ਦੀਨੀ ਕਹੀ ਚੜ੍ਹਾਇ, ਉਨ ਲਖਜੋ ਨ ਉਨ ਕੋ ਪੋਚ॥*** ਬੰਦਈ ਸਿੱਖਾਂ ਨੇ ਰਾਸ਼ਨ ਪਾਣੀ ਲਿਆਣ ਵਾਸਤੇ ਬਹੁਤ ਵੱਡਾ (ਕਹੀ) ਜੱਥਾ ਭੇਜ ਦਿਤਾ ਹੈ। ਉਨ੍ਹਾਂ ਦਾ (ਪੋਚ) ਭੇਦ ਸਮਝ ਨਹੀਂ ਸਕੇ ਬੰਦਈ ਸਿੱਖ ਕਿ ਸਾਨੂੰ ਮਾਰਨ ਵਾਸਤੇ ਤੁਰਕ ਏਸ ਤਰ੍ਹਾਂ ਕਹਿ ਰਹੇ ਹਨ, ਬੰਦਈਆਂ ਨੇ ਤੁਰਕਾਂ ਦੇ ਦਿਲ ਦੇ ਕਪਟ ਨੂੰ ਸਮਝਿਆ ਨਾ।

ਬੈਰੀ ਦਗਾ ਸੁ ਸਭ ਕਰੇ, ਮਾਰਨ ਵਾਲੇ ਜੋਚ॥੧੧॥ ਇਹ ਜਿੰਨੇ ਸਾਡੇ ਮਗਰ ਚੜ੍ਹੇ ਨੇ ਇਹ ਸਭ ਸਾਡੇ ਵੈਰੀ ਹਨ, ਇਹ ਸਭ ਮਾਰਨ ਵਾਲੇ ਹਨ, ਸਾਡੇ ਨਾਲ (ਦਗਾ) ਧੋਖਾ ਕਰਨਗੇ, ਇਹ ਗੱਲ ਨਾ ਸਮਝ ਵਿੱਚ ਆਈ। ੧੧।

ਹੁੰਡੋ ਜਿਮ ਪਾਛੈ ਹਟੇ, ਸਿੰਘ ਸੁੰਗੁੱਚੀ ਖਾਇ॥ ਜੋ ਲੋਕ ਹਰਨਾਂ ਦੇ ਸ਼ਿਕਾਰੀ ਹੁੰਦੇ ਹਨ, ਉਨ੍ਹਾਂ ਨੂੰ ਪਤਾ ਹੈ, ਜਦੋਂ ਹਰਨਾਂ ਦੀ ਡਾਰ ਭੱਜੀ ਜਾਂਦੀ ਹੈ ਇੱਕ ਦਮ (ਸੁੰਗੁੱਚੀ) ਘਚਾਨੀ ਦੇ ਕੇ ਪਿਛਾਂਹ ਨੂੰ ਮੁੜਦੀ ਹੈ। ਸ਼ਿਕਾਰੀਆਂ ਦਾ ਜਦੋਂ ਫਰਕ ਪੈ ਗਿਆ, ਉਦੋਂ ਹੀ ਇਕੱਲੇ ਇਕੱਲੇ ਹੋ ਜਾਂਦੇ ਹਨ, ਕੋਈ ਕਿਧਰ ਨੂੰ ਨੱਠ ਗਿਆ ਕੋਈ ਕਿਧਰ ਨੂੰ, ਜਿਵੇਂ ਹਰਨ ਲਿੱਚੀ ਮਾਰਕੇ ਦੌੜ ਜਾਂਦੇ ਹਨ, ਉਸ ਤਰ੍ਹਾਂ ਸਿੰਘ ਦਾਉ ਖੇਡਣ ਲੱਗੇ ਹਨ।

ਬੈਰੀ ਜੋ ਆਦਰ ਕਰੇ, ਇਨ ਤੇ ਨਹਿੰ ਪਤਿਆਇ॥੧੨॥ ਇਹ ਸਿਆਣੀਆਂ ਗੱਲਾਂ ਲਿਖੀਆਂ ਹਨ ਕਿ ਜੇ ਵੈਰੀ ਆਦਰ ਕਰਦਾ ਹੋਵੇ, ਨਹੀਂ ਜੀ ਅਸੀਂ ਤਾਂ ਆਪ ਦੇ ਅਨੁਸਾਰ ਹਾਂ। ਇਹਨਾਂ ਤੇ ਕਦੇ ਵੀ (ਪਤਿਆਇ) ਯਕੀਨ ਨਹੀਂ ਕਰਨਾ ਚਾਹੀਦਾ। ੧੨।

ਚੌਪਈ॥ ***ਕਹੀ ਛਿੜੀ ਤੁਰਕਨ ਲਖ ਲਈ॥*** ਤੁਰਕਾਂ ਦੇ ਕਹੇ ਤੋਂ ਜਦੋਂ ਬੰਦਈਆਂ ਨੇ ਕਹੀ ਛੇੜ ਦਿੱਤੀ ਹੈ, ਤਾਂ ਤੁਰਕਾਂ ਨੇ ਜਾਣ ਲਿਆ ਹੈ ਸਿਖ ਵੱਡੀ ਗਿਣਤੀ ਵਿੱਚ ਦੂਰ ਨਿਕਲ ਗਏ ਬਾਹਰ।

ਕਈ ਕੋਸ ਲੌ ਦੂਰ ਸੁ ਗਈ॥ ਕਿਲ੍ਹੇ ਵਿਚੋਂ ਕਈ ਕੋਹ ਦੂਰ ਚਲੇ ਗਏ ਹਨ ਸਿੱਖਾਂ ਦੀ ਫੌਜ ਜਿਥੋਂ ਮੁੜ ਕੇ ਕੋਈ ਖ਼ਬਰ ਵੀ ਨਾ ਦੇ ਸਕੇ ਤੇ ਨਾ ਹੀ ਕੋਈ ਤੋਪ ਦਾ ਫਾਇਰ ਸੁਣ ਸਕੇ ਕਿ ਲੜਾਈ ਹੋ ਪਈ ਹੈ। ਜਦੋਂ ਸਿਖ ਕਈ ਕੋਹ ਚਲੇ ਗਏ, ਰਸਤ ਵਸਤ ਖਰੀਦਣ ਵਾਸਤੇ।

ਤਬ ਤੁਰਕਨ ਗੈਲ ਹੱਲੋ ਕਰਾਯੋ॥ ਤਦ ਤੁਰਕਾਂ ਦੀ ਜੋ ਪਿਛੇ ਫੌਜ ਉਤਰੀ ਹੋਈ ਸੀ ਬੜੀ ਭਾਰੀ, ਉਨ੍ਹਾਂ ਨੇ ਸਿੱਖਾਂ ਤੇ ਮਗਰੋਂ ਹੱਲਾ ਕਰਵਾ ਦਿੱਤਾ ਹੈ, ਸੱਜਿਉਂ ਖੱਬਿਉਂ ਅੱਗੇ ਵਧਦੇ ਨੇ।

ਸਿੱਖਨ ਦੇਖਜੋ ਤੁਰਕ ਦਲ ਆਯੋ॥੧੩॥ ਜਦੋਂ ਬੰਦੇ ਦੇ ਸਿੱਖਾਂ ਨੇ ਮਗਰ ਧਿਆਨ ਕੀਤਾ ਦੇਖਿਆ ਕਿ ਤੁਰਕ (ਦਲ) ਫੌਜ ਸਾਨੂੰ ਘੇਰਨ ਵਾਸਤੇ ਆ ਗਈ ਹੈ। ੧੩।

ਚੜ੍ਹੇ ਬਹੁਤ ਥੋੜੇ ਰਹੇ ਡੇਰੇ॥ ਕਿਲ੍ਹੇ ਵਿਚੋਂ ਸਿਖ ਬਹੁਤੇ ਨਿਕਲੇ ਸਨ, ਪਿਛੇ ਥੋੜੇ ਰਹਿ ਗਏ ਸਨ। ਏਧਰ ਤੁਰਕ ਸਿਖਾਂ ਦੇ ਪਿੱਛੇ ਬਹੁਤੇ ਨਿਕਲੇ ਸਨ, ਥੋੜੇ ਡੇਰਿਆਂ ਵਿੱਚ ਰਹਿ ਗਏ ਸਨ।

ਹੁਇ ਚਉਤਰਫੋਂ ਸਿੱਖ ਉਨ ਘੇਰੇ॥ ਤੁਰਕਾਂ ਨੇ ਅੱਗਿਓਂ ਪਿਛੋਂ ਅਤੇ ਸੱਜੇ ਖੱਬਿਓਂ ਚਾਰੋਂ ਪਾਸਿਆਂ ਤੋਂ ਸਿਖਾਂ ਨੂੰ ਘੇਰ ਲਿਆ ਹੈ।

ਸਿੱਖਨ ਨੇ ਭੀ ਯਹ ਮਨ ਮਾਨੀ॥ ਸਿੱਖਾਂ ਨੇ ਵੀ ਇਹ ਗੱਲ ਆਪਣੇ ਮਨ ਵਿਚ ਮੰਨ ਲਈ ਹੈ।

ਅਬ ਨਹਿੰ ਛੂਟਤ ਹਮਰੀ ਜਾਨੀ॥੧੪॥ ਕਿ ਹੁਣ ਇਹਨਾਂ ਤੋਂ ਸਾਡੀ (ਜਾਨੀ) ਜਾਨ ਨਹੀਂ ਛੁੱਟਦੀ, ਭਾਵ ਸਾਨੂੰ ਜ਼ਰੂਰ ਮਾਰਨ ਗੇ। ੧੪।

ਹੁਵੋ ਸ਼ਹੀਦ ਮਰਨੋਂ ਨ ਸੰਕਾਵੋ॥ ਹੁਣ ਅੱਗੇ ਵਧ ਕੇ ਸ਼ਹੀਦ ਹੋਵੋ ਅਤੇ ਮਰਨ ਤੋਂ ਸੰਕੋਚ ਨਾ ਕਰੋ।

ਗੁਰੂ ਕੇ ਅਰਥ ਸੁ ਜਾਨ ਗਵਾਵੋ॥ ਆਪਣੇ ਗੁਰੂ ਅਰਥ ਭਾਵ ਇਹਨਾਂ ਨੇ ਬੰਦੇ ਬਹਾਦਰ ਨੂੰ ਗੁਰੂ ਧਾਰ ਲਿਆ ਸੀ, ਕਿ ਤੂੰ ਹੀ ਸਾਡਾ ਗੁਰੂ ਹੈਂ, ਗੁਰੂ ਗੋਬਿੰਦ ਸਿੰਘ, ਗੁਰੂ ਨਾਨਕ ਸਾਡਾ ਗੁਰੂ ਨਹੀਂ ਹੈ। ਭਾਵ ਇਹ ਜਮ੍ਹਾ ਹੀ ਸਿੱਖੀ ਤੋਂ ਪਿੱਛੇ ਹਟ ਚੁੱਕੇ ਸਨ, ਇਸ ਕਰਕੇ ਖਾਲਸਾ ਜੀ! ਪੰਥ ਨੇ ਇਹਨਾਂ ਨੂੰ ਛੱਡਿਆ ਹੈ। ਤੇ ਨਹੀਂ ਪੰਥ ਇਹਨਾਂ ਦੀ ਮਦਦ ਕਰਦਾ ਰਿਹਾ ਹੈ, ਹੁਣ ਤੱਕ ਕਿਉਂ ਨਾ ਫੜ ਲਿਆ ਬੰਦੇ ਬਹਾਦਰ ਨੂੰ ਕਿਸੇ ਨੇ, ਸੋ ਜਦੋਂ ਇਸਨੇ ਪੰਥ ਨੂੰ ਛੱਡ ਦਿੱਤਾ ਤਾਂ ਫੇਰ ਪੰਥ ਕੀ ਕਰਦਾ।

ਦੀਨ ਮਜ਼ਹਬ ਕੋ ਜੁੱਧ ਭੀ ਆਹਿ॥ ਅਤੇ ਸਿੱਖਾਂ ਨੇ ਸੋਚ ਲਿਆ ਹੈ ਕਿ ਹੁਣ ਆਪਾਂ ਬਚਦੇ ਨਹੀਂ, ਦੂਜਾ ਦੀਨ ਮਜ਼ਹਬ ਦੀ ਲੜਾਈ ਹੈ ਧਰਮ ਦੀ ਲੜਾਈ ਹੈ, ਹੁਣ ਕਿਸੇ ਇਲਾਕੇ ਦੀ ਜਾਂ ਹੋਰ ਕੋਈ ਲੜਾਈ ਨਹੀਂ ਰਹਿ ਗਈ ਹੈ। ਹੁਣ ਤਾਂ ਇਹ ਸਾਨੂੰ ਕਾਫਰ ਸਮਝਦੇ ਨੇ, ਅਤੇ ਅਸੀਂ ਇਹਨਾਂ ਨੂੰ ਤੁਰਕ ਸਮਝਦੇ ਹਾਂ। ਸਾਡੇ ਧਰਮ ਦੇ ਬੰਦੇ ਨਹੀਂ ਇਹ, ਹੁਣ ਤਾਂ ਬੱਸ ਇਹ ਸਾਨੂੰ ਮਾਰਨ, ਅਸੀਂ ਇਹਨਾਂ ਨੂੰ ਮਾਰੀਏ, ਹੁਣ ਤਾਂ ਇਹ ਲੜਾਈ ਸ਼ੁਰੂ ਹੋ ਗਈ ਹੈ।

ਅਬ ਹਮ ਨੱਠੇ ਛੂਟੈਂ ਭੀ ਨਾਂਹਿ॥੧੫॥ ਜੇ ਹੁਣ ਨੱਠੀਏ ਤਾਂ ਵੀ ਸਾਡਾ ਛੁਟਕਾਰਾ ਨਹੀਂ ਹੋ ਸਕਦਾ, ਚਾਰੋਂ ਤਰਫਾਂ ਤੋਂ ਫੌਜ ਨੇ ਘੇਰ ਲਿਆ ਹੈ, ਇਹ ਨਿਕਲਨ ਨਹੀਂ ਦੇਣਗੇ। ੧੫।

ਅਗਜੋਂ ਭੀ ਸਿੱਖ ਸਨਮੁਖ ਹੋਏ॥ ਅੱਗੋਂ ਸਿੱਖ ਵੀ ਤੁਰਕਾਂ ਦੀ ਫੌਜ ਦੇ ਸਾਮ੍ਹਣੇ ਹੋ ਗਏ ਹਨ, ਮੁਕਾਬਲਾ ਕਰਨ ਵਾਸਤੇ।

ਬੰਦੂਕ ਕਮਾਨ ਫੜ ਤੇਗ ਖਲੋਏ॥ ਸਿਖਾਂ ਪਾਸ ਬੰਦੂਕਾਂ, ਤੀਰ ਕਮਾਨਾਂ ਅਤੇ ਤਲਵਾਰਾਂ ਹਨ, ਸਿਖ ਆਪੋ ਆਪਣੇ ਸ਼ਸਤ੍ਰ ਫੜ ਕੇ, ਕਤਾਰਾਂ ਬੰਨ੍ਹ ਕੇ ਤੁਰਕਾਂ ਦੇ ਸਾਹਮਣੇ ਖੜ੍ਹੇ ਹੋ ਗਏ ਹਨ, ਲੜਨ ਵਾਸਤੇ।

ਮਾਰ ਦੁਤਰਫੋਂ ਹੋਣੈ ਲਾਗੀ॥ ਦੋਹਾਂ ਤਰਫਾਂ ਤੋ ਯੁੱਧ ਹੋਣਾ ਸ਼ੁਰੂ ਹੋ ਗਿਆ ਹੈ, ਗੋਲੀ ਚੱਲ ਪਈ ਹੈ, ਇਸ ਤਰ੍ਹਾਂ ਦੀ ਮਾਰ ਦੋਹੀਂ ਤਰਫੀਂ ਹੋਣ ਲੱਗ ਗਈ ਹੈ।

ਫਿਰੈਂ ਸੂਰ ਹੱਥ ਤੇਗਨ ਨਾਂਗੀ॥੧੬॥ ਸੂਰਬੀਰ ਯੋਧੇ ਸਨ ਜਿਹੜੇ ਤਲਵਾਰਾਂ ਦੇ ਖਿਡਾਰੀ, ਉਹ ਨੰਗੀਆਂ ਤਲਵਾਰਾਂ ਹੱਥਾਂ ਨਾਲ ਫੇਰਨ ਲੱਗੇ ਹਨ ਵੈਰੀ ਤੇ। ੧੬।

ਦੋਹਰਾ॥ ਸਿੰਘ ਸੁ ਪਿੱਛੇ ਤੋਂ ਫਿਰੈਂ, ਜੋ ਕਹੂੰ ਠਿਕਾਨਾ ਹੋਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਸਿੰਘ ਤਾਂ, ਪਿੱਛੇ ਮੁੜਨ ਜੇ ਪਿਛੇ ਇਹਨਾਂ ਦਾ ਕਿਤੇ ਟਿਕਾਣਾ ਹੋਵੇ। ਕਿ ਉੱਥੇ ਸਾਨੂੰ ਸੁਖ ਹੈ ਕਿਲ੍ਹੇ ਵਿਚ ਬੈਠ ਜਾਵਾਂਗੇ, ਜਾ ਉੱਥੇ ਸਾਡੀ ਬੱਚਤ ਹੈ ਕਿਸੇ ਪਾਸੇ, ਉਹ ਤਾਂ ਗੱਲ ਨਾ ਰਹੀ।

ਜੀਵਨ ਨ ਜਾਪੈ ਉਨ ਕਿਮੈ, ਮਰੈਂ ਅਗੇ ਹੁਇ ਹੋਇ॥੧੭॥ ਉਨ੍ਹਾਂ ਨੂੰ ਤਾਂ ਜਿੰਦਗੀ ਬਚਦੀ ਕਿਵੇਂ ਵੀ ਨਹੀਂ ਦਿਸਦੀ, ਇਸ ਕਰਕੇ ਅੱਗੇ ਹੋ ਹੋ ਕੇ ਲੜਦੇ ਮਰਦੇ ਹਨ। ੧੭।

ਚੌਪਈ॥ ਖੜ ਸਿੱਖਨ ਤੇ ਸ਼ਸਤ੍ਰ ਚਲਾਏ॥ ਸਿੱਖਾਂ ਨੇ ਅੱਗੋਂ ਖੜ੍ਹ ਕੇ ਤੁਰਕਾਂ ਤੇ ਆਪਣੇ ਸ਼ਸਤ੍ਰ ਚਲਾਏ ਹਨ।

ਹਟੇ ਨ ਪਿੱਛੇ ਪਗ ਅੱਗੇ ਧਾਏ॥ ਸਿੱਖ ਪਿੱਛੇ ਨਹੀਂ ਹਟੇ ਹਨ, ਪੈਰ ਅੱਗੇ ਹੀ ਵਧਾਇਆ ਹੈ।

ਭਰੀ ਬੰਦੂਕ ਸੋ ਦਈ ਚਲਾਏ॥ ਜੋ ਬੰਦੂਕਾਂ ਭਰੀਆਂ ਹੋਈਆਂ ਸਨ ਉਨ੍ਹਾਂ ਦੀ ਸ਼ਲਕ ਕੀਤੀ, ਭਾਵ ਇਕੱਠੇ ਫਾਇਰ ਕੀਤੇ ਹਨ।

ਫੇਰ ਨ ਨਿਕਸਨ ਦੀਨੀ ਕਾਇ॥੧੮॥ ਫੇਰ ਦੋਬਾਰਾ ਨਹੀਂ ਬਰੂਦ ਦੀ ਮੁੱਠੀ ਬੰਦੂਕ ਵਿਚ ਪਾਉਣ ਦਿੱਤੀ, ਜਿਹੜੀ ਗੋਲੀ ਚੱਲ ਗਈ ਸੋ ਚੱਲ ਗਈ, ਐਨੀ ਸੰਘਣੀ ਲੜਾਈ ਹੋ ਰਹੀ ਹੈ, ਹੱਥੋ ਹੱਥੀਂ ਦੀ ਲੜਾਈ ਹੈ। ੧੮।

ਤਬ ਸਿੰਘਨ ਫੜ ਲਈ ਤਲਵਾਰ॥ ਸਿੰਘਾਂ ਨੇ ਵੇਖ ਲਿਆ ਹੈ ਕਿ ਹੁਣ ਨਹੀਂ ਸੰਮਾਂ, ਬੰਦੂਕਾਂ ਭਰ ਕੇ ਲੜਨ ਦਾ, ਤਾਂ ਸਿੰਘਾਂ ਨੇ ਆਪਣੀਆਂ ਤਲਵਾਰਾਂ ਖਿੱਚ ਲਈਆਂ ਹਨ।

ਜਿਸੈ ਚਲਾਈ ਤਿਸ ਕਰ ਗਈ ਪਾਰ॥ ਜਿਸਨੂੰ ਵੀ ਤਲਵਾਰ ਵਾਹੀ ਹੈ, ਉਸੇ ਨੂੰ ਪਾਰ ਕਰ ਗਈ ਹੈ, ਦੌਫਾੜ ਕਰ ਗਈ ਹੈ।

ਤੀਰਨਦਾਜਨ ਤੀਰ ਚਲਾਏ॥ ਤੀਰਅੰਦਾਜ ਜੋ ਸਨ, ਉਨ੍ਹਾਂ ਨੇ ਤੀਰ ਚਲਾਉਣੇ ਸ਼ੁਰੂ ਕਰ ਦਿੱਤੇ ਹਨ।

ਨੇਜਨਵਾਲਨ ਨੇਜੇ ਖੁਭਾਏ॥੧੯॥ ਨੇਜ਼ਿਆਂ ਵਾਲਿਆਂ ਨੇ ਵੀ ਦੁਸ਼ਮਣ ਦੀ ਛਾਤੀ ਵਿੱਚ ਨੇਜੇ ਖੋਭ ਦਿੱਤੇ ਹਨ। ੧੯।

ਬਰਛਨ ਵਾਲਨ ਬਰਛੀ ਲਾਈ॥ ਬਰਛੀ ਵਾਲਿਆਂ ਨੇ ਬਰਛੇ ਬੰਰਛੀਆਂ ਚਲਾਈਆਂ ਹਨ।

ਇਕ ਇਕ ਦੁਇ ਦੁਇ ਪਾਰ ਲੰਘਾਈ॥ ਆਉਣ ਸਾਰ ਇੱਕ ਇੱਕ, ਦੋ ਦੋ ਦੇ ਵਿੱਚ ਦੀ ਪਾਰ ਕੀਤੇ ਹਨ ਸ਼ਸਤ੍ਰ।

ਤੁਰਕ ਭੀ ਮਾਰੇ ਲਾ ਲਾ ਤਾਣ॥ ਤੁਰਕ ਵੀ ਆਪਣਾ (ਤਾਣ) ਜ਼ੋਰ ਲਾ ਲਾ ਕੇ ਮਾਰਦੇ ਹਨ।

ਇਮ ਬਡ ਮਚ ਗਜੋ ਉਹਾਂ ਘਮਸਾਣ॥੨੦॥ ਇਉਂ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਕਹੀ ਚੜ੍ਹੀ ਹੈ ਜਿੱਧਰ ਨੂੰ ਉੱਥੇ ਬੜੀ ਭਾਰੀ (ਘਮਸਾਣ) ਗਹਿਗਚ ਲੜਾਈ ਅਰੰਭ ਹੋ ਗਈ ਹੈ। ੨੦।

ਸਿੰਘ ਤੋ ਜਿੰਦ ਨਿਜ ਸੰਕ ਨ ਕਰੈਂ॥ ਸਿੰਘ ਤਾਂ ਆਪਣੀ ਜਾਨ ਜਾਣ ਦੀ ਪ੍ਰਵਾਹ ਨਹੀਂ ਕਰਦੇ ਹਨ, ਬਿਲਕੁਲ ਸੰਗ ਨਹੀਂ ਮੰਨਦੇ ਜਾਨ ਜਾਣ ਤੋਂ, ਜਮ੍ਹਾ ਹੀ ਸੰਕੋਚ ਨਹੀਂ ਕਰਦੇ ਹਨ।

ਤੁਰਕ ਲਰੈਂ ਅਰ ਜਾਂਹ ਭੀ ਟਰੈਂ॥ ਤੁਰਕ ਅੱਗੇ ਹੋ ਕੇ ਲੜਦੇ ਹਨ, ਅਤੇ ਟਲ ਵੀ ਜਾਂਦੇ ਹਨ, ਪਿਛਾਂਹ ਨੂੰ ਭੱਜ ਜਾਂਦੇ ਹਨ।

ਸਿੰਘ ਤੋ ਸ਼ਸਤਰ ਮੁਖ ਪਰ ਲੇਂਹ॥ ਸਿੰਘ ਮੂੰਹ ਤੇ ਸ਼ਸਤ੍ਰ ਲੈਂਦੇ ਹਨ, ਸਨਮੁਖ ਹੋ ਕੇ ਤਲਵਾਰ ਖਾਂਦੇ ਹਨ।

ਤੁਰਕ ਪੈਰ ਕੁਛ ਪਿਛੈ ਦੇਂਹ॥੨੧॥ ਤੁਰਕ ਪਿਛੇ ਨੂੰ ਪੈਰ ਰੱਖਦੇ ਹਨ, ਜਦੋਂ ਸਿੱਖ ਅੱਗੋਂ ਜੋਸ਼ ਨਾਲ ਪੈਂਦੇ ਹਨ ਤਾਂ ਪਿਛਾਂਹ ਨੂੰ ਭੱਜਦੇ ਹਨ ਤੇ ਸਿੰਘ ਅੱਗੇ ਵਧ ਵਧ ਕੇ ਲੜਦੇ ਹਨ। ੨੧।

ਦੋਹਰਾ॥ ਤੁਰਕ ਤੋਂ ਪਿਛੈ ਮੁੜ ਬਚੈਂ; ਸਿੰਘਨ ਪਿਛੈ ਨ ਥਾਨ॥ ਤੁਰਕ ਤਾਂ ਪਿੱਛੇ ਆਪਣੇ ਡੇਰੇ ਚਲੇ ਜਾਂਦੇ ਹਨ, ਉੱਥੇ ਮਲ੍ਹਮ ਪੱਟੀ, ਜਰਾਹ ਬੈਠੇ ਨੇ ਇਲਾਜ ਕਰਨ ਵਾਲੇ ਤੇ ਸਿੱਖ ਕਿਸ ਕੋਲ ਜਾਣ? ਇਹਨਾਂ ਨੂੰ ਤਾਂ ਪਿਛੇ ਟਿਕਾਣਾ ਆਸਰਾ ਹੀ ਕੋਈ ਨਾ ਰਹਿ ਗਿਆ।

ਸਿੰਘਨ ਆਸਾ ਛੁਟ ਗਈ, ਤੁਰਕ ਤੋਂ ਆਸ ਰਖਾਨ॥੨੨॥ ਸਿੰਘਾਂ ਦੀ ਤਾਂ ਜਿਉਣ ਦੀ ਆਸਾ ਹੀ ਮੁੱਕ ਗਈ ਹੈ, ਤੇ ਤੁਰਕ ਜੀਵਨ ਦੀ ਆਸਾ ਰਖਦੇ ਹਨ ਕਿ ਅਸੀਂ ਅਜੇ ਵੀ ਬਚ ਕੇ, ਸਾਡਾ ਇਲਾਜ ਵੀ ਹੋ ਜਾਵੇਗਾ, ਸਭ ਕੁਛ ਹੋ ਜਾਵੇਗਾ ਤੇ ਸਿੱਖ ਨੂੰ ਜੇ ਫੱਟ ਲੱਗ ਜਾਏ, ਕਹਿੰਦਾ ਹੁਣ ਤਾਂ ਪ੍ਰਵਾਹ ਹੀ ਕੋਈ ਨਹੀਂ ਹੁਣ ਕਾਹਦੀ ਢਿੱਲ ਕਰਨੀ ਹੈ। ਜਿੰਨੇ ਮਰਦੇ ਹਨ ਉਤਨੇ ਮਾਰੋ, ਇਉਂ ਆਸ ਮੁਕਾ ਕੇ ਲੜਦੇ ਨੇ ਮੈਦਾਨ ਵਿੱਚ। ੨੨।

ਇਕ ਡਿਗੇ ਤੁਰਕ ਦੁਇ ਆਵੈਂ, ਦੁਇ ਡਿੱਗਜੋਂ ਆਵੈਂ ਚਾਰ॥ ਸਿੱਖਾਂ ਨੇ ਆਪਣਾ ਬੜਾ ਭਾਣ ਲਾਇਆ ਹੈ, ਜੇ ਸਿਖ ਇਕ ਤੁਰਕ ਨੂੰ ਵੱਢਦੇ ਹਨ, ਉਹ ਡਿੱਗ ਪੈਂਦਾ ਹੈ, ਤਾਂ ਦੋ ਤੁਰਕ ਆ ਜਾਂਦੇ ਹਨ, ਜੇ ਦੋ ਤੁਰਕ ਜੰਗੇ ਮੈਦਾਨ ਵਿੱਚ ਲੜਦੇ ਜਖ਼ਮ ਖਾ ਕੇ ਡਿੱਗ ਪੈਂਦੇ ਹਨ, ਤਾਂ ਉਹ ਚਾਰ ਹੋਰ ਆ ਜਾਂਦੇ ਹਨ।

ਚਾਰ ਮਰੈਂ ਅੱਠ ਆ ਖੜੈਂ, ਕਿਮ ਹੋਵੈ ਉਨ ਕੀ ਹਾਰ॥੨੩॥ ਜਿਥੇ ਸਿਖਾਂ ਤੋਂ ਚਾਰ ਤੁਰਕ ਮਰਦੇ ਹਨ ਉਥੇ ਅੱਠ ਤੁਰਕ

ਹੋਰ ਆ ਖੜ੍ਹਦੇ ਹਨ ਲੜਨ ਵਾਸਤੇ, ਹੁਣ ਬਹੁਤਿਆਂ ਦੀ ਕਿਵੇਂ ਹਾਰ ਹੋਵੇ? ੨੩।

ਚੌਪਈ॥ ਜੋ ਸਿੱਖ ਓਥੇ ਸਨਮੁਖ ਧਾਵੈ॥ ਜਿਹੜੇ ਸਿਖ ਉੱਥੇ ਸਾਹਮਣੇ ਹੋ ਕੇ ਧਾਵਾ ਕਰਦੇ ਸਨ ਲੜਦੇ ਸਨ।

ਮੱਥੇ ਉੱਪਰ ਚੋਟਾਂ ਖਾਵੈ॥ ਆਪਣੇ ਸਿਰ ਮੱਥੇ ਤੇ ਚੋਟਾਂ ਖਾਂਦੇ ਹਨ ਤਲਵਾਰਾਂ ਨੇਜ਼ਿਆਂ ਦੀਆਂ, ਭਾਵ ਇਉਂ ਮਾਰਾਂ ਸਹਿੰਦੇ, ਫੱਟ ਸਹਿੰਦੇ ਹਨ।

ਜਬ ਲੌ ਸਾਸ ਉਸ ਤਨ ਮੈਂ ਰਹੈ॥ ਜਿੰਨਾ ਚਿਰ ਸਿਖਾਂ ਦੇ ਸਰੀਰ ਵਿੱਚ ਸ੍ਵਾਸ ਰਹਿੰਦੇ ਹਨ, ਜਿੰਨਾ ਚਿਰ ਸਾਹ ਚਲਦੇ ਹਨ।

ਆਉ ਕਰੈ ਔ ਮਾਰ ਮਾਰ ਕਹੈ॥ ੨੪॥ ਅਤੇ ਸਿੱਖ ਅੱਗੋਂ ਲਲਕਾਰੇ ਮਾਰਦੇ ਹਨ, ਆਉ ਐਧਰ ਤੁਰਕੋ ਬੇਈਮਾਨੋ, ਮਾਰ ਲੌ ਮਾਰ ਲਉ, ਇਹਨਾਂ ਨੂੰ, ਜਾਣਾ ਨਾ ਪਾਉਣ, ਉਨਾਂ ਚਿਰ ਲਲਕਾਰੇ ਹੀ ਮਾਰੀ ਜਾਂਦੇ ਹਨ ਭਾਵੇਂ ਸ੍ਵਾਸ ਅਖੀਰ ਤੇ ਆ ਗਏ ਹਨ। ੨੪।

ਅਧ ਸਸਕਤ ਲੌ ਟਲੈ ਸੁ ਨਾਂਹਿ॥ ਸਿੱਖਾਂ ਦੀ ਇਹ ਦਸ਼ਾ ਹੋ ਗਈ ਹੈ ਕਿ ਅੱਧੀ ਜਾਨ ਨਿਕਲ ਗਈ ਹੈ, ਅਧ ਮਰੇ ਜਿਹੇ ਸਹਿਕਦੇ ਨੇ, ਫੇਰ ਵੀ ਨਹੀਂ ਟਲਦੇ ਹਨ, ਨੇੜੇ ਆਏ ਤੁਰਕ ਦੇ ਉੱਤੇ ਵਾਰ ਕਰਨ ਤੋਂ ਟਲਦੇ ਨਹੀਂ ਹਨ।

ਉਇ ਭੀ ਸਸਕਤ ਛੋਡ ਨ ਜਾਂਹਿ॥ (ਉਇ) ਉਹ ਤੁਰਕ ਵੀ ਸਹਿਕਦੇ ਹੋਏ ਸਿੱਖ ਨੂੰ ਛੱਡਕੇ ਨਹੀਂ ਜਾਂਦੇ, ਕਿ ਇਹ ਸਹਿਕਦਾ ਹੈ ਆਪੇ ਮਰ ਜਾਊ ਘੜੀ ਨੂੰ, ਕਹਿੰਦੇ ਨਹੀਂ, ਮਾਰਕੇ ਹੀ ਜਾਵਾਂਗੇ, ਉਹ ਵੀ ਵਾਰ ਕਰਨੋਂ ਨਹੀ ਟਲਦੇ।

ਦੀਨ ਮਜ਼ਹਬ ਕੌ ਜੁਧ ਇਮ ਭਯੋ॥ ਦੀਨ ਮਜ਼ਹਬ ਦਾ ਜੁਧ ਹੋਇਆ ਹੈ, ਬੜੀ ਭਾਰੀ ਲੜਾਈ ਹੁੰਦੀ ਹੈ ਘਮਸਾਣ ਦੀ।

ਰਖ ਲੈ ਮੁੰਹੋਂ ਨ ਯੌ ਕਿਨ ਕਹਯੋ॥੨੫॥ ਜਦੋਂ ਵੈਰੀ ਨਾਲ ਲੜਦੇ ਹੋਈਏ ਕੋਈ ਮਿੰਨਤ ਨਹੀਂ ਕਰਦਾ ਹੁੰਦਾ, ਤੇ ਨਾ ਹੀ ਉਹ ਕਹਿੰਦੇ ਹਨ ਕਿ ਜਾਣ ਦਿਉ ਬਚ ਰਹੇਗਾ ਅਜੇ, ਕਹਿੰਦੇ ਹਨ ਕਿ ਕਿਸੇ ਨਹੀਂ ਕਹਿਆ ਕਿ ਸਾਨੂੰ ਬਚਾ ਲਉ ਜਾਂ ਸਾਨੂੰ ਰੱਖ ਲਉ, ਐਸੇ ਜੋਸ਼ ਨਾਲ ਲੜੇ ਹਨ ਸਾਰੇ। ੨੫।

ਸਿੱਖਨ ਕਰੀ ਨ ਪਾਣੀ ਆਸ॥ ਸਿੱਖਾਂ ਨੇ ਪਾਣੀ ਦੀ ਆਸ ਵੀ ਨਹੀਂ ਰੱਖੀ, ਕਿ ਸਾਨੂੰ ਪਾਣੀ ਕੋਈ ਦੇਵੇਗਾ, ਅਸੀਂ ਪੀਵਾਂਗੇ, ਬਿਲਕੁਲ ਪਾਣੀ ਪੀਣ ਦੀ ਆਸ ਹੀ ਮੁਕਾ ਦਿੱਤੀ ਹੈ।

ਦੀਓ ਨ ਲੀਓ ਇਮ ਛਡ ਦਏ ਸਾਸ॥ ਨਾ ਕਿਸੇ ਨੇ ਪਾਣੀ ਪੀਤਾ ਅਤੇ ਨਾ ਹੀ ਕਿਸੇ ਨੇ ਪਿਆਇਆ, ਇਉਂ ਰਣ ਮੈਦਾਨ ਵਿੱਚ ਆਪਣੇ ਸ੍ਵਾਸ ਦੇ ਦਿੱਤੇ ਹਨ।

ਇਕ ਇਕ ਸਿੱਖ ਕੌ ਦਸ ਦਸ ਘੇਰੈਂ॥ ਇੱਕ ਇੱਕ ਸਿੱਖ ਨੂੰ ਦਸ ਦਸ ਤੁਰਕ ਆ ਘੇਰਦੇ ਹਨ।

ਕਿਤ ਦੌੜੈਂ ਮੁਖ ਕਿਤ ਵਲ ਫੇਰੈਂ॥੨੬॥ ਦੱਸੋ ਮੂੰਹ ਕਿਸ ਪਾਸੇ ਨੂੰ ਫੇਰਨ, ਕਿੱਧਰ ਨੂੰ ਭੱਜਣ, ਰਾਹ ਕੋਈ ਨਹੀਂ ਹੈ, ਚਾਰ ਚੁਫੇਰਿਓਂ ਘੇਰਾ ਪਾਇਆ ਹੋਇਆ ਹੈ। ੨੬।

ਜਿਮ ਸੌਂਚੀ ਮੈਂ ਇਕ ਪਿੜ ਮੱਲੈ॥ ਅੱਗੇ ਸੌਂਚੀ ਪੱਖੀ ਖੇਡਦੇ ਹੁੰਦੇ ਸਨ, ਬੜੇ ਬੜੇ ਤਕੜੇ ਜੁਆਨ ਨਿਕਲਦੇ ਹੁੰਦੇ ਸਨ ਮੈਦਾਨ ਵਿੱਚ, ਇੱਕ ਜੁਆਨ ਨੇ ਨਿਕਲਣਾ ਉਸਨੂੰ ਦਸਾਂ ਨੇ ਘੇਰਾ ਪਾਉਣਾ ਫੜਨ ਵਾਸਤੇ, ਉਸਨੇ ਧੌਲ਼ਾਂ ਚਪੇੜਾਂ ਪੈਂਦਿਆਂ ਨਿਕਲ ਜਾਣਾ ਘੇਰੇ ਵਿਚੋਂ, ਏਵੇਂ ਹੀ ਸਿੰਘਾਂ ਦੀ ਹਾਲਤ ਹੋ ਗਈ ਹੈ।

ਦਸ ਪੜੈਂ ਚੁਤਰਫੈਂ ਦੇਖ ਇਕੱਲੈ॥ ਇਕੱਲੇ ਸਿੱਖ ਨੂੰ ਵੇਖ ਕੇ ਦਸ ਤੁਰਕ ਪੈਂਦੇ ਹਨ ਹਥਿਆਰ ਲੈ ਕੇ, ਇਹਨੂੰ ਮਾਰ ਲਉ ਇਕੱਲਾ ਹੀ ਹੈ।

ਜਿਤ ਵਲ ਸਿੰਘ ਕਰੈਂ ਵਹਿ ਦੌੜ॥ ਜਦੋਂ ਸਿੰਘ ਦੌੜ ਕੇ ਕਿਸੇ ਤੁਰਕ ਵੱਲ ਨੂੰ ਹੱਲਾ ਕਰਦਾ ਹੈ।

ਤੁਰਕ ਪਿੱਠ ਦੈ ਨੱਠੈਂ ਕਰ ਧੌੜ॥੨੭॥ ਤੁਰਕਾਂ ਤੋਂ ਪਿਛਲੇ ਪੈਰੀਂ ਤਾਂ ਭੱਜਿਆ ਨਹੀਂ ਜਾਂਦਾ, ਉਹ ਪਿੱਠ ਦੇ ਕੇ ਭੱਜਦੇ ਹਨ ਕਿ ਮੇਰੇ ਤੇ ਵਾਰ ਨਾ ਕਰ ਦੇਵੇ। ੨੭।

ਦੋਹਰਾ॥ ਸਿਖ ਥੋੜੇ ਬਹੁਤੇ ਤੁਰਕ, ਮਾਰਤ ਥਕ ਗਏ ਹਾਥ॥ ਤੁਰਕ ਬਹੁਤ ਜਿਆਦਾ ਸਨ, ਸਿੱਖ ਗਿਣਤੀ ਦੇ ਬਹੁਤ

ਥੋੜੇ ਸਨ, ਇਉਂ ਤੁਰਕਾਂ ਨੂੰ ਮਾਰਦਿਆਂ ਮਾਰਦਿਆਂ ਸਿੱਖਾਂ ਦੇ ਹੱਥ ਥੱਕ ਗਏ ਹਨ, ਹੁਣ ਤਲਵਾਰ ਵੀ ਚਲਾਉਣ ਦਾ ਸਿੱਖਾਂ ਵਿਚ ਬਲ ਨਹੀਂ ਰਹਿ ਗਿਆ।

ਇਕ ਕੇ ਮਾਰੇ ਦਸ ਆਵੈਂ, ਫਿਰਨ ਨ ਦੇਵੈਂ ਮਾਥ॥੨੮॥ ਜੇ ਸਿੱਖ ਇੱਕ ਤੁਰਕ ਨੂੰ ਮਾਰਦੇ ਹਨ ਤਾਂ ਦਸ ਤੁਰਕ ਅੱਗੋਂ ਹੱਲਾ ਕਰਕੇ ਆ ਜਾਂਦੇ ਹਨ, ਜਦੋਂ ਪਿਛਾਂਹ ਨੂੰ ਮੁੜਦਾ ਹੈ, ਸਾਹ ਵੀ ਲੈਣਾ ਹੈ, ਉਸਨੂੰ ਮੂੰਹ ਨਹੀਂ ਮੋੜਨ ਦਿੰਦੇ ਹਨ ਤੁਰਕ। ੨੮।

ਇਕ ਕੀ ਦਾਰੂ ਦੁਇ ਕਹੈਂ, ਦੁਇ ਕੀ ਆਧੈਂ ਚਾਰ॥ ਆਮ ਕਹਾਵਤ ਹੈ ਦੁਨੀਆਂ ਤੇ ਕਹਿੰਦੇ ਇੱਕ ਦੇ ਦੋ ਦਾਰੂ ਹਨ, ਇੱਕ ਨੂੰ ਦੋ ਬਹੁਤ ਹੁੰਦੇ ਹਨ, ਜੇ ਦੋ ਹੋਣ ਤਾਂ ਉਨ੍ਹਾਂ ਵਾਸਤੇ ਚਾਰ ਬਹੁਤ ਹੁੰਦੇ ਹਨ।

ਜਦ ਕਦਿ ਥੋੜਨ ਕੋ ਘਣੇ, ਲੇਵਤ ਹੈਂ ਸੋਊ ਮਾਰ॥੨੯॥ ਅਖੀਰ ਜਦੋਂ ਕਦੋਂ ਥੋੜਿਆਂ ਨੂੰ ਬਹੁਤੇ ਹਮੇਸ਼ਾ ਹੀ ਮਾਰ ਲੈਂਦੇ ਹਨ, ਕਿਉਂਕਿ ਬਹੁਤੇ ਹੁੰਦੇ ਹਨ, ਉਨ੍ਹਾਂ ਦੀ ਗਿਣਤੀ ਥੋੜੀ ਹੁੰਦੀ, ਉਹ ਸਗੋਂ ਹੋਰ ਘਟ ਜਾਣੇ ਹਨ, ਇਹ ਵਧਦੇ ਨੇ, ਇਹ ਘਟਦੇ ਨਹੀਂ ਇਸ ਕਰਕੇ ਥੋੜਿਆਂ ਦੀ ਹਾਰ ਹੋ ਜਾਂਦੀ ਹੈ ਐਸੇ ਜੁੱਧ ਵੇਲੇ। ੨੯।

ਚੌਪਈ॥ ਬਹੁਤਨ ਥੋੜੇ ਮਾਰ ਸੁ ਦਏ॥ ਹੁਣ ਬਹੁਤੇ ਤੁਰਕਾਂ ਨੇ ਥੋੜਿਆਂ ਸਿੱਖਾਂ ਨੂੰ, ਸਾਰੀ ਕਹੀ ਦੀ ਕਹੀ ਖਤਮ ਕਰ ਦਿੱਤੀ ਹੈ, ਜੋ ਥੋੜੇ ਜਿਹੇ ਬੰਦਈ ਸਿੱਖ ਸਨ ਸ਼ਹੀਦੀਆਂ ਪਾ ਗਏ ਸਾਰੇ ਦੇ ਸਾਰੇ।

ਇਮ ਕਰ ਸਿੱਖ ਊਹਾਂ ਮਰ ਗਏ॥ ਇਉਂ ਕਰਕੇ ਜੋ ਸਿੱਖ ਗੁਰਦਾਸ ਨੰਗਲ ਦੇ ਕਿਲ੍ਹੇ ਵਿਚੋਂ ਬਾਹਰ ਨਿਕਲੇ ਸਨ, ਉਹ ਸਾਰੇ ਸ਼ਹੀਦ ਹੋ ਗਏ ਹਨ।

ਇਕ ਇਕ ਦੁਇ ਦੁਇ ਉਇ ਲੈ ਮੁਏ॥ ਕੋਈ ਇਕੱਲਾ ਸਿਖ ਨਹੀਂ ਮਰਿਆ, ਇੱਕ ਇੱਕ ਸਿੱਖ, ਦੋ ਦੋ ਤੁਰਕਾਂ ਨੂੰ ਨਾਲ ਲੈ ਕੇ ਮਰਿਆ ਹੈ।

ਸਿੰਘ ਮਝੈਲ ਨ ਖਾਲੀ ਵਏ॥੩੦॥ ਇਉਂ ਮਝੈਲ ਸਿੰਘ ਪਹਿਲੇ ਦਿਨੋਂ ਲੜਾਕੇ ਹਨ, ਖਾਲੀ ਨਹੀਂ ਕਿ ਇਕੱਲੇ ਹੀ ਮਰ ਗਏ ਹਨ, ਦੁਸ਼ਮਣ ਨੂੰ ਨਾਲ ਲੈ ਕੇ ਮਰੇ ਹਨ।

ਦੋਹਰਾ॥ ਜੋ ਨਿਕਸਜੋ ਸੋ ਨਾਂਹ ਵਡਿਜੋ, ਖਬਰ ਬੀ ਕਰਨ ਨ ਜੋਗ॥ ਜੋ ਸਿੱਖ ਗੁਰਦਾਸ ਨੰਗਲ ਦੀ ਗੜ੍ਹੀ ਵਿਚੋਂ ਇੱਕ ਵਾਰੀ ਨਿਕਲ ਗਿਆ ਹੈ, ਉਹ ਮੁੜ ਕੇ ਗੜ੍ਹੀ ਵਿੱਚ ਵਾਪਸ ਆ ਕੇ ਨਹੀਂ ਵੜਿਆ, ਐਥੋਂ ਤੱਕ ਕਿ ਮੁੜ ਕੇ ਕੋਈ ਖਬਰ ਕਰਨ ਜੋਗਾ ਵੀ ਨਹੀਂ ਰਿਹਾ; ਪਿੱਛੇ ਖ਼ਬਰ ਵੀ ਨਹੀਂ ਕਰ ਸਕਿਆ।

ਉਸ ਦਿਨ ਤੇ ਚਾਮਲ ਚੜੇ, ਤੁਰਕਨ ਕੇ ਸਭ ਲੋਕ॥੩੧॥ ਉਸ ਦਿਨ ਤੋਂ ਤੁਰਕ ਚਾਮ੍ਹਲ ਗਏ ਹਨ ਕਿ ਹੁਣ ਤਾਂ ਬਹੁਤੇ ਸਿੱਖ ਮਾਰੇ ਗਏ ਹਨ, ਹੁਣ ਤਾਂ ਕਿਲ੍ਹੇ ਅੰਦਰ ਗਿਣਤੀ ਦੇ ਬੰਦੇ ਹੋਣਗੇ। ਚਾਮ੍ਹਲ ਗਏ ਹਨ, ਚਲੋ ਹੁਣ ਕਿਲ੍ਹੇ 'ਤੇ ਹੱਲਾ ਬੋਲ ਦੇਈਏ, ਲੁੱਟ ਲਈਏ ਇਹਨਾਂ ਨੂੰ। ਤੁਰਕਾਂ ਨੂੰ ਭਰਮ ਸੀ ਕਿ ਬੰਦੇ ਬਹਾਦਰ ਕੋਲ ਪਤਾ ਨਹੀਂ ਕਿੰਨਾਂ ਕੁ ਧਨ ਹੈ, ਕਿਉਂਕਿ ਉਸਨੇ ਸਾਰਾ ਮੁਲਕ ਲੁੱਟਿਆ ਸੀ। ਖ਼ਬਰੇ ਕਿੰਨਾ ਕੁ ਧਨ ਹੈ, ਹੀਰੇ ਮੋਤੀ ਹੋਣਗੇ, ਜਿਹੜਾ ਪਹਿਲਾਂ ਜਾਊ ਉਹਨੂੰ ਮਿਲਣੇ ਹਨ। ੩੧।

ਪ੍ਰਸੰਗ ਤੁਰਕਨ ਕੈ ਹੱਲੈ ਕੀਯੋ ਕੋ ਲਿਖਜਤੇ
(ਗੜ੍ਹੀ ਵਾਲਿਆਂ ਨਾਲ ਘਮਸਾਣ)

ਦੋਹਰਾ॥ ਤੁਰਕਨ ਕਹੀ ਮਾਰੀ ਜਬੈ, ਮਨ ਮੈਂ ਬਹੁ ਗਰਬਾਂਹ॥ ਤੁਰਕਾਂ ਨੇ ਜਦੋਂ ਬੰਦੇ ਬਹਾਦਰ ਦੀ (ਕਹੀ) ਫੌਜ ਮਾਰ ਲਈ ਹੈ, ਤਾਂ ਤੁਰਕ ਮਨ ਵਿਚ ਬੜਾ ਹੰਕਾਰ ਕਰਦੇ ਹਨ।

ਕਰ ਹੱਲੋ ਮਾਰੋ ਗੜ੍ਹੀ, ਅਬ ਕਿਮ ਚੁਪ ਬਹਾਂਹ॥੧॥ ਸਾਰੇ ਸਰਦਾਰ ਭੂਤਰ ਗਏ ਹਨ, ਕਹਿੰਦੇ ਚੁੱਪ ਕਿਉਂ ਬੈਠੇ ਹੋ ਡੇਰੇ ਲਾਏ ਹੋਏ ਹਨ, ਹੁਣ ਹੱਲਾ ਮਾਰਕੇ ਗੜ੍ਹੀ ਮਾਰ ਲਈਏ, ਕਾਰਜ ਸਿੱਧ ਹੋ ਗਿਆ ਹੁਣ ਆਪਣਾ। ੧।

ਚੌਪਈ॥ ਤਬ ਨਿਬਾਬ ਨਹਿੰ ਪੌੜੀ ਘੜਾਈ॥ ਤਦ ਨਬਾਬ ਨੇ ਪੌੜੀ (ਘੜਾਈ) ਬਣਵਾਈ, ਕਿਲ੍ਹੇ ਤੇ ਲਾਉਣ ਵਾਸਤੇ।

ਔਰ ਪਿੰਡਨ ਤੇ ਚੱਕ ਮੰਗਾਈ॥ ਹੋਰ ਪਿੰਡਾਂ ਵਿੱਚ ਜੋ ਲੋਕਾਂ ਨੇ ਆਪਣੇ ਘਰਾਂ ਵਿੱਚ ਪਉੜੀਆਂ ਬਣਾਈਆਂ ਹੋਈਆਂ ਸਨ, ਉਹ ਚੁੱਕ ਕੇ ਮੰਗਾ ਲਈਆਂ ਹਨ ਕਿਲ੍ਹੇ ਨੂੰ ਲਾਉਣ ਵਾਸਤੇ।

ਦਾਰੂ ਸਿੱਕਾ ਦੀਓ ਬਰਤਾਇ॥ ਸਾਰੀ ਤੁਰਕ ਸੈਨਾ ਨੂੰ ਗੋਲੀ ਬਰੂਦ ਵਰਤਾ ਦਿੱਤਾ ਹੈ।

ਤੋਪ ਜੰਬੂਰਨ ਦੀਨੇ ਲਾਇ॥੨॥ ਤੋਪਾਂ ਤੇ (ਜੰਬੂਰਨ) ਛੋਟੀਆਂ ਤੋਪਾਂ ਕਿਲ੍ਹੇ ਦੇ ਨੇੜੇ ਕਰਕੇ ਲਾ ਦਿੱਤੀਆਂ ਹਨ, ਗੋਲਾ ਬਾਰੀ ਕਰਨ ਵਾਸਤੇ ਖ਼ਬਰਦਾਰ ਕਰ ਦਿੱਤਾ ਹੈ। ੨।

ਫੌਜ ਕਹੀ ਲੁਟ ਮਾਫ ਕਰ ਦੇਹੋ॥ ਫੌਜ ਦੇ ਅਫਸਰ ਨਬਾਬ ਕੋਲ ਆਏ ਹਨ, ਕਹਿਣ ਲੱਗੇ ਨਬਾਬ ਸਾਹਿਬ! ਲੁਟ ਫੌਜ ਨੂੰ ਮਾਫ ਕਰ ਦਿਉ, ਕਿ ਲੁੱਟ ਤੁਹਾਡੀ ਹੋਵੇਗੀ, ਮਾਰ ਲਉ ਗੜ੍ਹੀ ਨੂੰ ਛੇਤੀ ਨਾਲ, ਇਹ ਲਿਖ ਦਿਉ।

ਗੜ੍ਹੀ ਘੜੀ ਮੇਂ ਹਮ ਤੇ ਲੇਹੋ॥ ਅਸੀਂ ਘੜੀ ਨਹੀਂ ਲਾਉਣੀ ਇੱਕ ਘੜੀ ਦੇ ਅੰਦਰ ਗੜ੍ਹੀ ਮਾਰ ਕੇ ਫੜ੍ਹੇ ਕਰ ਦਿੰਦੇ ਹਾਂ ਇੱਕ ਘੜੀ ਵਿੱਚ ਗੜ੍ਹੀ ਸਾਡੇ ਕੋਲੋਂ ਲੈ ਲਵੋ।

ਫੌਜ ਚੰਗੇਰੀ ਲਈ ਹੈ ਮਾਰ॥ ਸਿੱਖਾਂ ਦੀ ਚੰਗੀ ਫੌਜ ਤਾਂ ਅਸੀਂ ਮਾਰ ਹੀ ਲਈ ਹੈ।

ਰਹੀ ਪਈ ਹੈ ਭੂਖੀ ਹਾਰ॥੩॥ ਜੋ ਫੌਜ ਕਿਲ੍ਹੇ ਵਿੱਚ ਬਚ ਰਹੀ ਹੈ, ਉਹ ਭੁਖ ਕਰਕੇ ਹਾਰੀ ਪਈ ਹੈ। ੩।

ਤੱਤ ਖਾਲਸੋ ਹੁਤੋ ਭੁਜੰਗੀ॥ ਤੱਤ ਖਾਲਸਾ ਜੋ (ਭੁਜੰਗੀ) ਸਾਹਿਬਜ਼ਾਦਾ ਸੀ ਗੁਰੂ ਜੀ ਦਾ।

ਓਇ ਛਡ ਗਏ ਬਾਤ ਭਈ ਚੰਗੀ॥ ਉਹ ਇਹਨਾਂ ਨੂੰ ਪਹਿਲਾਂ ਹੀ ਛੱਡ ਗਏ ਹਨ, ਇਹ ਬੜੀ ਚੰਗੀ ਗੱਲ ਹੋਈ ਹੈ, ਤਾਕਤ ਘਟ ਗਈ ਹੈ ਇਹਨਾਂ ਦੀ।

ਉਨ ਬਿਨ ਬੰਦੋ ਜਹਿੰ ਜਹਿੰ ਲੜਿਓ॥ ਤੁਰਕ ਵੀ ਏਸ ਗੱਲ ਦੀ ਵਿਚਾਰ ਕਰਦੇ ਹਨ, ਜਿੰਨਾਂ ਚਿਰ ਖਾਲਸਾ ਪੰਥ ਰਿਹਾ ਹੈ ਇਨ੍ਹਾਂ ਦੇ ਨਾਲ, ਜਿਥੇ ਲੜਿਆ ਹੈ ਜਿੱਤ ਪ੍ਰਾਪਤ ਕੀਤੀ ਹੈ, ਹੁਣ ਬੰਦਾ ਬਹਾਦਰ ਜਦੋਂ ਪੰਥ ਨਾਲੋਂ ਵਿਗੜ ਗਿਆ ਹੈ, ਵਖਰਾ ਹੋ ਗਿਆ ਹੈ, ਹੁਣ ਜਿਥੇ ਕਿਥੇ ਵੀ ਲੜਿਆ ਹੈ ਹਾਰ ਖਾ ਗਿਆ ਹੈ, ਕਿਤੇ ਜਿੱਤ ਨਹੀਂ ਹੋਈ ਇਹਦੀ।

ਭਯੋ ਨੱਠ ਤਿਸ ਕਹੂੰ ਨ ਅੜਿਓ॥੪॥ ਫੇਰ ਏਸਨੂੰ ਭੱਜਣਾ ਪਿਆ ਫੇਰ ਨਹੀਂ ਕਿਸੇ ਜਗ੍ਹਾ ਵੀ ਅੱਗੇ ਅੜਿਆ ਹੈ ਤੁਰਕਾਂ ਦੇ, ਜਿਵੇਂ ਪਹਿਲਾਂ ਤੁਰਕਾਂ ਦੇ ਅੱਗੇ ਅੜ ਜਾਂਦਾ ਸੀ, ਤੁਰਕਾਂ ਨੂੰ ਭੱਜਣਾ ਪੈਂਦਾ ਸੀ ਹੁਣ ਜਿਥੇ ਵੀ ਬੰਦਾ ਬਹਾਦਰ ਤੁਰਕਾਂ ਦੇ ਅੱਗੇ ਅੜਿਆ ਹੈ, ਹੁਣ ਇਹਨੂੰ ਭੱਜਣਾ ਪੈਂਦਾ ਹੈ, ਅੱਗੋਂ ਤੁਰਕਾਂ ਦੀ ਫੌਜ ਨੇ ਬੰਦੇ ਬਹਾਦਰ ਨੂੰ ਭਜਾ ਦਿੱਤਾ ਹੈ। ੪।

ਦੋਹਰਾ॥ ਕਹੀ ਮਾਰ ਹਮ ਤੇ ਲਈ, ਗਈ ਬੰਦੇ ਕਰਾਮਾਤ॥ ਤੁਰਕ ਕਹਿੰਦੇ ਹਨ ਜਦੋਂ ਬੰਦੇ ਬਹਾਦਰ ਦੀ ਅਸੀਂ(ਕਹੀ)

ਰਸਤ ਪਾਣੀ ਲਿਆਉਣ ਵਾਲੀ ਫੌਜ ਮਾਰ ਲਈ ਹੈ, ਹੁਣ ਬੰਦੇ ਬਹਾਦਰ ਦੀ ਕਰਾਮਾਤ ਨਿਕਲ ਚੁੱਕੀ ਹੈ।

ਅਬ ਲੇਵੈਂਗੇ ਫੜ ਉਸੈ, ਲੜੇ ਕਰੈਂ ਉਸ ਘਾਤ॥੫॥ ਹੁਣ ਅਸੀਂ ਉਸਨੂੰ ਫੜ ਲਵਾਂਗੇ ਬੰਦੇ ਨੂੰ, ਜੇ ਲੜੇਗਾ ਮੈਦਾਨ ਵਿਚ, ਤਾਂ ਅਸੀਂ ਉਸਨੂੰ ਮਾਰ ਲਵਾਂਗੇ ਇਉਂ ਸਾਰੇ ਫੌਜਦਾਰਾਂ ਨੇ ਮਿਥ ਲਈ ਹੈ। ੫।

ਚੌਪਈ॥ ਯੌ ਕਹਿ ਤੁਰਕਨ ਕਰੀ ਚੜ੍ਹਾਈ॥ ਇਉਂ ਕਹਿ ਕੇ ਤੁਰਕਾਂ ਨੇ ਕਿਲ੍ਹੇ ਤੇ ਹੱਲਾ ਬੋਲਣ ਵਾਸਤੇ ਚੜ੍ਹਾਈ ਕੀਤੀ ਹੈ।

ਸਿੱਖਨ ਨੇ ਤੇਊ ਸੁਨ ਪਾਈ॥ ਸਿਖਾਂ ਨੂੰ ਵੀ ਕਿਲ੍ਹੇ ਅੰਦਰ ਖ਼ਬਰ ਹੋ ਗਈ ਹੈ, ਕਿ ਤਿਆਰੀ ਹੋ ਰਹੀ ਹੈ, ਬਾਹਰੋਂ ਦਿਸਦਾ ਹੈ ਤਿਆਰੀ ਹੋ ਰਹੀ ਹੈ, ਜਥੇ ਬੰਨ੍ਹ ਕੇ ਹੱਲਾ ਬੋਲਣ ਨੂੰ ਤਿਆਰ ਹੋ ਗਏ ਨੇ, ਅੰਦਰ ਸਿੱਖਾਂ ਨੂੰ ਮਲੂਮ ਹੋ ਗਿਆ ਹੈ।

ਸਿੱਖਨ ਨੇ ਭੀ ਭਲੀ ਮਨਾਈ॥ ਸਿਖਾਂ ਨੇ ਸ਼ੁਕਰਾਨਾ ਕੀਤਾ ਵਾਹਿਗੁਰੂ ਦਾ, ਸੱਚਾ ਪਾਤਸ਼ਾਹ ਚੰਗਾ ਹੀ ਹੋਇਆ ਹੈ, ਹੁਣ ਮਾੜੀ ਮੋਟੀ ਹਿੰਮਤ ਹੈ ਸਾਡੇ ਵਿਚ ਲੜ ਤਾਂ ਮਰਾਂਗੇ ਦੁਸ਼ਮਣ ਦੇ ਨਾਲ, ਇਉਂ ਤਾਂ ਨਹੀਂ ਭੁਖਿਆਂ ਨੂੰ ਆ ਕੇ ਫੜ ਲੈਣਗੇ, ਇਉਂ ਭਲਾ ਹੀ ਮਨਾਇਆ ਹੈ ਸਭ ਨੇ ਕਿ ਚੰਗੀ ਗੱਲ ਹੀ ਹੋਈ ਹੈ।

ਸ਼ਹੀਦ ਹੋਨ ਕੀ ਬਿਧੀ ਤਕਾਈ॥ ੬॥ ਜਿਹੜੇ ਸਿਖ ਬਚੇ ਸਨ ਉਹਨਾਂ ਨੇ ਸ਼ਹੀਦ ਹੋਣ ਦਾ ਢੰਗ ਤਕਾਇਆ ਹੈ। ੬।

ਦੋਹਰਾ॥ ਹੁਵੋ ਸ਼ਹੀਦ ਬੰਦੇ ਅਗੇ, ਬਹਿ ਭੂਖੇ ਕਾਹਿ ਮਰਾਂਹਿ॥ ਬੰਦੇ ਬਹਾਦਰ ਦੇ ਜਿਹੜੇ ਮੁਖਤਿਆਰ -ਏ-ਆਮ ਸਨ ਉਹਨਾਂ ਨੇ ਸਭ ਸਿੱਖਾਂ ਨੂੰ ਹੁਕਮ ਦੇ ਦਿੱਤਾ ਹੈ ਕਿ ਆਪਾਂ ਬੰਦੇ ਬਹਾਦਰ ਨੂੰ ਗੁਰੂ ਬਣਾਇਆ ਸੀ, ਹੁਣ ਇਹਦੇ ਅੱਗੇ ਹੋਕੇ ਲੜੀਏ ਭੁਖੇ ਕਿਉਂ ਮਰਨਾ ਹੈ ਬੈਠ ਕੇ, ਉੱਠੋ! ਸਭ ਸ਼ਸਤ੍ਰ ਫੜ ਕੇ ਸ਼ਹੀਦ ਹੋਵੋ।

ਫੜ ਤਲਵਾਰਨ ਹੁਇ ਖੜੇ, ਬੂਹੇ ਦਏ ਖੁਲ੍ਹਾਇ॥੭॥ ਸਿੱਖ ਤਲਵਾਰਾਂ ਲੈ ਕੇ ਖੜੇ ਹੋ ਗਏ ਹਨ ਅਤੇ ਕਿਲ੍ਹੇ ਦੇ ਦਰਵਾਜੇ ਖੁਲ੍ਹਵਾ ਦਿੱਤੇ ਹਨ।੭।

ਚੌਪਈ॥ ਘੋੜੇ ਚੜ੍ਹ ਚੜ੍ਹ ਤੁਰਕ ਬਹੁ ਆਏ॥ ਬਹੁਤੇ ਤੁਰਕ ਸਿੱਖਾਂ ਉੱਤੇ ਹੱਲਾ ਕਰਨ ਵਾਸਤੇ ਘੋੜਿਆਂ ਤੇ ਚੜ੍ਹ ਕੇ ਆਏ ਹਨ।

ਮੁਹਰੇ ਚਹੈਂ ਪਿਆਦੇ ਜਾਏ॥ ਘੋੜਿਆਂ ਵਾਲੇ ਚਾਹੁੰਦੇ ਹਨ ਕਿ ਸਾਡੇ ਅੱਗੇ ਪੈਦਲ ਜਾਣ।

ਕਹੈਂ ਮਾਲ ਬਹੁ ਬੰਦੈ ਪਾਹਿ॥ ਆਪਸ ਵਿੱਚੀਂ ਕਹਿੰਦੇ ਹਨ ਕਿ ਬੰਦੇ ਬਹਾਦਰ ਦੇ ਕੋਲ ਬੜਾ ਮਾਲ ਹੈ ਲੁੱਟਿਆ ਹੋਇਆ।

ਲੇਉਗ ਸੋਊ ਜੋ ਪਹਿਲੋਂ ਜਾਇ॥੮॥ ਜਿਹੜਾ ਕਿਲ੍ਹੇ ਦੇ ਅੰਦਰ ਪਹਿਲਾਂ ਜਾਇਗਾ, ਉਹੀ ਲਵੇਗਾ ਲੁੱਟ ਦਾ ਮਾਲ, ਉਸੇ ਨੂੰ ਲੁੱਟ ਦਾ ਮਾਲ ਮਿਲੇਗਾ।੮।

ਉਸ ਤੇ ਆਗੈ ਉਇ ਚਾਹੈਂ ਦੌੜੇ॥ ਭੱਜ ਕੇ ਇੱਕ ਦੂਜੇ ਤੋਂ ਅੱਗੇ ਦੌੜਨਾ ਚਾਹੁੰਦੇ ਨੇ, ਕਿ ਅੱਗੇ ਜਾ ਕੇ ਲੁੱਟ ਨੂੰ ਹੱਥ ਪਾ ਲਈਏ।

ਘੋੜਨ ਉਪਰ ਚੜ੍ਹਾਵੈਂ ਘੋੜੇ॥ ਤੁਰਕ ਫੌਜੀ ਇੱਕ ਦੂਜੇ ਦੇ ਘੋੜੇ ਤੇ ਘੋੜਾ ਚੜ੍ਹਾਈ ਤੁਰੇ ਆਉਂਦੇ ਨੇ।

ਆਪਨ ਸੋਂ ਆਪੇ ਭਿੜ ਪਰੈਂ॥ ਇੱਕ ਦੂਜੇ ਦਾ ਘੋੜਾ ਵਿੱਚ ਵੱਜਕੇ ਆਪਸ ਵਿੱਚ ਹੀ ਭਿੜ ਪੈਂਦੇ ਹਨ ਜਦੋਂ ਭੱਜੇ ਜਾਂਦੇ ਘੋੜਿਆਂ ਦੀ ਆਪਸ ਵਿੱਚ ਟੱਕਰ ਹੋ ਜਾਂਦੀ ਹੈ ਤਾਂ ਤੁਰਕ ਆਪਸ ਵਿਚੀਂ ਲੜ ਪੈਂਦੇ ਹਨ, ਮੂਰਖਾ ਘੋੜਾ ਉੱਤੇ ਚੜ੍ਹਾਉਂਦਾ ਹੈਂ, ਦਿਸਦਾ ਨਹੀਂ ਹੈ ਅੱਗੇ ? ਅਗਾਂਹ ਨੂੰ ਤੁਰਿਆ ਆਉਂਦਾ ਹੈਂ।

ਅਗਲਨ ਪਰ ਪਿਛਲਨ ਪਗ ਧਰੈਂ॥੯॥ ਜਿਹੜੇ ਅੱਗੇ ਤੁਰੇ ਜਾਂਦੇ ਹਨ, ਪਿਛਲੇ ਉਨ੍ਹਾਂ ਦੇ ਉੱਤੇ ਪੈਰ ਧਰਦੇ ਨੇ ਜਾ ਕੇ, ਉਹ ਕਹਿੰਦੇ ਨੇ ਹੇਠਾਂ ਦੇਣਾ ਹੈ, ਉਹ ਇਉਂ ਲੜ ਪਏ, ਕਿ ਸਾਡੇ ਉੱਤੇ ਚੜ੍ਹਾਈ ਆਉਂਦੇ ਹੋ ਘੋੜੇ ਕੁਛ ਹੋਸ਼ ਕਰੋ। ਹੌਲੀ ਹੌਲੀ ਅੰਦਰ ਚੱਲੋ, ਕੁਛ ਇਉਂ ਲੜ ਪਏ ਹਨ। ੯।

ਗਰਦੋ ਧੂੰਓਂ ਭਯੋ ਅੰਧੇਰੋ॥ ਉਧਰ ਬੰਦੂਕਾਂ, ਤੋਪਾਂ ਚਲਦੀਆਂ ਹਨ ਚਾਰ ਚੁਫੇਰਿਉਂ ਤੇ ਫੌਜੀਆਂ ਦੇ ਪੈਰਾਂ ਤੇ ਘੋੜਿਆਂ ਦੇ ਪੈਰਾਂ ਨਾਲ ਰੇਤਾ ਉੱਡ ਰਿਹਾ ਹੈ। ਬੰਦੂਕਾਂ ਤੋਪਾਂ ਦਾ ਬਰੂਦ ਉੱਡ ਰਿਹਾ ਹੈ ਤੇ ਗਰਦਾ ਗੋਰ ਹੋ ਗਿਆ ਹੈ, ਅੰਧੇਰ

ਹੋ ਗਿਆ ਹੈ ਰਾਤ ਪੈ ਗਈ ਹੈ ਜਿਵੇਂ।

ਚਾਰ ਤਰਫ ਤੇ ਉਨ ਗੜ੍ਹ ਘੇਰੋ॥ ਚਾਰੋਂ ਤਰਫਾਂ ਤੋਂ ਤੁਰਕਾਂ ਨੇ ਘਰਾ ਪਾ ਲਿਆ ਹੈ ਕਿਲ੍ਹੇ ਨੂੰ।

ਚਾਰ ਲਖ ਕਹੈਂ ਤੁਰਕ ਜੀਯ ਜੰਤ ॥ ਭਾਈ ਸਾਹਿਬ ਜੀ ਤੁਰਕਾਂ ਦੀ ਗਿਣਤੀ ਦਸਦੇ ਹਨ, ਕਿੰਨੇ ਸਨ? ਤੁਰਕਾਂ ਦੀ ਸਣੇ ਮੁਲਖਈਏ ਕੁਲ ਗਿਣਤੀ ਚਾਰ ਲੱਖ ਦੇ ਕਰੀਬ ਕਹਿੰਦੇ ਹਨ।

ਹਜਾਰ ਚਾਰ ਬੰਦੇ ਸਿਰਤੰਤ ॥੧੦॥ ਬੰਦੇ ਬਹਾਦਰ ਦੇ ਨਾਲ ਤਕਰੀਬਨ ਚਾਰ ਕੁ ਹਜ਼ਾਰ ਸਿਖ ਸਨ।੧੦।

ਭੂਖੇ ਮਰੇ ਔ ਸੋਏ ਨਾਂਹਿ ॥ ਦੇਖ ਲਉ ਕਿੰਨਾਂ ਚਿਰ ਹੋ ਗਿਆ ਹੈ ਲੜਾਈ ਹੁੰਦਿਆਂ ਨੂੰ ਉਦੋਂ ਦੇ ਸੁੱਤੇ ਹੀ ਨਹੀਂ ਹਨ ਜਾਗਦੇ ਹੀ ਪਏ ਰਹਿੰਦੇ ਹਨ, ਕਿ ਹੁਣ ਹੀ ਤੁਰਕਾਂ ਨੇ ਹੱਲਾ ਬੋਲ ਦੇਣਾ ਹੈ। ਕੁਛ ਭੁਖ ਨਾਲ ਹੀ ਮਰੇ ਪਏ ਹਨ।

ਹੁਤੋ ਨ ਉਜਰ ਉਨੈ ਤਨ ਮਾਂਹਿ ॥ ਸਰੀਰ ਦੇ ਵਿੱਚ (ਉਜਰ) ਸੱਤਿਆ ਹੀ ਨਹੀਂ ਰਹੀ ਹੈ, ਐਸੀ ਦਸ਼ਾ ਹੋਈ ਪਈ ਸੀ ਸਿੱਖਾਂ ਦੀ।

ਪਰ ਤਤਛਿਨ ਕਛੁ ਹਿੰਮਤ ਆਈ॥ ਪਰ (ਤਤਛਿਨ) ਉਸੇ ਵੇਲੇ ਇਕ ਦਮ ਸਿਖਾਂ ਵਿਚ ਕੁਛ ਹਿੰਮਤ ਆ ਗਈ ਹੈ।

ਕਰਤੇ ਕੀ ਗਤਿ ਕਿਨੈ ਨ ਪਾਈ ॥੧੧॥ ਕਰਤੇ ਪੁਰਖ ਦੀ ਕਲਾ ਦਾ ਕਿਸੇ ਨੂੰ ਕੀ ਪਤਾ? ਇਹ ਗੈਬੀ ਤਾਕਤ ਕਿਥੋਂ ਆ ਗਈ ਸਿੱਖਾਂ ਵਿਚ, ਵਾਹਿਗੁਰੂ ਨੇ ਸਹਾਇਤਾ ਕੀਤੀ, ਫੇਰ ਵੀ ਇਨ੍ਹਾਂ ਨੂੰ ਹਿੰਮਤ ਦਿੱਤੀ। ੧੧।

ਦੋਹਰਾ॥ ਉਸ ਤੈ ਆਗੈ ਉਹ ਖੜੈਂ; ਹੋਨ ਸ਼ਹੀਦ ਸ਼ਿਤਾਬ॥ ਹੁਣ ਸਿੱਖ ਇੱਕ ਦਮ ਉੱਠ ਖੜ੍ਹੇ ਹਨ, ਅੱਗੇ ਤਾਂ ਪਏ ਸਨ ਭੁੱਖੇ ਵਿਚਾਰੇ, ਲੱਕ ਕਸ ਕਸ ਕੇ ਬੱਧੇ ਹੋਏ ਸੀ। ਹੁਣ ਇੱਕ ਦੂਜੇ ਤੋਂ ਛਾਲਾਂ ਮਾਰ ਮਾਰ ਅੱਗੇ ਹੁੰਦੇ ਹਨ, ਕਹਿੰਦੇ ਮੈਂ ਪਹਿਲਾਂ ਸ਼ਹੀਦੀ ਲਵਾਂ, ਮੈਂ ਪਹਿਲਾਂ ਸ਼ਹੀਦੀ ਲਵਾਂ ਛੇਤੀ।

ਜਿਸ ਹਥ ਚੜ੍ਹਜੋ ਹਥਜਾਰ ਜੋ, ਸੋ ਲੈ ਖੜਜੋ ਸ਼ਿਤਾਬ ॥੧੨॥ ਹੁਣ ਸਿੱਖਾਂ ਦੇ ਹਥਿਆਰ ਡਿੱਗੇ ਹੋਏ ਹਨ, ਜਿਹੜਾ ਵੀ ਕਿਸੇ ਦੇ ਹੱਥ ਲੱਗਿਆ ਹੈ ਉਹ ਛੇਤੀ ਨਾਲ ਹਥਿਆਰ ਲੈ ਕੇ ਖੜ੍ਹਾ ਹੋ ਗਿਆ ਹੈ। ੧੨।

ਚੌਪਈ॥ ਉਧਰੋਂ ਤੁਰਕਨ ਹੱਲੋ ਕੀਯੋ ॥ (ਓਧਰੋਂ) ਬਾਹਰੋਂ ਤੁਰਕਾਂ ਨੇ ਹੱਲਾ ਬੋਲ ਦਿਤਾ ਹੈ।

ਇਤ ਤੇ ਸਿੱਖਨ ਮੁਹਰੋ ਲੀਯੋ॥ ਏਧਰੋਂ ਸਿੱਖਾਂ ਨੇ ਵੀ ਤੁਰਕਾਂ ਦਾ ਅੰਦਰ ਵੜਦਿਆਂ ਦਾ (ਮੁਹਰੋ ਲੀਯੋ) ਅੱਗਾ ਰੋਕਿਆ ਹੈ।

ਤੁਰਕ ਫੌਜ ਢੁਕ ਪਈ ਦਰਵਾਜਨ॥ ਤੁਰਕਾਂ ਦੀ ਫੌਜ ਕਿਲ੍ਹੇ ਦੇ ਦਰਵਾਜਿਆਂ ਕੋਲ ਆ ਅੱਪੜੀ ਹੈ, ਅੰਦਰ ਲੰਘਣ ਲੱਗੇ ਹਨ।

"ਮਾਰ ਮਾਰ" ਹੁਵਾਂ ਕਰਨ ਵਾਜਨ॥੧੩॥ ਤੁਰਕ ਉੱਥੇ ਇਕ ਦੂਜੇ ਨੂੰ ਮਾਰ ਲਉ ਮਾਰ ਲਉ ਦੀ ਅਵਾਜ ਦਿੰਦੇ ਹਨ, ਇਹ ਥੋੜੇ ਰਹਿ ਗਏ ਹਨ, ਹੁਣ ਇਹ ਛੱਡਣੇ ਨਹੀਂ ਹਨ। ਇਉਂ ਲਲਕਾਰੇ ਮਾਰਨ ਲੱਗੇ ਹਨ।੧੩।

"ਅਲੀ ਅਲੀ" ਉਤ ਤੁਰਕ ਪੁਕਾਰੈਂ॥ ਉਧਰੋਂ ਤੁਰਕ ਉੱਚੀ ਅਵਾਜ ਵਿੱਚ "ਯਾ ਅਲੀ ਯਾ ਅਲੀ" ਕਹਿੰਦੇ ਹਨ।

"ਗੁਰੂ ਗੁਰੂ" ਇਤ ਸਿੱਖ ਉਚਾਰੈਂ ॥ ਏਧਰ ਸਿਖ ਆਪਣੇ ਮੂੰਹੋਂ ਸਤਿਗੁਰੂ ਸਤਿਗੁਰੂ ਦਾ ਜਾਪ ਕਰਨ ਲੱਗੇ ਹਨ।

ਆ ਤੁਰਕਨ ਢੁਕ ਸ਼ਸਤ੍ਰ ਚਲਾਏ॥ ਤੁਰਕਾਂ ਨੇ ਨੇੜੇ ਆ ਕੇ ਸ਼ਸਤ੍ਰ ਚਲਾਉਣੇ ਸ਼ੁਰੂ ਕਰ ਦਿੱਤੇ ਹਨ।

ਸਿੱਖ ਰਹੇ ਖੜ੍ਹ ਉਸਹੀ ਥਾਂਏ ॥੧੪॥ ਸਿਖ ਉਸੇ ਹੀ ਥਾਂ ਤੇ ਖੜ੍ਹੇ ਰਹੇ ਹਨ, ਤੁਰਕ ਤਾਂ ਅੱਗਾ ਪਿੱਛਾ ਕਰਦੇ ਹਨ, ਉਹ ਹੱਲਾ ਕਰਦੇ ਹਨ, ਦੂਰੋਂ ਬੰਦੂਕਾਂ ਦੀ ਓਟ ਲੈਂਦੇ ਹਨ, ਸਿੱਖ ਤਾਂ ਜਿਥੇ ਜੰਮ ਗਏ ਸੁ ਜੰਮ ਗਏ।੧੪।

ਭਰੀ ਬੰਦੂਕ ਥੀ ਦਾਰੂ ਨਾਲ ॥ ਬੰਦੂਕਾਂ (ਦਾਰੂ) ਬਰੂਦ ਨਾਲ ਪਹਿਲਾਂ ਹੀ ਭਰੀਆਂ ਹੋਈਆਂ ਸਨ ਸਿੱਖਾਂ ਦੀਆਂ।

ਦੁਇ ਦੁਇ ਗੋਲੀ ਥੀ ਰੱਖੀ ਡਾਲ॥ ਦੋ ਦੋ ਗੋਲੀਆਂ ਬੰਦੂਕਾਂ ਵਿੱਚ ਪਾ ਕੇ ਰੱਖੀਆਂ ਹੋਈਆਂ ਸਨ।

ਕਹਜੋ ਸਿੰਘਨ ਅਬ ਦੇਹੁ ਦਗਾਇ ॥ ਜਦੋਂ ਤੁਰਕ ਫੌਜ ਸਿੰਘਾਂ ਦੇ ਨੇੜੇ ਢੁੱਕ ਪਈ ਸਿੰਘ ਕਹਿੰਦੇ ਦਾਗ ਦਿਉ ਹੁਣ ਕੀ ਲੋੜ ਹੈ, ਹੁਣ ਨਾ ਉਡੀਕੋ ਕਿਸੇ ਨੂੰ।

ਇਸ ਤੋਂ ਪਰੈ ਵਖਤ ਹੈ ਕਾਇ ॥੧੫॥ ਇਸ ਤੋਂ ਪਰੇ ਹੋਰ ਔਖਾ ਸਮਾਂ ਕਿਹੜਾ ਹੋਵੇਗਾ ਆਪਾਂ ਨੂੰ, ਹੁਣ ਐਡੀ ਭੀੜ ਹੈ ਹੁਣ ਚਲਾਉ ਬੰਦੂਕਾਂ। ੧੫।

ਧਰ ਕੰਧੇ ਸੋ ਦਈਂ ਦਗਾਇ॥ ਮੋਢੇ ਤੇ ਰੱਖਕੇ ਬੰਦੂਕਾਂ ਦਾਗ ਦਿੱਤੀਆਂ ਹਨ।

ਇਕ ਇਕ ਦੁਇ ਦੁਇ ਦਏ ਗਿਰਾਇ॥ ਬੰਦੂਕਾਂ ਵਿੱਚ ਜੋ ਚਾਰ ਚਾਰ ਗੋਲੀਆਂ ਪਾਈਆਂ ਹੋਈਆਂ ਸਨ, ਉਹਨਾਂ ਦੇ ਇੱਕ ਇੱਕ ਫਾਇਰ ਨਾਲ ਦੋ ਦੋ ਤੁਰਕ ਡਿੱਗੇ ਹਨ, ਉਹ ਤਾਂ ਆਉਂਦੇ ਹੀ ਸੁੱਟ ਦਿੱਤੇ ਹਨ ਘੋੜਿਆਂ ਤੋਂ ਦਰਵਾਜਿਆਂ ਵਿੱਚ।

ਇਕ ਕੋ ਬਰਮ ਦੁਇ ਤਨ ਬਰਮੇ॥ ਬੰਦੂਕਾਂ ਦੇ ਵਿੱਚ ਬਰੂਦ ਵੀ ਚੰਗਾ ਪਾਇਆ ਹੋਇਆ ਸੀ, ਗੋਲੀਆਂ ਇੱਕ ਸਰੀਰ ਵਿਚੋਂ ਲੰਘਕੇ ਦੂਜਿਆਂ ਸਰੀਰਾਂ ਵਿੱਚ ਦੀ ਲੰਘਦੀਆਂ ਸਨ।

ਹਾਡ ਤੋੜ ਸੋ ਲੰਘ ਗਈ ਚਰਮੇਂ॥੧੬॥ ਗੋਲੀਆਂ ਹੱਡਾਂ ਨੂੰ ਤੋੜ ਕੇ ਅਗਲੇ ਪਾਸੇ ਚੰਮ ਦੇ ਵਿੱਚ ਦੀ ਪਾਰ ਲੰਘ ਗਈਆਂ ਹਨ। ੧੬।

ਦੋਹਰਾ॥ ਮੁਹਰੇ ਆਏ ਕਰ ਹਲੋ, ਸੋ ਬਹੁ ਦਏ ਗਿਰਾਇ॥ ਜਿਹੜੇ ਤੁਰਕ ਮੂਹਰੇ ਲੱਗ ਕੇ ਆਏ ਸਨ ਲੁੱਟ ਦਾ ਮਾਲ ਲੈਣ ਵਾਸਤੇ, ਉਹ ਤਾਂ ਅੱਗੇ ਆਉਂਦੇ ਪਹਿਲਾਂ ਹੀ ਹੱਲਾ ਕਰਕੇ ਡੇਗ ਦਿੱਤੇ ਹਨ ਧਰਤੀ ਤੇ ਘੋੜਿਆਂ ਤੋਂ।

ਲੋਥਨ ਪਰ ਲੋਥੈਂ ਗਿਰੀਂ, ਘੋੜੇ ਤੁਰਤ ਸੰਕਾਇ ॥੧੭॥ ਲੋਥਾਂ ਤੇ ਲੋਥਾਂ ਚੜ੍ਹ ਗਈਆਂ ਹਨ, ਹੁਣ ਘੋੜੇ ਅੰਦਰ ਕਿਵੇਂ ਵੜਨ, ਘੋੜੇ ਵੀ ਤੁਰਨ ਵੇਲੇ ਸੰਕੋਚ ਕਰਦੇ ਹਨ। ੧੭।

ਇਸ ਘਮਸਾਨ ਦਾ ਹੋਰ ਹਾਲ-

ਦੋਹਰਾ॥ ਸਿੰਘ ਭੀ ਮਰਨੋਂ ਕਹਿ ਡਰੈਂ, ਟੋਲੈਂ ਨ ਦੂਸਰ ਸਾਥ॥ ਸਿੰਘ ਵੀ ਮਰਨੋਂ ਡਰਦੇ ਨਹੀਂ, ਟਲਦੇ ਨਹੀਂ, ਇੱਕ ਦੂਜੇ ਦਾ ਸਾਥ ਨਹੀਂ ਭਾਲਦੇ ਕਿ ਉਹ ਆਕੇ ਸਾਡੀ ਕੋਈ ਮਦਦ ਕਰੇਗਾ।

ਜਿੱਧਰ ਮੁਹਰੋ ਕਰ ਤੁਰੈਂ, ਮਾਰੈਂ ਉਸੈ ਸੁ ਹਾਥ ॥੧॥ ਸਿੰਘ ਜਿੱਧਰ ਨੂੰ (ਮੁਹਰੋ) ਅੱਗਾ ਕਰ ਕੇ ਤੁਰਦੇ ਹਨ, ਉਸਦੇ ਉੱਤੇ ਹੀ ਹੱਥ ਫੇਰ ਦਿੰਦੇ ਹਨ ਉਸ ਉਤੇ ਸ਼ਸਤ੍ਰ ਵਾਹ ਦਿੰਦੇ ਹਨ ਜਿਹੜਾ ਅੱਗੇ ਆ ਗਿਆ।੧।

ਚੌਪਈ॥ ਔਰ ਤਰਫ ਕੀ ਕਹੌਂ ਸੁ ਗੱਲ॥ ਹੁਣ ਮੈਂ ਹੋਰ ਪਾਸੇ ਦੀ ਗੱਲ ਕਹਿੰਦਾ ਹਾਂ ਜੰਗ ਦੀ।

ਤੁਰਕ ਗਏ ਥੇ ਜੋ ਉਤ ਵੱਲ॥ ਜੋ ਤੁਰਕ ਗੜ੍ਹੀ ਵਿੱਚ ਉਸ ਪਾਸੇ ਹੱਲਾ ਕਰਨ ਵਾਸਤੇ ਗਏ ਸਨ।

ਮੀਚ ਅਖੀਂ ਬਹੁ ਦੌੜੇ ਜਾਨ॥ ਉਹ ਸਾਰੇ ਅੱਖਾਂ ਮੀਟ ਕੇ ਦੌੜੇ ਜਾਂਦੇ ਹਨ, ਅੱਗੇ ਪਤਾ ਨਹੀਂ ਕੀ ਹਲਾਤ ਹੋ ਰਹੇ ਹਨ, ਕੀ ਪਤਾ ਅੰਦਰ ਕੀ ਵਾਪਰ ਰਿਹਾ ਹੈ, ਦਰਵਾਜੇ ਬੰਦ ਹੋ ਚੁੱਕੇ ਨੇ ਲੋਥਾਂ ਦੇ ਨਾਲ

ਹਲਵੋ ਅਗੈ ਪ੍ਰੋਸਜੋ ਖਾਨ ॥ ੨॥ ਇਉਂ ਜਾ ਰਹੇ ਹਨ ਜਿਵੇਂ ਹਲਵਾ ਪ੍ਰੋਸਿਆ ਹੈ ਅੱਗੇ, ਪ੍ਰਸ਼ਾਦ ਤਿਆਰ ਹੈ ਅੱਗੇ, ਜਾ ਕੇ ਛਕ ਹੀ ਲੈਣਾ ਹੈ । ੨।

ਕੰਧਾਂ ਹੁਤੀ ਸੋ ਤੋਪਨ ਢਾਹੀਂ॥ ਕਿਲ੍ਹੇ ਦੀਆਂ ਕੱਚੀਆਂ ਕੰਧਾਂ ਤੋਪਾਂ ਨੇ ਢਾਹ ਦਿੱਤੀਆਂ ਸਨ, ਉਨ੍ਹਾਂ ਵਿੱਚ ਤੋਪਾਂ ਦੇ ਗੋਲਿਆਂ ਨੇ ਵੱਡੇ ਵੱਡੇ ਮੋਰੇ ਕਰ ਦਿੱਤੇ ਸਨ।

ਦੀਨੇ ਬੀ ਥੇ ਬੁਰਜ ਗਿਰਾਈਂ॥ ਕਿਲ੍ਹੇ ਦੇ ਚਾਰੇ ਕੋਨਿਆਂ ਤੇ ਜੋ ਲੜਾਈ ਵਾਸਤੇ ਬੁਰਜ ਬਣਾਏ ਹੋਏ ਸਨ ਉਹ ਵੀ ਤੋਪਾਂ ਦੇ ਗੋਲਿਆਂ ਨਾਲ ਡੇਗ ਦਿੱਤੇ ਸਨ।

ਦੌੜ ਚੜ੍ਹਨ ਕੋ ਬਹੁ ਭਜੋ ਰਾਹੁ॥ ਦੂਰੋਂ ਭੱਜ ਕੇ ਚੜ੍ਹਨ ਵਾਸਤੇ ਬਹੁਤ ਸਾਰੇ ਰਸਤੇ ਬਣ ਚੁੱਕੇ ਸਨ।

ਔਰ ਪੌੜੀ ਬਹੁ ਦਈ ਧਰਾਇ ॥੩॥ ਜਿਥੋਂ ਦੀ ਤੋਪਾਂ ਦੇ ਗੋਲਿਆਂ ਨਾਲ ਰਾਹ ਬਣ ਗਿਆ ਹੈ ਕੰਧਾਂ ਵਿੱਚ, ਉਥੋਂ ਦੀ ਲੰਘਣ ਵਾਸਤੇ ਬਹੁਤ ਸਾਰੀਆਂ ਪਉੜੀਆਂ ਰਖਾ ਦਿੱਤੀਆਂ ਹਨ।੩।

ਇਮ ਕਰ ਕੁਛਕੁ ਸੁ ਅੰਦਰ ਵੜੇ ॥ ਇਸ ਤਰ੍ਹਾਂ ਕੁਛਕੁ ਬੰਦੇ ਅੰਦਰ ਵੜ ਗਏ ਹਨ ਕਿਲ੍ਹੇ ਦੇ, ਕਿਲ੍ਹੇ ਅੰਦਰ ਦਾਖਲ ਹੋ ਗਏ ਹਨ।

ਉਤ ਵਲੋਂ ਭਏ ਸਿਖ ਭੀ ਖੜੇ॥ ਉਸ ਪਾਸੇ ਵਲੋਂ ਸਿੱਖ ਵੀ ਅੰਦਰ ਜੰਗ ਕਰਨ ਵਾਸਤੇ ਖੜ੍ਹੇ ਹੋ ਗਏ ਹਨ ਅੱਗੋਂ।

ਕੋਊ ਕਹੈ "ਅਬ ਬੰਦੇ ਪੈ ਜਾਹੋ"॥ ਹੁਣ ਬੰਦਈ ਸਿੱਖ ਆਪਸ ਵਿਚ ਮਸ਼ਵਰਾ ਕਰਦੇ ਹਨ, ਕਿ ਹੁਣ ਬੰਦੇ ਬਹਾਦਰ ਦੇ ਕੋਲ ਜਾਉ, ਉਸਨੂੰ ਜਾ ਕੇ ਦੱਸੀਏ ਕਿ ਤੁਰਕ ਫੌਜ ਤਾਂ ਕਿਲ੍ਹੇ ਅੰਦਰ ਦਾਖਲ ਹੋ ਚੁੱਕੀ ਹੈ।

ਕੋਊ ਕਹੈ ਅਬ ਬੇਲਾ ਨਾਹੋ ॥੪॥ ਕਈ ਕਹਿੰਦੇ ਹਨ ਕਿ ਹੁਣ ਕੋਈ ਵੇਲਾ ਹੈ ਦੱਸਣ ਦਾ, ਹੁਣ ਲੜੀਏ ਕਿ ਅੰਦਰ ਬੰਦੇ ਬਹਾਦਰ ਨੂੰ ਦੱਸਣ ਜਾਈਏ, ਕਈ ਕਹਿੰਦੇ ਹਨ ਕਿ ਹੁਣ ਬੰਦੇ ਦੇ ਪਾਸ ਜਾਣ ਦਾ ਵੇਲਾ ਨਹੀਂ ਹੈ।੪।

ਅਬ ਨਠ ਮਰਨ ਬੰਦੈ ਢਿਗ ਜਾਈਐ॥ ਹੁਣ ਮਰਨ ਦੀ ਤਿਆਰੀ ਹੈ ਕਿ ਬੰਦੇ ਦੇ ਪਾਸ ਭੱਜ ਕੇ ਜਾਈਏ।

ਆਗੈ ਦੂਗਾਹੋਂ ਠੌਰ ਨ ਪਾਈਐ॥ ਕਹਿੰਦੇ ਜਦੋਂ ਮਾਲਕ ਤੇ ਵਖਤ ਪਿਆ ਹੋਵੇ ਸਿਪਾਹੀ ਦਾ ਫਰਜ਼ ਨਹੀਂ ਰਹਿ ਜਾਂਦਾ, ਜਦੋਂ ਗੁਰੂਆਂ ਤੇ ਮੁਸੀਬਤ ਆਵੇ ਉਦੋਂ ਸਿੱਖਾਂ ਦਾ ਫਰਜ਼ ਨਹੀਂ ਰਹਿ ਜਾਂਦਾ ਕਿ ਉਦੋਂ ਜਾ ਕੇ ਫਰਿਆਦਾਂ ਕਰਨ, ਉਦੋਂ ਤਾਂ ਲੜਨ ਮਰਨ ਦੀ ਗੱਲ ਹੈ, ਸਿੱਖਾਂ ਨੇ ਸਲਾਹ ਕੀਤੀ ਹੁਣ ਨਹੀਂ ਲੋੜ ਫਰਿਆਦਾਂ ਦੀ, ਹੁਣ ਤਾਂ ਮਰਨ ਦੀ ਥਾਂ ਹੈ ਅੱਗੇ ਹੋ ਹੋ ਕੇ ਸ਼ਹੀਦੀਆਂ ਪਾਈਏ ਨਹੀਂ ਤਾਂ ਦਰਗਾਹ ਵਿੱਚ ਥਾਂ ਨਹੀਂ ਮਿਲੇਗੀ।

ਅਬ ਲੜ ਮਰਨੋਂ ਵੇਲਾ ਆਹਿ ॥ ਹੁਣ ਤਾਂ ਲੜ ਕੇ ਮਰਨ ਦਾ ਵੇਲਾ ਹੈ।

ਕਰਨ ਫਰਯਾਦ ਨ ਵੇਲੋ ਯਾਹਿ॥੫॥ ਇਹ ਵੇਲਾ ਫਰਿਆਦ ਕਰਨ ਦਾ ਨਹੀਂ, ਇਹ ਸਮਾਂ ਤਾਂ ਲੜਨ ਦਾ ਹੁੰਦਾ ਹੈ।੫।

ਜਬ ਖਾਵਿੰਦ ਪਰ ਪਰੈ ਆ ਭਾਰ॥ ਜਦੋਂ (ਖਾਵਿੰਦ) ਮਾਲਕ ਤੇ ਭੀੜ ਬਣੇ ਆ ਕੇ।

ਨਹਿੰ ਮਰਦਨ ਕੀ ਫਰਜਾਦ ਤਬ ਕਾਰ॥ ਤਦੋਂ ਮਰਦਾਂ ਦਾ (ਕਾਰ) ਕੰਮ ਨਹੀਂ ਕਿ ਜਾ ਕੇ ਖਾਵਿੰਦ ਅੱਗੇ (ਫਰਜਾਦ) ਬੇਨਤੀਆਂ ਕਰਨ।

ਜੋ ਖਾਵਿੰਦ ਕੀ ਜਗ੍ਹਾ ਸੁ ਮਰੀਐ ॥ ਜੇ ਆਪਣੇ ਮਾਲਕ ਦੀ ਥਾਂ ਤੇ ਮਰੀਏ ਆਪ ਜਾ ਕੇ।

ਬਹੁਤ ਦਰਸ ਸੁਖ ਸੁਰਗਹਿ ਭਰੀਐ॥੬॥ ਫੇਰ ਸੁਰਗਾਂ ਦੇ ਦਰਸ਼ਨ ਅਤੇ ਸਵਰਗ ਦੇ ਸੁਖ ਮਾਣਾਂਗੇ।੬।

ਦੋਹਰਾ॥ ਅਬ ਲੜ ਮਰਨੋ ਕਾਮ ਹੈ, ਫਰਿਯਾਦ ਕਾਮ ਅਬ ਨਾਂਹਿ ॥ ਗੁਰਸਿਖੋ! ਹੁਣ ਤਾਂ ਲੜ ਕੇ ਮਰਨ ਦਾ ਕੰਮ ਹੈ, ਹੁਣ ਫਰਿਆਦਾਂ ਦਾ ਸਮਾਂ ਨਹੀਂ ਹੈ।

ਅਬ ਤੇ ਰਹੈ ਜੁ ਜੀਵਤੋ, ਫਿਰ ਫਰਿਆਦੈ ਜਾਹਿ ੭॥ ਹੁਣ ਜੇ ਸਾਡੇ ਵਿਚੋਂ ਕੋਈ ਜਿਉਂਦਾ ਰਹਿ ਗਿਆ ਤਾਂ ਫੇਰ ਬੰਦੇ ਬਹਾਦਰ ਅੱਗੇ ਫਰਿਆਦ ਕਰਨ ਚਲੇ ਜਾਣਾ ਹੁਣ ਨਹੀਂ ਸਮਾਂ ਫਰਿਆਦ ਦਾ।੭।

ਸਿੱਖਨ ਹਿੰਮਤ ਕਰ ਤਬੈ, ਵੜੇ ਸੁ ਲੀਨੇ ਮਾਰ ॥ ਤਦੋਂ ਸਿਖਾਂ ਨੇ ਹਿੰਮਤ ਕਰਕੇ ਜੋ ਤੁਰਕ ਕਿਲ੍ਹੇ ਅੰਦਰ ਦਾਖਲ ਹੋਏ ਸਨ, ਝਟ ਹੀ ਉਨ੍ਹਾਂ ਨੂੰ ਮਾਰ ਮੁਕਾਇਆ ਹੈ।

ਹੋਰ ਹੋਰ ਜੋਊ ਚੜ੍ਹੈ, ਤਿਨ ਕੋ ਸੁਨੋਂ ਹਵਾਰ ॥੮॥ ਪਿੱਛੇ ਤੋਂ ਜੋ ਹੋਰ ਤੁਰਕ ਕੰਧਾਂ ਤੋਂ ਦੀ ਚੜ੍ਹ ਕੇ ਆਉਂਦੇ ਹਨ ਉਨ੍ਹਾਂ ਦਾ ਹਾਲ ਸੁਣੋ।੮।

ਚੌਪਈ॥ ਧਰ ਪੌੜੀ ਕੰਧਨ ਹਥ ਪਾਏ॥ ਕਿਲ੍ਹੇ ਨਾਲ ਪੌੜੀਆਂ ਰੱਖ ਕੇ ਤੁਰਕਾਂ ਨੇ ਜਦੋਂ ਕਿਲ੍ਹੇ ਦੀਆਂ ਕੰਧਾਂ ਨੂੰ ਹੱਥ ਪਾਇਆ ਉੱਤੇ ਚੜ੍ਹਨ ਵਾਸਤੇ।

ਅਗਜੋਂ ਉਨ ਦਏ ਹੱਥ ਕਟਾਏ॥ ਅੱਗੋਂ ਸਿੰਘਾਂ ਨੇ ਤਲਵਾਰਾਂ ਮਾਰ ਕੇ ਹੱਥ ਵੱਢ ਦਿੱਤੇ, ਬਹੁਤ ਸਾਰੇ ਤੁਰਕ ਜਿਹੜੇ ਪੌੜੀਆਂ

ਤੇ ਚੜ੍ਹ ਰਹੇ ਸਨ।

ਉਪਰੋਂ ਗਿਰ ਗਿਰ ਭੂਮਹਿ ਪੜੇ ॥ ਜਿਸਦਾ ਹੱਥ ਵੱਢਿਆ ਗਿਆ, ਉਹ ਧੜੰਮ ਦੇ ਕੇ ਧਰਤੀ ਤੇ ਆ ਡਿਗਿਆ ਹੈ, ਉਪਰੋਂ ਡਿੱਗ ਡਿੱਗ ਕੇ ਧਰਤੀ ਤੇ ਧੜੰਮ ਪੈਂਦੇ ਹਨ।

ਉਨ ਕੀ ਸੁਨੋ ਜੁ ਬਾਹਰ ਖੜੇ॥੯॥ ਹੁਣ ਉਨ੍ਹਾਂ ਦੀ ਗੱਲ ਸੁਣੋ ਜੋ ਤੁਰਕ ਕਿਲ੍ਹੇ ਤੋਂ ਬਾਹਰ ਖੜ੍ਹੇ ਹਨ, ਜਿਨ੍ਹਾਂ ਨੂੰ ਪਤਾ ਨਹੀਂ ਹੈ ਅੰਦਰ ਕੀ ਹੋ ਰਿਹਾ ਹੈ, ਅੱਗੇ ਮਰ ਰਹੇ ਹਨ ਜਾਂ ਬਚ ਰਹੇ ਨੇ, ਜਾਂ ਲੁੱਟ ਪੈ ਰਹੀ ਹੈ ਅੱਗੇ. ਉਹਨਾਂ ਨੂੰ ਤਾਂ ਇਉਂ ਹੈ ਕਿ ਅੱਗੇ ਜਿਹੜੇ ਵੜ ਗਏ ਨੇ ਉਹ ਲੁੱਟੀ ਜਾ ਰਹੇ ਨੇ। ੯।

ਕਰ ਕਰ ਤੁੰਮਨ ਦ੍ਵਾਜਨ ਆਏ॥ ਉਹ ਵੱਡੇ (ਤੁੰਮਨ) ਜੱਥੇ ਬੰਨ੍ਹ ਬੰਨ੍ਹ ਕੇ ਦਰਵਾਜ਼ਿਆਂ ਵੱਲ ਜਾਂਦੇ ਨੇ ਕਿ ਏਧਰ ਦੀ ਲੰਘੀਏ।

ਦੌੜ ਮੁੜੇ ਕਛ ਅਗਜੋਂ ਸੰਕਾਏ ॥ ਜਦੋਂ ਅਗੇ ਗਏ, ਉੱਥੇ ਸਣੇ ਘੋੜਿਆਂ ਦੇ ਲੋਥਾਂ ਦੇ ਢੇਰ ਲੱਗੇ ਪਏ ਹਨ, ਵਿੱਚੇ ਹੀ ਸਿਪਾਹੀਆਂ ਦੀ ਹਾਏ ਹਾਏ ਹੋ ਰਹੀ ਹੈ, ਮਰ ਰਹੇ ਨੇ, ਤਾਂ ਅੱਗੋਂ ਸੰਗ ਆ ਗਈ, ਓਹ! ਅਗਲੇ ਤਾਂ ਢੇਰ ਹੋਏ ਹਨ, ਆਪਾਂ ਅੱਖਾਂ ਮੀਟੀ ਤੁਰੇ ਆਉਂਦੇ ਹਾਂ ਹੱਲਾ ਬੋਲਣ ਲਈ, ਲੰਘਣ ਕਿਥੋਂ ਦੀ, ਹੁਣ ਰਾਹ ਬੰਦ ਹੋ ਗਏ, ਚਾਰ ਚੁਫੇਰੇ।

ਅਗਜੋਂ ਗੋਲੀ ਛੁਟਤ ਬੰਦੂਕਤਿ ॥ ਜਦੋਂ ਦਰਵਾਜੇ ਬੰਦ ਹੋ ਗਏ ਤਾਂ ਜਿਹੜੇ ਬੰਦੂਕਾਂ ਵਾਲੇ ਨੇ ਉਨ੍ਹਾਂ ਵਾਸਤੇ ਮੋਰਚੇ ਬਣ ਗਏ ਨੇ, ਅੰਦਰੋਂ ਗੋਲੀਆਂ ਸ਼ੂਕਦੀਆਂ ਆਉਂਦੀਆਂ ਹਨ ।

ਤੀਰ ਕਮਾਨੋਂ ਜਾਵੈ ਸ਼ੂੰਕਤ ॥੧੦॥ ਜੋ ਕਮਾਨਚੀ ਹਨ ਉਹ ਤੀਰ ਛੱਡਦੇ ਹਨ ਖਿੱਚ ਖਿੱਚ ਕੇ, ਛੂੰ ਕਰਦਾ ਤੀਰ ਜਾਂਦਾ ਅੰਦਰੋਂ। ੧੦।

ਸ਼ਮਸ਼ੇਰ ਨੰਗੀ ਫੜ ਥੇ ਕੋਊ ਖੜੇ॥ ਕੋਈ ਤਲਵਾਰਾਂ ਨੰਗੀਆਂ ਲਈ ਖੜੇ ਸਨ ਕਿ ਜਿਹੜਾ ਅੱਗੇ ਟੱਪਿਆ ਉਸਦਾ ਏਥੇ ਢੇਰ ਕਰਾਂਗੇ।

ਦੋਊ ਤਰਫ ਕੇ ਮੱਥੇ ਅੜੇ ॥ ਦੋਹਾਂ ਤਰਫਾਂ ਦੇ ਮੱਥੇ ਅੜ ਗਏ ਹਨ ਸਿੰਘਾਂ ਤੇ ਤੁਰਕਾਂ ਦੇ, ਇਉਂ ਆਹਮੋ ਸਾਹਮਣੇ ਭੇੜ ਹੋ ਰਿਹਾ ਹੈ।

ਦੋਊ ਤਰਫ ਤੇ ਸ਼ਲਕੈਂ ਚਲੀ ॥ ਦੋਹਾਂ ਪਾਸਿਆਂ ਤੋਂ ਬੰਦੂਕਾਂ ਦੇ (ਸ਼ਲਕੈਂ) ਰਾਬੇ, ਬੰਦੂਕਾਂ ਦਾ ਇਕੱਠਾ ਫਾਇਰ ਖੁਲ੍ਹਿਆ ਹੈ।

ਮੁਹਰੈ ਦੋਇ ਦੋਇ ਲੇਵੈਂ ਰਲੀ ॥੧੧॥ (ਮੁਹਰੈ) ਅੱਗਿਓਂ ਲੋਥਾਂ ਨੂੰ ਢੋਅ ਢੋਅ ਕੇ ਪਿੱਛੇ ਤੋਂ ਹੋਰ ਆ ਰਲਦੇ ਹਨ, ਉਨ੍ਹਾਂ ਨੂੰ ਵੀ ਮਾਰ ਲੈਂਦੇ ਹਨ। ੧੧।

ਧੂੰਓ ਧੂਰ ਊਹਾਂ ਮਿਲਿ ਰਹਜੋ ॥ ਧੂੰਆਂ ਤੇ ਧੂੜ, ਉਧਰੋਂ ਗਰਦਾ ਉਡਦਾ ਹੈ ਜਦੋਂ ਭਜਦੇ ਨੇ ਜੁਆਨ, ਅਤੇ ਬੰਦੂਕਾਂ ਛੁਟਦੀਆਂ ਨੇ, ਧੂੰਆਂ ਧਾਰ ਹੋ ਜਾਂਦਾ ਹੈ, ਇਉਂ ਰਲ ਗਿਆ ਹੈ ਦੋਹਾਂ ਤਰਫਾਂ ਤੋਂ।

ਅਪਨ ਪਰਾਯੋ ਸਮਝ ਨ ਭਯੋ ॥ ਆਪਣਾ ਕਿਹੜਾ ਤੇ ਪਰਾਇਆ ਕਿਹੜਾ ਹੈ, ਕੋਈ ਪਤਾ ਨਹੀਂ ਲਗਦਾ ਹੈ, ਕੀਹਦੇ ਵਜਦੀ ਹੈ? ਕੀਹਦੇ ਨਹੀਂ ਵੱਜਦੀ, ਅੱਖਾਂ ਮੀਟ ਕੇ ਛੱਡੀ ਆਉਂਦੇ ਨੇ।

ਦੋਊ ਤਰਫ ਤੈ ਇਕ ਤਰਫ ਭਈ ॥ ਹੁਣ ਦੋਹਾਂ ਪਾਸਿਆਂ ਤੋਂ ਇਕ ਪਾਸਾ ਹੋ ਗਿਆ ਹੈ, ਭਾਵ ਸਿੰਘ ਤੇ ਤੁਰਕ ਰਲ ਗਏ ਹਨ, ਪਤਾ ਨਹੀਂ ਲਗਦਾ ਕਿਹੜਾ ਸਿੰਘ ਤੇ ਕਿਹੜਾ ਤੁਰਕ ਹੈ, ਇਉਂ ਤਲਵਾਰ ਚਲ ਪਈ ਹੈ।

ਊਹਾਂ ਪਛਾਣ ਨ ਕਿਸਕੀ ਰਹੀ ॥੧੨॥ ਉਥੇ ਉਧਰੋਂ ਉਧਰੀ ਕਿਸੇ ਦੀ ਪਛਾਣ ਨਹੀਂ ਰਹੀ ਹੈ। ੧੨।

ਦੋਹਰਾ॥ ਪਿਛਲੇ ਅਗਲਨ ਕੋ ਮਰੈਂ, ਕਰੈ ਨ ਕੋਇ ਪਛਾਣ ॥ ਪਿੱਛੇ ਵਾਲਾ ਜਾਂ ਅੱਗੇ ਵਾਲਾ ਕੌਣ ਮਰਦਾ ਹੈ, ਕੋਈ ਕਿਸੇ ਦੀ ਪਛਾਣ ਨਹੀਂ ਕਰਦਾ ਹੈ ਕਿਉਂਕਿ ਧੂੰਏ ਤੇ ਗਰਦ ਵਿੱਚ ਚੰਗੀ ਤਰ੍ਹਾਂ ਦਿਸਦਾ ਤਾਂ ਹੈ ਨਹੀਂ ਹੈ, ਕਿ ਕੌਣ ਹੈ ਕੌਣ ਨਹੀਂ, ਇਉਂ ਆਪਸ ਵਿਚੀਂ ਤੁਰਕ ਲੜ ਕੇ ਮਰੀ ਜਾਂਦੇ ਨੇ।

ਭਾਈਅਨ ਕੋ ਮਾਰੈਂ ਭਾਈ, ਮਚ ਗਜੋ ਯੌਂ ਘਮਸਾਣ ॥੧੩॥ ਭਰਾਵਾਂ ਨੂੰ ਭਰਾ ਮਾਰੀ ਤੁਰੇ ਜਾਂਦੇ ਨੇ, ਇਉਂ ਤੁਰਕਾਂ ਦਾ ਆਪਸ ਵਿੱਚੀਂ ਬੜਾ ਭਾਰੀ ਯੁੱਧ ਮੱਚ ਗਿਆ ਹੈ। ੧੩।

ਚੌਪਈ॥ ਲੋਥਨ ਪੈ ਇਮ ਲੋਥਿੰਹ ਪਈ॥ ਜੰਗ ਦਾ ਨਜ਼ਾਰਾ ਦਸਦੇ ਹਨ, ਕਿ ਲੋਥਾਂ ਦੇ ਉੱਤੇ ਲੋਥਾਂ ਚੜ੍ਹੀਆਂ ਪਈਆਂ ਹਨ, ਇਉਂ ਲੋਥਾਂ ਦੇ ਢੇਰ ਲਗ ਗਏ ਹਨ।

ਜਨ ਕਿਨ ਕੰਧ ਉਸਾਰਨ ਠਈ ॥ ਜਾਣੋ ਕਿਸੇ ਨੇ ਨਵੀਂ ਕੰਧ ਉਸਾਰ ਦਿੱਤੀ ਹੈ।

ਜਨ ਕੋਈ ਬਨੀਆਂ ਉਤਰਜੋ ਆਇ॥ ਇਉਂ ਪ੍ਰਤੀਤ ਹੁੰਦਾ ਹੈ ਜਾਣੋ ਕੋਈ ਬਾਣੀਆਂ ਸੁਦਾਗਰ ਆ ਕੇ ਉਤਰਿਆ ਹੋਇਆ ਹੈ।

ਬੋਰਨ ਪੈ ਦਈ ਬੋਰਿ ਟਿਕਾਇ ॥੧੪॥ ਜਿਵੇਂ ਬੋਰਿਆਂ ਤੇ ਬੋਰੇ ਟਿਕਾਏ ਹੁੰਦੇ ਹਨ, ਇਉਂ ਲੋਥਾਂ ਦੀਆਂ ਲਾਈਨਾਂ ਲੱਗੀਆਂ ਹੋਈਆਂ ਹਨ। ੧੪।

ਘੋੜਨ ਪੈ ਗਿਰ ਘੋੜੇ ਪਏ॥ ਘੋੜਿਆਂ ਤੇ ਘੋੜੇ ਡਿੱਗੇ ਪਏ ਹਨ।

ਜਨ ਬਾਢੀਅਨ ਬਢ ਬਿਰਛ ਗਿਰਏ॥ ਜਾਣੋ (ਬਾਢੀਅਨ) ਤਰਖਾਣਾਂ ਨੇ ਵੱਡੇ ਵੱਡੇ ਬਿਰਛ ਵੱਢ ਕੇ ਸੁੱਟੇ ਹਨ।

ਸੀਸ ਗਿਰੇ ਉਸ ਖੇਤਨ ਮਾਂਹਿ ॥ ਉਸ (ਖੇਤਨ) ਜੰਗ ਦੇ ਮੈਦਾਨ ਵਿੱਚ ਸੂਰਮਿਆਂ ਦੇ ਸਿਰ ਇਉਂ ਡਿਗੇ ਪਏ ਹਨ।

ਜਨ ਤਰਬੂਜ ਖੇਤ ਥੇ ਵਾਹਿ ॥੧੫॥ ਜਾਣੋਂ (ਤਰਬੂਜ) ਮਤੀਰਿਆਂ ਦੇ ਖੇਤ ਸਨ ਉਹ। ਜਿਵੇਂ ਖੇਤ ਵਿੱਚ ਮਤੀਰੇ ਪਏ ਹੁੰਦੇ ਹਨ। ੧੫।

ਲਹੂਅਨ ਕੇ ਤਹਿੰ ਵਗ ਗਏ ਖਾਲ ॥ ਜੋ ਸੂਰਮਿਆਂ ਦੇ ਸਰੀਰਾਂ ਵਿੱਚ ਖੂਨ ਨਿਕਲਦਾ ਹੈ, ਉਸ ਖੂਨ ਨਾਲ ਖਾਲ ਵਗ ਤੁਰੇ ਹਨ।

ਜਨ ਸੀਂਚਤ ਤਹਿੰ ਬਾਗੇ ਵਾਲ ॥ ਜਾਣੋ ਕੋਈ ਬਾਗ ਵਾਲਾ ਆਪਣੇ ਬਾਗ ਨੂੰ ਸਿੰਜ ਰਿਹਾ ਹੈ; ਖਾਲ ਰਾਹੀਂ ਆਪਣੇ ਬਾਗ ਨੂੰ ਖੂਨ ਰੂਪੀ ਪਾਣੀ ਲਾ ਰਹੇ ਹਨ।

ਰਕਤੋ ਪਿਰਥੀ ਲਾਲ ਸੁ ਲਾਗੀ॥ ਸੂਰਮਿਆਂ ਦੇ (ਰਕਤ) ਖੂਨ ਨਾਲ (ਪਿਰਥੀ) ਧਰਤੀ ਲਾਲੋ ਲਾਲ ਹੋ ਚੁੱਕੀ ਹੈ।

ਜਨ ਗੁਲਾਲ ਥੋ ਯੇ ਸਭ ਬਾਗੈ॥੧੬॥ ਜਾਣੋਂ ਗੁਲਾਲ ਦੇ ਨਾਲ (ਬਾਗੈ) ਬਾਣੇ ਲਾਲੋ ਲਾਲ ਹੋਏ ਪਏ ਹਨ। ੧੬।

ਲੋਥਨ ਸੋਂ ਮੂੰਦ ਗਏ ਦਰਵਾਜੇ॥ ਘੋੜਿਆਂ ਤੇ ਬੰਦਿਆਂ ਦੀਆਂ ਲੋਥਾਂ ਨਾਲ ਦਰਵਾਜੇ ਬੰਦ ਹੋ ਚੁੱਕੇ ਨੇ।

ਤਖਤੇ ਲਾਲ ਨਏ ਜਨ ਸਾਜੇ ॥ ਜਾਣੋਂ ਦਰਵਾਜਿਆਂ ਤੇ ਲਾਲ ਰੰਗ ਦੇ ਤਖਤੇ ਨਵੇਂ ਹੀ ਚੜ੍ਹਾਏ ਹਨ; ਸੂਰਮਿਆਂ ਦੇ ਲਹੂ ਨਾਲ ਕਿਲ੍ਹੇ ਨੂੰ ਲੱਗੇ ਤਖਤੇ ਲਾਲ ਰੰਗ ਦੇ ਹੋ ਗਏ ਹਨ।

ਜਿਤ ਵਲ ਤੁਰਕ ਸੁ ਵੜਿਓ ਲੋੜਨ ॥ ਜਿਹੜੇ ਪਾਸੇ ਦੀ ਤੁਰਕ ਕਿਲ੍ਹੇ ਵਿੱਚ ਜਾਣਾ ਚਾਹੁੰਦੇ ਹਨ।

ਤਿਤ ਵਲ ਸਿਖ ਆਇ ਹਥ ਮੋੜਨ॥੧੭॥ ਉਸ ਪਾਸੇ ਵੱਲੋਂ ਸਿੱਖ ਅੱਗੋਂ ਹੱਲਾ ਕਰਕੇ ਉਨ੍ ਨੂੰ ਪਿੱਛੇ ਮੋੜਦੇ ਨੇ। ੧੭।

ਦੋਹਰਾ॥ ਦੂਰੋਂ ਆਵੈਂ ਕਰ ਹੱਲਾ, ਸਿੰਘ ਨੇੜਜੋਂ ਦੇਹਿੰ ਗਿਰਾਇ ॥ ਤੁਰਕ ਦੂਰੋਂ ਸਿਖਾਂ ਤੇ ਹੱਲਾ ਕਰ ਕੇ ਆਉਂਦੇ ਹਨ, ਸਿਖ ਉਨ੍ਹਾਂ ਨੂੰ ਨੇੜੇ ਆਉਂਦਿਆਂ ਨੂੰ ਹੀ ਸੁੱਟ ਦਿੰਦੇ ਹਨ।

ਸਿੰਘ ਸੁ ਆਗੈ ਹੁਇ ਮਰੈ, ਤੁਰਕ ਮਰੈਂ ਪਿਛਾਹਾਂ ਜਾਇ ॥੧੮॥ ਸਿੱਖ ਤਾਂ ਅੱਗੇ ਹੋ ਹੋ ਕੇ ਹੱਲਾ ਕਰਕੇ ਲੜਕੇ ਸ਼ਹੀਦ ਹੁੰਦੇ ਹਨ, ਤੁਰਕ ਪਿਛਾਂਹ ਨੂੰ ਭੱਜ ਕੇ ਮਰਦੇ ਹਨ। ੧੮।

ਚੌਪਈ॥ ਸਿੱਖਨ ਕੋ ਥੋ ਮਰਨੇ ਚਾਉ ॥ ਸਿਖਾਂ ਨੂੰ ਲੜਕੇ ਮਰਨ ਦੀ ਖੁਸ਼ੀ ਸੀ।

ਸਿੱਖਨ ਲੱਭਜੋ ਤਬ ਸੋ ਦਾਉ ॥ ਤਦ ਸਿੱਖਾਂ ਨੇ ਉਹੀ ਦਾਉ ਲੱਭਿਆ ਹੈ।

ਸਿੱਖਨ ਨੇ ਥੀ ਜਾਨ ਬਿਸਾਰੀ ॥ ਸਿੱਖਾਂ ਨੇ ਜੰਗ ਯੁੱਧ ਵਿੱਚ ਆਪਣੀ ਜਿੰਦ ਜਾਨ ਤੱਕ ਭੁਲਾ ਦਿੱਤੀ ਭਾਵ ਆਪਣੀ ਜਾਨ

ਤੱਕ ਦੀ ਪ੍ਰਵਾਹ ਨਹੀਂ ਕੀਤੀ।

ਕਰੈਂ ਸਿਖ ਸ਼ਹੀਦਨ ਸਿਉਂ ਤਜਾਰੀ॥ ੧੯ ॥ ਸਿਖਾਂ ਨੇ ਹੁਣ ਏਧਰੋਂ ਤਾਂ ਸਭ ਆਸਾਂ ਮੁਕਾ ਦਿੱਤੀਆਂ ਹਨ, ਅਤੇ ਸ਼ਹੀਦਾਂ ਨਾਲ ਜਾਣ ਦੀਆਂ ਤਿਆਰੀਆਂ ਕਰ ਲਈਆਂ ਹਨ। ੧੯।

ਸਰੀਰ ਚੀਰ ਕੀ ਪੀਰ ਨ ਜਾਣੈਂ॥ ਸਿਖਾਂ ਦੇ ਸਰੀਰ ਉੱਤੇ ਸ਼ਸਤ੍ਰਾਂ ਦੇ ਜੋ (ਚੀਰ) ਚੀਰੇ, ਜ਼ਖਮ ਆਏ ਹੋਏ ਹਨ, ਉਹਦੀ (ਪੀਰ) ਪੀੜ, ਦੁਖ ਨੂੰ ਨਹੀਂ ਜਾਣਦੇ ਸਿੰਘ ਸੂਰਮੇ।

ਮਾਰੈਂ ਸ਼ਸਤ੍ਰ ਮਰਨ ਮਨ ਮਾਣੈਂ॥ ਆਪਣੇ ਮਨ ਵਿੱਚ ਮਰਨਾ ਮੰਨ ਕੇ ਸਿੱਖ ਸ਼ਸਤ੍ਰ ਵਾਹੁੰਦੇ ਹਨ।

ਤੁਰਕ ਆਏ ਥੇ ਲੁਟਣ ਮਾਲ ॥ ਤੁਰਕ ਤਾਂ ਸਿਖਾਂ ਪਾਸੋਂ ਉਨ੍ਹਾਂ ਦਾ ਮਾਲ ਅਸਬਾਬ ਲੁੱਟਣ ਵਾਸਤੇ ਆਏ ਸਨ।

ਐਸੋ ਭਯੋ ਉਨੈ ਕੋ ਹਵਾਲ ॥੨੦॥ ਲੁੱਟਣ ਆਏ ਤੁਰਕਾਂ ਦਾ ਅੱਗੋਂ ਐਸਾ ਹਾਲ ਹੋਇਆ ਸਿੰਘਾਂ ਹੱਥੋਂ। ੨੦।

ਜਿਤ ਵਲ ਤੱਕੈਂ ਸਿਖ ਉਤ ਵਲ ਖੜੇ ॥ ਤੁਰਕ ਜਿਸ ਪਾਸੇ ਵੱਲ ਨੂੰ ਦੇਖਦੇ ਹਨ ਉੱਧਰ ਹੀ ਉਨ੍ਹਾਂ ਨੂੰ ਸਿੱਖ ਖੜੇ ਨਜ਼ਰ ਆਉਂਦੇ ਹਨ।

ਦਸ ਪੰਜਨ ਸਿਉਂ ਇਕ ਸਿਖ ਲੜੇ॥ ਦਸਾਂ ਦਸਾਂ, ਪੰਜਾਂ ਪੰਜਾਂ ਤੁਰਕਾਂ ਨਾਲ ਇੱਕ ਇੱਕ ਸਿੱਖ ਲੜ ਰਿਹਾ ਹੈ।

ਟਪ ਟਪ ਸਿਖ ਕੰਧਨ ਤੇ ਪਾਵੈਂ॥ ਸਿੱਖ ਕਿਲ੍ਹੇ ਦੀਆਂ ਕੰਧਾਂ ਟੱਪ ਟੱਪ ਕੇ ਤੁਰਕਾਂ ਦੇ ਗਲ ਜਾ ਪੈਂਦੇ ਹਨ।

ਤੁਰਕਨ ਮਾਰੈਂ ਪਿਛੈ ਨ ਆਵੈਂ ॥੨੧॥ ਤੁਰਕਾਂ ਨੂੰ ਮਾਰਦੇ ਹੋਏ ਪਿੱਛੇ ਨਹੀਂ ਹਟਦੇ, ਉੱਥੇ ਹੀ ਡਟੇ ਰਹਿੰਦੇ ਨੇ। ੨੧।

ਤੁਰਕ ਬਚਜੋ ਸੋਊ ਮੁੜ ਪਯੋ ॥ ਜਿਹੜਾ ਕੋਈ ਤੁਰਕ ਸਿੰਘਾਂ ਕੋਲੋਂ ਬਚ ਗਿਆ ਹੈ, ਉਹੀ ਭੱਜ ਕੇ ਪਿਛਾਂਹ ਨੂੰ ਮੁੜ ਪਿਆ ਹੈ।

ਐਸਾ ਜੁੱਧ ਊਹਾਂ ਕੁਛ ਭਯੋ॥ ਉੱਥੇ ਐਸਾ ਘਮਸਾਨ ਦਾ ਜੁੱਧ ਹੋਇਆ ਹੈ।

ਲੋਥਨ ਊਪਰ ਲੋਥ ਸੁ ਪਰੀ॥ ਲੋਥਾਂ ਦੇ ਉੱਤੇ ਲੋਥਾਂ ਚੜ੍ਹੀਆਂ ਪਈਆਂ ਹਨ।

ਗੋਣਨ ਪਰ ਜਨ ਗੋਣ ਸੁ ਧਰੀ ॥੨੨॥ ਗੋਣਾਂ ਤੇ ਗੋਣਾਂ ਜਿਵੇਂ ਢੇਰ ਲਾਉਂਦੇ ਨੇ ਸੁਦਾਗਰ, ਇਉਂ ਪਈਆਂ ਨੇ। ੨੨।

ਦੋਹਰਾ॥ ਤੁਰਕਨ ਲਾਗੀ ਜਖਮ ਇਕ, ਮੁੜ ਡੇਰਨ ਨੱਠੈਂ ਚਾਰ॥ ਜੇ ਇੱਕ ਤੁਰਕ ਨੂੰ ਜ਼ਖਮ ਲੱਗਦਾ ਹੈ ਤੇ ਚਾਰ ਹੋਰ ਉਸਨੂੰ ਚੁੱਕ ਕੇ ਭੱਜਦੇ ਹਨ ਬਹਾਨਾ ਬਣਾ ਕੇ।

ਕੋ ਚੱਕੈ ਬੰਧੈ ਕੋਊ, ਦੁਇ ਇਮ ਹੀ ਤੁਰੈਂ ਹੁਇ ਨਾਰ ॥੨੩॥ ਕੋਈ ਤਾਂ ਚੁੱਕਦਾ ਹੈ ਕੋਈ ਜ਼ਖਮ ਤੇ ਪੱਟੀ ਬੰਨ੍ਹਦਾ ਜਾਂਦਾ, ਦੋ ਹੋਰ ਐਵੇਂ ਹੀ ਨਾਲ ਤੁਰ ਪੈਂਦੇ ਹਨ। ੨੩।

ਚੌਪਈ॥ ਥਕ ਥਕ ਤੁਰਕ ਪਿਛੈ ਮੁੜ ਪਏ॥ ਇਉਂ ਥੱਕ ਕੇ ਤੁਰਕ ਪਿੱਛੇ ਨੂੰ ਵਾਪਸ ਮੁੜ ਪਏ ਹਨ।

ਅਗਜੋਂ ਸਿਖਨ ਦੰਦ ਖੱਟੇ ਕਏ। ਅੱਗੋਂ ਸਿਖਾਂ ਨੇ ਤੁਰਕਾਂ ਦੇ ਆਉਂਦਿਆਂ ਦੇ ਦੰਦ ਖੱਟੇ ਕਰ ਦਿੱਤੇ ਹਨ ਭਾਵ ਜੰਗ ਤੋਂ ਤੋਬਾ ਕਰਵਾ ਦਿੱਤੀ ਹੈ।

ਤੁਰਕ ਮੰਨੀ ਤਬ ਅੱਧੀ ਹਾਰ॥ ਤੁਰਕਾਂ ਨੇ ਦੇਖ ਲਿਆ ਕਿ ਹੁਣ ਅੱਧੀ ਹਾਰ ਤਾਂ ਹੋ ਗਈ ਹੈ, ਭਾਵੇਂ ਉਹ ਜੇਤੂ ਸਨ, ਪਰ ਫੇਰ ਵੀ ਅੱਧੀ ਹਾਰ ਮੰਨ ਗਏ ਹਨ।

ਤਬੈ ਨਿਬਾਬੈ ਕਰੀ ਬਿਚਾਰ ॥੨੪॥ ਤਦ ਨਬਾਬ ਨੇ ਵਿਚਾਰ ਕੀਤੀ ਹੈ ਮਨ ਦੇ ਵਿੱਚ। ੨੪।

ਕਾਹੇ ਲੀਜੈ ਮਰਵਾਇ ਸਿਪਾਹਿ॥ ਓਏ ਕੀ ਲੋੜ ਹੈ? ਸਿਪਾਹੀਆਂ ਨੂੰ ਹੁਕਮ ਦੇ ਦੇ ਕੇ ਅੱਗੇ ਮਰਾਈ ਜਾਂਦੇ ਹੋ, ਉਹ ਲਾਹ ਲਾਹ ਕੇ ਧਰੀ ਜਾਂਦੇ ਹਨ ਪਿਛੇ ਨਹੀਂ ਹਟਦੇ।

ਕਰ ਭੂਖਾ ਇਸ ਲਈਐ ਹਰਾਇ॥ ਪਿਛਾਂਹ ਹਟ ਜਾਉ ਸਾਰੇ, ਇਨ੍ਹਾਂ ਨੂੰ ਅਜੇ ਹੋਰ ਭੁੱਖਾ ਰੱਖ ਕੇ ਹਰਾ ਲਵਾਂਗੇ।

ਨਹੀਂ ਅੰਨ ਨੀਰੋ ਇਸ ਕੋਲ ॥ ਇਨ੍ਹਾਂ ਦੇ ਕੋਲ ਅੰਨ ਵੀ ਨਹੀਂ ਹੈ ਅਤੇ ਘੋੜਿਆਂ ਵਾਸਤੇ (ਨੀਰੋ) ਘਾਹ ਪੱਠਾ ਵੀ ਨਹੀਂ

ਹੈ, (ਨੀਰੋ) ਨੀਰ, ਪਾਣੀ ਵੀ ਨਹੀਂ ਹੈ ਇਨ੍ਹਾਂ ਦੇ ਕੋਲ।

ਮਿਲੁਗੁ ਆਪ ਭੂਖੋ ਕਰ ਬੋਲ ॥੨੫॥ ਜਦੋਂ ਭੁੱਖਾ ਮਰਨ ਲੱਗਾ ਆਪੇ (ਬੋਲ) ਅਵਾਜ਼ ਦੇ ਕੇ ਕਹੇਗਾ ਕਿ ਆ ਜਾਉ ਮੈਨੂੰ ਫੜ ਲਉ। ੨੫।

ਤੌ ਤੁਰਕ ਲਾਗੇ ਕਰਨ ਤਕੜਾਈ ॥ ਤਾਂ ਤੁਰਕਾਂ ਨੇ ਤਕੜਾਈ ਕਰਨੀ ਸ਼ੁਰੂ ਕਰ ਦਿੱਤੀ ਕਿ ਕਿਤੇ ਨਿਕਲ ਨਾ ਜਾਂਦੇ ਹੋਣ, ਭੱਜ ਨਾ ਜਾਣ ਬਾਹਰਲੇ ਮੋਰਚੇ ਤਕੜੇ ਕਰ ਲਉ।

ਦਿਹੈਂ ਤਲਾਵੇ ਖਾਈ ਪੁਟਾਈ ॥ ਅਤੇ ਕਿਲ੍ਹੇ ਦੇ ਚਾਰ ਚੁਫੇਰੇ ਬੜੀ ਡੂੰਘੀ ਖਾਈ ਪੁੱਟ ਦਿੱਤੀ ਹੈ, ਕਿਥੋਂ ਦੀ ਲੰਘਣਗੇ ਕੋਈ ਰਸਤਾ ਨਾ ਛੱਡੋ।

ਰਾਤ ਨਿਕਲ ਕਛੁ ਸਿਖ ਥੇ ਲਜਾਵਤ ॥ ਅੱਗੇ ਸਿੱਖ ਰਾਤ ਨੂੰ ਪੰਜ ਪੰਜ ਦਸ ਦਸ ਸਿੰਘਾਂ ਦਾ ਜੱਥਾ ਕਿਲ੍ਹੇ ਤੋਂ ਬਾਹਰ ਨਿਕਲਕੇ ਕੁਛ ਖਾਣ ਵਾਸਤੇ ਲਿਆਉਂਦੇ ਸਨ।

ਛਿਲ ਪਾਤ ਕਿਛੁ ਲਜਾਇ ਸੁ ਖਾਵਤ ॥ ੨੬ ॥ ਮਤੀਰਿਆਂ, ਖਰਬੂਜਿਆਂ ਦੇ ਛਿੱਲੜ ਤੇ ਪੱਤੇ ਆਦਿਕ ਲਿਆ ਕੇ ਬਾਹਰੋਂ ਖਾਂਦੇ ਸਨ। ੨੬।

ਸੋ ਭੀ ਉਨ ਕੋ ਲੈਨ ਨ ਪਾਈ ॥ ਹੁਣ ਉਹ ਛਿੱਲ ਪੱਤੇ ਆਦਿਕ ਵੀ ਨਹੀਂ ਲੈ ਸਕਦੇ, ਹੁਣ ਉਹ ਵੀ ਪ੍ਰਾਪਤ ਨਹੀਂ ਹੁੰਦੇ।

ਐਸੀ ਦਸ਼ਾ ਸਿੱਖਨ ਪੈ ਆਈ ॥ ਜਦੋਂ ਕਿਸੇ ਤੇ ਮੁਸੀਬਤ ਆਉਂਦੀ ਹੈ ਤਾਂ ਉਹਦਾ ਰੰਗ ਹੀ ਹੋਰ ਹੁੰਦਾ ਹੈ, ਕੋਈ ਵਾਹ ਨਹੀਂ ਕਿਸੇ ਦੀ ਜਾਂਦੀ, ਐਹੋ ਜਿਹਾ ਸਿਖਾਂ ਦੇ ਉੱਤੇ ਭਿਆਨਕ ਸਮਾਂ ਆ ਗਿਆ ਹੈ।

ਫਾਕੇ ਊਪਰ ਫਾਕੇ ਜਾਇ ॥ ਫਾਕੇ ਉਪਰ ਫਾਕਾ ਲੱਗਦਾ ਹੈ ਹੁਣ, ਕੜਾਕੇ ਤੇ ਕੜਾਕਾ ਲੱਗ ਗਿਆ ਹੈ।

ਆਇ ਹਾਥ ਤੌ ਰਿਜਕ ਢਿਡ ਪਾਂਹ ॥੨੭॥ ਜੇ ਕੋਈ (ਰਿਜ਼ਕ) ਅੰਨ ਪਾਣੀ ਹੱਥ ਆਏ ਤਾਂ ਪੇਟ ਵਿੱਚ ਪਾਉਣ, ਜਦੋਂ ਹੱਥ ਹੀ ਕੁਛ ਨਹੀਂ ਆਉਂਦਾ ਤਾਂ ਢਿੱਡ ਵਿਚ ਕੀ ਪਾਉਣ। ੨੭।

ਦੋਹਰਾ॥ ਸੇਰ ਪਾਉ ਕੀ ਕਜਾ ਕਹੀ, ਅੰਨ ਮਾਸਾ ਨ ਊਹਾਂ ਲਭਾਇ॥ ਭਾਈ ਰਤਨ ਸਿੰਘ ਜੀ ਲਿਖਦੇ ਹਨ ਕਿ ਸੇਰ ਪਾਈਏ ਦੀ ਤਾਂ ਗੱਲ ਹੀ ਛੱਡੋ ਤੁਸੀਂ, ਇੱਕ ਮਾਸ਼ਾ ਕਿਤਨਾ ਕੁ ਹੁੰਦਾ ਹੈ, ਏਨਾ ਵੀ ਅੰਦਰ ਅੰਨ ਨਹੀਂ ਪ੍ਰਾਪਤ ਹੋ ਰਿਹਾ ਹੈ ਕਿ ਇੱਕ ਮਾਸ਼ਾ ਹੀ ਰੋਜ਼ ਦਾ ਮਿਲ ਜਾਵੇ, ਹੈ ਹੀ ਨਹੀਂ ਜਦੋਂ ਕੋਈ ਚੀਜ਼ ਮਿਲੇਗਾ ਕਿਆ?

ਪੱਤ ਛਿੱਲ ਜੜ ਨਹਿੰ ਲਭੈ, ਘਾਸ ਭੀ ਨਦਰ ਨ ਪਾਇ॥੨੮॥ ਕਿਲ੍ਹਾ ਭਾਵੇਂ ਕੱਚਾ ਹੀ ਸੀ, ਪਰ ਵਿਸਥਾਰ ਚੰਗਾ ਸੀ, ਅੰਦਰ ਰੁੱਖ ਬਿਰਖ ਵੀ ਸਨ ਘਾਸ ਫੂਸ ਆਦਿਕ, ਪਰ ਉਹ ਵੀ ਪੁੱਟ ਕੇ ਖਾ ਗਏ ਨੇ, ਹੁਣ ਪੱਤਾ ਵੀ ਨਹੀਂ ਲੱਭ ਰਿਹਾ, ਛਿੱਲੜ ਵੀ ਨਹੀਂ ਲੱਭ ਰਹੇ, ਜੜ੍ਹ ਕਿਸੇ ਚੀਜ ਦੀ ਨਹੀਂ ਰਹਿ ਗਈ, ਸਿਰਫ ਮਿੱਟੀ ਹੀ ਮਿੱਟੀ ਰਹਿ ਗਈ ਹੈ, ਹੋਰ ਕੋਈ ਵਸਤੂ ਅੰਦਰ ਹੈ ਨਹੀਂ ਹੈ, ਦੱਸੋ ਕਾਹਦੇ ਤੇ ਗੁਜਾਰਾ ਕਰਨਗੇ। ੨੮।

ਚੌਪਈ॥ ਖਾਣੈ ਵਸਤ ਨ ਸਿਖਨ ਲਭਾਈ॥ ਸਿਖਾਂ ਨੂੰ ਖਾਣ ਵਾਸਤੇ ਕੋਈ ਵਸਤੂ ਲੱਭਦੀ ਨਹੀਂ ਹੈ।

ਕਈ ਕੁ ਦਿਨ ਉਨ ਮਿੱਟੀ ਖਾਈ ॥ ਖਾਲਸਾ ਜੀ ਤੁਹਾਨੂੰ ਪਤਾ ਹੀ ਹੈ ਕਿ ਮਿੱਟੀ ਤਾਂ ਖਾਧੀ ਨਹੀਂ ਜਾਂਦੀ ਹੈ, ਮਿੱਟੀ ਖਾਣ ਵਾਲੇ ਨੂੰ ਝੁਲੰਸ ਰੋਗ ਹੋ ਜਾਂਦਾ ਹੈ ਉਹ ਬਚ ਹੀ ਨਹੀਂ ਸਕਦਾ, 'ਮਿੱਟੀ' ਏਥੇ ਮਾਸ ਨੂੰ ਕਿਹਾ ਹੈ, ਕਈ ਦਿਨ ਇਸ ਤਰ੍ਹਾਂ ਸਿੱਖਾਂ ਨੇ ਘੋੜੇ ਆਦਿਕ ਖਾ ਕੇ ਗੁਜ਼ਾਰਾ ਕੀਤਾ।

ਫਿਰ ਸਿਖ ਬੰਦੇ ਕੇ ਢਿਗ ਗਏ॥ ਅਤੇ ਇਸ ਤਰ੍ਹਾਂ ਕਈ ਦਿਨ ਲੰਘੇ, ਫੇਰ ਸਿੱਖ ਬੰਦੇ ਬਹਾਦਰ ਦੇ ਪਾਸ ਗਏ ਹਨ।

ਪਾਸ ਚੁਬਾਰੇ ਪੁਕਾਰਤ ਭਏ॥੨੯॥ ਬੰਦਾ ਬਹਾਦਰ ਚੁਬਾਰੇ ਦਾ ਬੂਹਾ ਅੰਦਰੋਂ ਬੰਦ ਕਰਕੇ ਬੈਠਾ ਸੀ। ਚੁਬਾਰੇ ਦੇ ਕੋਲ ਜਾ ਕੇ ਸਿੱਖਾਂ ਨੇ ਪੁਕਾਰ ਕੀਤੀ, ਇਉਂ ਅਰਦਾਸ ਕਰਦੇ ਹਨ ਸਿੰਘ। ੨੯।

ਤੁਮ ਹੀ ਹੋ ਆਪ ਜਾਨੀ ਜਾਨੋਂ ॥ ਬੰਦੇ ਬਹਾਦਰ ਨੂੰ ਕਹਿੰਦੇ ਹਨ, ਗੁਰੂ ਜੀ! ਤੁਸੀਂ ਤਾਂ ਸਭ ਕੁਛ ਜਾਣੀ ਜਾਣ ਹੋ,

ਤੁਹਾਨੂੰ ਤਾਂ ਸਾਰਾ ਅੰਤਰ ਧਿਆਨ ਹੈ, ਭੇਤ ਹੈ।

ਤੁਹੀਂ ਆਪ ਵਰਤਾਯੋ ਭਾਣੋਂ ॥ ਇਹ ਤੁਹਾਡਾ ਆਪਣਾ ਹੀ ਭਾਣਾ ਵਰਤਾਇਆ ਹੋਇਆ ਹੈ, ਜੋ ਸਾਡੀ ਦਸ਼ਾ ਹੈ, ਬਾਹਰ ਜੋ ਸਾਡੇ ਤੇ ਵਾਪਰ ਰਿਹਾ ਹੈ, ਇਹ ਤੁਹਾਡਾ ਹੀ ਭਾਣਾ ਹੈ।

ਇਕ ਬਾਰ ਦੇਖ ਹਮਰੋ ਹ੍ਵਾਲ ॥ ਇੱਕ ਵਾਰੀ ਬੂਹਾ ਖੋਲ੍ਹਕੇ ਸਾਡੀ ਦਸ਼ਾ ਤਾਂ ਦੇਖੋ, ਕੀ ਹੋਇਆ ਪਿਆ ਸਾਨੂੰ।

ਹਮ ਪਰ ਪਾਯੋ ਭੁਖ ਬਡ ਜ਼ਵਾਲ ॥੩੦॥ ਭੁਖ ਨੇ ਸਾਡੇ ਉੱਤੇ ਬੜਾ ਜ਼ੋਰ ਪਾ ਲਿਆ ਹੈ, ਅੰਦਰ ਕੋਈ ਵਸਤੂ ਰਹਿ ਨਹੀਂ ਗਈ, ਸਾਡੇ ਸਰੀਰਾਂ ਦੀ ਹਾਲਤ ਵੇਖੋ, ਜੋ ਮੁਰਦਿਆਂ ਵਾਂਗ ਹੋਏ ਪਏ ਹਨ। ੩੦।

ਅਬ ਉਡ ਚਲ ਤੂੰ ਔਰਹਿ ਠੌਰ ॥ ਤੇ ਨਾਲ ਹੀ ਸਿੱਖ ਬੰਦੇ ਬਹਾਦਰ ਨੂੰ ਕਹਿਣ ਲੱਗੇ ਇਉਂ ਕਰੋ, ਤੁਸੀਂ ਹੁਣ ਏਥੋਂ ਕੂਚ ਕਰ ਜਾਉ। ਉੱਡਕੇ ਕਿਸੇ ਹੋਰ ਥਾਂ ਚਲੇ ਜਾਉ।

ਜੀਵਤ ਰਹੈਂ ਤੁਹਿ ਲੇਵੈਂ ਟੋਲ॥ ਜੇ ਜਿਉਂਦੇ ਰਹੇ ਤਾਂ ਅਸੀਂ ਤੁਹਾਨੂੰ ਲੱਭ ਲਵਾਂਗੇ ਹੁਣ ਤੁਸੀਂ ਏਥੋਂ ਨਿਕਲ ਜਾਉ।

ਤਬ ਉਨ ਬੰਦੇ ਉੱਤਰ ਦਯੋ ॥ ਤਾਂ ਬੰਦੇ ਬਹਾਦਰ ਨੇ ਸਿੱਖਾਂ ਨੂੰ ਅੱਗੋਂ ਜੁਆਬ ਦਿੱਤਾ ਹੈ।

ਅਬ ਹਮ ਕੌ ਤੁਮ ਚਹੈਂ ਉਡਜੋ ॥ ੩੧ ॥ ਵਾਹ ਖਾਲਸਾ ਜੀ! ਅਜੇ ਕੱਲ੍ਹ ਗੱਲਾਂ ਹੋ ਰਹੀਆਂ ਸਨ ਬੰਦੇ ਦਾ ਕੀ ਹੈ ? ਉੱਡ ਜਾਇਗਾ, ਅਸੀਂ ਏਥੇ ਫਸ ਜਾਵਾਂਗੇ, ਸਾਡੀ ਕੀ ਹਾਲਤ ਹੋਵੇਗੀ ? ਅਤੇ ਮੈਂ ਤੁਹਾਡੇ ਅੱਗੇ ਪ੍ਰਣ ਕੀਤਾ ਹੈ ਕਿ ਇਹ ਗੱਲ ਨਹੀਂ ਹੋਵੇਗੀ ਮੈਂ ਕਦੀ ਵੀ ਤੁਹਾਨੂੰ ਛੱਡ ਕੇ ਨਹੀਂ ਜਾਵਾਂਗਾ, ਜੋ ਤੁਹਾਡੇ ਨਾਲ ਵਾਪਰੇਗੀ, ਉਹ ਮੇਰੇ ਨਾਲ ਵਾਪਰੇਗੀ, ਮੈਂ ਅੱਜ ਤੋਂ ਉੱਡ ਕੇ ਨਹੀਂ ਜਾਵਾਂਗਾ। ਹੁਣ ਤੁਸੀਂ ਮੈਨੂੰ ਕੀ ਕਹਿ ਰਹੇ ਹੋ, ਤੂੰ ਉੱਡ ਜਾ ਏਥੋਂ ਚਲਿਆ ਜਾਹ, ਹੁਣ ਤੁਸੀਂ ਏਸ ਤਰ੍ਹਾਂ ਚਾਹੁੰਦੇ ਹੋ। ੩੧।

ਅਬ ਹਮ ਕਰਾਵੋ ਬਚਨੋ ਹਾਰ ॥ ਹੁਣ ਤੁਸੀਂ ਮੈਨੂੰ ਕੀਤੇ ਹੋਏ ਬਚਨ ਤੋਂ ਹਰਾਉਂਦੇ ਹੋ, ਜਿਸ ਕਰਕੇ ਮੈਂ ਬਚਨ ਤੋਂ ਹਾਰ ਜਾਵਾਂ।

ਖਾਤਰ ਜਿੰਦਗੀ ਕਿਤ ਸੰਸਾਰ॥ ਇਹ ਜਿੰਦਗੀ ਮੈਂ ਕਿਸ ਵਾਸਤੇ ਰੱਖਾਂ, ਬਚਨ ਹਾਰ ਕੇ ਜਿਉਣ ਕਾਹਦਾ ਹੈ ? ਇਹ ਮਰਦਾਂ ਨੂੰ ਮਿਹਣਾ ਹੁੰਦਾ ਹੈ। ਹੁਣ ਮੈਂ ਕਿਸ ਖਾਤਰ? ਇਸ ਜਿੰਦਗੀ ਦੀ ਖਾਤਰ ਹੁਣ ਮੈਂ ਬਚਨ ਤੋਂ ਨਹੀਂ ਹਾਰ ਸਕਦਾ।

ਉਡਨੋ ਮਨ੍ਹੈਂ ਤੁਮੈਂ ਕਰਵਾਯੋ ॥ ਤੁਸੀਂ ਆਪ ਹੀ ਮੈਨੂੰ ਉੱਡਣ ਤੋਂ ਮਨ੍ਹੇ ਕਰਵਾਇਆ ਸੀ , ਤੁਸੀਂ ਦੱਸੋ ਕਿ ਮੈਂ ਕਿਸ ਤਰ੍ਹਾਂ ਉੱਡ ਜਾਵਾਂ?

ਅਬ ਹਮ ਕੌ ਤੁਮ ਚਾਹਤ ਝੁਠਾਯੋ ॥੩੨॥ ਹੁਣ ਤੁਸੀਂ ਮੈਨੂੰ ਬਚਨ ਤੋਂ ਝੂਠਾ ਕਰਨਾ ਚਾਹੁੰਦੇ ਹੋ ਕਿ ਮੈਂ ਬਚਨ ਤੋਂ ਫਿਰ ਜਾਵਾਂ। ੩੨।

ਦੋਹਰਾ॥ ਸਾਧ, ਸਤੀ ਅਰ ਸੂਰਮਾ, ਗਯਾਨੀ ਔ ਗਜਦੰਤ ॥ ਪ੍ਰਮਾਣ ਦਿੰਦੇ ਹਨ ਭਾਈ ਸਾਹਿਬ ਜੀ, ਸਾਧੂ, ਸਤੀ ਆਪਣੇ ਪਤੀ ਦੇ ਨਾਲ ਚਿਖਾ ਬਲਦੀ ਤੇ ਚੜ੍ਹ ਕੇ ਸਤੀ ਹੋ ਜਾਂਦੀ ਹੈ, ਜਿਵੇਂ ਬਚਨ ਕੀਤਾ ਹੁੰਦਾ ਹੈ ਤੇਰਾ ਮੇਰਾ ਏਸ ਤਰ੍ਹਾਂ ਹੀ ਨਿਭੇਗਾ ਸੰਸਾਰ ਤੇ। ਕਿਉਂਕਿ ਛੱਤ੍ਰੀਆਂ ਨਾਲ ਜੰਗ ਜੁੱਧ ਹੁੰਦੇ ਸਨ, ਛੱਤ੍ਰੀਆਂ ਦਾ ਕੰਮ ਹੈ ਮੈਦਾਨੇ ਜੰਗ ਵਿਚ ਸ਼ਹੀਦੀਆਂ ਪਾਉਣੀਆਂ। ਉਹਨਾਂ ਦੇ ਘਰ ਵਾਲੀਆਂ ਦਾ ਪ੍ਰਣ ਕੀਤਾ ਹੁੰਦਾ ਕਿ ਤੂੰ ਸ਼ਹੀਦ ਹੋ ਗਿਆ ਜੰਗ ਵਿੱਚ ਤਾਂ ਮੈਂ ਤੇਰੇ ਨਾਲ ਹੀ ਚਿਖਾ ਵਿਚ ਪੈ ਕੇ ਸੜ ਕੇ ਮਰ ਜਾਵਾਂਗੀ, ਉਸ ਨੂੰ ਸਤੀ ਕਹਿੰਦੇ ਸਨ, ਮੈਂ ਵੀ ਨਹੀਂ ਜਿੰਦਗੀ ਰਖਣੀ ਸੰਸਾਰ ਵਿੱਚ।

ਏਸੇ ਤਰ੍ਹਾਂ ਸਾਧ ਦਾ ਵੀ ਬਚਨ ਹੈ, ਦੇਖੋ ਤੁਸੀਂ ਅੱਜ ਕੱਲ੍ਹ ਦੇ ਸਾਧ ਕੀ ਕਰਦੇ ਹਨ, ਪਿੰਡ ਵਾਲਿਆਂ, ਨਗਰ ਵਾਸੀਆਂ ਨੂੰ ਤਾਂ ਇਹ ਭਰੋਸਾ ਦਿੰਦੇ ਹਨ, ਮੇਰੇ ਵਾਸਤੇ ਉਗਰਾਹੀ ਕਰੋ ਇਕੱਠਾ ਕਰਕੇ ਧਨ ਲਿਆਉ, ਜਦੋਂ ਉਹਨਾਂ ਨੇ ਧਨ ਇਕੱਠਾ ਕਰਕੇ ਸਾਧ ਨੂੰ ਫੜਾ ਦਿੱਤਾ, ਸਵੇਰ ਨੂੰ ਧੂਣੀ ਇਕੱਲੀ ਰਹਿ ਜਾਂਦੀ ਹੈ ਤੇ ਆਪ ਸਾਧ ਚੋਰੀਂ ਕਿੱਧਰੇ

ਉੱਡ ਜਾਂਦੇ ਹਨ, ਪਰ ਉਹ ਸਾਧ ਨਹੀਂ ਹੁੰਦੇ ਅਸਾਧ ਹੁੰਦੇ ਨੇ, ਸਾਧ ਹੋਵੇ ਸਤੀ ਹੋਵੇ, ਸੂਰਬੀਰ ਹੋਵੇ, ਗਿਆਨੀ ਹੋਵੇ, (ਗਜ) ਹਾਥੀ ਦੇ (ਦੰਤ) ਦੰਦ ਜੋ ਮੂੰਹ ਤੋਂ ਬਾਹਰ ਨਿਕਲਿਆ ਹੁੰਦਾ ਹੈ।

ਏ ਮੁਖ ਨਿਕਲਜੋ ਨਹਿੰ ਫਿਰੈ, ਜੌ ਜੁਗ ਜਾਇ ਅਨੰਤ ॥੩੩॥ ਚਾਹੇ ਬੇਅੰਤ ਜੁੱਗ ਲੰਘ ਜਾਣ, ਇਹ ਜੋ ਮੂੰਹ ਵਿਚੋਂ ਬਚਨ ਨਿਕਲੇ ਤੋਂ ਕਦੇ ਨਹੀਂ ਵਾਪਸ ਫਿਰ ਸਕਦੇ। ੩੩।

ਬਚਨਨ ਖ਼ਾਤਰ ਸਰਪ ਭੀ, ਪਰੈ ਕੁੰਡ ਮੈਂ ਆਇ ॥ ਦੇਖ ਲਵੋ ਜਨਮੇਜੇ ਰਾਜੇ ਨੇ ਸਰਪਮੇਧ ਜੱਗ ਕੀਤਾ ਸੀ। ਸੱਪਾਂ ਨੇ ਇਹ ਬਚਨ ਕੀਤਾ ਹੋਇਆ ਹੈ ਕਿ ਜੇ ਇਹ ਮੰਤਰ ਪੜ੍ਹਿਆ ਜਾਵੇਗਾ ਤਾਂ ਅਸੀਂ ਮਰ ਜਾਵਾਂਗੇ, ਸੱਪ ਵੀ ਆਪਣੇ ਬਚਨ ਦੀ ਖਾਤਰ ਹਵਨ ਕੁੰਡ ਵਿੱਚ ਆ ਪੈਂਦੇ ਹਨ।

ਹਮ ਅਬ ਬਚਨ ਸੁ ਹਾਰ ਕੈ, ਕੈਸੇ ਪੁਰਸ਼ ਅਖਾਹਿੰ ॥੩੪॥ ਹੁਣ ਮੈਂ ਆਪਣੇ ਬਚਨ ਤੋਂ ਹਾਰ ਕੇ ਕਿਵੇਂ (ਪੁਰਸ਼) ਮਰਦ ਕਹਾਵਾਂਗਾ। ੩੪।

ਚੌਪਈ॥ ਬਚਨ ਖਾਤ੍ਰ ਬਲ ਦੇਹਿ ਗਵਾਈ ॥ ਬਲ ਰਾਜੇ ਨੇ ਬਾਵਨ ਅਵਤਾਰ ਨੂੰ ਢਾਈ ਕਰਮਾਂ ਦਾ ਬਚਨ ਦੇ ਦਿੱਤਾ ਸੀ, ਕਿ ਲੈ ਮਿਣ ਲੈ, ਜਦੋਂ ਕਰਮਾਂ ਨਾਲ ਸਾਰੀ ਧਰਤੀ ਨੂੰ ਮਿਣ ਲਿਆ ਤਾਂ ਅੱਧੀ ਕਰਮ ਰਹਿ ਗਈ, ਕਹਿੰਦਾ ਮੇਰਾ ਸਰੀਰ ਮਿਣ ਲੈ। ਉਸਨੇ ਆਪਣੇ ਸਰੀਰ ਦੀ ਮਿਣਤੀ ਕਰਵਾ ਲਈ ਪਰ ਉਸਨੇ ਆਪਣਾ ਬਚਨ ਨਹੀਂ ਸੀ ਛੱਡਿਆ।

ਦ੍ਰਬਾਨ ਭਯੋ ਬਚ ਦੇ ਜਗ ਸਾਈਂ ॥ ਜਗਤ ਦਾ (ਸਾਂਈ) ਮਾਲਕ ਜੋ ਹੈ, ਉਹ ਆਪਣਾ ਬਚਨ ਦੇ ਕੇ ਬਲ ਰਾਜੇ ਦਾ (**ਦਰਬਾਨ**) ਦਰਵਾਜੇ ਦਾ ਪਹਿਰੇਦਾਰ ਬਣਿਆ ਸੀ।

ਜਦੋਂ (ਬਾਵਨ) ਬੌਨੇ ਬ੍ਰਹਮਣ ਨੇ ਢਾਈ ਕਰਮਾਂ ਧਰਤੀ ਦੀ ਮੰਗ ਕੀਤੀ ਬਲ ਰਾਜੇ ਤੋਂ, ਤਾਂ ਬਲ ਰਾਜੇ ਨੇ ਪੁਛਿਆ ਉਸਨੂੰ ਕਿ ਢਾਈ ਕਰਮਾਂ ਧਰਤੀ ਕੀ ਕਰੇਂਗਾ। ਬੌਨਾ ਬ੍ਰਹਮਣ ਜੋ ਅਸਲ ਵਿੱਚ ਵਿਸ਼ਨੂੰ ਭਗਵਾਨ ਸੀ, ਕਹਿਣ ਲੱਗਾ ਏਥੇ ਕੁੱਟੀਆ ਪਾ ਕੇ ਭਜਨ ਕਰਾਂਗੇ ਉਹ ਬਚਨ ਦਿੱਤਾ ਹੋਇਆ ਕਰਕੇ ''ਅਜਹੂੰ ਬਲਿ ਕੈ ਦੁਆਰ ਖਰੋ'' ਅਜੇ ਤੱਕ ਬਲ ਰਾਜੇ ਦੇ ਦੁਆਰ ਤੇ ਪਤਾਲ ਵਿੱਚ ਦਰਬਾਨ ਬਣਕੇ ਖੜ੍ਹਾ ਹੈ।

ਬਚਨ ਕਿਯੋ ਥੋ ਹਰੀਚੰਦ ਰਾਇ ॥ ਹਰੀਚੰਦ ਰਾਜੇ ਨੇ ਵੀ ਬਚਨ ਕੀਤਾ ਸੀ।

ਬਿਕ ਗਜੋ ਚੂਹੜ ਦੇ ਘਰ ਜਾਇ॥੩੫॥ ਆਪਣੀ ਔਰਤ ਅਤੇ ਪੁਤ੍ਰ ਦੇ ਸਮੇਤ ਚੂਹੜਿਆਂ ਦੇ ਘਰ ਜਾ ਕੇ ਵਿਕ ਗਿਆ ਸੀ। ਉੱਥੇ ਸੂਰ ਚਾਰੇ, ਮੁਰਦੇ ਜਲਾਉਂਦਾ ਰਿਹਾ, ਮੁਰਦਘਾਟ ਵਿੱਚ ਡਿਊਟੀ ਸੀ। ਇਉਂ ਹਰੀ ਚੰਦ ਰਾਜਾ ਆਪਣੇ ਬਚਨ ਤੋਂ ਨਹੀਂ ਸੀ ਫਿਰਿਆ। ੩੫।

ਬਚਨ ਖਾਤ੍ਰ ਪਾਂਡਵ ਤ੍ਰਿਯ ਹਾਰੀ ॥ ਬਚਨ ਦੀ ਖਾਤਰ ਪਾਂਡਵਾਂ ਨੇ ਆਪਣੀ (ਤ੍ਰਿਯ) ਇਸਤ੍ਰੀ ਦ੍ਰੌਪਦੀ ਜੂਏ ਵਿੱਚ ਹਾਰ ਦਿੱਤੀ ਸੀ।

ਬਚਨ ਦੇਇ ਬਨ ਸਹੀ ਖੁਆਰੀ ॥ ਬਚਨ ਦੇ ਕੇ ਕਿ ਤੇਰਾਂ ਸਾਲ ਦਾ ਬਨਵਾਸ ਕਟਿਆ। ਜੇ ਪ੍ਰਗਟ ਹੋ ਗਏ ਤਾਂ ਫੇਰ ਤੇਰਾਂ ਸਾਲ ਬਨ ਜਾਣਾ ਪਵੇਗਾ, ਇਉਂ ਕਹਿੰਦੇ ਹਨ ਪਾਂਡਵਾਂ ਨੂੰ ਖੁਆਰੀ ਸਹਿਣੀ ਪਈ, ਆਪਣੀ ਮਾਂ ਸਮੇਤ ਬਨਵਾਸ ਕੱਟਿਆ ਇਹਨਾਂ ਨੇ।

ਬਚਨਨ ਖਾਤ੍ਰ ਪੁਰਸ਼ ਸਿਰ ਦੇਵੈਂ ॥ ਜੋ ਮਰਦ ਹਨ ਉਹ ਆਪਣੇ ਬਚਨ ਦੀ ਖ਼ਾਤਰ ਸਿਰ ਦੇ ਦਿੰਦੇ ਹਨ।

ਬਚਨਨ ਖਾਤਰ ਨਿਜ ਦੁਖ ਲੇਵੈਂ ॥੩੬॥ ਜੋ ਮਰਦ ਹਨ ਉਹ ਬਚਨ ਦੀ ਖ਼ਾਤਰ ਦੂਜੇ ਦਾ ਦੁਖ ਆਪਣੇ ਸਿਰ ਲੈਂਦੇ ਹਨ, ਦੂਜੇ ਦਾ ਦੁਖ ਆਪਣੇ ਸਿਰ ਤੇ ਝੱਲ ਲੈਂਦੇ ਹਨ। ੩੬।

ਬਚਨ ਖਾਤਰ ਤ੍ਰਿਯ ਚਿਖ ਚੜ੍ਹ ਸੜੈ॥ ਇਸਤ੍ਰੀ ਦਾ ਆਪਣੇ ਪਤੀ ਨੂੰ ਬਚਨ ਦਿੱਤਾ ਹੁੰਦਾ ਹੈ, ਉਸ ਬਚਨ ਦੀ ਖ਼ਾਤਰ

ਇਸਤ੍ਰੀ ਆਪਣੇ ਪਤੀ ਦੀ ਚਿਖਾ ਤੇ ਚੜ੍ਹ ਕੇ ਸੜ ਕੇ ਮਰ ਜਾਂਦੀ ਹੈ।

ਟਲੇ ਨਹੀਂ ਗਲ ਲਗਨੋ ਮੜ੍ਹੈ ॥ ਉਹ ਮੜ੍ਹੀ ਦੇ ਗਲ਼ ਲਗਣੋਂ ਨਹੀਂ ਟਲਦੀਆਂ ਬਚਨ ਕਰਕੇ।

ਬਚਨਨ ਖਾਤ੍ਰ ਚਾਕ੍ਰ ਮਰ ਰਹੈ॥ ਜੋ ਸਰਕਾਰ ਦੇ (ਚਾਕ੍ਰ) ਨੌਕਰ ਹੁੰਦੇ ਹਨ, ਉੱਥੇ ਬਚਨ ਦਿੱਤਾ ਹੁੰਦਾ ਹੈ, ਸਹੁੰ ਖਾਧੀ ਹੁੰਦੀ ਹੈ ਆਪਣੇ ਧਰਮ ਦੀ ਕਿ ਮੈਂ ਦੇਸ਼ ਖਾਤਰ ਮਰ ਮਿਟਾਂਗਾ ਪਰ ਭੱਜਾਂਗਾ ਨਹੀਂ । ਉਹ ਨੌਕਰ ਆਪਣੇ ਦਿੱਤੇ ਬਚਨ ਦੀ ਖਾਤਰ ਮਰ ਮਿਟਦੇ ਹਨ।

ਆਟਹ ਲੀਏ ਉਇ ਭੀ ਲੜ ਰਹੈ ॥੩੭॥ ਰੋਟੀ ਲਈ ਆਪਣੀ ਰੋਜ਼ੀ ਵਾਸਤੇ ਉਹ ਨੌਕਰ ਵੀ ਆਪਣੇ ਬਚਨ ਤੋਂ ਲੜ ਕੇ ਕੁਰਬਾਨ ਹੋ ਜਾਂਦੇ ਹਨ। ੩੭।

ਪਿਤਾ ਬਚਨੰਨ ਪਰ ਘਰ ਜਾਇ ਬੇਟੀ॥ ਪਿਤਾ ਦਾ ਬਚਨ ਹੁੰਦਾ ਹੈ, ਪਿਤਾ ਆਪਣੀ ਲੜਕੀ ਦਾ ਰਿਸ਼ਤਾ ਕਰ ਦਿੰਦਾ ਹੈ (ਬੇਟੀ) ਲੜਕੀ ਆਪਣੇ ਪਿਤਾ ਦੇ ਬਚਨਾਂ ਤੇ ਫੁੱਲ ਚੜ੍ਹਾਉਂਦੀ ਹੋਈ ਪਰਾਏ ਘਰ ਚਲੀ ਜਾਂਦੀ ਹੈ, ਆਪਣੇ ਸਹੁਰੇ ਘਰ ਵਿੱਚ ਜਾ ਕੇ ਰਹਿੰਦੀ ਹੈ।

ਕਰਾਵੈ ਨਾ ਨਿਜ ਕੁਲ ਕੀ ਹੇਠੀ ॥ ਜਿਹੜੀਆਂ ਸਿਆਣੀਆਂ ਲੜਕੀਆਂ ਹਨ, ਉਹ ਆਪਣੇ ਖ਼ਾਨਦਾਨ ਦੀ ਹੇਠੀ ਨਹੀਂ ਕਰਾਉਂਦੀਆਂ, ਆਪਣੇ ਪਿਤਾ ਦੇ ਕਹੇ ਅਨੁਸਾਰ ਆਪਣਾ ਪਤੀਬ੍ਰਤ ਧਰਮ ਨਿਭਾਉਂਦੀਆਂ ਹਨ।

ਤੇਗ ਬਹਾਦਰ ਨਿਜ ਬਚ ਕਿਯੋ॥ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਕਸ਼ਮੀਰੀ ਪੰਡਤਾਂ ਨੂੰ ਇਸ ਤਰ੍ਹਾਂ ਬਚਨ ਕਰ ਦਿਤਾ ਸੀ ਆਪਣੇ ਵਲੋਂ, ਕਿ ਜਾਉ ਔਰੰਗਜ਼ੇਬ ਨੂੰ ਜਾ ਕੇ ਕਹਿ ਦਿਉ, ਕਿ ਸਾਡੇ ਗੁਰੂ ਨੂੰ ਮੁਸਲਮਾਨ ਕਰ ਲੈ, ਉਸਤੋਂ ਪਿਛੋਂ ਅਸੀਂ ਸਾਰੇ ਹੀ ਮੁਸਲਮਾਨ ਹੋ ਜਾਵਾਂਗੇ।

ਕਹਿ ਬਿੱਪ੍ਰਨ ਸਿਰ ਦਿੱਲੀ ਦਿਯੋ ॥੩੮॥ ਬ੍ਰਹਮਣਾਂ ਨੂੰ ਬਚਨ ਦੇ ਦਿਤਾ ਸੀ, ਬ੍ਰਹਮਣਾਂ ਦੇ ਕਹੇ ਤੋਂ ਆਪਣਾ ਸੀਸ ਦਿੱਲੀ ਜਾ ਕੇ ਦੇ ਦਿੱਤਾ ਸੀ। ੩੮।

ਦੋਹਰਾ॥ ਆਨ ਚਿਤ ਬਾਬੈ ਬਚ ਕਹੇ, ਤਾਂਕੀ ਪੜ ਗਈ ਲਾਜ ॥ ਬਾਬੇ ਨਾਨਕ ਨੇ ਜੋ ਬਚਨ ਜੋ ਬਾਣੀ ਲਿਖੀ ਹੈ ਗੁਰੂ ਗ੍ਰੰਥ ਸਾਹਿਬ ਜੀ ਵਿੱਚ ''ਸਤਰ ਕਾ ਮਤਿ ਹੀਣ ਅਸੀਹਾਂ ਕਾ ਬਿਉਹਾਰ ਨ ਪਾਵੈ''। ਉਸ ਬਾਣੀ ਦੀ ਲੱਜਿਆ ਹੋ ਗਈ ਹੈ।

ਪ੍ਰਾਣ ਉਣਹਤਿਰਨ ਮੈਂ ਤਜੇ, ਹੀਣ ਹੋਇ ਮਤਵਾਜ॥੩੯॥ ਕਿ ਮਤਾਂ ਸਾਡੇ ਬਚਨ ਦੀ ਹਾਨੀ ਹੋਵੇ, ਇਸ ਕਰਕੇ ਗੁਰੂ ਨਾਨਕ ਸਾਹਿਬ ਜੀ ਨੇ ਉੱਨਹਤਰ ਸਾਲਾਂ ਵਿੱਚ ਹੀ ਆਪਣਾ ਸਰੀਰ ਤਿਆਗ ਦਿੱਤਾ ਸੀ ਇਸ ਬਚਨ ਖਾਤਰ। ੩੯।

ਚੌਪਈ॥ ਤਬ ਸਿੱਖਨ ਨੇ ਬੰਦੇ ਪੂਛਾ ॥ ਤਦ ਸਿੱਖਾਂ ਨੇ ਬੰਦੇ ਬਹਾਦਰ ਨੂੰ ਇਉਂ ਪੁਛਿਆ ਹੈ:

''ਬਾਬੇ'' ਬਚਨ ਕੌਣ ਕੀਯੋ ਊਛਾ? ਬਾਬੇ ਨੇ ਕੀ ਬਚਨ ਕਰ ਦਿੱਤਾ ਸੀ ਜੋ ਆਪਣਾ ਸਰੀਰ ਹੀ ਤਿਆਗ ਗਿਆ।

ਕਹੀ ਬੰਦੈ ''ਮਧ ਗੁਰ ਗ੍ਰੰਥ ਬਾਣੀ॥ ਤਾਂ ਬੰਦਾ ਕਹਿਣ ਲੱਗਾ, ਗੁਰੂ ਗ੍ਰੰਥ ਸਾਹਿਬ ਵਿਚੋਂ ਬਾਣੀ ਹੈ, ਦੇਖ ਲਉ ਪੜ੍ਹਕੇ।

ਸੱਤ੍ਰਨ ਮੈਂ ਮਤਿਹੀਣ ਬਖਾਣੀ'' ॥ ੪੦॥ ਉਨ੍ਹਾਂ ਸੱਤਰਾਂ ਕਾ ਮਤਿ ਹੀਣ ਕਿਹਾ ਹੈ। ਇਸ ਕਰਕੇ ਅਸੀਂ ਕਿਉਂ ਉਸ ਬਚਨ ਤੋਂ ਹਾਰੀਏ। ੪੦।

ਜੋ ਸੱਤ੍ਰਨ ਮੈਂ ਹਮ ਜੀਵਤ ਰਹੈਂ ॥ ਜੇ ਸੱਤਰ ਸਾਲ ਤੱਕ ਮੈਂ ਜਿਉਂਦਾ ਰਿਹਾ ਤਾਂ।

ਤੌ ਮਤਿ ਹੀਣ ਹਮਹਿ ਭੀ ਕਹੈਂ ॥ ਤਾਂ ਮੈਨੂੰ ਵੀ ਸਾਰੇ ਮਤਿ ਹੀਣ ਹੀ ਆਖਣਗੇ, ਉਸਦੀ ਮੱਤਿ ਹੀ ਮਾਰੀ ਗਈ ਸੀ ਤਾਂ ਇਹ ਕਾਰਨ ਹੋਇਆ।

ਉਹੀ ਬਚਨ ਮੁੜ ਲਾਗੈ ਮੋਹਿ ॥ ਜੇ ਉਹ ਬਚਨ ਮੈਨੂੰ ਲੱਗੇਗਾ ਤਾਂ ਮੈਂ ਵੀ ਮੱਤਿ ਦਾ ਹੀਣਾ ਕਹਾਊਂਗਾ।

ਤੌ ਸ਼ਰਮਿੰਦਗੀ ਹਮ ਕੌ ਹੋਹਿ ॥ ੪੧॥ ਤਾਂ ਮੈਨੂੰ ਸ਼ਰਮਿੰਦਗੀ ਆਵੇਗੀ ਏਸ ਗੱਲ ਤੇ। ੪੧।

ਇਸੀ ਉਲਾਮਜੋਂ ਨਿਜ ਤਜੈਂ ਪਰਾਣ॥ ਏਸ ਉਲਾਹਮੇਂ ਤੋਂ ਬਚਣ ਵਾਸਤੇ, "ਮੱਤਿ ਹੀਣ ਕਹਾਉਣਾ" ਨਾਲੋਂ ਤਾਂ ਮੈਂ ਪ੍ਰਾਣ ਆਪਣੇ ਆਪ ਹੀ ਛੱਡਾਂਗਾ, ਭਾਵ ਸ਼ਹੀਦੀ ਹੀ ਪਾਵਾਂਗਾ।

ਸਤਿਗੁਰ ਬਚਨ ਨਿਜ ਕੀਏ ਪ੍ਰਮਾਣ॥ ਜੋ ਆਪਣੇ ਸਤਿਗੁਰਾਂ ਨੇ ਬਚਨ ਕੀਤੇ ਹਨ, ਮੈਂ ਉਹ ਪ੍ਰਵਾਣ ਕਰਦਾ ਹਾਂ।

ਜੋ ਵੈ ਬਚਨ ਨਿਜ ਸਚ ਠਾਣਤ॥ ਜੇ ਉਹ ਆਪਣੇ ਬਚਨ ਨੂੰ ਸੱਚਾ ਕਰਦਾ ਹੈ।

ਤੌ ਗ੍ਰੰਥ ਵਾਕ ਉਨ ਝੂਠ ਪਛਾਣਤ ॥੪੨॥ ਤਾਂ ਫਿਰ ਗੁਰੂ ਗ੍ਰੰਥ ਸਾਹਿਬ ਜੀ ਦੇ ਵਾਕਾਂ ਨੂੰ ਲੋਕੀਂ ਕੀ ਆਖਣਗੇ, ਜੇ ਮੈਂ ਹੁਣ ਸੱਤਰਾਂ ਦਾ ਹੋ ਮਰਾਂ ਤਾਂ ਲੋਕੀਂ ਕਹਿਣਗੇ ਕਿ ਗੁਰੂ ਨਾਨਕ ਸਾਹਿਬ ਜੀ ਨੇ ਐਵੇਂ ਲਿਖ ਦਿੱਤਾ, ਜੇ ਗੁਰੂ ਨਾਨਕ ਸਾਹਿਬ ਸੱਤਰਵੇਂ ਸਾਲ ਤੱਕ ਰਹਿ ਜਾਂਦੇ , ਤਾਂ ਵੀ ਗੱਲ ਨਹੀਂ ਸੀ ਬਣਨੀ, ਕਿਉਂਕਿ ਬਚਨ ਕੀਤੇ ਹਨ, ਮਹਾਰਾਜ ਨੇ ਬਚਨ ਕਹੇ ਸੀ। ੪੨।

ਹਮ ਨੈ ਤੁਮ ਸੌ ਬੰਧਜੋ ਕਰਾਰ॥ ਬੰਦਾ ਬਹਾਦਰ ਸਿੱਖਾਂ ਨੂੰ ਕਹਿੰਦਾ ਹੈ ਮੈਂ ਤੁਹਾਡੇ ਨਾਲ ਇਕਰਾਰ ਨਾਮਾ ਕਰ ਚੁੱਕਾ ਹਾਂ।

ਲੋਕਨ ਕੈ ਮਧ ਊਚ ਪੁਕਾਰ ॥ ਸਾਰੇ ਲੋਕਾਂ ਦੇ ਵਿੱਚ ਉੱਚੀ ਅਵਾਜ਼ ਨਾਲ ਕਿਹਾ ਸੀ ਮੈਂ।

ਜੌ ਅਬ ਮੈਂ ਬਚ ਜਾਊਂਗ ਹਾਰ॥ ਜੇ ਹੁਣ ਮੈਂ ਤੁਹਾਨੂੰ ਇਕੱਲਿਆਂ ਨੂੰ ਛੱਡ ਕੇ ਏਥੋਂ ਉੱਡ ਜਾਵਾਂ ਤਾਂ, ਜੇ ਮੈਂ ਆਪਣੇ ਬਚਨ ਤੋਂ ਹਾਰ ਜਾਵਾਂ ਤਾਂ।

ਕਿਮ ਢੋਈ ਉਸ ਮਿਲੈ ਦ੍ਰਬਾਰ॥੪੩॥ ਦੱਸੋ ਜਿਹੜਾ ਬਚਨਾਂ ਤੋਂ ਹਾਰ ਜਾਂਦਾ ਹੈ, ਉਸਨੂੰ ਸੱਚੇ ਦਰਬਾਰ ਵਿਚ ਢੋਈ ਕਿਥੇ ਮਿਲੇਗੀ, ਉਸ ਦਰਬਾਰ ਵਿੱਚ ਕਿਵੇਂ ਢੋਈ ਮਿਲੇਗੀ, ਭਾਵ ਉੱਥੇ ਉਸਨੂੰ ਪ੍ਰਮੇਸ਼ਵਰ ਵਲੋਂ ਕੋਈ ਆਸਰਾ ਨਹੀਂ ਮਿਲੇਗਾ। ੪੩।

ਪ੍ਰਸੰਗ ਕਾਲੀ ਕੇ ਭੱਛ ਕਾ ਲਿਖਜਤੇ
(ਦੇਵੀ ਰਜਾਉਣੀ)

ਚੌਪਈ॥ ਔਰ ਕਹੀ ਇਕ ਬੰਦੇ ਬਾਤ ॥ ਇੱਕ ਗੱਲ ਬੰਦੇ ਬਹਾਦਰ ਨੇ ਹੋਰ ਆਖੀ ਹੈ।

"ਸਵਾ ਲੱਖ ਕਰਨੋ ਥੋ ਘਾਤ॥ ਕਹਿਣ ਲੱਗਾ ਮੈਂ ਆਪਣਾ ਨਵਾਂ ਪੰਥ ਚਲਾਇਆ ਸੀ, ਉਸਦੇ ਵਾਸਤੇ ਸਵਾ ਲੱਖ ਸਿਰਾਂ ਦੀ ਭੇਟਾ ਦੇਣੀ ਸੀ।

ਸੋ ਪੂਰੋ ਹਮ ਤੇ ਨਹਿੰ ਭਯੋ॥ ਉਹ ਬਚਨ ਮੈਥੋਂ ਪੂਰਾ ਨਹੀਂ ਹੋ ਸਕਿਆ, ਮੈਂ ਏਨੀ ਭੇਟਾ ਨਹੀਂ ਦੇ ਸਕਿਆ।

ਬਾਕੀ ਦੇਣੋ ਬਹੁ ਹਮ ਰਹਯੋ॥੧॥ ਭੇਟਾ ਤਾਂ ਕਾਲੀ ਦੀ ਜੰਗਾਂ ਜੁਧਾਂ ਵਿੱਚ ਬਹੁਤ ਦਿੱਤੀ ਹੈ ਪ੍ਰ ਅਜੇ ਵੀ ਬਹੁਤ ਭੇਟਾ ਸਿਰਾਂ ਦੀ ਦੇਣੀ ਬਾਕੀ ਹੈ। ੧।

ਜਿਮ ਸਵਾ ਕੋਟ ਕਹਯੋ ਸਤਿਗਰ ਦੇਨਾ॥ ਇਤਿਹਾਸ ਵਿੱਚ ਤਾਂ ਕਿਸੇ ਵਿੱਚ ਇਹ ਗੱਲ ਨਹੀਂ ਆਈ ਹੈ ਕਿ ਸਤਿਗੁਰਾਂ ਨੇ ਕਿਹਾ ਹੋਵੇ, ਅਸਾਂ ਪੰਥ ਚਲਾਉਣਾ ਹੈ ਅਸੀਂ ਸਵਾ ਕਰੋੜ ਸਿਰਾਂ ਦੀ ਭੇਟਾ ਦੇਵਾਂਗੇ, ਇਹ ਬੰਦਾ ਬਹਾਦਰ ਕਹਿ ਰਿਹਾ ਹੈ ਇਸ ਗੱਲ ਨੂੰ, ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਬੰਦਾ ਕਹਿੰਦਾ ਸੀ ਕਿ ਸਤਿਗੁਰਾਂ ਨੇ ਸਵਾ ਕਰੋੜ ਕਿਹਾ ਸੀ, ਤੇ ਮੈਂ ਸਵਾ ਲੱਖ ਦਾ ਬਚਨ ਕੀਤਾ ਹੋਇਆ ਹੈ।

ਸੋਊ ਉਧਾਰ ਰਹਯੋ ਪੰਥ ਪੈ ਪੈਨਾ॥ ਉਹ ਉਧਾਰ ਹੁਣ ਪੰਥ ਨੂੰ ਦੇਣਾ ਪੈਣਾ ਹੈ।

ਇਤਨੇ ਮਰੇ ਜੁ ਸ਼ਸਤ੍ਰਨ ਨਾਰ॥ ਜੇ ਏਨੇ ਸ਼ਸਤ੍ਰਾਂ ਨਾਲ ਮਰਨਗੇ।

ਤੈ ਕਾਲੀ ਕੋ ਪੁਜੁ ਅਹਾਰ॥੨॥ ਤਾਂ ਕਾਲੀ ਦੇਵੀ ਨੂੰ ਅਹਾਰ ਪਹੁੰਚੇਗਾ । ਤਾਂ ਉਹਦਾ ਅਹਾਰ ਪੂਰਾ ਹੋਵੇਗਾ ਭੇਟਾ ਦਾ । ੨।

ਪੰਝੀ ਲਖ ਥੋ ਪਿਥੋਰੇ ਮ੍ਰਵਾਏ॥ ਬੀਕਾਨੇਰ ਦੇ ਰਾਜੇ ਨੇ ਪੰਝੀ ਲੱਖ (ਪਿਥੋਰੇ) ਰਾਜਪੂਤ ਮਰਵਾ ਕੇ ਆਪਣਾ ਰਾਜ ਬੰਨ੍ਹਿਆਂ ਸੀ।

ਕਾਲੀ ਰੱਜੀ ਨ ਵਹਿ ਲਜੋ ਖਾਏ॥ ਬੀਕਾਨੇਰ ਦੇ ਰਾਜੇ ਤੋਂ ਕਾਲੀ ਨਾ ਰੱਜੀ (ਵਹਿ) ਅਖੀਰ ਉਹ ਰਾਜਾ ਹੀ ਉਸਨੇ ਖਾ ਲਿਆ ਹੈ।

ਦੀਨ ਖਾਤ੍ਰ ਥੀ ਮੁਹੰਮਦ ਜਗਾਈ॥ ਆਪਣੇ ਦੀਨ ਨੂੰ ਕਾਇਮ ਕਰਨ ਵਾਸਤੇ ਹਜ਼ਰਤ ਮੁਹੰਮਦ ਸਾਹਿਬ ਜੀ ਨੇ ਵੀ ਚੰਡੀ ਜਗਾਈ ਸੀ, ਜਦੋਂ ਆਪਣਾ ਮਜ਼ੂਬ ਰਚਿਆ ਸੀ।

ਆਲ ਉਲਾਦ ਉਸੈ ਭੀ ਖਾਈ॥੩॥ ਉਹ ਵੀ ਕਾਲੀ ਨੂੰ ਰਜਾ ਨ ਸਕਿਆ, ਉਸਦੀ ਵੀ ਸਾਰੀ ਉਲਾਦ ਨੂੰ ਭੱਖ ਲਿਆ ਸੀ ਕਾਲੀ ਮਾਤਾ ਨੇ। ੩।

ਜੋਊ ਜਗਾਵੈ ਰਜਾਵੈ ਨਾਂਹਿ ॥ ਜਿਹੜਾ ਚੰਡੀ ਨੂੰ ਜਗਾਵੇ ਤੇ ਉਸਨੂੰ ਰਜਾਵੇ ਨਾ, ਉਸਨੂੰ ਰਜਾ ਕੇ ਆਪਣਾ ਬਚਨ ਪੂਰਾ ਨਾ ਕਰੇ।

ਵਹਿ ਭੀ ਉਸਕੋ ਛੋਡੈ ਨਾਂਹਿ॥ ਉਹ ਵੀ ਉਸਨੂੰ ਛੱਡਦੀ ਨਹੀਂ ਹੈ, ਕਾਲੀ ਦੇਵੀ ਉਸ ਨੂੰ ਖਾ ਜਾਂਦੀ ਹੈ।

ਜੋਊ ਜਗਾਵੈ ਰਜਾਵੈ ਭੀ ਓਹੀ॥ ਜਿਹੜਾ ਕੋਈ ਚੰਡੀ ਨੂੰ ਜਗਾਵੇ ਜਿੰਮੇਵਾਰੀ ਹੋ ਜਾਂਦੀ ਹੈ, ਉਹੀ ਰਜਾਏ ਉਸਨੂੰ, ਉਹੀ ਪ੍ਰਸੰਨ ਕਰੇ ਉਸਨੂੰ।

ਅੰਸ ਬੰਸ ਉਸ ਸੁਖ ਰਹਿ ਦੋਈ॥ ੪॥ ਉਸਦੀ ਅੰਸ ਅਤੇ ਬੰਸ ਦੋਵੇਂ ਸੁਖ ਸਮੇਤ ਰਹਿੰਦੇ ਹਨ। ੪।

ਦੋਹਰਾ॥ ਸਤਿਜੁਗ ਮੈਂ ਦੇਵਨ ਜਗੀ, ਪ੍ਰਸੰਨ ਕਰ ਪੋਖੀ ਤੋਇ॥ ਸਤਿਜੁਗ ਵਿੱਚ ਦੇਵਤਿਆਂ ਨੇ ਚੰਡੀ ਨੂੰ ਜਗਾਇਆ ਸੀ, (ਤੋਇ) ਉਸਨੂੰ (ਪੋਖੀ) ਰਜਾ ਕੇ ਚੰਗੀ ਤਰ੍ਹਾਂ ਪ੍ਰਸੰਨ ਕੀਤਾ ਸੀ।

ਤ੍ਰੇਤੇ ਰਜਾਈ ਰਾਮ ਜੀ, ਸਣ ਪਰਵਾਰੀ ਸੋਇ॥ ੫॥ ਤ੍ਰੇਤੇ ਜੁਗ ਦੇ ਵਿੱਚ ਜਦੋਂ ਸ੍ਰੀ ਰਾਮ ਚੰਦਰ ਜੀ ਦਾ ਰਾਵਣ ਨਾਲ ਯੁਧ ਹੋਇਆ ਹੈ, ਉਦੋਂ ਲੱਖਾਂ ਦੀ ਗਿਣਤੀ ਵਿੱਚ ਰਾਖਸ਼ ਮਾਰੇ ਸਨ। ਸ੍ਰੀ ਰਾਮ ਜੀ ਨੇ ਸਣੇ ਪਰਵਾਰ ਦੇ ਜੋ ਇਸਦੀਆਂ ਜੋਗਣੀਆਂ ਆਦਿਕ ਹਨ ਨੂੰ ਰਜਾ ਕੇ ਪ੍ਰਸੰਨ ਕੀਤਾ ਸੀ। ੫।

ਦ੍ਵਾਪਰ ਜਗਾਇ ਸੁ ਪਾਂਡਵਨ, ਕਾਲੀ ਕਰਾਯੋ ਅਹਾਰ॥ ਦ੍ਵਾਪਰ ਵਿੱਚ ਪਾਂਡਵਾਂ ਨੇ ਰਾਜ ਕਰਨ ਦੀ ਖਾਤਰ ਜਗਾਈ ਸੀ, ਇਹਨਾਂ ਨੇ ਕਾਲੀ ਨੂੰ ਚੰਗਾ ਅਹਾਰ ਕਰਾਇਆ ਸੀ, ਮਹਾਭਾਰਤ ਦਾ ਯੁੱਧ ਹੋਇਆ ਸੀ। ਉਸ ਸਮੇਂ ਹਿੰਦੋਸਤਾਨ ਦੇ ਨਜ਼ਦੀਕ ਜਿਤਨੇ ਮੁਲਕ ਸਨ, ਉਹ ਦੋ ਥਾਵਾਂ ਤੇ ਹੋ ਗਏ ਸਨ। ਕੁਛ ਪਾਂਡਵਾਂ ਵੱਲ ਤੇ ਕੁਛ ਕੌਰਵਾਂ ਵੱਲ। ਇਹ ਸਾਰੇ ਮੁਲਕਾਂ ਦੇ ਰਾਜੇ ਆਪੋ ਆਪਣੀਆਂ ਸੈਨਾਂ ਲੈ ਕੇ ਮਹਾਂ ਭਾਰਤ ਦੇ ਯੁੱਧ ਵਿੱਚ ਪਹੁੰਚੇ ਸਨ। ਕੁਰਛੇਤਰ ਵਿੱਚ ਸਾਰਿਆਂ ਦੀ ਕੁਲਾਂ ਦਾ ਛੇਤਰ ਹੋ ਗਿਆ ਸੀ।

ਦੀਨੋ ਓਨ ਰਜਾਇ ਸਭ, ਜੋ ਕਾਲੀ ਪਰਵਾਰ॥੬॥ ਜੋਗਣੀਆਂ ਆਦਿਕ ਜੋ ਕਾਲੀ ਦਾ ਪ੍ਰਵਾਰ ਹੈ ਸਭ ਨੂੰ ਰਜਾ ਦਿੱਤਾ ਸੀ ਉਹਨਾਂ ਪਾਂਡਵਾਂ ਨੇ ਐਡਾ ਵੱਡਾ ਮਹਾਂ ਭਾਰਤ ਦਾ ਜੁੱਧ ਕੀਤਾ ਸੀ। ੬।

ਕਾਲੀ ਜਗਾਈ ਨਹਿ ਭਲੀ, ਬਿਨ ਜਗੇ ਸਰੈ ਨਹਿ ਕਾਜ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਕਾਲੀ ਜਗਾਉਣੀ ਚੰਗੀ ਨਹੀਂ ਹੈ, ਜੇ ਕਾਲੀ ਨੂੰ ਜਗਉਂਦੇ ਨਹੀਂ ਤਾਂ ਕਾਰਜ ਸਿੱਧ ਨਹੀਂ ਹੁੰਦਾ।

ਕਾਲੀ ਰਜਾਵੈ ਜੋ ਕੋਊ, ਹੋਇ ਚੱਕ੍ਰਵਰਤ ਤਿਸ ਰਾਜ॥੭॥ ਜੋ ਕੋਈ ਕਾਲੀ ਦੇਵੀ ਨੂੰ ਰਜਾਉਂਦਾ ਹੈ ਤੇ ਉਸਨੂੰ ਪ੍ਰਸੰਨ ਕਰ ਲੈਂਦਾ ਹੈ, ਉਸਦਾ ਦੁਨੀਆਂ ਤੇ ਚਕ੍ਰਵਰਤੀ ਰਾਜ ਹੋ ਜਾਂਦਾ ਹੈ। ੭।

ਚੌਪਈ॥ ਕਲਜੁਗ ਮੈ ਜਿਨ ਕਿਨ ਜਗਵਾਈ॥ ਕਲਜੁਗ ਵਿੱਚ ਜੇ ਕਿਸੇ ਨੇ ਜਗਾਈ ਹੈ, ਕਿਸੇ ਨੇ ਕਾਲੀ ਨੂੰ ਅਰਾਧਿਆ ਹੈ ਪ੍ਰਗਟ ਕੀਤਾ ਹੈ।

ਰਜੀ ਨ ਕਿਸ ਤੇ ਉਨ ਪੈ ਪਈ ਆਈ॥ ਕਿਸੇ ਤੋਂ ਕਾਲੀ ਰੱਜੀ ਨਹੀਂ ਹੈ, ਕੋਈ ਕਾਲੀ ਨੂੰ ਰਜਾ ਨਹੀਂ ਸਕਿਆ, ਸਗੋਂ ਉਹਨਾਂ ਤੇ ਹੀ ਆ ਪਈ ਹੈ ਉਹ ਉਹਨਾਂ ਨੂੰ ਹੀ ਖਾ ਗਈ ਹੈ ਸਾਰਿਆਂ ਨੂੰ।

ਮੈਂ ਧਾਰਜੋ ਚਿੱਤ ਸਿੰਘਨ ਖੁਵਾਊਂ॥ ਹੁਣ ਦੇਖ ਲਉ ਏਥੇ ਪ੍ਰਗਟ ਹੋ ਗਈ ਹੈ ਗੱਲ, ਇਤਿਹਾਸ ਵਿੱਚ, ਹੁਣ ਸਿੰਘਾਂ ਦਾ ਤੇ ਬੰਦਈਆਂ ਦਾ ਮੇਲ ਕਿਵੇਂ ਹੋਵੇ, ਬੰਦਾ ਬਹਾਦਰ ਕਹਿੰਦਾ ਮੈਂ ਤਾਂ ਤੱਕਿਆ ਸੀ ਕਿ ਸਿੰਘਾਂ ਨੂੰ ਕਾਲੀ ਦੀ ਭੇਟ ਕਰਾਂਗਾ, ਜਿਤਨਾ ਖਾਲਸਾ ਪੰਥ ਹੈ ਇਹ ਸਾਰਾ ਕਾਲੀ ਨੂੰ ਖੁਆ ਕੇ ਪ੍ਰਸੰਨ ਕਰਾਂਗਾ, ਸਾਰਿਆਂ ਸਿੰਘਾਂ ਨੂੰ ਮਰਵਾ ਕੇ ਖਤਮ ਕਰ ਦਿਆਂਗਾ, ਫੇਰ ਮੇਰਾ ਬੰਦਈ ਪੰਥ ਚਲੇਗਾ, ਇਉਂ ਆਪਣੇ ਚੇਲਿਆਂ ਨੂੰ ਕਹਿੰਦਾ ਹੈ ਬੰਦਾ ਬਹਾਦਰ।

ਸੋ ਟਰੀ ਉਨੈਂ ਤੈ ਪਰੀ ਹਮ ਆਊਂ॥੮॥ ਓਨ੍ਹਾਂ ਤੋਂ ਤਾਂ ਟਲ ਗਈ ਹੈ ਅਤੇ ਮੇਰੇ ਤੇ ਆ ਪਈ ਹੈ। ੮।

ਦੋਹਰਾ॥ ਤਬ ਬੰਦੇ ਸਿਖਨ ਕਹਜੋ, ਇਤਨੈ ਕੰਮ ਕਰ ਜਾਹੁ॥ ਤਾਂ ਬੰਦਾ ਬਹਾਦਰ ਆਪਣੇ ਸਿੱਖਾਂ ਨੂੰ ਕਹਿਣ ਲੱਗਾ ਹੈ ਕਿ ਹੁਣ ਅਖੀਰ ਹੋ ਗਈ ਹੈ, ਹੁਣ ਮੇਰਾ ਏਨਾ ਕੁ ਕੰਮ ਤਾਂ ਕਰ ਜਾਉ।

ਬਾਕੀ ਸਵਾ ਜੁ ਲਾਖ ਕੀ, ਸਿਰ ਉਤਨੇ ਚੜ੍ਹਵਾਹੁ॥੯॥ ਜਿਹੜੀ ਮੈਂ ਭੇਟਾ ਦੇ ਦਿੱਤੀ ਹੈ ਉਹ ਤਾਂ ਦੇ ਦਿੱਤੀ ਹੈ, ਬਾਕੀ ਜੋ ਸਵਾ ਲੱਖ ਦੀ ਭੇਟਾ ਰਹਿ ਗਈ ਹੈ, ਉਹ ਆਪਣੇ ਸਿਰ ਦੇ ਕੇ ਪੂਰੇ ਕਰ ਦਿਉ ਸਵਾ ਲੱਖ ਸਿਰ। ੯।

ਚੌਪਈ॥ ਉਨ ਸਿੱਖਨ ਇਮ ਹੀ ਮੰਨ ਲਈ॥ ਜੋ ਬੰਦੇ ਬਹਾਦਰ ਦੇ ਪੱਕੇ ਸ਼ਰਧਾਲੂ ਸਿੱਖ ਸਨ, ਉਹਨਾਂ ਨੇ ਉਵੇਂ ਹੀ ਮੰਨ ਲਈ ਹੈ ਜਿਵੇਂ ਉਸਨੇ ਕਿਹਾ ਹੈ।

ਊਠ ਘੋੜਨ ਸਿਰ ਮਾਰਹਿ ਦਈ॥ ਉਨ੍ਹਾਂ ਸਿਖਾਂ ਨੇ ਊਠਾਂ ਅਤੇ ਘੋੜਿਆਂ ਦੇ ਸਿਰਾਂ ਵਿਚ ਗੋਲੀਆਂ ਆਦਿਕ ਮਾਰ ਕੇ ਮਾਰ ਦਿੱਤੇ ਹਨ।

ਬਾਕੀ ਕੁੱਤੇ ਬਿੱਲੇ ਕਟਾਏ॥ ਬਾਕੀ ਜੋ ਕੁੱਤੇ ਬਿੱਲੇ ਆਦਿਕ ਸਨ ਉਹ ਝਟਕਾ ਦਿੱਤੇ ਹਨ।

ਮੁਰਦੇ ਖਾਣ ਨੂੰ ਜੋ ਥੇ ਆਏ॥੧੦॥ ਜੋ ਉਥੇ ਲੜਾਈ ਹੋਣ ਕਰਕੇ ਸੂਰਮਿਆਂ ਦੀਆਂ ਲੋਥਾਂ ਪਈਆਂ ਸਨ, ਉਨ੍ਹਾਂ ਲੋਥਾਂ ਨੂੰ ਖਾਣ ਵਾਸਤੇ ਜਿਹੜੇ ਆਏ ਸਨ ਕੁੱਤੇ ਬਿੱਲੇ। ੧੦।

ਤੌ ਭੀ ਮਰੇ ਊਹਾਂ ਕਿਛ ਥੋੜੇ॥ ਏਨੇ ਮਾਰਨ ਦੇ ਬਾਵਜੂਦ ਫੇਰ ਵੀ ਥੋੜੇ ਹੀ ਮਰੇ ਹਨ।

ਪੁਜੇ ਨਹੀਂ ਉਨ ਲੇਖੇ ਜੋੜੇ॥ ਜਦੋਂ ਹਿਸਾਬ ਕਰਕੇ ਦੇਖਿਆ ਤਾਂ ਪੂਰੇ ਨਾ ਹੋ ਸਕੇ ਗਿਣਤੀ ਵਿੱਚ।

ਤੌ ਬੰਦੇ ਉਨ ਦੀਨੌ ਆਖ॥ ਤਾਂ ਬੰਦੇ ਬਹਾਦਰ ਨੇ ਆਪਣੇ ਬੰਦਈ ਸਿੱਖਾਂ ਨੂੰ ਆਖਿਆ ਹੈ।

"ਮਾਰੋ ਮਖੀਆਂ ਹੋਹਿ ਸਵਾ ਲਾਖ" ॥੧੧॥ ਕਹਿੰਦਾ ਮੱਖੀਆਂ ਹੀ ਮਾਰ ਦਿਉ ਉਤਨੀਆਂ, ਤਾਂ ਜੋ ਸਵਾ ਲੱਖ ਪੂਰਾ ਹੋ ਜਾਵੇ। ੧੧।

ਤਬ ਕਈ ਲੋਕਨ ਯੌਂ ਮਨ ਆਈ ॥ ਜਦੋਂ ਬੰਦੇ ਬਹਾਦਰ ਨੇ ਆਪਣੇ ਸਿੱਖਾਂ ਨੂੰ ਮੱਖੀਆਂ ਮਾਰਨ ਵਾਸਤੇ ਕਿਹਾ ਤਾਂ ਲੋਕਾਂ ਦੇ ਮਨ ਵਿੱਚ ਇਹ ਵਿਚਾਰ ਫੁਰਿਆ ਹੈ।

"ਬੰਦਾ ਦਿਵਾਨੌ ਅਬ ਭਯੌ ਭਾਈ" ॥ ਹੇ ਭਾਈ! ਬੰਦਾ ਤਾਂ ਹੁਣ (ਦਿਵਾਨੌ) ਪਾਗਲ ਹੋ ਗਿਆ ਹੈ, ਹੁਣ ਇਸਦੇ ਦਿਮਾਗ ਵਿਚ ਸਮਝ ਨਹੀਂ ਰਹੀ ਹੈ।

ਕਈਅਨ ਕਰੀ ਜੁ ਬੰਦੇ ਕਹੀ ॥ ਕਈ ਬੰਦਈ ਸਿੱਖਾਂ ਨੇ ਬੰਦੇ ਦੇ ਕਹੇ ਤੋਂ ਮੱਖੀਆਂ ਮਾਰਨੀਆਂ ਸ਼ੁਰੂ ਕਰ ਦਿੱਤੀਆਂ ਹਨ।

ਸੁਨਤ ਅਚੰਭੌ ਨਠ ਗਏ ਕਈ॥੧੨॥ ਇਹ (ਅਚੰਭੌ) ਹੈਰਾਨਗੀ ਦੀ ਗੱਲ ਸੁਣ ਕੇ ਕਈ ਤਾਂ ਨੱਠ ਗਏ ਹਨ, ਹੁਣ ਕੁਝ ਨਹੀਂ ਰਹਿ ਗਿਆ, ਐਵੇਂ ਮੱਖੀਆਂ ਮਾਰਨ ਤੇ ਲੱਗੇ ਹੋ ? ਇਹ ਤਾਂ ਪਾਗਲ ਹੋ ਗਿਆ ਹੈ ਚਲੋ ਚਲੀਏ, ਇਉਂ ਕਹਿ ਕੇ ਕਈ ਉਥੋਂ ਛੱਡ ਕੇ ਭੱਜ ਗਏ ਹਨ। ੧੨।

ਸਿੱਖ ਸਿਦਕੀ ਜੋ ਪ੍ਰਣ ਕੇ ਪੂਰੇ॥ ਜੋ ਪ੍ਰਣ ਦੇ ਪੂਰੇ ਸਿਦਕੀ ਸਿੱਖ ਸਨ।

ਸੋ ਆਖੈਂ "ਹਮ ਮਰੈਂ ਹਜ਼ੂਰੇ"॥ ਉਹ ਕਹਿੰਦੇ ਹਨ ਨਾ ਅਸੀਂ ਤਾਂ ਨਹੀਂ ਭੱਜਦੇ, ਕਿਧਰੇ ਨਹੀਂ ਜਾਣਾ, ਐਥੇ ਅਸੀਂ ਤਾਂ ਇਸਦੀ (ਹਜ਼ੂਰੀ) ਤਾਬਿਆ ਵਿੱਚ ਹੀ ਮਰਾਂਗੇ।

ਕਰੇ ਸੰਗ ਗੁਰ ਕਿਉਂ ਛਡ ਜਾਹਿ॥ ਜਦੋਂ ਇਸਨੂੰ ਅਸੀਂ ਗੁਰੂ ਧਾਰ ਲਿਆ ਹੈ, ਹੁਣ ਮੁਸੀਬਤ ਪਈ ਤੋਂ ਕਿਉਂ ਛੱਡ ਕੇ ਜਾਈਏ ਏਸਨੂੰ , ਇਸਦਾ ਹੀ ਸੰਗ ਕਰਾਂਗੇ, ਇਸ ਦਾ ਹੀ ਸਾਥ ਦੇਵਾਂਗੇ।

ਕਈਅਨ ਨਠਤ ਨ ਪੁੱਛੀ ਸਲਾਹਿ॥੧੩॥ ਕਈ ਜਿਹੜੇ ਆਪਣੇ ਆਪ ਨੂੰ ਸਿਆਣੇ ਕਹਾਉਂਦੇ ਸਨ, ਉਨ੍ਹਾਂ ਨੇ ਤਾਂ ਭੱਜਦਿਆਂ ਹੋਇਆਂ ਕਿਸੇ ਦੀ ਸਲਾਹ ਹੀ ਨਹੀਂ ਪੁੱਛੀ, ਕਹਿੰਦੇ ਹੁਣ ਕੀ ਲੈਣਾ ਹੈ ਏਥੇ? ਚਲੀਏ ਹੁਣ, ਗੱਲ ਮੁੱਕ ਗਈ ਹੈ, ਅਖੀਰ ਹੋ ਗਈ ਹੈ। ੧੩।

(ਗੁਰਦਾਸਪੁਰ ਘਿਰਿਆਂ ਦੀ ਦੁਖ ਦਸ਼ਾ)

ਦੋਹਰਾ॥ ਸਿਖ ਜੋ ਸਿਦਕੀ ਥੇ ਰਹੇ, ਤਿਨ ਚਿਤ ਯੌਂ ਲਈ ਧਾਰ ॥ ਬੰਦੇ ਬਹਾਦਰ ਦੇ ਕੋਲ ਜੋ ਸਿਦਕੀ ਸਿੱਖ ਰਹਿ ਗਏ ਸਨ, ਉਨ੍ਹਾਂ ਨੇ ਆਪਣੇ ਮਨ ਵਿਚ ਇਉਂ ਧਾਰ ਲਈ ਹੈ।

"ਔਰ ਬਾਤ ਅਬ ਨਹਿੰ ਭਲੀ, ਭਲੀ ਮੌਤ ਇਸ ਨਾਰ"॥ ੧੪॥ ਹੁਣ ਹੋਰ ਕੋਈ ਗੱਲ ਚੰਗੀ ਨਹੀਂ , ਇਸ ਭੁਖ ਦੇ ਦੁੱਖ ਨਾਲੋਂ ਤਾਂ ਮੌਤ ਹੀ ਚੰਗੀ ਹੈ ਜੇ ਬੰਦਾ ਮਰਦਾ ਹੈ ਤਾਂ ਅਸੀਂ ਵੀ ਨਾਲ ਹੀ ਮਰਦੇ ਹਾਂ, ਅਸੀਂ ਇਸਨੂੰ ਛੱਡ ਕੇ ਨਾ ਜਾਈਏ। ੧੪।

ਭੁੱਖਨ ਕੇ ਤਨ ਸੁਕ ਗਏ, ਰਹੇ ਸੁ ਸਸਕਤ ਪ੍ਰਾਣ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਭੁੱਖੇ ਸਿੱਖਾਂ ਦੇ ਸਰੀਰ ਸੁੱਕ ਕੇ ਪਿੰਜਰ ਬਣ ਗਏ ਸਨ ਅਤੇ ਉਨ੍ਹਾਂ ਦੇ ਪ੍ਰਾਣ ਸਹਿਕ ਰਹੇ ਸਨ।

ਲਖੀ ਨ ਹਿੰਮਤ ਸਿਖਨ ਮੇਂ, ਤੁਰਕ ਢੁਕੇ ਢਿਗ ਆਣ॥੧੫॥ ਜਦੋਂ ਤੁਰਕਾਂ ਨੇ ਵੇਖਿਆ ਕਿ ਸਿੱਖਾਂ ਵਿਚ ਹਿੰਮਤ ਨਹੀਂ ਰਹੀ ਹੈ ਜੰਗ ਲੜਨ ਦੀ ਅਤੇ ਸਹਿਕ ਰਹੇ ਹਨ, ਹੁਣ ਮਰੇ ਕਿ ਹੁਣ ਮਰੇ ਭੁਖ ਨਾਲ, ਜਦੋਂ ਆ ਕੇ ਵੇਖਦੇ ਹਨ ਕਿ ਹਿੱਲਦਾ ਹੀ ਕੋਈ ਨਹੀਂ ਹੈ, ਸਭ ਪਏ ਹਨ ਪ੍ਰਾਣ ਛੱਡੀ, ਤਾਂ ਉਨ੍ਹਾਂ ਨੇ ਆਖਿਆ ਹੁਣ ਤਾਂ ਠੀਕ ਹੈ, ਹੁਣ ਫੜ ਲਈਏ ਇਨ੍ਹਾਂ ਨੂੰ, ਤੁਰਕ ਨੇੜੇ ਆ ਢੁੱਕੇ ਹਨ। ੧੫।

ਚੌਪਈ ॥ ਤੌ ਢਿਗ ਢੁਕ ਉਨ ਪਾਯੋ ਘੇਰੋ॥ ਅਜੇ ਵੀ ਸਿਖਾਂ ਨੂੰ ਹੱਥ ਨਹੀਂ ਪਾਉਂਦੇ ਹਨ ਤੁਰਕ, ਤਾਂ ਉਨ੍ਹਾਂ ਨੇ ਨੇੜੇ ਹੋ ਕੇ ਘੇਰਾ ਪਾਇਆ ਹੈ ਕਿਲ੍ਹੇ ਦੇ ਅੰਦਰ ਵੜਕੇ ਨੇੜੇ ਹੋ ਕੇ ਘੇਰਾ ਪਾਇਆ ਹੈ।

ਨੀਹਲ ਕੰਧ ਢੁਕ ਬਹੇ ਚੁਫੇਰੋ॥ (ਨੀਹਲ) ਕਿਲ੍ਹੇ ਦੀ ਕੰਧ ਦੇ ਨੇੜੇ ਹੋਕੇ ਚਾਰ ਚੁਫੇਰੇ ਬੈਠ ਗਏ ਹਨ।

ਸੋ ਸੁਨੀਓਂ ਅਬ ਭੂਖ ਕਹਾਨੀ॥ ਉਨ੍ਹਾਂ ਸਿੱਖਾਂ ਦੀ ਹੁਣ ਭੁਖ ਦੀ ਕਹਾਣੀ ਸੁਣੋ ਭਾਈ।

ਗੁਰਦਾਸਪੁਰੈ ਮਧ ਜਿਮੇਂ ਬਿਹਾਨੀ॥੧੬॥ ਗੁਰਦਾਸ ਨੰਗਲ ਦੇ ਕਿਲ੍ਹੇ ਵਿੱਚ ਜਿਵੇਂ ਸਿੱਖਾਂ ਤੇ ਬਤੀਤ ਹੋਈ। ੧੬।

ਇਕ ਟੁਕੜੋ ਕੋਈ ਬਾਹਰੋਂ ਗੇਰੈ ॥ ਜੋ ਲੋਕ ਕਿਲ੍ਹੇ ਤੋਂ ਬਾਹਰ ਹਨ, ਉਹ ਤਾਂ ਅੰਨ ਪਾਣੀ ਛਕਦੇ ਹਨ ਸਾਰੇ, ਜੇ ਕੋਈ ਬਚਿਆ ਹੋਇਆ ਰੋਟੀ ਦਾ ਟੁਕੜਾ ਕੰਧ ਦੇ ਉਪਰ ਦੀ ਅੰਦਰ ਸੁੱਟਦਾ ਹੈ।

ਤਿਸਕੋ ਚਿਮਰੈਂ ਚਾਰ ਚੁਫੇਰੈ॥ ਜੋ ਅੰਦਰ ਭੁਖੇ ਸਿੱਖ ਹਨ ਉਹ ਉਸ ਰੋਟੀ ਦੇ ਟੁਕੜੇ ਨੂੰ ਚਾਰ ਚੁਫੇਰੇ ਆ ਚੰਬੜਦੇ ਹਨ।

ਜੂਠ ਸੂਚ ਕੋਊ ਪੂਛੇ ਨ ਬਾਤ॥ ਉੱਥੇ ਕੋਈ ਜੂਠੇ ਜਾਂ ਸੁੱਚੇ ਦੀ ਕੋਈ ਗੱਲ ਨਹੀਂ ਪੁੱਛਦਾ ਹੈ, ਕਿ ਜੂਠਾ ਹੈ ਜਾਂ ਸੁੱਚਾ ਹੈ।

ਨੀਚੋਂ ਖੋਸ ਉਚ ਲੇ ਖਾਤ॥੧੭॥ ਨੀਚ ਜਾਤ ਵਾਲਿਆਂ ਦੇ ਹੱਥ ਵਿੱਚ ਜੇ ਕੋਈ ਰੋਟੀ ਆਦਿਕ ਦਾ ਟੁਕੜਾ ਆਉਂਦਾ ਹੈ, ਉੱਚੀ ਜਾਤ ਵਾਲੇ ਉਸਦੇ ਹੱਥੋਂ ਖੋਹ ਕੇ ਖਾ ਜਾਂਦੇ ਹਨ। ੧੭।

ਤ੍ਰਬੂਜ ਖ੍ਰਬੂਜ ਕੋ ਖੋਪਰ ਬਗਾਹੈਂ॥ (ਤ੍ਰਬੂਜ) ਹਦਵਾਣੇ, ਮਤੀਰੇ ਅਤੇ ਖਰਬੂਜਿਆਂ ਦੇ ਜੇ ਕੋਈ ਕਿਲ੍ਹੇ ਅੰਦਰ (ਖੋਪਰ) ਛਿੱਲੜ ਵਗਾਹ ਕੇ ਸੁੱਟਦਾ ਹੈ।

ਇਕ ਇਕ ਪਰ ਗਿਰ ਦਸ ਦਸ ਪਾਹੈਂ ॥ ਉਸ ਤ੍ਰਬੂਜ ਜਾਂ ਖਰਬੂਜੇ ਦੇ ਇੱਕ ਇੱਕ ਛਿੱਲੜ ਦੇ ਉੱਤੇ ਦਸ ਦਸ ਜਵਾਨ ਡਿਗ ਡਿਗ ਪੈਂਦੇ ਹਨ ਕਿ ਮੈਂ ਚੁੱਕ ਲਵਾਂ, ਮੈਂ ਚੁੱਕ ਲਵਾਂ, ਮੇਰੀ ਭੁੱਖ ਹਟ ਜਾਵੇ ਐਸੀ ਦਸ਼ਾ ਹੋ ਗਈ ਹੈ।

ਜੋ ਕੋਊ ਨੀਚਜੋਂ ਟੁਕੜਾ ਦਿਖਾਵੈਂ॥ ਕੰਧ ਦੇ ਬਾਹਰਲੇ ਪਾਸੇ ਹੇਠਾਂ ਤੋਂ ਜੇ ਕੋਈ ਰੋਟੀ ਆਦਿਕ ਦਾ ਟੁਕੜਾ ਵਿਖਾਉਂਦੇ ਹਨ।

ਕੰਧੋਂ ਡਿਗ ਡਿਗ ਉਸ ਵਲ ਪਾਵੈਂ॥੧੮॥ ਕੰਧਾਂ ਤੋਂ ਡਿਗ ਡਿਗ ਕੇ ਉਸ ਟੁਕੜੇ ਵੱਲ ਨੂੰ ਜਾਣ ਦੀ ਕੋਸ਼ਸ਼ ਕਰਦੇ ਹਨ ਕਿ ਕਿਸੇ ਤਰ੍ਹਾਂ ਉਹ ਟੁਕੜਾ ਪ੍ਰਾਪਤ ਹੋ ਜਾਵੇ।੧੮।

ਰੋਟੀ ਸੋ ਉਨ ਚੰਦ ਦਿਸਾਵੈ॥ ਰਾਤ ਨੂੰ ਚੰਦ੍ਰਮਾਂ ਉਨ੍ਹਾਂ ਨੂੰ ਰੋਟੀ ਵਾਂਗ ਦਿਸਦਾ ਹੈ ਭੁੱਖਿਆਂ ਨੂੰ।

ਹੱਥ ਉਠਾਵੈਂ ਹੱਥ ਨਾਂਹ ਆਵੈ॥ ਹੱਥ ਚੰਦ੍ਰਮਾਂ ਵੱਲ ਨੂੰ ਉਤਾਂਹ ਨੂੰ ਚੁੱਕਦੇ ਹਨ, ਕਿ ਇਹ ਰੋਟੀ ਹੈ, ਪਰ ਉਹ ਹੱਥ ਵਿੱਚ ਨਹੀਂ ਆਉਂਦਾ ਹੈ, ਐਸੀ ਸਿਖਾਂ ਤੇ ਭੁੱਖ ਦੀ ਦਸ਼ਾ ਵਰਤੀ ਹੈ ਆ ਕੇ।

ਜਿਤੀ ਬਾਤ ਊਹਾਂ ਭੁਖ ਕੀ ਭਈ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਜਿੰਨੀ ਭੁਖਮਰੀ ਦੀ ਕਹਾਣੀ ਉੱਥੇ ਵਾਪਰੀ ਹੈ, ਜਿੰਨੀ ਗੱਲ ਉੱਥੇ ਭੁਖ ਦੇ ਦੁਖ ਦੀ ਹੋਈ ਹੈ।

ਸੋ ਸਭ ਹਮ ਤੇ ਲਿਖੀ ਨ ਗਈ॥੧੯॥ ਉਹ ਸਾਰੀ ਕਥਾ ਸਿਖਾਂ ਦੀ ਭੁੱਖ ਦੀ ਮੈਥੋਂ ਲਿਖੀ ਨਹੀਂ ਗਈ ਹੈ ਭਾਵ ਜਿੰਨੀ ਕੁ ਮੈਂ ਲਿਖੀ ਹੈ ਇਹ ਉਪਰੀ ਉਪਰੀ ਕਥਾ ਲਿਖੀ ਹੈ, ਜਿੰਨੀ ਦਸ਼ਾ ਭੁੱਖ ਦੀ ਵਾਪਰੀ ਹੈ ਉਹ ਲਿਖੀ ਨਹੀਂ ਜਾਂਦੀ ਹੈ। ਲਿਖੀ ਕਿਵੇਂ ਜਾਵੇ, ਜਿਨ੍ਹਾਂ ਛੱਡਿਆ ਹੀ ਕੁਛ ਨਹੀਂ , ਜਿਨ੍ਹਾਂ ਨੇ ਆਪਦੀ ਭੁੱਖ ਮਿਟਾਉਣ ਦੀ ਖਾਤਰ ਮੁਰਦੇ ਵੀ ਖਾਧੇ ਹਨ, ਹੁਣ ਏਸ ਤੋਂ ਅੱਗੇ ਕੀ ਦੱਸਣ?। ੧੯।

ਦੋਹਰਾ॥ ਸੋ ਭੀ ਬੰਦੈ ਤੇ ਸੰਗੈਂ, ਅੰਦਰ ਦੇਂਹ ਨ ਪੈਰ ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਬੰਦੇ ਬਹਾਦਰ ਦੀ ਐਡੀ ਦਹਿਸ਼ਤ ਪਈ ਹੋਈ ਸੀ, ਇਤਨੀ ਜਿਆਦਾ ਭੁੱਖ ਵਰਤ ਗਈ ਹੈ, ਪਤਾ ਵੀ ਹੈ ਤੁਰਕਾਂ ਨੂੰ ਕਿ ਸਿੱਖਾਂ ਵਿਚ ਹਿੰਮਤ ਹੀ ਕੋਈ ਨਹੀਂ ਰਹਿ ਗਈ ਹੈ, ਸ੍ਵਾਸ ਵੀ ਨਿਕਲਣ ਦੇ ਨੇੜੇ ਢੁਕੇ ਹੋਏ ਹਨ, ਮੁਰਦੇ ਹੀ ਪਏ ਹਨ, ਪਰ ਫੇਰ ਵੀ ਐਨਾ ਡਰਦੇ ਹਨ ਬੰਦੇ ਬਹਾਦਰ ਤੋਂ, ਜੁਰਅਤ ਨਹੀਂ ਰਹੀ ਕਿ ਫੌਜ ਕਿਲ੍ਹੇ ਦੇ ਅੰਦਰ ਪੈਰ ਰਖੇ।

"ਮਤ ਕਤ ਕਰੈ ਸੁ ਛਲ ਕੋਊ, ਹੁਇ ਜਾਇ ਬਿੱਲੀਓਂ ਸ਼ੇਰ" ॥੨੦॥ ਇਉਂ ਡਰਦੇ ਹਨ ਤੁਰਕ ਕਿ ਭਾਵੇਂ ਕੋਈ ਛਲ ਹੋਵੇ, ਇਹ ਉਪਰੋਂ ਉਪਰੋਂ ਹੀ ਭੁੱਖ ਦੇ ਮਾਰੇ ਮੁਰਦਿਆਂ ਵਾਂਗ ਦਿਸਦੇ ਹੋਣ ਕੋਈ ਵਾਹ ਹੀ ਨਹੀਂ ਰਹਿ ਗਈ ਇਹਨਾਂ ਵਿੱਚ, ਉਹੀ ਨਾ ਹੋਵੇ ਕਿਤੇ ਬਿੱਲੀ ਤੋਂ ਸ਼ੇਰ ਬਣ ਜਾਂਦਾ ਹੋਵੇ। ੨੦।

ਚੌਪਈ॥ ਤੌ ਭੀ ਬੰਦੇ ਨਿਕਟ ਨ ਆਵੈਂ॥ ਐਹੋ ਜਿਹੀ ਦਸ਼ਾ ਵੇਖ ਕੇ ਵੀ ਤੁਰਕ ਡਰਦੇ ਬੰਦੇ ਬਹਾਦਰ ਦੇ ਨੇੜੇ ਨਹੀਂ ਆਉਂਦੇ ਹਨ।

ਜਨ ਉਨ ਭੂਖੋ ਬੰਦੋ ਹੀ ਖਾਵੈ॥ ਜਾਣੋਂ ਉਨ੍ਹਾਂ ਨੂੰ ਇਉਂ ਡਰ ਲਗਦਾ ਹੈ ਕਿ ਭੁੱਖ ਤੋਂ ਦੁਖ ਦਾ ਮਾਰਿਆ ਕਿਤੇ ਸਾਨੂੰ ਹੀ ਨਾ ਖਾ ਜਾਵੇ।

ਬੰਦੇ ਤੇ ਯੌਂ ਡਰੈਂ ਤੁਰਕਾਨ॥ ਤੁਰਕ ਬੰਦੇ ਬਹਾਦਰ ਤੋਂ ਇਉਂ ਡਰਦੇ ਹਨ।

"ਮਰਜੋ ਸ਼ੇਰ ਮਤ ਲੇ ਉਠੇ ਪ੍ਰਾਨ" ॥੨੧॥ ਕੋਈ ਪਤਾ ਨਹੀਂ ਸ਼ੇਰ ਮਰੇ ਹੋਏ ਦਾ, ਪ੍ਰਾਣ ਫੇਰ ਪੈ ਜਾਣ ਇਸ ਵਿੱਚ, ਉੱਠ ਕੇ ਪੈ ਜਾਵੇ ਪਾੜ ਹੀ ਦੇਵੇ, ਮਨੁੱਖ ਕੀ ਹੈ, ਸ਼ੇਰ ਅੱਗੇ, ਏਨਾ ਭੈ ਬੈਠਾ ਹੋਇਆ ਹੈ। ੨੧।

ਬੰਦੈ ਤੇ ਇਤਿ ਬਿਧਿ ਵੈ ਡਰੈਂ॥ ਬੰਦੇ ਬਹਾਦਰ ਤੋਂ ਤੁਰਕ ਏਸ ਤਰ੍ਹਾਂ ਡਰਦੇ ਹਨ ਚਿੱਤ ਵਿੱਚ।

ਮਤ ਕਤ ਔਰ ਬੰਦਈ ਆ ਪਰੈਂ॥ ਕੀ ਪਤਾ ਉਪਰੋਂ ਮਦਦ ਆ ਜਾਂਦੀ ਹੋਵੇ, ਬਾਹਰੋਂ ਹੋਰ ਬੰਦਈ ਸਿੱਖ ਆ ਪੈਣ ਤੇ ਅਸੀਂ ਅੰਦਰ ਹੀ ਘਿਰ ਜਾਈਏ, ਅੰਦਰਲੇ ਹੀ ਖਾ ਜਾਣਗੇ ਮਾਰ ਕੇ ਬਾਹਰਲਿਆਂ ਨੇ ਤਾਂ ਛਡਣਾ ਹੀ ਕੀ ਹੈ।

ਕਈ ਕਹੈਂ ਕੁੰਡ ਬੰਦੇ ਬਣਾਈ॥ ਕਈ ਤੁਰਕ ਆਪਸ ਵਿੱਚ ਗੱਲਾਂ ਕਰਦੇ ਹਨ ਕਿ ਬੰਦੇ ਨੇ ਤਾਂ ਕੁੰਡ ਬਣਾਇਆ ਹੈ, ਜਿਵੇਂ ਜਨਮੇਜੇ ਨੇ ਸਰਪਮੇਧ ਕਰਨ ਲੱਗਿਆਂ ਬਣਾਇਆ ਸੀ।

ਸ੍ਰਪਨ ਜਿਮ ਆਪ ਮਰੈਂ ਸਿੰਘ ਆਈ॥੨੨॥ ਸੱਪਾਂ ਦੀ ਤਰ੍ਹਾਂ ਸਿਖ ਆ ਕੇ ਆਪ ਹੀ ਕੁੰਡ ਵਿੱਚ ਡਿੱਗ ਡਿੱਗ ਕੇ ਮਰਨਗੇ। ੨੨।

ਜੇ ਕੋ ਬੰਦੇ ਪੈ ਖਰਚ ਪੁਚਾਵੈ॥ ਜੇ ਕੋਈ ਬੰਦੇ ਬਹਾਦਰ ਦੇ ਪਾਸ ਰਾਸ਼ਨ ਆਦਿਕ ਪਹੁੰਚਦਾ ਕਰ ਦੇਵੇ।

ਫਿਰ ਬੰਦੋ ਨਹਿੰ ਹਮ ਹਥ ਆਵੈ॥ ਬਾਹਰੋਂ ਬੰਦੋਬਸਤ ਕਰਦੇ ਹਨ, ਐਸੀ ਗੱਲ ਨਾ ਹੋਵੇ, ਕੋਈ ਰਾਸ਼ਨ ਦੇ ਜਾਏ ਇਹਨਾਂ ਨੂੰ, ਜੇ ਅੰਦਰ ਰਾਸ਼ਨ ਪਾਣੀ ਪਹੁੰਚ ਗਿਆ ਫੇਰ ਏਸਨੇ ਸਾਡੇ ਹੱਥ ਨਹੀਂ ਲੱਗਣਾ ਹੈ।

ਜੈਸੇ ਪਿਆਸੇ ਮੁਖ ਪਰੇ ਪਾਨੀ॥ ਕਹਿੰਦੇ ਹਨ, ਪਿਆਸੇ ਹੋਣ ਜਾਂ ਜਖ਼ਮੀ ਹੋਣ, ਪਾਣੀ ਏਸੇ ਕਰਕੇ ਜੰਗ ਵਿੱਚ ਪਿਆਉਂਦੇ ਹੁੰਦੇ ਹਨ, ਪਿਆਸਾ ਤਾਂ ਪ੍ਰਾਣ ਛੱਡੀ ਜਾਂਦਾ ਹੁੰਦਾ ਹੈ, ਜੇ ਉਹਦੇ ਮੂੰਹ ਵਿਚ ਪਾਣੀ ਪਾ ਦੇਵੇ ਕੋਈ, ਉਸੇ ਸਮੇਂ ਫਿਰ ਪ੍ਰਾਣ ਕਾਇਮ ਹੋ ਜਾਂਦੇ ਹਨ।

ਪਜਾਸ ਮਿਟੈ ਹੋਵੈ ਸਵਧਾਨੀ॥੨੩॥ ਜਦੋਂ ਪਿਆਸ ਮਿਟ ਜਾਵੇ ਤਾਂ ਉਹ ਸਾਵਧਾਨ ਹੋ ਜਾਂਦਾ ਹੈ, ਉਦੋਂ ਹੀ ਲੜਨ ਮਰਨ ਨੂੰ ਫੇਰ ਤਿਆਰ ਹੋ ਜਾਂਦਾ ਹੈ। ੨੩।

ਦੋਹਰਾ॥ ਜੈਸੇ ਡਡੂ ਹੁਇ ਪਰਜੋ, ਜੇਠ ਘਾਮ ਮੁਰਝਾਇ॥ ਜੇਠ ਹਾੜ ਦੀ ਗਰਮੀ ਵਿੱਚ ਛੱਪੜਾਂ ਦਾ ਪਾਣੀ ਸੁੱਕ ਜਾਂਦਾ ਹੈ, ਡੱਡੂ ਵੀ ਛੱਪੜ ਦੇ ਵਿੱਚ ਹੀ ਹੁੰਦੇ ਹਨ ਉਹ ਗਾਰੇ ਦੇ ਵਿੱਚ ਹੀ ਵੜ ਜਾਂਦੇ ਹਨ, ਛੱਪੜ ਦੇ ਨਾਲ ਉਹ ਸੁੱਕ ਜਾਂਦੇ ਹਨ, ਕੋਈ ਪਤਾ ਨਹੀਂ ਲੱਗਦਾ ਡੱਡੂ ਕਿਥੇ ਗਏ ਹਨ ਬਾਹਰ ਤਾਂ ਉਹਨਾਂ ਦਾ ਕੋਈ ਟਿਕਾਣਾ ਨਹੀਂ ਹੁੰਦਾ।

ਬਰਖਾ ਪਰਤੇ ਸਾਰ ਹੀ, ਹੋਵਤ ਸਭ ਜੀਵਾਇ॥੨੪॥ ਵਰਖਾ ਦੇ ਪੈਣ ਸਾਰ ਹੀ ਸਾਰੇ ਡੱਡੂ ਜਿਉਂਦੇ ਹੋ ਜਾਂਦੇ ਹਨ ਤੇ ਛੱਪੜਾਂ ਵਿੱਚ ਗੜੈਂ ਗੜੈਂ ਹੋਣ ਲੱਗ ਪੈਂਦੀ ਹੈ ਉਦੋਂ ਹੀ। ੨੪।

ਤੁਰਕ ਦਲੀਲਾਂ ਬਹੁ ਕਰੈਂ, ਕਰ ਕਰ ਯੌ ਸੰਕਾਹਿੰ॥ ਤੁਰਕ ਬੜੀਆਂ ਦਲੀਲਾਂ ਕਰਦੇ ਹਨ, ਦਲੀਲਾਂ ਕਰ ਕਰ ਕੇ ਸੰਕੋਚਦੇ ਵੀ ਹਨ, ਭੈ ਵੀ ਖਾਂਦੇ ਹਨ, ਡਰਦੇ ਵੀ ਹਨ।

ਮਤ ਕਤ ਖਾਲਸ ਆ ਰਲੈ, ਆਕੀ ਹੁਇ ਗੜ੍ਹ ਮਾਂਹਿ॥੨੫॥ ਇਉਂ ਡਰ ਹੈ ਉਨ੍ਹਾਂ ਨੂੰ ਮਤਾਂ ਕਿਤੇ ਤੱਤ ਖਾਲਸਾ ਹੀ ਆ ਰਲਦਾ ਹੋਵੇ ਇਸਦੇ ਨਾਲ ਜੇ ਇਸਦੀ ਖ਼ਬਰ ਬਾਹਰ ਚਲੀ ਗਈ ਕਿ ਏਨ੍ਹਾਂ ਨੂੰ ਭੁੱਖ ਦਾ ਦੁੱਖ ਹੈ ਬਾਹਰੋਂ ਇਹਨਾਂ ਦੀ ਮਦਦ ਨਾ ਕਰ ਦਿੰਦਾ ਹੋਵੇ ਕੋਈ। ੨੫।

ਚੌਪਈ॥ ਅਬ ਇਨ ਕੋ ਕਿਮ ਥੋੜੇ ਕਰੋ॥ ਹੁਣ ਕਿਸੇ ਤਰ੍ਹਾਂ ਇਹਨਾਂ ਨੂੰ ਥੋੜੇ ਕਰੀਏ।

ਮਾਰ ਕੂਟ ਕਰ ਬਾਹਰ ਨਿਕਰੋ॥ ਕਿਲ੍ਹੇ ਅੰਦਰੋਂ ਮਾਰ ਕੁੱਟ ਕੇ ਇਹਨਾਂ ਨੂੰ ਬਾਹਰ ਕੱਢੋ।

ਥੋੜੇ ਕਰ ਬੰਦੇ ਫੜ ਲਯੋ॥ ਹੋਰ ਥੋੜੇ ਕਰ ਦਿਉ, ਜਦੋਂ ਬਿਲਕੁਲ ਹੀ ਥੋੜੇ ਰਹਿ ਗਏ ਤਾਂ ਫਿਰ ਬੰਦੇ ਨੂੰ ਫੜ ਲਈਏ ਹੱਥੀਂ ਜਾ ਕੇ।

ਤੌ ਦਿੱਲੀ ਫੜ ਭੇਜਹਿ ਦਯੋ॥੨੬॥ ਤਦ ਬੰਦੇ ਬਹਾਦਰ ਨੂੰ ਫੜ ਕੇ ਦਿੱਲੀ ਭੇਜ ਦੇਈਏ। ੨੬।

ਯੌ ਤੁਰਕਨ ਮਿਲ ਗਲ ਠਹਿਰਾਈ॥ ਇਉਂ ਤੁਰਕਾਂ ਨੇ ਮਿਲ ਕੇ ਗੱਲ ਪੱਕੀ ਕਰ ਲਈ ਹੈ।

"ਏਕ ਓਰ ਦਯੋ ਰਾਹ ਕਢਾਈ॥" ਤੁਰਕ ਕਿਲ੍ਹੇ ਨੂੰ ਘੇਰਾ ਪਾਈ ਬੈਠੇ ਹਨ, ਕਹਿੰਦੇ ਹਨ ਕਿ ਇੱਕ ਪਾਸਿਉਂ ਸਿੱਖਾਂ ਦੇ ਬਾਹਰ ਨਿਕਲ ਜਾਣ ਵਾਸਤੇ ਰਾਹ ਵੇਹਲਾ ਕਰ ਦਿਉ, ਕਹਿੰਦੇ ਹੋਰ ਤਾਂ ਕੋਈ ਤਰੀਕਾ ਨਹੀਂ ਹੈ।

ਇਮ ਕਹਿ ਤੁਰਕ ਦਿਵਾਯੋ ਹੋਕੋ॥ ਰਾਹ ਛੱਡਕੇ ਸਿੱਖਾਂ ਦੇ ਨਿਕਲ ਜਾਣ ਲਈ, ਇਉਂ ਕਹਿਕੇ ਤੁਰਕਾਂ ਨੇ ਹੋਕਾ ਦਿਵਾਇਆ ਹੈ।

"ਰਸਤੋ ਲਿਹੋ ਔ ਨਿਕਲ ਜਾਹੁ ਲੋਕੋ" ॥੨੭॥ ਲੋਕੋ ਕਿਉਂ ਭੁੱਖੇ ਮਰਦੇ ਹੋ, ਆਹ ਰਸਤਾ ਲੈ ਲਉ ਅਤੇ ਕਿਲ੍ਹੇ ਵਿੱਚੋਂ ਨਿਕਲ ਕੇ ਚਲੇ ਜਾਉ, ਅਸੀਂ ਤੁਹਾਨੂੰ ਕੁਛ ਨਹੀਂ ਕਹਿੰਦੇ, ਕੋਈ ਤੁਹਾਡੇ ਨਾਲ ਲੜਦਾ ਨਹੀਂ, ਲੰਘ ਜਾਉ। ੨੭।

ਛਡ ਛਡ ਸ਼ਸਤਰ ਲਾਗੇ ਜਾਣ॥ ਬੰਦਈ ਸਿੱਖ ਆਪੋ ਆਪਣੇ ਸ਼ਸਤ੍ਰਾਂ ਨੂੰ ਛੱਡ ਕੇ ਜਾਣ ਲੱਗੇ ਹਨ।

ਭੁਖ ਕੀਏ ਥੇ ਲੋਕ ਹਰਾਣ॥ ਭੁਖ ਨੇ ਲੋਕਾਂ ਨੂੰ ਬੜਾ ਹੈਰਾਨ ਕੀਤਾ ਹੋਇਆ ਸੀ, ਮੌਤ ਨੇੜੇ ਢੁੱਕੀ ਹੋਈ ਸੀ।

ਸਿਖ ਸਿਦਕੀ ਕੁਛ ਥੋੜੇ ਰਹੇ॥ ਜੋ ਸਿਦਕੀ ਸਿੱਖ ਸਨ ਉਹ ਹੁਣ ਬਹੁਤ ਥੋੜੇ ਰਹਿ ਗਏ ਕਿਲ੍ਹੇ ਵਿਚ ਗਿਣਤੀ ਦੇ।

ਛਡ ਹਥਿਆਰ ਸੋਊ ਪੈ ਰਹੇ॥੨੮॥ ਉਹ ਵੀ ਹਥਿਆਰ ਸੁੱਟ ਕੇ ਪਏ ਹਨ, ਹਥਿਆਰ ਚੁੱਕਣ ਦੀ ਹਿੰਮਤ ਨਾ ਰਹੀ ਉਨ੍ਹਾਂ ਵਿੱਚ ਵੀ। ੨੮।

ਜੋ ਕੋਊ ਉਨ ਛੇੜਜੋ ਚਹੈ॥ ਜੇ ਕੋਈ ਉਹਨਾਂ ਨੂੰ ਛੇੜੇ ਜਾਂ ਤੰਗ ਕਰਨਾ ਚਾਹੇ।

ਇਕ ਕੀ ਜਗ੍ਹਾ ਅਗਜੋਂ ਦਸ ਕਹੈਂ॥ ਜੇ ਕੋਈ ਤੁਰਕ ਉਨ੍ਹਾਂ ਸਿੱਖਾਂ ਨੂੰ ਇੱਕ ਗੱਲ ਕਹਿੰਦਾ ਹੈ ਤਾਂ ਉਹ ਉਸਦੇ ਜੁਆਬ ਵਿੱਚ ਦਸ ਸੁਣਾਉਂਦੇ ਹਨ, ਇਉਂ ਅਜੇ ਵੀ ਆਕੜ ਨਹੀਂ ਛਡਦੇ ਹਨ।

ਮਝੈਲ ਅੜਬਾਈ ਛੋਡੈਂ ਨਾਂਹ॥ ਬੰਦੇ ਬਹਾਦਰ ਦੇ ਨਾਲ ਮਝੈਲ ਸਿੱਖ ਹਨ, ਮਲਵਈ ਜਾਂ ਦੁਆਬੀਆ ਕੋਈ ਨਹੀਂ ਹੈ। ਮਝੈਲ ਹੀ ਬਹੁਤੇ ਬੰਦਈ ਸਿੱਖ ਬਣੇ ਸਨ। ਮਝੈਲ ਸਿਖ ਅਜੇ ਵੀ ਅੜਬਾਈ ਨਹੀਂ ਛਡਦੇ ਹਨ।

ਲੜਨ ਮਰਨ ਤੇ ਨਹਿੰ ਸੰਕਾਹਿ ॥੨੯॥ ਲੜਨ ਮਰਨ ਦਾ ਵੀ ਇਹਨਾਂ ਨੂੰ ਕੋਈ ਸ਼ੰਕਾ ਨਹੀਂ ਹੁੰਦਾ ਹੈ, ਬਿਲਕੁਲ ਭੈ ਨਹੀਂ ਖਾਂਦੇ ਲੜਨ ਮਰਨ ਤੋਂ। ੨੯।

ਦੋਹਰਾ॥ ਰੱਸੀ ਜਲੀ ਨ ਵਟ ਜਲਜੋ, ਬਲ ਗਯੋ ਨ ਗਯੋ ਗੁਮਾਨ॥ ਭਾਈ ਰਤਨ ਸਿੰਘ ਜੀ ਪ੍ਰਮਾਣ ਦਿੰਦੇ ਹਨ ਕਿ ਜਿਵੇਂ ਰੱਸੀ ਤਾਂ ਸੜ ਜਾਂਦੀ ਹੈ ਪਰ ਉਸਦਾ ਵੱਟ ਨਹੀਂ ਸੜਦਾ, ਏਸੇ ਤਰ੍ਹਾਂ ਮਝੈਲਾਂ ਦੀ ਗੱਲ ਦੱਸਦੇ ਨੇ ਕਿ ਮੁਰਦਿਆਂ ਦੀ ਨਿਆਈਂ ਤਾਂ ਹੋ ਗਏ ਹਨ ਪਰ ਵਿੱਚੋਂ ਗੁਮਾਨ ਨਹੀਂ ਗਿਆ ਹੈ, ਹੰਕਾਰ ਨਹੀਂ ਟੁੱਟਿਆ ਅਜੇ, ਅਜੇ ਵੀ ਅੰਦਰ ਆਕੜ ਉਸੇ ਤਰ੍ਹਾਂ ਕਾਇਮ ਹੈ।

ਸ਼ਸਤਰ ਛੁੱਟੇ ਨ ਬਲ ਛੁਟਜੋ, ਐਸ ਮਝੈਲ ਜੁਆਨ॥੩੦॥ ਸ਼ਸਤ੍ਰ ਛੁੱਟ ਗਏ ਨੇ ਲੇਕਨ ਅੰਦਰੋਂ ਬਲ ਨਹੀਂ ਛਡਦੇ ਮਨ ਕਰਕੇ ਬਲੀ ਹਨ, ਐਹੋ ਜਿਹੇ ਮਝੈਲ ਸਿੱਖ ਜੁਆਨ ਦੱਸੇ ਹਨ ਕਿ ਇਹ ਮਰਨੋਂ ਮਰ ਜਾਂਦੇ ਸਨ ਪਰ ਆਪਣਾ ਸਿੱਡਾ ਨਹੀਂ ਛਡਦੇ, ਆਕੜ ਨਹੀਂ ਛਡਦੇ। ੩੦।

ਲਰਨੇ ਤੇ ਵੈ ਕਜਾ ਡਰੈਂ, ਰਹੇ ਸਾਸ ਉਨ ਢੂਕ॥ ਮਰਨ ਦਾ ਤਾਂ ਡਰ ਹੀ ਕੋਈ ਨਹੀਂ ਰਹਿ ਗਿਆ, ਸ੍ਵਾਸ ਤਾਂ ਨੇੜੇ ਢੁੱਕੇ ਹੋਏ ਹਨ ਪਤਾ ਨਹੀਂ ਦੋ ਸ੍ਵਾਸ ਆਉਣੇ ਹਨ ਕਿ ਨਹੀਂ ਆਉਣੇ, ਐਥੋਂ ਤਾਈਂ ਨੌਬਤ ਪਹੁੰਚ ਚੁੱਕੀ ਹੈ।

ਇਮ ਭੀ ਉਨ ਕੋ ਨਾਂਹ ਛਡੈਂ, ਯਾ ਮੈਂ ਥੋ ਨਹਿ ਲੂਕ॥੩੧॥ ਇਉਂ ਵੀ ਉਨ੍ਹਾਂ ਨੂੰ ਤੁਰਕ ਫੌਜਾਂ ਨੇ ਜਿਉਂਦੇ ਨਹੀਂ ਛਡਣਾ, ਇਸ ਦੇ ਵਿੱਚ ਕੋਈ ਲੁਕੀ ਛਿਪੀ ਗੱਲ ਨਹੀਂ ਹੈ। ੩੧।

ਚੌਪਈ॥ ਉਨਕੀ ਸੂਰਤ ਤੇ ਡਰ ਲਾਗੇ॥ ਐਨੀ ਭੁਖ ਵਾਪਰ ਗਈ ਹੈ, ਐਸੀ ਦਸ਼ਾ ਹੋ ਗਈ ਹੈ ਕਿ ਉਹਨਾਂ ਸਿੱਖਾਂ ਦੀ ਸੂਰਤ ਦੇਖਿਆਂ ਡਰ ਆਉਂਦਾ ਹੈ ਕਿਉਂਕਿ ਮੁਰਦਿਆਂ ਵਾਂਗ ਤੁਰੇ ਫਿਰਦੇ ਨੇ।

ਜਨ ਕਰ ਗੋਰੋਂ ਨਿਕਲ ਭਾਜੇ॥ ਜਾਣੋਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ (ਗੋਰੋਂ) ਕਬਰਾਂ ਵਿਚੋਂ ਮੁਰਦੇ ਨਿਕਲ ਕੇ ਭੱਜੇ ਹੋਣ, ਮੁਰਦਿਆਂ ਵਰਗੇ ਸਰੂਪ ਬਣੇ ਹੋਏ ਹਨ ਭੁੱਖੇ ਸਿੱਖਾਂ ਦੇ।

ਊਪਰ ਹਡ ਨਹਿੰ ਦੀਸੈ ਮਾਸ॥ ਹੱਡਾਂ ਦੇ ਉਪਰ ਕਿਤੇ ਮਾਸ ਤਾਂ ਦਿਸਦਾ ਹੀ ਨਹੀਂ ਹੈ ਕਿ ਮਾਸ ਹੋਵੇਗਾ।

ਜਨ ਏ ਮੁਏ ਭਰਤ ਹੈਂ ਸਾਸ॥੩੨॥ ਜਾਣੋਂ ਇਉਂ ਲਗ ਰਹੇ ਹਨ ਜਿਵੇਂ ਮੁਰਦੇ ਹੋਣ, ਅਤੇ ਵਿੱਚ (ਸਾਸ) ਹਵਾ ਹੀ ਭਰੀ ਹੋਈ ਹੈ, ਜਾਨ ਵਿਚ ਹੈ ਨਹੀਂ ਹੈ। ੩੨।

ਬਿਨ ਸਾਸਨ ਜਨੁ ਮੁਰਦੇ ਤੋਰੇ॥ ਬਿਨਾਂ ਸੁਆਸਾਂ ਤੋਂ ਜਾਣੋਂ ਮੁਰਦੇ ਤੁਰੇ ਫਿਰਦੇ ਹਨ, ਹੈਨ ਮੁਰਦੇ, ਸ੍ਵਾਸ ਵਿੱਚ ਹੈ ਨਹੀਂ ਜਾਣੋਂ ਮੁਰਦੇ ਤੁਰੇ ਫਿਰਦੇ ਹਨ।

ਭਾਨਮਤੇ ਜਨ ਜਾਦੂ ਜੋਰੇ॥ ਜਿਵੇਂ ਭਾਨਮਤੀ ਨੇ ਜਾਣੋ ਜਾਦੂ ਦੇ ਜੋਰ ਨਾਲ ਬੰਦੇ ਬਣਾਏ ਹੋਣ, ਜਾਦੂ ਦੇ ਬੰਦੇ ਜੋੜੇ ਹੋਣ।

ਸਾਖੀ—

ਜਦੋਂ ਰਾਜਸਥਾਨ ਦੇ ਵਿੱਚ, ਜਦੋਂ ਜਾਨੀ ਚੋਰ ਹੋਇਆ ਹੈ, ਉਸ ਵੇਲੇ ਦੀ ਗੱਲ ਹੈ। ਭਾਨਮਤੀ ਇਕ ਰਾਜੇ ਦੀ ਲੜਕੀ ਹੋਈ ਹੈ, ਉਸਨੇ ਮੁਗਲਾਂ ਨਾਲ ਜੰਗ ਕੀਤਾ ਹੈ, ਜਦੋਂ ਮੁਗਲਾਂ ਨਾਲ ਜੰਗ ਹੋ ਰਿਹਾ ਸੀ, ਭਾਨਮਤੀ ਨੂੰ ਜਾਦੂ ਆਉਂਦਾ ਸੀ ਉਸਨੇ ਜਾਦੂ ਦੇ ਬੰਦੇ ਬਣਾਏ, ਜਾਦੂ ਦੇ ਬੰਦੇ ਹੱਡ ਹੀ ਹੱਡ ਹੁੰਦੇ ਹਨ ਨਿਰੇ, ਸਚਮੁੱਚ ਦੇ ਬੰਦੇ ਤਾਂ ਉਹ ਹੁੰਦੇ ਨਹੀਂ ਹਨ। ਜਦੋਂ ਰਾਜਸਥਾਨ ਵਿੱਚ ਕਿਲ੍ਹੇ ਨੂੰ ਘੇਰਾ ਪੈ ਗਿਆ, ਰਾਜਪੂਤਾਂ ਦੇ ਯੁੱਧ ਵਿੱਚ ਇਹ ਖੇਡ ਹੋਈ ਹੈ। ਭਾਨਮਤੀ ਨੇ ਜਦੋਂ ਦੇਖਿਆ ਕਿ ਫੌਜਾਂ ਕਿਲ੍ਹੇ ਦੇ ਨੇੜੇ ਢੁਕ ਪਈਆਂ ਹਨ, ਉਸਨੇ ਮੰਤ੍ਰ ਸ਼ਕਤੀ ਨਾਲ ਨਕਲੀ ਬੰਦੇ ਬਣਾਏ , ਜਿਹੜੇ ਜਮ੍ਹਾਂ ਹੱਡਾਂ ਦੇ ਸਨ, ਉਪਰੋਂ ਅਕਾਸ਼ ਵਿਚੋਂ ਉਹ ਤੁਰਕ ਫੌਜਾਂ ਵਿੱਚ ਸੁੱਟੇ, ਜਦੋਂ ਇਹਨਾਂ ਹੱਡਾਂ ਦੇ ਬੰਦਿਆਂ ਨੇ ਜੱਫੇ ਪਾਉਣੇ ਸ਼ੁਰੂ ਕੀਤੇ ਡਰਾਉਣਾ ਜਿਹਾ ਰੂਪ ਧਾਰ ਕੇ, ਜਦੋਂ ਫੌਜੀਆਂ ਨੇ ਵੇਖੇ ਉਹ ਤਾਂ ਬਿਨਾਂ ਮਾਰੇ ਹੀ ਮਰ ਗਏ। ਉਨ੍ਹਾਂ ਕਿਹਾ ਮੁਰਦੇ ਹੀ ਚੰਬੜ ਗਏ ਹਨ ਹੁਣ ਮਾਰਨ ਕਿਸਨੂੰ? ਏਸ ਤਰ੍ਹਾਂ ਫੌਜ ਵਾਲੇ ਉਨ੍ਹਾਂ ਤੋਂ ਡਰਦੇ ਮਾਰੇ ਜੰਗ ਦਾ ਮੈਦਾਨ ਛੱਡ ਕੇ ਭੱਜ ਤੁਰੇ ਹਨ।

ਤਨ ਕੀ ਹੱਡੀ ਸਭ ਦਿਸ ਪਾਹਿ ॥ ਸਾਰੇ ਸਰੀਰ ਦੀ ਇਕੱਲੀ ਇਕੱਲੀ ਹੱਡੀ ਦਿਸ ਰਹੀ ਹੈ। ਸਿਰਫ ਹੱਡ ਹੀ ਹੱਡ ਰਹਿ ਗਏ ਹਨ।

ਢੁਕ ਮਾਰੀ ਤੇ ਜਨੁ ਉਡ ਜਾਹਿ॥੩੩॥ ਇਤਨੇ ਹੌਲੇ ਹਨ ਜਾਣੋਂ ਢੁਕ ਮਾਰੇ ਤੋਂ ਉੱਡ ਜਾਣ, ਏਸ ਤਰ੍ਹਾਂ ਦੇ ਸਰੀਰ ਹੋ ਚੁੱਕੇ ਹਨ। ੩੩।

ਜਨ ਕਰ ਕਾਗਜ ਗੁਡੀ ਬਨਾਈ ॥ ਜਾਣੋਂ ਜਿਵੇਂ ਕਾਗਜ਼ ਦੀਆਂ ਗੁੱਡੀਆਂ ਬਣਾਈਆਂ ਹੁੰਦੀਆਂ ਹਨ।

ਸਾਥ ਪਵਨ ਕੇ ਉਡ ਉਡ ਆਈ ॥ ਇਉਂ ਲਗਦੇ ਹਨ ਜਿਵੇਂ ਹਵਾ ਨਾਲ ਉੱਡ ਉੱਡ ਕੇ ਆਉਂਦੇ ਹਨ ਸਿਖ।

ਕਈ ਕਹੈਂ ਉਨ ਮੈਂ ਨਹੀਂ ਸਾਸ ॥ ਕਈ ਕਹਿੰਦੇ ਹਨ ਉਹਨਾਂ ਦੇ ਵਿੱਚ ਸ੍ਵਾਸ ਤਾਂ ਹੈ ਨਹੀਂ, ਉਹ ਕਿਵੇਂ ਕਿਲ੍ਹੇ ਦੇ ਅੰਦਰ ਭੱਜੇ ਫਿਰਦੇ ਹਨ।

ਹਮ ਦੇਖ ਆਯੋ ਉਨ ਜਾ ਕਰ ਪਾਸ॥੩੪॥ ਅਸੀਂ ਉਹਨਾਂ ਦੇ ਕੋਲ ਜਾ ਕੇ ਵੇਖ ਕੇ ਆਏ ਹਾਂ, ਉਹ ਸ੍ਵਾਸ ਤਾਂ ਛੱਡੀ ਬੈਠੇ ਹਨ। ੩੪।

ਐਸੀ ਦਸ਼ਾ ਉਨ੍ਹੈਂ ਪੈ ਆਈ॥ ਲੋਕ ਵੇਖਣ ਵਾਲੇ ਕਹਿੰਦੇ ਹਨ ਉਹਨਾਂ ਦੀ ਐਸੀ ਦਸ਼ਾ ਬਣੀ ਹੋਈ ਹੈ, ਦੇਖੋ ਤਾਂ ਸਹੀ, ਸੁਆਸ ਨਹੀਂ ਕਿਸੇ ਵਿਚ ਮੁਰਦੇ ਪਏ ਨੇ ਕਿਲ੍ਹੇ ਅੰਦਰ।

ਮਰਨੋਂ ਪਰੇ ਜੀਵਤ ਗਤ ਪਾਈ॥ ਉਹਨਾਂ ਦੇ ਜੀਵਨ ਦੀ ਇਹ (ਗਤ) ਹਾਲਤ ਹੋਈ ਪਈ ਹੈ, ਕਿ ਉਹ ਜਿਉਂਦੇ ਹੀ ਮਰਨ ਤੋਂ ਪਰ੍ਹੇ ਹੋਏ ਪਏ ਹਨ, ਉਹ ਮੌਤ ਤੋਂ ਵੀ ਪਰ੍ਹੇ ਹੋਏ ਹਨ, ਉਨ੍ਹਾਂ (ਜੀਵਨ) ਜਿਉਂਦਿਆਂ ਹੀ (ਗਤ) ਮੁਕਤੀ ਪਾ ਲਈ ਹੈ।

ਔਰ ਲਿਖਤ ਕਿਛ ਬਨੈ ਨ ਬਾਤ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਹੋਰ ਕਿੰਨਾਂ ਕੁ ਲਿਖੀਏ, ਅੱਗੇ ਗੱਲ ਹੀ ਕੋਈ

ਨਹੀਂ ਆਉਂਦੀ ਮੁਰਦੇ ਤੋਂ ਅਗੇ ਹੋਰ ਮੈਂ ਕੀ ਲਿਖਾਂ।

ਹਿਯ ਤੜਫੈ ਸੁਨ ਚਿਤ ਕੰਪਾਤ॥੩੫॥ ਉਹ ਹਾਲਤ ਸਿੱਖਾਂ ਦੀ ਭੁੱਖ ਦੀ ਸੁਣਕੇ, ਮੇਰਾ ਹਿਰਦਾ ਤੜਫਦਾ ਹੈ ਅਤੇ ਚਿੱਤ ਕੰਬ ਉੱਠਦਾ ਹੈ। ੩੫।

ਬੰਦੇ ਕੀ ਗਤ ਹਮ ਨਹਿ ਜਾਨੀ ॥ ਬੰਦਾ ਕਿਲ੍ਹੇ ਉੱਪਰ ਚੁਬਾਰੇ ਅੰਦਰ ਬੈਠਾ ਹੈ ਉਸਦੀ (ਗਤ) ਹਾਲਤ ਅਸੀਂ ਨਹੀਂ ਜਾਣੀ ਹੈ ਉਸਦਾ ਕੀ ਹਾਲ ਹੈ?

ਕਬ ਖਾਇ ਅਨਾਜ, ਕਬ ਪੀਐ ਪਾਨੀ॥ ਉਹ ਕਦੋਂ ਭੋਜਨ ਛਕਦਾ ਹੈ? ਕਦੋਂ ਪਾਣੀ ਪੀਂਦਾ ਹੈ? ਇਸ ਗੱਲ ਦਾ ਕੋਈ ਪਤਾ ਨਹੀਂ ਹੈ।

ਜੋ ਕੋਊ ਪੁਛੈ ਕਹਿ "ਬ੍ਰਤ ਮੈਂ ਰਾਖਾ"॥ ਜੇ ਕੋਈ ਬੰਦੇ ਬਹਾਦਰ ਨੂੰ ਪੁਛਦਾ ਹੈ ਪ੍ਰਸ਼ਾਦ ਪਾਣੀ ਛਕਣ ਬਾਰੇ, ਤਾਂ ਕਹਿੰਦਾ ਹੈ ਮੇਰਾ ਵਰਤ ਰੱਖਿਆ ਹੋਇਆ ਹੈ।

ਦੇਖਤ ਲੋਕ ਨ ਉਨ ਕੁਛ ਚਾਖਾ॥੩੬॥ ਲੋਕਾਂ ਦੇ ਦੇਖਦਿਆਂ ਉਸਨੇ ਕੋਈ ਵਸਤੂ ਚੱਖੀ ਨਹੀਂ ਹੈ। ੩੬।

ਕੋਈ ਕਹੈ "ਉਸ ਦੇ ਜਾਹਿ ਬੀਰ"॥ ਕੋਈ ਇਹ ਕਹਿੰਦਾ ਹੈ ਉਸਨੂੰ ਬੀਰ ਭਲਾ ਕੋਈ ਫਲ ਫਰੂਟ ਜਾਂ ਪ੍ਰਸ਼ਾਦਾ ਪਾਣੀ ਦੇ ਜਾਂਦੇ ਹੋਣ।

ਕੋਊ ਕਹੈ "ਉਸ ਤਪੀਓ ਸਰੀਰ"॥ ਕੋਈ ਇਹ ਕਹਿੰਦਾ ਹੈ ਨਹੀਂ ਉਸਦਾ ਸਰੀਰ ਹੀ ਤਪੀਆ ਹੈ, ਉਸਨੇ ਸਰੀਰ ਹੀ ਏਨਾ ਸਾਧਿਆ ਹੋਇਆ ਹੈ ਉਸਨੂੰ ਕੋਈ ਭੁੱਖ ਪਿਆਸ ਨਹੀਂ।

ਕੋਊ ਕਹੈ "ਉਸ ਬੂਟੀ ਖਾਈ॥ ਕੋਈ ਕਹਿੰਦਾ ਹੈ ਉਸਨੇ ਭੁਖ ਮਰੀ ਵਾਲੀ ਬੂਟੀ ਖਾ ਲਈ ਹੈ। ਜਿਸਨੂੰ ਪੁੱਟ ਕੰਡਾ ਕਹਿੰਦੇ ਹਨ, ਇਸਦੇ ਤੁਸੀਂ ਚੌਲ ਕੱਢ ਲਉ, ਜਦੋਂ ਪੱਕ ਜਾਵੇ, ਇਸਦੇ ਚੌਲ ਕੱਢਕੇ, ਤੁਸੀਂ ਇੱਕ ਤੋਲਾ ਚੌਲ ਕੱਢ ਕੇ ਖਾ ਲਵੋ, ਇੱਕ ਹਫਤਾ ਭੁਖ ਨਹੀਂ ਲਗਦੀ ਹੈ। ਏਸ ਤਰ੍ਹਾਂ ਦੀਆਂ ਹੋਰ ਕਈ ਬੂਟੀਆਂ ਹਨ , ਜਿਨ੍ਹਾਂ ਦੇ ਖਾਧਿਆਂ ਤੋਂ ਭੁੱਖ ਜਾਂਦੀ ਰਹਿੰਦੀ ਹੈ ਸਿਆਣੇ ਲੋਕ ਕਹਿੰਦੇ ਹਨ ਕਿ ਇਹ ਰਸਾਇਣੀ ਸੀ, ਕੀ ਹੈ ਇਸਨੇ ਕੋਈ ਬੂਟੀ ਐਸੀ ਖਾ ਲਈ ਹੋਵੇ ਜਿਸਦੇ ਨਾਲ ਇਹਨੂੰ ਕੋਈ ਭੁਖ ਪਿਆਸ ਹੀ ਨਾ ਲੱਗਦੀ ਹੋਵੇ।

ਜਾਂ ਤੇ ਉਸ ਭੁਖ ਗਈ ਤਜਾਈ"॥੩੭॥ ਜਿਸ ਕਰਕੇ ਬੰਦੇ ਬਹਾਦਰ ਨੂੰ ਭੁਖ ਤਿਆਗ ਕੇ ਹੀ ਚਲੀ ਗਈ ਹੈ। ੩੭।

ਪ੍ਰਸੰਗ ਬੰਦੇ ਕੈ ਫੜਨੇ ਕੋ ਲਿਖਜਤੇ

(ਬੰਦਾ ਕੈਦ ਕਰਕੇ ਦਿੱਲੀ ਭੇਜਿਆ)

ਦੋਹਰਾ॥ ਤਬ ਬੰਦੇ ਸੱਦ ਸਿੱਖ ਸਭ, ਐਸੇ ਕਹਜੋ ਉਚਾਰ॥ ਤਦ ਬੰਦੇ ਬਹਾਦਰ ਨੇ ਸਭ ਸਿੱਖਾਂ ਨੂੰ ਬੁਲਾ ਕੇ, ਏਸ ਤਰ੍ਹਾਂ ਕਿਹਾ ਹੈ।

"ਅਬ ਹਮ ਤੁਰਕਨ ਸਿਰ ਦੇਵੈਂ, ਸੁਟ ਦੇਵੋ ਹਥਿਆਰ"॥ ੧॥ ਹੇ ਸਿੱਖੋ! ਸਭ ਹਥਿਆਰ ਸੁੱਟ ਦੇਵੋ, ਹੁਣ ਅਸੀਂ ਆਪਣਾ ਸੀਸ ਤੁਰਕਾਂ ਸਿਰ ਲਾਵਾਂਗੇ। ੧।

ਚੌਪਈ॥ ਸੋਊ ਬਾਤ ਸਿੱਖਨ ਮੰਨ ਲਈ॥ ਉਸਦੇ ਹੁਕਮ ਦੀ ਪਾਲਣਾ ਕਰਕੇ ਖੜ੍ਹੇ ਸਨ, ਨਹੀਂ ਤਾਂ ਨੱਠ ਜਾਂਦੇ, ਸਿਦਕ ਕਮਾਉਂਦੇ ਸਨ, ਜੋ ਬੰਦੇ ਬਹਾਦਰ ਦੇਂ ਸਿੱਖ ਬਣੇ ਸਨ, ਉਨ੍ਹਾਂ ਨੇ ਬੰਦੇ ਬਹਾਦਰ ਦੀ ਗੱਲ ਮੰਨ ਲਈ ਹੈ।

ਕਿਨੈ ਨ ਅਗਜੋਂ ਗਲ ਉਲਟਈ॥ ਕਿਸੇ ਨੇ ਵੀ ਅੱਗੋਂ ਬੰਦੇ ਬਹਾਦਰ ਦੀ ਗੱਲ ਨਹੀਂ ਉਲਟਾਈ ਹੈ।

ਜਾਇ ਸਕਜੋ ਜੋ ਬੰਦੈ ਪਾਸ॥ ਜਿਹੜਾ ਕੋਈ ਸਿੱਖ ਉੱਠਕੇ ਬੰਦੇ ਬਹਾਦਰ ਦੇ ਪਾਸ ਪਹੁੰਚ ਸਕਿਆ।

ਧਰੇ ਸ਼ਸਤ੍ਰ ਜਾ ਅੱਗੇ ਤਾਸ ॥੨॥ ਉਨ੍ਹਾਂ ਨੇ ਬੰਦੇ ਬਹਾਦਰ ਦੇ ਅੱਗੇ ਜਾ ਸ਼ਸਤ੍ਰ ਰੱਖੇ ਹਨ, ਲਉ ਮਹਾਰਾਜ! ਅਸੀਂ ਤੁਹਾਡੇ ਹੁਕਮ ਦੀ ਪਾਲਣਾ ਕਰਦੇ ਹਾਂ। ੨।

ਬਡੇ ਦ੍ਵਾਜੇ ਸੋ ਦਏ ਖੋਲ੍ਹ॥ ਕਿਲ੍ਹੇ ਦੇ ਜੋ ਵਡੇ ਦਰਵਾਜੇ ਸਨ ਉਹ ਵੀ ਬੰਦੇ ਬਹਾਦਰ ਦੇ ਹੁਕਮ ਨਾਲ ਖੋਲ੍ਹ ਦਿੱਤੇ।

"ਕੋਊ ਮਾਰੋ ਹਮ" ਉਨ ਕਹਜੋ ਬੋਲ॥ ਉਨ੍ਹਾਂ ਨੇ ਉੱਚੀ ਅਵਾਜ ਵਿੱਚ ਬੋਲ ਕੇ ਕਿਹਾ, ਆਉ ਸਾਨੂੰ ਆ ਕੇ ਮਾਰ ਦਿਉ।

ਕਈਅਨ ਸ਼ਸਤਰ ਉਨ ਵਲ ਫੈਂਕੇ॥ ਕਈ ਸਿਖਾਂ ਨੇ ਆਪਣੇ ਹਥਿਆਰ ਉਨ੍ਹਾਂ ਵਲ ਸੁੱਟੇ ਹਨ।

ਕਈਅਨ ਭੰਨ ਸਾੜੇ ਠੈਂਕੇ ॥੩॥ ਕਈ ਸਿੱਖਾਂ ਨੇ ਆਪਣੇ ਹਥਿਆਰ ਭੰਨ ਸੁੱਟੇ ਹਨ, ਕਈਆਂ ਨੇ ਆਪਣੀਆਂ ਬੰਦੂਕਾਂ ਆਦਿਕ ਸਾੜ ਦਿੱਤੀਆਂ ਹਨ। ੩।

ਦੋਹਰਾ॥ ਤਬ ਨਿਬਾਬ ਨੇ ਸੁਨ ਲਈ, ਕਹੀ ਜੁ ਬੰਦੇ ਬਾਤ॥ ਜੋ ਬੰਦੇ ਬਹਾਦਰ ਨੇ ਇਹ ਗੱਲ ਕਹੀ ਹੈ ਕਿ ਹਥਿਆਰ ਸੁੱਟ ਦਿਉ ਸਾਰੇ, ਕੋਈ ਹੱਲਾ ਕਰੇ ਮਾਰ ਦੇਣ ਭਾਵੇਂ ਗ੍ਰਿਫਤਾਰ ਕਰ ਲੈਣ ਅਸਾਂ ਇਹਨਾਂ ਜਿੰਮੇ ਆਪਣੇ ਸਿਰ ਲਾ ਦੇਣੇ ਹਨ, ਇਹ ਗੱਲ ਨਬਾਬ ਕੋਲ ਪਹੁੰਚ ਗਈ ਹੈ।

ਖੁਸ਼ੀ ਭਈ ਸ਼ਾਦੀ ਆਈ, ਮਨ ਮੈਂ ਸੋ ਗਰਬਾਤ॥੪॥ ਤੁਰਕਾਂ ਦੀ ਮਨਸ਼ਾ ਪੂਰੀ ਹੋ ਗਈ ਹੈ, ਤੁਰਕਾਂ ਨੂੰ ਖੁਸ਼ੀਆਂ ਹੋ ਗਈਆਂ ਹਨ, ਸ਼ਾਦੀਆਂ ਹੋ ਗਈਆਂ ਹਨ, ਨਿਬਾਬ ਮਨ ਦੇ ਵਿੱਚ ਹੰਕਾਰ ਕਰਦਾ ਹੈ। ੪।

ਛੰਦ॥ ਸ਼ਸਤ੍ਰ ਸੁਟਾਏ॥ ਨਬਾਬ ਸੁਨ ਪਾਏ॥ ਜਦੋਂ ਨਬਾਬ ਨੇ ਇਹ ਸੁਣ ਪਾਈ ਕਿ ਬੰਦੇ ਬਹਾਦਰ ਨੇ ਸ਼ਸਤ੍ਰ ਸੁਟਾ ਦਿਤੇ ਹਨ ਆਪਣੀ ਫੌਜ ਤੋਂ।

ਨਿਬਾਬ ਗ੍ਰਬਾਯੋ ॥ ਨਹਿੰ ਅੰਗ ਸਮਾਯੋ॥੫॥ ਨਬਾਬ ਹੰਕਾਰਿਆ ਹੋਇਆ ਆਪਣੇ ਅੰਗਾਂ ਵਿਚ ਨਹੀਂ ਸਮਾ ਰਿਹਾ ਹੈ, ਬੜਾ ਹੰਕਾਰ ਵਿਚ ਫੁੱਲਿਆ ਹੈ। ੫।

ਤਿਨ ਲੋਕ ਸਦਾਏ॥ ਵਲ ਬੰਦੈ ਘਲਾਏ॥ ਫਿਰ ਵੀ ਹਿੰਮਤ ਨਹੀਂ ਪੈਂਦੀ ਕਿ ਕਿਲ੍ਹੇ ਵਿੱਚ ਜਾਵੇ ਕੋਈ ਫੌਜ, ਪਿੰਡਾਂ ਦੇ ਲੋਕਾਂ ਨੂੰ ਸੱਦਿਆ ਹੈ, ਜਾਉ ਬੰਦੇ ਬਹਾਦਰ ਦੀ ਦਸ਼ਾ ਵੇਖਕੇ ਆਉ, ਲੋਕਾਂ ਨੂੰ ਬੰਦੇ ਬਹਾਦਰ ਵਲ ਘੱਲਿਆ ਹੈ।

"ਬੰਦੈ ਫੜ ਲਜਾਓ ॥ ਨਹਿੰ ਦੇਰ ਲਗਾਓ" ॥੬॥ ਜਾਉ ਬੰਦੇ ਨੂੰ ਫੜ ਲਿਆਉ ਜਾ ਕੇ, ਹੁਣ ਦੇਰ ਨਾ ਲਾਉ। ੬।

ਦੋਹਰਾ॥ ਫਿਰ ਨਿਬਾਬ ਸਭ ਸਦ ਕਹਜੋ, ਥੋ ਜਿਤਨੇ ਫੁਜਦਾਰ॥ ਜਿੰਨੇ ਫੌਜਦਾਰ ਸਨ ਉਨ੍ਹਾਂ ਸਭ ਨੂੰ ਸੱਦ ਕੇ ਨਬਾਬ ਨੇ ਕਿਹਾ ਹੈ।

ਬੰਦੈ ਸ਼ਸਤਰ ਸੁਟ ਦਏ, ਉਸ ਮਾਰਨ ਨਹਿੰ ਦਰਕਾਰ॥੭॥ ਬੰਦੇ ਬਹਾਦਰ ਨੇ ਹਥਿਆਰ ਸੁੱਟ ਦਿੱਤੇ ਹਨ, ਹੁਣ ਉਸ ਨੂੰ ਮਾਰਨਾ ਯੋਗ ਨਹੀਂ ਹੈ, ਉਸਨੂੰ ਗ੍ਰਿਫਤਾਰ ਕਰ ਲਵੋ। ਭਾਵ ਫੜ ਲਈਏ ਉਨ੍ਹਾਂ ਨੂੰ ਮਾਰੀਏ ਨਾ। ੭।

ਛੰਦ॥ ਸੋ ਸੁਨ ਕੈ ਦੌੜੇ॥ ਕਈ ਲੁਟਣ ਧੌੜੇ॥ ਨਬਾਬ ਦਾ ਇਹ ਹੁਕਮ ਸੁਣਕੇ ਉਹ ਲੋਕ ਕਿਲ੍ਹੇ ਵਲ ਨੂੰ ਲੁੱਟਣ ਦੀ ਮਨਸ਼ਾ ਨਾਲ ਦੌੜੇ ਹਨ।

ਉਨ ਇਮ ਸਿਖ ਜਾਤੇ॥ ਜਨ ਊਂਘੇ ਮਾਤੇ॥ ੮॥ ਉਨ੍ਹਾਂ ਲੋਕਾਂ ਨੇ ਸਿਖਾਂ ਨੂੰ ਇਸ ਤਰ੍ਹਾਂ ਜਾ ਕੇ ਵੇਖਿਆ ਹੈ, ਜਾਣੋਂ ਨੀਂਦ ਦੀ (ਮਾਤੇ) ਲੋਰ ਵਿੱਚ ਊਂਘ ਰਹੇ ਹਨ। ੮।

ਚੌਪਈ॥ ਲੀਯੋ ਚੁਫੇਰਿਜੋਂ ਚੁਬਾਰੋ ਘੇਰ॥ ਫੌਜਦਾਰਾਂ ਨੇ ਚੋਬਾਰੇ ਨੂੰ ਚਾਰ ਚੁਫੇਰਿਓਂ ਘੇਰ ਲਿਆ ਹੈ।

ਤੌ ਭੀ ਦਿਸੇ ਉਸ ਸਸਕਤਿ ਸ਼ੇਰ॥ ਫੇਰ ਵੀ ਉਨ੍ਹਾਂ ਨੂੰ ਸਹਿਕਦੇ ਸ਼ੇਰ ਵਾਂਗ ਦਿਸ ਰਿਹਾ ਹੈ ਬੰਦਾ ਬਹਾਦਰ।

ਡਰ ਕਰ ਕੋਊ ਨੇਰ ਨ ਆਵੈਂ॥ ਬੰਦੇ ਤੋਂ ਡਰ ਦੇ ਕਰਕੇ ਕੋਈ ਵੀ ਉਸਦੇ ਨੇੜੇ ਨਹੀਂ ਆਉਂਦੇ।

ਭੈ ਕਰ ਮਨ ਮੈਂ ਬਹੁ ਸੰਕਾਵੈਂ॥੯॥ ਮਨ ਵਿੱਚ ਡਰ ਕਰਕੇ ਬਹੁਤ ਸੰਗਦੇ ਹਨ, ਹਿੰਮਤ ਨਹੀਂ ਪੈਂਦੀ ਕੋਲ ਜਾਣ ਦੀ। ੯।

ਦੋਹਰਾ॥ ਢੁਕ ਚੁਬਾਰੇ ਢਿਗ ਖੜੇ, ਅੰਦਰ ਬੜਨੋ ਸੰਕਾਹਿ॥ ਤੁਰਕ ਚੁਬਾਰੇ ਦੇ ਨੇੜੇ ਢੁਕ ਕੇ ਜਾ ਖੜੇ ਹੋਏ ਹਨ, ਡਰਦੇ

ਮਾਰੇ ਅਜੇ ਵੀ ਚੁਬਾਰੇ ਅੰਦਰ ਜਾਣ ਤੋਂ ਸੰਕੋਚਦੇ ਹਨ।

ਚੁਪ ਕੀਤੋ ਬੰਦੋ ਦੇਖ ਕੈ, ਤੌ ਜਾਇ ਫੜੀ ਤਿਹ ਬਾਂਹਿ॥੧੦॥ ਜਦੋਂ ਉਹਨਾਂ ਨੇ ਚੁਬਾਰੇ ਦਾ ਬੂਹਾ ਖੁਲ੍ਹਾ ਦੇਖਿਆ ਹੈ, ਬੰਦੇ ਬਹਾਦਰ ਨੂੰ ਚੁੱਪ ਕੀਤੇ ਬੈਠੇ ਹੋਏ ਨੂੰ ਡਰਦਿਆਂ ਡਰਦਿਆਂ ਨੇ ਉਸਦੀ ਬਾਂਹ ਜਾ ਫੜੀ ਹੈ। ੧੦।

ਚੌਪਈ॥ ਫੜ ਬੰਦੇ ਕੌ ਬਾਹਰ ਲਯਾਏ॥ ਬੰਦੇ ਨੂੰ ਗ੍ਰਿਫਤਾਰ ਕਰਕੇ ਚੌਬਾਰੇ ਵਿਚੋਂ ਬਾਹਰ ਲਿਆਏ ਹਨ।

ਲੋਹ ਪਿੰਜਰੇ ਤਬ ਲਜੌ ਪਾਏ॥ ਤਦੋਂ ਬੜੀ ਛੇਤੀ ਨਾਲ ਬੰਦੇ ਬਹਾਦਰ ਨੂੰ ਲੋਹੇ ਦੇ ਪਿੰਜਰੇ ਵਿੱਚ ਕੈਦ ਕਰ ਲਿਆ ਹੈ।

ਔਰ ਸੰਗਲ ਥਾਇ ਚਾਰ ਅੜਾਏ॥ ਅਤੇ ਲੋਹੇ ਦਾ ਪਿੰਜਰਾ ਚਾਰ ਥਾਵਾਂ ਤੋਂ ਲੋਹੇ ਦੇ ਸੰਗਲਾਂ ਨਾਲ ਬੰਨ੍ਹਿਆ ਹੋਇਆ ਸੀ।

ਪਗ ਬੇੜੀ ਗਲ ਤਬਕ ਘਤਾਏ॥੧੧॥ ਬੰਦੇ ਬਹਾਦਰ ਦੇ ਪੈਰਾਂ ਵਿੱਚ ਬੇੜੀਆਂ ਤੇ ਗਲ ਵਿੱਚ ਤਉਕ ਚਮੜੇ ਦਾ ਪਾ ਦਿੱਤਾ। ੧੧।

ਹੱਥ ਹਥੌੜੀ ਲੱਕ ਜੰਜੀਰ॥ ਹੱਥਾਂ ਨੂੰ ਹੱਥਕੜੀਆਂ ਤੇ ਲੱਕ ਨੂੰ ਜੰਜੀਰ ਪਾ ਕੇ ਬੰਦੇ ਬਹਾਦਰ ਦੇ, ਤੁਰਕ ਫੌਜੀਆਂ ਨੇ ਫੜੀਆਂ ਹੋਈਆਂ ਹਨ, ਪਿੰਜਰੇ ਵਿਚ ਪਾਏ ਨੂੰ ਵੀ ਐਡਾ ਖਤਰਾ ਮੰਨਦੇ ਨੇ।

ਬੰਦਾ ਬੰਧਜੋ ਇਤ ਤਤਬੀਰ॥ ਏਸ ਤਰੀਕੇ ਨਾਲ ਬੰਦੇ ਬਹਾਦਰ ਨੂੰ ਬੰਨ੍ਹ ਲਿਆ ਹੈ।

ਦੋਇ ਤਰਫ ਦੁਇ ਮੁਗਲ ਬਹਾਏ॥ ਉਸ ਪਿੰਜਰੇ ਦੇ ਦੋਵੇਂ ਪਾਸੀਂ ਦੋ ਮੁਗਲ ਸਿਪਾਹੀ ਬਿਠਾ ਦਿੱਤੇ ਹਨ।

ਨਾਲ ਉਸੈ ਕੇ ਉਇ ਨਰੜਾਏ ॥੧੨॥ ਬੰਦੇ ਬਹਾਦਰ ਦੇ ਨਾਲ ਹੀ ਉਹ ਸਿਪਾਹੀ ਨਰੜ ਦਿੱਤੇ ਹਨ, ਕਿ ਇਹ ਭੱਜ ਨਾ ਜਾਣ ਕਿਤੇ, ਉਨ੍ਹਾਂ ਦੋ ਮੁਗਲ ਸਿਪਾਹੀਆਂ ਨੂੰ ਵੀ ਬੰਦੇ ਦੇ ਪਿੰਜਰੇ ਦੇ ਨਾਲ ਹੀ ਬੰਨ੍ਹ ਦਿੱਤਾ ਹੈ। ੧੨।

ਕਹੈਂ "ਬੰਦਾ ਮਤ ਜਾਵੈ ਉੱਡ"॥ ਫੌਜਦਾਰ ਕਹਿੰਦੇ ਹਨ ਕਿ ਬੰਦਾ ਬਹਾਦਰ ਉੱਡ ਹੀ ਨਾ ਜਾਵੇ।

ਨਾਲ ਗੱਡੇ ਦਏ ਸੰਗਲ ਗੱਡ॥ ਪਿੰਜਰਾ ਗੱਡੇ ਤੇ ਰੱਖ ਕੇ ਸੰਗਲਾਂ ਦੇ ਵਿੱਚ ਦੀ ਮੋਟੇ ਕਿੱਲ ਗੱਡੇ ਵਿੱਚ ਗੱਡ ਦਿੱਤੇ ਹਨ । ਕਿ ਜੇ ਬੰਦਾ ਬਹਾਦਰ ਪਿੰਜਰੇ ਸਮੇਤ ਉੱਡਣ ਲੱਗੇ ਤਾਂ ਗੱਡਾ ਭਾਰਾ ਕਰਕੇ ਉਸਤੋਂ ਉਡਿਆ ਨਾ ਜਾ ਸਕੇ।

ਤੋਰ ਦੀਓ ਸੋ ਦਿੱਲੀ ਰਾਹੁ॥ ਜਲੂਸ ਦੀ ਸ਼ਕਲ ਵਿੱਚ ਦਿੱਲੀ ਨੂੰ ਤੋਰ ਲਿਆ ਹੈ।

ਛੋਟੀ ਬਡੀ ਲਜੌ ਮਜਲੀਂ ਲਾਹਿ॥੧੩॥ ਫੌਜ ਵਾਲਿਆਂ ਮੁਰਦੇ ਸਿਖਾਂ ਦੇ ਸਿਰਾਂ ਵਿਚ ਨੇਜੇ ਪਰੋ ਕੇ ਇਉਂ ਜਲੂਸ ਬਣਾਇਆ ਹੋਇਆ ਹੈ। ਛੋਟਾ ਵੱਡਾ ਪੜਾਅ ਕਰਦੇ ਹੋਏ ਮਜ਼ਲੋ ਮਜ਼ਲੀ। ੧੩।

ਸਿੱਖ ਬੰਦੈ ਸੰਗ ਬੰਧ ਜੋ ਤੋਰੇ॥ ਜੋ ਸਿੱਖ ਬੰਦੇ ਬਹਾਦਰ ਨਾਲ ਕੈਦ ਕਰਕੇ ਤੋਰੇ ਸਨ ਬੰਨ੍ਹ ਕੇ।

ਦੁਇ ਦੁਇ ਇਕ ਇਕ ਬੇੜੀ ਜੋੜੇ॥ ਇੱਕ ਇੱਕ ਬੇੜੀ ਵਿੱਚ ਦੋ ਦੋ ਸਿਖਾਂ ਦਾ ਇੱਕ ਇੱਕ ਪੈਰ ਜੋੜ ਕੇ ਇਕੱਠਿਆਂ ਨੂੰ ਲੈ ਤੁਰੇ ਹਨ।

ਇਕ ਪਾਸਨ ਉਨ ਕੇ ਹਥ ਜੋੜੇ॥ ਇੱਕ ਪਾਸੇ ਉਨ੍ਹਾਂ ਦੇ ਹੱਥਕੜੀਆਂ ਵੀ ਇਕੱਠੀਆਂ ਵੱਜੀਆਂ ਨੇ, ਇੱਕ ਇੱਕ ਹੱਥ ਵੇਹਲਾ ਹੈ।

ਇਕ ਇਕ ਛੋਡੇ ਕਿਰਿਆ ਲੋੜੇ ॥੧੪॥ ਕਿਰਿਆ ਵਾਸਤੇ ਜਲ ਪਾਣੀ ਵਰਤਣ ਵਾਸਤੇ, ਖਾਣ ਪੀਣ ਵਾਸਤੇ ਇੱਕ ਇੱਕ ਖਾਲੀ ਰੱਖਿਆ ਹੈ। ੧੪।

ਦੋਹਰਾ॥ ਤੌ ਭੀ ਗੱਡਜਨ ਪਰ ਬੰਦੇ, ਦੀਨੋਂ ਰਿਜਕ ਲਗਾਇ॥ ਤਾਂ ਵੀ ਗੱਡਿਆਂ ਉੱਤੇ ਬੰਦਾ ਬਹਾਦਰ ਅਤੇ ਉਸਦੇ ਸਾਥੀਆਂ ਨੂੰ (ਰਿਜਕ) ਖਾਣ ਦੀ ਨਿੱਤ ਦੀ ਖੁਰਾਕ ਲਗਾ ਦਿੱਤੀ ਹੈ ਤੁਰਕਾਂ ਨੇ।

ਭੁੱਨਾਂ ਕੱਚਾ ਜਿਮ ਬਨੈ, ਤਿਮ ਸਿਖ ਲੇਵੈਂ ਖਾਇ ॥੧੫॥ ਕਿਲ੍ਹੇ ਦੇ ਵਿੱਚ ਤਾਂ ਮਿਲਦਾ ਹੀ ਕੁਛ ਨਹੀਂ ਸੀ, ਹੁਣ ਭੁੰਨਿਆ ਜਾਂ ਕੱਚਾ ਜਿਹੋ ਜਿਹਾ ਵੀ ਮਿਲਦਾ ਹੈ ਸ਼ੁਕਰ ਕਰਕੇ ਖਾ ਲੈਂਦੇ ਹਨ। ੧੫।

ਚੌਪਈ॥ ਸਬ ਹੀ ਪਕੜ ਸਾਥੇ ਜਾਇ॥ ਜੋ ਕਿਲ੍ਹੇ ਵਿਚੋਂ ਬੰਦਈ ਸਿੱਖ ਪਕੜੇ ਹਨ ਉਹ ਸਾਰੇ ਹੀ ਬੰਦੇ ਬਹਾਦਰ ਨਾਲ ਜਾ ਰਹੇ ਹਨ।

ਪੜ੍ਹੈਂ ਬਾਣੀਆਂ ਨਹਿੰ ਸੰਕਾਹਿੰ॥ ਸਿੱਖ ਗੁਰਬਾਣੀ ਪੜ੍ਹਦੇ ਜਾਂਦੇ ਹਨ, ਮੌਤ ਦਾ ਕੋਈ ਸ਼ੰਕਾ ਨਹੀਂ ਹੈ।

ਇਕਤ ਹਥ ਤੇ ਰਬਾਬ ਬਜਾਵੈਂ॥ ਰਬਾਬ ਨਾਲ ਕੀਰਤਨ ਵੀ ਕਰਦੇ ਹਨ, ਇੱਕ ਹੱਥ ਦੇ ਨਾਲ ਹੀ ਰਬਾਬ ਵਜਾਉਂਦੇ ਹਨ।

ਸ਼ਸਤ੍ਰ ਗਿਰੇ ਉਨ ਚੁਕੇ ਨ ਜਾਵੈਂ॥੧੬॥ ਕਈਆਂ ਦੇ ਹੱਥਾਂ ਵਿੱਚ ਸ਼ਸਤ੍ਰ ਵੀ ਫੜੇ ਹੋਏ ਹਨ, ਜੇ ਹੱਥੋਂ ਸ਼ਸਤ੍ਰ ਡਿੱਗ ਪਏ ਤਾਂ ਉਨ੍ਹਾਂ ਤੋਂ ਉਹ ਚੁਕਿਆ ਨਹੀਂ ਜਾਂਦਾ ਹੈ। ੧੬।

ਸਬਦ ਪੜ੍ਹੈਂ ਜੋ ਮਰਨੇ ਵਾਰੇ॥ ਗੁਰਬਾਣੀ ਵਿੱਚ ਜੋ ਭਿਅੰਕਰ ਮੌਤ ਦਾ ਦ੍ਰਿਸ਼ ਵਿਖਾਇਆ ਹੈ, ਉਨ੍ਹਾਂ ਸ਼ਬਦਾਂ ਦਾ ਗਾਇਨ ਕਰਦੇ ਨੇ।

ਜੀਵਣ ਝੂਠੋ ਸਬਦ ਉਚਾਰੈਂ॥ ਇਹ ਜੀਵਨ ਝੂਠਾ ਹੈ ਐਹੋ ਜਿਹੇ ਸ਼ਬਦ ਗੁਰਬਾਣੀ ਵਿਚੋਂ ਉਚਾਰਨ ਕਰਦੇ ਨੇ।

"ਸਾਧੋ ਯਹ ਮੁਰਦਨ ਕੋ ਗਾਊਂ॥ ਹੇ ਸਾਧੋ! ਇਹ ਮੁਰਦਨ ਕੋ ਗਾਊਂ, ਕਬੀਰ ਸਾਹਿਬ ਜੀ ਦਾ ਸ਼ਬਦ ਇਉਂ ਉਚਾਰਨ ਕਰਦੇ ਨੇ।

ਯਾ ਜਗ ਮੇਂ ਕੋਊ ਰਹਨ ਨ ਪਾਊ॥੧੭॥ "ਜੋ ਆਇਆ ਸੋ ਚਲਸੀ ਸਭ ਕੋਈ ਆਈ ਵਾਰੀਆ"। ਐਸੇ ਐਸੇ ਸ਼ਬਦ ਗਾਇਨ ਕਰਦੇ ਹਨ। ੧੭।

ਸਿਦਕ ਸਬੂਰੀ ਜਿਸ ਪੈ ਰਹੀ॥ ਜਿਸਦੇ ਪਾਸ ਸਿਦਕ ਸਬਰ ਹੈ, ਜੋ ਸਬਰ ਸਿਦਕ ਰੱਖਦਾ ਹੈ।

ਸੱਚ ਮਜੂਰੀ ਤਿਸੈ ਕਮਈ"॥ ਇਹ ਸੱਚ ਦੀ ਮਜ਼ਦੂਰੀ ਹੈ, ਸਿਦਕ ਸਬੂਰੀ ਰੱਖਣੀ, ਆਪਣੇ ਗੁਰੂ ਤੇ ਭਰੋਸਾ ਰੱਖਣਾ, ਇਹ ਸਿੱਖ ਦੇ ਨਾਲ ਜਾਇਗੀ , ਬਾਕੀ ਦੀਆਂ ਤਾਂ ਗੱਲਾਂ ਫਜ਼ੂਲ ਨੇ, ਇਹ ਤਾਂ ਆਮ ਦੁਨੀਆਂ ਨੂੰ ਵੀ ਮਿਲ ਰਹੀਆਂ ਹਨ। ਸਿੱਖੀ ਤੇ ਦੁਨੀਆਂ ਵਿੱਚ ਇਤਨਾ ਫਰਕ ਹੈ। ਸਿੱਖੀ ਸਿਦਕ ਦੀ ਹੈ, ਸਬਰ ਦੀ ਹੈ, ਸੰਤੋਖ ਦੀ ਹੈ, ਜਿਨ੍ਹਾਂ ਦੇ ਪਾਸ ਇਹ ਸੱਚਾ ਧਨ ਹੈ ਉਨ੍ਹਾਂ ਦੀ ਕਮਾਈ ਰਾਸ ਹੈ।

ਇਮ ਕਰ ਦੁਖ ਕੋ ਸੁਖ ਕਰ ਮਾਨਾ॥ ਇਸ ਤਰ੍ਹਾਂ ਕਰਕੇ ਭਾਵੇਂ ਕਿੰਨਾਂ ਵੀ ਦੁੱਖ ਹੈ, ਸਿੱਖਾਂ ਨੇ ਦੁੱਖ ਨਹੀਂ ਮੰਨਿਆਂ ਉਸ ਨੂੰ ਸੁਖ ਹੀ ਮੰਨਿਆਂ ਹੈ, ਭਾਣਾ ਮੰਨਦੇ ਨੇ ਵਾਹਿਗੁਰੂ ਦਾ।

ਜੀਵਨ ਤਜ ਬਹਿ ਮਰਨ ਮਨ ਠਾਨਾ॥੧੮॥ ਜੀਵਨ ਦੀ ਆਸ ਲਾਹ ਦਿੱਤੀ ਹੈ ਤੇ ਮਨ ਵਿਚ ਮਰਨਾ ਪੱਕਾ ਧਾਰ ਲਿਆ ਹੈ। ੧੮।

ਸ਼ਬਦਨ ਪੜ੍ਹੈਂ ਕਰੈਂ ਅਰਦਾਸ॥ ਸ਼ਬਦ ਬਾਣੀ ਪੜ੍ਹਦੇ ਨੇ ਤੇ ਅਰਦਾਸੇ ਕਰਦੇ ਹਨ ਸਿੱਖ ।

ਦੁਸ਼ਟ ਤੁਰਕਨ ਕੋ ਆਖੈਂ ਨਾਸ਼ ॥ ਅਰਦਾਸੇ ਵਿੱਚ ਸਿੱਖ ਕਹਿੰਦੇ ਹਨ ਹੇ ਸੱਚੇ ਪਾਤਸ਼ਾਹ! ਪੰਥ ਦੇ ਦੋਖੀਆਂ ਦਾ ਨਾਸ ਕਰਨਾ। ਇਹਨਾਂ ਤੁਰਕਾਂ ਦਾ ਨਾਸ ਕਰਿਉ।

ਜਹਿੰ ਜਹਿੰ ਖਾਲਸੇ ਹੁਇ ਪਰਗਾਸ॥ ਜਿਥੇ ਜਿਥੇ ਤੇਰੇ ਖਾਲਸੇ ਦਾ ਪ੍ਰਕਾਸ਼ ਹੋਵੇ।

ਖਾਲਸੈ ਨਿਬਾਹੁ ਹੈ ਕੇਸੀਂ ਸਾਸ॥੧੯॥ ਖਾਲਸਾ ਆਪਣੇ ਕੇਸ਼ਾਂ ਸ੍ਵਾਸਾਂ ਨਾਲ ਸਿੱਖੀ ਨਿਭਾਵੇ, ਇਉਂ ਅਰਦਾਸੇ ਕਰਦੇ ਹਨ ਸਿਦਕੀ ਸਿੱਖ। ੧੯।

ਤੁਰਕ ਸੁਣੈਂ ਸੁਣ ਗੁੱਸਾ ਕਰੈਂ॥ ਤੁਰਕ ਇਸ ਤਰ੍ਹਾਂ ਸੁਣ ਸੁਣ ਕੇ ਗੁੱਸਾ ਕਰਦੇ ਹਨ ਮਨ ਵਿੱਚ।

ਮਰਨ ਮੰਗੈਂ ਸਿੰਘ ਸੋ ਕਤ ਡਰੈਂ॥ ਸਿੰਘ ਜੋ ਆਪ ਮੌਤ ਦੀ ਖੈਰ ਮੰਗਦੇ ਹਨ ਉਹ ਕਦੋਂ ਡਰਦੇ ਹਨ ਕਿਸੇ ਤੋਂ।

ਕਮਾਵੈਂ ਸਿਦਕ ਨ ਕਿਸ ਤੇ ਡਰਹੀਂ॥ ਗੁਰਸਿਖੀ ਸਿਦਕ ਕਮਾਉਂਦੇ ਹਨ ਸਿੱਖ ਅਤੇ ਕਿਸੇ ਤੋਂ ਡਰਦੇ ਨਹੀਂ ਹਨ।

ਏਕ ਆਸ ਪਰਮੇਸ਼ਰ ਕਰਹੀਂ ॥੨੦॥ ਇੱਕ ਵਾਹਿਗੁਰੂ ਦੀ ਆਸ ਹੈ, ਉਸਦੇ ਬਿਨਾਂ ਹੋਰ ਕਿਸੇ ਤੇ ਭਰੋਸਾ ਨਹੀਂ ਕਰਦੇ

ਉਹ। ੨੦।

ਦੋਹਰਾ॥ ਢਿਗ ਸ੍ਰਹੰਦ ਡੇਰੋ ਪਯੋ, ਸਿੰਘ ਤੋਰੇ ਮੱਧ ਬਜਾਰ॥ ਸਰਹੰਦ ਦੇ ਕੋਲ ਡੇਰਾ ਲੱਗਿਆ ਹੈ, ਕਿਉਂਕਿ ਸਰਹੰਦ ਦੀ ਦੁਰਦਸ਼ਾ ਸਿੰਘਾਂ ਨੇ ਕੀਤੀ ਸੀ ਸਭ ਨੂੰ ਪਤਾ ਸੀ, ਵੇਖਿਆ ਸੀ, ਹੁਣ ਤੁਰਕ ਆਪਦੀ ਸ਼ੋਹਰਤ ਕਰਦੇ ਨੇ, ਜਲੂਸ ਕੱਢਦੇ ਨੇ, ਕਿਉਂ? ਦੇਖਿਆ! ਅਸੀਂ ਕਿਥੋਂ ਤੀਕ ਪਹੁੰਚੇ ਹਾਂ, ਤਾਂ ਹੀ ਅਸਾਂ ਇਹ ਲਿਆਂਦੇ ਹਨ ਬੰਨ੍ਹ ਕੇ, ਲੋਕਾਂ ਨੂੰ ਵਿਖਾਣ ਵਾਸਤੇ ਸਿਖਾਂ ਦੇ ਜਲੂਸ ਨੂੰ ਸਰਹੰਦ ਦੇ ਬਜ਼ਾਰ ਵਿੱਚ ਤੋਰਿਆ ਹੈ।

ਜਿਨਕੇ ਸਿੰਘਨ ਘਰ ਲੁਟੇ, ਤਬ ਦੇਖ ਦੇਂਹਿ ਉਨ ਗਾਰ॥ ੨੧॥ ਉਸ ਸਮੇਂ ਜਿਨ੍ਹਾਂ ਲੋਕਾਂ ਦੇ ਘਰ ਲੁੱਟੇ ਸਨ, ਉਹ ਹੁਣ ਸਿੱਖਾਂ ਨੂੰ ਦੇਖਕੇ ਗਾਲ੍ਹਾਂ ਦਿੰਦੇ ਹਨ। ੨੧।

ਚੌਪਈ॥ ਸ਼ਬਦ ਪੜ੍ਹਤ ਸਿੰਘ ਜਾਂਹਿ ਬਜਾਰ॥ ਗੁਰਬਾਣੀ ਦੇ ਸ਼ਬਦ ਪੜ੍ਹਦੇ ਹੋਏ, ਸਤਿਨਾਮੁ ਵਾਹਿਗੁਰੂ ਦਾ ਜਾਪ ਕਰਦੇ ਹੋਏ, ਜਲੂਸ ਦੀ ਸ਼ਕਲ ਵਿੱਚ, ਸਰਹੰਦ ਦੇ ਬਜ਼ਾਰ ਤੁਰੇ ਜਾ ਰਹੇ ਹਨ।

ਲੋਕ ਦੇਖ ਉਨ ਦੇਵੈਂ ਗਾਰ॥ ਲੋਕ ਸਿੱਖਾਂ ਨੂੰ ਵੇਖ ਕੇ ਉਨ੍ਹਾਂ ਨੂੰ ਗਾਲ੍ਹਾਂ ਦਿੰਦੇ ਹਨ।

ਸਿੰਘਨ ਕਬ ਨਿਜ ਬਾਨ ਬਿਸਾਰੀ॥ ਸਿੰਘਾਂ ਨੇ ਕਦੋਂ ਆਪਣੀ (ਬਾਨ) ਆਦਤ ਭੁਲਾਈ ਸੀ, ਭਾਵ ਸਿੰਘਾਂ ਨੇ ਆਪਣੀ ਆਦਤ ਨਹੀਂ ਛੱਡੀ ਸੀ।

ਇਕ ਕੀ ਸੌ ਸਿੰਘ ਦੇਵੈਂ ਗਾਰੀ ॥੨੨॥ ਜੇ ਕੋਈ ਸਿੰਘਾਂ ਨੂੰ ਇੱਕ ਗਾਲ੍ਹ ਦਿੰਦਾ ਹੈ ਉਹਦੇ ਜੁਆਬ ਵਿੱਚ ਸਿੰਘ ਇੱਕ ਗਾਲ੍ਹ ਦੀ ਥਾਂ ਅਗੋਂ ਸੌ ਸੌ ਗਾਲ੍ਹ ਦਿੰਦੇ ਹਨ, ਇਸ ਤਰ੍ਹਾਂ ਸਿੰਘਾਂ ਦੀ ਆਦਤ ਬਣੀ ਹੋਈ ਸੀ। ੨੨।

ਫਿਰ ਸ਼ਹਿਰੀ ਫੜ ਢੀਮਨ ਡਹੇ॥ ਜਦੋਂ ਸਿੰਘ ਵੀ ਅੱਗੋਂ ਗਾਲ੍ਹਾਂ ਦੇਣ ਲੱਗ ਪਏ, ਤਾਂ ਸਰਹੰਦ ਸ਼ਹਿਰ ਦੇ ਤੁਰਕ ਸਿੱਖਾਂ ਦੇ (ਢੀਮਨ) ਇੱਟਾਂ, ਰੋੜੇ ਮਾਰਨ ਡਹਿ ਪਏ ਹਨ।

"ਹਮਰੇ ਘਰ ਤੁਮ ਲੂਟ ਸੁ ਲਏ"॥ ਸਾਡੇ ਘਰ ਤੁਸੀਂ ਲੁੱਟ ਕੇ ਬਰਬਾਦ ਕੀਤੇ ਹਨ, ਇਉਂ ਬੜੇ ਕ੍ਰੋਧ ਨਾਲ ਤੁਰਕ ਕਹਿੰਦੇ ਹਨ।

ਸਿੰਘ ਕਹੈਂ "ਹਮ ਅਬ ਕਬ ਟਲੈਂ"॥ ਸਿੰਘ ਅੱਗੋਂ ਜੁਵਾਬ ਦਿੰਦੇ ਹਨ ਹੁਣ ਅਸੀਂ ਕਦੋਂ ਟਾਲਾ ਕਰ ਗਏ ਹਾਂ ਭਲਾ, ਹੁਣ ਅਸੀਂ ਕਦੋਂ ਟਲਦੇ ਹਾਂ, ਹੁਣ ਵੀ ਲੁੱਟਾਂਗੇ ਤੁਹਾਨੂੰ।

ਡਿਗ ਪੜ ਗੱਡਜਨ ਤੇ ਭਏ ਖਲੇ॥੨੩॥ ਭਾਵੇਂ ਸਿੱਖ ਸੰਗਲਾਂ ਨਾਲ ਨਰੜੇ ਹੋਏ ਹਨ, ਸਿੱਖ ਗੱਡਿਆਂ ਤੋਂ ਉੱਤਰ ਕੇ ਅੱਗੋਂ ਖੜ੍ਹੇ ਹੋ ਗਏ। ੨੩।

ਮਰਨ ਕੀਓ ਥੋ ਸਿੰਘਨ ਪ੍ਰਵਾਨ॥ ਸਿੰਘਾਂ ਨੇ ਮਰਨਾ ਤਾਂ ਪ੍ਰਵਾਨ ਕੀਤਾ ਹੋਇਆ ਸੀ ਕਿ ਭਾਵੇਂ ਐਥੇ ਹੀ ਸਾਨੂੰ ਮਾਰ ਦੇਵੇ ਕੋਈ, ਪ੍ਰਵਾਹ ਨਹੀਂ ਹੈ ਪਰ ਗੱਲ ਨਹੀਂ ਸਹਾਰਦੇ ਕਿਸੇ ਦੀ।

ਨਾਂਹ ਸਿੰਘ ਛਡਤ ਦੰਗੇ ਕੀ ਬਾਣ॥ ਸਿੰਘ (ਦੰਗੇ) ਫਸਾਦ ਦੀ (ਬਾਣ) ਆਦਤ ਨਹੀਂ ਛੱਡਦੇ ਫੜੇ ਹੋਏ ਵੀ, ਨਰੜੇ ਹੋਏ ਵੀ ਸਿੰਘ ਲੜਦੇ ਤੁਰੇ ਜਾਂਦੇ ਨੇ, ਐਸਾ ਸੁਭਾ ਬਣਿਆ ਹੈ ਸਿੱਖਾਂ ਦਾ।

ਦੰਗਾ ਸਿੰਘਨ ਜਾਤ ਸੁ ਗੋਤ॥ ਸਿੰਘਾਂ ਦੀ ਤਾਂ ਜਾਤ, ਗੋਤ, ਦੰਗਾ ਫਸਾਦ ਹੀ ਹੈ। "ਜਾਤ ਗੋਤ ਸਿੰਘਨ ਕੀ ਦੰਗਾ। ਦੰਗਾ ਹੀ ਇਨ ਗੁਰ ਤੇ ਮੰਗਾ"। ਸਿੱਖਾਂ ਨੇ ਤਾਂ ਇਉਂ ਮੰਨ ਲਿਆ ਹੈ ਮਨ ਦੇ ਵਿੱਚ।

ਦੰਗਾ ਸਿੰਘਨ ਕੀ ਓਤ ਪੋਤਿ॥੨੪॥ (ਓਤ ਪੋਤਿ) ਤਾਣਾ ਪੇਟਾ ਹੀ ਸਿੰਘਾਂ ਦਾ (ਦੰਗਾ) ਜੰਗ ਜੁੱਧ ਹੈ। ਸਿੰਘਾਂ ਦੀ (ਓਤ ਪੋਤਿ) ਉਤਪਤੀ ਹੀ ਦੰਗੇ ਵਿਚੋਂ ਹੋਈ ਹੈ। ੨੪।

ਬਿਨ ਦੰਗਜੋਂ ਸਿੰਘ ਗੁਜਰ ਕਬ ਹੋਇ॥ ਜੇ ਦੰਗਾ ਨਾ ਕਰਨ ਤਾਂ ਗੁਜਾਰਾ ਕਦੋਂ ਹੁੰਦਾ ਹੈ ਖਾਲਸੇ ਦਾ।

ਕਰੈ ਦੰਗਾ ਜੋ ਸਿੰਘ ਭਏ ਸੋਇ॥ ਜਿਹੜਾ ਦੰਗਾ ਕਰੇ ਸਿੰਘ ਹੀ ਉਹੋ ਹੁੰਦਾ ਹੈ, ਦੂਸਰਾ ਸਿੰਘ ਕਾਹਦਾ, ਮੁਰਦੇ ਦੇ ਸਮਾਨ

ਲੇਲ੍ਹੜੀਆਂ ਲੈਂਦਾ ਅੱਗੋਂ ਹੱਥ ਜੋੜਦਾ, ਕਾਹਦਾ ਸਿੰਘ ਹੈ ਉਹ, ਸਿੰਘ ਤਾਂ ਉਹੀ ਹੈ ਜੋ ਸਾਵਧਾਨ ਰਹੇ ਆਕੜ ਵਿੱਚ ਰਹੇ ਪੂਰਾ।

ਸ਼ੇਰ ਬਘਜਾੜ ਔ ਬਹਰੀ ਬਾਜ॥ ਭਾਈ ਸਾਹਿਬ ਜੀ ਪ੍ਰਮਾਣ ਦਿੰਦੇ ਹਨ ਸ਼ੇਰ, ਬਘਜਾੜ, ਬਾਜ ਅਤੇ (ਬਹਰੀ) ਬਾਜ ਦੀ ਕਿਸਮ ਦਾ ਇੱਕ ਮਾਸਾਹਾਰੀ ਜਾਨਵਰ, ਉਹ ਕਦੇ ਆਪਣੀ ਆਦਤ ਛੱਡ ਦਿੰਦੇ ਹਨ? ਜਦੋਂ ਜਾਣਾ ਹੈ ਪੰਜਾ ਹੀ ਮਾਰਨਾ ਹੈ ਉਨ੍ਹਾਂ ਨੇ ਜਾਂ ਮੂੰਹ ਪਾਉਣਾ ਹੈ ਉਹਨਾਂ ਨੇ, ਸੁਭਾ ਬਣਿਆ ਹੈ ਉਹਨਾਂ ਦਾ।

ਬਿਨ ਦੰਗਜੋਂ ਕਬਿ ਹੁਇ ਇਨ ਕਾਜ॥੨੫॥ ਬਿਨਾਂ ਦੰਗੇ ਤੋਂ ਕਦੋਂ ਇਨ੍ਹਾਂ ਦਾ ਕਾਰਜ ਹੁੰਦਾ ਹੈ। ੨੫।

ਦੋਹਰਾ॥ ਹੁਤੀ ਸ਼ੀਰਣੀ ਜਿਹ ਹਟੀ, ਸਿੰਘ ਟੱਪ ਸੁ ਤਹਿੰ ਗਿਰ ਪਾਹਿੰ॥ ਜਿਥੇ ਹਲਵਾਈ ਦੀ ਮਠਿਆਈ ਆਦਿਕ ਦੀ ਦੁਕਾਨ ਆ ਜਾਂਦੀ ਹੈ, ਸਿੰਘ ਟੱਪ ਕੇ ਗੱਡੇ ਤੋਂ ਡਿੱਗ ਪੈਂਦੇ ਹਨ। ਗੱਡੇ ਤੋਂ ਮਾਰਕੇ ਛਾਲ ਮਾਰਦੇ ਨੇ ਹੱਥ, ਦਬਾਦਬ ਛਕਣ ਦੀ ਕਰਦੇ ਨੇ, ਇਉਂ ਗੱਡਿਆਂ ਵਾਲਿਆਂ ਦੀ ਪ੍ਰਵਾਹ ਨਹੀਂ ਕਰਦੇ, ਨਰੜੇ ਹੋਏ ਵੀ ਮਾਰ ਕੇ ਛਾਲਾਂ ਲੁੱਟ ਪਾ ਦਿੰਦੇ ਨੇ, ਅਜੇ ਵੀ ਸਰਹੰਦ ਦਾ ਬਜਾਰ ਲੁੱਟਦੇ ਜਾਂਦੇ ਹਨ।

ਮਾਰਤ ਕੂਟਤ ਲੋਕ ਉਨ, ਰੌਲੋ ਮਚਾਵਤ ਜਾਹਿੰ॥੨੬॥ ਅੱਗੋਂ ਹਲਵਾਈ ਮਾਰਦੇ ਨੇ, ਉਨ੍ਹਾਂ ਨਾਲ ਸਿਪਾਹੀ ਮਾਰਦੇ ਹਨ ਸਿਖਾਂ ਨੂੰ, ਪਰ ਦੰਗਾ ਹੁੰਦਾ ਹੀ ਤੁਰਿਆ ਜਾ ਰਿਹਾ ਹੈ, ਸਿੰਘ ਨਹੀਂ ਹਟਦੇ, ਨਾਲੇ ਦੁਕਾਨਾਂ ਤੋਂ ਕੁਛ ਨਾ ਕੁਛ ਚੁੱਕ ਕੇ ਖਾਈ ਜਾਂਦੇ ਹਨ, ਨਾਲੇ ਕੁੱਟ ਖਾਈ ਜਾਂਦੇ ਹਨ ਅਤੇ ਨਾਲ ਲੜੀ ਜਾ ਰਹੇ ਹਨ, ਕੋਈ ਪ੍ਰਵਾਹ ਨਹੀਂ ਸਮਝਦੇ। ੨੬।

ਚੌਪਈ॥ ਸਿਪਾਹੀਅਨ ਸੌਟੇ ਮਾਰ ਲਏ ਘੇਰ॥ ਸਾਰੇ ਹੀ ਸਿੰਘ ਕਈ ਮਹੀਨਿਆਂ ਦੇ ਭੁੱਖੇ ਸਨ, ਉਹ ਸਾਰੇ ਹੀ ਇੱਕ ਦੂਜੇ ਨੂੰ ਵੇਖ ਕੇ ਹਲਵਾਈਆਂ ਦੀਆਂ ਦੁਕਾਨਾਂ ਤੋਂ ਖਾਣ ਪੀਣ ਦੀਆਂ ਵਸਤੂਆਂ ਚੁੱਕਣ ਲੱਗ ਪਏ, ਉਹ ਮਿਠਾਈਆਂ ਆਦਿਕ ਖਾਂਦਿਆਂ ਨੂੰ ਸਿਪਾਹੀਆਂ ਨੇ ਸਿਖਾਂ ਨੂੰ ਡਾਂਗਾਂ ਮਾਰ ਕੇ ਘੇਰਿਆ ਹੈ ਕਿਤੇ ਨੱਠ ਹੀ ਨਾ ਜਾਣ।

ਕਈ ਸਿੰਘ ਭਏ ਪ੍ਰਾਣ ਬਿਗੇਰ॥ ਸਿੰਘ ਤਾਂ ਪਹਿਲਾਂ ਹੀ ਕਮਜੋਰ ਹੋ ਚੁੱਕੇ ਸਨ ਭੁੱਖ ਨਾਲ, ਪਰ ਉਨ੍ਹਾਂ ਵਿੱਚ ਜੋ ਸਿਦਕ ਦਾ ਬਲ ਸੀ, ਇਸ ਕਰਕੇ ਉਹ ਕਿਸੇ ਸਖ਼ਤੀ ਨੂੰ ਕੁਛ ਸਮਝਦੇ ਨਹੀਂ ਸਨ, ਮਰਨਾ ਤਾਂ ਮਖੌਲ ਸਮਝਿਆ ਸੀ ਖਾਲਸੇ ਨੇ, ਹੁਣ ਕਈ ਸਿੰਘਾਂ ਦੇ ਜਦੋਂ ਡਾਂਗਾਂ ਵੱਜੀਆਂ ਤਾਂ ਉਨ੍ਹਾਂ ਦੇ ਪ੍ਰਾਣ ਉੱਡ ਗਏ, ਸ਼ਹੀਦ ਹੋ ਗਏ ਹਨ ਸਿੰਘ।

ਤਹਿੰ ਤੇ ਤੁਰ ਫਿਰ ਸ਼ਹਰ ਨ ਬਾਰੈਂ॥ ਉਥੋਂ ਸਰਹੰਦ ਤੋਂ ਤੋਰ ਕੇ ਫੇਰ ਨਹੀਂ ਸਿਖਾਂ ਨੂੰ ਕਿਸੇ ਸ਼ਹਿਰ ਵਿੱਚ ਵਾੜਿਆ, ਕਿ ਸ਼ਹਿਰ ਵਿੱਚ ਸਰਹੰਦ ਵਾਲੀ ਨਾ ਕਿਤੇ ਕਰਨ, ਇਨ੍ਹਾਂ ਨੂੰ ਬਾਹਰ ਬਾਹਰ ਦੇ ਰਸਤੇ ਹੀ ਲੈ ਚਲੋ।

ਸਰਾਂ ਰਸਤੇ ਮੈਂ ਡੇਰਾ ਡਾਰੈਂ॥੨੭॥ ਹੁਣ ਸ਼ਹਿਰ ਵਿੱਚ ਵੜਦੇ ਨਹੀਂ ਅਤੇ ਨਾ ਹੀ ਸ਼ਹਿਰ ਵਿੱਚ ਡੇਰਾ ਲਾਉਂਦੇ, ਰਾਹ ਦੇ ਉਤੇ ਹੀ ਸਰਾਵਾਂ ਬਣੀਆਂ ਨੇ। ਜੋ ਅੱਜ ਤੱਕ ਮੌਜੂਦ ਹਨ ਸ਼ੇਰ ਸ਼ਾਹ ਸੂਰੀ ਵੇਲੇ ਦੀਆਂ, ਉਨ੍ਹਾਂ ਸਰਾਵਾਂ ਵਿੱਚ ਜਾ ਕੇ ਡੇਰੇ ਲਾਉਂਦੇ ਹਨ। ੨੭।

ਇਸੀ ਭਾਂਤ ਲੈ ਡੇਰੇ ਪਹੁੰਚੇ॥ ਏਸ ਪ੍ਰਕਾਰ ਡੇਰੇ ਕਰਦੇ ਹੋਏ ਦਿੱਲੀ ਦੇ ਨੇੜੇ ਪਹੁੰਚੇ ਹਨ।

ਫਰੁਖਸੀਅਰ ਬਹੁ ਮਨ ਮੈਂ ਸੋਚੇ॥ ਫਰੁਖਸੀਅਰ ਬਾਦਸ਼ਾਹ ਆਪਣੇ ਮਨ ਵਿੱਚ ਬਹੁਤ ਸੋਚ ਵਿਚਾਰ ਕਰਦਾ ਹੈ।

"ਹੈ ਬੰਦੋ ਯਹਿ ਬੁਰੀ ਬਲਾਇ॥ ਅਜੇ ਵੀ ਬੰਦੇ ਬਹਾਦਰ ਦੇ ਫੜੇ ਤੋਂ ਵੀ ਡਰਦੇ ਹਨ, ਬਾਦਸ਼ਾਹ ਕਹਿੰਦਾ ਬੰਦਾ ਬੁਰੀ ਬਲਾ ਹੈ।

ਮਤ ਕਛੁ ਕਰੈ ਈਹਾਂ ਕਛੁ ਆਇ" ॥੨੮॥ ਸ਼ਾਇਦ ਏਥੇ ਆ ਕੇ ਹੀ ਕੁਛ ਨਾ ਕੁਛ ਕਰ ਦੇਵੇ। ਕੀ ਪਤਾ ਹੈ ਏਥੇ ਆ ਕੇ ਹੀ ਕੋਈ ਨਾ ਕੋਈ ਚੰਦ ਚੜ੍ਹਾ ਦੇਵੇ, ਹੁਣ ਪਿੱਛੇ ਤੁਰਿਆ ਆਉਂਦਾ ਹੈ ਚੁੱਪ ਕੀਤਾ, ਕਿਸੇ ਨੂੰ ਕੁਛ ਨਹੀਂ ਆਖਦਾ, ਬੋਲਦਾ ਨਹੀਂ। ੨੮।

ਆਪ ਸ਼ਾਹਿ ਮਧ ਰਹਜੋ ਦਰਯਾਇ॥ ਬਾਦਸ਼ਾਹ ਬੰਦੇ ਬਹਾਦਰ ਤੋਂ ਡਰਦਾ ਹੋਇਆ ਕਿ ਉਹ ਜਾਦੂਗਰ ਹੈ, ਬੜੇ ਜੰਤ੍ਰ ਮੰਤ੍ਰ ਜਾਣਦਾ ਹੈ। ਆਪ ਜਮਨਾ ਦਰਿਆ ਦੇ ਵਿੱਚ ਮਕਾਨ ਬਣਾ ਲਿਆ ਹੈ, ਜਿਥੇ ਚਾਰ ਚੁਫੇਰੇ ਪਾਣੀ ਵਗਦਾ ਹੈ, ਕਿ ਪਾਣੀ ਵਿੱਚ ਮੇਰੇ ਤੇ ਮੰਤ੍ਰ ਕੋਈ ਅਸਰ ਨਹੀਂ ਕਰ ਸਕੇਗਾ।

ਜਬ ਲਗ ਬੰਦੋ ਮੁਯੋ ਨ ਥਾਇ॥ ਜਿੰਨਾਂ ਚਿਰ ਬੰਦਾ ਬਹਾਦਰ ਜਿਉਂਦਾ ਰਿਹਾ ਹੈ, ਬਾਦਸ਼ਾਹ ਜਮੁਨਾ ਚੋਂ ਨਿਕਲਿਆ ਹੀ ਨਹੀਂ ਜਮਨਾ ਵਿਚ ਹੀ ਡੇਰਾ ਰੱਖਿਆ ਮੇਰੇ ਤੇ ਕੋਈ ਮੰਤ੍ਰ ਨਾ ਪੜ੍ਹ ਦੇਵੇ।

ਬਹੁਤ ਕੁਰਾਨ ਕੋ ਪਾਸ ਪੜ੍ਹਾਵੈ॥ ਬਹੁਤ ਸਾਰੇ ਕੁਰਾਨ ਸ਼ਰੀਫ ਕੋਲ ਰੱਖ ਕੇ, ਕਾਜ਼ੀਆਂ ਨੂੰ ਕੋਲ ਬੁਲਾਕੇ, ਉਨ੍ਹਾਂ ਤੋਂ ਪੜ੍ਹਾਉਂਦਾ ਹੈ ਤਾਂ ਕਿ ਕਿਸੇ ਕਿਸਮ ਦੇ ਮੰਤ੍ਰ ਦਾ ਅਸਰ ਨਾ ਹੋਵੇ।

ਦਰੂਦ ਫਾਇਤੇ ਬਹੁਤ ਦਿਵਾਵੈ॥੨੯॥ (ਦਰੂਦ ਫਾਇਤੇ) ਜੋ ਮੁਸਲਮਾਨਾਂ ਦੇ ਮਜ਼ਹਬ ਦੇ ਜੰਤ੍ਰ ਮੰਤ੍ਰ ਹਨ, ਪੜ੍ਹਾਉਂਦਾ, ਅਤੇ ਜਿਵੇਂ ਜਿਵੇਂ ਕਾਜ਼ੀ ਮੁਲਾਣੇ ਕਹਿੰਦੇ ਹਨ, ਦਾਨ ਪੁੰਨ ਵੀ ਕਰਦਾ ਹੈ। ੨੯।

ਬੰਦੇ ਕੋ ਮਰਨੇ ਕੋ ਪ੍ਰਸੰਗ (ਬੰਦੇ ਦੀ ਮੌਤ)

ਦੋਹਰਾ॥ ਨਲਿਏਰੈ ਬੰਦੋ ਜਬ ਪੁਜਜੋ, ਸ਼ਾਹੁ ਸੁ ਬਹੁ ਕੰਪਾਇ॥ ਨਲਿਏਰ ਕੋਈ ਰਸਤੇ ਵਿਚ ਕਸਬਾ ਹੈ, ਏਸ ਰਸਤੇ ਜਾਂਦੇ ਹੋਏ, ਬੰਦੇ ਬਹਾਦਰ ਨੂੰ ਲੈਕੇ ਜਦੋਂ ਉੱਥੇ ਪਹੁੰਚੇ ਹਨ। ਦਿੱਲੀ ਤੋਂ ਨੇੜੇ ਹੋਣਾ ਹੈ ਉਹ ! ਫਰੁਖਸੀਅਰ ਬਾਦਸ਼ਾਹ ਤਾਂ ਇਹ ਸੁਣ ਕੇ ਕੰਬੀ ਤੁਰਿਆ ਜਾਂਦਾ ਹੈ ਨੇੜੇ ਆ ਗਿਆ ਹੈ ਹੁਣ, ਪਤਾ ਨਹੀਂ ਕੁਛ ਕਰ ਗੁਜਰੇ ।

"ਇਸੈ ਨ ਦਿਲੀ ਲਜਾਈਐ, ਯਹਿ ਹੈ ਬੁਰੀ ਬਲਾਇ"॥੧॥ ਉੱਥੋਂ ਹੀ ਹੁਕਮ ਭੇਜ ਦਿੱਤਾ ਹੈ ਕਿ ਇਸਨੂੰ ਦਿੱਲੀ ਨ ਲਿਆਇਓ ! ਇਹ ਬਲਾ ਬੜੀ ਬੁਰੀ ਹੈ। ਏਥੇ ਆ ਕੇ ਕੋਈ ਨਵਾਂ ਨਾ ਚੰਦ ਚਾੜ੍ਹ ਦੇਵੇ। ੧।

ਚੌਪਈ॥ ਆਪ ਜਮਨਾ ਕੇ ਮਧ ਜਾ ਰਹਜੋ॥ ਬਾਦਸ਼ਾਹ ਨੇ ਆਪ ਜਮਨਾ ਦੇ ਵਿਚਕਾਰ ਜਾ ਡੇਰਾ ਲਾਇਆ ਹੈ।

ਬੰਦਾ ਜਮਨੈ ਉਰਾਰ ਰਖਯੋ॥ ਬੰਦੇ ਬਹਾਦਰ ਨੂੰ ਜਮਨਾ ਤੋਂ ਉਰਲੇ ਪਾਸੇ ਰੱਖਿਆ ਹੈ।

ਊਹਾਂ ਬੰਦੇ ਕੋ ਅੰਧਾ ਕਰਾਯਾ॥ ਹੁਕਮ ਦੇ ਕੇ ਕਿ ਇਸ ਨੂੰ ਦਿਸਦਾ ਹੈ, ਇਸਨੂੰ ਅੰਧਾ ਕਰ ਦਿਉ ਤਾਂ ਕਿ ਇਸਨੂੰ ਦਿਸੇ ਕੁਝ ਨਾ।

ਤੋਂ ਨਲਏਰਯੋਂ ਅਗੈ ਤੁਰਾਯਾ॥੨॥ ਬੰਦੇ ਬਹਾਦਰ ਨੂੰ ਅੰਨ੍ਹਾ ਕਰਕੇ, ਤਾਂ ਨਲਿਏਰ ਤੋਂ ਅੱਗੇ ਡੇਰਾ ਤੋਰਿਆ ਹੈ। ੨।

ਫਰੁਖਸੀਅਰ ਦਿਲ ਆਈ ਬਾਤ॥ ਫਰੁਖਸੀਅਰ ਬਾਦਸ਼ਾਹ ਦੇ ਦਿਲ ਵਿੱਚ ਇੱਕ ਹੋਰ ਗੱਲ ਆਈ ਹੈ।

ਬੰਦੇ ਮੁਏ ਬਿਨ ਸੁਖ ਨ ਬਿਹਾਤ॥ ਦੇਖੋ ਬਾਦਸ਼ਾਹ ਦੇ ਦਿਲ ਵਿੱਚ ਚਿੰਤਾ ਦਾ ਐਸਾ ਦਬਾ ਪਿਆ ਹੋਇਆ ਹੈ, ਕਹਿੰਦਾ ਜਿੰਨਾਂ ਚਿਰ ਬੰਦਾ ਨਹੀਂ ਮਰਦਾ, ਉਨਾਂ ਚਿਰ ਜਿੰਦਗੀ ਸੁਖ ਦੀ ਨਹੀਂ ਬੀਤੇਗੀ, ਇਉਂ ਚਿੰਤਾ ਨੇ ਗ੍ਰਸਿਆ ਹੋਇਆ ਹੈ।

ਸ਼ਾਹਿ ਬੰਦੇ ਪੈ ਮਨੁਖ ਘਲਾਏ॥ ਬਾਦਸ਼ਾਹ ਨੇ ਬੰਦੇ ਬਹਾਦਰ ਦੇ ਕੋਲ ਆਪਣੇ ਅਹਿਲਕਾਰ ਭੇਜੇ ਹਨ।

"ਜੋ ਤੈਂ ਖਾਣੋਂ ਸੋ ਲੈ ਖਾਏ॥੩॥ ਜਦੋਂ ਕਿਸੇ ਨੂੰ ਮੌਤ ਦੀ ਸਜ਼ਾ ਦੇਣੀ ਹੋਵੇ ਤਾਂ ਸਰਕਾਰਾਂ ਪੁਛਦੀਆਂ ਹੁੰਦੀਆਂ ਹਨ, ਕਿਉਂ ਤੇਰੀ ਕੋਈ ਆਖਰੀ ਇੱਛਾ ਹੈ? ਕੀ ਖਾਣਾ ਪੀਣਾ ਹੈ ? ਕਿਸੇ ਨੂੰ ਮਿਲਣਾ ਹੈ ਤਾਂ ਦੱਸ? ਤੇਰਾ ਉਹ ਪੂਰਾ ਕਰ ਦੇਈਏ। ਉਨ੍ਹਾਂ ਅਹਿਲਕਾਰਾਂ ਕੋਲ ਸੰਦੇਸ਼ ਭੇਜਿਆ ਹੈ ਬੰਦੇ ਬਹਾਦਰ ਨੂੰ ਕਿ ਜੋ ਤੂੰ ਖਾਣਾ ਹੈ ਖਾ ਲੈ। ੩।

ਅਪਨੀ ਮੌਤ ਦੇਹ ਤੂੰ ਆਖ॥ ਨਾਲ ਹੀ ਇਹ ਪੁੱਛਿਆ ਹੈ ਕਿ ਜਿਸ ਤਰ੍ਹਾਂ ਦੀ ਤੂੰ ਮੌਤ ਚਾਹੁੰਦਾ ਹੈ, ਉਹ ਵੀ ਤੂੰ ਆਪ

ਹੀ ਕਹਿ ਦੇ, ਕਿਸ ਤਰ੍ਹਾਂ ਮਰਨਾ ਚਾਹੁੰਦਾ ਹੈ?

ਜਿਮ ਤੈਂ ਮਰਨੋਂ ਤਿਮ ਦੇਹਿ ਭਾਖ॥ ਜਿਵੇਂ ਤੂੰ ਮਰਨਾ ਹੈ ਉਸੇ ਤਰ੍ਹਾਂ ਹੀ ਦੱਸ ਦੇ, ਅਸੀਂ ਤੈਨੂੰ ਉਸ਼ੇ ਤਰ੍ਹਾਂ ਹੀ ਮਾਰੀਏ।

ਤਬ ਬੰਦੈ ਯੌ ਉਤ੍ਰ ਬਤਾਯੋ॥ ਤਦ ਬੰਦੇ ਬਹਾਦਰ ਨੇ ਇਉਂ ਉੱਤਰ ਦਿੱਤਾ ਹੈ ਫਰੁਖਸੀਅਰ ਨੂੰ।

ਜਿਮ ਤੈ ਮਰਨੋਂ ਉਮ ਮੋਹਿ ਮਰਵਾਯੋ॥੪॥ ਬੰਦੇ ਬਹਾਦਰ ਨੇ ਉਸਦੇ ਅਹਿਲਕਾਰਾਂ ਨੂੰ ਕਿਹਾ, ਕਿ ਉਸਨੂੰ ਕਹਿ ਦਿਉ ਜਿਵੇਂ ਤੈਂ ਆਪ ਮਰਨਾ ਹੈ, ਉਸ ਤਰ੍ਹਾਂ ਮੈਨੂੰ ਮਰਵਾ ਦੇਵੇ। ਜੇ ਉਸਨੇ ਮੈਨੂੰ ਤਸੀਹੇ ਦੇਣੇ ਹਨ ਤਾਂ ਉਸਨੂੰ ਵੀ ਸਹਿਣੇ ਪੈਣਗੇ। ਉਸਦੀ ਵੀ ਉਸੇ ਤਰ੍ਹਾਂ ਹੀ ਮੌਤ ਹੋਵੇਗੀ ਜਿਵੇਂ ਮੇਰੀ ਹੋਵੇਗੀ, ਜਿਵੇਂ ਮੈਨੂੰ ਮਰਵਾਇਗਾ, ਉਹ ਵੀ ਉਸੇ ਤਰ੍ਹਾਂ ਹੀ ਮਰੇਗਾ। ੪।

ਯੌ ਕਹਿ ਬੰਦਾ ਚੁਪ ਕਰ ਰਹਜੋ॥ ਇਉਂ ਉੱਤਰ ਕਹਿ ਕੇ ਬੰਦਾ ਬਹਾਦਰ ਚੁੱਪ ਹੋ ਗਿਆ ਹੈ।

ਕਹਿਣ ਵਾਲੇ ਤਿਸ ਉਮ ਆ ਕਹਜੋ॥ ਜੇਹੜੇ ਬੰਦੇ ਭੇਜੇ ਸਨ ਉੱਤਰ ਲੈਣ ਵਾਸਤੇ ਬੰਦੇ ਬਹਾਦਰ ਕੋਲ, ਉਹਨਾਂ ਨੇ ਉਵੇਂ ਆ ਕੇ ਕਹਿ ਦਿਤਾ ਫਰੁਖਸੀਅਰ ਨੂੰ।

ਬੰਦੈ ਕਹਜੋ ਸੁ ਉਨ ਸੁਨਿ ਲਯੋ॥ ਜੋ ਬੰਦੇ ਬਹਾਦਰ ਨੇ ਉਸਦੇ ਉੱਤਰ ਵਿੱਚ ਕਿਹਾ ਹੈ, ਉਹ ਉਸਨੇ ਸੁਣ ਲਿਆ ਹੈ।

ਅਗੈ ਸੁਨੋਂ ਜਿਮ ਸਿਰ ਦੁਹੂੰ ਭਯੋ॥੫॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਇਸ ਤੋਂ ਅੱਗੇ ਦਾ ਪ੍ਰਸੰਗ ਸੁਣੋ, ਜਿਵੇਂ ਦੋਹਾਂ ਦੇ ਸਿਰ ਤੇ ਬੀਤਿਆ ਹੈ। ੫।

ਦੋਹਰਾ॥ ਅੰਧਾ ਕਰ ਬੰਦਾ ਰਖਜੋ, ਫਰੁਖਸੀਅਰ ਬਹੁ ਰੋਜ॥ ਫਰੁਖਸੀਅਰ ਨੇ ਬੰਦੇ ਬਹਾਦਰ ਨੂੰ ਬਹੁਤ ਦਿਨ ਅੰਨ੍ਹਾ ਕਰਕੇ ਰੱਖਿਆ ਹੈ।

ਜਿਮ ਪਾਛੈ ਦੋਊ ਮਰੇ, ਸੁਨੋ ਸੁ ਵਾਂਕੇ ਖੋਜ॥੬॥ ਜਿਵੇਂ ਪਿਛੋਂ ਦੋਵੇਂ ਮਰੇ ਹਨ, ਉਸਦੀ ਜੋ ਮੈਂ ਖੋਜ ਕੀਤੀ ਹੈ, ਉਹ ਹੁਣ ਸੁਣੋ। ੬।

ਫਰੁਖਸੀਅਰ ਕਾਜੀ ਹੁਤੋ, ਉਸੈ ਬਜੀਰੈ ਭ੍ਰਾਇ॥ ਜੋ ਫਰੁਖਸੀਅਰ ਵਲੋਂ ਸ਼ਾਹੀ ਕਾਜ਼ੀ ਸੀ, ਉਹ ਉਸੇ ਵਜ਼ੀਦ ਖਾਂ ਸਰਹੰਦ ਦੇ ਸੂਬੇ ਦਾ ਸੱਕਾ ਭਾਈ ਸੀ।

ਬੰਦੇ ਮਾਰਯੋ ਥੋ ਜੋਊ, ਬੈਲਨ ਗੈਲ ਘਿਸਟਾਇ॥੭॥ ਜਿਸ ਨੂੰ ਬੰਦੇ ਬਹਾਦਰ ਨੇ ਸਰਹੰਦ ਵਿੱਚ ਬੈਲਾਂ ਦੇ ਮਗਰ ਘੜੀਸ ਕੇ ਮਾਰਿਆ ਸੀ। ਬਜੀਦ ਖਾਂ ਨੂੰ ਬੈਲਾਂ ਪਿੱਛੇ ਘੜੀਸ ਘੜੀਸ ਕੇ ਮਾਰਿਆ ਸੀ। ੭।

ਚੌਪਈ॥ ਫਰੁਖਸੀਅਰ ਕਾਜੀ ਬਹਿਕਾਯੋ॥ ਫਰੁਖਸੀਅਰ ਨੇ ਉਸ ਕਾਜ਼ੀ ਨੂੰ ਬਹਿਕਾਇਆ ਹੈ ਉਹਨੂੰ ਚੁੱਕਿਆ ਹੈ।

ਬੰਦੈ ਮਾਰੇ ਬਿਨ ਹੋਗੁ ਪਛਤਾਯੋ॥ ਕਾਜ਼ੀ ਨੂੰ ਭੜਕਾਉਂਦਾ ਹੋਇਆ ਫਰੁਖਸੀਅਰ ਕਹਿੰਦਾ ਹੈ ਕਿ ਬੰਦੇ ਬਹਾਦਰ ਨੂੰ ਮਾਰੇ ਤੋਂ ਬਿਨਾਂ ਪਿਛੋਂ ਪਛਤਾਵਾ ਹੋਵੇਗਾ।

ਹੁਇੰ ਬੰਦੈ ਸਿੱਖ ਜਗ ਮੈਂ ਰਹੇ॥ ਕਿਉਂਕਿ ਸੰਸਾਰ ਵਿੱਚ ਬੰਦੇ ਬਹਾਦਰ ਦੇ ਬਹੁਤ ਸਾਰੇ ਸਿੱਖ ਬਾਕੀ ਰਹਿੰਦੇ ਹਨ। ਜਗ ਵਿੱਚ ਬਹੁਤ ਇਲਾਕਿਆਂ ਵਿਚ ਬੰਦਈ ਸਿੱਖ ਬੈਠੇ ਨੇ ਅਜੇ।

ਅਪਨੇ ਜੈਸੇ ਇਨ ਬਹੁ ਕਹੇ॥੮॥ ਇਸ ਨੇ ਆਪਣੇ ਵਰਗੇ ਹੋਰ ਬਹੁਤੇ ਸਿੱਖ ਬਣਾ ਦਿਤੇ ਹਨ, ਏਸ ਤਰ੍ਹਾਂ ਕਹਿੰਦੇ ਹਨ। ੮।

ਉਡਨ ਵਿੱਦਜਾ ਇਨ ਕਈਅਨ ਦਈ॥ ਆਪਣੇ ਕਈ ਚੇਲਿਆਂ ਨੂੰ ਇਸ ''ਉੱਡ ਜਾਣ'' ਦੀ ਵਿੱਦਿਆ ਦਿੱਤੀ ਹੈ, ਕਈ ਸਿਖਾਂ ਨੂੰ ਇਸ ਉੱਡਨਾ ਸਿਖਾਇਆ ਹੈ।

ਇਸ ਕੇ ਪੁਤ੍ਰ ਭੀ ਰਹਿ ਹੈਂ ਕਈ॥ ਇਸ ਨੇ ਚਾਰ ਪੰਜ ਵਿਆਹ ਕਰਾਏ ਨੇ, ਇਸ ਦੇ ਕਈ ਪੁੱਤ੍ਰ ਵੀ ਪਿੱਛੇ ਅਜੇ ਜਿਉਂਦੇ ਰਹਿ ਗਏ ਹਨ।

ਇਸ ਕੇ ਬਚੇ ਵੈ ਚਾਮਲ ਆਵੈਂ॥ ਜੇ ਇਹ ਬਚਿਆ ਰਿਹਾ ਤਾਂ ਉਹ ਚਾਮ੍ਹਲ ਜਾਣਗੇ, ਕਿ ਸਾਡਾ ਪਿਉ ਜਿਉਂਦਾ ਜਾਗਦਾ

ਹੈ ਅਜੇ, ਇਸ ਕਰਕੇ ਇਸ ਨੂੰ ਜਿੰਨੀ ਛੇਤੀ ਹੋ ਸਕੇ ਮਾਰਿਆ ਜਾਵੇ।

ਇਸ ਮਾਰੇ ਵੈ ਲੁਕ ਛੁਪ ਜਾਵੈਂ॥੯॥ ਇਸ ਦੇ ਮਾਰੇ ਤੋਂ ਉਹ ਲੁਕ ਛਿਪ ਜਾਣਗੇ। ੯।

ਬੰਦੇ ਕੇ ਬਹੁ ਹੁਤੇ ਮੁਦਈ॥ ਪੰਜਾਬ ਅਤੇ ਹੋਰ ਇਲਾਕਿਆਂ ਵਿੱਚ ਅਜੇ ਵੀ ਬੰਦੇ ਬਹਾਦਰ ਦੇ ਬਹੁਤ ਸਾਰੇ (ਮੁਦਈ) ਪੈਰੋਕਾਰ ਹਨ।

ਇਕ ਕੀ ਗਲ ਉਨ ਬਨਾਈ ਕਈ॥ ਅਤੇ ਉਨ੍ਹਾਂ ਮੁਦਈਆਂ ਨੇ ਆਪਣੇ ਕੋਲੋਂ ਹੋਰ ਗ਼ੱਲਾਂ ਲਾ ਕੇ, ਇੱਕ ਦੀਆਂ ਕਈ ਕਈ ਗੱਲਾਂ ਬਣਾ ਲਈਆਂ ਹਨ।

ਫਰੁਖਸੀਅਰ ਤਬ ਕਾਜੀ ਬੁਲਾਏ॥ ਫਰੁਖਸੀਅਰ ਨੇ ਤਦੋਂ ਕਾਜ਼ੀ ਨੂੰ ਬੁਲਾਇਆ ਹੈ।

ਉਸੈ ਕਿਤਾਬੋਂ ਮਸਲੇ ਕਢਾਏ॥੧੦॥ ਉਹਨਾਂ ਤੋਂ ਲਾਲ ਕਿਤਾਬ ਵਿਚੋਂ (ਮਸਲੇ) ਫਤਵੇ ਕਢਾਉਣਾ ਕੀਤੇ ਹਨ। ੧੦।

ਤਬ ਕਾਜੀ ਨੇ "ਬਦਲੋ" ਬਤਾਯੋ॥ ਤਦ ਕਾਜ਼ੀ ਨੇ ਸ਼ਰ੍ਹਾ ਅਨੁਸਾਰ, ਬਜੀਦ ਖਾਂ ਆਦਿਕ ਦੇ ਮਾਰਨ ਦੇ ਬਦਲੇ ਵਿੱਚ, ਬੰਦੇ ਬਹਾਦਰ ਨੂੰ ਮਾਰਨ ਦਾ ਬਦਲਾ ਦੱਸਿਆ ਹੈ।

ਵਾਂਗ ਬਜੀਰੈ ਚਹੀਐ ਘਿਸਟਾਯੋ॥ ਜਿਵੇਂ ਬਜੀਦ ਖਾਂ ਸੂਬਾ ਸਰਹੰਦ ਨੂੰ ਬੈਲਾਂ ਮਗਰ ਪਾ ਕੇ ਘੜੀਸਿਆ ਸੀ, ਇਸ ਨੂੰ ਉਹਦੇ ਵਾਂਗ ਘੜੀਸ ਕੇ ਮਾਰਨਾ ਚਾਹੀਦਾ ਹੈ।

ਮਗਰ ਘੋੜੇ ਕੇ ਦਿਹੋ ਬੰਧਾਇ॥ ਇਸ ਦੇ ਹੱਥ ਪੈਰ ਰੱਸੇ ਨਾਲ ਬੰਨ੍ਹ ਕੇ ਘੋੜੇ ਦੀ ਕਾਠੀ ਦੇ ਪਿਛੇ ਬੰਧਾ ਦਿਉ।

ਗਿਰਦ ਫਿਰਾਵੋ ਸ਼ਹਿਰੇ ਦਾਇ॥੧੧॥ ਜਿਵੇਂ ਇਸਨੇ ਬਜੀਦ ਖਾਂ ਨੂੰ ਸਰਹੰਦ ਦੇ ਦੁਆਲੇ ਵਹਿੜਕਿਆਂ ਮਗਰ ਪਾ ਕੇ ਘੁਮਾਇਆ ਸੀ, ਉਸੇ ਤਰ੍ਹਾਂ ਇਸ ਨੂੰ ਦਿੱਲੀ ਸ਼ਹਿਰ ਦੇ ਦੁਆਲੇ ਘੁੰਮਾਉ। ੧੧।

ਦੋਹਰਾ॥ ਗਿਰਦੋ ਸ਼ਹਰ ਘੁਮਾਇਕੈ, ਫਿਰ ਉਸ ਦੀਜੋ ਡਾਲ॥ ਸਾਰੇ ਸ਼ਹਿਰ ਦੇ ਦੁਆਲੇ ਘੁਮਾ ਕੇ ਫਿਰ ਇਸ ਨੂੰ ਮਾਰ ਕੇ ਸੁੱਟ ਦਿਉ।

"ਐਸੋ ਕਾਮ ਸੁ ਜੋ ਕਰੇ, ਉਸ ਹੋਵਗ ਯਹੀ ਹਵਾਲ॥੧੨॥ ਕਾਜ਼ੀ ਨੇ ਕਿਹਾ ਕਿ ਜੋ ਜੈਸਾ ਕੰਮ ਕਰੇਗਾ, ਉਸ ਦਾ ਵੈਸਾ ਹਾਲ ਹੋਵੇਗਾ। (ਵਾ) ਜੋ ਬੰਦੇ ਬਹਾਦਰ ਨਾਲ ਇਹੋ ਜਿਹਾ ਕੰਮ ਕਰੇਗਾ, ਉਸ ਦਾ ਵੀ ਇਹੀ ਹਾਲ ਹੋਵੇਗਾ। ੧੨।

ਚੌਪਈ॥ ਕਾਜ਼ੀ ਕਹੀ ਕਰੀ ਸੋਊ ਸ਼ਾਹਿ॥ ਜਿਸ ਤਰ੍ਹਾਂ ਕਾਜ਼ੀ ਨੇ ਕਹਿ ਦਿੱਤਾ, ਬਾਦਸ਼ਾਹ ਨੇ ਉਸੇ ਤਰ੍ਹਾਂ ਹੁਕਮ ਦੇ ਦਿੱਤਾ ਹੈ।

ਮਗਰ ਘੋੜੇ ਵੈ ਦਜੋ ਘਿਸਟਾਇ॥ ਤੁਰਕ ਫੌਜੀਆਂ ਨੇ ਬੰਦੇ ਬਹਾਦਰ ਨੂੰ ਘੋੜਿਆਂ ਦੀਆਂ ਕਾਠੀਆਂ ਨਾਲ ਬੰਨ੍ਹ ਕੇ ਦਿੱਲੀ ਸ਼ਹਿਰ ਦੇ ਦੁਆਲੇ ਘੜੀਸਿਆ ਹੈ।

ਕਹੈ "ਬੰਦੇ ਜਿਉਂ" ਕੋਊ ਕਰੂਗੁ॥ ਬਾਦਸ਼ਾਹ ਕਹਿਣ ਲੱਗਿਆ ਹੈ, ਬੰਦੇ ਬਹਾਦਰ ਦੇ ਵਾਂਗ ਜੇ ਕੋਈ ਕਰੇਗਾ।

ਵਾਂਗ ਬੰਦੇ ਦੇ ਸੋ ਫਿਰ ਭਰੂਗੁ॥੧੩॥ ਉਹ ਫਿਰ ਬੰਦੇ ਬਹਾਦਰ ਵਾਂਗ ਭਰੇਗਾ। ੧੩।

ਇਮ ਕਹਿ ਬੰਦੋ ਦਜੋ ਮਰਵਾਇ॥ ਇਸ ਤਰ੍ਹਾਂ ਕਹਿਕੇ ਬੰਦੇ ਬਹਾਦਰ ਨੂੰ ਮਰਵਾ ਦਿੱਤਾ ਹੈ।

ਜਿਮ ਹਮ ਸੁਨਜੋ ਸੁ ਧਰਜੋ ਲਿਖਾਇ॥ ਭਾਈ ਰਤਨ ਸਿੰਘ ਜੀ ਦਿੱਲੀ ਆਦਿਕ ਵੀ ਗਏ ਹਨ, ਉਹ ਸਾਰੀਆਂ ਥਾਵਾਂ ਵੀ ਵੇਖੀਆਂ ਹਨ ਤੁਰ ਫਿਰ ਕੇ ਜਿਥੇ ਜਿਥੇ ਉਸਦੇ ਟਿਕਾਣੇ ਸਨ, ਉਥੇ ਉਥੇ ਪਹੁੰਚ ਕੇ ਸਾਰੀ ਰਿਪੋਟ ਲਈ ਹੈ, ਸਰਕਾਰੀ ਰਿਪੋਟ ਵੀ ਲਈ ਹੈ ਕਿ ਬੰਦੇ ਬਹਾਦਰ ਨੂੰ ਕਿਵੇਂ ਮਾਰਿਆ ਹੈ। ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਵੇਂ ਅਸੀਂ ਸੁਣਿਆ ਹੈ, ਉਵੇਂ ਹੀ ਲਿਖ ਦਿੱਤਾ ਹੈ, ਬੰਦੇ ਦੀ ਮੌਤ ਬਾਰੇ।

ਕੋਊ ਕਹੈ "ਬੰਦੋ ਨਹਿੰ ਮੁਯੋ॥ ਕਈ ਲੋਕ ਇਸ ਤਰ੍ਹਾਂ ਗੱਲਾਂ ਬਣਾਉਂਦੇ ਨੇ ਕਿ ਬੰਦਾ ਬਹਾਦਰ ਨਹੀਂ ਮਰਿਆ। ਫਰੁਖਸੀਅਰ ਤੋਂ ਬੰਦਾ ਮਰ ਨਹੀਂ ਸਕਿਆ।

ਭਈ ਨ ਮੜੀ ਸੋਊ ਉੱਡ ਗਯੋ॥੧੪॥ ਜੇ ਉਹ ਮਰਿਆ ਹੁੰਦਾ ਉਸਦੀ ਮੜ੍ਹੀ ਹੁੰਦੀ ਕਿਤੇ, ਕਿ ਏਥੇ ਉਸਦਾ ਸਸਕਾਰ ਹੋਇਆ ਹੈ। ਉਹ ਤਾਂ ਮਰਿਆ ਨਹੀਂ ਹੈ, ਉਸਦੀ ਕਿਤੇ ਮੜ੍ਹੀ ਨਹੀਂ ਹੈ, ਉਹ ਤਾਂ ਉੱਡ ਗਿਆ ਕਿਤੇ, ਏਸ ਤਰ੍ਹਾਂ ਦੀਆਂ ਲੋਕ ਗੱਲਾਂ ਕਰਦੇ ਸੀ। ੧੪।

ਹਮਰੈ ਦਿਲ ਯਿਹ ਬਾਤ ਨ ਆਈ॥ ਸਾਡੇ ਦਿਲ ਵਿਚ ਇਹ ਗੱਲ ਆਈ ਨਹੀਂ ਹੈ, ਮੇਰੇ ਦਿਲ ਨੇ ਮੰਨੀ ਨਹੀਂ ਇਹ ਗੱਲ ਕਿ ਇਹ ਕਿਵੇਂ ਹੋ ਸਕਦਾ ਹੈ, ਕਿ ਬੰਦਾ ਮਰਿਆ ਨਹੀਂ ਹੈ, ਉਹ ਉੱਡ ਗਿਆ, ਉਹ ਕਿਵੇਂ ਹੋਇਆ? ਇਉਂ ਭਾਈ ਸਾਹਿਬ ਜੀ ਕਹਿੰਦੇ ਨੇ ਮੇਰੇ ਦਿਲ ਵਿਚ ਸ਼ੱਕ ਰਹਿ ਗਿਆ, ਇਸ ਗੱਲ ਦਾ।

ਹੁਤੋ ਜੀਵਤ ਤੌ ਦੇਤ ਦਿਖਾਈ॥ ਜੇ ਉਹ ਜਿਉਂਦਾ ਹੁੰਦਾ ਤਾਂ ਉਹ ਕਿਸੇ ਨੂੰ ਦਿਖਾਈ ਦਿੰਦਾ , ਪਤਾ ਲਗਦਾ ਕਿ ਇਹ ਬੰਦਾ ਬਹਾਦਰ ਹੈ।

ਮਗਰੈ ਸਿਖ ਸਭ ਦੀਨੇ ਮਾਰ॥ ਬੰਦੇ ਬਹਾਦਰ ਦੇ ਨਾਲ ਹੀ ਉਸਦੇ ਬੰਦਈ ਸਿੱਖ, ਜੋ ਕੈਦ ਕੀਤੇ ਹੋਏ ਸਨ, ਉਹ ਵੀ ਸਭ ਮਾਰ ਦਿੱਤੇ, ਸ਼ਹੀਦ ਕਰ ਦਿੱਤੇ।

ਘਸੀਟ ਕੂਟ ਔ ਕਰਿ ਕੇ ਖ੍ਵਾਰ॥੧੫॥ ਕਿਸੇ ਨੂੰ ਘੜੀਸ ਕੇ ਕਿਸੇ ਨੂੰ ਕੁੱਟ ਕੇ ਤੇ ਖੁਆਰ ਕਰ ਕੇ, ਇਸ ਤਰ੍ਹਾਂ ਦੂਹਰੀਆਂ ਸਜ਼ਾਵਾਂ ਦੇ ਕੇ ਸ਼ਹੀਦ ਕੀਤੇ ਹਨ। ੧੫।

ਬਾਜ ਸਿੰਘ ਨੇ ਭਲੀ ਨਿਬਾਹੀ॥ ਭਾਈ ਬਾਜ ਸਿੰਘ ਜੀ ਜਿਸਨੂੰ ਬੰਦੇ ਬਹਾਦਰ ਨੇ ਸਰਹੰਦ ਦਾ ਸੂਬੇਦਾਰ ਬਣਾਇਆ ਸੀ, ਇਸ ਨੇ ਪੂਰਾ ਸਾਥ ਦਿੱਤਾ ਹੈ ਬੰਦੇ ਬਹਾਦਰ ਦਾ।

ਮੁਏ ਬੰਦੈ ਸੰਗ ਚਾਰਉਂ ਭਾਈ॥ ਇਹ ਬਾਜ ਸਿੰਘ ਹੋਰੀਂ ਚਾਰ ਭਾਈ ਸਨ, ਇਹ ਚਾਰੇ ਦੇ ਚਾਰੇ ਹੀ ਬੰਦੇ ਬਹਾਦਰ ਨਾਲ ਸ਼ਹੀਦ ਹੋਏ, ਅਤੇ ਨਾਲ ਹੀ ਗ੍ਰਿਫਤਾਰ ਹੋਏ ਸਨ, ਇਹਨਾਂ ਨੇ ਬੰਦੇ ਬਹਾਦਰ ਨਾਲ ਆਖਰੀ ਦਮ ਤੱਕ ਨਿਭਾ ਦਿੱਤੀ।

ਆਲੀ ਸਿੰਘ ਔ ਸਲੌਦੀ ਵਾਲੇ॥ ਅਤੇ ਸਲੌਦੀ ਵਾਲੇ ਭਾਈ ਆਲੀ ਸਿੰਘ, ਮਾਲੀ ਸਿੰਘ ਜੀ।

ਉਹ ਭੀ ਮੁਏ ਬੰਦੇ ਕੈ ਨਾਲੇ॥੧੬॥ ਉਹ ਵੀ ਬੰਦੇ ਬਹਾਦਰ ਦੇ ਨਾਲ ਹੀ ਸ਼ਹੀਦ ਹੋਏ ਹਨ। ੧੬।

ਦੋਹਰਾ ॥ ਰਤਨ ਸਿੰਘ ਨੇ ਜੋ ਸੁਨੀ, ਸੋ ਤੌ ਦੀਨੀ ਆਖ॥ ਸਲੌਦੀ ਦੇ ਕੋਲ ਹੀ, ''ਚੜੀ ਭੜੀ'' ਭਾਈ ਰਤਨ ਸਿੰਘ ਜੀ ਦਾ ਪਿੰਡ ਹੈ। ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜੋ ਅਸੀਂ ਪ੍ਰਸੰਗ ਸੁਣਿਆ ਹੈ ਇਤਿਹਾਸ ਦਾ, ਉਹ ਤਾਂ ਮੈਂ ਲਿਖ ਦਿੱਤਾ ਹੈ।

ਸਤ੍ਰਾ ਸੈ ਅਠਤਰੈ ਮਧ, ਭਈ ਬੰਦੇ ਇਮ ਸਾਖ॥੧੭॥ ਸੰਮਤ ਬਿਕ੍ਰਮੀ ਸਤਾਰਾਂ ਸੌ ਅਠੱਤਰ (੧੭੭੮) ਵਿੱਚ, ਇਸ ਤਰ੍ਹਾਂ ਬੰਦੇ ਬਹਾਦਰ ਦੀ ਸਾਖੀ ਹੋਈ ਹੈ। ੧੭।

(ਬੰਦੇ ਦੇ ਲੋਪ ਹੋਣ ਬਾਬਤ ਪ੍ਰਸੰਗ)

ਦੋਹਰਾ ॥ ਅੱਗੈ ਰਹੀ ਸੁ ਕਹਾਂਗਾ, ਸਾਖੀ ਬੰਦੇ ਕੀ ਲੋਪ॥ ਅੱਗੇ ਜੋ ਬੰਦੇ ਬਹਾਦਰ ਦੀ ਅਲੋਪ ਹੋਣ ਦੀ ਸਾਖੀ ਰਹਿ ਗਈ ਹੈ, ਹੁਣ ਅੱਗੇ ਉਹ ਕਹਾਂਗਾ।

ਜਿਮ ਮਰਕੈ ਭਜੋ ਜੀਵਤੋ, ਗਯੋ ਰਹਯੋ ਜਿਮ ਗੋਪ॥੧॥ ਜਿਵੇਂ ਮਰਕੇ ਬੰਦਾ ਬਹਾਦਰ ਜਿਉਂਦਾ ਹੋ ਗਿਆ ਅਤੇ ਜਿਵੇਂ ਉਹ ਗੁਪਤ ਰਿਹਾ ਹੈ, ਉਹ ਮੈਂ ਅਗਲੇ ਪ੍ਰਸੰਗ ਵਿਚ ਕਹਾਂਗਾ। ੧।

ਚੌਪਈ॥ ਸੋ ਮੈਂ ਦੇਵਗੁ ਅਗੇ ਲਿਖਾਈ॥ ਉਹ ਸਾਖੀ ਮੈਂ ਅੱਗੇ ਲਿਖ ਦਿਆਂਗਾ।

ਜਿਹ ਠੌਰ ਢੂੰਡਤੇ ਮੈਨੇ ਪਾਈ॥ ਹੁਣ ਦੱਸਦੇ ਹਨ ਕਿ ਬੰਦਾ ਬਹਾਦਰ ਫੇਰ ਦਿਲੀਉਂ ਕਿਧਰ ਗਿਆ, ਜਿਹੜੀ ਥਾਂ ਲੱਭਦੇ ਲੱਭਦੇ ਮੈਂ ਪਾਈ ਹੈ, ਉਹ ਥਾਂ ਜਿਹੜੀ ਮੈਂ ਲੱਭੀ ਹੈ, ਉਹ ਹੁਣ ਮੈਂ ਲਿਖਾ ਦਿੰਦਾ ਹਾਂ।

ਜੱਸੁ ਢਿਗ ਹੁਤ ਫਲਾਨ ਗ੍ਰਾਮ ॥ ਜਸਵਾਲ ਰਿਆਸਤ ਦੇ ਨੇੜੇ ਇੱਕ ਪਿੰਡ ਸੀ।

ਜਹਿ ਸੋਢੀ ਬਾਵੇ ਫਤੇ ਸਿੰਘ ਭਾਗ ਸਿੰਘ ਨਾਮ॥ ੨॥ ਜਿਥੇ ਫਤ੍ਹੇ ਸਿੰਘ ਤੇ ਭਾਗ ਸਿੰਘ ਨਾਮ ਦੇ ਆਪਣੇ ਆਪ ਨੂੰ ਸੋਢੀ ਬਾਵੇ ਕਹਾਉਂਦੇ ਹਨ, ਜੋ ਬੰਦੇ ਬਹਾਦਰ ਦੀ ਉਲਾਦ ਕਹਾਉਂਦੇ ਸਨ। ੨।

ਦੋਹਰਾ ॥ ਸੁਨੋ ਕਹਾਨੀ ਅਦਭੁਤੈ, ਆਗੇ ਭਈ ਨ ਜੋਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਇੱਕ ਅਸਚਰਜ ਕਹਾਣੀ ਸੁਣੋ, ਜਿਹੜੀ ਇਸ ਤੋਂ (ਅਗੋਂ) ਪਹਿਲਾਂ ਨਹੀਂ ਹੋਈ ਕਦੇ।

ਮੁਯੋ ਜੀਯੋ ਔਰ ਨਹਿ ਸੁਨਯੋ, ਜੀਯੋ ਬੰਦੋ ਸੀਸ ਕਟੋਇ॥੧॥ ਅੱਜ ਤੱਕ ਹੋਰ ਤੋ ਕੋਈ ਮਰ ਕੇ ਜਿਉਂਦਾ ਹੋਇਆ ਸੁਣਿਆ ਨਹੀਂ, ਬੰਦਾ ਬਹਾਦਰ ਆਪਣਾ ਸਿਰ ਕਟਾ ਕੇ ਵੀ ਜਿਉਂਦਾ ਹੋ ਗਿਆ। ੧।

ਚੌਪਈ ॥ ਕਹੈਂ ਦਿੱਲੀ ਮੈਂ ਹਿੰਦੂ ਯੌਂ ਬਾਤ॥ ਦਿੱਲੀ ਦੇ ਵਿੱਚ ਜੋ ਹਿੰਦੂ ਲੋਕ ਸਨ, ਉਹ ਇਸ ਤਰ੍ਹਾਂ ਦੀ ਗੱਲ ਕਹਿੰਦੇ ਹਨ।

"ਮੁਯੋ ਨ ਬੰਦੋ ਕਿਤ ਗਯੋ ਉਡਾਤ॥ ਉਹ ਕਹਿੰਦੇ ਬੰਦਾ ਬਹਾਦਰ ਮਰਿਆ ਨਹੀਂ ਸੀ, ਉਹ ਕਿਤੇ ਉੱਡ ਗਿਆ ਸੀ, ਉਹ ਤੁਰਕਾਂ ਦੇ ਕਾਬੂ ਨਹੀਂ ਰਿਹਾ ਸੀ।

ਹੁਤੀ ਸ਼ਕਤੀ ਸੋ ਮਨ ਮਾਹੀਂ॥ ਕਿਉਂਕਿ ਉਹਦੇ ਮਨ ਵਿਚ ਸ਼ਕਤੀ ਸੀ, ਤਾਕਤ ਸੀ ਉਸਦੇ ਕੋਲ ਅਜੇ।

ਜੀਵਤ ਗਯੋ ਨਹਿ ਠੌਰ ਲਭਾਹੀ" ॥੨॥ ਜਿਥੇ ਬੰਦਾ ਬਹਾਦਰ ਜਿਉਂਦਾ ਗਿਆ, ਉਹ ਥਾਂ ਨਹੀਂ ਸੀ ਲੱਭੀ ਅਜੇ, ਉਹ ਜਿਉਂਦਾ ਗਿਆ ਕਿਥੇ, ਇਹ ਵੀ ਤਾਂ ਪਤਾ ਕਰਨਾ ਸੀ ਕਿ ਜਿਉਂਦਾ ਗਿਆ ਉਹ। ੨।

ਸੋ ਅਬ ਠੌਰ ਹਮੈਂ ਦਿਸ ਆਹੀ॥ ਭਾਈ ਰਤਨ ਸਿੰਘ ਜੀ ਕਹਿੰਦੇ ਉਹ ਜਗ੍ਹਾ ਜਿਥੇ ਜਿਉਂਦਾ ਹੀ ਚਲਿਆ ਗਿਆ, ਉਹ ਜਗ੍ਹਾ ਹੁਣ ਸਾਨੂੰ ਨਜ਼ਰ ਆਈ ਹੈ, ਜਿਥੇ ਬੰਦਾ ਬਹਾਦਰ ਪਹੁੰਚਿਆ।

ਤਿਸ ਮਿਲੇ ਪੋਤਰੇ ਜਿ ਜਨਮੇ ਜਾਈ॥ ਉਸਦੇ (ਜਨਮੇ ਜਾਈ) ਪੁੱਤਰਾਂ ਦੇ ਪੋਤਰੇ, ਖੋਜ ਕਰਦਿਆਂ ਕਰਦਿਆਂ ਮੈਨੂੰ ਮਿਲੇ ਸਨ।

ਫਤ੍ਹੇ ਸਿੰਘ ਔ ਭਾਗ ਸਿੰਘ ਦੋਈ॥ ਫਤ੍ਹੇ ਸਿੰਘ ਤੇ ਭਾਗ ਸਿੰਘ ਦੋਵੇਂ ਉਸ ਦੇ ਪੋਤਰੇ ਸਨ।

ਤਿਨ ਸੋਂ ਭੀ ਅੰਮ੍ਰਿਤਸਰ ਗੋਸ਼ਟ ਮੋਹੀ॥੩॥ ਸ੍ਰੀ ਅੰਮ੍ਰਿਤਸਰ ਜੀ ਵਿੱਚ ਉਹਨਾਂ ਨਾਲ ਵੀ ਮੇਰੀ ਵਿਚਾਰ ਚਰਚਾ ਹੋਈ। ੩।

ਹਮ ਕੋ ਹੁਤਿ ਅਤਿ ਚਿੰਤਾ ਭਾਰੀ ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਮੈਨੂੰ ਇਹ ਬੜੀ ਭਾਰੀ ਚਿੰਤਾ ਸੀ।

ਭਾਗ ਸਿੰਘ ਮਿਲ ਹਮੈਂ ਨਿਵਾਰੀ॥ ਭਾਗ ਸਿੰਘ ਨਾਲ ਮਿਲ ਇਹ ਚਿੰਤਾ, ਸ਼ੰਕਾ, ਅਸੀਂ (ਨਿਵਾਰੀ) ਨਵਿਰਤ, ਦੂਰ ਕੀਤੀ।

ਕਹੀ ਉਨੇ ਹਮ ਐਸੀ ਸੁਨੀ॥ ਭਾਗ ਸਿੰਘ ਨੇ ਕਿਹਾ ਕਿ ਸਾਡੇ ਵਿਚ ਇਸ ਤਰ੍ਹਾਂ ਰਵਾਇਤ ਤੁਰੀ ਆਉਂਦੀ ਹੈ, ਕਿ ਮੈਂ ਏਸ ਤਰ੍ਹਾਂ ਸਾਖੀ ਸੁਣੀ ਹੈ।

ਸ਼ਹਰ ਨਨੇਰੇ ਐਸੇ ਹੁਨੀ॥੪॥ ਨਨੇਰੇ ਸ਼ਹਿਰ ਦੇ ਕੋਲ ਏਸ ਤਰ੍ਹਾਂ ਹੋਇਆ ਸੀ। ੪।

ਤੁਰਕਨ ਸਿਰ ਸਿਰ ਬੰਦੈ ਲਾਯੋ॥ ਬੰਦੇ ਬਹਾਦਰ ਨੇ ਆਪਣਾ ਸੀਸ ਤੁਰਕਾਂ ਦੇ ਸਿਰ ਲਾ ਦਿਤਾ ਸੀ।

ਜਿਮ ਚਾਹਜੋ ਤਿਮ ਕਾਟ ਗਿਰਾਯੋ॥ ਜਿਵੇਂ ਉਹਨਾਂ ਦੀ ਮਰਜੀ ਹੋਈ ਤਿਵੇਂ ਉਸਨੂੰ ਕੱਟ ਦਿਤਾ, ਟੁਕੜੇ ਕਰ ਦਿਤੇ ਬੰਦੇ ਬਹਾਦਰ ਦੇ।

ਪੁਨ ਤਿਨ ਚਹਜੋ ਦਯੇ ਦੇਸਨ ਖਿੰਡਵਾਇ॥ ਫੇਰ ਉਨ੍ਹਾਂ ਨੇ ਚਾਹਿਆ ਕਿ ਸਾਰੇ ਦੇਸਾਂ ਵਿੱਚ ਜੋ ਮੁਗਲ ਸਾਮਰਾਜ ਦੇ ਅਧੀਨ ਸਨ, ਉੱਥੇ ਅਲੱਗ ਅਲੱਗ ਇਹਨਾਂ ਟੁਕੜਿਆਂ ਨੂੰ ਖਿੰਡਾ ਦੇਈਏ।

ਬੰਦ ਬੰਦ ਧਰੇ ਜੁਦੇ ਕਰਵਾਇ॥੫॥ ਬੰਦੇ ਬਹਾਦਰ ਦੇ ਸਰੀਰ ਦੇ (ਬੰਦ ਬੰਦ) ਜੋੜ ਜੋੜ ਵੱਖ ਵੱਖ ਕਰਵਾ ਦਿੱਤੇ। ੫।

ਦੋਹਰਾ ॥ ਜਾਂਹ ਹੁਤੋ ਖੌਫ ਬਡੋ, ਸੁਨਜੋ ਦੇਸ ਦਿਸੰਤਰ ਮਾਹਿ॥ ਜਿਥੇ ਵੀ ਦੇਸ਼ ਵਿਦੇਸ਼ ਵਿੱਚ, ਬੰਦੇ ਬਹਾਦਰ ਦਾ ਬੜਾ ਭਾਰੀ ਡਰ ਬੈਠਾ ਹੋਇਆ, ਸੁਣਿਆ।

ਅਬ ਤਾਂਹ ਘਲ ਦਿਖਲਾਈਏ, ਬੰਦੈ ਬੰਦ ਪਹੁੰਚਾਇ॥੬॥ ਤੁਰਕਾਂ ਨੇ ਸਲਾਹ ਕੀਤੀ ਕਿ ਜਿਥੇ ਜਿਥੇ ਜਿਆਦਾ ਭੈ ਬੈਠਿਆ ਹੋਇਆ ਹੈ, ਲੋਕਾਂ ਦੇ ਮਨਾਂ ਵਿੱਚ, ਬੰਦੇ ਬਹਾਦਰ ਦਾ ਹੁਣ ਉੱਥੇ ਉੱਥੇ, ਬੰਦੇ ਬਹਾਦਰ ਦੇ ਸਰੀਰ ਦੇ ਟੋਟੇ ਭੇਜ ਕੇ ਲੋਕਾਂ ਨੂੰ ਦਿਖਾ ਕੇ, ਬੰਦੇ ਬਹਾਦਰ ਦਾ ਡਰ ਲੋਕਾਂ ਦੇ ਮਨਾਂ ਵਿਚੋਂ ਕੱਢੀਏ। ੬।

ਚੌਪਈ॥ ਯਹੀ ਹੁਕਮ ਫਰਖਸ਼ਰਹ ਦਯੋ॥ ਏਹੀ ਹੁਕਮ ਫਰਖਸੀਅਰ ਬਾਦਸ਼ਾਹ ਨੇ ਦਿੱਤਾ ਹੈ।

ਯੌਂ ਕਹਿ ਮੱਧ ਸੰਦੂਕਨ ਠਯੋ॥ ਇਉਂ ਕਹਿਕੇ ਬੰਦੇ ਬਹਾਦਰ ਦੇ ਸਰੀਰ ਦੇ ਟੁਕੜਿਆਂ ਨੂੰ ਵੱਖ ਵੱਖ ਸੰਦੂਕਾਂ ਵਿੱਚ ਪਾ ਲਿਆ ਹੈ।

ਉਸ ਪਰ ਦ੍ਰੋਗੇ ਕੀਏ ਨਿਗਵਾਨ॥ ਉਸਦੇ ਉਤੇ (ਦ੍ਰੋਗੇ) ਥਾਣੇਦਾਰਾਂ ਦੀ ਨਿਗਰਾਨੀ ਕਰ ਦਿੱਤੀ ਕਿ ਤੁਸੀਂ ਇਸਦੇ ਨਾਲ ਜਾਣਾ ਹੈ।

ਦੇਸ਼ ਵੰਡ ਕਰਜੋ ਤੋਰਜੋ ਅਗਵਾਨ॥੭॥ ਦੇਸ਼ ਦੀ ਵੰਡ ਕਰਕੇ, ਉਨ੍ਹਾਂ ਦੀ ਅਗਵਾਈ ਵਿੱਚ, ਉਨ੍ਹਾਂ ਸੰਦੂਕਾਂ ਨੂੰ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਤੋਰ ਦਿੱਤਾ ਹੈ। ੭।

ਸੋ ਸੁਨੋਂ ਰਾਤ ਬੰਦੈ ਜੀ ਠਈ॥ ਜੋ ਬੰਦੇ ਨੇ ਰਾਤ ਨੂੰ ਕੌਤਕ ਵਰਤਾਇਆ ਹੈ ਉਹ ਸੁਣੋ।

ਬੋਲ ਦਰੋਗਨ ਸੋਂ ਯੌਂ ਕਹੀ॥ ਦਰੋਗਿਆਂ ਨੂੰ ਅਕਾਸ਼ ਬਾਣੀ ਰਾਹੀਂ ਬੋਲ ਕੇ ਏਸ ਤਰ੍ਹਾਂ ਕਿਹਾ ਹੈ।

ਯਹ ਸੰਦੂਕ ਅਬ ਹੀ ਫਟ ਜਾਇ॥ ਦਰੋਗਿਓ ! ਕੀ ਹੋ ਗਿਆ ਤੁਸਾਂ ਮੋਹਰਾਂ ਲਾ ਦਿੱਤੀਆਂ ਹਨ, ਇਹ ਸੰਦੂਕ ਹੁਣੇ ਹੀ ਫਟ ਜਾਣਗੇ, ਹੁਣੇ ਹੀ ਖੁਲ੍ਹ ਜਾਣਗੇ।

ਹਮਰੀ ਦੇਹ ਤੁਮ ਦੇਹੁ ਬਨਾਇ॥੮॥ ਮੇਰੇ ਸਰੀਰ ਦੇ ਟੁਕੜੇ ਸੰਦੂਕ 'ਚੋਂ ਕੱਢ ਕੇ ਉਸੇ ਤਰ੍ਹਾਂ ਹੀ ਜੋੜ ਦਿਉ, ਲੱਤਾਂ ਬਾਹਾਂ ਆਦਿਕ। ੮।

ਨਾਂਹ ਬਨਵੋ ਤੌ ਅੰਧੈ ਹੋਵਹੁ॥ ਜੇ ਤੁਸੀਂ ਮੇਰੀ ਦੇਹ ਨੂੰ ਉਸੇ ਤਰ੍ਹਾਂ ਨਾ ਜੋੜੋ ਤਾਂ ਜਾਉ ਅੰਧੇ ਹੋ ਜਾਉ।

ਹੁਇ ਦੁਖੀਏ ਤੁਮ ਪ੍ਰਾਣ ਗੁਵੇਵਹੁ॥ ਦੁਖੀ ਹੋ ਕੇ ਤੁਸੀਂ ਆਪਣੀ ਜਾਨ ਗਵਾਉਗੇ।

ਸੋ ਸੁਨ ਉਨੈ ਕੁਛ ਆਕੜ ਕਈ॥ ਇਹ ਉਸਦਾ ਗੈਬੀ ਬਚਨ ਸੁਣ ਕੇ ਕੁਛ ਆਕੜ ਕੀਤੀ ਦਰੋਗਿਆਂ ਨੇ, ਕਿ ਸਾਡਾ ਕੀ ਵਿਗਾੜ ਸਕਦਾ ਹੈ ਸਾਹਮਣੇ ਸਾਡੇ ਹੈ, ਜਦੋਂ ਇਹ ਬਚਨ ਕੀਤਾ।

ਭਏ ਅੰਧੇ ਤੇ ਸਭ ਭੁਲ ਗਈ॥੯॥ ਉਸੇ ਵੇਲੇ ਅੰਧੇ ਹੋ ਗਏ ਹਨ, ਜਦੋਂ ਅੰਧੇ ਹੋ ਗਏ ਤਾਂ ਸਾਰੀ ਆਕੜ ਭੁੱਲ ਗਈ ਹੈ। ੯।

ਤੌ ਦ੍ਰੋਗਨ ਕਹਜੋ ਹਮ ਆਪੈਂ ਦੱਯੈ॥ ਤਾਂ ਦਰੋਗੇ ਲੱਗੇ ਫਿਰ ਮਿੰਨਤਾਂ ਕਰਨ, ਕਿ ਅਸੀਂ ਭੁੱਲ ਗਏ, ਅਸੀਂ ਗਲਤੀ ਕੀਤੀ ਹੈ ਸਾਨੂੰ ਅੱਖਾਂ ਦੇ ਦਿਉ ਜੀ।

ਔਰ ਲੋਗਨ ਕੌ ਨਦਰ ਨ ਪੱਯੈ॥ ਪਰ ਇਹ ਖਿਆਲ ਰੱਖਿਓ ਹੋਰ ਲੋਕਾਂ ਦੀ ਅਸੀਂ ਨਜ਼ਰ ਨਾ ਪਈਏ, ਹੋਰਨਾਂ ਨੂੰ ਅਸੀਂ ਨਾ ਦਿਸੀਏ।

ਸੋਊ ਬਾਤ ਬੰਦੈ ਜੀ ਕਈ॥ ਉਨ੍ਹਾਂ ਦੀ ਉਹ ਗੱਲ ਬੰਦੇ ਬਹਾਦਰ ਨੇ ਮੰਨ ਲਈ ਹੈ, ਕਹਿਣ ਲੱਗਾ ਚੰਗਾ, ਤੁਸੀਂ ਲੋਕਾਂ ਨੂੰ ਨਹੀਂ ਦਿਸੋਗੇ।

ਉਨ ਕੌ ਤਊ ਪ੍ਰਤੀਤਹਿ ਅਈ॥੧੦॥ ਤਾਂ ਉਨ੍ਹਾਂ ਨੂੰ ਯਕੀਨ ਹੋਇਆ ਹੈ, ਬੰਦੇ ਬਹਾਦਰ ਤੇ। ੧੦।

ਦੋਹਰਾ॥ ਬੰਦੈ ਜੀ ਜਿਮ ਉਨ ਕਹਜੋ, ਤਿਮ ਤਿਨ ਦਯੋ ਬਨਾਇ॥ ਜਿਵੇਂ ਬੰਦਾ ਬਹਾਦਰ ਜੀ ਨੇ ਉਨ੍ਹਾਂ ਨੂੰ ਆਖਿਆ ਸੀ ਕਿ ਮੇਰੇ ਸਰੀਰ ਦੇ ਅੰਗਾਂ ਨੂੰ ਜੋੜੋ ਉਸੇ ਤਰ੍ਹਾਂ ਹੀ, ਸੰਦੂਕ ਫਟ ਗਏ ਹਨ, ਵਖੋ ਵਖਰੇ ਅੰਗ ਕੱਢਕੇ ਸੰਦੂਕਾਂ ਵਿਚੋਂ ਉਸੇ ਤਰ੍ਹਾਂ ਹੀ ਜੋੜ ਦਿੱਤੇ ਹਨ।

ਮੱਧ ਹਨ੍ਹੇਰੇ ਨਹਿੰ ਦਿਸੈ, ਇਮ ਹਥ ਪਗ ਲਗੇ ਪਲਟਾਇ॥੧੧॥ ਹਨੇਰੀ ਰਾਤ ਵਿੱਚ ਉਨ੍ਹਾਂ ਨੂੰ ਚੰਗੀ ਤਰ੍ਹਾਂ ਦਿਸਿਆ ਨਾ, ਇਸ ਕਰਕੇ ਹੱਥ, ਪੈਰ, ਕੋਈ ਪੁਠਾ ਜੁੜ ਗਿਆ, ਕੋਈ ਸਿੱਧਾ ਜੁੜ ਗਿਆ, ਭਾਵ ਜਿਸ ਤਰ੍ਹਾਂ ਉਨ੍ਹਾਂ ਤੋਂ ਜੋੜੇ ਗਏ, ਉਸ ਤਰ੍ਹਾਂ ਜੁੜ ਗਏ, ਸਾਰੇ ਸਿੱਧੇ ਨਹੀਂ ਜੁੜੇ। ਅੰਗ ਪੈਰ ਬਦਲ ਕੇ ਲੱਗ ਗਏ ਹਨ ਆਪਸ ਵਿੱਚ। ੧੧।

ਚੌਪਈ॥ ਔਰ ਬੰਦੈ ਜੀ ਐਸ ਬਿਚਾਰੀ॥ ਜਦੋਂ ਦ੍ਰੋਗਿਆਂ ਤੋਂ ਸਰੀਰਕ ਅੰਗ ਠੀਕ ਨਾ ਜੋੜੇ ਗਏ, ਤਾਂ ਬੰਦੇ ਬਹਾਦਰ ਨੇ ਵੀ ਮਨ ਵਿੱਚ ਇਸ ਤਰ੍ਹਾਂ ਵਿਚਾਰ ਕੀਤੀ, ਮਨ ਵਿੱਚ ਵਿਚਾਰਿਆ।

ਜੌ ਹਮ ਬਨਾਵਹਿੰ ਦੇਹ ਸਭ ਕਾਰੀ॥ ਜੇ ਮੈਂ ਆਪਣੀ ਦੇਹ ਨੂੰ ਜਿਉਂ ਕਿ ਤਿਉਂ ਬਣਾ ਲਿਆ ਉਸੇ ਤਰ੍ਹਾਂ ਹੀ, ਆਪਣੀ ਦੇਹ ਸਾਬਤ ਕਰ ਲਈ ਤਾਂ।

ਤੌ ਲੋਕ ਕਹੈਂ ਕੋਊ ਹੈ ਪਾਖੰਡੀ॥ ਤਾਂ ਲੋਕੀਂ ਕਹਿਣਗੇ ਕੋਈ ਪਖੰਡੀ ਹੈ, ਬੰਦਾ ਬਹਾਦਰ ਤਾਂ ਉਥੇ ਦਿੱਲੀ ਵਿੱਚ ਮਾਰਿਆ ਗਿਆ ਸੀ, ਇਹ ਐਵੇਂ ਬਣ ਬਣ ਬਹਿੰਦਾ ਫਿਰਦਾ ਹੈ, ਲੋਕੀਂ ਪਖੰਡੀ ਆਖਣਗੇ ਮੈਨੂੰ।

ਯੌ ਉਲਟੀ ਦੇਹ ਦਿਖਾਈ ਮੰਡੀ॥੧੨॥ ਮੰਡੀ ਦਾ ਰਾਜਾ ਸੁਧਰ ਸੈਨ ਬੰਦੇ ਦਾ ਸੇਵਕ ਸੀ, ਜਿਥੇ ਰਿੱਧੀਆਂ ਸਿੱਧੀਆਂ ਵਾਲੀ ਪੋਥੀ ਰੱਖੀ ਸੀ, ਇਉਂ ਮੰਡੀ ਜਾ ਕੇ ਆਪਣੀ ਦੇਹ ਪਲਟਾ ਕੇ ਦਿਖਾਈ। ੧੨।

ਦੋਹਰਾ॥ ਹੁਤੀ ਬੰਦੈ ਯੌਂ ਦਿਲ ਬਸੀ, ਸਤਿਗੁਰ ਕਹਜੋ ਸਭ ਕੀਨ॥ ਬੰਦੇ ਬਹਾਦਰ ਦੇ ਦਿਲ ਵਿੱਚ ਵਸੀ ਹੋਈ ਸੀ ਕਿ ਜਿਵੇਂ ਮੈਨੂੰ ਸਤਿਗੁਰਾਂ ਨੇ ਹੁਕਮ ਦਿੱਤਾ ਸੀ, ਕਿ ਪਹਿਲਾਂ ਤੁਰਕਾਂ ਨੂੰ ਸੋਧਣਾ ਹੈ ਪੰਜਾਬ ਵਿੱਚ, ਫਿਰ ਪਹਾੜਾਂ ਵਿੱਚ ਪਹਾੜੀਆਂ ਨੂੰ ਸੋਧਣਾ ਹੈ, ਜਿਨ੍ਹਾਂ ਨੇ ਸਾਰਾ ਵਿਗਾੜ ਪਾਇਆ ਸੀ ਉਹ ਤਾਂ ਮੈਂ ਸਾਰੀ ਗੱਲ ਕਰ ਦਿੱਤੀ ਹੈ।

ਰਹੀ ਹੁਤੀ ਜੰਬੂ ਦਿਸੈ, ਅਬ ਦਿਯੋ ਪਤਿਆਰੋ ਚੀਨ॥੧੩॥ ਜੰਮੂ ਦੀ ਦਿਸ਼ਾ ਰਹਿ ਗਈ ਹੈ, ਇਸ ਦੀ ਆਪਣੀ ਜਨਮ ਭੂਮੀ ਵੀ ਜੰਮੂ ਕਸ਼ਮੀਰ ਸੀ ਰਜੌਰੀ ਪੁਣਛ ਦੇ ਰਹਿਣ ਵਾਲਾ ਸੀ ਹੁਣ ਉੱਥੇ ਆਪਣੀ ਸ਼ਕਤੀ ਦਾ (ਪਤਿਆਰ) ਪ੍ਰਤਿਆਵਾ ਦੇਵਾਂ, ਉਥੇ ਆਪਣੀ ਕਰਾਮਾਤ ਦਾ ਪ੍ਰਗਟਾਵਾ ਕਰਾਂ (ਚੀਨ) ਜਾਣੋ। ੧੩।

ਬੰਦੌ ਜੀ ਤਹਿੰ ਤੇ ਉਡਜੋ, ਢਿਗ ਪੁਜਜੋ ਜੰਮੂ ਕੈ ਸੋਇ॥ ਬੰਦਾ ਸਿੰਘ ਬਹਾਦਰ ਉਥੋਂ ਸਕੇਤ ਮੰਡੀ ਤੋਂ ਉਡਕੇ ਉਹ ਜੰਮੂ ਦੇ ਕੋਲ ਪਹੁੰਚ ਗਿਆ ਹੈ ਪਹਾੜ ਤੇ।

ਜਗ੍ਹਾ ਖੂਬ ਮਨ ਮਾਨਤੀ, ਲਖ ਬੈਠੌ ਤੁਰਤਹਿ ਤੋਇ॥੧੪॥ (ਖੂਬ) ਚੰਗੀ (ਮਨ ਮਾਨਤੀ) ਮਨ ਭਾਉਂਦੀ, ਜਗ੍ਹਾ ਦੇਖ ਕੇ ਬੜੀ ਛੇਤੀ ਉਥੇ ਬੈਠ ਗਿਆ ਹੈ, ਆਸਣ ਲਾ ਲਿਆ ਹੈ ਉਥੇ। ੧੪।

ਚੌਪਈ॥ ਤਹਾਂ ਜਾਇ ਕੁਛ ਗੁਪਤ ਬੀ ਰਹਜੋ॥ ਉਥੇ ਜਾ ਕੇ ਕੁਛ ਸਮਾਂ ਗੁਪਤ ਰਿਹਾ ਹੈ, ਕਿਸੇ ਨੂੰ ਪ੍ਰਗਟ ਹੋ ਕੇ ਨਹੀਂ ਦੱਸਿਆ।

ਹੁਤੇ ਭੇਤੀ ਤੇ ਸੱਦ ਮਿਲਯੋ॥ ਉਸ ਇਲਾਕੇ ਵਿਚ ਜਿਹੜੇ ਇਸਦੇ ਭੇਤੀ ਸਨ, ਕਿਉਂਕਿ ਉਸ ਇਲਾਕੇ ਦੇ ਵੀ ਇਸ ਦੇ ਬਹੁਤ ਸਾਰੇ ਸਿਖ ਸਜੇ ਸਨ, ਸੱਦ ਕੇ ਉਨ੍ਹਾਂ ਨਾਲ ਮੁਲਾਕਾਤ ਕੀਤੀ ਹੈ ਕਿ ਮੈਂ ਅਜੇ ਜਿਉਂਦਾ ਹਾਂ, ਮੈਂ ਏਥੇ ਬੈਠਾ ਹਾਂ, ਹੁਣ ਏਥੇ ਆ ਗਿਆ ਹਾਂ, ਉਨ੍ਹਾਂ ਸਾਰਿਆਂ ਨੂੰ ਆਪਣਾ ਭੇਤ ਦਿੱਤਾ।

ਹੁਤੋ ਤਕਰਾਰ ਜਿ ਉਨਕੈ ਸਾਥਿ॥ ਕਈਆਂ ਨਾਲ ਇਕਰਾਰ ਨਾਮੇ ਕੀਤੇ ਹੋਇ ਸਨ, ਕਿ ਤੇਰਾ ਕੰਮ ਮੈਂ ਕਰਾਂਗਾ। ਲੋਕਾਂ ਦਾ ਤਾਂ ਕੰਮਾਂ ਨਾਲ ਵਾਸਤਾ ਹੁੰਦਾ ਹੈ, ਉਨ੍ਹਾਂ ਨਾਲ ਇਕਰਾਰ ਕੀਤੇ ਹੋਏ ਸਨ, ਜਿਨ੍ਹਾਂ ਨੂੰ ਇਸ ਨੇ ਬੁਲਾਇਆ ਹੈ।

ਸੱਭਿ ਪੁਜਾਈ ਉਨ ਕੀ ਬਾਤਿ॥੧੫॥ ਜੋ ਜੋ ਉਹਨਾਂ ਦੀ ਮੰਗ ਸੀ, ਉਨ੍ਹਾਂ ਦੀ ਵੀ ਆਸ ਪੂਰਨ ਕੀਤੀ, ਉਨ੍ਹਾਂ ਦੀ ਵੀ ਗੱਲ ਸਹੀ ਕੀਤੀ ਇਸਨੇ। ੧੫।

ਤਹਾਂ ਬੈਠ ਬਹੁ ਪਰਚੇ ਲਾਏ॥ ਹੁਣ ਏਥੇ ਬੈਠਾ ਜੰਮੂ ਏਰੀਏ ਵਿੱਚ ਪਰਚੇ ਲਾਉਂਦਾ ਹੈ, ਲੋਕਾਂ ਨੂੰ ਕਰਾਮਾਤਾਂ ਦਿਖਾਉਂਦਾ ਹੈ।

ਬਹੁ ਲੋਕਨ ਕੇ ਮਨ ਪਤਿਆਏ॥ ਬਹੁਤੇ ਲੋਕਾਂ ਦੀ ਮਨ ਦੀ ਆਸਾ ਪੂਰਨ ਕੀਤੀ ਇਸਨੇ।

ਜਿਸ ਹੁਤੇ ਬਚਨ ਕਹੇ ਆਪ ਹਜੂਰ॥ ਜਿਨ੍ਹਾਂ ਨੂੰ ਆਪ ਬਚਨ ਕੀਤੇ ਹੋਏ ਸਨ ਆਪ (ਹਜ਼ੂਰ) ਦਸਮੇਸ਼ ਜੀ ਨੇ, ਭਾਵ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨਾਲ ਜਿਨ੍ਹਾਂ ਨਾਲ ਕੋਈ ਬਚਨ ਹੋਏ ਸਨ ।

ਤਿਨ ਕੀ ਭੀ ਦਈ ਮਨਸਾ ਪੂਰ॥੧੬॥ ਉਹਨਾਂ ਦੀ ਵੀ ਆਸਾ ਪੂਰਨ ਕੀਤੀ, ਕਿਉਂਕਿ ਸ਼ਿਕਸਤ ਖਾ ਕੇ ਤੁਰਕਾਂ ਤੋਂ ਹੁਣ ਇਸ ਨੂੰ ਪਤਾ ਲੱਗ ਗਿਆ ਹੈ, ਹੁਣ ਇਸ ਨੂੰ ਗੁਰੂ ਤੇ ਭੀ ਭਰੋਸਾ ਹੋ ਗਿਆ ਹੈ। ਹੁਣ ਗੁਰਸਿਖਾਂ ਦੀਆਂ ਵੀ ਮਨੋ ਕਾਮਨਾ ਪੂਰੀਆਂ ਕਰਦਾ ਹੈ। ੧੬।

ਕਿਤੈ ਹਜੂਰ ਬੀ ਆਪ ਕਹਾਵੈ॥ ਕਿਤੇ ਕਿਤੇ ਇਹ ਵੀ ਗੱਲ ਕਹਿ ਦਿੰਦਾ ਹੈ ਕਿ ਮੈਂ ਹੀ ਹਾਂ ਗੁਰੂ ਗੋਬਿੰਦ ਸਿੰਘ, ਮੈਂ ਏਥੇ ਹਾਜ਼ਰ ਬੈਠਾ ਹਾਂ ਆ ਕੇ, ਇਉਂ ਵੀ ਕਹਿ ਦਿੰਦਾ ਹੈ ਆ ਕੇ।

ਕਿਤੈ ਜ਼ੋਰਾਵਰ ਸਿੰਘ ਅਖਵਾਵੈ॥ ਕਿਤੇ ਬੰਦਾ ਸਿੰਘ ਬਹਾਦਰ ਆਪਣੇ ਆਪ ਨੂੰ ਬਾਬਾ ਜੋਰਾਵਰ ਸਿੰਘ ਕਹਾਉਂਦਾ ਹੈ, ਕਿ ਮੈਂ ਹੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦਾ ਸਾਹਿਬਜ਼ਾਦਾ ਜੋਰਾਵਰ ਸਿੰਘ ਹਾਂ।

ਸ਼ਬਦੀ ਸਾਖੀ ਗੁਰ ਕੀ ਜੋਈ॥ ਜੋ ਗੁਰੂ ਕੇ ਸ਼ਬਦ ਸਾਖੀਆਂ ਹਨ।

ਪ੍ਰਗਟ ਬਨਾਇ ਸੁਨਾਵੈ ਤੋਈ॥੧੭॥ ਪ੍ਰਗਟ ਕਰਕੇ, ਬਣਾ ਕੇ ਸਾਖੀਆਂ ਸੁਣਾਉਂਦਾ ਹੈ ਸੰਗਤ ਨੂੰ , ਜਿਸ ਤੋਂ ਪ੍ਰਤੀਤ ਆਵੇ ਸੰਗਤ ਨੂੰ। ੧੭।

ਦੋਹਰਾ॥ ਅਗਮ ਨਿਗਮ ਕੀ ਬਾਤ ਜੋ, ਸੋ ਸਭ ਦਏ ਬਤਾਇ॥ ਬੇਦਾਂ, ਸ਼ਾਸਤ੍ਰਾਂ ਦੀਆਂ ਜੋ ਗੁੱਝੀਆਂ ਗੱਲਾਂ ਹਨ, ਉਹ ਸਭ ਗੱਲਾਂ ਦੱਸ ਦਿੰਦਾ ਹੈ।

ਬਹੁਤ ਪ੍ਰਚੇ ਤਿਸ ਥਾਂ ਲਏ, ਗੁਰ ਬੀ ਆਪ ਅਖਾਇ ॥੧੮॥ ਇਤੀ ॥ ਜੰਮੂ ਦੇ ਵਿੱਚ ਬੈਠਕੇ ਬਹੁਤ ਸਾਰੇ ਪਰਚੇ ਲਾਏ ਹਨ, ਲੋਕਾਂ ਨੂੰ ਕਰਾਮਾਤਾਂ ਦਿਖਾਈਆਂ ਹਨ ਅਤੇ ਆਪਣੇ ਆਪ ਨੂੰ ਗੁਰੂ ਵੀ ਅਖਵਾ ਲੈਂਦਾ ਹੈ ਕਦੀ ਕਦੀ। ੧੮।

"ਇਤੀ ਅਧਯਾਯ ਸੰਪੂਰਨੰ"

ਦੋਹਰਾ॥ ਸੁਨੋ ਸਾਖੀ ਅਬ ਔਰ ਇਕ, ਜਿਮ ਬੰਦੋ ਕੀਓ ਬਿਆਹ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਇੱਕ ਹੋਰ ਸਾਖੀ ਸੁਣੋ, ਜਿਵੇਂ ਏਥੇ ਆ ਕੈ ਬੰਦੇ ਨੇ ਇਕ ਹੋਰ ਨਵਾਂ ਵਿਆਹ ਕਰਾਇਆ ਹੈ।

ਭਏ ਜੁ ਪੁੱਤਰ ਦੁਇ ਉਸੈ, ਤੇਊ ਸੋਢੀ ਬੰਸ ਸਦਾਇ॥੧॥ ਉਸ ਦੇ ਅੱਗੇ ਦੋ ਪੁੱਤਰ ਹੋਏ ਹਨ ਜਿਨ੍ਹਾਂ ਨੇ ਆਪਣੇ ਆਪ ਨੂੰ ਸੋਢੀ ਕਹਾਇਆ ਹੈ, ਕਿਉਕਿ ਸੋਢ ਬੰਸ ਖਾਲਸਾ ਹੈ, ਹੁਣ ਇਹ ਵੀ ਸਾਬਤ ਕਰਨਾ ਚਾਹੁੰਦਾ ਹੈ ਕਿ ਗੁਰੂ ਸਾਹਿਬ ਦੇ ਅਸੀਂ ਸੇਵਕ ਹਾਂ, ਉਨ੍ਹਾਂ ਤੋਂ ਸਜੇ ਹਾਂ, ਅਸੀਂ ਵੀ ਸੋਢੀ ਹੋ ਗਏ ਹਾਂ। ੧।

ਚੌਪਈ॥ ਊਹਾਂ ਢਿਗ ਇਕ ਗ੍ਰਾਮ ਬਸਾਤ॥ ਉੱਥੇ ਜਿਥੇ ਇਹਦਾ ਡੇਰਾ ਹੈ, ਉਸਦੇ ਕੋਲ ਹੀ ਇਕ ਨਗਰ ਵਸਦਾ ਹੈ।

ਭਯੋ ਬੰਦੋ ਜੀ ਤਹਿੰ ਕਿਤ ਜਾਤ॥ ਉਥੇ ਉਸਨੂੰ ਕਿਤੇ ਨਗਰ ਵਿੱਚ ਜਾਣ ਦਾ ਸਮਾਂ ਮਿਲ ਗਿਆ, ਉਹ ਨਗਰ ਵਿੱਚ ਗਿਆ।

ਤਹਾਂ ਬਸਤ ਥੋ ਕੋਊ ਹਾਛੀ ਕੁਲਹ॥ ਉਥੇ ਕੋਈ ਚੰਗੀ ਕੁਲ ਦਾ ਵਸਦਾ ਸੀ।

ਲਖੀ ਪੁੱਤਰੀ ਤਿਸ ਘਰ ਭਲਹਿ॥੨॥ ਉਸ ਦੇ ਘਰ ਵਿਚ ਇਕ ਚੰਗੀ ਪੁੱਤਰੀ ਵੀ ਸੀ, ਉਹ ਇਸਨੇ ਦੇਖੀ। ੨।

ਤਿਸਕੈ ਮਾਤ ਪਿਤਹਿ ਸੱਦ ਕਹਿਓ॥ ਬੰਦੇ ਬਹਾਦਰ ਨੇ ਉਸਦੇ ਮਾਤਾ ਪਿਤਾ ਨੂੰ ਸੱਦ ਕੇ ਆਖਿਆ।

"ਅਪਨੀ ਪੁੱਤ੍ਰੀ ਤੁਮ ਹਮ ਕੌ ਦਇਓ"॥ ਤੁਸੀਂ ਇਉਂ ਕਰੋ ਆਪਣੀ ਪੁੱਤਰੀ ਦੀ ਸ਼ਾਦੀ ਮੇਰੇ ਨਾਲ ਕਰ ਦਿਉ।

ਯਹ ਸੁਨਿ ਕੈ ਉਨ ਗੁੱਸੋ ਕੀਓ॥ ਬੰਦੇ ਬਹਾਦਰ ਦੇ ਮੂੰਹੋਂ ਇਹ ਗੱਲ ਸੁਣ ਕੇ ਲੜਕੀ ਦੇ ਮਾਤਾ ਪਿਤਾ ਨੇ ਗੁੱਸਾ ਕੀਤਾ।

ਹਮ ਫਕੀਰਨ ਕੌ ਕਿਮ ਸਾਕ ਚਹੈਂ ਦੀਓ॥੩॥ ਹੈਂ! ਅਸੀਂ ਉੱਚੀ ਕੁਲ ਵਾਲੇ, ਅਸੀਂ ਤੁਹਾਨੂੰ ਸਾਕ ਕਿਵੇਂ ਕਰ ਦੇਈਏ, ਅਸੀਂ ਨਹੀਂ ਕਰਦੇ ਹਾਂ, ਜਦੋਂ ਇਸ ਤਰ੍ਹਾਂ ਜਵਾਬ ਦਿੱਤਾ। ੩।

ਤੌ ਬੰਦੈ ਜੀ ਐਸ ਉਚਾਰੋ॥ ਤਦ ਬੰਦੇ ਬਹਾਦਰ ਨੇ ਇਸ ਪ੍ਰਕਾਰ ਕਿਹਾ ਉਨ੍ਹਾਂ ਨੂੰ।

ਤੁਮ ਹੋਵੋ ਅੰਧੇ ਹਮ ਬਚਨ ਨਿਵਾਰੋ॥ ਤੁਸੀਂ ਮੇਰਾ ਬਚਨ ਮੋੜਿਆ ਹੈ, ਜਾਉ ਅੰਧੇ ਹੋ ਜਾਉ।

ਜਬ ਲਗ ਤੁਮ ਮੋ ਮੰਨੋ ਨ ਸਾਕ॥ ਜਦੋਂ ਤੱਕ ਤੁਸੀਂ ਮੈਨੂੰ ਆਪਣੀ ਲੜਕੀ ਦਾ ਰਿਸ਼ਤਾ ਦੇਣਾ ਨਹੀਂ ਮੰਨਦੇ, ਉਤਨੇ ਚਿਰ ਵਾਸਤੇ ਅੰਧੇ ਰਹੋਗੇ।

ਮਿਲੈਂ ਨ ਨੇਤਰ ਯੌ ਦੀਯੋ ਆਖਿ॥੪॥ ਤੁਹਾਨੂੰ ਅੱਖਾਂ ਨਹੀਂ ਮਿਲਣਗੀਆਂ, ਅੰਧੇ ਹੀ ਰਹੋਗੇ ਉਤਨਾ ਚਿਰ, ਇਉਂ ਸਰਾਪ ਦਿੱਤਾ ਉਨ੍ਹਾਂ ਨੂੰ ਬੰਦਾ ਸਿੰਘ ਬਹਾਦਰ ਨੇ। ੪।

ਹੁਇ ਦੁਖੀਓ ਸਭ ਟੱਬਰ ਪਯੋ॥ ਉਹ ਸਾਰਾ ਟੱਬਰ ਹੀ ਅੰਨ੍ਹਾ ਹੋ ਗਿਆ, ਦੁਖੀ ਹੋ ਗਏ ਹਨ, ਹੱਥ ਮਾਰਿਆ ਦਿਸਦਾ ਨਹੀਂ, ਕੋਈ ਸੁਜਾਖਾ ਟੱਬਰ ਵਿੱਚ ਹੋਵੇ ਤਾਂ ਕੋਈ ਕਿਸੇ ਦੀ ਬਾਂਹ ਹੀ ਫੜ ਲਵੇ।

ਤਊ ਸਾਕ ਉਨ ਨੈ ਮੰਨਿ ਲਯੋ॥ ਆਪਸ ਵਿੱਚ ਕਿਹਾ ਕਿ ਉਸ ਫਕੀਰ ਦਾ ਬਚਨ ਮੰਨ ਲਵੋ, ਲੜਕੀ ਦਾ ਰਿਸ਼ਤਾ ਉਸਨੂੰ ਦੇ ਦਈਏ, ਇਹ ਅੱਖਾਂ ਤਾਂ ਹੀ ਮਿਲਣਗੀਆਂ, ਤਾਂ ਉਹਨਾਂ ਨੇ ਆਪਣੀ ਲੜਕੀ ਦਾ ਰਿਸ਼ਤਾ ਦੇਣਾ ਮੰਨ ਲਿਆ ਹੈ।

ਬੰਦੇ ਜੀ ਯੌਂ ਕਹਯੋ ਉਚਾਰੇ॥ ਬੰਦਾ ਸਿੰਘ ਬਹਾਦਰ ਨੇ ਉਨ੍ਹਾਂ ਨੂੰ ਅੱਗੋਂ ਇਉਂ ਆਖਿਆ ਹੈ।

ਲਜਾਵੋ ਡੋਲਾ ਹਮਰੇ ਬਾਰੇ॥੫॥ ਤੁਸੀਂ ਆਪਣੀ ਲੜਕੀ ਦਾ ਡੋਲਾ ਸ਼ਿੰਗਾਰ ਕੇ, ਏਥੇ ਮੇਰੇ ਘਰੇ ਲਿਆਉ ਮੇਰੀ ਝੋਪੜੀ ਵਿਚ ਆਪਣੀ ਲੜਕੀ ਦਾ ਡੋਲਾ ਲੈ ਕੇ ਆਉ। ੫।

ਦੋਹਰਾ॥ ਉਸ ਦਿਨ ਤੇ ਯੌ ਟਿਕ ਭਯੋ, ਪਰ ਘਰ ਬਜਾਹਨ ਨ ਜਾਹਿੰ॥ ਉਸ ਦਿਨ ਤੋਂ ਹੀ ਇਸ ਤਰ੍ਹਾਂ ਟਿੱਕਿਆ ਗਿਆ ਕਿ ਹੁਣ ਬੰਦੇ ਬਹਾਦਰ ਦੀ ਜੋ ਉਲਾਦ ਹੈ, ਉਹ ਦੂਸਰੇ ਦੇ ਘਰ ਵਿਆਹੁਣ ਨਹੀਂ ਜਾਂਦੇ ਬੱਚਿਆਂ ਨੂੰ।

ਆਗੈ ਉਨੈ ਉਲਾਦ ਬੀ, ਘਰ ਹੀ ਡੋਲੇ ਮੰਗਾਹਿੰ ॥੬॥ ਅੱਗੇ ਜੋ ਉਸ ਦੀ ਉਲਾਦ ਹੈ, ਉਹ ਆਪਣੇ ਘਰ ਹੀ ਡੋਲਾ ਮੰਗਾਉਂਦੇ ਹਨ। ੬।

ਚੌਪਈ॥ ਜੋ ਬੰਦੈ ਜੀ ਭਈ ਉਲਾਦ॥ ਜੋ ਬੰਦੇ ਬਹਾਦਰ ਦੀ ਉਲਾਦ ਅੱਗੇ ਪੈਦਾ ਹੋਈ।

ਗੋਤ ਉਚਾਰੈਂ ਸੋਢੀ ਤਾਦ॥ ਉਹ ਉਸੇ ਦਿਨ ਤੋਂ ਹੀ ਆਪਣਾ ਗੋਤ ਸੋਢੀ ਕਹਿੰਦੇ ਹਨ।

ਹਮ ਗੁਰੂ ਗੋਬਿੰਦ ਸਿੰਘ ਬੰਸੀ ਆਹੀਂ॥ ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ ਬੰਸ ਦੇ ਹਾਂ, ਉਹ ਸੋਢੀ ਪਾਤਸ਼ਾਹ ਸਨ, ਉਨ੍ਹਾਂ ਨੇ ਆਪਣੀ ਸੰਗਤ ਨੂੰ ਸੋਢ ਬੰਸ ਖਾਲਸਾ ਬਣਾਇਆ ਹੈ, ਅਸੀਂ ਵੀ ਉਨ੍ਹਾਂ ਵਿਚੋਂ ਹਾਂ।

ਇਮ ਕਰ ਸੋਢੀ ਬੰਸ ਅਖਾਹੀਂ॥੭॥ ਇਸ ਤਰ੍ਹਾਂ ਕਰਕੇ ਉਹ ਆਪਣੇ ਆਪ ਨੂੰ ਸੋਢੀ ਬੰਸ ਦੇ ਅਖਵਾਉਂਦੇ ਹਨ।

ਤੌ ਬੰਦੇ ਘਰ ਬੇਟਾ ਭਯੋ॥ ਤਦ ਬੰਦੇ ਬਹਾਦਰ ਦੇ ਘਰ ਇੱਕ ਪੁੱਤਰ ਪੈਦਾ ਹੋਇਆ।

ਔਰ ਦਾਸੀ ਕੈ ਬੀ ਇਕ ਠਯੋ॥ ਬੰਦੇ ਬਹਾਦਰ ਦੇ ਸਹੁਰੇ ਚੰਗੇ ਉੱਚੇ ਘਰਾਣੇ ਦੇ ਸਨ, ਉਹਨਾਂ ਨੇ ਆਪਣੀ ਲੜਕੀ ਦੇ ਨਾਲ ਇੱਕ (ਦਾਸੀ) ਸੇਵਕਾ ਦਿੱਤੀ ਸੀ, ਬੰਦੇ ਨੇ ਉਸ ਦਾਸੀ ਨਾਲ ਵੀ ਸੰਗਤ ਕਰ ਲਈ, ਉਸ ਦਾਸੀ ਦੇ ਵੀ ਇੱਕ ਪੁੱਤਰ ਹੋ ਗਿਆ।

ਤੌ ਦਾਸੀ ਸੁਤ ਖੇਡਤ ਆਯੋ॥ ਤਾਂ (ਦਾਸੀ) ਸੇਵਕਣ ਦਾ ਪੁੱਤਰ ਖੇਡਦਾ ਹੋਇਆ ਬੱਚਿਆਂ ਦੇ ਨਾਲ ਉਹ ਵੀ ਬੰਦੇ ਬਹਾਦੁਰ ਦੇ ਕੋਲ ਆ ਗਿਆ।

ਬੰਦੇ ਜੀ ਉਸ ਯੌ ਫੁਰਮਾਯੋ॥ ੮॥ ਬੰਦੇ ਬਹਾਦਰ ਨੇ ਉਸ ਬੱਚੇ ਨੂੰ ਇਉਂ ਕਹਿ ਦਿੱਤਾ। ੮।

"ਤੂੰ ਭੀ ਖੇਡ ਜਾ ਭਾਈਅਨ ਸਾਥ"॥ ਜਾਹ ਤੂੰ ਵੀ ਆਪਣੇ ਭਰਾਵਾਂ ਨਾਲ ਖੇਡ ਜਾ ਕੇ।

ਯੌ ਸੁਨ ਦਾਸੀ ਬੋਲੀ ਬਾਤ॥ ਉਸ ਬੱਚੇ ਦੀ ਮਾਂ ਜੋ ਬੰਦੇ ਬਹਾਦਰ ਦੇ ਘਰ ਵਾਲੀ ਦੀ ਦਾਸੀ ਸੀ, ਇਉਂ ਸੁਣਕੇ ਉਸ ਗੋਲੀ ਨੇ ਇਸ ਤਰ੍ਹਾਂ ਗੱਲ ਕਹੀ ਹੈ।

ਸੁਨੋ ਬਚਨ ਸੰਗਤ ਤੁਮ ਸਾਰੀ॥ ਸੰਗਤ ਬੈਠੀ ਸੀ, ਸੰਗਤ ਜੀ! ਤੁਸੀਂ ਬਚਨ ਨੂੰ ਸੁਣੋ, ਚੰਗੀ ਤਰ੍ਹਾਂ।

ਭਾਈ ਸੋਂ ਖੇਲੋ ਯੌ ਮਾਲਕ ਉਚਾਰੀ॥ ੯॥ ਮਾਲਕ ਸਾਡੇ ਨੇ ਬਚਨ ਕੀਤਾ ਹੈ ਕਿ ਜਾਹ ਆਪਣੇ ਭਰਾਵਾਂ ਦੇ ਨਾਲ ਖੇਡ ਜਾ ਕੇ। ੯।

ਯਾ ਮੈ ਸੰਕ ਨ ਕੋਈ ਧਾਰਜੋ॥ ਇਉਂ ਅੱਗੇ ਵਾਸਤੇ ਏਸ ਗੱਲ ਵਿੱਚ ਕੋਈ ਸੰਕਾ ਨਾ ਕਰਿਉ, ਕਿਉਂਕਿ ਮਾਲਕ ਨੇ ਹੁਕਮ ਕਰ ਦਿੱਤਾ ਹੈ।

ਸੱਤਿ ਬਚਨ ਯਹ ਮਾਲਕ ਉਚਾਰਜੋ॥ ਇਉਂ ਇਹ ਬਚਨ ਸੱਚਾ ਕਿਹਾ ਹੈ ਮਾਲਕ ਨੇ, ਝੂਠ ਨਹੀਂ ਕਿਹਾ ਹੈ ਏਸੇ ਦਾ ਹੀ ਪੁੱਤਰ ਹੈ ਇਹ ਵੀ, ਤਾਂ ਹੀ ਇਸਨੇ ਕਿਹਾ ਹੈ ਜਾਹ ਤੂੰ ਵੀ ਭਰਾਵਾਂ ਨਾਲ ਖੇਡ, ਮੈਂ ਵੀ ਇਸਦੇ ਘਰ ਵਾਲੀ ਹਾਂ। ਇਉਂ ਉਸ ਨੇ ਸੰਗਤ ਵਿੱਚ ਗੱਲ ਪ੍ਰਗਟ ਕਰ ਦਿੱਤੀ।

ਯੌ ਕਰ ਭੀ ਪਰਤੀਤਹ ਭਈ॥ ਇਸ ਤਰ੍ਹਾਂ ਕਰਕੇ ਵੀ ਸੰਗਤ ਨੂੰ ਪ੍ਰਤੀਤ ਹੋ ਗਈ ਹੈ, ਸਾਰਿਆਂ ਨੂੰ ਯਕੀਨ ਹੋ ਗਿਆ ਕਿ ਵਾਕਿਆ ਹੀ ਇਹ ਵੀ ਬੰਦੇ ਬਹਾਦਰ ਦਾ ਪੁੱਤਰ ਹੈ।

ਉਸ ਭੀ ਸੁਤਹਿ ਬਡਜਾਈ ਭਈ॥੧੦॥ ਤੇ ਉਸ ਦਾਸੀ ਦੇ ਪੁੱਤਰ ਨੂੰ ਵੀ ਵਡਿਆਈ ਮਿਲੀ, ਉਸਨੂੰ ਵੀ ਦੂਜੇ ਪੁਤਰਾਂ ਦੇ ਬਰਾਬਰ ਦਾ ਹੱਕ ਮਿਲਿਆ। ੧੦।

ਦੋਹਰਾ॥ ਜਿਤਨੀ ਬਾਤ ਅਸਾਂ ਸੁਨੀ, ਸੋ ਤੋ ਧਰੀ ਲਿਖਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹੇ ਸਾਧ ਸੰਗਤ ਜੀ ! ਜਿੰਨੀ ਗੱਲ ਮੈਂ ਸੁਣੀ ਹੈ ਉਹ ਤਾਂ ਮੈਂ ਇਤਿਹਾਸ ਵਿੱਚ ਲਿਖ ਰੱਖੀ ਹੈ।

ਕਿਛ ਔਰਨ ਕਿਛ ਅਪਨ ਤੇ, ਵਡਿਅਨ ਤੇ ਸੁਨ ਪਾਇ॥੧੧॥ ਕੁਛ ਹੋਰਨਾਂ ਤੋਂ ਕੁਛ ਮੈਂ ਆਪ ਖੋਜ ਕੀਤੀ ਹੈ ਕੁਛ ਵਡਾਰੂਆਂ ਬਜ਼ੁਰਗਾਂ ਤੋਂ ਮੈਂ ਸੁਣੀ ਹੈ। ੧੧।

ਫਰੁਖਸੀਅਰ ਪਾਤਿਸ਼ਾਹ ਕੇ ਮਰਨੇ ਕਾ ਪ੍ਰਸੰਗ

ਦੋਹਰਾ॥ ਸੋ ਭਈ ਗਲ ਪਤਿਸ਼ਾਹ ਕੀ, ਬੰਦੈ ਆਖੀ ਸਾਤ॥ ਬੰਦੇ ਬਹਾਦਰ ਨੇ ਫਰੁਖਸੀਅਰ ਪਾਤਸ਼ਾਹ ਨੂੰ ਗੱਲ ਕਹੀ ਸੀ, ਜੋ ਉਸ ਮੌਕੇ ਹਿੰਦੋਸਤਾਨ ਦਾ ਬਾਦਸ਼ਾਹ ਸੀ। ਜਦੋਂ ਫਰੁਖਸੀਅਰ ਪਾਤਸ਼ਾਹ ਨੇ ਬੰਦੇ ਬਹਾਦਰ ਨੂੰ ਪੁਛਿਆ ਸੀ, ਕਿ ਦੱਸ ਤੈਨੂੰ ਕਿਹੜੀ ਮੌਤੇ ਮਾਰਾਂ? ਤਾਂ ਬੰਦੇ ਬਹਾਦਰ ਨੇ ਉਸਦੇ ਉੱਤਰ ਵਿੱਚ ਕਿਹਾ ਸੀ ਕਿ ਜਿਸ ਮੌਤੇ ਤੂੰ ਆਪ ਮਰਨਾ ਹੈ, ਉਸ ਮੌਤੇ ਮੈਨੂੰ ਮਾਰ ਬੰਦੇ ਬਹਾਦਰ ਦੀ ਉਹ ਗੱਲ ਸੱਚੀ ਹੋ ਗਈ ਹੈ।

ਫਰੁਖਸੀਅਰ ਅੰਧਾ ਕੀਜੋ, ਰਲ ਦੁਇ ਸੱਯਦ ਭ੍ਰਾਤ॥੧॥ ਇਹ ਸੱਯਦ ਗੋਤ ਦੇ ਵਜ਼ੀਰ ਤੇ ਕਾਜ਼ੀ ਦੋਵੇਂ ਸੱਕੇ ਭਰਾ ਸਨ। ਇਹਨਾਂ ਨੇ ਰਲਕੇ ਫਰੁਖਸੀਅਰ ਨੂੰ ਅੰਨ੍ਹਾ ਕਰ ਦਿੱਤਾ। ਬੰਦੇ ਬਹਾਦਰ ਨੂੰ ਵੀ ਸ਼ਹੀਦ ਕਰਨ ਤੋਂ ਪਹਿਲਾਂ, ਫਰੁਖਸੀਅਰ ਦੇ ਹੁਕਮ ਨਾਲ ਪਹਿਲਾਂ ਅੰਨ੍ਹਾ ਕੀਤਾ ਸੀ। ੧।

ਚੌਪਈ॥ ਹਸਨ ਖਾਨ, ਅਬਦੁਲਾ ਖਾਨ॥ ਹਸਨ ਖਾਨ ਤੇ ਅਬਦੁਲਾ ਖਾਨ ਇਹ ਦੋਵੇਂ ਭਾਈ ਸਨ।

ਕੀਯੋ ਕੈਦ ਓ ਤਖਤਹਿ ਠਾਨ॥ ਇਹਨਾਂ ਨੇ ਉਸ ਨੂੰ ਕੈਦ ਕਰ ਲਿਆ ਹੈ ਤਖਤ ਲੈਣ ਵਾਸਤੇ।

ਕਿਤਕ ਰੋਜ ਇਸ ਭਾਂਤ ਬਿਤਏ॥ ਕਈ ਦਿਨ ਉਸਨੇ ਇਸ ਤਰ੍ਹਾਂ ਕੈਦ ਕੀਤੇ ਹੋਏ ਨੇ ਹੀ ਬਿਤਾਏ ਹਨ।

ਨੇੜੈ ਮਰਨ ਸ਼ਾਹਿ ਦਿਨ ਅਏ॥੨॥ ਫਰੁਖਸੀਅਰ ਬਾਦਸ਼ਾਹ ਦੀ ਮੌਤ ਦੇ ਦਿਨ ਨੇੜੇ ਆ ਗਏ ਹਨ। ੨।

ਬੰਦੇ ਬਚਨ ਹੋਣ ਬਿਧ ਸਾਤ॥ ਇਸ ਨੇ ਬੰਦੇ ਬਹਾਦਰ ਨੂੰ ਘੋੜਿਆਂ ਦੇ ਪਿੱਛੇ ਰੱਸੇ ਨਾਲ ਹੱਥ ਪੈਰ ਬੰਨ੍ਹ ਕੇ ਘੜੀਸ ਘੜੀਸ ਕੇ ਸ਼ਹੀਦ ਕੀਤਾ ਸੀ। ਬੰਦੇ ਬਹਾਦਰ ਦਾ ਬਚਨ ਸੱਚਾ ਹੋਣ ਦੀ ਵਿਧੀ ਬਣ ਰਹੀ ਹੈ।

ਆਈ ਸ਼ਾਹ ਕੈ ਯਹ ਦਿਲ ਬਾਤ॥ ਭਾਵੇਂ ਬਾਦਸ਼ਾਹ ਅੰਨ੍ਹਾ ਕਰ ਦਿੱਤਾ ਸੀ, ਉਸਦੇ ਦਿਲ ਵਿੱਚ ਫੁਰਨਾ ਫੁਰਿਆ ਹੈ।

ਲਈ ਘੋੜੀ ਥੀ ਲਾਇ ਜੁ ਪ੍ਰੀਤ॥ ਇਕ ਬੇਕੀਮਤੀ ਘੋੜੀ ਖਰੀਦੀ ਸੀ ਉਸਨੇ, ਉਸ ਘੋੜੀ ਦੀਆਂ ਸਿਫਤਾਂ ਸੁਣੀਆਂ ਕਿ ਐਨੀ ਸੁੰਦਰ ਚਾਲ ਹੈ ਉਸਦੀ ,ਬਹੁਤ ਹੀ ਸੁੰਦਰ ਤੇ ਚੁਸਤ ਘੋੜੀ ਹੈ, ਇਸਨੇ ਖਰੀਦ ਲਈ ਆਪਦੇ ਚੜ੍ਹਨ ਵਾਸਤੇ ਪਰ ਚੜ੍ਹਕੇ ਨਾ ਵੇਖਿਆ, ਪਹਿਲਾਂ ਹੀ ਭਾਣਾ ਵਰਤ ਗਿਆ, ਇਸਨੂੰ ਪਹਿਲਾਂ ਸੱਯਦ ਭਰਾਵਾਂ ਨੇ ਅੰਨ੍ਹਾ ਕਰ ਲਿਆ। ਇਸ ਕਰਕੇ ਉਸਦੇ ਮਨ ਵਿਚ ਰਹਿ ਗਈ ਕਿ ਘੋੜੀ ਤੇ ਨਾ ਚੜ੍ਹ ਕੇ ਵੇਖਿਆ। ਉਹ ਘੋੜੀ ਜੋ ਇਸਨੇ ਬੜੇ ਪ੍ਰੇਮ ਨਾਲ ਖਰੀਦੀ ਸੀ ਆਪਣੇ ਵਾਸਤੇ।

ਰਹਯੋ ਚੜ੍ਹਨ ਉਸ ਮੱਧੈ ਚੀਤ॥੩॥ ਉਸ ਘੋੜੀ ਉੱਤੇ ਚੜ੍ਹਨਾ ਉਸ ਦੇ ਚਿੱਤ ਵਿਚ ਹੀ ਰਹਿ ਗਿਆ ਸੀ। ੩।

ਇਕ ਦਿਨ ਕੀ ਅਸਵਾਰੀ ਨ ਕਰੀ॥ ਉਸ ਘੋੜੀ ਤੇ ਐਨੀ ਕੀਮਤ ਲਾ ਕੇ, ਇਕ ਦਿਨ ਵੀ ਅਸਵਾਰੀ ਨਾ ਕੀਤੀ।

ਰਹੀ ਮਨੈ ਕੀ ਮਨ ਮੈਂ ਪਰੀ॥ ਉਸਦੇ ਮਨ ਦੀ ਇੱਛਾ ਮਨ ਵਿੱਚ ਹੀ ਰਹਿ ਗਈ ਹੈ, ਘੋੜੀ ਤੇ ਚੜ੍ਹਨ ਦੀ।

ਲੋਕ ਕੁਸ਼ਾਮਦੀਅਨ ਕਹਿ ਦੀਯੋ॥ ਹੁਣ ਜਿਹੜੇ ਖੁਸ਼ਾਮਦੀ ਲੋਕ ਹਨ ਉਨ੍ਹਾਂ ਨੇ ਬਾਦਸ਼ਾਹ ਨੂੰ ਇਉਂ ਕਹਿ ਦਿੱਤਾ।

ਗਿਰਦੇ ਤਖਤ ਅਸਵਾਰੀ ਕਰ ਲਯੋ॥ ੪॥ ਕਿ ਘੋੜੀ ਤੇ ਅਸਵਾਰੀ ਕਰਨ ਦੇ ਤੁਸੀਂ ਯੋਗ ਨਹੀਂ ਰਹੇ, ਇਉਂ ਕਰੋ ਆਪਣੇ ਤਖਤ ਦੇ ਇਰਦ ਗਿਰਦ ਤੁਸੀਂ ਘੋੜੀ ਤੇ ਸਵਾਰੀ ਕਰਕੇ ਵੇਖ ਲਉ। ੪।

ਅਗਜੋਂ ਪਕੜ ਲੇਵੈਂਗੇ ਹੋਰ॥ ਘੋੜੀ ਦੀ ਵਾਗ ਨੂੰ ਤੁਹਾਡੇ ਹੋਰ ਸੇਵਾਦਾਰ ਪਕੜ ਲੈਣਗੇ।

ਤਿਸ ਕੋ ਤੁਮ ਚੜ੍ਹ ਦੇਖਜੋ ਤੋਰ॥ ਤੁਸੀਂ ਘੋੜੀ ਉੱਤੇ ਚੜ੍ਹ ਕੇ ਉਸਨੂੰ ਤੋਰ ਕੇ ਵੇਖਿਓ, ਉਸਦੀ ਤੋਰ ਵੇਖਿਓ।

ਫਰੁਖਸੀਅਰ ਕੈ ਸੋ ਦਿਲ ਆਈ॥ ਫਰੁਖਸੀਅਰ ਦੇ ਦਿਲ ਵਿਚ ਉਹ ਗੱਲ ਆਈ ਹੈ।

ਜ਼ੀਨ ਪਾਇ ਸੋ ਲਈ ਮੰਗਾਈ॥੫॥ ਘੋੜੀ ਤੇ (ਜ਼ੀਨ) ਕਾਠੀ ਪਾ ਕੇ ਮੰਗਵਾ ਲਈ ਹੈ। ੫।

ਦੋਹਰਾ॥ ਢਿਗ ਸ਼ਾਹਿ ਖੂਬ ਖੜਾਇ ਕੈ, ਰਕਾਬੈ ਪੈਰ ਅੜਵਾਇ॥ ਉੱਥੇ ਲਿਆਕੇ ਤਖਤ ਦੇ ਕੋਲ ਹੀ ਖੜ੍ਹਾ ਕੇ ਘੋੜੀ ਤੇ ਫਰੁਖਸੀਅਰ ਦਾ ਪੈਰ ਰਕਾਬ ਵਿੱਚ ਰੱਖ ਕੇ।

ਬੈਠੇ ਆਸਣ ਜਾਇ ਸੋ, ਤੋ ਧੀਰੈ ਧੀਰ ਤੁਰਵਾਇ॥੬॥ ਰਕਾਬ ਵਿਚ ਪੈਰ ਪਾਕੇ ਉਪਰ ਕਾਠੀ ਦੇ ਬੈਠ ਗਿਆ ਹੈ, ਫੇਰ ਉਸਨੂੰ (ਧੀਰੈ ਧੀਰ) ਹੌਲੀ ਹੌਲੀ ਤੋਰਨ ਲੱਗੇ ਹਨ। ੬।

ਚੌਪਈ॥ ਬੰਦੈ ਅਵਾਜ ਹੋਨਿ ਬਿਧਿ ਫੁਰੀ॥ ਬੰਦੇ ਬਹਾਦਰ ਨੇ ਕਿਹਾ ਸੀ ਜਿਸ ਮੌਤੇ ਮੈਨੂੰ ਮਾਰੇਂਗਾ ਉਸੇ ਮੌਤੇ ਤੂੰ ਮਰੇਂਗਾ। ਉਹਨੂੰ ਘੋੜਿਆਂ ਮਗਰ ਪਾ ਕੇ ਘੜੀਸ ਕੇ ਮਾਰਿਆ ਗਿਆ ਸੀ। ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਹੁਣ ਬੰਦੇ ਬਹਾਦਰ ਦਾ (ਅਵਾਜ) ਬਚਨ ਪੂਰਾ ਹੋਣ ਲਈ ਉਹੋ ਜਿਹਾ (ਬਿਧਿ) ਢੰਗ ਫੁਰਿਆ ਹੈ।

ਛੁਟਿ ਘੋੜੀ ਇਮ ਹਥ ਤੇ ਤੁਰੀ॥ ਘੋੜੀ ਉਹਨਾਂ ਦੇ ਹੱਥ ਵਿਚੋਂ ਛੁੱਟ ਕੇ ਦੌੜ ਪਈ ਹੈ।

ਉਪਰੋਂ ਆਨ ਇੱਲ ਇਕ ਪਰੀ॥ ਕੁਦਰਤੋਂ, ਜਿਵੇਂ ਬੱਚੇ ਦੇ ਹੱਥ ਵਿਚ ਰੋਟੀ ਫੜ੍ਹੀ ਹੋਵੇ ਉਹ ਇੱਲ ਪੈ ਕੇ ਖੋਹ ਲਿਜਾਂਦੀ ਹੈ, ਜਾਂ ਕੁਕੜੀ ਦੇ ਚੂਚੇ ਫਿਰਦੇ ਹੋਣ ਤਾਂ ਉਤੋਂ ਇੱਲ ਪੈਂਦੀ ਹੈ, ਬੜੀ ਸ਼ੂਕਦੀ ਆਉਂਦੀ ਹੈ, ਉਹ ਕਿਸੇ ਕਾਰਨ ਇੱਲ ਉਪਰੋਂ ਆ ਪਈ ਹੈ।

ਉਸਕੈ ਖੜਕ ਘੋੜੀ ਬਹੁ ਡਰੀ॥੭॥ ਉਸ ਇੱਲ ਦੇ ਖੜਾਕ ਨਾਲ ਘੋੜੀ ਇੱਕ ਦਮ ਝੁਭਕ ਗਈ, ਉਹ ਡਰ ਗਈ, ਵਾਗਾਂ ਛੁੱਟ ਗਈਆਂ ਹੱਥੋਂ ਉਸੇ ਵੇਲੇ। ੭।

ਘੋੜੀ ਉਪਰੋਂ ਸ਼ਾਹਿ ਗਿਰ ਪਰਾ॥ ਘੋੜੀ ਦੇ ਉਪਰੋਂ ਫਰੁਖਸੀਅਰ ਬਾਦਸ਼ਾਹ ਹੇਠਾਂ ਡਿੱਗ ਪਿਆ ਹੈ।

ਬਿੱਚ ਰਕਾਬੈ ਪੈਰ ਰਹਜੋ ਅੜਾ॥ ਪੈਰ ਰਕਾਬ ਦੇ ਵਿਚੋਂ ਨਿਕਲ ਨਾ ਸਕਿਆ ਬਾਦਸ਼ਾਹ ਦਾ, ਬਾਦਸ਼ਾਹ ਦਾ ਪੈਰ ਰਕਾਬ ਦੇ ਵਿੱਚ ਹੀ ਅੜਿਆ ਰਹਿ ਗਿਆ। ਇਸ ਤਰ੍ਹਾਂ ਬਾਦਸ਼ਾਹ ਘੋੜੀ ਦੇ ਨਾਲ ਹੀ ਲਮਕਦਾ ਤੁਰਿਆ ਜਾਂਦਾ ਹੈ।

ਘੋੜੀ ਨੱਠੀ ਅੱਗੈ ਜਾਵੈ॥ ਘੋੜੀ ਅੱਗੇ ਨੂੰ ਭੱਜੀ ਤੁਰੀ ਜਾ ਰਹੀ ਹੈ, ਕਿਸੇ ਤੋਂ ਫੜੀ ਨਹੀਂ ਜਾਂਦੀ।

ਮਗਰੇ ਸ਼ਾਹ ਘਸੀਟ ਪਲਮਾਵੈ॥੮॥ ਬਾਦਸ਼ਾਹ ਘੋੜੀ ਨਾਲ (ਪਲਮਾਵੈ) ਪਲਮਦਾ, ਲਮਕਦਾ ਤੁਰਿਆ ਜਾਂਦਾ ਹੈ ਘੜੀਸੀਦਾ ਤੁਰਿਆ ਜਾਂਦਾ ਹੈ, ਉਸ ਦਾ ਸਿਰ ਧਰਤੀ ਨਾਲ ਵਜਦਾ ਤੁਰਿਆ ਜਾਂਦਾ ਹੈ। ੮।

ਦੌੜੇ ਲੋਕ ਚੁਫੇਰਿਜੋਂ ਪਰੇ॥ ਘੋੜੀ ਨੂੰ ਫੜਨ ਵਾਸਤੇ ਚਾਰੇ ਪਾਸਿਓਂ ਲੋਕ ਦੌੜ ਕੇ ਫੜਨ ਨੂੰ ਪਏ ਹਨ।

ਤਿਮ ਤਿਮ ਘੋੜੀ ਬਹੁਤੀ ਡਰੇ॥ ਜਿਉਂ ਜਿਉਂ ਲੋਕ ਦੌੜ ਕੇ ਘੋੜੀ ਨੂੰ ਫੜਨ ਪੈਂਦੇ ਹਨ, ਉਵੇਂ ਉਵੇਂ ਹੀ ਘੋੜੀ ਬਹੁਤੀ ਡਰਦੀ ਹੈ ਅਤੇ ਭੱਜਦੀ ਹੈ।

ਘੋੜੀ ਕਹਿ "ਮੁਹਿ ਦੇਉ ਲਗ ਰਹਜੋ"॥ ਘੋੜੀ ਦੇ ਮਨ ਵਿਚ ਇਉਂ ਹੈ ਕਿ ਮੈਨੂੰ ਕੀ ਪ੍ਰੇਤ ਚੰਬੜ ਗਿਆ । ਆਹ ਮੇਰੇ ਨਾਲ ਕੀ ਲਮਕਣ ਡਹਿ ਪਿਆ।

ਸ਼ਾਹਿ ਘਸੀਟਤ ਹੀ ਮਰ ਗਯੋ॥੯॥ ਇਉਂ ਫਰੁਖਸੀਅਰ ਬਾਦਸ਼ਾਹ ਘੋੜੀ ਮਗਰ ਘੜੀਸਦਿਆਂ ਘੜੀਸਦਿਆਂ ਹੀ ਮਰ ਗਿਆ ਹੈ। ੯।

ਬੰਦੇ ਬਚਨ ਸੁ ਬਿਧ ਬਣਿ ਆਈ॥ ਬੰਦੇ ਬਹਾਦਰ ਦਾ ਜੋ ਬਚਨ ਕੀਤਾ ਹੋਇਆ ਸੀ, ਉਹ ਵਿਧੀ ਬਣ ਗਈ, ਉਸੇ ਤਰ੍ਹਾਂ ਹੀ ਘੋੜੀ ਪਿੱਛੇ ਘੜੀਸਦਿਆਂ ਘੜੀਸਦਿਆਂ ਦੀ ਮੌਤ ਹੋ ਗਈ।

ਦੋਇਨ ਮੌਤ ਸੁ ਇਕ ਸਮ ਪਾਈ॥ ਬੰਦੇ ਬਹਾਦਰ ਅਤੇ ਫਰੁਖਸੀਅਰ ਬਾਦਸ਼ਾਹ ਦੋਵਾਂ ਨੇ ਇਕੋ ਢੰਗ ਨਾਲ ਮੌਤ ਪ੍ਰਾਪਤ ਕੀਤੀ ਹੈ। ਇਸ ਤਰ੍ਹਾਂ ਬੰਦੇ ਬਹਾਦਰ ਦਾ ਬਚਨ ਪੂਰਾ ਹੋਇਆ ਹੈ।

ਰਤਨ ਸਿੰਘ ਥੀ ਜਿਮ ਕੰਨ ਪਰੀ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਜਿਵੇਂ ਇਹ ਸਾਖੀ ਮੇਰੇ ਕੰਨਾਂ ਵਿਚ ਪਈ, ਭਾਵ ਜਿਵੇਂ ਮੈਂ ਆਪਣੇ ਕੰਨੀਂ ਇਹ ਕਹਾਣੀ ਸੁਣੀ ।

ਲਿਖ ਕਾਗਤ ਮੋਂ ਤਿਮ ਗਲ ਧਰੀ॥੧੦॥ ਉਹ (ਗੱਲ) ਸਾਖੀ ਮੈਂ ਉਸੇ ਤਰ੍ਹਾਂ ਕਾਗਜ਼ ਦੇ ਉੱਤੇ ਲਿਖ ਰੱਖੀ ਹੈ। ੧੦।

ਦੋਹਰਾ॥ ਸੱਤ੍ਰ ਸੈ ਇਕਾਸੀਏ, ਸਾਲ ਸੁ ਬਿਕ੍ਰਮ ਗਇ॥ ਉਸੇ ਸਮੇਂ ਸਤਾਰਾਂ ਸੌ ਇਕਾਸੀ (੧੭੮੧) ਸੰਮਤ ਬਿਕ੍ਰਮੀ ਦਾ ਸਾਲ ਸੀ।

ਫਰੁਖਸੀਅਰ ਐਸੇ ਮਰਾ, ਕੀਯੋ ਅਪਨੋ ਪਾਇ॥੧੧॥ ਭਾਈ ਸਾਹਿਬ ਜੀ ਕਹਿੰਦੇ ਹਨ ਫਰੁਖਸੀਅਰ ਨੇ ਆਪਣਾ ਕੀਤਾ ਪਾਇਆ ਹੈ, ਜਿਵੇਂ ਉਸਨੇ ਬੰਦੇ ਬਹਾਦਰ ਨੂੰ ਮਰਵਾਇਆ ਸੀ, ਉਹ ਆਪ ਵੀ ਉਸੇ ਤਰ੍ਹਾਂ ਹੀ ਮਰਗਿਆ ਹੈ। ੧੧।

ਮਾਲੀ ਨੇ ਜਬ ਸਭ ਸੁਨਜੋ, ਬੰਦੇ ਕੋ ਪਰਸੰਗ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਕਪਤਾਨ ਮਰੇ ਸਾਹਿਬ ਨੇ ਜਦੋਂ ਬੰਦੇ ਬਹਾਦਰ ਦਾ ਇਹ ਪ੍ਰਸੰਗ ਸੁਣਿਆ।

"ਸੁਨੋਂ ਸੁ ਆਗੈ ਔਰ ਗਲਾ", ਉਨ ਚਿਤ ਵਧੀ ਉਮੰਗ॥੧੨॥ ਉਸਦੇ ਚਿੱਤ ਵਿੱਚ ਬੜਾ (ਉਮੰਗ) ਉਤਸ਼ਾਹ ਵਧਿਆ ਹੈ ਕਿ ਇਸਤੋਂ ਅੱਗੇ ਹੋਰ ਸਾਖੀ ਸੁਣਾਂ, ਉਸਤੋਂ ਅੱਗੇ ਫੇਰ ਕੀ ਹੋਇਆ?। ੧੨।

ਗਜਾਰਾਂ ਸੌ ਸੰਨ ਤੇਤੀਏ, ਯੌ ਮੁਯੋ ਫਰੁਖਸੀਅਰ ਸ਼ਾਹਿ॥ ਗਿਆਰਾਂ ਸੌ ਤੇਤੀ (੧੧੩੩) ਸੰਨ ਹਿਜਰੀ ਵਿੱਚ ਇਉਂ ਫਰੁਖਸੀਅਰ ਬਾਦਸ਼ਾਹ ਮਰਿਆ ਹੈ।

ਬਿੱਕ੍ਰਮ ਸਾਲ ਮਿਲਾਇਕੈ, ਲੀਜੋ ਹਿਸਾਬ ਬਨਾਇ॥੧੩॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਉਹ ਸੰਨ ਹਿਜਰੀ ਹੈ ਤੇ ਬਿਕ੍ਰਮੀ ਸੰਮਤ ਦੋਹਾਂ ਨੂੰ ਮਿਲਾ ਕੇ ਗਿਣ ਲਵੋ, ਦੋਹਾਂ ਦਾ ਹਿਸਾਬ ਮਿਲਾਕੇ ਦੇਖ ਲਉ ਕਿੰਨਾ ਕੁ ਫਰਕ ਹੈ। ਇਉਂ ਆਪਣੀ ਸ਼ੰਕਾ ਦੂਰ ਕਰ ਸਕਦੇ ਹੋ ਤੁਸੀਂ। ੧੩।

ਖਾਲਸੇ ਦਾ ਪ੍ਰਸੰਗ

(ਬੰਦੇ ਦੇ ਪਿਛੋਂ ਖਾਲਸੇ ਦਾ ਹਾਲ)

ਦੋਹਰਾ॥ ਮਾਲੀ ਨੇ ਮੁਹਿ ਪੁੱਛਿਓ, "ਯਹ ਭੀ ਮੋਹਿ ਸੁਨਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਕੈਪਟਨ ਮਰੇ ਸਾਹਿਬ ਨੇ ਮੈਨੂੰ ਪੁਛਿਆ, ਇਹ ਸਾਖੀ ਵੀ ਮੈਨੂੰ ਸੁਣਾਉ।

ਬੰਦੈ ਕੋ ਮਰਵਾਇ ਕੇ, ਕਿਹ ਰਹਜੋ ਖਾਲਸੋ ਜਾਇ ?"॥੧॥ ਖਾਲਸਾ ਪੰਥ ਜੋ ਪਹਿਲਾਂ ਬੰਦੇ ਤੋਂ ਅਲੱਗ ਹੋ ਗਿਆ ਸੀ, ਬੰਦੇ ਬਹਾਦਰ ਨੂੰ ਮਰਵਾ ਕੇ ਉਹ ਕਿਥੇ ਜਾ ਕੇ ਰਿਹਾ, ਉਸ ਸਮੇਂ "ਉਹ ਖਾਲਸਾ ਪੰਥ ਕਿਧਰ ਚਲਾ ਗਿਆ" ਇਹ ਵੀ ਗੱਲ ਦੱਸ ਦੇ। ੧।

ਚੌਪਈ॥ ਤੌ ਮਾਲੀ ਸੋਂ ਮੈਂ ਯੌਂ ਕਹਜੋ॥ ਤਦ ਮੈਂ ਕਪਤਾਨ ਮਰੇ ਸਾਹਿਬ ਨੂੰ ਇਉਂ ਆਖਿਆ।

ਇਸੀ ਦੇਸ਼ ਮੈਂ ਖਾਲਸਾ ਰਹਜੋ॥ ਖਾਲਸਾ ਏਸੇ ਦੇਸ਼ ਵਿੱਚ ਹੀ ਰਿਹਾ ਹੈ, ਖਾਲਸਾ ਕੋਈ ਦੇਸ਼ ਛੱਡ ਕੇ ਥੋੜੇ ਚਲਾ ਗਿਆ, ਏਥੇ ਹੀ ਉਹ ਵਸਦਾ ਰਿਹਾ ਹੈ।

ਬਾਜ ਦੇਸ਼ਨ ਜਿਮ ਪੰਛੀ ਰਹੇਂ॥ ਬਾਜ ਵੇਖੋ ਕਿਹੜੇ ਦੇਸ਼ ਵਿਚ ਨਹੀਂ ਹਨ, ਪੰਛੀਆਂ ਦਾ ਸ਼ਿਕਾਰ ਕਰਦੇ ਹਨ, ਜਿਵੇਂ ਬਾਜਾਂ ਦੇ ਦੇਸ਼ ਵਿੱਚ ਪੰਛੀ ਰਹਿੰਦੇ ਹਨ, ਉਹ ਆਪਣੇ ਆਪ ਦੀ ਨਿਗਰਾਨੀ ਵੀ ਰਖਦੇ ਹਨ, ਬਾਜ ਆਉਂਦਾ ਹੈ ਤਾਂ ਉਹ ਛੁਪ ਜਾਂਦੇ ਹਨ।

ਸਿੰਘ ਅਰਨ ਮੈਂ ਜਿਮ ਮ੍ਰਿਗ ਬਹੇਂ॥੨॥ ਸ਼ੇਰਾਂ ਦੇ (ਅਰਨ) ਬਨ ਵਿੱਚ ਜਿਵੇਂ ਹਿਰਨ ਰਹਿੰਦੇ ਹਨ; ਸ਼ੇਰ ਤੇ ਹਿਰਨ ਦੋਵੇਂ

ਇਕੋ ਜੰਗਲ ਵਿੱਚ ਰਹਿੰਦੇ ਹਨ। ਏਸੇ ਤਰ੍ਹਾਂ ਸਿੰਘ ਤੁਰਕਾਂ ਦੇ ਰਾਜ ਵਿੱਚ ਰਹੇ, ਉਹਨਾਂ ਦੇ ਕਾਬੂ ਨਹੀਂ ਆਏ ਹਨ। ੨।

ਕਿਛ ਚਾਕਰ ਕਿਛ ਜਗੀਰੀ ਲਾਏ॥ ਮੁਗਲਾਂ ਨੇ ਬੜੇ ਭਰਮਾਏ ਹਨ, ਕਿਸੇ ਨੂੰ ਨੌਕਰੀ ਦੇ ਦਿੱਤੀ ਹੈ, ਕਿਸੇ ਨੂੰ ਜਗੀਰ ਲਾ ਦਿੱਤੀ ਹੈ। ਜਿਹੜੇ ਚੰਗੇ ਬਲੀ ਸਿੰਘ ਸਨ ਜਥੇਦਾਰ, ਲਉ ਜੀ ਤੁਸੀਂ ਜਗੀਰ ਲੈ ਲਉ, ਸੁਖ ਲਉ।

ਕਿਛ ਧ੍ਰਮਸਾਲਨ ਕਿਛ ਬੁੰਗੀਂ ਬਹਾਏ॥ ਕਿਸੇ ਨੇ ਧਰਮਸ਼ਾਲਾਵਾਂ ਬਣਾ ਲਈਆਂ, ਗੁਰਦੁਆਰੇ ਉਸਾਰ ਲਏ, ਕਈਆਂ ਨੇ ਆਪਣੇ ਰਹਿਣ ਵਾਸਤੇ ਬੁੰਗੇ ਬਣਾ ਕੇ ਉਸ ਵਿੱਚ ਬੈਠ ਗਏ ਹਨ।

ਕਿਤਨਨ ਖੇਤੀ ਮਾਫ ਕਰਾਈ॥ ਕਈ ਸਿੰਘਾਂ ਨੇ ਆਪਣੀ ਖੇਤੀ ਦਾ ਹਾਲਾ ਮੁਆਫ ਕਰਵਾ ਲਿਆ ਹੈ, ਕਿ ਅਸੀਂ ਹਾਲਾ ਨਹੀਂ ਭਰਨਾ ਹੈ।

ਇਮ ਭੀ ਤੁਰਕਨ ਲਏ ਕਿਤ ਕੁਛ ਲਾਈ॥੩॥ ਇਸ ਤਰ੍ਹਾਂ ਕਈਆਂ ਨੂੰ ਤੁਰਕਾਂ ਨੇ ਕਿਸੇ ਜਗ੍ਹਾ ਉੱਤੇ ਲਾ ਦਿੱਤਾ ਹੈ। ੩।

ਦੋਹਰਾ॥ ਤੱਤ ਖਾਲਸੋ ਜੋ ਹੁਤੋ, ਤਿਨ ਖਾਈ ਛਲਾਈ ਨਾਂਹਿ॥ ਭਾਈ ਰਤਨ ਸਿੰਘ ਜੀ ਨਿਰਨਾ ਕਰਦੇ ਹਨ, ਖਾਲਸਾ ਜੀ! ਜਿਸਨੂੰ ਪਹਿਲਾਂ ਦਲ ਖਾਲਸਾ ਕਿਹਾ ਜਾਂਦਾ ਸੀ, ਗੁਰੂ ਸਾਹਿਬ ਜੀ ਨੇ ਜਦੋਂ ਨੰਦੇੜ ਤੋਂ ਭੇਜਿਆ ਹੈ ਖਾਲਸੇ ਨੂੰ ਦਲ ਦੇ ਰੂਪ ਵਿੱਚ ਭੇਜਿਆ ਹੈ, ਏਥੇ ਪੰਜਾਬ ਵਿਚ ਆ ਕੇ ਬਹੁਤਾ ਖਾਲਸਾ ਵਧਿਆ ਤਾਂ ਦਲ ਖਾਲਸਾ ਵੱਜਿਆ, ਇਸ ਤੋਂ ਪਹਿਲਾਂ ਪੰਥ ਖਾਲਸਾ ਹੁੰਦਾ ਸੀ, ਫਿਰ ਇਸਦਾ ਨਾਮ ਦਲ ਖਾਲਸਾ ਪੈ ਗਿਆ। ਜਦੋਂ ਬੰਦੇ ਬਹਾਦਰ ਨੇ ''ਬੰਦਈ ਖਾਲਸਾ'' ਪੈਦਾ ਕਰ ਲਿਆ ਤੇ ਖਾਲਸਾ ਅਲੱਗ ਹੋ ਗਿਆ ਤਾਂ ਇਸਦਾ ਨਾਮ ''ਤੱਤ ਖਾਲਸਾ'' ਹੋ ਗਿਆ। ਉਸ ਸਮੇਂ ਤੱਤ ਖਾਲਸਾ ਸੀ, ਉਹ ਤੁਰਕਾਂ ਦੇ ਛਲ ਵਿੱਚ ਨਹੀਂ ਆਇਆ। ਉਹ ਕਿਵੇਂ ਰਹੇ ਦੁਨੀਆਂ ਤੇ?

ਨੰਗ ਭੁਖ ਦੁਖ ਸਿਰ ਸਹੈ, ਮਰਨੋਂ ਨਾ ਸੰਕਾਹਿ॥ ੪॥ ਉਨ੍ਹਾਂ ਨੇ ਭੁਖੇ ਨੰਗੇ ਰਹਿ ਕੇ ਮੁਸੀਬਤਾਂ ਦਾ ਦੁਖ ਆਪਣੇ ਸਿਰ ਤੇ ਸਹਾਰਿਆ ਹੈ ਅਤੇ ਮੌਤ ਤੋਂ ਸੰਕੋਚ ਨਹੀਂ ਕੀਤਾ ''ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਏ''। ੪।

ਚੌਪਈ॥ ਹੁਤੇ ਭੁਜੰਗੀ ਜੋਊ ਸ਼ੇਰ॥ ਜੋ ਬੱਬਰ ਸ਼ੇਰਾਂ ਵਰਗੇ ਸਿੰਘ ਸਨ ਮਹਾਰਾਜ ਦੇ ਸਾਜੇ ਨਿਵਾਜੇ, ਜਿਨ੍ਹਾਂ ਨੇ ਸਿੱਖੀ ਸਿਦਕ ਕਮਾਇਆ ਸੀ ਉਹ ਜੋ ਬਹਾਦਰ ਖਾਲਸਾ ਸੀ। ਭੁਜੰਗੀ=ਸੱਪ ਦੀ ਤਰ੍ਹਾਂ ਜ਼ਹਰੀਲੇ ਨਿਹੰਗ ਸਿੰਘ।

ਭਏ ਨ ਤੁਰਕਨ ਤੇ ਵਹਿ ਘੇਰ॥ ਉਹ ਬੱਬਰ ਸ਼ੇਰ ਤੁਰਕਾਂ ਤੋਂ ਨਹੀਂ ਘੇਰੇ ਗਏ ਕਿਸੇ ਤਰ੍ਹਾਂ ਵੀ।

ਰਹੇ ਝਾੜਨ ਔ ਭੁੰਡਨ ਮਾਂਹਿ॥ ਝਾੜਾਂ ਝੁੰਡਾਂ ਵਿੱਚ, ਬੀੜਾਂ ਜੰਗਲਾਂ ਵਿਚ ਸਿੰਘਾਂ ਨੇ ਬੈਠ ਕੇ ਗੁਜ਼ਾਰਾ ਕੀਤਾ ਹੈ।

ਤੁਰਕਨ ਲੂਟ ਸੁ ਮਾਰਹਿੰ ਖਾਂਹਿ॥੫॥ ਉਹ ਤੁਰਕਾਂ ਨੂੰ ਲੁਟ ਮਾਰ ਕੇ ਛਕਦੇ ਛਕਾਉਂਦੇ ਹਨ। ੫।

ਰਾਹਿ ਤੁਰਕਨ ਕੋ ਤੁਰਨ ਨ ਦੇਹਿੰ॥ ਰਾਹਾਂ ਦੇ ਵਿੱਚ ਤੁਰਕਾਂ ਨੂੰ ਤੁਰਨ ਨਹੀਂ ਦਿੰਦੇ ਸਨ। ਤੁਰਕਾਂ ਦਾ ਖਜਾਨਾ ਜਾਂਦਾ ਹੋਵੇ ਜਾਂ ਰਾਸ਼ਨ ਆਦਿਕ ਗੱਡਿਆਂ ਤੇ ਜਾਂਦਾ ਹੋਵੇ ਉਹ ਰਾਹ ਵਿਚ ਹੀ ਸਿੰਘ ਲੁੱਟ ਲੈਂਦੇ ਸਨ।

ਉਹਾਰ ਪਾਰ ਮਧ ਦਰਜਾਇਨ ਰਹੇਂਹਿ॥ ਦਰਿਆਵਾਂ ਦੇ ਉਰਲੇ ਪਰਲੇ ਅਤੇ ਵਿਚਕਾਰ ਜਿਥੇ ਬਰੇਤੀ ਹੁੰਦੀ ਸੀ ਉੱਥੇ ਰਹਿੰਦੇ ਸਨ, ਭਾਵ ਕਿਸੇ ਇੱਕ ਥਾਂ ਤੇ ਟਿਕ ਕੇ ਨਹੀਂ ਬੈਠੇ।

ਤੱਤ ਖਾਲਸੋ ਸੋਊ ਸਦਾਵੈ॥ ਆਪਣੇ ਆਪ ਨੂੰ ਉਹ ਤੱਤ ਖਾਲਸਾ ਸਦਾਉਂਦਾ ਹੈ।

ਮਰਨ ਮਾਰਨ ਤੇ ਨਹਿ ਸੰਕਾਵੈ॥ ੬॥ ਜੋ ਦੁਸ਼ਮਣ ਤੋਂ ਮਰਨ ਮਾਰਨ ਤੋਂ ਕਿਸੇ ਤਰ੍ਹਾਂ ਦੀ ਸ਼ੰਕਾ ਨਾ ਰੱਖੇ, ਉਸਨੂੰ ਤੱਤ ਖਾਲਸਾ ਕਹਿੰਦੇ ਹਨ। ੬।

ਦੋਹਰਾ॥ ਹੁਤੇ ਬੰਦਈ ਜੁ ਬਚ ਰਹੇ, ਤੁਰਕਨ ਕੋਲੋਂ ਲੁੱਕ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਜਿਹੜੇ ਬੰਦਈ ਸਿੱਖ ਤੁਰਕਾਂ ਕੋਲੋਂ ਲੁਕ ਕੇ ਬਚ ਗਏ ਸਨ, ਪਿੰਡਾਂ ਵਿੱਚ ਆਮ ਜਨਤਾ ਵਿਚ ਰਲ ਗਏ ਜਿਹੜੇ।

ਸ਼ਰਨ ਆਏ ਤੇ ਰਖ ਲਏ, ਭਏ ਜੁ ਖਾਲਸੈ ਰੁੱਕ॥੭॥ ਜਿਹੜੇ ਬੰਦਈ ਸਿਖ ਖਾਲਸੇ ਦੇ ਰੁਕ ਵਿਚ ਆ ਗਏ, ਜੋ ਖਾਲਸੇ ਦੀ ਸ਼ਰਨ ਵਿਚ ਆ ਗਏ, ਜੀ ਅਸੀਂ ਭੁਲ ਗਏ ਹਾਂ, ਉਹਨਾਂ ਨੂੰ ਰੱਖ ਲਿਆ ਹੈ ਖਾਲਸੇ ਨੇ, ਉਹਨਾਂ ਨੂੰ ਖਾਲਸੇ ਨੇ ਆਪਣੇ ਨਾਲ ਮਿਲਾ ਲਿਆ ਹੈ। ੭।

ਚੌਪਈ॥ ਪਰ ਬੰਦਈਅਨ ਦਿਲ ਕਪਟੋ ਰਹਜੋ॥ ਪਰੰਤੂ ਬੰਦਈ ਸਿੱਖਾਂ ਦੇ ਦਿਲ ਵਿਚ ਕਪਟ ਹੀ ਰਿਹਾ ਹੈ, ਪਾਪ ਹੀ ਵਸਿਆ ਰਿਹਾ ਉਹਨਾਂ ਦੇ ਦਿਲ ਵਿਚ, ਕਿ ਸਾਡਾ ਪੰਥ ਅਲੱਗ ਹੈ।

ਚਹੈਂ ਪੰਥ ਵਹੁ ਜੁਦੋ ਰਖਜੋ॥ ਅੰਦਰ ਉਹਨਾਂ ਦੇ ਮੈਲ ਹੈ ਸ਼ਰਨ ਵੀ ਆਉਂਦੇ ਨੇ, ਨੇੜੇ ਵੀ ਲਗਦੇ ਨੇ, ਜੋੜ ਮੇਲਿਆਂ ਤੇ ਵੀ ਆਉਂਦੇ ਨੇ, ਅੰਦਰੋਂ ਚਾਹੁੰਦੇ ਨੇ ਕਿ ਸਾਡਾ ਪੰਥ ਵੱਖਰਾ ਹੀ ਰਹੇ, ਅਸੀਂ ਬੰਦਈ ਵਖਰੇ ਹੀ ਰਹੀਏ।

ਪੰਥ ਬੰਦਈਅਨ ਚਹੈਂ ਬਧਾਈ॥ ਬਲਕਿ ਬੰਦਈ ਸਿੱਖ ਆਪਣੇ ਪੰਥ ਨੂੰ ਵਧਾਉਣਾ ਚਾਹੁੰਦੇ ਹਨ, ਕਿ ਅਸੀਂ ਹੋਰ ਬੰਦਈ ਸਿੱਖ ਬਣਾਈਏ।

ਸਿੰਘਨ ਸੋਂ ਗਹਿ ਵੈਰ ਕਮਾਈ॥੮॥ ਤੱਤ ਖਾਲਸੇ ਨਾਲ ਤਾਂ ਅੰਦਰੋਂ ਵੈਰ ਰਖਦੇ ਸਨ, ਸਿੰਘਾਂ ਨਾਲ ਤਾਂ ਅੰਦਰੋਂ ਵੈਰ ਵਿਹਾਝਿਆ ਹੈ। ੮।

ਜੰਗ ਭੁਜੰਗੀਆਂ ਅਤੇ ਬੰਦਈਆਂ ਦਾ
(ਭੁਜੰਗੀਆਂ ਤੇ ਬੰਦਈਆਂ ਦੀ ਨਾਚਾਕੀ)

ਦੋਹਰਾ॥ ਬੰਦਈਅਨ ਔਰ ਭੁਜੰਗੀਅਨ, ਬਡੋ ਭਯੋ ਜਿਮ ਜੰਗ॥ ਭਾਈ ਰਤਨ ਸਿੰਘ ਜੀ ਇਸ ਤੋਂ ਅੱਗੇ ਦੀ ਸਾਖੀ ਦਸ ਰਹੇ ਹਨ ਜੋ ਤੱਤ ਖਾਲਸਾ ਹੈ, ਉਹ ਭੁਜੰਗ ਹਨ, ਨਿਹੰਗ ਭੁਜੰਗ ਕਹਾਉਂਦੇ ਹਨ, ਗੁਰੂ ਸਾਹਿਬ ਜੀ ਦੇ ਸਪੁੱਤਰ ਜਿਉਂ ਹੋਏ ਭੁਜੰਗੀ ਸਿੰਘ, ਜੋ ਕਾਲੇ ਨਾਗਾਂ ਵਰਗੇ ਜ਼ਹਿਰੀਲੇ ਹਨ, ਜੋ ਤੱਤ ਰੂਪ ਹਨ, ਜੋ ਅਸਲੀਅਤ ਸਿੱਖੀ ਦੀ ਕਮਾਈ ਕਰਦੇ ਨੇ, ਜਿਵੇਂ ਤੱਤ ਖਾਲਸੇ ਤੇ ਬੰਦਈ ਸਿੱਖਾਂ ਦਾ ਆਪਸ ਵਿੱਚ ਬੜਾ ਭਾਰੀ ਜੁੱਧ ਹੋਇਆ ਹੈ।

ਮਾਰੇ ਕੂਟੇ ਬਹੁ ਲੁਟੇ, ਸੋ ਅਬ ਸੁਨੋਂ ਪ੍ਰਸੰਗ॥ ੧॥ ਜਿਵੇਂ ਤੱਤ ਖਾਲਸੇ ਨੇ ਬੰਦਈਆਂ ਨੂੰ ਕੁੱਟਿਆ ਮਾਰਿਆ ਤੇ ਲੁੱਟਿਆ ਹੈ, ਹੁਣ ਉਹ ਸਾਖੀ ਸੁਣੋ ਜੀ। ੧।

ਚੌਪਈ॥ ਕਾਨ੍ਹ ਸਿੰਘ ਕਈ ਬੰਦਜੋਂ ਜੁਦਾਈ॥ ਭਾਈ ਕਾਨ੍ਹ ਸਿੰਘ ਜੀ ਨੇ ਆਪਣੇ ਜੱਥੇ ਸਮੇਤ ਬੰਦੇ ਬਹਾਦਰ ਤੋਂ (ਜੁਦਾਈ) ਅਲਹਿਦਗੀ ਕਰ ਲਈ ਸੀ।

ਲਈ ਤੁਰਕਨ ਸਜੋਂ ਬਾਤ ਬਨਾਈ॥ ਅਤੇ ਤੁਰਕਾਂ ਨਾਲ ਗੱਲ ਬਣਾ ਲਈ ਹੈ।

ਰੁਪਜੋ ਪੰਜ ਸੈ ਨਿਤ ਲੈਣ ਠਹਿਰਾਯੋ॥ ਭਾਈ ਕਾਨ੍ਹ ਸਿੰਘ ਨੇ ਤੁਰਕਾਂ ਤੋਂ ਪੰਜ ਸੌ ਰੁਪਿਆ ਨਿੱਤ ਦਾ ਲੈਣਾ ਠਹਿਰਾਇਆ ਹੈ, ਕਿ ਪੰਜ ਸੌ ਰੁਪਿਆ ਹਰ ਰੋਜ਼ ਹਾਜ਼ਰ ਕਰਿਆ ਕਰੋ।

ਅਸਵਾਰ ਪੰਜ ਸੈ ਸਾਥ ਰਖਾਯੋ॥੨॥ ਪੰਜ ਸੌ ਘੋੜ ਸਵਾਰ ਆਪਣੇ ਨਾਲ ਰਖਦਾ ਹੈ ਭਾਈ ਕਾਨ੍ਹ ਸਿੰਘ। ੨।

ਨੀਲ ਬਸਤ੍ਰੀ ਸਿਰ ਚੱਕ੍ਰ ਸਜਾਵੈ॥ ਨੀਲਾ ਬਾਣਾ ਅਤੇ ਸੀਸ ਤੇ ਚੱਕ੍ਰ ਤੋੜੇ ਸਜਾਉਂਦੇ ਸਨ।

ਰਹਿਤ ਭੁਜੰਗੀ ਰੀਤ ਰਖਾਵੈ॥ (ਭੁਜੰਗੀ) ਤੱਤ ਖਾਲਸੇ ਦੀ ਰਹਿਤ ਮ੍ਰਯਾਦਾ ਰਖਾਉਂਦਾ ਸੀ ਸਿੰਘਾਂ ਤੋਂ।

ਪੜ੍ਹੈ ਬਾਣੀ ਅਰਦਾਸੋ ਕਰੈ॥ ਗੁਰਬਾਣੀ ਪੜ੍ਹਦੇ ਹਨ ਤੇ ਅਰਦਾਸ ਕਰਦੇ ਹਨ।

ਦੰਗਜੋਂ ਫੰਗਜੋਂ ਨਹਿ ਸੋ ਟਰੈ॥੩॥ (ਦੰਗਜੋਂ ਫੰਗਜੋਂ) ਲੜਾਈ ਫਸਾਦ ਤੋਂ ਉਹ ਟਲਦੇ ਨਹੀਂ ਹਨ, ਜੇ ਤੁਰਕ ਆਕੜ ਕਰਨ ਤਾਂ ਲੁੱਟਮਾਰ ਕੇ ਸੋਧ ਦਿੰਦੇ ਸਨ। ੩।

ਬਾਂਗੀ ਕਸਾਈ ਡੇਰੇ ਨ ਆਵੈ॥ ਜਿਥੇ ਖਾਲਸਾ ਉੱਤਰਿਆ ਹੋਵੇ, ਉਥੇ ਕੋਈ ਬਾਂਗ ਦੇਣ ਵਾਲਾ ਮੌਲਵੀ, ਜਾਂ ਗਊਆਂ ਕਤਲ ਕਰਨ ਵਾਲਾ ਬੁੱਚੜ, ਖਾਲਸੇ ਦੇ ਡੇਰੇ ਦੇ ਨੇੜੇ ਨਹੀਂ ਢੁਕਦਾ।

ਦੂਰ ਤੁਰਕਨ ਤੇ ਡੇਰੋ ਰਖਾਵੈ॥ ਲਹੌਰ ਵੀ ਜਾ ਕੇ ਡੇਰਾ ਪਾਉਂਦੇ ਨੇ, ਲੜਾਈ ਫਸਾਦ ਵਿੱਚ ਵੀ ਹਿੱਸਾ ਪਾਉਂਦੇ ਨੇ, ਜੇ ਕੋਈ ਗਨੀਮ ਚੜ੍ਹ ਕੇ ਆਉਂਦੀ ਹੈ ਤਾਂ ਨਬਾਬ ਦੀ ਸਹਾਇਤਾ ਵੀ ਕਰਦੇ ਹਨ, ਪਰ ਖਾਲਸਾ ਆਪਣਾ ਡੇਰਾ ਤੁਰਕਾਂ ਤੋਂ ਦੂਰ ਹੀ ਰਖਦਾ ਹੈ, ਵਿਸਾਹ ਨਹੀਂ ਕਰਦਾ ਤੁਰਕਾਂ ਦਾ।

ਰਹਿਣ ਅੰਮ੍ਰਿਤਸਰ ਥੋ ਕਰ ਲਯੋ॥ ਤੱਤ ਖਾਲਸੇ ਨੇ ਸ੍ਰੀ ਅੰਮ੍ਰਿਤਸਰ ਜੀ ਰਹਿਣਾ ਮਨਜ਼ੂਰ ਕਰਵਾ ਲਿਆ ਹੈ।

ਮੇਲਾ ਲਾਵਨ ਭੀ ਲਿਖ ਲਯੋ॥੪॥ ਅਤੇ ਅੰਮ੍ਰਿਤਸਰ ਵਿੱਚ ਦੀਪਮਾਲਾ ਦਾ ਜੋੜ ਮੇਲਾ ਲਾਉਣ ਵਾਸਤੇ ਵੀ ਤੁਰਕਾਂ ਤੋਂ ਲਿਖਵਾ ਲਿਆ ਹੈ, ਕਿ ਅੱਗੇ ਤੋਂ ਅਸੀਂ ਇਹ ਜੋੜ ਮੇਲਾ ਵੀ ਲਾਇਆ ਕਰਾਂਗੇ, ਇਹ ਸ਼ਰਤ ਕਰ ਲਈ ਹੈ ਤੁਰਕਾਂ ਨਾਲ। ੪।

ਟਕੇ ਆਵੈਂ ਜੁ ਚੜ੍ਹਤੀ ਮਾਂਹਿ॥ ਜੋ ਜੋੜਮੇਲੇ ਤੇ ਚੜ੍ਹਾਵੇ ਦੇ ਪੈਸੇ ਆਉਣਗੇ।

ਦੇਣੈ ਖਾਲਸੇ ਮੁਜਰੇ ਤਾਂਹਿ॥ ਜੋੜ ਮੇਲੇ ਦੇ ਪੈਸੇ ਵਿਚੋਂ ਤੁਹਾਨੂੰ ਵੀ (ਮੁਜਰੇ) ਮਸੂਲ ਆਦਿਕ ਜਿਵੇਂ ਅੱਜ ਕੱਲ੍ਹ ਇਨਕਮ ਟੈਕਸ ਹੈ ਦੇ ਦਿਆ ਕਰਾਂਗੇ ਖਾਲਸੇ ਵਲੋਂ।

ਸਮੋਂ ਮੇਲੇ ਕੋ ਪਹੁੰਚਜੋ ਆਈ॥ ਦੀਪਮਾਲਾ ਦੇ ਜੋੜ ਮੇਲੇ ਦਾ ਸਮਾਂ ਨੇੜੇ ਆ ਗਿਆ ਹੈ।

ਕਾਹਨ ਸਿੰਘ ਲਿਖਜੋ ਸੰਗਤ ਤਾਈਂ॥੫॥ ਭਾਈ ਕਾਨ੍ਹ ਸਿੰਘ ਜੀ ਨੇ ਸੰਗਤਾਂ ਨੂੰ ਚਿੱਠੀਆਂ ਲਿਖ ਭੇਜੀਆਂ ਹਨ, ਸ੍ਰੀ ਅੰਮ੍ਰਿਤਸਰ ਜੋੜ ਮੇਲੇ ਤੇ ਆਉਣ ਵਾਸਤੇ। ੫।

"ਹਮ ਤੁਰਕਨ ਸੋਂ ਕਰ ਲਈ ਗੱਲ॥ ਅਸੀਂ ਜੋੜ ਮੇਲਾ ਮਨਾਉਣ ਵਾਸਤੇ ਤੁਰਕਾਂ ਨਾਲ ਗੱਲ ਤਹਿ ਕਰ ਲਈ ਹੈ।

ਬੇਸ਼ਕ ਆਓ ਸ੍ਰੀ ਅੰਮ੍ਰਿਤਸਰ ਚੱਲ"॥ ਸੰਗਤ ਜੀ! ਬਿਨਾਂ ਸ਼ੱਕ ਸ੍ਰੀ ਅੰਮ੍ਰਿਤਸਰ ਜੋੜ ਮੇਲਾ ਮਨਾਉਣ ਵਾਸ਼ਤੇ ਆਉ ਚੱਲ ਕੇ।

ਲਹੌਰ ਪਸ਼ੌਰ ਔ ਦਿੱਲੀ ਤਾਈਂ॥ ਲਹੌਰ ਪਸ਼ੌਰ ਅਤੇ ਦਿੱਲੀ ਤੱਕ ਦੀ ਸਰਬੱਤ ਸੰਗਤ।

ਆਈ ਸੰਗਤ ਚੁਤਰਫੋਂ ਧਾਈ॥੬॥ ਸ੍ਰੀ ਅੰਮ੍ਰਿਤਸਰ ਜੀ ਦੇ ਦਰਸ਼ਨ ਇਸ਼ਨਾਨ, ਅਤੇ ਖਾਲਸਾ ਜੀ ਦਾ ਦਿਦਾਰ ਕਰਨ ਵਾਸਤੇ, ਸੰਗਤ ਚਾਰੇ ਪਾਸਿਆਂ ਤੋਂ ਧਾ ਕੇ ਆਈ ਹੈ। ੬।

ਦੋਹਰਾ॥ ਤੁਰਕਨ ਕੋ ਮੁਖ ਬੰਨ੍ਹ ਲਯੋ, ਯੌ ਗਲ ਭਈ ਮਸ਼ਹੂਰ॥ ਇਹ ਗੱਲ ਸਾਰੇ ਪ੍ਰਗਟ ਹੋ ਗਈ ਸਾਰੇ ਪੰਜਾਬ ਅਤੇ ਦੂਰ ਦੁਰਾਡੇ ਦੂਜੇ ਸੂਬਿਆਂ ਤੱਕ ਕਿ ਖਾਲਸੇ ਪੰਥ ਨੇ ਤੁਰਕਾਂ ਦਾ ਮੂੰਹ ਬੰਨ੍ਹ ਲਿਆ, ਤੁਰਕਾਂ ਨਾਲ ਇਕਰਾਰ ਕਰ ਲਿਆ ਹੈ ਕਿ ਤੁਸੀਂ ਜਿਵੇਂ ਹੋਰ ਲੋਕ ਆਪੋ ਆਪਣੇ ਮੇਲੇ ਕਰ ਰਹੇ ਨੇ, ਸਾਡੇ ਏਥੇ ਏਸ ਦੇਸ ਵਿੱਚ ਰਹਿੰਦੇ ਨੇ, ਉਸੇ ਤਰ੍ਹਾਂ ਸਾਡੇ ਨਾਲ ਵੀ ਇਕਰਾਰ ਕਰ ਲਉ। ਸਾਡੇ ਕੋਲੋਂ ਮੇਲੇ ਦਾ ਜੋ ਬਿਵਹਾਰ ਕਰਨਾ ਹੈ ਕਰ ਲਉ, ਸਾਨੂੰ ਮੇਲਾ ਲਾਉਣ ਦਿਉ। ਤੁਰਕਾਂ ਨੇ ਇਹ ਗੱਲ ਪ੍ਰਵਾਣ ਕਰ ਲਈ। ਹੁਣ ਅੰਮ੍ਰਿਤਸਰ ਜਾਣ ਵਾਸਤੇ ਗੁਰਸਿਖ ਸੰਗਤਾਂ ਨੂੰ ਤੁਰਕਾਂ ਤੋਂ ਕਿਸੇ ਪ੍ਰਕਾਰ ਦਾ ਖਤਰਾ ਨਹੀਂ ਹੈ।

ਕਸਮ ਕੁਰਾਨ ਤੁਰਕਨ ਕਰੀ, ਭਯੋ ਸਿਖਨ ਭਉ ਦੂਰ॥੭॥ ਤੁਰਕਾਂ ਨੇ ਕੁਰਾਨ ਦੀ ਕਸਮ ਚੁੱਕ ਲਈ ਕਿ ਜੇ ਅਸੀਂ ਇਸ ਜੋੜ ਮੇਲੇ ਵਿੱਚ ਵਿਘਨ ਪਾਈਏ ਤਾਂ ਅਸੀਂ ਕੁਰਾਨ ਸ਼ਰੀਫ ਦੀ ਸਹੁੰ ਖਾ ਕੇ ਕਹਿੰਦੇ ਹਾਂ ਕਿ ਅਸੀਂ ਕੋਈ ਵਿਘਨ ਨਹੀਂ ਪਾਵਾਂਗੇ, ਕੋਈ ਗਲਤੀ ਨਹੀਂ ਕਰਾਂਗੇ, ਤੁਸੀਂ ਬੇਸ਼ਕ ਮੇਲਾ ਲਾਉ। ਇਸ ਤਰ੍ਹਾਂ ਗੁਰਸਿਖਾਂ ਦਾ ਡਰ

ਦੂਰ ਹੋ ਗਿਆ। ੭।

ਸਿੰਘਨ ਔ ਤੁਰਕਾਨ ਨੇ, ਜਬ ਕਰ ਲਯੋ ਕਰਾਰ॥ ਜਦੋਂ ਸਿੰਘਾਂ ਤੇ ਤੁਰਕਾਂ ਨੇ ਆਪਸ ਵਿੱਚੀਂ ਇਕਰਾਰ ਨਾਮਾ ਕਰ ਲਿਆ।

"ਸੰਗਤ ਕੀ ਰਾਖੀ ਰਖੋ" ਦੇਸ਼ ਤੁਰਕਨ ਲਿਖੇ ਇਸ਼ਤਿਹਾਰ॥੮॥ ਕਿਉਂਕਿ ਗੱਲ ਤਹਿ ਹੋ ਗਈ ਸੀ ਕਿ ਸੰਗਤ ਆਉਣੀ ਹੈ ਦੂਰ ਦੂਰ ਤੋਂ, ਰਾਹ ਵਿਚ ਕੋਈ ਤੁਹਾਡਾ ਥਾਣੇਦਾਰ, ਕੋਈ ਸਰਦਾਰ ਸੰਗਤ ਨੂੰ ਤੰਗ ਨਾ ਕਰੇ, ਇਸ ਕਰਕੇ ਇਸ ਰਾਖੀ ਦਾ ਹੀ ਮਾਮਲਾ ਦੇਣਾ ਸੀ ਸ਼ਰਕਾਰ ਨੂੰ, ਹੋਰ ਕੋਈ ਛਿਆਨੀ ਨਹੀਂ ਸੀ ਖਾਲਸਾ ਭਰਦਾ । ਕਿ ਅਸੀਂ ਰਾਖੀ ਕਰਾਂਗੇ, ਖਰਚ ਤਾਂ ਹੋਣਾ ਹੀ ਹੈ ਅਕਸਰ। ਇਸ ਕਰਕੇ ਸਭ ਸੰਗਤਾਂ ਨੂੰ, ਸਭ ਥਾਣੇਦਾਰਾਂ ਨੂੰ ਇਸ਼ਤਿਹਾਰ ਲਿਖ ਕੇ ਭੇਜ ਦਿੱਤੇ ਗਏ, ਕਿ ਇਹ ਇਕਰਾਰ ਨਾਮਾ ਲਿਖਿਆ ਗਿਆ ਸਰਕਾਰ ਨਾਲ, ਹੁਣ ਸੰਗਤ ਨੂੰ ਕੋਈ ਤੰਗ ਨਾ ਕਰੇ, ਕੁੱਟੇ ਮਾਰੇ ਨਾ ਕੋਈ, ਸੰਗਤ ਦੀ ਰਾਖੀ ਕਰੋ ਸਰਕਾਰ ਨੇ ਇਸ ਤਰ੍ਹਾਂ ਲਿਖ ਭੇਜਿਆ ਹੈ, ਆਪਣੇ ਇੰਤਜਾਮੀਆਂ ਨੂੰ। ੮।

ਚੌਪਈ॥ ਤੁਰਕਨ ਲਿਖਜੋ ਨਿਜ ਠਾਣੇਦਾਰਨ॥ ਤੁਰਕਾਂ ਨੇ ਆਪਣੇ ਥਾਣੇਦਾਰਾਂ ਨੂੰ ਜਿਥੇ ਜਿਥੇ ਥਾਣੇ ਸਨ ਲਿਖ ਦਿੱਤਾ ਹੈ।

ਹੁਇ ਨ ਦੰਗੌ ਕਹੂੰ ਸੰਗਤ ਵਾਰਨ॥ ਸੰਗਤ ਵਾਲਿਆਂ ਨਾਲ ਕਿਤੇ ਦੰਗਾ ਨਾ ਹੋਵੇ, ਕਿਤੇ ਝਗੜਾ ਨਾ ਹੋਵੇ ਸੰਗਤ ਨਾਲ।

ਅੰਮ੍ਰਿਤਸਰ ਇਨ ਦਿਓ ਪਹੁੰਚਾਇ॥ ਇਸ ਕਰਕੇ ਹਿਫਾਜ਼ਤ ਕਰਕੇ ਸੰਗਤ ਦੀ, ਉਸਨੂੰ ਅੰਮ੍ਰਿਤਸਰ ਪਹੁੰਚਦੀ ਕਰ ਦੇਣਾ, ਕੋਈ ਰਾਹ ਵਿੱਚ ਛੇੜ ਛਾੜ ਨਾ ਹੋਵੇ।

ਰਖੋ ਹਿਫਾਜ਼ਤ ਇਨ ਕੌ ਰਾਹੁ॥ ੯॥ ਰਸਤੇ ਵਿੱਚ ਇਨ੍ਹਾਂ ਦੀ ਹਿਫਾਜ਼ਤ ਕਰੋ, ਕੋਈ ਲੁਟੇਰਾ, ਕੋਈ ਸ਼ਰਾਰਤੀ ਬੰਦਾ ਸੰਗਤ ਨਾਲ ਰੌਲਾ ਨਾ ਕਰੇ।

ਦੋਹਰਾ॥ ਦਸ ਹਜ਼ਾਰ ਦਮ ਲਿਖ ਹੁਤੇ, ਸੋ ਜੋ ਮੇਲੇ ਮਾਂਹਿ॥ ਦਸ ਹਜ਼ਾਰ (ਦਮ) ਦਮੜਾ, ਰੁਪਈਆ ਲਿਖ ਲਿਆ ਹੈ, ਪਰ ਦੇਣਾ ਤਾਂ ਹੈ ਜੇ ਮੇਲਾ ਲੱਗੇਗਾ ਮੇਲੇ ਦੀ ਚੜ੍ਹਤੀ ਵਿਚੋਂ ਅਸੀਂ ਤੁਹਾਨੂੰ ਦਸ ਹਜ਼ਾਰ ਰੁਪਿਆ ਦੇਵਾਂਗੇ ਲਿਖਤ ਹੋ ਗਈ ਹੈ।

ਦਸ ਦਿਨ ਲੌ ਮੇਲਾ ਰਹੈ, ਰਖਜੋ ਹਿਫਾਜ਼ਤ ਤਾਂਹਿ॥੧੦॥ ਦਸ ਦਿਨ ਤੱਕ ਜੋੜ ਮੇਲਾ ਰਹੇਗਾ, ਸੰਗਤ ਦੀ (ਹਿਫਾਜ਼ਤ) ਰਾਖੀ ਰੱਖਣੀ ਹੈ ਤੁਸੀਂ। ੧੦।

ਸੋਰਠਾ॥ ਠਟੀ ਸਿਖਨ ਚਿਤ ਧਾਰ, ਯਾਹੂ ਤੇ ਸੰਸੌ ਗਯੋ॥ ਜਦੋਂ ਇਹ ਖ਼ਬਰਾਂ ਸਾਰੇ ਥਾਈਂ ਪਹੁੰਚ ਗਈਆਂ ਸੰਗਤ ਵਿੱਚ ਤਾਂ ਗੁਰਸਿੱਖਾਂ ਨੇ ਮੇਲਾ ਵੇਖਣ ਦੀ ਠਾਣ ਲਈ ਕਿ ਜ਼ਰੂਰ ਚਲਣਾ ਹੈ, ਦਸ ਦਿਨ ਮੇਲਾ ਰਹਿਣਾ ਹੈ ਚਲਕੇ ਦਰਸ਼ਨ ਦਿਦਾਰ ਕਰਾਂਗੇ, ਸੰਗਤ ਨੇ ਪੱਕੀ ਧਾਰ ਲਈ ਮਨ ਵਿੱਚ, ਇਸ ਕਰਕੇ ਸੰਗਤ ਦਾ (ਸੰਸਾ) ਫਿਕਰ ਦੂਰ ਹੋ ਗਿਆ।

"ਮਰੇ ਜੁ ਸਤਿਗੁਰ ਦ੍ਵਾਰ, ਜੀਵਨ ਤੇ ਮਰਨੌ ਭਲੌ"॥੧੧॥ ਜਿਹੜਾ ਖਤਰਾ ਸੀ ਕਿ ਤੁਰਕ ਫੜ ਕੇ ਮਾਰ ਦੇਣਗੇ, ਸੋ ਸੰਗਤ ਨੇ ਇਹ ਦ੍ਰਿੜ੍ਹ ਕਰ ਲਿਆ ਕਿ ਏਸ ਤੋਂ ਚੰਗਾ ਹੋਰ ਕੀ ਹੋ ਸਕਦਾ ਹੈ। ਜੇ ਮਰਾਂਗੇ ਤਾਂ ਗੁਰੂ ਦੁਆਰੇ ਮਰਾਂਗੇ, ਜਿਉਣ ਤੋਂ ਇਹੀ ਬਿਹਤਰ ਹੈ, ਕਿ "ਮਰੀਏ ਤਾਂ ਹਰਿ ਕੈ ਦੁਆਰ। ਮਤ ਹਰਿ ਪੂਛੈ ਕਉਨ ਹੈ ਪਰਾ ਹਮਾਰੈ ਬਾਰ"। ਇਸ ਤਰ੍ਹਾਂ ਸੰਗਤ ਨੇ ਦੀਪਮਾਲਾ ਦੇ ਜੋੜ ਮੇਲੇ ਤੇ ਸ੍ਰੀ ਅੰਮ੍ਰਿਤਸਰ ਆਉਣ ਦੀ ਤਿਆਰੀ ਕਰ ਲਈ। ੧੧।

ਚੌਪਈ॥ ਤਬ ਸਿਖ ਸੰਗਤ ਬਹੁ ਚਲਿ ਆਏ॥ ਤਦੋਂ ਬਹੁਤ ਸਿੱਖ ਸੰਗਤਾਂ ਜੋੜ ਮੇਲੇ ਤੇ ਚਲ ਕੇ ਆਈਆਂ ਹਨ।

ਆਨ ਚੜ੍ਹਾਵੈ ਬਹੁਤ ਚੜ੍ਹਾਏ॥ ਆਪੋ ਆਪਣੀ ਸ਼ਰਧਾ ਅਨੁਸਾਰ ਦਸਵੰਧ ਇਕੱਤਰ ਕੀਤੇ ਸੀ, ਬਹੁਤ ਸਾਰਾ ਚੜ੍ਹਾਵਾ ਆ ਕੇ ਚੜ੍ਹਾਇਆ ਹੈ ਹਰਿਮੰਦਰ ਸਾਹਿਬ ਵਿੱਚ।

ਦਰਬ ਬਹੁਤ ਸੋ ਚੜ੍ਹਤੀ ਕਰੀ॥ ਸਿੱਖਾਂ ਨੇ ਬਹੁਤ ਸਾਰਾ ਧਨ ਦੌਲਤ ਚੜ੍ਹਾਉਣਾ ਕੀਤੀ ਹੈ।

ਦੈ ਤੁਰਕਨ ਬਹੁ ਬਾਕੀ ਧਰੀ॥੧੨॥ ਦਸ ਹਜ਼ਾਰ ਗਿਣਕੇ ਰੁਪਿਆ ਤੁਰਕਾਂ ਨੂੰ ਦੇ ਦਿੱਤਾ ਖਾਲਸੇ ਪੰਥ ਨੇ, ਬਾਕੀ ਜੋ ਰੁਪਿਆ ਸੀ ਚੜ੍ਹਾਵੇ ਦਾ ਉਹ ਖਜ਼ਾਨੇ ਵਿੱਚ ਪਾ ਲਿਆ ਖਾਲਸੇ ਪੰਥ ਨੇ। ੧੨।

ਦੇਖ ਬੰਦਈਅਨ ਜਲਤੀ ਆਵੇ॥ ਜਦੋਂ ਬੰਦਈਆਂ ਨੇ ਵੇਖਿਆ ਕਿ ਖਾਲਸੇ ਪੰਥ ਨੂੰ ਚੜ੍ਹਾਵੇ ਦਾ ਬਹੁਤ ਰੁਪਈਆ ਆ ਗਿਆ, ਏਸ ਤੇ ਉਨ੍ਹਾਂ ਦੇ ਅੰਦਰ ਧੁਖਧੁਖੀ ਹੋ ਗਈ ਹੈ ਕਿ ਸਾਰਾ ਰੁਪਿਆ ਤਾਂ ਇਹਨਾਂ ਨੂੰ ਮਿਲ ਗਿਆ, ਇਹ ਤਾਂ ਸਾਰਾ ਚੜ੍ਹਾਵਾ ਲੈ ਗਏ ਹਨ ਤੇ ਆਪਾਂ ਰਹਿ ਗਏ ਖਾਲੀ।

ਲਗੇ ਮੰਗਨ ਕਰ ਚੜ੍ਹਤੀ ਦਾਵੇ॥ ਬੰਦਈ ਚੜ੍ਹਾਵੇ ਤੇ ਆਪਣਾ ਦਾਅਵਾ ਕਰਨ ਲੱਗੇ ਅਤੇ ਖਾਲਸੇ ਤੋਂ ਰੁਪਈਆ ਮੰਗਣ ਲੱਗੇ ਹਨ, ਕਿ ਸਾਡੀ ਸੰਗਤ ਬੰਦਈਆਂ ਦੀ ਬਹੁਤ ਆਈ ਹੈ, ਉਹਨਾਂ ਨੇ ਵੀ ਚੜ੍ਹਾਵੇ ਚੜ੍ਹਾਏ ਨੇ।

ਕਹਜੋ ਖਾਲਸੋ ਤੁਮ ਦਾਵੋ ਕਾਹਿ॥ ਖਾਲਸਾ ਪੰਥ ਕਹਿਣ ਲੱਗਾ "ਤੁਹਾਡਾ ਕਾਹਦਾ ਦਾਅਵਾ ਓਇ ! ਇਸ ਚੜ੍ਹਤ ਚੜ੍ਹਾਵੇ ਵਿਚ ਤੁਹਾਡਾ ਕਾਹਦਾ ਹਿੱਸਾ ਹੈ? ਤੁਸੀਂ ਕਿਵੇਂ ਮੰਗਦੇ ਹੋ ? ਕਿਹੜੇ ਮੂੰਹ ਨਾਲ ਮੰਗਦੇ ਹੋ?

ਤੁਮ ਹਮ ਮੇਲ ਰਖਜੋ ਕੌਊ ਨਾਂਹਿ॥੧੩॥ ਤੁਸਾਂ ਮੇਲ ਰੱਖਿਆ ਸਾਡੇ ਨਾਲ ਕੋਈ ? ਕੋਈ ਸਾਡਾ ਤੁਹਾਡਾ ਸੁਲਹਨਾਮਾ ਰਿਹਾ ? ਅਸੀਂ ਤਾਂ ਉਦੋਂ ਹੀ ਵਖਰੇ ਹੋ ਗਏ ਸੀ, ਤੁਸੀਂ ਸਾਡੇ ਤੋਂ ਵਖਰੇ ਹੋ ਗਏ, ਸਾਡਾ ਤੁਹਾਡੇ ਨਾਲ ਮੇਲ ਹੀ ਕੋਈ ਨਹੀਂ। ੧੩।

ਤੁਮ ਫੜ੍ਹੇ ਦਰਸ਼ਨੀ ਹਮ ਗੁਰ ਕੀਂਹ ਫੜ੍ਹੇ॥ ਤੁਸੀਂ ਦਰਸ਼ਨ ਜੀ ਕਾ ਖਾਲਸਾ ਦਰਸ਼ਨ ਜੀ ਕੀ ਫੜ੍ਹੇ, ਅਸੀਂ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ ਸਾਡੀ ਤੁਹਾਡੀ ਫਤ੍ਹੇ ਹੀ ਨਹੀਂ ਰਲਦੀ ਫੇਰ ਸਾਡਾ ਤੁਹਾਡਾ ਕਾਹਦਾ ਮੇਲ ਰਹਿ ਗਿਆ।

ਤੁਮ ਬਿਸਨੋਈ ਹਮ ਚਾਰ ਬਰਨ ਮਤੇ॥ ਤੁਸੀਂ (ਬਿਸਨੋਈ) ਵੈਸ਼ਨੂੰ ਹੋ, ਅਸੀਂ ਚਾਰ ਵਰਨਾਂ ਦੇ ਛਕਣ ਵਾਲੇ ਹਾਂ, ਤੁਹਾਡਾ ਸਾਡਾ ਕਾਹਦਾ ਮੇਲ ਹੈ।

ਤੁਮ ਸੂਹੋ ਪਹਿਰੋ ਹਮ ਲਾਵੈਂ ਨ ਅੰਗ॥ ਤੁਸੀਂ ਸੂਹਾ ਸਮਰਾ ਪਹਿਨਦੇ ਹੋ, ਸੂਹੇ ਰੰਗ ਦੇ ਬਸਤ੍ਰ ਪਾ ਲਏ ਨੇ, ਅਸੀਂ ਤਾਂ ਆਪਣੇ ਅੰਗਾਂ ਨਾਲ ਨਹੀਂ ਲਾਉਂਦੇ, ਸਾਨੂੰ ਤਾਂ ਮਨ੍ਹਾਂ ਕੀਤਾ ਹੈ ਸਾਹਿਬ ਜੀ ਨੇ।

ਹਮ ਪਹਿਰੈਂ ਸੁਰਮਈ ਤੁਮ ਰਹੋ ਸੰਗ॥੧੪॥ ਅਸੀਂ ਤਾਂ ਸੁਰਮਈ ਬਾਣਾ ਪਹਿਨਦੇ ਹਾਂ, ਤੁਸੀ ਸੰਗਦੇ ਹੋ ਨੀਲਾ ਪਹਿਨਣ ਤੋਂ, ਤੁਹਾਨੂੰ ਏਸ ਤੋਂ ਡਰ ਆਉਂਦਾ ਹੈ। ੧੪।

ਨਹੀਂ ਅੰਮ੍ਰਿਤਸਰ ਤੁਮ ਕਹੁੰ ਥਾਂਇ॥ ਫੇਰ ਤੁਹਾਡੀ ਏਥੇ ਸ੍ਰੀ ਅੰਮ੍ਰਿਤਸਰ ਵਿੱਚ ਕੋਈ ਜਗ੍ਹਾ ਨਹੀਂ ਹੈ। ਕੀ ਬੰਦਈਆਂ ਨੇ ਏਥੇ ਕੀਤਾ ਹੈ। ਸਾਡੇ ਗੁਰੂਆਂ ਦੇ ਅਸਥਾਨ ਨੇ, ਗੁਰੂ ਸਾਹਿਬਾਂ ਨੇ ਏਥੇ ਚੋਜ ਕੀਤੇ ਨੇ, ਏਥੇ ਗੁਰੂ ਸਾਹਿਬ ਜੀ ਨੇ ਆਸਣ ਰੱਖੇ ਨੇ, ਉਹਨਾਂ ਦੀ ਪੂਜਨੀਕ ਜਗ੍ਹਾ ਹੈ। ਤੁਹਾਡੇ ਬੰਦੇ ਬਹਾਦਰ ਦਾ ਏਥੇ ਕੀ ਹੈ ਦੱਸੋ?

ਨਹਿੰ ਲਯੋ ਚੜ੍ਹਾਵੋ ਅਗੈ ਤੁਸਾਹਿ॥ ਦੂਸਰਾ ਇਹ ਕਿ ਅੱਗੇ ਤੁਸੀਂ ਚੜ੍ਹਤ ਚੜ੍ਹਾਵਾ ਲਿਆ ਹੈ ? ਅੱਗੇ ਮਿਲਿਆ ਕੋਈ ਹਿੱਸਾ? ਇਸ ਤੋਂ ਪਹਿਲਾਂ ਅੱਗੇ ਨਹੀਂ ਚੜ੍ਹਾਵੇ ਵਿਚੋਂ ਤੁਸੀਂ ਹਿੱਸਾ ਲਿਆ।"

ਹੁਤੋ ਬੰਦਈਅਨ ਚਿਤ ਬਡ ਗਰਬ॥ ਬੰਦਈਆਂ ਦੇ ਮਨ ਵਿੱਚ ਬੜਾ ਭਾਰੀ ਹੰਕਾਰ ਸੀ।

"ਬਨੂਗੁ ਬੰਦੈ ਕੀ ਸੰਗਤ ਸਰਬ॥੧੫॥ ਜਦੋਂ ਅਸੀਂ ਏਥੇ ਆਪਣਾ ਪੰਥ ਵਖਰਾ ਕਰਾਂਗੇ ਤਾਂ ਬਹੁਤ ਸਾਰੇ ਸਾਡੇ ਵਿਚ ਰਲ ਜਾਣਗੇ। ਕਿਉਂਕਿ ਬੰਦੇ ਬਹਾਦਰ ਨੇ ਬਹੁਤ ਸਾਰਿਆਂ ਨੂੰ ਕਰਾਮਾਤਾਂ ਸਿਖਾਈਆਂ ਸੀ, ਕਈਆਂ ਨੂੰ ਉੱਡਣ ਸ਼ਕਤੀ ਦਿੱਤੀ ਹੋਈ ਸੀ, ਇਸ ਤਰ੍ਹਾਂ ਦੀ ਹੱਥ ਤੇ ਸਰ੍ਹੋਂ ਜਮਾ ਕੇ ਜੰਤ੍ਰ ਮੰਤ੍ਰ ਨਾਲ ਬਹੁਤ ਕੁਛ ਕਰਨ ਸਿਖ ਗਏ ਸਨ, ਇਸ ਕਰਕੇ ਉਹ ਇਸ ਚੀਜ ਦਾ ਹੰਕਾਰ ਕਰਦੇ ਸੀ, ਕਿ ਸਾਡੀ ਸੰਗਤ ਜਿਆਦਾ ਹੋ ਜਾਣੀ ਹੈ, ਅਸੀਂ ਲੋਕਾਂ ਦੇ ਕਾਰਜ ਕਰਾਂਗੇ। ਇਸ ਤਰ੍ਹਾਂ ਸਾਰੀ ਸੰਗਤ ਹੀ ਬੰਦੇ ਬਹਾਦਰ ਦੀ ਬਣ ਜਾਵੇਗੀ। ੧੫।

ਸਤਿਗੁਰ ਦੇ ਗਜੋ ਬੰਦੇ ਕਰਾਮਾਤ॥ ਤੇ ਸਤਿਗੁਰੂ ਜੀ ਤਾਂ ਜਾਂਦੇ ਹੋਏ ਬੰਦੇ ਬਹਾਦਰ ਨੂੰ ਸਾਰੀ ਕਰਾਮਾਤ ਦੇ ਗਏ ਸੀ।

ਕੋ ਰਹਜੋ ਨ ਸੋਢੀ ਕਰਨ ਜੋਗ ਬਾਤ॥ ਇਸ ਕਰਕੇ ਕੋਈ ਸੋਢੀ ਗੱਲ ਕਰਨ ਜੋਗਾ ਨਹੀਂ ਰਿਹਾ ਸਾਡੇ ਸਾਮ੍ਹਣੇ।

ਸਮਝੈਂ ਨ ਮੂਰਖ ਪੰਥ ਕੀਓ ਖਲਾ॥ ਹੇ ਮੂਰਖੋ ! ਤੁਸੀਂ ਸਮਝਦੇ ਨਹੀਂ ਹੋ, ਕਿ ਸਤਿਗੁਰੂ ਜੀ ਨੇ ਆਪ ਖਾਲਸਾ ਪੰਥ ਖੜਾ ਕਰਕੇ, ਗੁਰੂ ਪਦਵੀ ਦਿੱਤੀ ਹੈ ਆਪਣੀ ਜਗ੍ਹਾ ਉੱਤੇ, ਕਲਗੀ ਤੋੜੇ ਦੇ ਕੇ, ਗੁਰ ਗੱਦੀ ਦੇ ਉਤੇ ਖਾਲਸਾ ਪੰਥ, ਗੁਰੂ ਖਾਲਸਾ ਪੰਥ, ਜਿਸ ਬਾਬਤ ਆਪ ਲਿਖ ਗਏ ਨੇ, ਖਾਲਸੇ ਵਿਚ ਤੇ ਮੇਰੇ ਵਿਚ ਭੇਦ ਕੋਈ ਨਹੀਂ ਦੱਸ ਗਏ ਹਨ ਤੇ ਫੇਰ ਇਨ੍ਹਾਂ ਨੂੰ ਅਜੇ ਪਤਾ ਨਹੀਂ ਲੱਗਿਆ।

ਯਾ ਮੈਂ ਪਾਈ ਸਭ ਗੁਰ ਕਲਾ॥੧੬॥ ਸਤਿਗੁਰਾਂ ਨੇ ਸਾਰੀ ਕਲਾ ਹੀ ਪੰਥ ਖਾਲਸੇ ਵਿੱਚ ਰੱਖੀ ਹੈ, ਕੁਛ ਛੁਪਾ ਕੇ ਨਹੀਂ ਰੱਖਿਆ। ਸਾਹਿਬ ਸੱਚੇ ਪਾਤਸ਼ਾਹ ਜੀ ਦੀ ਕਲਾ ਨੂੰ ਨਹੀਂ ਜਾਣਦੇ। ਮਹਾਰਾਜ ਨੇ ਕਿਹਾ ''ਐਸੀ ਵਸਤ ਜਗਤ ਮੈਂ ਨਾਹੀ। ਜੋ ਮੈਂ ਦਈ ਖਾਲਸੇ ਨਾਹੀ''। ੧੬।

ਦੋਹਰਾ॥ ਤਬ ਗਲ ਉਨ ਕੀ ਨਹਿੰ ਪੁਜੀ, ਭਈ ਦੂਏ ਮੇਲੇ ਪਰ ਗੱਲ॥ ਬੰਦਈਆਂ ਦੀ ਗੱਲ ਨਾ ਬਣਨ ਦਿੱਤੀ ਖਾਲਸੇ ਨੇ, ਲਉ ਤੁਹਾਡਾ ਕੀ ਹੱਕ ਹੈ, ਤੁਹਾਡੀ ਕਿਹੜੀ ਚੜ੍ਹਤੀ ਹੈ, ਤੁਹਾਡਾ ਕੋਈ ਅਸਥਾਨ ਨਹੀਂ, ਕੋਈ ਗੱਲ ਨਹੀਂ ਕੋਈ ਬਾਤ ਨਹੀਂ, ਨਾ ਅੱਗੇ ਨਾ ਪਿੱਛੇ, ਤੁਹਾਡਾ ਕੋਈ ਨਹੀਂ ਹੱਕ ਬਣਦਾ ਏਥੇ, ਸੋ ਖਾਲਸੇ ਨੇ ਝਿੜਕ ਦਿੱਤੇ, ਤਾਂ ਬੰਦਈਆਂ ਨੇ ਆਖਿਆ, ਕੋਈ ਨਹੀਂ ਅਗਲੇ ਮੇਲੇ ਤੇ ਦੇਖਾਂਗੇ, ਮਤਾ ਕੀਤਾ ਤਕੜੇ ਹੋ ਕੇ ਆਈਏ ਇਕੱਠੇ ਹੋਕੇ, ਫੇਰ ਖਾਲਸੇ ਤੋਂ ਚੜ੍ਹਾਵਾ ਲਵਾਂਗੇ।

ਦੰਗੋ ਕਰਨੋ ਉਨ ਠਟਜੋ, ਬੰਦਈ ਉਤਰੇ ਤੋਂ ਇਕ ਵੱਲ॥੧੭॥ ਉਨ੍ਹਾਂ ਬੰਦਈਆਂ ਨੇ ਖਾਲਸੇ ਨਾਲ ਦੰਗਾ ਕਰਨ ਦਾ ਧਾਰ ਕੇ, ਬੰਦਈ ਖਾਲਸੇ ਤੋਂ ਅਲੱਗ ਹੋ ਕੇ, ਇਕ ਪਾਸੇ ਵੱਲ ਇਕੱਠੇ ਹੋ ਕੇ ਉੱਤਰੇ ਹਨ। ੧੭।

ਚੌਪਈ॥ ਬੰਦੱਯਨ ਡੇਰਾ ਇਕ ਵਲ ਲਾਯਾ॥ ਬੰਦਈਆਂ ਨੇ ਸ੍ਰੀ ਅੰਮ੍ਰਿਤਸਰ ਦੀ ਇੱਕ ਬਾਹੀ ਉੱਤੇ ਡੇਰਾ ਕਰ ਲਿਆ।

ਝੰਡੈ ਬੁੰਗੈ ਢਿਗ ਬਗਲ ਬਗਲਾਯਾ॥ ਜਿਥੇ ਝੰਡਾ ਬੁੰਗਾ ਹੈ ਨਿਸ਼ਾਨ ਸਾਹਿਬ ਲੱਗੇ ਹੋਏ ਹਨ, ਏਸ ਬਾਹੀ ਉਨ੍ਹਾਂ ਬਾਗਲਾ ਮਾਰ ਲਿਆ, ਵਾੜ ਆਦਿਕ ਗੱਡ ਕੇ ਆਪਣਾ ਡੇਰਾ ਵੱਖਰਾ ਕਰ ਲਿਆ।

ਕਿਤ ਰੋਣੀ ਕਿਤ ਬਾੜ ਗਡਵਾਈ॥ ਰੋਣੀ ਕਹਿੰਦੇ ਨੇ ਖਾਈ ਨੂੰ ਜਿੱਥੇ ਕਿੱਥੇ ਉਤਰੇ ਨੇ ਜਾ ਕੇ ਉੱਥੇ ਖਾਈਆਂ, ਮੋਰਚਾ ਬੰਦੀ ਕਰ ਲਈ ਹੈ, ਚਾਰ ਚੁਫੇਰੇ ਖਾਈ ਰਚ ਲਈ ਕਿ ਹੱਲਾ ਨਾ ਇਹਨਾਂ ਦਾ ਹੋਣ ਦਿੱਤਾ ਜਾਵੇ, ਅਤੇ ਕਿਸੇ ਪਾਸੇ ਬਾੜ ਗੱਡ ਲਈ।

ਦਰਸ਼ਨੀ ਦਰਵਾਜੇ ਕੀ ਦਬ ਬਾਹੀਂ॥੧੮॥ ਦਰਸ਼ਨੀ ਦਰਵਾਜੇ ਦੀ ਬਾਹੀ ਦੱਬ ਕੇ ਉਸ ਪਾਸੇ, ਕਿਉਂਕਿ ਹਰਿਮੰਦਰ ਸਾਹਿਬ ਦੇ ਉੱਤਰ ਗੇਟ ਹੈ ਜਿਹੜਾ ਅਕਾਲ ਤਖਤ ਦੇ ਸਾਹਮਣੇ ਇਹਨੂੰ ਦਰਸ਼ਨੀ ਦਰਵਾਜਾ ਕਹਿੰਦੇ ਹਨ। ਇਸ ਪਾਸੇ ਝੰਡੇ ਬੁੰਗੇ ਵਾਲੀ ਬਾਹੀ ਜਿਹੜੀ ਹੈ ਇਹ ਦੱਬ ਕੇ ਬੈਠ ਗਏ ਜਿਧਰ ਬਾਬੇ ਬੁੱਢੇ ਦੀ ਬੇਰ ਹੈ, ਏਸ ਥਾਂ ਡੇਰਾ ਲਾਇਆ ਇਹਨਾਂ ਨੇ। ੧੮।

ਕਿਤਨਨ ਛਾਏ ਛੱਪਰ ਛੰਨ॥ ਕਈਆਂ ਨੇ ਤਾਂ ਛੱਪਰ ਬਣਾ ਲਏ ਧੁੱਪ ਆਦਿਕ ਤੋਂ ਛੱਪਰ ਬਣਾ ਲਏ, ਕਈ ਛੰਨਾਂ ਆਦਿਕ ਬਣਾ ਬੈਠੇ ਹਨ ਮੀਂਹ ਕਣੀ ਤੋਂ।

ਬਹੇ ਬੰਦਈ ਆਇ ਕਰ ਫੰਨ॥ ਇਸ ਤਰ੍ਹਾਂ ਦਾ (ਫੰਨ) ਢੰਗ ਬਣਾ ਕੇ ਬੰਦਈ ਉੱਥੇ ਆ ਕੇ ਬੈਠ ਗਏ ਹਨ।

ਉਤਵਲ ਡੇਰੇ ਬੰਦਈਅਨ ਕਰੇ॥ ਉਸ ਪਾਸੇ ਵੱਲ ਬੰਦਈਆਂ ਨੇ ਆਪਣੇ ਡੇਰੇ ਕਰ ਲਏ ਹਨ।

ਲਵੈਂ ਰਲਾਇ ਜੁ ਉਨ ਮੈਂ ਰਲੇ॥੧੯॥ ਜਿਹੜੇ ਕੋਈ ਉਹਨਾਂ ਨਾਲ ਨਵੇਂ ਆ ਕੇ ਰਲਦੇ ਸਨ ਉਨ੍ਹਾਂ ਨੂੰ ਉਹ ਰਲਾ ਲੈਂਦੇ ਆਪਣੇ ਨਾਲ ਆ ਜਾਉ ਆ ਜਾਉ ਕਿ ਏਸ ਪੰਥ ਵਿੱਚ ਬੜੀਆਂ ਕਰਾਮਾਤਾਂ ਨੇ, ਗੁਰੂ ਸਾਹਿਬ ਸਭ ਕੁਛ ਬੰਦੇ

ਬਹਾਦਰ ਨੂੰ ਦੇ ਗਏ ਸਨ ਆਉ ਹੁਣ ਏਧਰ ਰਲੋ ਸਾਡੇ ਨਾਲ, ਬਹੁਤ ਸਾਰੇ ਨਵੇਂ ਸਿਖਾਂ ਨੂੰ ਨਾਲ ਰਲਾ ਲਿਆ ਹੈ। ੧੯।

ਬੰਦਈ ਸੰਗਤ ਯੌ ਬਧਤੀ ਭਈ॥ ਇਸ ਤਰ੍ਹਾਂ ਬੰਦਈ ਸਿੱਖਾਂ ਦੀ ਸੰਗਤ ਵਿੱਚ ਵਾਧਾ ਹੋਇਆ।

ਬਹੁ ਕਰਾਮਾਤ ਬੰਦਿਓਂ ਲਈ॥ ਜੋ ਬੰਦਈਆਂ ਦੇ ਮੁਖੀ ਸਨ ਉਹਨਾਂ ਨੇ ਬਹੁਤ ਸਾਰੀ ਕਰਾਮਾਤ ਬੰਦੇ ਬਹਾਦਰ ਤੋਂ ਲਈ ਸੀ, ਜਿਹੜੇ ਆਗੂ ਬਣੇ ਸਨ, ਉਹ ਕਰਾਮਾਤਾਂ ਵਿਖਾਉਂਦੇ ਸਨ ਸੰਗਤ ਨੂੰ।

ਦੁਨੀਆਂ ਹੋਇ ਸਿਖ ਪ੍ਰੋਜਨ ਕਾਰਕ॥ ਹੁਣ ਨਹੀਂ ਦੇਖਦੇ ਤੁਸੀਂ, ਕਿ ਬਰਛਾ ਰਖਾਂਗੇ, ਕਈ ਨੇ ਇਹ ਬਣਾਇਆ ਕਿ ਗੱਡੀ ਮੋਟਰ ਚੜ੍ਹਨਾ ਹੋਵੇ ਟਿਕਟ ਨਹੀਂ ਕੋਈ ਪੁਛਦਾ ਕਈਆਂ ਏਸ ਪ੍ਰਜੋਜਨ ਤੇ, ਦੁਨੀਆਂ ਅੱਜ ਕਿਹੜਾ ਘੱਟ ਹੈ ਠੱਗੀਆਂ ਮਾਰਦੇ ਨੇ ਕਿ ਚਲੋ ਸਣੇ ਪ੍ਰਵਾਰ ਨਾਲੇ ਮੇਲਾ ਕਮਾ ਲਿਆਵਾਂਗੇ, ਨਾਲੇ ਕੋਈ ਟਿਕਟ ਨਹੀਂ ਪੁੱਛੇਗਾ। ਇਉਂ ਭਾਈ ਸਾਹਿਬ ਕਹਿੰਦੇ ਹਨ ਪ੍ਰਜੋਜਨ ਕਾਰਨ ਸਿਖ ਬਣਦੇ ਹਨ ਆ ਕੇ, ਗੁਰਸਿਖੀ ਧਾਰਨ ਵਾਲਾ ਤਾਂ ਕੋਈ ਕੋਈ ਹੁੰਦਾ ਹੈ, ਵਿਰਲੇ ਵਾਂਕੇ ਹਨ ਜਿਹੜੇ ਗੁਰੂ ਕੀ ਸਿੱਖੀ ਲੈਣ ਵਾਸਤੇ ਆਉਂਦੇ ਹਨ, ਗੁਰਸਿਖ ਨੂੰ ਜਾਂ ਪੀਰ ਨੂੰ ਮੰਨਦੇ ਨੇ, ਇਸ ਤਰ੍ਹਾਂ ਬਹੁਤੇ ਤਾਂ ਆਪਣੇ ਲਾਲਚ ਲਈ ਆਉਂਦੇ ਨੇ।

ਗੁਰੂ ਕਰੋ ਹੋਇ ਪ੍ਰੋਜਨ ਸਾਰਕ॥੨੦॥ ਗੁਰੂ ਤਾਂ ਕਰਦੇ ਨੇ ਉਹਨਾਂ ਦਾ ਪ੍ਰਜੋਜਨ ਸਰੇ, ਉਹਨਾਂ ਦਾ ਕੰਮ ਸਰਦਾ ਹੋਵੇ, ਕੋਈ ਉਨ੍ਹਾਂ ਦਾ ਕੰਮ ਸਿੱਧ ਕਰੋ ਤਾਂ ਲੋਕ ਮੰਨਦੇ ਹਨ ਐਵੇਂ ਕਾਹਨੂੰ ਲੋਕ ਮੰਨਦੇ ਨੇ, ਲੋਕ ਤਾਂ ਆਪੋ ਆਪਣੇ ਦਾਅਵੇ ਪਿੱਟਣਾ ਪਿੱਟਦੇ ਨੇ, ਕੋਈ ਕੋਈ ਵਿਰਲਾ ਹੈ, ਜੋ ਗੁਰੂ ਕੀ ਮੁਯਾਦਾ ਨੂੰ ਗੁਰੂ ਕੀ ਰਹਿਤ ਨੂੰ ਮੰਨਦਾ ਹੋਵੇ, ਸਕ਼ ਆਪੋ ਆਪਣੇ ਢੰਗ ਵੰਗ ਤੇ ਚਲਦੀ ਹੈ ਦੁਨੀਆਂ। ੨੦।

ਬਹੁਤ ਸੰਗਤ ਬੰਦੇ ਕੀ ਭਈ॥ ਇਸ ਕਰਕੇ ਜਿਨ੍ਹਾਂ ਦਾ ਕੋਈ ਪ੍ਰਜੋਜਨ ਸੀ, ਜਿਨ੍ਹਾਂ ਨੇ ਜੰਤ੍ਰ ਮੰਤ੍ਰ ਤੋਂ ਕੋਈ ਫਾਇਦਾ ਉਠਾਉਣਾ ਸੀ, ਉਹ ਬਹੁਤ ਸਾਰੇ ਆ ਕੇ ਬੰਦਈਆਂ ਵਿਚ ਰਲ ਗਏ।

ਦੇਖ ਬੰਦਈਅਨ ਨਜ਼ਰ ਫੁੱਲ ਗਈ॥ ਬੰਦਈਆਂ ਨੇ ਵੇਖਿਆ ਕਿ ਸਾਡਾ ਤਾਂ ਇਕੱਠ ਹੀ ਭਾਰਾ ਹੋ ਗਿਆ ਹੈ। ਇਹ ਨਹੀਂ ਪਤਾ ਕਿ ਇਹ ਤਾਂ ਚਿੜੀਆਂ ਕਬੂਤਰਾਂ ਵਰਗੇ ਨੇ। ਜਦੋਂ ਖਾਲਸੇ ਨੇ ਮਾਰਿਆ ਲਲਕਾਰਾ ਤਾਂ ਉੱਡ ਜਾਣਾ ਸਾਰਿਆਂ ਨੇ, ਏਥੇ ਤਾਂ ਕਿਸੇ ਨੇ ਖੜਨਾ ਹੀ ਨਹੀਂ। ਇਹ ਨਹੀਂ ਪਤਾ ਸੀ ਇਸ ਗੱਲ ਦਾ ਕਿ ਉੱਧਰ ਪੱਕਾ ਪੰਥ ਹੈ ਉਹਨਾਂ ਨੇ ਤਾਂ ਜਿਥੇ ਪੈਰ ਗੱਡ ਲਏ ਹਿੱਲਣਾ ਹੀ ਨਹੀਂ, ਜੋ ਅਰਦਾਸ ਕਰ ਲਈ ਉਸ ਤੋਂ ਟਲਣਾ ਹੀ ਨਹੀਂ। ਇਹ ਵਿਚਾਰੇ ਅਜੇ ਨਵਾਂ ਰੰਗ ਵੇਖਣ ਵਾਲੇ ਕਿ ਜੇ ਏਧਰ ਰਲ ਜਾਈਏ ਕਾਰਜ ਤਾਂ ਬਣ ਜਾਇਗਾ। ਅਸੀਂ ਕੁਛ ਨਾ ਕੁਛ ਲੈ ਤਾਂ ਡਿਗਾਂਗੇ ਇਨ੍ਹਾਂ ਤੋਂ। ਇਸ ਤਰ੍ਹਾਂ ਦੇ ਲੋਕ ਸਨ। ਆਪਣੀ ਮਤਲਬੀ ਸੰਗਤ ਨੂੰ ਵੇਖ ਕੇ ਬੰਦਈਆਂ ਦੀ ਨਿਗਾਹ ਫੁੱਲ ਗਈ ਹੈ।

ਕਹੈਂ ਜੁਦੀ ਹਮ ਸੰਗਤ ਪੁਜਾਵੈਂ॥ ਕਹਿੰਦੇ ਅਸੀਂ ਤਾਂ ਚੜ੍ਹਾਵਾ ਵੱਖਰਾ ਲਵਾਂਗੇ, ਅਸੀਂ ਅਲੱਗ ਬਹਿ ਕੇ ਵਖਰੀ ਸੰਗਤ ਪੁਜਾਵਾਂ ਗੇ ਬਹਿ ਕੇ।

ਕਹੈਂ ਜੁਦੀ ਹਮ ਚੜ੍ਹਤੀ ਲਾਵੈਂ॥੨੧॥ ਬੰਦਈ ਕਹਿੰਦੇ ਹਨ ਅਸੀਂ ਚੜ੍ਹਤ ਚੜ੍ਹਾਵਾ ਵੀ ਵਖਰਾ ਹੀ ਲਵਾਂਗੇ। ਚੜ੍ਹਤ ਚੜ੍ਹਾਵਾ ਵੀ ਵਖਰਾ ਹੀ ਚੜ੍ਹੇਗਾ। ਸਿਖਾਂ ਨੂੰ ਕਹਿੰਦੇ ਤੁਸੀਂ ਉੱਧਰ ਨਹੀਂ ਜਾਣਾ ਹਰਿਮੰਦਰ ਵੱਲ, ਐਧਰ ਆਉ ਏਧਰ ਸਾਡਾ ਜਥੇਦਾਰ ਮਹੰਤ ਬੈਠਾ ਉਸਨੂੰ ਚੜ੍ਹਾਵਾ ਚੜ੍ਹਾਉ। ੨੧।

ਦੋਹਰਾ॥ ਤਬ ਖਾਲਸੈ ਯੌ ਮਨ ਮਥੀ, ਏ ਭਏ ਦੰਗੇ ਨੂੰ ਤਜਾਰ॥ ਜਦੋਂ ਬੰਦਈਆਂ ਦੇ ਏਸ ਤਰ੍ਹਾਂ ਦੇ ਬੋਲੇ ਸੁਣੇ, ਤਦ ਖਾਲਸੇ ਪੰਥ ਨੇ ਮਨ ਵਿਚ ਮਿਥ ਲਿਆ, ਦਲੀਲ ਪੱਕੀ ਕਰ ਲਈ ਹੈ ਕਿ ਬੰਦਈ ਹੁਣ ਦੰਗੇ ਨੂੰ ਤਿਆਰ ਹਨ। ਹੋਰ ਇਹਨਾਂ ਦੀ ਕੋਈ ਗੱਲ ਨਹੀਂ ਲੜਨ ਵਾਸਤੇ ਆਏ ਨੇ।

ਅਕੈ ਤੋਂ ਲੜ ਇਨ ਕੋ ਮਾਰੋ, ਅਕੈ ਤੋਂ ਮਨ ਬਹੋ ਹਾਰ॥੨੨॥ ਸਿੰਘਾਂ ਨੇ ਕਿਹਾ ਕਿ ਖਾਲਸਾ ਜੀ! ਹੁਣ ਦੋ ਹੀ ਗੱਲਾਂ

ਨੇ ਜਾਂ ਤਾਂ ਲੜ ਕੇ ਇਹਨਾਂ ਨੂੰ ਥਾਇ ਮਾਰੀਏ ਤਾਂ ਗੱਲ ਬਣਦੀ ਹੈ, ਜਾਂ ਫਿਰ ਮਨ ਹਾਰ ਕੇ ਬੈਠ ਜਾਉ, ਜਿਵੇਂ ਇਹ ਕਰਨ, ਕਰਨ ਦਿਉ, ਦੋ ਹੀ ਗੱਲਾਂ ਹਨ। ੨੨।

ਚੌਪਈ॥ ਤੌ ਇਮ ਸਜਾਨਨ ਬਾਤ ਉਚਾਰੀ॥ ਜਦੋਂ ਏਥੇ ਤੱਕ ਗੱਲ ਬਣ ਗਈ ਜਾਂ ਤਾਂ ਲੜ ਮਰੀਏ ਇਹਨਾਂ ਦੇ ਨਾਲ, ਤੇ ਜਾਂ ਫਿਰ ਪਿਛਾਂਹ ਹਟ ਜਾਈਏ ਜਿਵੇਂ ਮਰਜ਼ੀ ਕਰਨ ਤਾਂ ਸਿਆਣਿਆਂ ਸਿੰਘਾਂ ਨੇ ਇਉਂ ਗੁਰਮਤਾ ਕੀਤਾ, ਭਾਈ ਸਿੰਘੋ ਇਉਂ ਨਾ ਕਰੀਏ ਆਪਾਂ ਥੋੜ੍ਹਾ ਵਿਚਾਰ ਕਰ ਲਵੋ।

ਭੁਜੰਗੀ ਦੰਗਈਅਨ ਯੌ ਚਿਤ ਧਾਰੀ॥ ਜਿਹੜੇ ਜਾਣਦੇ ਸਨ ਦੰਗਾ ਕਰਨ ''ਭੁਜੰਗੀ'' ਭਾਵ ਨਿਹੰਗਾਂ ਨੂੰ ਕਹਿੰਦੇ ਨੇ, ''ਨਿਹੰਗ ਭੁਜੰਗਾ'' ਜਿਹੜੇ ਨੇ, ਉਹਨਾਂ ਨੇ ਤਾਂ ਖੰਡਾ ਖੜਕਾਉਣਾ ਹੁੰਦਾ ਸੀ, ਉਨ੍ਹਾਂ ਨੇ ਮਨ ਵਿਚ ਮਿਥ ਲਈ ਕਿ ਹੁਣ ਇਹਨਾਂ ਨੂੰ ਚੰਡੀ ਭੇਟ ਕਰੀਏ ਤਾਂ ਗੱਲ ਬਣਦੀ ਹੈ। ਇਉਂ ਨਹੀਂ ਇਹਨਾਂ ਖਲੋਣਾ ਹੋਰ ਤਾਂ ਰਾਹ ਹੀ ਕੋਈ ਨਹੀਂ ਰਹਿ ਗਿਆ।

ਬੰਦਈਅਨ ਸੌਂ ਹਮ ਕਿਮ ਬਨੈ ਟਰਨੌਂ॥ ਇਨ੍ਹਾਂ ਨਾਲ ਟਲਣਾ ਸਾਡੇ ਨਾਲ ਕਦੋਂ ਬਣਦਾ , ਟਲਣਾ ਇਨ੍ਹਾਂ ਨਾਲ ਕਿਵੇਂ ਬਣੇਗਾ, ਮੂਯਾਦਾ ਵਿਚ ਇਨ੍ਹਾਂ ਨੇ ਸਾਡੇ ਨਾਲ ਫਰਕ ਪਾ ਲਿਆ ਵਖਰੀ ਮੂਯਾਦਾ, ਵਖਰਾ ਰੰਗ ਢੰਗ ਬਣਾ ਲਿਆ। ਹੁਣ ਅਸੀਂ ਕਿਉਂ ਟਲੀਏ ਇਹਨਾਂ ਦੇ ਨਾਲ ਲੜਨ ਤੋਂ।

ਰਖੈਂ ਪਾਤਸ਼ਾਹਨ ਸੌਂ ਹਮ ਲਰਨੌਂ॥੨੩॥ ਅਸੀਂ ਤਾਂ ਪਾਤਸ਼ਾਹਾਂ ਨਾਲ ਲੜਨ ਦਾ ਦਾਅਵਾ ਰਖਦੇ ਹਾਂ, ਦਿੱਲੀ ਸਰਕਾਰ ਨਾਲ ਲੜਦੇ ਹਾਂ, ਅਸੀਂ ਤਾਂ ਉਹਨਾਂ ਤੋਂ ਨਹੀਂ ਟਲਦੇ ਤੇ ਇਹਨਾਂ ਤੋਂ ਕਿਵੇਂ ਟਲਾਂਗੇ। ੨੩।

ਇਨ ਦੈ ਕੈ ਅਬ ਲਾਇ ਲੈਂ ਲੀਕ॥ ਇਨ੍ਹਾਂ ਨੂੰ ਅੱਗੇ ਨੂੰ ਹਿੱਸਾ ਦੇ ਕੇ ਹੁਣ ਅਸੀਂ ਆਪਣੇ ਆਪ ਨੂੰ ਲੀਕ ਲਾ ਲਈਏ, ਇਹ ਨਹੀਂ ਗੱਲ ਅਸਾਂ ਬਣਨ ਦੇਣੀ, ਸਿੰਘਾਂ ਨੇ ਪੱਕਾ ਹੀ ਗੁਰਮਤਾ ਸੋਧ ਲਿਆ।

ਇਨੌਂ ਹਿੱਸਾ ਟਿਕੈ ਗੁਰਦ੍ਵਾਰ ਨ ਠੀਕ॥ ਗੁਰਦੁਆਰੇ ਵਿਚ ਇਨ੍ਹਾਂ ਦਾ ਹਿੱਸਾ ਟਿਕ ਜਾਣਾ, ਇਹ ਅੱਧ ਲਿਆ ਕਰਨਗੇ, ਇਹ ਠੀਕ ਹੀ ਨਹੀਂ ਅਸੀਂ ਨਹੀਂ ਮੰਨਦੇ।

ਨਵੀਂ ਗੱਲ ਹਮ ਲਗਨ ਨ ਦੇਂਹ॥ ਪਿੱਛੇ ਤੋਂ ਜਦੋਂ ਇਹ ਪੁਰਾਣੀ ਰੀਤ ਨਹੀਂ ਚਲਦੀ , ਨਵੀਂ ਗੱਲ ਨਹੀਂ ਲੱਗਣ ਦੇਵਾਂਗੇ ਅੱਗੇ ਤੋਂ।

ਮਰਨ ਲਰਨ ਤੇ ਸੰਕ ਨ ਕਰੇਂਹ॥੨੪॥ ਲੜਨ ਮਰਨ ਤੋਂ ਅਸੀਂ ਸੰਗਦੇ ਨਹੀਂ ਹਾਂ, ਹੁਣੇ ਹੀ ਦੇਖ ਲੈਣ ਸਾਡੇ ਨਾਲ ਮੈਦਾਨ ਵਿਚ ਨਿਕਲ ਕੇ। ੨੪।

ਦੋਹਰਾ॥ ਕਹੀ ਸਿਆਨਨ ਨੈ ਇਮੈ, ''ਅਬ ਯੌਂ ਧੀਰ ਧਰਾਇ॥ ਜਦੋਂ ਖਾਲਸਾ ਤਿਆਰ ਹੋ ਗਿਆ ਲੜਨ ਵਾਸਤੇ, ਪੱਕਾ ਗੁਰਮਤਾ ਸੋਧ ਲਿਆ, ਤਾਂ ਸਿਆਣਿਆਂ ਸਿੰਘਾਂ ਨੇ ਸਲਾਹ ਦਿੱਤੀ, ਖਾਲਸਾ ਜੀ! ਹੁਣ ਤਾਂ ਕਰੋ ਧੀਰਜ, ਤੁਸੀਂ ਕਾਹਲ ਨਾ ਕਰੋ, ਛੇਤੀ ਨਾ ਕਰੋ।

ਮੇਲੈ ਸੰਗਤ ਜੋ ਅਈ, ਇਨ ਘਲ ਦੰਗਾ ਕਰਾਇ'' ॥੨੫॥ ਜਿਹੜੀ ਮੇਲਾ ਦੇਖਣ ਵਾਸਤੇ ਸੰਗਤ ਆਈ ਹੈ ਦਰਸ਼ਨ ਦਿਦਾਰ ਨੂੰ, ਇਹਨਾਂ ਨੂੰ ਵਿਦਿਆ ਹੋ ਜਾਣ ਦਿਉ, ਹੋਰ ਦੇਰੀ ਕਰ ਲਉ। ਜਦੋਂ ਇਹ ਸੰਗਤ ਚਲੀ ਜਾਵੇਗੀ, ਫਿਰ ਜਿਵੇਂ ਮਰਜ਼ੀ ਕਰਿਉ, ਫੇਰ ਇਨ੍ਹਾਂ ਨਾਲ ਦੰਗਾ ਕਰਕੇ ਫੈਸਲਾ ਕਰਾਂਗੇ। ੨੫।

ਚੌਪਈ॥ ਤੌ ਬੰਦਈਅਨ ਸੌਂ ਖਾਲਸੇ ਕਹੀ॥ ਤਾਂ ਖਾਲਸੇ ਪੰਥ ਨੇ ਬੰਦਈਆਂ ਨੂੰ ਕਿਹਾ।

ਬਨੈ ਨਹੀਂ ਅਬ ਹਮ ਤੁਮ ਖਹੀ॥ ਹੁਣ ਸਾਡਾ ਤੁਹਾਡਾ ਖਹਿਣਾ ਚੰਗਾ ਨਹੀਂ ਹੈ, ਜੋੜ ਮੇਲਾ ਦੇਖੋ ਭਰਿਆ ਹੋਇਆ ਹੈ, ਏਥੇ ਆਪਸ ਵਿੱਚ ਲੜਨਾ ਠੀਕ ਨਹੀਂ ਹੈ।

ਤੁਮ ਹਮ ਲੜ ਜੌ ਹੋਵਹਿੰ ਖ੍ਵਾਰ॥ ਅਸੀਂ ਤੇ ਤੁਸੀਂ ਦੋਵੇਂ ਲੜ ਕੇ ਖੁਆਰ ਹੋ ਜਾਂਗੇ, ਸੰਗਤ ਦਾ ਨੁਕਸਾਨ ਹੋ ਜਾਇਗਾ।

ਤੁਰਕ ਲੇਹਿੰ ਸਭ ਸੰਗਤ ਮਾਰ॥੨੬॥ ਜਦੋਂ ਅਸੀਂ ਤੁਸੀਂ ਲੜ ਪਏ ਜਿਨ੍ਹਾਂ ਸੰਗਤ ਦੀ ਰਾਖੀ ਕਰਨੀ ਹੈ, ਤਾਂ ਤੁਰਕ ਸੰਗਤ ਨੂੰ ਪੈ ਜਾਣਗੇ ਸੰਗਤ ਲੁੱਟੀ ਮਾਰੀ ਜਾਇਗੀ। ੨੬।

ਦੋਹਰਾ॥ ਜੈਸੇ ਚਿੜੀਆਂ ਦੁਇ ਲਰਤ, ਲਏ ਬਿੱਲੀ ਮੁਹਿੰ ਪਾਇ॥ ਭਾਈ ਰਤਨ ਸਿੰਘ ਜੀ ਪ੍ਰਮਾਣ ਦਿੰਦੇ ਹਨ ਜਦੋਂ ਦੋ ਚਿੜੀਆਂ ਲੜ ਪੈਣ ਆਪਸ ਵਿੱਚ, ਪੌਂਚੇ ਫਸਾ ਲੈਂਦੀਆਂ ਨੇ ਉਧਰੋ ਉਧਰੀ, ਉਹਨਾਂ ਦਾ ਧਿਆਨ ਤਾਂ ਲੜਨ ਤੇ ਹੁੰਦਾ ਹੈ, ਬਿੱਲੀ ਸ਼ਹਿ ਲਾ ਕੇ ਬੈਠੀ ਹੁੰਦੀ ਹੈ, ਝਪਟ ਮਾਰ ਕੇ ਦੋਵਾਂ ਨੂੰ ਫੜ ਲੈਂਦੀ ਹੈ। ਦੋਵਾਂ ਨੂੰ ਚੁੱਬ ਜਾਂਦੀ ਹੈ, ਜਦੋਂ ਉਹਨਾਂ ਨੂੰ ਪਤਾ ਲਗਦਾ ਹੈ ਕਿ ਅਸੀਂ ਬਿੱਲੀ ਦੇ ਮੂੰਹ ਵਿਚ ਆ ਗਈਆਂ, ਚਿੜੀਆਂ ਤਾਂ ਮਰ ਜਾਂਦੀਆਂ ਹਨ, ਬਿੱਲੀ ਦੋਵਾਂ ਨੂੰ ਖਾ ਲੈਂਦੀ ਹੈ।

ਤੈਸੇ ਹਮ ਤੁਮ ਲਰਤ ਲਖ, ਤੁਰਕ ਪਰੈਂਗੇ ਆਇ॥੨੭॥ ਜਦੋਂ ਸਾਨੂੰ ਤੁਹਾਨੂੰ ਤੁਰਕਾਂ ਨੇ ਲੜਦਿਆਂ ਦੇਖਿਆ ਤਾਂ ਤੁਰਕ ਸੰਗਤ ਤੇ ਹੱਲਾ ਬੋਲ ਦੇਣਗੇ। ੨੭।

ਚੌਪਈ॥ ਜਬ ਬੰਦਈਅਨ ਯੌ ਸੁਨ ਪਾਈ॥ ਜਦੋਂ ਬੰਦਈਆਂ ਨੇ ਇਹ ਗੱਲ ਸੁਣੀ, ਦੱਸੀ ਸਿੱਖਾਂ ਨੇ।

ਉਨ ਚਿਤ ਆਈ ਅਤਿ ਗਰਬਾਈ॥ ਉਨ੍ਹਾਂ ਨੇ ਤਾਂ ਸਗੋਂ ਹੰਕਾਰ ਕਰ ਲਿਆ, ਹੁਣ ਲੋਟ ਆਏ ਨੇ ਸਿੰਘ, ਉਨ੍ਹਾਂ ਦੇ ਚਿਤ ਵਿੱਚ ਏਸ ਤਰ੍ਹਾਂ ਆਇਆ ਹੈ, ਕਿ ਹੁਣ ਨਾ ਆਪਾਂ ਟਲੀਏ, ਹੁਣ ਆਪਣਾ ਕੰਮ ਬਣ ਜਾਇਗਾ।

"ਸਿੰਘ ਆਏ ਹੈਂ ਅਬ ਹਮ ਦਾਇ॥ ਸਿੰਘ ਹੁਣ ਸਾਡੇ ਦਾਉ ਹੇਠ ਆਏ ਹਨ, ਸਾਥੋਂ ਡਰਦੇ ਨੇ ਸਿੰਘ।

ਤੁਰਕਨ ਸੋਂ ਇਨ ਦਈਏ ਤੁੜਵਾਇ॥ ੨੮॥ ਆਪਾਂ ਨੂੰ ਕੀ ਫਰਕ ਪੈਣਾ ਹੈ, ਆਪਾਂ ਜ਼ਰੂਰ ਲੜੀਏ ਤੇ ਤੁਰਕਾਂ ਤੋਂ ਤੁੜਵਾ ਦੇਈਏ ਇਨ੍ਹਾਂ ਨੂੰ, ਤੁਰਕ ਇਨ੍ਹਾਂ 'ਤੇ ਹੱਲਾ ਕਰਕੇ ਪੈ ਜਾਣਗੇ। ੨੮।

ਟਕੇ ਦੂਨੇ ਦੱਯੈ ਤੁਰਕਨ ਲਿਖਵਾਇ॥ ਆਪਾਂ ਤੁਰਕਾਂ ਨਾਲ ਕਰ ਲਈਏ ਸੁਲਹ , ਬੇਈਮਾਨ ਹੋ ਗਏ ਤੇ ਹੁਣ ਬੰਦਈਆਂ ਨਾਲ ਕਿਵੇਂ ਬਣੇ? ਜਦੋਂ ਇਹ ਦੁਸ਼ਮਣ ਨਾਲ ਜਾ ਰਲੇ ਨੇ, ਬੰਦਈਆਂ ਦੀ ਰਿਪੋਟ ਵਿਚ ਦੇਖੋ ਨੁਕਸ ਨਿਕਲਿਆ ਹੈ, ਇਤਿਹਾਸ ਨਹੀਂ ਲਿਹਾਜ ਕਰਦਾ ਹੁੰਦਾ ਇਹਨਾਂ ਕਿਹਾ ਉਨ੍ਹਾਂ ਦਸ ਹਜ਼ਾਰ ਦੇਣਾ ਕੀਤਾ ਆਪਾਂ ਵੀਹ ਕਰ ਲਉ ਕਿ ਵਿੱਚ ਹਿੱਸਾ ਸਾਡਾ ਰੱਖੋ, ਸਾਨੂੰ ਇਹਦੇ ਵਿਚੋਂ ਹਿੱਸਾ ਦੁਆਉ ਤੇ ਅਸੀਂ ਵੀਹ ਹਜ਼ਾਰ ਲਿਖ ਕੇ ਦੇਣ ਨੂੰ ਤਿਆਰ ਹਾਂ।

ਇਮ ਕਰ ਦੱਯੈ ਇਨ ਪਿਠ ਤੁੜਵਾਇ॥ ਇਸ ਤਰ੍ਹਾਂ ਕਰਕੇ ਇਨ੍ਹਾਂ ਦੀ ਪਿੱਠ ਤੁੜਵਾ ਦੇਈਏ, ਇਹਨਾਂ ਦੇ ਗਲ ਪੁਆ ਦੇਈਏ ਤੁਰਕਾਂ ਨੂੰ।

ਤੁਰਕ ਲਾਲਚੀ ਦਰਬਹਿੰ ਕੇਰੇ॥ ਤੁਰਕ ਤਾਂ ਧਨ ਦੇ ਲਾਲਚੀ ਨੇ ਜਿਧਰੋਂ ਬਹੁਤਾ ਮਿਲੇ ਉਧਰੇ ਹੋ ਜਾਣ।

ਇਤ ਲਾਲਚ ਦੇ ਸਿੰਘਨ ਗੇਰੇਂ॥੨੯॥ ਇਸ ਤਰ੍ਹਾਂ ਲਾਲਚ ਦੇ ਕੇ ਤੁਰਕਾਂ ਨੂੰ, ਸਿੰਘਾਂ ਨੂੰ ਢਾਹੀਏ ਕਿਵੇਂ ਢਹਿੰਦੇ ਨੇ, ਤੁਰਕ ਸਾਡੇ ਪੱਖ ਤੇ ਹੋ ਜਾਣਗੇ ਜਾਂ ਅਸੀਂ ਹੋ ਜਾਵਾਂਗੇ, ਇਉਂ ਸਿੰਘਾਂ ਨੂੰ ਮਾਰ ਲਵਾਂਗੇ। ੨੯।

ਦੋਹਰਾ॥ ਤਬੈ ਬੰਦਈਅਨ ਲਿਖ ਦੀਉ, ਲਾਲਚ ਤੁਰਕਨ ਲਾਇ॥ ਤੁਰਕਾਂ ਨੂੰ ਲਾਲਚ ਦਾ ਝਾਂਸਾ ਦੇ ਕੇ, ਬੰਦਈਆਂ ਨੇ ਲਿਖ ਦਿੱਤਾ ਹੈ ਉਨ੍ਹਾਂ ਨੂੰ ਕਿ ਸਾਡੇ ਕੋਲੋਂ ਲਉ ਤਾਂ ਵੀਹ ਹਜ਼ਾਰ, ਮੇਲੇ ਦਾ ਪੱਖ ਸਾਡਾ ਕਰੋ ਤੇ ਚੜ੍ਹਾਵਾ ਸਾਨੂੰ ਚੜ੍ਹਾਉ, ਨਹੀਂ ਮੇਲਾ ਸਾਡਾ ਲੁਆਉ।

ਟਕੈ ਸੁ ਦੂਣੇ ਹਮ ਦਿਵੈਂ, ਹਮ ਚੜ੍ਹਤੀ ਸਾਂਝ ਦਿਵਾਇ॥੩੦॥ ਚੜ੍ਹਾਵੇ ਵਿਚ ਸਾਂਝ ਸਾਡੀ ਪੁਆ ਦਿਉ, ਸਾਥੋਂ ਦੁਗਣੇ ਟਕੇ ਲਉ, ਹੁਣ ਤੁਰਕ ਕਿਵੇਂ ਨਾ ਪੱਖ ਕਰਨਗੇ ਜਿਨ੍ਹਾਂ ਨੂੰ ਵੀਹ ਹਜ਼ਾਰ ਮਿਲਦਾ ਹੈ, ਤਿੰਨ ਮੇਲਿਆਂ ਦਾ ਮਾਮਲਾ ਹੈ। ੩੦।

ਚੌਪਈ॥ ਤੁਰਕਨ ਚਹੀਅਤ ਥੀ ਇਹ ਬਾਤ॥ ਤੁਰਕ ਤਾਂ ਅੱਗੇ ਹੀ ਇਹ ਗੱਲਾਂ ਚਾਹੁੰਦੇ ਸਨ।

ਟਕੇ ਵਧੈਂ ਔ ਪੰਥ ਹੁਇ ਘਾਤ॥ ਸਾਡੇ ਟਕੇ ਵਧਣ ਤੇ ਪੰਥ ਦਾ ਨੁਕਸਾਨ ਹੋਵੇ, ਇਹ ਅਗੇ ਹੀ ਇਹੋ ਗੱਲ ਚਾਹੁੰਦੇ ਸਨ।

ਇਹ ਲਰ ਮਰੈਂ ਔ ਹੋਵੀਂਹ ਖ਼ੁਆਰ॥ ਇਹ ਲੜ ਕੇ ਮਰ ਜਾਣ ਆਪਸ ਵਿੱਚੀ ਖੁਆਰ ਹੋ ਜਾਣ।

ਇਤ ਲਾਲਚ ਲਗ ਗਜੋ ਠਾਣੇਦਾਰ॥੩੧॥ ਏਸ ਲਾਲਚ ਵਿੱਚ ਠਾਣੇਦਾਰ ਲੱਗ ਗਿਆ। ੩੧।

"ਮਿਟੈਂ ਬੰਦਈ ਜੁ ਦੰਗਜੋਂ ਨਾਂਹਿ"॥ ਜਦੋਂ ਦੇਖਿਆ ਕਿ ਬੰਦਈ ਨਹੀਂ ਟਲਦੇ ਦੰਗਿਉਂ, ਕਿ ਦੰਗਾ ਹੋ ਜਾਵੇ।

ਸਿੰਘਨ ਜਾਨ ਲਈ ਮਨ ਮਾਂਹਿ"॥ ਸਿੰਘਾਂ ਦੇ ਵੀ ਮਨ ਵਿਚ ਜਚ ਗਈ ਹੈ ਕਿ ਇਹ ਨਹੀਂ ਹਟਦੇ ਹਨ, ਇਹ ਜ਼ਰੂਰ ਫਸਾਦ ਕਰਕੇ ਹਟਣਗੇ।

ਇਕੋ ਇਕੀ ਬਿਨ ਇਨ ਸੰਗ ਹੋਈ॥ ਤੱਤ ਖਾਲਸੇ ਨੇ ਜਾਣ ਲਿਆ ਕਿ ਜਿੰਨਾਂ ਚਿਰ ਇਕੋ ਇਕੀ ਨਹੀਂ ਭਾਵ ਕੱਟਾ ਕੱਟੀ ਨਹੀਂ ਨਿਕਲ ਜਾਂਦੇ ਜਿਵੇਂ ਆਪਾਂ ਪੰਜਾਬੀ ਵਿਚ ਕਹਿੰਦੇ ਹਾਂ। ਉਨਾਂ ਚਿਰ ਕਦੋਂ ਖਲੋਂਦਾ ਦੁਸ਼ਮਣ, ਹੁਣ ਤਾਂ ਇਹਨਾਂ ਦਾ ਕੱਟਾ ਕੱਟੀ ਕੱਢ ਕੇ ਹੀ ਹਟਾਂਗੇ, ਦੇਖੀ ਜਾਏਗੀ ਜਿਵੇਂ ਹੋਏਗੀ।

ਹਮਰੋ ਖਜਾਲ ਨ ਛਾਡੇ ਕੋਈ॥੩੨॥ ਇਹ ਸਾਡੇ ਮਗਰੋਂ ਨਹੀਂ ਲਹਿਣੇ ਜਿੰਨਾਂ ਚਿਰ ਇਕੋ ਇਕੀ ਨਹੀਂ ਕਰਦੇ ਇਹਨਾਂ ਨਾਲ। ੩੨।

ਦੋਹਰਾ॥ ਭੁਜੰਗਨ ਸਿੰਘਨ ਯੌ ਠਟੀ, ਜੋ ਕਿਛੁ ਹੋਇ ਸੁ ਹੋਇ॥ ਜੋ ਭੁਜੰਗ ਫੌਜ ਹੈ ਸਿੰਘਾਂ ਦੀ ਯੋਧਿਆਂ ਸੂਰਬੀਰਾਂ ਦੀ ਉਹਨਾਂ ਤਾਂ ਕਿਹਾ ਜੋ ਹੋਊ ਵੇਖੀ ਜਾਊ ਮਗਰੋਂ ਵੇਖਾਂਗੇ, ਚਲਣ ਦਿਉ ਏਵੇਂ ਕੰਮ ਜੇ ਇਹ ਚਾਹੁੰਦੇ ਹਨ ਤਾਂ।

ਕਰੋ ਸੁ ਚੰਡੀ ਭੇਟ ਇਨ, ਤੁਰਕ ਬੰਦਈਅਨ ਦੋਇ॥੩੩॥ ਖਾਲਸੇ ਨੇ ਗੁਰਮਤਾ ਸੋਧ ਲਿਆ ਤੁਰਕ ਤੇ ਬੰਦਈ ਦੋਵਾਂ ਨੂੰ ਚੰਡੀ ਭੇਟ ਕਰ ਦਿਉ, ਸੋਧ ਦਿਉ ਅਰਦਾਸਾ। ੩੩।

ਚੌਪਈ॥ ਕਾਨ੍ਹ ਸਿੰਘ ਜੀ ਫਿਰ ਬਚ ਕਹੈ॥ ਭਾਈ ਕਾਨ੍ਹ ਸਿੰਘ ਜੀ ਮੁਖੀ ਹਨ ਇਹ ਗੁਰੂ ਅਮਰਦੇਵ ਜੀ ਦੀ ਬੰਸ ਵਿਚੋਂ ਹਨ, ਉਹਨਾਂ ਨੇ ਆਖਿਆ ਹੈ ਖਾਲਸਾ ਜੀ! ਆਪਾਂ ਵਿਚਾਰ ਕਰੋ ਇਹ ਤਾਂ ਮੂਰਖ ਰਲੇ ਹੋਏ ਨੇ ਇਕੱਠੇ ਹੋਏ ਹੋਏ ਨੇ, ਆਪਾਂ ਸੋਚੋ, ਇਹ ਗੱਲ ਖਰਾਬ ਹੋਵੇਗੀ ਜੇ ਆਪਾਂ ਦੰਗਾ ਕਰ ਲਿਆ।

"ਪ੍ਰਤੀਤ ਹਮਾਰੀ ਨਾਂਹ ਦੰਗੇ ਕੀਏ ਰਹੈ॥ ਜੇ ਦੰਗਾ ਕਰ ਲਿਆ ਸਾਡੀ ਪ੍ਰਤੀਤ ਨਹੀਂ ਰਹਿਣੀ, ਅਗਾਂਹ ਨੂੰ ਅਸੀਂ ਸੰਗਤ ਅੱਗੇ ਲਿਖਾਂਗੇ, ਉਨ੍ਹਾਂ ਸਾਡੀ ਮੰਨਣੀ ਨਹੀਂ, ਕਿ ਕੀ ਪਤਾ ਉੱਥੇ ਕੀ ਫਸਾਦ ਹੋ ਜਾਣਾ ਹੈ, ਇਸ ਕਰਕੇ ਸਾਡੀ ਪ੍ਰਤੀਤ ਜਾਂਦੀ ਰਹੇਗੀ, ਆਪਾਂ ਇਹ ਗੱਲ ਨਹੀਂ ਕਰਨੀ, ਆਪਾਂ ਝਗੜਾ ਨਹੀਂ ਕਰਨਾ ਵੇਖੀ ਜਾਊ ਜੋ ਹੋਊਗੀ।

ਹਮ ਸੌ ਕੌਸਨ ਤੇ ਸਿਖ ਮੰਗਵਾਏ॥ ਅਸੀਂ ਸੌ ਸੌ ਕੋਹ ਤੋਂ ਸਿੱਖਾਂ ਨੂੰ ਸੱਦਿਆ ਹੈ, ਸੌ ਸੌ ਕੋਹ ਤੋਂ ਸੰਗਤ ਆਈ ਹੈ ਦਰਸ਼ਨਾਂ ਵਾਸਤੇ।

ਦੰਗੇ ਮਾਂਹ ਵਹਿ ਜਾਇ ਜਾਨ ਗਵਾਏ॥੩੪॥ ਏਥੇ ਫਸਾਦ ਹੋ ਜਾਏ, ਏਥੇ ਉਹ ਆਪਣੀ ਜਾਨ ਗਵਾ ਲੈਣ, ਕੀ ਪਤਾ ਲਗਣਾ ਜਦੋਂ ਖੰਡਾ ਚਲ ਪਿਆ, ਕੌਣ ਬੰਦਈ ਹੈ? ਕੌਣ ਤੱਤ ਖਾਲਸਾ ਹੈ? ਸੰਗਤ ਦਾ ਕੀ ਨਿਰਨਾ ਹੋਵੇਗਾ ਉਸ ਮੌਕੇ, ਉਹ ਨਾ ਗੱਲ ਹੋਵੇ ਸੰਗਤ ਤੇ ਵੀ ਖੰਡਾ ਚੱਲ ਜਾਏ, ਨੁਕਸਾਨ ਹੋ ਜਾਏ। ੩੪।

ਵਾਧ ਘਾਟ ਸਿਰ ਸਭ ਸਹਿ ਲੀਜੈ॥ ਇਸ ਵਾਸਤੇ ਖਾਲਸਾ ਜੀ! ਵਾਧ ਘਾਟ ਸਭ ਸਿਰ ਤੇ ਸਹਾਰੋ, ਹੌਂਸਲਾ ਕਰੋ, ਧੀਰਜ ਕਰੋ, ਕੋਈ ਨਹੀਂ ਜੋ ਵੱਧ ਘੱਟ ਬੋਲਦੇ ਨੇ ਬੋਲ ਲੈਣ ਦਿਉ ਇਹਨਾਂ ਨੂੰ।

ਮੇਲੇ ਮੈਂ ਨਾਂਹ ਦੰਗੋ ਕੀਜੈ॥ ਇਸ ਕਰਕੇ ਇਹ ਗੱਲ ਯਾਦ ਰੱਖੋ ਮੇਲੇ ਵਿਚ ਨਹੀਂ ਦੰਗਾ ਕਰਨਾ, ਮੇਲੇ ਵਿਚ ਫਸਾਦ ਨਹੀਂ ਹੋਣ ਦੇਣਾ।

ਜਬ ਮੇਲੋ ਹੁਇ ਰੁਖਸਦ ਭਾਈ॥ ਭਰਾਵੋ! ਜਦੋਂ ਮੇਲਾ ਰੁਖਸਦ ਹੋ ਜਾਇਗਾ, ਜਦੋਂ ਮੇਲਾ ਵਿੱਛੜ ਜਾਇਗਾ, ਜਦੋਂ ਮੇਲਾ ਖਤਮ ਹੋ ਜਾਇਗਾ।

ਸੋ ਕਰ ਲੀਜੈ ਜੋ ਚਿਤ ਆਈ"॥੩੫॥ ਜੋ ਤੁਹਾਡੇ ਚਿਤ ਵਸੀ ਹੋਈ ਹੈ ਕਰ ਲਿਉ ਫਿਰ, ਫੇਰ ਤੁਹਾਨੂੰ ਕੋਈ ਨਹੀਂ ਹਟਾਉਂਦਾ ਜਿਵੇਂ ਮਰਜ਼ੀ ਕਰ ਲੈਣਾ। ੩੫।

ਦੰਗੇ ਦਾ ਪ੍ਰਸੰਗ

(ਚਿਠੀਆਂ ਪਾਈਆਂ ਤੇ ਖਾਲਸੇ ਦੀ ਚਿੱਠੀ ਤਰੀ)

ਦੋਹਰਾ॥ ਮੇਲੋ ਰੁਖਸਦ ਜਬ ਭਯੋ, ਚੜ੍ਹਤੀ ਚੜ੍ਹਾਇ ਦਰਬਾਰ॥ ਜਦੋਂ ਹਰਿਮੰਦਰ ਵਿਚ ਚੜ੍ਹਤ ਚੜ੍ਹਾਵਾ, ਜੋ ਕਿਸੇ ਨੇ ਭੇਟਾ ਕਰਨੀ ਸੀ ਉਹ ਕਰਕੇ, ਇਥੋਂ ਵਿਦਿਆ ਹੋ ਕੇ ਮੇਲਾ ਰੁਖਸਦ ਹੋ ਗਿਆ ਸਾਰਾ।

ਬੰਦਈ ਸੁ ਮਾਂਗੈਂ ਅੱਧ ਹਿੱਸਾ, ਤੁਰਕਨ ਕਰੀ ਸਹਾਰ॥੧॥ ਅਤੇ ਬੰਦਈਆਂ ਨੇ ਖੁਲ੍ਹ ਕੇ ਹੁਣ ਸਾਡਾ ਅੱਧਾ ਹਿੱਸਾ ਬਣਦਾ ਹੈ, ਸਾਨੂੰ ਅੱਧ ਦੇ ਦਿਉ ਏਸ ਵਿਚੋਂ, ਤੁਰਕਾਂ ਨੇ ਬੰਦਈਆਂ ਦੀ ਸਹਾਇਤਾ ਕੀਤੀ ਹਾਂ ਜੀ ਚਾਹੀਦਾ, ਇਹਨਾਂ ਦੀ ਵੀ ਸੰਗਤ ਆਈ ਹੈ ਨਾ ਬਹੁਤ ਸਾਰੀ ਇਹਨਾਂ ਦਾ ਹਿੱਸਾ ਇਹਨਾਂ ਨੂੰ ਦੇ ਦਿਉ, ਤੁਰਕਾਂ ਨੇ ਵੀ ਕਹਿ ਦਿੱਤਾ ਖਾਲਸੇ ਨੂੰ। ੧।

ਚੌਪਈ॥ ਹੁਤੋ ਦਰੋਗਾ ਤੁਰਕਨ ਜੋਈ॥ ਜਿਹੜਾ ਤੁਰਕ ਫੌਜ ਦਾ ਥਾਣੇਦਾਰ ਸੀ।

ਕਹਿ ਲਾਲਚ ਕੀਯੋ ਅਪਨੋ ਤੋਈ॥ ਉਸਨੂੰ ਲਾਲਚ ਦੇਕੇ ਬੰਦਈਆਂ ਨੇ ਆਪਣਾ ਕਰ ਲਿਆ ਸੀ, ਦੁਗਣੇ ਪੈਸੇ ਦੇਣੇ ਕਰ ਕੇ ਆਪਣੇ ਪੱਖ ਤੇ ਕਰ ਲਿਆ ਸੀ।

ਸੋਊ ਵਧਾਵਨ ਲਾਗੋ ਲਾਗ॥ ਉਹ ਸਗੋਂ (ਲਾਗ) ਝਗੜਾ ਵਧਾਉਣ ਲੱਗਾ ਹੈ, ਝਗੜਾ ਹਟੇ ਨਾ ਜ਼ੂਰਰ ਹੋ ਜਾਵੇ, ਉਹ ਇਸ ਤਰ੍ਹਾਂ ਚੁਕਣਾ ਚੁਕਦਾ।

ਏ ਲਰ ਮਰੈਂ ਤਾਂ ਹਮ ਬਨੈਂ ਕਾਗ॥੨॥ ਇਹ ਦੋਵੇਂ ਲੜ ਮਰਨ ਤਾਂ ਸਾਡਾ ਕੰਮ ਬਣੇਗਾ, ਸਾਡਾ ਕਾਰਜ ਰਾਸ ਹੋ ਜਾਵੇਗਾ ਇਸ ਥਾਣੇਦਾਰ ਦੇ ਮਨ ਵਿਚ ਇਸ ਤਰ੍ਹਾਂ ਵਸੀ ਹੈ। ੨।

ਹੋਣਹਾਰ ਢੁਕ ਬੰਦਈਅਨ ਆਈ॥ ਹੋਣਹਾਰ ਕਹਿੰਦੇ ਨੇ ਮੌਤ ਨੂੰ, ਹੁਣ ਬੰਦਈਆਂ ਦੀ ਮੌਤ ਨੇੜੇ ਆ ਢੁੱਕੀ ਹੈ, ਮਰਨ ਦੇ ਦਿਨ ਨੇੜੇ ਆ ਗਏ ਹਨ ਬੰਦਈਆਂ ਦੇ, ਇਸ ਕਰਕੇ ਬੰਦਈ ਨਹੀਂ ਹਟਦੇ, ਉਹ ਸਗੋਂ ਉਨ੍ਹਾਂ ਦੀ ਸਲਾਹ ਮਗਰ ਲਗਦੇ ਨੇ।

ਸੁਨੋ ਸਿੱਖ ਤੁਮ ਗੁਰਮੁਖ ਭਾਈ॥ ਜਿਸ ਤਰ੍ਹਾਂ ਇਹ ਕੰਮ ਵਧਿਆ ਐ ਗੁਰਸਿੱਖੋ! ਸਾਧ ਸੰਗਤ ਜੀ! ਸੁਣੋ ਭਾਈ ਗੁਰਮੁਖੋ!

ਜਿਮ ਜਿਮ ਖਾਲਸੋ ਟਰਤੋ ਜਾਵੈ॥ ਜਿਉਂ ਜਿਉਂ ਖਾਲਸਾ ਟਲਦਾ ਸੀ ਲੜਾਈ ਫਸਾਦ ਝਗੜੇ ਤੋਂ।

ਤਿਮ ਤਿਮ ਬੰਦਈ ਸਿਰ ਪਰਨੇ ਧਾਵੈ॥੩॥ ਉਵੇਂ ਉਵੇਂ ਹੀ ਬੰਦਈ ਸਿਰ ਪਰਨੇ ਤੁਰਨ, ਕਿ ਸਾਡੇ ਤੋਂ ਡਰ ਗਏ ਨੇ, ਸਾਡੇ ਤੋਂ ਭੈ ਖਾਂਦਾ ਹੈ ਖਾਲਸਾ, ਸਗੋਂ ਪੁਠੀਆਂ ਗੱਲਾਂ ਕਰਨ, ਲਾਗ ਦੀਆਂ ਗੱਲਾਂ ਕਰਨ, ਝਾਨੇ ਮਿਹਣੇ ਦੇਣ ਲਗ ਪਏ। ੩।

ਕਹੈਂ "ਖਾਲਸੋ ਅਬ ਜਾਇ ਹਾਰ॥ ਕਹਿੰਦੇ ਹੁਣ ਖਾਲਸਾ ਲੜ ਕੇ ਵੇਖੇ ਸਾਡੇ ਨਾਲ, ਹੁਣ ਖਾਲਸੇ ਦੀ ਹਾਰ ਹੋ ਜਾਣੀ ਹੈ। ਅੱਗੇ ਤਾਂ ਹਰ ਮੈਦਾਨ ਜੇਤੂ ਰਹਿੰਦਾ ਖਾਲਸਾ, ਅੱਜ ਭਾਈਂ ਖਾਲਸਾ ਹਾਰਿਆ ਨਹੀਂ, ਖਾਲਸਾ ਨਹੀਂ ਹਾਰਦਾ, ਖਾਲਸੇ ਦੀ ਜਿੱਤ ਹੈ। ਜਿਸ ਖਾਲਸੇ ਵਿੱਚ ਗੁਰੂ ਗੋਬਿੰਦ ਸਿੰਘ ਜੀ ਆਪ ਰਹਿੰਦੇ ਹਨ, ਉਸਨੂੰ ਕੌਣ ਜੰਮਿਆ ਹੈ ਹਰਾਉਣ ਵਾਲਾ। ਹੁਣ ਬੰਦਈ ਕਹਿੰਦੇ ਨੇ, ਲਉ ਹੁਣ ਹਾਰੇਗਾ ਖਾਲਸਾ, ਹੁਣ ਨਹੀਂ ਇਹ ਜਿੱਤ ਸਕੇਗਾ।

ਤੁਰਕਨ ਸੌਂ ਮਿਲ ਹਮ ਲੇਂਹ ਮਾਰ॥ ਤੁਰਕਾਂ ਨਾਲ ਗੱਲ ਤਾਂ ਕਰ ਹੀ ਲਈ ਇਹਨਾਂ ਨੇ ਕਿ ਦੁਗਣਾ ਮਾਮਲਾ ਦੇਵਾਂਗੇ ਸਾਡੀ ਸਹਾਇਤਾ ਕਰੋ, ਅਸੀਂ ਤੁਰਕਾਂ ਨਾਲ ਰਲ ਕੇ ਇਹਨਾਂ ਨੂੰ ਮਾਰ ਹੀ ਲਵਾਂਗੇ।

ਸਭ ਗੁਰਦ੍ਵਾਰਨ ਅੱਧ ਟਿਕਾਵੈਂ"॥ ਇਹ ਹਰਿਮੰਦਰ ਸਹਿਬ ਦੀ ਤਾਂ ਰਹੀ ਗੱਲ, ਅਸੀਂ ਸਾਰਿਆਂ ਗੁਰਦੁਆਰਿਆਂ ਵਿਚੋਂ ਆਪਣਾ ਅੱਧਾ ਹਿੱਸਾ ਟਿੱਕਾਂਗੇ, ਚੜ੍ਹਾਵੇ ਵਿੱਚੋਂ ਇਹ ਅੱਧਾ ਹਿੱਸਾ ਵੰਡਾਵਾਂਗੇ।

ਇਮ ਮਨ ਮਿਥਿ ਵਹਿ ਬਹੁ ਗਰਬਾਵੈਂ॥੪॥ ਇਸ ਤਰ੍ਹਾਂ ਆਪਣੇ ਮਨ ਵਿਚ ਮਿਥ ਕੇ ਬੰਦਈ ਬੜਾ ਭਾਰੀ ਹੰਕਾਰ ਕਰਦੇ ਹਨ। ੪।

"ਆਧਾ ਚੜ੍ਹਾਵਾ ਹਮ ਸੰਗਤ ਕੋ ਚੜ੍ਹਜੋ॥ ਬੰਦਈ ਕਹਿੰਦੇ ਹਨ ਦਰਬਾਰ ਵਿੱਚ ਅੱਧਾ ਚੜ੍ਹਾਵਾ ਸਾਡੀ ਸੰਗਤ ਨੇ ਚੜ੍ਹਾਇਆ ਹੈ, ਜੋ ਬੰਦੇ ਬਹਾਦਰ ਨੂੰ ਮੰਨਦੀ ਹੈ।

ਇਮ ਹਮ ਦਾਵਾ ਆਧਾ ਕਰਜੋ"॥ ਇਸ ਤਰ੍ਹਾਂ ਅਸੀਂ ਅੱਧੇ ਚੜ੍ਹਾਵੇ ਉਤੇ ਆਪਣਾ ਹੱਕ ਜਤਾਇਆ ਹੈ, ਦਾਅਵਾ ਕੀਤਾ ਹੈ ਅਧੇ ਚੜ੍ਹਾਵੇ ਤੇ।

ਸਿੰਘ ਕਹੈਂ "ਹਮ ਗੁਰ ਦਰਬਾਰ॥ ਸਿੰਘ ਕਹਿੰਦੇ ਸਾਡਾ ਗੁਰੂ ਦਰਬਾਰ ਹੈ, ਇਹ ਸਾਡੇ ਗੁਰੂਆਂ ਦਾ ਦਰਬਾਰ ਹੈ, ਇਹ ਬੰਦੇ ਬਹਾਦਰ ਦਾ ਦਰਬਾਰ ਨਹੀਂ ਹੈ, ਏਥੇ ਤੁਹਾਡਾ ਕੋਈ ਹੱਕ ਨਹੀਂ ਹੈ, ਇਹ ਸਾਡੇ ਗੁਰੂ ਦਾ ਦਰਬਾਰ ਹੈ, ਏਥੇ ਸਿਰਫ ਸਾਡਾ ਹੀ ਹੱਕ ਹੈ।

ਇਹਾਂ ਬਨੇ ਨਹਿ ਤੁਮਰੀ ਕਾਰ"॥੫॥ ਏਥੇ ਨਹੀਂ ਤੁਹਾਡਾ ਕੰਮ ਬਣਨਾ, ਏਥੇ ਨਹੀਂ ਤੁਹਾਡਾ ਹੱਕ ਬਣ ਸਕਦਾ। ੫।

ਦੋਹਰਾ॥ ਛਤ੍ਰੇ ਦਰਸ਼ਨ ਤੁਮ ਛੱਡ ਰਲੋ, ਪਾਹੁਲ ਪੀਓ ਸਰਬੰਗ॥ ਜੇ ਤੁਸੀਂ ਦਾਅਵਾ ਕਰਨਾ ਤਾਂ, ਜੇ ਤੁਸਾਂ ਇਸਦੇ ਵਿਚ ਹਿੱਸਾ ਪਾਉਣਾ, ਤਾਂ ਇਉਂ ਕਰੋ ਖੰਡੇ ਦਾ (ਪਾਹੁਲ) ਅੰਮ੍ਰਿਤ ਛਕੋ, ਅਤੇ ਦਰਸ਼ਨੀ ਫਤ੍ਰੇ ਛੱਡੋ (ਸਰਬੰਗ) ਸਰਬੱਤ ਖਾਲਸੇ ਵਿੱਚ ਆ ਕੇ ਰਲੋ, ਖਾਲਸੇ ਦੀ ਰਹੁ ਰੀਤ ਨੂੰ ਧਾਰਨ ਕਰੋ।

ਬਰਨ ਸੰਗ ਮਿਲ ਬਹਿ ਛਕੋ, ਕਹਾਵੋ ਪੰਥ ਭੁਜੰਗ॥੬॥ ਚਾਰੇ ਬਰਨਾਂ ਵਿਚ ਬੈਠ ਕੇ ਛਕੋ, ਜਿਵੇਂ ਖਾਲਸਾ ਪੰਥ ਰਹੁ ਰੀਤ ਚਲਦੀ ਹੈ, ਚਾਰਾਂ ਬਰਨਾਂ ਨੂੰ ਭਰਤੀ ਕੀਤਾਂ ਹੈ, ਆਪਣੇ ਆਪ ਨੂੰ ਗੁਰੂ ਕਾ (ਭੁਜੰਗੀ) ਨਿਹੰਗ ਪੰਥ ਕਹਾਉ। ੬।

ਚੌਪਈ॥ ਬੰਦਈਅਨ ਕੈ ਮਨ ਗਰਬੋ ਔਰ॥ ਬੰਦਈਆਂ ਦੇ ਮਨ ਵਿਚ ਹੋਰ ਹੰਕਾਰ ਸੀ।

ਉਇ ਚਾਹੈਂ ਬਿਸ਼ਨੋਈ ਚਲਾਯੋ ਤੌਰ॥ ਉਹ (ਬਿਸ਼ਨੋਈ) ਵੈਸ਼ਨੂੰਆਂ ਦੇ ਤਰੀਕੇ ਦਾ ਪੰਥ ਚਲਾਉਣਾ ਚਾਹੁੰਦੇ ਹਨ।

"ਹਮਰੇ ਗੁਰ ਮੈਂ ਬਡੋ ਕਰਾਮਾਤ॥ ਬੰਦਈ ਡੀਂਗਾਂ ਮਾਰਦੇ ਨੇ, ਗਪੌੜੇ, ਸਾਡੇ ਗੁਰੂ ਵਿੱਚ ਵੱਡੀ ਕਰਾਮਾਤ ਹੈ, ਸਾਡੇ ਬੰਦੇ ਬਹਾਦਰ ਵਿਚ ਬਹੁਤੀ ਕਰਾਮਾਤ ਹੈ।

ਹਮ ਸਰ੍ਹੋਂ ਜਮਾਵੈਂ ਊਪਰ ਹਾਥ॥੭॥ ਅਸੀਂ ਤਾਂ ਹੱਥ ਤੇ ਸਰ੍ਹੋਂ ਜਮਾ ਕੇ ਦਿਖਾ ਦਿੰਦੇ ਹਾਂ ਜੰਤ੍ਰਾਂ ਮੰਤ੍ਰਾਂ ਨਾਲ। ੭।

ਹੁਤੋ ਗੁਰੁ ਹਮ ਬਡ ਕਲਧਾਰੀ॥ ਸਾਡਾ ਗੁਰੂ ਬੜਾ ਕਲਾਧਾਰੀ ਹੋਇਆ ਹੈ ਸਾਡੇ ਗੁਰੂ ਵਿਚ ਬੜੀ ਭਾਰੀ ਕਰਮਾਤ ਸੀ।

ਸੌ ਕੋਸਨ ਕਰ ਜਾਇ ਉਡਾਰੀ॥ ਉਹ ਤਾਂ ਸੈਂਕੜੇ ਕੋਹਾਂ ਤੇ ਉੱਡ ਕੇ ਚਲਾ ਜਾਂਦਾ ਸੀ। ਲਉ ਕਰਾਮਾਤ ਵੇਖ ਲਉ, ਇੱਲਾਂ ਥੋੜੀਆਂ ਉੱਡੀਆਂ ਫਿਰਦੀਆਂ ਹਨ ਖਾਲਸਾ ਪੰਥ ਤਾਂ ਇਹਨਾਂ ਗੱਲਾਂ ਨੂੰ ਮੰਨਦਾ ਹੀ ਨਹੀਂ ਹੈ।

ਦਰਸ਼ਨ ਛੇ ਜਗ ਮੱਧੇ ਆਦਿ॥ ਜੋਗੀਆਂ ਦੇ ਜੋ ਛੇ ਦਰਸ਼ਨ ਆਦਿਕ ਹਨ ਜਗਤ ਵਿਚ।

ਗੁਰੂ ਕਹਾਵੈਂ ਪਾਛਲ ਬਾਦ" ॥੮॥ ਉਹ ਖਟ ਦਰਸ਼ਨ, ਛੇ ਭੇਖਾਂ ਵਾਲੇ ਪਿੱਛੇ ਤੋਂ ਲੈ ਕੇ ਗੁਰੂ ਕਹਾਉਂਦੇ ਆਏ ਨੇ, ਹੋਰ ਪੰਥਾਂ ਵਾਲੇ ਪਿੱਛੇ ਤੋਂ ਮੰਨਦੇ ਆਏ ਨੇ, ਜੋਗੀ, ਸੰਨਿਆਸੀ, ਵੈਰਾਗੀ ਆਦਿਕ ਇਹ ਹੀ ਪਿੱਛੇ ਤੋਂ ਲੈ ਕੇ ਚਲੇ ਆਉਂਦੇ ਨੇ। ੮।

ਸਿੰਘਨ ਕਹੈਂ "ਹਮ ਮੰਨੈਂ ਨ ਮੰਤ੍ਰ॥ ਸਿੰਘ ਕਹਿੰਦੇ ਜਾਉ ਪਰ੍ਹਾਂ, ਅਸੀਂ ਨਹੀਂ ਇਨ੍ਹਾਂ ਜੰਤ੍ਰਾਂ ਮੰਤ੍ਰਾਂ ਨੂੰ ਮੰਨਦੇ, ਜਿਹੜੇ ਤੁਸੀਂ ਲਈ ਫਿਰਦੇ ਹੋ।

ਤੇਗ ਆਗੈ ਕੋਊ ਚਲੈ ਨ ਤੰਤ੍ਰ॥ ਜਦੋਂ ਮਿਆਨ ਵਿਚੋਂ ਤੇਗ ਨਿਕਲੀ ਖਾਲਸੇ ਦੀ ਫੇਰ ਤੰਤ੍ਰ ਮੰਤ੍ਰ ਨਹੀਂ ਚਲਣਾ, ਉੱਥੇ ਤੇਗ ਹੀ ਚਲੇਗੀ ਦੇਖਿਉ ਤੁਸੀਂ। (ਤੰਤ੍ਰ) ਧਾਗਾ ਤਵੀਤ ਆਦਿਕ।

ਹਮ ਸੋਂ ਲਰੋ ਮਦਾਨਹ ਮਾਹਿ॥ ਮੈਦਾਨ ਵਿਚ ਨਿਕਲੋ, ਹੁਣ ਵੇਹਲ ਹੋ ਗਈ ਹੈ ਸੰਗਤ ਚਲੀ ਗਈ ਘਰਾਂ ਨੂੰ ਆਉ ਤਾਂ

ਐਧਰ ਕਰੀਏ ਫੈਸਲਾ। ਸਾਡੇ ਨਾਲ ਮੈਦਾਨੇ ਜੰਗ ਲੜ ਕੇ ਵੇਖੋ।

ਹਮ ਮੰਤ੍ਰ ਜੰਤ੍ਰ ਪਤਿਆਵੈਂ ਨਾਹਿ''॥੯॥ ਅਸੀਂ ਨਹੀਂ ਜੰਤ੍ਰਾਂ ਮੰਤ੍ਰਾਂ ਦੇ ਪ੍ਰਤਿਆਵੇ ਲੈਂਦੇ, ਨਾ ਸਾਨੂੰ ਜ਼ਰੂਰਤ ਹੈ ਇਹਨਾਂ ਦੀ। ੯।

ਬਧਜੋ ਬਿਖਾਦ ਇਨ ਦੋਇਨ ਮਾਂਹਿ॥ ਇਹਨਾਂ ਦੋਹਾਂ ਧਿਰਾਂ ਵਿੱਚ ਝਗੜਾ ਸ਼ੁਰੂ ਹੋ ਗਿਆ ਉਧਰੋ ਉਧਰੀ ਬੋਲੇ ਛੱਡਣੇ ਸ਼ੁਰੂ ਹੋਏ।

ਘਰੀ ਪਲਕ ਮੈਂ ਜਨੁ ਮਰ ਜਾਂਹਿ॥ ਅਤੇ ਐਡੀ ਤਿਆਰੀ ਹੋ ਗਈ ਹੈ, ਕਿ ਦੋਵੇਂ ਪੱਖ ਤੱਤ ਵਿੱਚ ਆ ਗਏ ਹਨ, ਜਾਣੋ ਘੜੀ ਪਲ ਹੀ ਲਗਣਾ ਹੈ, ਹੁਣੇ ਲੜੇ ਕਿ ਮਰੇ, ਹੁਣੇ ਖੰਡੇ ਚਲ ਜਾਣੇ ਹਨ।

ਭਾਈ ਬੁੱਢੇ ਕੇ ਔ ਸਾਲੋ ਕੇ ਹੋਤੇ॥ ਬਾਬਾ ਬੁਢਾ ਜੀ ਅਤੇ ਭਾਈ ਸਾਲ੍ਹੋ ਜੀ ਦੇ ਪੁੱਤਰ ਪੋਤਰੇ ਕੁਛ ਬੰਦਈਆਂ ਵਿਚ ਰਲੇ ਹੋਏ ਸਨ ਬੰਦੇ ਬਹਾਦਰ ਨੇ ਇਹਨਾਂ ਨੂੰ ਅਹੁਦੇ ਦਿੱਤੇ ਸਨ, ਆਪਣੇ ਪੰਥ ਵਿੱਚ ਰਲਾਏ ਹੋਏ ਸਨ।

ਭਾਈ ਭਗਤੂ ਬਹਲੋ ਕੇ ਪੋਤੇ॥੧੦॥ ਭਾਈ ਭਗਤੂ ਜੀ ਤੇ ਭਾਈ ਬਹਿਲੋ ਜੀ ਦੇ ਜੋ ਪੋਤਰੇ ਸਨ। ੧੦।

ਦੋਹਰਾ॥ ਔਰ ਮਸੰਦਨ ਮੇਵੜਨ, ਕਹਿ ਵਰਤਾਈ ਸ਼ਾਂਤ॥ ਹੋਰ ਮਸੰਦਾਂ ਤੇ (ਮੇਵੜਨ) ਅਰਦਾਸੀਏ, (ਮਸੰਦ) ਗੁਰੂ ਕੀ ਕਾਰ ਲਿਆਉਣ ਵਾਲੇ, ਉਹਨਾਂ ਸਾਰਿਆਂ ਮੁਖੀਆਂ ਸਿੱਖਾਂ ਨੇ ਅੱਗੇ ਹੋ ਕੇ ਕਿਹਾ, ਖਾਲਸਾ ਜੀ! ਲੜੋ ਨਾ, ਸ਼ਾਂਤੀ ਰੱਖੋ ਕੋਈ ਗੱਲ ਕਰ ਲਈਏ ਆਪਾਂ, ਕਿਸੇ ਗੱਲ ਨਾਲ ਫੈਸਲਾ ਹੁੰਦਾ ਹੋਵੇ ਤਾਂ ਕਰ ਲਈਏ। ਇਸ ਤਰ੍ਹਾਂ ਸ਼ਾਂਤੀ ਵਰਤਾਈ।

ਹਿੰਦੂ ਲਰ ਮਰ ਜਾਇ ਜਿਮ, ਤੁਰਕ ਚਹੈਂ ਵਹ ਬਾਤ॥੧੧॥ ਖਾਲਸਾ ਜੀ! ਤੁਰਕਾਂ ਦੀ ਰਾਇ ਮਗਰ ਨਾ ਲੱਗੋ, ਉਹ ਤਾਂ ਚਾਹੁੰਦੇ ਹਨ ਹਿੰਦੂ ਹਿੰਦੂ ਲੜ ਕੇ ਮਰ ਜਾਣ, ਜੇ ਤੁਰਕਾਂ ਦੀ ਸਲਾਹ ਮਗਰ ਲੱਗੇ ਤਾਂ ਘੜੀ ਪਲ ਦਾ ਕੰਮ ਹੈ। ੧੧।

ਚੌਪਈ॥ ਦੋਊ ਓਰ ਕੇ ਸਜਾਨੇ ਬੋਲੈਂ॥ ਦੋਹਾਂ ਤਰਫਾਂ ਤੋਂ ਸਿਆਣੇ ਸਿੱਖ ਬੋਲੇ ਹਨ; ਬੰਦਈਆਂ ਵਿਚ ਵੀ ਸਿਆਣੇ ਸਨ, ਉਨ੍ਹਾਂ ਵੀ ਕਿਹਾ ਕਿ ਠੀਕ ਨਹੀਂ ਹੈ, ਤੁਹਾਡਾ ਲੜਨਾ ਠੀਕ ਨਹੀਂ ਹੈ। ਆਪਾਂ ਗੱਲਬਾਤ ਰਾਹੀਂ ਫੈਸਲਾ ਕਰੀਏ।

''ਜਿਮ ਸਭ ਬਚੈਂ ਬਾਤ ਕੋਊ ਟੋਲੈਂ॥ ਆਪਾਂ ਉਹ ਗੱਲ ਲੱਭੀਏ, ਜਿਵੇਂ ਸਾਰੇ ਬਚ ਰਹੀਏ, ਨਾ ਤੁਹਾਡਾ ਨੁਕਸਾਨ ਹੋਵੇ ਨਾ ਸਾਡਾ ਨੁਕਸਾਨ ਹੋਵੇ, ਦੋਵੇਂ ਧਿਰਾਂ ਬਚ ਰਹੀਏ ਲੜਾਈ ਤੋਂ ਅਜਿਹੀ ਕੋਈ ਗੱਲ ਟੋਲ ਲਈਏ।

ਜੌ ਤੁਮ ਮੰਨੋਂ ਹਮਾਰੀ ਸਲਾਹਿ॥ ਸਿਆਣਿਆਂ ਨੇ ਕਿਹਾ ਜੇ ਸਾਡਾ ਕਹਿਆ ਮੰਨੋਂ, ਜੇ ਤੁਸੀਂ ਸਾਡੀ ਸਲਾਹ ਮੰਨੋਂ ਤਾਂ।

ਦੋਊ ਓਰ ਬਹੁ ਸ਼ਾਂਤ ਵਰਤਾਂਹਿ॥੧੨॥ ਬਹਿ ਜਾਉ ਸ਼ਾਂਤੀ ਕਰੋ, ਦੋਵੇਂ ਧਿਰਾਂ ਬੈਠ ਜਾਉ, ਆਪਾਂ ਕੋਈ ਫੈਸਲਾ ਕਰੀਏ। ੧੨।

ਕਰਤੇ ਪੁਰਖ ਪਰ ਰਾਖੋ ਬਾਤ॥ ਆਪਾਂ ਆਪਸ ਵਿਚੀਂ ਝਗੜਾ ਨਾ ਕਰੀਏ, ਉਸ ਕਰਤੇ ਪੁਰਖ ਤੇ ਫੈਸਲਾ ਛੱਡ ਦੇਈਏ, ਜਿਸ ਪ੍ਰਮੇਸ਼ਰ ਨੂੰ ਅਸੀਂ ਮੰਨਦੇ ਹਾਂ ਸਤਿਗੁਰੂ ਤੇ ਫੈਸਲਾ ਰੱਖ ਦਿਉ, ਜੋ ਉਹ ਫੈਸਲਾ ਕਰਨ ਸਾਨੂੰ ਉਹ ਮੰਨ ਲੈਣਾ ਠੀਕ ਹੈ।

ਕਰਤਾ ਕਰੈ ਸੋਊ ਮੰਨ ਲਜੋ ਬਾਤ॥ ਕਰਤਾ ਪੁਰਖ ਜਿਹੜੀ ਗੱਲ ਕਰੇ ਉਸ ਨੂੰ ਮੰਨ ਲਉ।

ਹੈ ਸਭ ਹੱਥ ਸੁ ਕਰਤੈ ਜਾਨੋ॥ ਇਹ ਪਤਾ ਹੀ ਹੈ ਤੁਹਾਨੂੰ ਜੋ ਸਾਰੀ ਗੱਲ ਬਾਤ ਹੈ ਸੰਸਾਰ ਦੀ, ਸਾਰੀ ਕਲਾ ਤਾਂ ਕਰਤੇ ਪੁਰਖ ਵਾਹਿਗੁਰੂ ਦੇ ਹੱਥ ਵਿੱਚ ਹੈ।

ਕਾਹੇ ਲਰ ਕਰ ਮਰਨੋ ਠਾਨੋ॥੧੩॥ ਕਿਉਂ ਆਪਾਂ ਫਜ਼ੂਲ ਲੜ ਕੇ ਮਰਨਾ ਚਾਹੁੰਦੇ ਹਾਂ, ਕੀ ਲੋੜ ਹੈ ਐਵੇਂ ਮਰਨ ਦੀ ਵਾਦ ਵਿਵਾਦ ਵਿੱਚ। ੧੩।

ਲਿਖ ਦੁਇ ਚਿਠੀ ਦ੍ਰਬਾਰ ਰਖਾਵੋ॥ ਇਉਂ ਕਰੀਏ ਆਪਾਂ ਦੋ ਚਿੱਠੀਆਂ ਲਿਖ ਲਉ, ਇਕ ਬੰਦਈਆਂ ਵਲੋਂ ਤੇ ਦੂਜੀ ਤੱਤ ਖਾਲਸੇ ਵਲੋਂ ਲਿਖ ਲਈਏ, ਚੱਲ ਕੇ ਸੱਚੇ ਦਰਬਾਰ ਅੱਗੇ ਰੱਖਕੇ ਅਰਦਾਸ ਕਰੀਏ, ਜੋ ਫੈਸਲਾ ਸਤਿਗੁਰੂ ਦੇਣ।

ਅਕੈ ਸੁ ਮੱਧ ਤਲਾਵਹਿ ਪਾਵੋ॥ ਜਾਂ ਦੋਵੇਂ ਚਿੱਠੀਆਂ ਆਪਾਂ ਤਲਾਅ ਵਿਚ ਪਾ ਦੇਈਏ।

ਫੜ੍ਹੇ ਗੁਰੂ ਫੜ੍ਹੇ ਦਰਸ਼ਨਿ ਵਾਰੀ॥ ਇੱਕ ਤੇ ਵਹਿਗੁਰੂ ਜੀ ਕੀ ਫੜ੍ਹੇ ਤੇ ਦੂਜੀ ਦਰਸ਼ਨ ਫੜ੍ਹੇ ਵਾਲੀ ਚਿੱਠੀ।

ਜੋ ਤਰ ਆਵੈ ਸੋ ਲਜੋ ਧਾਰੀ॥੧੪॥ ਹਰਿਮੰਦਰ ਸਾਹਿਬ ਵਿਚ ਅਰਦਾਸ ਕਰਕੇ ਅੰਮ੍ਰਿਤ ਸਰੋਵਰ ਵਿਚ ਜਲ ਪ੍ਰਵਾਹ ਕਰ ਦਿਉ ਦੋਵੇਂ ਚਿੱਠੀਆਂ। ਜਿਹੜੀ ਚਿੱਠੀ ਤਰ ਕੇ ਪਾਣੀ ਦੇ ਉੱਪਰ ਆ ਜਾਵੇ ਉਸ ਪੰਥ ਨੂੰ ਅਸੀਂ ਸਾਰੇ ਧਾਰਨ ਕਰ ਲਈਏ, ਅਪਣਾ ਲਈਏ। ੧੪।

ਡੂਬ ਜਾਇ ਤਿਸ ਦੂਰਹਿ ਕਰਜੋ॥ ਜਿਸ ਪੰਥ ਦੀ ਚਿੱਠੀ ਡੁੱਬ ਜਾਇ, ਉਸਨੂੰ ਦੂਰ ਕਰ ਦਿਉ, ਛੱਡ ਦਿਉ ਉਸ ਪੰਥ ਦਾ ਖਹਿੜਾ।

ਨਹਿੰ ਉਸ ਕੈ ਕੋਊ ਪੰਥ ਪ੍ਰਚੁਰਿਓ॥ ਅਤੇ ਕੋਈ ਵੀ ਸੰਗਤ ਦੇ ਵਿਚੋਂ ਉਸ ਪੰਥ ਦੇ ਮਗਰ ਨਾ ਲੱਗੋ, ਜਿਸਦੀ ਚਿੱਠੀ ਡੁੱਬ ਜਾਵੇ, ਜਿਸਦੀ ਤਰ ਆਵੇ ਉਸ ਪੰਥ ਦੇ ਮਗਰ ਲੱਗੀਏ।

ਤੁਰਕ ਕਹੈਂ ਜਾਵੈਂ ਦੋਊ ਡੂਬ॥ ਤੁਰਕ ਤਾਂ ਚਾਹੁੰਦੇ ਹੀ ਨੇ ਕਿ ਦੋਵੇਂ ਚਿੱਠੀਆਂ ਡੁੱਬ ਜਾਣ ਤਾਂ ਅਸੀਂ ਕਹਿਣ ਵਾਲੇ ਬਣੀਏ ਕਿ ਤੁਸੀਂ ਦੋਵੇਂ ਨਹੀਂ ਖੁਦਾ ਨੂੰ ਮਨਜ਼ੂਰ, ਤੁਸੀਂ ਦੋਵੇਂ ਹੀ ਹਟ ਜਾਉ।

ਤੌ ਹਮਰੋ ਕੰਮ ਹੋਇ ਸਭ ਖੂਬ॥੧੫॥ ਤਾਂ ਸਾਡਾ ਕੰਮ ਖੂਬ ਹੋ ਜਾਏ, ਸਾਡਾ ਕੰਮ ਰਾਸ ਹੋ ਜਾਏ, ਜੇ ਦੋਵੇਂ ਚਿੱਠੀਆਂ ਡੁੱਬ ਜਾਣ। ੧੫।

ਦੋਹਰਾ॥ ਦੁਇਨ ਬਾਤ ਇਹ ਮੰਨ ਲਈ, ਉਪਰ ਰਖੀ ਕਰਤਾਰ॥ ਦੋਵਾਂ ਧਿਰਾਂ ਨੇ ਇਹ ਗੱਲ ਮੰਨ ਲਈ, ਇਹ ਠੀਕ ਹੈ, ਚਿੱਠੀਆਂ ਪਾਉ ਲਿਖ ਕੇ, ਕਰਤੇ ਪੁਰਖ ਤੇ ਫੈਸਲਾ ਰੱਖ ਦਿੱਤਾ।

ਪਤਿਸ਼ਾਹੀ ਕਰਨੀ ਖਾਲਸੋ, ਸੋ ਕਿਮ ਹੋਵਗ ਹਾਰ॥੧੬॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਪਾਤਸ਼ਾਹੀ ਤਾਂ ਖਾਲਸੇ ਨੇ ਕਰਨੀ ਹੈ ਸੰਸਾਰ ਦੀ, ਤਾਂ ਫਿਰ ਉਸਦੀ ਹਾਰ ਕਿਵੇਂ ਹੋ ਸਕਦੀ ਹੈ, ਜਿਸਨੇ ਜਿੱਤਣਾ ਹੋਵੇ ਉਹਨੂੰ ਕੌਣ ਹਰਾਉਣ ਵਾਲਾ ਹੈ। ੧੬।

ਚੌਪਈ॥ ਹੋਈ ਖਾਲਸੈ ਦ੍ਰਿੜ੍ਹਤੋ ਚੀਤ॥ ਖਾਲਸੇ ਨੂੰ ਤਾਂ ਚਿੱਤ ਵਿੱਚ ਪੂਰਨ ਦ੍ਰਿੜਤਾ ਸੀ, ਪੱਕੀ ਕੀਤੀ ਹੋਈ ਸੀ, ਕਿ ਖਾਲਸੇ ਪੰਥ ਨੇ ਤਾਂ ਪਾਤਸ਼ਾਹੀ ਕਰਨੀ ਹੀ ਕਰਨੀ ਹੈ।

"ਹਮ ਕੋ ਗੁਰ ਕੀ ਸੌਂਤ ਪ੍ਰਤੀਤ॥ ਸਾਨੂੰ ਤਾਂ ਗੁਰੂ ਦੀ ਸੱਚੀ ਪ੍ਰਤੀਤ ਹੈ, ਅਸੀਂ ਗੁਰੂ ਤੇ ਪੂਰਨ ਭਰੋਸਾ ਰੱਖਦੇ ਹਾਂ।

ਵਧੈ ਖਾਲਸੇ ਦਿਨ ਦਿਨ ਕਲਾ॥ ਖਾਲਸੇ ਦੀ ਦਿਨੋ ਦਿਨ ਕਲਾ ਸਵਾਈ ਹੋਣੀ ਹੈ, ਦਿਨੋ ਦਿਨ ਕਲਾ ਵਧਣੀ ਹੈ ਖਾਲਸੇ ਪੰਥ ਦੀ।

ਸਗਨ ਸੌਨ ਸਭ ਹੋਊਗੁ ਭਲਾ॥੧੭॥ ਇਸ ਕਰਕੇ ਸਗਨ ਅਪਸਗਨ ਸਭ ਖਾਲਸੇ ਪੰਥ ਦੇ ਹੀ ਹੱਕ ਵਿੱਚ ਜਾਣਗੇ, ਜਿਸ ਕਰਕੇ ਸਭ ਦਾ ਹੀ ਭਲਾ ਹੋਵੇਗਾ। ੧੭।

ਸੋਰਠਾ॥ ਚਿੱਠੀ ਲਿਖੀ ਬਨਾਇ ਜਿਮ, ਜਿਮ ਆਖੀ ਮੁਨਸਬਾਂ॥ "ਮੁਨਸਬ" ਸਿਆਣਿਆਂ ਨੂੰ ਕਹਿੰਦੇ ਨੇ, ਜਿਵੇਂ ਜਿਵੇਂ ਉਨ੍ਹਾਂ ਨੇ ਨੇਕ ਸਲਾਹ ਦਿੱਤੀ, ਉਵੇਂ ਉਵੇਂ ਦੋਹਾਂ ਧਿਰਾਂ ਨੇ ਚਿੱਠੀਆਂ ਲਿਖੀਆਂ।

ਧਰੀ ਦ੍ਰਬਾਰ ਸੁ ਜਾਇ, ਹਾਥ ਜੋੜ ਦੁਊ ਵਲ ਖੜੇ॥੧੮॥ ਸ੍ਰੀ ਹਰਿਮੰਦਰ ਸਾਹਿਬ ਜੀ ਵਿੱਚ ਜਾ ਚਿੱਠੀਆਂ ਰੱਖੀਆਂ ਹਨ, ਹੱਥ ਜੋੜ ਕੇ ਦੋਵੇਂ ਧਿਰਾਂ ਖੜ੍ਹ ਗਈਆਂ ਹਨ ਬੰਦਈ ਤੇ ਤੱਤ ਖਾਲਸਾ। ੧੮।

ਚੌਪਈ॥ ਹੇ ਸਤਿਗੁਰ ਸਭ ਜਾਨੀ ਜਾਨ॥ ਹੇ ਅੰਤਰਜਾਮੀ ਸਤਿਗੁਰੂ ਸੱਚੇ ਪਾਤਸ਼ਾਹ! ਤੁਸੀਂ ਸਭ ਦੇ ਦਿਲਾਂ ਦੀਆਂ

ਜਾਣਦੇ ਹੋ, ਸਭ ਤਰ੍ਹਾਂ ਕਰਕੇ ਕਰਤਾ ਪੁਰਖ ਹੋ, ਹਰ ਗੱਲ ਦੀ ਤੁਹਾਨੂੰ ਖ਼ਬਰ ਹੈ।

ਭੂਤ ਭਵਿਖਤ ਔ ਬ੍ਰਤਮਾਨ॥ (ਭੂਤ) ਬੀਤ ਚੁੱਕਾ ਸਮਾਂ (ਭਵਿੱਖਤ) ਆਉਣ ਵਾਲੇ ਸਮੇਂ ਅਤੇ (ਵਰਤਮਾਨ) ਮੌਜੂਦਾ ਸਮਾਂ ਜੋ ਵਰਤ ਰਿਹਾ ਹੈ, ਤਿੰਨਾਂ ਹੀ ਸਮਿਆਂ ਦੀ ਆਪ ਜਾਨਣਹਾਰ ਹੋ।

ਜੌ ਤੂੰ ਪੰਥ ਵਧਾਯਾ ਲੋੜੈਂ॥ ਹੇ ਸੱਚੇ ਪਾਤਸ਼ਾਹ! ਤੁਹਾਡੇ ਅੱਗੇ ਫੈਸਲਾ ਰਖਦੇ ਹਾਂ ਅਸੀਂ, ਜਿਹੜੇ ਪੰਥ ਦਾ ਤੁਸੀਂ ਵਾਧਾ ਚਾਹੁੰਦੇ ਹੋ, ਜਿਸ ਪੰਥ ਨੂੰ ਤੁਸੀਂ ਰੱਖਣਾ ਚਾਹੁੰਦੇ ਹੋ।

ਲਾ ਕਰ ਪ੍ਰਿਥਮੀ ਜੌ ਨਿਭੈ ਓੜੈਂ॥੧੯॥ ਧਰਤੀ ਦੇ ਨਾਲ ਭਾਵ ਜਿਸਨੇ ਸ੍ਰਿਸ਼ਟੀ ਨਾਲ ਨਿਭਣਾ ਹੈ, ਖਾਲਸਾ ਪੰਥ ਜੁੱਗੋ ਜੁੱਗ ਅਟੱਲ ਹੈ, ਜੁੱਗਾਂ ਜੁਗੰਤਰਾਂ ਤਾਂਈ ਏਵੇਂ ਪੰਥ ਰਹੇਗਾ। ਗੁਰੂ ਗ੍ਰੰਥ ਸਾਹਿਬ ਜੀ ਜੋ ਗੁਰੂ ਹਨ ਖਾਲਸੇ ਪੰਥ ਦੇ, ਉਹ ਵੀ ਜੁੱਗੋ ਜੁੱਗ ਅਟੱਲ ਹਨ। ਜੇ ਉਹ ਪੰਥ ਨ ਰਹੇਗਾ ਤਾਂ ਉਹ ਗ੍ਰੰਥ ਕੌਣ ਮੰਨੇਗਾ। ਇਹ ਭਾਈ ਨਿਹਾਲ ਸਿੰਘ ਜੀ ਨੇ ਲਿਖਿਆ ਹੈ ਆਪਣੇ ਸ੍ਵੈਯਾਂ ਦੇ ਵਿੱਚ "ਉਦੇ ਅਸਤ ਸਮੁੰਦਰੰ ਪ੍ਰਯੰਤੰ ਅਬਚਲ ਰਾਜ. ਮਿਲਜੋ ਸੁਰਪੁਰਿ ਕੋ"। ਜਿਸ ਨੇ ਜੁਗੋ ਜੁਗ ਅਟੱਲ ਰਹਿਣਾ ਹੈ, ਜਿੰਨਾਂ ਚਿਰ ਸ੍ਰਿਸ਼ਟੀ ਰਹਿਣੀ ਹੈ। ੧੯।

ਤਾਂਕੀ ਚਿੱਠੀ ਅਬ ਤਰ ਆਵੈ॥ ਹੇ ਸੱਚੇ ਪਾਤਸ਼ਾਹ! ਜਿਸ ਪੰਥ ਨੂੰ ਤੁਸੀਂ ਪਾਤਸ਼ਾਹੀ ਦੇਣੀ ਹੈ, ਉਸ ਪੰਥ ਦੀ ਚਿੱਠੀ ਤਰ ਆਵੇ।

ਜਿਸ ਪੰਥ ਘਟਨੋਂ ਉਸ ਬੁਡ ਜਾਵੈ॥ ਜਿਸਦੇ ਪੰਥ ਨੂੰ ਤੁਸੀਂ ਨਹੀਂ ਰਹਿਣ ਦੇਣਾ, ਉਨ੍ਹਾਂ ਦੀ ਚਿੱਠੀ ਡੁੱਬ ਜਾਵੇ, ਇਹ ਅਰਦਾਸਾ ਕਰ ਲਿਆ।

ਤੁਮ ਤੈ ਛਾਨੀ ਕੋਊ ਨ ਬਾਤੈ॥ ਮਹਾਰਾਜ ਤੁਹਾਡੇ ਤੋਂ ਕੋਈ ਗੱਲ ਗੁੱਝੀ ਨਹੀਂ ਆਪ ਸਭ ਜਾਣਦੇ ਹੋ। (ਛਾਨੀ=ਗੁੱਝੀ)।

ਤੁਮ ਨਿਜ ਕਰਤੈ ਨਿਜੈ ਬਿਧਾਤੈ॥੨੦॥ ਤੁਸੀਂ ਆਪ ਕਰਤੇ ਪੁਰਖ ਹੋ, ਤੁਸੀਂ ਆਪ ਬਿਧਾਤਾ ਪੁਰਖ ਹੋ ਖਾਸ ਕਰਕੇ। ੨੦।

ਹੁਤੋ ਕੰਨਜਾਂ ਤੈ ਸੂਤ ਕਤਾਯਾ॥ ਕੁਆਰੀ ਕੰਨਿਆਂ ਤੋਂ ਸੂਤ ਕਤਾਇਆ ਹੋਇਆ ਸੀ।

ਦੋਇ ਚਿਠਨ ਕੇ ਉਪਰ ਬੰਧਾਯਾ॥ ਉਹ ਸੂਤ ਦੋਹਾਂ ਚਿੱਠੀਆਂ ਦੇ ਉੱਤੇ ਵਲ੍ਹੇਟ ਦਿੱਤਾ ਹੈ।

ਸਦ ਬਾਲਕ ਹਥ ਦਈ ਧਰਾਇ॥ ਇੱਕ ਬੱਚਾ ਸੱਦ ਕੇ ਉਸਦੇ ਹੱਥੋਂ ਦੋਵੇਂ ਚਿੱਠੀਆਂ ਰਖਵਾ ਦਿਤੀਆਂ ਹਨ।

ਮਧ ਦਰਬਾਰ ਹਰਿ ਪੌੜੀ ਥਾਇ॥੨੧॥ ਦਰਬਾਰ ਸਾਹਿਬ ਵਿੱਚ ਜੋ ਹਰਿ ਕੀ ਪੌੜੀ ਵਾਲੀ ਥਾਂ ਹੈ ਉੱਥੇ ਸਰੋਵਰ ਵਿੱਚ, ਇਕ ਬੱਚੇ ਦੇ ਕੋਲੋਂ ਦੋਵੇਂ ਚਿੱਠੀਆਂ ਸਰੋਵਰ ਦੇ ਪਾਣੀ ਵਿਚ ਸੁਟਵਾ ਦਿੱਤੀਆਂ ਹਨ। ੨੧।

ਇਕ ਬਾਰ ਦੋਊ ਹਿਠਾਹੈਂ ਗਈ॥ ਇਕ ਵਾਰੀ ਤਾਂ ਦੋਵੇਂ ਚਿੱਠੀਆਂ (ਹਿਠਾਹੈਂ) ਪਾਣੀ ਦੇ ਵਿੱਚ ਹੇਠਾਂ ਚਲੀਆਂ ਗਈਆਂ ਹਨ ਭਾਵ ਦੋਵੇਂ ਡੁੱਬ ਗਈਆਂ ਹਨ।

ਦੋਊ ਤਰਫ ਕੋ ਚਿੰਤਾ ਪਈ॥ ਦੋਹਾਂ ਧਿਰਾਂ ਨੂੰ ਫਿਕਰ ਹੋ ਗਿਆ ਲੈ ਚਿੱਠੀਆਂ ਤਾਂ ਗਈਆਂ ਥੱਲੇ, ਹੁਣ ਕੀ ਬਣੇਗਾ।

ਮਤ ਕਤ ਜਾਵੈਂ ਦੋਊ ਬੁਡੈਂ॥ ਹੁਣ ਇਹ ਕਹਿੰਦੇ ਹਨ ਕਿ ਉਹ ਨਾ ਹੋਵੇ ਦੋਵੇਂ ਡੁੱਬ ਜਾਂਦੀਆਂ ਹੋਣ, ਇੱਕ ਤਾਂ ਸੱਚੇ ਪਾਤਸ਼ਾਹ! ਜ਼ਰੂਰ ਤਾਰੋ ਚਿੱਠੀ। ਜਿਹੜੇ ਪੰਥ ਨੂੰ ਰੱਖਣਾ ਤੁਸੀਂ ਉਸਦੀ ਤਰ ਆਵੇ।

ਤੌ ਰਹੈ ਨ ਹਿੰਦੂ ਕਹੂੰ ਕਿਤ ਢੂੰਡੈਂ॥੨੨॥ ਤਾਂ ਹਿੰਦੂ ਫਿਰ ਕਿਥੇ ਰਹੇਗਾ, ਕਿਤੇ ਭਾਲਿਆਂ ਨਹੀਂ ਲੱਭਣਾ। ੨੨।

ਸੋਰਠਾ॥ ਇਮ ਭੀ ਆਖੈਂ ਬਹੁਤ, ਖੜੇ ਸਿਆਨੇ ਨਰ ਤਹੀਂ॥ ਜੋ ਸਿਆਣੇ ਪੁਰਸ਼ ਖੜੇ ਸਨ ਦਰਬਾਰ ਵਿੱਚ, ਸਾਰੀ ਸੰਗਤ ਤਾਂ ਹੈ ਨਹੀਂ ਸੀ, ਮੁਖੀਏ ਸਿੰਘ ਸਨ, ਇਉਂ ਕਹਿੰਦੇ ਸੁਣੇ ਗਏ ਦਰਬਾਰ ਵਿੱਚ।

"ਜੌ ਚਿੱਠੀ ਦੋਊ ਤਰਤ, ਰਹੈਂ ਪੰਥ ਦੋਊ ਅਮਰ" ॥੨੩॥ ਕਹਿੰਦੇ ਨੇ ਦੋਵੇਂ ਤਾਰ ਦੇ ਬੇਸ਼ੱਕ ਦੋਵੇਂ ਪੰਥ ਕਾਇਮ ਰਹਿਣ, ਇਹ ਨਾ ਹੋਵੇ ਦੋਵੇਂ ਹੀ ਡੁੱਬ ਜਾਂਦੀਆਂ ਹੋਣ ਤੇ ਕੋਈ ਨਾ ਰਹੇ, ਸਿਆਣੇ ਪੁਰਸ਼ ਇਸ ਤਰ੍ਹਾਂ ਵੀ ਕਹਿੰਦੇ ਸੁਣੇ ਗਏ, ਹੇ ਸੱਚੇ ਪਾਤਸ਼ਾਹ! ਜੇ ਤੈਨੂੰ ਭਾਉਂਦੇ ਨੇ ਤਾਂ ਦੋਵੇਂ ਬੇਸ਼ੱਕ ਤਾਰ ਦਿਉ। ਜੇ ਦੋਵੇਂ ਚਿੱਠੀਆਂ ਤਰਦੀਆਂ ਹਨ, ਤਾਂ

ਦੋਵੇਂ ਪੰਥ ਅਮਰ ਰਹਿੰਦੇ ਹਨ। ੨੩।

ਦੋਹਰਾ॥ ਠਾਂਢ ਭਏ ਕਰ ਜੋਰ ਸਭ, ਊਚੋ ਕਰ ਅਰਦਾਸ॥ ਦੋਵੇਂ ਧਿਰਾਂ ਹਰਿਮੰਦਰ ਸਾਹਿਬ ਵਿੱਚ ਹੱਥ ਜੋੜ ਕੇ ਖੜੀਆਂ ਹਨ, ਅਰਦਾਸੀਆ ਸਿੰਘ ਉੱਚੀ ਅਵਾਜ਼ ਵਿੱਚ ਅਰਦਾਸ ਕਰਦਾ ਹੈ।

"ਚਿੱਠੀ ਤਿਸੈ ਤਰਾਈਓ, ਕਰਨੋ ਜਿਸੇ ਪ੍ਰਗਾਸ" ॥੨੪॥ ਐ ਗਰੀਬ ਨਿਵਾਜ ਸੱਚੇ ਪਾਤਸ਼ਾਹ, ਮਿਹਰਵਾਨ ਸਤਿਗੁਰੂ ਜੀ! ਚਿੱਠੀ ਉਸੇ ਦੀ ਤਾਰਿਉ, ਜਿਸਦਾ ਜਗਤ ਵਿੱਚ ਪ੍ਰਗਾਸ ਹੋਣਾ ਹੈ, ਜਿਸ ਦਾ ਵਾਧਾ ਹੋਣਾ ਹੈ ਸੰਸਾਰ ਤੇ ਉਸੇ ਪੰਥ ਦੀ ਚਿੱਠੀ ਤਾਰਿਉ, ਦੂਜੇ ਦੀ ਡੁੱਬ ਜਾਵੇ ਚਿੱਠੀ। ੨੪।

ਤੌ ਡੁਬਕੀ ਲੈ ਇਕ ਤਰਜੋ, ਚਿੱਠੀ ਗੈਲੋ ਏਕ॥ ਤਾਂ ਏਨੇ ਵਿਚ ਇੱਕ ਚਿੱਠੀ ਡੁਬਕੀ ਲਾ ਕੇ ਤਰ ਆਈ ਹੈ ਪਾਣੀ ਤੇ।

ਤੌ ਸਿੱਖਨ ਕੁਛ ਜਿੰਦ ਪਰੀ, "ਰਖੀ ਗੁਰੂ ਅਬ ਟੇਕ" ॥੨੫॥ ਤਾਂ ਸਿੱਖਾਂ ਵਿਚ ਕੁਛ ਜਾਨ ਪਈ ਹੈ, ਖਾਲਸੇ ਨੇ ਹੁਣ ਗੁਰੂ ਦਾ ਆਸਰਾ ਰੱਖਿਆ ਹੈ। ੨੫।

ਚੌਪਈ॥ ਦੋਊ ਓਰ ਤੇ ਪਕੜਨ ਦੌੜੇ॥ ਦੋਹਾਂ ਤਰਫਾਂ ਦੇ ਲੋਕ ਚਿੱਠੀ ਨੂੰ ਫੜਨ ਵਾਸਤੇ ਦੌੜੇ ਹਨ।

ਫੜ ਫੜ ਸ਼ਸਤਰ ਆਗੇ ਧੌੜੇ॥ ਆਪੋ ਆਪਣੇ ਸ਼ਸਤਰ ਫੜ ਕੇ ਇੱਕ ਦੂਜੇ ਤੋਂ ਅੱਗੇ ਭੱਜੇ ਹਨ ਚਿੱਠੀ ਵਲ ਨੂੰ।

ਤੀਂਹ ਹੁਤੇ ਦਰੋਗੇ ਤੁਰਕਨ ਕੇਊ॥ ਉਥੇ ਤੁਰਕਾਂ ਦੇ ਥਾਣੇਦਾਰ ਮੌਜੂਦ ਸਨ ਹਰਿਮੰਦਰ ਸਾਹਿਬ ਵਿੱਚ, ਜਿਨ੍ਹਾਂ ਨੇ ਫੈਸਲਾ ਕਰਾਉਣਾ ਸੀ ਕਿ ਕਿਸਦੀ ਚਿੱਠੀ ਤਰਦੀ ਹੈ, ਕਿਉਂਕਿ ਸਰਕਾਰ ਵਿੱਚ ਦਖਲ ਦੇ ਰਹੀ ਸੀ।

ਕਹੀਂ ਮੁਨਸਬੈਂ ਦੇਖੈਂ ਤੇਊ॥੨੬॥ ਮੁਨਸਬ ਜੋ ਸਿਆਣੇ ਆਗੂ ਸਨ ਅੱਗੇ ਬਣੇ ਹੋਏ, ਉਨ੍ਹਾਂ ਸਾਰਿਆਂ ਨੇ ਕਿਹਾ ਕਿ ਉਹ ਦਰੋਗੇ ਚਿੱਠੀ ਨੂੰ ਦੇਖਣਗੇ ਕਿ ਕਿਸ ਦੀ ਚਿੱਠੀ ਤਰੀ ਹੈ। ੨੬।

ਤੁਰਤ ਦਰੋਗਨ ਪਕੜ ਮੰਗਾਯੋ ਤੁਰਤ ਹੀ ਦਰੋਗਿਆਂ ਨੇ ਚਿੱਠੀ ਨੂੰ ਫੜ ਕੇ, ਆਪਣੇ ਕੋਲ ਮੰਗਵਾ ਲਈ ਹੈ।

ਪੜ੍ਹ ਕਰ ਖਾਲਸੇ ਹੱਥ ਫੜਾਯੋ॥ ਚਿੱਠੀ ਨੂੰ ਪੜ੍ਹ ਕੇ ਖਾਲਸੇ ਦੇ ਹੱਥ ਵਿਚ ਫੜਾ ਦਿੱਤੀ ਹੈ।

"ਫਤੇ ਗੁਰੂ ਕੀ ਹੈ ਤਰ ਆਈ" ॥ ਗੁਰੂ ਕੀ ਫਤ੍ਹੇ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ, ਵਾਲੀ ਚਿੱਠੀ ਤਰ ਆਈ ਹੈ। ਦਰਸ਼ਨ ਫਤ੍ਹੇ ਵਾਲੀ ਚਿੱਠੀ ਡੁੱਬ ਗਈ ਹੈ।

ਦੋਊ ਓਰ ਉਨ ਆਖ ਸੁਨਾਈ॥੨੭॥ ਦੋਹਾਂ ਤਰਫਾਂ ਨੂੰ ਉਨ੍ਹਾਂ ਨੇ ਉੱਚੀ ਅਵਾਜ਼ ਵਿੱਚ ਆਖ ਕੇ ਸੁਣਾਇਆ ਹੈ। ੨੭।

ਯੌ ਸੁਨ ਖਾਲਸੈ ਸ਼ਾਦੀ ਭਈ॥ ਇਉਂ ਸੁਣ ਕੇ ਖਾਲਸੇ ਨੂੰ ਤਾਂ ਖੁਸ਼ੀਆਂ ਵਾਪਰ ਗਈਆਂ ਹਨ ਕਿ ਸਤਿਗੁਰੂ ਮਾਲਕ ਪੰਥ ਦਾ ਵਾਲੀ ਸਾਡੇ ਨਾਲ ਹੈ, ਤਾਂ ਹੀ ਸਾਡੀ ਚਿੱਠੀ ਤਰ ਆਈ ਹੈ।

ਜਨਕ ਬੰਦਈਅਨ ਮਾਂ ਮਰ ਗਈ॥ ਇਸ ਤਰ੍ਹਾਂ ਜਾਣੋਂ ਜਿਵੇਂ ਬੰਦਈਆਂ ਦੀ ਮਾਂ ਮਰ ਗਈ ਹੋਵੇ, ਕਿ ਸਾਡੀ ਤਾਂ ਚਿੱਠੀ ਹੀ ਡੁੱਬ ਗਈ ਹੈ ਅਸੀਂ ਕਿਥੋਂ ਤਰਾਂਗੇ, ਤਾਂ ਬੰਦਈਆਂ ਦੀ ਗੱਲ ਗੁੱਲ ਹੋ ਗਈ ਤੇ ਖਾਲਸੇ ਪੰਥ ਦੀ ਚੜ੍ਹਦੀ ਕਲਾ ਹੋ ਗਈ।

ਸੁਨਤ ਚਿਠੀ ਉਨ ਬਧਜੋ ਹੰਦੇਸਾ॥ ਚਿੱਠੀ ਸੁਣਨ ਸਾਰ ਹੀ ਉਨ੍ਹਾਂ ਦਾ ਸਹਿਮ ਵਧ ਗਿਆ।

ਜਨ ਨਿਜ ਨ੍ਰਿਪੈ ਗਜੋ ਛੁਟ ਦੇਸਾ॥੨੮॥ ਜਾਣੋ ਕਿਸੇ ਰਾਜੇ ਤੋਂ ਆਪਣਾ ਦੇਸ ਹੀ ਛੁਟ ਗਿਆ ਹੋਵੇ, ਫੇਰ ਉਹਦੇ ਕੋਲ ਕੀ ਰਹਿ ਗਿਆ। ਉਹ ਤਾਂ ਕੰਗਾਲ ਹੋ ਗਿਆ, ਬੰਦਈ ਏਸ ਤਰ੍ਹਾਂ ਹੋ ਗਏ ਹਨ, ਜਿਵੇਂ ਕਿਸੇ ਰਾਜੇ ਦਾ ਰਾਜ ਖੁੱਸ ਗਿਆ ਹੋਵੇ।

ਸਰਪ ਸੀਸ ਤੇ ਜਿਮ ਮਣਿ ਜਾਵੈ॥ ਜਿਵੇਂ ਮਣੀਂ ਵਾਲਾ ਸੱਪ ਹੁੰਦਾ ਹੈ, ਜੇ ਮਣੀ ਉਸਦੀ ਖੁੱਸ ਜਾਵੇ ਤਾਂ ਜਿਵੇਂ ਸੱਪ ਦੀ ਹਾਲਤ ਹੁੰਦੀ ਹੈ।

ਮੀਨ ਤ੍ਰਫੈ ਜਿਮ ਨੀਰ ਨ ਪਾਵੈ॥ ਜਿਵੇਂ ਮੱਛੀ ਪਾਣੀ ਤੋਂ ਬਗੈਰ ਤੜਫ ਤੜਫ ਕੇ ਮਰ ਜਾਂਦੀ ਹੈ, ਬੰਦਈਆਂ ਦੀ ਹਾਲਤ

ਵੀ ਉਸ ਮੱਛੀ ਵਰਗੀ ਹੈ।

ਸੋਚ ਕਰੈਂ ਔ ਕਰੈਂ ਪਛੁਤਾਵਾ॥ ਉਹ ਸੋਚਾਂ ਵਿੱਚ ਪਏ ਹੋਏ ਹਨ ਅਤੇ ਪਛਤਾਵਾ ਕਰਦੇ ਹਨ ਕਿ ਕਾਹਨੂੰ ਆਪਾਂ ਇਸ ਫੈਸਲੇ ਵਿਚ ਪੈਣਾ ਸੀ, ਕਿਉਂ ਅਸੀਂ ਸਿਆਣਿਆਂ ਦੀ ਗੱਲ ਮੰਨ ਲਈ।

ਉਭੈ ਸਾਸ ਕਰ ਲੇਵੈਂ ਹਾਵਾ॥੨੯॥ (ਉੱਭੇ ਸਾਸ) ਠੰਢੇ ਸ੍ਵਾਸ ਲੈਂਦੇ ਨੇ (ਹਾਵਾ) ਹਾਹੁਕੇ ਲੈਂਦੇ ਨੇ, ਉਹ ਹੋ ਬਹੁਤ ਬੁਰੀ ਹੋਈ ਸਾਡੇ ਨਾਲ, ਇਉਂ ਨਹੀਂ ਸੀ ਹੋਣੀ ਚਾਹੀਦੀ। ੨੯।

ਦੋਹਰਾ॥ ਦਏ ਨ ਪ੍ਰਿਥੀ ਬਿਆੜ ਤਿਨ, ਔ ਅਕਾਸ਼ੈ ਉਡਜੋ ਨ ਜਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਕਿ ਬੰਦਈ ਉਦੋਂ ਤਾਂ ਕਹਿੰਦੇ ਸੀ ਸਾਡੇ ਗੁਰੂ ਵਿਚ ਬੜੀ ਭਾਰੀ ਕਲਾ ਸੀ, ਉਹ ਤਾਂ ਆਕਾਸ਼ ਵਿਚ ਉੱਡ ਜਾਂਦਾ ਸੀ, ਉਹ ਤਾਂ ਉੱਡ ਜਾਂਦਾ ਸੀ ਹੁਣ ਤੁਸੀ ਉੱਡ ਕੇ ਵਿਖਾਉ। ਮੂੰਹ ਵਿਖਾਉਣ ਜੋਗੇ ਨਹੀਂ ਰਹੇ ਬਹੁਤੀਆਂ ਫੜ੍ਹਾਂ ਮਾਰਨ ਵਾਲੇ। ਹੁਣ ਉਨ੍ਹਾਂ ਨੂੰ ਧਰਤੀ ਵਿਹਲ ਨਹੀਂ ਦਿੰਦੀ ਗਰਕ ਹੋਣ ਵਾਸਤੇ ਅਤੇ ਨਾ ਹੀ ਅਕਾਸ਼ ਨੂੰ ਉੱਡਕੇ ਜਾ ਸਕਦੇ ਹਨ।

ਹੱਥ ਮਰੋਰੈਂ ਸਿਰ ਧੁਨੈਂ,ਜਗ੍ਹਾ ਲੁਕਨ ਨਹਿੰ ਪਾਇ॥੩੦॥ ਆਪਣੇ ਹੱਥਾਂ ਨੂੰ ਮਰੋੜਦੇ ਨੇ, ਸਿਰ ਨੂੰ ਹਿਲਾਉਂਦੇ ਹਨ, ਕੋਈ ਥਾਂ ਨਹੀਂ ਲੁਕਣ ਵਾਸਤੇ ਮਿਲਦੀ ਜਿਥੇ ਲੁਕ ਜਾਣ ਜਾ ਕੇ। ੩੦।

ਚੌਪਈ॥ ਖਾਲਸੈ ਕੀਨੋ ਜੈ ਜੈ ਕਾਰੇ॥ ਖਾਲਸੇ ਪੰਥ ਨੇ ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ, ਦੇ ਜੈਕਾਰੇ ਗਜਾਏ ਹਨ, ਖਾਲਸੇ ਪੰਥ ਦੀ ਜੈ ਜੈ ਕਾਰ ਹੋ ਰਹੀ ਹੈ।

ਊਚੇ ਕਰ ਕਰ ਫੜ੍ਹੇ ਉਚਾਰੇਂ॥ ਸਿਰ ਤੋਂ ਹੱਥ ਉੱਚੇ ਕਰਕੇ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ। ਗਜਾਉਂਦੇ ਹਨ, ਗੱਜ ਵੱਜ ਕੇ ਫਤ੍ਹੇ ਗਜਾਉਂਦੇ ਨੇ, ਜੈਕਾਰੇ ਗਜਾਉਂਦੇ ਹਨ।

ਫੜ ਫੜ ਖੰਡੇ ਖੁਸ਼ੀਆਂ ਕਰਨ॥ ਢਾਲਾਂ ਤੇ ਖੰਡੇ ਹੱਥ ਵਿੱਚ ਲੈ ਕੇ ਖੁਸ਼ੀ ਨਾਲ ਝੂਮਦੇ ਹੋਏ ਪੈਂਤਰੇ ਕੱਢਦੇ ਹਨ ਖਾਲਸੇ।

ਕਰ ਅਰਦਾਸ ਖੜ ਬਾਣੀਆਂ ਪੜ੍ਹਨ॥੩੧॥ ਗੁਰਬਾਣੀ ਪੜ੍ਹ ਕੇ ਸ਼ੁਕਰਾਨੇ ਵਜੋਂ ਸਤਿਗੁਰੂ ਜੀ ਅੱਗੇ ਅਰਦਾਸਾਂ ਕਰਦੇ ਹਨ ਤੱਤ ਖਾਲਸੇ, ਗੁਰੂ ਪੰਥ ਦੀ ਲੱਜਿਆ ਰੱਖਣ ਵਾਲੇ ਤੂੰ ਧੰਨ ਹੈ। ੩੧।

ਭਜੋ ਉਤਸ਼ਾਹਿ ਪੰਥ ਖਾਲਸੇ ਸਾਰ॥ ਸਾਰੇ ਖਾਲਸੇ ਪੰਥ ਵਿੱਚ ਉਤਸ਼ਾਹ ਫੈਲ ਗਿਆ ਹੈ, ਖੁਸ਼ੀਆਂ ਹੋ ਗਈਆਂ ਹਨ।

ਜਿਤਜੋ ਖਾਲਸਾ ਸਚੈ ਦਰਬਾਰ॥ ਸੱਚੇ ਦਰਬਾਰ ਵਿੱਚ ਸਤਿਗੁਰੂ ਜੀ ਨੇ ਫੈਸਲਾ ਖਾਲਸੇ ਦੇ ਹੱਕ ਵਿੱਚ ਕੀਤਾ ਹੈ, ਜਿਸ ਕਰ ਕੇ ਖਾਲਸਾ ਪੰਥ ਜਿੱਤਿਆ ਹੈ।

ਐਸੀ ਖੁਸ਼ੀ ਸਿੰਘਨ ਪੰਥ ਭਈ॥ ਨਿਹੰਗ ਸਿੰਘਾਂ ਦੇ ਪੰਥ ਉੱਤੇ ਐਸੀ ਸਤਿਗੁਰੂ ਜੀ ਦੀ ਖੁਸ਼ੀ ਹੋਈ ਹੈ।

ਦੈਂਤ ਮਾਰ ਜਿਮ ਦੇਵਨ ਕਈ॥੩੨॥ ਜਿਵੇਂ ਦੈਂਤਾਂ ਨੂੰ ਮਾਰ ਕੇ ਦੇਵਤਿਆਂ ਨੂੰ ਖੁਸ਼ੀ ਹੋ ਗਈ ਸੀ, ਇਸ ਤਰ੍ਹਾਂ ਖਾਲਸੇ ਪੰਥ ਨੂੰ ਖੁਸ਼ੀ ਹੋਈ ਹੈ। ੩੨।

ਹੁਤੋ ਖਾਲਸੋ ਵੱਲ ਬੰਦੱਯਨ ਗਯੋ॥ ਏਧਰ ਜੋ ਕੋਈ ਖਾਲਸਾ ਬੰਦਈਆਂ ਵੱਲ ਗਿਆ ਸੀ, ਜੋ ਪਹਿਲਾਂ ਬੰਦਈਆਂ ਨਾਲ ਰਲ ਗਏ ਸਨ।

ਤਿਨ ਆਇ ਡੇਰੋ ਸਿੰਘਨ ਵਲ ਕਯੋ॥ ਉਹਨਾਂ ਨੇ ਆਪੋ ਆਪਣਾ ਬੋਰੀਆ ਬਿਸਤਰਾ ਚੁੱਕ ਕੇ ਆਪਣਾ ਡੇਰਾ ਖਾਲਸੇ ਪੰਥ ਵਲ ਕਰ ਲਿਆ ਹੈ।

ਕਿਛੁ ਨਠ ਗਏ ਕਿਛ ਹੁਇ ਰਹੇ ਸੁੰਨ॥ ਬਾਕੀ ਜਿਹੜੇ ਬੰਦਈ ਬਚੇ ਸਨ ਕਈ ਤਾਂ ਰਾਤੋ ਰਾਤ ਹੀ ਕੂਚ ਕਰ ਗਏ, ਨਿਕਲ ਗਏ, ਭੱਜ ਗਏ ਤੇ ਕਈ ਉਂਵ ਹੀ ਸੁੰਨ ਹੋਏ ਬੈਠੇ ਹਨ, ਕਿਸੇ ਵੱਲ ਅੱਖ ਚੁੱਕ ਕੇ ਝਾਕਦੇ ਨਹੀਂ ਹਨ, ਇਉਂ ਬੈਠੇ ਹਨ।

ਜਨੁ ਕਰ ਮੌਨ ਧਾਰ ਬਹਿ ਮੁੰਨ॥੩੩॥ ਜਿਵੇਂ ਮੋਨੀ, ਮੋਨ ਧਾਰ ਕੇ ਬੈਠੇ ਹੁੰਦੇ ਹਨ ਕਿਸੇ ਨਾਲ ਬੋਲਦੇ ਨਹੀਂ ਹੁੰਦੇ, ਕਈ

ਬੰਦਈ ਤਾਂ ਮੋਨ ਹੀ ਧਾਰ ਗਏ, ਬੋਲਣ ਹੀ ਕੁਝ ਨਾ ਅੱਗੋਂ। ੩੩।

ਹੁਤੇ ਜਿ ਕਿਛ ਤਿਨ ਮੱਧ ਹੰਕਾਰੀ॥ ਜੱਥੇ ਬੰਦੀਆਂ ਦੇ ਵਿੱਚ ਸਭ ਤਰ੍ਹਾਂ ਦੇ ਬੰਦੇ ਹਨ, ਜੇ ਕੋਈ ਬੰਦੱਈਆਂ ਦੇ ਵਿੱਚ ਹੰਕਾਰੀ ਬੰਦੇ ਸਨ।

ਤਿਨ ਮਰਨੈ ਪਰ ਮਨਸਾ ਧਾਰੀ॥ ਉਹਨਾਂ ਨੇ ਕਿਹਾ ਏਦੂੰ ਮਰਨਾ ਹੀ ਚੰਗਾ ਹੈ, ਉਨ੍ਹਾਂ ਨੇ ਇਹ ਮਨਸਾ ਧਾਰ ਲਈ ਕਿ ਆਪਾਂ ਇਹਨਾਂ ਦੇ ਨਾਲ ਲੜ ਕੇ ਮਰ ਜਾਈਏ ਪੱਕੀ ਠਾਣ ਲਈ ਕਿ ਆਪਾਂ ਤਾਂ ਲੜ ਕੇ ਮਰਾਂਗੇ, ਇਹਨਾਂ ਦੇ ਨਾਲ।

ਜਿਮ ਜਿਮ ਮੌਤ ਤਿਨੈ ਸਿਰ ਆਈ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਵੇਂ ਜਿਵੇਂ ਮੌਤ ਉਨ੍ਹਾਂ ਦੇ ਸਿਰ ਤੇ ਆਈ ਹੈ, ਮੌਤ ਉਨ੍ਹਾਂ ਦੇ ਨੇੜੇ ਆ ਰਹੀ ਹੈ, ਸ੍ਵਾਸ ਗਿਣਤੀ ਦੇ ਰਹਿ ਗਏ ਬਾਕੀ।

ਆਗੈ ਸੁਨੋਂ ਤਿਮੈ ਤੁਮ ਭਾਈ॥੩੪॥ ਅੱਗੇ ਦੀ ਸਾਖੀ ਸੁਣੋ ਭਾਈ ਗੁਰਮੁਖੋ! ਕਿਵੇਂ ਵਾਪਰੀ ਉਹਨਾਂ ਦੇ ਨਾਲ। ੩੪।

(ਮੀਰੀ ਸਿੰਘ ਤੇ ਸੰਗਤ ਸਿੰਘ ਦਾ ਘੋਲ)

ਦੋਹਰਾ॥ਹੁਤੋ ਜੁ ਮੁਨਸਬ ਥੋ ਕੀਓ, ਲਹੌਰੋ ਸਿੰਘ ਕਲਾਲ॥ ਬੰਦਈਆਂ ਵਿਚੋਂ ਕਲਾਲ ਜਾਤ ਦਾ ਇਕ ਲਹੌਰਾ ਸਿੰਘ ਸੀ। ਜੋ ਕਿ ਬੰਦਈਆਂ ਦਾ ਜਿੰਮੇਵਾਰ ਸਿੱਖ ਸੀ, ਪਹਿਲਾਂ ਉਹ ਤੱਤ ਖਾਲਸਾ ਹੀ ਸੀ।

ਭੇਜਜੋ ਬੰਦੱਯਨ ਕਰਨ ਕੋ, ਸਿੰਘਨ ਸਿਉਂ ਕਿਛ ਸ੍ਯਾਲ॥੧॥ ਬੰਦਈਆਂ ਨੇ ਉਸ ਨੂੰ ਤੱਤ ਖਾਲਸੇ ਨਾਲ ਕੁਛ ਸੁਆਲ ਕਰਨ ਵਾਸਤੇ ਭੇਜਿਆ ਹੈ, ਕਿ ਅੱਗੇ ਤੋਂ ਸਾਡੇ ਨਾਲ ਕੀ ਸਲੂਕ ਕਰੋਗੇ, ਸਾਨੂੰ ਨਾਲ ਰੱਖੋਗੇ ਕਿ ਨਹੀਂ। ੧।

ਚੌਪਈ॥ ਸਾਥ ਉਸ ਥੋ ਬੇਟਾ ਆਯਾ॥ ਉਸ ਦੇ ਨਾਲ ਉਸਦਾ ਪੁੱਤਰ ਵੀ ਆਇਆ।

ਨਾਮ ਸੰਗਤ ਸਿੰਘ ਤਿਸ ਕੋ ਪਾਯਾ॥ ਉਸਦਾ ਨਾਮ ਸੰਗਤ ਸਿੰਘ ਰੱਖਿਆ ਸੀ।

ਕਾਹਨ ਸਿੰਘ ਬਾਬਾ ਉਸ ਬੋਲਜੋ॥ ਤੱਤ ਖਾਲਸੇ ਦੇ ਮੁਖੀ ਜਥੇਦਾਰਾਂ ਵਿਚੋਂ ਬਾਬਾ ਕਾਨ੍ਹ ਸਿੰਘ ਉਸਨੂੰ ਅੱਗੋਂ ਬੋਲਿਆ ਹੈ।

ਤੁਮ ਪਰ ਖਾਲਸਾ ਹਥ ਚਹਿ ਖੋਲ੍ਹਜੋ॥੨॥ ਲਹੌਰਾ ਸਿੰਹਾਂ! ਆਹ ਖਾਲਸਾ ਤੇਰੇ ਤੇ ਹੱਥ ਖੋਲ੍ਹਣਾ ਚਾਹੁੰਦਾ ਹੈ, ਤੂੰ ਸਿੰਘ ਹੋ ਕੇ ਜਾ ਕੇ ਬੰਦਈਆਂ ਨਾਲ ਰਲਿਆ ਹੈਂ, ਝੁੱਡੂਆਂ ਨਾਲ ਸਾਡੇ ਦੁਸ਼ਮਣਾਂ ਨਾਲ ਰਲਿਆ ਹੈਂ। ੨।

ਕਹਜੋ ਨ ਕਿਨੈ ਹਮ ਖਬਰ ਨ ਕਈ॥ ਇਸ ਤਰ੍ਹਾਂ ਨ ਆਖੀਂ ਕਿ ਮੈਨੂੰ ਕਿਸੇ ਨੇ ਦੱਸਿਆ ਨਹੀਂ ਹੈ।

ਹਮ ਨੇ ਖਬਰ ਤੁਮ ਕੋ ਕਰ ਦਈ॥ ਇਸ ਕਰ ਕੇ ਮੈਂ ਤੈਨੂੰ ਖਬਰਦਾਰ ਕਰ ਦਿੱਤਾ ਹੈ, ਤਕੜਾ ਹੋ ਜਾ।

ਮੀਰੀ ਸਿੰਘ ਸਦ ਬੇਟੋ ਲਯੋ॥ ਕਾਹਨ ਸਿੰਘ ਦਾ ਪੁੱਤਰ ਮੀਰੀ ਸਿੰਘ ਸੀ, ਉਸਨੂੰ ਸੱਦਿਆ ਹੈ।

ਸਾਥ ਸੰਗਤ ਸਿੰਘ ਘੁਲਾਵਤ ਭਯੋ॥੩॥ ਫੈਸਲਾ ਕੀਤਾ ਹੈ ਸ੍ਰੀ ਅਕਾਲ ਤਖਤ ਤੇ ਲਹੌਰਾ ਸਿੰਹਾਂ! ਤੇਰਾ ਪੁੱਤਰ ਵੇਖ ਕਿੱਡਾ ਪਹਿਲਵਾਨ ਹੈ, ਮੈਂ ਆਪਦੇ ਪੁੱਤਰ ਨੂੰ ਮਨਾ ਲੈਂਦਾ ਹਾਂ, ਦੋਹਾਂ ਦਾ ਏਥੇ ਘੋਲ ਕਰਾਈਏ। ਸੰਗਤ ਸਿੰਘ ਤੇ ਮੀਰੀ ਸਿੰਘ ਦਾ ਆਪਸ ਵਿੱਚ ਘੋਲ ਕਰਵਾਇਆ ਹੈ। ੩।

ਮੱਲਨ ਜਿਮ ਦੋਊ ਘੁਲਨੈ ਭਹੇ॥ ਪਹਿਲਵਾਨਾਂ ਦੀ ਤਰ੍ਹਾਂ ਦੋਵਾਂ ਦੀ ਉੱਥੇ ਪਕੜ ਲਵਾ ਦਿੱਤੀ, ਦੋਵੇਂ ਭਲਵਾਨਾਂ ਦੀ ਤਰ੍ਹਾਂ ਘੋਲ ਕਰਨ ਲੱਗ ਪਏ ਹਨ, ਸ੍ਰੀ ਅਕਾਲ ਤਖ਼ਤ ਦੇ ਸਾਹਮਣੇ ਹੀ।

ਮੁਖੋਂ ਬਚਨ ਤਿਨ ਇਮ ਕਰ ਲਏ॥ ਲਹੌਰਾ ਸਿੰਘ ਤੇ ਬਾਬਾ ਕਾਨ੍ਹ ਸਿੰਘ ਨੇ ਆਪਣੇ ਮੁਖੋਂ ਏਸ ਤਰ੍ਹਾਂ ਬਚਨ ਕਰ ਲਿਆ ਹੈ।

ਜੋ ਜੀਤੈ ਤਿਨ ਪੰਥ ਲਿਆਏ॥ ਜਿਹੜਾ ਜਿੱਤ ਜਾਵੇ, ਜਿਹੜਾ ਢਾਹ ਲਵੇ ਉਹ ਆਪਦੇ ਪੰਥ ਵਿਚ ਲੈ ਆਵੇ, ਉਹ ਢਹਿਣ ਵਾਲੇ ਨੂੰ ਆਪਣੇ ਪੰਥ ਵਿਚ ਲੈ ਆਵੇ। ਜੇ ਮੀਰੀ ਸਿੰਘ ਜਿੱਤ ਜਾਵੇ ਤਾਂ ਸੰਗਤ ਸਿੰਘ ਨੂੰ ਤੱਤ ਖਾਲਸੇ ਵਿੱਚ ਲਿਆਂਦਾ ਜਾਵੇ ਜੇ ਸੰਗਤ ਸਿੰਘ ਮੀਰੀ ਸਿੰਘ ਨੂੰ ਢਾਹ ਲਵੇ, ਲਹੌਰਾ ਸਿੰਘ ਨੂੰ ਕਾਨ੍ਹ ਸਿੰਘ ਨੇ ਕਿਹਾ ਫੇਰ ਤੂੰ ਮੀਰੀ ਸਿੰਘ ਨੂੰ ਬੇਸ਼ੱਕ ਬੰਦਈਆਂ ਵਿਚ ਰਲਾ ਲਵੀਂ।

ਇਮ ਕਰ ਲੀਨੇ ਬਚਨ ਪਕਾਏ॥੪॥ ਇਉਂ ਕਰਕੇ ਬਚਨ ਪੱਕੇ ਕਰ ਲਏ ਹਨ, ਪੱਕਾ ਇਕਰਾਰ ਲਿਆ, ਸ਼ਰਤ ਲਾ ਲਈ ਹੈ ਆਪਸ ਵਿੱਚ। ੪।

ਦੋਹਰਾ॥ ਮੀਰੀ ਸਿੰਘ ਸਿੰਘ ਕਾਹਨ ਕੋ, ਔ ਸੰਗਤ ਸਿੰਘ ਕਲਾਲ॥ ਮੀਰੀ ਸਿੰਘ ਤਾਂ ਕਾਨ੍ਹ ਸਿੰਘ ਦਾ ਪੁੱਤਰ ਸੀ, ਲਹੌਰਾ ਸਿੰਘ ਦਾ ਪੁੱਤਰ ਸੰਗਤ ਸਿੰਘ, ਇਹ ਕਲਾਲ ਜਾਤ ਦਾ ਸੀ, ਮੁਗਲਾਂ ਦੇ ਟਾਇਮ ਸ਼ਰਾਬ ਦੇ ਠੇਕੇ ਕਲਾਲਾਂ ਕੋਲ ਹੁੰਦੇ ਸੀ। ਇਹ ਕਲਾਲਾਂ ਵਿਚੋਂ ਸਿੰਘ ਸਜੇ ਹੋਏ ਸਨ।

ਬੁੰਗੇ ਘੁਲੇ ਅਕਾਲ ਤਲ, ਸਭ ਪੰਥ ਦੇਖਨ ਵਾਲ॥੫॥ ਸ੍ਰੀ ਅਕਾਲ ਬੁੰਗੇ ਅੱਗੇ ਦੋਹਾਂ ਦਾ ਘੋਲ ਹੋਇਆ, ਸਾਰਾ ਪੰਥ ਦੋਹਾਂ ਦਾ ਘੋਲ ਵੇਖ ਰਿਹਾ ਸੀ। ੫।

ਚੌਪਈ॥ ਮੀਰੀ ਸਿੰਘ ਜਬ ਹੱਥ ਛੁਹਾਯਾ॥ ਜਦੋਂ ਮੀਰੀ ਸਿੰਘ ਨੇ ਹੱਥ ਅੱਗੇ ਕਰਕੇ ਸੰਗਤ ਸਿੰਘ ਨਾਲ ਦਸਤ ਪੰਜਾ ਪਾਇਆ।

ਤੁਰਤ ਸੰਗਤ ਸਿੰਘ ਹੇਠਾਂ ਆਯਾ॥ ਤੁਰਤ ਹੀ ਜਦੋਂ ਮੀਰੀ ਸਿੰਘ ਨੇ ਮਾਰਿਆ ਝਟਕਾ, ਉਥੇ ਹੀ ਢਾਹ ਲਿਆ ਹੈ ਸੰਗਤ ਸਿੰਘ ਨੂੰ। ਸੰਗਤ ਸਿੰਘ ਪਹਿਲਵਾਨ ਸੀ ਤੇ ਮੀਰੀ ਸਿੰਘ ਪਹਿਲਵਾਨ ਵੀ ਨਹੀਂ ਸੀ, ਪਰ ਬਲੀ ਜੋਧਾ ਸੀ। ਦਸਤ ਪੰਜੇ ਨਾਲ ਹੀ ਸੰਗਤ ਸਿੰਘ ਨੂੰ ਮਰੋੜ ਕੇ ਹੇਠਾਂ ਸੁੱਟ ਲਿਆ, ਮੀਰੀ ਸਿੰਘ ਨੇ।

ਝਟ ਕਰ ਝਟਕੋ ਲਯੋ ਮੰਗਾਇ॥ ਸੰਗਤ ਸਿੰਘ ਬੰਦਈ ਹੋਰੀਂ ਵੈਸ਼ਨੂੰ ਸਨ, ਤਾਂ ਉਸ ਵੇਲੇ ਹੀ ਕਿਹਾ ਲਿਆਉ ਡਲੇ ਲੰਗਰ ਵਿਚੋਂ ਸਿੰਘੋ, ਝਟ ਦੇ ਕੇ ਲੰਗਰ ਵਿਚੋਂ ਝਟਕਾ ਮੰਗਵਾ ਲਿਆ ਹੈ।

ਸੂਰ ਡਲਾ ਮੁਖ ਛੱਡਜੋ ਪਾਇ॥੬॥ ਸੂਰ ਦਾ ਡਲਾ ਸੰਗਤ ਸਿੰਘ ਦੇ ਮੂੰਹ ਵਿੱਚ ਪਾ ਕੇ ਛੱਡਿਆ ਉਸਨੂੰ ਕਹਿੰਦੇ ਹੁਣ ਵੈਸ਼ਨੂੰ ਪੁਣਾ ਟੁੱਟ ਗਿਆ ਨਾ ਤੇਰਾ, ਮੀਰੀ ਸਿੰਘ ਨੇ ਸੰਗਤ ਸਿੰਘ ਦੀ ਛਾਤੀ ਤੇ ਬੈਠ ਕੇ ਸੂਰ ਦਾ ਡਲਾ ਮੂੰਹ ਵਿਚ ਪਾ ਕੇ ਛੱਡਿਆ ਕਹਿੰਦਾ ਹੁਣ ਠੀਕ ਹੈ, ਹੁਣ ਤਾਂ ਹੋ ਗਿਆ ਨਾ ਤੱਤ ਖਾਲਸਾ। ੬।

ਇਮ ਕੀਜੋ ਭੁਜੰਗੀ ਉਸ ਕੋ ਪੂਤ॥ ਇਉਂ (ਉਸਕੋ) ਉਸਦੇ, ਲਹੌਰਾ ਸਿੰਘ ਦੇ ਪੁੱਤਰ ਨੂੰ ਭੁਜੰਗੀ ਬਣਾ ਲਿਆ, ਨਿਹੰਗ ਭੁਜੰਗ ਬਣ ਗਿਆ ਹੈ ਸੰਗਤ ਸਿੰਘ ਹੁਣ। ਲਹੌਰਾ ਸਿੰਘ ਦੇ ਪੁੱਤਰ ਨੂੰ ਤੱਤ ਖਾਲਸੇ ਵਿੱਚ ਰਲਾ ਲਿਆ ਹੈ।

ਬਚਜੋ ਲਹੌਰਾ ਸਿੰਘ ਕਰ ਸੂਤ॥ ਲਹੌਰਾ ਸਿੰਘ ਪੰਥ ਨਾਲ ਆਪਣੀ ਗੱਲ (ਸੂਤ) ਠੀਕ ਕਰਕੇ ਬਚਿਆ ਹੈ। ਹੁਣ ਉਸਦੀ ਵਾਰੀ ਸੀ, ਕਿ ਤੂੰ ਘੋਲ ਕਰਨਾ ਕਿਸੇ ਨਾਲ ਕਿ ਸਿੱਧਾ ਹੋ ਕੇ ਰਲਣਾ ਸਾਡੇ ਨਾਲ। ਜਦੋਂ ਉਸਦੇ ਪੁੱਤਰ ਨੂੰ ਸਿੰਘ ਸਜਾ ਲਿਆ, ਉਸੇ ਵੇਲੇ ਹੀ ਲਹੌਰਾ ਸਿੰਘ ਨੂੰ ਕਹਿੰਦੇ ਹੁਣ ਤੂੰ ਦੱਸ।

ਹਾਥ ਜੋੜ ਉਸ ਪਿਤਾ ਖਲੋਯਾ॥ ਸੰਗਤ ਸਿੰਘ ਦਾ ਪਿਤਾ ਲਹੌਰਾ ਸਿੰਘ ਖਾਲਸੇ ਪੰਥ ਅੱਗੇ ਹੱਥ ਜੋੜ ਕੇ ਖੜ੍ਹਾ ਹੋ ਗਿਆ ਹੈ।

ਮਹਾਂ ਪ੍ਰਸ਼ਾਦ ਉਨ ਨਿਜ ਬਖਸ਼ੋਯਾ॥੭॥ ਕਹਿੰਦਾ ਖਾਲਸਾ ਜੀ! ਮੈਂ ਹਾਜ਼ਰ ਹਾਂ, ਮੈਨੂੰ ਖਾਲਸੇ ਪੰਥ ਵਿਚ ਰਲਾ ਲਵੋ, ਪਰ ਮਹਾਂ ਪ੍ਰਸ਼ਾਦ ਦੀ ਖਿਮਾ ਕਰ ਦਿਉ, ਮਹਾਂ ਪ੍ਰਸ਼ਾਦ ਨਾ ਛਕਣਾ ਹੋਵੇ ਤਾਂ ਮੈਂ ਤੁਹਾਡੇ ਨਾਲ ਹਾਂ, ਇਉਂ ਬਖਸ਼ਾ ਲਿਆ ਖਾਲਸੇ ਤੋਂ। ੭।

ਅੱਗੇ ਸੁਨੋ ਮਹੰਤ ਉਸ ਬਾਤ॥ ਇਹਨਾਂ ਵਿਚ ਇੱਕ ਮਹੰਤ ਸੀ, ਜੋ ਬੰਦਈਆਂ ਦਾ ਜਥੇਦਾਰ ਬਣਿਆ ਸੀ। ਜਿਹੜਾ ਸਭ

ਤੋਂ ਵੱਡਾ ਜੱਥੇਦਾਰ ਸੀ ਹੁਣ ਉਸਦੀ ਗੱਲ ਸੁਣੋ ਕਿ ਉਸਦੇ ਨਾਲ ਕਿਵੇਂ ਵਾਪਰੀ।

ਜਿਮ ਕਰ ਹੋਇਆ ਉਸ ਕੋ ਘਾਤ॥ ਜਿਸ ਕਰਕੇ ਉਸ ਮਹੰਤ ਦਾ (ਘਾਤ) ਕਤਲ ਹੋਇਆ।

ਕਹਜੋ ਖਾਲਸੈ "ਛੱਡ ਜਾਹੁ ਡੇਰਾ"॥ ਉਸ ਮਹੰਤ ਨੂੰ ਤੱਤ ਖਾਲਸੇ ਨੇ ਕਿਹਾ ਕਿ ਕੂਚ ਕਰ ਜਾ ਹੁਣ ਏਥੋਂ, ਡੇਰਾ ਚੁੱਕ ਤੇ ਅਗਾਂਹ ਹੋ, ਤੁਹਾਡੀ ਹਾਰ ਹੋ ਗਈ ਹੈ, ਸਾਰੀਆਂ ਗੱਲਾਂ ਨਿੱਬੜ ਗਈਆਂ ਤੇ ਫੈਸਲੇ ਹੋ ਗਏ ਹਨ, ਸਿੱਖ ਤੈਨੂੰ ਛੱਡ ਕੇ ਭੱਜ ਗਏ ਨੇ, ਜਾਹ ਕਰ ਜਾ ਏਥੋਂ ਕੂਚ ਅਸੀਂ ਤੈਨੂੰ ਕੁਛ ਨਹੀਂ ਕਹਿੰਦੇ। ਖਾਲਸੇ ਪੰਥ ਨੇ ਦੇਖੋ ਨਿਮਰਤਾ ਵਿਖਾਈ ਕਿ ਅਸੀਂ ਕੁਛ ਨਹੀਂ ਕਹਿੰਦੇ, ਕਿ ਜਾਉ ਅਸੀਂ ਕੀ ਆਖਣਾ, ਫੇਰ ਵੀ ਸਿੱਖ ਨੇ ਇਉਂ ਕਹਿ ਦਿੱਤਾ ਇਨ੍ਹਾਂ ਨੂੰ ਤੁਰਨ ਵਾਸਤੇ।

ਮੰਨੀ ਨ ਗੱਲ ਉਸ ਮਚ ਗਜੋ ਰੌਰਾ॥ ੮॥ ਮਨ ਦੇ ਆਕੜ ਖ਼ੋਰ ਕਦੋਂ ਮੰਨਦੇ ਨੇ, ਉਹ ਕਹਿੰਦੇ ਅਸੀਂ ਆਏ ਹਾਂ ਤੁਰ ਕੇ, ਅਸੀਂ ਫੇਰ ਹਿੱਸਾ ਲੈਣਾ ਤਕੜੇ ਹੋ ਕੇ, ਫੇਰ ਕਦੋਂ ਦਿੱਤਾ ਇਹਨਾਂ ਨੇ, ਉਹ ਅੱਗੋਂ ਆਕੜ ਗਏ, ਹੋ ਗਿਆ ਜੰਗ ਸ਼ੁਰੂ! ੮।

ਦੋਹਰਾ॥ ਦੁਹੂੰ ਓਰ ਰੌਰਾ ਭਯੋ, ਮਾਰਹਿ ਮਾਰ ਸੁ ਹੋਇ॥ ਦੋਹਾਂ ਪਾਸਿਆਂ ਤੋਂ (ਰੌਲਾ) ਫੜ ਲਉ ਫੜ ਲਉ, ਹੋ ਗਈ, ਦੋਹਾਂ ਪਾਸਿਆਂ ਨੇ ਖੰਡੇ ਖਿੱਚ ਲਏ ਤੇ ਮਾਰ ਲਉ ਮਾਰ ਲਉ ਹੋ ਗਈ ਹੈ।

ਹਾਥ ਉਠਜੋ ਤਬ ਖਾਲਸੈ, ਰੋਕ ਨ ਸੱਕਜੋ ਕੋਇ॥੯॥ ਜਦੋਂ ਖਾਲਸੇ ਦਾ ਹੱਥ ਉਠ ਬੈਠਾ, ਪੈ ਨਿਕਲਿਆ ਹੈ ਖੰਡੇ ਖਿੱਚ ਕੇ, ਹੁਣ ਵਿੱਚ ਕਿਹੜਾ ਆਵੇ, ਜਦੋਂ ਖਾਲਸੇ ਨੇ ਅਕਾਲੀ ਹੱਲਾ ਬੋਲਿਆ ਤਾਂ ਅੱਗੋਂ ਕੋਈ ਰੋਕ ਨਹੀਂ ਸਕਿਆ। ੯।

ਚੌਪਈ॥ ਅਕਾਲ ਅਕਾਲ ਕਹਿ ਉਠੇ ਸਿੰਘ ਧਾਈ॥ ਸਤਿ ਸ੍ਰੀ ਅਕਾਲ, ਸਤਿ ਸ੍ਰੀ ਅਕਾਲ, ਕਹਿੰਦਿਆਂ ਧਾਵਾ ਬੋਲ ਦਿੱਤਾ ਖਾਲਸੇ ਨੇ।

ਬਾੜੇ ਕੀ ਜਾ ਬਾੜ ਪੁਟਾਈ॥ ਜਿਹੜੀ ਵਾੜ ਬਣਾਈ ਹੋਈ ਚਾਰ ਚੁਫੇਰੇ ਬਾੜ ਲਾ ਕੇ, ਬਾੜਾ ਬਣਾ ਕੇ ਉਤਰੇ ਹੋਏ ਸਨ, ਉਸ ਬਾੜੇ ਦੀ ਜਾ ਸਾਰੀ ਵਾੜ ਪੁਟਾ ਦਿੱਤੀ ਖਾਲਸੇ ਨੇ।

ਦੋਊ ਵਲ ਤੇ ਸ਼ਸਤ੍ਰ ਝੜੇ॥ ਦੋਹਾਂ ਪਾਸਿਆਂ ਤੋਂ ਸ਼ਸਤ੍ਰ ਚਲੇ ਫੇਰ, ਖੰਡੇ ਤਲਵਾਰਾਂ ਚਲੀਆਂ ਹਨ, ਬੰਦੂਕਾਂ ਚਲ ਪਈਆਂ ਉੱਧਰੋ ਉੱਧਰੀ।

ਤਹਿੰ ਨ ਬੰਦਈ ਸਕੇ ਹੁਇ ਖੜੇ॥੧੦॥ ਤੱਤ ਖਾਲਸੇ ਦੇ ਅੱਗੇ ਬੰਦਈ ਉਥੇ ਖੜ੍ਹੇ ਨਾ ਰਹਿ ਸਕੇ, ਪੈ ਗਈਆਂ ਭਾਜੜਾਂ ਜਦੋਂ ਖਾਲਸੇ ਨੇ ਹੱਲਾ ਬੋਲ ਦਿੱਤਾ। ੧੦।

ਕਰ ਮਹੰਤ ਜੋ ਉਨੈ ਬਹਾਯੋ॥ ਮਹੰਤ ਸਿੰਘ ਉਸਦਾ ਨਾਮ ਸੀ, ਭਾਰੀ ਸਰੀਰ ਵਾਲਾ ਸੀ, ਇਸਨੂੰ ਕੋਈ ਘੋੜਾ ਚੁੱਕਦਾ ਨਹੀਂ ਸੀ, ਐਨਾ ਭਾਰੀ ਸੀ। ਜਿਸ ਨੂੰ ਬੰਦਈਆਂ ਨੇ ਗੱਡੇ ਉੱਤੇ ਗੱਦੀ ਲਾ ਕੇ ਮਹੰਤ ਥਾਪ ਕੇ ਬਿਠਾਇਆ ਸੀ।

ਪਹੁੰਚ ਖਾਲਸੈ ਤਿਹ ਥਾਂ ਘਾਯੋ॥ ਖਾਲਸੇ ਉੱਥੇ ਪਹੁੰਚ ਗਏ ਮਾਰ ਕੇ ਛਾਲ ਗੱਡੇ ਉੱਤੇ ਚੜ੍ਹ ਗਏ, ਮਾਰ ਕੇ ਖੰਡਾ ਸਿਰ ਲਾਹ ਦਿੱਤਾ ਉਸਦਾ, ਚੁੱਕ ਕੇ ਉਸਦੀ ਦੇਹ ਥੱਲੇ ਮਾਰੀ ਗੱਡੇ ਤੋਂ।

ਹੁਤੀ ਗਡੇ ਪਰ ਗੱਦੀ ਬਨਾਈ॥ ਗੱਡੇ ਉੱਤੇ ਜੋ ਗੱਦੀ ਬਣਾਈ ਹੋਈ ਸੀ।

ਦੌੜ ਸਿੰਘ ਚੜ੍ਹ ਬੈਠੇ ਧਾਈ॥੧੧॥ ਭੱਜ ਕੇ ਸਿੰਘ ਗੱਡੇ ਉੱਤੇ ਜਾ ਚੜ੍ਹੇ ਹਨ। ੧੧।

ਹੁਤੋ ਮਹੰਤ ਥੋ ਖੇਮਕਰਨ ਵਾਰੋ॥ ਇਹ ਜੋ ਬੰਦਈਆਂ ਦਾ ਮਹੰਤ ਬਣ ਕੇ ਬੈਠਾ ਸੀ, ਇਹ ਖੇਮਕਰਨ ਦੇ ਰਹਿਣ ਵਾਲਾ ਸੀ।

ਜਾਤ ਕਮੋਇ ਨਾਮ ਮਹੰਤ ਸਿੰਘ ਧਾਰੋ॥ ਕਮੋ ਜਾਤ ਦਾ ਤੇ ਨਾਮ ਮਹੰਤ ਸਿੰਘ ਰੱਖਿਆ ਹੋਇਆ ਸੀ ਇਸਦਾ।

ਜਿਨ ਜਿਨ ਹਥ ਤੈ ਸ਼ਸਤ੍ਰ ਨ ਗੇਰੇ॥ ਖਾਲਸੇ ਨੇ ਕਿਹਾ ਜਿਹੜਾ ਆਪਣਾ ਹਥਿਆਰ ਸੁੱਟ ਦੇਵੇਗੇ ਅਸੀਂ ਉਸਨੂੰ ਛਡਣਾ, ਦੂਜਾ ਅਸੀਂ ਨਹੀਂ ਛੱਡਣਾ, ਜਿਨ੍ਹਾਂ ਨੇ ਹਥਿਆਰ ਸੁੱਟ ਕੇ, ਹੱਥ ਜੋੜ ਦਿੱਤੇ ਖਾਲਸੇ ਅੱਗੇ, ਉਹ ਤਾਂ ਖਾਲਸੇ ਨੇ ਨਾਲ

ਰਲਾ ਲਏ ਨੇ, ਜਿਨ੍ਹਾਂ ਨੇ ਆਪਣੇ ਹਥਿਆਰ ਨਾ ਸੁੱਟੇ।

ਮਾਰ ਕਰੇ ਤਾਹਿ ਖਾਲਸੇ ਢੇਰੇ॥੧੨॥ ਮਾਰ ਮਾਰ ਕੇ ਉਹਨਾਂ ਦੇ ਢੇਰ ਲਾ ਦਿੱਤੇ ਖਾਲਸੇ ਨੇ, ਝਟਕਾ ਦਿੱਤੇ ਸਭ। ੧੨।

ਜਿਨ ਜਿਨ ਸ਼ਸਤ੍ਰ ਦਏ ਤਿੰਹ ਡਾਰ॥ ਜਿਨ੍ਹਾਂ ਜਿਨ੍ਹਾਂ ਨੇ ਸ਼ਸਤ੍ਰ ਖਾਲਸੇ ਅੱਗੇ ਰੱਖ ਦਿੱਤੇ, ਲਉ ਖਾਲਸਾ ਜੀ! ਅਸੀਂ ਹੁਕਮ ਦੀ ਪਾਲਣਾ ਕਰਦੇ ਹਾਂ।

ਰੱਖ ਰਲਾਏ ਪੰਥਹਿ ਨਾਰ॥ ਉਨ੍ਹਾਂ ਨੂੰ ਰੱਖ ਲਿਆ, ਖਾਲਸੇ ਨੇ ਆਪਣੇ ਪੰਥ ਵਿੱਚ ਰਲਾ ਲਿਆ।

ਦੋਹੀ ਖਾਲਸੇ ਕੀ ਤਿੰਹ ਭਈ॥ (ਦੋਹੀ) ਦੁਹਾਈ, ਖਾਲਸੇ ਦੀ ਜੈ ਜੈ ਕਾਰ ਹੋ ਗਈ, ਖਾਲਸੇ ਦੀ ਦੋਹਾਈ ਫਿਰ ਇੱਕ ਵੇਰਾਂ ਸਾਰੇ ਅੰਮ੍ਰਿਤਸਰ ਦੇ ਵਿੱਚ।

ਬਚਜੋ ਸੋਊ ਜਿਨ ਫੜ੍ਹੈ ਗੁਰ ਕਹੀ॥੧੩॥ ਉਹੀ ਬਚਿਆ ਹੈ, ਜਿਸਨੇ ਦੂਰੋਂ ਹੀ ਖਾਲਸੇ ਨੂੰ ਵੇਖ ਕੇ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤ੍ਹੇ ਆਖੀ, ਉਹੀ ਛੱਡਿਆ ਦੂਜੇ ਨੂੰ ਨਹੀਂ ਛਡਿਆ ਹੁਣ ਦਰਸ਼ਨ ਫਤ੍ਹੇ ਕੌਣ ਬੁਲਾਵੇ ਡਰਦਾ, ਖੰਡੇ ਦੀ ਧਾਰ ਜਦੋਂ ਵਹਿ ਤੁਰੀ। ੧੩।

ਦੋਹਰਾ॥ ਦੋਹੀ ਫਿਰੀ ਅਕਾਲ ਕੀ, ਬੰਦਈ ਬਚਜੋ ਨਹਿੰ ਕੋਇ॥ ਜਦੋਂ ਖਾਲਸੇ ਨੇ ਤਹਿ ਤੇਗ ਕਰ ਦਿੱਤੀ ਫੜ ਕੇ, ਅਕਾਲ ਦੀ ਦੋਹੀ ਫਿਰ ਗਈ , ਤੱਤ ਖਾਲਸਾ ਹੀ ਤੱਤ ਖਾਲਸਾ ਹੋ ਗਿਆ, ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ ਬੋਲਣ, ਹੁਣ ਬੰਦਈ ਫਤ੍ਹੇ ਬੁਲਾਉਣ ਵਾਲਾ ਰਿਹਾ ਹੀ ਕੋਈ ਨਹੀਂ, ਸਭ ਭਾਗੜ ਦੰਗ ਹੋ ਗਏ, ਜਿਤਨੇ ਵੀ ਬੰਦਈ ਸਨ ਸਭ ਹੀ ਖਾਲਸੇ ਨੇ ਸਫਾ ਕਰ ਦਿਤੇ। ਕੋਈ ਵੀ ਬੰਦਈ ਬਾਕੀ ਨਹੀਂ ਬਚਿਆ ਹੈ।

ਲੁਕਜੋ ਛਪਜੋ ਜੋ ਥੋ ਬਚਜੋ, ਹਾਰ ਰਲਜੋ ਪੰਥ ਸੋਇ॥੧੪॥ ਜਿਹੜਾ ਕੋਈ ਲੁਕਿਆ ਛਿਪਿਆ ਕੋਈ ਬਚਿਆ ਹੈ, ਉਹ ਹਾਰ ਕੇ ਪੰਥ ਦੀ ਸ਼ਰਣ ਵਿਚ ਆ ਗਏ ਹਨ, ਅਤੇ ਅੰਮ੍ਰਿਤ ਛਕ ਕੇ ਤੱਤ ਖਾਲਸੇ ਵਿਚ ਰਲ ਗਏ ਹਨ। ੧੪।

ਚੌਪਈ॥ ਜਹਿੰ ਬੰਦੱਯਨ ਥੀ ਗੱਦੀ ਲਗਾਈ॥ ਜਿਥੇ ਬੰਦਈਆਂ ਨੇ ਗੱਡੇ ਉੱਤੇ ਗੱਦੀ ਲਗਾਈ ਸੀ।

ਤਿਹ ਥਾਂ ਬੈਠਜੋ ਮਨੀ ਸਿੰਘ ਭਾਈ॥ ਭਾਈ ਮਨੀ ਸਿੰਘ ਜੀ ਨੂੰ ਉਸ ਗੱਦੀ ਉੱਤੇ ਬਿਠਾ ਦਿੱਤਾ ਖਾਲਸੇ ਪੰਥ ਨੇ।

ਆਇ ਸ਼ਰਨ ਜੋ ਉਨ ਕੀ ਪਰੈ॥ ਜਿਹੜਾ ਕੋਈ ਬੰਦਈ ਆ ਕੇ ਭਾਈ ਮਨੀ ਸਿੰਘ ਦੀ ਸ਼ਰਨ ਪੈਂਦਾ ਹੈ। ਕਿ ਸਾਨੂੰ ਰੱਖ ਲਉ ਜੀ, ਸਾਨੂੰ ਬਚਾ ਲਉ, ਮੈਂ ਤੁਹਾਡੇ ਨਾਲ ਰਲਦਾ ਹਾਂ।

ਲਾਇ ਤਨਖਾਹਿ ਤਿਹ ਖਾਲਸੋ ਕਰੈ॥੧੫॥ ਉਸਨੂੰ ਤਨਖਾਹ ਲਾ ਕੇ ਬਿਬੇਕ ਲਾਕੇ, ਨੀਲਾ ਬਾਣਾ ਪੁਆ ਕੇ, ਤੱਤ ਖਾਲਸਾ ਬਣਾ ਲੈਂਦੇ ਹਨ। ੧੫।

ਨਾਨੂ ਸਿੰਘ ਹੁਤੋ ਢੇਸੀਏ ਵਾਲੋ॥ ਗੁਰਾਇਆ ਦੇ ਕੋਲ ਢੇਸੀਆਂ ਪਿੰਡ ਦਾ ਨਾਨੂ ਸਿੰਘ ਹੁੰਦਾ ਸੀ।

ਲਹੌਰਾ ਸਿੰਘ ਤੇ ਸਜਾਮ ਸਿੰਘ ਕਲਾਲੋ॥ ਲਾਹੌਰਾ ਸਿੰਘ ਤੇ ਸਜਾਮ ਸਿੰਘ, ਕਲਾਲ ਜਾਤ ਦੇ ਸਨ, ਇਹ ਬੰਦਈਆਂ ਵਿਚ ਮੁਖੀ ਸਿਖ ਸਨ, ਇਹ ਖਾਲਸੇ ਵਿਚ ਆ ਰਲੇ ਹਨ।

ਔ ਬਖਸ਼ੀਸ਼ ਸਿੰਘ ਭੀ ਮਿਲਤੀ ਕੇਈ॥ ਭਾਈ ਬਖਸ਼ੀਸ਼ ਸਿੰਘ ਵੀ ਚੰਗਾ ਗੁਰਮੁਖ ਸਿੰਘ ਸੀ, ਉਸਨੇ ਵੀ ਆ ਕੇ ਖਾਲਸੇ ਪੰਥ ਨਾਲ ਮੇਲ ਕਰ ਲਿਆ।

ਪਿੰਡ ਚਮਾਰੀ ਤਿਸ ਘਰ ਥੇਈ॥੧੬॥ ਚਮਾਰੀ ਨਗਰ ਵਿੱਚ ਇਸ ਦਾ ਘਰ ਸੀ, ਭਾਵ ਭਾਈ ਬਖਸ਼ੀਸ਼ ਸਿੰਘ ਚਮਾਰੀ ਪਿੰਡ ਦੇ ਰਹਿਣ ਵਾਲਾ ਸੀ। ੧੬।

ਭਾਈ ਭਗਤੂ ਕੇ ਪੋਤ੍ਰੇ ਦੋਊ॥ ਜਿਹੜੇ ਭਾਈ ਭਗਤੂ ਦੇ ਦੋਵੇਂ ਪੋਤਰੇ ਸਨ।

ਕੀਏ ਨਬਾਬ ਬੰਦੇ ਥੇ ਸੋਊ॥ ਇਹਨਾਂ ਦੋਵਾਂ ਨੂੰ ਸਿੰਘਾਂ ਦੇ ਮੁਕਾਬਲੇ ਤੇ, ਬੰਦੇ ਬਹਾਦਰ ਨੇ ਨਬਾਬ ਬਣਾਇਆ ਸੀ।

ਤਉ ਖਾਲਸੈ ਫੜ ਕਰ ਓਇ॥ ਖਾਲਸੇ ਨੇ ਫੜ ਲਿਆ ਇਹਨਾਂ ਨੂੰ ਕਿਉਂ ਭਗਤੂ! ਤੁਹਾਡੇ ਨਾਲ ਕੀ ਵਰਤਾਉ ਕਰੀਏ ਹੁਣ ਆਉ ਐਧਰ, ਫੜ ਕੇ ਖਾਲਸੇ ਨੇ ਭਾਈ ਮਨੀ ਸਿੰਘ ਜੀ ਦੇ ਪੇਸ਼ ਕੀਤੇ।

ਨੀਲ ਬਸਤ੍ਰ ਕਰ ਛੱਡੇ ਸੋਇ॥੧੭॥ ਉਹਨਾਂ ਦਾ ਸੂਹਾ ਭੇਖ ਉਤਾਰ ਕੇ ਅਤੇ ਨੀਲਾ ਬਾਣਾ ਧਾਰਨ ਕਰਾਕੇ ਉਹਨਾਂ ਨੂੰ ਛੱਡ ਦਿੱਤਾ ਹੈ। ੧੭।

ਦੋਹਰਾ॥ ਸਭ ਭਾਈਅਨ ਮਿਲ ਇਮ ਕਹਜੋ, "ਹਮ ਤੈ ਉਜਰ ਨ ਹੋਇ। ਸਭ ਭਾਈ ਕਿਆਂ ਨੇ ਭਾਵੇਂ ਪੁਰਾਤਨ ਜਾਂ ਨਵੇਂ ਬਣੇ ਬੰਦਈ ਸਿੱਖ ਸਨ, ਸਭ ਨੇ ਮਿਲ ਕੇ ਇਉਂ ਕਿਹਾ ਹੈ, ਕਿ ਖਾਲਸਾ ਜੀ! ਸਾਡੇ ਕੋਲੋਂ ਕੋਈ ਉਜ਼ਰ ਨਹੀਂ ਹੁੰਦਾ ਹੈ, ਭਾਵ ਅਸੀਂ ਖਾਲਸੇ ਤੋਂ ਮੁਨਕਰ ਨਹੀਂ ਹਾਂ।

ਗੋਲੀ ਹੋਇ ਜੁ ਖ਼ਸਮ ਕੀ, ਬਸਤ੍ਰ ਪਹਿਰਾਵੈ ਕੋਇ" ॥੧੮॥ ਜਿਹੜੀ ਆਪਣੇ ਖਸਮ ਦੀ ਗੋਲੀ ਹੋਵੇ, ਖਸਮ ਉਸਨੂੰ ਜਿਹੋ ਜਿਹੇ ਮਰਜ਼ੀ ਬਸਤ੍ਰ ਪਹਿਣਾਵੇ, ਭਾਵ ਕਿ ਅਸੀਂ ਖਾਲਸੇ ਦੇ ਸੇਵਕ ਹਾਂ, ਤੁਹਾਡੇ ਗੋਲੇ ਲਾਲੇ ਹਾਂ, ਚਾਕਰ ਹਾਂ, ਜੋ ਮਰਜ਼ੀ ਸਾਡੇ ਨਾਲ ਕਰੋ, ਸਾਨੂੰ ਕੋਈ ਉਜ਼ਰ ਨਹੀਂ ਹੈ। ੧੮।

ਬੰਦਈਅਨ ਔ ਭੁਜੰਗੀਅਨ, ਐਸੀ ਬੀਤੀ ਬਾਤ॥ (ਬੰਦਈਅਨ) ਬੰਦੇ ਬਹਾਦਰ ਦੇ ਚੇਲਿਆਂ ਅਤੇ (ਭੁਜੰਗੀਅਨ) ਤੱਤ ਖਾਲਸੇ ਦੀ ਕਹਾਣੀ ਇਸ ਤਰ੍ਹਾਂ ਵਾਪਰੀ ਹੈ।

ਰਤਨ ਸਿੰਘ ਨੇ ਜਿਮ ਸੁਨੀ, ਲਿਖੀ ਤਿਸੈ ਹੀ ਭਾਂਤਿ॥੧੯॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਵੇਂ ਅਸੀਂ ਇਹ ਸਾਖੀ ਸੁਣੀ ਹੈ ਪੁਰਾਤਨ ਸਿੰਘਾਂ ਤੋਂ ਜਿਨ੍ਹਾਂ ਨੇ ਆਪਣੀ ਅੱਖੀਂ ਸਾਰੇ ਹਾਲਾਤ ਦੇਖੇ ਹਨ, ਮੈਂ ਉਸੇ ਤਰ੍ਹਾਂ ਹੀ ਲਿਖ ਦਿੱਤੀ ਹੈ। ੧੯।

ਪ੍ਰਸੰਗ ਬਾਬੇ ਬਿਨੋਦ ਸਿੰਘ ਔ ਕਾਹਨ ਸਿੰਘ ਟੇਹਣ ਔ ਭੁਜੰਗੀਅਨ ਕੋ॥

ਦੋਹਰਾ॥ ਅੰਗਦ ਗੁਰ ਔ ਅਮਰ ਕੋ, ਤਿਹਣ ਭਲੇ ਕੁਲ ਦੋਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਗੁਰੂ ਅੰਗਦ ਦੇਵ ਜੀ ਦੀ ਤ੍ਰੇਹਣ ਕੁਲ ਅਤੇ ਗੁਰੂ ਅਮਰਦਾਸ ਜੀ ਦੀ ਭੱਲੇ ਕੁੱਲ, ਇਹਨਾਂ ਦੋਹਾਂ ਕੁਲਾਂ ਵਿੱਚੋਂ।

ਖੰਡੇ ਪਾਹੁਲ ਜਿਨ ਲਈ, ਭਏ ਭੁਜੰਗੀ ਸੋਇ॥੧॥ ਜਿਨ੍ਹਾਂ ਨੇ ਖੰਡੇ ਦੀ ਪਾਹੁਲ ਲਈ ਹੈ ਭਾਵ ਜਿਨ੍ਹਾਂ ਨੇ ਖੰਡੇ ਦਾ ਅੰਮ੍ਰਿਤ ਛਕਿਆ ਹੈ, ਇਹ (ਭੁਜੰਗੀ) ਸਾਹਿਬਜ਼ਾਦੇ ਗੁਰੂ ਕੇ, ਇਹ ਭੁਜੰਗ ਫੌਜ, ਇਹਨਾਂ ਵਾਸਤੇ 'ਭੁਜੰਗ' ਸ਼ਬਦ ਵਰਤਿਆ ਹੈ, ਇਹ ਵੀ ਖਾਲਸਾ ਪੰਥ ਵਿਚ ਭਰਤੀ ਹੋਏ ਹਨ। ੧।

ਚੌਪਈ॥ ਟੇਹਣ ਬਿਨੋਦ ਸਿੰਘ ਕੋ ਭਾਈ ਕਾਨ੍ਹ ਸਿੰਘ॥ ਭਾਈ ਬਿਨੋਦ ਸਿੰਘ "ਤ੍ਰੇਹਣ" ਦਾ ਭਾਈ ਕਾਨ੍ਹ ਸਿੰਘ।

ਕਾਨ੍ਹ ਸਿੰਘ ਕੋ ਸੁਤ ਮੀਰੀ ਭੁਜੰਗ॥ ਕਾਨ੍ਹ ਸਿੰਘ ਦਾ ਪੁੱਤਰ ਮੀਰੀ ਸਿੰਘ, ਭੁਜੰਗ ਸਿੰਘ ਹੈ। (ਭੁਜੰਗ) ਲੜਾਕੂ, ਬਹਾਦਰ। ਭਾਈ ਬਿਨੋਦ ਸਿੰਘ ਤੇ ਭਾਈ ਕਾਨ੍ਹ ਸਿੰਘ ਜੀ ਨੂੰ, ਬੰਦੇ ਬਹਾਦਰ ਨਾਲ, ਬੰਦੇ ਨੂੰ ਗੁਰਮਤਿ ਦ੍ਰਿੜ੍ਹ ਕਰਾਉਣ ਵਾਸਤੇ, ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਹਜ਼ੂਰ ਸਾਹਿਬ ਤੋਂ ਭੇਜਿਆ ਸੀ। ਜਦੋਂ ਬੰਦੇ ਬਹਾਦਰ ਨੇ ਮੰਗ ਕੀਤੀ ਸੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਤੋਂ ਕਿ ਮਹਾਰਾਜ ਮੇਰੇ ਨਾਲ ਸਿਆਣੇ ਸਿਆਣੇ ਸਿੰਘ ਭੇਜਿਉ।

ਲਈ ਤੁਰਕ ਸੋਂ ਉਨ ਜੁਗਤ ਮਿਲਾਇ॥ ਭਾਈ ਕਾਨ੍ਹ ਸਿੰਘ ਜੀ ਨੇ ਜੁਗਤੀ ਨਾਲ ਤੁਰਕਾਂ ਨਾਲ ਗੱਲ ਬਾਤ ਕਰਕੇ, ਖਾਲਸੇ ਦਾ ਨਿਰਬਾਹ ਕਰਨ ਵਾਸਤੇ ਸਮੇਂ ਦੀ ਨਜ਼ਾਕਤ ਨੂੰ ਸਮਝਦੇ ਹੋਏ ਤੁਰਕਾਂ ਨਾਲ ਮੇਲ ਕਰ ਲਿਆ।

ਦਈ ਸਭੀ ਉਸ ਗਲ ਸਮੁਝਾਇ॥੨॥ ਉਸ ਨੇ ਉਨ੍ਹਾਂ ਨੂੰ ਸਾਰੀ ਗੱਲ ਸਮਝਾ ਦਿੱਤੀ। ੨।

ਸਾਖੀ ਗੁਲਾਬ ਰਾਇ ਕੀ ਗੁਰਿਆਈ ਕੀ

(ਗੁਲਾਬ ਰਾਇ ਨੇ ਗੁਰੂ ਸਦਵਾਣਾ ਤੇ ਮਹਿਰੀ ਨੂੰ ਦੋ ਪੁਤ੍ਰਾਂ ਦਾ ਵਰ ਦੇਣਾ)

ਦੋਹਰਾ॥ ਸਾਖੀ ਸੁਨੋ ਅਬ ਉਨੋਂ ਕੀ, ਸ੍ਰੀ ਗੁਰ ਗੈਲ ਜੁ ਗੁਰੂ ਅਖਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਦੋਂ ਸਤਿਗੁਰੂ ਜੀ ਸ੍ਰੀ ਅਨੰਦਪੁਰ ਸਾਹਿਬ ਨੂੰ ਛੱਡ ਕੇ ਸੱਚਖੰਡ ਨੂੰ ਚਲੇ ਗਏ ਸਨ, ਸਤਿਗੁਰ ਜੀ ਤੋਂ ਪਿਛੋਂ ਜਿਨ੍ਹਾਂ ਨੇ ਆਪਣੇ ਆਪ ਨੂੰ ਗੁਰੂ ਕਹਾਇਆ, ਹੁਣ ਉਨ੍ਹਾਂ ਦੀ ਕਹਾਣੀ ਸੁਣੋ।

ਤਤ ਖਾਲਸੇ ਸੌਂ ਬੈਰ ਰਖ, ਮੁਏ ਹਾਰ ਪਛੁਤਾਇ॥੧॥ ਗੁਰੂ ਤਾਂ ਜਰੂਰ ਬਣੇ ਪਰ ਉਨ੍ਹਾਂ ਨੇ ਤੱਤ ਖਾਲਸੇ ਨਾਲ ਵੈਰ ਵਿੱਢ ਲਿਆ, ਹਾਰ ਕੇ ਪਛਤਾਵਾ ਕਰਕੇ ਮਰ ਗਏ ਹਨ। ੧।

ਕੁੰਡਲੀਆ॥ ਦੇਖ ਚਰਿਤ ਤਿਯ ਚਤਰ, ਕਜਾ ਹੁਨਰ ਗੁਰ ਸੋ ਕੀਨ॥ ਇਕ ਮਹਿਰੀ ਔਰਤ ਸੀ ਉਸ ਨੇ, ਜੋ ਨਵੇਂ ਗੁਰੂ ਬਣੇ ਸੂਰਜ ਮੱਲ ਸੋਢੀ ਦੀ ਬੰਸ ਵਿਚੋਂ ਗੁਲਾਬ ਰਾਇ, ਉਸ ਚਲਾਕ ਔਰਤ ਨੇ ਇੱਕ ਚਰਿੱਤ੍ਰ ਕੀਤਾ ਹੈ।

ਹੁਤੀ ਨ ਲਿਖਤ ਉਲਾਦ ਉਸ, ਕਰ ਚਤੁਰਾਈ ਲੀਨ॥ ਉਸਦੇ ਭਾਗਾਂ ਵਿਚ ਉਲਾਦ ਨਹੀਂ ਲਿਖੀ ਸੀ ਪ੍ਰਮਾਤਮਾ ਨੇ, ਜਿਵੇਂ ਉਸ ਨੇ ਗੁਲਾਬ ਰਾਇ ਤੋਂ ਚਲਾਕੀ ਕਰਕੇ ਦੋ ਪੁੱਤਰ ਪ੍ਰਾਪਤ ਕੀਤੇ।

ਚਤੁਰਾਈ ਸੌਂ ਸੁਤ ਲੀਨ, ਉਨੈ ਕਾ ਨਾਮ ਸੁਨਾਊਂ॥ ਚਤੁਰਾਈ ਨਾਲ ਦੋ ਪੁੱਤਰ ਲੈ ਲਏ ਉਸ ਨੇ ਉਹਨਾਂ ਦੇ ਨਾਮ ਸੁਣਾਉਂਦਾ ਹਾਂ। ਮੈਂ, ਭਾਈ ਰਤਨ ਸਿੰਘ ਜੀ ਕਹਿੰਦੇ ਹਨ।

ਇਕੈ "ਭਵਾਨੀਓ" ਕਹੈਂ, ਦੂਜੈ ਕੌ "ਗੁਰੀਓ" ਬਤਾਊਂ॥ ਇੱਕ ਨੂੰ "ਭਵਾਨੀਂ" ਕਹਿੰਦੇ ਸਨ ਤੇ ਦੂਜੇ ਨੂੰ "ਗੁਰੀਓ" ਨਾਮ ਕਰਕੇ ਸੱਦਦੇ ਸਨ।

ਮਹਿਰੀ ਕਹਿ ਉਸ ਇਸਤਰੀ, ਜਿਹ ਸੁਤ ਹੁਤ ਨਹਿ ਲੇਖ॥ ਉਸ ਇਸਤ੍ਰੀ ਨੂੰ "ਮਹਿਰੀ" ਕਰਕੇ ਲੋਕ ਕਹਿੰਦੇ ਸਨ, ਜਿਸਦੇ ਲੇਖਾਂ ਵਿੱਚ ਪੁੱਤਰ ਹੈ ਨਹੀਂ ਸੀ।

ਦੇਤੇ ਪੁੱਤਰ ਸਭਨ ਕੌ, ਗੁਲਾਬ ਰਾਇ ਕੌ ਪੇਖ॥੨॥ ਗੁਲਾਬ ਰਾਇ ਜਦੋਂ ਸਾਰਿਆਂ ਨੂੰ ਪੁੱਤਰ ਦਿੰਦਾ ਵੇਖਿਆ ਮਹਿਰੀ ਨੇ। ੨।

ਦੋਹਰਾ॥ ਗਈ ਸੋਢੀ ਰਾਇ ਗੁਲਾਬ ਪੈ, ਜਬ ਬੈਠੋ ਮੰਜੀ ਲਾਇ॥ ਸੋਢੀ ਗੁਲਾਬ ਰਾਇ ਜਦੋਂ ਮੰਜੀ ਲਾ ਕੇ ਬੈਠਾ ਤਾਂ ਮਹਿਰੀ ਪੁੱਤ੍ਰ ਪ੍ਰਾਪਤੀ ਵਾਸਤੇ ਇਸ ਦੇ ਕੋਲ ਚਲੀ ਗਈ।

ਦੂਧ ਪੂਤ ਸੰਗਤ ਦਏ, ਸੁਨਿ ਮਹਿਰੀ ਆਈ ਧਾਇ॥੩॥ ਗੁਲਾਬ ਰਾਇ ਦੇ ਪਾਸ ਸੰਗਤ ਆਉਂਦੀ ਹੈ, ਉਹ ਉਨ੍ਹਾਂ ਨੂੰ ਦੁੱਧ ਪੁੱਤਰ ਬਖਸ਼ਦਾ ਹੈ, ਸੰਗਤ ਉਸਨੂੰ ਦਸਵੰਧ ਆਦਿਕ ਭੇਟਾ ਦਿੰਦੀ ਹੈ। ਇਹ ਗੱਲਾਂ ਸੁਣ ਕੇ ਮਹਿਰੀ ਵੀ ਆ ਗਈ ਹੈ। ੩।

ਚੌਪਈ॥ ਜਹਿ ਦਮਦਮੈ ਗੁਰੂ ਗੋਬਿੰਦ ਸਿੰਘ ਬੈਠੇ॥ ਜਿਸ ਦਮਦਮੇ ਤਖਤ ਤੇ ਆਪ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਬੈਠਦੇ ਸਨ।

ਲਾਇ ਮੰਜੀ ਗੁਲਾਬ ਰਾਇ ਐਠੇ॥ ਐਥੇ ਹੁਣ ਗੁਲਾਬ ਰਾਇ ਨੇ ਮੰਜੀ ਲਾ ਲਈ ਉਸੇ ਤਰ੍ਹਾਂ ਹੀ, ਆਪਣੇ ਆਪ ਨੂੰ ਗੁਰੂ ਕਹਾਉਣ ਲੱਗਾ ਹੈ, ਇਸ ਸਾਰੇ ਇਲਾਕੇ ਦਾ ਮਾਲਕ।

ਸੋ ਤਹਿ ਜਾਇ ਮਹਿਰੀ ਠਾਢੀ ਭਈ॥ ਉਥੇ ਜਾ ਕੇ ਗੁਲਾਬ ਰਾਇ ਦੇ ਅੱਗੇ ਮਹਿਰੀ ਖੜੀ ਹੋ ਗਈ ਹੈ।

ਹਾਥ ਜੋੜ ਤਿਨ ਬਿਨਤੀ ਕਈ॥੪॥ ਉਸ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ। ੪।

"ਮੇਰੀ ਸਾਂਝ ਜਗ ਮਾਂਹਿ ਕਰਾਵੋ॥ ਹੇ ਗੁਰੂ ਜੀ! ਮੇਰੀ ਸੰਸਾਰ ਦੇ ਵਿੱਚ ਸਾਂਝ ਕਰਾਉ।

ਦੈ ਪੁੱਤਰ ਮੋਹਿ ਜਗਤ ਰਲਾਵੋ॥ ਮੈਨੂੰ ਪੁੱਤਰ ਦੀ ਬਖਸ਼ਸ਼ ਕਰਕੇ ਸੰਸਾਰ ਦੇ ਨਾਲ ਰਲਾ ਦਿਉ, ਨਹੀਂ ਤਾਂ ਮੈਂ ਐਵੇਂ ਬਾਂਝ ਹੀ ਜਾ ਰਹੀ ਹਾਂ।

ਪੁੱਤ੍ਰਨ ਤੇ ਹੋਵੈ ਜਗ ਸਾਂਝ॥ ਪੁੱਤਰ ਦੇ ਨਾਲ ਹੀ ਸੰਸਾਰ ਵਿੱਚ ਸਾਂਝ ਪੈਂਦੀ ਹੈ, ਬਿਨਾਂ ਪੁੱਤਰ ਤੋਂ ਸਾਂਝ ਨਹੀਂ ਵਧਦੀ।

ਬਿਨ ਪੁੱਤ੍ਰ ਅਕਾਰਥ ਜਨਮ ਜਗ ਮਾਂਝ॥੫॥ ਪੁੱਤਰ ਤੋਂ ਬਿਨਾਂ ਤਾਂ ਸੰਸਾਰ ਵਿੱਚ ਜਨਮ ਹੀ ਬਿਅਰਥ ਜਾਂਦਾ ਹੈ। ੫।

ਇਹੀ ਪੁਜਾਵੋ ਹਮਰੀ ਆਸ॥ ਮਹਿਰੀ ਬੇਨਤੀ ਕਰਦੀ ਹੈ, ਹੇ ਗੁਰੂ ਜੀ! ਮੇਰੀ ਵੀ ਇਹ ਆਸਾ ਪੂਰੀ ਕਰੋ।

ਮੁਹਿ ਪੁੱਤ੍ਰਨ ਕੀ ਹੈ ਬਡ ਖਾਸ॥ ਮੈਨੂੰ ਪੁੱਤਰਾਂ ਦੀ ਪ੍ਰਾਪਤੀ ਦੀ ਬੜੀ ਭਾਰੀ ਖਾਹਸ਼ ਹੈ।

ਜੀਵਣ ਜੋਗੇ ਦੁਇ ਸੁਤ ਦੱਯੋ॥ (ਜਿਉਣ ਜੋਗੇ) ਵੱਡੀ ਉਮਰ ਵਾਲੇ ਦੋ ਪੁੱਤਰ ਦਿਉ ਮੈਨੂੰ।

ਹਮਰੀ ਸਾਂਝ ਜਗ ਮਾਂਹ ਰਲਵੱਯੋ" ॥੬॥ ਮੇਰੀ ਵੀ ਸਾਂਝ ਸੰਸਾਰ ਵਿੱਚ ਰਲਵਾ ਦਿਓ। ੬।

ਦੋਹਰਾ॥ ਭਾਈ ਮਸੰਦ ਸੁਲੱਖਣੋਂ, ਔ ਮੇਵੜ ਖੜੇ ਅਨੇਕ॥ ਜਿਸ ਵੇਲੇ ਮਹਿਰੀ ਗੁਲਾਬ ਰਾਇ ਤੋਂ ਪੁੱਤਰਾਂ ਦੀ ਮੰਗ ਕਰ ਰਹੀ ਸੀ, ਉਸ ਸਮੇਂ ਸੁਲੱਖਣਾ ਮਸੰਦ ਅਤੇ ਅਨੇਕਾਂ (ਮੇਵੜੇ) ਅਰਦਾਸੀਏ ਕੋਲ ਖੜੇ ਸਨ।

ਕਰੀ ਫੁਰਮਾਇਸ਼ ਸਭਨ ਮਿਲ, ਵਲ ਮਹਿਰੀ ਕੀ ਵੇਖ॥੭॥ ਮਹਿਰੀ ਵੱਲ ਵੇਖ ਕੇ ਇਨ੍ਹਾਂ ਮਸੰਦਾਂ, ਮੇਵੜਿਆਂ ਨੇ ਮਿਲ ਗੁਲਾਬ ਰਾਇ ਕੋਲ ਇਸਦੀ ਸਿਫਾਰਸ਼ ਕੀਤੀ ਕਿ ਗੁਰੂ ਜੀ ਜਰੂਰ ਇਸਦੀ ਆਸਾ ਪੂਰੀ ਕਰੋ ਤੁਹਾਡੇ ਕੋਲ ਆਕੇ ਪੱਲਾ ਅੱਡਿਆ ਹੈ ਇਸਨੇ, ਮੰਗ ਕੀਤੀ ਹੈ, ਬਖਸ਼ੋ ਇਸਨੂੰ ਪੁੱਤਰ। ੭।

ਰਲ ਸਿਖ ਸੰਗਤ ਜਬ ਕਹੀ, ਤਬ ਗੁਰੂ ਕੀਓ ਧਿਆਨ॥ ਜਦੋਂ ਸਾਰੀ ਸੰਗਤ ਨੇ ਫੁਰਮਾਇਸ਼ ਕੀਤੀ ਰਲ ਕੇ ਮਹਿਰੀ ਦੀ ਤਾਂ ਗੁਲਾਬ ਰਾਇ ਜੋ ਆਪਣੇ ਆਪ ਨੂੰ ਗੁਰੂ ਕਹਾਉਂਦਾ ਸੀ ਉਸ ਨੇ ਧਿਆਨ ਜੋੜਿਆ ਹੈ ਇਸ ਵਾਸਤੇ।

"ਲੇਖ ਨ ਲਿਖਿਓ ਇਸ ਪੁਤਰ" ਊਚੈ ਕਹੀ ਬਖਾਨ॥੮॥ ਗੁਲਾਬ ਰਾਇ ਉੱਚੀ ਅਵਾਜ ਵਿੱਚ ਬੋਲਿਆ, ਕਿ ਇਸ ਦੇ ਮੱਥੇ ਤੇ ਲੇਖ ਨਹੀਂ ਲਿਖਿਆ ਪੁੱਤਰ ਦਾ। ੮।

ਚੌਪਈ॥ ਹੁਤੀ ਸੁਨਤ ਥੀ ਮਹਿਰੀ ਖੜੀ॥ ਮਹਿਰੀ ਖੜੀ ਹੋਈ ਨੇ ਜਦੋਂ ਇਸ ਤਰ੍ਹਾਂ ਸੁਣਿਆ।

"ਨਹਿੰ ਲਿਖਿਓ" ਗਲ ਉਸ ਕੰਨ ਪੜੀ॥ ਜਦੋਂ ਗੁਲਾਬ ਰਾਇ ਵਲੋਂ ਪੁੱਤਰ ਇਸ ਦੇ ਲੇਖਾਂ ਵਿੱਚ ਨਹੀਂ ਲਿਖਿਆ ਇਹ ਗੱਲ ਉਸ ਦੇ ਕੰਨਾਂ ਵਿਚ ਪਈ।

ਦੌੜ ਜਾਇ ਕਲਮ ਕਾਗਜ ਆਣਾ॥ ਜਿਉਂ ਭੱਜੀ ਉਸਨੇ ਜਾ ਕੇ ਕਲਮ ਤੇ ਕਾਗਜ ਲੈ ਆਂਦਾ ਹੈ।

ਕਲਮਦਾਨ ਲਜਾਇ ਅਗੈ ਠਾਣਾ॥ ੯॥ (ਕਲਮਦਾਨ) ਸ਼ਾਹੀ ਵਾਲੀ ਦਵਾਤ, ਕਲਮ ਤੇ ਕਾਗਜ਼ ਗੁਲਾਬ ਰਾਇ ਦੇ ਅੱਗੇ ਕਰ ਦਿੱਤਾ। ੯।

ਹਾਥ ਜੋੜ ਫਿਰ ਬਿਨਤੀ ਕਹੀ॥ ਮਹਿਰੀ ਨੇ ਹੱਥ ਜੋੜਕੇ ਅਰਦਾਸ ਕੀਤੀ।

ਜੋ ਲਿਖੀ ਨ ਆਗੈ ਅਬ ਲਿਖ ਦੇ ਸਹੀ॥ ਹੇ ਗੁਰੂ ਜੀ! ਜੇ ਅੱਗੇ ਨਹੀਂ ਮੇਰੇ ਭਾਗਾਂ ਵਿਚ ਉਲਾਦ ਲਿਖੀ, ਤਾਂ ਹੁਣ ਲਿਖ ਦਿਉ, ਇਹ ਕਲਮ ਦਵਾਤ ਲਉ ਤੁਸੀਂ।

ਇਤੈ ਉਤੇ ਤੁਮਹੀ ਲਿਖਨਹਾਰੇ। (ਇਤੈ ਉਤੇ) ਏਥੇ ਤੇ ਉਥੇ ਲੋਕ ਪ੍ਰਲੋਕ ਵਿਚ ਹੇ ਗੁਰੂ ਜੀ! ਤੁਸੀਂ ਹੀ ਲਿਖਣ ਵਾਲੇ ਹੋ। ਇਉਂ ਮਹਿਰੀ ਲੱਗੀ ਚਤੁਰਾਈ ਦੀਆਂ ਗੱਲਾਂ ਕਰਨ।

ਅਗੇ ਨ ਲਿਖਜੋ ਅਬ ਲਿਖੋ ਹਮਾਰੇ॥੧੦॥ ਜੇ ਤੁਸੀਂ ਅੱਗੇ ਨਹੀਂ ਲਿਖਿਆ ਤਾਂ ਹੁਣ ਲਿਖ ਦਿਉ ਮੇਰੇ ਭਾਗਾਂ ਵਿੱਚ ਪੁੱਤਰ। ੧੦।

ਲੇਖ ਲਿਖਜੋ ਜੋ ਪਿਛਲੋ ਪਈਐ॥ ਮਹਿਰੀ ਕਹਿਣ ਲੱਗੀ ਜੇ ਪਿਛਲਾ ਹੀ ਲੇਖ ਲਿਖਿਆ ਪਾਉਣਾ ਹੈ ਗੁਰੂ ਜੀ।

ਤੌ ਕਿਮ ਗੁਰ ਕੀ ਸੇਵ ਕਮਈਐ॥ ਤਾਂ ਕਿਵੇਂ ਗੁਰੂ ਦੀ ਸੇਵਾ ਕਰੀਏ, ਜੇ ਆਪਦੇ ਭਾਗਾਂ ਦਾ ਹੀ ਪਾਉਣਾ ਤਾਂ, ਤੁਸੀਂ ਕੁਛ ਨਹੀਂ ਦੇ ਸਕਦੇ ਤਾਂ ਫੇਰ ਕੀ ਲੋੜ ਹੈ ਤੁਹਾਡੇ ਅੱਗੇ ਭੇਟਾ ਰੱਖਣ ਦੀ, ਦਸਵੰਧ ਦੇਣ ਦੀ ਤੁਹਾਡੀਆਂ ਮਿੰਨਤਾਂ ਕਰਨ ਦੀ।

ਜੌ ਗੁਰੂ ਹੋਇ ਨ ਦੇਨੇ ਜੋਗੁ॥ ਜੇ ਗੁਰੂ ਸਿੱਖ ਨੂੰ ਕੁਛ ਦੇਣ ਜੋਗਾ ਨਹੀਂ ਹੈ।

ਤੌ ਉਸ ਕੌ ਸਿਖ ਕਬ ਕੌ ਹੋਗੁ॥੧੧॥ ਤਾਂ ਐਸੇ ਗੁਰੂ ਦਾ ਕਦੋਂ ਕੋਈ ਸਿੱਖ ਬਣੇਗਾ, ਜਿਹੜਾ ਕੁਛ ਦੇ ਲੈ ਹੀ ਨਹੀਂ ਸਕਦਾ, ਕੀ ਲੋੜ ਹੈ ਉਸਦੇ ਕੋਲ ਜਾਣ ਆਉਣ ਦੀ। ੧੧।

ਦੋਹਰਾ॥ ਦੇਖ ਢਿਠਾਈ ਨਾਰ ਕੀ, ਸੰਗਤ ਹਸੀ ਹਸਾਇ॥ ਇਹ ਢੀਠਪੁਣਾ ਵੇਖ ਕੇ ਉਸ ਔਰਤ ਦਾ ਸਾਰੀ ਸੰਗਤ ਖਿੜ ਖਿੜਾ ਕੇ ਹੱਸ ਪਈ, ਲੇਕਨ ਫਸਾ ਲਿਆ ਗੁਰੂ ਨੂੰ, ਹੁਣ ਕਿਸ ਤਰ੍ਹਾਂ ਨਿਕਲੇ, ਜੇ ਤਾਂ ਆਖੇ ਕਿ ਮੈਂ ਦੇ ਨਹੀਂ ਸਕਦਾ ਤਾਂ ਗੁਰਿਆਈ ਤੋਂ ਗਿਆ, ਸੰਗਤ ਆਖੇ ਬੜਾ ਗੁਰੂ ਹੈ ਇਹ, ਇਹ ਤਾਂ ਹੁਣ ਮੁਕਰਿਆ ਖੜਾ ਕਿ ਮੈਂ ਦੇ ਨਹੀਂ ਸਕਦਾ। ਮਹਿਰੀ ਨੇ ਇਉਂ ਗੁਲਾਬ ਰਾਇ ਨੂੰ ਚਾਰ ਚੁਫੇਰਿਓਂ ਘੇਰ ਲਿਆ ਹੈ।

ਦੇਖ ਸੁ ਸੰਗਤ ਵਲ ਗੁਰੂ, ਲੀਨੀ ਕਲਮ ਉਠਾਇ॥੧੨॥ ਸੰਗਤ ਨੂੰ ਹੱਸਦਿਆਂ ਵੇਖ ਕੇ (ਗੁਰੂ) ਗੁਲਾਬ ਰਾਇ ਨੇ ਕਲਮ ਚੁੱਕ ਲਈ। ੧੨।

ਚੌਪਈ॥ ਹਸੇ ਬਚਨ ਸੁਨ ਗੁਲਾਬੈ ਰਾਇ॥ ਗੁਲਾਬ ਰਾਇ ਵੀ ਮਹਿਰੀ ਦਾ ਬਚਨ ਸੁਣ ਕੇ ਹੱਸ ਪਿਆ ਹੈ ਖਿੜਖਿੜਾ ਕੇ, ਮਹਿਰੀ ਬੜੀ ਚਤੁਰ ਹੈ, ਇਸਨੇ ਤਾਂ ਘੇਰ ਲਿਆ ਮੈਨੂੰ।

ਗੁਰੀਓ ਪੁਤ੍ਰ ਉਸ ਲਿਖ ਦਜੋ ਨਾਇ॥ ਗੁਲਾਬ ਰਾਇ ਨੇ ਉਸ ਪੁੱਤਰ ਦਾ ਨਾਮ ਕਾਗਜ ਤੇ ਗੁਰੀਓ ਲਿਖ ਦਿਤਾ ਹੈ।

ਟੇਕ ਮਥੋ ਉਨ ਕਾਗਦਿ ਹਥ ਫਰਜੋ॥ ਮਹਿਰੀ ਨੇ ਕਾਗਦ ਹੱਥ ਵਿਚ ਫੜ ਕੇ ਜਿਸਤੇ ਗੁਰੀਓ ਲਿਖਿਆ ਸੀ, ਗੁਲਾਬ ਰਾਇ ਨੂੰ ਮੱਥਾ ਟੇਕਿਆ।

ਕਾਗਜ ਫੜ ਸਿਰ ਊਪਰ ਧਰਜੋ॥੧੩॥ ਕਾਗਜ਼ ਪਕੜ ਕੇ ਸਤਿਕਾਰ ਵਜੋਂ ਆਪਣੇ ਸਿਰ ਤੇ ਰੱਖਿਆ ਹੈ। ੧੩।

ਸੋ ਕਾਗਜ਼ ਜਾ ਖੂਬ ਧਰਜੋ ਮੰਦਰ॥ ਉਹ ਕਾਗਜ਼ ਉਸਨੇ ਆਪਣੇ (ਮੰਦਰ) ਘਰ ਦੇ ਵਿਚ (ਖੂਬ) ਚੰਗੀ ਤਰ੍ਹਾਂ ਸਾਂਭ ਰੱਖਿਆ।

ਭਜੋ ਬੇਟੋ ਉਸ ਇਕ ਬਰਸ ਅੰਦਰ॥ ਸਾਲ ਦੇ ਅੰਦਰ ਅੰਦਰ ਪੁੱਤਰ ਹੋ ਗਿਆ ਉਸਦੇ। ਬਚਨ ਹੋ ਗਿਆ ਗੁਲਾਬ ਰਾਇ ਦਾ ਇਹ ਗੁਰੂ ਅੰਸ ਸਨ, ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਾਹਿਬਜਾਦੇ ਬਾਬਾ ਸੂਰਜ ਮੱਲ ਜੀ ਹੋਏ ਹਨ, ਸੂਰਜ ਮੱਲ ਦਾ ਪੁੱਤਰ ਗੁਲਾਬ ਰਾਇ ਹੋਇਆ ਹੈ, ਭਾਵ ਗੁਲਾਬ ਰਾਇ ਗੁਰੂ ਹਰਿਗੋਬਿੰਦ ਸਹਿਬ ਜੀ ਦੇ ਪੋਤਰੇ ਹੋਏ। ਕਰਾਮਾਤ ਤਾਂ ਗੁਰੂ ਘਰ ਦੇ ਕੁੱਤਿਆਂ ਵਿੱਚ ਵੀ ਸੀ, ਬਚਨ ਪੂਰੇ ਹੁੰਦੇ ਸਨ, ਜਿਸ ਤਰ੍ਹਾਂ ਬਾਬਾ ਅਟੱਲ ਜੀ ਨੇ ਮੋਹਣ ਨੂੰ ਜਿਉਂਦਾ ਕੀਤਾ, ਬਾਬਾ ਗੁਰਦਿੱਤਾ ਜੀ ਨੇ ਮੋਈ ਗਊ ਜਿਵਾਈ, ਏਸ ਤਰ੍ਹਾਂ ਹੀ ਗੁਲਾਬ ਰਾਇ ਨੇ ਵੀ ਮਹਿਰੀ ਨੂੰ ਪੁੱਤਰ ਬਖਸ਼ੇ ਸਨ।

ਨਾਮ ਭਵਾਨੀਓਂ ਉਸਕੋ ਪਰਜੋ॥ ਮਹਿਰੀ ਨੇ ਦੋ ਪੁੱਤਰ ਲੈਣੇ ਸਨ, ਇਸ ਕਰਕੇ ਇਸ ਨੇ ਉਸ ਪੁੱਤਰ ਦਾ ਨਾਮ ਗੁਰੀਓ ਰੱਖਣ ਦੀ ਥਾਂ ਉਸਦਾ ਨਾਮ ਭਵਾਨੀਓਂ ਰੱਖ ਦਿੱਤਾ, ਉਸ ਦਾ ਨਾਮ ਭਵਾਨੀਓਂ ਪੈ ਗਿਆ।

ਯਹੀ ਸਭ ਮੌਂ ਮਸ਼ਹੂਰ ਸੁ ਕਰਿਓ॥੧੪॥ ਮਹਿਰੀ ਨੇ ਮਸ਼ਹੂਰ ਕਰ ਦਿੱਤਾ ਕਿ ਭਵਾਨੀਓਂ ਹੈ ਇਸਦਾ ਪੁੱਤਰ, ਗੁਰੀਓ ਨਹੀਂ ਹੈ। ੧੪।

ਫਿਰ ਮਹਿਰੀ ਕੌ ਆਇਉ ਖਜਾਲ॥ ਇਸ ਤਰ੍ਹਾਂ ਜਦੋਂ ਪੁੱਤਰ ਹੁਸ਼ਿਆਰ ਹੋ ਗਿਆ, ਫੇਰ ਮਹਿਰੀ ਨੂੰ ਖਿਆਲ ਆਇਆ ਕਿ ਦੋ ਪੁੱਤਰ ਲੈਣੇ ਹਨ।

ਗੁਰੀਓ ਲੈਣ ਫਿਰ ਕਰਜੋ ਸਵਾਲ॥ ਹੁਣ "ਗੁਰੀਓ" ਪੁੱਤਰ ਲੈਣ ਵਾਸਤੇ ਮਹਿਰੀ ਨੇ ਗੁਲਾਬ ਰਾਇ ਅੱਗੇ ਫੇਰ ਸਵਾਲ

ਖੜਾ ਕਰ ਦਿੱਤਾ, ਕਿ ਹੇ ਗੁਰੂ ਜੀ! ਜੋ ਤੁਸੀਂ ਲਿਖ ਕੇ ਦਿੱਤਾ ਸੀ ਗੁਰੀਓ ਪੁੱਤਰ ਹੁਣ ਉਹ ਦਿਉ ਮੈਨੂੰ।

ਸਤਿਗੁਰ ਕਹੀ "ਤੁਮ ਗੋਦੀ ਹੈ ਕੋਇ ?"॥ (ਸਤਿਗੁਰ) ਗੁਲਾਬ ਰਾਇ ਕਹਿਣ ਲੱਗਾ ਮਹਿਰੀ ਨੂੰ, ਤੇਰੀ ਗੋਦੀ ਵਿਚ ਕੀ ਹੈ, ਉਹ ਪੁੱਤਰ ਨਹੀਂ ਜਿਹੜਾ ਤੈਨੂੰ ਦਿੱਤਾ ਹੈ।

ਮਹਰੀ ਕਹੀ ਯਹ ਭਵਾਨੀਓਂ ਸੋਇ॥੧੫॥ ਮਹਿਰੀ ਕਹਿਣ ਲੱਗੀ ਜੀ ਉਹ ਤਾਂ ਭਵਾਨੀਓਂ ਹੈ, ਗੁਰੀਓ ਤਾਂ ਹੈ ਨਹੀਂ, ਤੁਸੀਂ ਤਾਂ ਗੁਰੀਓ ਦਿੱਤਾ ਮੈਨੂੰ। ੧੫।

ਤੁਮ ਅਪਨੋ ਲਿਖਜੋ ਵਾਚੋ ਆਪ॥ ਮਹਿਰੀ ਨੇ ਗੁਲਾਬ ਰਾਇ ਵਲੋਂ ਲਿਖਿਆ ਕਾਗਜ ਕੱਢ ਲਿਆ, ਕਹਿਣ ਲੱਗੀ "ਤਸੀਂ ਆਪਣਾ ਲਿਖਿਆ ਆਪ ਹੀ ਪੜ੍ਹੋ।"

ਭਵਾਨੀਓਂ ਲਿਖਜੋ ਕਿ ਗੁਰੀਓ ਥਾਪ॥ ਆਹ ਭਵਾਨੀਓਂ ਲਿਖਿਆ ਹੈ ਜਾਂ ਗੁਰੀਓ ਤੁਸੀਂ ਆਪਣੀ ਲਿਖਤ ਆਪ ਹੀ ਪੜ੍ਹ ਕੇ ਦੇਖ ਲਉ।

ਸਤਿਗੁਰ ਕਹਜੋ ਹਸ "ਮਹਿਰੀ ਚਰਿਤ੍ਰਹਾਰੀ॥ (ਸਤਿਗੁਰ) ਗੁਲਾਬ ਰਾਇ ਨੇ ਹੱਸ ਕੇ ਆਖਿਆ "ਮਹਿਰੀ ਬੜੀ ਚਰਿਤ੍ਰ ਕਰਨ ਵਾਲੀ ਔਰਤ ਹੈ।

ਲੈ ਗੁਰੀਓ ਔਰ ਦੂਜੋ ਵਾਰੀ" ॥੧੬॥ ਲੈ ਹੋਰ ਦੂਜੀ ਵਾਰ ਹੋਰ ਗੁਰੀਓ ਲੈ, ਜਾਹ ਤੇਰੇ ਗੁਰੀਓ ਪੁੱਤ੍ਰ ਹੋਵੇਗਾ, ਏਸ ਤਰ੍ਹਾਂ ਵਰ ਦੇ ਦਿੱਤਾ। ੧੬।

ਦੋਹਰਾ॥ ਫਿਰ ਗੁਰੀਓ ਦੂਜੋ ਭਯੋ, ਕਰ ਹੁਨਰ ਦੁਏ ਸੁਤ ਲੀਨ॥ ਫੇਰ ਦੂਜਾ ਪੁੱਤਰ ਗੁਰੀਓ ਪੈਦਾ ਹੋਇਆ , ਇਸ ਤਰ੍ਹਾਂ ਮਹਿਰੀ ਨੇ ਚਰਿਤ੍ਰ ਕਰ ਕੇ ਗੁਲਾਬ ਰਾਇ ਤੋਂ ਦੋ ਪੁੱਤਰ ਪ੍ਰਾਪਤ ਕਰ ਲਏ। ਹੁਨਰ=ਚਰਿਤ੍ਰ।

ਚਰਿਤ੍ਰਨ ਕੋ ਘਰ ਨਾਰ ਹੈ, ਜਿਨ ਚਰਿਤ੍ਰ ਗੁਰੂ ਸੋਂ ਕੀਨ॥੧੭॥ ਇਸਤ੍ਰੀਆਂ ਤਾਂ ਚਰਿਤ੍ਰਾਂ ਦਾ ਘਰ ਹਨ, ਚਰਿਤ੍ਰਾਂ ਦਾ ਭਰਿਆ ਕੋਠਾ ਹਨ, ਜਿਸਨੇ ਗੁਰੂ ਨਾਲ ਵੀ ਚਰਿਤ੍ਰ ਕਰਕੇ, ਦੋ ਪੁੱਤਰ ਕਰ ਲਏ ਹਨ। ੧੭।

ਦੂਜੀ ਸਾਖੀ ਗੁਲਾਬ ਰਾਇ ਕੀ

ਗੁਲਾਬ ਰਾਇ ਗੁਰੂ ਕਿਵੇਂ ਸਦਾਯਾ। ਉਸ ਦਾ ਐਸ਼ਰਜ। ਬਹਾਦਰ ਸ਼ਾਹ ਨਾਲ ਮੇਲ।

ਦੋਹਰਾ॥ ਜੇ ਕੋ ਆਖੈ ਪ੍ਰਸ਼ਨ ਯਹਿ "ਗੁਰ ਕਬ ਹੋਇ ਗੁਲਾਬ"॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜੇ ਕੋਈ ਸ਼ੰਕਾਵਾਦੀ ਇਹ ਪ੍ਰਸ਼ਨ ਕਰੇ ਕਿ ਗੁਲਾਬ ਰਾਇ ਕਦੋਂ ਗੁਰੂ ਹੋਇਆ ਹੈ?

ਤਾਂਹੀ ਕੋ ਸੋ ਚਾਹੀਏ, ਲਿਖਿਓ ਯਹੀ ਜੁਬਾਬ॥ ੧॥ ਉਸ ਨੂੰ ਇਹੀ ਜਵਾਬ ਲਿਖ ਕੇ ਦੇਣਾ ਚਾਹੀਦਾ ਹੈ। ੧।

ਚੌਪਈ॥ ਬਹਾਦ੍ਰ ਸ਼ਾਹਿ ਜਬ ਅਯੋ ਸ੍ਰਹੰਦ॥ ਜਦੋਂ ਦਿੱਲੀ ਦਾ ਬਾਦਸ਼ਾਹ ਬਹਾਦਰ ਸ਼ਾਹ ਸਰਹੰਦ ਆਇਆ ਸੀ।

ਬੁਲਾਇ ਪੁਛਜੋ ਉਨ ਸੁਲਖਣੋਂ ਮਸੰਦ॥ ਸਰਹੰਦ ਵਿੱਚ ਸੁਲੱਖਣਾ ਨਾਮ ਦਾ ਮਸੰਦ ਸੀ, ਬਹਾਦਰ ਸ਼ਾਹ ਨੇ ਉਸਨੂੰ ਬੁਲਾ ਕੇ ਪੁੱਛਿਆ ਹੈ।

"ਜੋ ਸਤਿਗੁਰ ਕੋ ਬੰਸੀ ਹੋਇ॥ ਜੇ ਕੋਈ ਗੁਰੂ ਕੀ ਬੰਸ ਵਿਚੋਂ ਹੋਵੇ, ਅੱਗੇ ਉਨ੍ਹਾਂ ਦੀ ਸੰਤਾਨ ਵਿਚੋਂ ਹੋਵੇ।

ਮੁਲਾਕਾਤ ਉਸ ਕਰਾ ਦਜੋ ਮੋਹਿ" ॥੨॥ ਜੇ ਕੋਈ ਹੈ ਤਾਂ ਉਹਦੇ ਨਾਲ ਮੇਰੀ ਮੁਲਾਕਾਤ ਕਰਾ ਦਿਉ, ਮਿਲਾਉ ਮੈਨੂੰ ਉਨ੍ਹਾਂ ਦੇ ਨਾਲ। ੨।

ਸੁਲਖਨੋ ਗੁਲਾਬ ਰਾਇ ਲੈ ਆਯਾ॥ ਸੁਲੱਖਣਾ ਮਸੰਦ ਅਨੰਦਪੁਰ ਸਾਹਿਬ ਜਾ ਕੇ ਗੁਰੂ ਅੰਸ ਵਿਚੋਂ ਗੁਲਾਬ ਰਾਇ ਨੂੰ ਲੈ ਆਇਆ ਹੈ।

ਬਹਾਦ੍ਰ ਸ਼ਾਹਿ ਸੋਂ ਮਿਲਨ ਠਹਿਰਾਯਾ॥ ਬਹਾਦਰ ਸ਼ਾਹ ਨਾਲ ਮਿਲਣ ਦੀ ਤਰੀਕ ਬੰਨ੍ਹ ਲਈ ਹੈ ਕਿ ਅਸੀਂ ਫਲਾਨੇ ਦਿਨ ਤੁਹਾਡੇ ਨਾਲ ਮੇਲ ਮੁਲਾਕਾਤ ਕਰਾਉਂਦੇ ਹਾਂ।

ਜੋ ਗੱਦੀ ਸ੍ਰੀ ਨਾਨਕ ਬਹੈ॥ ਜੋ ਕੋਈ ਗੁਰੂ ਨਾਨਕ ਜੀ ਦੀ ਗੱਦੀ ਉੱਤੇ ਬੈਠੇ, ਸਥਾਪਤ ਹੋਵੇ।

ਸ਼ਾਹਿ ਉਸੈ "ਰਾਮਦਾਸ" ਮੁਖੋਂ ਕਹੈ॥੩॥ ਜੋ ਮੁਗਲ ਪਾਤਸ਼ਾਹ ਹੁੰਦੇ ਸਨ, ਉਹ ਉਨ੍ਹਾਂ ਨੂੰ ਆਪਣੇ ਮੁਖੋਂ ਰਾਮਦਾਸ ਕਹਿ ਕੇ ਬੁਲਾਉਂਦੇ ਸਨ ਇਹ ਗੁਰੂ ਘਰ ਦੀ ਪ੍ਰੰਪਰਾ ਚਲੀ ਆਉਂਦੀ ਸੀ, ਕਿ ਗੁਰੂ ਨਾਨਕ ਸਾਹਿਬ ਜੀ ਦੀ ਗੱਦੀ ਤੇ ਜੋ ਵੀ ਬਿਰਾਜਮਾਨ ਹੁੰਦੇ, ਮੁਗਲ ਬਾਦਸ਼ਾਹ ਉਨ੍ਹਾਂ ਨੂੰ ਰਾਮਦਾਸ ਕਹਿ ਕੇ ਬੁਲਾਉਂਦੇ ਸਨ। ਬਹਾਦਰ ਸ਼ਾਹ ਨੇ ਵੀ ਏਸ ਤਰ੍ਹਾਂ ਗੁਲਾਬ ਰਾਇ ਨੂੰ ਪਾਤਸ਼ਾਹ "ਰਾਮਦਾਸ" ਕਹਿ ਕੇ ਬੁਲਾਇਆ ਹੈ। ੩।

ਬਹਾਦ੍ਰ ਸ਼ਾਹਿ ਨੇ ਸਤਿਗੁਰ ਕਹੇ॥ ਬਹਾਦਰ ਸ਼ਾਹ ਨੇ ਗੁਲਾਬ ਰਾਇ ਨੂੰ ਸਤਿਗੁਰੂ ਆਖ ਕੇ ਬੁਲਾਇਆ ਹੈ।

ਪਤਿਸ਼ਾਹੀ ਦਿਵਾਵਤ ਜਬ ਤੈ ਭਏ॥ ਜਦੋਂ ਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਬਹਾਦਰ ਸ਼ਾਹ ਨੂੰ ਪਾਤਸ਼ਾਹੀ ਦਿਵਾ ਗਏ ਸਨ।

ਸੁਲਖਣੇ ਭੀ ਮੁਲਾਕਾਤ ਠਹਿਰਾਈ॥ ਸੁਲੱਖਣੇ ਮਸੰਦ ਨੇ ਵੀ ਮੁਲਾਕਾਤ ਦਾ ਸਮਾਂ ਲੈ ਲਿਆ ਹੈ।

ਸੁਧਿ ਆਮਦ ਜਿਮ ਹੋਤੀ ਆਈ॥੪॥ ਜਿਵੇਂ ਪਹਿਲੇ ਸਤਿਗੁਰਾਂ ਨਾਲ (ਸੁਧਿ ਆਮਦ) ਮੁਲਾਕਾਤ ਹੁੰਦੀ ਆਈ ਹੈ। ੪।

ਗੁਰ ਸ਼ਾਹਿ ਦੋਊ ਉਠ ਖੜ ਹੋਵੈਂ॥ ਜਦੋਂ ਮੁਲਾਕਾਤ ਹੁੰਦੀ ਤਾਂ ਸਤਿਗੁਰੂ ਤੇ ਬਾਦਸ਼ਾਹ ਦੋਵੇਂ ਉੱਠ ਕੇ ਖੜੇ ਹੋ ਜਾਂਦੇ ਸਨ।

ਅਗੈ ਕਦਮ ਕਰ ਅਗੇ ਆਵੈਂ ਦੋਵੈਂ॥ ਸਤਿਗੁਰੂ ਜੀ ਤੇ ਪਾਤਸ਼ਾਹ ਦੋਵੇਂ ਅੱਗੇ ਕਦਮ ਕਰ ਕੇ, ਕਦਮ ਪੁੱਟ ਕੇ ਇੱਕ ਦੂਜੇ ਵੱਲੇ ਅੱਗੇ ਵਧਦੇ।

ਸ਼ਾਹ ਹਾਥ ਜੋੜ ਅਗੈ ਕਰੈ॥ ਬਾਦਸ਼ਾਹ ਦੋਵੇਂ ਹੱਥ ਜੋੜ ਕੇ ਨਿੰਮ੍ਰਤਾ ਸਹਿਤ ਨਿਵ ਕੇ ਦੋਵੇਂ ਹੱਥ ਅੱਗੇ ਕਰ ਦਿੰਦਾ ਹੈ।

ਗੁਰੂ ਹੱਥ ਮਧ ਹੱਥ ਲਏ ਫਰੈ॥੫॥ ਸਤਿਗੁਰੂ ਜੀ ਅੱਗੇ ਹੋਕੇ ਆਪਣੇ ਹੱਥਾਂ ਨਾਲ ਬਾਦਸ਼ਾਹ ਦੇ ਦੋਵੇਂ ਹੱਥ ਫੜ ਲੈਂਦੇ ਸਨ। ੫।

ਦੋਹਰਾ ॥ ਖੈਰ ਖਰੀਅਤ ਸਤਿਗੁਰ ਪੁਛੈਂ, ਤਿਮ ਪੁਛੀ ਗੁਲਾਬਹਿ ਰਾਇ॥ ਜਿਵੇਂ ਸਤਿਗੁਰਾਂ ਦੇ ਸਮੇਂ ਵਿਚ ਖੈਰੀਅਤ ਪੁੱਛਦੇ ਸਨ, ਉਸੇ ਤਰ੍ਹਾਂ ਗੁਲਾਬ ਰਾਇ ਨੇ ਬਹਾਦਰ ਸ਼ਾਹ ਨੂੰ ਪੁਛਿਆ ਬਾਦਸ਼ਾਹ ਸਭ ਖੈਰੀਅਤ ਹੈ।

ਸ਼ਾਹ ਕਹੀ "ਤੁਮ ਦਿਦਾਰ ਤੈ" ਕਹਿ ਕੈ ਦੁਇ ਮੁੜ ਜਾਇ॥੬॥ ਪਾਤਸ਼ਾਹ ਨੇ ਕਿਹਾ ਤੁਹਾਡੇ "ਦਿਦਾਰ ਕਰਕੇ" ਸਭ ਸੁਖ ਸ਼ਾਂਤੀ ਹੈ, ਇਉਂ ਕਹਿ ਕੇ ਫੇਰ ਮੁੜ ਕੇ ਆਪੋ ਆਪਣੀ ਗੱਦੀ ਤੇ ਜਾ ਬੈਠਦੇ ਸਨ। ੬।

ਚੌਪਈ॥ ਸੁਧ ਆਮਦ ਜਿਮ ਹੋਤੀ ਆਈ॥ ਜਿਸ ਤਰ੍ਹਾਂ ਪਿੱਛੇ (ਸੁਧ ਆਮਦ) ਮੁਲਾਕਾਤ ਹੁੰਦੀ ਆਈ ਹੈ।

ਉਸੀ ਤੌਰ ਤਹਿੰ ਦਈ ਬਨਾਈ॥ ਉਹੀ ਤਰੀਕਾ ਮੁਲਾਕਾਤ ਦਾ ਬਾਦਸ਼ਾਹ ਤੇ ਗੁਲਾਬ ਰਾਇ ਵਿੱਚ ਬਣਾ ਦਿੱਤਾ ਹੈ।

ਸ਼ਾਹਿ ਥੋ ਸ੍ਰੀ ਸਤਿਗੁਰ ਕੋ ਸਿਖ॥ ਕਿਉਂਕਿ ਬਾਦਸ਼ਾਹ ਤਾਂ ਸਤਿਗੁਰੂ ਜੀ ਦਾ ਸਿੱਖ ਬਣ ਚੁੱਕਾ ਸੀ, ਗੁਰੂ ਘਰ ਦਾ ਸੇਵਕ ਬਣ ਚੁੱਕਾ ਸੀ।

ਸੁਲਖਨੈ ਕਹਜੋ ਤਿਮ ਮਿਲਜੋ ਬਲਿਖ॥੭॥ ਜਿਸ ਤਰ੍ਹਾਂ ਸੁਲੱਖਣੇ ਮਸੰਦ ਨੇ ਕਿਹਾ ਉਸੇ ਤਰ੍ਹਾਂ ਹੀ ਗੁਲਾਬ ਰਾਇ ਨੇ (ਬਲਿਖ) ਵਿਲੱਖਣ ਢੰਗ ਨਾਲ ਮੁਲਾਕਾਤ ਕੀਤੀ। ੭।

ਹੁਇ ਨਚਿੰਤ ਇਮ ਮੰਜੀ ਲਾਈ॥ ਗੁਲਾਬ ਰਾਇ ਅਨੰਦਪੁਰ ਸਾਹਿਬ ਵਿੱਚ ਉੱਚੇ ਦਮਦਮੇ ਤੇ ਸਤਿਗੁਰਾਂ ਦੇ ਵਾਂਗ ਹੀ (ਨਚਿੰਤ) ਬੇਫਿਕਰ ਹੋ ਕੇ ਮੰਜੀ ਲਾ ਕੇ ਬੈਠਾ ਹੈ।

ਦੋ ਇਕ ਬਰਸ ਇਮ ਗੁਰਤਾ ਪਾਈ॥ ਇਸ ਤਰ੍ਹਾਂ ਗੁਲਾਬ ਰਾਇ ਨੇ ਇੱਕ ਦੋ ਸਾਲ ਗੁਰ ਗੱਦੀ ਚਲਾਈ ਹੈ, ਇੱਕ ਦੋ ਸਾਲ ਹੀ ਗੁਰੂ ਰਹੇ ਸਨ ਗੁਲਾਬ ਰਾਇ। ਭਾਈ ਰਤਨ ਸਿੰਘ ਜੀ ਸ਼ੰਕਾਵਾਦੀਆਂ ਨੂੰ ਉੱਤਰ ਦਿੰਦੇ ਹਨ ਕਿ ਕਦੋਂ ਗੁਰੂ ਹੋਏ ਹਨ? ਕਿਸ ਸਮੇਂ, ਉਹ ਸਾਰੀ ਗੱਲ ਕਹਿ ਕੇ ਦੱਸੀ ਹੈ।

ਸੁਲਖਣੋ ਮਸੰਦ ਕੋ ਪੋਤ੍ਰੈ ਜੋਈ॥ ਸੁਲੱਖਣੇ ਮਸੰਦ ਦਾ ਜੋ ਪੋਤਰਾ ਸੀ।

ਭਾਖ ਗਜੋ ਥੋ ਰਤਨ ਸਿੰਘ ਪਹਿ ਸੋਈ॥੮॥ ਰਤਨ ਸਿੰਘ ਦਾ ਭੜੀ ਪਿੰਡ ਸਰਹੰਦ ਦੇ ਨੇੜੇ ਹੀ ਹੈ, ਸਰਹੰਦ ਦੇ ਸੁਲੱਖਣਾ ਮਸੰਦ ਦਾ ਪੋਤਰਾ ਭਾਈ ਰਤਨ ਸਿੰਘ ਜੀ ਨੂੰ ਦੱਸ ਗਿਆ ਸੀ, ਉਹ ਸਾਖੀ ਲਿਖਵਾ ਗਿਆ ਸੀ। ੮।

"ਭਾਈ ਹਜ਼ੂਰੀ" ਉਸ ਥੋ ਨਾਇ॥ ਉਸ ਦਾ ਨਾਮ "ਭਾਈ ਹਜ਼ੂਰੀ" ਸੀ ਜੋ ਸੁਲੱਖਣੇ ਮਸੰਦ ਦਾ ਪੋਤ੍ਰਾ ਸੀ।

ਜਿਮ ਉਨ ਆਖੀ ਦਈ ਲਿਖਾਇ॥ ਜਿਸ ਤਰ੍ਹਾਂ ਉਸਨੇ ਕਹਾਣੀ ਕਹੀ ਉਵੇਂ ਹੀ ਅਸੀਂ ਲਿਖ ਦਿੱਤੀ ਹੈ।

ਤਿਨ ਚੇਲੋ ਅਬ ਸੁੱਖਣ ਦਾਸ॥ ਉਸ ਦਾ ਚੇਲਾ ਅੱਗੇ ਹੁਣ ਸੁੱਖਣਦਾਸ ਹੈ, ਭਾਈ ਹਜ਼ੂਰੀ ਦਾ ਚੇਲਾ ਹੁਣ ਸੁੱਖਣਦਾਸ ਹੈ।

ਮਿਲਤ ਹਿਲਤ ਹਮ ਉਇ ਗਿੰਹ ਖਾਸ॥੯॥ ਅਸੀਂ ਆਪਸ ਵਿੱਚ ਉਧਰੋ ਉਧਰੀ ਚੰਗੀ ਤਰ੍ਹਾਂ ਮਿਲਦੇ ਗਿਲਦੇ ਰਹਿੰਦੇ ਹਾਂ। ੯।

ਔਰ ਸੁਨੋ ਗੁਲਾਬ ਰਾਇ ਕਹਾਨੀ॥ ਗੁਲਾਬ ਰਾਇ ਦੀ ਹੋਰ ਕਹਾਣੀ ਸੁਣੋ।

ਜਿਮ ਉਨ ਕੀ ਕੁਲ ਗੁਰਨ ਮਿਲਾਨੀ॥ ਜਿਵੇਂ ਉਨ੍ਹਾਂ ਦੀ ਕੁਲ, ਗੁਰੂ ਕੀ ਕੁਲ ਨਾਲ ਮਿਲਦੀ ਹੈ।

ਸ੍ਰੀ ਹਰਿਗੋਬਿੰਦ ਕੇ ਪੰਜ ਸੁਤ ਸਾਦਰ॥ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਪੰਜ ਸਾਹਿਬਜ਼ਾਦੇ ਸਨ (ਸਾਦਰ) ਸਤਿਕਾਰ ਯੋਗ।

ਪ੍ਰਿਥਮੇ ਗੁਰਦਿੱਤੋ ਦੁਯੋ ਤੇਗ ਬਹਾਦਰ॥ ੧੦॥ ਪਹਿਲੇ ਬਾਬਾ ਗੁਰਦਿੱਤਾ ਜੀ, ਦੂਜੇ ਸਪੁੱਤਰ ਗੁਰੂ ਤੇਗ ਬਹਾਦਰ ਜੀ ਹੋਏ ਹਨ। ੧੦।

ਸੋਰਠਾ॥ ਤੀਜੋ ਅਣੀ ਸੁ ਰਾਇ, ਰਾਇ ਅਟਲ ਚੌਥੋ ਕਹੈਂ॥ ਤੀਜੇ ਪੁੱਤਰ ਅਣੀ ਰਾਇ ਜੀ ਹੋਏ, ਚੌਥੇ ਨੂੰ ਬਾਬਾ ਅਟੱਲ ਰਾਇ ਜੀ ਕਹਿੰਦੇ ਹਨ, ਕੌਲਸਰ ਦੇ ਕੋਲ ਉਨ੍ਹਾਂ ਦਾ ਅਸਥਾਨ ਹੈ।

ਸੂਰਜ ਮੱਲ ਭਿਰਾਇ, ਇਮ ਪਾਂਚੈ ਸੁਨਿ ਗਿਨਿ ਲਿਖੈਂ॥੧੧॥ ਪੰਜਵੇਂ ਸੂਰਜ ਮੱਲ ਜੀ ਸਨ ਇਉਂ ਪੰਜੇ ਸਪੁੱਤਰ ਸੁਣ ਕੇ ਗਿਣ ਕੇ ਲਿਖੇ ਹਨ। ੧੧।

ਚੌਪਈ॥ ਇਹਾਂ ਚਾਰਨ ਕੀ ਲਿਖਤ ਨ ਲੋਰੀ॥ ਇਥੇ ਚਾਰ ਸਾਹਿਬਜ਼ਾਦਿਆਂ ਦੀ ਤਾਂ ਲੋੜ ਨਹੀਂ ਹੈ ਲਿਖਣ ਦੀ।

ਇਕ ਸੂਰਜ ਕੀ ਚਹੀਐ ਤੋਰੀ॥ ਇਕ ਸੂਰਜ ਮੱਲ ਦੀ ਸਾਖੀ ਤੋਰਨੀ ਚਾਹੀਦੀ ਹੈ।

ਸੂਰਜ ਮਲ ਕੇ ਦੁਇ ਸੁਤ ਭਏ॥ ਸੂਰਜ ਮੱਲ ਦੇ ਅੱਗੇ ਦੋ ਪੁੱਤਰ ਹੋਏ ਹਨ।

ਗੁਲਾਬ ਰਾਇ ਦੂਜੋ ਸ਼ਯਾਮ ਚੰਦ ਥਏ॥੧੨॥ ਇੱਕ ਦਾ ਨਾਮ ਗੁਲਾਬ ਰਾਇ ਅਤੇ ਦੂਜੇ ਦਾ ਨਾਮ ਸਿਆਮ ਚੰਦ ਹੋਇਆ ਹੈ। ੧੨।

ਗੁਲਾਬ ਰਾਇ ਕੀ ਸਭੀ ਕਹਾਨੀ॥ ਗੁਲਾਬ ਰਾਇ ਦੀ ਸਾਰੀ ਕਹਾਣੀ।

ਜਿਮ ਕਰ ਭਈ ਤਿਮ ਦੈਯੁਗ ਬਖਾਨੀ॥ ਜਿਸ ਤਰ੍ਹਾਂ ਹੋਈ ਹੈ ਉਸੇ ਤਰ੍ਹਾਂ ਹੀ ਕਥਨ ਕਰ ਦਿੰਦੇ ਹਾਂ।

ਔਰ ਸਜਾਮ ਚੰਦ ਕੀ ਭੀ ਜੇਊ॥ ਅਤੇ ਸਿਆਮ ਚੰਦ ਦੀ ਵੀ ਜਿਹੜੀ ਕਹਾਣੀ ਹੈ।

ਸੋ ਨਹਿੰ ਚਹੀਐ ਇਹਾਂ ਲਿਖੇਊ॥ ੧੩॥ ਉਹ ਵੀ ਏਥੇ ਨਹੀਂ ਲਿਖਣੀ ਚਾਹੀਦੀ। ੧੩।

ਆਗੈ ਹੋਵਗੁ ਜਹਿੰ ਕਿਤ ਠੌਰ॥ ਅੱਗੇ ਜਿਥੇ ਕਿਤੇ ਥਾਂ ਹੋਵੇਗੀ ਅੱਗੇ ਜਿਥੇ ਇਤਿਹਾਸ ਵਿੱਚ ਲੋੜ ਪਈ ਲਿਖਣ ਦੀ।

ਲਿਖ ਦਿਖੈਯਗੁ ਕਰ ਤਹਿੰ ਗੌਰ॥ ਜਿਥੇ ਜਰੂਰਤ ਪਈ ਉਥੇ ਗੌਰ ਨਾਲ ਲਿਖ ਦਿਖਾਵਾਂਗੇ।

ਅਬ ਸੁਨੀਐ ਗੁਲਾਬ ਰਾਇ ਕਹਾਨੀ॥ ਹੁਣ ਗੁਲਾਬ ਰਾਇ ਦੀ ਕਹਾਣੀ ਸੁਣੋ।

ਜਿਮ ਕਰ ਉਨ ਕੈ ਸੀਸ ਬਿਹਾਨੀ॥੧੪॥ ਜਿਸ ਤਰ੍ਹਾਂ ਉਨ੍ਹਾਂ ਦੇ ਸਿਰ ਤੇ ਬੀਤੀ ਹੈ। ੧੪॥

ਦੋਹਰਾ॥ ਗੁਲਾਬ ਰਾਇ ਸੋਢੀ ਸਦਾ, ਬਹੁਤ ਸੁ ਬਧਜੋ ਪਸਾਰ॥ ਗੁਲਾਬ ਰਾਇ ਸੋਢੀ ਸਦਾਉਂਦਾ ਹੈ, ਇਸਦਾ ਅੱਗੇ ਬਹੁਤ ਪਸਾਰਾ ਵਧ ਗਿਆ ਹੈ।

ਪੁਤ੍ਰ ਪੋਤ੍ਰੇ ਬਹੁ ਭਏ, ਔ ਦਰਬਹਿ ਅੰਤ ਨ ਪਾਰ॥ ੧੫॥ ਅੱਗੇ ਪੁੱਤਰ ਪੋਤਰੇ ਬਹੁਤ ਹੋ ਗਏ ਹਨ, ਅਤੇ ਧਨ ਦਾ ਤਾਂ ਕੋਈ ਅੰਤ ਹੀ ਨਹੀਂ ਰਿਹਾ, ਕਿਉਂਕਿ ਗੁਰੂ ਹਰਿਗੋਬਿੰਦ ਜੀ ਦੀ ਬੰਸ ਵਿਚੋਂ ਸਨ, ਧਨ ਦਾ ਏਥੇ ਕੀ ਘਾਟਾ ਸੀ, ਚਾਰ ਚੁਫੇਰਿਓਂ ਧਨ ਏਥੇ ਵਰਸਦਾ ਸੀ। ੧੫।

ਚੌਪਈ॥ ਦਲੇਲ ਸਿੰਘ ਔ ਜੋਧ ਸਿੰਘ ਦੋਊ॥ ਗੁਲਾਬ ਰਾਇ ਦੇ ਅੱਗੋਂ ਦਲੇਲ ਸਿੰਘ ਅਤੇ ਜੋਧ ਸਿੰਘ ਦੋਵੇਂ ਜੋ ਸਹਿਬਜ਼ਾਦੇ ਸਨ।

ਔਰ ਪੁਤ੍ਰਨ ਕੈ ਔਰ ਨਾਮ ਥੋਊ॥ ਹੋਰ ਪੁੱਤਰਾਂ ਦੇ ਹੋਰ ਨਾਮ ਸਨ।

ਔਰ ਸਭਨ ਕੇ ਨਾਮ ਬਤਈਐ॥ ਜੇ ਹੋਰ ਸਾਰਿਆਂ ਦੇ ਨਾਮ ਦੱਸੀਏ ਏਥੇ।

ਗ੍ਰੰਥ ਵਧੇ ਕਿਛ ਮੜਕ ਨ ਪਈਐ॥੧੬॥ ਗ੍ਰੰਥ ਵਧ ਜਾਵੇਗਾ ਕੁਛ ਅੰਤ ਨਹੀਂ ਪਏਗਾ। ੧੬।

ਕਹੈਂ ਅੰਸ ਉਸ ਭਏ ਅਠਾਰਹਿ॥ ਕਹਿੰਦੇ ਹਨ ਉਸ ਦੀ ਅੰਸ ਵਿਚੋਂ ਅਠਾਰਾਂ ਪੁੱਤਰ ਹੋਏ ਹਨ।

ਕਈ ਬਿਆਹੇ ਕਈ ਗਏ ਕੁਆਰਹਿ॥ ਕਈ ਵਿਆਹੇ ਗਏ ਤੇ ਕਈ ਕੁਆਰੇ ਹੀ ਗਏ ਹਨ।

ਬਹੁਤ ਗਰਬਤ ਗੁਲਾਬ ਰਾਇ ਪਾਯਾ॥ ਗੁਲਾਬ ਰਾਇ ਤੇ (ਗਰਬ) ਹੰਕਾਰ ਨੇ ਬਹੁਤ ਜੋਰ ਪਾ ਲਿਆ ਹੈ।

ਬਹੁਤ ਦਰਬ ਤਬ ਉਸ ਘਰ ਆਯਾ॥੧੭॥ ਗੁਲਾਬ ਰਾਇ ਦੇ ਘਰ ਵਿਚ ਤਦੋਂ ਬਹੁਤਾ ਧਨ ਆਇਆ ਹੈ ਸੰਗਤਾਂ ਵਲੋਂ। ੧੭।

ਬੈਠੇ ਮੰਜੀ ਪਰ ਮੇਲੇ ਲਾਵੈ॥ ਮੰਜੀ ਤੇ ਬੈਠਕੇ ਗੁਲਾਬ ਰਾਇ ਮੇਲੇ ਲਾਉਂਦਾ ਹੈ, ਹੋਲਾ ਮਹੱਲਾ, ਦੀਪਮਾਲਾ, ਜੋ ਗੁਰੂ ਘਰ ਵਿੱਚ ਮੇਲੇ ਲਗਦੇ ਸਨ, ਹੁਣ ਉਹ ਗੁਲਾਬ ਰਾਇ ਲਗਾਉਣ ਲਗ ਪਿਆ ਹੈ, ਗੁਲਾਬ ਰਾਇ ਚੜ੍ਹਤੀ ਲੈਂਦਾ ਸਾਰੀ।

ਚਾਰ ਕੁੰਟ ਤੇ ਦਰਬ ਚਲ ਆਵੈ॥ ਚਾਰੇ ਦਿਸ਼ਾਵਾਂ ਵਿਚੋਂ ਜਿਥੇ ਜਿਥੇ ਵੀ ਗੁਰੂ ਕੀਆਂ ਸੰਗਤਾਂ ਹਨ ਉਥੋਂ ਦਸਵੰਧ ਦਾ ਧਨ ਚਲਿਆ ਆ ਰਿਹਾ ਹੈ।

ਦੇਖ ਦਰਬ ਉਸ ਮਤਿ ਫਿਰ ਗਈ॥ ਜਦੋਂ ਬੇਅੰਤ ਧਨ ਆਇਆ ਸੰਗਤਾਂ ਵਲੋਂ, ਉਸ ਧਨ ਨੂੰ ਵੇਖਕੇ ਗੁਲਾਬ ਰਾਇ ਦੀ ਬੁਧੀ ਬਦਲ ਗਈ ਹੈ, ਫਿਰ ਗੱਲ ਸਮਝ ਵਿਚੋਂ ਨਿਕਲ ਗਈ।

ਖੋਟੀ ਘਰੀ ਉਸ ਆਵਤ ਭਈ॥੧੮॥ ਉਸ ਦੇ ਉੱਤੇ ਵੀ ਖੋਟੀ ਘੜੀ ਆ ਗਈ ਹੈ। ੧੮।

ਬਰਸ ਦੋ ਇਕ ਮੈਂ ਸੋ ਮਰ ਗਯੋ॥ ਇੱਕ ਦੋ ਵਰ੍ਹਿਆਂ ਦੇ ਵਿੱਚ ਹੀ ਗੁਰੂ ਵੀ ਬਣ ਗਿਆ ਤੇ ਖਤਮ ਵੀ ਹੋ ਗਿਆ ਹੈ।

ਤਿਮ ਹੀ ਉਸੇ ਪ੍ਰਵਾਰ ਮੈਂ ਕਯੋ॥ ਉਵੇਂ ਹੀ ਉਸਦੇ ਪ੍ਰਵਾਰ ਵਿੱਚ ਕੀਤਾ।

ਜੋ ਉਨ ਕੀਨੀ ਸੋ ਲਜੋ ਪਾਇ॥ ਜਿਹੜੀ ਉਸਨੇ ਕੀਤੀ ਸੀ, ਉਸਦਾ ਫਲ ਉਸਨੇ ਪ੍ਰਾਪਤ ਕਰ ਲਿਆ।

ਭਈ ਬਾਤ ਯੌਂ ਗੁਲਾਬਹ ਰਾਇ॥੧੯॥ ਇਸ ਤਰ੍ਹਾਂ ਦੀ ਕਹਾਣੀ ਹੋਈ ਹੈ ਗੁਲਾਬ ਰਾਇ ਦੀ। ੧੯।

ਸਾਖੀ ਗੁਲਾਬ ਰਾਇ ਕੀ

(ਗੁਲਾਬ ਰਾਇ ਦੀ ਉਲਾਦ ਦਾ ਨਾਸ਼, ਸੰਤ ਗੁਰਬਖਸ਼ ਨਾਲ ਵਿਰੋਧ)

ਦੋਹਰਾ॥ ਜੇ ਕੋ ਆਖੈ ਪ੍ਰਸ਼ਨ ਯਹਿ, ਵਹੁ ਗੁਰ ਭਜੋ ਥੋ ਆਪ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜੇ ਕੋਈ ਇਹ ਪ੍ਰਸ਼ਨ ਕਰੇ ਕਿ ਜਦੋਂ ਗੁਲਾਬ ਰਾਇ ਆਪ ਗੁਰੂ ਸੀ।

ਦੇਵੈ ਉਲਾਦ ਵਹਿ ਔਰ ਕੋ, ਉਸ ਰਹੀ ਨ ਕਹੋ ਕਿਤ ਪਾਪ ?॥੧॥ ਉਹ ਹੋਰਨਾਂ ਨੂੰ ਤਾਂ ਉਲਾਦ ਦਿੰਦਾ ਸੀ, ਉਸ ਦੇ ਆਪਣੇ ਉਲਾਦ ਕਿਉਂ ਨਹੀਂ ਰਹੀ। (ਕਿਤ ਪਾਪ) ਕੀ ਮਾੜਾ ਕਰਮ ਹੋ ਗਿਆ ਗੁਲਾਬ ਰਾਇ ਤੋਂ, ਜਦ ਉਸ ਦੀ ਬੰਸ ਹੀ ਨਾ ਰਹੀ ਦੁਨੀਆਂ ਤੇ, ਇਹਦਾ ਕੀ ਕਾਰਨ ਬਣਿਆ? । ੧।

ਚੌਪਈ॥ ਸੁਨੋ ਅਵੱਗਜਾ ਉਸ ਜੋ ਕਈ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਸੁਣੋ ਜੋ ਅੱਵਗਜਾ ਹੋਈ ਹੈ ਗੁਲਾਬ ਰਾਇ ਤੋਂ, ਜੋ ਉਸ ਨੇ ਗਲਤੀ ਕੀਤੀ ਹੈ।

ਦਰਬ ਬਹੁਤ ਥੀ ਜਬ ਉਸ ਅਈ॥ ਜਦੋਂ ਗੁਲਾਬ ਰਾਇ ਦੇ ਪਾਸ ਸੰਗਤਾਂ ਦੇ ਦਸਵੰਧ ਦਾ ਬਹੁਤ ਸਾਰਾ ਧਨ ਆ ਗਿਆ।

ਤਬ ਵਹਿ ਬੈਠੋ ਅਨੰਦਪੁਰ ਜਾਇ॥ ਏਸ ਧਨ ਦੇ ਹੰਕਾਰ ਵਿੱਚ ਕਿ ਮੈਂ ਗੁਰੂ ਬਣ ਗਿਆ ਹਾਂ, ਤਦ ਉਹ ਅਨੰਦਪੁਰ ਸਾਹਿਬ ਵਿੱਚ ਜਾ ਬੈਠਾ ਹੈ।

ਜੋ ਥੀ ਜਗ੍ਹਾ ਦਸਮੇ ਪਤਿਸ਼ਾਹਿ॥੨॥ ਜੋ ਦਸਵੇਂ ਪਾਤਸ਼ਾਹ ਜੀ ਦੇ ਤਖ਼ਤ ਦੀ ਜਗ੍ਹਾ ਹੈ, ਜਿਥੇ ਦਮਦਮੇ ਸਾਹਿਬ ਆਪ ਵਿਰਾਜਦੇ ਸਨ ਮਹਾਰਾਜ ਤਖਤ ਲਾ ਕੇ, ਸਿੱਖਾਂ ਨੂੰ ਪ੍ਰਚਾਰ ਕਰਦੇ ਸਨ, ਸਿੱਖਾਂ ਦੇ ਮਨਾਂ ਦੀਆਂ ਆਸਾਂ ਪੂਰੀਆਂ ਕਰਦੇ ਸਨ, ਉਥੇ ਜਾ ਕੇ ਗੱਦੀ ਲਾ ਕੇ ਬੈਠ ਗਿਆ ਗੁਰੂ ਸਾਹਿਬ ਜੀ ਦੀ ਜਗ੍ਹਾ ਦੇ ਉਤੇ। ੨।

ਦੋਹਰਾ॥ ਅਦਬ ਕੀਯੋ ਨ ਗੁਲਾਬ ਰਾਇ, ਗੁਰ ਜਾਗ੍ਹਾ ਥੀ ਜੋਇ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਕਿ ਗੁਲਾਬ ਰਾਇ ਨੂੰ ਗੁਰੂ ਕੇ ਅਸਥਾਨ ਦਾ ਅਦਬ ਕਰਨਾ ਚਾਹੀਦਾ ਸੀ। ਉਸ ਨੇ ਗੁਰੂ ਮਹਾਰਾਜ ਦੀ ਜਗ੍ਹਾ ਦਾ ਅਦਬ ਨਾ ਕੀਤਾ।

ਗੁਰ ਗੱਦੀ ਕੇ ਊਪਰੇ, ਬੈਠੋ ਪਾਂਵ ਟਿਕੋਇ॥੩॥ ਗੁਰਗੱਦੀ ਉੱਤੇ ਪੈਰ ਰੱਖਣ ਦਾ ਹੁਕਮ ਨਹੀਂ ਹੈ, ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ ਕਰਦੇ ਹਨ ਗ੍ਰੰਥੀ ਸਿੰਘ, ਤਾਂ ਸੰਕੋਚ ਰਖਦੇ ਨੇ, ਰੁਮਾਲੇ ਆਦਿਕ ਦੇ ਉਪਰ ਪੈਰ ਨਹੀਂ ਰਖਦੇ ਜਾਂ ਮੰਜੀ ਸਾਹਿਬ ਦੇ ਉਪਰ ਭਾਵ ਦੂਰੋਂ ਹੱਥਾਂ ਨਾਲ ਸੇਵਾ ਕਰਦੇ ਹਨ, ਸੋ ਅਦਬ ਹੁੰਦਾ ਹੈ। ਗੁਲਾਬ ਰਾਇ ਨੇ ਅਦਬ ਨਾ ਰੱਖਿਆ, ਸਗੋਂ ਮੰਜੀ ਡਾਹ ਕੇ ਬੈਠ ਗਿਆ ਉਸ ਜਗ੍ਹਾ ਉੱਤੇ, ਜਿਥੇ ਸਤਿਗੁਰਾਂ ਦਾ ਆਸਣ ਸੀ। ਸਤਿਗੁਰਾਂ ਦੇ ਗੁਰਦੁਆਰੇ ਜਿਥੇ ਜਿਥੇ ਵੀ ਸਨ ਉੱਥੇ ਜਿਥੇ ਪਹਿਲੇ ਸਤਿਗੁਰੂ ਆਏ ਨੇ, ਦੂਜੇ ਸਤਿਗੁਰੂ ਉੱਥੇ ਨਹੀਂ ਬੈਠੇ, ਉਹ ਅਲੱਗ ਜਗ੍ਹਾ ਤੇ ਬੈਠੇ ਹਨ। ਇਹ ਅਦਬ ਦੀ ਗੱਲ ਹੁੰਦੀ ਹੈ, ਲੇਕਨ ਗੁਲਾਬ ਰਾਇ ਨੇ ਇਹ ਗੱਲ ਨਹੀਂ ਸੋਚੀ। ਕਿ ਇਹ ਗੁਰ ਅਸਥਾਨ ਮੈਂ ਕਿਉਂ ਬੈਠਾਂ ਏਸ ਤੇ, ਦੂਸਰੀ ਜਗ੍ਹਾ ਤੇ ਬੈਠਦਾ, ਉਹ ਗੁਰ ਗੱਦੀ ਉਪਰ ਪੈਰ ਰੱਖਕੇ ਬੈਠ ਗਿਆ ਇਹ ਗਲਤੀ ਦਸਦੇ ਹਨ ਭਾਈ ਰਤਨ ਸਿੰਘ ਜੀ। ੩।

ਚੌਪਈ॥ ਟਕੇ ਦੇਨ ਕਰੇ ਸੱਠ ਹਜ਼ਾਰ॥ ਗੁਲਾਬ ਰਾਇ ਨੇ ਇਸ ਇਲਾਕੇ ਦੇ ਰਾਜੇ ਨਾਲ ਜੋ ਇਸ ਇਲਾਕੇ ਦਾ ਮਾਲਕ ਸੀ, ਉਹਨਾਂ ਨਾਲ ਗੱਲ ਕਰ ਲਈ। ਇਹ ਚੱਕ ਅਨੰਦਪੁਰ ਸਾਹਿਬ ਦਾ ਪਹਿਲਾਂ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਖਰੀਦਿਆ ਸੀ। ਗੁਰੂ ਸਾਹਿਬ ਜੀ ਤੋਂ ਬਾਅਦ ਸਰਕਾਰ ਨੇ ਇਸ ਜਗ੍ਹਾ ਨੂੰ ਜ਼ਬਤ ਕਰ ਲਿਆ ਸੀ ਹੁਣ ਗੁਲਾਬ ਰਾਇ ਨੇ ਸੱਠ ਹਜ਼ਾਰ ਦੇਣੇ ਕਰਕੇ ਇਸ ਜਗ੍ਹਾ ਨੂੰ ਖਰੀਦ ਲਿਆ ਹੈ।

ਲਈ ਘੁਮਾਇ ਸੱਠ ਚੱਕ ਲਿਖ ਵਾਰ॥ ਸੱਠ ਪਿੰਡ ਅਨੰਦਪੁਰ ਸਾਹਿਬ ਦੇ ਏਰੀਏ ਵਿਚ ਆਉਂਦੇ ਹਨ, ਜਿਹੜੇ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਖਰੀਦੇ ਸਨ। ਹੁਣ ਉਹ ਸਾਰੀ ਗੁਲਾਬ ਰਾਇ ਨੇ ਖਰੀਦ ਲਈ, ਉਹ ਸਮਝਣ ਲੱਗ ਪਿਆ

ਕਿ ਇਹ ਹੁਣ ਮੇਰੀ ਹੋ ਗਈ ਹੈ। ਹੁਣ ਗੁਰ ਅਸਥਾਨ ਨਹੀਂ ਰਹੇ, ਹੁਣ ਤਾਂ ਮੇਰੀ ਮਾਲਕੀ ਹੈ ਜਿਵੇਂ ਮੈਂ ਮਰਜ਼ੀ ਕਰਾਂ।

ਲਈ ਚੱਕ ਉਸ ਗਰਬਾ ਆਯਾ॥ ਜਦੋਂ ਇਹ ਸਾਰਾ ਚੱਕ ਖਰੀਦ ਲਿਆ ਉਸਨੇ, ਉਸ ਨੂੰ ਹੋਰ ਹੰਕਾਰ ਹੋ ਗਿਆ, ਹੁਣ ਤਾਂ ਮੈਂ ਹੀ ਮਾਲਕ ਹਾਂ, ਕਰਤਾ ਧਰਤਾ ਇਸ ਦਾ।

ਖਾਲਸੈ ਸੋਂ ਉਨਿ ਦੰਗਾ ਰਚਾਯਾ॥੪॥ ਖਾਲਸੇ ਪੰਥ ਨਾਲ ਉਸ ਨੇ ਦੰਗਾ ਕਰ ਲਿਆ। ਖਾਲਸਾ ਆਉਂਦਾ ਹੈ ਅਨੰਦਪੁਰ ਸਾਹਿਬ, ਸਤਿਗੁਰਾਂ ਦਾ ਅਸਥਾਨ ਜਾਣ ਕੇ, ਕਿ ਚਲੀਏ ਤਖ਼ਤ ਤੇ ਜੋੜ ਮੇਲੇ ਲਾਈਏ, ਇਹ ਵਜ਼ਨ ਨਹੀਂ ਦਿੰਦਾ ਖਾਲਸੇ ਪੰਥ ਨੂੰ, ਕਿਉਂਕਿ ਹਕੂਮਤ ਨਾਲ ਰਲਿਆ ਹੈ, ਪਹਾੜੀ ਰਾਜਿਆਂ ਨਾਲ ਰਲਿਆ ਹੈ, ਉਹਨਾਂ ਤੋਂ ਬੈ ਖਰੀਦ ਲਈ ਇਹ ਜਰ ਖਰੀਦ ਹੈ ਮੇਰੀ, ਹੁਣ ਤੁਹਾਡਾ ਕੀ ਹੈ। ਹੁਣ ਵੀ ਅਨੰਦਪੁਰ ਸਾਹਿਬ ਵਿੱਚ ਜਿੰਨੀਆਂ ਜਗ੍ਹਾ ਸੋਢੀਆਂ ਨੇ ਵੇਚੀਆਂ, ਹੁਣ ਸਭ ਤੋਂ ਖਰੀਦੀ ਹੈ ਖਾਲਸੇ ਪੰਥ ਨੇ, ਖਰੀਦ ਕੇ ਬੈਠਾ ਹੈ ਆਪੋ ਆਪਣੀਆਂ ਛਾਉਣੀਆਂ ਜਿਥੇ ਬਣਾਈਆਂ ਨੇ। ਮਾਲਕ ਆਪਣੇ ਆਪ ਨੂੰ ਸੋਢੀ ਕਹਾਉਂਦੇ ਨੇ। ੪।

ਜਹਿੰ ਜਹਿੰ ਸਤਿਗੁਰ ਜਗ੍ਹਾ ਥੀ ਆਹੀ॥ ਅਨੰਦਪੁਰ ਸਾਹਿਬ ਵਿੱਚ ਜਿੱਥੇ ਜਿੱਥੇ ਵੀ ਸਤਿਗੁਰਾਂ ਦੇ ਅਸਥਾਨ ਸਨ।

ਤਿਹ ਠਾਂ ਬੈਠਕ ਤਿਸਨੇ ਲਾਈ॥ ਉਸੇ ਉਸੇ ਥਾਂ ਤੇ ਆਪਣੀ ਬੈਠਕ ਉਸਨੇ ਲਾ ਲਈ ਹੈ, ਆਪਣੀ ਮੰਜੀ ਉਸ ਥਾਂ ਤੇ ਲਾਈ ਗੁਰੂ ਸਾਹਿਬ ਜੀ ਦੀ ਜਗ੍ਹਾ ਤੇ ਉੱਥੇ ਮੰਜੀ ਲਾਇਆ ਕਰੇ।

ਹੁਤੀ ਪਾਹੁਲ ਨਹਿੰ ਖੰਡੈ ਵਾਹਿ॥ (ਵਾਹਿ) ਉਸਨੇ, ਗੁਲਾਬ ਰਾਇ ਨੇ ਖੰਡੇ ਦਾ (ਪਾਹੁਲ) ਅੰਮ੍ਰਿਤ ਨਹੀਂ ਸੀ ਛਕਿਆ, ਬੇ-ਅੰਮ੍ਰਿਤੀਆ ਸੀ ਉਹ।

ਦੇਤ ਚਰਨਨ ਥੋ ਗੁਲਾਬੈ ਰਾਇ॥੫॥ ਗੁਲਾਬ ਰਾਇ ਆਪ ਚਰਨ ਪਾਹੁਲ ਦਿੰਦਾ ਸੀ ਆਪਣੇ ਸੇਵਕਾਂ ਨੂੰ। ੫।

ਔਰ ਅਵਗਜਾ ਉਸ ਤੇ ਭਈ ਇੱਕ ਤਾਂ ਗੁਰ ਅਸਥਾਨ ਤੇ ਗੱਦੀ ਲਾ ਕੇ ਬੈਠ ਗਿਆ ਇਹ ਪਾਪ ਹੋਇਆ, ਇੱਕ ਪਾਪ ਹੋਰ ਕੀਤਾ ਉਸਨੇ।

ਸੋ ਭੀ ਇਹਾਂ ਮੈਂ ਦੇਉਂਗ ਲਿਖਈ॥ ਭਾਈ ਰਤਨ ਸਿੰਘ ਜੀ ਕਹਿੰਦੇ ਉਹ ਵੀ ਗੱਲ ਮੈਂ ਲਿਖ ਦਿੰਦਾ ਏਥੇ।

ਜੇਬ ਸਤਿਗੁਰ ਦੇਸ ਚਾਲ ਕਰ ਗਏ॥ ਜਦੋਂ ਸਤਿਗੁਰੂ ਗੋਬਿੰਦ ਸਿੰਘ ਜੀ ਦੇਸ ਚਾਲ ਕਰ ਗਏ, ਭਾਵ ਕੂਚ ਗਏ ਏਥੋਂ, ਮਾਲਵੇ ਨੂੰ ਆ ਗਏ, ਉਸ ਸਮੇਂ ਦੀ ਗੱਲ ਦੱਸਦੇ ਹਨ।

ਊਹਾਂ ਲੋਕ ਥੋ ਕੋਊ ਨ ਰਹੇ॥੬॥ ਉਥੇ ਅਨੰਦਪੁਰ ਸਾਹਿਬ ਵਿੱਚ ਕੋਈ ਵੀ ਨਹੀਂ ਰਿਹਾ ਉਸ ਵੇਲੇ। ੬।

ਸੰਤ ਗੁਰਬਖਸ਼ ਤਿਹ ਰਹਜੋ ਉਦਾਸੀ॥ ਸਤਿਗੁਰਾਂ ਦੇ ਹੁਕਮ ਨਾਲ ਗੁਰਬਖ਼ਸ਼ ਨਾਮ ਦਾ ਉਦਾਸੀ ਸੰਤ ਉੱਥੇ ਰਿਹਾ।

ਗੁਰ ਤੇਗ ਬਹਾਦਰ ਜਗ੍ਹਾ ਜਹਾਂ ਸੀ॥ ਗੁਰੂ ਤੇਗ ਬਹਾਦਰ ਜੀ ਦੇ ਸੀਸ ਦਾ ਜਿਥੇ ਸਸਕਾਰ ਕੀਤਾ ਸੀ, ਗੁਰਦੁਆਰਾ ਸੀਸ ਗੰਜ ਸਾਹਿਬ ਵਾਲੀ ਜਗ੍ਹਾ ਤੇ ਇਹ ਸੇਵਾ ਕਰਦਾ ਸੀ।

ਤਿਸ ਕਰ ਦਾਵਾ ਵਹਿ ਭੀ ਰਾਖੇ॥ ਉਹ ਮਹਾਤਮਾ ਵੀ ਉਸ ਜਗ੍ਹਾ ਦਾ ਦਾਅਵਾ ਰੱਖਦਾ ਸੀ, ਅਤੇ ਗੁਲਾਬ ਰਾਇ ਦਾਅਵਾ ਰਖਦਾ ਸੀ ਕਿ ਮੇਰੀ ਜਰ ਖਰੀਦ ਹੈ।

ਦੂਰ ਕਰਨ ਤਿਸ ਗੁਲਾਬ ਰਾਇ ਭਾਖੇ॥੭॥ ਗੁਲਾਬ ਰਾਇ ਆਖੇ, ਇਹਨੂੰ ਸਾਧ ਨੂੰ ਕੱਢੋ ਏਥੋਂ, ਇਹ ਕੌਣ ਹੋਇਆ? ਮਾਲਕੀ ਤਾਂ ਮੇਰੀ ਹੈ, ਹੁਣ ਮੈਂ ਗੁਰੂ ਹਾਂ। ੭।

ਦੋਹਰਾ॥ ਉਸ ਇਸ ਕੋ ਇਮ ਬਧ ਗਇਓ, ਬੋਲਤ ਅਧਿਕ ਕਲੇਸ਼॥ (ਉਸ ਇਸ) ਉਸਦਾ ਤੇ ਇਸਦਾ, ਭਾਵ ਗੁਲਾਬ ਰਾਇ ਤੇ ਗੁਰਬਖ਼ਸ਼ ਉਦਾਸੀ ਦਾ ਬੋਲਦਿਆਂ ਦਾ ਆਪਸ ਵਿੱਚ ਇਉਂ ਬਹੁਤ ਕਲੇਸ਼ ਵਧ ਗਿਆ ਝਗੜਾ ਹੋ ਗਿਆ ਆਪਸ ਵਿਚੀਂ।

ਉਹ ਕਰੈ ਦਾਵੋ ਗੁਰ ਥਾਨ ਕੋ, ਵਹਿ ਕਹੈ "ਲਜੋ ਮੁਲ ਦੇਸ਼"॥੮॥ ਉਹ ਸੰਤ ਗੁਰਬਖ਼ਸ਼ ਤਾਂ ਕਹੇ ਗੁਰੂ ਸਥਾਨ ਹੈ ਮੇਰਾ ਗੁਰੂ ਸਾਹਿਬ ਪਹਿਰਾ ਲਾ ਗਏ ਨੇ, ਮੈਂ ਕਿਉਂ ਜਾਵਾਂ ਮੈਂ ਗੁਰੂ ਕਾ ਸਿਖ ਹਾਂ ਮੈਂ ਨਹੀਂ ਜਾਂਦਾ। ਉਹ ਗੁਲਾਬ ਰਾਇ ਆਖੇ ਮੈਂ ਮੁੱਲ ਲਿਆ ਹੈ ਪਹਾੜੀਆਂ ਤੋਂ, ਤੁਹਾਡਾ ਕੋਈ ਦਾਅਵਾ ਨਹੀਂ, ਤੁੰਸੀਂ ਤਾਂ ਛੱਡ ਕੇ ਚਲੇ ਗਏ ਸੀ। ੮।

ਪਉੜੀ॥ "ਸਿੱਖਾਂ ਪੁੱਤਾਂ ਭਾਈਆਂ, ਭਾਉ ਇਕੋ ਜੇਹਾ॥" ਉਹ ਬਾਣੀ ਦੀ ਤੁਕ ਸੁਣਾ ਦਿਆ ਕਰੇ, ਗੁਰੂ ਕੇ ਸਿੱਖਾਂ, ਪੁਤਰਾਂ ਤੇ ਭਰਾਵਾਂ ਦਾ ਇਕੋ ਜਿਹਾ ਹੱਕ ਹੈ, ਇਸ ਕਰਕੇ ਸਾਡਾ ਹੱਕ ਹੈ।

ਸੰਤ ਗੁਰਬਖਸ਼ ਯੌਂ ਆਖਦਾ, ਮੈਂ ਦਾਵਾ ਏਹਾ॥੯॥ ਗੁਰਬਖ਼ਸ਼ ਦਾਸ ਸੰਤ ਇਉ ਕਹਿੰਦਾ ਹੈ, ਬਸ ਇਹੋ ਦਾਅਵਾ ਸਾਡਾ ਤਾਂ, ਅਸੀਂ ਗੁਰੂ ਕੇ ਪੁੱਤ੍ਰ, ਗੁਰੂ ਕੇ ਸਿੱਖ ਹਾਂ, ਸਾਡਾ ਇਹ ਹੱਕ ਬਣਦਾ ਏਥੋਂ ਦਾ। ੯।

ਚੌਪਈ॥ ਖਹੋ ਖਹੀ ਵਹਿ ਦੋਊ ਕਰੈਂ॥ ਦੋਵੇਂ ਹੀ ਆਪਸ ਵਿੱਚ ਖਹੋ ਖਹੀ ਕਰਦੇ ਹਨ, ਉਹ ਕਹਿੰਦਾ ਮੇਰਾ ਹੱਕ, ਇਹ ਕਹਿੰਦਾ ਮੇਰਾ ਹੱਕ ਹੈ ਆਪਸ ਵਿੱਚੀ ਰੋਜ ਬੋਲਿਆ ਕਰਨ ਉਧਰੋ ਉਧਰੀ।

ਲਰੈਂ ਘੁਲੈਂ ਅਰ ਦੋਊ ਅਰੈਂ॥ ਦੋਵੇਂ ਆਪਸ ਵਿੱਚ ਲੜ ਪੈਂਦੇ ਹਨ, ਕਈ ਵਾਰੀ ਹੱਥੋ ਪਾਈ ਵੀ ਹੋ ਜਾਂਦੇ ਹਨ, ਜਦੋਂ ਏਥੋਂ ਤਾਈਂ ਨੌਬਤ ਪਹੁੰਚ ਗਈ।

ਗੁਲਾਬ ਰਾਇ ਲਏ ਪੁਤ੍ਰ ਬੁਲਾਇ॥ ਜਦੋਂ ਗੁਰਬਖ਼ਸ਼ ਸਾਧ ਨੇ ਗੁਲਾਬ ਰਾਇ ਦੀ ਬਾਂਹ ਮਰੋੜ ਕੇ ਅੱਗੇ ਲਾ ਲਿਆ ਤਾਂ ਗੁਲਾਬ ਰਾਇ ਨੇ ਆਪਣੇ ਪੁੱਤਰਾਂ ਨੂੰ ਅਵਾਜ਼ ਮਾਰ ਲਈ, ਆਉ ਮੁੰਡਿਉ ਮੈਨੂੰ ਤਾਂ ਢਾਹ ਲਿਆ ਸਾਧ ਨੇ।

ਗੁਰਬਖ਼ਸ਼ ਸੰਤ ਕੋ ਦਏ ਪਿਲਚਾਇ॥੧੦॥ ਉਸਨੇ ਗੁਰਬਖ਼ਸ਼ ਸਾਧ ਨੂੰ ਆਪਣੇ ਮੁੰਡੇ ਚੰਮੇੜ ਦਿੱਤੇ। ੧੦।

ਉਨ ਬਾਲਨ ਬੇ-ਅਦਬੀ ਕਈ॥ ਉਹ ਬੱਚੇ ਸਨ ਉਨ੍ਹਾਂ ਨੇ ਪਿਉ ਦਾ ਆਖਾ ਮੰਨਿਆ, ਉਹਨਾਂ ਨੇ ਬੇ-ਅਦਬੀ ਕੀਤੀ ਸੰਤ ਦੀ।

ਸੀਸ ਜਟਾ ਥੀ ਸੋ ਪੁਟ ਲਈ॥ ਸਿਰ ਦੀਆਂ ਜਟਾਵਾਂ ਪੁੱਟ ਸੁਟੀਆਂ ਮੁੰਡਿਆਂ ਨੇ, ਬੱਚਿਆਂ ਨੇ ਖਿਆਲ ਨਾ ਕੀਤਾ।

ਤਬਹਿ ਸੰਤ ਉਨ ਦਯੋ ਸਰਾਪ॥ ਜਦੋਂ ਉਹ ਸੰਤ ਨੂੰ ਕੁਟ ਮਾਰ ਕੇ ਹਟ ਗਏ, ਤਾਂ ਗੁਰਬਖ਼ਸ਼ ਦਾਸ ਨੇ ਉੱਠ ਕੇ ਸਰਾਪ ਦਿਤਾ ਇਨ੍ਹਾਂ ਨੂੰ।

ਰਹੈ ਨ ਤੁਮਰੇ ਉਲਾਦ ਸੁ ਬਾਪ॥੧੧॥ ਸੰਤ ਕਹਿੰਦਾ ਜਾਉ ਮੁੰਡਿਉ! ਤੁਹਾਡੇ ਬਾਪ ਦੀ ਉਲਾਦ ਨਾ ਰਹੇ। ਉਹ ਗੁਲਾਬ ਰਾਇ ਦੇ ਪੁੱਤਰ ਸੀ। ੧੧।

ਗੁਲਾਬ ਰਾਇ ਸੁਨ ਅੱਗਜੋਂ ਕਹੀ॥ ਗੁਲਾਬ ਰਾਇ ਵੀ ਕੋਲ ਖੜ੍ਹਾ ਸੀ, ਇਸ ਅੱਗੋਂ ਸੁਣ ਕੇ ਆਖਿਆ।

"ਤੁਮਰੀ ਭੀ ਨ ਉਲਾਦ ਚਹਿ ਰਹੀ॥ ਤੇਰੀ ਵੀ ਉਲਾਦ ਨਹੀਂ ਰਹਿਣੀ ਚਾਹੀਦੀ, ਨਹੀਂ ਰਹੇਗੀ ਤੇਰੀ ਵੀ ਉਲਾਦ। ਗੁਲਾਬ ਰਾਇ ਨੇ ਅੱਗੋਂ ਇਉਂ ਸ੍ਰਾਪ ਦਿੱਤਾ।

ਤਿਨ ਕਹ ਜੋ ਹਮਰਾ ਬਹਰਾ ਬਾਜਾ ਕੋਊ॥ ਉਹ ਸੰਤ ਕਹਿਣ ਲੱਗਾ ਸਾਡਾ ਤਾਂ ਕੋਈ (ਬਹਰਾ) ਬੋਲਾ, ਕਾਣਾ, ਕੋਈ ਨਾ ਕੋਈ ਰਹਿ ਹੀ ਜਾਇਗਾ।

ਹਮਰੀ ਧੂਈਂ ਫੈਲੈਗੋ ਸੋਊ॥੧੨॥ ਮੇਰੇ ਧੂੰਏ ਦਾ ਮਾਲਕ ਕੋਈ ਨਾ ਕੋਈ ਤਾਂ ਰਹੇਗਾ, ਕੋਈ ਤਾਂ ਮੇਰੇ ਧੂੰਏ ਫਰੋਲੇਗਾ। ੧੨।

ਤੁਮਰੀ ਰਹੈ ਨ ਜੜ ਮੁਨਿਆਦ॥ ਤੇਰੀ ਜੜ੍ਹ ਮੁਨਿਆਦ ਹੀ ਨਾ ਰਹੇ, ਸੰਤ ਨੇ ਦੂਹਰਾ ਸ੍ਰਾਪ ਦੇ ਦਿੱਤਾ।

ਕ੍ਰੋਧ ਸਾਥ ਤਿਸ ਦੀਓ ਸਰਾਪ॥ ਕਰੋਧ ਨਾਲ ਉਸ ਗੁਰਬਖ਼ਸ਼ ਉਦਾਸੀ ਨੇ ਸ੍ਰਾਪ ਦੇ ਦਿੱਤਾ, ਦੋਵਾਂ ਪਾਸਿਆਂ ਤੋਂ ਸ੍ਰਾਪ ਹੋ ਗਏ।

ਇਮ ਹੀ ਉਲਾਦ ਦੁਇਨ ਕੀ ਨਾਂਹਿ॥ ਇਸ ਤਰ੍ਹਾਂ ਦੋਹਾਂ ਦੀ ਉਲਾਦ ਨਾ ਰਹੀ, ਸੰਤ ਤਾਂ ਵਿਚਾਰਾ ਸੇਵਕ ਹੀ ਸੀ, ਉਸਨੇ ਕਿਹਾ ਮੇਰਾ ਤਾਂ ਕੋਈ ਨਾ ਕੋਈ ਬੋਲਾ, ਗੰਜਾ, ਕਾਣਾ, ਕੋਈ ਨਾ ਕੋਈ ਰਹੇਗਾ ਹੀ ਧੂਣੀ ਫਰੋਲਣ ਵਾਲਾ ਤੇਰੀ ਜੜ੍ਹ

ਮੁਨਿਆਦ ਹੀ ਨਾ ਰਹੇ, ਇਸ ਕਰਕੇ ਗੁਲਾਬ ਰਾਇ ਦੀ ਫੇਰ ਕਿਵੇਂ ਰਹੇ ਬੰਸ, ਭਾਵੇਂ ਅਠਾਰਾਂ ਪੁੱਤਰ ਸਨ, ਸਭ ਦੇ ਸਭ ਖਤਮ ਹੋ ਗਏ।

ਬਚਨ ਤੇਗ ਵਗ ਗਈ ਦੁਊ ਮਾਂਹਿ ॥੧੩॥ ਬਚਨ ਰੂਪੀ ਤਲਵਾਰ ਚਲ ਗਈ ਦੋਹਰਾਂ ਵਿੱਚ।

*ਪਾਠਾਂਤ੍ਰ ਦੋਹਾਂ ਤੁਕਾਂ ਦਾ ਇਉਂ ਭੀ ਹੈ॥

ਗੁਲਾਬ ਰਾਇ ਕੀ ਇਮ ਰਹੀ ਉਲਾਦ ਨਾਹਿ॥ ਗੁਰਬਖ਼ਸ਼ ਕੀ ਧੂਣੀ ਪਰ ਕੋਊ ਬਹਰਾ ਬਾਜਾ ਟਿਕਾਹਿ॥ ੧੩॥

ਦੋਹਰਾ॥ ਹੀਰੇ ਬੇਧੈ ਹੀਰ ਜਿਮ, ਲੋਹੋ ਲੋਹ ਕਟਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਵੇਂ ਹੀਰੇ ਨੂੰ ਹੀਰਾ ਹੀ ਵਿੰਨ੍ਹਦਾ ਹੈ ਤੇ ਲੋਹੇ ਨੂੰ ਲੋਹਾ ਕਟਦਾ ਹੈ।

ਤਿਨ ਦੋਇਨ ਕੇ ਬਿਚ ਵਗੀ, ਖਾਲੀ ਗਈ ਨ ਕਾਇ॥੧੪॥ ਗੁਲਾਬ ਰਾਇ ਤੇ ਗੁਰਬਖ਼ਸ਼ ਸਾਧ ਦੀ ਦੋਹਾਂ ਦੀ ਆਪਸ ਵਿੱਚ ਸ੍ਰਾਪ ਰੂਪੀ ਤਲਵਾਰ ਵਗ ਗਈ, ਦੋਹਾਂ ਵਿਚੋਂ ਕਿਸੇ ਦਾ ਵੀ ਸ੍ਰਾਪ ਰੂਪੀ ਵਾਰ ਖਾਲੀ ਨਹੀਂ ਗਿਆ। ੧੪।

ਗੁਰਬਖ਼ਸ਼ ਸੁ ਫੇਰ ਰਾਇਪੁਰ ਅਹੈ, ਪਤਾਲਪੁਰੀ ਗੁਲਾਬ ਰਾਇ॥ ਇਹ ਭਾਈ ਗੁਰਬਖ਼ਸ਼ ਰਾਇ ਪੁਰ ਪਿੰਡ ਦਾ ਸੀ ਇਹ ਤਾਂ ਉੱਥੇ ਰਹਿੰਦਾ ਹੈ, ਉਥੇ ਜਾ ਰਿਹਾ, ਗੁਲਾਬ ਰਾਇ ਕੀਰਤਪੁਰ ਪਤਾਲਪੁਰੀ ਰਹਿੰਦਾ ਹੈ।

ਰਤਨ ਸਿੰਘ ਨੇ ਜਿਮ ਸੁਨੀ, ਤੈਸੋ ਦਈ ਲਿਖਾਇ॥੧੫॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਜਿਸ ਤਰ੍ਹਾਂ ਅਸੀਂ ਇਹ ਸਾਖੀ ਸੁਣੀ ਸੀ, ਉਸੇ ਤਰ੍ਹਾਂ ਹੀ ਇਹ ਲਿਖਾ ਦਿੱਤੀ ਹੈ। ੧੫।

ਸਾਖੀ ਦਸਮੇ ਪਾਤਸ਼ਾਹ ਕੀ
(ਇਕ ਸਿਖ ਦੇ ਕੱਚੇ ਘਰ ਪੱਕੇ ਬਣੇ)

ਦੋਹਰਾ॥ ਏਕ ਸਮੇਂ ਸ੍ਰੀ ਸਤਿਗੁਰੂ, ਦਏ ਖੁਸ਼ੀਆਂ ਪੁਰਹਿ ਅਨੰਦ॥ ਇਕ ਸਮੇਂ ਸ੍ਰੀ ਅਨੰਦ ਪੁਰ ਸਾਹਿਬ ਦੇ ਵਿੱਚ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਸਿਖਾਂ ਨੂੰ ਖੁਸ਼ੀਆਂ ਦੀ ਬਖਸ਼ਸ਼ ਕਰ ਰਹੇ ਸਨ।

ਉਪਰ ਬਿਰਾਜੈ ਦਮਦਮੈ, ਜੈਸੇ ਸਸਿ ਰਵਿ ਚੰਦ॥੧॥ ਸ੍ਰੀ ਅਨੰਦਪੁਰ ਸਾਹਿਬ ਵਿੱਚ ਦਮਦਮਾ ਤੇ ਸਤਿਗੁਰੂ ਜੀ ਆਪ ਬਿਰਾਜਮਾਨ ਸਨ ਜਿਵੇਂ ਅਕਾਸ਼ ਵਿੱਚ ਸੂਰਜ ਅਤੇ ਚੰਦ੍ਰਮਾ। ਸੂਰਜ ਦੇ ਵਾਂਗ ਤੇਜ ਪ੍ਰਤਾਪ ਵਾਲੇ ਅਤੇ ਚੰਦ੍ਰਮਾ ਦੇ ਵਾਂਗ ਸੀਤਲਤਾ ਵਾਲੇ। ੧।

ਚੌਪਈ॥ ਤੌ ਇਕ ਸਿਖ ਨੈ ਉਠ ਹਥ ਜੋਰੇ॥ ਤਾਂ ਇੱਕ ਸਿੱਖ ਨੇ ਦੋਵੇਂ ਹੱਥ ਜੋੜ ਕੇ ਬੇਨਤੀ ਕੀਤੀ।

"ਹੈ ਮੁਹਿ ਘਰ ਪੱਕਨ ਕੀ ਲੋਰੇ॥ ਗਰੀਬ ਨਵਾਜ਼! ਮੇਰਾ ਘਰ ਕੱਚਾ ਹੈ, ਪੱਕੇ ਘਰ ਦੀ ਲੋੜ ਹੈ ਮੈਨੂੰ ਬਖਸ਼ਸ਼ ਕਰੋ ਆਪ ਵਰ ਦਿਉ।

ਫੂਸ ਪਲਰਨ ਮਧ ਹਮ ਹਾਂ ਰਹਤ॥ ਫੂਸ ਅਤੇ ਪੱਲਰਾਂ ਦੇ ਬਣਾਏ ਘਰ ਵਿਚ ਅਸੀਂ ਰਹਿੰਦੇ ਹਾਂ।

ਬਹੂ ਹਮਰੀ ਘਰ ਪੱਕੇ ਚਹਿਤ" ॥੨॥ ਮੈਂ ਪੁੱਤਰ ਦੀ ਸ਼ਾਦੀ ਕੀਤੀ ਹੈ ਜਿਹੜੀ ਬਹੂ ਆਈ ਹੈ ਉਹ ਕਹਿੰਦੀ ਹੈ ਪੱਕੇ ਘਰ ਹੋਣ ਤਾਂ ਗੱਲ ਹੈ, ਉਹ ਪੱਕਿਆਂ ਦੀ ਬਖਸ਼ਸ਼ ਕਰੋ ਤੁਸੀਂ ਸਾਡੇ ਸਤਿਗੁਰੂ ਹੋ। ੨।

ਤੌ ਸਤਿਗੁਰ ਉਸ ਹਸ ਫੁਰਮਾਯੋ॥ ਤਦ ਸਤਿਗੁਰੂ ਜੀ ਨੇ ਉਸਨੂੰ ਹੱਸ ਕੇ ਕਿਹਾ।

"ਫੂਸ ਪਲਰ ਦੈਹੋ ਅਗਨ ਲਗਾਯੋ" ॥ ਜੇ ਪੱਕੇ ਘਰ ਦੀ ਲੋੜ ਹੈ ਤਾਂ ਫੂਸ ਪੱਲਰਾਂ ਦੇ ਘਰ ਨੂੰ ਅੱਗ ਲਾ ਦੇ, ਫੂਕ ਦੇ ਆਪਣੇ ਘਰ ਨੂੰ।

ਸੁਨਤ ਸਿੱਖ ਘਰ ਕੋ ਉੱਠ ਧਾਯਾ॥ ਇਹ ਸਿਦਕੀ ਸਿਖ ਸੀ ਭਰੋਸੇ ਵਾਲਾ ਸੀ ਇਹ ਬਚਨ ਸੁਣ ਕੇ ਸਿੱਖ ਘਰ ਨੂੰ ਭੱਜਿਆ।

ਲੋਕ ਗੁਵਾਂਢਨ ਆਖ ਸੁਣਾਯਾ॥੩॥ ਜਦੋਂ ਅੱਗ ਲਾਉਣ ਵਾਸਤੇ ਕੂਚਾ ਤਿਆਰ ਕਰਨ ਲੱਗਿਆ, ਕਹਿੰਦਾ ਮੈਂ ਅੱਗ ਲਾਉਣ ਲੱਗਿਆ ਲੋਕੋ। ੩।

"ਫੋਟ ਫੋਟ" ਉਸ ਲੋਕਨ ਕਹਜੋ॥ "ਫੋਟ" ਤੇਰੇ ਜੰਮਣ ਦੇ ਫੋਟ ਫੋਟ ਪੰਜਾਬੀ ਮੁਹਾਵਰਾ ਹੈ, ਉਸਨੂੰ ਲੋਕਾਂ ਨੇ ਫਿੱਟੇ ਮੂੰਹ ਤੇਰੇ ਐਹੋ ਜਿਹੇ ਦੇ ਏਸ ਤਰ੍ਹਾਂ ਆਖਿਆ। ਲੋਕ ਕਹਿਣ ਲੱਗੇ ਤੇਰੀ ਮੱਤ ਨੂੰ ਕੀ ਹੋ ਗਿਆ, ਘਰ ਫੂਕਣ ਲੱਗਿਆ ਕੋਈ ਅਕਲ ਵਾਲੀ ਗੱਲ ਕਰ।

ਅਪਨੋ ਘਰ ਕਿਮ ਫੂਕਨ ਭਹਜੋ? ਕਿਉਂ ਆਪਣੇ ਘਰ ਨੂੰ ਫੂਕਦਾ ਅੱਗ ਲਾ ਕੇ।

ਤਬ ਸਿਖ ਨੈ ਸਭ ਬਾਤ ਜਤਾਈ॥ ਤਾਂ ਸਿੱਖ ਨੇ ਲੋਕਾਂ ਨੂੰ ਸਾਰੀ ਗੱਲ ਬਾਤ ਦੱਸੀ ਹੈ।

ਹਮਰੇ ਗੁਰ ਇਮ ਦਜੋ ਫੁਰਮਾਈ॥੪॥ ਮੇਰੇ ਸਤਿਗੁਰਾਂ ਦਾ ਹੁਕਮ ਹੋ ਗਿਆ ਕਿ ਅੱਗ ਲਾ ਕੇ ਸਾੜ ਦੇ, ਜੇ ਪੱਕੇ ਘਰ ਚਾਹੀਦੇ ਨੇ ਤਾਂ। ੪।

ਮੁਹਿ ਘਰ ਕਚਜੋਂ ਪਕੇ ਹੁਇ ਆਵੈਂ॥ ਮੇਰੇ ਘਰ ਕੱਚਿਆਂ ਤੋਂ ਪੱਕੇ ਹੋ ਜਾਣਗੇ॥

ਹਮ ਤੋ ਅਬ ਹੀ ਅਗਨ ਲਗਾਵੈਂ॥ ਮੈਂ ਤਾਂ ਹੁਣੇ ਹੀ ਘਰ ਨੂੰ ਅੱਗ ਲਗਾਉਂਦਾ ਹਾਂ।

ਸਿੱਖ ਗੁਵਾਂਢਨ ਝਗਰਾ ਪਰਜੋ॥ ਗੁਆਂਢੀਆਂ ਨੇ ਸਿੱਖਾਂ ਨਾਲ ਝਗੜਾ ਕਰ ਲਿਆ, ਕੀ ਕਰਨ ਲੱਗਿਆਂ ਵੇਖੀਂ ਉਨ੍ਹਾਂ ਦੇ ਵੀ ਘਰ ਨਾਲ ਸਨ ਕਿ ਅੱਗ ਏਧਰੋਂ ਸਾਡੇ ਘਰ ਨੂੰ ਵੀ ਪੈਣੀ ਹੈ, ਸਾਡੇ ਘਰ ਵੀ ਨਾਲ ਹੀ ਫੂਕੇ ਜਾਣਗੇ।

ਤੌ ਲੌ ਸਿਖ ਉਸ ਕੂਚਾ ਫਰਜੋ॥੫॥ ਹਟਾਉਂਦਿਆਂ ਹਟਾਉਂਦਿਆਂ ਉਸ ਨੇ ਕੂਚਾ ਹੱਥ ਵਿਚ ਫੜ ਲਿਆ। ੫।

ਦੋਹਰਾ॥ ਲੈ ਲੈ ਨੱਠੇ ਸੌਜ ਸਭ, ਕਰਕੇ ਬੜੀ ਪੁਕਾਰ॥ ਜਦੋਂ ਉਸਨੇ ਆਪਣੇ ਘਰ ਨੂੰ ਅੱਗ ਲਾ ਦਿੱਤੀ, ਤਾਂ ਲੋਕਾਂ ਨੂੰ ਆਪਣੇ ਘਰ ਬਚਾਉਣ ਦੀ ਬਣ ਗਈ, ਕਿਉਂਕਿ ਸਾਰਿਆਂ ਦੇ ਹੀ ਘਰ ਫੂਸ ਪਰਾਲੀ ਆਦਿਕ ਦੇ ਛੱਪਰ ਪਾਏ ਹੋਏ ਸਨ, ਉਹ ਆਪਣਾ (ਸੌਜ) ਸਾਮਾਨ ਛੱਪਰਾਂ ਦੇ ਅੰਦਰੋਂ ਚੁੱਕ ਚੁੱਕ ਭੱਜ ਨਿਕਲੇ ਹਨ, ਸਾਮਾਨ ਬਾਹਰ ਕੱਢ ਕੇ ਬਾਹਰ ਨੂੰ ਭੱਜਦੇ ਹਨ ਤੇ ਉੱਚੀ ਉੱਚੀ ਰੌਲਾ ਪਾਉਂਦੇ ਹਨ, ਫੂਕੇ ਗਏ ਫੂਕੇ ਗਏ, ਇਸ ਤਰ੍ਹਾਂ ਕਹਿੰਦੇ ਹਨ, ਪਰ ਉਸਨੇ ਨਹੀਂ ਪ੍ਰਵਾਹ ਕੀਤੀ ਉਸਨੇ ਸਣੇ ਸਾਮਾਨ ਕੂਚਾ ਲਾ ਦਿਤਾ ਆਪਦੇ ਘਰ ਨੂੰ।

ਕਿਛ ਨਿਕਲੀ ਕਿਛ ਮਧ ਰਹੀ, ਭਈ ਘਰਨ ਕੀ ਛਾਰ॥੬॥ ਲੋਕਾਂ ਨੇ ਭੱਜਕੇ ਜ਼ੋਰ ਬੜਾ ਲਾਇਆ ਕੁਛ ਚੀਜਾਂ ਕੱਢ ਲਈਆਂ ਕੁਛ ਵਿੱਚੇ ਹੀ ਰਹਿ ਗਈਆਂ ਛੱਪਰਾਂ ਦੇ, ਏਨੇ ਨੂੰ ਫੈਲ ਗਈ ਅੱਗ ਛੱਪਰਾਂ ਨੂੰ ਲੱਗ ਗਈ, ਘਰਾਂ ਦੀ ਸੜ ਕੇ ਸੁਆਹ ਹੋ ਗਈ। ੬।

ਚੌਪਈ॥ ਘਰ ਕੋ ਫੂਕ ਸਿਖ ਗੁਰ ਪਹ ਧਾਯੋ॥ ਘਰ ਨੂੰ ਅੱਗ ਲਾ ਕੇ ਫੂਕ ਕੇ ਸਿੱਖ ਦੌੜ ਕੇ ਗੁਰੂ ਜੀ ਪਾਸ ਆਇਆ ਹੈ।

ਗਿਰਜੋ ਰਾਹ ਕਿਛ ਦਰਬ ਉਨ ਪਾਯੋ॥ ਰਾਹ ਵਿਚ ਦੌੜਿਆ ਜਾਂਦਾ ਡਿਗ ਪਿਆ ਹੈ, ਰਾਹ ਵਿੱਚ ਧਨ ਡਿਗਿਆ ਹੋਇਆ ਉਸਨੂੰ ਲੱਭ ਗਿਆ, ਜੋ ਰਾਹ ਵਿਚ ਹੀ ਪਿਆ ਸੀ।

ਦੇਖ ਭਾਲ ਉਨ ਸੋਊ ਉਠਾਯੋ॥ ਅੱਗਾ ਪਿੱਛਾ ਦੇਖ ਕੇ ਉਸਨੇ ਚੁੱਕ ਲਿਆ ਹੈ।

ਤਾਕੋ ਮਾਲਕ ਕੋਊ ਨ ਆਯੋ॥੭॥ ਏਧਰ ਉੱਧਰ ਦੇਖਿਆ ਉਸ ਸਿੱਖ ਨੇ ਕਿ ਕੋਈ ਇਸਦਾ ਮਾਲਕ ਹੋਵੇ, ਪਰ ਕੋਈ ਨਾ ਆਇਆ। ੭।

ਸੋ ਲੈ ਸਿਖ ਸਤਿਗੁਰ ਪੈ ਗਯੋ॥ ਉਹ ਧਨ ਲੈ ਕੇ ਸਿਖ ਸਤਿਗੁਰੂ ਜੀ ਦੇ ਪਾਸ ਆਇਆ ਹੈ।

ਆਗੈ ਧਰ ਸਿਖ ਠਾਂਢਾ ਭਯੋ॥ ਸਤਿਗੁਰੂ ਜੀ ਦੇ ਅੱਗੇ ਧਨ ਰਖ ਕੇ, ਗੁਰਸਿਖ ਹੱਥ ਜੋੜ ਕੇ ਖੜਾ ਹੋ ਗਿਆ।

ਤਬ ਸਤਿਗੁਰ ਤਿਸ ਕਹਜੋ ਉਚਾਰ॥ ਤਦ ਸਤਿਗੁਰੂ ਜੀ ਨੇ ਉਸ ਸਿਖ ਨੂੰ ਆਖਿਆ, ਸੁਣ ਭਾਈ ਸਿੱਖਾ!

"ਜਾਇ ਸੁਦਾਮੇ ਜਜੋਂ ਧਾਮ ਸੁਵਾਰ" ॥੮॥ ਜਿਵੇਂ ਕ੍ਰਿਸ਼ਨ ਭਗਵਾਨ ਨੇ ਸੁਦਾਮੇ ਦੇ ਮਹਿਲ ਬਣਾਏ ਸਨ, ਸੁਦਾਮੇ ਦੀ ਤਰ੍ਹਾਂ ਆਪਣਾ ਮਹਲ ਬਣਾ ਜਾ ਕੇ, ਲੈ ਜਾ ਧਨ ਚੁਕ ਕੇ। ੮।

ਤਬ ਸਿਖ ਨੇ ਆਇ ਆਵੇ ਲਗਾਏ॥ ਤਦੋਂ ਸਿਖ ਨੇ ਪੱਕੀਆਂ ਇੱਟਾਂ ਪਕਾਉਣ ਵਾਸਤੇ ਆਵੇ ਚੜ੍ਹਾ ਦਿੱਤੇ, ਜਿਵੇਂ ਅੱਜ ਕੱਲ ਵੀ ਪਕਾਉਂਦੇ ਹਨ, ਆਵਿਆਂ ਦੀ ਇੱਟ ਬੜੀ ਪੱਕੀ ਬਣਦੀ ਹੈ ਉਦੋਂ ਆਵਿਆਂ ਦਾ ਸਾਧਨ ਸੀ, ਭੱਠੇ ਤਾਂ ਅਜੇ ਬਣੇ ਨਹੀਂ ਸਨ।

ਰਾਜ ਸੱਦ ਗ੍ਰਿਹ ਤੁਰਤ ਚਿਣਾਏ॥ ਜਦੋਂ ਆਵੇ ਪੱਕ ਗਏ ਤਾਂ ਸਿੱਖ ਨੇ ਰਾਜ ਮਿਸਤ੍ਰੀ ਸੱਦ ਕੇ ਤੁਰਤ ਹੀ ਬੜੀ ਛੇਤੀ ਘਰ ਬਣਾਉਣਾ ਸ਼ੁਰੂ ਕਰ ਦਿੱਤਾ, ਇੱਟਾਂ ਦੀ ਚਿਣਾਈ ਸ਼ੁਰੂ ਕਰ ਦਿੱਤੀ।

ਜਿਨ ਗ੍ਰਿਹ ਸੰਗ ਕੱਚੇ ਜਲ ਗਏ॥ ਜਦੋਂ ਇਸ ਸਿੱਖ ਨੇ ਛੱਪਰ ਨੂੰ ਅੱਗ ਲਾਈ ਸੀ ਆਂਢੀ ਗੁਆਂਢੀ ਜਿਨ੍ਹਾਂ ਦੇ ਘਰ ਸੜ ਗਏ ਅੱਗ ਲੱਗੀ ਤੋਂ।

ਸਬੱਬ ਪਾਇ ਓ ਇਮਕੇ ਭਏ॥੯॥ ਸਬੱਬ ਬਣਕੇ ਉਹਨਾਂ ਦੇ ਵੀ ਇਸ ਸਿਖ ਵਰਗੇ ਪੱਕੇ ਘਰ ਹੋ ਗਏ, ਬੇਅੰਤ ਇੱਟ ਪਕਾਈ ਸੀ ਇਸਨੇ, ਉਹਨਾਂ ਦੇ ਵੀ ਪੱਕੇ ਘਰ ਬਣਾ ਦਿੱਤੇ।੯।

ਅਗਨ ਸੇਕ ਜਿਸ ਘਰ ਕੋ ਆਯੋ॥ ਜਿਨ੍ਹਾਂ ਦੇ ਘਰ ਨੂੰ ਅਜੇ ਅੱਗ ਦਾ ਸੇਕ ਲੱਗਾ ਹੀ ਸੀ, ਅੱਗ ਬੁਝਾ ਲਈ ਸੀ।

ਤਿਸ ਕੋ ਭੀ ਤਿਹ ਮਹਲ ਬਣਵਾਯੋ॥ ਉਹਨਾਂ ਦੇ ਵੀ ਉਥੇ ਮਹਿਲ ਉਸਾਰ ਦਿੱਤੇ, ਕਹਿੰਦੇ ਤੁਹਾਡੇ ਘਰ ਨੂੰ ਵੀ ਲੱਗੀ ਸੀ, ਤੁਸੀਂ ਵੀ ਆਪਣਾ ਮਹਿਲ ਬਣਾ ਲਉ, ਐਨੀ ਇੱਟ ਪਕਾਈ ਸੀ ਸਿੱਖ ਨੇ।

ਲੋਕ ਕਰੈਂ ਕਈ ਪੱਛੋਤਾਈ॥ ਹੁਣ ਜਿਨ੍ਹਾਂ ਦੇ ਘਰ ਫੂਕੇ ਨਹੀਂ ਗਏ ਸਨ ਉਹ ਲੋਕ ਆਪਣੇ ਘਰ ਕੱਚੇ ਵੇਖ ਕੇ ਪਛਤਾਵਾ ਕਰਦੇ ਹਨ।

"ਹਮਨੈ ਕਜੋਂ ਨਾ ਅਗਨ ਲਗਾਈ" ॥੧੦॥ ਕਿ ਅਸੀਂ ਕਿਉ ਨਾ ਆਪਣੇ ਘਰ ਫੂਕ ਦਿੱਤੇ ਉਦੋਂ ਹੀ। ੧੦।

ਸਾਖੀ ਸ਼ਹੀਦੋਂ ਸਿੰਘੋਂ ਕੀ

(ਸਿੱਖੀ ਪਰਖੀ, ਪੰਜ ਸੀਸ ਮੰਗੇ ਤੇ ਪਜਾਰਿਆਂ ਨੂੰ 'ਸ਼ਹੀਦ' ਪਦ ਦਿਤਾ)

ਦੋਹਰਾ॥ ਜੋ ਕੋਊ ਪੂਛੈ ਪ੍ਰਸ਼ਨ ਯਹ, ਕਿਮ ਕਹੈਂ ਸ਼ਹੀਦ ਵਖਜਾਤ? ਜੇ ਕੋਈ ਇਹ ਪ੍ਰਸ਼ਨ ਪੁੱਛੇ ਕਿ ਕਿਵੇਂ ਕਹਿੰਦੇ ਹਨ ਕਿ ਸ਼ਹੀਦ ਪ੍ਰਗਟ ਹਨ।

ਯਹ ਭਯੋ ਖਿਤਾਬ ਹਜ਼ੂਰ ਤੇ, ਕੈ ਪਿੱਛੈ ਕਹੀ ਕਿਨੇ ਬਾਤ? ॥੧॥ ਇਹ ਸ਼ਹੀਦੀ ਖਿਤਾਬ (ਹਜ਼ੂਰ) ਗੁਰੂ ਗੋਬਿੰਦ ਸਿੰਘ ਜੀ ਦੇ ਹੁੰਦਿਆਂ ਹੀ ਹੋਇਆ ਕਿ ਪਿੱਛੋਂ ਕਿਸੇ ਨੇ ਗੱਲ ਚਲਾਈ ਹੈ? ਇਸ ਦਾ ਨਿਰਨਾ ਕਰੀਏ। ੧।

ਚੌਪਈ॥ ਤਾਂਕੋ ਉੱਤਰ ਐਸੇ ਦੱਯੈ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਉਸ ਸਿੱਖ ਨੂੰ ਜਿਹੜਾ ਇਹ ਗੱਲ ਪੁੱਛੇ ਕਿ ਸ਼ਹੀਦ ਸਿੰਘਾਂ ਬਾਰੇ ਕੀ ਖਿਆਲ ਹੈ ਤਾਂ ਉਸਨੂੰ ਇਸ ਤਰ੍ਹਾਂ ਉੱਤਰ ਦੇਈਏ।

ਜੈਸੇ ਸੁਨਿਓ ਤੈਸ ਬਤੱਯੈ॥ ਜਿਵੇਂ ਸੁਣੀ ਹੈ ਸ਼ਹੀਦਾਂ ਸਿੰਘਾਂ ਦੀ ਕਥਾ ਉਵੇਂ ਦੱਸਦੇ ਹਾਂ ਅਸੀਂ।

ਜਿਉਂ ਮੈਂ ਸੁਨੀ ਬਡਨ ਤੇ ਸਾਖੀ॥ ਜੋ ਮੈਂ ਆਪਣੇ ਬਜ਼ੁਰਗ ਸਿੱਖਾਂ ਤੋਂ ਸ਼ਹੀਦਾਂ ਸਿੰਘਾਂ ਦੀਆਂ ਸਾਖੀਆਂ ਸੁਣੀਆਂ ਹਨ।

ਬੁਧਿ ਅਨੁਸ਼ਾਰ ਸੋਊ ਕਰ ਭਾਖੀ॥੨॥ ਮੈਂ ਆਪਣੀ (ਬੁਧਿ) ਅਕਲ ਅਨੁਸਾਰ ਉਹ ਇਸ ਤਰ੍ਹਾਂ ਆਖੀ ਹੈ। ੨।

ਦੋਹਰਾ॥ ਇਕ ਦਿਨ ਸਤਿਗੁਰ ਦਮਦਮੈਂ, ਬੈਠੇ ਮੰਜੀ ਲਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਇਕ ਦਿਨ ਸੱਚੇ

ਗੁਰੂ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ (ਦੁਮਦਮੇ) ਕੇਸ਼ਗੜ੍ਹ ਸਾਹਿਬ ਵਿਖੇ ਮੰਜੀ ਲਾ ਕੇ ਬੈਠੇ ਸਨ ਮੰਜੀ ਲਾ ਕੇ ਸੰਗਤਾਂ ਦੇ ਵਿੱਚ।

ਸ਼ਬਦ ਉਚਾਰਤ ਆਇਓ, ਇਕ ਸਿਖ ਸਤਿਗੁਰ ਪਾਹਿ ॥੩॥ ਇੱਕ ਸਿੱਖ (ਸ਼ਬਦ) ਬਾਣੀ ਉਚਾਰਦਾ ਹੋਇਆ, ਸਤਿਗੁਰੂ ਜੀ ਦੇ ਹਜ਼ੂਰ ਪਹੁੰਚਿਆ। ੩।

ਅੜਿੱਲ॥ "ਸਿੱਖਾਂ ਸੰਦੇ ਪੁੱਤਰ ਸਾਕਤ ਹੁਇ ਗਏ॥ ਅੱਜਕਲ੍ਹ ਜੋ ਸਿੱਖਾਂ ਦੇ ਪੁੱਤਰ (ਸਾਕਤ) ਰੱਬ ਨੂੰ ਮੰਨਣ ਤੋਂ ਇਨਕਾਰੀ ਹੋ ਗਏ ਹਨ, ਉਹ ਮਨਮੁਖ ਬਣ ਗਏ ਹਨ, ਦੇਖੋ ਮਹਾਰਾਜ ਕੀ ਭਾਣਾ ਵਰਤਿਆ ਹੈ।

ਕਲਿਜੁਗ ਕੇ ਪ੍ਰਸਾਦਿ ਸਿਖੀਓਂ ਅਸਿਖ ਭਏ" ॥ ਮਹਾਰਾਜ! ਉਨ੍ਹਾਂ ਤੇ ਕਲਜੁਗ ਦੀ ਕਿਰਪਾ ਹੋ ਗਈ ਉਹ ਸਿੱਖੀ ਤੋਂ (ਅਸਿਖ) ਮਨਮੁਖ ਹੋ ਗਏ ਹਨ (ਅਸਿਖ) ਸਿੱਖੀ ਤੋਂ ਖਾਰਜ ਹੋ ਗਏ ਭਾਵ ਸਿੱਖੀ ਛੱਡ ਗਏ ਹਨ, ਇਹਦਾ ਕੀ ਕਾਰਨ ਹੋਇਆ ?

ਯਹ ਸੁਨ ਸਿਖ ਕੇ ਬਚਨ ਸ੍ਰੀ ਗੁਰ ਯੌ ਕਹੇ॥ ਗੁਰਸਿਖ ਦਾ ਇਹ ਬਚਨ ਸੁਣਕੇ ਸਤਿਗੁਰੂ ਜੀ ਨੇ ਇਉਂ ਉੱਤਰ ਦਿੱਤਾ।

"ਹੋ ਕੱਚੇ ਗਏ, ਅਚੱਲ ਸਚੇ ਸੁਖ ਲੈ ਗਏ॥੪॥ "ਝੜਿ ਝੜਿ ਪੈਂਦੇ ਕਚੇ ਬਿਰਹੀ ਜਿਨ੍ਹਾਂ ਸਾਰ ਨ ਆਈ"। ਜਿਨ੍ਹਾਂ ਨੂੰ ਸਿਖੀ ਦੀ ਜਾਚ ਨਹੀਂ ਆਈ, ਉਹ ਤਾਂ ਝੜ ਹੀ ਜਾਂਦੇ ਨੇ। ਜਿਹੜੇ ਦ੍ਰਿੜ੍ਹ ਨੇ ਸਿਖ, ਜੋ ਸਿੱਖੀ ਦੀ ਕਦਰ ਕਰਦੇ ਹਨ, ਉਹ ਨਹੀਂ ਸਿੱਖੀ ਛੱਡਦੇ, ਉਹ ਕੱਚੇ ਲੋਕ ਹੁੰਦੇ ਨੇ ਜਿਹੜੇ ਝੜ ਜਾਂਦੇ ਹਨ। ਕੱਚੇ ਪਿੱਲੇ ਸਿਖ, ਸਿੱਖੀ ਤੋਂ ਗਏ, ਜੋ ਸੱਚੇ ਸਿੱਖ ਉਹ ਸਦਾ ਰਹਿਣ ਵਾਲਾ ਅੱਚਲ ਸੁਖ ਲੈ ਗਏ ਹਨ। ੪।

ਹਮਰੀ ਸੰਗਤ ਮਾਂਹਿ ਸਿੱਖ ਅਬ ਹੈ ਕਹੀਂ॥ ਤਾਂ ਸਿਖ ਨੇ ਕਿਹਾ ਮਹਾਰਾਜ! ਸਾਡੀ ਸੰਗਤ ਦੇ ਵਿੱਚ, ਐਸਾ ਸਿਖ ਹੁਣ ਹੈ ਕਿਤੇ।

ਸਤਿਜੁਗ ਜੈਸੀ ਰੀਤਿ ਉਨੈ ਕਲਿ ਮਧ ਠਈ" ॥ ਜਿਵੇਂ ਸਤਿਜੁਗ ਵਰਗੀ ਰੀਤੀ ਉਨ੍ਹਾਂ ਸਿੱਖਾਂ ਨੇ ਕਲਿਜੁਗ ਵਿੱਚ ਧਾਰਨ ਕੀਤੀ ਹੈ, ਕੋਈ ਹੈ ਸਿਖ ਜਿਹੜਾ ਸਿਦਕ ਵਿਚ ਪੂਰਾ ਹੋਵੇ।

ਤੌ ਸ੍ਰੀ ਗੁਰ ਸੋਂ ਕਹਜੋ "ਸਿਖਨ ਕੋ ਹਮੋਂ ਦਿਖਾਈਏ॥ ਉਹ ਸਿੱਖ ਬੇਨਤੀ ਕਰਦਾ ਹੈ ਕਿ ਜੇ ਕੋਈ ਐਸਾ ਸਿਦਕੀ ਸਿਖ ਹੈ ਤਾਂ ਸਾਨੂੰ ਉਸਦੇ ਦਰਸ਼ਨ ਕਰਾਉ ਕਿ ਕਲਜੁਗ ਵਿੱਚ ਐਸਾ ਕੋਈ ਸਿਦਕ ਭਰੋਸੇ ਵਾਲਾ ਸਿਖ ਹੋਵੇ ਤਾਂ।

ਹੋ ਹੋਵੈ ਪਾਪ ਹਮ ਦੂਰ ਜਿਮ ਸੁਧਾ ਸੁ ਨ੍ਹਾਈਏ" ॥ ੫॥ ਐਸੇ ਸਿੱਖ ਦੇ ਦਰਸ਼ਨ ਕਰਕੇ ਸਾਡੇ ਪਾਪ ਦੂਰ ਹੋ ਜਾਣ, ਜਿਵੇਂ ਅੰਮ੍ਰਿਤ ਵਿੱਚ ਨਹਾ ਕੇ ਨਵਾਂ ਨਿਰੋਆ ਹੋ ਜਾਂਦਾ ਹੈ, ਜਿਵੇਂ ਪਿੰਗਲੇ ਦਾ ਕੁਸ਼ਟ ਝੜ ਗਿਆ ਸੀ, ਨਵਾਂ ਨਿਰੋਆ ਹੋ ਗਿਆ ਸੀ। ਕਿ ਮਹਾਰਾਜ ਕੋਈ ਐਸਾ ਸਿਖ ਹੋਵੇ, ਉਸ ਦੇ ਦਰਸ਼ਨ ਕਰਕੇ ਮੇਰਾ ਵੀ ਸਰੀਰ ਪਵਿਤ੍ਰ ਹੋ ਜਾਵੇ। ੫।

ਚੌਪਈ॥ ਕਰਜੋ ਚਰਿੱਤ੍ਰ ਸਿਖਨ ਕੇ ਕਾਰਨ॥ ਗੁਰਸਿੱਖਾਂ ਦੇ ਭਲੇ ਵਾਸਤੇ ਸਤਿਗੁਰਾਂ ਨੇ ਕੌਤਕ ਰਚਿਆ ਹੈ।

ਪੱਕੇ ਕੱਚੇ ਸਿੱਖ ਦਿਖਾਰਨ॥ ਕਿ ਪੱਕਾ ਸਿਖ ਕੌਣ ਹੈ? ਕੱਚਾ ਸਿਖ ਕੌਣ ? ਸਤਿਗੁਰਾਂ ਨੇ ਇਹ ਦਿਖਾਉਣ ਵਾਸਤੇ ਕੌਤਕ ਰਚਿਆ ਹੈ। ਪੱਕੇ ਸਿੱਖ ਸਿਦਕੀ ਸ਼ਹੀਦ ਸਿਖ ਜਿਹੜੇ ਨੇ ਅਤੇ ਕੱਚੇ ਸਿੱਖ ਜਿਹੜੇ ਮਨਮੁਖ ਨੇ, ਇਹ ਪੱਕੇ ਕੱਚੇ ਦਾ ਨਿਰਨਾ ਕਰਨ ਵਾਸਤੇ।

ਸ੍ਰੀ ਗੁਰ ਬਚਨ ਮੁਖੋਂ ਥੋ ਕਹਜੋ॥ ਸਤਿਗੁਰਾਂ ਨੇ ਆਪਣੇ ਮੁਖਾਰ ਬਿੰਦ ਤੋਂ ਬਚਨ ਆਖਿਆ ਸੀ।

ਲੈ ਪਰੀਖਜਾ ਤਿਮ ਹੀ ਚਹਜੋ॥੬॥ ਸਿਖਾਂ ਦੀ ਪ੍ਰੀਖਿਆ ਲੈਣ ਵਾਸਤੇ ਉਵੇਂ ਹੀ ਕੌਤਕ ਕਰਨਾ ਚਾਹਿਆ। ੬।

ਤਬ ਸ੍ਰੀ ਸਤਿਗੁਰ ਖੰਡੋ ਮੰਗਵਾਯੋ॥ ਤਦੋਂ ਸਤਿਗੁਰੂ ਜੀ ਨੇ ਇੱਕ ਖੰਡਾ ਮੰਗਵਾਇਆ ਹੈ।

ਸਦ ਮਾਰਵਾੜੀਅਨ ਸਾਨ ਚੜ੍ਹਾਯੋ॥ ਮਾਰਵਾੜ ਦੇ ਮਿਸਤ੍ਰੀਆਂ ਨੂੰ ਬੁਲਾ ਕੇ ਉਸ ਖੰਡੇ ਦੀ ਧਾਰ ਲਾਉਣ ਵਾਸਤੇ ਸਾਨ ਤੇ ਚੜ੍ਹਾਇਆ ਹੈ।

ਲਜੋ ਖੜਗ ਗਹਿ ਭੁਜਾ ਉਠਾਯੋ॥ ਹੱਥ ਵਿੱਚ ਖੰਡਾ ਫੜ ਕੇ ਬਾਂਹ ਉਤਾਂਹ ਚੁੱਕ ਕੇ।

ਪੰਜ ਸਿਖਨ ਚਹਯੋ ਸੀਸ ਝਟਕਾਯੋ॥੭॥ ਗੁਰੂ ਕਹਿਣ ਲੱਗੇ ਅਸੀਂ ਪੰਜਾਂ ਸਿੱਖਾਂ ਦੇ ਸੀਸ ਝਟਕਾਉਣਾ ਚਾਹੁੰਦੇ ਹਾਂ। ੭।

ਦੋਹਰਾ॥ ਸਭ ਸੰਗਤ ਇਕੱਠੀ ਕਰੇ, ਕਹੀ ਸ੍ਰੀ ਗੁਰ ਸਭਨ ਸੁਨਾਇ॥ ਵਿਸਾਖੀ ਦੇ ਪੁਰਬ ਤੇ ਸੰਗਤ ਦਾ ਬੜਾ ਭਾਰੀ ਇਕੱਠ ਸੀ ਉਦੋਂ, ਸਤਿਗੁਰਾਂ ਨੇ ਦਿਵਾਨ ਵਿੱਚ ਬੁਲੰਦ ਅਵਾਜ਼ ਵਿੱਚ ਸੁਣਾ ਕੇ ਇਉਂ ਆਖਿਆ ਹੈ।

ਹੈ ਕੋਈ ਐਸੋ ਸਿੱਖ ਅਬ, ਲੇਵੈ ਸੀਸ ਕਟਾਇ॥੮॥ ਅੱਜ ਦੇ ਸਮੇਂ ਵਿੱਚ ਕੋਈ ਐਸਾ ਸਿਖ ਹੈ, ਜੋ ਮੇਰੇ ਤੋਂ ਸੀਸ ਕਟਾਏ, ਮੈਂ ਸੀਸ ਕੱਟਣਾ ਚਾਹੁੰਦਾ ਹਾਂ ਸਿੱਖ ਦਾ ਆਉ ਨਿੱਤਰੋ। ੮।

ਚੌਪਈ॥ ਸੁਨਤ ਬਚਨ ਸਭ ਲੋਕਨ ਤ੍ਰਾਸ॥ ਇਹ ਬਚਨ ਸੁਣਕੇ ਸਭ ਦਾ ਤ੍ਰਾਹ ਨਿਕਲ ਗਿਆ, ਡਰ ਗਏ ਸਾਰੇ ਕਿ ਇਹ ਕੀ ਬਣਿਆ ਕੰਮ? ਇਹ ਤਾਂ ਹੁਣ ਝਟਕਾ ਦੇਣਗੇ ਜਿਹੜਾ ਅੱਗੇ ਹੋਇਆ।

ਸਤਿਗੁਰ ਕੋ ਬਹੁ ਛਡਗੇ ਪਾਸ॥ ਸਤਿਗੁਰਾਂ ਦੇ ਜੋ ਨੇੜੇ ਨੇੜੇ ਰਹਿਣ ਵਾਲੇ ਸੀ ਜੋ ਪ੍ਰਸ਼ਾਦ ਲੈਣ ਵਾਲੇ ਭਾਗੜ ਲੋਕ ਦੋਹਰਾ ਛਾਂਦਾ ਮਿਲੇਗਾ, ਉਹ ਉਦੋਂ ਹੀ ਖਿਸਕਣੇ ਸ਼ੁਰੂ ਹੋ ਗਏ ਪਿਛਾਂਹ ਨੂੰ ਕਿਤੇ ਊਈ ਨਾ ਫੜ ਲੈਣ ਬਾਂਹ ਤੋਂ ਹੀ । ਇਉਂ ਸਾਰੇ ਨੀਵੀਆਂ ਪਾ ਗਏ ਹੌਲੀ ਹੌਲੀ ਖਿਸਕਣ ਲੱਗ ਪਏ।

ਕਈਅਨ "ਸਤਿਗੁਰ ਸਿਰਰੀ" ਕਹਯੋ॥ ਕਈਆਂ ਨੇ ਕਿਹਾ ਸਤਿਗਰੂ ਨੂੰ ਤਾਂ ਸਿਰੜ ਹੋ ਗਿਆ, ਦਿਮਾਗ ਵਿੱਚ ਫਰਕ ਪੈ ਗਿਆ। ਵੇਖੋ ਸਿੱਖਾਂ ਨੂੰ ਵੀ ਕੋਈ ਮਾਰਦਾ, ਭਾਵ ਸਤਿਗੁਰਾਂ ਨੇ, ਸਾਨ ਤੇ ਖੰਡਾ ਤਿੱਖਾ ਕਰਵਾ ਲਿਆਂਦਾ, ਕਿ ਸਿਖਾਂ ਦੇ ਸਿਰ ਚਾਹੀਦੇ ਨੇ, ਆਹ ਨਵੀਂ ਗੱਲ ਸੁਣੀ ਹੈ ਇਉਂ ਕਹਿਕੇ ਕਈ ਤਾਂ ਝੋਲੀਆਂ ਝਾੜ ਕੇ ਤੁਰ ਪਏ।

ਸਿੱਖੀ ਤੋੜਨ ਉਨੈਂ ਚਿਤ ਚਹਯੋ॥੯॥ ਸਿੱਖੀ ਤੋੜਨ ਵਾਲੀ ਗੱਲ ਕੀਤੀ, ਹੁਣ ਕਿਹੜਾ ਸਿੱਖ ਰਹੇਗਾ ਇਹਨਾਂ ਦਾ ਜਦੋਂ ਗਲ ਵੱਢਣ ਲਗ ਪਏ। ਉਨ੍ਹਾਂ ਨੇ ਚਿੱਤ ਵਿਚ ਚਾਹਿਆ ਕਿ ਸਿੱਖੀ ਤੋੜ ਦੇਈਏ, ਭਾਵ ਸਿੱਖੀ ਨੂੰ ਛਡ ਦੇਈਏ। ੯।

ਕਈ ਸੁਨਤ ਘਰ ਕੋ ਹੀ ਦੌੜੇ॥ ਕਈ ਤਾਂ ਸਤਿਗੁਰੂ ਜੀ ਦੀ ਗਰਜਵੀਂ ਅਵਾਜ਼ ਸੁਣ ਕੇ ਘਰ ਨੂੰ ਭੱਜ ਲੀਏ।

ਕਈ ਆਵਤ ਮਿਲ ਰਸਤਜੋਂ ਮੋੜੇ॥ ਕਈ ਅਜੇ ਰਸਤੇ ਵਿੱਚ ਹੀ ਆਉਂਦੇ ਸਨ, ਉਨ੍ਹਾਂ ਨੂੰ ਰਾਹ ਵਿਚੋਂ ਹੀ ਮੋੜ ਲਿਆ ਹੈ, ਰਸਤੇ ਵਿਚੋਂ ਹੀ ਮੋੜ ਕੇ ਲੈ ਗਏ, ਕਹਿੰਦੇ ਉਥੇ ਤਾਂ ਆਹ ਗੱਲ ਹੋ ਗਈ ਹੈ, ਉਥੇ ਤਾਂ ਸਿਰ ਵੱਢੀ ਜਾਂਦੇ ਹਨ ਸਿੱਖਾਂ ਦੇ।

ਕੋਊ ਮਿਲ ਕੋਊ ਅਨਮਿਲ ਗਯੋ॥ ਕੋਈ ਤਾਂ ਸਤਿਗੁਰੂ ਜੀ ਨੂੰ ਆ ਮਿਲਿਆ ਹੈ ਕੋਈ ਨਮਸਕਾਰ ਕਰਕੇ ਪਿਛਲ ਖੁਰੀ ਉਥੇ ਬਹਿੰਦੇ ਹੀ ਬਾਹਰ ਹੋ ਗਏ ਕਨਾਤ ਤੋਂ, ਕਈ ਦੂਰੋਂ ਹੀ ਚਲੋ ਆਪਾ ਕੀ ਲੈਣਾ ਹੈ ਫੇਰ ਵੇਖ ਲੈਂਦੇ ਹਾਂ ਠੀਕ ਆ ਕਿ ਨਹੀਂ, ਠੀਕ ਰਿਹਾ ਤਾਂ ਚਲਾਂਗੇ, ਨਹੀਂ ਤਾਂ ਘਰ ਨੂੰ ਮੁੜ ਚਲਦੇ ਹਾਂ ਵਾਪਸ।

ਵੇਗ ਭਜਤ ਉਨ ਮਗਰ ਨ ਤਕਯੋ॥੧੦॥ ਤੇਜੀ ਨਾਲ ਭੱਜਦਿਆਂ ਉਨ੍ਹਾਂ ਨੇ ਪਿੱਛੇ ਮੁੜ ਕੇ ਨਹੀਂ ਦੇਖਿਆ ਹੈ। ੧੦।

ਕੋਊ ਕਹਿ "ਇਨ ਮਸੰਦਨ ਸੁਤ ਮਾਰੇ"॥ ਕਈ ਆਪਦੀਆਂ ਹੀ ਗੱਲਾਂ ਬਣਾਉਂਦੇ ਹਨ ਬਹੁਤੀਆਂ, ਕੋਈ ਕਹਿੰਦਾ ਹੈ ਇਨ੍ਹਾਂ ਨੇ ਮਸੰਦਾਂ ਦੇ ਪੁੱਤ ਜੂ ਮਾਰ ਘੱਤੇ ਸਨ, ਫੂਕ ਦਿੱਤੇ ਤੇਲ ਵਿਚ ਤਲ ਤਲ ਕੇ।

"ਆਦਿ ਨਿਰਦਈ" ਯਹਿ ਐਸ ਪੁਕਾਰੇ। ਇਹ ਨਵਾਂ ਗੁਰੂ ਤਾਂ (ਆਦਿ) ਮੁੱਢ ਤੋਂ ਬਚਪਨ ਤੋਂ ਨਿਰਦਈ ਹੈ, ਦਇਆ ਨਹੀਂ ਇਸਦੇ ਵਿੱਚ, ਕਈ ਤਾਂ ਏਥੋਂ ਤੀਕਰ ਬੋਲਣ ਲੱਗ ਪਏ।

ਰਹੀ ਬਾਤ ਮਝੈਲਨ ਸਿਰ ਆਇ॥ ਹੁਣ ਮਝੈਲ ਸਿੱਖਾਂ ਤੇ ਆ ਗਈ ਗਲ, ਜਿਹੜੇ ਨੇੜੇ ਦੇ ਸਨ।

ਹੁਤੋ ਅੰਮ੍ਰਿਤਸਰ ਜਿਨੈ ਸਹਾਇ॥ ੧੧॥ ਜਿਨ੍ਹਾਂ ਦੇ ਸ੍ਰੀ ਅੰਮ੍ਰਿਤਸਰ ਜੀ ਸਹਾਇਕ ਹਨ। ੧੧।

ਜਦੋਂ ਅੰਮ੍ਰਿਤਸਰ ਸਰੋਵਰ ਲਾਇਆ ਹੈ, ਅੰਮ੍ਰਿਤ ਸਰੋਵਰ ਵਿੱਚ ਜਿਨ੍ਹਾਂ ਨੇ ਇਸ਼ਨਾਨ ਕੀਤਾ, ਜਿਨ੍ਹਾਂ ਨੇ ਅੰਮ੍ਰਿਤ ਜਲ ਛਕਿਆ ਉਨ੍ਹਾਂ ਦੀ ਕਾਇਰਤਾ ਜਾਂਦੀ ਰਹੀ, ਮਝੈਲਾਂ ਦੀ ਬਹਾਦਰੀ ਦਾ ਕਾਰਨ ਇਹੋ ਬਣਿਆ ਹੈ ਕਿ ਜਦ

ਤੋਂ ਅੰਮ੍ਰਿਤ ਸਰੋਵਰ ਬਣਿਆ ਹੈ ਉਸ ਦਿਨ ਤੋਂ ਇਹ ਦਲੇਰ-ਏ-ਮਰਦ ਬਣ ਗਏ ਹਨ, ਇਹਨਾਂ ਦੇ ਮਨ ਵਿਚੋਂ ਭੈ ਨਿਕਲ ਗਿਆ ਹੈ ਮੌਤ ਦਾ।

ਭਾਈ ਗੁਰਦਾਸ ਤਿਨ ਬਚਨ ਬਿਚਾਰੇ॥ ਆਪਣੇ ਮਨ ਵਿਚ ਉਹਨਾਂ ਨੇ ਭਾਈ ਗੁਰਦਾਸ ਜੀ ਦੇ ਏਸ ਬਚਨ ਦਾ ਵਿਚਾਰ ਕਰਕੇ।

"ਗੁਰ ਸਾਂਗ ਬ੍ਰਤਾਵੈ ਸਿਖ ਸਿਦਕ ਨ ਹਾਰੇ॥ ਇਉਂ ਇਹਨਾਂ ਨੇ ਇਹ ਦ੍ਰਿੜ੍ਹ ਕਰ ਲਿਆ ਹੈ ਕਿ ਸਤਿਗੁਰੂ ਜੀ ਕੋਈ ਚੋਜ ਕਰਨ ਆਪਾਂ ਨਹੀਂ ਹਟਣਾ ਪਿੱਛੇ, ਸਤਿਗੁਰੂ ਜੀ ਤਾਂ ਸਿੱਖਾਂ ਨੂੰ ਪਰਖਦੇ ਰਹਿੰਦੇ ਹਨ ਇਉਂ ਇਹਨਾਂ ਨੇ ਉਹ ਬਚਨ ਸੰਭਾਲ ਕੇ ਰੱਖਿਆ ਹੈ।

ਗੁਰੂ ਭ੍ਰੁਵਾਸੇ ਸਿਖ ਜੋ ਰਹੈ॥ ਭਾਈ ਸਾਹਿਬ ਜੀ ਕਹਿੰਦੇ ਨੇ ਕਿ ਗੁਰੂ ਦੇ ਭਰੋਸੇ ਤੇ ਜੋ ਸਿੱਖ ਰਹਿੰਦਾ ਹੈ, ਗੁਰੂ ਹੱਥ ਡੋਰੀ ਕਰ ਦਿੰਦਾ ਆਪਣੇ ਜੀਵਨ ਦੀ।

ਮਾਨੈ ਹੁਕਮ ਗੁਰੂ ਜੋ ਕਹੈ॥੧੨॥ ਜੋ ਗੁਰੂ ਮਹਾਰਾਜ ਹੁਕਮ ਦੇਣ ਸੋਈ ਉਹ ਮੰਨਦਾ ਰਹੇ, ਗੁਰੂ ਦੇ ਹੁਕਮ ਨੂੰ ਸਿਰ ਮੱਥੇ ਪ੍ਰਵਾਣ ਕਰੇ। ੧੨।

ਦੋਹਰਾ॥ ਜਬ ਤੇ ਮਾਝੇ ਦੇਸ਼ ਮੈਂ, ਸ੍ਰੀ ਗੁਰ ਲਵਾਯੋ ਤਾਲ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਇਹਦਾ ਕਾਰਨ ਸਿੱਖੀ ਸਿਦਕ ਦਾ ਕਿਵੇਂ ਹੈ, ਜਦੋਂ ਤੋਂ ਗੁਰੂ ਜੀ ਨੇ ਮਾਝੇ ਦੇਸ਼ ਵਿੱਚ ਅੰਮ੍ਰਿਤ ਸਰੋਵਰ ਲਵਾਇਆ ਹੈ।

ਪਾਪ ਕਰੈ ਜੋ ਕੋਊ ਸਿਖ, ਨ੍ਹਾਵਤ ਹੋਤ ਨਿਹਾਲ॥੧੩॥ ਅੰਮ੍ਰਿਤ ਸਰੋਵਰ ਦਾ ਵੱਡਾ ਗੁਣ ਏਹੀ ਹੈ ਕਿ ਕਿੰਨੇ ਪਾਪ ਕੀਤੇ ਹੋਣ, ਇੱਕ ਵਾਰੀ ਚੁੱਭਾ ਲਾਉਣ ਨਾਲ ਦੂਰ ਹੋ ਜਾਂਦੇ ਹਨ, ਸਿਖ ਨਿਰਮਲ ਹੋ ਜਾਂਦਾ ਹੈ। ੧੩।

ਸ੍ਰੀ ਸਤਿਗੁਰ ਵਾਕ॥

ਸੋਰਠਿ ਮਃ ੫॥ ਵਿਚਿ ਕਰਤਾ ਪੁਰਖੁ ਖਲੋਆ॥ ਕਰਤਾ=ਕਰਤਾਰ। ਪੁਰਖ=ਸਰਬ-ਬਿਆਪਕ। ਵਿਚਿ ਖਲੋਆ=ਆਪ ਸਹਾਇਤਾ ਕਰਦਾ ਹੈ। ਸਰਬ ਵਿਆਪਕ ਕਰਤਾਰ ਆਪ ਉਸ ਦੀ ਸਹਾਇਤਾ ਕਰਦਾ ਹੈ।

ਵਾਲੁ ਨ ਵਿੰਗਾ ਹੋਆ॥ (ਉਸਦੀ ਆਤਮਕ ਰਾਸਿ-ਪੂੰਜੀ ਦਾ) ਰਤਾ ਭਰ ਭੀ ਨੁਕਸਾਨ ਨਹੀਂ ਹੁੰਦਾ।

ਮਜਨੁ ਗੁਰਿ ਆਂਦਾ ਰਾਸੇ॥ (ਹੇ ਭਾਈ! ਸਾਧੋ! ਉਨ੍ਹਾਂ ਗੁਰਸਿੱਖਾਂ ਦਾ ਇਸ਼ਨਾਨ ਕੀਤਾ ਸਫਲ ਹੋ ਗਿਆ ਹੈ।

ਜਪਿ ਹਰਿ ਹਰਿ ਕਿਲਵਿਖ ਨਾਸੇ॥੧॥ ਉਹ ਮਨੁੱਖ ਸਦਾ ਪ੍ਰਮਾਤਮਾ ਦਾ ਨਾਮ ਜਪ ਜਪ ਕੇ (ਆਪਣੇ ਸਾਰੇ) ਪਾਪ ਨਾਸ ਕਰ ਲੈਂਦਾ ਹੈ। ੧।

ਸੰਤਹੁ ਰਾਮਦਾਸ ਸਰੋਵਰ ਨੀਕਾ॥ ਹੇ ਸੰਤ ਜਨੋ! ਰਾਮਦਾਸ ਸਰੋਵਰ ਇੱਕ ਸੁੰਦਰ ਅਸਥਾਨ ਹੈ।

ਜੋ ਨਾਵੈ ਸੋ ਕੁਲੁ ਤਰਾਵੈ, ਉਧਾਰੁ ਹੋਆ ਹੈ ਜੀ ਕਾ ॥ ੧॥ ਰਹਾਉ॥ ਜਿਹੜਾ ਗੁਰਸਿਖ ਉਸ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਦਾ ਹੈ, ਉਸਦਾ ਪਾਰ ਉਤਾਰਾ ਹੋ ਜਾਂਦਾ ਹੈ, ਉਹ ਆਪਣੀ ਸਾਰੀ ਕੁਲ ਨੂੰ ਭੀ (ਸੰਸਾਰ ਸਮੁੰਦਰ ਤੋਂ) ਪਾਰ ਲੰਘਾ ਲੈਂਦਾ ਹੈ।

ਜੈ ਜੈਕਾਰ ਜਗੁ ਗਾਵੈ॥ ਸਾਰਾ ਜਗਤ ਉਸਦੀ ਸੋਭਾ ਦਾ ਗੀਤ ਗਾਂਦਾ ਹੈ, ਸਾਰੇ ਸੰਸਾਰ ਵਿੱਚ ਉਸ ਦੀ ਜੈ ਜੈਕਾਰ ਹੁੰਦੀ ਹੈ।

ਮਨਿ ਚਿੰਦਿਅੜੇ ਫਲ ਪਾਵੈ॥ ਉਹ ਗੁਰਸਿਖ ਮਨ ਚਿਤਵੇ ਫਲ ਹਾਸਲ ਕਰ ਲੈਂਦਾ ਹੈ।

ਸਹੀ ਸਲਾਮਤਿ ਨਾਇ ਆਏ॥ ਅੰਮ੍ਰਿਤ ਸਰੋਵਰ ਵਿਚ ਇਸ਼ਨਾਨ ਕਰਕੇ ਸਹੀ ਸਲਾਮਤ ਆ ਗਏ। ਆਪਣੀ ਆਤਮਕ ਜੀਵਨ ਦੀ ਰਾਸ-ਪੂੰਜੀ ਨੂੰ ਪੂਰਨ ਤੌਰ ਤੇ ਬਚਾ ਲੈਂਦਾ ਹੈ।

ਆਪਣਾ ਪ੍ਰਭੂ ਧਿਆਏ॥੨॥ ਹੇ ਭਾਈ ! ਜਿਹੜਾ ਗੁਰਸਿਖ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕਰਕੇ ਆਪਣੇ ਵਾਹਿਗੁਰੂ

ਦਾ ਸਿਮਰਨ ਕਰਦਾ ਹੈ, ਉਸਦਾ ਅਰਾਧਨ ਕਰਦਾ ਹੈ। ੨।

ਸੰਤ ਸਰੋਵਰਿ ਨਾਵੈ॥ ਹੇ ਭਾਈ! ਜਿਹੜਾ ਗੁਰ ਸਿੱਖ ਸੰਤਾਂ ਦੇ ਸਰੋਵਰ ਵਿਚ ਇਸ਼ਨਾਨ ਕਰਦਾ ਹੈ।

ਸੋ ਜਨੁ ਪਰਮਗਤਿ ਪਾਵੈ॥ ਉਹ ਗੁਰਸਿਖ (ਪਰਮਗਤਿ) ਪਰਮਗਤੀ ਨੂੰ ਜੀਵਨ ਮੁਕਤੀ ਨੂੰ ਪ੍ਰਾਪਤ ਕਰ ਲੈਂਦਾ ਹੈ।

ਮਰੈ ਨ ਆਵੈ ਜਾਈ॥ ਉਹ ਗੁਰਸਿਖ ਮਰਦਾ ਨਹੀਂ ਹੈ (ਨ ਆਵੈ ਜਾਈ) ਨਹੀਂ ਆਉਂਦਾ ਜਾਂਦਾ, ਭਾਵ ਜੰਮਦਾ ਮਰਦਾ ਨਹੀਂ ਹੈ।

ਹਰਿ ਹਰਿ ਨਾਮੁ ਧਿਆਈ॥੩॥ ਜਿਹੜਾ ਗੁਰਸਿਖ ਸਦਾ ਵਾਹਿਗੁਰੂ ਦਾ ਨਾਮ ਸਿਮਰਦਾ ਹੈ। ੩।

ਇਹੁ ਬ੍ਰਹਮ ਬਿਚਾਰੁ ਸੁ ਜਾਨੈ॥ ਹੇ ਭਾਈ ! ਪਰਮਾਤਮਾ ਨਾਲ ਮਿਲਾਪ ਦੀ ਇਸ ਵਿਚਾਰ ਨੂੰ ਉਹ ਗੁਰਸਿਖ ਸਮਝਦਾ ਹੈ।

ਜਿਸੁ ਦਇਆਲੁ ਹੋਇ ਭਗਵਾਨੈ॥ ਜਿਸ ਗੁਰਸਿਖ ਉਤੇ ਪ੍ਰਭੂ ਆਪ ਦਿਆਲੂ ਹੁੰਦਾ ਹੈ।

ਬਾਬਾ ਨਾਨਕ ਪ੍ਰਭ ਸਰਣਾਈ॥ ਹੇ ਬਾਬਿਓ -ਹੇ ਸੰਤਜਨੋ! ਜਿਹੜਾ ਗੁਰਸਿਖ ਵਾਹਿਗੁਰੂ ਦੀ ਸ਼ਰਨ ਪਿਆ ਰਹਿੰਦਾ ਹੈ।

ਸਭ ਚਿੰਤਾ ਗਣਤ ਮਿਟਾਈ॥ ੪॥੭॥੫੭॥ ਉਹ ਆਪਣਾ ਹਰੇਕ ਕਿਸਮ ਦਾ ਚਿੰਤਾ-ਫਿਕਰ ਦੂਰ ਕਰ ਲੈਂਦਾ ਹੈ। ੪। ੭। ੫੭।

ਇਹ ਕਾਰਨ ਹੈ ਮਝੈਲ ਸਿਖਾਂ ਦੀ ਗੱਲ ਦੱਸਦੇ ਹਨ , ਕਿ ਉਹ ਤਾਂ ਦਲੇਰੇ ਜੰਗ ਹੋਏ ਹਨ, ਤਾਂ ਸਿਰ ਉਹਨਾਂ ਨੇ ਵਾਰੇ ਹਨ, ਉਹਨਾਂ ਦੇ ਸਾਰੇ ਪਾਪ ਅਤੇ ਚਿੰਤਾ ਫਿਕਰ ਦੂਰ ਹੋ ਗਏ ਹਨ, ਉਹਨਾਂ ਦੇ ਮਨ ਵਿਚ ਭੈ ਨਹੀਂ ਸੀ ਰਿਹਾ ਕਿਸੇ ਕਿਸਮ ਦਾ।

ਚੌਪਈ॥ ਉਸ ਪਰਤਾਪ ਉਨੂੰ ਮਤਿ ਠਈ॥ ਉਸ ਅੰਮ੍ਰਿਤ ਸਰੋਵਰ ਦੇ ਪ੍ਰਤਾਪ ਨਾਲ ਉਨ੍ਹਾਂ ਮਝੈਲਾਂ ਸਿੱਖਾਂ ਦੀ ਮਤਿ ਐਸੀ ਬਣ ਚੁੱਕੀ ਸੀ।

ਉਨੂੰ ਕਾਇਰਤਾ ਤਨ ਤੇ ਗਈ॥ ਉਨ੍ਹਾਂ ਦੇ ਸਰੀਰ ਵਿਚੋਂ ਕਾਇਰਤਾ ਚਲੀ ਗਈ ਸੀ , ਅੰਮ੍ਰਿਤ ਸਰੋਵਰ ਦੀ ਸਿਫਤ ਦਸਦੇ ਹਨ, ਜਦ ਤੋਂ ਅੰਮ੍ਰਿਤ ਸਰੋਵਰ ਮਾਝੇ ਦੇਸ਼ ਵਿੱਚ ਪ੍ਰਗਟ ਹੋਇਆ ਹੈ *"ਰਾਮਦਾਸ ਸਰੋਵਰ ਨਾਤੇ। ਸਭ ਉਤਰੇ ਪਾਪ ਕਮਾਤੇ"*। ਜਦੋਂ ਅੰਮ੍ਰਿਤ ਸਰੋਵਰ ਵਿੱਚ ਇਸ਼ਨਾਨ ਕੀਤਾ ਜਾਵੇ, ਤਾਂ ਸਾਰੇ ਹੀ ਪਾਪ ਦੂਰ ਹੋ ਜਾਂਦੇ ਹਨ।

ਜਿਗਰੋਂ ਮੈਲ ਨ੍ਹਾਵਤ ਤਨ ਜਾਵੈ॥ ਇਸ ਸਰੋਵਰ ਦਾ ਪ੍ਰਤਾਪ ਐਸਾ ਹੈ, ਜੋ ਜਿਗਰ ਵਿੱਚ ਮੈਲ ਹੁੰਦੀ ਹੈ, ਜੋ ਅੰਦਰ ਖੋਟ ਹੁੰਦਾ ਹੈ ਬੰਦੇ ਦੇ ਉਹ ਇਸ਼ਨਾਨ ਕਰਕੇ ਅੰਦਰਲਾ ਖੋਟ ਚਲਿਆ ਜਾਂਦਾ ਸੀ ਅੰਦਰੋਂ ਸਾਫ ਹੋ ਜਾਂਦੇ ਸੀ।

ਉੱਜਲ ਰਿਦੇ ਉਨੂੰ ਬੁਧਿ ਆਵੈ॥੧੪॥ ਜਦੋਂ ਰਿਦਾ ਉੱਜਲ ਹੋ ਜਾਵੇ, ਅੰਦਰੋਂ ਹਿਰਦਾ ਸ਼ੁਧ ਹੋ ਜਾਏ, ਉਦੋਂ ਸ਼ੁਧ ਬੁਧੀ ਦਾ ਪ੍ਰਕਾਸ਼ ਹੁੰਦਾ ਹੈ, ਉੱਥੇ ਅਕਲ ਆ ਜਾਂਦੀ ਹੈ, ਸਿਆਣਪ ਆ ਜਾਂਦੀ ਹੈ। ੧੪।

ਇਹ ਸਿੱਖਨ ਉਨ ਸੁਨੀ ਮਝੈਲਨ॥ ਇਹ ਉਨ੍ਹਾਂ ਮਝੈਲ ਸਿਖਾਂ ਨੇ ਜਦੋਂ ਸਤਿਗੁਰੂ ਜੀ ਦੀ ਸੀਸ ਲੈਣ ਦੀ ਅਵਾਜ਼ ਸੁਣੀ।

ਆਏ ਸਿੱਖ ਸੁਨਤ ਚਿਤ ਚੈਲਨ॥ ਚਿਤ ਵਿੱਚ ਬੜਾ ਚਾਉ ਲੈ ਕੇ ਆਏ ਹਨ ਸਿੱਖ, ਸੁਣ ਕੇ ਸਤਿਗੁਰਾਂ ਦਾ ਬਚਨ।

ਉਸਤੇ ਆਗੇ ਹੁਇ ਚਹੈਂ ਖੜਨੋ॥ ਇੱਕ ਦੂਜੇ ਤੋਂ ਅੱਗੇ ਹੋ ਚੱਲਣਾ ਚਾਹੁੰਦੇ ਹਨ, ਅੱਗੇ ਖੜ੍ਹਨਾ ਚਾਹੁੰਦੇ ਹਨ।

ਸੀਸ ਕਟਾਇ ਬਹੁ ਸਿਖ ਚਹਿੰ ਮਰਨੋ॥੧੫॥ ਕਿਉਂਕਿ ਉਸ ਮੌਕੇ ਸਿਖੀ ਸਿਦਕ ਨੂੰ ਪ੍ਰਾਪਤ ਹੋਏ ਹੋਏ ਸਨ, ਸਿੱਖੀ ਦੇ ਵਾਸਤੇ ਸਭ ਕੁਛ ਕੁਰਬਾਨ ਕਰਨ ਨੂੰ ਤਿਆਰ ਸਨ। ਇੱਕ ਦੂਜੇ ਤੋਂ ਅੱਗੇ ਹੋ ਕੇ ਸੀਸ ਕਟਾ ਕੇ ਬਹੁਤੇ ਸਿਖ ਮਰਨਾ ਚਾਹੁੰਦੇ ਸਨ, ਸ਼ਹੀਦੀ ਮਰਾਤਬਾ ਲੈਣ ਨੂੰ ਤਿਆਰ ਸਨ। ੧੫।

ਦੋਹਰਾ॥ ਸਤਿਗੁਰ ਤੰਬੂ ਵਡ ਗਡਜੋ, ਕਨਾਤ ਸੁ ਗਿਰਦ ਲਵਾਇ॥ ਕਿਉਂਕਿ ਸਿਖ ਨੇ ਸਵਾਲ ਕਰ ਦਿੱਤਾ ਹੈ ਕਿ "ਸ਼ਹੀਦੀ" ਪਦ ਜੋ ਹੈ, ਜੋ ਸ਼ਹੀਦੀ ਮਰਾਤਬਾ ਹੈ ਉਹ ਸਤਿਗੁਰਾਂ ਦੇ ਵੇਲੇ ਤੋਂ ਲੱਗਾ ਹੈ, ਜਾਂ ਬਾਅਦ ਵਿੱਚ ਪੰਥ ਵਿੱਚੋਂ ਕਿਸੇ ਨੇ ਰਵਾਇਤ ਕੀਤੀ ਹੈ, ਉਸਦਾ ਨਿਰਨਾ ਭਾਈ ਰਤਨ ਸਿੰਘ ਜੀ ਕਰਦੇ ਹਨ। ਸਤਿਗੁਰੂ ਜੀ ਨੇ ਇੱਕ

ਵੱਡਾ ਤੰਬੂ ਲੁਆਇਆ ਹੋਇਆ ਸੀ, ਉਸ ਤੰਬੂ ਦੇ ਦੁਆਲੇ ਕਨਾਤ ਲਵਾਈ ਹੋਈ ਸੀ।

ਗੁਪਤਹਿ ਬਕਰੇ ਆਇ ਧਰਿ, ਬਜੋਰੋ ਕਿਸੇ ਨ ਲਖਾਇ॥ ੧੬॥ ਉਸ ਤੰਬੂ ਵਿੱਚ ਗੁਪਤ ਪੰਜ ਬਕਰੇ ਰੱਖੇ ਹੋਏ ਸਨ, ਇਹਦਾ (ਬਜੋਰੋ) ਬਿਉਰਾ, ਵੇਰਵਾ, ਭੇਦ ਕਿਸੇ ਨੂੰ ਨਹੀਂ ਸੀ, ਵੇਰਵਾ ਕਿਸੇ ਨੇ ਨਾਂਹ ਜਾਣਿਆਂ, ਕਿ ਤੰਬੂ ਵਿੱਚ ਕੀ ਚੀਜ਼ ਹੈ। ੧੬।

ਸਤਿਗੁਰ ਮਾਂਗੇ ਸੀਸ ਜਿਮ, ਨਿਤਰੇ ਆਇ ਮਝੈਲ॥ ਜਦੋਂ ਸਤਿਗੁਰਾਂ ਨੇ ਸੀਸ ਮੰਗੇ ਤਾਂ ਮਝੈਲ ਸਿੱਖ ਜਿਨ੍ਹਾਂ ਦੇ ਅੰਦਰ ਮੈਲ ਨਹੀਂ ਸੀ, ਕਾਇਰਤਾ ਨਹੀਂ ਸੀ, ਉਹ ਨਿੱਤਰੇ ਹਨ ਅੱਗੇ ਹੋ ਕੇ।

ਕਰ ਸ਼ਨਾਨ ਔ ਧੂਪ ਅੰਗ ਕਰ, ਖੁਸ਼ੀ ਸੁ ਅਏ ਬਡ ਛੈਲ॥ ੧੭॥ ਸਤਿਗੁਰੂ ਜੀ ਦਾ ਹੁਕਮ ਸੁਣਕੇ ਬੜੇ (ਛੈਲ) ਜੁਆਨ, ਇਸ਼ਨਾਨ ਕਰਕੇ ਸਰੀਰ ਨੂੰ ਧੂਪ ਦੇਕੇ, ਸਨੱਧਬੱਧ ਹੋ ਕੇ ਹਾਜ਼ਰ ਹੋਏ ਹਨ। ੧੭।

ਚੌਪਈ॥ ਹੁਤ ਸਤਿਗੁਰ ਪੰਜ ਸਿੱਖ ਬੁਲਾਏ॥ ਪੰਜ ਸਿਖਾਂ ਨੂੰ ਹੁਕਮ ਹੋਇਆ ਸੀ, ਸੱਤਿਗੁਰਾਂ ਨੇ ਪੰਜਾਂ ਸਿੱਖਾਂ ਨੂੰ ਬੁਲਾਇਆ ਸੀ, ਪੰਜਾਂ ਸਿਖਾਂ ਦੇ ਸੀਸ ਚਾਹੀਦੇ ਨੇ ਸਾਨੂੰ।

ਉਨਕੋ ਯੌਂ ਸਭ ਜਤਨ ਜਤਾਏ॥ ਉਹਨਾਂ ਨੂੰ ਇਉਂ ਸਾਰਾ ਜਤਨ ਜਤਾਇਆ ਹੈ, ਕਿ ਇਹ ਸਾਰਾ (ਜਤਨ) ਕੌਤਕ ਜੋ ਕੀਤਾ ਹੈ।

ਬੰਧ ਅਖੀਂ ਕੀਏ ਖੜੇ ਨਿਆਰੇ॥ ਉਹਨਾਂ ਦੀਆਂ ਅੱਖਾਂ ਬੰਨ੍ਹ ਕੇ (ਨਿਆਰੇ) ਵੱਖੋ ਵੱਖਰੇ ਖੜ੍ਹੇ ਕਰ ਦਿੱਤੇ ਹਨ।

ਉਨਕੀ ਠੌਰ ਦਏ ਬਕਰੇ ਮਾਰੇ॥੧੮॥ ਉਨ੍ਹਾਂ ਸਿਖਾਂ ਦੀ ਥਾਂ ਬਕਰੇ ਝਟਕਾ ਦਿੱਤੇ ਹਨ, ਜਦੋਂ ਅੱਖਾਂ ਬੱਧੀਆਂ ਹੋਣ, ਅੱਖਾਂ ਤੇ ਪੱਟੀ ਬੱਧੀ ਹੋਵੇ ਕਿਸੇ ਨੂੰ ਕੀ ਪਤਾ ਕਿ ਬੱਕਰੇ ਝਟਕਾ ਰਹੇ ਨੇ ਜਾਂ ਸਿੱਖਾਂ ਦੇ ਸੀਸ ਝਟਕਾ ਰਹੇ ਹਨ, ਭਾਵ ਇਸ ਤਰ੍ਹਾਂ ਸਤਿਗੁਰਾਂ ਨੇ ਸਿੱਖਾਂ ਨੂੰ ਕੌਤਕ ਕਰਕੇ ਦਿਖਾਇਆ। ੧੮।

ਬਕਰਨ ਰਕਤ ਬਾਹਰ ਚਲਿ ਆਈ॥ ਜਦੋਂ ਤੰਬੂ ਵਿਚ ਬਕਰੇ ਝਟਕਾਏ, ਤੰਬੂ ਤੋਂ ਬਾਹਰ ਨੂੰ ਜਦੋਂ ਬਕਰਿਆਂ ਦੀ ਲਹੂ ਦੀ ਘਰਾਲ ਗਈ।

ਦੇਖ ਰਕਤ ਨਠ ਗਈ ਲੁਕਾਈ॥ ਉਸ ਲਹੂ ਨੂੰ ਵੇਖ ਕੇ ਕਿ ਵਾਕਿਆ ਹੀ ਸਿੱਖ ਝਟਕਾ ਦਿੱਤੇ ਹਨ ਤਾਂ ਜਿਤਨੇ ਲੋਕ ਇੱਕਠੇ ਹੋਏ ਸਨ ਸਭ ਦੌੜ ਗਏ ਹਨ।

ਸਤਿਗੁਰ ਰਾਖੇ ਸਿੱਖ ਬਚਾਇ॥ ਸਤਿਗੁਰੂ ਜੀ ਆਪਣੇ ਸਿੱਖਾਂ ਦੇ ਰਾਖੇ ਹਨ, ਉਨ੍ਹਾਂ ਨੇ ਆਪਣੇ ਸਿੱਖਾਂ ਨੂੰ ਬਚਾ ਲਿਆ ਹੈ।

ਉਨੈਂ ਸ਼ਹੀਦੀ ਪਦ ਦਜੋ ਲਾਇ॥੧੯॥ ਉਹਨਾਂ ਨਾਲ ਸ਼ਹੀਦੀ ਪਦ ਲਾ ਦਿੱਤਾ, ਇਹ ਸ਼ਹੀਦ ਨੇ, ਇਹਨਾਂ ਨੇ ਸ਼ਹੀਦ ਹੋਣ ਤੋਂ ਸੰਕੋਚ ਨਹੀਂ ਕੀਤਾ। ਸੀਸ ਦੇਣ ਤੋਂ ਸੰਕੋਚ ਨਹੀਂ ਕੀਤਾ। ੧੯।

ਸਾਖੀ ਮੇਹਰ ਸਿੰਘ ਭੁਜੰਗੀ, ਗੰਗੂ ਸ਼ਾਹੀਆਂ ਔਰ ਖੜਕ ਸਿੰਘ ਕੀ॥

(ਗੰਗੂ ਸ਼ਾਹੀਆਂ ਤੇ ਭੁਜੰਗੀਆਂ ਦੀ ਅਜੋੜ। ਇਕ ਸਿੰਘ ਦੇ ਘਰ ਸਤਮਾਹਾਂ ਪੁਤ੍ਰ ਬਖਸ਼ਿਆ)

ਦੋਹਰਾ॥ ਮੇਹਰ ਸਿੰਘ ਇਕ ਸਿੰਘ ਹੁਤੋ, ਦਿਲੀ ਮਧ ਘੁਮਿਆਰ॥ ਮੇਹਰ ਸਿੰਘ ਨਾਮ ਦਾ ਘੁਮਿਆਰ ਜਾਤੀ ਨਾਲ ਸਬੰਧ ਰਖਣ ਵਾਲਾ, ਇਕ ਸਿੰਘ ਦਿੱਲੀ ਵਿੱਚ ਰਹਿੰਦਾ ਸੀ, ਅਤੇ ਤੱਤ ਖਾਲਸਾ ਤਿਆਰ-ਬਰ-ਤਿਆਰ ਸ਼ਸਤ੍ਰ ਧਾਰੀ ਸਿੰਘ ਸੀ।

ਬਾਵਨੀ ਆਯੋ ਸਿਰਹੰਦ ਕੀ, ਸਿੰਘ ਦਸ ਕੁ ਰਹੈਂ ਉਸ ਨਾਰ॥੧॥ ਇਹ ਬੜਾ ਪ੍ਰਤਾਪੀ ਸਿੰਘ ਸੀ, ਇਸ ਦੇ ਨਾਲ ਦਸ ਕੁ ਸਿੰਘ ਤਿਆਰ-ਬਰ-ਤਿਆਰ ਖੰਡੇ ਦੀ ਪਾਹੁਲ ਵਾਲੇ ਰਿਹਾ ਕਰਦੇ ਸਨ। ਸਤਿਗੁਰਾਂ ਤੋਂ ਬਾਅਦ ਦੀ ਗੱਲ ਹੈ, ਗੁਰਸਿੱਖਾਂ ਦੇ ਘਰਾਂ ਵਿੱਚ ਇਸ ਦਾ ਚੰਗਾ ਪ੍ਰੇਮ ਸੀ। ਇਹ ਦਿੱਲੀ ਤੋਂ ਏਥੇ ਸਰਹੰਦ ਆਇਆ ਸੀ। ੧।

ਚੌਪਈ॥ ਵਹੀ ਭੁਜੰਗਨ ਤੌਰ ਸੁ ਰਹੈ॥ ਉਹ ਭੁਜੰਗ ਖਾਲਸਾ ਭਾਵ ਤੱਤ ਖਾਲਸੇ ਦੇ, ਫਰਲਿਆਂ ਵਾਲੇ, ਖੰਡੇ ਤੋੜਿਆਂ ਵਾਲੇ, ਚੱਕ੍ਰਾਂ ਵਾਲੇ, ਓਹੀ ਤੌਰ, ਤਿਆਰ ਬਰ ਤਿਆਰ ਰਹਿੰਦਾ ਸ਼ਸਤ੍ਰਧਾਰੀ।

ਰਮਰਈਅਨ ਗੰਗੂ ਸ਼ਾਹੀਅਨ ਸੋਂ ਖਹੈ॥ ਗੰਗੂਸ਼ਾਹੀਏ, ਰਾਮਰਾਈਏ ਤੇ ਧੀਰ ਮੱਲੀਏ ਆਦਿਕਾਂ ਦੇ ਨਾਲ ਖਹਿੰਦਾ ਸੀ ਉਹ। ਉਹ ਤੱਤ ਖਾਲਸਾ ਸੀ, ਇਹਨਾਂ ਦੀ ਉਹ ਪ੍ਰਵਾਹ ਨਹੀਂ ਸੀ ਕਰਦਾ, ਇਨ੍ਹਾਂ ਮੀਣਿਆਂ ਮਸੰਦਾਂ ਨੂੰ ਉਹ ਪ੍ਰਚਾਰ ਨਹੀਂ ਸੀ ਕਰਨ ਦਿੰਦਾ।

ਸਾਥ ਜੋੜੀ ਕੇ ਰਬਾਬ ਬਜਾਵੈ॥ ਇਹ ਗੁਰੂ ਕਾ ਸਿਖ ਹੋਣ ਕਰਕੇ ਅੰਮ੍ਰਿਤ ਵੇਲੇ ਰਬਾਬ ਨਾਲ ਜੋੜੀ ਵਜਾ ਕੇ ਆਸਾ ਦੀ ਵਾਰ ਦਾ ਕੀਰਤਨ ਕਰਦਾ ਹੁੰਦਾ ਸੀ।

ਚਾਰ ਵਕਤ ਸ਼ਬਦ ਗੁਰ ਕੇ ਗਾਵੈ॥੨॥ ਚਾਰ ਸਮੇਂ, ਅੰਮ੍ਰਿਤ ਵੇਲੇ ਗੁਰਬਾਣੀ ਦਾ ਜਾਪ ਕਰਦੇ, ਸ਼ਬਦ ਬਾਣੀ ਕਰਦੇ, ਬਿਲਾਵਲ ਦੀ ਚੌਂਕੀ ਲਾਉਂਦੇ ਫੇਰ ਜਪ ਜਾਪ ਦਾ ਪਾਠ ਕਰਦੇ, ਫੇਰ ਪਿਛਲੇ ਪਹਿਰ ਸੋਦਰ ਰਹਿਰਾਸ ਦਾ ਪਾਠ ਹੁੰਦਾ, ਉਸ ਤੋਂ ਬਾਅਦ ਆਰਤੀ ਆਰਤਾ ਕੀਰਤਨ ਸੋਹਿਲੇ ਦਾ ਪਾਠ ਕਰਦੇ, ਭਾਵ ਸਿੰਘਾਂ ਦੀ ਇਹ ਰੀਤ ਹੈ, ਕਿ ਜਿਥੇ ਪੰਜ ਦਸ ਸਿੰਘ ਰਹਿੰਦੇ ਹੋਣ, ਉਥੇ ਕਥਾ ਕੀਰਤਨ ਹੁੰਦਾ ਰਹੇ ਗੁਰੂ ਕੀਆਂ ਬਾਣੀਆਂ, ਗੁਰੂ ਕੇ ਇਤਿਹਾਸ ਪੜ੍ਹਦੇ ਸੁਣਦੇ ਰਹਿਣਾ ਚਾਹੀਦਾ ਹੈ ਤਾਂ ਕਿ ਸਿੱਖੀ ਦਾ ਪ੍ਰਕਾਸ਼ ਰਹੇ। ਭਾਈ ਮੇਹਰ ਸਿੰਘ ਚਾਰੇ ਟਾਇਮ ਦੇ ਨਿੱਤਨੇਮ ਦਾ ਪੱਕਾ ਸੀ ਤੇ ਸ਼ਬਦ ਕੀਰਤਨ ਕਰਦਾ ਹੁੰਦਾ ਸੀ। ੨।

ਕਰੇ ਅਰਦਾਸ ਗੁਰੂ ਫੜ੍ਹੇ ਬੁਲਾਵੈ॥ ਅਰਦਾਸ ਕਰਨੀ ਤੇ ਉੱਚੀ ਸੁਰ ਵਿਚ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ। ਗਜਾਉਂਦਾ ਹੈ।

ਵਾਹਿਗੁਰੂ ਬੋਲ ਸੁ ਜਾਪ ਜਪਾਵੈ॥ ਜਿਵੇਂ ਜਦੋਂ ਪ੍ਰਸ਼ਾਦ ਵਰਤਦਾ ਹੈ ਤਾਂ ਵਾਹਿਗੁਰੂ ਦਾ ਜਾਪ ਕਰਦੇ ਹਨ ਸਿੰਘ, ਸੰਗਤ ਵਿੱਚ ਬੈਠ ਕੇ ਸਤਿਨਾਮ ਵਾਹਿਗੁਰੂ ਦਾ ਜਾਪ ਕਰਾਉਂਦਾ ਹੈ।

ਹਥ ਸੋਟਾ ਗਲ ਰਖੈ ਤਲਵਾਰ॥ ਇਹ ਗੁਰਸਿਖਾਂ ਦੀ ਰਹੁ ਰੀਤ ਦੱਸਦੇ ਨੇ ਹੱਥਾਂ ਵਿੱਚ (ਸੋਟਾ) ਸਲੋਤਰ ਰੱਖਣਾ, ਸਵਾ ਹੱਥ ਦਾ ਤਾਂ ਜਰੂਰ ਹੀ ਰਖਣਾ ਚਾਹੀਦਾ ਹੈ, ਪਰ ਜੁੱਧ ਵਾਸਤੇ ਫੇਰ ਉਹ ਵੱਡਾ ਰੱਖਣਾ ਪੈਂਦਾ ਹੈ ਜੰਗੀ ਸਲੋਤਰ, ਚੰਗਾ ਜਿਹੜਾ ਮਤਹਿਰੇ ਵਰਗਾ ਹੋਵੇ ਜਿਸਨੂੰ ਤਲਵਾਰ ਨਾ ਕੱਟ ਸਕਦੀ ਹੋਵੇ ਐਸਾ ਜਬਰਦਸਤ ਸਲੋਤਰ ਰੱਖੇ ਜੇ ਤਲਵਾਰ ਤੇ ਵੱਜੇ ਤਾਂ ਦੋ ਟੁਕੜੇ ਕਰ ਦੇਵੇ ਤਲਵਾਰ ਦੇ, ਜੇ ਸਿਰ ਵਿਚ ਵੱਜੇ ਤਾਂ ਖੋਪਰ ਸਣੇ ਟੋਪ ਫੇਹ ਕੇ ਰੱਖ ਦੇਵੇ ਗਲ ਵਿੱਚ ਸ੍ਰੀ ਸਾਹਿਬ, ਖੰਡੇ ਪਹਿਨਕੇ ਰਖਣੇ ਸਨੱਧਬੱਧ ਰਹਿੰਦਾ ਹੈ।

ਡੇਰਾ ਕਰੈ ਜਾ ਸਿਖਨ ਬਾਰ॥੩॥ ਜਿਥੇ ਗੁਰਸਿਖਾਂ ਦੇ ਘਰ ਹੋਣ, ਉਥੇ ਜਾ ਕੇ (ਡੇਰਾ) ਪੜਾ ਕਰਦਾ ਹੈ। ੩।

ਨੀਲ ਬਸਤ੍ਰ ਗਜ ਸਵਾ ਕਛਹਿਰੇ॥ ਸਵਾ ਗਜ ਤੋਂ ਘਟ ਕਛਹਿਰਾ ਨਹੀਂ ਪਾਉਣਾ ਹੈ ਅਤੇ ਨੀਲੇ ਬਸਤ੍ਰ ਰਖਣੇ, ਇਹ ਪੁਰਾਤਨ ਮੁਯਾਦਾ ਰੱਖਦਾ ਹੈ।

ਕੇਸਿ ਨਹਾਇ ਪ੍ਰਾਤ ਉਠ ਪਹਿਰੇ॥ ਪਹਿਰ ਰਾਤ ਰਹਿੰਦੀ ਤੋਂ ਉਠਕੇ ਸਮੇਤ ਕੇਸਾਂ ਦੇ ਇਸ਼ਨਾਨ ਕਰਦਾ ਹੈ।

ਕਰੈ ਅਰਦਾਸ ਬਾਣੀ ਨਿਤ ਪੜੇ॥ ਗੁਰਬਾਣੀ ਦਾ ਨਿੱਤਨੇਮ ਕਰਕੇ ਅਰਦਾਸ ਕਰਦਾ ਹੈ ਗੁਰੂ ਸਾਹਿਬ ਜੀ ਦੇ ਚਰਨਾਂ ਵਿੱਚ।

ਰਹੈ ਸੁਚੇਤ ਨ ਕਿਸ ਤੇ ਡਰੇ॥੪॥ (ਸੁਚੇਤ) ਸਾਵਧਾਨ ਰਹਿੰਦਾ ਹੈ, ਅਤੇ ਕਿਸੇ ਮੁਗਲ ਚੁਗਲ ਤੋਂ ਡਰਦਾ ਨਹੀਂ ਹੈ। ੪।

ਦੋਹਰਾ॥ ਜਹਿੰ ਸੰਗਤ ਸੁਨੈ ਗੁਰ ਦਸਮ ਕੀ, ਤਹਿੰ ਡੇਰਾ ਲਾਇ ਸੁ ਜਾਇ॥ ਜਿਥੇ ਦਸਵੇਂ ਪਾਤਸ਼ਾਹ ਦੀ ਸੰਗਤ, ਭਾਵ ਖੰਡੇ ਦੀ ਪਾਹੁਲ ਵਾਲੇ ਸਿੰਘ ਰਹਿੰਦੇ ਸੁਣਦਾ ਹੈ ਉਥੇ ਜਾ ਕੇ ਸਿੰਘਾਂ ਕੋਲ ਡੇਰਾ ਲਾਉਂਦਾ ਹੈ।

ਰਮਰਈਅਨ, ਗੰਗਈ, ਕੁੜੀ ਘੁਟ, ਮੀਣੈ ਮਸੰਦ ਖਿਝਾਇ॥੫॥ ਰਾਮਰਾਈਏ, ਗੰਗੂਸ਼ਾਹੀਏ ਆਦਿਕ ਇਹ ਨਵੇਂ ਗੁਰੂ ਬਣ ਕੇ ਬੈਠੇ ਸਨ, ਇਹ ਗੁਰੂ ਬਣ ਬਣ ਕੇ ਬੈਠੇ ਸਨ ਪੰਥ ਦੇ ਹੁੰਦਿਆਂ ਹੋਇਆਂ, ਜਦੋਂ ਪੰਥ ਜੰਗਾਂ ਵਿੱਚ ਰੁੱਝਿਆ ਹੋਇਆ ਸੀ। ਕੁੜੀ ਮਾਰ, ਨੜੀਮਾਰ, (ਮੀਣੇ) ਪ੍ਰਿਥੀ ਚੰਦ ਦੀ ਕੁਸੰਗਤ, ਅਤੇ ਮਸੰਦ ਆਦਿਕ, ਉਨ੍ਹਾਂ ਨਾਲ ਖਹਿੰਦਾ ਸੀ ਮੇਹਰ ਸਿੰਘ, ਉਨ੍ਹਾਂ ਨੇ ਜਿਥੇ ਮਿਲ ਜਾਣਾ ਜਰੂਰ ਸੋਧਦੇ ਸਨ ਸਿੰਘ। ਉਨ੍ਹਾਂ ਨੇ ਗੁਰੂ ਦੇ ਨਾਮ ਤੇ ਉਗਰਾਹੀਆਂ ਕਰਨੀਆਂ ਤੇ ਨਾਲੇ ਗੁਰੂ ਕਹਾਉਣਾ। (ਮਸੰਦ) ਮਸੰਦਗੀ, ਦਸਵੰਧ ਦਿਉ ਗੁਰੂ ਕਾ, ਨਹੀਂ ਤਾਂ ਉਹਨਾਂ ਨੂੰ ਸ੍ਰਾਪ ਦੇਣਾ ਉਹ ਗੁਰੂ ਮਾਰਿਓ ਇਸ ਤਰ੍ਹਾਂ ਬੋਲਣਾ ਮਸੰਦਾਂ ਨੇ, ਸਿੰਘਾਂ ਨੂੰ ਇਹ ਸੁਣਕੇ ਗੁਸਾ ਆਉਂਦਾ ਸੀ ਕਿ ਗੁਰੂ ਕੇ ਸਿਖਾਂ ਨੂੰ, ਗੁਰੂ ਕੇ ਲਾਲਾਂ ਨੂੰ ਕਿਰਤ ਵਿਰਤ ਕਰਨ ਵਾਲਿਆਂ ਤੋਂ ਨਾਲੇ ਦਸਵੰਧ ਲੈਂਦੇ ਹਨ, ਅਤੇ ਇਹਨਾਂ ਦੇ ਘਰੀਂ ਭੋਜਨ ਛਕਦੇ ਹਨ, ਇਹ ਮਸੰਦ ਨਾ ਸਿਖ ਨਾ ਸਿਖਾਂ ਦੀ ਜਾਤ। ੫।

ਚੌਪਈ॥ ਸਮਾਂ ਏਕ ਦਿਨ ਐਸਾ ਭਯੋ॥ ਇਕ ਦਿਨ ਦੀ ਗੱਲ ਹੈ ਕੁਦਰਤੀਂ ਐਸਾ ਸਮਾਂ ਬਣਿਆ ਹੈ।

ਗੰਗੂ ਦਾਸੀਅਨ ਕੋ ਤਹਿੰ ਡੇਰਾ ਭੀ ਅਯੋ॥ ਜਿਥੇ ਭਾਈ ਮੇਹਰ ਸਿੰਘ ਦਿੱਲੀ ਵਾਲਾ ਉਤਰਿਆ ਸੀ, ਉਸੇ ਹੀ ਨਗਰ ਵਿੱਚ ਗੰਗੂ ਸ਼ਾਹੀਆਂ ਦਾ ਵੀ ਡੇਰਾ ਆ ਉਤਰਿਆ।

ਖੜਕ ਸਿੰਘ ਗੁਰੂ ਬਡੋ ਅਖਾਵੈ॥ ਗੰਗੂ ਸ਼ਾਹੀਆਂ ਵਿੱਚ ਉਸ ਟਾਇਮ ਖੜਕ ਸਿੰਘ ਸੀ, ਉਹ ਆਪਣੇ ਆਪ ਨੂੰ ਵੱਡਾ ਗੁਰੂ ਕਹਾਉਂਦਾ ਸੀ ਕਿ ਮੈਂ ਹੀ ਹਾਂ ਗੁਰੂ ਹੁਣ, ਗੁਰੂ ਸਾਹਿਬਾਂ ਤੋਂ ਬਾਅਦ ਮੈਂ ਗੁਰ ਗੱਦੀ ਦਾ ਮਾਲਕ ਹਾਂ।

ਕਰਾਮਾਤ ਮਧਿ ਸੰਗਤ ਦਿਖਾਵੈ॥੬॥ ਸੰਗਤ ਦੇ ਵਿੱਚ ਕਰਾਮਾਤਾਂ ਦਿਖਾਇਆ ਕਰੇ। ੬।

ਬੱਸੀ ਗੋਤ ਮੰਜੀ ਜਿਨ ਕੋਲ॥ ਇਸਦਾ ਬੱਸੀ ਗੋਤ ਸੀ, ਮੰਜੀ ਮਿਲੀ ਹੋਈ ਸੀ ਇਹਨਾਂ ਦੇ ਕਿਸੇ ਬਜੁਰਗ ਨੂੰ। ਗੁਰੂ ਜਿਨ੍ਹਾਂ ਦੇ ਟੱਪਣੇ ਚੇਲੇ ਜਾਣ ਛੜੱਪ, ਸਾਡੇ ਵਡੇਰਿਆਂ ਨੂੰ ਮੰਜੀ ਮਿਲੀ ਸੀ, ਕੋਈ ਪੁੱਛੇ ਇਹਨਾਂ ਨੂੰ ਤੈਨੂੰ ਤਾਂ ਨਹੀਂ ਮਿਲੀ, ਐਸੇ ਸਿੱਖਾਂ ਨੇ ਗੁਰੂ ਕਹਾਇਆ ਉਸ ਟਾਇਮ, ਜਦੋਂ ਖਾਲਸੇ ਤੇ ਬਿਪਤਾ ਬਣੀ ਹੋਈ ਸੀ।

ਗੁਰੂ ਅਮਰਦਾਸ ਉਨ ਕੋ ਦਈ ਬੋਲ॥ ਗੁਰੂ ਅਮਰਦਾਸ ਜੀ ਨੇ ਇਹਨਾਂ ਨੂੰ ਮੰਜੀ ਦਿੱਤੀ ਹੋਈ ਸੀ ਇਹਨਾਂ ਦੀ ਬੰਸ ਵਿੱਚ।

ਟਹਲ ਬਾਵਲੀ ਉਨ ਕੁਛ ਕਈ॥ ਉਨ੍ਹਾਂ ਦੇ ਬਜੁਰਗਾਂ ਨੇ ਗੋਇੰਦ ਵਾਲ ਵਿਖੇ ਸ੍ਰੀ ਬਉਲੀ ਸਾਹਿਬ ਦੀ ਕੁਛ ਸੇਵਾ ਕੀਤੀ ਸੀ, ਗੁਰੂ ਅਮਰਦਾਸ ਜੀ ਦੀ ਹਜ਼ੂਰੀ ਵਿੱਚ।

ਇਮ ਕਰ ਉਨ ਪਰ ਕ੍ਰਿਪਾ ਥੀ ਭਈ॥ ੭॥ ਇਸ ਤਰ੍ਹਾਂ ਕਰਕੇ ਉਨ੍ਹਾਂ ਉਤੇ ਗੁਰੂ ਮਹਾਰਾਜ ਦੀ ਕਿਰਪਾ ਹੋਈ ਸੀ। ਅਤੇ ਸੇਵਾ ਤੋਂ ਪ੍ਰਸੰਨ ਹੋ ਕੇ ਇਨ੍ਹਾਂ ਦੇ ਵਡਾਰੂ ਨੂੰ ਮੰਜੀ ਦੀ ਬਖਸ਼ਸ਼ ਹੋਈ ਸੀ। ੭।

ਦੋਹਰਾ॥ ਜਬ ਸੋਢੀ ਕੋਊ ਨਾ ਰਹਜੋ, ਮੰਜੀ ਲਾਵਨ ਜੋਗ॥ ਗੁਲਾਬ ਰਾਇ ਤੋਂ ਬਾਅਦ ਜਦੋਂ ਸੋਢੀਆਂ ਵਿਚੋਂ ਕੋਈ ਵੀ ਸੰਗਤ ਵਿੱਚ ਮੰਜੀ ਲਾਉਣ ਜੋਗਾ ਨਾ ਰਿਹਾ।

ਸਿਖ ਸੰਗਤ ਰੰਡੀ ਕਹੈਂ, ਘੇਰ ਲਏ ਉਨ ਲੋਗ॥੮॥ ਇਹੋ ਜਿਹੇ ਲੋਕ ਜਿਹੜੇ ਸਨ ਜਿਨ੍ਹਾਂ ਦੇ ਵੱਡੇ ਵਡੇਰਿਆਂ ਨੂੰ ਸਿਖੀ ਮਿਲੀ ਸੀ, ਉਹ ਕਹਿੰਦੇ ਹਨ ਕਿ ਹੁਣ ਕੋਈ ਨਹੀਂ ਹੈ ਗੁਰੂ, ਗੁਰੂ ਤੋਂ ਬਗੈਰ ਤਾਂ ਸਿਖ ਸੰਗਤ ਰੰਡੀ ਹੈ, ਇਹੋ ਜਿਹੀਆਂ ਗੱਲਾਂ ਕਰਕੇ ਘੇਰ ਘੇਰ ਕੇ ਲੋਕਾਂ ਨੂੰ ਆਪਣੇ ਮਗਰ ਲਾਉਂਦੇ ਹਨ। ੮।

ਚੌਪਈ॥ ਬਿਨ ਗੁਰ ਸੰਗਤ ਰੰਡੀ ਬਤਾਵੈਂ॥ ਗੁਰੂ ਤੋਂ ਬਿਨਾਂ ਸੰਗਤ ਨੂੰ ਰੰਡੀ ਕਹਿੰਦੇ ਹਨ।

ਯੌ ਕਹਿ ਕਹਿ ਵਲ ਅਪਨ ਭ੍ਰਮਾਵੈਂ॥ ਇਸ ਤਰ੍ਹਾਂ ਕਹਿ ਕਹਿ ਕੇ ਸੰਗਤ ਨੂੰ ਆਪਣੇ ਵੱਲ ਭ੍ਰਮਾ ਲਿਆ ਕਰਨ, ਆਪਣੇ ਮਗਰ ਲਾ ਲਿਆ ਕਰਨ।

ਗਿੱਧ ਸਿੱਧ ਦੁਧ ਪੁਤ ਭੀ ਦੇਵੈਂ॥ ਉਨ੍ਹਾਂ ਵਿੱਚ ਕਰਾਮਾਤਾਂ ਹੋਣ ਕਰਕੇ, ਸੰਗਤਾਂ ਨੂੰ ਜੇ ਕੋਈ ਦੁੱਧ ਮੰਗਦਾ ਉਹਨੂੰ ਦੁੱਧ, ਜੇ ਕੋਈ ਪੁਤਰ ਮੰਗਦਾ ਤਾਂ ਪੁੱਤਰ ਦਾ ਵਰਦਾਨ ਵੀ ਦਿੰਦੇ ਸਨ।

ਤੋੜ ਖਾਲਸੇ ਸੋਂ ਆਪ ਭ੍ਰਮੇਵੈਂ॥੯॥ ਖਾਲਸੇ ਨਾਲੋਂ ਤੋੜ ਕੇ ਸੰਗਤ ਨੂੰ ਭਰਮਾ ਕੇ ਆਪਣੇ ਮਗਰ ਲਾਉਂਦੇ ਸਨ ਆਪੇ ਬਣੇ ਪਖੰਡੀ ਗੁਰੂ। ੯।

ਦੋਹਰਾ॥ ਸੋ ਸੁਨ ਖਾਲਸੈ ਚਿਪ ਲਗੀ, ਸਿੰਘ ਦੰਗੋ ਫੰਗੋ ਕਰਾਂਹਿ॥ ਖਾਲਸਾ ਉਸ ਵੇਲੇ ਜੰਗਾਂ ਜੁੱਧਾਂ ਦੇ ਵਿੱਚ ਰੁੱਝਿਆ ਹੋਇਆ ਸੀ, ਜਦੋਂ ਇਹੋ ਜਿਹੀਆਂ ਗੱਲਾਂ ਸੁਣਦੇ ਚਿੱਪ ਲਗਦੀ ਸੀ ਕਿ ਗੁਰੂ ਕੀ ਸੰਗਤ ਹੋਵੇ, ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀ, ਉਨ੍ਹਾਂ ਨੂੰ ਕੋਈ ਭਰਮਾਵੇ, ਪਖੰਡ ਮਗਰ ਲਾਵੇ, ਇਸ ਕਰਕੇ ਜਿਹੜੇ ਤਿਆਰ ਬਰ ਤਿਆਰ ਸਿੰਘ ਸਨ ਉਹ ਇਸ ਗੱਲ ਦਾ ਗੁੱਸਾ ਮੰਨਦੇ ਸਨ, ਉਹ ਜਾਂਦੇ ਜਾਂਦੇ ਦੰਗਾ ਫਸਾਦ ਕਰ ਜਾਂਦੇ ਸਨ।

ਪਰ ਬਿਨਾਂ ਦਿਖਾਏ ਬਰਕਤੈਂ, ਕੋਈ ਪਤਿਆਵੈ ਨਾਂਹਿ॥੧੦॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਦੁਨੀਆਂ ਦਾਰਾਂ ਦਾ ਇਹੋ ਜਿਹਾ ਕੰਮ ਹੈ ਜਿੰਨਾਂ ਚਿਰ ਉਨ੍ਹਾਂ ਨੂੰ (ਬਰਕਤ) ਕਰਾਮਾਤ ਨਾ ਵਿਖਾਈ ਜਾਵੇ, ਉਨਾਂ ਚਿਰ ਗ੍ਰਿਸਤੀ ਬੰਦੇ ਦੁਨੀਆਂਦਾਰ ਮਗਰ ਨਹੀਂ ਲਗਦੇ। ੧੦।

ਖਾਲਸੈ ਔ ਗੰਗੂ ਸ਼ਾਹੀਅਨ, ਐਸੋ ਰਹੈ ਤਕਰਾਰ॥ ਗੰਗੂਸ਼ਾਹੀਏ ਵੀ ਬਹੁਤ ਵਧ ਚੁੱਕੇ ਸਨ, ਸੋ ਏਸ ਗੱਲ ਦੇ ਉੱਤੇ (ਤਕਰਾਰ) ਝਗੜਾ ਰਹਿੰਦਾ ਸੀ, ਸਾਡੇ ਵਿਚ ਤਾਂ ਕਰਾਮਾਤ ਹੈ ਅਸੀਂ ਤਾਂ ਸਿੱਖਾਂ ਦੇ ਕਾਰਜ ਪੂਰੇ ਕਰਦੇ ਹਾਂ ਤੇ ਤੁਸੀਂ ਕੀ ਕਰਦੇ ਹੋ, ਤੁਸੀਂ ਕੁਝ ਵੀ ਨਹੀਂ ਕਰਦੇ, ਇਉਂ ਕਹਿ ਕੇ ਗੁਰ ਸਿਖਾਂ ਨੂੰ ਚਿੜਾਉਂਦੇ ਸਨ, ਸਿੱਖਾਂ ਨੂੰ ਖਿਝਾਉਂਦੇ ਸਨ।

ਸਿੰਘ ਕਹੈਂ ਖਾਲਸੋ ਜਿਤਜੋ, ਗੰਗਈ ਕਹੈਂ ਗਜੋ ਹਾਰ॥੧੧॥ ਸਿੰਘ ਤਾਂ ਕਹਿੰਦੇ ਹਨ ਖਾਲਸੇ ਪੰਥ ਦੀ ਜੈ ਜੈਕਾਰ ਹੈ ਅਸੀਂ ਜਿੱਤੇ ਹਾਂ ਤੇ ਮੁਗਲ ਹਾਰੇ ਨੇ, ਤੇ ਜਿਹੜੇ ਗੰਗੂ ਸ਼ਾਹੀਏ ਨੇ ਜੋ ਖਾਲਸੇ ਪੰਥ ਦੇ ਵਿਰੋਧੀ ਬਣੇ ਹੋਏ ਨੇ, ਉਹ ਕਹਿੰਦੇ ਨਹੀਂ ਜਿੱਤੇ, ਖਾਲਸਾ ਹਾਰ ਗਿਆ ਸੀ, ਮੁਗਲ ਜਿੱਤ ਗਏ ਸਨ, ਬੰਦਈ ਜਿੱਤ ਗਏ ਸਨ ਐਹੋ ਜਿਹੀਆਂ ਗੱਲਾਂ ਕਰਦੇ ਹਨ। ੧੧।

ਚੌਪਈ॥ ਜਿਨ ਬਿਧ ਤਿਨੈ ਬਿਬਾਦੋ ਭਯੋ॥ ਜਿਸ ਤਰ੍ਹਾਂ ਉਨ੍ਹਾਂ ਨਾਲ (ਬਿਬਾਦ) ਝਗੜਾ ਹੋਇਆ।

ਕਹੈ ਰਤਨ ਸਿੰਘ ਸੋ ਸੁਨ ਲਯੋ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਖਾਲਸਾ ਜੀ! ਸੁਣੋ, ਇਹ ਗੰਗੂ ਸ਼ਾਹੀਆਂ ਨਾਲ ਕਿਵੇਂ ਝਗੜਾ ਹੋਇਆ ਹੈ।

ਜਿਨ ਦੇਖੇ ਜੀਵਤ ਸਿਖ ਵਾਹਿ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਜਿਨ੍ਹਾਂ ਦੀ ਮੈਂ ਸਾਖੀ ਸੁਣਾ ਰਿਹਾ ਹਾਂ, ਜਿਨ੍ਹਾਂ ਸਿਖਾਂ ਨੇ ਉਹ ਜਿਉਂਦੇ ਵੇਖੇ ਸਨ, ਜਿਨ੍ਹਾਂ ਨੇ ਇਹ ਝਗੜਾ ਅੱਖੀਂ ਵੇਖਿਆ ਸੀ ਹੁੰਦਾ।

ਉਨੇ ਕਹਜੋ ਥੋ ਹਮਰੇ ਪਾਹਿ॥੧੨॥ ਉਨ੍ਹਾਂ ਸਿਖਾਂ ਨੇ ਮੇਰੇ ਕੋਲ ਦੱਸਿਆ ਸੀ, ਮੈਂ ਉਨ੍ਹਾਂ ਤੋਂ ਸੁਣਿਆ ਸੀ, ਇਉਂ ਹੋਇਆ ਸੀ ਗੰਗੂਸ਼ਾਹੀਆਂ ਨਾਲ ਫੈਸਲਾ ਖਾਲਸੇ ਪੰਥ ਦਾ। ੧੨।

ਇਕ ਸਿਖ ਥੋ ਗੁਰ ਦਸਮ ਕੋ ਪੂਰੋ॥ ਦਸਵੇਂ ਪਾਤਸ਼ਾਹ ਜੀ ਦਾ ਇੱਕ ਪੂਰਨ ਤਿਆਰ-ਬਰ-ਤਿਆਰ ਅੰਮ੍ਰਿਤ ਧਾਰੀ ਗੁਰਸਿਖ ਸੀ।

ਬਜਾਹਯੋ ਘਰ ਗੰਗੂਸ਼ਾਹੀਅਨ ਕੇ ਊਰੋ॥ ਉਹ ਗੁਰ ਸਿੱਖ ਗੰਗੂ ਸ਼ਾਹੀਆਂ ਦੇ ਘਰ ਵਿਆਹਿਆ ਗਿਆ, (ਊਰੋ) ਭਾਵ ਜੋ ਗੁਰੂ ਸਿੱਖੀ ਤੋਂ ਦੂਰ ਨੇ, ਜਿਹੜੇ ਲੋਕ ਖੰਡੇ ਦੀ ਪਾਹੁਲ ਵਾਲਿਆਂ ਨੂੰ ਗੁਰ ਸਿੱਖੀ ਨੂੰ ਨਹੀਂ ਸੀ ਪਸੰਦ ਕਰਦੇ, ਦੇਵਨੇਤ ਨਾਲ ਉਨ੍ਹਾਂ ਦੇ ਘਰੇ ਰਿਸ਼ਤਾ ਹੋ ਗਿਆ ਗੁਰ ਸਿੱਖ ਦਾ।

ਅੰਨ ਧਨ ਉਸ ਕਮੀ ਨ ਕਾਈ॥ ਗੁਰ ਸਿਖ ਚੰਗਾ ਰੱਜਿਆ ਪੁੱਜਿਆ ਸੀ, ਅਨਾਜ, ਧਨ ਦੌਲਤ ਦੀ ਉਹਦੇ ਕੋਈ ਕਮੀ ਨਹੀਂ ਸੀ।

ਇਕ ਲੋੜ ਪੁਤ੍ਰ ਕੀ ਉਸੈ ਰਹਾਈ॥੧੩॥ ਉਹਦੇ ਘਰ ਵਿੱਚ ਪੁੱਤਰ ਹੈ ਨਹੀਂ ਸੀ, ਘਰ ਦਾ ਮਾਲਕ ਹੈ ਨਹੀਂ ਸੀ, ਇੱਕ ਪੁੱਤਰ ਦੀ ਲੋੜ ਬਾਕੀ ਰਹਿੰਦੀ ਸੀ ਉਸ ਗੁਰਸਿਖ ਨੂੰ। ੧੩।

ਅੰਨ ਧਨ ਮੈਂ ਉਸ ਬਡ ਨਢੋ ਆਯੋ॥ ਵਾਹਿਗੁਰੂ ਦੀ ਕਿਰਪਾ ਨਾਲ ਸਮਾਂ ਲੱਗਿਆ ਚੰਗਾ, ਅੰਨ ਧਨ ਦੇ ਵਿੱਚ ਬਹੁਤ ਨਢਾ ਮਿਲਿਆ ਉਸਨੂੰ, ਚੰਗੀ ਕਮਾਈ ਕੀਤੀ, ਚੰਗਾ ਅੰਨ ਧਨ ਘਰ ਵਿੱਚ ਆ ਗਿਆ।

ਉਸਕੋ ਦਸੌਂਧ ਉਨ ਸਿੱਖ ਕਢਾਯੋ॥ ਉਸ ਗੁਰਸਿਖ ਨੇ ਆਪਣੀ ਕਮਾਈ ਦਾ ਦਸਵਾਂ ਹਿੱਸਾ ਗੁਰੂ ਨਮਿਤ ਕੱਢਿਆ ਹੈ।

ਸਿੱਖ ਸਿੱਖਣੀ ਯੌਂ ਕਰੀ ਸਲਾਹਿ॥ ਸਿੱਖ ਸਿੱਖਣੀ ਨੇ ਇਸ ਤਰ੍ਹਾਂ ਸਲਾਹ ਕੀਤੀ, ਕਿ ਆਪਣੇ ਮਹਾਰਾਜ ਨੇ ਭਾਗ ਲਾਇਆ ਹੈ, ਕਮਾਈ ਵਿਚ ਵਾਧਾ ਆਇਆ ਹੈ, ਗੁਰੂ ਨਾਮ ਤੇ ਦਸਵੰਧ ਕੱਢੀਏ, ਗੁਰੂ ਕੀ ਭੇਟਾ ਕੱਢੀਏ।

ਦਸੌਂਧ ਚੜ੍ਹਾਯੈ ਘਰ ਸਿੱਖਨ ਬੁਲਾਇ॥ ੧੪॥ ਗੁਰ ਸਿੱਖਾਂ ਨੂੰ ਘਰ ਵਿੱਚ ਬੁਲਾ ਕੇ ਉਨ੍ਹਾਂ ਨੂੰ ਦਸਵੰਧ ਅਰਪਨ ਕਰੀਏ। ਲੰਗਰ ਕਰੀਏ, ਗੁਰਸਿਖਾਂ ਨੂੰ ਪ੍ਰਸ਼ਾਦ ਭੋਜਨ ਛਕਾਈਏ, ਨਾਲ ਹੀ ਉਨ੍ਹਾਂ ਨੂੰ ਦਸਵੰਧ ਦੇ ਕੇ ਅਰਦਾਸੇ ਕਰਵਾਈਏ। ੧੪।

ਪ੍ਰਸ਼ਾਦਿ ਛਕਾਇ ਅਰਦਾਸ ਕਰਾਯੈ॥ ਭੋਜਨ ਛਕਾ ਕੇ ਅਰਦਾਸ ਕਰਵਾਈਏ।

ਹੁਇ ਉਲਾਦ ਇਮ ਬਚਨ ਕਰਾਯੈ॥ ਸੰਗਤ ਤੋਂ ਇਸ ਤਰ੍ਹਾਂ ਬਚਨ ਕਰਾਈਏ ਕਿ ਸਾਡੇ ਘਰ ਉਲਾਦ ਹੋਵੇ, ਪੁੱਤਰ ਦੀ ਬਖਸ਼ਸ਼ ਹੋਵੇ।

ਇਮ ਬਚਨ ਗੋਬਿੰਦ ਸਿੰਘ ਕਰ ਗਏ॥ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਇਉਂ ਬਚਨ ਕਰ ਗਏ ਸਨ।

ਜੋ ਚਾਹੈ ਪੰਜ ਸਿੱਖਨ ਤੇ ਲਏ॥੧੫॥ ਕਿ ਜੋ ਵੀ ਕਿਸੇ ਨੂੰ ਲੋੜ ਹੋਵੇ ਉਹ ਪੰਜ ਸਿੱਖਾਂ ਤੋਂ ਅਰਦਾਸ ਕਰਾ ਕੇ ਲੈ ਸਕਦਾ ਹੈ। ੧੫।

ਸ਼ੁਭ ਦਿਨ ਪੁਛਿਕੈ ਲਜੋ ਠਹਿਰਾਇ॥ ਚੰਗਾ ਦਿਨ ਪੁਛਕੇ ਸਿਖਾਂ ਨੇ ਦਿਨ ਪੱਕਾ ਕਰ ਲਿਆ ਹੈ।

ਦਯੋ ਸਿੱਖਨ ਕੋ ਬੋਲ ਪਠਾਇ॥ ਗੁਰਸਿਖਾਂ ਨੂੰ ਸੱਦਾ ਪੱਤ੍ਰ ਭੇਜ ਦਿੱਤਾ ਹੈ।

ਸਿੱਖਨ ਕੋ ਚਹਿ ਚਰਨ ਘਰ ਪਾਯੋ॥ ਇਹ ਸਿਖ ਸਿਖਣੀ ਚਾਹੁੰਦੇ ਸਨ ਕਿ ਗੁਰਸਿਖ ਸਾਡੇ ਘਰ ਵਿਚ ਚਰਨ ਪਾਉਣ ਤੇ ਸਾਡਾ ਘਰ ਪਵਿਤ੍ਰ ਹੋਵੇ।

ਸਾਕ ਸ਼ਰੀਕ ਭੀ ਸੱਦ ਬੁਲਾਯੋ॥੧੬॥ ਆਪਣੇ ਅੰਗ ਸਾਕ ਰਿਸ਼ਤੇਦਾਰ ਤੇ ਸ਼ਰੀਕੇ ਨੂੰ ਸੱਦਾ ਦੇ ਕੇ ਬੁਲਾਇਆ ਹੈ, ਸਭ ਨੂੰ ਆਪਣੇ ਘਰ ਸੱਦ ਲਿਆ। ੧੬।

ਦੋਹਰਾ॥ ਸਮੋਂ ਸਾਲ ਐਸੋ ਭਯੋ, ਹੁਇ ਸਸੁਰੈ ਪਏ ਤਿਆਰ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਜਿਥੇ ਗੁਰਸਿਖ ਵਿਆਹਿਆ ਸੀ ਉਹ ਗੰਗੂਸ਼ਾਹੀਆਂ ਦਾ ਘਰ ਸੀ। ਐਸਾ ਸਬੱਬ ਬਣਿਆ ਉਨ੍ਹਾਂ ਨੂੰ ਵੀ ਬੁਲਾ ਲਿਆ, ਉਹ ਵੀ ਤਿਆਰ ਹੋ ਗਏ ਆਪਣੇ ਜੁਆਈ ਦੇ ਘਰ ਆਉਣ ਨੂੰ ਕਿਉਂਕਿ ਉਹ ਲੜਕੀ ਦੇ ਮਾਤਾ ਪਿਤਾ ਸਨ ਉਨ੍ਹਾਂ ਨੇ

ਤਾਂ ਆਉਣਾ ਹੀ ਸੀ।

ਰਸਤੇ ਮੈਂ ਉਨ ਗੁਰ ਮਿਲਜੋ, ਖੜਕ ਸਿੰਘ ਗੰਗਿਆਰ॥੧੭॥ ਗੁਰਸਿਖ ਦੇ ਸਹੁਰਿਆਂ ਨੂੰ ਰਸਤੇ ਵਿੱਚ ਖੜਕ ਸਿੰਘ ਜੋ (ਗੰਗਿਆਰ) ਗੰਗੂਸ਼ਾਹੀਆਂ ਦਾ ਗੁਰੂ ਬਣਿਆ ਫਿਰਦਾ ਸੀ, ਉਹ ਮਿਲ ਗਿਆ। ੧੭।

ਚੌਪਈ॥ ਸੋ ਉਨ ਨੈ ਲਯੋ ਉਤੈ ਮੁੜਾਇ॥ ਉਸਦੇ ਸਹੁਰਿਆਂ ਨੇ ਖੜਕ ਸਿੰਘ ਅੱਗੇ ਬੇਨਤੀ ਕਰਕੇ ਉਸਨੂੰ ਮੋੜ ਲਿਆ ਕਿ ਸਾਡੇ ਜੁਆਈ ਦੇ ਕਾਰਜ ਹੈ ਜੀ, ਏਧਰ ਚਰਨ ਪਾਉਂਦੇ ਜਾਉ, ਇਉਂ ਉਸਨੂੰ ਰਾਹ ਵਿਚੋਂ ਹੀ ਮੋੜ ਲਿਆਂਦਾ ਹੈ।

ਸਿਖ ਕਰਨ ਉਨ ਲਜੋ ਠਹਿਰਾਇ॥ ਗੰਗੂ ਸ਼ਾਹੀਆਂ ਦਾ ਜੋ ਗੁਰੂ ਖੜਕ ਸਿੰਘ ਸੀ, ਉਸਨੇ ਆਖਿਆ ਮੈਂ ਤਾਂ ਚਲਦਾ ਹਾਂ ਤੁਹਾਡੇ ਨਾਲ, ਜੇ ਉਹ ਮੇਰਾ ਸਿੱਖ ਬਣੇਗਾ। ਮੇਰੇ ਸਿਖ ਬਣ ਜਾਣ ਫੇਰ ਮੈਂ ਅਰਦਾਸ ਕਰਾਂਗਾ, ਕਾਰਜ ਵੀ ਠੀਕ ਹੋ ਜਾਇਗਾ, ਇਹ ਉਸਨੇ ਉਥੇ ਹੀ ਠਹਿਰਾ ਲਿਆ ਭਾਵ ਬਚਨ ਕਰ ਲਿਆ, ਆਪਣਾ ਸਿਖ ਬਣਾਉਣ ਵਾਸਤੇ।

ਆਗੈ ਹੁਤੋ ਮੇਹਰ ਸਿੰਘ ਆਯੋ॥ ਅੱਗੇ ਘਰ ਦੇ ਵਿੱਚ ਮੇਹਰ ਸਿੰਘ ਦਿੱਲੀ ਵਾਲਾ ਉਤਰਿਆ ਹੋਇਆ ਸੀ ਸਿਦਕੀ ਸਿੰਘ ਸੀ ਪੰਜ ਕਕਾਰੀਆ।

ਦਸ ਕੁ ਸਿੰਘਨ ਸਜੋਂ ਸ਼ਸਤ੍ਰ ਸਜਾਯੋ॥੧੮॥ ਦਸ ਕੁ ਸ਼ਸਤ੍ਰਧਾਰੀ ਸਿੰਘਾਂ ਨਾਲ ਸਜ ਧਜ ਕੇ ਆਇਆ ਹੋਇਆ ਸੀ। ੧੮।

ਭਯੋ ਤਿਆਰ ਜਬ ਉਸੈ ਪ੍ਰਸਾਦਿ॥ ਜਦੋਂ (ਪ੍ਰਸਾਦਿ) ਲੰਗਰ ਪਾਣੀ ਤਿਆਰ ਹੋ ਗਿਆ ਉਸ ਸਿਖ ਦੇ ਘਰ।

ਆਨ ਮਚਾਯੋ ਖੜਕ ਸਿੰਘ ਬਾਦ॥ ਗੰਗੂ ਸ਼ਾਹੀਏ ਖੜਕ ਸਿੰਘ ਨੇ ਆ ਰੌਲਾ ਪਾਇਆ ਹੈ, ਉਸਨੇ ਆਪ ਦਾ ਬਾਦ ਬਿਬਾਦ ਸ਼ੁਰੂ ਕਰ ਦਿੱਤਾ ਆ ਕੇ।

ਕਹਜੋ ਉਨੈਂ ਚਰਨ ਪਾਹੁਲ ਲੇਵੈਂ॥ ਇਹ ਗੰਗੂ ਸ਼ਾਹੀਏ ਚਰਨ ਪਾਹੁਲੀਏ ਸੀ, ਉਹ ਗੁਰੂ ਆਪ ਕਹਾਉਂਦਾ ਸੀ, ਅੰਮ੍ਰਿਤ ਧਾਰੀ ਹੋਇਆ ਨਹੀਂ ਸੀ, ਉਹ ਕਹਿੰਦਾ ਵੇਖੋ ਮੈਂ ਬਚਨ ਕਰਕੇ ਮੁੜਿਆ ਹਾਂ ਕਿ ਜੇ ਮੇਰੇ ਸਿਖ ਬਣਨਗੇ ਤਾਂ ਮੈਂ ਚਲਾਂਗਾ ਤੇ ਆਉ ਹੁਣ ਮੈਥੋਂ ਚਰਨ ਪਾਹੁਲ ਲੈ ਪਹਿਲਾਂ।

ਹੋਵੇ ਹਮ ਸਿਖ ਤਬ ਪ੍ਰਸਾਦਿ ਜੇਵੈਂ॥੧੯॥ ਤੁਹਾਡਾ ਜੁਆਈ ਮੇਰਾ ਸਿੱਖ ਬਣੇ ਫੇਰ ਮੈਂ ਪ੍ਰਸ਼ਾਦ ਛਕਾਂਗਾ। ੧੯।

ਹੁਤੋ ਜੋਰ ਬਡ ਸਾਹੁਰਵਾਰੀ॥ ਉਸ ਸਿਖ ਦੇ ਘਰ ਵਿੱਚ ਸਹੁਰੇ ਘਰ ਵਾਲਿਆਂ ਦਾ ਜ਼ੋਰ ਸੀ।

ਬੋਲ ਉਠੀ ਤਿਸ ਤਿਮ ਹੀ ਨਾਰੀ॥ ਉਸ ਗੁਰ ਸਿੱਖ ਦੇ ਨਾਲ ਗੰਗੂ ਸ਼ਾਹੀਆਂ ਦੀ ਧੀ ਵਿਆਹੀ ਸੀ, ਉਹ ਵੀ ਆਪਣੇ ਪੇਕਿਆਂ ਦੀ ਬੋਲੀ ਬੋਲਣ ਲਗ ਪਈ, ਜਦੋਂ ਉਸਦੇ ਗੁਰੂ ਨੇ ਜਿਦ ਕੀਤੀ ਹੈ।

ਸਿਖ ਕਹੈ "ਹਮ ਆਦਿ ਪਾਹੁਲ ਖੰਡੇ॥ ਸਿਖ ਕਹਿੰਦਾ ਅਸੀਂ ਤਾਂ ਮੁੱਢ ਤੋਂ ਖੰਡੇ ਦੀ ਪਾਹੁਲ ਲਈ ਹੋਈ ਹੈ, ਅਸੀਂ ਤਾਂ ਪਹਿਲਾਂ ਹੀ ਅੰਮ੍ਰਿਤ ਧਾਰੀ ਹਾਂ ਗੁਰੂ ਗੋਬਿੰਦ ਸਿੰਘ ਜੀ ਤੋਂ ਅੰਮ੍ਰਿਤ ਛਕਿਆ ਹੈ।

ਕਿਮੈਂ ਮੁੜੈਂ ਹਮ ਸਤਿਗੁਰ ਚੰਡੇ" ॥੨੦॥ ਅਸੀਂ ਸਤਿਗੁਰੂ ਦੇ ਚੰਡੇ ਹੋਏ ਹਾਂ, ਅਸੀਂ ਕਿਵੇਂ ਗੁਰੂ ਸਾਹਿਬ ਜੀ ਤੋਂ ਬੇਮੁਖ ਹੋ ਜਾਈਏ, ਮੈਂ ਸਿੱਖੀ ਨੂੰ ਕਿਵੇਂ ਪਿੱਠ ਦੇ ਸਕਦਾ ਹਾਂ। ੨੦।

ਤ੍ਰਿਯਾ ਕਹੈ ਮੋ ਲਜਾਏ ਪੇਕੇ॥ ਸਿਖ ਦੀ ਇਸਤ੍ਰੀ ਕਹਿੰਦੀ, ਮੇਰੇ ਪੇਕੇ ਲਿਆਏ ਨੇ ਆਪਦੇ ਗੁਰੂ ਨੂੰ ਤੂੰ ਉਹਨਾਂ ਦਾ ਸਿਖ ਬਣ ਜਾ।

ਹਮ ਚਹੀਐ ਉਨ ਅਗੈ ਮਥਾ ਟੇਕੇ॥ ਸਾਨੂੰ ਚਾਹੀਦਾ ਹੈ ਕਿ ਅਸੀਂ ਮੱਥਾ ਟੇਕੀਏ ਉਸ ਗੁਰੂ ਨੂੰ।

ਨਹੀਂ ਤ ਮੈਂ ਮਰ ਈਹਾਂ ਰਹੂੰਗ॥ ਜੇ ਤੂੰ ਗੰਗੂਸ਼ਾਹੀਆਂ ਦਾ ਸਿਖ ਨਹੀਂ ਬਣਦਾ ਤਾਂ ਮੈਂ ਹੁਣੇ ਹੀ ਮਰਦੀ ਹਾਂ, ਮਰਕੇ ਪ੍ਰੇਤ ਬਣ ਕੇ ਏਥੇ ਹੀ ਰਹਾਂਗੀ।

ਕੀਤਾ ਕਰਾਯਾ ਸਭ ਬਿਥਾਰ ਸੁ ਦੇਊਂਗ॥੨੧॥ ਜੋ ਕੀਤਾ ਕਰਾਇਆ ਹੈ, ਜੋ ਲੰਗਰ ਪਾਣੀ ਬਣਿਆ ਬਣਾਇਆ ਹੈ

ਸਭ ਬਿਅਰਥ ਚਲਿਆ ਜਾਇਗਾ, ਸਭ ਕੁਛ ਖਿੰਡਾ ਦਿਆਂਗੀ ਮੈਂ। ੨੧।

ਤ੍ਰਿਯਾ ਆਈ ਤਿਰੀਆ ਕੇ ਹੱਠ॥ ਇਸਤ੍ਰੀਆਂ ਦਾ ਹੱਠ ਹੁੰਦਾ ਹੈ ਭਾਵ ਜੇ ਜਿਦ ਬੰਨ੍ਹ ਲੈਣ ਤਾਂ ਪਿੱਛੇ ਨਹੀਂ ਮੁੜਦੀਆਂ। ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਇਸਤ੍ਰੀਆਂ ਵਾਲੇ ਹੱਠ ਤੇ ਆ ਲੱਕ ਬੰਨ੍ਹਿਆਂ ਇਸ ਨੇ।

ਭਈ ਸਿੱਖ ਕੋ ਔਖੀ ਸੱਟ॥ ਹੁਣ ਸਿੱਖ ਫਸ ਗਿਆ ਹੈ, ਉਹ ਘਰ ਵਾਲੀ ਹੈ, ਉਧਰ ਸਹੁਰੇ ਹਨ। ਏਧਰ ਗੁਰੂ ਕੀ ਸੰਗਤ ਖੜੀ ਹੈ ਹੁਣ ਸਿੱਖ ਕਿਧਰ ਜਾਵੇ, ਸਿੱਖ ਨੂੰ ਔਖੀ ਸੱਟ ਵੱਜੀ ਹੈ।

ਜਿਵੇਂ ਸਰਪ ਚਕਚੂੰਧਰ ਫਰੈ॥ (ਚਕਚੂੰਧਰ) ਚੂਹੀ ਵਰਗੀ ਸ਼ਕਲ ਵਾਲਾ ਜਾਨਵਰ, ਜਿਵੇਂ ਸੱਪ ਭੁਲੇਖੇ ਨਾਲ ਚਕਚੂੰਧਰ ਨੂੰ ਫੜ ਲਵੇ।

ਛਡੈ ਲਜੈ ਔ ਖਾਇ ਅੰਧ ਮਰੈ॥ ੨੨॥ ਸੱਪ ਜੇ ਉਸਨੂੰ ਛੱਡਦਾ ਹੈ ਤਾਂ ਲੱਜਿਆ ਆਉਂਦੀ ਹੈ, ਐਡਾ ਸੱਪ ਕਹਾਉਂਦਾ ਸੀ ਸ਼ਿਕਾਰ ਨਹੀਂ ਮਾਰ ਸਕਿਆ, ਸ਼ਿਕਾਰ ਗਿਆ, ਜੇ ਖਾਂਦਾ ਹੈ ਤਾਂ ਸੱਪ ਅੰਧਾ ਹੋ ਜਾਂਦਾ ਹੈ, ਕੋਹੜ ਹੋ ਜਾਂਦਾ ਹੈ ਉਸਨੂੰ ਤੇ ਮਰ ਜਾਂਦਾ ਹੈ। ਜਿਵੇਂ ਸੱਪ ਦੇ ਮੂੰਹ ਵਿੱਚ ਚਕਚੂੰਧਰ ਆ ਜਾਵੇ ਉਹ ਨਾ ਉਸਨੂੰ ਛੱਡ ਸਕਦਾ ਹੈ ਤੇ ਨਾ ਹੀ ਖਾ ਸਕਦਾ ਹੈ। ਸਿਖ ਨਾਲ ਵੀ ਇਹ ਗੱਲ ਹੋ ਗਈ ਹੈ ਸੱਪ ਵਾਲੀ। ੨੨।

ਸਸੁਰਾ ਭੀ ਉਸ ਇਮ ਹੀ ਕਹੈ॥ ਸਿਖ ਦਾ ਸਹੁਰਾ ਜੋ ਗੰਗੂ ਸ਼ਾਹੀਆ ਸੀ ਉਹ ਵੀ ਇਉਂ ਹੀ ਆਖੇ।

ਲੇ ਚਰਨ ਪਾਹੁਲ ਤੋ ਹਮ ਇਤ ਰਹੈਂ॥ ਅਖੀਰ ਤੇ ਆ ਗਈ ਗੱਲ, ਕਹਿੰਦਾ ਜੇ ਤੂੰ ਸਾਡੇ ਗੁਰੂ ਤੋਂ ਚਰਨ ਪਾਹੁਲ ਲਵੇਂਗਾ ਤਾਂ ਅਸੀਂ ਏਥੇ ਰਹਾਂਗੇ ਨਹੀਂ ਤਾਂ ਅਸੀਂ ਜਾਂਦੇ ਹਾਂ, ਤੇਰਾ ਸਾਡਾ ਰਿਸ਼ਤਾ ਖਤਮ ਹੋ ਜਾਇਗਾ।

ਭਈ ਸਿਖ ਕੋ ਔਖੀ ਗੱਲ॥ ਗੁਰਸਿਖ ਨੂੰ ਬੜੀ ਔਖੀ ਗੱਲ ਆ ਬਣੀ ਹੈ।

ਕਰੀ ਭਲੀ ਥੀ ਭਈ ਬਿਲੱਲ॥੨੩॥ ਗੱਲ ਤਾਂ ਚੰਗੀ ਕੀਤੀ ਸੀ ਕਿ ਸੰਗਤ ਆਵੇਗੀ ਅਰਦਾਸ ਕਰਾਵਾਂਗੇ ਸਾਡਾ ਭਲਾ ਹੋ ਜਾਇਗਾ, ਇਹ ਗੱਲ (ਬਿਲੱਲੀ) ਬਣ ਗਈ, ਉਲਟ ਗੱਲ ਹੋ ਗਈ ਹੈ। ੨੩।

ਤਬ ਖਾਲਸੇ ਕੋ ਗੁੱਸਾ ਆਯਾ॥ ਤਾਂ ਭਾਈ ਮੇਹਰ ਸਿੰਘ ਜੋ ਦਸ ਕੁ ਸਿੰਘਾਂ ਦੇ ਨਾਲ ਆਇਆ ਸੀ, ਉਹ ਖਾਲਸਾ ਰੂਪ ਸਨ, ਇਹਨਾਂ ਨੂੰ ਗੁੱਸਾ ਆ ਗਿਆ ਕਿ ਸਾਡੇ ਅੰਮ੍ਰਿਤ ਧਾਰੀ ਸਿੰਘ ਨੂੰ ਕਿਥੇ ਫਸਾਇਆ ਇਹਨਾਂ ਲੋਕਾਂ ਨੇ ਮਨਮਤੀਆਂ ਨੇ।

ਬਾਂਧ ਕਮਰ ਸਾਜ ਲੜਨ ਬਨਾਯਾ॥ ਇਹਨਾਂ ਦਸਾਂ ਦੇ ਦਸਾਂ ਸਿੰਘਾਂ ਨੇ ਲੱਕ ਬੰਨ੍ਹ ਲਿਆ, ਸ਼ਸਤ੍ਰ ਸਜਾ ਲਏ, ਇਹਨਾਂ ਨੇ ਕਿਹਾ ਹੁਣ ਲੜੇ ਬਿਨਾਂ ਨਹੀਂ ਬਣਦੀ ਗੱਲ, ਹੁਣ ਲੜ ਮਰ ਕੇ ਗੱਲ ਨਿਬੜੇਗੀ, ਇਹ ਤੁਸੀਂ ਕੀ ਪਖੰਡ ਰਚਾਇਆ ਹੈ, ਸਿੱਖ ਨੂੰ ਤੁਸੀਂ ਫਸਾ ਲਿਆ ਹੈ ਆਉ ਇਧਰ ਮੈਦਾਨ ਦੇ ਵਿੱਚ ਸਾਡੇ ਨਾਲ ਨਿੱਬੜ ਕੇ ਵੇਖੋ। ਗੁਰਸਿੱਖ ਸ਼ਸਤ੍ਰ ਬੰਨ੍ਹ ਕੇ ਤਿਆਰ ਹੋ ਕੇ ਮੈਦਾਨ ਵਿਚ ਖੜੇ ਹੋ ਗਏ।

"ਜੋ ਜੀਵੈ ਸੋ ਸਿੱਖ ਕਰਾਵੈ॥ ਬੱਸ ਹੁਣ ਏਥੇ ਆ ਗਈ ਗੱਲ, ਕਹਿੰਦੇ ਜਿਹੜਾ ਜਿਉਂਦਾ ਰਹੇਗਾ, ਉਹ ਇਸਨੂੰ ਸਿੱਖ ਬਣਾ ਲੇਗਾ, ਜਿਹੜਾ ਤਲਵਾਰ ਭੇਟ ਹੋ ਗਿਆ ਕਾਹਦਾ ਸਿਖ ਬਣਾਇਗਾ ਉਹ ਇਉਂ ਤੱਤ ਖਾਲਸੇ ਵਾਲੇ ਰੂਪ ਨੂੰ ਉਨ੍ਹਾਂ ਨੇ ਧਾਰਨ ਕਰ ਲਿਆ।

ਜੋਊ ਮਰੈ ਕਜਾ ਪਾਹੁਲ ਦਿਵਾਵੈ॥੨੪॥ ਜਿਹੜਾ ਮੈਦਾਨ ਵਿਚ ਮਾਰਿਆ ਹੀ ਗਿਆ, ਕੀ ਪਾਹੁਲ ਪਿਆਇਗਾ ਇਹਨਾਂ ਨੂੰ। ੨੪।

ਹਮਰਾ ਤੁਮਰਾ ਇਹੀ ਕਰਾਰ॥ ਬੱਸ ਸਾਡਾ ਤੁਹਾਡਾ ਇਹੀ ਇਕਰਾਰ ਹੈ ਹੁਣ ਮੈਦਾਨ ਵਿਚ ਆਉ, ਜਿਹੜਾ ਜਿਉਂਦਾ ਰਹੇ ਉਹ ਸਿੱਖ ਬਣਾ ਲੇਗਾ।

ਹਮ ਆਏ ਤੁਮ ਕਰੋ ਸੰਭਾਰ" ॥੨੫॥ ਸਿੰਘਾਂ ਨੇ ਲਲਕਾਰਾ ਮਾਰ ਦਿੱਤਾ, ਕਿ ਅਸੀਂ ਆਏ ਹਾਂ ਸ਼ਸਤ੍ਰ ਲੈ ਕੇ ਤੁਸੀਂ ਆਪਣੇ

ਆਪ ਨੂੰ ਸੰਭਾਲਿਉ ਹੁਣ, ਫੇਰ ਨਾ ਆਖਿਉ ਦੱਸਿਆ ਨਹੀਂ, ਅਸੀਂ ਆਏ ਹਾਂ, ਟੁੱਟ ਕੇ ਪੈਣ ਨੂੰ ਤਿਆਰ ਹੋ ਗਏ। ੨੫।

ਦੋਹਰਾ॥ ਏਤੀ ਸੁਨ ਸਸੁਰੇ ਨਠੇ, ਲਯੋ ਖੜਕੈ ਸਿੰਘ ਚੜ੍ਹਾਇ॥ ਹੱਲੇ ਦਾ ਨਾਮ ਸੁਣਨਸਾਰ ਹੀ ਸਿੰਘ ਕਹਿੰਦੇ ਅਸੀਂ ਆਏ ਹਾਂ ਤੇ ਕਾਇਮ ਹੋ ਜਾਉ ਅੱਗੇ ਨੂੰ, ਇਹ ਗੱਲ ਸੁਣਦੇ ਸਾਰ ਹੀ ਸਿੱਖ ਦੇ ਸਹੁਰੇ ਤਾਂ ਭੱਜ ਗਏ, ਤੇ ਨਾਲ ਹੀ ਆਪਣੇ ਗੰਗੂ ਸ਼ਾਹੀਏ ਗੁਰੂ ਨੂੰ ਚੜ੍ਹਾ ਲਿਆ ਨੱਠੇ ਏਥੋਂ, ਇਹ ਮਾਰ ਦੇਣਗੇ ਸਿੰਘ ਜਿਹੜੇ ਤਿਆਰ ਹੋ ਗਏ ਨੇ।

ਜਾਇ ਮੇਹਰ ਸਿੰਘ ਅਗੈ ਖੜਜੋ, "ਨਹਿੰ ਲੜੈ ਬਿਨਾਂ ਨਠ ਜਾਇ" ॥੨੬॥ ਹੁਣ ਮੇਹਰ ਸਿੰਘ ਤਿਆਰ ਹੋਇਆ ਬੈਠਾ ਸੀ, ਇਸਨੇ ਅੱਗੋਂ ਘੇਰ ਲਏ ਜਾ ਕੇ ਕਹਿੰਦਾ ਹੁਣ ਨਹੀਂ ਗੱਲ ਬਣਦੀ, ਹੁਣ ਲੜੇ ਮਰੇ ਬਿਨਾਂ ਮੈਂ ਜਾਣ ਨਹੀਂ ਦਿੰਦਾ ਤੁਹਾਨੂੰ, ਹੁਣ ਭੱਜੋ ਭਾਵੇਂ ਨਾ ਭੱਜੋ, ਹੁਣ ਮੈਂ ਨਹੀਂ ਜਾਣ ਦੇਣਾ ਤੁਹਾਨੂੰ, ਇਸ ਤਰ੍ਹਾਂ ਘੇਰਾ ਪਾ ਕੇ ਖਲੋ ਗਿਆ ਅੱਗੇ ਭਾਈ ਮੇਹਰ ਸਿੰਘ। ੨੬।

ਚੌਪਈ॥ ਫੜ ਸ਼ਮਸ਼ੇਰ ਸਿੰਘ ਗਏ ਖਲੋਇ॥ ਤੇਗਾਂ ਫੜ ਕੇ ਸਿੰਘ ਅੱਗਾ ਰੋਕ ਕੇ ਖਲੋ ਗਏ ਹਨ।

ਖੜਕ ਸਿੰਘ ਮੁੜ ਵੜਿਓ ਤੋਇ॥ ਖੜਕ ਸਿੰਘ ਫੇਰ ਘਰੇ ਆ ਵੜਿਆ ਭੱਜ ਕੇ, ਕਿ ਇਹ ਤਾਂ ਮਾਰਦੇ ਨੇ ਮੈਨੂੰ ਨਿਕਲਣ ਨਹੀਂ ਦਿੰਦੇ ਪਿੰਡ ਵਿਚੋਂ।

ਸਿੰਘ ਇਕ ਇੱਕੀ ਕੇ ਬਿਨ ਹੋਇ॥ ਸਿੰਘਾਂ ਨੇ ਲਲਕਾਰਾ ਕਰ ਦਿੱਤਾ ਕਿ ਅੱਜ ਇੱਕ ਬੰਨੇ ਲਾ ਕੇ ਛੱਡਣੀ ਹੈ ਗੱਲ, ਜਦੋਂ ਤੱਕ ਇਕ ਦੂ ਇੱਕ ਨਹੀਂ ਹੋ ਜਾਂਦੀ, ਉਨਾਂ ਚਿਰ ਸਾਡਾ ਕੋਈ ਲਿਹਾਜ਼ ਨਹੀਂ ਤੁਹਾਡੇ ਨਾਲ, ਅਸੀਂ ਨਹੀਂ ਛੱਡਣਾ ਨਾ ਭੱਜਣ ਦੇਣਾ।

ਰਹੈਂ ਕੈਸੇ ਲੜ ਜੀਵਤ ਦੋਇ॥੨੭॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਜਦੋਂ ਲੜਾਈ ਹੋ ਪਈ, ਫਿਰ ਕੌਣ ਜਿੰਦਾ ਰਹੇ ਕੌਣ ਮਰੇ, ਕੀ ਪਤਾ ਲਗਦਾ ਹੈ ਲੜਾਈ ਦੇ ਵਿੱਚ। ੨੭।

ਸਸੁਰਾਰੀਅਨ ਕੈ ਮੁਖ ਭਏ ਪੀਲੇ॥ ਸਿੰਘਾਂ ਨੂੰ ਲਾਲੀਆਂ ਚੜ੍ਹੀਆਂ ਗੰਗੂ ਸ਼ਾਹੀ ਤੇ ਸਹੁਰਿਆਂ ਦੇ ਮੂੰਹ ਪੀਲੇ ਹੋ ਗਏ।

ਪਾਉਣ ਲਗੇ ਸੱਦ ਵਿਚ ਵਸੀਲੇ॥ ਉਹ ਹੋਰਾਂ ਨੂੰ ਸੱਦ ਸੱਦ ਕੇ ਵਿੱਚ ਵਸੀਲੇ ਪਾਉਣ ਲੱਗੇ, ਹਟਾਉ ਕਿਵੇਂ ਹਟਦੀ ਹੈ ਲੜਾਈ, ਕੋਈ ਫੈਸਲਾ ਕਰ ਲਵੋ ਜਿਸ ਕਰਕੇ ਬਚ ਰਹੀਏ, ਜਾਨਾਂ ਬਚ ਜਾਣ ਸਾਡੀਆਂ।

ਸਿੰਘ ਕਹੈਂ ਹਮ ਛਡ ਨਹਿੰ ਜਾਵੈ॥ ਸਿੰਘ ਕਹਿੰਦੇ ਹੁਣ ਕੁਛ ਕਰ ਲਵੋ ਹੁਣ ਜਿਉਂਦਿਆਂ ਨੂੰ ਨਹੀਂ ਅਸੀਂ ਜਾਣ ਦਿੰਦੇ, ਹੁਣ ਛੱਡ ਕੇ ਜਾਣਾ ਹੀ ਨਹੀਂ, ਫੈਸਲਾ ਇਕ ਬੰਨੇ ਕਰ ਜਾਣਾ ਹੈ।

ਹਮ ਦੇਖਤ ਕਿਤ ਮੰਜੀਅਨ ਲਾਵੈ॥੨੮॥ ਅਸੀਂ ਇਹ ਵੀ ਵੇਖਾਂਗੇ ਕਿਵੇਂ ਮੰਜੀ ਲਾਉਣਗੇ ਹੁਣ, ਤੁਹਾਡੇ ਵੱਡੇ ਵਡੇਰਿਆਂ ਨੂੰ ਮੰਜੀ ਦਿੱਤੀ ਹੈ, ਤੁਹਾਨੂੰ ਤਾਂ ਨਹੀਂ ਦਿੱਤੀ ਗੁਰੂ ਸਾਹਿਬ ਜੀ ਨੇ, ਇਉਂ ਸਿੰਘਾਂ ਆਖਿਆ ਹੁਣ ਅਸੀਂ ਤੁਹਾਡੀ ਮੰਜੀ ਦਾ ਵੀ ਨਿਬੇੜਾ ਕਰ ਦਿੰਦੇ ਹਾਂ, ਤੁਸੀਂ ਜਿਹੜੇ ਗੁਰੂ ਕਹਾਉਂਦੇ ਫਿਰਦੇ ਹੋ। ਅੱਗੇ ਤੋਂ ਸਾਡੇ ਵੇਖਦਿਆਂ ਤੋਂ ਕੋਈ ਮੰਜੀ ਲਾ ਕੇ ਨਹੀਂ ਬੈਠੇਗਾ। ੨੮।

ਦੋਹਰਾ॥ ਤਬਹਿ ਬਕੀਲਨ ਆ ਕਹਜੋ, ਤੁਮ ਈਹਾਂ ਸ਼ਾਂਤ ਬ੍ਰਤਾਉ॥ ਸਿਆਣੇ ਸਿਆਣੇ ਲੋਕ ਵਿੱਚ ਵਕੀਲ ਬਣੇ ਭਾਵ ਸੁਲਹਕੁਨ ਆਦਮੀ ਆਏ ਅੱਗੇ ਉਨ੍ਹਾਂ ਨੇ ਦੋਹਾਂ ਅੱਗੇ ਆ ਕੇ ਬੇਨਤੀ ਕੀਤੀ ਕਿ ਖਾਲਸਾ ਜੀ! ਇਉਂ ਨਾ ਝਗੜਾ ਕਰੋ, ਏਥੇ ਤਾਂ ਵਰਤਾਉ ਸ਼ਾਂਤੀ। ਸਿੱਖ ਦੇ ਘਰ ਵਿੱਚ ਲੰਗਰ ਤਿਆਰ ਹੈ ਖੁਸ਼ੀਆਂ ਵਾਸਤੇ ਆਏ ਹਾਂ, ਏਥੇ ਹੁਣ ਲੜਾਈ ਕਰਾਂਗੇ ਇਹ ਮਾਰੇ ਜਾਣਗੇ।

ਔਰ ਜਗ੍ਹਾ ਤੁਮ ਜਾਇ ਕੈ, ਇਕ ਦੂ ਇੱਕ ਕਰਾਉ॥੨੯॥ ਕਿਸੇ ਹੋਰ ਜਗ੍ਹਾਂ ਤੇ ਜਾ ਕੇ ਤੁਸੀਂ (ਇਕ ਦੂ ਇੱਕ) ਇੱਕਾਇੱਕੀ, ਭਾਵ ਆਪੋ ਆਪਣੀ ਤਾਕਤ ਅਜਮਾਈ ਕਰ ਲੈਣੀ। ਕੱਟਾ ਕੱਟੀ ਕੱਢ ਲਿਉ, ਹੁਣ ਏਥੇ ਸ਼ਾਂਤ ਵਰਤਾਉ ਤੁਸੀਂ। ੨੯।

ਸਿਖ ਸਿੱਖਨ ਏਕਾ ਕੀਏ, ਗਲ ਇਮ ਦਈ ਠਹਿਰਾਇ॥ ਉਸ ਸਿਖ ਨੇ ਤੇ ਹੋਰ ਸਿਖਾਂ ਨੇ ਏਕਾ ਕਰਕੇ, ਨਗਰ ਦੇ, ਪੰਚਾਇਤ ਦੇ, ਹੋਰ ਜਿਹੜੇ ਆਏ ਸਨ ਰਿਸ਼ਤੇਦਾਰ, ਉਨ੍ਹਾਂ ਸਿਆਣਿਆਂ ਨੇ ਏਕਾ ਕਰਕੇ ਗੁਰਮਤਾ ਕਰ ਲਿਆ, ਉਨ੍ਹਾਂ ਨੇ ਇਸ ਤਰ੍ਹਾਂ ਗੱਲ ਠਹਿਰਾ ਲਈ, ਇਸ ਗੱਲ ਤੇ ਫੈਸਲਾ ਪੱਕਾ ਕਰ ਲਿਆ।

ਜੋ ਇਨ ਕੋ ਪੁੱਤਰ ਦਏ, ਸੋ ਇਨ ਸਿੱਖ ਕਰਾਇ॥੩੦॥ ਗੱਲ ਤਾਂ ਇਹ ਕਿ ਇਸ ਸਿੱਖ ਨੂੰ ਪੁੱਤਰ ਦੀ ਲੋੜ ਹੈ, ਪੁੱਤਰ ਦੇਣ ਦੀ ਗੱਲ ਹੈ, ਤੁਸੀਂ ਮਰਨ ਦੀਆਂ ਤਿਆਰੀਆਂ ਕਰ ਲਈਆਂ, ਇਉਂ ਰੱਖੋ ਫੈਸਲਾ ਗੰਗੂ ਸ਼ਾਹੀਆ ਜਾਂ ਤੱਤ ਖਾਲਸਾ, ਜਿਹੜਾ ਸਿੱਖ ਨੂੰ ਪੁੱਤਰ ਦੇਵੇ, ਉਹ ਇਨ੍ਹਾਂ ਨੂੰ ਸਿਖ ਬਣਾ ਲਏ ਆਪਣਾ, ਸਿੱਧੀ ਗੱਲ ਹੈ, ਝਗੜਾ ਕਿਉਂ ਕਰਦੇ ਹੋ। ੩੦।

ਚੌਪਈ॥ ਗੰਗੱਯਨ ਇਮ ਹੀ ਮੰਨ ਲਈ॥ ਗੰਗੂ ਸ਼ਾਹੀਆਂ ਦੀ ਜਾਨ ਕੁੜਿੱਕੀ ਵਿੱਚ ਆਈ ਹੋਈ ਸੀ, ਉਨ੍ਹਾਂ ਨੇ ਏਸੇ ਤਰ੍ਹਾਂ ਹੀ ਮੰਨ ਲਿਆ ਹੈ ਕਿ ਠੀਕ ਹੈ।

ਚਹੈਂ ਜਾਨ ਬਚਾਵਨ ਵਖਤ ਟਲਈ॥ ਉਹ ਚਾਹੁੰਦੇ ਹਨ ਕਿ ਵਕਤ ਟਲ ਜਾਵੇ, ਇਕ ਵਾਰੀ ਜਾਨ ਬਚ ਜਾਏ ਕਿਉਂਕਿ ਉਹ ਨੰਗੀਆਂ ਤਲਵਾਰਾਂ ਕੱਢੀ ਖੜ੍ਹੇ ਨੇ, ਕਿ ਅਸੀਂ ਤਾਂ ਝਟਕਾ ਹੀ ਦੇਣਾ ਹੈ, ਤੁਹਾਨੂੰ ਜਾਣ ਹੀ ਨਹੀਂ ਦੇਣਾ, ਹੁਣ ਕਿਵੇਂ ਬਣੇ ਜਿੰਨਾਂ ਚਿਰ ਸੁਲਾਹ ਨਹੀਂ ਕਰਦੇ ਉਨਾਂ ਚਿਰ ਬਚਤ ਨਹੀਂ ਹੁੰਦੀ।

ਬਰਸ ਅੰਦਰ ਹਮ ਇਸ ਸੁਤ ਦਿਵਾਵੈਂ॥ ਗੰਗੂ ਸ਼ਾਹੀਏ ਕਹਿੰਦੇ ਸਾਨੂੰ ਪ੍ਰਵਾਣ ਹੈ ਇਹ ਗੱਲ, ਕਿ ਅਸੀਂ ਇਕ ਸਾਲ ਦੇ ਅੰਦਰ ਇਸਨੂੰ ਪ੍ਰਮਾਤਮਾ ਤੋਂ ਪੁੱਤਰ ਦੁਆਵਾਂਗੇ।

ਇਸੀ ਦਿਵਸ ਆ ਪਾਹੁਲ ਪਿਲਾਵੈਂ॥੩੧॥ ਏਸੇ ਦਿਨ ਤੇ ਆਹ ਜਿਹੜੀ ਤਰੀਕ ਹੈ ਏਸ ਦਿਨ ਅਸੀਂ ਆਵਾਂਗੇ, ਆ ਕੇ ਸਿੱਖ ਨੂੰ ਅਸੀਂ ਚਰਨ ਪਾਹੁਲ ਦੇਵਾਂਗੇ, ਅਤੇ ਦਸਵੰਧ ਲਵਾਂਗੇ। ੩੧।

ਤਬ ਸਿੰਘਨ ਸੋ ਭੀ ਮੰਨ ਲਈ॥ ਤਾਂ ਸਿੰਘਾਂ ਨੇ ਪ੍ਰਵਾਣ ਕਰ ਲਈ ਕਿ ਸਾਨੂੰ ਪ੍ਰਵਾਣ ਹੈ, ਜੇ ਏਸ ਗੱਲ ਤੇ ਫੈਸਲਾ ਹੁੰਦਾ ਹੈ ਤਾਂ ਸਾਨੂੰ ਪ੍ਰਵਾਣ ਹੈ।

ਉਨ ਤੈ ਯਹੀ ਲਿਖਾਇ ਸੁ ਲਈ॥ ਬਈ ਲਿਖੋ ਏਥੇ, ਗੰਗੂ ਸ਼ਾਹੀਏ ਸਾਲ ਅੰਦਰ ਪੁੱਤਰ ਦੇਣਗੇ, ਲਿਖ ਦਿਉ, ਜੇ ਸਾਲ ਮਗਰੋਂ ਪੁੱਤਰ ਹੋਵੇ ਤਾਂ ਗੰਗੂ ਸ਼ਾਹੀਆਂ ਦਾ ਦਿੱਤਾ ਹੋਇਆ, ਇਹ ਆ ਕੇ ਸਿੱਖ ਬਣਾ ਲਏ ਆਪ ਦਾ।

ਬਹੁਰ ਸਿੰਘਨ ਇਮ ਬਚਨ ਉਚਾਰੇ॥ ਫੇਰ ਸਿੰਘਾਂ ਨੇ ਏਸ ਤਰ੍ਹਾਂ ਬਚਨ ਆਖਿਆ ਹੈ।

ਸੁਨੋ ਬਚਨ ਗੁਰਸਿੱਖ ਪਜਾਰੇ॥੩੨॥ ਗੁਰ ਸਿਖੋ, ਪਿਆਰਿਉ! ਸਾਡਾ ਵੀ ਬਚਨ ਸੁਣੋ। ੩੨।

ਇਨ ਕਹਜੋ ਦਯੋ ਪੁਤ੍ਰ ਪੁਕਾਰੇ॥ ਇਸ ਸਿਖ ਨੇ ਪੁੱਤਰ ਵਾਸਤੇ ਪੁਕਾਰ ਕੀਤੀ ਹੈ, ਕਿ ਮੈਨੂੰ ਪੁੱਤਰ ਦਿਉ, ਅਸੀਂ ਉਸਨੂੰ ਆਪਣਾ ਗੁਰੂ ਮੰਨਾਂਗੇ, ਉਸੇ ਦੀ ਪੂਜਾ ਕਰਾਂਗੇ ਦਸਵੰਧ ਦੇਵਾਂਗੇ।

ਹਮ ਦੇਨੋ ਥੋ ਸੋਊ ਮਾਰੇ॥ ਭਾਈ ਮੇਹਰ ਸਿੰਘ ਕਹਿਣ ਲੱਗਾ, ਜਿਹੜਾ ਇਹਨੇ ਸਾਲ ਬਾਅਦ ਪੁੱਤਰ ਦੇਣਾ ਸੀ, ਅਸੀਂ ਤਾਂ ਮਾਰ ਦੇਣਾ ਸੀ ਉਸਨੂੰ, ਪੈਦਾ ਹੀ ਨਹੀਂ ਸੀ ਹੋਣ ਦੇਣਾ।

ਪਰ ਸਿਖ ਕੇ ਹਿਤ ਸਿਖਨੀ ਕੋ ਅਹੇਤ॥ ਹੁਣ ਇਹ ਗੁਰਸਿਖ ਹੈ ਸਾਡਾ ਗੁਰਭਾਈ ਹੈ, ਇੱਕ ਤਾਂ ਸਿਖ ਦੇ ਨਾਲ (ਹਿਤ) ਪਿਆਰ ਹੈ, ਤੇ ਸਿਖਣੀ ਦੇ (ਅਹੇਤ) ਅਪ੍ਰੇਮ ਕਰਕੇ।

ਜਿਉਂ ਅੱਧੋ ਕੰਚਨ ਅੱਧੋ ਰੇਤ॥੩੩॥ ਜਿਵੇਂ ਅੱਧਾ ਸੋਨਾ ਤੇ ਅੱਧੀ ਰੇਤ ਮਿਲੀ ਹੋਵੇ ਦੋਵੇਂ ਆਪਸ ਵਿੱਚ। ੩੩।

ਦੋਹਰਾ॥ ਪੰਜ ਸਿੰਘਨ ਮਿਲ ਇਮ ਕਹਜੋ, ਧਰ ਗੁਰ ਚਰਨਨ ਧਯਾਨ॥ ਗੁਰ ਸਿੱਖਾਂ ਵਾਲੀ ਰੀਤ ਕੀਤੀ ਗੁਰਸਿੰਘਾਂ ਨੇ, ਪੰਜ ਸਿੰਘਾਂ ਨੇ ਮਿਲਕੇ ਗੁਰੂ ਚਰਨਾਂ ਦਾ ਧਿਆਨ ਧਰ ਕੇ ਇਉਂ ਅਰਦਾਸ ਕਰ ਦਿੱਤੀ।

"ਇਸ ਸੁਤ ਸਤਮਾਹਾਂ ਦੀਜੀਏ, ਸਤਿਗੁਰ ਜਾਣੀ ਜਾਣ"॥੩੪॥ ਜਾਣੀ ਜਾਣ ਸਤਿਗੁਰੂ ਇਸ ਆਪਣੇ ਸਿਖ ਨੂੰ

ਸਤਮਾਹਾਂ ਪੁੱਤਰ ਦਿਉ। ਉਹਨਾਂ ਨੇ ਸਾਲ ਦਾ ਇਕਰਾਰ ਕੀਤਾ ਸਾਡਾ ਬਚਨ ਹੈ ਸੱਤੀ ਮਹੀਨੀ ਪੁੱਤਰ ਹੋ ਜਾਏ। ੩੪।

ਚੌਪਈ॥ ਇਹੀ ਬਾਤ ਲਈ ਸਿੰਘਨ ਲਿਖਾਏ॥ ਇਹੀ ਗੱਲ ਸਿੰਘਾਂ ਨੇ ਲਿਖਵਾ ਲਈ ਹੈ, ਲਿਖੋ ਭਾਈ ਇਹ ਸਾਡਾ ਇਕਰਾਰ, ਇਹ ਸਾਲ ਮਗਰੋਂ ਦਿੰਦਾ ਹੈ ਅਸੀਂ ਸੱਤੀਂ ਮਹੀਨੀ ਦਿੰਦੇ ਹਾਂ।

ਕਰੈਂ ਸਿੰਘ ਹਮ ਇਸੀ ਦਿਨ ਆਏ॥ ਜੇ ਸੱਤੀ ਮਹੀਨੀ ਇਸ ਸਿੱਖ ਦੇ ਘਰ ਪੁੱਤਰ ਜਨਮਿਆਂ, ਤਾਂ ਅਸੀਂ ਇਸ ਦਿਨ ਤੇ ਆ ਕੇ ਇਸ ਨੂੰ ਸਿੰਘ ਸਜਾਵਾਂਗੇ।

ਦਸਵੰਧ ਰਹਜੋ ਸਿੱਖ ਪੁਤ ਹੋਇ॥ ਦਸਵੰਧ ਏਸ ਸਿੱਖ ਦੇ ਘਰ ਜਮ੍ਹਾਂ ਰਹਿਣ ਦਿਉ, ਜਦੋਂ ਪੁੱਤਰ ਪੈਦਾ ਹੋਵੇਗਾ, ਉਦੋਂ ਦਸਵੰਧ ਲਵਾਂਗੇ।

ਜੋ ਜੀਵੈ ਤੋ ਆਇ ਲਏ ਸੋਇ॥੩੫॥ ਜਿਹੜਾ ਜਿਉਂਦਾ ਰਿਹਾ ਉਹ ਆ ਕੇ ਦਸਵੰਧ ਲੈ ਲਵੇਗਾ। ੩੫।

ਦੋਊ ਵਲਨ ਕੇ ਲਿਖੇ ਕਰਾਰ॥ ਸਿਆਣਿਆਂ ਪੰਚੈਤੀ ਬੰਦਿਆਂ ਨੇ ਇਕਰਾਰ ਨਾਮੇ, ਦੋਹਾਂ ਪਾਸਿਆਂ ਤੋਂ ਲਿਖਾ ਲਏ ਹਨ।

ਪ੍ਰਸ਼ਾਦਿ ਛਕਾਇ ਦਏ ਬਾਹਰ ਨਿਕਾਰ॥ ਪ੍ਰਸ਼ਾਦ ਤਿਆਰ ਸੀ ਘਰ ਵਿੱਚ, ਅਰਦਾਸ ਕਰਕੇ, ਲੰਗਰ ਵਰਤਾ ਕੇ, ਹੁਣ ਭਾਈ ਜਾਉ ਤੁਸੀਂ ਆਪੋ ਆਪਣਾ ਰਾਹ ਲਵੋ, ਪ੍ਰਸ਼ਾਦਾ ਛਕਾ ਕੇ ਘਰੋਂ ਤੋਰਿਆ।

ਸੱਤ ਮਹੀਨੇ ਬੀਤਤ ਜਥ ਭਏ॥ ਜਦੋਂ ਸੱਤ ਮਹੀਨੇ ਬੀਤ ਗਏ ਹਨ।

ਉਸੀ ਨਾਰ ਨੇ ਪੁਤ੍ਰ ਦਯੋ ਜਏ॥੩੬॥ ਉਸ ਗੁਰਸਿਖ ਦੀ ਇਸਤ੍ਰੀ ਨੇ ਪੁੱਤਰ ਨੂੰ ਜਨਮ ਦਿੱਤਾ ਹੈ, ਸੱਤ ਮਾਹਾਂ ਪੁੱਤਰ ਪੈਦਾ ਹੋ ਗਿਆ ਖਾਲਸੇ ਦਾ ਬਚਨ ਪੂਰਾ ਹੋਇਆ। ੩੬।

ਕੁੰਡਲੀਆ॥ ਉਸੀ ਸਿਖ ਮਨ ਆਨਦ ਭਯੋ, ਟੰਮਕ ਦਯੋ ਬਜਵਾਇ॥ ਗੁਰਸਿਖ ਦੇ ਮਨ ਵਿਚ ਅਨੰਦ ਹੋ ਗਿਆ, ਖੁਸ਼ੀਆਂ ਵਾਪਰ ਗਈਆਂ (ਟੰਮਕ) ਨਗਾਰਾ ਵਜਾ ਦਿੱਤਾ ਉਸਨੇ ਖੁਸ਼ੀਆਂ ਦਾ।

ਇਕ ਖੁਸ਼ੀ ਪੁਤ੍ਰ ਭਏ ਕੀ, ਦੂਈ ਗੁਰ ਲਈ ਪੈਜ ਬਧਾਇ॥ ਇਕ ਤਾਂ ਪੁੱਤਰ ਹੋਏ ਦੀ ਖੁਸ਼ੀ, ਦੂਜੀ ਗੁਰੂ ਸਾਹਿਬ ਜੀ ਨੇ ਪੈਜ ਰੱਖ ਲਈ, ਇਹ ਮਹਾਰਾਜ ਦਸਵੇਂ ਪਾਤਸ਼ਾਹ ਦਾ ਸਿਖ ਸੀ, ਸਿੱਖ ਦੀ ਸਿੱਖੀ ਨੂੰ ਬਰਕਰਾਰ ਰੱਖਿਆ, ਸਿੱਖ ਦੀ ਲਾਜ ਰੱਖ ਲਈ।

ਦੂਈ ਗੁਰੂ ਲਈ ਪੈਜ ਬਧਾਇ, ਸਿਖਨ ਕੀ ਦਸਮ ਪਤਿਸ਼ਾਹੀ॥ ਇਉਂ ਦਸਵੇਂ ਪਾਤਸ਼ਾਹ ਨੇ ਸਿੱਖਾਂ ਦੀ ਪੈਜ ਰੱਖੀ, ਆਪਣੇ ਖਾਲਸੇ ਪੰਥ ਦੀ ਪੱਤ ਰੱਖੀ ਹੈ, ਪੈਜ ਰੱਖੀ ਹੈ, ਗੁਰਸਿੱਖਾਂ ਦਾ ਬਚਨ ਪੂਰਾ ਹੋਇਆ ਹੈ।

ਪੰਜ ਸਿੰਘਨ ਕੀ ਅਰਦਾਸ ਭਾਂਤ ਉਸ ਰਾਸ ਆਈ॥ ਪੰਜ ਸਿੰਘਾਂ ਨੇ ਜੋ ਅਰਦਾਸ ਕੀਤੀ ਸੀ, ਉਸੀਂ ਭਾਂਤ ਜਿਵੇਂ ਗੁਰੂ ਸਾਹਿਬ ਦੱਸ ਗਏ ਨੇ, ''ਪੰਜ ਸਿੱਖਨ ਤੇ ਅਰਦਾਸ ਕਰਾਵੈ। ਜੋ ਬਰ ਮਾਂਗੈ ਸੋ ਬਰ ਪਾਵੈ।'' ਤਾਂ ਉਹ ਰਾਸ ਆਈ, ਗੁਰੂ ਸਾਹਿਬ ਜੀ ਨੇ ਭਲਾ ਕਰ ਦਿੱਤਾ।

ਗੰਗੂ ਦਾਸੀਅਨ ਗਲ ਹਲਕੀ ਭਈ, ਔ ਖਾਲਸੇ ਆਈ ਬਹੁ ਖੁਸ਼ੀ॥ ਗੰਗੂ ਦਾਸੀਆਂ ਦੀ ਗੱਲ ਹੌਲੀ ਪੈ ਗਈ, ਉਨ੍ਹਾਂ ਦੀ ਗੱਲ ਢਿੱਲੀ ਪੈ ਗਈ, ਉਨ੍ਹਾਂ ਦਾ ਬਚਨ ਪੂਰਾ ਨਹੀਂ ਹੋ ਸਕਿਆ ਅਤੇ ਖਾਲਸੇ ਨੂੰ ਖੁਸ਼ੀਆਂ ਵਾਪਰ ਗਈਆਂ, ਜੈ ਜੈਕਾਰ ਹੋ ਗਈ ਖਾਲਸੇ ਪੰਥ ਦੀ।

ਭਯੋ ਜੈ ਜੈਕਾਰ ਘੁਮਜਾਰ ਸਿੰਘ, ਲਯੋ ਦਸਵੰਧ ਆਇ ਉਨ ਦਿਨ ਉਸੀ॥੩੭॥ ਭਾਈ ਮੇਹਰ ਸਿੰਘ ਘੁਮਿਆਰ ਸਿਖ ਦਿਲੀ ਵਾਲੇ, ਇਸ ਦੇ ਡੇਰੇ ਵਿੱਚ ਜੈ ਜੈਕਾਰ ਹੋ ਗਈ ਇਸ ਨੇ ਆ ਕੇ ਉਸ ਸਿਖ ਤੋਂ ਗੁਰੂ ਕਾ ਦਸਵੰਧ ਉਸੇ ਦਿਨ ਤੇ ਆ ਕੇ ਲਿਆ, ਅਤੇ ਸਿੰਘਾਂ ਨੇ ਜੈਕਾਰੇ ਗਜਾਏ। ੩੭।

ਅਥ ਸਾਖੀ ਗੰਗੂ ਸ਼ਾਹੀਅਨ ਕੀ ਉਤਪਤੀ।

(ਗੰਗੂ ਖਤਰੀ ਤੀਸਰੇ ਪਾਤਸ਼ਾਹ ਦੇ ਹਜ਼ੂਰ ਆਯਾ ਤੇ ਬਖਸ਼ਿਸ਼ ਪਾਈ।)

ਦੋਹਰਾ॥ ਲਾਗ ਦੁਆਬੇ ਦੇਸ਼ ਕੇ, ਪਰਬਤ ਬੀਚ ਕਹਾਇ॥ ਪਰਬਤ ਦੇ ਵਿੱਚ ਤੇ ਦੁਆਬੇ ਦੇਸ ਦੇ ਲਾਗੇ, ਜੋ ਛੋਟੀਆਂ ਪਹਾੜੀਆਂ ਹਨ, ਜੋ ਸਤਿਲੁਜ ਦੇ ਕਿਨਾਰੇ ਕਿਨਾਰੇ ਉਰਲੇ ਪਾਸੇ ਆਉਂਦੀਆਂ ਹਨ।

ਤਿਹ ਢਿਗ ਘਾਗੋ ਪਿੰਡ ਹੁਤੋ, ਖਤ੍ਰੀ ਗੰਗੂ ਬਸਾਇ॥੧॥ ਉਸ ਦੇ ਕੋਲ ਘਾਗੋ ਨਾਮ ਦਾ ਪਿੰਡ ਸੀ ਇੱਕ, ਉਥੋਂ ਦਾ ਗੰਗੂ ਨਾਮ ਦਾ ਖੱਤਰੀ ਰਹਿਣ ਵਾਲਾ ਸੀ। ੧।

ਚੌਪਈ॥ ਉਸ ਪਹਿ ਰਿਜਕ ਹੁਤੋ ਅਤਿ ਥੋੜੋ॥ ਗਰੀਬ ਸੀ ਘਰੋਂ ਥੋੜਾ ਰਿਜ਼ਕ ਸੀ, ਕੋਈ ਐਡੀ ਕਮਾਈ ਨਹੀਂ ਸੀ ਕਰਨ ਜੋਗ।

ਸੋ ਬਾਂਧ ਡਗੀ ਚੌਗਿਰਦੇ ਦੌੜੋ॥ ਜਦੋਂ ਬਾਣੀਆਂ ਜਾਂ ਖਤਰੀ ਗਰੀਬ ਹੋ ਜਾਇ, ਉਹ ਫੇਰ ਹੱਟ ਤਾਂ ਖੋਲ੍ਹ ਨਹੀਂ ਸਕਦਾ, ਉਹ ਥੋੜੀ ਬਹੁਤੀ ਗੰਢੜੀ ਬੰਨ੍ਹ ਲਿਜਾਂਦੇ ਗੁੜ ਆਦਿਕ ਦੀ ਲਿਜਾਂਦੇ ਜਾਂ ਲੂਣ ਬੰਨ੍ਹ ਲਿਆ, ਇਸ ਨੇ ਗਠੜੀ ਬੰਨ੍ਹ ਕੇ ਤੇ ਫੇਰੀ ਲਾ ਕੇ ਪਿੰਡਾਂ ਦੇ ਚੌਫੇਰੇ ਦੌੜਿਆ ਫਿਰਦਾ ਸੀ।

ਤਬ ਸੰਗਤ ਥੀ ਗੁਰ ਢਿਗ ਜਾਵਤ॥ ਤਦੋਂ ਗੁਰੂ ਕੀ ਸੰਗਤ ਯਾਤਰਾ ਵਾਸਤੇ, ਗੁਰੂ ਜੀ ਦੇ ਕੋਲ ਜਾ ਰਹੀ ਸੀ।

ਭਈ ਭੇਟ ਤਿਸ ਫੇਰੋ ਪਾਵਤ॥੨॥ ਫੇਰੀ ਲਾਉਂਦੇ ਗੰਗੂ ਖੱਤਰੀ ਦੀ ਸੰਗਤ ਨਾਲ ਭੇਟ ਹੋਈ, ਸੰਗਤ ਨਾਲ ਮੇਲ ਹੋਇਆ। ੨।

ਤਿਨਹਿ ਪੁਛਜੋ ਤੁਮ ਕਹਾਂ ਸਿਧਾਰੋ॥ ਉਸਨੇ ਸੰਗਤ ਨੂੰ ਪੁਛਿਆ ਹੈ ਕਿ ਤੁਸੀਂ ਕਿਥੇ ਜਾ ਰਹੇ ਹੋ?

ਸ੍ਰੀ ਸਤਿਗੁਰ ਢਿਗ ਉਨੈ ਉਚਾਰੋ॥ ਅਸੀਂ ਸਤਿਗੁਰੂ ਜੀ ਦੇ ਦਰਸ਼ਨ ਕਰਨ ਚਲੇ ਸੰਗਤ ਨੇ ਜਵਾਬ ਦਿੱਤਾ।

"ਸ੍ਰੀ ਸਤਿਗੁਰ" ਪੁਛਜੋ ਉਨ "ਕੈਸੋ"? ਉਸਨੇ ਕਿਹਾ ਕਿਸ ਤਰ੍ਹਾਂ ਨੇ ਗੁਰੂ ਸਾਹਿਬ, ਕੋਈ ਰਖਦੇ ਨੇ ਬਰਕਤਾਂ, ਕਰਾਮਾਤ, ਕੋਈ ਸ਼ਕਤੀ ਹੈ, ਤਾਕਤ ਹੈ? ਅਣਜਾਣ ਸੀ ਨਾ ਬੰਦਾ ਇਉਂ ਜਦੋਂ ਪੁੱਛਿਆ ਸੰਗਤ ਨੂੰ।

ਮੁਕਤ ਭੁਗੋਤ ਦੇਨ ਜੋਗਹਿ "ਕਹਿ ਸੋ" ॥੩॥ ਜੇ ਉਨ੍ਹਾਂ ਕੋਲੋਂ ਕੋਈ ਮੰਗ ਕਰੀਏ ਤਾਂ ਮੁਕਤੀ ਦੀ ਮੰਗ ਕਰੀਏ, (ਭੁਗਤਿ) ਕੋਈ ਪਦਾਰਥ ਦੀ ਬਖਸ਼ਸ਼ ਕਰ ਸਕਦੇ ਹਨ?(ਕਹਿ ਸੋ) ਉਹ ਸੰਗਤ ਗੰਗੂ ਖਤਰੀ ਨੂੰ ਕਹਿਣ ਲੱਗੀ, ਕਿ ਗੁਰੂ ਜੀ ਮੁਕਤੀ ਅਤੇ ਦੁਨਿਆਵੀ ਪਦਾਰਥ ਦੇਣ ਵਾਲੇ ਹਨ। ੩।

ਮੁਕਤ ਲੋੜ ਹਮ ਕੋ ਕੁਛ ਨਾਹੀਂ॥ ਉਨ੍ਹਾਂ ਨੇ ਜਦੋਂ ਦੱਸਿਆ ਕਿ ਸਤਿਗੁਰਾਂ ਦੇ ਚਰਨਾਂ ਵਿਚ ਦੋਵੇਂ ਚੀਜਾਂ ਹਾਜ਼ਰ ਹਨ, ਮੁਕਤ ਤੇ ਭੁਗਤ। ਤਾਂ ਗੰਗੂ ਕਹਿਣ ਲੱਗਾ ਮੈਨੂੰ ਮੁਕਤੀ ਦੀ ਤਾਂ ਕੋਈ ਲੋੜ ਨਹੀਂ ਹੈ।

ਭੁਗਤ ਦਿਵਾਵੋ ਤੌ ਸੰਗ ਜਾਂਹੀ॥ ਜੇ ਮੇਰੀ ਗੁਰੂ ਸਾਹਿਬ ਕੋਲ ਸਿਫਾਰਸ਼ ਕਰਕੇ, ਮੇਰੇ ਘਰ ਵਿੱਚ ਰਿਜ਼ਕ ਦਿਵਾ ਦਿਉ, ਤਾਂ ਮੈਂ ਤੁਹਾਡੇ ਨਾਲ ਚਲਾਂਗਾ, ਮੈਂ ਵੀ ਗੁਰੂ ਜੀ ਦੇ ਦਰਸ਼ਨ ਕਰਾਂ ਜਾ ਕੇ।

ਉਨੈਂ ਕਹਜੋ "ਊਹਾਂ ਦੋਊ ਘਨੀ॥ ਤਾਂ ਸੰਗਤ ਨੇ ਕਿਹਾ ਉਥੇ ਦੋਵੇਂ ਬਹੁਤ ਹਨ ਮੁਕਤ ਤੇ ਭੁਗਤ। ਮੁਕਤੀ ਲੈ ਭਾਵੇਂ ਭੁਗਤਿ।

ਦਰਸ਼ਨ ਪਾਵਤ ਹੋਤ ਸੁ ਧਨੀ॥੪॥ ਉਹਨਾਂ ਸਤਿਗੁਰਾਂ ਦੇ ਤਾਂ ਦਰਸ਼ਨ ਕੀਤਿਆਂ ਹੀ ਧਨੀ ਹੋ ਜਾਂਦਾ ਹੈ, ਗਰੀਬ ਤੋਂ ਅਮੀਰ ਹੋ ਜਾਂਦਾ ਹੈ। ੪।

ਦੇਨਹਾਰ ਔਰਨ ਕੋ ਹੋਵੈ॥ ਗੁਰਸਿਖਾਂ ਨੇ ਕਿਹਾ ਜਿਹੜਾ ਗੁਰੂ ਸਾਹਿਬ ਜੀ ਦਾ ਸਿੱਖ ਬਣ ਜਾਵੇ, ਉਹ ਤਾਂ ਹੋਰਨਾਂ ਨੂੰ ਵਰਦਾਨ ਦੇਣ ਲੱਗ ਜਾਂਦਾ ਹੈ, ਉਹ ਤਾਂ ਹੋਰਨਾਂ ਲੋਕਾਂ ਦੇ ਕਾਰਜ ਪੂਰੇ ਕਰਦਾ ਹੈ।

ਨਿਸਚੈ ਧਰ ਗੁਰ ਚਰਨਨ ਜੋਵੈ॥ ਨਿਸਚਾ ਰੱਖ ਕੇ ਜਿਹੜਾ ਗੁਰੂ ਚਰਨਾਂ ਦਾ ਧਿਆਨ ਧਰੇ ਯਕੀਨ ਕਰੇ, ਭਰੋਸਾ ਕਰੇ, ਸਿਦਕ ਕਮਾਵੇ, ਉਸ ਸਿਖ ਨੂੰ ਮਿਲਦਾ ਹੈ, ਦੂਸਰੇ ਨੂੰ ਨਹੀਂ ਮਿਲਦਾ।

ਉਨੈਂ ਕਹਜੋ ਮੋ ਪੈ ਭੇਟ ਨਾਹੀਂ॥ ਉਹ ਗੰਗੂ ਖਤਰੀ ਸੰਗਤ ਨੂੰ ਕਹਿਣ ਲੱਗਾ "ਮੈ ਚਲਾਂ ਤਾਂ ਤੁਹਾਡੇ ਨਾਲ ਜਰੂਰ" ਪਰ ਭੇਟਾ ਰੱਖਣ ਨੂੰ ਮੇਰੇ ਕੋਲ ਪੈਸਾ ਨਹੀਂ ਹੈ।

ਕਿਮ ਕਰ ਮਸਤਕ ਚਰਨ ਛੁਹਾਹੀ॥੫॥ ਮੈਂ ਕਿਵੇਂ ਉਨ੍ਹਾਂ ਦੇ ਚਰਨਾਂ ਨਾਲ ਆਪਣਾ ਮੱਥਾ ਛੁਹਾਵਾਂਗਾ। ੫।

ਦੋਹਰਾ॥ ਔਰ ਕਹੀ ਉਨ "ਮੋਹਿ ਪੈ, ਖਰਚ ਖਾਨ ਕੋ ਨਾਂਹਿ॥ ਦੂਸਰਾ ਇਹ ਹੈ ਕਿ ਮੇਰੇ ਕੋਲ ਰੋਟੀ ਪਾਣੀ ਛਕਣ ਵਾਸਤੇ ਤੇ ਹੋਰ ਖਰਚ ਕਰਨ ਵਾਸਤੇ ਕੋਈ ਪੈਸਾ ਵੀ ਨਹੀਂ ਹੈ, ਮੈਂ ਭੋਜਨ ਆਦਿਕ ਕਿਥੋਂ ਛਕਿਆ ਕਰਾਂਗਾ, ਤੁਹਾਡੇ ਨਾਲ ਤੁਰਕੇ।

ਸਿੱਖਨ ਕਹਜੋ ਤੁਹਿ ਹੋਇ ਆਪ, ਗੁਜਾਰੋ ਔਰ ਖੁਲਾਂਹਿ॥ ੬॥ ਗੁਰਸਿਖਾਂ ਨੇ ਕਿਹਾ ਗੰਗੂ ਨੂੰ ਇਹ ਤੂੰ ਚਿੰਤਾ ਨਾ ਕਰ, ਜਿਥੋਂ ਅਸੀਂ ਦੋ ਪ੍ਰਸ਼ਾਦੇ ਛਕਾਂਗੇ ਤੂੰ ਵੀ ਉਥੋਂ ਹੀ ਛਕ ਲਿਆ ਕਰ, ਜਿਥੇ ਪ੍ਰਸ਼ਾਦੇ ਪੱਕਦੇ ਹੋਣ ਉਥੋਂ ਲੈ ਲਿਆ ਕਰ, ਉਥੋਂ ਤੈਨੂੰ ਦੇ ਦਿਆਂ ਕਰਾਂਗੇ। ੬।

ਚੌਪਈ॥ ਸੋ ਸੁਨਿ ਸਾਥ ਉਨੈ ਕੇ ਰਲਾ॥ ਸੰਗਤ ਦਾ ਇਹ ਬਚਨ ਸੁਣਕੇ ਕਿ ਤੇਰਾ ਗੁਜਾਰਾ ਅਸੀਂ ਕਰਾਂਗੇ, ਤਾਂ ਸਿੱਖਾਂ ਦੇ ਨਾਲ ਹੋ ਕੇ ਤੁਰ ਪਿਆ ਗੋਇੰਦਵਾਲ ਸਾਹਿਬ ਨੂੰ।

ਪਹੁੰਚੋ ਗੋਂਦਵਾਲ ਵਹਿ ਚਲਾ॥ ਗੋਇੰਦਵਾਲ ਸਾਹਿਬ ਆ ਪਹੁੰਚਿਆ ਹੈ ਸਤਿਗੁਰੂ ਜੀ ਦੇ ਚਰਨਾਂ ਵਿੱਚ।

ਸੰਗਤ ਦਰਸ਼ਨ ਸ੍ਰੀ ਗੁਰ ਪਾਯੋ॥ ਸਰਬ ਸੰਗਤ ਨੇ ਸਤਿਗੁਰੂ ਅਮਰਦਾਸ ਸਾਹਿਬ ਜੀ ਦੇ ਦਰਸ਼ਨ ਕੀਤੇ ਹਨ।

ਕਰ ਪਰਦੱਖਣਾ ਭੂ ਮਾਥ ਟਿਕਾਯੋ॥੭॥ ਸਤਿਗੁਰੂ ਜੀ ਦੀਆਂ ਪ੍ਰਕਰਮਾ ਕਰਕੇ, ਗੁਰੂ ਜੀ ਅੱਗੇ ਧਰਤੀ ਤੇ ਮੱਥਾ ਟੇਕਿਆ ਹੈ। ੭।

ਧਰ ਭੇਟਾ ਗੁਰ ਬਚਨ ਸੁਨਾਯੋ॥ ਅਤੇ ਸਤਿਗੁਰੂ ਜੀ ਅੱਗੇ ਸੰਗਤ ਨੇ ਭੇਟਾ ਰੱਖੀ ਹੈ ਅੱਗੋਂ ਗੁਰੂ ਜੀ ਨੇ ਸੰਗਤ ਪ੍ਰਤੀ ਏਸ ਤਰ੍ਹਾਂ ਬਚਨ ਕਿਹਾ ਹੈ, ਵਰਦਾਨ ਸੁਣਾਇਆ ਹੈ।

ਮਨ ਇੱਛਤ ਫਲ ਸੰਗਤ ਪਾਯੋ॥ ਜੋ ਵੀ ਸੰਗਤ ਨੇ ਮਨ ਵਿਚ ਇੱਛਾ ਕੀਤੀ ਹੈ ਉਹੀ ਫਲ ਪ੍ਰਾਪਤ ਕਰ ਲਿਆ ਹੈ। ਗੁਰੂ ਜੀ ਨੇ ਕਿਹਾ ਸਭ ਸੰਗਤ ਦੀਆਂ ਇੱਛਾਂ ਪੂਰੀਆਂ ਹੋਈਆਂ।

ਜਜੋਂ ਜਜੋਂ ਸੰਗਤ ਚੜ੍ਹਾਵੈ ਧਨੋ॥ ਜਿਉਂ ਜਿਉਂ ਸੰਗਤਾਂ ਸਤਿਗੁਰੂ ਜੀ ਨੂੰ ਧਨ ਲਿਆ ਕੇ ਭੇਟਾ ਕਰਦੀਆਂ ਹਨ।

ਹੁਇ ਸ਼ਰਮਿੰਦੋ ਗੰਗੋ ਘਨੋ॥੮॥ ਉਹ ਤਿਉਂ ਤਿਉਂ ਸ਼ਰਮਿੰਦਾ ਹੋ ਰਿਹਾ ਹੈ, ਗੰਗੂ ਦੇ ਪਾਸ ਹੈ ਕੁਝ ਨਹੀਂ ਸੀ ਭੇਟਾ ਦੇਣ ਵਾਸਤੇ। ੮।

ਹੁਤੋ ਗੰਗੂ ਪਹਿ ਗੁੜ ਅਤਿ ਢੀਲਾ॥ ਗੰਗੂ ਖੱਤਰੀ ਦੇ ਕੋਲ ਢਿੱਲਾ ਜਿਹਾ ਗੁੜ ਸੀ।

ਧਰ ਨ ਸਕੇ ਮੁਖ ਹੋਇਓ ਪੀਲਾ॥ ਗੁੜ ਢਿੱਲਾ ਜਿਹਾ ਹੋਣ ਕਰਕੇ ਸਤਿਗੁਰੂ ਜੀ ਦੇ ਅੱਗੇ ਭੇਟਾ ਨਹੀਂ ਰੱਖ ਸਕਦਾ, ਸ਼ਰਮਿੰਦਾ ਹੋਇਆ ਗੰਗੂ ਦਾ ਮੂੰਹ ਪੀਲਾ ਜਿਹਾ ਹੋ ਗਿਆ ਹੈ।

ਸੋ ਸਤਿਗੁਰ ਸੇ ਜਾਣੀ ਜਾਣ॥ ਸਤਿਗੁਰੂ ਅਮਰਦਾਸ ਜੀ ਜਾਣੀ ਜਾਣ ਸਨ ਕਿ ਸਿੱਖ ਨਮਸਕਾਰ ਕਰਨੀ ਚਾਹੁੰਦਾ ਹੈ।

ਸੰਸੇਵਾਨ ਸਿੱਖ ਲਯੋ ਪਛਾਣ॥੯॥ ਫਿਕਰਵਾਨ ਸਿਖ ਨੂੰ ਸਤਿਗੁਰੂ ਜੀ ਨੇ ਪਛਾਣ ਲਿਆ ਹੈ। ੯।

ਕਹਜੋ ਸਤਿਗੁਰ "ਸਿਖ! ਆਗੇ ਆਵਹੁ॥ ਸਤਿਗੁਰੂ ਜੀ ਨੇ ਸਿਖ ਨੂੰ ਅਵਾਜ਼ ਮਾਰਕੇ ਕਿਹਾ ਗੁਰਸਿੱਖਾ! ਐਥੇ ਬੈਠਾ ਸੰਗਤ

ਵਿੱਚ ਸੰਸਾ ਕਿਉਂ ਕਰਦਾ ਹੈਂ ਸਾਡੇ ਕੋਲ ਆ।

ਧਰੋ ਭੇਟ ਨਹਿੰ ਮਨ ਸੰਕਾਵੋ॥ ਜੋ ਭੇਟਾ ਲੈ ਕੇ ਆਇਆ ਹੈਂ ਅੱਗੇ ਆ ਕੇ ਰੱਖ ਮਨ ਦੇ ਵਿੱਚ ਸ਼ੰਕਾ ਨਾ ਕਰ ਕਿਸੇ ਪ੍ਰਕਾਰ ਦੀ, ਕੀ ਹੋਇਆ? ਜੇ ਢਿੱਲਾ ਗੁੜ ਹੈ, ਜੋ ਹੈ ਉਹੀ ਭੇਟਾ ਕਰ ਦੇ।

ਈਹਾਂ ਸੁਦਾਮੇ ਤੰਦੁਲ ਲੋੜ॥ ਸਤਿਗੁਰੂ ਕਹਿਣ ਲੱਗੇ ਏਥੇ ਬਹੁਤੇ ਧਨ ਦੀ ਲੋੜ ਨਹੀਂ , ਗੁਰ ਸਿੱਖ ਤਾਂ ਤਿਲ ਫੁੱਲ ਨਾਲ ਹੀ ਨਮਸਕਾਰ ਕਰ ਸਕਦਾ ਹੈ। ਜਦੋਂ ਸੁਦਾਮਾ ਗਿਆ ਸੀ ਕ੍ਰਿਸ਼ਨ ਭਗਵਾਨ ਜੀ ਨੂੰ ਮਿਲਣ ਵਾਸਤੇ, ਤਾਂ ਸੁਦਾਮੇ ਦੇ ਘਰ ਵਾਲੀ ਨੇ (ਤੰਦੁਲ) ਚੌਲ ਮੁੱਠੀ ਕੁ ਬੰਨ੍ਹ ਦਿੱਤੇ ਸੁੱਕੇ, ਕਿ ਆਹ ਲੈ ਜਾ ਭੇਟਾ ਕਰ ਦੇਈਂ; ਰਹਉ ਵਿਚਾਰ ਸਾਖੀ ਅੱਗੇ ਲੰਬੀ ਹੈ ਆਪ ਜਾਣਦੇ ਹੀ ਹੋ। ਸਤਿਗੁਰੂ ਜੀ ਕਹਿਣ ਲੱਗੇ ਕਿ ਏਥੇ ਤਾਂ ਸੁਦਾਮੇ ਦੇ ਤੰਦੁਲ ਦੀ ਲੋੜ ਹੈ ਭਾਵ ਗਰੀਬ ਗੁਰ ਸਿਖ ਦਾ ਤਾਂ ਤਿਲ ਫੁਲ ਹੀ ਮਨਜ਼ੂਰ ਹੈ।

ਯੇਹੀ ਹਮ ਕੋ ਲਾਖ ਕਰੋੜ ॥੧੦॥ ਸਾਨੂੰ ਤਾਂ ਏਹੀ ਲੱਖਾਂ ਕਰੋੜਾਂ ਰੁਪਈਆਂ ਵਰਗਾ ਹੈ ਤੇਰਾ ਢਿੱਲਾ ਜਿਹਾ ਗੁੜ ਹੀ ਸ਼ਰਧਾ ਵਾਲਾ। ੧੦।

ਦੋਹਰਾ॥ ਗੁੜ ਗੰਗੋ ਢਿਗ ਧਰ ਕਹਜੋ, "ਸ੍ਰੀ ਗੁਰ ਜਾਣੀ ਜਾਣ॥ ਸਤਿਗੁਰੂ ਜੀ ਦੇ ਚਰਨਾਂ ਕੋਲ ਗੁੜ ਰੱਖਕੇ ਗੰਗੂ ਖੱਤਰੀ ਕਹਿਣ ਲੱਗਾ ਹੇ ਜਾਣੀ ਜਾਣ ਅੰਤਰਜਾਮੀ ਸਤਿਗੁਰੂ ਜੀ!

ਮੋਕੋ ਰਿਜਕ ਸੁ ਦੀਜੀਏ, ਕੋਇ ਸੌਪੀਏ ਟਹਿਲ ਪਛਾਣ" ॥੧੧॥ ਗਰੀਬ ਨਿਵਾਜ! ਮੈਨੂੰ ਰਿਜ਼ਕ ਦੀ ਬਖਸ਼ਿਸ਼ ਕਰੋ, ਕੋਈ ਆਪ ਪਛਾਣ ਕੇ ਜੋ ਟਹਿਲ ਮੈਂ ਕਰ ਸਕਦਾ ਹੋਵਾਂ, ਮੈਨੂੰ ਸੇਵਾ ਦੱਸੋ ਮੈਂ ਕਰਾਂ। ੧੧।

ਚੌਪਈ॥ ਸ੍ਰੀ ਸਤਿਗੁਰ ਤਿਸ ਅਸ ਫੁਰਮਾਯੋ॥ ਸਤਿਗੁਰੂ ਜੀ ਨੇ ਉਸਨੂੰ ਏਸ ਤਰ੍ਹਾਂ ਫੁਰਮਾਨ ਕੀਤਾ ਹੈ।

ਟਹਲ ਬਾਉਲੀ ਕਹ ਸੋ ਲਾਯੋ॥ ਕਹਿਕੇ ਗੰਗੂ ਨੂੰ ਬਉਲੀ ਸਾਹਿਬ ਦੀ ਸੇਵਾ ਕਰਨ ਲਾਇਆ ਹੈ।

ਥੋ ਕੜੋ ਬਾਉਲੀ ਟੁਟਤੋ ਨਾਂਹਿ॥ ਬਉਲੀ ਦੀ ਸੇਵਾ ਕਰਦੇ ਕਰਦੇ ਅੱਗੇ ਰੋੜਾਂ ਦਾ ਕੜ ਆ ਗਿਆ, ਰੋੜਾਂ ਦਾ ਕੜ ਐਸਾ ਸੀ ਜੋ ਕਿਸੇ ਤੋਂ ਵੀ ਟੁੱਟੇ ਨਾ, ਕੋਈ ਗੈਂਤੀ ਨਾ ਖੁੱਭੇ, ਕੋਈ ਹੋਰ ਚੀਜ ਨਾ ਖੁੱਭੇ ਉਸਦੇ ਵਿੱਚ।

ਸਿਖ ਸੰਗਤ ਸਭ ਟਹਿਲ ਕਮਾਹਿ॥੧੨॥ ਗੋਇੰਦਵਾਲ ਵਿਖੇ, ਜੋ ਬਉਲੀ ਸਾਹਿਬ ਅੱਜ ਵੀ ਮੌਜੂਦ ਹੈ ਸਭ ਸੰਗਤਾਂ ਰਲ ਮਿਲ ਕੇ ਉਸਦੀ ਕਾਰ ਸੇਵਾ ਕਰਦੀਆਂ ਹਨ। ੧੨।

ਸੋ ਸਮੋਂ ਪਹੁੰਚਜੋ ਨੇਰੈ ਆਇ॥ ਕੜ ਟੁੱਟਣ ਦਾ ਉਹ ਸਮਾਂ ਵੀ ਨੇੜੇ ਪਹੁੰਚ ਗਿਆ ਹੈ, ਇਹਨੂੰ ਵਰਦਾਨ ਮਿਲਣ ਦਾ ਸਮਾਂ ਵੀ ਨੇੜੇ ਆ ਗਿਆ, ਗੁਰੂ ਕੀਆਂ ਖੁਸ਼ੀਆਂ ਹੋਈਆਂ।

ਜਿਮ ਸਤਿਗੁਰ ਥੋ ਕੜੋ ਤੁੜਾਇ॥ ਜਿਵੇਂ ਸਤਿਗੁਰਾਂ ਨੇ ਇਹ ਰੋੜਾ ਕੜ ਤੁੜਵਾਇਆ ਸੀ ਬਉਲੀ ਸਾਹਿਬ ਜੀ ਦਾ।

ਗੜ੍ਹ ਚਿਤੌੜ ਅਕਬਰ ਚਹਿ ਤੋੜਜੋ॥ ਏਧਰ ਚਿਤੌੜ ਗੜ੍ਹ ਦਾ ਕਿਲ੍ਹਾ ਰਾਜਪੂਤਾਂ ਨੇ ਆਕੀ ਕਰ ਲਿਆ, ਉਥੇ ਅਕਬਰ ਮੋਰਚਾ ਲਾਈ ਬੈਠਾ ਸੀ, ਉਹ ਚਹੁੰਦਾ ਇਹ ਗੜ੍ਹ ਟੁੱਟੇ, ਇਹ ਚਿਤੌੜ ਦਾ ਕਿਲ੍ਹਾ ਫੜ੍ਹੇ ਹੋ ਜਾਵੇ, ਮੇਰੀ ਜਿੱਤ ਹੋਵੇ।

ਸ੍ਰੀ ਗੁਰ ਹੁਤੋ ਕੜਾ ਸੰਗ ਜੋੜਜੋ॥੧੩॥ ਇਹ ਚਿਤੌੜ ਗੜ੍ਹ ਦੀ ਫਤਹ ਨੂੰ ਸਤਿਗੁਰੂ ਜੀ ਨੇ, ਬਉਲੀ ਸਾਹਿਬ ਦੇ ਕੜ ਨਾਲ ਜੋੜਿਆ ਹੋਇਆ ਸੀ। ਕਿ ਜਦੋਂ ਸਾਡੀ ਬਉਲੀ ਦਾ ਕੜ ਟੁੱਟੇਗਾ, ਉਦੋਂ ਚਿਤੌੜ ਗੜ੍ਹ ਟੁੱਟੇਗਾ, ਸਤਿਗੁਰੂ ਅਮਰਦਾਸ ਜੀ ਨੇ ਬਚਨ ਕੀਤਾ ਸੀ। ੧੩।

ਸਮਾਂ ਇਕੈ ਦੋਊ ਤੁਟ ਗਏ॥ ਇਹ ਦੋਵੇਂ ਚਿਤੌੜ ਗੜ੍ਹ ਅਤੇ ਬਉਲੀ ਸਾਹਿਬ ਦਾ ਕੜ ਇੱਕੋ ਸਮੇਂ ਟੁੱਟੇ ਸਨ।

ਗੰਗੂ ਗੁਰੂ ਫਤੇਦਾਰ ਕਈ॥ ਗੰਗੂ ਨੂੰ ਮਹਾਰਾਜ ਜੀ ਨੇ ਸੇਵਾ ਤੇ ਲਾਇਆ ਹੋਇਆ ਸੀ। ਰੋੜਾਂ ਦਾ ਕੜ ਜੋ ਕਿ ਪਾਣੀ ਦੇ ਉਤੇ ਸੀ, ਕੜ ਤੋੜਨ ਵਾਸਤੇ ਗੰਗੂ ਜ਼ੋਰ ਜ਼ੋਰ ਦੀ ਭਾਰੀ ਵਦਾਣ ਮਾਰ ਰਿਹਾ ਸੀ ਭਾਰੀ ਵਦਾਨ ਦੀ ਸੱਟ ਜਦ ਪੂਰੇ ਜ਼ੋਰ ਦੀ ਮਾਰੀ ਤਾਂ ਧੜਾਕ ਦੇ ਕੇ ਟੁੱਟ ਗਿਆ, ਬਘ ਬਘ ਕਰਦਾ ਪਾਣੀ ਉੱਤੇ ਆ ਗਿਆ ਗੰਗੂ ਵਿੱਚੇ ਡੁੱਬ

ਗਿਆ, ਕੜ ਟੁੱਟ ਗਿਆ ਉੱਧਰ ਚਿਤੌੜ ਦਾ ਕਿਲ੍ਹਾ ਟੁੱਟ ਗਿਆ, ਗੰਗੂ ਨੂੰ ਗੁਰੂ ਜੀ ਨੇ (ਫਤੇਦਾਰ) ਫਤ੍ਹੇ ਲੈਣ ਵਾਲਾ ਕੀਤਾ।

ਸਤਿਗੁਰ "ਮਾਂਗ" ਉਸੇ ਸੋਂ ਕਹੀ॥ ਜਦੋਂ ਬਉਲੀ ਵਿੱਚ ਡੁੱਬੇ ਹੋਏ ਨੂੰ ਬਾਹਰ ਲਿਆਂਦਾ ਕੱਢ ਕੇ, ਗੰਗੂ ਤੇ ਗੁਰੂ ਜੀ ਦੀ ਖੁਸ਼ੀ ਹੋ ਗਈ, ਫਤੇਦਾਰ ਹੈਂ ਭਾਈ ਤੂੰ, ਕੜ ਗੰਗੂ ਨੇ ਤੋੜਿਆ ਹੈ। ਗੰਗੂ ਤੇਰੇ ਤੇ ਖੁਸ਼ੀ ਹੈ ਸਾਨੂੰ, ਤੂੰ ਇਹ ਕੜ ਤੋੜ ਦਿੱਤਾ ਹੈ, ਮੰਗ ਲੈ ਕੁਛ, ਮੰਗ ਉਹੀ ਵਸਤੂ ਦੇਈਏ।

"ਹੁੰਡੀ ਵਾਲਾ" ਉਨੈ ਮੰਗ ਲਈ॥ ੧੪॥ ਉਸਨੇ ਆਖਿਆ ਮਹਾਰਾਜ ਮੇਰੀਆਂ ਹੁੰਡੀਆਂ ਚਲਣ ਅੱਗੇ, ਸ਼ਾਹੂਕਾਰ ਬਣ ਜਾਵਾਂ, ਬਡਾ ਧਨਾਢ ਹੋ ਜਾਵਾਂ ਮੈਂ, ਇਹ ਵਰ ਦੇ ਦਿਉ ਮੈਨੂੰ। ੧੪।

ਸਤਿਗੁਰ ਭੇਜਯੋ ਦਿਲੀ ਵਾਇ॥ ਗੰਗੂ ਖੱਤਰੀ ਨੂੰ ਸਤਿਗੁਰਾਂ ਨੇ ਕਿਹਾ "ਜੇ ਤੂੰ ਹੁੰਡੀਦਾਰ ਬਣਨਾ" ਜਾਹ ਦਿੱਲੀ ਚਲਿਆ ਜਾਹ।

ਹੁੰਡੀ ਵਾਲ ਭਯੋ ਤਿਹ ਜਾਇ॥ ਦਿੱਲੀ ਜਾ ਕੇ ਉਹ "ਹੁੰਡੀ ਵਾਲਾ" ਬਣ ਗਿਆ। ਹੁੰਡੀਵਾਲ=ਜਿਸ ਤਰ੍ਹਾਂ ਅੱਜ ਕੱਲ ਬੈਂਕਾਂ ਵਿੱਚ ਚੈੱਕ ਲਿਖ ਕੇ ਦੇ ਦਿੰਦੇ ਹਨ, ਜਾਂ ਡ੍ਰਾਫਟ ਦੇ ਦਿੰਦੇ ਹਨ, ਉਹ ਦਿਖਾ ਕੇ ਪੈਸੇ ਮਿਲ ਜਾਂਦੇ ਹਨ। ਉਨ੍ਹਾਂ ਸਮਿਆਂ ਵਿੱਚ ਇਸ ਨੂੰ ਹੁੰਡੀ ਕਹਿੰਦੇ ਵੱਡੇ ਸ਼ਾਹੂਕਾਰ ਹੀ ਹੁੰਡੀ ਨੂੰ ਤੋੜ ਸਕਦੇ ਸਨ ਜਿਨ੍ਹਾਂ ਦੇ ਪਾਸ ਰੁਪਿਆ ਜਿਆਦਾ ਹੁੰਦਾ, ਜਿਸ ਸ਼ਾਹੂਕਾਰ ਦੇ ਪਾਸ ਹੁੰਡੀ ਦੀ ਰਕਮ ਜਮ੍ਹਾਂ ਕਰਵਾਈ ਜਾਵੇ ਉਸਨੂੰ ਹੁੰਡੀ ਵਾਲਾ ਕਹਿੰਦੇ ਸਨ।

ਚਲੀ ਹੁੰਡੀ ਤਬ ਬਾਧਾ ਭਯੋ॥ ਇਸਦੀ ਐਸੀ ਹੁੰਡੀ ਚਲੀ ਤਦੋਂ ਧਨ ਦੇ ਵਿੱਚ ਬੇਅੰਤ ਦਾ ਵਾਧਾ ਹੋਇਆ।

ਬਧੀ ਦਰਬ ਤਿਸ ਗਰਬਾ ਅਯੋ॥੧੫॥ ਜਦੋਂ ਇਸਦੇ ਕੋਲ ਬੇਅੰਤ ਧਨ ਹੋ ਗਿਆ, ਤਾਂ ਉਸਨੂੰ ਹੰਕਾਰ ਹੋ ਗਿਆ ਹੈ ਕਿ ਮੇਰੇ ਕੋਲ ਇਤਨਾ ਧਨ ਹੈ। ੧੫।

ਦੋਹਰਾ॥ ਸ੍ਰੀ ਗੁਰ ਭੇਜੀ ਹੁੰਡੀ ਗੰਗੂ ਮਾਨੀ ਨਾਹਿ॥ ਕੁਦਰਤ ਨਾਲ ਕੋਈ ਗੁਰ ਸਿੱਖ ਆ ਗਿਆ ਹੁੰਡੀ ਦੇ ਦਿੱਤੀ ਉਸ ਨੂੰ, ਆਹ ਹੁੰਡੀ ਲੈ ਜਾਉ, ਉਥੇ ਗੰਗੂ ਹੈ ਸੇਵਕ ਸਾਡਾ, ਉਸਦੇ ਕੋਲੋਂ ਤੁੜਾ ਲੈਣੀ, ਮਾਇਆ ਲੈ ਲੈਣੀ ਉਸਦੇ ਕੋਲੋਂ, ਹੁੰਡੀ ਲੈਂਦੇ, ਉਹ ਫੇਰ ਆਪ ਪ੍ਰਾਪਤ ਕਰਦੇ, ਉਸ ਤੋਂ ਕੁਛ ਵਾਧਾ ਧਨ ਲੈਣਾ ਹੁੰਦਾ ਸੀ, ਤੂੰ ਗੁਰੂ ਸਾਹਿਬ ਤੋਂ ਲੈ ਲਈਂ, ਉਨ੍ਹਾਂ ਦੀ ਹੁੰਡੀ ਹੈ, ਸਾਨੂੰ ਧਨ ਦੇ ਦੇ, ਉਸਨੇ ਮੰਨੀ ਹੀ ਨਾ, ਕਹਿੰਦਾ ਮੈਂ ਨਹੀਂ ਜਾਣਦਾ, ਮੈਨੂੰ ਪਤਾ ਹੀ ਨਹੀਂ, ਕਿਹੜੇ ਗੁਰੂ ਦੀਆਂ ਹੁੰਡੀਆਂ ਤੁਸੀਂ ਲੈ ਆਉਂਦੇ ਹੋ, ਮੈਂ ਨਹੀਂ ਜਾਣਦਾ ਇਸ ਗੱਲ ਨੂੰ, ਉਹਨੇ ਮੰਨੀ ਨਾ, ਸਤਿਗੁਰਾਂ ਦੀ ਹੁੰਡੀ ਪ੍ਰਵਾਣ ਨਹੀਂ ਕੀਤੀ।

ਤਿਸ ਕਰ ਤਿਸ ਕੋ ਤੁਰਤ ਹੀ, ਘਾਟਾ ਆਯੋ ਤਾਂਹਿ॥੧੬॥ ਸਤਿਗੁਰਾਂ ਦੀ ਨਰਾਜਗੀ ਹੋ ਗਈ, ਮਹਾਰਾਜ ਦੀ ਨਿਗਾਹ ਬਦਲ ਗਈ। ਇਸ ਕਰਕੇ ਉਸਨੂੰ ਤੁਰਤ ਹੀ ਬਿਨਾਂ ਦੇਰੀ ਤੋਂ ਘਾਟਾ ਪੈ ਗਿਆ। ਉਹ ਕਿਥੇ ਹੁੰਡੀਆਂ ਨਾਲ ਸ਼ਾਹੂਕਾਰ ਬਣਿਆ ਸੀ, ਹੁਣ ਦੇਣਾ ਪੈ ਗਿਆ, ਲੋਕਾਂ ਦਾ ਐਸਾ ਝਟਕਾ ਪਿਆ, ਜਿਉਂ ਕਾ ਤਿਉਂ ਕੰਗਾਲ ਦਾ ਕੰਗਾਲ ਫੇਰ ਹੋ ਗਿਆ। ੧੬।

ਚੌਪਈ॥ ਮੁੜ ਗੁਰ ਕੀ ਉਸ ਟਹਿਲ ਕਮਾਈ॥ ਫੇਰ ਆਇਆ ਹੈ ਸਤਿਗੁਰਾਂ ਦੇ ਚਰਨਾਂ ਵਿਚ, ਫੇਰ ਦੁਬਾਰਾ ਗੁਰੂ ਘਰ ਦੀ ਟਹਿਲ ਸੇਵਾ ਕੀਤੀ ਆ ਕੇ।

ਫਿਰ ਸਤਿਗੁਰ ਮਨ ਕਿਰਪਾ ਆਈ॥ ਸਤਿਗੁਰਾਂ ਦੇ ਮਨ ਵਿਚ ਦਇਆ ਆ ਗਈ, ਫੇਰ ਕਿਰਪਾ ਦ੍ਰਿਸ਼ਟੀ ਕਰ ਦਿੱਤੀ।

ਤੌ ਭਈ ਬੀਬੀ ਕੇ ਬਜਾਹ ਤਜਾਰੀ॥ ਤਦੋਂ ਉਸੇ ਸਮੇਂ ਵਿੱਚ ਬੀਬੀ ਭਾਨੀ ਦੇ ਵਿਆਹ ਦੀ ਤਿਆਰੀ ਹੋ ਗਈ।

ਭੇਜਯੋ ਗੁਰ ਘ੍ਰਿਤ ਲੈਣ ਪਹਾੜੀ॥੧੭॥ ਸਤਿਗੁਰੂ ਜੀ ਨੇ ਗੰਗੂ ਖੱਤਰੀ ਨੂੰ ਪਹਾੜਾਂ ਵਿਚੋਂ ਘਿਉ ਲੈਣ ਵਾਸਤੇ ਭੇਜਿਆ

ਹੈ। ੧੭।

ਗੰਗੂ ਕਹੀ ਗੁਟ ਸੋਂ ਹੱਥ ਜੋਰ॥ ਗੰਗੂ ਨੇ ਹੱਥ ਜੋੜ ਕੇ ਸਤਿਗੁਰੂ ਜੀ ਨੂੰ ਕਿਹਾ।

"ਤੁਸੀਂ ਕਰਨ ਉਗਰਾਹੀ ਭੇਜੋ ਮੋਰ॥ ਤੁਸੀਂ ਗੁਰੂ ਘਰ ਦੀ ਉਗਰਾਹੀ ਘਿਉ ਲਿਆਉਣ ਵਾਸਤੇ ਮੈਨੂੰ ਭੇਜ ਰਹੇ ਹੋ ਪਹਾੜਾਂ ਵਿੱਚ।

ਤਹਿੰ ਦੇਵੀ ਦੇਵ ਕਰਾਮਾਤੀ ਘਨੇ॥ ਮਹਾਰਾਜ ਉਥੇ ਪਹਾੜ ਵਿੱਚ ਬੜੇ ਭਾਰੀ ਦੇਵੀ ਦੇਵਤੇ ਕਰਾਮਾਤੀ ਰਹਿੰਦੇ ਹਨ, ਜੇ ਉਨ੍ਹਾਂ ਨਾਲ ਮੇਰਾ ਮੋਰਚਾ ਲੱਗ ਗਿਆ ਫੇਰ।

ਊਹਾਂ ਉਗਰਾਹੀ ਹਮ ਕਿਮ ਬਨੇ॥ ੧੮॥ ਸਾਨੂੰ ਉਗਰਾਹੀ ਉਥੇ ਕਿਵੇਂ ਬਣੇਗੀ ਸਾਨੂੰ ਕਿਸਨੇ ਦੇਣੀ ਹੈ ਉਗਰਾਹੀ। ੧੮।

ਊਹਾਂ ਹੈਂ ਪ੍ਰਬਤੀ ਬੁਰੀ ਬਲਾਇ॥ ਉਥੇ ਪਹਾੜ ਵਿੱਚ ਬੜੀਆਂ ਬੁਰੀਆਂ ਬਲਾਵਾਂ ਹਨ, ਉਥੇ ਬੜੇ ਜੰਤ੍ਰੀ ਮੰਤ੍ਰੀ ਲੋਕ ਹਨ।

ਸਕੈ ਉਨੈਂ ਕਿਮ ਕੋ ਪਤਿਆਇ॥ ਉਨ੍ਹਾਂ ਪਹਾੜੀਆਂ ਨੂੰ ਕਿਵੇਂ ਕੋਈ ਪ੍ਰਤਿਆਵਾ ਦੇਈਏ।

ਹਮ ਕੋ ਦੀਜੈ ਐਸੀ ਕਲਾ॥ ਸਤਿਗੁਰੂ ਜੀ ਐਸੀ ਕਲਾ, ਐਸੀ ਬਰਕਤ ਮੈਨੂੰ ਬਖਸ਼ੋ, ਜਿਹੜਾ ਉਥੇ ਜਾ ਕੇ ਕਾਰਜ ਬਣੇ।

ਜਿਉਂ ਘ੍ਰਿਤ ਆਵੈ ਪ੍ਰਬਤੀ ਚਲਾ॥੧੯॥ ਪਹਾੜੀ ਲੋਕ ਆਪੇ ਹੀ ਘਿਉ ਦੇ ਮਟਕੇ ਲੈ ਕੇ ਤੁਰੇ ਆਉਣ। ੧੯।

ਦੋਹਰਾ॥ ਤੋਂ ਸਤਿਗੁਰ ਗੰਗੋ ਕਹਜੋ, "ਤੋਂ ਰਸਨਾ ਹਮ ਬਾਸ॥ ਸਤਿਗੁਰੂ ਜੀ ਨੇ ਕਿਹਾ ਹੇ ਗੰਗੂ! ਤੇਰੀ ਰਸਨਾ ਤੇ ਸਾਡਾ ਵਾਸਾ ਹੋਵੇਗਾ, ਜੋ ਤੂੰ ਕਹੇਂਗਾ ਤੇਰਾ ਬਚਨ ਪੂਰਾ ਹੋ ਜਾਇਗਾ।

ਜਿਉਂ ਤੂੰ ਚਾਹੈਂ ਤਿਉਂ ਹੁਵੈ, ਤੂੰ ਰਖੈਂ ਕਰੈਂ ਨਾਸ਼" ॥੨੦॥ ਜਿਵੇਂ ਤੂੰ ਚਾਹੇਂਗਾ ਉਵੇਂ ਹੋਵੇਗਾ ਕਿਸੇ ਨੂੰ ਰੱਖ ਲਵੇਂ ਕਿਸੇ ਦਾ ਵਿਨਾਸ਼ ਕਰ ਦੇਵੇਂ, ਇਉਂ ਵਰਦਾਨ ਦਿੱਤਾ ਸਤਿਗੁਰੂ ਜੀ ਨੇ। ੨੦।

ਚੌਪਈ॥ ਇਤੋ ਬਚਨ ਲੈ ਪ੍ਰਫੁਲਤ ਭਯੋ॥ ਇਹ ਸਤਿਗੁਰਾਂ ਦਾ ਬਚਨ ਲੈ ਕੇ ਫੁੱਲ ਗਿਆ, ਖੁਸ਼ੀਆਂ ਆ ਗਈਆਂ ਹਨ ਗੰਗੂ ਨੂੰ।

ਪਹੁੰਚ ਪ੍ਰਬਤਿ ਉਨ ਸਭ ਜਿਤ ਲਯੋ॥ ਪਹਾੜ ਵਿੱਚ ਚਲਿਆ ਗਿਆ, ਬੜੇ ਲੋਕਾਂ ਨਾਲ ਉਸਦਾ ਮੱਥਾ ਲੱਗਾ ਕਰਾਮਾਤੀਆਂ ਨਾਲ, ਸਭ ਨੂੰ ਜਿੱਤ ਲਿਆ ਉਸਨੇ ਗੁਰੂ ਦੇ ਬਚਨ ਤੇ, ਗੁਰੂ ਸਾਹਿਬ ਜੀ ਨੇ ਤਾਂ ਕਿਹਾ ਹੈ ਕਿ ਜਿਵੇਂ ਤੂੰ ਕਹੇਂਗਾ ਉਵੇਂ ਹੋ ਜਾਇਆ ਕਰੇਗਾ, ਇਉਂ ਸਾਰੇ ਪਹਾੜ ਦਾ ਜੇਤੂ ਹੋ ਗਿਆ।

ਲਾਇ ਮੰਜੀ ਗੁਰ ਆਪ ਹੈ ਬਹਜੋ॥ ਉਥੇ ਜਾ ਕੇ ਮੰਜੀ ਲਾ ਕੇ ਆਪ ਹੀ ਗੁਰੂ ਬਣ ਕੇ ਬੈਠ ਗਿਆ, ਕਹਿੰਦਾ ਮੈਂ ਆਪ ਹੀ ਗੁਰੂ ਹਾਂ ਗੋਇੰਦਵਾਲ ਵਿੱਚ ਰਹਿਣ ਵਾਲਾ, ਮੇਰੇ ਤੋਂ ਹੋਰ ਵੱਡਾ ਗੁਰੂ ਉਥੇ ਕੋਈ ਨਹੀਂ, ਕਰਾਮਾਤ ਜਿਉਂ ਹੋ ਗਈ, ਜੋ ਬਚਨ ਕਿਹਾ ਕਰੇ ਤੁਰਤ ਪੂਰਾ ਹੋਇਆ ਕਰੇ।

ਘਿਰਤ ਘਨੋ ਵਲ ਗੁਰ ਘਲ ਦਯੋ॥੨੧॥ ਸਤਿਗੁਰ ਵੱਲ ਘਿਉ ਇਸਨੇ ਬਹੁਤ ਘੱਲ ਦਿੱਤਾ ਉਗਰਾਹ ਕੇ। ੨੧।

ਬੀਬੀ ਭਾਨੀ ਕੇ ਬਜਾਹ ਨ ਆਯਾ॥ ਹੁਣ ਉਥੇ ਕਰਾਮਾਤ ਮਿਲ ਗਈ ਹੈ, ਹੁਣ ਆਉਣ ਨੂੰ ਜੀਅ ਨਹੀਂ ਕਰਦਾ। ਗੰਗੂ ਖੱਤਰੀ ਬੀਬੀ ਭਾਨੀ ਦੇ ਵਿਆਹ ਵਿਚ ਨਹੀਂ ਪਹੁੰਚਿਆ ਹੈ, ਆਪ ਉਥੇ ਹੀ ਰਹਿ ਗਿਆ।

ਬਚਨ ਗੁਰੂ ਮਤ ਲੇਵੈ ਹਟਾਇਆ॥ ਏਸ ਕਰਕੇ ਨਹੀਂ ਬੀਬੀ ਭਾਨੀ ਦੇ ਵਿਆਹ ਵਿਚ ਪਹੁੰਚਿਆ ਕਿ ਸਤਿਗੁਰੂ ਜੀ ਆਪਣਾ ਬਚਨ ਹਟਾ ਨ ਲੈਣ, ਆਪਣਾ ਬਚਨ ਕਿਤੇ ਵਾਪਸ ਨਾ ਲੈ ਲੈਣ।

ਸੋ ਸੁਨਿ ਸਤਿਗੁਰ ਗੁੱਸਾ ਕੀਆ॥ ਮਹਾਰਾਜ ਨੇ ਇਹ ਸੁਣਕੇ ਬੜਾ ਗੁੱਸਾ ਕੀਤਾ।

"ਮੁਖ ਕਾਲਾ ਗੰਗੂ " ਕਹਿ ਦੀਆ॥ ੨੨॥ ਜਦੋਂ ਸਤਿਗੁਰੂ ਨੂੰ ਪਤਾ ਲੱਗਾ, ਗੰਗੂ ਤਾਂ ਆਇਆ ਹੀ ਨਹੀਂ ਮਹਾਰਾਜ! ਉਹ ਤਾਂ ਉਥੇ ਹੀ ਬੈਠ ਰਿਹਾ ਹੈ। ਸਤਿਗੁਰੂ ਜੀ ਨੇ ਕਹਿ ਦਿਤਾ ਸੁਤੇ ਸਿਧ, "ਜਾਹ ਗੰਗੂ ਤੇਰਾ ਮੂੰਹ ਕਾਲਾ ਹੋਵੇ, ਤੂੰ ਆਇਆ ਨਹੀਂ, ਤੂੰ ਬੇਈਮਾਨੀ ਨਾਲ ਕਰਾਮਾਤ ਰੱਖਣੀ ਚਾਹੁੰਦਾ ਹੈਂ"। ੨੨।

ਗੰਗੂ ਬਚਨ ਸੁਨ ਸ਼ੀਸ਼ਾ ਲੀਆ॥ ਗੰਗੂ ਨੂੰ ਜਾ ਦੱਸਿਆ ਕਿਸੇ ਸਿੱਖ ਨੇ ਕਿ ਤੈਨੂੰ ਤਾਂ ਗੁਰੂ ਸਾਹਿਬ ਜੀ ਦਾ ਸਰਾਪ ਹੋ ਗਿਆ, ਸਤਿਗੁਰੂ ਜੀ ਨੇ ਮੂੰਹ ਕਾਲਾ ਕਹਿ ਦਿੱਤਾ, ਇਹ ਸੁਣ ਕੇ ਸ਼ੀਸ਼ਾ ਲੈ ਵੇਖਣ ਲੱਗਾ।

ਮੁਖ ਕਾਲਾ ਨਿਜ ਦਰਸ਼ਨ ਕੀਆ॥ ਜਦੋਂ ਸ਼ੀਸ਼ੇ ਵਿੱਚ ਆਪਣਾ ਦਰਸ਼ਨ ਕੀਤਾ ਤਾਂ ਮੂੰਹ ਕਾਲਾ ਵੇਖਿਆ, ਜਦੋਂ ਉਸਨੇ ਵੇਖਿਆ ਕਿ ਮੇਰਾ ਮੂੰਹ ਕਾਲਾ ਹੋ ਗਿਆ, ਤਾਂ ਝੁਰਨ ਲੱਗਾ ਮਨ ਵਿਚ।

ਬਚ ਸਤਿਗੁਰ ਕਉ ਮਿਟਤੋ ਨਾਂਹਿ॥ ਜੋ ਸਤਿਗੁਰੂ ਜੀ ਨੇ ਆਪਣੇ ਮੁਖਾਰ ਬਿੰਦ ਤੋਂ ਬਚਨ ਕਹਿ ਦਿੱਤਾ ਉਹ ਕਦੇ ਵੀ ਮਿਟਦਾ ਨਹੀਂ ਹੈ।

ਸੋ ਝੂਰੇ ਬਹੁ ਮਨ ਕੇ ਮਾਂਹਿ॥੨੩॥ ਉਹ ਮਨ ਵਿਚ ਬੜਾ ਝੁਰਦਾ ਹੈ ਕਿ ਸਤਿਗੁਰੂ ਜੀ ਦੀ ਬਖਸ਼ਸ਼ ਹੋਈ ਸੀ, ਹੁਣ ਮੂੰਹ ਕਾਲਾ ਕਰਾ ਬੈਠਾ ਹਾਂ, ਮੈਂ ਕਿਉਂ ਕਰਨਾ ਸੀ ਏਸ ਤਰ੍ਹਾਂ। ੨੩।

ਔਰ ਕਥੋਂ ਨਹਿੰ ਅਗੈ ਕਹਾਨੀ॥ ਭਾਈ ਸਾਹਿਬ ਜੀ ਕਹਿੰਦੇ ਹਨ ਇਸ ਤੋਂ ਅੱਗੇ ਇਸ ਦੀ ਹੋਰ ਕਹਾਣੀ ਨਹੀਂ ਮੈਂ ਕਥਨ ਕਰਨੀ, ਇਸ ਦੀ ਸਾਖੀ ਅੱਗੇ ਹੋਰ ਨਹੀਂ ਕਹਿੰਦਾ ਮੈਂ।

ਗ੍ਰੰਥ ਵਧਨ ਤੇ ਸੰਕ ਮਨ ਆਨੀ॥ ਗ੍ਰੰਥ ਵਧਣ ਦੀ ਸ਼ੰਕਾ ਮਨ ਵਿਚ ਆ ਗਈ, ਕਿ ਜੇ ਇਹਦੀਆਂ ਹੋਰ ਸਾਖੀਆਂ ਲਿਖਦੇ ਹਾਂ ਤਾਂ ਗ੍ਰੰਥ ਬਹੁਤਾ ਵਧ ਜਾਇਗਾ। ਇਸ ਕਰਕੇ ਜਿਸ ਤਰ੍ਹਾਂ ਗੰਗੂ ਖੱਤਰੀ ਨੂੰ ਗੁਰੂ ਘਰੋਂ ਬਖਸ਼ਿਸ਼ ਹੋਈ ਸਿਰਫ ਉਹੀ ਪ੍ਰਸੰਗ ਲਿਖਿਆ ਹੈ।

ਬਚਨ ਰਹੇ ਦੋਊ ਉਨ ਪਾਹਿ॥ ਦੋਵੇਂ ਬਚਨ ਉਸਦੇ ਕੋਲ ਰਹਿ ਗਏ।

ਮੁਖ ਕਾਲੋ ਔ ਬਚਨ ਸਹਾਇ॥੨੪॥ ਗੰਗੂ ਦਾ ਸਾਰੀ ਉਮਰ ਮੂੰਹ ਵੀ ਕਾਲਾ ਰਿਹਾ ਅਤੇ ਉਸਦਾ ਬਚਨ ਵੀ ਸਹਾਇਕ ਹੁੰਦਾ ਰਿਹਾ ਹੈ। ਬਚਨ ਵੀ ਪੂਰਾ ਹੁੰਦਾ ਰਿਹਾ ਹੈ ਗੰਗੂ ਦਾ। ੨੪।

ਸਾਖੀ ਹੰਦਾਲ ਦੀ

ਸਾਖੀ ਚੰਡਿਆਲੀਆਂ, ਜੰਡਿਆਲੀਆਂ ਔ ਨਿਜ ਗੁਰ ਲੋਪੀ, ਪੰਥ ਘਾਤੀਅਨ ਕੀ

ਦੋਹਰਾ॥ ਸਾਖ ਸੁਨੋ ਬਡ ਉਨ ਦੁਸ਼ਟਨ, ਹੋਹਿ ਆਦਿ ਦੁਸ਼ਟਨ ਮੈਂ ਲਿੱਖ॥ ਜਿਹੜੇ ਦੁਸ਼ਟਾਂ ਵਿਚੋਂ ਵੱਡੇ ਦੁਸ਼ਟ ਹੋਏ ਹਨ, ਅਤੇ ਜਿਨ੍ਹਾਂ ਦਾ ਨਾਮ ਦੁਸ਼ਟਾਂ ਦੇ ਆਦਿ ਵਿੱਚ ਭਾਵ ਮੁੱਢ ਵਿੱਚ ਲਿਖਿਆ ਜਾਂਦਾ ਹੈ, ਜੋ ਦੁਸ਼ਟਾਂ ਦੇ ਮੋਢੀ ਸੀ ਉਨ੍ਹਾਂ ਵੱਡੇ ਦੁਸ਼ਟਾਂ ਦੀ ਸਾਖੀ ਸੁਣੋ।

ਗੁਰ ਲੋਪੀ ਕੋਪੀ ਪੰਥੈ, ਨਿੰਦੈਂ ਜਿਨ ਗੁਰ ਸਿੱਖ॥ ੧॥ (ਗੁਰ ਲੋਪੀ) ਜੋ ਗੁਰਾਂ ਨੂੰ ਅਲੋਪ ਕਰਕੇ ਆਪ ਗੁਰੂ ਬਣਨਾ ਚਾਹੁੰਦੇ ਨੇ, ਜੋ ਸਦਾ ਗੁਰੂ ਖਾਲਸੇ ਤੇ ਕ੍ਰੋਪ ਰਹੇ ਅਤੇ ਗੁਰਸਿੱਖਾਂ ਤਾਈਂ ਨਿੰਦਦੇ ਰਹੇ ਹਨ। ੧।

ਮੁਖਤ ਨਿਆਮਤ ਗੁਰ ਦਈ, ਸਕਜੋ ਨ ਸੋਊ ਪਚਾਇ॥ ਇਨ੍ਹਾਂ ਨੂੰ (ਮੁਖਤ ਨਿਆਮਤ) ਸਤਿਗੁਰਾਂ ਦੀ ਬਿਨਾਂ ਟਹਿਲ ਸੇਵਾ, ਬਿਨਾਂ ਖੇਚਲ ਤੋਂ ਇਨ੍ਹਾਂ ਨੂੰ ਵਰਦਾਨ ਮਿਲ ਗਿਆ, ਪਰ ਅੱਗੇ ਭਾਂਡਾ ਠੀਕ ਨਹੀਂ ਸੀ, ਜਿਸ ਕਰਕੇ ਉਹ ਮੁਖਤ ਦੀ ਨਿਆਮਤ ਨੂੰ ਪਚਾ ਨਾ ਸਕਿਆ।

ਜਿਸ ਜਲ ਤੇ ਪੈਦਾ ਭਯੋ, ਚਹਿ ਸੋਊ ਜਲਹ ਜਲਾਇ॥੨॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ, ਕਿ ਜਲ ਤੋਂ ਖੇਤੀ ਪੈਦਾ ਹੋ ਜਾਂਦੀ ਹੈ, ਜੇ ਜਲ ਦੇ ਵਿੱਚ ਡੋਬ ਦੇਈਏ ਉਸੇ ਖੇਤੀ ਨੂੰ ਤਾਂ ਉਹ ਸੜ ਜਾਂਦੀ ਹੈ, ਜਿਸ ਜਲ ਤੋਂ ਪੈਦਾ ਹੋਇਆ ਹੈ, ਉਸੇ ਜਲ ਨੂੰ ਸਾੜਨਾ ਚਾਹੁੰਦਾ ਹੈ। ੨।

ਚੌਪਈ॥ ਪ੍ਰਿਥਮ ਉਸਕੀ ਉਤਪਤੀ ਸੁਨਾਊਂ॥ ਪਹਿਲਾਂ ਉਸਦੀ ਉਤਪਤੀ ਦਸਦੇ ਹਨ, ਕਿਵੇਂ ਪੈਦਾ ਹੋਇਆ ਇਹ।

ਪਾਛੈ ਉਸਕੇ ਲਛਨ ਬਤਾਊਂ॥ ਪਿਛੋਂ ਉਸਦੇ ਲੱਛਣ ਦੱਸਾਂਗੇ ਕਿ ਕੀ ਲੱਛਣ ਕੀਤੇ ਉਸਨੇ।

ਜਟ ਘਣਗ ਸੁ ਜੰਡਜਾਲੇ ਰਹੈ॥ ਉਹ ''ਘਣਗਾ'' ਗੋਤ ਦਾ ਜੱਟ ਸੀ ਜੰਡਿਆਲੇ ਪਿੰਡ ਵਿਚ ਰਹਿੰਦਾ ਸੀ। ਜੰਡਿਆਲਾ=ਅੰਮ੍ਰਿਤਸਰ ਤੋਂ ਜਲੰਧਰ ਵਾਲੀ ਜੀ. ਟੀ. ਰੋਡ ਤੇ ਸਥਿਤ ਹੈ।

ਨੰਗ ਭੁੱਖ ਉਸ ਤਨ ਕੋ ਦਹੈ॥੩॥ ਨੰਗਾ ਭੁੱਖਾ ਸੀ, ਬੁਰਾ ਹਾਲ ਸੀ ਉਸਦਾ, ਐਥੋਂ ਤੱਕ ਕਿ ਉਸਦੇ ਸਰੀਰ ਦੇ ਕਪੜੇ ਵੀ ਪਾਟੇ ਹੋਏ ਸਨ। ਨੰਗ ਭੁਖ ਉਹਦੇ ਸਰੀਰ ਨੂੰ ਸਾੜ ਰਹੀ ਸੀ। ੩।

ਉਨਿ ਸੁਨਿਓਂ ਗੁਰ ਲੰਗਰ ਚਲਾਵੈਂ॥ ਜੰਡਿਆਲੇ ਤੋਂ ਗੰਇੰਦਵਾਲ ਸਾਹਿਬ ਨੇੜੇ ਹੀ ਹੈ, ਉਸਨੇ ਸੁਣਿਆ ਕਿ ਗੁਰੂ ਮਹਾਰਾਜ ਨੇ ਉਥੇ ਲੰਗਰ ਚਲਾਇਆ ਹੋਇਆ ਹੈ।

ਊਹਾਂ ਜਾਇ ਲੋਕ ਪੇਟ ਭਰ ਖਾਵੈਂ॥ ਉਥੇ ਜਾ ਕੇ ਮੇਰੇ ਵਰਗੇ ਗਰੀਬ ਪੇਟ ਭਰਕੇ ਭੋਜਨ ਛਕਦੇ ਹਨ, ਬੇਅੰਤ ਰੋਟੀ ਮਿਲਦੀ ਹੈ।

ਕਰੇ ਟਹਿਲ ਭਾਵੈਂ ਨਾਂਹਿ ਕਰਾਹਿ॥ ਕੋਈ ਟਹਿਲ ਸੇਵਾ ਕਰੇ ਭਾਵੇਂ ਨਾ ਕਰੇ।

ਤਹਾਂ ਰਿਜਕ ਕੀ ਕਮੀ ਸੁ ਨਾਂਹਿ॥੪॥ ਉਥੇ ਰਿਜ਼ਕ ਦੀ ਪਦਾਰਥ ਦੀ ਕੋਈ ਕਮੀ ਨਹੀਂ ਹੈ। ੪।

ਇਮ ਸੁਨਿ ਕੈ ਵਹਿ ਤਹਾਂ ਪਧਰਯੋ॥ ਇਸ ਤਰ੍ਹਾਂ ਲੋਕਾਂ ਕੋਲੋਂ ਸੁਣ ਕੇ ਉਹ ਉਥੇ ਗੋਇੰਦਵਾਲ ਚਲਿਆ ਗਿਆ।

ਜਾਇ ਲਾਂਗਰੀਅਨ ਮੱਧ ਸੰਚਰਯੋ॥ ਏਥੋਂ ਜਾ ਕੇ ਲਾਂਗਰੀਆਂ ਵਿਚ ਸ਼ਾਮਲ ਹੋ ਗਿਆ ਹੈ।

ਭਰੈ ਪੇਟ ਔਰ ਜਬਹੂੰ ਖਾਇ॥ ਜਦੋਂ ਲੰਗਰ ਵਿਚ ਪੰਗਤ ਲਗਦੀ ਹੈ, ਰੱਜ ਕੇ ਖਾਇਆ ਕਰੇ, ਛੱਤੀ ਪਦਾਰਥ ਬਣਿਆ ਕਰਨ, ਪੇਟ ਭਰ ਕੇ ਰੱਜ ਕੇ ਛਕਦਾ ਹੈ।

ਆਟਾ ਗੁੰਨ੍ਹੈ ਬਹੁ ਚੁਲ੍ਹੇ ਤਪਾਹਿ॥੫॥ ਲੰਗਰ ਦੇ ਵਿੱਚ ਆਟਾ ਗੁੰਨ੍ਹਦਾ ਹੈ, ਚੁੱਲ੍ਹਿਆਂ ਵਿਚ ਲੱਕੜਾਂ ਭਰ ਕੇ ਚੰਗੀ ਤਰ੍ਹਾਂ ਅੱਗ ਬਾਲਕੇ ਲੋਹ ਤਪਾਉਂਦਾ ਹੈ, ਸੁਆਹ ਕੱਢਿਆ ਕਰੇ, ਚੰਗੀ ਤਰ੍ਹਾਂ ਚੁੱਲ੍ਹਿਆਂ ਨੂੰ ਮਿੱਟੀ ਨਾਲ ਲਿੱਪਿਆ ਕਰੇ। ੫।

ਮਗਜ਼ੋਂ ਬੋਇ ਨ ਸੁਲਤਾਨੀਯਨ ਗਈ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਉਸਦੇ ਮਗਜ਼ ਵਿਚੋਂ ਸੁਲਤਾਨੀਆਂ ਵਾਲੀ ਬੋ ਨਹੀਂ ਸੀ ਅਜੇ ਗਈ, ਜਿਹੜੇ ਰੋਟ ਆਦਿਕ ਪਕਾਉਂਦੇ ਹਨ।

ਸਿੱਖੀ ਰੀਤ ਕਿਛ ਜਿਗਰ ਨ ਠਈ॥ ਸਿੱਖੀ ਵਾਲੀ ਜਿਹੜੀ ਰਹੁ ਰੀਤ ਸੀ, ਉਹ ਇਸ ਨੇ (ਜਿਗਰ) ਹਿਰਦੇ ਵਿਚ ਧਾਰਨ ਨਹੀਂ ਸੀ ਕੀਤੀ।

ਜਿਗਰ ਮੋ ਰਚੈ ਤਬ ਹੀ ਜਾਇ॥ ਜਿੰਨਾਂ ਚਿਰ ਸਿੱਖੀ ਹਿਰਦੇ ਵਿਚ ਨਹੀਂ ਧਾਰਨ ਕਰਦਾ, ਉਤਨਾ ਚਿਰ ਅੰਦਰੋਂ ਸੁਲਤਾਨੀਆਂ ਵਾਲੀ ਬੋ ਨਹੀਂ ਜਾ ਸਕਦੀ , ਸਿੱਖੀ ਹਿਰਦੇ ਵਿਚ ਧਾਰਨ ਕਰਕੇ ਸੁਲਤਾਨੀਆਂ ਵਾਲੀ ਬੋ ਜਾਂਦੀ ਹੈ।

ਹੋਇ ਸਿਕਲ ਬਹੁ ਮਸਕਲਨ ਤਾਹਿ॥੬॥ (ਮਸਕਲ) ਤਲਵਾਰ ਸਾਫ ਕਰਨ ਵਾਲਾ ਲੋਹੇ ਦਾ ਟੁਕੜਾ, ਜਿੰਨਾਂ ਚਿਰ ਉਹ ਨਾ ਘਸਾਇਆ ਜਾਏ, ਉਨਾਂ ਚਿਰ (ਸਿਕਲ) ਚਮਕ ਨਹੀਂ ਆਉਂਦੀ । ਏਸੇ ਤਰ੍ਹਾਂ ਜੋ ਸਿੱਖ ਹੈ ਉਹ ਸੇਵਾ ਵਿੱਚ ਆਪਣੇ ਮਨ ਨੂੰ ਮਾਂਜੇ ਨਾ, ਮਨ ਨੂੰ ਸ਼ੁਧ ਨਾ ਕਰੇ ਉਤਨਾ ਚਿਰ ਮੈਲ ਕਿਵੇਂ ਜਾਏ ਅੰਦਰੋਂ, ਉਤਨਾ ਚਿਰ ਚਮਕ ਨਹੀਂ ਆਉਂਦੀ ਸਿਖੀ ਵਾਲੀ। ੬।

ਪਰ ਭਲੈ ਸੌਣ ਸੋ ਘਰੋਂ ਸਿਧਾਯਾ॥ ਪ੍ਰੰਤੂ ਕਿਸੇ ਭਲੇ ਸਮੇਂ ਘਰੋਂ ਚਲਿਆ ਸੀ ਗੋਇੰਦਵਾਲ।

ਮੁਖਤ ਝਾਕਾ ਸ੍ਰੀ ਸਤਿਗੁਰ ਲਾਯਾ॥ ਮੁਫਤੋ ਮੁਫਤ ਸਤਿਗੁਰਾਂ ਦਾ (ਝਾਕਾ) ਦਰਸ਼ਨ ਕੀਤਾ ਸੀ ਉਸਨੇ।

ਉਸੇ ਝਾਕੇ ਮਧ ਕੀਯੋ ਨਿਹਾਲ॥ ਸਤਿਗੁਰ ਦੇ ਦਰਸ਼ਨ ਕਰਨ ਵਿੱਚ ਉਸੇ ਵੇਲੇ ਨਿਹਾਲ ਹੋ ਗਿਆ ਹੈ, ਨਿਹਾਲ ਕਰ ਦਿੱਤਾ ਹੈ।

ਜਰ ਨ ਸਕਜੋ ਵਹਿ ਜੱਟ ਹਿੰਦਾਲ॥੭॥ ਪਰ ਇਹ ਹਿੰਦਾਲ ਨਾਮ ਦਾ ਜੱਟ ਇਸ ਅਜਰ ਸ਼ਕਤੀ ਨੂੰ ਜਰ ਨਾ ਸਕਿਆ। ੭।

ਦੋਹਰਾ॥ ਇਕ ਦਿਨ ਉਠ ਸ੍ਰੀ ਸਤਿਗੁਰੂ, ਗਏ ਸੁ ਲੰਗਰ ਦਾਇ॥ ਇੱਕ ਦਿਨ ਸਤਿਗੁਰੂ ਅਮਰਦਾਸ ਜੀ ਆਸਣ ਤੋਂ ਉਠੇ ਹਨ ਅਤੇ ਸੁਤੇ ਸਿਧ ਹੀ ਲੰਗਰ ਦੀ ਤਰਫ ਗਏ ਹਨ, ਲੰਗਰ ਵਿੱਚ ਜਾ ਦਰਸ਼ਨ ਦਿੱਤੇ ਹਨ।

ਉਠੇ ਸਿੱਖ ਚਰਨੀ ਲਗੇ, ਹਿੰਦਾਲ ਭੀ ਆਯੋ ਧਾਇ॥੮॥ ਸਤਿਗੁਰੂ ਜੀ ਨੂੰ ਲੰਗਰ ਵੱਲ ਆਉਂਦੇ ਦੇਖ ਕੇ, ਸਿਖ ਉੱਠ ਖੜੇ ਹੋਏ ਹਨ ਅਤੇ ਚਰਨਾਂ ਤੇ ਨਮਸਕਾਰ ਕੀਤੀ ਹੈ, ਹਿੰਦਾਲ ਵੀ ਦੌੜ ਕੇ ਆਇਆ ਹੈ ਨਮਸਕਾਰ ਕਰਨ ਵਾਸਤੇ। ੮।

ਚੌਪਈ॥ ਔਰ ਸਿੱਖ ਚਰਨੀ ਹਥ ਲਾਏ॥ ਹੋਰ ਸਿਖਾਂ ਨੇ ਮਹਾਰਾਜ ਦੇ ਚਰਨੀ ਹੱਥ ਲਾ ਕੇ ਨਮਸਕਾਰ ਕੀਤੀ ਹੈ।

ਹੁਤੋ ਹਿੰਦਾਲ ਆਟੇ ਹਥ ਲਿਬੜਾਏ॥ ਹਿੰਦਾਲ ਦੇ ਉਸ ਵੇਲੇ ਆਟੇ ਨਾਲ ਹੱਥ ਲਿਬੜੇ ਹੋਏ ਸਨ।

ਸੋ ਉਨ ਸੋਚ ਇਤਨਕ ਲਈ ਧਾਰ॥ ਉਸ ਨੇ ਵਿਚਾਰ ਕਰ ਲਈ ਕਿਉਂਕਿ ਸੇਵਾ ਕਰਨ ਵਾਲੇ ਦਾ ਮਨ ਸਾਫ ਹੋ ਜਾਂਦਾ ਹੈ, ਉਸਨੇ ਆਪਣੇ ਮਨ ਵਿਚ ਵਿਚਾਰ ਕੇ ਇਉਂ ਧਾਰ ਲਈ ਹੈ।

ਮਤ ਆਟੋ ਲਗ ਗੁਰ ਪਗ ਹੋਂਹਿ ਖ਼ੁਆਰ॥੯॥ ਕਿਤੇ ਸਤਿਗੁਰਾਂ ਦੇ ਚਰਨਾਂ ਨੂੰ ਆਟਾ ਨਾ ਲੱਗ ਜਾਏ, ਚਰਨ ਫੇਰ ਨਾ ਧੋਣੇ ਪੈਣ। ੯।

ਹਾਥ ਜੋੜ ਉਨ ਪਿਠ ਪਰ ਧਰੇ॥ ਪਹਿਲਾਂ ਹੱਥ ਜੋੜੇ ਹਨ ਮਹਾਰਾਜ ਅੱਗੇ, ਫੇਰ ਆਟੇ ਨਾਲ ਲਿਬੜੇ ਹੋਏ ਦੋਵੇਂ ਹੱਥ ਆਪਣੀ ਪਿੱਠ ਤੇ ਰੱਖੇ ਹਨ।

ਸੀਸ ਝੁਕਾਇ ਪਗ ਚਰਨੀ ਧਰੇ॥ ਹਿੰਦਾਲ ਨੇ ਗੋਡਿਆਂ ਭਾਰ ਹੋ ਕੇ ਆਪਣਾ ਸੀਸ ਗੁਰੂ ਮਹਾਰਾਜ ਦੇ ਚਰਨਾਂ ਤੇ ਰੱਖ ਦਿੱਤਾ ਹੈ।

ਦੇਖ ਸਤਿਗੁਰ ਉਸ ਚਿਤ ਕੀ ਸੋਚ॥ ਸਤਿਗੁਰੂ ਜੀ ਹਿੰਦਾਲ ਦੇ ਚਿੱਤ ਦੀ ਵਿਚਾਰ ਸੋਹਣੀ ਦੇਖ ਕੇ ਪ੍ਰਸੰਨ ਹੋ ਗਏ ਹਨ।

ਕਰੀ ਸੁਦ੍ਰਿਸ਼ਟ ਗੁਰ ਉਸ ਵਲ ਲੋਚ॥੧੦॥ ਸਤਿਗੁਰੂ ਜੀ ਨੇ ਉਸਦੇ ਵੱਲ (ਲੋਚ) ਲੋਚਨ, ਨੇਤ੍ਰਾਂ ਨਾਲ (ਸੁਦ੍ਰਿਸ਼ਟ) ਕਿਰਪਾ ਦ੍ਰਿਸ਼ਟੀ ਕੀਤੀ , ਮਿਹਰ ਦੀ ਨਜ਼ਰ ਨਾਲ ਤੱਕਿਆ ਹੈ। ੧੦।

ਇਤਨਕ ਸੋਚ ਪਰ ਭਏ ਦਿਆਲ॥ ਹਿੰਦਾਲ ਦੀ ਇੰਨੀ ਕੁ ਸੁਚੱਜੀ ਵਿਚਾਰ ਉੱਤੇ ਦਿਆਲੂ ਹੋ ਗਏ ਹਨ।

ਕਰ ਦੀਨੋ ਹਿੰਦਾਲ ਨਿਹਾਲ॥ ਹਿੰਦਾਲ ਨੂੰ ਗੁਰੂ ਜੀ ਨੇ ਨਦਰੀ ਨਦਰ ਨਿਹਾਲ ਕਰ ਦਿੱਤਾ ਹੈ, ਰਿੱਧੀਆਂ ਸਿੱਧੀਆਂ ਦੇ ਦਿੱਤੀਆਂ।

ਤਨਕ ਸੋਚ ਤੇ ਬਡ ਮੌਜ ਦਈ॥ (ਤਨਕ) ਥੋੜੀ ਜਿਹੀ ਹੀ ਚੰਗੀ ਸੋਚ ਤੇ ਸਤਿਗੁਰੂ ਜੀ ਨੇ ਵੱਡੀਆਂ ਮੌਜਾਂ ਬਖਸ਼ ਦਿਤੀਆਂ ਹਨ।

ਮੁਖਤ ਨਿਆਮਤ ਉਸ ਇਮ ਅਈ॥੧੧॥ ਮੁਖਤ ਦੀ ਨਿਆਮਤ, ਕੋਈ ਵੱਡੀ ਟਹਿਲ ਸੇਵਾ ਕੀਤੀ ਨਹੀਂ ਸੀ ਅਜੇ, ਪਦਾਰਥ ਮਿਲ ਗਏ, ਗੁਰੂ ਘਰ 'ਚੋਂ ਬਖਸ਼ਿਸ਼ ਹੋ ਗਈ ਹੈ। ੧੧।

ਮੁਖਤ ਨਿਆਮਤ ਹਥ ਤੋ ਆਇ॥ ਮੁਫਤ ਦੀ (ਨਿਆਮਤ) ਚੰਗੀ ਵਸਤੂ ਹੱਥ ਤਾਂ ਆ ਜਾਂਦੀ ਹੈ, ਕਈਆਂ ਦੇ ਆ ਜਾਂਦੀ ਹੈ।

ਹੁਇ ਭਲ ਭਾਂਡੋ ਤਉ ਰਖੈ ਪਚਾਇ ਪਰ ਜੇ ਭਾਂਡਾ ਭਲਾ ਹੋਵੇ, ਸਰੀਰ ਰੂਪੀ ਭਾਂਡਾ ਪਵਿੱਤ੍ਰ ਹੋਵੇ ਤਾਂ ਉਸਨੂੰ ਮੁਫਤ ਦੀ ਨਿਆਮਤ ਪਚਦੀ ਹੈ, ਕਮਾਈ ਤੋਂ ਬਿਨਾਂ ਮੁਫਤ ਦੀ ਨਿਆਮਤ ਪਚਦੀ ਨਹੀਂ ਹੁੰਦੀ, ਜਿੰਨਾਂ ਚਿਰ ਟਹਿਲ ਸੇਵਾ ਕਰਕੇ ਨਾ ਪ੍ਰਾਪਤ ਕਰੇ।

ਕੱਚੈ ਬਾਸਨ ਰਹੈ ਨ ਨੀਰ॥ ਜਿਵੇਂ ਕੱਚੇ ਭਾਂਡੇ ਘੜੇ ਵਿੱਚ ਪਾਣੀ ਨਹੀਂ ਰਹਿੰਦਾ ਹੈ, ਘੜਾ ਖੁਰ ਜਾਂਦਾ ਹੈ ਜਾਂ ਟੁੱਟ ਜਾਇਗਾ।

ਜੇਕਰ ਰਾਖੋ ਬਹੁ ਤਤਬੀਰ॥ ੧੨॥ ਜੇਕਰ ਬਹੁਤ ਜਤਨ ਕਰਕੇ ਵੀ ਕੱਚੇ ਘੜੇ ਵਿੱਚ ਪਾਣੀ ਰੱਖਕੇ ਵੇਖੀਏ, ਤਾਂ ਵੀ ਨਹੀਂ ਰਹਿ ਸਕਦਾ। ੧੨।

ਹਿੰਦਾਲੀਆਂ ਤੇ ਨਿਰੰਜਨੀਆਂ ਦੇ ਬੇਮੁਖ ਵਡਕੇ

(ਜਨਮ ਸਾਖੀ ਦਾ ਵਿਗਾੜਨਾ ਤੇ ਹੋਰ ਬੇਮੁਖਤਾ)

ਦੋਹਰਾ॥ ਮੁਖਤ ਨਿਆਮਤ ਗੁਰੁ ਬਚਨ ਕੋਊ ਰਾਖੈ ਗਹਰ ਗੰਭੀਰ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਮੁਫਤ ਦੀ ਨਿਆਮਤ ਤੇ ਸਤਿਗੁਰਾਂ ਦਾ ਬਚਨ ਹਰੇਕ ਨਹੀਂ ਰਖ ਸਕਦਾ, ਕੋਈ (ਗਹਰ ਗੰਭੀਰ) ਬਹੁਤ ਹੀ ਡੂੰਘਾਈ ਵਾਲਾ, ਸੂਝਵਾਨ ਜਿਸ ਨੇ ਗੁਰਸਿਖੀ ਕਮਾਈ ਹੋਵੇ, ਗੁਰਸਿਖ ਗੁਰਮੁਖ ਹੀ ਰੱਖ ਸਕਦਾ ਹੈ ਆਪਣੇ ਕੋਲ।

ਕਨਕ ਕਟੋਰੈ ਬਾਹਿਰੈ, ਟਿਕੈ ਨ ਬਾਘਨ ਛੀਰ॥੧॥ ਪ੍ਰਮਾਣ ਦਿੰਦੇ ਹਨ ਭਾਈ ਸਾਹਿਬ ਜੀ ਕਿ ਜੋ (ਕਨਕ) ਸੋਨੇ ਦੇ (ਕਟੋਰੈ) ਕਟੋਰੇ, ਬਰਤਨ ਤੋਂ ਬਿਨਾਂ (ਬਾਘਨ) ਬਾਘਨਿ, ਸ਼ੇਰਨੀ ਦਾ ਦੁੱਧ ਨਹੀਂ ਟਿਕਦਾ। ਜੇ ਸ਼ੇਰਨੀ ਦਾ ਦੁਧ ਕਿਸੇ ਹੋਰ ਬਰਤਨ ਵਿਚ ਪਾ ਦੇਈਏ ਤਾਂ ਟੁੱਟ ਜਾਂਦਾ ਹੈ, ਐਡੀ ਤਾਕਤ ਰੱਖਦਾ ਹੈ, ਤੇ ਸ਼ੇਰਨੀ ਕਹਿ ਲੈਣਾ ਹੀ ਅਸਾਨ ਹੈ, ਸ਼ੇਰਨੀ ਦੇ ਦਰਸ਼ਨ ਕੀਤਿਆਂ ਪਤਾ ਲੱਗਦਾ ਹੈ ਕਿਤਨਾ ਬਲ ਹੈ ਇਸਦੇ (ਛੀਰ) ਦੁਧ ਵਿਚ। ੧।

ਚੌਪਈ॥ ਦਈ ਸੰਗਤ ਸ੍ਰੀ ਗੁਰ ਤਿਹ ਲਾਇ॥ ਸਤਿਗੁਰੂ ਜੀ ਨੇ ਕਿਰਪਾ ਕਰਕੇ ਸੰਗਤ ਉਸਦੇ ਪਿੱਛੇ ਲਾ ਦਿਤੀ ਕਿ ਜਾਹ ਜਾ ਕੇ ਸਿੱਖੀ ਦਾ ਪ੍ਰਚਾਰ ਕਰ।

ਗਿਰਦ ਜਿੰਡਾਲੇ ਬੀਸ ਤੀਸ ਗਿਰਾਂਇ॥ ਜੰਡਿਆਲੇ ਦੇ ਨੇੜੇ ਵੀਹ ਤੀਹ ਪਿੰਡਾਂ ਦੀ ਸੰਗਤ ਹਿੰਦਾਲ ਦੇ ਮਗਰ ਲਾ ਦਿੱਤੀ।

ਇਸੀ ਤੌਰ ਲਈ ਮਥੋ ਟਿਕਾਇ॥ ਜਿਵੇਂ ਸਾਨੂੰ ਆ ਕੇ ਸੰਗਤਾਂ ਮੱਥਾ ਟੇਕਦੀਆਂ ਨੇ, ਇਸੇ ਤਰੀਕੇ ਨਾਲ ਤੂੰ ਵੀ ਸੰਗਤਾਂ ਤੋਂ ਮੱਥਾ ਟਿਕਾ ਲਿਆ ਕਰੀਂ।

ਇਸੀ ਤੌਰ ਆਈ ਹਮਰੇ ਪਾਹਿ॥੨॥ ਜਿਵੇਂ ਤੂੰ ਆਇਆ ਹੈਂ ਇਸੇ ਤਰ੍ਹਾਂ ਸੰਗਤ ਨੂੰ ਸਾਡੇ ਕੋਲ ਲੈ ਕੇ ਆਇਆ ਕਰ। ੨।

ਮਤ ਕਤ ਬਹਿ ਆਪੇ ਗੁਰ ਹੋਇ॥ ਇਹ ਨਾ ਹੋਵੇ ਆਪੇ ਗੁਰੂ ਬਣ ਕੇ ਬੈਠ ਜਾਵੇਂ, ਸਾਡੇ ਕੋਲ ਆਵੇਂ ਹੀ ਨਾ, ਸੰਗਤ ਨੂੰ ਲੈ ਕੇ ਸਾਡੇ ਦਰਸ਼ਨ ਹੀ ਨਾ ਕਰਾਵੇਂ, ਇਹ ਨਾ ਗੱਲ ਕਰ ਬਹਿਣੀ।

ਹੋਇ ਜਾਵੈ ਫਿਰ ਸਿਖੀਓਂ ਅਢੋਇ॥ ਫਿਰ ਢੋਈ ਨਹੀਂ ਮਿਲਣੀ, ਸਿੱਖੀ ਨਹੀਂ ਮਿਲਣੀ, ਸਿੱਖੀ ਤੋਂ ਅਲੱਗ ਹੋ ਜਾਂਇਗਾ, ਜੇ ਤੂੰ ਆਪਣੇ ਆਪ ਨੂੰ ਉਥੇ ਗੁਰੂ ਕਹਾਉਣ ਲੱਗ ਪਿਆ।

ਵਾਹਿਗੁਰੂ ਧੰਨ ਗੁਰੂ ਜਾਪ ਜਪਾਯੋ॥ ਧੰਨ ਗੁਰੂ ਧੰਨ ਗੁਰੂ, ਵਾਹਿਗੁਰੂ ਵਾਹਿਗੁਰੂ ਦਾ ਜਾਪ ਕਰਾਉਣਾ ਸਿੱਖਾਂ ਤੋਂ।

ਯੌਂ ਸਤਿਗੁਰ ਉਸ ਬਚਨ ਫੁਰਮਾਯੋ॥੩॥ ਇਉਂ ਸਤਿਗੁਰੂ ਜੀ ਨੇ ਉਸ ਨੂੰ ਬਚਨ ਕੀਤਾ ਹੈ ਹੁਕਮ ਕੀਤਾ ਹੈ। ੩।

ਦੋਹਰਾ॥ ਵਹੁ ਮੁਖਤਿ ਨਿਆਮਤ ਬੇਕਦਰ, ਸਕਜੋ ਨ ਸੋਊ ਪਚਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਉਹੀ ਗੱਲ ਹੋਈ ਉਹ ਬੇ-ਕਦਰ ਸੀ, ਮੁਫਤ ਦੀ ਬਖਸ਼ਸ਼ ਪ੍ਰਾਪਤ ਹੋ ਗਈ, ਕੋਈ ਮਿਹਨਤ ਨਹੀਂ ਸੀ ਕੀਤੀ ਇਸਨੇ, ਇਸ ਕਰਕੇ ਇਹ ਸਤਿਗੁਰੂ ਜੀ ਦੀ ਮੁਫਤ ਦੀ ਬਖਸ਼ਸ਼ ਨੂੰ ਹਜ਼ਮ ਨਹੀਂ ਸੀ ਕਰ ਸਕਿਆ।

ਜਜੋਂ ਗਧਹਿ ਬਘੰਬਰ ਲੌਭਿਓ, ਖਾਇ ਖੇਤੀ ਪ੍ਰਾਈ ਭਰਾਇ॥ ੪॥ ਜਿਵੇਂ ਗਧੇ ਨੂੰ (ਬਘੰਬਰ) ਬਾਘ-ਅੰਬਰ, ਬਾਘ ਦਾ (ਅੰਬਰ) ਕਪੜਾ, ਬਾਘ ਦੀ ਖੱਲ, ਸ਼ੇਰ ਦੀ ਖੱਲ ਲੱਭੀ, ਉਸਨੇ ਆਪਣੇ ਉਪਰ ਪਹਿਨ ਲਈ, (ਖੇਤੀ) ਫਸਲ ਲੋਕਾਂ ਦੀ ਖਾਇਆ ਕਰੇ ਤੇ ਨਾਲੇ ਭਰਾਇਆ ਕਰੇ, ਲੋਕ ਉਸਨੂੰ ਸ਼ੇਰ ਸਮਝਕੇ ਡਰਿਆ ਕਰਨ। ੪।

ਚੌਪਈ॥ ਐਸੋ ਆਹਿ ਜਗਤ ਕੋਈ ਕੋਈ॥ ਐਸਾ ਕੋਈ ਕੋਈ ਹੈ ਸੰਸਾਰ ਵਿੱਚ।

ਬਿਭੌ ਪਾਇ ਜਿਸ ਗਰਬ ਨ ਹੋਈ॥ (ਬਿਭੌ) ਧਨ ਪ੍ਰਾਪਤ ਕਰਕੇ ਜਿਸਨੂੰ ਹੰਕਾਰ ਨਾ ਹੋਇਆ ਹੋਵੇ ਐਸਾ ਕੋਈ ਕੋਈ ਹੁੰਦਾ ਹੈ। (ਨਹੀਂ ਤਾਂ ਸ਼ਕਲ ਇਹੀ ਹੈ ਗਰੀਬ ਦੀ ਉਤਨਾ ਚਿਰ ਤਾਂ ਉਹ ਧਰਮਸ਼ਾਲਾ ਵੀ ਜਾਇਗਾ, ਗੁਰਦੁਆਰੇ ਵੀ ਜਾਇਆ ਸਿੱਖਾਂ ਸੰਤਾਂ ਨੂੰ ਵੀ ਮੰਨਦਾ ਰਹੇਗਾ, ਪਰ ਜਦੋਂ ਉਸਦੇ ਕੋਲ ਮਾਇਆ ਹੋ ਜਾਵੇ, ਫੇਰ ਠੇਕੇ ਨੂੰ ਜਾਇਗਾ ਸਿੱਧਾ ਫੇਰ ਗਲੀਆਂ ਵਿਚ ਫਿਰੇਗਾ, ਲੋਕਾਂ ਦੇ ਘਰ ਤਕਾਊਗਾ।

ਉਸ ਮੂਰਖ ਕੌ ਗਰਬਾ ਆਯੋ॥ ਇਸੇ ਤਰ੍ਹਾਂ ਦਾ ਹੀ ਹਿੰਦਾਲ ਮੂਰਖ ਸੀ, ਜਦੋਂ ਸੰਗਤ ਜੁੜ ਗਈ, ਸੰਗਤ ਨੇ ਭੇਟਾ ਤਾਂ ਦੇਣੀ ਸੀ, ਸਿੱਖ ਮਹਾਰਾਜ ਨੇ ਨਿਹਾਲ ਕਰ ਦਿੱਤਾ, ਵੀਹ ਤੀਹ ਪਿੰਡਾਂ ਦੀ ਸੰਗਤ ਲਾ ਦਿੱਤੀ ਮਗਰ। ਹੁਣ ਇਸਦੇ ਘਰ ਦੁਧ ਪੁੱਤ, ਅੰਨ ਦਾਣਾ ਸਭ ਅਰਾਮ ਹੋ ਗਿਆ ਸੰਗਤ ਲਿਆ ਕੇ ਭੇਟਾ ਦਿਆ ਕਰੇ। ਅਗੇ ਗੁਰ ਘਰ ਵਿੱਚ ਤਾਂ ਹਿੰਦਾਲ ਨੇ ਪਹੁੰਚਦੀ ਕਰਨੀ ਸੀ। ਉਸ ਹਿੰਦਾਲ ਮੂਰਖ ਨੂੰ ਹੰਕਾਰ ਹੋ ਗਿਆ।

ਦੇਣਿ ਵਾਰੋ ਉਨ ਗੁਰੂ ਭੁਲਾਯੋ॥ ੫॥ ਜਿਸ ਗੁਰੂ ਦੀ ਕ੍ਰਿਪਾ ਦ੍ਰਿਸ਼ਟੀ ਹੋਈ ਸੀ, ਜਿਸਨੇ ਸਾਰਾ ਕੁਛ ਦਿੱਤਾ ਸੀ ਉਸ ਗੁਰੂ ਨੂੰ ਭੁਲਾ ਦਿਤਾ ਮਨ ਵਿਚੋਂ। ੫।

ਕਹਿ ਪਿਛਲ ਦੀਓ ਅਬ ਹੈ ਹਮ ਲੀਆ॥ ਪਿਛੇ ਮੈਂ ਕੁਛ ਦਿੱਤਾ ਹੋਇਆ ਹੈ ਲੋਕਾਂ ਨੂੰ ਤਾਂ ਮੈਨੂੰ ਲੋਕ ਦਿੰਦੇ ਨੇ, ਐਥੇ ਆ ਖੜ੍ਹੀ ਗੱਲ, ਕੋਈ ਲੋਕ ਮੈਨੂੰ ਪੁੰਨ ਦਿੰਦੇ ਨੇ, ਮੈਂ ਅੱਗੇ ਦਾਨ ਕੀਤਾ ਹੈ ਇਨ੍ਹਾਂ ਲੋਕਾਂ ਨੂੰ ਇਹ ਹੁਣ ਮੈਨੂੰ ਦਿੰਦੇ ਨੇ, ਮੈਂ ਤਾਂ ਆਪਣੇ ਪਿਛਲੇ ਜਨਮ ਦਾ ਦਿੱਤਾ ਹੋਇਆ ਹੀ ਲੈ ਰਿਹਾ ਹਾਂ।

ਦੇਣ ਜੋਗ ਗੁਰ ਕਿਨ ਥੋ ਕੀਆ॥ ਗੁਰੂ ਕੌਣ ਹੁੰਦਾ ਹੈ ਜਿਹੜਾ ਮੈਨੂੰ ਦੇਵੇ ਕੁਛ, ਮੈਂ ਤਾਂ ਆਪਣੀ ਕਮਾਈ ਖਾਂਦਾ ਹਾਂ। ਗੁਰੂ ਨੂੰ ਦੇਣ ਜੋਗਾ ਕਿਸ ਨੇ ਕੀਤਾ ਸੀ।

ਗੁਰੂ ਤਾਲ ਉਨ ਸੁਣ ਚਿਣਵਾਯੋ॥ ਗੁਰੂ ਕੇ ਸਰੋਵਰ ਦੀ ਵਡਿਆਈ ਸੁਣ ਕੇ ਕਿ ਗੁਰੂ ਮਹਾਰਾਜ ਜੀ ਨੇ (ਗੁਰੂ ਤਾਲ) ਅੰਮ੍ਰਿਤ ਸੋ੍ਵਰ ਚਿਣਾਇਆ ਹੈ।

ਘਰ ਕੀ ਛਪੜੀ ਨਾਉਂ ਗੰਗਾ ਧਰਾਯੋ॥੬॥ ਗੁਰੂ ਘਰ ਨਾਲ ਸ਼ਰੀਕਾ ਕਰਦਾ ਹੈ, ਇਸ ਦੇ ਘਰ ਵਿੱਚ ਇੱਕ ਗੰਦੇ ਪਾਣੀ ਦੀ ਛਪੜੀ ਸੀ ਉਸਦਾ ਨਾਂਮ ਇਸਨੇ ਗੰਗਾਸਰ ਰੱਖ ਦਿੱਤਾ ਕਿ ਇਥੇ ਗੰਗਾ ਰਹਿੰਦੀ ਹੈ ਆ ਕੇ, ਗੰਗਾ ਦਾ ਨਿਵਾਸ ਹੈ ਇਸਦੇ ਵਿੱਚ, ਜਿਹੜਾ ਨਹਾਵੇ ਇਸਦੇ ਵਿੱਚ, ਉਸਦੇ ਸਾਰੇ ਪਾਪ ਨਾਸ ਹੋ ਜਾਂਦੇ ਹਨ, ਇਸ ਤਰ੍ਹਾਂ ਦਾ ਪ੍ਰਚਾਰ ਸ਼ੁਰੂ ਕਰ ਦਿੱਤਾ ਹੈ। ੬।

ਗਊ ਹਤਿਆਰਨ ਮਿਲਾਵੈ ਨੁਲ੍ਹਾਇ॥ ਆਮ ਹਿੰਦੂ ਮੱਤ ਦੇ ਵਿੱਚ ਪ੍ਰਚਲਤ ਹੈ ਜਿਸਤੋਂ ਗਊ ਹੱਤਿਆ ਹੋ ਜਾਵੇ, ਉਹ ਜਾ ਕੇ ਗੰਗਾ ਇਸ਼ਨਾਨ ਕਰ ਆਉਂਦਾ ਹੈ, ਕਿ ਗਊ ਹੱਤਿਆ ਦਾ ਪਾਪ ਲਹਿ ਗਿਆ ਹੈ ਹਿੰਦਾਲ ਇਉਂ ਕਰਦਾ ਹੈ ਜੇ ਕੋਈ ਗਊ ਹੱਤਿਆ ਵਾਲਾ ਆਉਂਦਾ ਹੈ ਕਿ ਮੈਥੋਂ ਗਊ ਹੱਤਿਆ ਹੋ ਗਈ ਹੈ, ਕਹਿੰਦਾ ਐਥੇ ਇਸ਼ਨਾਨ ਕਰ ਲੈ ਗੰਗਾਸਰ ਸੋ੍ਵਰ ਵਿਚ ਇਥੇ ਗੰਗਾ ਰਹਿੰਦੀ ਹੈ। ਉਨ੍ਹਾਂ ਨੂੰ ਉਥੇ ਇਸ਼ਨਾਨ ਕਰਵਾ ਕੇ ਆਪਣੇ ਨਾਲ ਮਿਲਾ ਲੈਂਦਾ ਹੈ।

ਉਨ ਚਕਜੋ ਸ਼ਰੀਕੋ ਗੁਰ ਇਤ ਦਾਇ॥ ਇਸ ਤਰੀਕੇ ਨਾਲ ਗੁਰੂ ਘਰ ਨਾਲ ਸ਼ਰੀਕਾ ਹੋ ਗਿਆ ਇਸਦਾ, ਲੋਕੀਂ ਅੰਮ੍ਰਿਤਸਰ ਜਾਂਦੇ ਨੇ ਉਥੇ ਅੰਮ੍ਰਿਤਸਰੋਵਰ ਲਵਾਇਆ ਹੋਇਆ ਹੈ, ਉਥੇ ਸਭ ਦੇ ਪਾਪ ਝੜ ਜਾਂਦੇ ਨੇ, ਗੁਰੂ ਘਰ ਨਾਲ ਸ਼ਰੀਕਾ ਬੰਨ੍ਹ ਲਿਆ ਹੈ, ਕਿ ਏਥੇ ਮੇਰਾ ਸਰੋਵਰ ਜਿਹੜਾ ਹੈ, ਇਸਦੇ ਵਿਚ ਨਹਾਉ ਤਾਂ ਗਊ ਹੱਤਿਆ ਦਾ ਪਾਪ ਲਹਿ ਜਾਂਦਾ ਹੈ।

ਔਰ ਗੁਰ ਲੋਪੀਓ ਦਿਓਂ ਬਤਾਈ॥ ਹੋਰ ਜਿਵੇਂ ਗੁਰੂ ਨੂੰ ਅਲੋਪ ਕੀਤਾ ਹੈ ਉਹ ਵੀ ਮੈਂ ਤੁਹਾਨੂੰ ਦੱਸ ਦਿਆਂ।

ਭਯੋ ਨਿਰੰਜਨੀਓਂ ਨਾਮ ਸਿੱਖੀ ਮਿਟਾਈ॥ ੭॥ ਸਿੱਖੀ ਦਾ ਨਾਮ ਮਿਟਾ ਕੇ ਨਿਰੰਜਨੀਆਂ ਬਣ ਗਿਆ, ਕਹਿੰਦਾ ਮੈਂ ਨਹੀਂ

ਗੁਰੂ ਦਾ ਸਿੱਖ ਹਾਂ ਮੈਂ ਤਾਂ ਨਿਰੰਜਨੀਆਂ ਹਾਂ, ਇਸ ਤਰ੍ਹਾਂ ਆਪਣਾ ਨਾਮ ਹੀ ਬਦਲ ਲਿਆ ਤੇ ਸਿੱਖੀ ਤੋਂ ਦੂਰ ਹੋ ਗਿਆ। ੭।

"ਸ੍ਰੀ ਨਾਨਕ" ਕਹਿ "ਜਨਕ ਔਤਾਰ"॥ ਹਿੰਦਾਲ ਲੋਕਾਂ ਵਿਚ ਪ੍ਰਚਾਰ ਕਰਦਾ ਹੈ ਕਿ ਗੁਰੂ ਨਾਨਕ ਤਾਂ ਜਨਕ ਰਾਜੇ ਦੇ ਅਵਤਾਰ ਸਨ।

ਉਨ ਲਿਖਜੋ ਸਾਖੀ ਮਧ ਖਿਜਮਤਦਾਰ॥ ਉਸਨੇ ਗੁਰੂ ਨਾਨਕ ਦੀ ਜਨਮ ਸਾਖੀ ਵਿੱਚ ਲਿਖ ਦਿੱਤਾ ਕਿ ਗੁਰੂ ਨਾਨਕ ਸਾਹਿਬ ਜੀ ਰਾਜੇ ਜਨਕ ਦੇ ਸੇਵਾਦਾਰ ਸਨ।

ਆਪ ਬਨਜੋ ਲਿਖਜੋ ਜਨਕ ਜਵਾਈ॥ ਆਪਣੇ ਆਪ ਨੂੰ ਹਿੰਦਾਲ ਨੇ ਲਿਖ ਦਿੱਤਾ ਜਨਮ ਸਾਖੀ ਵਿੱਚ ਕਿ ਮੈਂ ਤਾਂ ਰਾਜੇ ਜਨਕ ਦਾ ਜਵਾਈ ਸੀ, ਐਹੋ ਜਿਹੇ ਝੂਠੇ ਗਪੌੜੇ ਲਿਖ ਕੇ ਰੱਖ ਦਿੱਤੇ।

ਭਯੋ ਸ੍ਰੀ ਰਾਮ ਕੋ ਸਾਂਢੂ ਵਾਈ॥ ੮॥ ਕਹਿੰਦਾ ਮੈਂ ਸ੍ਰੀ ਰਾਮ ਚੰਦਰ ਜੀ ਦਾ ਸਾਂਢੂ ਹੁੰਦਾ ਸੀ ਉਸ ਜਮਾਨੇ ਵਿੱਚ। ੮।

ਦੋਹਰਾ॥ ਕਦੇ ਕਹੈ "ਇਕ ਸਾਧ ਕੀ, ਕਿਨ ਕਰੀ ਸੇਵ ਥੀ ਔਰ॥ ਹੁਣ ਲੋਕਾਂ ਨੂੰ ਸਾਖੀਆਂ ਬਣਾ ਬਣਾ ਸੁਣਾਉਂਦਾ ਹੈ, ਕਦੇ ਕਹਿੰਦਾ ਸੁਣੋ ਸੰਗਤ ਜੀ! ਇੱਕ ਗੁਰਮੁਖ ਸੀ ਉਸਨੇ ਕਿਸੇ ਹੋਰ ਸਾਧ ਦੀ ਸੇਵਾ ਕੀਤੀ ਸੀ।

ਵਹਿ ਵਖਤ ਨ ਪਹੁੰਚਜੋ ਮਿਹਰ ਕੀ, ਹਮ ਜਾਇ ਲਈ ਛਲ ਤੌਰ"॥ ੯॥ ਜਦੋਂ ਉਸ ਸੰਤ ਦੀ ਕਿਰਪਾ ਹੋਣੀ ਸੀ ਉਸ ਸਮੇਂ ਉਹ ਪਹੁੰਚ ਨਹੀਂ ਸਕਿਆ ਤੇ ਉਸ ਦੀ ਜਗ੍ਹਾ ਮੈਂ ਚਲਿਆ ਗਿਆ, ਜਦ ਉਸ ਨੇ ਵਰਦਾਨ ਦਿੱਤਾ ਕਿ ਸੇਵਕਾ ਤੇਰੀ ਸੇਵਾ ਪੂਰੀ ਹੋ ਗਈ ਹੈ ਤੇ ਹੁਣ ਤੂੰ ਮੰਗ, ਮੈਂ ਛਲ ਦੇ ਤੌਰ ਤੇ ਕਿਹਾ ਹਾਜ਼ਰ ਹਾਂ ਜੀ ਅਤੇ ਉਸਨੇ ਮੈਨੂੰ ਕਿਰਪਾ ਕਰ ਦਿੱਤੀ ਗੁਰੂ ਸਾਹਿਬ ਜੀ ਨੂੰ ਭੁਲਾ ਦਿੱਤਾ। ੯।

ਚੌਪਈ॥ ਕਦੇ ਕਹੈ "ਹਮ ਆਪੇ ਭਯੋ॥ ਕਦੇ ਕਹਿੰਦਾ ਮੈਂ ਤਾਂ ਆਪਣੇ ਆਪ ਹੀ ਸ੍ਵੈ-ਸਰੂਪ ਹਾਂ, ਮੈਂ ਤਾਂ ਆਪਣੇ ਆਪ ਪੈਦਾ ਹੋਇਆ ਹਾਂ।

ਦੇਨ ਜੋਗ ਗੁਰ ਕਿਨ ਥੋ ਕਿਯੋ॥ ਗੁਰੂ ਨੂੰ ਦੇਣ ਜੋਗਾ ਕਿਸ ਨੇ ਬਣਾ ਦਿਤਾ, ਮੈਂ ਤਾਂ ਆਪਣੇ ਆਪ ਹੀ ਐਡੀਆਂ ਸ਼ਕਤੀਆਂ ਵਾਲਾ ਹਾਂ।

ਹਮਨੇ ਇਸਕੋ ਜਾਨਜੋਂ ਮਰਮ॥ ਮੈਂ ਇਸਦਾ (ਮਰਮ) ਭੇਦ ਜਾਣ ਲਿਆ ਹੈ।

ਇਹ ਮੂਰਖ ਲੋਕ ਕਰਤ ਹੈਂ ਭਰਮ"॥੧੦॥ ਐਵੇਂ ਮੂਰਖਾਂ ਲੋਕਾਂ ਨੂੰ ਭਰਮ ਹੋਇਆ ਹੈ ਜਿਹੜੇ ਸਤਿਗੁਰੂ ਸਤਿਗੁਰੂ ਕਰੀ ਜਾਂਦੇ ਨੇ, ਗੁਰੂ ਸਾਹਿਬ ਸਮਰੱਥ ਨੇ ਗੁਰੂ ਪ੍ਰਮੇਸ਼ਰ ਨੇ, ਇਹ ਤਾਂ ਭਰਮੀ ਵਹਿਮੀ ਲੋਕ ਨੇ ਇਉਂ ਸੰਗਤ ਵਿੱਚ ਖੋਟਾ ਪ੍ਰਚਾਰ ਸ਼ੁਰੂ ਕਰ ਦਿੱਤਾ। ੧੦।

ਦੋਹਰਾ॥ ਐਸੇ ਐਸੇ ਝੂਠ ਲਿਖ, ਜਨਮ ਸਾਖੀ ਮੱਧ ਮਿਲਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਇਸ ਬੇਈਮਾਨ ਨੇ ਐਹੋ ਜਿਹੇ ਝੂਠ ਮੂਠ ਬਣਾ ਕੇ ਜਨਮ ਸਾਖੀ ਵਿੱਚ ਵਾਧੂ ਦੇ ਸ਼ਬਦ ਲਿਖ ਦਿਤੇ।

ਜਹਾਂ ਨ ਪਹੁੰਚਜੋ ਪ੍ਰਹਲਾਦ ਧ੍ਰੂ, ਹਿੰਦਾਲ ਪਹੁੰਚਜੋ ਲਿਖਵਾਇ॥੧੧॥ ਜਿਥੇ ਧ੍ਰੂ ਪਹੁੰਚਿਆ ਹੈ ਉਥੇ ਹੋਰ ਕੋਈ ਪਹੁੰਚਿਆ ਹੀ ਨਹੀਂ, ਪਰ ਇਸ ਨੇ ਲਿਖ ਦਿੱਤਾ ਕਿ ਜਿਥੇ ਹਿੰਦਾਲ ਪਹੁੰਚਿਆ ਹੈ ਉਥੇ ਤੱਕ ਤਾਂ ਧ੍ਰੂੰ ਤੇ ਪ੍ਰਹਲਾਦ ਵਰਗੇ ਵੀ ਨਹੀਂ ਪਹੁੰਚੇ। ੧੧।

ਚੌਪਈ॥ ਔਰ ਕਰੀ ਲੋਪੀ ਗੁਰ ਜਾਨੋਂ॥ ਗੁਰੂ ਸਾਹਿਬ ਜੀ ਨੂੰ ਅਲੋਪ ਕਰਨ ਵਾਸਤੇ ਇੱਕ ਹੋਰ ਝੂਠ ਮਾਰਿਆ।

ਜਿੰਦੋ ਗੁਰ ਉਨ ਅਪਨ ਬਖਾਨੋ॥ ਮੇਰਾ ਗੁਰੂ ਜਿਹੜਾ ਹੈ ਉਹ ਅਜੇ ਵੀ ਜਿੰਦਾ ਹੈ ਇਸ ਤਰ੍ਹਾਂ ਉਸਨੇ ਲੋਕਾਂ ਨੂੰ ਕਿਹਾ।

ਉਸ ਮਧ ਔਰ ਉਨ ਗਜਬ ਕਮਾਯੋ॥ ਉਸ ਵਿੱਚ ਇੱਕ ਹੋਰ ਝੂਠ ਮਾਰਿਆ ਉਸਨੇ ਬਹੁਤ ਵੱਡਾ।

ਸ੍ਰੀ ਗੁਰ ਨਾਨਕ ਜਿੰਦਾ ਲਿਖਾਯੋ॥੧੨॥ ਉਹ ਜਨਮ ਸਾਖੀ ਵਿੱਚ ਲਿਖਾ ਦਿਤਾ ਕਿ ਗੁਰੂ ਨਾਨਕ ਸਾਹਿਬ ਜਿਉਂਦੇ ਹਨ,

ਅਜੇ ਉਹ ਗਏ ਨਹੀਂ ਕਿਸੇ ਪਾਸੇ। ੧੨।

ਕੋਈ ਹੁਤੋ ਜਿੰਦੋ ਸਿਕੰਦ੍ ਗੁਲਾਮ॥ ਸ਼ਾਹ ਸਿਕੰਦਰ ਦਾ ਕੋਈ ਵੱਡੀ ਉਮਰ ਦਾ ਗੁਲਾਮ ਸੀ ਮੁਸਲਮਾਨ, ਕੋਈ ਅਰਬ ਦੇਸ਼ ਵਿੱਚ ਰਹਿਣ ਵਾਲਾ, ਜਿੰਦਾ ਹੈ ਨਾਮ ਉਸਦਾ।

ਗੁਰ ਨਾਨਕ ਕੀਏ ਇਮ ਘਟ ਥਾਮ॥ ਹਿੰਦਾਲ ਨੇ ਇਹ ਪ੍ਰਚਾਰ ਕੀਤਾ ਕਿ ਗੁਰੂ ਨਾਨਕ ਸਾਹਿਬ ਦੀ ਜੋਤ ਨੇ ਇਸਦੇ ਵਿੱਚ ਪ੍ਰਕਾਸ਼ ਕਰ ਲਿਆ ਹੈ, ਇਸਦੇ ਵਿੱਚ ਰਹਿੰਦੇ ਨੇ, ਇਸ ਕਰਕੇ ਗੁਰੂ ਨਾਨਕ ਸਾਹਿਬ ਜੀ ਨੂੰ ਜਿੰਦਾ ਉਚਾਰਦੇ ਨੇ।

ਸ੍ਰੀ ਕਬੀਰ ਨਾਨਕ ਜੀ ਕੋ ਬਨਜੋ ਭਾਈ ਤੀਜਾ॥ ਭਗਤ ਕਬੀਰ ਜੀ ਗੁਰੂ ਨਾਨਕ ਸਾਹਿਬ ਜੀ ਦਾ ਭਰਾ ਸੀ, ਤੀਜਾ ਮੈਂ ਸੀ ਉਨ੍ਹਾਂ ਵਿੱਚ।

ਇਮ ਜਨਮ ਸਾਖੀ ਮਧ ਲਿਖ ਕਰੀ ਮੀਜਾ॥ ੧੩॥ ਇਸ ਤਰ੍ਹਾਂ ਜਨਮ ਸਾਖੀ ਵਿੱਚ ਝੂਠੀ ਸਾਖੀ ਲਿਖ ਗਿਆ। ੧੩।

ਦੋਹਰਾ॥ ਇਮ ਬਾਤ ਉਸ ਕੀ ਭਈ, ਜਿਮ ਬਣ ਦਿੱਲੀਓਂ ਤੁਰੇ ਸ੍ਵਾਰ॥ ਭਾਈ ਸਾਹਿਬ ਜੀ ਕਹਿੰਦੇ ਨੇ, ਇਸਦੀ ਗੱਲ ਤਾਂ ਇਉਂ ਬਣ ਗਈ ਚਾਰ ਘੋੜ ਸਵਾਰ ਦਿੱਲੀ ਤੋਂ ਤੁਰੇ।

ਆਗੇ ਰਸਤੇ ਮਧ ਕੋਊ, ਰਲ ਤੁਰਿਓ ਗਧਹੇ ਵਾਰ॥੧੪॥ ਅੱਗੇ ਰਸਤੇ ਵਿਚੋਂ ਕੋਈ ਗਧੇ ਵਾਲਾ ਉਨ੍ਹਾਂ ਦੇ ਨਾਲ ਰਲ ਤੁਰਿਆ ਹੈ ਘੋੜ ਸਵਾਰਾਂ ਨਾਲ। ੧੪।

ਚੌਪਈ॥ ਜੋ ਕੋਊ ਪੂਛੈ ਰਸਤੇ ਵਾਇ॥ ਰਾਹ ਵਿਚ ਤੁਰਿਆਂ ਆਉਂਦਿਆਂ ਨੂੰ ਕੋਈ ਪੁੱਛ ਹੀ ਲੈਂਦਾ ਹੈ ਭਾਈ ਤੁਸੀਂ ਕਿਥੋਂ ਆਏ ਹੋ ਕਿਥੇ ਜਾਣਾ ਹੈ। ਜੇ ਕੋਈ ਰਸਤੇ ਵਿੱਚ ਇਹਨਾਂ ਨੂੰ ਪੁਛ ਲੈਂਦਾ ਤੁਸੀਂ ਘੋੜ ਸਵਾਰੋ ਕਿਥੇ ਜਾਣਾ ਹੈ ਕਿਥੋਂ ਆਏ ਹੋ।

ਸਭ ਤੇ ਪਹਿਲੈ ਗੱਲ ਵਹਿ ਬੋਚ ਜਾਇ॥ ਇਹ ਕਿਸੇ ਨੂੰ ਬੋਲਣ ਹੀ ਨਹੀਂ ਦਿੰਦਾ ਕੋਈ ਇਸ ਤਰ੍ਹਾਂ ਨਾ ਕਹਿ ਦੇਵੇ ਕਿ ਤੁਸੀਂ ਤਾਂ ਆਏ ਹੋ ਦਿੱਲੀਉਂ ਸਾਰੇ, ਆਹ ਗਧੇ ਵਾਲਾ ਕਿਥੋਂ ਆਇਆ ਹੈ? ਗਧੇ ਵਾਲਾ ਸਭ ਤੋਂ ਪਹਿਲਾਂ ਹੀ ਗੱਲ ਬੋਚ ਜਾਂਦਾ ਹੈ।

"ਹਮ ਪੰਚੇ ਅਸ੍ਵਾਰ ਦਿਲੀਓਂ ਆਏ"॥ ਉਹ ਕਹਿ ਦਿਆ ਕਰੇ ਅਸੀਂ ਪੰਜੇ ਸਵਾਰ ਦਿੱਲੀਓਂ ਆਏ ਹਾਂ, ਕਿ ਇਉਂ ਨਾ ਕੋਈ ਕਹਿ ਦੇਵੇ ਆਹ ਗਧੇ ਵਾਲਾ ਕਿਥੋਂ ਆਇਆ ਹੈ।

ਵਹ ਗਧੇ ਵਾਲ ਸਭ ਕੋ ਵਲ ਜਾਏ॥੧੫॥ ਉਹ ਗਧੇ ਵਾਲਾ ਸਾਰਿਆਂ ਨੂੰ ਵਲ ਜਾਂਦਾ ਸੀ, ਅੱਗੋਂ ਹੀ ਬੋਲ ਪੈਂਦਾ ਸੀ। ੧੫।

ਐਸੀ ਭਈ ਹਿੰਦਾਲੇ ਬਾਤ॥ ਇਹ ਹਿੰਦਾਲ ਦੀ ਤਾਂ ਇਹੋ ਜਿਹੀ ਗੱਲ ਬਣੀ ਹੈ।

ਸੁਨਹੁ ਗੁਰਮੁਖ ਹਮਰੇ ਗੁਰ ਭ੍ਰਾਤ॥ ਗੁਰਸਿਖੋ! ਗੁਰ ਭਾਈਉ! ਅੱਗੇ ਸਾਖੀ ਸੁਣੋ।

ਅਗੇ ਭਈ ਜੋ ਹਿੰਦਾਲ ਉਲਾਦ॥ ਹਿੰਦਾਲ ਆਪ ਤਾਂ ਸਿੱਖੀ ਤੋਂ ਰਹਿ ਗਿਆ, ਵਿਗੜ ਗਿਆ, ਲੋਕਾਂ ਨੂੰ ਪੁੱਠੀਆਂ ਸਾਖੀਆਂ ਸੁਣਾ ਕੇ, ਗੁਰੂ ਨਾਨਕ ਸਾਹਿਬ ਜੀ ਦੀ ਜਨਮ ਸਾਖੀ ਵਿੱਚ ਪੁੱਠੀਆਂ ਸਾਖੀਆਂ ਪਾਕੇ, ਇਸ ਤਰ੍ਹਾਂ ਗੁਰੂ ਘਰ ਨਾਲ ਸ਼ਰੀਕਾ ਕੀਤਾ ਇਸਨੇ। ਅੱਗੇ ਜੋ ਹਿੰਦਾਲ ਦੀ ਉਲਾਦ ਹੋਈ ਹੈ।

ਜੋ ਬਡ ਗਜਬ ਗਏ ਲਿਖ ਬਾਦ॥੧੬॥ ਉਹ ਬਾਅਦ ਵਿਚ ਬਹੁਤਾ ਹੀ ਗਜ਼ਬ ਲਿਖ ਗਏ ਹਨ, ਉਨ੍ਹਾਂ ਨੇ ਬੜਾ ਹੀ ਝੂਠ ਲਿਖਿਆ ਹੈ। ੧੬।

ਸੋ ਭਿੰਨ ਭਿੰਨ ਉਨਕੇ ਨਾਮ ਸੁਨਾਊਂ॥ ਭਾਈ ਸਾਹਿਬ ਜੀ ਕਹਿੰਦੇ ਹਨ ਮੈਂ ਉਸ ਦੇ ਪੁਤਰਾਂ ਪੋਤਰਿਆਂ ਦੇ ਅਲੱਗ ਅਲੱਗ ਨਾਮ ਸੁਣਾਉਂਦਾ ਹਾਂ, ਉਹਨਾਂ ਨੇ ਕੀ ਗਜ਼ਬ ਕੀਤਾ।

ਜਿਮ ਮੁੱਕੇ ਵਹਿ ਤਿਮੈ ਲਿਖਾਊਂ॥ ਜਿਵੇਂ ਉਹ ਮਰ ਮੁੱਕ ਗਏ ਨੇ ਉਹ ਸਾਰੀ ਸਾਖੀ ਉਵੇਂ ਲਿਖਾਉਂਦਾ ਹਾਂ।

ਮੁਖਤ ਨਿਆਮਤ ਝੱਲੀ ਨ ਗਈ॥ ਹਿੰਦਾਲ ਨੂੰ ਮੁਫਤ ਦੀ ਨਿਆਮਤ ਝੱਲੀ ਨਾ ਗਈ, ਹਜ਼ਮ ਨਾ ਹੋਈ ਇਸਨੂੰ।

ਉਸੀ ਭਾਂਤ ਦਜੋ ਬਹੁਰ ਲਿਖਈ॥੧੭॥ ਇਸੇ ਤਰ੍ਹਾਂ ਹੀ ਇਸਨੇ ਹੋਰ ਝੂਠੀਆਂ ਮੂਠੀਆਂ ਗੱਲਾਂ ਲਿਖ ਦਿੱਤੀਆਂ। ੧੭।

ਦੋਹਰਾ॥ ਹਿੰਦਾਲ ਪੁੱਤ੍ਰ ਤੋ ਜੋ ਭਏ, ਤਿਨ ਕਛ ਰਖਜੋ ਸਿੱਖੀ ਤੌਰ॥ ਹਿੰਦਾਲ ਜੋ ਆਪਣੇ ਆਪ ਗੁਰੂ ਬਣਿਆ ਫਿਰਦਾ ਸੀ ਕਿ ਮੈਂ ਗੁਰੂ ਹਾਂ, ਇਸਦੇ ਪੁਤਰਾਂ ਨੇ ਥੋੜਾ ਜਿਹਾ ਕੁਛ ਕੁ ਸਿੱਖੀ ਦਾ ਤਰੀਕਾ ਰੱਖਿਆ ਹੈ।

ਆਗੇ ਭਏ ਜੁ ਪੋਤਰੇ 'ਤੇ ਗਏ ਸਿੱਖੀਓਂ ਚੌੜ॥੧੮॥ ਅੱਗੇ ਜਿਹੜੇ ਇਹਦੇ ਪੋਤਰੇ ਹੋਏ ਉਹ ਤਾਂ ਸਿੱਖੀ ਤੋਂ ਚੌੜ ਹੋ ਗਏ, ਜਮ੍ਹਾ ਹੀ ਕੋਰੇ ਹੋ ਗਏ ਸਿੱਖੀ ਤੋਂ। ੧੮।

ਚੌਪਈ॥ ਆਗੇ ਭਏ ਪੋਤਰੇ ਜੋਊ॥ ਅੱਗੇ ਜੋ ਹਿੰਦਾਲ ਦੇ ਪੋਤਰੇ ਹੋਏ ਹਨ।

ਕਹਾਵੈਂ ਆਪ ਨਿਰੰਜਨੀਏਂ ਸੋਊ॥ ਆਪਣੇ ਆਪਨੂੰ ਨਿਰੰਜਨੀਏ ਭਗਤ ਕਹਾਉਣਾ ਸ਼ੁਰੂ ਕਰ ਦਿੱਤਾ ਇਨ੍ਹਾਂ ਨੇ, ਅਸੀਂ ਨਿਰੰਜਨੀਏ ਭਗਤ ਹਾਂ।

ਸ੍ਰੀ ਗੁਰਦੁਵਾਰਨ ਮੰਨੈ ਸੁ ਨਾਹੀਂ॥ ਗੁਰੂ ਘਰ ਨੂੰ ਮੰਨਣੋਂ ਹਟ ਗਏ, ਗੁਰਦੁਆਰਾ ਸਾਹਿਬ ਵਿਚ ਮੱਥਾ ਟੇਕਣੇ ਹਟ ਗਏ ਹਨ।

ਸਗੋਂ ਚੁਰਾਇ ਗੁਰਦ੍ਵਾਰਨ ਖਾਹੀਂ॥੧੯॥ ਸਗੋਂ ਗੁਰਦੁਆਰਿਆਂ ਵਿਚੋਂ ਚੋਰੀਆਂ ਕਰ ਕੇ ਖਾਂਦੇ ਹਨ, ਕਿਉਂਕਿ ਇਹਨਾਂ ਦੇ ਤਕੜੇ ਬੰਦੇ ਚੋਰ ਯਾਰ ਵੀ ਬਣ ਗਏ ਸਨ। ਇਹ ਉਨ੍ਹਾਂ ਚੋਰਾਂ ਨੂੰ ਕਹਿ ਸੁਣ ਕੇ ਉਪਦੇਸ਼ ਦੇ ਕੇ ਗੁਰੂ ਘਰ ਦੀ ਚੋਰੀ ਕਰਾਇਆ ਕਰਨ। ਹਰਿਮੰਦਰ ਸਾਹਿਬ ਦੀ ਚੋਰੀ ਕਰਾਇਆ ਕਰਨ, ਗੋਲਕ ਭੰਨ ਲਈ, ਜਾਂ ਉਥੋਂ ਹੋਰ ਵਸਤੂਆਂ ਗੁਰੂ ਘਰ ਦੀਆਂ ਚੁਕਾ ਲਈਆਂ ਚੋਰਾਂ ਤੋਂ, ਇਸ ਤਰ੍ਹਾਂ ਦੇ ਕੰਮ ਫੜ ਲਏ ਇਹਨਾਂ ਨੇ। ੧੯।

ਸ੍ਰੀ ਅੰਮ੍ਰਿਤਸਰ ਚੰਦੋਵੋਂ ਦਰਬਾਰ॥ ਗੁਰੂ ਘਰ ਦੇ ਵਿੱਚ ਕੀਮਤੀ ਤੋਂ ਕੀਮਤੀ ਚੰਦੋਏ ਚੜ੍ਹਦੇ ਨੇ, ਸੋਨੇ ਦੇ ਉਨ੍ਹਾਂ ਨਾਲ ਛੱਤ੍ਰ ਲਟਕਦੇ ਨੇ ਛੋਟੇ ਛੋਟੇ, ਸੰਗਤਾਂ ਸ਼ਰਧਾ ਨਾਲ ਸੁੰਦਰ ਤੋਂ ਸੁੰਦਰ ਚੀਜਾਂ ਭੇਟਾ ਕਰਦੀਆਂ ਹਨ।

ਸੋ ਲਾਹਿ ਮੰਗਾਇਓ ਉਨ ਕਈ ਬਾਰ॥ ਉਨ੍ਹਾਂ ਨੇ ਕਈ ਵਾਰੀ ਗੁਰੂ ਦਰਬਾਰੋਂ ਲਾਹ ਕੇ ਮੰਗਾਈਆਂ, ਚੋਰੀ ਕਰਵਾ ਕੇ।

ਕਰਤਾਰ ਕਰਤਾਰ ਕਰ ਆਪਸ ਮੈਂ ਕਹੈਂ॥ ਜਦੋਂ ਉਹ ਆਪਸ ਵਿੱਚ ਮਿਲਦੇ ਨੇ ਤਾਂ ਕਰਤਾਰ ਕਰਤਾਰ ਕਰਕੇ, ਸਤਿ ਕਰਤਾਰ ਵੀ ਨਹੀਂ ਕਹਿੰਦੇ, ਕਰਤਾਰ ਕਰਤਾਰ ਹੀ ਕਹਿੰਦੇ ਹਨ, ਇੱਕ ਦੂਜੇ ਨੂੰ।

ਵਾਹਿਗੁਰੂ ਨਾਮ ਚੁਪ ਕਰ ਰਹੈਂ॥੨੦॥ ਜੇ ਕੋਈ ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤ੍ਹੇ ਕਹਿੰਦਾ ਤਾਂ ਚੁੱਪ ਕਰ ਰਹਿੰਦੇ ਨੇ, ਕਿਉਂਕਿ ਸਿੰਘਾਂ ਦੇ ਟਾਇਮ ਤਾਈਂ ਚਲੇ ਆਏ ਹਨ, ਜਦੋਂ ਖਾਲਸਾ ਪੰਥ ਸਜ ਚੁੱਕਿਆ ਸੀ, ਉਦੋਂ ਤਾਈਂ ਇਹਨਾਂ ਦੇ ਪੋਤਰੇ ਹੋ ਚੁੱਕੇ ਸਨ। ਫਤ੍ਹੇ ਦਾ ਅੱਗੋਂ ਜੁਆਬ ਨਹੀਂ ਦਿੰਦੇ। ੨੦।

ਕਿਤੈ ਕਹੈਂ "ਪੰਥ ਨਾਨਕ ਹਮਾਰਾ॥ ਕਿਤੇ ਲੋਕਾਂ ਨੂੰ ਕਹਿੰਦੇ ਜੋ ਗੁਰੂ ਨਾਨਕ ਸਾਹਿਬ ਜੀ ਦਾ ਪੰਥ ਹੈ ਉਹ ਅਸੀਂ ਹਾਂ।

ਕਿਤੇ ਕਹੈਂ ਹਮ ਜਿੰਦੋ ਪੀਰ ਧਾਰਾ"॥ ਕਿਤੇ ਲੋਕਾਂ ਨੂੰ ਕਹਿੰਦੇ ਹਨ ਸਾਡਾ ਪੀਰ ਜਿੰਦਾ ਹੈ ਅਜੇ ਵੀ, ਉਹ ਸਾਡਾ ਪੀਰ ਹੈ!

ਮੁਸਲਮਾਨਨ ਸੋਂ ਸਨੇਹ ਰਖਾਂਹਿ॥ ਮੁਸਲਮਾਨਾਂ ਨਾਲ ਪਿਆਰ ਰੱਖਦੇ ਨੇ, ਗੁਰਸਿਖਾਂ ਨਾਲ ਵਿਗਾੜ ਕਰਦੇ ਨੇ।

ਸੁਲਤਾਨੀਅਨ ਸੋਂ ਗਲਿ ਮਿਲ ਖਾਂਹਿ॥੨੧॥ ਜੋ ਸੁਲਤਾਨੀ ਲੋਕ ਹਨ, ਜਿਹੜੇ ਸਖੀ ਸੁਲਤਾਨ ਨੂੰ ਮੰਨਦੇ ਹਨ, ਉਨ੍ਹਾਂ ਨਾਲ ਰਲ ਮਿਲ ਕੇ ਇਹ ਖਾ ਲੈਂਦੇ ਹਨ। ਕਿਰਿਆ ਕਰਮ ਵੀ ਕੋਈ ਨਹੀਂ ਰੱਖਿਆ। ੨੧।

ਤਿਨ ਮਹਿ ਦੁਸ਼ਟ ਭਯੋ "ਹਰਿ ਭਗਤ"॥ ਇਨ੍ਹਾਂ ਵਿਚੋਂ "ਹਰਿ ਭਗਤ" ਨਿਰੰਜਨੀਆਂ ਵੱਡਾ ਦੁਸ਼ਟ ਹੋਇਆ ਹੈ।

ਉਨ ਬਹੁ ਸਿੱਖ ਮਰਵਾਏ ਬੇ ਬਖਤ॥ ਇਸ ਨੇ (ਬੇਬਖਤ) ਜਦੋਂ ਟਾਇਮ ਨਹੀਂ ਸੀ, ਜਦੋਂ ਸੇਵਾ ਕਰਨ ਦਾ ਟਾਇਮ ਸੀ ਉਦੋਂ ਬਹੁਤ ਸਿੱਖ ਮਰਵਾ ਦਿੱਤੇ ਏਸਨੇ ਮੁਸਲਮਾਨਾਂ ਦੇ ਨਾਲ ਜੁੜਕੇ।

ਭਯੋ ਦੁਸ਼ਟ ਚੁਗਲੀ ਬਹੁ ਕਰੀ॥ ਇਸਨੇ ਸਿੱਖਾਂ ਨੂੰ ਮਰਵਾਉਣ ਵਾਸਤੇ ਬੜੀਆਂ ਚੁਗਲੀਆਂ ਕੀਤੀਆਂ, ਫਲਾਨਾ ਸਿਖ ਮਾਰਨ ਵਾਲਾ ਹੈ, ਫਲਾਨੀ ਥਾਂ ਸਿੰਘ ਰਹਿੰਦੇ ਹਨ ਲੁਕ ਕੇ। ਸਿੰਘ ਤਾਂ ਲੁਕ ਛਿਪਕੇ ਰਹਿੰਦੇ ਸੀ, ਇਹ ਭੇਤ ਲੈ

ਕੇ ਫੜਾ ਕੇ ਮਰਵਾਉਂਦਾ ਸੀ

ਤੁਰਕਨ ਸਾਥ ਪ੍ਰੀਤ ਤਿਨ ਕਰੀ॥੨੨॥ ਉਸ ਨੇ ਤੁਰਕਾਂ ਨਾਲ ਪ੍ਰੀਤੀ ਪਾ ਲਈ ਉਹਨਾਂ ਨਾਲ ਮੁਹੱਬਤ ਕਰਿਆ ਕਰੇ। ੨੨।

ਦੋਹਰਾ॥ ਪੰਥ ਖਾਲਸੋ ਜਥ ਉਠਜੋ, ਸ੍ਰੀ ਸਤਿਗੁਰ ਕੀਓ ਪ੍ਰਚਾਰ॥ ਜਦੋਂ ਖਾਲਸਾ ਪੰਥ ਉੱਠ ਕੇ ਕਾਇਮ ਹੋਇਆ ਤੇ ਸੱਚੇ ਪਾਤਸ਼ਾਹ ਜੀ ਦੀ ਸਿੱਖੀ ਦਾ ਪ੍ਰਚਾਰ ਕੀਤਾ, ਗੁਰੂ ਦੀ ਕਿਰਪਾ ਜਿਵੇਂ ਗੁਰਸਿਖਾਂ ਤੇਂ ਹੁੰਦੀ ਆਈ, ਗੁਰਸਿਖ ਸਿਖੀ ਕਮਾਉਂਦੇ ਆਏ, ਅੱਗੇ ਸਿਖੀ ਦਾ ਪ੍ਰਚਾਰ ਕਰਦੇ ਆਏ। ਪਾਠ-ਪਸਾਰ।

ਜੇ ਕੋ ਸਿੰਘ ਤਿਸ ਪਹਿ ਅਏ, ਫੜ ਆਪ ਦਏ ਤਿਸ ਮਾਰ॥੨੩॥ ਜੇ ਕੋਈ ਸਿੰਘ, ਸਿੱਖ ਸਮਝਕੇ ਇਨ੍ਹਾਂ ਦੇ ਕੋਲ ਆ ਜਾਵੇ, ਜਾਂ ਉਸਨੂੰ ਆਪੇ ਫੜ ਲੈਣਾ, ਆਪ ਵੀ ਮਾਰ ਦੇਣਾ ਜੇ ਕੋਈ ਉਹੋ ਜਿਹਾ ਹੋਵੇ ਜਿਸਦਾ ਇਨਾਮ ਮਿਲੇ, ਉਸਨੂੰ ਲਹੌਰ ਫੜਾ ਦੇਣਾ। ੨੩।

ਚੌਪਈ॥ ਕਈਅਨ ਦੇਵੈ ਲਹੌਰ ਪਹੁੰਚਾਏ॥ ਤੁਰਕਾਂ ਦੀ ਫੌਜ ਆਪਣੇ ਕੋਲ ਰੱਖਦਾ ਸੀ, ਕਈ ਸਿੰਘਾਂ ਨੂੰ ਫੜ ਲਹੌਰ ਪਹੁੰਚਦਾ ਕਰ ਦਿੰਦਾ ਸੀ।

ਉਨਕੇ ਇਨਾਮ ਆਪ ਲੈ ਖਾਏ॥ ਜੇ ਕੋਈ ਗੁਰ ਸਿੱਖਾਂ ਨੂੰ ਫੜਾਵੇ, ਉਸ ਨੂੰ ਇਨਾਮ ਮਿਲਦਾ ਸੀ, ਉਨ੍ਹਾਂ ਦੇ ਇਨਾਮ ਆਪ ਲੈ ਕੇ ਖਾ ਜਾਇਆ ਕਰੇ।

ਦੱਸ ਕਰ ਸਿੰਘਨ ਘਰ ਪਿੰਡੋਂ ਫੜਾਵੈ॥ ਇਹ ਇਲਾਕੇ ਵਿੱਚ ਵਸਦਾ ਸੀ ਭੇਦ ਸੀ ਇਸ ਨੂੰ, ਜਿਹੜੇ ਪਿੰਡ ਵਿੱਚ ਸਿੰਘਾਂ ਦੇ ਘਰ ਹੁੰਦੇ, ਉਨ੍ਹਾਂ ਨੂੰ ਦੱਸ ਪਾ ਕੇ ਸਿਖਾਂ ਦੀ, ਫਲਾਨੇ ਪਿੰਡ ਵਿੱਚ ਐਨੇ ਘਰ ਸਿੱਖਾਂ ਦੇ ਰਹਿੰਦੇ ਨੇ, ਫਲਾਨਾ ਫਲਾਨਾ ਸਿੰਘ ਦਾ ਨਾਮ ਹੈ, ਉਨ੍ਹਾਂ ਸਿੰਘਾਂ ਨੂੰ ਘਰੋਂ ਫੜਾ ਕੇ ਇਨਾਮ ਲਿਆ ਕਰੇ।

ਫੌਜ ਗੈਲ ਬਹੁ ਤੁਰਕਨ ਰਖਾਵੈ॥੨੪॥ ਆਪਣੇ ਨਾਲ ਤੁਰਕਾਂ ਦੀ ਬਹੁਤ ਵੱਡੀ ਫੌਜ ਰਖਦਾ ਹੈ। ੨੪।

ਉਨ ਦੋਇ ਬਾਰ ਸਾਡੋ ਪਿੰਡ ਲੁਟਾਯੋ॥ ਭਾਈ ਰਤਨ ਸਿੰਘ ਜੀ ਕਹਿੰਦੇ ਨੇ ਸਾਡਾ ਪਿੰਡ, ਇਨ੍ਹਾਂ ਦਾ ਪਿੰਡ ਮਾਝੇ ਦੇਸ਼ ਵਿੱਚ, ਮੀਰਾਂ ਕੋਟ ਸੀ। ਭਾਈ ਰਤਨ ਸਿੰਘ ਜੀ, ਸ਼ਹੀਦ ਭਾਈ ਮਤਾਬ ਸਿੰਘ ਮੀਰਾਂ ਕੋਟੀਏ ਦੇ ਪੋਤਰੇ ਲੱਗਦੇ ਸਨ। ਕਹਿੰਦੇ ਹਨ ਏਸ ਹਰਿ ਭਗਤ ਨਿਰੰਜਨੀਏ ਨੇ ਸਾਡਾ ਪਿੰਡ ਮੀਰਾਂ ਕੋਟ ਦੋ ਵਾਰੀ ਲੁਟਾਇਆ ਸੀ, ਸਾਡੇ ਪਿੰਡ ਤੇ ਵੀ ਛਾਪੇ ਮਰਵਾਏ ਸੀ ਮੁਗਲਾਂ ਦੇ।

ਬਾਪ ਦਾਦੋ ਉਨ ਸਾਡੋ ਕਢਾਯੋ॥ ਸਾਡਾ ਬਾਪ ਦਾਦਾ ਭਾਵ ਮਤਾਬ ਸਿੰਘ ਇਹਨਾਂ ਨੇ ਪਿੰਡੋਂ ਕਢਾਇਆ ਸੀ, ਇਹਨਾਂ ਨੇ ਦੱਸ ਪਾਈ ਸੀ ਮਤਾਬ ਸਿੰਘ ਇਸ ਪਿੰਡ ਦਾ ਹੈ, ਏਥੇ ਰਹਿੰਦਾ ਹੈ।

ਉਸਕੇ ਮਗਰ ਜੋ ਪੜੋਤੇ ਭਏ॥ ਉਸਦੇ ਮਗਰੋਂ ਜੋ ਉਸਦੇ ਪੜ ਪੋਤਰੇ ਹੋਏ ਹਨ

ਕ੍ਰਿਪਾਲ ਦਿਆਲ ਜਿਸ ਨਾਮਹਿ ਠਏ॥੨੫॥ ਇਕ ਦਾ ਨਾਮ ਕ੍ਰਿਪਾਲ ਸੀ ਤੇ ਦੂਜੇ ਦਾ ਨਾਮ ਦਿਆਲ ਸੀ। ੨੫।

ਵੈ ਅਹਮਦ ਸ਼ਾਹਿ ਕੇ ਮੁਹਰੇ ਧਾਏ॥ ਉਹ ਅਹਿਮਦ ਸ਼ਾਹ ਅਬਦਾਲੀ ਦੇ ਅੱਗੇ ਲੱਗ ਕੇ ਤੁਰਦੇ ਸਨ, ਸਿੰਘਾਂ ਦੇ ਘਰ ਦੱਸਣ ਵਾਸਤੇ ਔਹ ਸਿੰਘਾਂ ਦਾ ਕਸਬਾ ਹੈ, ਔਹ ਸਿੰਘਾਂ ਦਾ ਪਿੰਡ ਹੈ, ਐਥੇ ਸਿੰਘ ਇਕੱਠੇ ਹੁੰਦੇ ਨੇ, ਇਹ ਅੱਗੇ ਹੋਕੇ ਹਮਲਾ ਕਰਵਾਉਂਦੇ ਰਹੇ ਖਾਲਸੇ ਤੇ।

ਉਨ ਹੁਇ ਆਗੂ ਬਹੁ ਸਿੰਘ ਮਰਵਾਏ॥ ਉਨ੍ਹਾਂ ਨੇ ਅਬਦਾਲੀ ਦੇ ਅੱਗੇ ਹੋਕੇ ਬਹੁਤ ਸਿੰਘ ਸ਼ਹੀਦ ਕਰਵਾਏ।

ਭਯੋ ਘੱਲੂਘਾਰਾ ਮਲੇਰੈ ਪਾਹੀ॥ ਮਲਕ ਕੋਟਲੇ ਦੇ ਪਾਸ ਜੋ ਵੱਡਾ ਘੱਲੂਘਾਰਾ ਹੋਇਆ ਹੈ।

ਹੁਤ ਹਜਾਰ ਬੀਸ ਤੀਸਕ ਸਿੰਘ ਮਾਰੇ ਥਾਂਈਂ॥ ੨੬॥ ਉਸ ਥਾਂ ਤੇ ਵੀਹ ਤੀਹ ਹਜ਼ਾਰ ਕੁ ਸਿੰਘਾਂ ਦੀਆਂ ਸ਼ਹੀਦੀਆਂ ਹੋ ਗਈਆਂ ਸਨ, ਵੱਡਾ ਘੱਲੂਘਾਰਾ ਜਿਸ ਦਾ ਨਾਮ ਦਿੱਤਾ ਗਿਆ ਹੈ। ੨੬।

ਇਸ ਕਰ ਸਿੰਘਨ ਮੋਰਚੇ ਲਾਏ॥ ਸਿੰਘਾਂ ਨੂੰ ਪਤਾ ਸੀ ਕਿ ਏਥੇ ਖਾਲਸੇ ਦੇ ਦੁਸ਼ਮਣ ਵਸਦੇ ਹਨ ਸਿੰਘਾਂ ਨੇ ਆ ਕੇ ਏਥੇ ਮੋਰਚੇ ਲਾਏ। ਉਸ ਸਮੇਂ ਅਬਦਾਲੀ ਲਹੌਰ ਬੈਠਾ ਹੋਇਆ ਸੀ। ਸਿੰਘਾਂ ਨੇ ਆਖਿਆ ਇਸਨੂੰ ਤਾਂ ਉਡਾਈਏ, ਇਸਨੂੰ ਚਾਰ ਤਰਫ ਤੋਂ ਘੇਰ ਕੇ ਮੋਰਚੇ ਲਾਏ।

ਆਇ ਅਹਮਦ ਸ਼ਾਹ ਉਨ ਤੇਊ ਬਚਾਏ॥ ਅਹਿਮਦ ਸ਼ਾਹ ਅਬਦਾਲੀ ਨੇ ਆ ਕੇ ਏਸਨੂੰ ਸਿੰਘਾਂ ਤੋਂ ਬਚਾਇਆ ਹੈ। ਕਿਉਂਕਿ ਤਿੰਨ ਤਿੰਨ ਲੱਖ ਫੌਜ ਲੈ ਕੇ ਅਹਿਮਦ ਸ਼ਾਹ ਆਉਂਦਾ ਸੀ। ਸਿੰਘ ਪਾਸੇ ਹੋ ਗਏ ਤੇ ਇਹ ਬਚ ਗਏ।

ਜਬ ਖਾਲਸੇ ਦਯੋ ਸ਼ਾਹਿ ਨਿਕਾਲ॥ ਜਦੋਂ ਖਾਲਸੇ ਨੇ ਅਹਿਮਦ ਸ਼ਾਹ ਅਬਦਾਲੀ ਨੂੰ ਮੁਰਦਿਆਂ ਦੇ ਘਾਟ ਲੰਘਾਇਆ, ਇਸ ਤਰ੍ਹਾਂ ਪੰਜਾਬ ਵਿਚੋਂ ਕੱਢਿਆ ਸੀ ਉਸ ਨੂੰ।

ਉਨ ਕਰੀ ਰਸਾਈ ਖਾਲਸੇ ਨਾਲ॥ ੨੭॥ ਜਦੋਂ ਖਾਲਸੇ ਪੰਥ ਨੇ ਅਬਦਾਲੀ ਨੂੰ ਭਜਾ ਦਿੱਤਾ ਤਾਂ ਹਿੰਦਾਲ ਦੇ ਪੜਪੋਤਰੇ ਕ੍ਰਿਪਾਲ ਤੇ ਦਿਆਲ ਜਿਹੜੇ ਦੁਸ਼ਟ ਸਨ, ਖਾਲਸੇ ਦੇ ਪੈਰੀਂ ਆ ਡਿੱਗੇ, ਰੱਖ ਲਉ ਜੀ, ਅਸੀਂ ਤੁਹਾਡੇ ਰੱਖਣ ਦੇ ਹਾਂ, ਉਨ੍ਹਾਂ ਨੇ ਖਾਲਸੇ ਨਾਲ ਸੁਲਾਹ ਸਫਾਈ ਕਰ ਲਈ। ੨੭।

ਕਿਤ ਦੰਗਾ ਸਿੰਘ ਆਪਸ ਮਧ ਭਯੋ॥ ਕਿਤੇ ਸਿੰਘਾਂ ਦਾ ਆਪਸ ਵਿੱਚ ਦੰਗਾ ਹੋ ਗਿਆ, ਆਪਸ ਵਿੱਚ ਲੜਾਈ ਹੋ ਗਈ।

ਊਹਾਂ ਮਦਤ ਗਯੋ ਕ੍ਰਿਪਾਲ ਮਰ ਗਯੋ॥ ੨੮॥ ਇਹ ਕ੍ਰਿਪਾਲ ਉਥੇ ਕਿਸੇ ਸਿੰਘਾਂ ਦੇ ਜੱਥੇ ਦੀ ਮਦਦ ਕਰਨ ਗਿਆ ਮਾਰਿਆ ਗਿਆ ਲੜਾਈ ਵਿੱਚ। ੨੮।

ਦੋਹਰਾ॥ ਕ੍ਰਿਪਾਲ ਮਗਰ ਦਜਾਲ ਦਾਸ, ਫਿਰ ਬਹਜੋ ਗੱਦੀ ਵਾਲੋ ਹੋਇ॥ ਕਿਰਪਾਲ ਦਾਸ ਮਾਰਿਆ ਗਿਆ ਤਾਂ ਮਗਰੋਂ ਉਸਦਾ ਭਾਈ ਦਿਆਲ ਦਾਸ ਹਿੰਦਾਲ ਦੀ ਗੱਦੀ ਦਾ ਹੱਕਦਾਰ ਹੋ ਕੇ ਗੱਦੀ ਤੇ ਬੈਠ ਗਿਆ।

ਸ਼ਰਨਦਾਸ ਤਿਸ ਪੁਤ ਭਯੋ, ਬਡ ਖਰਾਬ ਸ਼ਰਾਬੀ ਜੋਇ॥੨੯॥ ਅੱਗੇ ਦਿਆਲ ਦਾਸ ਦਾ ਪੁੱਤਰ ਸ਼ਰਨਦਾਸ ਹੋਇਆ ਹੈ, ਜਿਹੜਾ ਬਹੁਤ ਹੀ ਖਰਾਬ ਸ਼ਰਾਬੀ ਕਬਾਬੀ ਸੀ। ੨੯।

ਚੌਪਈ॥ ਵੱਡਾ ਕੱਦ ਤਿਸ ਬਡੋ ਜੁਵਾਨ॥ ਉਸਦਾ ਕੱਦ ਕਾਫੀ ਵੱਡਾ ਸੀ, ਅਤੇ ਬੜਾ ਭਾਰੀ ਜੁਆਨ ਸੀ।

ਵਹਿ ਖਾਹਿ ਬੱਕਰੋ ਇਕੱਲੋ ਮਾਨ॥ ਇਕੱਲਾ ਹੀ ਬੱਕਰਾ ਖਾ ਜਾਂਦਾ ਸੀ, ਏਡਾ ਵੱਡਾ ਕੱਦ ਸੀ ਉਸਦਾ ਮੰਨ ਲਉ।

ਸਭ ਤੋਂ ਵਡੋ ਕਾਮੀ ਵੁਹ ਹੋਊ॥ ਜਿਸਦੀ ਐਨੀ ਜਿਆਦਾ ਖੁਰਾਕ ਹੈ ਕਾਮੀ ਤਾਂ ਉਸ ਨੇ ਹੋਣਾ ਹੀ ਸੀ, ਭਾਈ ਸਾਹਿਬ ਜੀ ਕਹਿੰਦੇ ਹਨ ਕਿ ਉਹ ਸਭ ਤੋਂ ਵੱਡਾ ਵਿਸ਼ਈ ਸੀ, ਧਰਮ ਉਸਦਾ ਕੋਈ ਨਹੀਂ ਸੀ, ਝੂਠਾ ਹੀ ਧਰਮ ਬਣਾਇਆ ਹੋਇਆ ਸੀ ਇਸਨੇ।

ਛਡੈ ਨ ਸੰਗਤ ਧੀ ਬਹੂ ਕੋਊ॥੩੦॥ ਸੰਗਤ ਉਸੇ ਤਰ੍ਹਾਂ ਦੀ ਲੱਗੀ ਹੋਈ ਸੀ ਸੰਗਤ ਵਿੱਚ ਸਭ ਦੀਆਂ ਬਹੂ ਬੇਟੀਆਂ ਆਉਂਦੀਆਂ ਹਨ, ਜਿਹੜੀ ਇਸਦੇ ਪਸੰਦ ਆ ਜਾਵੇ ਉਸ ਨਾਲ ਬਿਭਚਾਰ ਕਰਦਾ ਸੀ ਇਹ। ੩੦।

ਉਸ ਤੇ ਸੰਗਤ ਰਹੈ ਸੰਕਾਈ॥ ਉਸ ਤੋਂ ਸੰਗਤ ਸੰਕੋਚ ਕਰਨ ਲੱਗ ਪਈ, ਧੀ ਭੈਣਾਂ ਦਾ ਜਾਣਾ ਉਥੇ ਮਨ੍ਹਾਂ ਕਰ ਦਿੱਤਾ, ਲੋਕ ਸੰਗਣ ਲੱਗ ਪਏ ਕਿ ਇਹ ਤਾਂ ਦੁਸ਼ਟ ਹੈ। ਮੱਤ ਜਾ ਕੇ ਏਸਨੂੰ ਮੱਥਾ ਟੇਕੋ।

ਉਸ ਤੇ ਬੇਟੀ ਬਹੂ ਨ ਜਾਈ॥ ਕੋਈ ਬਹੂ ਬੇਟੀ ਨਾ ਜਾਵੇ ਉੱਥੇ, ਸਾਹਿਬ ਸੱਚੇ ਪਾਤਸ਼ਾਹ ਦੀ ਤਾਂ ਭਾਉ ਭਗਤੀ ਗੁਰਸਿੱਖਾਂ ਵਿੱਚ ਹੁੰਦੀ ਹੈ। ਉਹ ਸ਼ਰਧਾ ਕਰਕੇ ਜਾਂਦੇ ਨੇ ਗੁਰੂ ਸਾਹਿਬ ਦੀ ਬਖਸ਼ਿਸ਼ ਇਹਨਾਂ ਤੇ ਵੀ ਹੋਈ ਹੈ, ਏਸ ਕਰ ਕੇ ਸੰਗਤ ਪਿਛੇ ਨਹੀਂ ਹਟਦੀ, ਪਰ ਹੁਣ ਸੰਗਤ ਵਿੱਚ ਬਹੂ ਬੇਟੀਆਂ ਨਹੀਂ ਜਾਂਦੀਆਂ।

ਤੌ ਇਸ ਬਿਧ ਉਨ ਸਾਖੀ ਬਨਾਈ॥ ਤਾਂ ਇਸ ਤਰ੍ਹਾਂ ਇੱਕ ਸਾਖੀ ਆਪਣੇ ਕੋਲੋਂ ਹੋਰ ਬਣਾ ਕੇ ਲਿਖ ਦਿੱਤੀ ਜਿਸ ਤਰ੍ਹਾਂ ਇਹਦੇ ਦਾਦੇ ਝੂਠ ਲਿਖ ਗਏ ਹਨ, ਏਸੇ ਤਰ੍ਹਾਂ ਇੰਹ ਸ਼ਰਨਦਾਸ ਨੇ ਵੀ ਇੱਕ ਝੂਠੀ ਸਾਖੀ ਪਾ ਦਿੱਤੀ ਜਨਮ ਸਾਖੀ ਵਿੱਚ।

ਸਿੱਖੀ ਔਖੀ ਹੈ ਰਖਨੀ ਭਾਈ॥੩੧॥ ਸੰਗਤ ਦੇ ਵਿੱਚ ਪ੍ਰਚਾਰ ਕਰਨ ਲਗਾ ਗੁਰਮੁਖੋ! ਸਿੱਖੀ ਰੱਖਣੀ ਬੜੀ ਔਖੀ ਹੈ। ਸਿੱਖੀ ਦੀ ਕਮਾਈ ਬੜੀ ਕਠਨ ਹੈ। ੩੧।

ਵਾਲਹੁੰ ਨਿੱਕੀ ਖੰਨਜੋਂ ਤਿੱਖੀ॥ ਸਿੱਖੀ ਵਾਲ ਤੋਂ ਬਰੀਕ ਹੈ, ਖੰਡੇ ਦੀ ਧਾਰ ਤੋਂ ਤਿੱਖੀ ਹੈ, ਧਾਰਨ ਕਰਨੀ ਬੜੀ ਔਖੀ ਹੈ।

ਬੇਦ ਸ਼ਾਸਤ੍ਰ ਕੈ ਮਧ ਹੈ ਲਿੱਖੀ॥ ਬੇਦ ਸ਼ਾਸਤ੍ਰਾਂ ਦੇ ਵਿੱਚ ਲਿਖਿਆ ਹੈ, ਸਿੱਖੀ ਰੱਖਣੀ ਬੜੀ ਔਖੀ, ਸਿੱਦਕ ਰੱਖਣਾ ਬੜਾ ਔਖਾ ਹੈ।

ਬਹੁ ਬੇਟੀ ਹੈ ਕਿਤਨਕ ਬਾਤ॥ ਸਾਖੀ ਬਣਾ ਕੇ ਝੂਠੀ, ਕਹਿੰਦੇ ਨੇ ਬਹੂ ਬੇਟੀ ਕਿੰਨੀ ਕੁ ਵਸਤੂ ਹੁੰਦੀ ਹੈ। ਇਹ ਕਿਸੇ ਨੇ ਘਰ ਰੱਖਣੀ ਹੁੰਦੀ ਹੈ, ਇਸਨੇ ਤਾਂ ਹਮੇਸ਼ਾਂ ਬਿਗਾਨੇ ਘਰ ਜਾਣਾ ਹੈ ਇਹ ਕਿਹੜੀ ਗੱਲ ਹੈ, ਸੰਗਤ ਕਿਉਂ ਸੰਕੋਚ ਕਰਦੀ ਹੈ ਏਸ ਗੱਲ ਤੋਂ। ਵਿਚੋਂ ਇਸਨੂੰ ਇਹ ਸੀ ਕਿ ਮੇਰੀ ਸੰਗਤ ਵਿੱਚ ਕਿਉਂ ਨਹੀਂ ਬਹੂ ਬੇਟੀਆਂ ਲਿਆਉਂਦੇ। ਸੰਗਤ ਤਾਂ ਸੰਕੋਚ ਕਰ ਗਈ ਸੀ। ਜਾਉ ਹੀ ਨਾ ਇਸਦੇ ਪਾਸ ਇਸਨੇ ਝੂਠੀ ਸਾਖੀ ਲਿਖ ਦਿੱਤੀ ਹੈ ਜਨਮ ਸਾਖੀ ਵਿੱਚ।

ਹੈ ਪਰਮ ਪਦਾਰਥ ਸਿੱਖੀ ਵਖਜਾਤ॥੩੨॥ ਪ੍ਰਗਟ ਹੀ ਹੈ ਕਿ ਸਿੱਖੀ ਇਕ ਬਹੁਤ ਹੀ ਉੱਤਮ ਪਦਾਰਥ ਹੈ, ਸਿੱਖੀ ਰੱਖਣੀ ਬੜੀ ਔਖੀ ਹੈ ਤੁਸੀਂ ਕਿਉਂ ਸੰਗ ਗਏ ਹੋ; ਕਿਉਂ ਨਹੀਂ ਲਿਆਉਂਦੇ ਸੰਗਤ ਵਿੱਚ। ੩੨।

ਆਦਿ ਅੰਤ ਜੋ ਹੋਤੀ ਆਈ॥ ਭਾਵ ਪਹਿਲੇ ਤੋਂ ਕਿਸੇ ਬੇਟੀ ਰੱਖਣੀ ਤਾਂ ਹੈ ਨਹੀਂ ਬਿਗਾਨੇ ਘਰ ਹੀ ਜਾਂਦੀ ਹੈ, ਬਿਗਾਨਿਆਂ ਨਾਲ ਹੀ ਵਿਆਹੁੰਦੇ ਹਨ, ਲੜਕੀ ਪਰਾਈ ਹੁੰਦੀ ਹੈ। ਇਹ ਤਾਂ ਮੁੱਢ ਤੋਂ ਹੀ ਜਦੋਂ ਦਾ ਸੰਸਾਰ ਬਣਿਆ ਹੈ ਇਸ ਤਰ੍ਹਾਂ ਹੁੰਦੀ ਹੀ ਆਈ ਹੈ।

ਯਾਂ ਮੈਂ ਭਰਮ ਨ ਮਾਨਜੋਂ ਰਾਈ॥ ਇਸ ਵਾਸਤੇ ਇਸਦੇ ਵਿੱਚ ਸੰਗਤ ਕੋਈ ਭਰਮ ਨਾ ਮੰਨਿਆ ਕਰੋ ਇਸ ਗੱਲ ਦਾ, ਕੋਈ ਮੇਰੇ ਤੇ ਸ਼ੱਕ ਨਾ ਕਰਿਆ ਕਰੋ, ਕਿਸੇ ਕਿਸਮ ਦਾ ਸੰਸਾ ਨਾ ਕਰਿਆ ਕਰੋ।

ਜਨਮ ਸਾਖੀ ਆਪ ਧਰੀ ਬਨਾਇ॥ ਆਪ ਹੀ ਜਨਮ ਸਾਖੀ ਵਿਚ ਸਾਖੀ ਬਣਾ ਕੇ ਰੱਖ ਲਈ ਸੀ, ਕਿ ਜੇ ਕੋਈ ਪ੍ਰਸ਼ਨ ਕਰੇ ਵੀ ਆ ਕੇ ਤਾਂ ਉਹ ਸਾਖੀ ਕੱਢ ਕੇ ਸੁਣਾ ਦੇਣੀ, ਆਹ ਦੇਖ ਤਾਂ ਲਿਖਿਆ ਹੋਇਆ। ਫਲਾਣੇ ਗੁਰੂ ਸਾਹਿਬ ਦੇ ਵੇਲੇ ਦਾ ਲਿਖਿਆ ਹੋਇਆ ਹੈ।

ਕਹਜੋ "ਸੰਗਤ ਦੇਖ ਲੇਹੋ ਵਾਇ" ॥੩੩॥ ਸੰਗਤ ਨੂੰ ਕਿਹਾ ਜਿਸਨੇ ਵੇਖਣਾ ਹੋਵੇ, ਉਥੇ ਬਾਬੇ ਨਾਨਕ ਦੀ ਜਨਮ ਸਾਖੀ ਵਿਚ ਵੇਖ ਲਵੇ। ਕੋਈ ਗੱਲ ਨਹੀਂ ਐਡੀ ਹੁੰਦੀ, ਧੀ ਭੈਣ ਦੀ ਕਿਹੜੀ ਗੱਲ ਹੈ। ਇਉਂ ਲੋਕਾਂ ਨੂੰ ਝੂਠਾ ਪ੍ਰਚਾਰ ਕਰਕੇ ਮਗਰ ਲਾਇਆ ਕਰੇ। ੩੩।

ਦੋਹਰਾ॥ ਮੁਖਤ ਨਿਆਮਤ ਬੇਕਦਰ, ਗਏ ਸੁ ਇਮਹੀ ਬਾਦ॥ (ਨਿਆਮਤ) ਗੁਰੂ ਦਾ ਸ਼ਬਦ ਮੁਫਤ ਮਿਲ ਜਾਣਾ। ਭਾਈ ਸਾਹਿਬ ਜੀ ਕਹਿੰਦੇ ਹਨ ਇਨ੍ਹਾਂ ਨੂੰ ਮੁਫਤ ਦੀ ਨਿਆਮਤ ਮਿਲੀ ਹੋਈ ਸੀ, ਗੁਰੂ ਜੀ ਨੇ ਸੰਗਤ ਮਗਰ ਲਾ ਦਿੱਤੀ ਸੀ। ਇਹ ਬੇਕਦਰਿਆਂ ਦਾ ਸਭ ਕੁਛ ਹੀ (ਬਾਦ) ਵਿਅਰਥ ਗਿਆ। ਅੱਜ ਕੋਈ ਜੰਡਿਆਲੇ ਨੂੰ ਜਾਂਦਾ, ਕੋਈ ਇਹਨਾਂ ਦੇ ਮੱਥਾ ਟੇਕਦਾ, ਕੋਈ ਇਹਨਾਂ ਦੀ ਪੂਜਾ ਕਰਦਾ ਵੇਖਿਆ, ਕੁਛ ਨਹੀਂ ਖਤਮ ਹੋ ਗਏ ਦੁਨੀਆਂ ਤੋਂ ਨਾਮ ਨਿਸ਼ਾਨ ਨਹੀਂ ਰਿਹਾ ਉਨ੍ਹਾਂ ਦਾ।

ਪਾਪੀ ਦੁਸ਼ਟ ਨਿੰਦਕ ਮਹਾਂ, ਉਨ ਭਈ ਨ ਅਗੇ ਉਲਾਦ॥੩੪॥ ਇਹਨਾਂ ਮਹਾਂ ਪਾਪੀਆਂ ਮਹਾਂ ਦੁਸ਼ਟਾਂ ਅਤੇ ਮਹਾਂ ਨਿੰਦਕਾਂ ਦੇ, ਅੱਗੇ ਉਲਾਦ ਹੀ ਨਹੀਂ ਹੋਈ, ਉਲਾਦ ਹੋਣੀ ਬੰਦ ਹੋ ਗਈ ਹੈ। ੩੪।

ਸਾਖੀ ਸ਼ਹੀਦ ਤਾਰਾ ਸਿੰਘ "ਨਿਹੰਗ" ਦੰਗਈ ਕੀ

(ਤਾਰਾ ਸਿੰਘ ਵਾਈਏਂ ਪਰ ਪੱਟੀ ਦੇ ਹਾਕਮ ਦਾ ਹੱਲਾ। ਹਾਰ ਹੋਣ ਤੇ ਖਾਨ ਬਹਾਦਰ ਪਾਸ ਫਰਯਾਦ)

ਦੋਹਰਾ॥ ਸਾਖੀ ਤਾਰਾ ਸਿੰਘ ਕੀ, ਸੁਨੋ ਸੁ ਬੁੱਧਿ ਨਿਧਾਨ॥ ਸ਼ਹੀਦ ਭਾਈ ਤਾਰਾ ਸਿੰਘ ਜੀ ਡਲ ਵਾਂ ਵਾਲੇ ਜੋ ਬੁੱਧੀ ਦਾ ਖਜ਼ਾਨਾ ਸਨ ਉਨ੍ਹਾਂ ਦੀ ਸਾਖੀ ਸੁਣੋ ਭਾਈ । ਹੇ ਬੁਧੀ ਨਿਧਾਨ ਗੁਰਸਿਖੋ! ਸੁਣੋ।

ਬਾਂਇ ਡਲ ਮਧ ਸਿੰਘ ਭਯੋ, ਬੁੱਟਰ ਗੋਤ ਪ੍ਰਧਾਨ॥੧॥ ਬਾਂਇ ਡਲ ਪਿੰਡ ਹੈ ਅੰਮ੍ਰਿਤਸਰ ਜ਼ਿਲ੍ਹੇ ਵਿੱਚ, ਉਸ ਪਿੰਡ ਦਾ ਪ੍ਰਧਾਨ ਗੋਤ ਬੁੱਟਰ ਹੈ, ਭਾਵ ਹੋਰ ਗੋਤ ਦੇ ਲੋਕ ਵੀ ਉਸ ਪਿੰਡ ਵਿੱਚ ਵਸਦੇ ਹਨ, ਪਰ ਬਹੁ ਗਿਣਤੀ ਬੁੱਟਰ ਗੋਤ ਦੇ ਜੱਟਾਂ ਦੀ ਹੈ। ਬੁੱਟਰ ਗੋਤ ਦਾ ਜੱਟ ਡਲ ਵਾਂ ਪਿੰਡ ਵਿਚ ਸ਼ਹੀਦ ਭਾਈ ਤਾਰਾ ਸਿੰਘ ਜੀ ਹੋਏ ਹਨ। ੧।

ਛਪੈ ਛੰਦ॥ ਹਠੀ ਤਪੀ ਜਤਵਾਨ ਰਹਿਤ ਵਹਿ ਰਹੈ ਸੁ ਚੰਗੀ। ਭਾਈ ਤਾਰਾ ਸਿੰਘ ਜੀ ਬੜੇ ਹੱਠ ਤਪ ਵਾਲੇ, ਜਤ ਰਖਣ ਵਾਲੇ ਅਤੇ ਸਿੰਘਾਂ ਵਾਲੀ ਚੰਗੀ ਰਹਿਤ ਰਹਿੰਦੇ ਸਨ।

ਨੀਲ ਬਸਤ੍ਰ ਤਨ ਸਜੈ ਸਜੈ ਤਨ ਸ਼ਸਤਰ ਜੰਗੀ॥ ਉਹ ਨੀਲੇ ਬਾਣੇ ਦਾ ਧਾਰਨੀ ਸੀ, ਨੀਲੇ ਬਸਤ੍ਰ ਗੁਰੂ ਸਾਹਿਬ ਜੀ ਨੇ ਰਹਿਤ ਵਿੱਚ ਦੱਸੇ ਹਨ। ਜਦੋਂ ਅਕਾਲੀ ਪੰਥ ਦੀ ਸਾਜਨਾ ਕੀਤੀ ਹੈ, ਉਸ ਵੇਲੇ ਉਨ੍ਹਾਂ ਦੇ ਬਸਤ੍ਰ ਨੀਲੇ ਕੀਤੇ ਹਨ ਨਿਸ਼ਾਨ ਸਾਹਿਬ ਵੀ ਨੀਲਾ ਹੁੰਦਾ ਹੈ ਤੇ ਦੂਸਰੇ ਖੱਟਾ ਝੁਲਾਉਂਦੇ ਹਨ, ਇਹ ਕੀ ਕਾਰਨ ਹੈ ਪਤਾ ਨਹੀਂ ਲਗਦਾ ਲੋਕਾਂ ਨੂੰ। ਅਕਾਲ ਪੁਰਖ ਦਾ ਪੰਥ ਹੈ ਇਹਨਾਂ ਨੇ ਬਾਣਾ ਨੀਲਾ ਝੁਲਾਇਆ ਹੈ। ਇਸ ਵਾਸਤੇ ਜਿਥੇ ਛਾਉਣੀ ਹੈ ਪੰਥ ਦੀ ਉਥੇ ਵੀ ਨੀਲਾ ਨਿਸ਼ਾਨ ਸਾਹਿਬ ਹੁੰਦਾ ਹੈ। ਇਹ ਪੰਥ ਦੀ ਨਿਸ਼ਾਨੀ ਹੈ। ਨਿਹੰਗ ਸਿੰਘ ਇਹ ਅਕਾਲੀ ਸਿੰਘ ਹਨ, ਇਹ ਪੰਥ ਹੈ ਗੁਰੂ ਦਾ, ਇਹ ਯੂਨੀਫਾਰਮ ਹੈ ਪੰਥ ਦੀ। ਤਾਰਾ ਸਿੰਘ ਆਪਣੇ ਸਰੀਰ ਤੇ ਜੰਗੀ ਸ਼ਸਤ੍ਰ ਸਜਾ ਕੇ ਰਖਦਾ ਸੀ।

ਗੁਰਬਾਣੀ ਹਿਤ ਰਖੇ ਸਿਦਕ ਗੁਰ ਚਰਨਨ ਧਾਰੇ॥ ਗੁਰਬਾਣੀ ਨਾਲ (ਹਿਤ) ਪਿਆਰ ਰੱਖਦਾ ਹੈ, ਗੁਰਬਾਣੀ ਦਾ ਬੜਾ ਭਾਰੀ ਨਿਤਨੇਮੀ ਸੀ, ਗੁਰੂ ਕੇ ਚਰਨਾਂ ਤੇ ਸਿਦਕ ਧਾਰਿਆ ਹੋਇਆ ਸੀ।

ਮੁਖ ਤੇ ਕਢੈ ਜੁ ਬਚਨ ਸਤੀ ਜਿਮ ਸੋ ਪ੍ਰਿਤਪਾਰੇ॥ ਸਿੱਖ ਦਾ ਇਹ ਧਰਮ ਹੈ ਮੂੰਹ ਵਿਚੋਂ ਬਚਨ ਉਹ ਕੱਢਣਾ, ਜਿਸਦੀ ਉਹ ਪਾਲਣਾ ਕਰ ਸਕਦਾ ਹੋਵੇ। ਜਿਵੇਂ ਸਤੀ ਜੋ ਬਚਨ ਕਹਿ ਦਿੰਦੀ ਹੈ ਪੂਰਾ ਕਰਦੀ ਹੈ, ਉਹ ਆਪਦੇ ਪਤੀ ਦੀ ਮੜ੍ਹੀ ਵਿੱਚ ਪੈ ਕੇ ਸੜ ਜਾਂਦੀ ਹੈ। ਤਾਰਾ ਸਿੰਘ ਵੀ ਸਤੀਆਂ ਵਾਂਗ ਆਪਣੇ ਬਚਨ ਦੀ ਪਾਲਣਾ ਕਰਦਾ ਸੀ।

ਦੰਗੈਯਨ ਮਾਂਹ ਪ੍ਰਿਥਮ ਉਸ ਧਰੀਐ ਨਾਮ ਗਿਣਾਇ॥ "ਜਾਤ ਗੋਤ ਸਿੰਘਨ ਕੀ ਦੰਗਾ। ਦੰਗਾ ਹੀ ਇਨ ਗੁਰ ਤੇ ਮੰਗਾ"। ਦੰਗਾ ਕਹਿੰਦੇ ਹਨ ਲੜਾਈ ਨੂੰ, ਫਸਾਦ ਨੂੰ, ਦੰਗਈਆਂ ਨੂੰ ਗਿਣਕੇ ਜੇ ਸਭ ਤੋਂ ਪਹਿਲਾਂ ਕਿਸੇ ਦਾ ਨਾਮ ਲਿਖਣਾ ਹੋਵੇ ਤਾਂ ਭਾਈ ਤਾਰਾ ਸਿੰਘ ਦਾ ਨਾਮ ਸਭ ਤੋਂ ਪਹਿਲਾਂ ਲਿਖੋ। (ਦੰਗਈਅਨ) ਜੰਗਜੂ ਯੋਧਿਆਂ ਵਿਚੋਂ ਤਾਰਾ ਸਿੰਘ ਦਾ ਪਹਿਲਾ ਨੰਬਰ ਹੈ।

ਜਾਇ ਬਲਾਇ ਜੁ ਘਰ ਪਰੈ ਲਏ ਅਪਨੇ ਠੀਕ ਟਿਕਾਇ॥੨॥ ਜੇ ਕੋਈ ਬਲਾ ਪਰਾਏ ਘਰ ਜਾਂਦੀ ਹੋਵੇ ਉਹਨੂੰ ਕਹਿਣਾ ਐਧਰ ਮੇਰੇ ਦੁਪਹਿਰਾ ਕੱਟ ਕੇ ਜਾਹ ਏਧਰ ਕਿਉਂ ਜਾਂਦੀ ਹੈਂ ਬਲਾ ਤੁਰੀ ਇਤਨਾ ਇਹ ਤਿਆਰ ਰਹਿੰਦਾ ਸੀ ਲੜਾਈ ਨੂੰ। ੨।

ਦੋਹਰਾ॥ ਸੀਸ ਧਰੇ ਹਥ ਪੁਰ ਫਿਰੈ, ਨਹਿੰ ਮਰਨੋਂ ਸੰਕਾਇ॥ ਇਹ ਆਪਣੇ ਸੀਸ ਨੂੰ ਹੱਥ ਦੀ ਤਲੀ ਤੇ ਟਿਕਾ ਕੇ ਰਖਦਾ ਸੀ, ਲੜਨ ਮਰਨ ਨੂੰ ਤਿਆਰ ਰਹਿੰਦਾ ਸੀ, ਮਰਨ ਤੋਂ ਕੋਈ ਇਸਨੂੰ ਸੰਗ ਨਹੀਂ ਸੀ।

ਸਿਰੋਂ ਪਰੈ ਡੇਰਾ ਤਿਸੈ, ਐਸੇ ਰਹੈ ਸੁਭਾਇ॥੩॥ ਸਿਰੋਂ ਪਰ੍ਹੇ ਡੇਰਾ ਰਖਦਾ ਸੀ ਐਸੇ ਸੁਭਾਅ ਦਾ ਮਾਲਕ ਸੀ ਤਾਰਾ ਸਿੰਘ,

ਪ੍ਰਵਾਹ ਨਹੀਂ ਕਰਦਾ ਸੀ ਕਿਸੇ ਦੀ। ੩।

ਜਬ ਬੰਦੋ ਹੁਤੋ ਜੀਵਤੋ, ਉਨ ਲੀਨੋ ਤੁਰਕ ਹਰਾਇ॥ ਜਦੋਂ ਬੰਦਾ ਬਹਾਦਰ ਅਜੇ ਜਿਉਂਦਾ ਸੀ, ਬੰਦੇ ਨੇ ਤੁਰਕਾਂ ਨੂੰ ਉਦੋਂ ਸਭ ਥਾਵਾਂ ਤੇ ਹਾਰ ਦੇ ਦਿੱਤੀ ਸੀ, ਤਾਰਾ ਸਿੰਘ ਵੀ ਉਦੋਂ ਪੰਥ ਦੇ ਨਾਲ ਹੁੰਦਾ ਸੀ, ਇਹ ਦੰਗਈਆਂ ਵਿਚ ਸਭ ਤੋਂ ਅੱਗੇ ਹੁੰਦਾ ਸੀ।

ਖੁਸ਼ਾਮਦ ਕਰ ਕਰ ਸਿੰਘਨ ਕੀ, ਲੇਵੈ ਮੁਲਕ ਬਸਾਇ॥੪॥ ਸਿੰਘਾਂ ਦੀਆਂ ਖੁਸ਼ਾਮਦਾਂ ਕਰਕੇ ਮਿੰਨਤਾਂ ਕਰਕੇ ਤਰਲੇ ਕਰ ਕਰ ਕੇ ਆਪਣੇ ਮੁਲਕ ਵਿਚ ਅੰਮਨ ਕਰਦੇ ਸਨ ਮੁਗਲ ਹਾਕਮ। ੪।

ਲੇਟ ਪੇਟ ਸਿੰਘਨ ਰਖੈ, ਤੱਦੀ ਲਖ ਟਲ ਜਾਇ॥ (ਲੇਟ ਪੇਟ) ਤੁਹਾਡੇ ਰਖਣ ਦੇ ਹਾਂ ਮਹਾਰਾਜ, ਤੁਹਾਡੇ ਰੱਖਣ ਦੇ, ਤੁਹਾਡੀ ਕਿਰਪਾ ਨਾਲ ਅਸੀਂ ਗਰੀਬ ਵਸਦੇ ਹਾਂ, ਇਉਂ ਸਿੰਘਾਂ ਦੀਆਂ ਮਿੰਨਤਾਂ ਕਰਕੇ ਤਰਲੇ ਕਰਕੇ ਤੁਰਕ ਮੁਲਕ ਵਿਚ ਅਮਨ ਰਖਦੇ ਹਨ। (ਤੱਦੀ) ਮੁਸੀਬਤ ਦਾ ਸਮਾਂ ਸਮਝਦੇ ਟਲ ਜਾਂਦੇ ਹਨ ਤੁਰਕ ਆਪਣਾ ਟਾਇਮ ਟਪਾ ਲੈਂਦੇ ਸੀ।

ਬੰਦੋ ਮਾਰਜੋ ਜਬ ਉਨੈਂ, ਬਿਨ ਖਤਿਓਂ ਸਿੰਘਨ ਖਪਾਹਿ॥੫॥ ਅਤੇ ਜਦੋਂ ਬੰਦੇ ਨੂੰ ਮਾਰ ਲਿਆ ਹੈ ਉਨ੍ਹਾਂ ਨੇ, ਉਹ ਖਾਲਸੇ ਪੰਥ ਤੋਂ ਅਲਹਿਦਾ ਹੋ ਗਿਆ ਸੀ, (ਬਿਨ ਖਤਿਓਂ) ਬਿਨਾਂ ਖਤਾ ਤੋਂ, ਬਿਨਾਂ ਗਲਤੀ ਤੋਂ ਫਿਰ ਸਿੰਘਾਂ ਨੂੰ ਮਾਰਨਾ ਸ਼ੁਰੂ ਕੀਤਾ ਮੁਗਲਾਂ ਨੇ। ੫।

ਚੌਪਈ॥ ਹੁਤੀ ਤਾਰੇ ਸਿੰਘ ਦਈ ਜਗੀਰ॥ ਤੁਰਕਾਂ ਨੇ ਭਾਈ ਤਾਰਾ ਸਿੰਘ ਨੂੰ ਵੀ ਜਗੀਰ ਦੇ ਦਿੱਤੀ ਸੀ, ਐਥੇ ਰਹੋ ਮਹਾਰਾਜ! ਅਨੰਦ ਲਉ। ਖੇਤੀ ਕਰਾਉ, ਮੱਝਾਂ ਰੱਖੋ, ਦੁਧ ਪੀਉ ਪਿਆਉ ਸੰਗਤ ਤੁਹਾਡੇ ਕੋਲ ਆਵੇ ਜਾਵੇ, ਮੌਜਾਂ ਲਵੋ ਸਾਨੂੰ ਕੀ ਇਤਰਾਜ ਹੈ, ਉਦੋਂ ਤਾਰਾ ਸਿੰਘ ਵੀ ਡੱਲ ਵਾਂ ਵਿਚ ਜਗੀਰ ਲੈ ਕੇ ਬੈਠਾ ਸੀ।

ਬੁੰਗੋ ਚਿਣਜੋ ਥੋ ਤਿਹ ਸਿੰਘ ਬੀਰ॥ ਇਸ ਸੂਰਬੀਰ ਸਿੰਘ ਨੇ ਰੜੇ ਮੈਦਾਨ ਵਿਚ ਆਪਣਾ ਬੁੰਗਾ ਵਸਾਇਆ ਹੋਇਆ ਸੀ।

ਤਾਰੇ ਸਿੰਘ ਨਾਂਹ ਸਮਾਂ ਨਿਹਾਰਜੋ॥ ਤਾਰਾ ਸਿੰਘ ਰਹਿੰਦਾ ਸੀ ਉਸੇ ਸੁਭਾਅ ਤੇ ਪਿਛਲੇ ਸੁਭਾਅ ਤੇ ਕੋਈ ਸਮੇਂ ਦੀ ਵਿਚਾਰ ਨਹੀਂ ਸੀ ਕਿ ਅਸੀਂ ਅਮਨ ਨਾਲ ਰਹੀਏ ਜਾਂ ਅਮਨ ਨਾਲ ਵਸੀਏ ਉਸਨੇ ਮੌਕੇ ਦੇ ਸਮੇਂ ਵੱਲ ਨਾ ਦੇਖਿਆ।

ਵਹੀ ਰਖਜੋ ਉਨ ਸਿੱਡਾ ਧਾਰਜੋ॥੬॥ ਉਹੀ ਬੰਦੇ ਬਹਾਦਰ ਵੇਲੇ ਦਾ (ਸਿੱਡਾ) ਲੜਾਈ ਫਸਾਦ ਦਾ ਕੰਮ ਜਾਰੀ ਰੱਖਿਆ। ੬।

ਪਹਿਲੀ ਬਾਣੋਂ ਟਲੈ ਸੁ ਨਾਂਹਿ॥ ਪਹਿਲਾਂ ਜੋ ਆਦਤ ਬਣੀ ਹੋਈ ਸੀ ਪੰਥ ਵਿੱਚ ਰਹਿਕੇ ਉਸ ਆਦਤ ਤੋਂ ਦੰਗੇ ਫਸਾਦ ਦੀ ਤੋਂ ਟਲਦਾ ਨਹੀਂ ਸੀ।

ਦੰਗੋ ਫੰਗੋ ਰਖੈ ਮਚਾਇ॥ ਤੁਰਕਾਂ ਨਾਲ (ਦੰਗੋ ਫੰਗੋ) ਲੜਾਈ ਫਸਾਦ ਛੇੜੀ ਰਖਦਾ ਸੀ।

ਰਾਹ ਜਾਂਦੀ ਲਏ ਕਾਂਇਸ ਮੋਲ॥ ਰਾਹ ਜਾਂਦੀ (ਕਾਂਇਸ) ਬਿਪਤਾ, ਕਲਾ, ਲੜਾਈ ਨੂੰ ਮੁੱਲ ਲੈਂਦਾ ਸੀ, ਐਸੇ ਸੁਭਾਅ ਦਾ ਮਾਲਕ ਸੀ ਕਿ ਮੱਲੋ ਮਲੀ ਅਗਲੇ ਦੇ ਗਲ ਪੈਂਦਾ ਸੀ।

ਦਸ ਪੰਜ ਦੰਗੱਯਨ ਰਖੈ ਸੁ ਕੋਲ॥੭॥ ਆਪਣੇ ਵਰਗੇ ਪੰਜ ਦਸ (ਦੰਗੱਯਨ) ਜੰਗਜੂ ਸਿੰਘਾਂ ਨੂੰ ਆਪਣੇ ਕੋਲ ਰੱਖਦਾ ਸੀ। ੭।

ਜਿਤ ਕਿਤ ਤੇ ਕੋਊ ਲਜਾਵੈ ਉਲਾਂਭੇ॥ ਜਿਧਰੋਂ ਕਿਧਰੋਂ ਕੋਈ ਉਲਾਂਭੇ ਲਿਆਵੇ ਸਿੰਘ ਜਿਹੜਾ ਝਗੜਾ ਹੀ ਕਰਦਾ ਰਹੇ, ਲੜਦਾ ਭਿੜਦਾ ਹੀ ਰਹੇ ਲੋਕਾਂ ਨਾਲ।

ਬਹੁਤਾ ਹਿਤ ਕਰ ਤਿਸ ਵਹਿ ਸਾਂਭੇ॥ ਉਸਨੂੰ ਬੜੇ ਪਿਆਰ ਨਾਲ ਸਾਂਭਦਾ ਹੈ ਆਪਣੇ ਕੋਲ ਰਖਦਾ ਹੈ।

ਸੋ ਮਰਨੇ ਤੇ ਡਰੈ ਨ ਮੂਲ॥ ਉਹ ਮੌਤ ਤੋਂ ਮੂਲੋਂ ਹੀ ਨਹੀਂ ਸੀ ਡਰਦਾ, ਉੱਕਾ ਹੀ ਨਹੀਂ ਸੀ ਡਰਦਾ ਮੌਤ ਤੋਂ।

ਇਮ ਕਰ ਦੰਗੋ ਰਖੈ ਜਰੂਰ॥੮॥ ਇਸ ਕਰਕੇ ਜਰੂਰ ਹੀ (ਦੰਗੋ) ਲੜਾਈ ਫਸਾਦ ਰਖਦਾ ਸੀ। ੮।

ਔਰ ਤਰਫ ਜੋ ਕਾਂਇਸ ਜਾਵੇ॥ ਹੋਰ ਪਾਸੇ ਨੂੰ ਜਿਹੜੀ ਕੋਈ ਬਲਾ ਜਾਂਦੀ ਹੋਵੇ।

ਸੱਦ ਪਾਸ ਦੁਇ ਪਹਰ ਕਟਾਵੇ॥ ਆਪਣੇ ਕੋਲ ਬੁਲਾ ਕੇ ਉਸਨੂੰ ਦੋ ਪਹਿਰ, ਘੱਟੋ ਘੱਟ ਅੱਧੀ ਦਿਹਾੜੀ ਤਾਂ ਜਰੂਰ ਹੀ ਕਟਾਉਂਦਾ ਹੈ ਆਪਣੇ ਪਾਸ ਰੱਖਦਾ ਹੈ।

ਐਸੀ ਪਰੀ ਤਾਰੇ ਸਿੰਘ ਬਾਣ॥ ਤਾਰਾ ਸਿੰਘ ਨੂੰ ਐਸੀ ਆਦਤ ਪੈ ਚੁੱਕੀ ਸੀ, ਉਹ ਨਹੀਂ ਸੀ ਹਟਦਾ ਆਪਣੀ ਆਦਤ ਤੋਂ।

ਨਹਿ ਮਾਨੈ ਵੈ ਤੁਰਕਨ ਆਣ॥੯॥ ਉਹ ਤੁਰਕਾਂ ਦੀ ਈਨ ਨਹੀਂ ਸੀ ਮੰਨਦਾ, ਤੁਰਕਾਂ ਤੇ ਦਬਾ ਪਾ ਕੇ ਰਖਦਾ ਸੀ ਸਦਾ ਹੀ। ੯।

ਦੋਹਰਾ॥ *ਕਹੈ ਦੰਗਿਓਂ ਹਮ ਕਿਮ ਟਰੈਂ, ਦੰਗੋ ਹਮਰੀ ਜਾਤ॥* ਜੇ ਕੋਈ ਕਹਿੰਦਾ ਤਾਰਾ ਸਿੰਘ ਜੀ! ਕੋਈ ਟਾਇਮ ਟਪਾ ਲਈਦਾ ਹੁੰਦਾ ਹੈ, ਤਾਂ ਅੱਗੋਂ ਕਹਿੰਦਾ ਉਏ ਕਿਉਂ ਡਰੀਏ ਦੰਗੇ ਤੋਂ, ਸਾਡੀ ਤਾਂ ਜਾਤ ਹੀ ਦੰਗਾ ਹੈ, ਇਸ ਤੋਂ ਅਸੀਂ ਕਿਵੇਂ ਟਲੀਏ।

ਦੰਗੈ ਖਾਤਰ ਹਮ ਕੀਏ, ਸ੍ਰੀ ਸਤਿਗੁਰ ਜੀ ਆਪ॥੧੦॥ ਲੜਾਈ ਖਾਤਰ ਤਾਂ ਸਾਨੂੰ ਆਪ ਸਤਿਗੁਰਾਂ ਨੇ ਰਚਿਆ ਹੈ, ਪੰਥ ਰਚਿਆ ਹੀ ਯੁੱਧ ਕਰਨ ਵਾਸਤੇ ਹੈ। ੧੦।

ਚੌਪਈ॥ *ਦੰਗੈ ਹੀ ਤੇ ਪੱਯੁਗ ਪਤਿਸ਼ਾਹੀ॥* ਦੰਗਾ ਕਰਾਂਗੇ, ਜੰਗ ਜੁੱਧ ਲੜਾਂਗੇ ਤਾਂ ਹੀ ਪਾਤਸ਼ਾਹੀ ਪ੍ਰਾਪਤ ਹੋਵੇਗੀ। ਜੰਗ ਜੁਧ ਕਰਕੇ ਪਾਤਸ਼ਾਹੀ ਮਿਲੇਗੀ , ਸਾਧਾਂ ਨੂੰ ਕੌਣ ਦਿੰਦਾ ਹੈ।

ਦੰਗੈ ਹੀ ਤੇ ਹੋਗ ਸੀਸ ਲਾਈ॥ ਜੇ ਜੰਗ ਜੁੱਧ ਕਰਾਂਗੇ ਤਾਂ ਹੀ ਸੀਸ ਲੇਖੇ ਲੱਗੇ, ਸ਼ਹੀਦੀ ਮਰਤਬਾ ਵੀ ਤਾਂ ਹੀ ਪ੍ਰਾਪਤ ਹੋਵੇਗਾ। ਜੇ ਅਸੀਂ ਲੜਦੇ ਹੀ ਨਹੀਂ ਕਿਸੇ ਨਾਲ, ਘਰ ਬੈਠੇ ਹੀ ਬਿਮਾਰ ਹੋਕੇ ਮਰ ਗਏ, ਉਹ ਸ਼ਹੀਦਾਂ ਵਿਚ ਥੋੜ੍ਹੇ ਗਿਣਿਆਂ ਜਾਇਗਾ।

ਬਿਨ ਦੰਗੈ ਕੋਊ ਪੁਛੈ ਨ ਬਾਤ॥ ਜੇ ਅਸੀਂ ਦੰਗਾ ਨਹੀਂ ਕਰਾਂਗੇ ਤਾਂ ਸਾਨੂੰ ਬਾਣੀਆਂ ਨੂੰ ਕਿਹਨੇ ਪੁਛਣਾ। ਜੇ ਜੰਗ ਨਾ ਕਰੀਏ ਤਾਂ ਸਾਡੀ ਕਿਸੇ ਨੇ ਬਾਤ ਨਹੀਂ ਪੁੱਛਣੀ।

ਹਮ ਦੰਗੋ ਮਚਾਵੈਂ ਯੌ ਲਖ ਘਾਤ॥੧੧॥ ਤਾਰਾ ਸਿੰਘ ਦੇ ਕੋਲ ਆ ਕੇ ਜੇ ਕੋਈ ਸਲਾਹ ਦਿੰਦਾ ਕਿ ਅਮਨ ਰੱਖੋ, ਤਾਂ ਉਹ ਅੱਗੋਂ ਕਹਿੰਦਾ ਇਉਂ ਘਾਤ ਜਾਣਕੇ ਜਰੂਰ ਹੀ ਜੰਗ ਯੁਧ ਕਰਾਂਗੇ, ਜਰੂਰ ਹੀ ਲੜਾਂ ਮਰਾਂਗੇ ਇਹਨਾਂ ਨਾਲ। ੧੧।

ਦੋਹਰਾ॥ *ਹੁਤੋ ਨੁਸ਼ਹਿਰੋ ਪੁਰ ਬਡੋ, ਮਧ ਪੰਨੂ ਜਟ ਬਸਾਂਹਿ॥* ਹਰੀ ਕੇ ਪੱਤਣ ਤੋਂ ਅੰਮ੍ਰਿਤਸਰ ਨੂੰ ਜਾਂਦਿਆਂ ਜੀ.ਟੀ.ਰੋਡ ਤੇ ਨੁਸ਼ਹਿਰਾ ਪਿੰਡ ਹੈ ਪੰਨੂੰ ਗੋਤ ਦੇ ਜੱਟ ਏਥੇ ਵਸਦੇ ਨੇ, ਜਿਸ ਕਰਕੇ ਇਸ ਨੂੰ ਨੁਸ਼ਹਿਰਾ ਪੰਨੂਆਂ ਕਹਿੰਦੇ ਹਨ।

ਸਾਹਿਬ ਰਾਇ ਬਡ ਚੌਧਰੀ, ਹੁਤੋ ਉਸੈ ਕੇ ਮਾਂਹਿ॥੧੨॥ ਇਸ ਹੀ ਪਿੰਡ ਵਿਚ ਸਾਹਿਬ ਰਾਇ ਮੁਗਲਾਂ ਵਲੋਂ ਚੌਧਰੀ ਸੀ। ੧੨।

ਚੌਪਈ॥ *ਦੁਇ ਘੋੜੀ ਉਸ ਘਰ ਥੀ ਚੰਗੀ॥* ਉਸ ਦੇ ਘਰ ਦੋ ਵਧੀਆ ਕਿਸਮ ਦੀਆਂ ਘੋੜੀਆਂ ਰੱਖੀਆਂ ਹੋਈਆਂ ਸਨ।

ਪਰ ਖੇਤੀ ਚਰਾਵਤ ਨਹਿ ਸੰਗੀ॥ ਉਹਨਾਂ ਨੂੰ ਉਹ ਖੁਲ੍ਹੀਆਂ ਛੱਡ ਦਿੰਦਾ। ਉਹ ਪਰਾਈਆਂ (ਖੇਤੀ) ਫਸਲਾਂ ਨੂੰ ਉਜਾੜਦਾ ਸੰਗਦਾ ਨਹੀਂ ਸੀ। ਫਸਲਾਂ ਵਿੱਚ ਘੋੜੀਆਂ ਚਰਨ ਵਾਸਤੇ ਛੱਡ ਦਿੰਦਾ ਸੀ।

ਤਹਿ ਭੀ ਦੁਇ ਸਿੰਘ ਖੇਤੀ ਕਰਾਵਤ॥ ਉਥੇ ਨੁਸ਼ਹਿਰੇ ਪੰਨੂਏ ਵਿੱਚ ਦੋ ਸਿੰਘ ਖੇਤੀ ਬਾੜੀ ਦਾ ਧੰਧਾ ਕਰਦੇ ਸਨ।

ਸੋ ਘੋੜੀ ਚੌਧਰੀ ਚਰ ਜਾਵਤ॥੧੩॥ ਜਿਹੜੀ ਫਸਲ ਸਿੰਘ ਪਾਲਦੇ ਸਨ, ਉਹ ਚੌਧਰੀ ਦੀਆਂ ਘੋੜੀਆਂ ਚਰ ਜਾਂਦੀਆਂ ਸਨ। ੧੩।

ਤੌ ਸਿੰਘ ਸਾਹਿਬ ਰਾਇ ਪਹਿ ਗਏ॥ ਤਾਂ ਇਹ ਦੋਵੇਂ ਸਿੰਘ ਸਾਹਿਬ ਰਾਏ ਚੌਧਰੀ ਕੋਲ ਗਏ ਹਨ।

"ਬੰਨ੍ਹੋ ਘੋੜੀ ਤੌ ਹਮ ਖੇਤ ਰਹੇ"॥ ਜਾ ਕੇ ਕਹਿਣ ਲੱਗੇ ਚੌਧਰੀ ਸਾਹਿਬ! ਜੇ ਘੋੜੀਆਂ ਨੂੰ ਤੁਸੀਂ ਰੱਸੇ ਪਾ ਕੇ ਰੱਖੋ, ਤਾਂ ਸਾਡੀ ਖੇਤੀ ਬਚੇਗੀ, ਨਹੀਂ ਤਾਂ ਖੇਤੀ ਉੱਜੜ ਜਾਇਗੀ ਸਾਡੀ।

ਤੌ ਚੌਧਰੀ ਕਹੀ ਸਿੰਘਨ ਉਚਾਰ॥ ਤਾਂ ਚੌਧਰੀ ਨੇ ਇਹਨਾਂ ਦੋਵਾਂ ਸਿੰਘਾਂ ਨੂੰ ਜਵਾਬ ਦਿੱਤਾ।

ਤੁਮ ਘੋੜੀ ਰਖਾਵੋ, ਹਮ ਮੁੰਨੈਂ ਚਹੈਂ ਤੁਮ ਵਾਰ॥ ਵਾਹ ਬਈ ਵਾਹ! ਮੇਰੀਆਂ ਘੋੜੀਆਂ ਬੰਨ੍ਹਾਉਣੀਆਂ ਚਾਹੁੰਦੇ ਹੋ, ਅਸੀਂ ਤੁਹਾਡੇ ਕੇਸ਼ ਮੁੰਨਣੇ ਚਾਹੁੰਦੇ ਹਾਂ। ਤੁਹਾਡੇ ਕੇਸ਼ਾਂ ਦੇ ਰੱਸੇ ਵੱਟ ਕੇ ਘੋੜੀਆਂ ਦੇ ਪਾ ਕੇ ਫੇਰ ਬੰਨ੍ਹਾਂਗੇ। ੧੪।

ਸੁਨ ਸਿੰਘਨ ਤਨ ਮਨ ਲਗੀ ਆਗ॥ ਉਸ ਦੀ ਇਹ ਗੱਲ ਸੁਣਕੇ ਸਿੰਘਾਂ ਦੇ ਤਨ ਮਨ ਨੂੰ ਅੱਗ ਲੱਗ ਗਈ।

ਕਹੈਂ ਕਹਾਂ ਕਰੈਂ ਕਿਛ ਕਾਬੂ ਨ ਲਾਗ॥ ਚੌਧਰੀ ਨੂੰ ਉਹ ਕਹਿਣ ਲੱਗੇ ਕੀ ਕਰੀਏ ਹੁਣ ਸਾਡੀ ਕੋਈ ਵਾਹ ਨਹੀਂ ਜਾਂਦੀ ਹੈ।

ਬਹੁ ਟੱਬਰਦਾਰੀ ਹੈ ਪਿੰਡ ਮਾਂਹਿ॥ ਪਿੰਡ ਵਿੱਚ ਅਸੀਂ ਵੱਡੇ ਟੱਬਰਦਾਰ ਹਾਂ। ਕਬੀਲਦਾਰੀ ਵੱਡੀ ਹੈ ਸਾਡੀ।

ਨਹੀਂ ਮਾਰ ਮਰਤ ਤੁਮਕੌ ਅਬ ਥਾਂਇ॥੧੫॥ ਨਹੀਂ ਤਾਂ ਹੁਣੇ ਹੀ ਐਥੇ ਥਾਂਇ ਮਾਰਦੇ ਤੈਨੂੰ ਅਸੀਂ, ਤੇਰੇ ਮੂੰਹੋਂ ਨਾ ਨਿਕਲਣ ਦਿੰਦੇ ਇਹ ਗੱਲ। ਤੂੰ ਕੀ ਸੋਚ ਕੇ ਇਹ ਗੱਲ ਕੀਤੀ ਹੈ। ੧੫।

ਸੋ ਗਏ ਸਿੰਘ ਦੁਖਤ ਭੁਸਜੋ ਗਿਰਾਂਇ॥ ਉਹ ਸਿੰਘ ਦੁਖੀ ਹੋ ਕੇ ਭੁਸਾ ਪਿੰਡ ਜੋ ਖੁਰਮਨੀਆਂ ਪਿੰਡ ਦੇ ਕੋਲ ਹੈ ਮਾਝੇ ਵਿੱਚ ਗਏ ਹਨ।

ਹੁਤੋ ਬਘੇਲ ਸਿੰਘ ਅਮ੍ਰ ਸਿੰਘ ਢਿਲੋਂ ਥਾਇ॥ ਉਸ ਥਾਂ ਤੇ ਬਘੇਲ ਸਿੰਘ ਤੇ ਅਮਰ ਸਿੰਘ, ਢਿੱਲੋਂ ਗੋਤ ਦੇ ਦੋ ਸਿੰਘ ਰਹਿੰਦੇ ਸਨ ਏਥੇ।

ਸੱਦ ਉਨ ਕੌ ਦਈ ਘੋੜੀ ਕਢਾਇ॥ ਇਹ ਸਿੰਘ ਚੋਰੀ ਦੇ ਬੜੇ ਮਾਹਰ ਸਨ, ਜਿਵੇਂ ਆਮ ਕਹਾਵਤ ਹੈ "ਬਾਂਗਰ ਮੈਂ ਠਾਂਗਰ ਵਸੈ, ਥਲੀ ਮੈਂ ਢੋਰ। ਮਾਲਵੇ ਮੈਂ ਭਗਤ ਵਸੈ ਮਾਝੇ ਮੈਂ ਚੋਰ।" ਉਨ੍ਹਾਂ ਸਿੰਘਾਂ ਨੂੰ ਸੱਦ ਕੇ ਚੌਧਰੀ ਦੀਆਂ ਘੋੜੀਆਂ ਕਢਾ ਦਿੱਤੀਆਂ, ਚੋਰੀ ਕਰਵਾ ਦਿੱਤੀਆਂ।

ਉਨ ਅਗੇ ਦਈ ਘਰਜਾਲੇ ਪੁਚਾਇ॥੧੬॥ ਅਮਰ ਸਿੰਘ ਤੇ ਬਘੇਲ ਸਿੰਘ ਨੇ ਉਹ ਘੋੜੀਆਂ ਅੱਗੇ ਘਰਿਆਲੇ ਪਿੰਡ ਪਹੁੰਚਦੀਆਂ ਕਰ ਦਿੱਤੀਆਂ। ੧੬।

ਦੋਹਰਾ॥ ਅੱਗੋਂ ਲੈ ਲਖਮੀਰ ਸਿੰਘ ਸੰਧੂ, ਜੰਗਲ ਬੇਚੀ ਜਾਇ॥ ਉਨ੍ਹਾਂ ਤੋਂ ਅੱਗੇ ਲਖਮੀਰ ਸਿੰਘ ਸੰਧੂ ਨੇ ਲੈ ਕੇ ਅੱਗੇ ਜੰਗਲ ਦੇਸ਼ ਜਾਕੇ ਵੇਚ ਦਿੱਤੀਆਂ।

ਫਿਰ ਬਾਂਇ ਤਾਰੈ ਸਿੰਘ ਪਹਿ, ਦਏ ਲੰਗਰ ਪੈਸੇ ਪਾਇ॥੧੭॥ ਉਨ੍ਹਾਂ ਸਿੰਘਾਂ ਨੇ ਘੋੜੀਆਂ ਦੇ ਜੋ ਪੈਸੇ ਵੱਟੇ ਉਹ ਤਾਰਾ ਸਿੰਘ ਡਲ ਵਾਂ ਵਾਲੇ ਦੇ ਲੰਗਰ ਵਿਚ ਪਾ ਦਿੱਤੇ। ੧੭।

ਚੌਪਈ॥ ਮਗਰ ਸਾਹਿਬ ਰਾਇ ਸੇਲੂ ਦੌੜੇ॥ ਉਨ੍ਹਾਂ ਘੋੜੀਆਂ ਦੇ ਮਗਰ ਹੀ ਸਾਹਿਬ ਰਾਇ ਚੌਧਰੀ ਦੇ (ਸੇਲੂ) ਪੈੜੂ, ਪੈੜ ਕੱਢਣ ਵਾਲੇ, ਖੋਜੀ, ਦੌੜੇ ਹਨ।

ਲੈ ਪੁਜੇ ਖੋਜ ਸੋ ਭੀ ਤਿਸ ਠੌੜੇ॥ ਉਨ੍ਹਾਂ ਘੋੜੀਆਂ ਦਾ (ਖੋਜ) ਖੁਰਾ ਲੈ ਕੇ ਉਹ ਪੈੜ, ਖੋਜੀ ਵੀ ਉਸੇ ਥਾਂ ਤੇ ਪੁਜ ਗਏ, ਜਿਥੇ ਜਿਥੇ ਸਿੰਘ ਘੋੜੀਆਂ ਲੈ ਕੇ ਗਏ ਸਨ।

ਉਸ ਖੋਜੀ ਸਿੰਘ ਚੋਰ ਬਨਾਏ॥ ਘੋੜੀਆਂ ਦੀ ਖੋਜ ਕੱਢਣ ਵਾਲੇ ਖੋਜੀਆਂ ਨੇ ਆ ਉਨ੍ਹਾਂ ਸਿੰਘਾਂ ਨੂੰ ਚੋਰ ਬਣਾਇਆ ਕਿ ਇਹ ਅਮਰ ਸਿੰਘ ਤੇ ਬਘੇਲ ਸਿੰਘ ਨੇ ਚੁਰਾਈਆਂ ਹਨ ਘੋੜੀਆਂ।

ਉਨ ਸਿੰਘਨ ਲੁਕਨ ਨ ਠੌਰ ਲਭਾਏ॥੧੮॥ ਸਿੰਘਾਂ ਮਗਰ ਪੁਲਸ ਚੜ੍ਹ ਗਈ ਕਿ ਫੜੋ ਇਹਨਾਂ ਨੂੰ, ਉਨ੍ਹਾਂ ਸਿੰਘ ਨੂੰ ਲੁਕਣ ਵਾਸਤੇ ਕੋਈ ਜਗ੍ਹਾ ਨਹੀਂ ਲੱਭਦੀ ਹੈ। ੧੮।

ਤੇ ਨਠ ਆਇ ਬਹੇ ਤਾਰੇ ਸਿੰਘ ਪਾਸ॥ ਉਨ੍ਹਾਂ ਸਿੰਘਾਂ ਨੇ ਭੁੱਸਿਆਂ ਤੋਂ ਭੱਜ ਕੇ ਤਾਰਾ ਸਿੰਘ ਪਾਸ ਆ ਸ਼ਰਨ ਲਈ ਹੈ, ਉਨ੍ਹਾਂ ਕਿਹਾ ਪੁਲਸ ਸਾਨੂੰ ਭਾਲਦੀ ਫਿਰਦੀ ਹੈ, ਏਥੇ ਲਉ ਮੌਜ, ਆਉਣ ਦਿਉ ਜਿਹੜਾ ਆਉਂਦਾ।

ਵਹ ਜੋ ਜੀਵਨ ਰਖੇ ਨ ਆਸ॥ ਉਹ ਤਾਰਾ ਸਿੰਘ ਜਿਸਨੇ ਆਪਣੇ ਜੀਵਨ ਦੀ ਆਸ ਹੀ ਮੁਕਾਈ ਹੋਈ ਹੈ।

ਤਹਿ ਹੀ ਆਪ ਸਾਹਿਬ ਰਾਇ ਆਯਾ॥ ਉੱਥੇ ਹੀ ਤਾਰਾ ਸਿੰਘ ਕੋਲ ਸਿੰਘਾਂ ਦੇ ਮਗਰ ਸਾਹਿਬ ਰਾਇ ਚੌਧਰੀ ਆ ਗਿਆ ਹੈ।

ਆਇ ਤਾਰੇ ਸਿੰਘ ਬੋਲ ਸੁਨਾਯਾ॥੧੯॥ ਆਕੇ ਚੌਧਰੀ ਨੇ ਤਾਰਾ ਸਿੰਘ ਜੀ ਨੂੰ ਬੋਲ ਸੁਣਾਇਆ ਹੈ। ਹੇ ਤਾਰਾ ਸਿੰਘਾ!

"ਹਮਰੇ ਦੇਹੁ ਤੂੰ ਚੋਰ ਫੜਾਇ॥ ਮੇਰੀਆਂ ਘੋੜੀਆਂ ਦੇ ਚੋਰ ਤੇਰੇ ਕੋਲ ਆਏ ਹਨ, ਤੇਰੇ ਡੇਰੇ ਵਿੱਚ ਹਨ, ਤੂੰ ਇਨ੍ਹਾਂ ਨੂੰ ਗ੍ਰਿਫਤਾਰ ਕਰਵਾ ਦੇ।

ਨਹਿ ਦੇਹੈਂ, ਲਿਉਂ ਲਹੌਰ ਮੰਗਵਾਇ॥ ਜੇ ਤੂੰ ਮੈਨੂੰ ਚੋਰ ਨਾ ਫੜਾਏ, ਤਾਂ ਲਹੌਰ ਤੋਂ ਫੌਜ ਲਿਆ ਕੇ, ਲਹੌਰ ਮੰਗਵਾ ਲਵਾਂਗਾ ਤੈਨੂੰ।

ਅਬ ਤੂੰ ਰਖ ਇਨ ਖੂਬ ਸੰਭਾਲ॥ ਜੇ ਤੂੰ ਚੋਰ ਨਹੀਂ ਦੇਣੇ ਤਾਂ ਏਨ੍ਹਾਂ ਨੂੰ ਹੁਣ ਚੰਗੀ ਤਰ੍ਹਾਂ ਸੰਭਾਲ ਕੇ ਰੱਖੀਂ।

ਮਤ ਕਤ ਲੁਕ ਜਾਵੈਂ ਤੁਮ ਗਾਲ" ॥੨੦॥ ਦੇਖੀਂ ਕਿਤੇ ਲੁਕ ਛਿਪ ਨਾ ਜਾਣ ਤੇ ਤੈਨੂੰ ਗਾਲ ਸੁਟਦੇ ਹੋਣ, ਭਾਵ ਕਿਤੇ ਤੇਰੇ ਤੇ ਨਾ ਮੁਕੱਦਮਾ ਹੁੰਦਾ ਹੋਵੇ। ੨੦।

ਸਿੰਘ ਕਹੀ ਇਹ ਸਿੰਘ, ਨਾਂਹ ਚੋਰ॥ ਅੱਗੋਂ ਤਾਰਾ ਸਿੰਘ ਕਹਿਣ ਲੱਗਾ ਬਕਵਾਸ ਨਾ ਕਰ। ਇਹ ਸਿੰਘ ਹਨ, ਚੋਰ ਨਹੀਂ ਹਨ, ਗੁਰੂ ਦੇ ਲਾਲ ਪ੍ਰਉਪਕਾਰੀ ਸਿੰਘ ਨੇ, ਇਹ ਤਾਂ ਸਿੰਘ ਪ੍ਰਉਪਕਾਰ ਕਰਦੇ ਹਨ ਕੋਈ ਚੋਰੀ ਨਹੀਂ ਕਰਦੇ ਕਿਸੇ ਦੀ।

ਚੋਰ ਤੂੰਹੀ ਚਰਾਵੀਂਹ ਖੇਤੀ ਕਰ ਜੋਰ॥ ਚੋਰ ਤਾਂ ਤੂੰ ਆਪ ਹੈਂ, ਆਪਣੇ ਜੋਰ ਕਰਕੇ, ਜ਼ੋਰ ਨਾਲ ਲੋਕਾਂ ਦੀਆਂ ਖੇਤੀਆਂ ਚਰਾਉਂਦਾ ਹੈਂ, ਜ਼ੋਰ ਜ਼ੁਲਮ ਤੂੰ ਆਪ ਕਰਦਾ ਹੈਂ, ਚੋਰ ਵੀ ਤੂੰ ਹੀ ਹੈਂ।

ਕਰੇ ਇਨਸਾਫ ਲਏ ਤੈਨੂੰ ਲੂਟ॥ ਤੈਨੂੰ ਲੁੱਟ ਕੇ ਇਨਸਾਫ ਕੀਤਾ ਹੈ ਇਹਨਾਂ ਸਿੰਘਾਂ ਨੇ।

ਹਮਰੀ ਜਿੰਦ ਤੇ ਨਬਾਬ ਕਜਾ ਲੈ ਕੂਟ॥੨੧॥ ਤੂੰ ਨਬਾਬ ਦਾ ਨਾਮ ਲੈਂਦਾ ਹੈਂ, ਮੇਰੀ ਜਾਨ ਤੋਂ ਕੀ ਲੈ ਲਵੇਗਾ ਨਬਾਬ? ਅਸੀਂ ਕੀ ਜਾਣਦੇ ਹਾਂ? ਤੇਰੇ ਨੜੇ ਨਬਾਬ ਨੂੰ। ੨੧।

ਦੋਹਰਾ॥ ਯਹਿ ਤੋ ਹਮ ਨੇ ਹੈ ਮਿਥੀ ਸਿਰ ਤੁਰਕਨ ਲਾਯਗ ਦੇਹ॥ ਤਾਰਾ ਸਿੰਘ ਕਹਿਣ ਲੱਗਾ ਸਾਨੂੰ ਜਾਨ ਦੀ ਪ੍ਰਵਾਹ ਨਹੀਂ, ਅਸੀਂ ਤਾਂ ਪਹਿਲਾਂ ਹੀ ਮਿਥੀ ਬੈਠੇ ਹਾਂ ਕਿ ਆਪਣੀ ਦੇਹ ਨੂੰ ਅਸੀਂ ਤੁਰਕਾਂ ਦੇ ਸਿਰ ਲਾਉਣਾ ਹੈ।

ਲੁਕ ਭਜ ਕੇ ਨਾਂਹ ਬਚੈਂ, ਹਮ ਮਰੈਂ ਬਹੁਤਨ ਸੰਗ ਲੇਹਿ॥੨੨॥ ਲੁਕ ਭੱਜ ਕੇ ਅਸੀਂ ਨਹੀਂ ਬਚਾਂਗੇ ਲੜਾਂਗੇ, ਮਰਾਂਗੇ, ਬਹੁਤਿਆਂ ਨੂੰ ਨਾਲ ਲੈਕੇ, ਬਹੁਤਿਆਂ ਨੂੰ ਮਾਰ ਕੇ ਮਰਾਂਗੇ। ੨੨।

ਚੌਪਈ॥ ਵਧਤੀ ਵਧਤ ਗਲ ਵਧ ਗਈ॥ ਇਉਂ ਦੋਹਾਂ ਪਾਸਿਆਂ ਤੋਂ ਉਧਰੋ ਚੌਧਰੀ ਬੋਲਦਾ ਹੈ, ਏਧਰੋਂ ਸਿੰਘ ਬੋਲਦੇ ਨੇ, ਵਧਦੀ ਵਧਦੀ ਗੱਲ ਅੱਗੇ ਹੋਰ ਵਧ ਗਈ ਹੈ।

ਬੁਰੀ ਸਾਇਤ ਪਰ ਸਿੰਘਨ ਅਈ॥ ਸਿੰਘਾਂ ਦੇ ਉਤੇ ਬੁਰੀ (ਸਾਇਤ) ਘੜੀ ਆ ਗਈ ਹੈ, ਮਾੜਾ ਸਮਾਂ ਆ ਗਿਆ ਹੈ।

ਜਟ ਜਾ ਪੱਟੀ ਫਰਜਾਦਹਿ ਕਰੀ॥ ਏਸ ਸਾਹਿਬ ਰਾਇ ਜੱਟ ਨੇ ਪੱਟੀ ਜਾ ਫਰਿਆਦ ਕੀਤੀ ਹੈ ਦਰੋਗੇ ਕੋਲ।

"ਤੁਮ ਈਹਾਂ ਬੈਠੇ ਸੁਖ ਸੋਂ ਘਰੀਂ॥੨੩॥ ਵਾਹ ਬਈ ਵਾਹ ! ਠਾਣੇਦਾਰੋ ਤੁਸੀਂ ਤਾਂ ਏਥੇ ਸੁਖ ਨਾਲ ਮੌਜ ਨਾਲ ਬੈਠੇ ਹੋ ਆਪਣੀ ਘਰੀਂ, ਬਾਹਰ ਪਤਾ ਕੀ ਹੋਈ ਜਾਂਦਾ ?। ੨੩।

ਹਮ ਤੋ ਲੀਨੇ ਸਿੰਘਨ ਉਗਰਾਹਿ॥ ਸਾਡੇ ਕੋਲੋਂ ਤਾਂ ਸਰਕਾਰੀ ਮਾਮਲਾ ਸਿੰਘਾਂ ਨੇ ਉਗਰਾਹ ਲਿਆ, ਝੂਠੀ ਤੁਹਮਤ ਲਾ ਦਿੱਤੀ ਜਾ ਕੇ ! ਉਹ ਤਾਰਾ ਸਿੰਘ ਸਾਡੇ ਕੋਲੋਂ ਜਬਰਦਸਤੀ ਮਾਮਲਾ ਮੰਗਦਾ ਹੈ ਕਹਿੰਦਾ ਤੁਰਕਾਂ ਨੂੰ ਨਹੀਂ ਲੈਣ ਦੇਣਾ ਹੈ।

ਹਮ ਤੋ ਟਕੇ ਇਕ ਹੀ ਦੇਂ ਥਾਂਹਿ''॥ ਅਸੀਂ ਤਾਂ ਇੱਕ ਥਾਂ ਤੇ ਹੀ ਪੈਸੇ ਦਿਆਂਗੇ ਚੌਧਰੀ ਨੇ ਭਾਈ ਤਾਰਾ ਸਿੰਘ ਤੇ ਇਸ ਤਰ੍ਹਾਂ ਚੁਗਲੀ ਲਾਈ।

ਸੁਨਿ ਹਾਕਮ ਤਿਸ ਲਗ ਗਈ ਆਗ॥ ਜਦੋਂ ਮਾਮਲਾ ਉਗਰਾਹੁਣ ਦੀ ਗੱਲ ਹਾਕਮ ਨੇ ਸੁਣੀ ਮਾਮਲਾ ਉਹ ਉਗਰਾਹੁੰਦੇ ਨੇ, ਉਸ ਨੂੰ ਗੱਲ ਸੁਣਨ ਸਾਰ ਹੀ ਅੱਗ ਲੱਗ ਗਈ, ਉਹ ਬੜੇ ਹੀ ਕ੍ਰੋਧ ਵਿੱਚ ਆਇਆ।

ਸੁਤੋ ਸ਼ੇਰ ਜਨੁ ਉਠਿਓ ਜਾਗ॥੨੪॥ ਜਾਣੋਂ ਸੁੱਤਾ ਹੋਇਆ ਸ਼ੇਰ ਹੀ ਜਾਗ ਪਿਆ ਹੈ। ੨੪।

ਤੋਂ ਪੁਛਜੋ ਹਾਕਮ ਸਿੰਘ ਹੈਂ ਕਿਤ ਥਾਂਇ॥ ਤਦ ਪੱਟੀ ਵਾਲੇ ਹਾਕਮ ਨੇ ਪੁਛਿਆ ਹੈ ਸਾਹਿਬ ਰਾਇ ਨੂੰ ਕਿ ਸਿੰਘ ਕਿਹੜੀ ਜਗ੍ਹਾ ਹਨ।

ਕਹੀ ਜੱਟ ਜਹਿੰ ਬੁਟਰਨ ਬਾਇ॥ ਇਨ੍ਹਾਂ ਜੱਟਾਂ ਨੇ ਜਾ ਕੇ ਕਿਹਾ ਜਿਥੇ ਬੁਟਰਾਂ ਦੀ ''ਵਾਂ'' ਪਿੰਡ ਹੈ।

ਤਹਿੰ ਬਹਜੋ ਤਾਰਾ ਸਿੰਘ ਬੁੰਗੋ ਚਿਣਾਇ॥ ਉਥੇ ਤਾਰਾ ਸਿੰਘ ਨਾਮ ਦਾ ਤੱਤ ਖਾਲਸਾ ਉਥੇ ਬੁੰਗਾ ਉਸਾਰ ਕੇ ਬੈਠਾ ਹੈ।

ਦਜੋ ਰੌਲੋ ਉਨਿ ਗਿਰਦੈ ਪਾਇ॥੨੫॥ ਇਰਦ ਗਿਰਦ ਨੇੜੇ ਤੇੜੇ ਉਸ ਨੇ (ਰੌਲਾ) ਲੜਾਈ ਪਾਈ ਹੋਈ ਹੈ। ੨੫।

ਤੋਂ ਹਾਕਮ ਉਸ ਪੁਛੀ ਸਲਾਹਿ॥ ਤਾਂ ਪੱਟੀ ਦੇ ਹਾਕਮ ਨੇ ਉਸ ਤੋਂ ਸਲਾਹ ਪੁੱਛੀ ਹੈ।

''ਕਿਤਕ ਜਮਯਤ ਹੈ ਤਿਹ ਪਾਹਿ''॥ ਕਿੰਨੀ ਕੁ (ਜਮਯਤ) ਜਮਾਤ, ਫੌਜ ਹੈ ਉਸਦੇ ਕੋਲ।

ਜੱਟ ਕਹੀ ''ਉਸ ਪੈ ਗੜ੍ਹ ਨਾਂਹੀ॥ ਜੱਟ ਕਹਿਣ ਲੱਗੇ ਉਥੇ ਕਿਹੜਾ ਕਿਲ੍ਹਾ ਚਿਣੀ ਬੈਠਾ ਉਹ, ਉਸ ਨੇ ਪੱਧਰੇ ਰੜੇ ਹੀ ਬੁੰਗਾ ਬਣਾਇਆ ਹੋਇਆ ਧਰਮਸ਼ਾਲਾ ਬਣਾਈ ਹੋਈ ਹੈ ਛੋਟੀ ਜਿਹੀ।

ਦੋ ਇਕ ਚੁਬਾਰੋ ਹੈਂ ਉਨ ਪਾਹੀਂ॥੨੬॥ ਬੱਸ, ਇੱਕ ਦੋ ਚੁਬਾਰੇ ਹਨ ਉਨ੍ਹਾਂ ਦੇ ਕੋਲ। ੨੬।

ਦਸ ਬੀਸ ਸਿੰਘ ਤੋਂ ਸਦਹੀ ਰਹੈਂ॥ ਦਸ ਵੀਹ ਸਿੰਘ ਤਾਂ ਉਸਦੇ ਡੇਰੇ ਵਿਚ ਸਦਾ ਹੀ ਰਹਿੰਦੇ ਹਨ।

ਦਸ ਪੰਜ ਔਰ ਭੀ ਆਵਹਿ ਜਹੈਂ॥ ਪੰਜ ਦਸ ਪੰਦਰਾਂ ਹੋਰ ਵੀ ਆਉਂਦੇ ਜਾਂਦੇ ਰਹਿੰਦੇ ਹਨ।

ਕਿਸ ਨੇਜੋ ਕਿਸ ਪਹਿ ਤਲਵਾਰ॥ ਜਦੋਂ ਪੁਛਿਆ ਉਨ੍ਹਾਂ ਕੋਲ ਸ਼ਸਤ੍ਰ ਕੀ ਹਨ? ਕਹਿੰਦਾ ਕਿਸੇ ਕੋਲ ਨੇਜਾ ਹੈ ਕਿਸੇ ਕੋਲ ਤਲਵਾਰ ਹੈ।

ਕਈ ਰਹੈਂ ਤਹਿੰ ਬਿਨ ਹਥਿਆਰ''॥੨੭॥ ਕਈ ਬਿਨਾਂ ਹਥਿਆਰਾਂ ਤੋਂ ਵੀ ਰਹਿੰਦੇ ਨੇ ਉੱਥੇ, ਜਿਨ੍ਹਾਂ ਕੋਲ ਕੋਈ ਸ਼ਸਤ੍ਰ ਨਹੀਂ ਸੇਵਾਦਾਰ, ਲਾਂਗਰੀ, ਦੇਗੀਏ ਆਦਿਕ ਉਨ੍ਹਾਂ ਕੋਲ ਕੋਈ ਹਥਿਆਰ ਨਹੀਂ ਚੰਗੇ। ੨੭।

ਸੁਨ ਹਾਕਮ ਚੜ੍ਹਜੋ ਪੱਟੀਓਂ ਧਾਇ॥ ਇਹ ਸੁਣਕੇ ਪੱਟੀ ਦੇ ਹਾਕਮ ਨੇ ਚੜ੍ਹਾਈ ਕਰ ਦਿੱਤੀ ਹੈ ਫੌਜ ਲੈ ਕੇ।

ਮੁਹਰੇ ਤੋਰਜੋ ਕਰ ਸਾਹਿਬ ਰਾਇ॥ ਚੌਧਰੀ ਸਾਹਿਬ ਰਾਇ ਨੂੰ ਅੱਗੇ ਕਰ ਤੋਰ ਲਿਆ ਹੈ, ਕਿਥੇ ਕੁ ਹੈ ਡੇਰਾ ਵਿਖਾ ਸਾਨੂੰ।

ਅੱਸੀ ਪਜਾਦੇ, ਪੰਝੀ ਅਸਵਾਰ॥ ਅੱਸੀ ਪੈਦਲ ਸਿਪਾਹੀ ਤੇ ਪੰਝੀ ਘੋੜ ਸਵਾਰ।

ਤੁਰੇ ਧੁਰੋਂ ਕਰਤ ਮਾਰੋ ਮਾਰ॥੨੮॥ ਧੁਰ ਪੱਟੀ ਤੋਂ ਮਾਰੋ ਮਾਰ ਕਰਦੇ ਤੁਰੇ ਹਨ। ੨੮।

ਦੋਹਰਾ॥ ਫੁਰਤੀ ਤੇ ਵਹਿ ਆਯੋ, ਮਤਿ ਸਿੰਘ ਸੁਨ ਨੱਠ ਜਾਇ॥ ਪੱਟੀ ਵਾਲਾ ਦਰੋਗਾ ਬੜੀ ਫੁਰਤੀ ਨਾਲ ਰਾਤੋ ਰਾਤ ਚੜ੍ਹਾਈ ਕਰਕੇ ਆਇਆ ਹੈ ਕਿ ਕਿਤੇ ਸਿੰਘ ਪੁਲਸ ਦਾ ਆਉਣਾ ਸੁਣ ਕੇ ਭੱਜ ਨਾ ਜਾਣ।

ਲਈਅਗੁ ਘੇਰ ਸੁਵੇਰ ਤੋਂ, ਦਈਅਗੁ ਲਹੌਰ ਪਹੁੰਚਾਇ॥੨੯॥ ਸਵੇਰ ਹੋਣ ਤੋਂ ਪਹਿਲਾਂ ਪਹਿਲਾਂ ਤਾਰਾ ਸਿੰਘ ਅਤੇ ਉਸਦੇ ਸਾਥੀਆਂ ਨੂੰ ਘੇਰ ਕੇ ਫੜ ਲਈਏ ਅਤੇ ਦਿਨ ਚੜ੍ਹਦੇ ਨਾਲ ਲਹੌਰ ਪਹੁੰਚਾ ਦੇਈਏ। ੨੯।

ਚੌਪਈ॥ ਇਤ ਬਘੇਲ ਸਿੰਘ ਬਾਣੀ ਭੋਗ ਪਾਯੋ॥ ਏਧਰ ਭਾਈ ਬਘੇਲ ਸਿੰਘ ਨੇ ਅੰਮ੍ਰਿਤ ਵੇਲੇ ਦੇ ਨਿੱਤਨੇਮ ਦੀ ਬਾਣੀ ਦਾ ਭੋਗ ਪਾਇਆ ਹੈ।

ਕਰ ਅਰਦਾਸ ਸਿੰਘ ਜੰਗਲੈ ਧਾਯੋ॥ ਅਰਦਾਸਾ ਸੋਧ ਕੇ ਭਾਈ ਬਘੇਲ ਭੁੱਸਿਆਂ ਵਾਲਾ (ਜੰਗਲ) ਮੈਦਾਨੇ, ਸੁਚੇਤੇ ਹੋਣ ਨੂੰ ਚੱਲਿਆ ਹੈ।

ਆਵਤ ਫੌਜ ਤੁਰਕ ਨਦਰ ਉਸ ਆਈ॥ ਖੜਕਾ ਹੋਇਆ ਘੋੜਿਆਂ ਦੇ ਪੈੜਾਂ ਦਾ, ਸਿਪਾਹੀ ਆਪਸ ਵਿੱਚ ਘੁਸਰ ਮੁਸਰ ਕਰਦੇ ਆ ਰਹੇ ਸਨ, ਸਵੇਰੇ ਸਵੇਰ ਪਹੁ ਫੁੱਟੀ ਨਾਲ ਬਘੇਲ ਸਿੰਘ ਨੂੰ ਤੁਰਕਾਂ ਦੀ ਫੌਜ ਆਉਂਦੀ ਨਜ਼ਰ ਪਈ ਹੈ।

ਥੀ ਤੁਰਕਨ ਸਿਰ ਸਿੰਘਨ ਅਵਾਈ॥੩੦॥ ਸਿੰਘਾਂ ਨੂੰ ਏਨੀ ਕੁ ਖਬਰ ਸੀ ਤੁਰਕਾਂ ਦੀ ਕਿ ਤੁਰਕ ਸਾਡੇ ਤੇ ਜਰੂਰ ਚੜ੍ਹਾਈ ਕਰਕੇ ਆਉਣਗੇ। ਅਵਾਈ= ਆਉਣ ਦੀ ਖ਼ਬਰ ਫੌਜ ਦੀ। ੩੦।

ਹੱਥ ਨੇਜੋ ਉਸ ਗਾੜ੍ਹੈ ਤਲਵਾਰ॥ ਬਘੇਲ ਸਿੰਘ ਦੇ ਇੱਕ ਹੱਥ ਵਿੱਚ ਨੇਜਾ ਫੜਿਆ ਹੋਇਆ ਹੈ, ਅਤੇ ਗਾਤਰੇ ਵਿਚ ਸ੍ਰੀ ਸਾਹਿਬ ਸਜਾਈ ਹੋਈ ਹੈ।

ਗਡਵੋ ਜਲ ਦੂਏ ਹੱਥ ਸੋਂਚ ਵਾਰ॥ ਸੁਚੇਤੇ ਹੋਣ ਵਾਸਤੇ ਦੂਜੇ ਹੱਥ ਵਿੱਚ ਪਾਣੀ ਵਾਲਾ ਗੜਵਾ ਫੜਿਆ ਹੋਇਆ ਸੀ।

ਵੇਖ ਸਿੰਘ ਚਿਤ ਮਤਾ ਮਤਾਯਾ॥ ਫੌਜ ਨੂੰ ਵੇਖਕੇ ਸਿੰਘ ਨੇ ਆਪਣੇ ਮਨ ਵਿਚ ਸਲਾਹ ਕੀਤੀ ਹੈ।

ਅਬ ਖਬਰ ਕਰਨ ਜਾਉਂ ਜੇ ਪਿਛਲੈ ਦਾਯਾ॥੩੧॥ ਮਨ ਵਿੱਚ ਇਹ ਵਿਚਾਰ ਕੀਤੀ ਕਿ ਜੇ ਮੈਂ ਪਿੱਛੇ ਸਿੰਘਾਂ ਨੂੰ ਖਬਰ ਕਰਨ ਗਿਆ, ਤਕੜੇ ਹੋ ਜਾਉ, ਫੌਜ ਆ ਗਈ ਹੈ। ਆਪਣੇ ਬੁੰਗੇ ਨੂੰ ਘੇਰਾ ਪੈ ਗਿਆ। ੩੧।

ਸਿੰਘ ਕਹੈਂਗੇ ਡਰ ਮੁੜ ਆਯਾ॥ ਕਿ ਸਿੰਘ ਕਹਿਣਗੇ ਡਰਦਾ ਮੁੜ ਆਇਆ ਹੈ ਬਘੇਲ ਸਿੰਘ। ਪਹਿਲਾਂ ਤਾਂ ਮੂਹਰੇ ਘੋੜੀਆਂ ਲਿਜਾਣ ਅਤੇ ਹੋਰ ਸਾਰੇ ਕੰਮ ਕਰਨ ਵਿੱਚ, ਜੇ ਫੌਜ ਆਈ ਹੈ ਤਾਂ ਸਾਨੂੰ ਦੱਸਣ ਆਇਆ ਹੈ ਪਿੱਛੇ।

ਇਨ ਨੈ ਹੀ ਥੋ ਦੰਗੋ ਉਠਾਯਾ॥ ਏਸੇ ਨੇ ਹੀ ਤਾਂ ਦੰਗਾ ਉਠਾਇਆ ਸੀ ਭਾਵ ਸਾਰਾ ਕਾਰਨ ਬਣਿਆ ਸੀ ਫਸਾਦ ਦਾ, ਸਿੰਘ ਇਉਂ ਕਹਿਣਗੇ।

ਉਨਕੋ ਖਬਰ ਆਪ ਹੁਇ ਆਊਗੁ॥ ਬੁੰਗੇ ਵਿੱਚ ਉਨ੍ਹਾਂ ਸਿੰਘਾਂ ਨੂੰ ਆਪੇ ਖਬਰ ਹੋ ਆਵੇਗੀ।

ਮਾਰ ਕੂਟ ਜਬ ਜੰਗ ਕੀ ਪਾਊਗ॥੩੨॥ ਜਦੋਂ ਜੰਗ ਦੀ ਮਾਰ ਕੁੱਟ ਹੋਵੇਗੀ ਉਧਰੋ ਉੱਧਰੀ ਸ਼ਸਤ੍ਰ ਚਲਣਗੇ, ਪਤਾ ਲੱਗ ਜਾਣਾ ਸਭ ਨੂੰ। ੩੨।

ਉਨ ਦਯੋ ਲਲਕਾਰੋ ਤੁਰਕਨ ਬੁਲਾਇ॥ ਬਘੇਲ ਸਿੰਘ ਉਥੇ ਹੀ ਖੜ ਗਿਆ ਹੈ ਉਸਨੇ ਉਚੀ ਅਵਾਜ ਵਿੱਚ ਲਲਕਾਰਾ ਮਾਰਕੇ ਤੁਰਕਾਂ ਨੂੰ ਬੁਲਾਇਆ ਹੈ।

"ਤੁਮ ਤੁਰਜੋ ਅਗੈ ਹਮ ਬਾਤ ਸੁਨਾਇ"॥ ਬਘੇਲ ਸਿੰਘ ਨੇ ਕਿਹਾ ਮੇਰੀ ਗੱਲ ਸੁਣ ਕੇ ਫੇਰ ਅੱਗੇ ਤੁਰਿਓ।

ਸੋਊ ਸਾਹਿਬ ਰਾਇ ਲਯੋ ਪਛਾਣ॥ ਉਸਨੂੰ ਸਾਹਿਬ ਰਾਇ ਚੌਧਰੀ ਨੁਸ਼ਹਿਰੇ ਵਾਲੇ ਨੇ ਪਛਾਣ ਲਿਆ ਹੈ, ਜਦੋਂ ਬਘੇਲ ਸਿੰਘ ਨੇ ਲਲਕਾਰਾ ਮਾਰਿਆ।

ਕਹਯੋ ਹਾਕਮਹਿ ਮਤ ਏ ਪਾਏ ਜਾਣ॥੩੩॥ ਸਾਹਿਬ ਰਾਇ ਕਹਿਣ ਲੱਗਾ ਪੱਟੀ ਦੇ ਹਾਕਮ ਨੂੰ, ਆਹ ਜਿਹੜੇ ਸਿੰਘ ਨੇ ਲਲਕਾਰਾ ਮਾਰਿਆ ਹੈ ਇਹ ਹੁਣ ਜਾਣਾ ਨਾ ਪਾਏ। ੩੩।

ਯਹਿ ਹੈ ਸਿੰਘਨ ਮੈਂ ਬਡੀ ਬਿਆਧ॥ ਇਹ ਸਿੰਘਾਂ ਵਿਚ ਬੜੀ ਵੱਡੀ ਬਲਾ ਹੈ, ਇਹ ਬਹੁਤ ਬਲੀ ਸਿੰਘ ਹੈ, ਇਹ ਨਾ ਨਿਕਲ ਜਾਂਦਾ ਹੋਵੇ ਹੁਣ।

ਇਸ ਇਕ ਮਾਰੇ ਹੁਇ ਜੈਹੈਂ ਆਧ॥ ਜੇ ਇਸ ਨੂੰ ਇਕੱਲੇ ਨੂੰ ਮਾਰ ਲਿਆ ਤਾਂ ਸਮਝ ਲਉ ਅੱਧੇ ਮਾਰ ਲਏ, ਜੇ ਇਹ ਨਿਕਲ ਗਿਆ ਹੱਥੋਂ ਤਾਂ ਵੇਖ ਲਉ ਕਿੱਡਾ ਇਹ ਸਿੰਘ ਬਲੀ ਹੈ, ਇਹ ਕੀ ਕੁਛ ਕਰੇਗਾ ਸਾਨੂੰ ਵੇਖ ਲਉ।

ਯਹੀ ਚੋਰ ਹੈ ਘੋੜੀਅਨ ਵਾਰੋ॥ ਘੋੜੀਆਂ ਵਾਲਾ ਚੋਰ ਵੀ ਏਹੀ ਹੈ, ਘੋੜੀਆਂ ਵੀ ਏਹੀ ਲੈ ਕੇ ਗਿਆ ਹੈ।

ਹੈ ਸਿੰਘਾਂ ਮਧ ਬਡੋ ਖੁਆਰੋ॥੩੪॥ ਇਹ ਸਿੰਘਾਂ ਵਿਚੋਂ ਵੱਡਾ ਖੁਆਰੀ ਕਰਨ ਵਾਲਾ ਹੈ, ਇਹ ਵੱਡੀ ਕਲਹ ਹੈ ਇਹ ਨਾ

ਜਾਣਾਂ ਪਾਏ, ਇਉਂ ਹਾਕਮਾਂ ਨੂੰ ਸਮਝਾਉਂਦਾ ਹੈ। ੩੪।

ਦੋਹਰਾ॥ ਤੌ ਹਾਕਮ ਹੱਲਾ ਕੀਯੋ, "ਮਤ ਸਿੰਘ ਪਾਵੈ ਜਾਣ"॥ ਤਾਂ ਹਾਕਮ ਨੇ ਉਸੇ ਵੇਲੇ ਹੱਲਾ ਕੀਤਾ, ਕਿ ਇਹ ਸਿੰਘ ਹੱਥੋਂ ਨਿਕਲ ਨ ਜਾਵੇ। ਭੱਜ ਨਾ ਜਾਵੇ ਕਿਤੇ ਫੜ ਲਉ ਏਸ ਨੂੰ।

ਸਿੰਘ ਭੀ ਅਗਜੋਂ ਕੁਦ ਪਯੋ, ਤੀਂਹ ਹੀ ਮਚ ਗਜੋ ਘਾਣ॥੩੫॥ ਸਿੰਘ ਵੀ ਕੁੱਦ ਪਿਆ ਅੱਗੋਂ, ਮਾਰ ਕੇ ਛਾਲ ਵਿੱਚ ਵੜ ਗਿਆ ਫੌਜ ਦੇ, ਉਥੇ ਹੀ ਘਾਣ ਮੱਚ ਗਿਆ, ਉਥੇ ਹੀ ਲੜਾਈ ਸ਼ੁਰੂ ਹੋ ਗਈ ਹੈ। ੩੫।

ਚੌਪਈ॥ ਉਇ ਤੀਰ ਬੰਦੂਕ ਤਕ ਉਸੇ ਚਲਾਂਹ॥ ਅੰਮ੍ਰਿਤ ਵੇਲੇ ਦਾ ਹਨੇਰੇ ਦਾ ਸਮਾਂ ਤੁਰਕ ਉਸਨੂੰ ਤੱਕ ਕੇ ਬੰਦੂਕਾਂ ਦਾ ਫਾਇਰ ਕਰਦੇ ਹਨ ਅਤੇ ਤੀਰ ਚਲਾਉਂਦੇ ਹਨ।

ਵਹਿ ਰਲ ਗਯੋ ਉਨ ਹੀ ਮਾਂਹਿ॥ ਬਘੇਲ ਸਿੰਘ ਉਨ੍ਹਾਂ ਦੇ ਵਿੱਚੇ ਹੀ ਰਲ ਗਿਆ ਹੈ।

ਉਨ ਕੇ ਸ਼ਸਤ੍ਰ ਉਨ ਲਗ ਪਾਂਹਿ॥ ਉਨ੍ਹਾਂ ਦੇ ਸ਼ਸਤ੍ਰ ਚਲਾਏ ਹੋਏ ਉਨ੍ਹਾਂ ਨੂੰ ਵਜਦੇ ਹਨ, ਬਘੇਲ ਸਿੰਘ ਤਾਂ ਇਕੱਲਾ ਹੈ, ਤੁਰਕਾਂ ਵੱਲੋਂ ਕੋਈ ਤੀਰ ਗੋਲੀ ਚਲਾਉਂਦਾ ਹੈ ਤਾਂ ਉਨ੍ਹਾਂ ਦੇ ਆਪ ਦੇ ਹੀ ਵੱਜਦੇ ਹਨ।

ਰਾਤ ਹਨੇਰੀ ਸਮਝ ਨ ਆਹਿ॥੩੬॥ ਹਨੇਰੀ ਰਾਤ ਹੈ ਕੁਛ ਸਮਝ ਨਹੀਂ ਆਉਂਦੀ ਕਿ ਕਿਸ ਦੇ ਸ਼ਸਤ੍ਰ ਵਜਦਾ ਕਿਸ ਦੇ ਨਹੀਂ। ੩੬।

ਕਿਸੈ ਨੇਜਾ ਕਿਸ ਮਾਰੈ ਤਲਵਾਰ॥ ਕਿਸੇ ਨੂੰ ਨੇਜਾ ਮਾਰਦਾ ਹੈ, ਕਿਸੇ ਨੂੰ ਤਲਵਾਰ ਮਾਰਦਾ ਹੈ ਬਘੇਲ ਸਿੰਘ, ਜਿਹੜਾ ਮੂਹਰੇ ਆ ਜਾਂਦਾ ਹੈ ਉਸੇ ਨੂੰ ਝਟਕਾ ਦਿੰਦਾ ਹੈ।

ਉਪਰ ਘੋੜਜੋਂ ਸਿੰਘ ਤੁਰਤ ਦਏ ਡਾਰ॥ ਤੁਰਤ ਹੀ ਸ਼ਸਤ੍ਰ ਵਾਹ ਕੇ ਘੋੜੇ ਤੋਂ ਹੇਠਾਂ ਸੁੱਟ ਦਿੰਦਾ ਹੈ ਬਘੇਲ ਸਿੰਘ।

ਇਕ ਹੁਤੋ ਭਤੀਜੋ ਉਸ ਫੌਜਦਾਰ॥ ਉਸ ਫੌਜਦਾਰ ਦਾ ਇੱਕ ਭਤੀਜਾ ਸੀ ਫੌਜ ਦੇ ਵਿੱਚ ਸਿਪਾਹੀ।

ਰੌਲੈ ਗੌਲੈ ਮੈਂ ਵਹਿ ਭਜੋ ਮਾਰ॥੩੭॥ ਰੌਲੇ ਗੌਲੇ ਦੇ ਵਿੱਚ, ਵਾਹਿਗੁਰੂ ਜਾਣੇ ਬਘੇਲ ਸਿੰਘ ਦਾ ਸ਼ਸਤ੍ਰ ਵੱਜਿਆ ਜਾਂ ਉਨ੍ਹਾਂ ਦਾ ਆਪ ਦਾ ਸ਼ਸਤ੍ਰ ਵੱਜਿਆ ਕਿਸੇ ਦਾ ਉਹ ਵੀ ਮਾਰਿਆ ਗਿਆ ਹੈ। ੩੭।

ਕਜਾ ਜਾਣੋ ਕਿਸ ਤੈ ਲਗ ਗਈ॥ ਕੀ ਜਾਣੀਏ ਕਿਸ ਤੋਂ ਉਸਦੇ ਵਜ ਗਈ।

ਨਾਇ ਬਘੇਲ ਸਿੰਘ ਫੜੈ ਸੁ ਅਈ॥ ਇਹ ਜੋ ਫੌਜਦਾਰ ਦਾ ਭਤੀਜਾ ਮਾਰਿਆ ਹੈ, ਇਹਦੀ ਫੜ੍ਹੇ ਬਘੇਲ ਸਿੰਘ ਦੇ ਨਾਮ ਆਈ ਹੈ, ਭਾਵ ਤੁਰਕ ਕਹਿਣ ਲੱਗੇ ਬਘੇਲ ਸਿੰਘ ਨੇ ਮਾਰਿਆ ਹੈ।

ਤੌ ਲੌ ਆਨ ਪਿਆਦੇ ਪਏ॥ ਇਹ ਤਾਂ ਘੋੜਿਆਂ ਵਾਲੇ ਪੰਝੀ ਘੋੜ ਸਵਾਰ ਪਹਿਲਾਂ ਪਹੁੰਚ ਚੁੱਕੇ ਸਨ ਜਿਨ੍ਹਾਂ ਨਾਲ ਜੁੱਧ ਹੋ ਰਿਹਾ ਸੀ, ਅੱਸੀ ਪਿਆਦੇ ਪਿਛੇ ਆ ਰਹੇ ਸਨ, ਏਨੇ ਨੂੰ ਪੈਦਲ ਫੌਜ ਵੀ ਆ ਗਈ।

ਮਾਰ ਗੋਲੀ ਸਿੰਘ ਪੱਟ ਭੰਨ ਦਏ॥੩੮॥ ਜਦੋਂ ਉਹਨਾਂ ਨੇ ਫੌਜ ਨਾਲ ਬਘੇਲ ਸਿੰਘ ਨੂੰ ਲੜਦਿਆਂ ਵੇਖਿਆ, ਤਾਂ ਉਨ੍ਹਾਂ ਨੇ ਗੋਲੀ ਮਾਰ ਕੇ ਸਿੰਘ ਦੇ ਪੱਟ ਭੰਨ ਦਿੱਤੇ। ੩੮।

ਚਲੀ ਬੰਦੂਕ ਸਿੰਘਨ ਸੁਨ ਪਾਈ॥ ਜਦੋਂ ਬੰਦੂਕ ਚੱਲੀ ਤੇ ਗੋਲੀਆਂ ਦੇ ਫਾਇਰ ਦਾ ਖੜਕਾ ਹੋਇਆ, ਬੁੰਗੇ ਅੰਦਰ ਗੋਲੀ ਦੀ ਅਵਾਜ ਸਿੰਘਾਂ ਨੇ ਸੁਣੀ, ਕਿ ਬਾਹਰ ਤਾਂ ਜੰਗ ਹੋ ਰਿਹਾ ਹੈ, ਬਾਹਰ ਤਾਂ ਗੋਲੀ ਚੱਲ ਰਹੀ ਹੈ।

ਨਿਕਲ ਸਿੰਘਨ ਦਈ ਭਜਾਇ ਲੜਾਈ॥ ਬੁੰਗੇ ਅੰਦਰੋਂ ਸਿੰਘਾਂ ਦਾ ਜੱਥਾ ਟੁੱਟ ਕੇ ਪੈ ਗਿਆ ਹੈ ਵੈਰੀਆਂ ਤੇ, ਅਤੇ ਲੜਾਈ ਕਰਨ ਵਾਲਿਆਂ ਨੂੰ ਭਜਾ ਦਿੱਤਾ ਹੈ।

ਤੁਰਕ ਚਾਲੂ ਕਰ ਦਏ ਹਟਾਇ॥ ਤੁਰਕਾਂ ਨੂੰ ਚਾਲੂ ਕਰ ਲਿਆ ਹੈ ਸਿੰਘਾਂ ਨੇ, ਪਿਛੇ ਹਟਾ ਦਿਤੇ ਹਨ, ਭਜਾ ਦਿੱਤੇ ਹਨ ਤੁਰਕ।

ਮੁਯੋ ਦੂਯੋ ਭਾਈ ਪਰ ਦੂਯੋ ਭਰਾਇ॥੩੯॥ ਇਸ ਦਾ ਦੂਜਾ ਭਰਾ ਤੇ ਦੂਜਾ ਭਤੀਜਾ ਵੀ ਮਰਿਆ ਵਿੱਚੇ ਫੌਜਦਾਰ ਦਾ। ੩੯।

ਦੋਹਰਾ॥ ਹੁਇ ਚਾਲੂ ਫੁਜਦਾਰ, ਮੁੜ ਉਤਰਜੋ ਕੰਬੋ ਕੀ ਜਾਇ॥ ਫੌਜਦਾਰ ਸਿੰਘਾਂ ਤੋਂ ਚਾਲੂ ਹੋ ਗਿਆ ਮੁੜ ਕੇ ਕੰਬੋ ਕੀ ਮਾੜੀ ਜਾ ਉਤਰਿਆ ਹੈ।

ਉਨ ਡੇਰ ਲਹੌਰੈ ਰੁਖ ਕੀਯੋ, ਫਿਰਯਾਦ ਨਬਾਬਹਿ ਪਾਇ॥੪੦॥ ਉਸ ਨੇ ਲਹੌਰ ਵੱਲ ਨੂੰ ਮੂੰਹ ਕਰ ਲਿਆ ਹੈ ਲੌਥਾਂ ਚੁਕਾ ਕੇ, ਲਹੌਰ ਦੇ ਨਬਾਬ ਕੋਲ ਫਰਿਆਦ ਕਰਨ ਵਾਸਤੇ। ੪੦।

ਚੌਪਈ॥ ਖਾਨ ਬਹਾਦਰ ਹੁਤੋ ਨਬਾਬ॥ ਖਾਨ ਬਹਾਦਰ ਜਿਸਨੂੰ ਸਿੰਘ ਖਾਨੂੰ ਕਹਿੰਦੇ ਸਨ ਇਹ ਉਸ ਸਮੇਂ ਲਹੌਰ ਦਾ ਨਬਾਬ ਸੀ।

ਵਹ ਤੁਰਜੋ ਦਿਖਾਵਨ ਆਪਨੋ ਬਾਬ॥ ਉਹ ਫੌਜਦਾਰ ਆਪਣਾ (ਬਾਬ) ਹਾਲ ਦਿਖਾਉਣ ਗਿਆ ਖਾਨ ਬਹਾਦਰ ਨੂੰ।

ਸੁਨ ਸਿੰਘਨ ਕਈਅਨ ਸੋਚ ਪਈ॥ ਜਦੋਂ ਬਘੇਲ ਸਿੰਘ ਸ਼ਹੀਦ ਹੋ ਗਿਆ ਅਤੇ ਫੌਜ ਭੱਜ ਗਈ ਤੁਰਕਾਂ ਦੀ, ਇਹ ਸੁਣ ਕੇ ਕਿ ਪੱਟੀ ਵਾਲਾ ਫੌਜਦਾਰ ਲਹੌਰ ਤੋਂ ਹੋਰ ਫੌਜ ਲੈਣ ਵਾਸਤੇ ਗਿਆ ਹੈ, ਤਾਂ ਸਿੰਘਾਂ ਨੂੰ ਸੋਚ ਪੈ ਗਈ, ਆਉਣ ਵਾਲੇ ਸਮੇਂ ਦੇ ਸਿੱਟੇ ਨੂੰ ਸੋਚਣ ਲੱਗ ਪਏ, ਕਿ ਅੱਗੇ ਕੀ ਹੋਵੇਗਾ।

ਤਾਰੇ ਸਿੰਘ ਪਹਿ ਆਨ ਇਮ ਕਹੀ॥ ੪੧॥ ਉਹਨਾਂ ਭਾਈ ਤਾਰਾ ਸਿੰਘ ਜੀ ਨੂੰ ਆ ਕੇ ਇਉਂ ਕਿਹਾ। ੪੧।

(ਤਾਰਾ ਸਿੰਘ ਸ਼ਹੀਦ ਦੀ ਤਿਆਰੀ)

"ਅਬ ਤੋ ਫਤ੍ਹੇ ਤੁਮਾਰੀ ਭਈ॥ ਖਾਲਸਾ ਜੀ ! ਹੁਣ ਤਾਂ ਤੁਹਾਡੀ ਜਿੱਤ ਹੋ ਗਈ ਹੈ, ਤੁਰਕਾਂ ਦੀ ਫੌਜ ਭੱਜ ਚੁੱਕੀ ਹੈ।

ਅਬ ਹੁਇ ਜਾਵੋ ਕਿਤ ਛਈ ਮਈ॥ ਸਿਆਣਿਆਂ ਸਿਆਣਿਆਂ ਸਿੰਘਾਂ ਨੇ ਆ ਕੇ ਗੱਲ ਕੀਤੀ, "ਤਾਰਾ ਸਿੰਘ ਜੀ ਹੁਣ ਕਿਤੇ ਛਈ ਮਈ ਹੋ ਜਾਈਏ, ਚਾਲਾ ਪਾ ਦੇਈਏ, ਕਿਸੇ ਝੱਲ ਬੇਲੇ ਵਿਚ ਚਲ੍ਹ ਵੜੀਏ।

ਹਮ ਤੇ ਲਰ ਤੁਰਕ ਜਿਤ ਨਹਿੰ ਜਾਇੰ॥ ਆਪਾਂ ਘਟ ਗਿਣਤੀ ਵਿੱਚ ਹਾਂ ਜੇ ਅਸੀਂ ਇਹਨਾਂ ਦਾ ਸਾਮ੍ਹਣਾ ਕੀਤਾ, ਇਨ੍ਹਾਂ ਨਾਲ ਲੜੇ ਤਾਂ ਸਾਰੇ ਤੁਰਕ ਤਾਂ ਜਿੱਤੇ ਨਹੀਂ ਜਾ ਸਕਦੇ।

ਕਿਮ ਹਮ ਮਰ ਕਰ ਜਾਨ ਗਵਾਂਇ" ॥੪੨॥ ਤੇ ਫਿਰ ਐਵੇਂ ਖਾਹ ਮਖਾਹ ਲੜਕੇ ਕਿਉਂ ਜਾਨ ਗਵਾਉਂਦੇ ਹੋ। ੪੨।

ਤੌ ਸਿੰਘ ਜੀ ਉਨ ਅਗਜੋਂ ਉਚਾਰੀ॥ ਤਾਂ ਭਾਈ ਤਾਰਾ ਸਿੰਘ ਜੀ ਨੇ ਅੱਗੋਂ ਉੱਤਰ ਦਿੱਤਾ ਇਹਨਾਂ ਨੂੰ।

"ਹਮ ਤੋ ਕਰਹਿ ਨ ਜਾਨ ਪਿਆਰੀ॥ ਗੁਰਮੁਖੋ ! ਮੈਨੂੰ ਤਾਂ ਜਾਨ ਪਿਆਰੀ ਨਹੀਂ ਹੈ, ਮੈਂ ਤਾਂ ਏਸ ਡੇਰੇ ਵਿਚੋਂ ਕਦਮ ਨਹੀਂ ਚੁੱਕਦਾ।

ਹਮ ਪਜਾਰੇ ਕਰਹੈਂ ਗੁਰਵਾਕ॥ ਤਾਰਾ ਸਿੰਘ ਜੀ ਕਹਿਣ ਲੱਗੇ ਗੁਰ ਸਿਖੋ ! ਸਾਨੂੰ ਤਾਂ ਗੁਰੂ ਜੀ ਦੇ (ਵਾਕ) ਬਚਨ ਪਿਆਰੇ ਹਨ, ਅਸੀਂ ਤਾਂ ਗੁਰ ਵਾਕ ਪਿਆਰੇ ਕਰਾਂਗੇ। ਜੋ ਸਾਨੂੰ ਗੁਰੂ ਸਾਹਿਬ ਕਹਿ ਗਏ ਨੇ ਉਹਨਾਂ ਦੀ ਪਾਲਣਾ ਕਰਨੀ ਹੈ।

ਜਿਮ ਕਰ ਸਤਿਗੁਰੂ ਦਜੋ ਹੈ ਭਾਖ॥੪੩॥ ਜਿਵੇਂ ਸਤਿਗੁਰੂ ਜੀ ਹੁਕਮ ਫੁਰਮਾ ਗਏ ਹਨ ਖਾਲਸੇ ਨੂੰ ਅਸੀਂ ਤਾਂ ਉਵੇਂ ਹੀ ਕਰਨਾ ਹੈ, ਉਹ ਬਚਨ ਪ੍ਰਵਾਨ ਕਰਨੇ ਹਨ ਸਾਨੂੰ ਆਪਣੀ ਜਾਨ ਦੀ ਕੋਈ ਲੋੜ ਨਹੀਂ ਹੈ। ੪੩।

ਸਿੰਘ ਸੋਊ ਜੁ ਕਰੈ ਨਿਤ ਜੰਗ॥ ਸਾਹਿਬ ਜੀ ਕਹਿੰਦੇ ਹਨ "ਖਾਲਸਾ ਸੋ ਜੋ ਚੜੈ ਤੁਰੰਗ। ਖਾਲਸਾ ਸੋ ਜੋ ਕਰੇ ਨਿਤ ਜੰਗ"। ਉਹੀ ਸਿੰਘ ਹੈ ਜੋ ਨਿਤ ਧਰਮ ਯੁੱਧ ਲੜਦਾ ਹੈ।

ਸਿੰਘ ਸੋਊ ਕਰੈ ਮਰਨੋਂ ਨ ਸੰਗ॥ ਸਿੰਘ ਉਹੀ ਹੈ ਜੋ ਮਰਨੋਂ ਸੰਗਦਾ ਨਾ ਹੋਵੇ ਕੋਈ ਪ੍ਰਵਾਹ ਨਹੀਂ ਜੇ ਗੁਰੂ ਪੰਥ ਦੀ ਸੇਵਾ ਵਿਚ ਸੀਸ ਲਗਦਾ ਹੈ ਤਾਂ ਲੱਗਣ ਦਿਉ।

ਅਸੀਂ ਲਰ ਮਰੈਂਗੇ ਬੁੰਗੇ ਮਾਹਿ॥ ਅਸੀਂ ਤਾਂ ਬੁੰਗੇ ਵਿਚ ਹੀ ਲੜ ਕੇ ਮਰਾਂਗੇ, ਸ਼ਹੀਦੀ ਪ੍ਰਾਪਤ ਕਰਾਂਗੇ।

ਨਾਂਹ ਨਠਿ ਕੈ ਹਮ ਜਾਨ ਬਚਾਂਹਾ''॥੪੪॥ ਅਸੀਂ ਭੱਜ ਕੇ ਆਪਣੀ ਜਿੰਦ ਨਹੀਂ ਬਚਾਉਣੀ ਚਾਹੁੰਦੇ ਹਾਂ। ੪੪।

ਹੁਤੇ ਜੁ ਭੁਜੰਗੀ ਤਾਰੈ ਸਿੰਘ ਪਾਸ॥ ਤਾਰਾ ਸਿੰਘ ਦੇ ਕੋਲ ਜੋ (ਭੁਜੰਗੀ) ਲੜਾਕੂ ਸਿੰਘ ਸਨ, ਤੱਤ ਖਾਲਸੇ।

ਉਨੈਂ ਸਭਨ ਕੋ ਯੌਂ ਦਯੋ ਭਾਖ॥ ਉਨ੍ਹਾਂ ਸਾਰਿਆਂ ਸਿੰਘਾਂ ਨੂੰ ਇਉਂ ਆਖ ਦਿਤਾ ਹੈ ਭਾਈ ਤਾਰਾ ਸਿੰਘ ਜੀ ਨੇ।

''ਜਿਨ ਹੋਣਾ ਹੈ ਇਹਾਂ ਸ਼ਹੀਦ॥ ਜਿਨ੍ਹਾਂ ਸਿੰਘਾਂ ਨੇ ਏਥੇ ਸਾਡੇ ਨਾਲ ਸ਼ਹੀਦ ਹੋਣਾ ਹੈ।

ਰਹੇ ਸੋਊ ਔਰ ਜਾਹੁ ਵਗੀਦ॥੪੫॥ ਉਹੀ ਸਿੰਘ ਰਹੇ ਹੋਰ ਸਭ ਵਗ ਜਾਉ ਭਾਵ ਨੱਸ ਜਾਉ। ੪੫।

ਹੈ ਵੇਲੋ ਜਿਨ ਨਠਨੋ ਆਜ॥ ਜਿਸ ਨੇ ਭੱਜਣਾ ਹੈ ਅਜੇ ਵੇਲਾ ਹੈ ਅੱਜ ਦਾ ਦਿਨ ਅਜੇ ਆਪਣੇ ਕੋਲ ਹੈ।

ਕਲ ਨਾਂਹ ਕੋਊ ਮਿਲੈਗੋ ਭਾਜ''॥ ਜੇ ਕੋਈ ਆਖੇ ਮੈਂ ਕੱਲ੍ਹ ਨੂੰ ਭੱਜ ਜੂੰਗਾ ਫੇਰ ਟਾਇਮ ਨਹੀਂ ਮਿਲਣਾ, ਫੇਰ ਘੇਰਾ ਪੈ ਜਾਇਗਾ।

ਇਤਨਕੁ ਸੁਨਤ ਕਈ ਨਠ ਗਏ॥ ਜਦੋਂ ਤਾਰਾ ਸਿੰਘ ਜੀ ਨੇ ਏਨੀ ਗੱਲ ਕਹੀ ਸਿੰਘਾਂ ਨੂੰ, ਤਾਂ ਕਈ ਜਿਹੜੇ ਨਵੇਂ ਰਲੇ ਹੋਏ ਸਨ ਅਜੇ, ਸਿੱਖੀ ਦੀ ਸਿੱਖਿਆ ਸਿੱਖਦੇ ਸਨ ਕਈ ਨੱਠ ਗਏ, ਕਈ ਸਿੰਘ ਚਾਲੇ ਕਰ ਗਏ ਹਨ।

ਕਿਛਕੁ ਸ਼ਹੀਦੀ ਕੋ ਭੀ ਰਹੇ॥੪੬॥ ਕੁਛ ਕੁ ਸਿੰਘ ਤਾਰਾ ਸਿੰਘ ਦੇ ਕੋਲ ਸ਼ਹੀਦੀ ਪਾਉਣ ਵਾਸਤੇ ਵੀ ਰਹੇ ਹਨ, ਜਿਨ੍ਹਾਂ ਦੇ ਮਨ ਵਿਚ ਗੁਰੂ ਸਾਹਿਬਾਂ ਤੇ ਪੂਰਨ ਭਰੋਸਾ ਹੈ ਉਹ ਸਿੰਘ ਤਾਰਾ ਸਿੰਘ ਕੋਲ ਰਹੇ ਹਨ। ੪੬।

ਦੋਹਰਾ॥ ਹੁਤੇ ਕੱਚੇ ਸੋ ਨੱਠ ਤੁਰੇ, ਰਹੇ ਪੱਕੇ ਸਿੰਘ ਨਾਲ॥ ਜੋ ਨਵੇਂ ਭਰਤੀ ਹੋਏ ਕੱਚੇ ਸਿੰਘ ਸਨ ਉਹ ਤਾਂ ਭੱਜ ਗਏ ਨੇ, ਜਿਹੜੇ ਸਿੰਘ ਪੱਕੇ ਸਨ ਉਹ ਨਹੀਂ ਹਿੱਲੇ ਉਹ ਤਾਰਾ ਸਿੰਘ ਨਾਲ ਸ਼ਹੀਦੀ ਪਾਉਣ ਨੂੰ ਤਿਆਰ ਹੋ ਗਏ ਹਨ।

ਸੂਰੇ ਪੂਰੇ ਜੋ ਮਹਾਂ ਸਾਬਤ ਸਿੰਘ ਗੁਰ ਲਾਲ॥੪੭॥ ਉਹ ਗੁਰੂ ਕੇ ਲਾਲ ਜੋ ਪੂਰੇ ਸੂਰੇ ਸਿੰਘ ਸਨ, ਬਚਨਾਂ ਦੇ ਪੂਰੇ, ਕਰਨੀ ਦੇ ਸੂਰੇ ਜਿਹੜੇ ਸਨ, ਉਹ ਭਾਈ ਤਾਰਾ ਸਿੰਘ ਦੇ ਨਾਲ ਰਹਿ ਗਏ ਹਨ। ੪੭।

ਚੌਪਈ॥ ਤੌ ਸਿੰਘ ਜੀ ਨੇ ਜੀਯ ਬਿਚਾਰੀ॥ ਤਾਂ ਭਾਈ ਤਾਰਾ ਸਿੰਘ ਜੀ ਨੇ ਆਪਣੇ ਮਨ ਵਿਚ ਵਿਚਾਰ ਕੀਤੀ ਹੈ।

ਹੋਨ ਸ਼ਹੀਦੋਂ ਇਹ ਗਏ ਹਾਰੀ॥ ਜਿਹੜੇ ਭੱਜ ਗਏ ਨੇ ਉਨ੍ਹਾਂ ਵਾਸਤੇ ਕਹਿੰਦੇ ਹਨ ਦੇਖੋ ! ''ਸ਼ਹੀਦੀ'' ਪਦਵੀ ਲੈਣ ਤੋਂ ਹਾਰ ਗਏ ਨੇ, ਕੱਚੇ ਪਿੱਲੇ ਭੱਜ ਗਏ ਹਨ।

ਹਮਰੇ ਹੁਤੇ ਸੁ ਜੋਊ ਪਿਆਰੇ॥ ਜਿਹੜੇ ਸਾਡੇ ਪਿਆਰੇ ਸੱਜਣ ਮਿੱਤ੍ਰ ਸਿੰਘ ਸਨ।

ਕਹਿਤ ਹੁਤੇ-ਹਮ ਚੜ੍ਹ ਹੈਂ ਨਾਰੇ॥੪੮॥ ਅੱਗੇ ਪਿੱਛੇ ਜਦੋਂ ਬੈਠਦੇ ਸਨ, ਜਦੋਂ ਲੰਗਰ ਪਾਣੀ ਛਕਦੇ, ਤਾਂ ਕਹਿੰਦੇ ਤਾਰਾ ਸਿੰਘ ਜੀ ! ਤੁਹਾਡੇ ਨਾਲ ਨਿਭਾਂਗੇ॥ ਤੁਹਾਡੇ ਨਾਲ ਹੀ ਪ੍ਰਵਾਨ ਚੜ੍ਹਾਂਗੇ ਭਾਵ ਸ਼ਹੀਦੀ ਜਾਮ ਪੀਵਾਂਗੇ। ੪੮।

ਉਨਕੌ ਚਹਿਯੇ ਖਬਰ ਕਰ ਲਈ॥ ਜਿਨ੍ਹਾਂ ਸਿੰਘਾਂ ਨੇ ਕਿਹਾ ਸੀ ਤਾਰਾ ਸਿੰਘ ਜੀ ਜਦੋਂ ਕਦੇ ਤੁਸੀਂ ਤਿਆਰੀਆਂ ਕਰੋਗੇ, ਸਾਨੂੰ ਵੀ ਯਾਦ ਕਰ ਲਿਉ, ਅਸੀਂ ਵੀ ਤੁਹਾਡੇ ਨਾਲ ਚੜ੍ਹਾਂਗੇ। ਭਾਈ ਤਾਰਾ ਸਿੰਘ ਨੇ ਕਿਹਾ ਹੁਣ ਉਨ੍ਹਾਂ ਸਿੰਘਾਂ ਨੂੰ ਖਬਰ ਕਰ ਦੇਣੀ ਚਾਹੀਦੀ ਹੈ ਸੁਨੇਹਾ ਭੇਜ ਦੇਣਾ ਚਾਹੀਦਾ ਹੈ ਕਿ ਸਿੰਘੋ! ਸਾਡੀ ਤਿਆਰੀ ਹੈ ਅਸੀਂ ਤਾਂ ਚਲਣਾ ਹੈ ਹੁਣ ਜੇ ਆਉਣਾ ਤਾਂ ਆ ਜਾਉ।

ਅਗੈ ਮਰਜੀ ਫਿਰ ਉਨ ਕੀ ਰਹੀ॥ ਅੱਗੇ ਫਿਰ ਉਨਾਂ ਦੀ ਰਜ਼ਾ ਰਹੀ ਹੈ, ਜੇ ਆਉਣਗੇ ਤਾਂ ਠੀਕ ਹੈ, ਨਹੀਂ ਆਉਣਾ ਤਾਂ ਫੇਰ ਉਨ੍ਹਾਂ ਦੀ ਮਰਜੀ।

ਹੁਤੋ ਕੀਯੋ ਹਮ ਉਨ੍ਹਾਂ ਕਰਾਰ॥ ਉਨ੍ਹਾਂ ਸਿੰਘਾਂ ਦਾ ਸਾਡੇ ਨਾਲ ਇਕਰਾਰ ਕੀਤਾ ਹੋਇਆ ਹੈ।

ਜਬ ਖਾਵਤ ਸੁਨਹਿਰੋ ਸਭ ਰਲ ਨਾਰ॥੪੯॥ ਜਦੋਂ ਸਾਰੇ ਇੱਕ ਬਾਟੇ ਵਿਚ ਛਕਦੇ ਸਨ ਇੱਕਠੇ ਬੈਠ ਕੇ। ਸੁਨਿਹਰੋ= ਜਿਨ੍ਹਾਂ ਨੇ ਇਕੋ ਬਾਟੇ ਵਿਚ ਅੰਮ੍ਰਿਤ ਛਕਿਆ ਹੋਵੇ ਇਕੋ ਸਮੇਂ, ਉਨ੍ਹਾਂ ਗੁਰ ਭਾਈਆਂ ਨੂੰ ਸੁਨਹਿਰੀਏ ਕਿਹਾ ਜਾਂਦਾ ਹੈ। ੪੯।

ਦੋਹਰਾ॥ ਤਾਰੈ ਸਿੰਘ ਹੁਤੋ ਰਹਿਤ, ਦੁਇ ਬੁਟਰ ਸ਼ਰੀਕ ਭਰਾਇ॥ ਤਾਰਾ ਸਿੰਘ ਦੇ ਸ਼ਰੀਕੇ ਵਿਚੋਂ ਤਾਏ ਚਾਚੇ ਦੇ ਪੁੱਤਰ

ਹੋਣਗੇ, ਭਾਈ ਸਨ ਬੁੱਟਰ ਗੋਤ ਦੇ।

ਬਡ ਸਿਦਕੀ ਬਡ ਸੂਰਮੇ, ਵਹਿ ਗੁਰ ਕੇ ਬਚਨ ਕਮਾਇ॥੫੦॥ ਵੱਡੇ ਸਿਦਕੀ ਸਿੱਖ ਸਨ, ਵੱਡੇ ਯੋਧੇ ਸੂਰਬੀਰ ਸਨ, ਸਤਿਗੁਰਾਂ ਸਦੇ ਬਚਨਾਂ ਤੇ ਫੁੱਲ ਚੜ੍ਹਾਉਣ ਵਾਲੇ ਸਨ। ੫੦।

ਚੌਪਈ॥ ਵਸਾਵਾ ਸਿੰਘ ਕੁਇਰ ਸਿੰਘ ਨਾਇ॥ ਵਸਾਵਾ ਸਿੰਘ ਤੇ ਕੁਇਰ ਸਿੰਘ ਨਾਮ ਦੇ।

ਬ੍ਰਹਮਨ ਸ਼ਾਹੀ ਝਲੀਯੋ ਥਾਂਇ॥ (ਬ੍ਰਹਮਨ ਸ਼ਾਹੀ) ਬ੍ਰਹਮਣ ਬਰਨ ਅਤੇ ਝੱਲੀ ਗੋਤ ਦੇ ਸਨ ਇਹ ਦੋਵੇਂ।

ਸਮੁੰਦ ਸਿੰਘ ਔ ਝਾਬ ਸਿੰਘ ਜੋਊ॥ ਸਮੁੰਦ ਸਿੰਘ ਤੇ ਝਾਬ ਸਿੰਘ ਇਹ ਜਿਹੜੇ ਸਨ।

ਸੰਗ ਤਾਰੈ ਸਿੰਘ ਮੁਲਤਾਨੀਏ ਦੋਊ॥੫੧॥ ਇਹ ਦੋਵੇਂ ਤਾਰਾ ਸਿੰਘ ਜੀ ਦੇ ਸੰਗੀ ਮੁਲਤਾਨ ਦੇ ਰਹਿਣ ਵਾਲੇ ਸਨ। ੫੧।

ਸੂਰਾ ਸਿੰਘ ਆਯੋ ਖਾਹਲੜਜੋਂ ਤਖਾਣ॥ ਖਾਲੜੇ ਕਸਬੇ ਤੋਂ ਤ੍ਰਖਾਣ ਜਾਤੀ ਦਾ ਭਾਈ ਸੂਰਾ ਸਿੰਘ ਆਇਆ ਹੈ।

ਸੁਣ ਚਿੱਠਾ ਚਿਤ ਸ਼ਹੀਦੀ ਠਾਣ॥ ਸੁਣ ਕੇ (ਚਿੱਠਾ) ਹੁਕਮਨਾਮਾ ਭਾਈ ਤਾਰਾ ਸਿੰਘ ਦਾ ਉਹ ਵੀ ਸ਼ਸਤ੍ਰਧਾਰੀ ਹੋ ਕੇ ਸ਼ਹੀਦੀ ਪਾਉਣ ਦੀ (ਠਾਣ) ਪੱਕੀ ਧਾਰ ਆਇਆ ਹੈ।

ਲਖਮੀਰ ਸਿੰਘ ਘਰਜਾਲਜੋਂ ਸੰਧਵੇਟਾ॥ ਘਰਿਆਲੇ ਪਿੰਡ ਤੋਂ ਸੰਧੂ ਗੋਤ ਦਾ ਲਖਮੀਰ ਸਿੰਘ।

ਆਇ ਕਰੀ ਤਾਰੇ ਸਿੰਘ ਸੋਂ ਭੇਟਾ॥੫੨॥ ਉਸਨੇ ਵੀ ਆ ਕੇ ਭਾਈ ਤਾਰਾ ਸਿੰਘ ਨਾਲ ਮੇਲ ਕੀਤਾ। ੫੨।

ਦੋਊ ਸਿੰਘ ਭੜਾਨੀਏਂ ਸੰਧੂ ਆਨ ਰਲੇ॥ ਭੜਾਣੇ ਪਿੰਡ ਵਾਲੇ ਸੰਧੂ ਗੋਤ ਦੇ ਸਿੰਘਾਂ ਦੀ ਜੋੜੀ ਵੀ ਆ ਰਲੇ ਹਨ।

ਆਲੀ ਸਿੰਘ ਗੁਰਬਖ਼ਸ਼ ਸਿੰਘ ਭਲੇ॥ ਆਲੀ ਸਿੰਘ ਤੇ ਗੁਰਬਖ਼ਸ਼ ਸਿੰਘ ਇਹ ਵੀ ਭਲੇ ਯੋਧੇ ਸੂਰਮੇ ਸਨ।

ਭੀਮ ਸਿੰਘ ਬਾਦਲ ਸਿੰਘ ਰੱਤੋ ਕੀ ਆਇ॥ ਭੀਮ ਸਿੰਘ ਤੇ ਬਾਦਲ ਸਿੰਘ ਇਹ ਦੋ ਸਿੰਘ ਰੱਤੋ ਕਿਆਂ ਤੋਂ ਆਇ ਹਨ।

ਸੁਨਤ ਅਰਦਾਸ ਆਏ ਤੇਊ ਧਾਇ॥੫੩॥ ਇਹ ਜਦੋਂ ਚਿੱਠੇ ਭੇਜੇ ਨੇ ਅਰਦਾਸ ਭੇਜੀ ਹੈ ਤਾਂ ਇਹ ਧਾ ਕੇ ਬੜੀ ਛੇਤੀ ਨਾਲ ਆਏ ਹਨ। ੫੩।

ਮੇਘ ਸਿੰਘ ਮਦਰਾ ਦਾ ਗਿੱਲ॥ ਗਿੱਲ ਗੋਤ ਦਾ ਮਦਰਾ ਪਿੰਡ ਦਾ ਵਾਸੀ ਭਾਈ ਮੇਘ ਸਿੰਘ ਵੀ ਆਇਆ ਹੈ।

ਹਾਤਾ ਸਿੰਘ ਚੂੰਘੋ ਹੁਤ ਜਿਲ॥ ਹਾਤਾ ਸਿੰਘ ਚੂੰਘਾਂ ਪਿੰਡ ਅਤੇ ਜਿਲ ਗੋਤ ਦਾ ਜੱਟ ਸਿੰਘ ਸੀ।

ਬੁਲਾਕਾ ਸਿੰਘ ਸਾਂਘਣ ਦਾ ਸੇਖੋਂ॥ ਸੇਖੋਂ ਗੋਤ ਦਾ ਸਾਂਘਣ ਪਿੰਡ ਦਾ ਭਾਈ ਬੁਲਾਕਾ ਸਿੰਘ।

ਜੋਧ ਸਿੰਘ ਬਾਜਵਾ ਨਾਰੋ ਵਾਲੋਂ ਲੇਖੋ॥ ੫੪॥ ਪਿੰਡ ਨਾਰੋਵਾਲ ਅਤੇ ਬਾਜਵਾ ਗੋਤ ਦਾ ਭਾਈ ਜੋਧ ਸਿੰਘ ਜਾਣੋ। ੫੪।

ਦੋਹਰਾ॥ ਭੋਗੜ ਸਿੰਘ ਔ ਰਸਾਲ ਸਿੰਘ, ਪ੍ਰਦੇਸੀ ਪਸ਼ੌਰੀਏ ਜੋਇ॥ ਭੋਗੜ ਸਿੰਘ ਤੇ ਰਸਾਲ ਸਿੰਘ ਜਿਹੜੇ ਪ੍ਰਦੇਸੀ ਸਨ ਪਸ਼ੌਰ ਦੇ ਰਹਿਣ ਵਾਲੇ।

ਹੁਤ ਤਾਰੈ ਸਿੰਘ ਭੀ ਵਹਿ ਸੰਗੈ, ਉਨ ਮਿਥੀ ਸ਼ਹੀਦੀ ਦੋਇ॥੫੫॥ ਇਹ ਵੀ ਭਾਈ ਤਾਰਾ ਸਿੰਘ ਦੇ ਸੰਗੀ ਸਨ ਇਨ੍ਹਾਂ ਦੋਹਾਂ ਸਿੰਘਾਂ ਨੇ ਵੀ ਸ਼ਹੀਦੀ ਪ੍ਰਾਪਤ ਕਰਨ ਦੀ ਮਿਥੀ ਹੋਈ ਸੀ। ੫੫।

ਚੌਪਈ॥ ਦੋਇ ਹੁਤੋ ਕਰਬਾਠਾਂ ਕੇ ਕਰਬਾਠ॥ ਬਾਬੇ ਬਕਾਲੇ ਦੇ ਮੋੜ ਕੋਲ ਕਰਬਾਠ ਪਿੰਡ ਦੇ ਅਤੇ ਕਰਬਾਠ ਗੋਤ ਦੇ ਦੋ ਸਿੰਘ ਉਥੇ ਦੇ ਸਨ।

ਸੋ ਲੈਣ ਸ਼ਹੀਦੀ ਕਰ ਆਏ ਠਾਠ॥ ਇਹ ਵੀ ਸ਼ਹੀਦੀ ਲੈਣ ਵਾਸਤੇ (ਠਾਠ) ਸ਼ਸਤ੍ਰ ਬਸਤ੍ਰ ਸਜਾ ਕੇ ਸ਼ਾਮਲ ਹੋ ਗਏ ਭਾਈ ਤਾਰਾ ਸਿੰਘ ਦੇ ਨਾਲ।

ਰਹਜੋ ਹੁਤੋ ਅਮਰ ਸਿੰਘ ਭੁਸਜੋ ਵਾਲ॥ ਭੁੱਸਿਆਂ ਦਾ ਬਘੇਲ ਸਿੰਘ ਤਾਂ ਸ਼ਹੀਦੀ ਪਾ ਗਿਆ ਹੈ, ਪਿੱਛੇ ਅਮਰ ਸਿੰਘ ਢਿਲੋਂ ਗੋਤ ਦਾ ਭੁੱਸੇ ਪਿੰਡ ਵਾਲਾ ਰਹਿ ਗਿਆ ਹੈ।

ਆਇ ਰਹਜੋ ਵਹੁ ਭੀ ਤਾਰੇ ਸਿੰਘ ਨਾਲ॥੫੬॥ ਉਸ ਨੂੰ ਪਤਾ ਲੱਗਾ ਹੈ ਕਿ ਮੇਰਾ ਸਾਥੀ ਬਘੇਲ ਸਿੰਘ ਤਾਂ ਸ਼ਹੀਦੀ ਪਾ ਗਿਆ ਹੈ, ਮੈਂ ਰਹਿੰਦਾ ਹਾਂ ਉਹ ਵੀ ਤਾਰਾ ਸਿੰਘ ਦੇ ਨਾਲ ਆ ਰਲਿਆ ਹੈ। ੫੬।

ਸਭੈ ਸਿੰਘ ਰਲ ਬਾਈ ਭਏ॥ ਇਹ ਸਾਰੇ ਸਿੰਘ ਰਲ ਕੇ ਗਿਣਤੀ ਦੇ ਬਾਈ ਸਿੰਘ ਹੋਏ ਹਨ।

ਕਿਛ ਅਗਲੇ ਕਿਛ ਮਗਰੋਂ ਅਏ॥ ਕੁਝ ਤਾਂ ਪਹਿਲਾਂ ਰਹਿੰਦੇ ਸਨ ਤਾਰਾ ਸਿੰਘ ਜੀ ਦੇ ਪਾਸ, ਕੁਛ ਚਿੱਠੇ ਸੁਣ ਕੇ ਮਗਰੋਂ ਆ ਗਏ ਹਨ ਸਿੰਘ।

ਕਿਲ੍ਹਾ ਕੋਟ ਥੋ ਨਹਿ ਉਨ ਪਾਹਿ॥ ਕੋਈ ਕਿਲ੍ਹਾ ਕੋਟ ਕੋਈ ਸਹਾਰਾ ਨਹੀਂ ਸੀ ਬਣਾਇਆ ਬਚਣ ਵਾਸਤੇ।

ਉਨ੍ਹਾ ਸੀਸ ਲਗਾਵਨ ਕੀ ਭਈ ਚਾਹਿ॥੫੭॥ ਆਪਣੇ ਧਰਮ ਦੇ ਲੇਖੇ ਸਿਰ ਲਗਾਉਣ ਦੀ ਬੜੀ ਭਾਰੀ ਰੀਝ ਸੀ ਉਨ੍ਹਾਂ ਸਿੰਘਾਂ ਦੀ। ੫੭।

ਤੁਰਤ ਸਿੰਘਨ ਇਕ ਥੰਮ ਘੜਾਯੋ॥ ਤੁਰਤ ਹੀ ਸਿੰਘਾਂ ਨੇ ਇੱਕ ਲੰਮੀ ਬਾਂਸ ਵਰਗੀ ਲਕੜੀ ਰਣਥੰਮ੍ਹ ਘੜਾਇਆ ਹੈ, ਜੰਗ ਲੜਨ ਵਾਸਤੇ।

ਦੇਖ ਭੂਮ ਭਲੀ ਠੌਰ ਗਡਾਯੋ॥ ਪੱਧਰੀ ਜਗ੍ਹਾ ਸੋਹਣਾ ਮੈਦਾਨ ਵੇਖ ਕੇ ਡੇਰੇ ਤੋਂ ਬਾਹਰ ਨਿਕਲਕੇ ਉਥੇ ਰਣਥੰਮ੍ਹ ਗੱਡ ਦਿੱਤਾ ਹੈ ਸਿੰਘਾਂ ਨੇ।

ਕਰ ਝਟਕੇ ਖਲ ਛੇਲੇ ਕਢਵਾਇ॥ ਤੁਰਤ ਫੁਰਤ ਇੱਕ (ਛੇਲੇ) ਚੁਟੰਗਾ ਝਟਕਾ ਕੇ ਉਹਦੀ ਖੱਲ ਉਤਾਰ ਕੇ, ਇੱਕ ਘੜੇ ਦਾ ਉਪਰੋਂ ਗਲ ਭੰਨ ਕੇ।

ਲਯੋ ਨਗਾਰੋ ਤੁਰਤ ਮੜ੍ਹਾਇ॥੫੮॥ ਉਸਦੇ ਉਤੇ ਖਲ ਮੜ੍ਹ ਕੇ ਉਦੋਂ ਹੀ ਨਗਾਰਾ ਤਿਆਰ ਕਰ ਲਿਆ ਹੈ। ੫੮।

ਵਾਂਗ ਟਮਕ ਤਿਨ ਦਰਾ ਲਗਾਯਾ॥ ਛੋਟਾ ਹੋਣ ਕਰਕੇ ਜਿਵੇਂ ਟਮਕ ਵਜਦੀ ਹੈ (ਦਰਾ) ਚੋਬ ਲਾ ਦਿਤੀ ਉਸਦੇ ਉੱਤੇ।

ਖਾਲਸੋ ਆਕੀਓ ਕਹਿ ਵਜਵਾਯਾ॥ ਇਹ ਨਿਸ਼ਾਨੀ ਹੁੰਦੀ ਸੀ, ਜਿਸਦਾ ਨਗਾਰਾ ਵੱਜੇ ਉਹ ਆਕੀ ਹੁੰਦਾ ਹੈ। ਉੱਚੀ ਅਵਾਜ ਵਿੱਚ ਖਾਲਸਾ ਆਕੀ ਹੈ ਕਹਿ ਨਗਾਰੇ ਤੇ ਚੋਟ ਲਗਵਾ ਦਿੱਤੀ ਹੈ।

ਤੁਰਕ ਚੜ੍ਹਯੋ ਕਿਤ ਮੁੜ ਮਤ ਜਾਵੈ॥ ਜੋ ਤੁਰਕ ਚੜ੍ਹਾਈ ਕਰ ਕੇ ਆ ਰਹੇ ਹਨ ਮਤਾਂ ਕਿਤੇ ਮੁੜ ਨਾ ਜਾਣ।

ਬਰ ਜਰੂਰ ਹਮ ਉਪਰ ਆਵੈ॥੫੯॥ ਜਰੂਰ ਹੀ ਸਾਡੇ ਤੇ ਚੜ੍ਹ ਕੇ ਆਵੇ ਕਿਤੇ ਖਾਲੀ ਨਾ ਮੁੜ ਜਾਵੇ ਦੁਸ਼ਮਣ। ੫੯।

(ਤਾਰਾ ਸਿੰਘ ਪਰ ਮੋਮਨ ਖਾਂ ਦੀ ਚੜ੍ਹਾਈ)

ਦੋਹਰਾ॥ ਕਰ ਸਲਾਹ ਇਕੱਠੇ ਭਏ, ਸਤਿਗੁਰ ਕੀ ਕਰ ਆਸ॥ ਗੁਰਮਤਾ ਸੋਧ ਕੇ ਸਿੰਘ ਇਕੱਤਰ ਹੋ ਗਏ ਨੇ ਸਤਿਗੁਰੂ ਜੀ ਦੇ ਚਰਨਾਂ ਦੀ ਆਸ ਕਰਕੇ।

ਪੜ੍ਹੇਂ ਬਾਣੀਆਂ ਗੁਰੂ ਕੀ, ਇੱਕਣ ਹੁਇ ਕਰ ਰਾਸ॥੧॥ ਗੁਰਬਾਣੀ ਪੜ੍ਹਦੇ ਹਨ, ਅਰਦਾਸੇ ਕਰਦੇ ਹਨ ਹੇ ਸੱਚੇ ਪਾਤਸ਼ਾਹ ! ਇਹ ਜੋ ਕਾਰਜ ਅਰੰਭਿਆ ਹੈ ਸਾਡਾ ਕਾਰਜ ਰਾਸ ਹੋਵੇ, ਅਸੀਂ ਸ਼ਹੀਦੀਆਂ ਪ੍ਰਾਪਤ ਕਰਨ ਵਾਸਤੇ ਲੜਨ ਮਰਨ ਵਾਸਤੇ ਤਿਆਰ ਹੋਇ ਹਾਂ, ਸਾਨੂੰ ''ਸ਼ਹੀਦੀ'' ਮਰਾਤਬਾ ਪ੍ਰਾਪਤ ਹੋਵੇ। ੧।

ਚੌਪਈ॥ ਅਬ ਫਿਰ ਬਾਤ ਤੁਰਕਨ ਵਲ ਆਈ॥ ਹੁਣ ਫੇਰ ਗੱਲ ਤੁਰਕਾਂ ਵੱਲ ਆਈ ਹੈ।

ਸੁਨੋ ਸੰਤ ਅਬ ਗੁਰਮੁਖ ਭਾਈ॥ ਸੰਤ ਜਨੋ ! ਗੁਰਮੁਖ ਭਾਈਉ! ਅੱਗੇ ਆਉਣ ਵਾਲੀ ਸਾਖੀ ਸੁਣੋ।

ਪੱਟੀ ਵਾਲ ਜਬ ਲਹੌਰੈ ਗਯੋ॥ ਹਾਕਮ ਪੱਟੀ ਵਾਲਾ ਆਪਣੇ ਭਰਾ ਭਤੀਜਿਆਂ ਨੂੰ ਮਰਵਾ ਕੇ ਜਦੋਂ ਲਹੌਰ ਗਿਆ।

ਹਵਾਲ ਆਪਨੋਂ ਨਿਬਾਬ ਦਿਖਜੋ॥੨॥ ਆਪਣਾ ਹਵਾਲ ਜੋ ਇਸਦੇ ਨਾਲ ਸਿੰਘਾਂ ਨੇ ਕੀਤਾ ਜਾ ਕੇ ਲਹੌਰ ਦੇ ਨਬਾਬ ਨੂੰ ਦਿਖਾਇਆ ਹੈ, ਆਪਣੇ ਭਰਾ ਤੇ ਭਤੀਜਿਆਂ ਦੀਆਂ ਲੋਥਾਂ ਕਚਹਿਰੀ ਅੱਗੇ ਰੱਖੀਆਂ ਹਨ। ਸਾਡੇ ਨਾਲ ਕੀ ਗੁਜਰੀ ਅਸੀਂ ਹਾਕਮ ਸਾਂ। ਤੁਹਾਡੇ ਵੱਲੋਂ ਅਸੀਂ ਪਹਿਰੇਦਾਰ ਸਾਂ ਐਨੀ ਸਿੰਘਾਂ ਨੇ ਸਾਡੀ ਦੁਰਦਸ਼ਾ ਕੀਤੀ ਹੈ। ਆਹ ਵੇਖੋ ਕਿਵੇਂ ਰੋਲ ਕੇ ਮਾਰੇ ਹਾਂ। ੨।

ਦੇਖ ਨਿਬਾਬਹਿ ਲਗ ਗਈ ਆਗ॥ ਲੋਥਾਂ ਦੇਖ ਕੇ ਲਹੌਰ ਦੇ ਨਬਾਬ ਨੂੰ ਅੱਗ ਲੱਗ ਗਈ ਹੈ, ਗੁੱਸਾ ਚੜ੍ਹ ਗਿਆ ਹੈ ਉਸਨੂੰ।

ਸੁੱਤੋ ਸ਼ੇਰ ਜਨ ਉਠਿਓ ਜਾਗ॥ ਜਿਵੇਂ ਸੁੱਤਾ ਹੋਇਆ ਸ਼ੇਰ ਜਾਗ ਕੇ ਉਠਿਆ ਹੋਵੇ ਭਬਕ ਮਾਰ ਕੇ, ਇਉਂ ਉਠਿਆ ਹੈ ਲਹੌਰ ਦਾ ਨਬਾਬ।

ਜਿਮ ਜਿਮ ਨਾਮ ਵੈ ਸਿੰਘਨ ਸੁਨਾਵੈ॥ ਪੱਟੀ ਦਾ ਹਾਕਮ ਜਿਵੇਂ ਜਿਵੇਂ ਸਿੰਘਾਂ ਦਾ ਨਾਮ ਸੁਣਾਉਂਦਾ ਹੈ, ਇੱਕ ਫਲਾਨਾ ਸਿੰਘ ਸੀ, ਇੱਕ ਫਲਾਨਾ ਸਿੰਘ ਸੀ। ਸਿੰਘਾਂ ਨੂੰ ਜਾਣਦੇ ਪਛਾਣਦੇ ਸਨ, ਸਿੰਘ ਕਿਹੜਾ ਲੁਕ ਕੇ ਰਹਿੰਦੇ ਸਨ ਮਸ਼ਹੂਰੀ ਸੀ ਖਾਲਸੇ ਦੀ।

ਜਨ ਆਤਸ਼ ਪਰ ਵੈ ਬ੍ਰੂਦ ਪਾਵੈ॥੩॥ ਜਾਣੋ (ਆਤਸ਼) ਅੱਗ ਤੇ ਬਰੂਦ ਪਾ ਰਿਹਾ ਹੋਵੇ ਉਹ, ਭਾਵ ਲਹੌਰ ਦੇ ਨਬਾਬ ਨੂੰ ਗੁੱਸਾ ਚੜ੍ਹਾ ਰਿਹਾ ਹੈ। ੩।

''ਹਮ ਤੋਂ ਸਿੰਘ ਛਡਜੋ ਕਿਤ ਨਾਹੀਂ॥ ਨਬਾਬ ਕਹਿਣ ਲੱਗਾ ਅਸੀਂ ਤਾਂ ਸਿੰਘ ਕਿਤੇ ਛੱਡਿਆ ਹੀ ਨਹੀਂ ਹੈ, ਕਿਉਂ ਅਜੇ ਹਨ?

ਅਬ ਕਿਤ ਉਠ ਖੜ ਹੋਹਿ ਬਲਾਈਂ॥ ਹੁਣ ਕਿਥੋਂ ਇਹ ਬਲਾਵਾਂ ਉਠ ਖੜੇ ਹੋਏ ਹਨ।

ਹਮ ਮਾਰਤ ਮਾਰਤ ਥਕ ਗਏ॥ ਲਹੌਰ ਦਾ ਨਬਾਬ ਕਹਿੰਦਾ ਹੈ ਅਸੀਂ ਤਾਂ ਸਿੰਘਾਂ ਨੂੰ ਮਾਰਦੇ ਮਾਰਦੇ ਥੱਕ ਗਏ ਹਾਂ ਇਹ ਸਿੰਘ ਸਾਡੇ ਕੋਲੋਂ ਖਤਮ ਨਹੀਂ ਹੁੰਦੇ।

ਵੈ ਅਗਜੋਂ ਬਹੁ ਬਧਤੇ ਭਏ'' ॥੪॥ ਸਗੋਂ ਉਹ ਅੱਗਿਉਂ ਹੋਰ ਬਹੁਤੇ ਵਧ ਗਏ ਹਨ, ਅਗੋਂ ਹੋਰ ਵਧੀ ਜਾਂਦੇ ਹਨ। ੪।

ਤੌ ਲਾਂਭੇ ਕਾਜੀ ਨੇ ਕਹੀਂ॥ ਉਥੇ ਕੋਲ ਹੀ ਇੱਕ ਕਾਜ਼ੀ ਖੜ੍ਹਾ ਸੀ ਕਚਹਿਰੀ ਵਿੱਚ, ਉਸਨੇ ਕਿਹਾ ਹੈ।

''ਇਨ ਕੀ ਖਬਰ ਤੁਮੈਂ ਕਛ ਨਹੀਂ॥ ਤੁਹਾਨੂੰ ਨਹੀਂ ਹੈ ਇਨ੍ਹਾਂ ਦੀ ਖਬਰ ਕਿ ਸਿੰਘ ਕਿਉਂ ਵਧਦੇ ਫੁਲਦੇ ਹਨ?

ਜਿਤਨਕ ਬੂੰਦ ਸਿੰਘਨ ਕੀ ਪਰੈ॥ ਆਪਣੇ ਵਲੋਂ ਉਸਨੇ ਸ਼ੇਖੀ ਮਾਰੀ, ਨਾਲੇ ਚੁਗਲੀ ਕੀਤੀ ਕਿਉਂਕਿ ਸਿੰਘਾਂ ਨੂੰ ਜਿੰਨਾਂ ਦੁੱਖ ਦੇ ਕੇ ਮਾਰਿਆ ਜਾਏ ਉਤਨੇ ਖੁਸ਼ ਹੁੰਦੇ ਸੀ ਕਾਜ਼ੀ। ਕਿਉਂਕਿ ਸਿੰਘ ਇਹਨਾਂ ਨਾਲ ਖੈਰ ਨਹੀਂ ਸੀ ਕਰਦੇ,

ਬਾਹਰ ਜੰਗਲ ਮੈਦਾਨ ਜਾਣਾ ਹੋਵੇ, ਉਹ ਕਹਿੰਦੇ ਕਿਧਰ ਨੂੰ? ਸਿੰਘ ਕਹਿੰਦੇ ਬਾਹਰ ਰਸਤਾਂ ਬਸਤਾਂ ਦੇਣ ਚੱਲੇ ਹਾਂ ਕਾਜ਼ੀ ਨੂੰ, ਤਾਂ ਫਿਰ ਉਨ੍ਹਾਂ ਨੂੰ ਦੁਖ ਲਗਦਾ ਇਹਨਾਂ ਗੱਲਾਂ ਦਾ। ਕਾਜ਼ੀ ਕਹਿਣ ਲੱਗਾ, ਜਿੰਨੀਆਂ ਸਿੰਘਾਂ ਦੇ ਖੂਨ ਦੀਆਂ ਬੂੰਦਾਂ ਧਰਤੀ ਤੇ ਪੈਂਦੀਆਂ ਹਨ।

ਤਿਤਨਕ ਸਿੰਘ ਫਿਰ ਹੋਂਤ ਹੈਂ ਖਰੈ'' ॥੫॥ ਉੱਤਨੇ ਸਿੰਘ ਫੇਰ ਖੜੇ ਹੋ ਜਾਂਦੇ ਹਨ, ਲੜਨ ਵਾਸਤੇ, ਜਿਵੇਂ ਸਿੰਘਾਂ ਦੇ ਇਤਿਹਾਸ ਵਿੱਚ ਲਿਖਿਆ ਹੈ ''ਮੰਨੂੰ ਅਸਾਡੀ ਦਾਤਰੀ, ਅਸੀਂ ਮੰਨੂੰ ਦੇ ਸੋਏ। ਜਿਉਂ ਜਿਉਂ ਸਾਨੂੰ ਵੱਢਦਾ ਅਸੀਂ ਦੂਣ ਸਵਾਏ ਹੋਏ''। ੫।

ਦੋਹਰਾ॥ ਫੜ ਸਿੰਘਨ ਈਹਾਂ ਮੰਗਾਈਐ, ਦਈਐ ਮੁੰਗਰਨ ਸੋਂ ਕੁਟਵਾਇ॥ ਜੇ ਨਬਾਬ ਸਾਹਿਬ ਮੇਰੀ ਰਾਇ ਮੰਨੋਂ ਤਾਂ ਸਿੰਘਾਂ ਨੂੰ ਜਿਉਂਦਿਆਂ ਫੜ ਕੇ ਲਿਆਉ, ਅਤੇ ਮੂੰਗਲੀਆਂ ਨਾਲ ਕੁੱਟ ਕੁੱਟ ਕੇ, ਹੱਡ ਚੂਰਾ ਚੂਰਾ ਕਰਕੇ ਮਰਵਾ ਦਿਉ।

ਰਕਤ ਨ ਨਿਕਸਨ ਉਨ ਪਵੈ, ਫਿਰ ਹੁਵੈ ਨ ਸਿੰਘ ਵਧਾਇ॥੬॥ ਸਿੰਘਾਂ ਦਾ (ਰਕਤ) ਲਹੂ ਨਾ ਨਿਕਲਣਾ ਪਾਵੇ, ਫੜ ਫੜ ਕੇ ਕੁੱਟ ਕੁੱਟ ਕੇ ਮਾਰੋ ਫਿਰ ਆਪੇ ਸਿੰਘਾਂ ਦਾ ਵਾਧਾ ਨਹੀਂ ਹੋਵੇਗਾ, ਆਪੇ ਖਤਮ ਹੋ ਜਾਣਗੇ। ੬।

ਚੌਪਈ॥ ਤੌ ਇਕ ਸਿਪਾਹੀ ਐਸੇ ਕਹੀ॥ ਉਥੇ ਕਚਹਿਰੀ ਵਿੱਚ ਹੀ ਇਕ ਮੁਗਲ ਸਿਪਾਹੀ ਖੜਾ ਸੀ, ਇਸ ਕਾਜ਼ੀ ਦੀ ਗੱਲ ਦਾ ਉਸਨੇ ਉੱਤਰ ਦਿਤਾ ਹੈ ਮਜ਼ਾਕ ਵਿੱਚ।

''ਕਾਜ਼ੀ ਬਾਤ ਕਹਤ ਹੈ ਸਹੀ॥ ਨਬਾਬ ਸਾਹਿਬ ! ਕਾਜ਼ੀ ਨੇ ਠੀਕ ਗੱਲ ਕਹੀ ਹੈ, ਸੱਚੀ ਗੱਲ ਆਖੀ ਹੈ ਕਾਜ਼ੀ ਨੇ।

ਇਸ ਕੌ ਮੁਹਰੈ ਦੇਹੁ ਲਗਾਇ॥ ਹੁਣ ਨਬਾਬ ਸਾਹਿਬ ! ਹੁਕਮ ਦਿਉ , ਇਸ ਕਾਜ਼ੀ ਨੂੰ ਸਾਡੇ (ਮੂਹਰੇ) ਅੱਗੇ ਲਾਉ, ਅਸੀਂ ਪਿੱਛੇ ਚਲਾਂਗੇ ਕਾਜ਼ੀ ਸਾਹਿਬ ਮੂਹਰੇ ਚਲਣਗੇ, ਜਾਂਦਿਆਂ ਸਾਰ ਹੀ ਕਾਜ਼ੀ ਸਾਹਿਬ ਜੱਫਾ ਪਾ ਲੈਣ, ਇਉਂ ਜਦੋਂ ਮਸ਼ਕੂਲੇ ਭਾਵ ਮਸ਼ਕਰੀ ਵਿਚ ਪਾਈ ਗੱਲ ਉਨ੍ਹਾਂ ਨੇ।

ਲਜਾਵਗੁ ਸਿੰਘਨ ਯਹਿ ਫੜਵਾਇ॥੭॥ ਇਹ ਜੱਫੇ ਪਾਈ ਜਾਏਗਾ ਸਿੰਘਾਂ ਨੂੰ, ਅਸੀਂ ਹੱਥ ਕੜੀਆਂ ਲਾ ਕੇ ਤੁਹਾਡੇ ਕੋਲ ਭੇਜੀ ਜਾਵਾਂਗੇ, ਏਸ ਕਾਜ਼ੀ ਨੂੰ ਸਾਡੇ ਅੱਗੇ ਲਾ ਕੇ ਤੋਰੋ, ਇਹ ਸਿੰਘਾਂ ਨੂੰ ਗ੍ਰਿਫਤਾਰ ਕਰਵਾ ਕੇ ਲਿਆਇਗਾ। ੭।

ਇਨਹਿ ਨ ਦੇਖੇ ਸਿੰਘਨ ਹਾਥ॥ ਸਿਪਾਹੀ ਬੋਲਦਾ ਗਿਆ ਕਹਿਣ ਲੱਗਾ ਏਸਨੇ ਸਿੰਘਾਂ ਦੇ ਹੱਥ ਨਹੀਂ ਵੇਖੇ, ਏਸਨੂੰ ਕਿਸੇ ਸਿੰਘ ਦਾ ਹੱਥ ਲੱਗਿਆ ਨਹੀਂ।

ਆਇ ਮਿਲਗੁ ਯਹਿ ਜੋਰੂ ਸਾਥ'' ॥ ਇਸਨੂੰ ਦੇਖਦੇ ਹਾਂ, ਏਥੋਂ ਤੁਹਾਡੇ ਕੋਲੋਂ ਕਚਹਿਰੀ ਵਿਚੋਂ ਜਾ ਕੇ ਆਪਣੀ ਬੇਗਮ ਨੂੰ ਆਪਣੀ (ਜੋਰੂ) ਤੀਵੀਂ ਨੂੰ ਮਿਲੇਗਾ, ਉਸਦੇ ਨਾਲ ਜੱਫੀਆਂ ਪਾਉਣ ਜਾਣਦਾ ਅਜੇ ਸਿੰਘਾਂ ਨਾਲ ਜੱਫਾ ਨਹੀਂ ਪਿਆ ਇਸਦਾ, ਜਦੋਂ ਕਦੇ ਸਿੰਘਾਂ ਨਾਲ ਜੱਫਾ ਪਿਆ ਤਾਂ ਪਤਾ ਲੱਗ ਜਾਇਗਾ ਇਸਨੂੰ।

ਜਨ ਕਾਜੀ ਸਿਰ ਪਾਣੀ ਪਇਆ॥ ਜਾਣੋ ਕਾਜ਼ੀ ਦੇ ਸਿਰ ਸੌ ਘੜਾ ਪਾਣੀ ਪੈ ਗਿਆ ਹੈ ਠੰਢਾ ਠਾਰ ਹੋ ਗਿਆ ਐਨੀ ਗੱਲ ਕਹਿਣ ਤੇ।

ਬੋਲਨ ਜੋਗ ਨ ਕਾਜੀ ਰਹਿਆ॥੮॥ ਕਾਜ਼ੀ ਬੋਲਣ ਜੋਗਾ ਹੀ ਨਹੀਂ ਰਿਹਾ ਹੈ, ਕਾਜ਼ੀ ਨੂੰ ਗੱਲ ਹੀ ਨਾ ਆਵੇ ਅੱਗੋਂ। ੮।

ਤਬ ਨਿਬਾਬ ਫਿਰ ਐਸ ਸੁਨਾਈ॥ ਤਦ ਨਬਾਬ ਨੇ ਇਸ ਤਰ੍ਹਾਂ ਹੁਕਮ ਦਿੱਤਾ।

ਮਾਰੋ ਸਿੰਘਨ ਕੌ ਅਬ ਜਾਈ॥ ਛੱਡੋ ਕਾਜ਼ੀ ਦੀ ਗੱਲ, ਇਹ ਤਾਂ ਐਵੇਂ ਬੋਲਦਾ ਹੈ ਜਾਉ ਹੁਣ ਸਿੰਘਾਂ ਨੂੰ ਮਾਰੋ ਤੁਸੀਂ।

ਹੈ ਕੋਈ ਬਡੋ ਬਹਾਦਰ ਮੇਰਾ॥ ਹੈ ਕੋਈ ਮੇਰੀ ਫੌਜ ਵਿਚ ਬਹਾਦਰ, ਜੋਧਾ ਸੂਰਮਾ।

ਮਾਰੇ ਸਿੰਘਨ ਕੌ ਕਰ ਘੇਰਾ॥੯॥ ਜਿਹੜਾ ਸਿੰਘਾਂ ਨੂੰ ਘੇਰ ਕੇ ਮਾਰ ਲਵੇ, ਜਾਣ ਨਾ ਦੇਵੇ, ਭੱਜਣ ਨਾ ਦੇਵੇ। ੯।

ਦੀਨ ਮਜ਼ੂਬ ਕੇ ਬਦਲੇ ਲੇਵੈ॥ ਦੀਨ ਮਜ਼ੂਬ ਦਾ ਜੰਗ ਹੈ, ਸਾਡੇ ਵੇਖ ਲਉ ਭਰਾ ਮਾਰੇ ਹਨ ਪੱਟੀ ਵਾਲੇ, ਉਸਦਾ ਬਦਲਾ

ਲਵੇ ਜਿਹੜਾ ਸੂਰਮਾ, ਉਠੋ ਕੋਈ।

ਸਿੰਘਨ ਲੁਕਣ ਨ ਨੱਠਣ ਦੇਵੈ॥ ਜਿਹੜਾ ਸਿੰਘਾਂ ਨੂੰ ਨਾ ਲੁਕਣ ਨਾ ਭੱਜਣ ਦੇਵੇ।

ਕਰ ਮਾਰੇ ਹਿੰਦੂਅਨ ਕਸਮ ਹਜ਼ਾਰ॥ ਹਿੰਦੂਆਂ ਨੂੰ ਹਜ਼ਾਰਾਂ ਕਸਮਾਂ ਕਰਕੇ ਭਾਵ ਚੁੱਕ ਕੇ ਮਾਰੇ।

ਹੈ ਲਿਖਜੋ ਰਸੂਲ ਹਮੈ ਯੌ ਕਾਰ'' ॥੧੦॥ ਸਾਡੇ (ਰਸੂਲ) ਪੈਕੰਬਰ ਸਾਡੇ ਵਾਸਤੇ ਇਸ ਤਰ੍ਹਾਂ ਦੀ (ਕਾਰ) ਸੇਵਾ, ਕੰਮ ਲਿਖ ਗਏ ਹੰਨ। ੧੦।

ਦੋਹਰਾ॥ ਘਲਜੋ ਮੋਮਨ ਖਾਂ ਫੌਜਦਾਰ ਕੈ, ਸੰਗ ਬਾਈ ਸੈ ਅਸਵਾਰ॥ ਉਧਰ ਤਾਂ ਬਾਈ ਸਿੰਘ ਹਨ ਗਿਣਤੀ ਦੇ, ਖੁਫੀਆ ਰਿਪੋਟ ਮਿਲ ਗਈ ਹੈ। ਏਧਰੋਂ ਮੋਮਨ ਖਾਂ ਫੌਜਦਾਰ ਦੇ ਨਾਲ ਬਾਈ ਸੌ ਘੋੜ ਸਵਾਰ ਦੇ ਕੇ ਭੇਜਿਆ ਹੈ!

ਚਾਲੀ ਜੰਬੂਰੇ ਫੀਲ ਪੰਜ, ਔਰ ਰਹਿਕਲੇ ਚਾਰ॥੧੧॥ ਚਾਲੀ (ਜੰਬੂਰੇ) ਛੋਟੀਆਂ ਤੋਪਾਂ, ਪੰਜ ਹਾਥੀ, ਚਾਰ ਲੰਬੀ ਨਾਲੀ ਦੀਆਂ (ਰਹਿਕਲੇ) ਬੰਦੂਕਾਂ ਅਤੇ ਹੋਰ ਅਨੇਕਾਂ ਪੈਦਲ ਫੌਜ ਭੇਜੀ ਹੈ। ੧੧।

ਚੌਪਈ॥ ਭਈ ਤਿਆਰੀ ਨਕੀਬ ਫਿਰ ਆਯੋ॥ (ਨਕੀਬ) ਜਿਹੜਾ ਮੂਹਰੇ ਚੋਬਦਾਰ ਹੁੰਦਾ ਹੈ, ਫੌਜ ਦੇ ਵਿੱਚ ਅਵਾਜ ਦੇਣ ਵਾਲਾ ਕਿ ਇਤਨੇ ਘੋੜ ਸਵਾਰ ਇਤਨੇ ਪੈਦਲ ਆਦਿਕ ਤਿਆਰ ਹੋ ਜਾਣ, ਫਲਾਨਾ ਸਰਦਾਰ ਆਪਣੀ ਫੌਜ ਨੂੰ ਲੈ ਕੇ, ਛਉਣੀ ਵਿਚੋਂ ਬਾਹਰ ਡੇਰਾ ਕਰੇ, ਤਿਆਰੀ ਕਰੇ, ਚੜ੍ਹਾਈ ਕਰਨੀ ਹੈ, ਉਸਨੂੰ ਨਕੀਬ ਕਹਿੰਦੇ ਹਨ। ਨਕੀਬ ਉਸ ਨੂੰ ਵੀ ਕਹਿੰਦੇ ਹਨ ਰਾਜਿਆਂ ਅੱਗੇ ਨਬਾਬਾਂ ਅੱਗੇ, ਜਿਹੜਾ ਅੱਗੇ ਅੱਗੇ ਬੋਲਦਾ ਜਾਂਦਾ ਹੈ ਸਾਵਧਾਨ! ਨਬਾਬ ਸਾਹਿਬ ਦੀ ਸਵਾਰੀ ਆ ਰਹੀ ਹੈ, ਸਾਵਧਾਨ ਹੋ ਜਾਉ, ਸੋ ਇਸ ਤਰ੍ਹਾਂ ਲੋਕ ਅੱਗੋਂ ਖੜੇ ਹੋ ਜਾਂਦੇ ਸਨ ਅਦਬ ਅਦਾਬ ਕਰਨ ਵਾਸਤੇ ਨਬਾਬ ਜਾਂ ਬਾਦਸ਼ਾਹ ਦਾ। ਫੌਜ ਨੂੰ ਹੁਕਮ ਦੇ ਕੇ ਨਬਾਬ ਦਾ ਅਤੇ ਸਾਰੀ ਤਿਆਰੀ ਕਰਵਾ ਕੇ ਨਕੀਬ ਮੁੜ ਕੇ ਆਇਆ ਹੈ।

ਡੇਰਾ ਲਹੌਰਹ ਬਾਹਰ ਪਾਯੋ॥ ਫੌਜਦਾਰਾਂ ਨੇ ਲਹੌਰ ਛਾਉਣੀ ਵਿਚੋਂ ਡੇਰਾ ਚੁੱਕ ਕੇ ਬਾਹਰ ਪਾ ਲਿਆ ਹੈ।

ਸਿੰਘਨ ਲਹੌਰੀਅਨ ਕਿਤ ਸੁਨ ਲਈ॥ ਜੋ ਸਿੰਘ ਲਹੌਰ ਸ਼ਹਿਰ ਵਿੱਚ ਆਪਣਾ ਕਾਰੋਬਾਰ ਕਰਦੇ ਸਨ, ਉਹਨਾਂ ਨੇ ਕਿਤੇ ਸੁਣ ਲਿਆ ਕਿ ਤਿਆਰੀ ਹੋ ਰਹੀ ਹੈ ਸਿੰਘਾਂ ਉਤੇ ਫੌਜ ਭੇਜਣ ਦੀ, ਇਹ ਕਿਥੇ ਨੂੰ ਜਾ ਰਹੇ ਹਨ, ਭੇਦ ਲਿਆ ਹੈ ਸਿੰਘਾਂ ਨੇ।

''ਤਾਰੇ ਸਿੰਘ ਪੈ ਚੜ੍ਹਤੀ ਭਈ'' ॥੧੨॥ ਲਹੌਰ ਦੇ ਸਿੰਘਾਂ ਨੂੰ ਪਤਾ ਲੱਗਾ ਹੈ ਕਿ ਭਾਈ ਤਾਰਾ ਸਿੰਘ ਤੇ ਫੌਜ ਦੀ ਚੜ੍ਹਾਈ ਹੋ ਰਹੀ ਹੈ। ੧੨।

ਉਨ ਸਿੰਘਨ ਕਿਮ ਦਿਵਸ ਬਿਤਾਯਾ॥ ਉਨ੍ਹਾਂ ਸਿੰਘਾਂ ਨੇ ਕਿਸੇ ਤਰ੍ਹਾਂ ਦਿਨ ਬਤੀਤ ਕੀਤਾ ਹੈ।

ਰਾਤ ਪਈ ਕਰਨ ਖਬਰੈ ਧਾਯਾ॥ ਜਦੋਂ ਰਾਤ ਪੈ ਗਈ ਹੈ ਤਾਂ ਘੋੜ ਸਵਾਰ ਭਾਈ ਤਾਰਾ ਸਿੰਘ ਨੂੰ ਖਬਰ ਕਰਨ ਨੂੰ ਧਾਇਆ ਹੈ।

ਪੁਜਯੋ ਸਿੰਘਨ ਪੈ ਫੜ੍ਹੇ ਬੁਲਾਈ॥ ਉਸ ਖਬਰ ਕਰਨ ਵਾਲੇ ਸਿੰਘ ਨੇ ਜਾ ਕੇ ਸਿੰਘਾਂ ਨੂੰ ਫੜ੍ਹੇ ਗਜਾਈ ਹੈ, ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫੜ੍ਹੇ।

ਕਹੀ ਸਿੰਘਨ ਸੋਂ ਫੌਜ ਤੁਰਕ ਆਈ॥ ੧੩॥ ਸਿੰਘਾਂ ਨੂੰ ਜਾ ਕੇ ਆਖਿਆ ਹੈ ਕਿ ਲਹੌਰ ਤੁਰਕਾਂ ਦੀ ਫੌਜ ਚਲ ਪਈ ਹੈ, ਬਸ ਆਉਣ ਵਾਲੀ ਹੈ ਤਿਆਰੀ ਕਰ ਲਵੋ। ੧੩।

ਮੈਂ ਤੋ ਅਬ ਮੁੜ ਪਵੋਂ ਲਹੌਰ॥ ਸਿੰਘ ਘੋੜੀ ਤੋਂ ਉਤਰਿਆ ਨਹੀਂ ਹੈ, ਫੜ੍ਹੇ ਗਜਾਕੇ, ਕਿ ਤੁਸੀਂ ਤਿਆਰ ਹੋ ਜਾਉ, ਮੈਂ ਹੁਣੇ ਲਹੌਰ ਮੁੜਨਾ ਹੈ।

ਔਰ ਬਚਨ ਕੀ ਮੁਹਿ ਨਾਂਹ ਠੌਰ॥ ਹੋਰ ਗੱਲ ਕਰਨ ਦਾ ਮੈਨੂੰ ਟਾਇਮ ਨਹੀਂ ਹੈ, ਕਿਉਂਕਿ ਮੈਂ ਹਨੇਰੇ ਹਨੇਰੇ ਮੁੜ ਜਾਣਾ

ਹੈ, ਦਿਨ ਚੜ੍ਹੇ ਮੈਂ ਲਹੌਰ ਵਿਚ ਹਾਜ਼ਰ ਚਾਹੀਦਾ ਹਾਂ, ਕਿਸੇ ਨੂੰ ਭੇਤ ਨਾ ਲੱਗ ਜਾਏ ਕਿ ਤਾਰਾ ਸਿੰਘ ਨੂੰ ਖਬਰ ਕਰ ਆਇਆ ਹੈ ਕੋਈ, ਹੋਰ ਕਿਸੇ ਤਰ੍ਹਾਂ ਮੈਨੂੰ ਬਚਣ ਦੀ ਥਾਂ ਨਹੀਂ ਹੈ।

ਪੰਦ੍ਰਾਂ ਕੋਸ ਮੋਰੀ ਘੋੜੀ ਆਈ॥ ਭਲ ਵਾਂ ਲਹੌਰ ਤੋਂ ਪੰਦਰਾਂ ਕੋਹ ਦੀ ਵਿਥ ਤੇ ਸੀ, ਸਿੰਘ ਕਹਿਣ ਲੱਗਾ ਕਿ ਮੇਰੀ ਘੋੜੀ ਲਹੌਰ ਤੋਂ ਪੰਦਰਾਂ ਕੋਹ ਕਰਕੇ ਆਈ ਹੈ।

ਬਚੌਂ ਤਊ ਮੁੜ ਲਹੌਰੈ ਜਾਈ॥੧੪॥ ਮੇਰਾ ਤਾਂ ਹੀ ਬਚਾਅ ਹੋ ਸਕਦਾ ਜੇ ਮੈਂ ਦਿਨ ਚੜ੍ਹਨ ਤੋਂ ਪਹਿਲਾਂ ਪਹਿਲਾਂ ਲਹੌਰ ਪਹੁੰਚ ਜਾਵਾਂ। ੧੪।

ਦੋਹਰਾ॥ ਔਰ ਬਾਤ ਤੁਮ ਨਾਂਹ ਬਚੋ, ਕਿਤ ਲੁਕ ਜਾਨ ਬਚਾਇ॥ ਇਹ ਸਿੰਘ ਕਹਿਣ ਲੱਗਾ ਜਾ ਕੇ ਖਾਲਸਾ ਜੀ ! ਹੋਰ ਤਾਂ ਕਿਸੇ ਗੱਲੇ ਤੁਹਾਡਾ ਬਚਾਅ ਨਹੀਂ ਹੋ ਸਕਦਾ, ਇੱਕੋ ਹੀ ਰਾਹ ਹੈ ਤੁਸੀਂ ਡੇਰਾ ਛੱਡ ਕੇ ਅੱਗਾ ਪਿੱਛਾ ਕਰ ਜਾਉ, ਲੁਕ ਛੁਪ ਜਾਉ ਕਿਸੇ ਪਾਸੇ ਤੁਹਾਡਾ ਖੋਜ ਨਾ ਮਿਲੇ ਫੌਜ ਨੂੰ।

ਰਾਤ ਰਾਤ ਤੁਮਰੀ ਅਹੈ, ਦਿਨ ਤੁਰਕ ਪਰੈਂਗੇ ਆਇ॥੧੫॥ ਇਕ ਰਾਤ ਰਾਤ ਤੁਹਾਡੀ ਹੈ, ਦਿਨ ਚੜ੍ਹਦੇ ਨੂੰ ਤੁਰਕ ਆ ਪੈਣਗੇ ਤੁਹਾਨੂੰ। ੧੫।

ਚੌਪਈ॥ ਯੌ ਕਹਿਕੈ ਵਹਿ ਤੌ ਮੁੜ ਗਯੋ॥ ਇਉਂ ਕਹਿ ਕੇ, ਇੰਨਾਂ ਸੁਨੇਹਾ ਦੇ ਕੇ ਉਹ ਸਿੰਘ ਤਾਂ ਮੁੜ ਗਿਆ ਹੈ।

ਸੁਨੋਂ ਅਗੈ ਜੋ ਤਾਰੈ ਸਿੰਘ ਕਹਯੋ॥ ਖਾਲਸਾ ਜੀ! ਅੱਗੇ ਸਾਖੀ ਸੁਣੋ ਜੋ ਤਾਰਾ ਸਿੰਘ ਜੀ ਨੇ ਕਿਹਾ ਹੈ।

ਮੁਖ ਤਾਰੇ ਸਿੰਘ ਲਾਲੀ ਆਈ॥ ਜਦੋਂ ਤਾਰਾ ਸਿੰਘ ਨੇ ਇਹ ਸੁਣਿਆ ਕਿ ਲਹੌਰ ਤੋਂ ਫੌਜ ਆ ਰਹੀ ਹੈ, ਤਾਰਾ ਸਿੰਘ ਦੇ ਮੂੰਹ ਤੇ ਲਾਲੀ ਚੜ੍ਹ ਗਈ ਹੈ।

ਹਮ ਆਪ ਚਹੈਂ ਤੁਰਕਨ ਸਿਰ ਲਾਈ॥੧੬॥ ਤਾਰਾ ਸਿੰਘ ਕਹਿਣ ਲੱਗਾ, ਖਾਲਸਾ ਜੀ ! ਸ਼ੁਕਰ ਹੈ ਤੁਹਾਡਾ ਤੁਸੀਂ ਸੁਨੇਹਾ ਦੇ ਦਿੱਤਾ ਹੈ, ਪਰ ਅਸੀਂ ਤਾਂ ਆਪ ਆਪਣਾ ਸਰੀਰ ਤੁਰਕਾਂ ਦੇ ਸਿਰ ਲਾਉਣਾ ਚਾਹੁੰਦੇ ਹਾਂ। ੧੬।

ਹਮ ਤੌ ਲਰ ਮਰਿ ਹੈਂ ਯਹਿ ਠਾਇ॥ ਅਸੀਂ ਤਾਂ ਏਥੇ ਹੀ ਏਸ ਜਗ੍ਹਾ ਤੇ ਲੜ ਕੇ ਸ਼ਹੀਦ ਹੋਵਾਂਗੇ।

ਨਾਂਹ ਨਠਿ ਕੇ ਕਿਤ ਔਰਹਿ ਜਾਇ॥ ਏਥੋਂ ਭੱਜ ਹੋਰ ਕਿਤੇ ਨਹੀਂ ਜਾਣਾ ਹੈ।

ਔ ਨਾਂਹ ਲੇਵੈਂ ਕਿਤ ਝਲ ਓਟ॥ ਅਤੇ ਨਾਹੀ ਕਿਸੇ ਝਲ ਦਾ ਆਸਰਾ ਲੈਣਾ ਹੈ ਅਸੀਂ।

ਸਹੈਂ ਸੀਸ ਅਬ ਕਾਲਹਿ ਚੋਟ॥੧੭॥ ਹੁਣ ਕਾਲ ਦੀ ਚੋਟ ਅਸੀਂ ਆਪਣੇ ਸਿਰ ਤੇ ਸਹਾਰਾਂਗੇ। ੧੭।

ਅਬ ਤੌ ਨਠ ਕਰ ਕਿਤ ਲੁਕ ਪਾਂਹ॥ ਹੁਣ ਤਾਂ ਭੱਜ ਕੇ ਕਿਤੇ ਲੁਕ ਜਾਵਾਂਗੇ।

ਜਹਾਂ ਕਾਲ ਤੇ ਢੂੰਡੇ ਨ ਜਾਂਹ॥ ਹੈ ਕੋਈ ਐਸੀ ਜਗ੍ਹਾ ਜਿਥੇ ਅਸੀਂ ਕਾਲ ਤੋਂ ਲੱਭੇ ਨਾ ਜਾਈਏ।

ਜਾਂਹ ਜਾਂਹ ਜਈਐ ਤਹੀਂ ਤਹਿੰ ਕਾਲ॥ ਜਿਥੇ ਜਿਥੇ ਵੀ ਜਾਵਾਂਗੇ, ਕਾਲ ਤਾਂ ਉਥੇ ਉਥੇ ਹੀ ਸਾਡੇ ਨਾਲ ਹੈ।

ਸਤਿਗੁਰ ਦੀਨੈ ਬਚਨ ਦਿਖਾਲ॥੧੮॥ ਸਤਿਗੁਰਾਂ ਨੇ ਆਪਣੀ ਬਾਣੀ ਰਾਹੀਂ ਪ੍ਰਤੱਖ ਦਿਖਾਲ ਦਿੱਤਾ ਹੈ। ੧੮।

ਸ੍ਲੋਯਾ॥ ਜੌ ਕਹੂੰ ਕਾਲ ਤੇ ਭਾਜ ਕੈ ਬਾਚੀਯਤ, ਤੌ ਕਿਹ ਕੁੰਟ ਕਹੌ ਭਜਿ ਜਈਐ॥ ਜੇ ਕੋਈ ਮੌਤ ਤੋਂ ਨੱਸਕੇ ਭੱਜਣਾ ਚਾਹੇ, ਤਾਂ ਦੱਸੋ ਕਿਹੜੀ ਦਿਸ਼ਾ ਵਲ ਜਾ ਕੇ ਬਚ ਸਕਦਾ ਹੈ?

ਆਗੇ ਹੂੰ ਕਾਲ ਧਰੇ ਅਸਿ ਗਾਜਿਤ, ਛਾਜਤ ਹੈ ਜਿੱਹ ਤੇ ਨਸਿ ਅਈਐ॥ ਜਿਸ ਪਾਸੇ ਜਾਉ, ਉਸੇ ਪਾਸੇ ਹੀ ਕਾਲ ਅਗੇ ਤਲਵਾਰ ਹੱਥ ਵਿਚ ਲਈ ਗੱਜ ਰਿਹਾ ਹੈ, ਉਸ ਤੋਂ ਕਿਵੇਂ ਬਚਕੇ ਕੋਈ ਪਿੱਛੇ ਨੱਸ ਆਵੇ?

ਐਸੋ ਨ ਕੈ ਗਯੋ ਕੋਈ ਸੁ ਦਾਵ ਰੇ, ਜਾਹਿ ਉਪਾਵ ਸੋ ਘਾਵ ਬਚਈਐ॥ ਕੋਈ ਵੀ ਸਿਆਣਾ ਇਹੋ ਜਿਹਾ ਦਾਅ ਨਹੀਂ ਦੱਸ ਗਿਆ, ਜਿਸ ਉਪਾਉ ਦੇ ਕੀਤਿਆਂ ਕਾਲ ਦੇ ਵਾਰ ਤੋਂ ਕੋਈ ਬਚ ਸਕੇ।

ਜਾਂਤੇ ਨ ਛੂਟੀਐ ਮੂੜ੍ਹ ਕਹੂੰ, ਹਸ ਤਾ ਕੀ ਨ ਕਿਉ ਸਰਣਾਗਤਿ ਜਈਐ॥੯੬॥ਬਚਿਤ੍ਰ ਨਾਟਕ॥ ਹੇ ਮੂਰਖ ! ਜਿਸ ਕਾਲ ਤੋਂ ਕਿਸੇ ਦਾਅ ਪੇਚ ਨਾਲ ਬਚ ਨਹੀਂ ਸਕੀਦਾ, ਉਸ ਸ੍ਰੀ ਕਾਲ ਜੀ ਦੀ ਹੱਸ ਕੇ ਖੁਸ਼ੀ ਨਾਲ ਸ਼ਰਨ ਕਿਉਂ ਨਾ ਜਾਈਏ?। ੯੬।

(ਤੁਰਕਾਂ ਨਾਲ ਲੜ ਕੇ ਤਾਰਾ ਸਿੰਘ ਨੇ ਸ਼ਹੀਦੀ ਪਾਈ)

ਦੋਹਰਾ॥ ਮੋਮਨ ਚੜ੍ਹਜੋ ਸਿੰਘਨ ਪੈ, ਸੰਗ ਲੈ ਕਈ ਸਰਦਾਰ॥ ਲਹੌਰ ਤੋਂ ਮੋਮਨ ਖਾਂ ਫੌਜਦਾਰ ਨੇ ਆਪਣੇ ਕਈ ਸਰਦਾਰਾਂ ਨੂੰ ਨਾਲ ਲੈ ਕੇ ਸਿੰਘਾਂ ਤੇ ਚੜ੍ਹਾਈ ਕੀਤੀ ਹੈ, ਭਾਵ ਹੋਰ ਫੌਜਦਾਰ ਸਾਥੀ ਨਾਲ ਲਏ ਹਨ।

ਮੁਹਰੈ ਰਾਤਿ ਸੁ ਉਨ ਲਈ, "ਬੇਖਬਰ ਹੁਇ ਸਿੰਘ ਮਾਰ"॥੧॥ ਅੱਗੇ ਰਾਤ ਆਉਣੀ ਹੈ ਉਨ੍ਹਾਂ ਨੇ ਕਿ ਆਪਾਂ ਰਾਤੋ ਰਾਤ ਚਲੀਏ, ਦਿਨ ਚੜ੍ਹਨ ਤੋਂ ਪਹਿਲਾਂ ਘੇਰਾ ਪਾਈਏ ਚੱਲਕੇ, ਮਤਾਂ ਸਿੰਘ ਕਿਤੇ ਲੁਕ ਜਾਣ। (ਬੇਖਬਰ) ਬਿਨਾਂ ਖਬਰ ਤੋਂ ਅਵੇਸਲੇ ਹੋਏ ਸਿੰਘਾਂ ਨੂੰ ਜਾ ਮਾਰੀਏ। ੧।

ਤੌ ਸੋ ਉੱਪਲ ਗੋਤ ਜਟ, ਮਿਲਜੋ ਘਮੰਡੋ ਜਾਇ॥ ਫੌਜ ਵਾਲੇ ਆ ਰਹੇ ਸਨ ਤਾਂ ਅੱਗੋਂ ਉਨ੍ਹਾਂ ਨੂੰ ਉੱਪਲ ਗੋਤ ਦਾ ਘੁਮੰਡਾ ਨਾਮ ਦਾ ਜੱਟ ਮਿਲਿਆ ਹੈ। ਫੌਜ ਕਿੱਧਰ ਜਾ ਰਹੀ ਹੈ ਜੀ ! ਉਸਨੇ ਪੁੱਛਿਆ ਹੈ ਰਸਤੇ ਵਿੱਚ।

ਤਾਰੈ ਸਿੰਘ ਨਿਹੰਗ ਕੌ, ਮੈਂ ਚਲ ਦਿਓਂ ਦਿਖਾਇ॥੨॥ ਪਤਾ ਉਸਨੂੰ ਹੈ ਹੀ ਸੀ ਕਿ ਫੌਜ ਕਿੱਧਰ ਨੂੰ ਜਾ ਰਹੀ ਹੈ, ਅਜੇ ਕੱਲ ਤਾਂ ਸਾਕਾ ਹੋਇਆ ਹੈ ਪੱਟੀ ਵਾਲੇ ਮਾਰ ਖਾ ਕੇ ਭੱਜੇ ਸਨ। ਫੌਜ ਵਾਲੇ ਕਹਿਣ ਲੱਗੇ ਤਾਰਾ ਸਿੰਘ ਨਿਹੰਗ ਦੇ ਡੇਰੇ ਤੇ ਚੜ੍ਹਾਈ ਕਰਕੇ ਚੱਲੇ ਹਾਂ। ਖਾਲਸਾ ਜੀ ! ਪਹਿਲਾਂ ਸਾਰੇ ਸਿਖ ਹੀ ਨਿਹੰਗ ਹੁੰਦੇ ਸਨ, ਅਜ ਕਲ ''ਸਰਦਾਰੀ'' ਲਫਜ਼ ਦੇ ਕੇ ਖਾਲਸੇ ਪੰਥ ਵਿੱਚ ਫੁੱਟ ਪਾਉਣ ਦੀ ਗੱਲ ਕੀਤੀ ਹੈ ਕਿ ਸਰਦਾਰ ਕੋਈ ਹੋਰ ਹੁੰਦੇ ਨੇ, ਨਿਹੰਗ ਕੋਈ ਹੋਰ ਹੁੰਦੇ ਹਨ, ਖਾਲਸਾ ਕੋਈ ਹੋਰ ਹੁੰਦਾ ਹੈ। ਇਉਂ ਫੁੱਟ ਪਾਉਣ ਵਾਲੇ ਲੋਕਾਂ ਨੇ ਗੱਲਾਂ ਸ਼ੁਰੂ ਕੀਤੀਆਂ ਨੇ ਨਹੀਂ ਤੇ ਸਾਰਾ ਪੰਥ ਹੀ ਨਿਹੰਗਾਂ ਦਾ ਸੀ। ''ਇਉਂ ਪੰਥ ਨਿਹੰਗਨ ਭੁਜੰਗਨ ਕੋ ਭਯੋ। ਗਲ ਖੰਡੇ ਹੱਥ ਸੋਟੇ ਠਯੋ।'' ਪੰਥ ਦਾ ਸਰੂਪ ਵੀ ਦੱਸਦੇ ਨੇ ਜਿਨ੍ਹਾਂ ਦੇ ਗਾਤਰੇ ਖੰਡੇ ਪਾਏ ਹੋਏ ਹਨ, ਹੱਥਾਂ ਵਿਚ ਸਲੋਤਰ ਫੜੇ ਹੋਣ ਐਸਾ ਖਾਲਸਾ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਸਾਜਿਆ ਸੀ। ਸੋ ਘੁਮੰਡੇ ਜੱਟ ਕਿਹਾ ''ਤੁਸੀਂ ਤਾਰਾ ਸਿੰਘ ਦੇ ਡੇਰੇ ਚਲੇ ਹੋ''? ਫੌਜਦਾਰ ਕਹਿੰਦੇ ਹਾਂ। ਘੁਮੰਡਾ ਆਖਣ ਲੱਗਾ ''ਆਉ ਤਾਰਾ ਸਿੰਘ ਨਿਹੰਗ ਦਾ ਡੇਰਾ ਮੈਂ ਦੱਸਾਂ, ਐਧਰ ਹੈ, ਚਲੋ ਮੈਂ ਚੱਲ ਕੇ ਦਿਖਾ ਦਿੰਦਾ ਹਾਂ। ੨।

ਚੌਪਈ॥ ਸੋ ਮੋਮਨ ਨੈ ਮੁਹਰੈ ਲਾਯੋ॥ ਉਸ ਨੂੰ ਫੌਜਦਾਰ ਮੋਮਨ ਖਾਂ ਨੇ ਮੂਹਰੇ ਲਾ ਲਿਆ ਹੈ, ਚੱਲ ਦੱਸ ਭਾਈ ਕਿਥੇ ਕੁ ਹੈ ਤਾਰਾ ਸਿੰਘ ਦਾ ਡੇਰਾ।

ਉਨ ਸਿੰਘਨ ਤੇ ਕੁਛਕ ਖੁੰਝਾਯੋ॥ ਉਸ ਫੌਜ ਨੂੰ ਵਲ ਪਾ ਕੇ ਹੋਰ ਰਾਹ ਲੈ ਗਿਆ ਐਧਰ ਉਧਰ ਨਾਗ ਵਲ ਪਾ ਕੇ, ਕਿ ਸਿੰਘਾਂ ਨੂੰ ਪਤਾ ਲੱਗ ਜਾਏ, ਫੌਜ ਆਈ ਹੈ, ਸਿੰਘ ਇੰਤਜਾਮ ਕਰ ਲੈਣਗੇ ਜਾਂ ਅੱਗਾ ਪਿੱਛਾ ਕਰ ਲੈਣਗੇ ਉਸਨੇ ਫੌਜ ਨੂੰ ਕਿਹਾ ਇਧਰ ਚਲੋ ਜਾਉ ਸਿੱਧੇ, ਕਿਸੇ ਹੋਰ ਰਾਹ ਪਾ ਕੇ ਫੌਜ ਨੂੰ ਸਿੰਘਾਂ ਤੋਂ ਕੁਛ ਕੁ ਖੁੰਝਾ ਦਿੱਤਾ ਹੈ।

ਉਨ ਦਏ ਤੁਰਕ ਪਰ ਭਲੈ ਚਾਲ॥ ਭਲਾ ਪਿੰਡ ਹੈ ਨੇੜੇ ਉਥੇ, ਐਥੇ ਕੁ ਰਹਿੰਦਾ ਹੈ, ਇਉਂ ਕਹਿਕੇ ਉਸਨੇ ਫੌਜ ਨੂੰ ਉਸ ਪਿੰਡ ਵਲ ਨੂੰ ਇਸ਼ਾਰਾ ਕਰਕੇ ਆਪ ਫੌਜ ਵਾਲਿਆਂ ਤੋਂ ਪਾਸੇ ਹੋ ਗਿਆ ਹੈ।

ਕਿਤ ਹੁਤੋ ਪੁਰਾਤਨ ਬੈਰ ਉਨ ਨਾਲ॥੩॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਹੋ ਸਕਦਾ ਡੱਲੇ ਵਾਲਿਆਂ ਨਾਲ ਕੋਈ ਪੁਰਾਣਾ ਵੈਰ ਹੋਵੇ ਕਿਸੇ ਤਰ੍ਹਾਂ ਦਾ ਘੁਮੰਡੇ ਦਾ, ਜਿਸ ਕਰਕੇ ਫੌਜ ਦਾ ਮੂੰਹ ਉਧਰ ਨੂੰ ਕਰ ਦਿੱਤਾ। ੩।

ਅਕੈ ਸਿੰਘਨ ਕੌਊ ਭਲਾ ਤਕਾਯੋ॥ ਜਾਂ ਫੇਰ ਸਿੰਘਾਂ ਨਾਲ ਪਿਆਰ ਸੀ ਇਸਦਾ, ਇੱਕ ਗੱਲ ਜ਼ਰੂਰ ਸੀ ਇਸਦੇ ਵਿੱਚ, ਸਿੰਘਾਂ ਦਾ ਭਲਾ ਤਕਾਇਆ ਕਿ ਸਿੰਘਾਂ ਤੋਂ ਪਾਸੇ ਖੁੰਝਾ ਕੇ ਕਿ ਸਿੰਘਾਂ ਨੂੰ ਖਬਰ ਹੋ ਜਾਏ ਤੇ ਸਿੰਘ ਅੱਗਾ ਪਿੱਛਾ ਕਰ ਜਾਣ, ਜਾਂ ਉਸਦੇ ਮਨ ਵਿਚ ਇਹ ਹੋਵੇਗੀ।

ਅਕੈ ਨਠ ਲੁਕਨ ਕੋ ਬਿਲਮ ਲਗਾਯੋ॥ ਜਾਂ ਫੇਰ ਸਿੰਘਾਂ ਨੂੰ ਲੁਕਣ ਜਾਂ ਭੱਜਣ ਵਾਸਤੇ ਸਮਾਂ ਮਿਲ ਜਾਏ, ਫੌਜ ਦੇ ਆਉਣ ਵਿਚ (ਬਿਲਮ) ਦੇਰੀ ਲੱਗ ਜਾਏ, ਜਾਂ ਕੋਈ ਸਿੰਘਾਂ ਨੂੰ ਬਚਾਉਣ ਦਾ ਇਸ ਤਰ੍ਹਾਂ ਦਾ ਤਰੀਕਾ ਸੋਚਿਆ ਉਸਨੇ।

ਉਨ ਸਿੰਘਨ ਵਲ ਦਈ ਖਬਰ ਘਲਾਇ॥ ਉਸਨੇ ਸਿੰਘਾਂ ਵੱਲ ਖਬਰ ਭੇਜ ਦਿੱਤੀ ਹੈ, ਏਧਰ ਉਸਨੇ ਬੰਦਾ ਭਜਾ ਦਿੱਤਾ, ਕਿ ਜਾ ਕੇ ਖਬਰ ਕਰ ਆ ਤਾਰਾ ਸਿੰਘ ਨੂੰ ਕਿ ਫੌਜ ਆ ਰਹੀ ਹੈ। ਉਧਰ ਉਨ੍ਹਾਂ ਨੂੰ ਕੁਰਾਹੇ ਪਾ ਦਿੱਤਾ ਕਿ ਉਧਰ ਦੀ ਵਲ ਕੇ ਆਉ, ਏਧਰ ਖਬਰ ਭੇਜ ਦਿੱਤੀ ਤਾਰਾ ਸਿੰਘ ਨੂੰ।

ਤੂੰ ਤਾਰਾ ਸਿੰਘ ਅਬ ਨਠ ਜਾਇ॥੪॥ ਖਬਰ ਕਰਨ ਵਾਲੇ ਨੇ ਕਿਹਾ ''ਤਾਰਾ ਸਿੰਘਾ! ਫੌਜ ਆ ਰਹੀ ਤੂੰ ਹੁਣ ਭੱਜ ਜਾ ਏਥੋਂ ਕਿਸੇ ਪਾਸੇ। ੪।

ਤੁਰਕ ਫੌਜ ਮੁੜ ਜਾਊਗ ਲਹੌਰ॥ ਜਦੋਂ ਤੁਰਕਾਂ ਦੀ ਫੌਜ ਖਾਲੀ ਡੇਰਾ ਵੇਖ ਕੇ ਲਹੌਰ ਨੂੰ ਮੁੜ ਜਾਇਗੀ।

ਆਇ ਬਹੀਂ ਤੂੰ ਫਿਰ ਇਤ ਠੌਰ॥ ਫੇਰ ਆ ਕੇ ਏਸ ਥਾਂ ਤੇ ਬੈਠ ਜਾਈਂ, ਡੇਰੇ ਵਿੱਚ।

ਇਕ ਸਾਇਤ ਬਚੈ ਤੌ ਬਰਸ ਬਚਾਇ॥ ਇੱਕ ਘੜੀ ਭਾਵ ਜੇ ਇੱਕ ਵਾਰੀ ਬਚ ਜਾਏ ਤਾਂ ਕਈ ਵਰ੍ਹੇ ਬਚਾ ਹੋ ਜਾਂਦਾ ਹੈ।

ਕਾਹੇ ਅਕਾਰਥ ਜਾਨ ਗਵਾਇ॥੫॥ ਕਿਉਂ ਐਵੇਂ ਵਿਅਰਥ ਜਾਨ ਗਵਾਉਂਦਾ ਹੈਂ ਤਾਰਾ ਸਿੰਘਾ ! ਇਉਂ ਸੁਨੇਹਾ ਭੇਜਿਆ। ੫।

ਤੌ ਸਿੰਘ ਜੀ ਉਸ ਕੀਆ ਸਮੋਧ॥ ਤਾਂ ਤਾਰਾ ਸਿੰਘ ਨੇ ਸੁਨੇਹਾ ਦੇਣ ਵਾਲੇ ਉਸ ਬੰਦੇ ਨੂੰ ਇਉਂ ਸੰਬੋਧਨ ਹੋ ਕੇ ਆਖਿਆ।

''ਸ਼ਾਬਸ਼ ਭਾਈ ਤੇਰੀ ਬੋਧ॥ ਸ਼ਾਬਾਸ਼ ਹੈ ਭਾਈ ਤੇਰੀ ਬੁਧੀ ਦੇ।

ਇਤਨਕ ਤੁਮ ਤੈ ਆਛੀ ਸਰੀ॥ ਚੰਗਾ ਹੀ ਕੀਤਾ ਹੈ ਜੋ ਕੁਛ ਤੂੰ ਕੀਤਾ ਹੈ ਜੋ ਤੂੰ ਸਾਡੇ ਭਲੇ ਵਾਸਤੇ ਕੀਤਾ ਹੈ ਇੰਨਾ ਕੁ ਤੈਥੋਂ ਚੰਗਾ ਹੀ ਸਰਿਆ ਹੈ।

ਭਾਈਚਾਰੈ ਕੀ ਸਾਂਝ ਚਿਤ ਕਰੀ॥੬॥ ਤੂੰ ਭਾਈਚਾਰਾ ਜੋ ਸਾਡਾ ਹੈ, ਗੋਤੀ ਸਨ ਸਾਰੇ ਆਪਸ ਵਿਚੀਂ, ਜੋ ਚਿੱਤ ਵਿੱਚ ਭਾਈਚਾਰੇ ਦੀ ਸਾਂਝ ਕੀਤੀ ਹੈ, ਚੰਗਾ ਹੀ ਕੀਤਾ ਹੈ ਭਾਈ। ੬।

ਦੋਹਰਾ॥ ਜੋ ਤੁਮ ਕਹੀ ਸੁ ਭਲਿ ਕਹੀ, ਹੈ ਯੌਂਹੀ ਸਚ ਬਾਤ॥ ਜੋ ਤੁਸੀਂ ਕਿਹਾ ਹੈ ਉਹ ਚੰਗਾ ਹੀ ਕਿਹਾ ਹੈ ਗੱਲ ਸੱਚੀ ਹੈ ਤੁਹਾਡੀ, ਤੁਹਾਡੇ ਕਹਿਣ ਅਨੁਸਾਰ ਇਉਂ ਹੀ।

ਹਮਹ ਸ਼ਹੀਦੀ ਚਿਤ ਧਰੀ, ਹਮ ਨਠ ਨਾਂਹ ਕਿਤ ਜਾਤ॥੭॥ ਅਸੀਂ ਤਾਂ ਮਨ ਵਿਚ ਧਾਰਨ ਕੀਤਾ ਹੋਇਆ ਹੈ ਏਥੇ ਹੀ ਸ਼ਹੀਦੀ ਪਾਉਣੀ ਹੈ, ਅਸੀਂ ਭੱਜ ਕੇ ਨਹੀਂ ਜਾਵਾਂਗੇ ਕਿਸੇ ਪਾਸੇ। ੭।

ਚੌਪਈ॥ ਜੌ ਹਮ ਅਬ ਨਠ ਜਾਨ ਬਚਾਵੈਂ॥ ਜੇ ਹੁਣ ਅਸੀਂ ਏਥੋਂ ਭੱਜ ਕੇ ਆਪਣੀ ਜਾਨ ਬਚਾ ਲਈਏ।

ਫਿਰ ਚਾਹੈ ਹਮ ਈਹਾਂ ਹੀ ਆਵੈਂ॥ ਫੇਰ ਚਾਹੇ ਮੁੜ ਕੇ ਅਸੀਂ ਏਥੇ ਹੀ ਆਪਣੇ ਡੇਰੇ ਵਿੱਚ ਆ ਜਾਈਏ।

ਲਾਵੈ ਬੋਲੀ ਗਿਰਦ ਭਾਈਚਾਰੋ॥ ਤਾਰਾ ਸਿੰਘ ਕਹਿੰਦਾ ਆਲੇ ਦੁਆਲੇ ਦੇ ਭਾਈਚਾਰੇ ਵਾਲੇ ਬੋਲੀਆਂ ਮਾਰਿਆ ਕਰਨਗੇ ਕਿ ਜਾਣਦੇ ਹਾਂ ਵੱਡੇ ਸੂਰਮੇ ਨੂੰ ਫੌਜ ਆਈ ਤੋਂ ਡੇਰਾ ਛੱਡ ਕੇ ਭੱਜ ਗਿਆ ਸੀ।

ਇਮ ਹਮ ਕਰਿੰਹ ਨ ਜਾਨ ਪਿਆਰੋ॥ ੮॥ ਇਸ ਕਰਕੇ ਅਸੀਂ ਆਪਣੀ ਜਿੰਦ ਪਿਆਰੀ ਨਹੀਂ ਕੀਤੀ ਹੋਈ, ਇਹ ਤਾਂ ਅਸੀਂ ਗੁਰੂ ਲੇਖੇ ਲਾ ਦੇਣੀ ਹੈ। ੮।

ਉਤ ਡਲਵਾਲਨ ਖਬਰਹਿ ਭਈ॥ ਉਧਰ ਡਲੇ ਵਾਲਿਆਂ ਨੂੰ ਖਬਰਾਂ ਹੋ ਗਈਆਂ ਫੌਜ ਆ ਗਈ ਹੈ।

ਮਿਲੇ ਦੌੜ ਸੋ ਆਗੈ ਜਈ॥ ਜਦੋਂ ਫੌਜਦਾਰਾਂ ਨੇ ਖਬਰ ਕੀਤੀ ਕਿ ਅਸੀਂ ਆਏ ਹਾਂ, ਤਾਂ ਅੱਗੋਂ ਪੰਚਾਇਤ ਵਾਲੇ ਦੌੜਕੇ ਮਿਲੇ ਹਨ ਫੌਜਦਾਰਾਂ ਨੂੰ ਕਿਤੇ ਹੱਲਾ ਨ ਬੋਲ ਦੇਣ।

"ਹਮ ਰੱਯਤ ਹੈਂ ਖੁਦ ਪਤਿਸ਼ਾਹੀ॥ ਅਸੀਂ ਤਾਂ ਰਈਅਤ ਹਾਂ ਜੀ, ਅਸੀਂ ਤਾਂ ਤੁਹਾਡੇ ਗੁਲਾਮ ਹਾਂ ਖੁਦ ਪਾਤਸ਼ਾਹ ਦੇ। *ਹਮ ਮੈਂ ਰਾਠ ਸਿੰਘ ਚੋਰ ਕੋਊ ਨਾਹੀਂ" ॥੯॥* ਸਾਡੇ ਵਿੱਚ (ਰਾਠ) ਸੂਰਮਾ ਸਿੰਘ ਤੇ ਚੋਰ ਕੋਈ ਨਹੀਂ ਹੈ ਸਾਡੇ ਕੋਲ। ੯।

ਤੌ ਲੌ ਸਿੰਘਨ ਨਗਾਰਾ ਕਰਾਯਾ॥ ਉਦੋਂ ਨੂੰ ਸਿੰਘਾਂ ਨੇ ਨਗਾਰੇ ਤੇ ਚੋਟ ਲਾ ਦਿੱਤੀ ਹੈ।

ਸੋਊ ਤੁਰਕਨ ਨੇ ਵਹਿ ਸੁਨ ਪਾਯਾ॥ ਨਗਾਰੇ ਦੀ ਅਵਾਜ ਨੂੰ ਤੁਰਕਾਂ ਨੇ ਸੁਣ ਲਿਆ, ਕਿ ਨਗਾਰਾ ਤਾਂ ਏਧਰ ਵੱਜ ਰਿਹਾ ਹੈ।

ਤੌ ਇਮ ਲੀਨੋ ਤੁਰਕਨ ਜਾਨ॥ ਤਾਂ ਇਸ ਤਰ੍ਹਾਂ ਤੁਰਕਾਂ ਨੇ ਜਾਣ ਲਿਆ ਹੈ, ਸਮਝ ਲਿਆ ਹੈ।

ਆਹਿ ਸਿੰਘਨ ਕੋ ਅਗੈ ਮਕਾਨ॥੧੦॥ ਸਿੰਘਾਂ ਦਾ ਡੇਰਾ ਤਾਂ ਔਹ ਅੱਗੇ ਜਾ ਕੇ ਦੂਰ ਹੈ। ੧੦।

ਭਜਾਇ ਘੋੜੋ ਕੋਊ ਪੁਜਜੋ ਪਠਾਨ॥ ਇੱਕ ਤਾਰਾ ਸਿੰਘ ਦਾ ਮਿੱਤ੍ਰ ਪਠਾਣ ਸੀ ਫੌਜ ਵਿੱਚ, ਉਸਨੂੰ ਪਤਾ ਲੱਗਾ ਕਿ ਤਾਰਾ ਸਿੰਘ ਦੇ ਡੇਰੇ ਤੇ ਜਾ ਰਹੇ ਹਨ ਇਹ, ਕਿਉਂਕਿ ਜਦੋਂ ਫੌਜ ਤੁਰਦੀ ਹੈ ਉਸ ਵੇਲੇ ਫੌਜ ਨੂੰ ਭੇਤ ਨਹੀਂ, ਦਸਦੇ ਹਨ ਫੌਜ ਨੂੰ ਕਿ ਕਿਥੇ ਜਾਣਾ ਹੈ ਉਹ ਪਠਾਣ ਆਪਣਾ ਘੋੜਾ ਭਜਾ ਕੇ ਤਾਰਾ ਸਿੰਘ ਦੇ ਡੇਰੇ ਪੁੱਜਿਆ ਹੈ।

"ਬੈਠੇ ਸਿੰਘ ਕਿਮ ਗਵਾਵਹੁ ਜਾਨ॥ ਸਿੰਘੋ ! ਐਥੇ ਬੈਠੇ ਕਿਉਂ ਜਾਨ ਗਵਾਉਂਦੇ ਹੋ, ਫੌਜ ਤਾਂ ਆ ਗਈ ਹੈ, ਤੁਸੀਂ ਕੋਈ ਉਪਰਾਲਾ ਕਰੋ, ਪਠਾਣ ਨੇ ਆਖਿਆ ਸਿੰਘਾਂ ਨੂੰ।

ਦੌੜ ਲੁਕੋ ਅਬ ਝਾੜਨ ਮਾਂਹਿ॥ ਬੱਸ ਮੈਂ ਆਪਣਾ ਫਰਜ਼ ਨਿਭਾਇਆ ਹੈ, ਤੁਹਾਨੂੰ ਖਬਰ ਕਰ ਦਿੱਤੀ ਹੈ, ਦੌੜ ਜਾਉ ! ਜਾ ਜੰਗਲ ਵਿੱਚ ਲੁਕ ਜਾਉ।

ਕਰੀ ਖਬਰ ਮੈਂ ਆਨ ਤੁਸਾਂਹਿ॥੧੧॥ ਮੈਂ ਤੁਹਾਨੂੰ ਆ ਕੇ ਖਬਰ ਕਰ ਦਿੱਤੀ ਹੈ। ੧੧।

ਦੋਹਰਾ॥ ਤਾਰੇ ਸਿੰਘ ਜੀ ਉਸ ਕਹਜੋ, "ਸ਼ਾਬਸ਼ ਭਾਈ ਜੀ ਤੋਹਿ॥ ਭਾਈ ਤਾਰਾ ਸਿੰਘ ਨੇ ਉਸ ਪਠਾਣ ਨੂੰ ਆਖਿਆ, ਭਰਾਵਾ ! ਸ਼ਾਬਾਸ਼ ਹੈ ਤੈਨੂੰ, ਜਿਹੜੀ ਤੂੰ ਆ ਕੇ ਸਾਨੂੰ ਖਬਰ ਕੀਤੀ ਹੈ ਫੌਜ ਆਉਣ ਦੀ।

ਅਬ ਹਮ ਨਠਕੈ ਕਿਤ ਲੁਕੈਂ? ਹਮ ਸ਼ਹੀਦ ਈਹਾਂ ਹੀ ਹੋਂਹਿ॥ ੧੨॥ ਹੁਣ ਦੱਸ ਤੂੰ ਹੁਣ ਭੱਜਣ ਦਾ ਟਾਇਮ ਹੈ, ਹੁਣ ਅਸੀਂ ਨੱਠ ਕੇ ਕਿਥੇ ਲੁਕਾਂਗੇ, ਅਸੀਂ ਤਾਂ ਏਥੇ ਹੀ ਸ਼ਹੀਦੀ ਪਾਵਾਂਗੇ। ੧੨।

ਚੌਪਈ॥ ਅਗੈ ਸਿੰਘ ਟਹਲ ਸਿੰਘਨ ਕਮਾਵਤ॥ ਅੱਗੇ ਭਾਈ ਤਾਰਾ ਸਿੰਘ, ਸਿੰਘਾਂ ਦੀ (ਟਹਲ) ਸੇਵਾ ਕਰ ਰਹੇ ਸਨ। *ਭਰ ਦੇਗੈ ਜਲ ਸ਼ਨਾਨ ਕਰਾਵਤ॥* ਪਾਣੀ ਦੇ ਦੇਗੇ ਭਰ ਭਰ ਕੇ ਸਿੰਘਾਂ ਦਾ ਇਸ਼ਨਾਨ ਕਰਾ ਰਿਹਾ ਸੀ ਤਾਰਾ ਸਿੰਘ। *ਔਰ ਸਿੰਘਨ ਸਿੰਘ ਜੀ ਸੌਂ ਕਹੀ॥* ਹੋਰ ਸਿੰਘਾਂ ਨੇ ਭਾਈ ਤਾਰਾ ਸਿੰਘ ਜੀ ਨੂੰ ਆਖਿਆ।

"ਤੁਮ ਬਹੁ ਟਹਲ ਅਗੈ ਕਰ ਲਈ॥੧੩॥ ਤੁਸੀਂ ਅੱਗੇ ਹੀ ਸਿੰਘਾਂ ਦੀ ਬਹੁਤ ਟਹਿਲ ਸੇਵਾ ਕਰ ਲਈ ਹੈ। ੧੩।

ਅਬ ਹਮ ਟਹਲ ਚਹਿੰ ਕਰੀ ਤੁਮਾਰੀ॥ ਹੁਣ ਅਸੀਂ ਤੁਹਾਡੀ ਸੇਵਾ ਕਰਨੀ ਚਾਹੁੰਦੇ ਹਾਂ ਸਾਨੂੰ ਆਪਣੀ ਸੇਵਾ ਬਖ਼ਸ਼ੋ, ਅਸੀਂ ਤੁਹਾਡੀ ਟਹਿਲ ਸੇਵਾ ਕਰੀਏ।

ਹੁਇ ਪਵਿਤ੍ਰ ਅਬ ਦੇਹਿ ਹਮਾਰੀ" ॥ ਹੁਣ ਸਾਡਾ ਸਰੀਰ ਵੀ ਪਵਿੱਤ੍ਰ ਹੋ ਜਾਵੇ ਤੁਹਾਡੀ ਸੇਵਾ ਕਰਕੇ।

ਤੌ ਸਿੰਘ ਜੀ ਉਨ ਕਹੀ ਸੁਨਾਇ॥ ਤਦ ਭਾਈ ਤਾਰਾ ਸਿੰਘ ਜੀ ਉਨ੍ਹਾਂ ਸਿੰਘਾਂ ਨੂੰ ਸੁਣਾ ਕੇ ਆਖਿਆ।

"ਦੇਹਿ ਪਵਿਤ੍ਰ ਹੋਇ ਸ਼ਸਤ੍ਰ ਲਗਾਇ॥੧੪॥ ਸਰੀਰ ਤਾਂ ਸ਼ਸਤ੍ਰਾਂ ਦੇ ਵਾਰ ਝੱਲ ਕੇ ਪਵਿਤ੍ਰ ਹੁੰਦਾ ਹੈ, ਜੇ ਦੇਹੀ ਪਵਿਤ੍ਰ ਕਰਨੀ ਹੈ ਤਾਂ ਮੈਦਾਨੇ ਜੰਗ ਵਿਚ ਨਿੱਤਰੋ, ਜਦੋਂ ਸ਼ਸਤ੍ਰ ਵੱਜਣਗੇ ਤਾਂ ਤੁਹਾਡੀ ਦੇਹ ਪਵਿਤ੍ਰ ਹੋਵੇਗੀ। ੧੪।

ਦੋਹਰਾ॥ ਜਸ ਦੁਵਾਰਕਹਿ ਦਾਗ ਲਗ, ਦੇਹਿ ਪਵਿਤ੍ਰ ਹੋਇ॥ ਜਿਸ ਤਰ੍ਹਾਂ ਦ੍ਵਾਰਕਾ ਪੁਰੀ ਵਿਚ ਛਾਪਾ ਲਗਾਉਣ ਨਾਲ

ਸਰੀਰ ਪਵਿਤ੍ਰ ਹੋ ਜਾਂਦਾ ਹੈ।

ਤੈਸੇ ਸ਼ਸਤ੍ਰ ਕੇ ਲਗੇ, ਪਾਪ ਦੇਹੋਂ ਜਾਇ ਧੋਇ॥੧੫॥ ਜਿਵੇਂ ਦ੍ਵਾਰਕਾ ਨਗਰੀ ਵਿਚ ਸਰੀਰ ਤੇ ਦਾਗ ਲੱਗੇ ਤੋਂ ਦੇਹ ਪਵਿਤ੍ਰ ਹੋ ਜਾਂਦੀ ਹੈ, ਏਸੇ ਤਰ੍ਹਾਂ ਹੀ ਖਾਲਸੇ ਪੰਥ ਦੀ ਰਹੁ ਰੀਤ ਇਹ ਹੈ ਕਿ ਜਿੰਨੇ ਸ਼ਸਤ੍ਰ ਵੱਜਣ ਸ਼ਰੀਰ ਉਤੇ, ਜਿੰਨੇ ਸਰੀਰ ਤੇ ਜਖ਼ਮ ਖਾਏ ਕੋਈ ਉਤਨਾ ਹੀ ਸਰੀਰ ਪਵਿਤ੍ਰ ਹੁੰਦਾ ਹੈ ਸਰੀਰ ਤੋਂ ਪਾਪ ਧੋਤੇ ਜਾਂਦੇ ਨੇ। ਇਸ ਕਰਕੇ ਖਾਲਸਾ ਜੀ! ਹੁਣ ਇਸ਼ਨਾਨ ਦੇ ਟਾਇਮ ਲੰਘ ਗਏ, ਹੁਣ ਤਾਂ ਮੈਦਾਨੇ ਜੰਗ ਸ਼ਸਤ੍ਰ ਖਾਉ ਸਿੱਧੇ ਹੋ ਕੇ। ੧੫।

ਚੌਪਈ॥ ਤੌ ਹੁਤਿ ਸਿੰਘ ਜੀ ਜਲ ਲੈਨ ਗਏ॥ ਤਦ ਕੁਛ ਸਿੰਘ ਜਲ ਲੈਣ ਗਏ ਹੋਏ ਸਨ।

ਆਵਤ ਤੁਰਕ ਉਨੈ ਲਖ ਲਏ॥ ਉਹਨਾਂ ਸਿੰਘਾਂ ਨੇ ਤੁਰਕਾਂ ਨੂੰ ਆਉਂਦਿਆਂ ਦੇਖ ਲਿਆ ਹੈ, ਕਿ ਫੌਜ ਆ ਗਈ ਹੈ।

ਮੁੜ ਸਿੰਘ ਜੀ ਸਭ ਸਿੰਘਨ ਸੁਨਾਈ॥ ਸਿੰਘਾਂ ਦੇ ਵਾਪਸ ਆਇਆਂ ਤੋਂ ਤਾਰਾ ਸਿੰਘ ਨੇ ਸਾਰੇ ਸਿੰਘਾਂ ਨੂੰ ਹੁਕਮ ਸੁਣਾਇਆ।

ਜਿਨ ਨੱਠਨੋ ਸੋ ਨੱਠ ਜਾਹੁ ਭਾਈ॥੧੬॥ ਓ ਸਿੰਘੋ! ਅਜੇ ਵੀ ਸਮਾਂ ਹੈ ਜੇ ਕਿਸੇ ਨੇ ਭੱਜਣਾ ਹੈ ਭੱਜ ਜਾਉ ਫੇਰ ਨਾ ਭੱਜਿਉ ਮੈਦਾਨ ਵਿਚੋਂ। ੧੬।

ਅਕੈ ਸ਼ਸਤ੍ਰ ਫੜ ਬਾਹਰ ਹੋਵਹੁ॥ ਜਾਂ ਫਿਰ ਸ਼ਸਤ੍ਰ ਫੜ ਕੇ ਡੇਰੇ ਵਿਚੋਂ ਬਾਹਰ ਹੋਵੋ ਜੂਝਣ ਵਾਸਤੇ।

ਛਾਡ ਓਟ ਰਣ ਭੂਮ ਖਲੋਵਹੁ॥ ਡੇਰੇ ਦੀ ਓਟ ਛੱਡ ਕੇ ਜੰਗ ਦੇ ਮੈਦਾਨ ਵਿਚ ਚਲ ਕੇ ਖੜੇ ਹੋਵਹੁ।

ਸੁਨਿ ਸਿੰਘ ਤੁਰੇ ਮੈਦਾਨੇ ਦਾਇ॥ ਤਾਰਾ ਸਿੰਘ ਦਾ ਹੁਕਮ ਸੁਣ ਕੇ ਸਿੰਘ ਮੈਦਾਨ ਦੀ (ਦਾਇ) ਤਰਫ ਨੂੰ ਤੁਰੇ ਹਨ ਜਿਥੇ ਰਣਖੰਭ ਗੱਡਿਆ ਸੀ ਸਿੰਘਾਂ ਨੇ।

ਛੋਡ ਓਟ ਰਣ ਭੂਮ ਖੜੇ ਜਾਇ॥੧੭॥ ਡੇਰੇ ਦੀਆਂ ਕੰਧਾਂ ਦਾ ਆਸਰਾ ਛੱਡਕੇ ਜੰਗੇ ਮੈਦਾਨ ਵਿੱਚ ਜਾ ਖੜ੍ਹਾ ਹੋਇਆ ਹੈ ਖਾਲਸਾ। ੧੭।

ਦੋਹਰਾ॥ ਉਤ ਤੇ ਤੁਰਕ ਤੌ ਆਇ ਪਏ, ਬਜਾਏ ਧੌਂਸ ਨਗਾਰ॥ ਉਧਰੋਂ ਲਹੌਰ ਤੋਂ ਤੁਰਕਾਂ ਦੀ ਸ਼ਾਹੀ ਫੌਜ ਧੌਂਸੇ, ਨਗਾਰੇ ਵਜਾ ਕੇ ਸਿੰਘਾਂ ਦੇ ਉਤੇ ਹੱਲਾ ਕਰ ਕੇ ਆ ਪਈ ਹੈ।

ਕਰਹਿੰ ਦੁਤਰਫੋਂ ਮਰ ਮਾਰ, ਸੋਂਚੀ ਜੈਸ ਖਿਡਾਰ॥੧੮॥ ਸਿੰਘਾਂ ਵੱਲੋਂ ਤੇ ਤੁਰਕਾਂ ਵੱਲੋਂ ਦੋਹਾਂ ਪਾਸਿਆਂ ਤੋਂ ਮਾਰ ਲਉ ਮਾਰ ਲਉ ਕਰਦੇ ਹਨ ਜਿਵੇਂ ਖਿਡਾਰੀ ਸੋਂਚੀ ਪੱਕੀ ਖੇਡਦੇ ਹਨ ਇਉਂ ਸਿੰਘ ਅੱਗੋਂ ਰੋਕਦੇ ਹੋਨ ਤੁਰਕਾਂ ਨੂੰ। ਇਸ ਤਰ੍ਹਾਂ ਲੜਾਈ ਹੋਣ ਲੱਗੀ ਹੈ ਉਧਰੋਂ ਤਾਂ ਜੱਥਾ ਆ ਕੇ ਪੈਂਦਾ ਹੈ ਤੁਰਕਾਂ ਦਾ ਏਧਰੋਂ ਇੱਕ ਇੱਕ ਦੋ ਦੋ ਸਿੰਘ ਉਹਨਾਂ ਨੂੰ ਭਜਾਉਂਦੇ ਹਨ ਮੈਦਾਨ ਵਿਚੋਂ। ੧੮।

ਚੌਪਈ॥ ਪ੍ਰਿਥਮ ਬੁਲਾਕਾ ਸਿੰਘ ਅਗਜੌਂ ਧਾਯੌ॥ ਜਦੋਂ ਤੁਰਕਾਂ ਨੇ ਹੱਲਾ ਬੋਲਿਆ ਸਿੰਘਾਂ ਤੇ ਉਨ੍ਹਾਂ ਨੂੰ ਰੋਕਣ ਵਾਸਤੇ ਭਾਈ ਬੁਲਾਕਾ ਸਿੰਘ ਮੈਦਾਨ ਵਿੱਚ ਅੱਗੋਂ ਨਿਤਰਿਆ ਹੈ।

ਫੜ ਤੇਗੌ ਤਿਨ ਬਹੁਤਨ ਲਾਯੌ॥ ਤੇਗ ਫੜ ਉਸਨੇ ਬਹੁਤਿਆਂ ਦੇ ਸਰੀਰ ਨੂੰ ਲਾਇਆ ਹੈ ਭਾਵ ਬਹੁਤਿਆਂ ਨੂੰ ਫੱਟੜ ਕੀਤਾ ਹੈ।

ਅਗਜੌਂ ਲਗਜੌਂ ਤਿਸ ਛਾਤੀ ਤੀਰ॥ ਤੁਰਕਾਂ ਦੇ ਹਾਥੀਆਂ ਵਾਲੇ ਸਰਦਾਰ ਹੁੰਦੇ ਸਨ ਜੋ ਤੀਰ ਕਮਾਨ ਲੈ ਕੇ ਹਾਥੀ ਤੇ ਬੈਠੇ ਹੁੰਦੇ ਸਨ। ਤੁਰਕਾਂ ਦੀ ਫੌਜ ਵਿੱਚ ਪੰਜ ਹਾਥੀ ਵੀ ਸਨ, ਇਹ ਸਰਦਾਰ ਸਨ ਫੌਜ ਦੇ, ਮੋਮਨ ਖਾਂ ਦੇ ਚੇਲੇ ਸਨ। ਅੱਗੋਂ ਬੁਲਾਕਾ ਸਿੰਘ ਦੀ (ਛਾਤੀ) ਸੀਨੇ ਵਿੱਚ ਤੀਰ ਲੱਗਿਆ ਹੈ।

ਭਯੋ ਪ੍ਰਿਥਮਹਿ ਸੋਈ ਬਹੀਰ॥੧੯॥ ਸਭ ਤੋਂ ਪਹਿਲਾਂ ਉਹ ਬਹੀਰ ਪਾ ਗਿਆ ਚਾਲਾ ਪਾ ਗਿਆ, (ਬਹੀਰ) ਭਾਵ ਸ਼ਹੀਦ ਹੋ ਗਿਆ ਹੈ। ੧੯।

ਖੜ ਜਾਇ ਸਿੰਘਨ ਢੇਰੀ ਬੰਨ੍ਹ ਲਈ॥ ਸਿੰਘਾਂ ਨੇ ਮੈਦਾਨ ਵਿੱਚ ਜਾ ਕੇ ਖੜ੍ਹੇ ਹੋ ਕੇ (ਢੇਰੀ ਬੰਨ੍ਹ ਲਈ) ਪਿੱਠਾਂ ਜੋੜ ਲਈਆਂ

ਮੂੰਹ ਚਾਰ ਚੁਫੇਰੇ ਕਰਕੇ ਖੜੇ ਹੋ ਗਏ ਹਨ।

ਜਿਮ ਕਰ ਖੇਡ ਸੌਂਚੀ ਕੀ ਠਈ॥ ਜਿਵੇਂ ਸੌਂਚੀ ਦੀ ਖੇਡ ਖੇਡਦੇ ਹਨ, ਏਸੇ ਤਰ੍ਹਾਂ ਏਥੇ ਵੀ ਜੰਗ ਵਿੱਚ ਸੌਂਚੀ ਪੱਕੀ ਦੀ ਖੇਡ ਹੋਣ ਲੱਗ ਪਈ ਹੈ, ਸਿੰਘ ਅੱਗੇ ਹੋ ਕੇ ਵਧ ਵਧ ਕੇ ਸੱਟਾਂ ਲੱਗੇ ਹਨ ਲਉਣ।

ਸੌਂਚੀ ਪੱਕੀ = ਇੱਕ ਖੇਡ ਪੰਜਾਬ ਦੀ, ਜਿਸ ਵਿਚ ਬੜੇ ਜੁਆਨ ਹੁੰਦੇ ਹਨ ਜੋਧੇ, ਉਧਰੋਂ ਫੜਨ ਵਾਲੇ ਵੀ ਤਕੜੇ ਜੁਆਨ ਹੁੰਦੇ, ਜੈਸੇ ਕਬੱਡੀ ਖੇਡਦੇ ਨੇ, ਉਹਨੂੰ ਫੜਨਾ, ਉਸਨੇ ਧੌਲਾਂ ਮਾਰਦਿਆਂ ਧੱਫੇ ਚਪੇੜਾਂ ਛਾਤੀਆਂ ਵਿਚ ਹੱਥ ਮਾਰਦਿਆਂ ਪਿਛਲ ਖੁਰੀ ਭੱਜਕੇ ਨਿਕਲ ਜਾਣਾ ਡਾਹ ਨਾ ਦੇਣੀ।

ਉਤ ਤੇ ਤੁਰਕ ਹਲੋ ਕਰ ਆਵੈਂ॥ ਉਧਰੋਂ ਤੁਰਕ ਹੱਲਾ ਕਰਕੇ ਆਉਂਦੇ ਨੇ ਜਥਾ ਬੰਨ੍ਹ ਕੇ ਸਿੰਘਾਂ ਉੱਤੇ।

ਇਤ ਤੈ ਸਿੰਘ ਉਨ ਮੋੜ ਹਟਾਵੈਂ॥ ੨੦॥ ਏਧਰੋਂ ਸਿੰਘ ਅੱਗੋਂ ਮੋੜ ਕੇ ਪਿਛਾਂਹ ਹੀ ਭਜਾ ਦਿੰਦੇ ਨੇ, ਜਦੋਂ ਤੁਰਕ ਅੱਗੇ ਵਧਦੇ ਨੇ ਸਿੰਘ ਅਗੋਂ ਮਾਰ ਕੇ ਮੂੰਹ ਵੱਢ ਦਿੰਦੇ ਨੇ ਹੱਥ ਵੱਢ ਦਿੰਦੇ ਨੇ, ਤੁਰਕ ਮਾਰ ਖਾ ਕੇ ਪਿੱਛੇ ਨੂੰ ਭੱਜਦੇ ਹਨ। ੨੦।

ਗਰਦ ਗੁਬਾਰ ਦੁਇ ਵਲ ਤੈ ਭਈ॥ ਉਧਰ ਫੌਜ ਬਹੁਤੀ ਹੈ ਏਧਰ ਸਿੰਘ ਗਿਣਤੀ ਦੇ ਬਾਈ ਹਨ ਸਾਰੇ ਉਨ੍ਹਾਂ ਸੈਂਕੜਿਆਂ ਨੂੰ ਰੋਕਣ ਵਾਸਤੇ ਪੰਜ ਚਾਰ ਸਿੰਘ ਅੱਗੇ ਵਧਦੇ ਨੇ, ਉਥੇ ਮਿੱਟੀ ਘੱਟਾ ਅਸਮਾਨ ਨੂੰ ਚੜ੍ਹ ਕੇ ਧੂੜ ਨਾਲ (ਗੁਬਾਰ) ਹਨੇਰਾ ਜਿਹਾ ਛਾ ਗਿਆ ਹੈ।

ਹੁਤੀ ਰਾਤ ਜਨ ਅੰਧੇਰੀ ਅਈ॥ ਇੱਕ ਤਾਂ ਪਹੁ ਫੁਟਾਲਾ ਹੋਣ ਕਰਕੇ ਤੇ ਦੂਜਾ ਘੋੜਿਆਂ ਦੇ ਪੈਰਾਂ ਨਾਲ ਜਾਣੋ ਮੁੜ ਹਨੇਰੀ ਰਾਤ ਵਾਂਗ ਹੋ ਗਿਆ ਜਾਂ ਜਾਣੋ ਕਾਲੀ ਬੋਲੀ ਹਨੇਰੀ ਹੀ ਆ ਗਈ ਹੋਵੇ, ਹੱਥ ਪਸਾਰਿਆ ਨਹੀਂ ਦਿਸਦਾ ਹੈ।

ਉਤ ਕਰ ਹੱਲੈ ਤੁਰਕ ਘੋੜੇ ਚਲਾਵਨ॥ ਉਧਰੋਂ ਤੁਰਕ ਤੇਜ ਘੋੜੇ ਭਜਾ ਭਜਾ ਕੇ ਹੱਲਾ ਬੋਲਦੇ ਸਨ।

ਮਾਰ ਸਿੰਘਨ ਚਹੈ ਫੇਟਨ ਗਿਰਾਵਨ॥੨੧॥ ਤੁਰਕ ਚਾਹੁੰਦੇ ਘੋੜਿਆਂ ਦੀਆਂ ਫੇਟਾਂ ਮਾਰ ਮਾਰ ਕੇ ਹੀ ਸਿੰਘਾਂ ਨੂੰ ਸ਼ਹੀਦ ਕਰ ਦੇਈਏ, ਪਰ ਸਿੰਘ ਜੰਗ ਦੇ ਬੜੇ ਖਿਡਾਰੀ ਹਨ, ਘੋੜਿਆਂ ਤੋਂ ਉਚੀਆਂ ਉਚੀਆਂ ਛਾਲਾਂ ਮਾਰਦੇ ਹਨ। ੨੧।

ਅਗਜੋਂ ਉਨ ਸਿੰਘ ਮੁਖ ਕਟ ਡਾਰੇ॥ ਤੁਰਕ ਜਦੋਂ ਘੋੜਾ ਭਜਾ ਕੇ ਸਿੰਘਾਂ ਦੇ ਫੇਟ ਮਾਰਨੀ ਚਾਹੁੰਦੇ ਹਨ, ਤਾਂ ਸਿੰਘ ਅੱਗੋਂ ਘੋੜੇ ਦੇ ਮੂੰਹ ਜਾਂ ਮੱਥੇ ਵਿਚ ਨੇਜ਼ਾ ਮਾਰਕੇ ਵੱਢ ਦਿੰਦੇ ਹਨ।

ਗਿਰੇ ਤਹੀਂ ਬਹੁ ਥੱਕ ਕੈ ਹਾਰੇ॥ ਬਹੁਤੇ ਤਾਂ ਉਥੇ ਹੀ ਘੋੜਿਆਂ ਤੋਂ ਡਿਗ ਪਏ ਹਨ, ਅਤੇ ਕਈ ਥੱਕ ਕੇ ਹਾਰ ਮੰਨ ਬੈਠੇ ਹਨ।

ਕਿਛਕੁ ਗਿਰੇ ਵਹਿ ਆਪਸ ਮਾਂਹਿ॥ ਕਈਆਂ ਦੇ ਘੋੜੇ ਆਪਸ ਵਿਚੋਂ ਟਕਰਾ ਕੇ ਡਿੱਗ ਪਏ ਹਨ, ਹਨੇਰੀ ਰਾਤ ਵਿੱਚ ਪਤਾ ਨਹੀਂ ਲਗਦਾ ਹੈ, ਕਈ ਆਪਸ ਵਿੱਚ ਖਹਿ ਕੇ ਇੱਕ ਦੂਜੇ ਦੇ ਸੱਟਾਂ ਮਾਰਕੇ ਡਿਗ ਪਏ ਹਨ।

ਇਮ ਕਰ ਰੁਕ ਗਜੋ ਉਨ ਕੋ ਰਾਹੁ॥੨੨॥ ਇਉਂ ਕਰਕੇ ਜਦੋਂ ਉਹ ਆਉਂਦੇ ਸੀ ਹੱਲਾ ਕਰਕੇ ਉਹ ਰਾਹ ਰੁਕ ਗਿਆ ਹੈ, ਕਿਤੇ ਘੋੜੇ ਡਿੱਗੇ ਪਏ ਨੇ ਕਿਤੇ ਸਵਾਰ ਡਿੱਗੇ ਪਏ ਨੇ। ੨੨।

ਦੋਹਰਾ॥ ਤਿਹ ਦੁਇ ਵਲ ਤੇ ਅੜ ਭਿੜੈ, ਗਿਰ ਗਿਰ ਰੁਕ ਗਈ ਠੌਰ॥ ਉਧਰੋ ਉਧਰੀ ਜਦੋਂ ਪੈਦਲ ਹੱਲਾ ਬੋਲਦੇ ਹਨ, ਉਥੇ ਦੋਹਾਂ ਪਾਸਿਆਂ ਤੋਂ ਇੱਕ ਦੂਜੇ ਨਾਲ ਅੜ ਕੇ ਭਿੜਦੇ ਹਨ, ਸਭ ਨੂੰ ਤਲਵਾਰਾਂ ਤੇਗਿਆਂ ਨਾਲ ਅੜ ਜਾਂਦੇ ਹਨ ਸਿੰਘ ਇਉਂ ਡਿੱਗ ਡਿੱਗ ਕੇ ਸਾਰੀ ਜਗ੍ਹਾ ਰੁਕ ਗਈ ਹੈ, ਲੋਥਾਂ ਹੀ ਲੋਥਾਂ ਖਿਲਰ ਗਈਆਂ ਹਨ।

ਕਰ ਕਰ ਹੱਲੇ ਜੋ ਅਵੈਂ, ਪਰੈਂ ਉਨੈਂ ਪਰ ਧੌੜ॥੨੩॥ ਜੋ ਸਿੰਘਾਂ ਦੇ ਉੱਤੇ ਹੱਲੇ ਕਰ ਕਰ ਕੇ ਆਉਂਦੇ ਹਨ ਉਹਨਾਂ ਨੂੰ ਕੁਛ ਪਤਾ ਹੀ ਨਹੀਂ ਲਗਦਾ, ਕਿਸੇ ਦਾ ਪੈਰ ਵਿੱਚ ਵੱਜਦਾ ਹੈ ਤਾਂ ਠੇਡਾ ਖਾ ਕੇ ਧੜੰਮ ਦੇਕੇ ਉਨ੍ਹਾਂ ਦੇ ਉਤੇ ਡਿਗ ਪੈਂਦੇ ਹਨ। ਉਤੋਂ ਚੁੰਘੀ ਮਾਰ ਕੇ ਸਿੰਘ ਨਾਲ ਹੀ ਲਾਹ ਕੇ ਰੱਖ ਲੈਂਦੇ ਨੇ। ੨੩।

ਚੌਪਈ॥ ਕਿਛ ਉਨਕੈ ਉਨ ਸ਼ਸਤ੍ਰ ਲਾਗੈਂ॥ ਕੁਛ ਉਨ੍ਹਾਂ ਦੇ ਡਿੱਗੇ ਹੋਏ ਸ਼ਸਤ੍ਰ ਕਈਆਂ ਦੇ ਵੱਜ ਗਏ ਹਨ, ਜਦੋਂ ਤੀਰਾਂ

ਵਾਲੇ ਗੋਲੀਆਂ ਵਾਲੇ ਸ਼ਲਕਾਂ ਕਰਦੇ ਨੇ ਤਾਂ ਉਨ੍ਹਾਂ ਦੇ ਆਪਣਿਆਂ ਜਵਾਨਾਂ ਦੇ ਲੱਗ ਜਾਂਦੇ ਹਨ।

ਕਿਛ ਸਿੰਘ ਭੀ ਮਾਰੈਂ ਹੁਇ ਆਗੈ॥ ਕੁਛ ਸਿੰਘ ਵੀ ਅੱਗੇ ਹੋ ਹੋ ਕੇ ਦੇਖ ਦੇਖ ਕੇ, ਭਾਲ ਭਾਲ ਕੇ ਮਾਰਦੇ ਨੇ।

ਦੋਊ ਤਰਫ ਤੈ ਮਚ ਗਯੋ ਘਾਣ॥ ਦੋਹਾਂ ਪਾਸਿਆਂ ਤੋਂ ਘਮਸਾਣ ਹੋ ਗਿਆ, ਬਹੁਤ ਗੂੜ੍ਹਾ ਜੰਗ ਹੋ ਗਿਆ ਹੈ।

ਥੱਕ ਗਏ ਦੁਵੱਲੋਂ ਲਾ ਲਾ ਤਾਣ॥੨੪॥ ਦੋਹਾਂ ਪਾਸਿਆਂ ਤੋਂ (ਤਾਣ) ਜੋਰ ਲਾ ਲਾ ਕੇ ਥੱਕ ਗਏ ਹਨ, ਤੁਰਕਾਂ ਅਤੇ ਸਿੰਘਾਂ ਦੀਆਂ ਬਾਹਾਂ ਥੱਕ ਗਈਆਂ ਹਨ। ੨੪।

ਧੀਰੀ ਧੀਰੀ ਵਲ ਦੋਊ ਤੈ ਹੋਈ॥ ਜਿਥੇ ਹੱਲੇ ਤੇ ਹੱਲਾ ਹੋ ਰਿਹਾ ਸੀ ਹੁਣ (ਧੀਰੀ ਧੀਰੀ) ਹੌਲੀ ਹੌਲੀ, ਸੁਸਤਾ ਗਏ ਹਨ। ਉਹ ਵੀ ਥੱਕ ਕੇ ਪਿਛੇ ਖੜ ਗਏ ਹਨ, ਏਧਰ ਸਿੰਘ ਵੀ ਕਹਿੰਦੇ ਹਨ ਅੱਗੇ ਵਧੇ ਕੋਈ ਤਾਂ ਲੜੀਏ, ਸਿੰਘ ਤਾਂ ਉਤਨੇ ਹੀ ਸਨ, ਉਹਨਾਂ ਨੇ ਆਪਣਾ ਗੋਲ ਘੇਰਾ ਨਹੀਂ ਸੀ ਛੱਡਣਾ।

ਛੋਟੀ ਹਥਜਾਰੀਂ ਆਵੈ ਨ ਕੋਈ॥ ਹੁਣ ਛੋਟਿਆਂ ਹਥਿਆਰਾਂ ਨਾਲ ਤਾਂ ਆਉਂਦਾ ਨਹੀਂ ਕੋਈ, ਤਲਵਾਰ, ਨੇਜਾ, ਬਰਛਾ ਫੜ ਕੇ ਕੋਈ ਅੱਗੇ ਨਹੀਂ ਵਧਦਾ।

ਤੀਰ ਬੰਦੂਕ ਖੜ ਦੂਰੋਂ ਚਲਾਵੈਂ॥ ਦੂਰੋਂ ਖੜ੍ਹੇ ਹੀ ਤੀਰ ਚਲਾਉਂਦੇ ਹਨ ਤੇ ਬੰਦੂਕਾਂ ਦੇ ਫਾਇਰ ਕਰਦੇ ਹਨ।

ਇਸ ਬਿਧ ਸਿੰਘਨ ਮਾਰ ਗਿਰਾਵੈਂ॥੨੫॥ ਜੇ ਕੋਈ ਸਿੰਘ ਨਿਸ਼ਾਨੇ ਹੇਠ ਆ ਜਾਂਦਾ ਹੈ ਕਿਸੇ ਦੇ ਗੋਲੀ ਲੱਗੀ ਕਿਸੇ ਦੇ ਤੀਰ ਲੱਗਿਆ, ਸਿੰਘ ਨੰਗੇ ਪਿੰਡੇ ਮੈਦਾਨ ਵਿੱਚ ਲੜ ਰਹੇ ਸਨ, ਤੀਰ ਗੋਲੀ ਨਾਲ ਇਸ ਤਰ੍ਹਾਂ ਮਾਰ ਕੇ ਸੁੱਟ ਦਿੰਦੇ ਸਨ। ੨੫।

ਹੁਤ ਬੰਦੂਕ ਤਮਾਚੋ ਸਿੰਘਨ ਪਹਿ ਨਾਂਹਿ॥ ਸਿੰਘਾਂ ਦੇ ਕੋਲ ਨਾ ਕੋਈ ਬੰਦੂਕ ਸੀ ਅਤੇ ਨਾ ਹੀ ਕੋਈ (ਤਮਾਚਾ) ਪਸਤੋਲ ਆਦਿਕ ਸੀ।

ਪਰ ਉਨ ਕੀ ਗੋਲੀ ਲੰਘ ਉਨ ਪਰ ਪਾਂਹਿ॥ ਉਨ੍ਹਾਂ ਦੀ ਗੋਲੀਆਂ ਹੀ ਉਨ੍ਹਾਂ ਨੂੰ ਲੰਘ ਕੇ ਉਨ੍ਹਾਂ ਨੂੰ ਵਜਦੀਆਂ ਨੇ, ਜੋ ਘੇਰਾ ਪਾਈ ਬੈਠੇ ਸੀ ਚਾਰ ਚੁਫੇਰੇ।

ਤੌ ਮੋਮਨ ਖਾਂ ਨੇੜੇ ਆਯਾ॥ ਤਾਂ ਮੋਮਨ ਖਾਂ ਨੇੜੇ ਹੋ ਕੇ ਵੇਖਣ ਲੱਗਾ ਕੀ ਗੱਲ ਹੈ ਬਵੰਗ ਕੀ ਬਣਿਆ, ਥੋੜੇ ਜਿਹੇ ਸਿੰਘ ਦਸਦੇ ਸੀ ਬਾਈ ਕੁ ਕਿਵੇਂ ਅਜੇ ਮੈਦਾਨ ਵਿੱਚ ਉਵੇਂ ਖੜੇ ਹਨ।

ਤੌ ਹੱਲਾ ਤਿਮ ਫੇਰ ਕਰਾਯਾ॥੨੬॥ ਨੇੜੇ ਹੋ ਕੇ ਮੋਮਨ ਖਾਂ ਨੇ ਉਸੇ ਤਰ੍ਹਾਂ ਫੇਰ ਹੱਲਾ ਕਰਵਾਇਆ ਹੈ। ੨੬।

ਤਊ ਮੁਗਲ ਤਕੀ ਘੋੜਾ ਚਲਾਯਾ॥ ਇਕ ਤਕੀ ਬੇਗ ਨਾਮ ਦਾ ਮੁਗਲ ਸਰਦਾਰ ਸੀ, ਏਸ ਨੇ ਘੋੜਾ ਛੇੜ ਕੇ ਅਗਾਂਹ ਕੀਤਾ।

ਕਹਾਂ ਤਾਰਾ ਸਿੰਘ ਪੁਛਤਾ ਆਯਾ॥ ਕਹਾਂ ਹੈਂ ਤਾਰਾ ਸਿੰਘ, ਕਹਾਂ ਹੈ ਤਾਰਾ ਸਿੰਘ, ਮੈਨੂੰ ਦਿਖਾਉ, ਇਸ ਤਰ੍ਹਾਂ ਪੁਛਦਾ ਹੋਇਆ, ਅੱਗੇ ਆਇਆ ਹੈ।

ਸਿੰਘ ਜੀ ਕਹਯੋ "ਚਲ ਆਉ ਅਗਾਰੀ॥ ਤਾਰਾ ਸਿੰਘ ਉਥੇ ਹੀ ਖੜਾ ਸੀ ਮੈਦਾਨ ਵਿੱਚ, ਤਾਰਾ ਸਿੰਘ ਨੇ ਕਿਹਾ ਓ ਤੁਰਕਾ! ਅੱਗੇ ਆ, ਆ ਤੈਨੂੰ ਤਾਰਾ ਸਿੰਘ ਵਿਖਾਵਾਂ।

ਬਿਸ਼ਕ ਚਲਾਉ ਤੂੰ ਪਹਲੋਂ ਵਾਰੀ" ॥੨੭॥ ਬਿਨਾਂ ਸ਼ਕ ਤੋਂ ਤੂੰ ਪਹਿਲਾਂ ਵਾਰ ਚਲਾ ਲੈ ਪਹਿਲਾਂ ਵਾਰ ਕਰ ਕੇ ਵੇਖ ਲੈ। ੨੭।

ਛੇੜ ਘੋੜਾ ਉਨ ਤੀਰ ਚਲਾਯਾ॥ ਉਸਨੇ ਘੋੜਾ ਛੇੜ ਕੇ ਅੱਗੇ ਹੋ ਕੇ ਤੀਰ ਚਲਾਇਆ ਹੈ।

ਸੀਸ ਮੁੰਡਾਸੇ ਸਿੰਘ ਜੀ ਕੇ ਲਾਯਾ॥ ਭਾਈ ਤਾਰਾ ਸਿੰਘ ਜੀ ਦੇ ਦੁਮਾਲੇ ਵਿੱਚ ਤੀਰ ਵੱਜਿਆ।

ਝਟ ਕਰ ਘੋੜੇ ਸਿੰਘ ਫੜ ਲਈ ਬਾਗ॥ ਤਾਰਾ ਸਿੰਘ ਨੇ ਝਟਕੇ ਨਾਲ ਉਸਦੇ ਘੋੜੇ ਦੀ ਵਾਗ ਫੜ ਲਈ ਹੈ।

ਤਿਸ ਹੁਤੋ ਨਗਾਤ ਸੰਜੋਇ ਬਿਨ ਨਾਂਗ॥ ੨੮॥ ਉਸਨੇ ਵੇਖਿਆ ਕਿ ਇਸਦਾ ਸਰੀਰ ਕਿਤੋਂ ਨੰਗਾ ਹੈ? ਉਹਦਾ ਸਾਰਾ ਸਰੀਰ ਲੋਹੇ ਨਾਲ ਮੜ੍ਹਿਆ ਹੈ ਕਿਤੋਂ ਵੀ ਨੰਗਾ ਨਹੀਂ ਹੈ। ੨੮।

ਦੋਹਰਾ॥ ਬਿਨ ਸੰਜੋਇ ਇਸ ਮੁਗਲ ਕਾ, ਪਿੰਡਾ ਨਜ਼ਰ ਨ ਆਇ॥ ਇਸ ਤਕੀ ਬੇਗ ਮੁਗਲ ਦਾ ਕਿਤੋਂ ਵੀ ਸਾਰਾ (ਪਿੰਡਾ) ਸਰੀਰ ਬਿਨਾਂ ਸੰਜੋਅ ਤੋਂ ਨਜ਼ਰ ਨਹੀਂ ਆਉਂਦਾ, ਭਾਵ ਸਾਰਾ ਸਰੀਰ ਸੰਜੋਅ ਨਾਲ ਢਕਿਆ ਹੋਇਆ ਹੈ।

ਇਕ ਮੁਖ ਨੰਗਾ ਸਿੰਘ ਲਖ, ਪਿਪਲਾ ਦਯੋ ਧਸਾਇ॥੨੯॥ ਤਕੀ ਬੇਗ ਲਲਕਾਰੇ ਮਾਰ ਰਿਹਾ ਸੀ, ਸੰਜੋਅ ਤੋਂ ਬਗੈਰ ਸਿਰਫ ਇਕ ਮੂੰਹ ਨੰਗਾ ਸੀ ਉਸ ਦਾ ਤਲਵਾਰ ਦੀ (ਪਿਪਲਾ) ਨੋਕ ਉਸਦੇ ਵਿੱਚ ਲੰਘਾ ਦਿਤੀ ਹੈ ਤਾਰੇ ਸਿੰਘ ਨੇ। ੨੯।

ਮੁੜਯੋ ਤਕੀ ਮੁਖ ਜ਼ਖਮ, ਖਾ ਮੋਮਨ ਲਯੋ ਪਛਾਨ॥ ਤਲਵਾਰ ਦੀ ਪਿਪਲਾ ਸੰਘ ਪਾੜ ਤਕੀ ਬੇਗ ਦਾ ਅਗਾਂਹ ਲੰਘ ਗਈ, ਉਸ ਦੇ ਪਿੱਛੇ ਫੌਜਦਾਰ ਮੋਮਨ ਖਾਂ ਖੜਾ ਸੀ, ਉਸਨੇ ਤਕੀ ਬੇਗ ਨੂੰ ਪਛਾਣ ਲਿਆ ਹੈ, ਮੂੰਹ ਦੇ ਵਿਚੋਂ ਖੂਨ ਦੀ ਘਰਾਲ ਵਗਦੀ ਵੇਖ ਕੇ ਕਿਹਾ।

ਪੂਛੀ ਖਬਰ ਬੁਲਾਇ ਉਸ ਕਹਾਂ, ਖਾਏ ਮੁਖ ਪਾਨ ?॥ ੩੦॥ ਪਾਨ ਦੇ ਵਾਂਗ ਤਕੀ ਬੇਗ ਦੇ ਮੂੰਹ 'ਚੋਂ ਖੂਨ ਦੀ ਧਾਰ ਵਗਦੀ ਵੇਖ ਕੇ ਮੋਮਨ ਖਾਂ ਨੇ ਕਿਹਾ ਤਕੀ ਬੇਗ ਇਹ ਪਾਨ ਕਿਥੋਂ ਖਾ ਕੇ ਆਇਆ ਹੈਂ ?। ੩੦।

ਚੌਪਈ॥ ਤੈਂ ਤਕੀ ਨੈ ਮੋਮਨ ਸੁਨਾਈ॥ ਤਕੀ ਬੇਗ ਨੇ ਮੋਮਨ ਖਾਂ ਨੂੰ ਕਿਹਾ ਸੁਣ ਭਾਈ।

ਅਗੈ ਤਾਰਾ ਸਿੰਘ ਬੈਠਾ ਬੀੜੇ ਬਨਾਈ॥ ਅੱਗੇ ਭਾਈ ਤਾਰਾ ਸਿੰਘ ਪਾਨਾਂ ਦੇ ਬੀੜਿਆਂ ਦਾ ਥਾਲ ਲਾਈ ਬੈਠਾ ਹੈ, ਇੱਕ ਇੱਕ ਦਿੰਦਾ ਹੈ ਜਿਹੜਾ ਅੱਗੇ ਜਾਵੇ।

ਹੁਇ ਹਿੰਮਤ ਤੈਂ ਅਗੈ ਹੁਇ ਖਾਵੋ॥ ਜੇ ਹੈ ਹਿੰਮਤ ਤਾਂ ਅੱਗੇ ਹੋਕੇ ਤੂੰ ਵੀ ਲੈ ਵਰਤਾਰਾ, ਅੱਗੇ ਹੋ ਕੇ ਖਾ ਲੈ ਪਾਨਾਂ ਦਾ ਬੀੜਾ, ਬੀੜੇ ਤਾਂ ਵੰਡੀ ਜਾਂਦਾ ਹੈ ਤਾਰਾ ਸਿੰਘ।

ਦੂਰ ਖੜੇ ਕਜਾ ਬਾਤ ਬਨਾਵੋ॥੩੧॥ ਦੂਰ ਖੜਾ ਕਿਉ ਗੱਲਾਂ ਬਣਾਉਂਦਾ ਹੈ ਅਗਾਂਹ ਹੋ ਜੇ ਲੈਣਾ ਹੈ ਪ੍ਰਸ਼ਾਦ। ੩੧।

ਇਕ ਹੁਤੋ ਚੇਲੋ ਉਸ ਪਹਿ ਖਲੋ॥ ਇਕ ਮੋਮਨ ਖਾਂ ਦਾ ਚੇਲਾ ਉਥੇ ਖੜਾ ਸੀ, ਜਿਹੜਾ ਕਿ ਹਾਥੀ ਉਤੇ ਸਵਾਰ ਸੀ।

ਸੁਨ ਵਹਿ ਸਿੰਘਨ ਪਰ ਧਾਇ ਚਲੋ॥ ਇਨ੍ਹਾਂ ਦੀ ਆਪਸ ਵਿਚ ਹੋ ਰਹੀ ਵਾਰਤਾ ਨੂੰ ਸੁਣ ਕੇ ਉਹ ਸਿੰਘਾਂ ਉਤੇ ਹੱਲਾ ਬੋਲਣ ਚਲਿਆ ਹੈ।

ਕਹਿ ਮਹਾਵਤ ਦਯੋ ਹਾਥੀ ਪਿਲਾਇ॥ ਮਹਾਵਤ ਨੂੰ ਕਹਿ ਕੇ ਹਾਥੀ ਅੱਗੇ ਤੋਰ ਦਿੱਤਾ, ਹਾਥੀ ਅੱਗੇ ਨੂੰ ਤੋਰਿਆ ਹੈ।

ਦੁਇ ਦੁਇ ਤੀਰ ਛੜ ਦਏ ਚਲਾਇ॥੩੨॥ ਇਹ ਬੜਾ ਜਵਾਨ ਸੀ, ਦੋ ਦੋ ਤੀਰ ਇਕੱਠੇ ਕਮਾਣ ਤੇ ਰੱਖ ਕੇ ਮਾਰਦਾ ਸੀ। ੩੨।

ਕਹਿ ਮਹਾਵਤ ਉਨ ਹਾਥੀ ਤੁਰਵਾਯੋ॥ ਉਸਨੇ ਮਹਾਵਤ ਨੂੰ ਕਹਿ ਕੇ ਹਾਥੀ ਸਿੰਘ ਵੱਲ ਨੂੰ ਤੋਰ ਲਿਆ ਹੈ।

ਫੱਟੇ ਥਕੇ ਉਨ ਸਿੰਘਨ ਤਕਾਯੋ॥ (ਫੱਟੇ) ਫੱਟੜ ਹੋਏ ਅਤੇ ਥੱਕੇ ਹੋਏ ਉਸਨੇ ਸਿੰਘਾਂ ਨੂੰ ਤਕਾਇਆ ਹੈ ਭਾਵ ਸਿੰਘਾਂ ਨੂੰ ਤੱਕਿਆ ਹੈ।

ਉਨ ਜਾਨਜੋ ਮੈ ਊਚੇ ਥਾਇ॥ ਉਸਨੇ ਜਾਣਿਆ ਹੈ ਕਿ ਮੈਂ ਤਾਂ ਉੱਚੀ ਥਾਂ ਤੇ ਬੈਠਾ ਹਾਂ, ਉਨ੍ਹਾਂ ਦਾ ਨੇਜਾ, ਬਰਛੀ ਮੇਰੇ ਤੱਕ ਨਹੀਂ ਆਏਗਾ।

ਦੇਉਂਗ ਹਾਥੀਓਂ ਸਿੰਘਨ ਮਿਧਾਇ॥੩੩॥ ਜੇ ਸਿੰਘ ਅੱਗੇ ਆਉਣਗੇ ਮੈਂ ਉਨ੍ਹਾਂ ਤੇ ਹਾਥੀ ਚੜ੍ਹਾ ਮਿਧਾ ਦੇਵਾਗਾਂ। ੩੩।

ਦੇਖ ਥੋੜੇ ਸਿੰਘ ਲਾਲੀ ਆਈ॥ ਸਿੰਘਾਂ ਨੂੰ ਥੋੜੀ ਗਿਣਤੀ ਵਿੱਚ ਦੇਖ ਕੇ ਉਸਦੇ ਮੂੰਹ ਤੇ ਲਾਲੀ ਚੜ੍ਹ ਗਈ ਹੈ।

ਗਿਰਦੇ ਦੇਖਜੋ ਉਨ ਹਾਥੀ ਘੁਮਾਈ॥ ਉਸਨੇ ਸਿੰਘਾਂ ਦੇ ਇਰਦ ਗਿਰਦ ਹਾਥੀ ਨੂੰ ਘੁਮਾ ਕੇ ਵੇਖਿਆ ਹੈ।

ਵਹੁ ਮਾਰੈ ਦੁਇ ਦੁਇ ਢੁਕ ਤੀਰ॥ ਉਹ ਸਿੰਘਾਂ ਦੇ ਨੇੜੇ ਢੁਕ ਕੇ ਦੋ ਦੋ ਇਕੱਠੇ ਤੀਰ ਮਾਰਦਾ ਹੈ।

ਵਹਿ ਤੋ ਕਹਾਵਤ ਬਡ ਸੂਰਬੀਰ॥੩੪॥ ਇਹ ਆਪਣੇ ਆਪ ਨੂੰ ਬੜਾ ਸੂਰਬੀਰ ਕਹਾਉਂਦਾ ਸੀ। ੩੪।

ਦੋਹਰਾ॥ ਤੋ ਭੀਮਾ ਸਿੰਘ ਕਰ ਖੁਸ਼ੀ, ਪਰਜੋ ਸ਼ੇਰ ਜਿਮ ਧਾਇ॥ ਇਹ ਭੀਮਾ ਸਿੰਘ ਪਸ਼ੌਰੀਆ ਸਿੰਘ ਸੀ, ਇਸ ਨੂੰ ਬੜੀਆਂ ਖੁਸ਼ੀਆਂ ਚੜ੍ਹੀਆਂ ਹਨ, ਇਹ ਸ਼ੇਰ ਵਾਂਗ ਹੱਲਾ ਕਰਕੇ ਪਿਆ ਹੈ ਹਾਥੀ ਵਾਲੇ ਤੇ।

ਫੜ ਉਨ ਹਾਥੀ ਕੰਨ ਦਬਜੋ, ਤੁਰਤਹਿ ਲਯੋ ਬਹਾਇ॥੩੫॥ ਤੁਰਤ ਹੀ ਜਾ ਕੇ ਉਸਨੇ ਹਾਥੀ ਦਾ ਕੰਨ ਦੱਬ ਕੇ, ਹਾਥੀ ਨੂੰ ਬਿਠਾ ਲਿਆ ਹੈ। ਇਸ਼ਾਰਾ ਹੀ ਹੁੰਦਾ ਹੈ ਹਾਥੀ ਨੂੰ ਜਿਹੜੇ ਤੋਰਨਾ ਬੈਠਾਉਣਾ ਜਾਣਦੇ ਹਨ। ੩੫।

ਚੌਪਈ॥ ਤੋ ਸਿੰਘ ਕੀਯੋ ਮਹਾਵਤ ਪਰ ਵਾਰ॥ ਤਦ ਭੀਮਾ ਸਿੰਘ ਨੇ ਹਾਥੀ ਚਲਾਉਣ ਵਾਲੇ ਦੇ ਉਤੇ ਤਲਵਾਰ ਦਾ ਵਾਰ ਕੀਤਾ ਹੈ।

ਉਨ ਡਾਹਜੋ ਅੰਕੁਸ ਲਗ ਟੂਟੀ ਤਲਵਾਰ॥ (ਅੰਕੁਸ) ਹਾਥੀ ਨੂੰ ਤੋਰਨ ਵਾਲਾ ਲੋਹੇ ਦਾ ਗਿੱਠ ਦਾ ਤਿਖਾ ਕੁੰਡਾ ਹੁੰਦਾ ਹੈ, ਤਲਵਾਰ ਅੰਕੁਸ ਤੇ ਲੱਗ ਕੇ ਦੋ ਟੋਟੇ ਹੋ ਗਈ।

ਅਧੀ ਰਹੀ ਸੰਗ ਮਾਰਜੋ ਮਹਾਵਤ॥ ਅੱਧੀ ਜਿਹੜੀ ਬਚੀ ਸੀ ਤਲਵਾਰ ਉਸ ਦੇ ਨਾਲ ਦੂਜਾ ਵਾਰ ਕਰਕੇ ਮਾਰ ਦਿੱਤਾ ਹੈ ਮਹਾਵਤ ਨੂੰ।

ਸੋਊ ਗਜੋ ਗਸ਼ੀ ਅੰਕਸ ਲਾਵਤ॥੩੬॥ ਭੀਮਾ ਸਿੰਘ ਨੂੰ ਵੀ ਅੰਕੁਸ ਵੱਜਿਆ ਤੇ ਉਹ ਗਸ਼ੀ ਖਾ ਕੇ ਡਿੱਗ ਪਿਆ ਹੈ। ੩੬।

ਦੇਖ ਤਾਰੈ ਸਿੰਘ ਮਦਤ ਕਰਾਈ॥ ਜਦੋਂ ਤਾਰਾ ਸਿੰਘ ਨੇ ਵੇਖਿਆ ਕਿ ਭੀਮਾ ਸਿੰਘ ਮਹਾਵਤ ਨੂੰ ਮਾਰ ਕੇ ਡਿਗ ਪਿਆ ਹੈ ਤਾਂ ਤਾਰਾ ਸਿੰਘ ਨੇ ਮਦਦ ਕੀਤੀ ਹੈ ਭੀਮਾ ਸਿੰਘ ਦੀ, ਹੋਰ ਸਿੰਘ ਅੱਗੇ ਵਧੇ।

ਲਖਮੀਰ ਸਿੰਘ ਸੋਂ ਕਹਜੋ ਸੁਨਾਈ॥ ਤਾਰਾ ਸਿੰਘ ਨੇ ਲਖਮੀਰ ਸਿੰਘ ਨੂੰ ਸੁਣਾ ਕੇ ਕਿਹਾ ਹੈ।

ਜਦ ਅਸੀਂ ਤੁਸੀਂ ਹੁਤੋ ਮੰਝੀ ਚਰਾਵਤ॥ ਜਦੋਂ ਅਸੀਂ ਤੇ ਤੁਸੀਂ ਮੱਝਾਂ ਚਾਰਦੇ ਹੁੰਦੇ ਸਾਂ।

ਤੂੰ ਹੁਤੋ ਮੰਝੀ ਦੁਇ ਦੁਇ ਟੱਪ ਜਾਵਤ॥ ੩੭॥ ਉਸ ਵੇਲੇ ਤੂੰ ਦੋ ਦੋ ਮੱਝਾਂ ਇਕੱਠੀਆਂ ਹੀ ਟੱਪ ਜਾਂਦਾ ਸੀ ਛਾਲ ਮਾਰਕੇ। ੩੭।

ਅਬ ਕੱਟਾ ਤੁਰਕਨ ਕਾ ਕਿਤਨਕ ਬਲਾਇ॥ ਹੁਣ ਇਹ ਤੁਰਕਾਂ ਦਾ (ਕੱਟਾ) ਹਾਥੀ ਕਿਤਨੀ ਕੁ ਬਲਾ ਹੈ ਇਹ ਨਹੀਂ ਲੋਟ ਆਉਂਦਾ ਆਪਣੇ ਤੋਂ।

ਮਾਰ ਤੁਰਕ ਤੂੰ ਉਪਰ ਜਾਇ॥ ਹਾਥੀ ਦੇ ਉੱਪਰ ਚੜ੍ਹ ਕੇ ਤੁਰਕ ਨੂੰ ਮਾਰ ਕੇ ਹੇਠਾਂ ਸੁੱਟ।

ਅਗਜੋਂ ਲਖਮੀਰ, ਸਿੰਘ ਜੀ ਸੋਂ ਕਹੀ॥ ਅੱਗੋਂ ਲਖਮੀਰ ਸਿੰਘ ਨੇ ਤਾਰਾ ਸਿੰਘ ਨੂੰ ਆਖਿਆ।

ਮੇਰੇ ਭੀ ਮਨ ਥੀ ਗਲ ਯਹੀ॥੩੮॥ ਮੇਰੇ ਮਨ ਵਿਚ ਵੀ ਏਹੀ ਸੀ, ਮੇਰੇ ਮਨ ਵਿਚ ਅੱਗੇ ਹੀ ਫੁਰਨਾ ਹੋਇਆ ਸੀ ਕਿ ਮੈਂ ਹਾਥੀ ਤੇ ਚੜ੍ਹ ਕੇ ਤੁਰਕ ਨੂੰ ਮਾਰ ਕੇ ਹੇਠਾਂ ਸੁੱਟਾਂ। ੩੮।

ਮੋ ਪਰ ਤਨਕ ਆਗਜਾ ਜੇ ਹੋਇ॥ ਮੈਂ ਤਾਂ ਅੱਗੇ ਹੀ ਚਾਹੁੰਦਾ ਸੀ ਜੇ ਮੈਨੂੰ ਆਪ ਜੀ ਥੋੜੀ ਆਗਿਆ ਦੇਵੋ ਤਾਂ।

ਮੈਂ ਮਾਰ ਦਿਖਾਊਂ ਤੁਰਕੈ ਸੋਇ॥ ਮੈਂ ਉਸ ਤੁਰਕ ਨੂੰ ਮਾਰ ਕੇ ਦਿਖਾਉਂਦਾ ਹਾਂ।

ਇਤਨਕ ਕਹਿ ਸਿੰਘ ਕੀਨੀ ਧਾਈ॥ ਏਨੀ ਕੁ ਗੱਲ ਕਹਿ ਕੇ ਸਿੰਘ ਨੇ ਹਾਥੀ ਤੇ ਚੜ੍ਹਾਈ ਕੀਤੀ ਹੈ।

ਜਿਮ ਪਰੈ ਕੁੰਜਨ ਪਰ ਬਹਰੀ ਜਾਈ॥੩੯॥ ਜਿਵੇਂ ਕੂੰਜਾਂ ਦੀ ਡਾਰ ਤੇ ਬਹਿਰੀ ਪੈਂਦੀ ਹੈ ਇਉਂ ਜਾ ਪਿਆ ਹੈ ਦੁਸ਼ਮਣ ਤੇ ਲਖਮੀਰ ਸਿੰਘ। ੩੯। ਬਹਿਰੀ=ਬਾਜ ਵਰਗਾ ਇੱਕ ਸ਼ਿਕਾਰੀ ਜਾਨਵਰ।

ਦੋਹਰਾ॥ ਫੜ ਨੇਜਾ ਸਿੰਘ ਕੁਦ ਪਰਜੋ, ਸੋਂਹੇਂ ਚੇਲੇ ਕੋ ਲਲਕਾਰ॥ ਇਹ ਜਿਹੜਾ ਮੋਮਨ ਖਾਂ ਦਾ ਚੇਲਾ ਸੀ ਉਸ ਨੂੰ ਲਲਕਾਰ ਕੇ ਤਕੜਾ ਹੋ ਜਾ ਪਠਾਣਾ ! ਫੇਰ ਨਾ ਕਹੀਂ ਦੱਸਿਆ ਨਹੀਂ, ਨੇਜਾ ਫੜ ਕੇ ਕੁੱਦ ਕੇ ਜਾ ਪਿਆ ਹੈ ਪਠਾਣ

ਤੇ ਲਖਮੀਰ ਸਿੰਘ।

ਉਤ ਵਲ ਤੇ ਉਨ ਭੀ ਕਰੀ, ਮਾਰੈ ਮਾਰ ਪੁਕਾਰ॥੪੦॥ ਉਸ ਪਾਸਿਓਂ ਉਨ੍ਹਾਂ ਨੇ ਵੀ ਮਾਰ ਲਉ, ਮਾਰ ਲਉ ਦੀ ਪੁਕਾਰ ਕੀਤੀ ਹੈ। ੪੦।

ਚੌਪਈ॥ ਤੌ ਲਖਮੀਰ ਸਿੰਘ ਜਾਇ ਸੰਭਾਰਾ॥ ਤਾਂ ਲਖਮੀਰ ਸਿੰਘ ਨੇ ਜਾ ਸੰਭਾਲਿਆ ਹੈ।

ਜਾਇ ਚੇਲੇ ਕੌ ਮੋਢਾ ਮਾਰਾ॥ ਜਾ ਕੇ ਚੇਲੇ ਦੇ ਮੋਢੇ ਵਿਚ ਨੇਜਾ ਜਾ ਮਾਰਿਆ ਹੈ।

ਗਯੋ ਨੇਜਾ ਉਸ ਮੋਢੈ ਚੀਰ॥ ਨੇਜਾ ਉਸਦੇ ਮੋਢੇ ਨੂੰ ਚੀਰ ਕੇ ਅਗਾਂਹ ਲੰਘ ਗਿਆ ਹੈ।

ਫੜ ਹੁਇ ਤਲਵਾਰ ਨ ਚੱਲੇ ਤੀਰ॥੪੧॥ ਹੁਣ ਨਾ ਤਾਂ ਤਲਵਾਰ ਮਿਆਨ 'ਚੋਂ ਨਿਕਲਦੀ ਹੈ ਤੇ ਨਾ ਹੀ ਤੀਰ ਖਿਚਿਆ ਜਾਂਦਾ ਹੈ, ਬਾਂਹ ਲਹਿ ਗਈ ਸੱਜੀ ਜਿਸਦੇ ਨਾਲ ਵਾਰ ਕਰਦਾ ਸੀ। ੪੧।

ਇਕ ਦੁਇ ਸਿੰਘ ਮਦਤ ਔਰ ਆਏ॥ ਇਕ ਦੋ ਸਿੰਘ ਹੋਰ ਲਖਮੀਰ ਸਿੰਘ ਦੀ ਮਦਦ ਤੇ ਆ ਗਏ ਹਨ।

ਉਨ ਹਾਥੀ ਗਿਰਦਜੋਂ ਔਰ ਹਟਾਏ॥ ਜੋ ਹਾਥੀ ਦੇ ਦੁਆਲੇ ਹੋਰ ਤੁਰਕ ਸਨ ਉਨ੍ਹਾਂ ਨੂੰ ਸਿੰਘਾਂ ਨੇ ਮਾਰ ਕੇ ਭਜਾ ਦਿੱਤਾ ਹੈ।

ਤੌ ਲਖਮੀਰ ਸਿੰਘ ਕੌ ਦਾਉ ਲਗ ਗਯੋ॥ ਤਦ ਲਖਮੀਰ ਸਿੰਘ ਦਾ ਦਾਉ ਲੱਗ ਗਿਆ।

ਫੜ ਰੱਸਾ ਹਾਥੀ ਪਰ ਗਯੋ॥ ੪੨॥ ਹਾਥੀ ਦਾ ਰੱਸਾ ਫੜ ਕੇ ਉਸ ਦੇ ਉੱਤੇ ਚੜ੍ਹ ਗਿਆ ਹੈ। ੪੨।

ਮਾਰ ਤਲਵਾਰ ਚੇਲਾ ਡਾਰ ਦਯੋ॥ ਮੋਮਨ ਖਾਂ ਦੇ ਚੇਲੇ ਦੇ ਤਲਵਾਰ ਮਾਰ ਕੇ ਉਸਨੂੰ ਮਾਰ ਕੇ ਹਾਥੀ ਦੇ ਹੌਦੇ ਵਿਚੋਂ ਹੇਠਾਂ ਸੁੱਟ ਦਿੱਤਾ ਹੈ।

ਹਾਥੀ ਤੋਰ ਵਲ ਸਿੰਘਨ ਦਯੋ॥ ਹਾਥੀ ਨੂੰ ਏਧਰ ਸਿੰਘਾਂ ਵੱਲ ਹੱਕ ਦਿੱਤਾ ਹੈ।

ਸਿੰਘ ਜੀ ਕਹਜੋ ਹਾਥੀ ਕਿਹ ਕਾਮਨ॥ ਤਾਰਾ ਸਿੰਘ ਕਹਿਣ ਲੱਗਾ ਹਾਥੀ ਸਾਡੇ ਕਿਸ ਕੰਮ ਹੈ, ਇਹ ਕੱਟਾ ਆਪਾਂ ਕੀ ਕਰਨਾ ਹੈ।

ਹਮ ਅਨੇਕ ਬਖਸ਼ੈਂਗੇ ਗੁਲਾਮਨ॥੪੩॥ ਅੱਗੇ ਜਾ ਕੇ ਜਦੋਂ ਖਾਲਸੇ ਦਾ ਰਾਜ ਹੋ ਗਿਆ ਅਸੀਂ ਤਾਂ ਉਦੋਂ ਆਪਣੇ ਸੇਵਾਦਾਰਾਂ ਨੂੰ ਵੀ ਅਨੇਕਾਂ ਹਾਥੀਆਂ ਦੀ ਬਖਸ਼ਿਸ਼ ਕਰਾਂਗੇ। ੪੩।

ਹਾਥੀ ਫਿਰ ਜਬ ਖਾਲੀ ਗਯੋ॥ ਜਦੋਂ ਹਾਥੀ ਮੁੜ ਕੇ ਤੁਰਕਾਂ ਦੇ ਕੋਲ ਖਾਲੀ ਵਾਪਸ ਗਿਆ।

ਦਲ ਤੁਰਕਨ ਕੌ ਭਾਜ ਖਾਇ ਗਯੋ॥ ਜਦੋਂ ਤੁਰਕਾਂ ਨੇ ਵੇਖਿਆ ਐਡਾ ਸੂਰਮਾ ਸੁੱਟ ਲਿਆ ਹੈ ਪੈਦਲ ਸਿੰਘਾਂ ਨੇ ਹੀ, ਜਿਹੜਾ ਜਾਂਦਾ ਹੈ ਪਿਛੇ ਵਾਪਸ ਨਹੀਂ ਮੁੜਨ ਦਿੰਦੇ ਤਾਂ ਤੁਰਕਾਂ ਦਾ ਦਲ ਭਾਂਜ ਖਾ ਕੇ ਪਿਛੇ ਚਲਿਆ ਗਿਆ ਹੈ ।

ਤੌ ਮੋਮਨ ਖਾਂ ਪੂਰਬੀਏ ਬੁਲਾਏ॥ ਤੁਰਕ ਤਾਂ ਹਾਰ ਗਏ, ਤਦ ਮੋਮਨ ਖਾਂ ਨੇ ਜੋ ਪੂਰਬ ਦੇ ਜਰਨੈਲ ਜੋ ਮੁਗਲਾਂ ਦੀ ਨੌਕਰੀ ਕਰਦੇ ਸਨ ਉਨ੍ਹਾਂ ਨੂੰ ਬੁਲਾਇਆ ਹੈ।

ਹੁਤੇ ਹਜਾਰੀ ਖਿਤਾਬ ਜਿਨ ਪਾਏ॥੪੪॥ ਇਨ੍ਹਾਂ ਨੂੰ ਹਜ਼ਾਰੀ ਦਾ ਖਿਤਾਬ ਮਿਲਿਆ ਹੋਇਆ ਸੀ, ਕਿਸੇ ਨੂੰ ਪੰਜ ਹਜ਼ਾਰੀ ਕਿਸੇ ਨੂੰ ਦਸ ਹਜ਼ਾਰੀ ਦਾ, ਐਸੇ ਖਿਤਾਬ ਮਿਲੇ ਹੋਏ ਸਨ, ਭਾਵ ਏਨੀ ਏਨੀ ਫੌਜ ਤੇ ਕਮਾਨ ਕਰਨ ਵਾਲੇ ਸਨ। ੪੪।

ਦੋਹਰਾ॥ ਮਨਸਾ ਰਾਮ ਔ ਦਯਾ ਰਾਮ, ਜਿਨ ਕੌ ਥੋ ਯਹਿ ਨਾਮ॥ ਮਨਸਾ ਰਾਮ ਅਤੇ ਦਯਾ ਰਾਮ ਜਿਨ੍ਹਾਂ ਦਾ ਇਹ ਨਾਮ ਸੀ ਪੂਰਬੀਆਂ ਦੋਂਹ ਸਰਦਾਰਾਂ ਦਾ।

ਭੇਜ ਨਾਲ ਬਡ ਫੌਜ ਹੁਤ, ਕੁੰਦਲ ਪੁਰ ਘਰ ਧਾਮ॥੪੫॥ ਇਨ੍ਹਾਂ ਨੂੰ ਨਾਲ ਭੇਜਿਆ ਸੀ ਵੱਡੀ ਫੌਜ ਦੇ ਕੇ, ਕੁੰਦਲਪੁਰ ਇਨ੍ਹਾਂ ਦੇ ਘਰ ਸਨ ਇਹ ਆਪਣੀ ਫੌਜ ਲੈ ਕੇ ਸਿੰਘਾਂ ਵੱਲ ਵਧੇ ਹਨ। ੪੫।

ਚੌਪਈ॥ ਵੈ ਕਰ ਹੱਲਾ ਸਿੰਘਨ ਪਰ ਪਏ॥ ਉਹ ਪੂਰਬੀਏ ਸਿੰਘਾਂ ਤੇ ਹੱਲਾ ਕਰ ਕੇ ਪਏ ਹਨ।

ਉਤ ਤੈ ਸਿੰਘ ਭੀ ਸਨਮੁਖ ਅਏ॥ ਉਧਰੋਂ ਸਿੰਘ ਵੀ ਸਾਹਮਣੇ ਜੰਗ ਕਰਨ ਵਾਸਤੇ ਆਏ ਹਨ।

ਮਨਸਾ ਰਾਮ ਔ ਦਇਆ ਰਾਮ॥ ਮਨਸਾ ਰਾਮ ਤੇ ਦਇਆ ਰਾਮ ਜੋ ਪੂਰਬੀਏ ਜਰਨੈਲ ਸਨ।

ਮਾਰੇ ਸਿੰਘਨ ਸੁ ਉਸ ਹੀ ਥਾਮ॥ ੪੬॥ ਸਿੰਘਾਂ ਨੇ ਉਸੇ ਥਾਂ ਤੇ ਹੀ ਮਾਰ ਕੇ ਢੇਰੀ ਕਰ ਦਿੱਤੇ ਹਨ ਉਹ। ੪੬।

ਤੁਰਕਨ ਫੌਜ ਤਹਿੰ ਗਈ ਪਰਾਈ॥ ਤੁਰਕਾਂ ਦੀ ਫੌਜ ਉਥੋਂ ਭੱਜ ਗਈ ਹੈ।

ਰਹਜੋ ਮੈਦਾਨ ਸਿੰਘਨ ਕੈ ਪਾਈ॥ ਮੈਦਾਨ ਸਿੰਘਾਂ ਦੇ ਪਾਸ ਰਿਹਾ ਹੈ।

ਤੌ ਦਿਨ ਚੜ੍ਹਜੋ ਭਜੋ ਉਜਿਯਾਲਾ॥ ਤਦੋਂ ਦਿਨ ਚੜ੍ਹ ਗਿਆ ਹੈ ਅਤੇ ਚਾਨਣ ਹੋ ਗਿਆ ਹੈ , ਇਹ ਤਾਂ ਰਾਤ ਰਾਤ ਹੀ ਘਮਸਾਨ ਹੋ ਰਿਹਾ ਸੀ।

ਮੁੜ ਤੁਰਕਨ ਕੀਯੋ ਖੇਤ ਸੰਭਾਲਾ॥੪੭॥ ਮੁੜ ਕੇ ਦੁਬਾਰਾ ਫੇਰ ਤੁਰਕਾਂ ਨੇ ਮੈਦਾਨ ਸਾਂਭਿਆ ਹੈ। ੪੭।

ਕੋਊ ਕਿਤੇ ਸਿੰਘ ਦਿੱਸੇ ਖੜਾ॥ ਸਿੰਘ ਰਾਤ ਦੇ ਜੁੱਧ ਵਿੱਚ ਗੜੁੱਚ ਹੋਏ ਹੋਏ ਸਨ, ਕੋਈ ਕਿਤੇ ਖੜਾ ਸੀ ਕੋਈ ਕਿਤੇ ਖੜਾ ਦਿਸਦਾ ਸੀ ਮੈਦਾਨ ਵਿੱਚ।

ਔਰ ਮਾਰਜੋ ਔ ਦੇਖਜੋ ਪੜਾ॥ ਹੋਰ ਦੇਖੇ ਹਨ ਕੋਈ ਸ਼ਹੀਦ ਹੋਇਆ ਪਿਆ ਸੀ, ਕੋਈ ਜਖ਼ਮੀ ਹੋਇਆ ਪਿਆ ਸੀ।

ਵੈ ਦੂਰੋਂ ਹੀ ਬੰਦੂਕ ਚਲਾਵੈਂ॥ ਉਹ ਦੂਰੋਂ ਹੀ ਬੰਦੂਕ ਚਲਾ ਕੇ ਸਿੰਘਾਂ ਤੇ ਫਾਇਰ ਕਰਦੇ ਹਨ।

ਉਠਿ ਨੇੜ ਢੁਕੈ ਤੇ ਸਹਿਆਣ ਆਵੈਂ॥ ੪੮॥ ਜੇ ਉਹ ਨੇੜੇ ਢੁਕਦੇ ਹਨ ਤਾਂ ਉਨ੍ਹਾਂ ਨੂੰ ਸਿੰਘਾਂ ਤੋਂ (ਸਹਿਆਣ) ਡਰ ਆਉਂਦਾ ਹੈ। ੪੮।

ਬਾਕੀ ਮਾਰ ਸਿੰਘ ਇਮ ਦਏ॥ ਬਾਕੀ ਜੋ ਜਖ਼ਮੀ ਸਿੰਘ ਮੈਦਾਨ ਵਿੱਚ ਖੜੇ ਸਨ ਜਾਂ ਜਖ਼ਮੀ ਹੋਏ ਪਏ ਸਨ, ਉਨ੍ਹਾਂ ਨੂੰ ਦੂਰੋਂ ਹੀ ਗੋਲੀਆਂ ਮਾਰ ਮਾਰ ਕੇ ਇਉਂ ਸ਼ਹੀਦ ਕਰ ਦਿੱਤਾ ਹੈ।

ਫਿਰ ਢੁਕ ਸਭਨ ਕੇ ਸਿਰ ਕਟ ਲਏ॥ ਜਦੋਂ ਦੇਖਿਆ ਸਭ ਸ਼ਹੀਦ ਹੋ ਗਏ ਨੇ, ਤੁਰਕਾਂ ਨੇ ਨੇੜੇ ਢੁਕ ਕੇ ਸਿੰਘਾਂ ਦੇ ਸਿਰ ਕੱਟ ਲਏ ਹਨ।

ਇਮ ਤਾਰੈ ਸਿੰਘ ਸ਼ਹੀਦੀ ਪਾਈ॥ ਇਸ ਤਰ੍ਹਾਂ ਭਾਈ ਤਾਰਾ ਸਿੰਘ ਜੀ ਨੇ ਬੜੀ ਬਹਾਦਰੀ ਨਾਲ ਸ਼ਹੀਦੀ ਪਾਈ ਹੈ।

ਸਿੰਘ ਨਿਭੇ ਉਸ ਸੰਗ ਸਭ ਬਾਈ॥ ੪੯॥ ਬਾਈ ਦੇ ਬਾਈ ਸਿੰਘਾਂ ਨੇ ਭਾਈ ਤਾਰਾ ਸਿੰਘ ਨਾਲ ਆਪਣੀ ਨਿਭਾ ਦਿਤੀ ਹੈ, ਭਾਵ ਸਾਰੇ ਸਿੰਘਾਂ ਨੇ ਤਾਰਾ ਸਿੰਘ ਦੇ ਨਾਲ ਸ਼ਹੀਦੀ ਪ੍ਰਾਪਤ ਕੀਤੀ ਹੈ। ੪੯।

ਇਮ ਤਾਰਾ ਸਿੰਘ ਜੀ ਸਾਕੋ ਕੀਆ॥ ਇਸ ਤਰ੍ਹਾਂ ਭਾਈ ਤਾਰਾ ਸਿੰਘ ਜੀ ਨੇ ਸ਼ਹੀਦੀ ਸਾਕਾ ਕੀਤਾ ਹੈ।

ਮਸ਼ਹੂਰ ਸਭ ਜਗ ਮੈਂ ਥੀਆ॥ ਸਾਰੇ ਜਗਤ ਵਿੱਚ ਪ੍ਰਸਿੱਧ ਕੀਤਾ ਹੈ ਭਾਈ ਤਾਰਾ ਸਿੰਘ ਜੀ ਨੇ।

ਗੁਰ ਕੋ ਵਾਕ ਜਿਸ ਐਸ ਕਮੱਯਾ॥ ਸਤਿਗੁਰੂ ਜੀ ਦੇ ਬਚਨਾਂ ਨੂੰ ਏਸ ਤਰ੍ਹਾਂ ਕਮਾਇਆ ਹੈ ਸਿੰਘਾਂ ਨੇ।

ਸੀਸ ਦਯੋ ਪਰ ਸਿਰਰ ਨ ਦੱਯਾ॥੫੦॥ ਸਿੰਘਾਂ ਨੇ ਆਪਣੇ ਸਿਰ ਦੇ ਦਿੱਤੇ ਹਨ ਪਰ (ਸਿਰਰ) ਹੱਠ ਨਹੀਂ ਛੱਡਿਆ ਹੈ, ਜੋ ਕਰਤਵ ਸੀ ਸਿੰਘਾਂ ਦਾ ਕੌਲ ਦਾ ਉਹ ਨਹੀਂ ਛੱਡਿਆ ਹੈ। ੫੦।

ਦੋਹਰਾ॥ ਧੰਨ ਧੰਨ ਉਨ ਸਿੰਘਨ ਕੈ, ਜਿਨ ਕਰ ਸਾਕਾ ਤਜੇ ਪਰਾਨ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ, ਧੰਨ ਹੈਨ ਧੰਨ ਹਨ ਉਹ ਸਿੰਘ ਜਿਨ੍ਹਾਂ ਨੇ ਐਸਾ ਸ਼ਹੀਦੀ ਸਾਕਾ ਕਰਕੇ ਆਪਣੇ ਪ੍ਰਾਣ ਤਿਆਗੇ ਹਨ।

ਰਹੈ ਨਾਮ ਥਿਰ ਕਰਮ ਕਾ, ਹੈ ਜਗ ਆਵਨ ਜਾਨ॥੫੧॥ ਇਹ ਸੰਸਾਰ ਤਾਂ ਆਵਣ ਜਾਣ ਹੈ ਜੋ ਚੰਗਾ ਕਰਮ ਕਰਦਾ ਉਸਦਾ ਹੀ ਨਾਮ ਸਦਾ ਵਾਸਤੇ ਰਹਿੰਦਾ ਹੈ, ਕੋਈ ਹੱਠ ਤਪ ਕਮਾਉਂਦਾ ਹੈ, ਕੋਈ ਆਪ ਦੀ ਕਰੜੀ ਘਾਲਣਾ ਕਰ ਕੇ, ਉਸਦਾ ਹੀ ਨਾਮ ਰਹਿ ਜਾਂਦਾ ਹੈ ਜੱਗ ਤੇ, ਸੰਸਾਰ ਤਾਂ ਜੰਮਦਾ ਮਰਦਾ ਹੀ ਹੈ। ੫੧।

ਸਾਖੀ ਚਮੁੰਡੇ ਤਥਾ ਕੈਰੋਂ ਨੰਗਲੀਆਂ ਰੰਧਾਵਿਆਂ ਕੀ

(ਕੈਰੋਂ ਨੰਗਲੀ ਰੰਧਾਵਿਆਂ ਦਾ ਤੁਰਕਾਂ ਵਲੋਂ ਕਤਲ)

ਦੋਹਰਾ॥ ਸੁਨਹੁ ਸਾਖੀ ਔਰ ਸਿੰਘਨ ਕੀ, ਜਿਨ ਤੁਰਕਨ ਸਿਰ ਸਿਰਿ ਲਾਇ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਹੋਰ ਸਿੰਘਾਂ ਦੀ ਸਾਖੀ ਸੁਣੋ ਜਿਨ੍ਹਾਂ ਸਿੰਘਾਂ ਨੇ ਆਪਣੇ ਸਿਰ ਤੁਰਕਾਂ ਦੇ ਸਿਰ ਲਾਏ ਹਨ।

ਸਿਦਕ ਰਖਜੋ ਗੁਰ ਬਚਨ ਪਰ, ਭਜੋ ਕੇਸਨ ਸਾਸਨ ਨਿਬਾਹਿ॥੧॥ ਸਤਿਗੁਰਾਂ ਦੇ ਬਚਨ ਤੇ ਸਿਦਕ ਭਰੋਸਾ ਰਖਿਆ ਹੈ ਤੇ ਸਿੱਖੀ ਉਹਨਾਂ ਨੇ ਕੇਸਾਂ ਸ੍ਵਾਸਾਂ ਸੰਗ ਨਿਭਾਈ ਹੈ। ੧।

ਚੌਪਈ॥ ਨਾਮ ਠਾਮ ਜਾਤ ਗੋਤ ਬਤਾਊਂ॥ ਉਨ੍ਹਾਂ ਦਾ ਨਾਮ, ਉਨ੍ਹਾਂ ਦਾ ਠਿਕਾਣਾ ਕਿਥੇ ਕਿਥੇ ਰਹਿੰਦੇ ਸਨ, ਉਹਨਾਂ ਦੇ ਗੋਤ ਕੀ ਸਨ, ਕਿਹੜੇ ਕਿਹੜੇ ਗੋਤਾਂ ਵਿਚੋਂ ਸਿੰਘ ਸਜੇ ਸਨ, ਅਤੇ ਉਹਨਾਂ ਦੀ ਜਾਤ ਕਿਹੜੀ ਉਹ ਦਸਦਾ ਹਾਂ।

ਸਿਖੀ ਸਾਂਝ ਹਿਤ ਟਹਲ ਉਠਾਊਂ॥ ਸਿਖੀ ਦੇ ਨਾਲ ਸਾਂਝ ਪਾਉਣ ਵਾਸਤੇ ਇਹ (ਟਹਿਲ) ਸੇਵਾ, ਆਪਣੇ ਸਿਰ ਤੇ (ਉਠਾਊਂ) ਉਠਾਉਂਦਾ ਹਾਂ, ਆਪਣੇ ਸਿਰ ਤੇ ਚੁਕਦਾ ਹਾਂ। ਭਾਵ ਉਨ੍ਹਾਂ ਸ਼ਹੀਦਾਂ ਸਿੰਘਾਂ ਦਾ ਇਤਿਹਾਸ ਲਿਖਣ ਦੀ ਸੇਵਾ ਕਰਦਾ ਹਾਂ ਕਹਿੰਦੇ ਸਿੱਖੀ ਦੇ ਨਾਮ ਉਤੇ ਇਹ ਕਰਮ ਹੈ ਮੇਰਾ ਕਿ ਮਹਾਰਾਜ ਨੇ ਜੇ ਮੈਨੂੰ ਬਲ ਬਖਸ਼ਿਆ ਹੈ ਤਾਂ ਮੈਂ ਖਾਲਸੇ ਦਾ ਇਤਿਹਾਸ ਲਿਖਣ ਦੀ ਟਹਿਲ ਕਮਾਉਂਦਾ ਹਾਂ।

ਸੁਨੀ ਜਿਸੈ ਬਿਧ ਬਡਿਅਨ ਪਾਸ॥ ਜਿਸ ਤਰ੍ਹਾਂ ਮੈਂ ਆਪਣੇ ਬਜ਼ੁਰਗਾਂ ਤੋਂ ਕਥਾ ਸ੍ਰਵਣ ਕੀਤੀ ਹੈ।

ਕਹੂੰ ਤਿਸੈ ਪੰਥ ਰਖ ਹੇਤ ਦਾਸ॥੨॥ ਮੈਂ ਤਾਂ ਪੰਥ ਦਾ ਦਾਸ ਹਾਂ ਮੈਂ ਉਵੇਂ ਹੀ ਕਹਾਂਗਾ ਜਿਵੇਂ ਆਪਦੇ ਵੱਡਿਆਂ ਤੋਂ ਸੁਣਿਆ ਹੈ। ਪੰਥ ਦਾ (ਹੇਤ) ਪ੍ਰੇਮ ਰੱਖ ਕੇ। ੨।

ਹੁਤਿ ਰੰਧਾਵੈ ਚਮੁੰਡੇ ਬਾਈ ਬਾਸ॥ ਮਾਝੇ ਵਿੱਚ ਚਮੁੰਡਾ ਨਗਰ (ਬਾਈ ਬਾਸ) ਲਹੌਰ ਦੀ ਸੜਕ ਉਤੇ ਹੈ, ਇਹ ਸੜਕ ਅੰਮ੍ਰਿਤਸਰ ਤੋਂ ਏਮਨਾਬਾਦ ਗੁਜਰਾਂਵਾਲਾ ਨੂੰ ਸਿੱਧੀ ਪਿਸ਼ੌਰ ਕਾਬਲ ਨੂੰ ਚਲੀ ਜਾਂਦੀ ਹੈ ਇਹ ਬਾਈਪਾਸ ਸ਼ੇਰ ਸ਼ਾਹ ਸੂਰੀ ਨੇ ਬਣਾਈ ਸੀ ਇਸ ਚਮੁੰਡੇ ਨਗਰ ਵਿੱਚ ਰੰਧਾਵੇ ਗੋਤ ਦੇ ਸਿੰਘ ਰਹਿੰਦੇ ਸਨ।

ਮਧ ਇਕ ਕੈਰੋਂ ਨੰਗਲ ਭਾਸ॥ (ਮਧ) ਵਿਚਕਾਰ ਇੱਕ ਕੈਰੋਂ ਨੰਗਲ ਨਾਮ ਦਾ ਪਿੰਡ ਕਹਿੰਦੇ ਹਨ।

ਉਨ ਮਧ ਤੇ ਕੁਛ ਗੁਰ ਪੰਥ ਆਏ॥ ਉਨ੍ਹਾਂ ਰੰਧਾਵਿਆਂ ਵਿਚੋਂ ਕੁਛ ਸਿਖ ਗੁਰੂ ਪੰਥ ਵਿੱਚ ਰਲੇ ਹਨ, ਗੁਰੂ ਖਾਲਸਾ ਪੰਥ ਵਿੱਚ ਆਏ ਹਨ।

ਖੰਡੇ ਪਹੁਲ ਲਈ ਸ਼ਸਤ੍ਰ ਉਠਾਏ॥੩॥ ਖੰਡੇ ਦਾ ਅੰਮ੍ਰਿਤ ਪਾਨ ਕੀਤਾ ਹੈ ਤੇ ਸ਼ਸਤ੍ਰ ਉਠਾ ਲਏ ਹਨ। ੩।

ਜਿਮ ਸ੍ਰੀ ਸਤਿਗੁਰ ਆਗਜਾ ਦਈ॥ ਜਿਵੇਂ ਸਤਿਗੁਰੂ ਜੀ ਨੇ ਆਗਿਆ ਦਿੱਤੀ, ਹੁਕਮ ਕੀਤਾ ਹੈ ਖਾਲਸੇ ਨੂੰ "ਖਾਲਸਾ ਸੋ ਜੋ ਕਰੇ ਨਿਤ ਜੰਗਾ"।

ਵਹੀ ਭਾਂਤਿ ਤਿਨ ਕਰਨੀ ਠਈ॥ ਉਸੇ ਤਰ੍ਹਾਂ ਹੀ ਇਨ੍ਹਾਂ ਸਿੰਘਾਂ ਨੇ ਵੀ ਕਿਹਾ ਕਿ ਆਪਾਂ ਵੀ ਕੁਛ ਕਰ ਕੇ ਦਿਖਾਈਏ ਹੁਣ।

ਰਲੇ ਪੰਥ ਗੁਰ ਕਰੇਂ ਦੰਗਾਹੀਂ॥ ਗੁਰੂ ਖਾਲਸਾ ਪੰਥ ਵਿਚ ਰਲ ਗਏ ਹਨ, ਅਤੇ (ਦੰਗਾ) ਲੜਾਈ ਫਸਾਦ ਕਰਦੇ ਹਨ।

ਲਹੌਰੈ ਦਿੱਲੀ ਰਾਹੁ ਲੁਟ ਖਾਹੀਂ॥੪॥ ਦਿੱਲੀ ਅਤੇ ਲਹੌਰ ਦੇ ਰਸਤੇ ਕਿਸੇ ਨੂੰ ਚਲਣ ਨਾ ਦਿਉ, ਜਿਹੜੇ ਏਸ ਰਾਹ ਜਾਣ ਉਨ੍ਹਾਂ ਸੁਦਾਗਰਾਂ ਜਾਂ ਵਾਪਾਰੀਆਂ ਨੂੰ ਲੁੱਟ ਲੁੱਟ ਕੇ ਖਾਉ। ੪।

ਜੋਊ ਚਕਜੋ ਹੁਤੋ ਖਾਲਸੈ ਤੌਰ॥ ਖਾਲਸੇ ਨੇ ਉਸ ਸਮੇਂ ਜੋ ਤੌਰ ਚੁੱਕਿਆ ਸੀ ਭਾਵ ਜੋ ਤਰੀਕਾ ਅਪਣਾਇਆ ਸੀ ਉਸ ਸਮੇਂ ਖਾਲਸੇ ਨੇ।

ਇਨ ਭੀ ਤਿਮਹਿ ਮਚਾਯੋ ਰੌਰ॥ ਇਨ੍ਹਾਂ ਰੰਧਾਵਿਆਂ ਸਿੰਘਾਂ ਨੇ ਉਸੇ ਤਰ੍ਹਾਂ ਹੀ ਜਿਵੇਂ ਸਿੰਘਾਂ ਜੰਗ ਜੁਧ ਦਾ ਤਰੀਕਾ

ਅਪਣਾਇਆ ਹੈ, (ਰੋਰ) ਰੌਲਾ, ਭਾਵ ਤੁਰਕਾਂ ਨਾਲ ਦੰਗਾ ਮਚਾ ਦਿੱਤਾ ਹੈ।

ਸੋਊ ਖਬਰ ਯਹਿ ਤੁਰਕਨ ਪਾਈ॥ ਉਹ ਖਬਰ ਇਹਨਾਂ ਤੁਰਕਾਂ ਨੇ ਸੁਣ ਲਈ ਹੈ।

ਆਏ ਮਾਰਨ ਉਨ ਕਰ ਧਾਈ॥੫॥ ਉਨ੍ਹਾਂ ਰੰਧਾਵੇ ਸਿੰਘਾਂ ਨੂੰ ਮਾਰਨ ਵਾਸਤੇ ਤੁਰਕ ਚੜ੍ਹਾਈ ਕਰ ਕੇ ਆਏ ਹਨ। ੫।

ਦੋਹਰਾ॥ ਸਿੰਘਨ ਪੈ ਗੜ ਨਹਿੰ ਹੁਤੇ, ਜਿਤ ਕੀ ਓਟ ਲੜਾਹਿੰ। ਸਿੰਘਾਂ ਕੋਲ ਕੋਈ ਕਿਲ੍ਹਾ ਆਦਿਕ ਨਹੀਂ ਸੀ, ਜਿਸਦੀ ਓਟ ਵਿੱਚ ਹੋ ਕੇ ਉਹ ਲੜਨ ਅਤੇ ਆਪਣੇ ਆਪ ਨੂੰ ਬਚਾ ਲੈਣ।

ਉਠ ਨਠ ਰੋਹੀ ਮਧ ਛਿਪਹਿੰ, ਕੈ ਖੂਹਨ ਖੱਡਨ ਮਾਂਹਿ॥੬॥ ਬੱਸ ਐਨਾ ਕੁ ਹੀ ਹੈ ਕਿ ਜੇ ਸਿੰਘਾਂ ਨੂੰ ਤੁਰਕਾਂ ਦੀ ਅਵਾਈ ਦਾ ਪਤਾ ਲਗਦਾ ਤਾਂ ਝੱਟ ਝਾੜਾਂ ਵਿੱਚ ਜਾ ਵੜਦੇ, ਰੋਹੀਆਂ, ਖੂਹਾਂ, ਖੱਡਾਂ, ਝੱਲਾਂ, ਬੇਲਿਆਂ ਵਿਚ ਜਿਥੇ ਜਗ੍ਹਾ ਮਿਲਦੀ ਸੀ ਉਥੇ ਜਾ ਸਿਰ ਲੁਕਾਉਂਦੇ ਸਨ। ੬।

ਚੌਪਈ॥ ਸੁਨੀ ਸਿੰਘਨ ਜਬ ਤੁਰਕ ਅਵਾਈ॥ ਜਦੋਂ ਸਿੰਘਾਂ ਨੇ ਤੁਰਕ ਸੈਨਾ ਦਾ ਆਉਣਾ ਸੁਣਿਆ ਹੈ, ਕਿ ਤੁਰਕ ਫੌਜ ਸਾਡੇ ਤੇ ਚੜ੍ਹ ਕੇ ਆ ਰਹੀ ਹੈ।

ਛਡ ਕਰ ਘਰ ਗਏ ਬਣਹਿ ਲੁਕਾਈ॥ ਉਦੋਂ ਹੀ ਆਪਣੇ ਘਰ ਛੱਡ ਕੇ ਜੰਗਲ ਵਿੱਚ ਜਾ ਲੁਕੇ ਹਨ।

ਹੁਤੇ ਉਨੈਂ ਕੇ ਟੱਬਰ ਜੇਊ॥ ਉਨ੍ਹਾਂ ਸਿੰਘਾਂ ਦੇ ਜਿਹੜੇ ਟੱਬਰ ਸਨ।

ਰਲ ਮਿਲ ਲੋਕਨ ਬਚ ਰਹੇ ਤੇਊ॥੭॥ ਉਹ ਲੋਕਾਂ ਵਿੱਚ ਰਲ ਮਿਲ ਕੇ ਬਚ ਰਹੇ ਸਨ। ਕਿਸੇ ਦੀ ਮਾਸੀ, ਫੁੱਫੀ, ਤਾਈ, ਚਾਚੀ, ਬਣਦੇ ਇਉਂ ਘਰਾਂ ਵਿੱਚ ਰਲ ਕੇ ਇਉਂ ਉਨ੍ਹਾਂ ਨੇ ਆਪਣੇ ਆਪ ਨੂੰ ਬਚਾ ਲਿਆ ਹੈ। ੭।

ਦਿਨੈ ਸਿੰਘ ਹੁਤ ਥੇ ਤਿਹ ਨਾਂਹਿ॥ ਸਿੰਘ ਦਿਨੇ ਤਾਂ ਉਥੇ ਘਰਾਂ ਵਿੱਚ ਹੁੰਦੇ ਹੀ ਨਹੀਂ ਸਨ ਦਿਨੇ ਤਾਂ ਜੰਗੁਲ ਬੇਲਿਆਂ ਵਿੱਚ ਨਿਕਲ ਜਾਂਦੇ ਸਨ।

ਰਾਤ ਪਰੀ ਆਵਤ ਘਰ ਮਾਂਹਿ॥ ਰਾਤ ਪਈ ਤੋਂ ਸਿੰਘ ਘਰ ਆ ਜਾਂਦੇ ਸਨ।

ਇਸੀ ਬਾਰ ਤਉ ਇਮ ਬਚ ਰਹੇ॥ ਐਤਕੀ ਦੀ ਵਾਰੀ ਤਾਂ ਸਿੰਘ ਇਉਂ ਲੁਕ ਛੁਪ ਕੇ ਬਚ ਗਏ ਹਨ, ਸਿੰਘਾਂ ਨੂੰ ਪਹਿਲਾਂ ਪਤਾ ਲੱਗ ਗਿਆ।

ਹਥ ਨ ਆਏ ਵੈ ਖਾਲੀ ਗਏ॥੮॥ ਸਿੰਘ ਤੁਰਕਾਂ ਦੇ ਹੱਥ ਨਾ ਆਏ ਭਾਵ ਸਿੰਘ ਫੜੇ ਨਹੀਂ ਗਏ, ਤੁਰਕਾਂ ਨੂੰ ਖਾਲੀ ਹੱਥ ਵਾਪਸ ਮੁੜਨਾ ਪਿਆ। ੮।

ਦੋਹਰਾ॥ ਜਬ ਖਾਲੀ ਤੁਰਕ ਇਮ ਗਏ, ਆਈ ਨਮੋਸ਼ੀ ਤਾਂਹਿ॥ ਇਉਂ ਜਦੋਂ ਤੁਰਕਾਂ ਦੀ ਫੌਜ ਖਾਲੀ ਗਈ ਤਾਂ ਸ਼ਰਮਿੰਦਗੀ ਹੋਈ ਹੈ ਉਨ੍ਹਾਂ ਨੂੰ ਕਿ ਥੋੜੇ ਜਿਹੇ ਸਿੰਘ ਸਨ ਗਿਣਤੀ ਦੇ ਐਨੀ ਫੌਜ ਗਈ ਸੀ ਤੁਰਕਾਂ ਦੀ, ਉਨ੍ਹਾਂ ਨੂੰ ਫੜ ਨਹੀਂ ਸਕੀ।

ਚਿੱਤੈ ਜਿਮ ਝੁਰਤ ਫਿਰਹਿੰ, ਮਾਰਨ ਸਿੰਘ ਫਿਰਾਂਹਿ॥ ਜਿਵੇਂ ਚਿੱਤ੍ਰੇ ਦਾ ਵਾਰ ਖਾਲੀ ਚਲਿਆ ਜਾਏ ਤਾਂ ਉਹ ਝੁਰਦਾ ਰਹਿੰਦਾ ਹੈ ਜਿੰਨਾਂ ਚਿਰ ਦੋਬਾਰਾ ਵਾਰ ਨਾ ਕਰ ਲਵੇ, ਉਸਨੂੰ ਸ਼ਾਂਤੀ ਨਹੀਂ ਆਉਂਦੀ ਹੈ (ਚਿਤ੍ਰਾ) ਸ਼ੇਰ ਤੋਂ ਛੋਟਾ ਮਾਸਾਹਾਰੀ ਜਾਨਵਰ। ਇਸੇ ਤਰ੍ਹਾਂ ਤੁਰਕ ਜਦੋਂ ਖਾਲੀ ਹੱਥ ਵਾਪਸ ਗਏ ਤਾਂ ਸ਼ਰਮਿੰਦਗੀ ਆਈ ਹੈ ਉਨ੍ਹਾਂ ਨੂੰ ਦੂਸਰੇ ਟਿੱਚਰਾਂ ਕਰਦੇ ਨੇ ਕਿਉਂ ਫੜ ਲਿਆਂਦੇ ਸਿੰਘ? ਆਏ ਹੱਥ ਤੁਹਾਡੇ? ਤੁਰਕ ਕਹਿੰਦੇ ਹਨ ਕਿ ਇਨ੍ਹਾਂ ਸਿੰਘਾਂ ਨੂੰ ਜਰੂਰ ਮਾਰੀਏ, ਜਿੰਨਾਂ ਚਿਰ ਮਾਰ ਨਹੀਂ ਲੈਂਦੇ ਇਨ੍ਹਾਂ ਨੂੰ ਉਤਨਾ ਚਿਰ ਸ਼ਾਂਤੀ ਨਹੀਂ ਆਉਂਦੀ। ੯।

ਚੌਪਈ॥ ਤੁਰਕ ਸਿੰਘਨ ਫਿਰ ਚਾਹੈਂ ਮਾਰਨ॥ ਤੁਰਕ ਸਿੰਘਾਂ ਨੂੰ ਫੇਰ ਮਾਰਨਾ ਚਾਹੁੰਦੇ ਹਨ।

ਸਿੰਘ ਭੀ ਚਾਹੈਂ ਵਖਤ ਗੁਜਾਰਨ॥ ਸਿੰਘ ਵੀ ਆਪਣਾ ਸਮਾਂ ਪਾਸ ਕਰਨਾ ਚਾਹੁੰਦੇ ਹਨ, ਕਿ ਵਾਹਿਗੁਰੂ ਦੀ ਕਦੇ ਕਿਰਪਾ ਹੋ ਜਾਵੇਗੀ।

ਕਹੈਂ ਸਿੰਘ ਕਬ ਹਮ ਬਖਤ ਆਵਗੁ॥ ਸਿੰਘ ਜਦੋਂ ਆਪਸ ਵਿੱਚ ਗੱਲਾਂ ਕਰਦੇ ਹਨ ਤਾਂ ਕਹਿੰਦੇ ਹਨ ਕਿ ਕਦੇ ਸਾਡਾ ਵੀ ਸਮਾਂ ਆ ਜਾਇਗਾ।

ਹਮ ਤੇ ਲੁਕ ਤੁਰਕ ਜਿੰਦ ਬਚਾਵਗੁ॥੧੦॥ ਜਿਵੇਂ ਅਸੀਂ ਹੁਣ ਤਰਕਾਂ ਤੋਂ ਲੁਕ ਛਿਪ ਕੇ ਦਿਨ ਕਟੀ ਕਰਦੇ ਹਾਂ, ਕਦੇ ਸਮਾਂ ਆਵੇਗਾ ਜਦੋਂ ਤੁਰਕ ਸਾਡੇ ਕੋਲੋਂ ਲੁਕ ਕੇ ਆਪਣੀ ਜਾਨ ਬਚਾਇਆ ਕਰਨਗੇ। ੧੦।

ਹੰਨੈ ਹੰਨੈ ਹੁਇ ਬਹਿੰ ਪਤਸ਼ਾਹਿ॥ ਸਤਿਗੁਰੂ ਜੀ ਦਾ ਹੁਕਮ ਹੈ ਮੇਰਾ ਖਾਲਸਾ ਹੰਨੇ ਹੰਨੇ ਪਾਤਸ਼ਾਹ ਹੋਵੇਗਾ, ਕਾਠੀ ਕਾਠੀ ਪਾਤਸ਼ਾਹੀ ਹੋਵੇਗੀ।

ਲਹਿੰ ਆਪ ਆਪਨੋ ਮੁਲਖ ਉਗਰਾਹਿ॥ ਆਪੋ ਆਪਣਾ ਮੁਲਖ ਮੱਲ ਲੈਣਗੇ ਸਿੰਘ ਅਤੇ ਮਾਮਲਾ ਉਗਰਾਹ ਲਿਆ ਕਰਨਗੇ।

ਹਮ ਗੁਰ ਬਚਨ ਝੂਠ ਤੋ ਨਾਂਹੀ॥ ਸਿੰਘ ਗੁਰਮਤੇ ਕਰਦੇ ਹਨ ਕਹਿੰਦੇ ਸਾਡੇ ਗੁਰੂ ਦਾ ਬਚਨ ਝੂਠਾ ਤਾਂ ਹੈ ਨਹੀਂ, ਉਹ ਤਾਂ ਸੱਚ ਹੋਣਾ ਹੀ ਹੈ ਇਕ ਦਿਨ।

ਹਮ ਸਹੀ ਜਾਇੰ ਦੁਖ ਕਟੈਂ ਤਹਾਂਹੀ॥੧੧॥ ਅਸੀਂ ਦੁਖ ਸਹੀ ਜਾ ਰਹੇ ਹਾਂ ਇਸੇ ਤਰ੍ਹਾਂ ਹੀ ਸਾਡਾ ਦੁੱਖ ਕੱਟਿਆ ਜਾਇਗਾ। ੧੧।

ਦੋਹਰਾ॥ ਹੁਤੇ ਵਤਨ ਮਧ ਸਾਕ ਮਿਤਿ, ਸਿੰਘ ਬਸੈਂ ਨਿਜ ਦੇਸ॥ ਸਿੰਘ ਸਾਕਾਂ ਅੰਗਾਂ ਦੇ ਵਿੱਚ ਹੀ ਵਸਦੇ ਨੇ, ਕਿਤੇ ਰਿਸ਼ਤੇਦਾਰੀ, ਕਿਤੇ ਭਾਈਚਾਰੇ, ਕਿਤੇ ਸੱਜਣਾਂ ਮਿੱਤਰਾਂ ਕੋਲ ਸਿੰਘ ਆਪਣਾ ਨਿਰਬਾਹ ਕਰ ਰਹੇ ਸਨ।

ਤਿਹੀਂ ਗੁਜਾਰਾ ਸਿੰਘ ਕਰਹਿੰ, ਲੁਕ ਛਪ ਰਖ ਗੁਰ ਭੇਸ॥੧੨॥ ਲੁਕ ਛਿਪ ਕੇ ਗੁਰਾਂ ਦਾ ਭੇਸ ਨਹੀਂ ਤਿਆਗਿਆ, ਬਾਣਾ ਨਹੀਂ ਤਿਆਗਿਆ। ਖਾਲਸਾ ਜੀ ! ਅਜ ਕਲ੍ਹ ਚੰਗੇ ਭਲੇ ਨਹੀਂ ਪਾਉਂਦੇ ਹਨ ਗੁਰੂ ਦਾ ਬਾਣਾ, ਉਨ੍ਹਾਂ ਨੂੰ ਸੰਗ ਲਗਦੀ ਹੈ। ਦੇਖ ਲਉ ਮੌਤ ਦਾ ਡਰ ਸਿਰ ਤੇ, ਭਾਲਦੀ ਫਿਰਦੀ ਹੈ ਫੌਜ ਅੱਗੇ ਪਿੱਛੇ ਸਿੰਘਾਂ ਨੂੰ, ਲੇਕਨ ਗੁਰੂ ਦਾ ਭੇਸ ਨਹੀਂ ਲੁਕਾਇਆ, ਗੁਰੂ ਦਾ ਭੇਸ ਸਾਰਾ ਰੱਖਿਆ ਹੈ, ਉਸੇ ਤਰ੍ਹਾਂ ਸਨੱਧਬੱਧ ਰਹੇ ਨੇ ਭਾਵੇਂ ਲੁਕ ਛੁਪ ਕੇ ਗੁਜਾਰਾ ਕੀਤਾ ਹੈ। ੧੨।

ਚੌਪਈ॥ ਅਬ ਫਿਰ ਸੁਨੋ ਉਨ ਸਿੰਘਨ ਬਾਤ॥ ਜਿਹੜੇ ਸਿੰਘਾਂ ਨੂੰ ਤੁਰਕ ਲਭਦੇ ਨੇ ਕਿ ਇਨ੍ਹਾਂ ਸਿੰਘਾਂ ਨੂੰ ਮਾਰਨਾ ਹੀ ਮਾਰਨਾ ਹੈ, ਕਿਵੇਂ ਬੀਤੀ ਫਿਰ ਉਨ੍ਹਾਂ ਨਾਲ, ਹੁਣ ਫੇਰ ਉਨ੍ਹਾਂ ਦੀ ਗੱਲ ਸੁਣੋ।

ਕਰਾਇ ਦਯੋ ਜਿਮ ਦੁਸ਼ਟਨ ਘਾਤ॥ ਦੁਸ਼ਟਾਂ ਨੇ, ਪਾਪੀਆਂ ਨੇ ਜਿਵੇਂ ਉਨ੍ਹਾਂ ਦਾ ਘਾਤ ਕਰਵਾ ਦਿਤਾ ਹੈ, ਜਿਵੇਂ ਉਨ੍ਹਾਂ ਨੂੰ ਸ਼ਹੀਦ ਕਰਵਾਇਆ ਹੈ।

ਹੁਤੋ ਸਜਾਦੋ ਸੁਲਤਾਨੀਓਂ ਗ੍ਰਾਮ॥ ਸਜਾਦਾ ਪਿੰਡ, ਇਹ ਸੁਲਤਾਨੀਆਂ ਦਾ ਨਗਰ ਹੈ, ਸਖੀ ਸਰਵਰ ਦੇ ਚੇਲਿਆਂ ਦਾ।

ਉਸ ਕਹਿੰ ਹਿੰਦੂ ਕਰੇ ਤੁਰਕਨ ਕਾਮ॥ ੧੩॥ ਕਹਿੰਦੇ ਤਾਂ ਹਿੰਦੂ ਸਨ, ਹਿੰਦੂ ਸਦਾਉਂਦੇ ਸਨ ਆਮ ਕਰਕੇ ਜੱਟ ਆਦਿਕ ਸਾਰੇ ਹਿੰਦੂ ਕਹਾਉਂਦੇ ਸਨ, ਪਰ ਕੰਮ ਉਹ ਤੁਰਕਾਂ ਵਾਲੇ ਕਰਦੇ ਸਨ। ੧੩।

ਉਨ ਸਾਥ ਰਲਾਏ ਮੁਸਲੇ ਕਲਾਲ॥ ਕਲਾਲ ਗੋਤ ਦੇ ਮੁਸਲਮਾਨ, ਕਲਾਲ ਹਿੰਦੂ ਵੀ ਹੁੰਦੇ ਹਨ ਮੁਸਲਮਾਨ ਵੀ। ਉਨ੍ਹਾਂ ਸੁਲਤਾਨੀਆਂ ਨੇ ਆਪਣੇ ਨਾਲ ਕਲਾਲ ਮੁਸਲਮਾਨਾਂ ਨੂੰ ਵੀ ਰਲਾ ਲਿਆ ਹੈ।

ਤੇਊ ਚਾਕਰ ਹੁਤਿ ਤੁਰਕਨ ਨਾਲ॥ ਇਹ ਕਲਾਲ ਤੁਰਕਾਂ ਦੇ ਨੌਕਰ ਸਨ।

ਇਮ ਮਿਲ ਦੋਇਨ ਮਤੇ ਮਤਾਏ॥ ਸੁਲਤਾਨੀਆਂ ਤੇ ਕਲਾਲਾਂ ਨੇ ਮਿਲ ਕੇ ਮਤਾ ਮਤਾਇਆ ਹੈ ਕਿ ਇਨ੍ਹਾਂ ਸਿੰਘਾਂ ਨੂੰ ਕਿਵੇਂ ਕਾਬੂ ਕਰਵਾਈਏ।

"ਰੰਧਾਵਨ ਸਿੰਘਨ ਦਯੈ ਮ੍ਰਵਾਏ" ॥੧੪॥ ਇਹਨਾਂ ਰੰਧਾਵੇ ਗੋਤ ਦੇ ਅੰਮ੍ਰਿਤਧਾਰੀ ਸਿੰਘਾਂ ਨੂੰ ਮਰਵਾ ਦੇਈਏ। ੧੪।

ਏ ਆਏ ਅਬ ਹਮਰੇ ਦਾਇ॥ ਇਹ ਸਿੰਘ ਹੁਣ ਸਾਡੇ ਦਾਅ ਹੇਠਾਂ ਆਏ ਹੋਏ ਹਨ, ਤੁਰਕ ਇਨ੍ਹਾਂ ਦੇ ਵੈਰੀ ਹਨ।

ਪਹਿਲੋਂ ਤੁਰਕਨ ਤੇ ਭੂਮ ਲਿਖਵਾਇ॥ ਹੁਣ ਸਲਾਹ ਕਰ ਲਈ ਹੈ ਇਨ੍ਹਾਂ ਨੇ ਕਿ ਜਿਹੜੀ ਇਨ੍ਹਾਂ ਦੀ ਜਾਇਦਾਦ ਹੈ, ਜਿਹੜੀ ਇਨ੍ਹਾਂ ਦੀ ਧਰਤੀ ਹੈ ਮਾਲਕੀ ਹੈ, ਪਹਿਲਾਂ ਤੁਰਕਾਂ ਤੋਂ ਇਹ ਲਿਖਵਾ ਲਈਏ। ਕਿ ਜੇ ਅਸੀਂ ਸਿੰਘਾਂ ਨੂੰ ਮਰਵਾਈਏ ਜਾਂ ਗ੍ਰਿਫਤਾਰ ਕਰਵਾਈਏ, ਇਹਨਾਂ ਦੀ ਜਿਹੜੀ ਜਾਇਦਾਦ ਹੈ ਉਹ ਸਾਡੇ ਨਾਮ ਲੱਗੇ, ਇਸ ਜਾਇਦਾਦ ਦੇ ਮਾਲਕ ਅਸੀਂ ਹੋਵਾਂਗੇ।

ਗਰਭ ਛੇਦ ਇਨ ਦਯੈ ਕ੍ਰਵਾਇ॥੧੫॥ ਇਨ੍ਹਾਂ ਦੀਆਂ ਘਰ ਵਾਲੀਆਂ ਤੇ ਲੜਕੀਆਂ ਦਾ (ਗਰਭ ਛੇਦ) ਪੇਟ ਚਾਕ ਕਰਵਾ ਦੇਈਏ। ਭਾਵ ਇਨ੍ਹਾਂ ਮਾਈਆਂ ਬੀਬੀਆਂ ਦਾ ਬਾਲ ਬੱਚਾ ਰਹਿਣ ਹੀ ਕੋਈ ਨਾ ਦੇਈਏ। ਜਿਹੜੇ ਪੇਟ ਵਿੱਚ ਹਨ ਉਹ ਵੀ ਮਰਵਾ ਦੇਈਏ ਉਨ੍ਹਾਂ ਵਿਚੋਂ ਵੀ ਕੋਈ ਨਾ ਬਚੇ। ਕਿ ਧਰਤੀ ਦਾ ਮਾਲਕ ਕੋਈ ਪਿਛੋਂ ਨਾ ਪੈਦਾ ਹੋ ਜਾਏ ਇਨ੍ਹਾਂ ਦਾ, ਇਸ ਲਈ ਗਰਭ ਛੇਦ ਕਰਵਾਉ ਇਨ੍ਹਾਂ ਦਾ ਕਿ ਕਿਸੇ ਸੁਆਣੀ ਦੇ ਬੱਚਾ ਨਾ ਪੈਦਾ ਹੋਣ ਦਿੱਤਾ ਜਾਵੇ। ੧੫।

ਇਮ ਹਮ ਪੈ ਬਹੁ ਤੁਰਕ ਖ਼ੁਸ਼ ਹੋਂਹਿ॥ ਜੇ ਆਪਾਂ ਇਸ ਤਰ੍ਹਾਂ ਕਰਾਂਗੇ ਤਾਂ ਤੁਰਕ ਬੜੇ ਖੁਸ਼ ਹੋਣਗੇ ਕਿ ਇਹ ਤਾਂ ਸਾਡੇ ਨਾਲੋਂ ਵੀ ਵਧ ਕੇ ਵੈਰੀ ਨੇ ਸਿੰਘਾਂ ਦੇ।

ਸਿਰੋਪਾਉ ਇਨਾਮ ਚਹਿੰ ਪਾਂਇ ਸੋਇ॥ ਸਿਰਪਾਉ, ਇਨਾਮ ਅਤੇ ਜਾਇਦਾਦਾਂ ਪ੍ਰਾਪਤ ਕਰਨੀ ਚਾਹੁੰਦੇ ਹਨ ਉਹ, ਲਾਲਚ ਵਿਚ ਆਕੇ।

ਗੁਪਤ ਪਾਪ ਦੋਇਨ ਗਿਨ ਲਯੋ॥ ਇਹ ਗੁਪਤ ਪਾਪ ਕਰਨ ਵਾਸਤੇ "ਗਰਭ ਛੇਦ" ਕਰਵਾਈਏ ਇਹਨਾਂ ਦਾ, ਸੁਲਤਾਨੀਆਂ ਤੇ ਕਲਾਲਾਂ ਦੋਨਾਂ ਨੇ ਕਰਨਾ ਮਿਥ ਲਿਆ ਹੈ।

ਜਾਇ ਤੁਰਕਨ ਪੈ ਤਿਮਹੀਂ ਕਹਜੋ॥੧੬॥ ਜਿਵੇਂ ਸਲਾਹ ਕੀਤੀ ਸੀ ਇਹਨਾਂ ਦੁਸ਼ਟਾਂ ਨੇ ਉਸੇ ਤਰ੍ਹਾਂ ਜਾ ਤੁਰਕਾਂ ਕੋਲ ਆਖਿਆ ਹੈ। ੧੬।

ਦੋਹਰਾ॥ ਜੋ ਉਨ ਆਖੀ ਤੁਰਕਨ ਕੋ, ਉਨ ਤਿਮ ਹੀ ਮੰਨ ਲੀਨ॥ ਜਿਵੇਂ ਉਨ੍ਹਾਂ ਨੇ ਸਲਾਹ ਕਰਕੇ ਤੁਰਕਾਂ ਨੂੰ ਕਿਹਾ, ਕਿ ਅਸੀਂ "ਗਰਭ ਛੇਦ" ਕਰਵਾਉਂਦੇ ਹਾਂ ਇਨ੍ਹਾਂ ਦਾ, ਕੋਈ ਨਹੀਂ ਬਚਣ ਦੇਵਾਂਗਾ ਇਹਨਾਂ ਵਿਚੋਂ, ਪਰ ਜ਼ਮੀਨ ਧਰਤੀ ਦੇ ਮਾਲਕ ਅਸੀਂ ਹੋਵਾਂਗੇ, ਤੇ ਸਾਨੂੰ ਇਨਾਮ ਸਿਰੋਪਾ ਵੀ ਦਿੱਤੇ ਜਾਣ। ਜਿਵੇਂ ਇਹਨਾਂ ਕਿਹਾ ਜਾ ਕੇ, ਤੁਰਕਾਂ ਨੇ ਪ੍ਰਵਾਣ ਕਰ ਕਰ ਲਿਆ ਹੈ।

ਗ੍ਰਾਮ ਇਨਾਮ ਔ ਗਰਭ ਛੇਦ, ਚੌਧਰ ਲਿਖੀ ਜ਼ਮੀਨ॥੧੭॥ ਇਨਾਮ ਵਜੋਂ (ਗ੍ਰਾਮ) ਪਿੰਡ ਗਰਭ ਛੇਦ, ਚੌਧਰ ਅਤੇ ਸਿੰਘਾਂ ਦੀ ਜ਼ਮੀਨ ਜਾਇਦਾਦ ਲਿਖ ਦਿੱਤੀ ਹੈ ਤੁਰਕਾਂ ਨੇ, ਸੁਲਤਾਨੀਆਂ ਤੇ ਕਲਾਲਾਂ ਨੂੰ। ੧੭।

ਚੌਪਈ॥ ਤੁਰਕ ਚਹਿਤ ਹੁਤੇ ਥੇ ਯਹੀ ਬਾਤ॥ ਤੁਰਕ ਤਾਂ ਅੱਗੇ ਹੀ ਏਹੀ ਗੱਲ ਚਾਹੁੰਦੇ ਸਨ, ਕਿ ਕਿਸੇ ਤਰ੍ਹਾਂ ਸਿੰਘਾਂ ਦਾ ਨਾਸ ਹੋ ਜਾਏ ਏਥੋਂ।

ਜਿਮ ਕਿਮ ਹੁਇ ਸਿੰਘਨ ਕੋ ਘਾਤ॥ ਜਿਸ ਤਰ੍ਹਾਂ ਵੀ ਸਿੰਘਾਂ ਦਾ ਨੁਕਸਾਨ ਹੋਵੇ ਤੁਰਕ ਤਾਂ ਏਸੇ ਤਰ੍ਹਾਂ ਚਾਹੁੰਦੇ ਸਨ।

ਜਿਮ ਜਿਮ ਉਨ ਕੋ ਸਿੰਘ ਦਿਸ ਆਵਤ॥ ਜਿਉਂ ਜਿਉਂ ਉਨ੍ਹਾਂ ਨੂੰ ਸਿੰਘ ਨਜ਼ਰ ਆਉਂਦੇ ਹਨ।

ਜੋ ਚਾਹਤ ਤੁਰਕਨ ਤੇ ਮਨਵਾਵਤ॥੧੮॥ ਜੋ ਕੁਛ ਉਹ ਚਾਹੁੰਦੇ ਹਨ ਉਹ ਤੁਰਕਾਂ ਤੋਂ ਮੰਨਵਾ ਲੈਂਦੇ ਹਨ। ੧੮।

ਦੋਹਰਾ॥ ਸਿੰਘਨ ਖਬਰ ਯਹਿ ਨਹਿੰ ਭਈ, ਉਇ ਗ੍ਰਾਂਢੀ ਸਿਲ ਕਰਵਾਂਇ॥ ਸਿੰਘਾਂ ਨੂੰ ਇਹ ਖਬਰ ਨਾ ਹੋਈ ਕਿ ਗ੍ਰਾਂਢੀ ਹੀ ਸਾਡੀ (ਸਿਲ ਕਰਵਾਂਇ) ਸੂਹ ਦੇ ਦੇਣਗੇ, ਭੇਤ ਦੇ ਦੇਣਗੇ।

ਉਸੀ ਗਿਰਦ ਛਪ ਦਿਨ ਰਹੈਂ, ਰਾਤੀ ਆਵੈਂ ਗ੍ਰਾਂਇ॥੧੯॥ ਉਸਦੇ ਨੇੜੇ ਹੀ ਦਿਨੇ ਛੁਪ ਜਾਂਦੇ ਸਨ ਤੇ ਰਾਤ ਨੂੰ ਆਪਣੇ

ਪਿੰਡ ਆ ਜਾਂਦੇ ਸਨ। ੧੯।

ਚੌਪਈ॥ ਜਿਸ ਨਿਸ ਦਿਵਸ ਸਿੰਘਨ ਕੋ ਹੋਇ॥ ਜਿਸ ਰਾਤ ਦਿਨ ਸਿੰਘਾਂ ਦਾ ਕੋਈ ਹੁੰਦਾ ਹੈ ਆਇਆ।

ਸਿੰਘ ਹੁਇ ਇਕੱਤ੍ਰ ਨਿਸ ਤਹਿੰ ਸੋਇ॥ ਸਿੰਘ ਉਥੇ ਰਾਤ ਨੂੰ ਇਕੱਠੇ ਹੁੰਦੇ ਸਨ।

ਤਹਿੰ ਦੁਸ਼ਟਨ ਸਿਲ ਸਿੰਘਨ ਕਰਾਈ। ਦੁਸ਼ਟਾਂ ਨੇ ਸਿੰਘਾਂ ਦੀ ਉਥੇ ਖਬਰ ਕਰ ਦਿੱਤੀ ਭਾਵ ਮੁਖਬਰੀ ਕਰ ਦਿੱਤੀ ਸਿੰਘਾਂ ਦੀ, ਭੇਤ ਦੇ ਦਿੱਤਾ ਤੁਰਕਾਂ ਨੂੰ।

ਇਕ ਸੁਲਤਾਨੀ ਪਿੰਡ ਹੀ ਮਾਹੀ॥੨੦॥ ਪਿੰਡ ਦੇ ਵਿੱਚ ਹੀ ਇੱਕ ਸੁਲਤਾਨੀਆਂ ਰਹਿੰਦਾ ਸੀ। ੨੦।

ਸੋ ਸੇਲੂ ਉਨ ਰਖਜੋ ਬਨਾਇ॥ ਉਸਨੂੰ ਤੁਰਕਾਂ ਨੇ (ਸੇਲੂ) ਸੂਹ ਦੇਣ ਵਾਲਾ ਬਣਾ ਕੇ ਰੱਖਿਆ ਹੋਇਆ ਸੀ।

ਸਭੀ ਖਬਰ ਦਏ ਜਟਨ ਪਹੁੰਚਾਇ॥ ਜਦੋਂ ਰਾਤ ਨੂੰ ਸਿੰਘ ਇਕੱਠੇ ਹੋਏ ਤਾਂ ਉਸ ਸੁਲਤਾਨੀਏ ਮੁਖਬਰ ਨੇ ਅੱਗੇ ਜੱਟਾਂ ਨੂੰ ਖਬਰ ਪਹੁੰਚਦੀ ਕਰ ਦਿਤੀ ਲਾਗਲੇ ਪਿੰਡ ਵਾਲਿਆਂ ਨੂੰ।

ਦੇ ਜਟ ਆਗੈ ਤੁਰਕਨ ਘਲਾਇ॥ ਅਤੇ ਉਹ ਜੱਟ ਅੱਗੇ ਤੁਰਕਾਂ ਨੂੰ ਖਬਰ ਭੇਜ ਦਿੰਦੇ ਕਿ ਅੱਜ ਸਿੰਘ ਆਏ ਹੋਏ ਹਨ।

ਇਮ ਸਿੰਘਨ ਲਈ ਮੌਤ ਤਕਾਇ॥੨੧॥ ਇਉਂ ਸਿੰਘਾਂ ਦੀ ਮੌਤ ਤਕਾ ਲਈ ਕਿ ਇਉਂ ਸਿੰਘ ਅੜਿੱਕੇ ਆਉਣਗੇ, ਉਦੋਂ ਮਰਵਾਵਾਂਗੇ ਇਹਨਾਂ ਨੂੰ। ੨੧।

ਦੋਹਰਾ॥ ਕਹਿਨੈ ਕੋ ਵੁਹ ਹੁਤ ਹਿੰਦੂ, ਕੰਮ ਸੁ ਤੁਰਕ ਕਰਾਹਿ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਹਿਣ ਨੂੰ ਤਾਂ ਹਿੰਦੂ ਹੀ ਕਹਾਉਂਦੇ ਸੀ, ਪਰ ਕੰਮ ਤੁਰਕਾਂ ਵਾਲੇ ਕਰਦੇ ਸਨ, ਤੁਰਕਾਂ ਨੂੰ ਸਾਰੀ ਖ਼ਬਰ ਦਿੰਦੇ ਸਨ।

ਹਿੰਦੂਅਨ ਹਿੰਦੂ ਫੜ ਦਿਵਹਿ, ਮ੍ਰਵਾਵਹਿ ਸੀਸ ਕਟਵਾਇ॥੨੨॥ ਦੇਖੋ ਕਿਤਨਾ ਜ਼ੁਲਮ ਸੀ ਕਿ ਹਿੰਦੂ ਆਪਦੇ ਭਰਾਵਾਂ ਨੂੰ ਆਪਦੇ ਸ਼ਰੀਕਾਂ ਨੂੰ ਫੜਾ ਕੇ ਮਰਵਾਉਂਦੇ ਸਨ ਤੇ ਉਨ੍ਹਾਂ ਦੇ ਸਿਰ ਕਟਵਾ ਦਿੰਦੇ ਸਨ। ੨੨।

ਚੌਪਈ॥ ਸਿੰਘਨ ਮੌਤ ਹੁਤ ਨੇੜੇ ਆਈ॥ ਉਨ੍ਹਾਂ ਸਿੰਘਾਂ ਦਾ ਕਾਲ ਨੇੜੇ ਆਇਆ ਹੋਇਆ ਸੀ।

ਸਿੰਘ ਵੜੈਂ ਕਿਤ ਨਿਸ ਘਰ ਧਾਈ॥ ਸਿੰਘ ਰਾਤ ਨੂੰ ਕਿਸੇ ਦੇ ਘਰ ਵਿਚ ਆ ਵੜੇ ਹਨ।

ਦੁਸ਼ਟ ਸੇਲੂ ਦਈ ਸਿਲ ਪਹੁੰਚਾਇ॥ ਦੁਸ਼ਟ (ਸੇਲੂ) ਸੂਹੀਏ ਨੇ ਉਸੇ ਵੇਲੇ (ਸਿਲ) ਸੂਹ, ਖਬ਼ਰ ਪਹੁੰਚਦੀ ਕਰ ਦਿੱਤੀ ਕਿ ਸਿੰਘ ਆਏ ਹੋਏ ਹਨ।

ਆਇ ਤੁਰਕਨ ਲਜੋ ਘੇਰੋ ਪਾਇ॥੨੩॥ ਰਾਤੋ ਰਾਤ ਤੁਰਕਾਂ ਨੇ ਆ ਕੇ ਸਿੰਘਾਂ ਨੂੰ ਘੇਰਾ ਪਾ ਲਿਆ ਹੈ। ੨੩।

ਚਾਰ ਤਰਫ ਤਿਨ ਫੌਜ ਖੜਵਾਈ॥ ਉਨ੍ਹਾਂ ਦੇ ਘਰਾਂ ਦੇ ਚਾਰ ਚੁਫੇਰੇ ਤੁਰਕ ਸੈਨਾ ਖੜ੍ਹੀ ਕਰ ਦਿੱਤੀ ਹੈ।

ਤੌ ਲੌ ਝਬ ਦੁਸ਼ਟ ਜਟ ਭੇ ਆਈ॥ ਉਦੋਂ ਨੂੰ ਝੱਟ ਹੀ ਦੁਸ਼ਟ ਜੱਟ ਵੀ ਆ ਗਏ ਹਨ, ਤੁਰਕ ਫੌਜ ਤਾਂ ਘੋੜਿਆਂ ਤੇ ਸਵਾਰ ਪਹਿਲਾਂ ਹੀ ਆ ਗਏ ਸਨ, ਇਹ ਦੁਸ਼ਟ ਮਗਰੋਂ ਪੈਦਲ ਆ ਗਏ ਹਨ।

ਘੇਰਾ ਕੀਨੋ ਬਹੁ ਤਕੜਾਇ॥ ਬੜੀ ਤਕੜਾਈ ਕਰਕੇ ਘੇਰਾ ਪਾਇਆ ਹੈ।

ਅੰਦਰੋਂ ਜਾਨ ਨ ਕੁੱਤੋ ਪਾਇ॥੨੪॥ ਸਲਾਹ ਕਰ ਲਈ ਹੈ ਕਿ ਅੰਦਰੋਂ ਕੁੱਤਾ ਬਿੱਲਾ ਵੀ ਬਾਹਰ ਨਾ ਜਾਣਾ ਪਾਇ ਇਹਨਾਂ ਦਾ, ਜੇ ਕੁੱਤਾ ਬਿੱਲਾ ਵੀ ਨਿਕਲੇ ਇਹਨਾਂ ਦਾ ਉਹ ਵੀ ਮਾਰੋ, ਪਤਾ ਕੁਛ ਨਹੀਂ ਹੋਰ ਰੂਪ ਧਾਰਕੇ ਨਾ ਨਿਕਲ ਜਾਣ ਸਿੰਘ, ਏਨਾ ਸ਼ੱਕ ਸੀ ਤੁਰਕਾਂ ਨੂੰ। ੨੪।

ਦੋਹਰਾ॥ ਜਿਮ ਦੁਸ਼ਟ ਸੁਲਤਾਨੀ ਜਟ ਕਹੈਂ, ਤਿਮ ਹੀ ਤੁਰਕ ਕਮਾਹਿ॥ ਜਿਵੇਂ ਸੁਲਤਾਨੀਏਂ ਦੁਸ਼ਟ ਜੱਟ ਕਹਿੰਦੇ ਸਨ ਤੁਰਕ ਉਵੇਂ ਹੀ ਕਰਦੇ ਸਨ ਉਨ੍ਹਾਂ ਦੇ ਅਨੁਸਾਰ।

ਰਲ ਮਿਲ ਦੋਊਅਨ ਸਿੰਘ ਕਟੇ, ਲਭਜੋ ਸੁ ਛਡਜੋ ਨਾਂਹਿ॥੨੫॥ ਸੁਲਤਾਨੀਏ ਜੱਟਾਂ ਤੇ ਫੌਜ ਨੇ ਰਲ ਮਿਲ ਕੇ ਦੋਵਾਂ ਨੇ, ਸਿੰਘ ਜੋ ਘੇਰੇ ਵਿਚ ਆਏ ਹੋਏ ਸਨ, ਮਾਰੇ ਹਨ। ੨੫।

ਚੌਦਾਂ ਲੱਭੇ ਉਨ ਬਡਨ ਕੇ, ਸੋ ਪੁਰਸ਼ ਦੀਨੇ ਕਾਟ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਉਨ੍ਹਾਂ ਰੰਧਾਵਿਆਂ ਦੇ ਜੋ ਵੱਡੇ ਵਡੇਰੇ ਸਨ ਉਹ ਚੌਦਾਂ ਸਿੰਘ ਲੱਭੇ, ਉਹ ਚੌਦਾਂ ਦੇ ਚੌਦਾਂ ਹੀ ਮਾਰ ਦਿੱਤੇ ਹਨ ਸਿੰਘ।

ਉਨ ਸਿੰਘਨ ਕੀ ਕੁਲ ਸਮਝ, ਔਰ ਦੀਏ ਕਟ ਕਾਟ॥੨੬॥ ਉਨ੍ਹਾਂ ਸਿੰਘਾਂ ਦੀ ਕੁਲ ਸਮਝ ਕੇ ਮਾਈਆਂ ਬੀਬੀਆਂ ਬੱਚੇ ਜਿਹੜੇ ਹੋਰ ਸਭ ਦੇ ਉੱਤੇ ਤਲਵਾਰ ਚਲਾ ਦਿੱਤੀ, ਸਭ ਨੂੰ ਮਾਰ ਦਿੱਤਾ ਹੈ। ੨੬।

ਚੌਪਈ॥ ਜੋ ਕੋਊ ਉਨਕੀ ਦ੍ਰਿਸ਼ਟੈ ਆਯਾ॥ ਜਿਹੜਾ ਵੀ ਸਿੰਘ ਕੋਈ ਉਨ੍ਹਾਂ ਦੀ ਨਿਗਾਹ ਚੜ੍ਹ ਗਿਆ।

ਸੋ ਤੋ ਤੇਗਨ ਮੱਧ ਕਟਾਯਾ॥ ਉਹ ਤਾਂ ਤੇਗਾਂ ਨਾਲ ਘਰਾਂ ਦੇ ਵਿੱਚ ਹੀ ਕਟਵਾ ਦਿੱਤਾ ਹੈ।

ਅਕੈ ਕਿਤੈ ਉਨ ਹੋਊਗੁ ਗਯੋ॥ ਜਾਂ ਜਿਹੜਾ ਕਿਤੇ ਹੋਰ ਥਾਂ ਰਿਸ਼ਤੇਦਾਰੀ ਵਿੱਚ ਗਿਆ ਹੋਵੇ।

ਇਮ ਕਰ ਟੰਢਮੂਲ ਉਨ ਹੋਊਗੋ ਰਹਜੋ॥੨੭॥ ਤੁਰਕਾਂ ਨੇ ਐਨੀ ਤਕੜਾਈ ਕਰਕੇ ਮਾਰਿਆ ਹੈ ਸਿੰਘਾਂ ਨੂੰ, ਇਉਂ ਸਿੰਘਾਂ ਵਿਚੋਂ ਕੋਈ (ਟੰਢਮੂਲ) ਕੋਈ ਵਿਰਲਾ ਵਾਂਝਾ ਰਹਿ ਗਿਆ ਹੋਵੇ ਤਾਂ ਰਹਿ ਗਿਆ ਹੋਵੇ, ਨਹੀਂ ਤਾਂ ਸਿੰਘਾਂ ਨੂੰ ਐਸਾ ਘੇਰ ਕੇ ਮਾਰਿਆ ਹੈ ਕਿ ਇਨ੍ਹਾਂ ਵਿਚੋਂ ਬਚੇ ਕੋਈ ਨਾ। ਪਰ ਵਾਹਿਗੁਰੂ ਐਸਾ ਹੈ ਉਹ ਸਭ ਦੀ ਜੜ੍ਹ ਰਖਦਾ ਹੈ, ਸੋ ਜਿਸਤੇ ਪ੍ਰਮੇਸ਼ਰ ਦੀ ਕਿਰਪਾ ਹੋਵੇ ਕੌਣ ਮਾਰ ਸਕਦਾ ਹੈ ਉਸਨੂੰ। ੨੭।

ਸਹਜੋ ਇਮੈ ਦੁਖ ਸਿੰਘਨ ਮਝੈਲਨ॥ ਇਸ ਤਰ੍ਹਾਂ ਮਝੈਲ ਸਿੰਘਾਂ ਨੇ ਦੁੱਖ ਸਹਾਰੇ ਹਨ।

ਮੁੜ ਜਾਨੈ ਰਾਜ ਪੰਥ ਪਾਯੋ ਹੋ ਗੁਸੈਲਨ॥ ਜਿਹੜਾ ਸਿੰਘ ਕਹਿੰਦੇ ਸੀ ਰਾਜ ਮਿਲੇਗਾ ਇਹ ਸਾਰੇ ਦੇ ਸਾਰੇ ਮਾਰ ਦਿੱਤੇ ਹਨ, ਸ਼ੰਕਾਵਾਦੀ ਸ਼ੰਕਾ ਕਰਦਾ ਹੈ ਕਿ ਇਹਨਾਂ ਨੂੰ ਕੀ ਮਿਲਿਆ ਹੈ। ਜਿਨ੍ਹਾਂ ਗੁੱਸੇਖੋਰ ਮਝੈਲਾਂ ਨੇ ਜਾਣੋਂ ਮੁੜ ਕੇ ਪੰਥ ਦਾ ਰਾਜ ਪ੍ਰਾਪਤ ਕੀਤਾ ਹੈ।

ਉਨ ਸਿਰ ਤੇ ਪਰੈ ਪਤਿਸ਼ਾਹੀ ਤਕਾਈ॥ ਉਨ੍ਹਾਂ ਸਿੰਘਾਂ ਨੇ ਸਿਰੋਂ ਪਰੇ ਪਾਤਸ਼ਾਹੀ ਤਕਾਈ ਹੈ, ਜੇ ਸਿਰ ਵੀ ਲਗ ਜਾਏ ਫੇਰ ਵੀ ਪਾਤਸ਼ਾਹ ਹੈ ਉਹ।

ਤੋ ਹੰਨੇ ਹੰਨੇ ਉਨ ਲਭੀ ਪਤਿਸ਼ਾਹੀ॥੨੮॥ ਤਾਂ ਉਨ੍ਹਾਂ ਨੂੰ (ਹੰਨੇ ਹੰਨੇ) ਘੋੜੇ ਦੀ ਕਾਠੀ ਕਾਠੀ ਉਨ੍ਹਾਂ ਨੂੰ ਪਾਤਸ਼ਾਹੀ ਮਿਲੀ ਹੈ। ੨੮।

ਦੋਹਰਾ॥ ਜੋ ਕੋਊ ਪੂਛੈ ਉਨ ਸਿੰਘਨ, ਕਿਛ ਰਹਜੋ ਹੁਤੋ ਟੰਢ ਮੂਲ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਕਿ ਉਨ੍ਹਾਂ ਸਿੰਘਾਂ ਦਾ ਟੰਢ ਮੂਲ ਰਹਿ ਵੀ ਗਿਆ ਸੀ ਕਿ ਸਾਰੇ ਦੇ ਸਾਰੇ ਮਾਰੇ ਗਏ ਸੀ।

ਰਾਜ ਲਭਜੋ ਕੈ ਭੂਮ ਲਭੀ, ਸੋਊ ਬਤਾਊਂ ਸੂਲ॥੨੯॥ ਉਨ੍ਹਾਂ ਸਿੰਘਾਂ ਨੂੰ ਰਾਜ ਪ੍ਰਾਪਤ ਹੋਇਆ ਜਾਂ ਜਾਇਦਾਦ ਮਿਲੀ ਕਿ ਉਨ੍ਹਾਂ ਨੂੰ ਪਾਤਸ਼ਾਹੀ ਮਿਲੀ, ਕਹਿੰਦੇ ਜਿਵੇਂ ਮੈਨੂੰ ਪਤਾ ਲੱਗਾ ਹੈ, ਮੈਂ ਤੁਹਾਨੂੰ ਉਸਦਾ (ਸੂਲ) ਪਤਾ ਦੱਸਦਾ ਹਾਂ ਕਿ ਉਨ੍ਹਾਂ ਨੂੰ ਕੀ ਲੱਭਿਆ। ੨੯।

ਚੌਪਈ॥ ਬਚਜੋ ਏਕ ਸਾਹਬ ਸਿੰਘ ਨਾਮ॥ ਉਨ੍ਹਾਂ ਵਿਚੋਂ ਸਾਹਿਬ ਸਿੰਘ ਨਾਮ ਦਾ ਇੱਕ ਸਿੰਘ ਬਚਿਆ ਸੀ।

ਕਿਤ ਗਯੋ ਹੁਤੋ ਥੋ ਔਰ ਗ੍ਰਾਮ॥ ਆਪਣੀ ਰਿਸ਼ਤੇਦਾਰੀ ਵਿੱਚ ਕਿਸੇ ਹੋਰ ਪਿੰਡ ਗਿਆ ਹੋਇਆ ਸੀ, ਉਸ ਦਿਨ ਉਹ ਹਾਜ਼ਰ ਨਹੀਂ ਸੀ ਉਥੇ।

ਸ੍ਰੀ ਅੰਮ੍ਰਿਤਸਰ ਕੀ ਲਭੀ ਉਨ ਕਾਰ॥ ਜਦੋਂ ਸਿੰਘਾਂ ਦੀ ਸ਼ਹੀਦੀ ਦਾ ਇਹ ਸਾਕਾ ਹੋ ਗਿਆ ਤਾਂ ਸਾਹਿਬ ਸਿੰਘ ਸ੍ਰੀ ਅੰਮ੍ਰਿਤਸਰ ਦਰਸ਼ਨਾਂ ਨੂੰ ਆਇਆ ਹੈ। ਏਥੇ ਜਦੋਂ ਖਾਲਸੇ ਨੂੰ ਸਿੰਘਾਂ ਦੇ ਸ਼ਹੀਦੀ ਸਾਕੇ ਬਾਰੇ ਦੱਸਿਆ, ਖਾਲਸੇ ਨੇ ਬੜਾ ਸਤਿਕਾਰ ਕੀਤਾ ਕਿ ਹਰਿਮੰਦਰ ਸਾਹਿਬ ਦੀ (ਕਾਰ) ਸੇਵਾ ਉਨ੍ਹਾਂ ਨੂੰ ਦਿੱਤੀ।

ਭਏ ਅਰਦਾਸੀਏ ਸਚੇ ਦਰਬਾਰ॥੩੦॥ (ਸੱਚੇ ਦਰਬਾਰ) ਸ੍ਰੀ ਹਰਿਮੰਦਰ ਸਾਹਿਬ ਜੀ ਦੇ ਅਰਦਾਸੀਏ ਦੀ ਸੇਵਾ ਮਿਲੀ। ਅਰਦਾਸ ਕਰਨ ਦੀ ਸੇਵਾ ਮਿਲੀ ਹੈ ਸਾਹਿਬ ਸਿੰਘ ਨੂੰ। ੩੦।

ਉਨ ਇਜੈ ਬਿਜੈ ਕੀ ਪਦਵੀ ਪਾਈ॥ ਉਸਨੇ ਗੁਰੂ ਘਰ ਵਿੱਚ ਬਿਜੈ ਦੀ ਪਦਵੀ ਪ੍ਰਾਪਤ ਕੀਤੀ।

ਸ਼ਾਹ ਪਤਸ਼ਾਹਿ ਉਨ ਚਰਨ ਛੁਹਾਈ॥ ਕੋਈ ਅਮੀਰ ਕੋਈ ਪਾਤਸ਼ਾਹ ਹੋਵੇ ਉਹ ਆ ਕੇ ਉਨ੍ਹਾਂ ਦੇ ਚਰਨੀ ਹੱਥ ਲਾਉਂਦਾ ਹੈ, ਨਮਸਕਾਰ ਹੁੰਦੀ ਹੈ ਉਨ੍ਹਾਂ ਨੂੰ।

ਉਨ ਪੈ ਕ੍ਰਿਪਾ ਇਮ ਸ੍ਰੀ ਗੁਰ ਭਈ॥ ਇਹ ਸਤਿਗੁਰੂ ਜੀ ਦੀ ਅਪਾਰ ਕਿਰਪਾ ਹੋਈ ਉਨ੍ਹਾਂ ਉਤੇ। ਜੇ ਉਹ ਖਾਨਦਾਨ ਸਮੇਤ ਸ਼ਹੀਦ ਹੋਏ ਹਨ ਤਾਂ ਕਿੰਨੀ ਉੱਚੀ ਪਦਵੀ ਮਿਲੀ ਹੈ ਉਨ੍ਹਾਂ ਨੂੰ।

ਉਹ ਰਾਜ ਭੂਮੋਂ ਅਧਿਕਾਈ ਲਈ॥੩੧॥ ਉਸ ਨੇ ਧਰਤੀ ਦੇ ਰਾਜ ਤੋਂ ਵੀ ਵੱਡੀ ਸੇਵਾ, ਸਭ ਤੋਂ ਵੱਡੀ ਸੇਵਾ ਲਈ ਹੈ।

ਦੋਹਰਾ॥ ਉਨ ਪੁਤ ਪੋਤ੍ਰੇ ਬਹੁ ਭਏ, ਲੀ ਭੂਮ ਭੀ ਅਪਨ ਛਡਵਾਇ ਸਤਿਗੁਰੂ ਜੀ ਦੀ ਕਿਰਪਾ ਹੋ ਗਈ ਸਾਹਿਬ ਸਿੰਘ ਦੇ ਪੁਤ੍ਰ ਹੋ ਗਏ, ਅੱਗੇ ਪੋਤ੍ਰੇ ਹੋਏ, ਪੜਪੋਤਰੇ ਹੋਏ ਹਨ, ਬਹੁਤ ਪ੍ਰਵਾਰ ਵਧਿਆ ਹੈ। ਅਤੇ ਉਨ੍ਹਾਂ ਦੁਸ਼ਟਾਂ ਨੂੰ ਮਾਰਕੇ ਉਨ੍ਹਾਂ ਤੋਂ ਆਪਣੀ ਜ਼ਮੀਨ ਵੀ ਛੁਡਾ ਲਈ ਹੈ।

ਬਦਲੇ ਲਏ ਦੁਸ਼ਮਨੋਂ ਤੇ, ਖਾਲਸੇ ਕੇ ਬਲ ਪਾਇ॥੩੨॥ ਖਾਲਸੇ ਪੰਥ ਤੋਂ ਬਲ ਪ੍ਰਾਪਤ ਕਰਕੇ ਦੁਸ਼ਮਣਾਂ ਤੋਂ ਗਿਣ ਗਿਣ ਕੇ ਬਦਲੇ ਲਏ ਹਨ। ੩੨।

ਸਾਖੀ ਸ੍ਰੀ ਕਪੂਰ ਸਿੰਘ ਆਦਿ ਨਬਾਬ ਭੁਜੰਗੀ ਕੀ

(ਤੁਰਕਾਂ ਨੇ ਭੁਜੰਗੀਆਂ ਨੂੰ ਖਿਰਾਜ ਦੇ ਕੇ ਨਾਲ ਰਲਾਉਣਾ)

ਨਬਾਬ ਕਪੂਰ ਸਿੰਘ ਜੀ ਤੀਜੇ ਜਥੇਦਾਰ ਸਨ ਬੁਢੇ ਦਲ ਦੇ

ਦੋਹਰਾ॥ ਸਾਖੀ ਆਦਿ ਨਿਬਾਬ ਕੀ, ਕਪੂਰ ਸਿੰਘ ਜਿਹ ਨਾਮ॥ ਭਾਈ ਕਪੂਰ ਸਿੰਘ ਜੀ ਜਿਨ੍ਹਾਂ ਦੇ ਅੱਗੇ ਹਕੂਮਤ ਝੁਕੀ ਹੈ (ਆਦਿ) ਪਹਿਲਾਂ ਸਭ ਤੋਂ ਨਬਾਬੀ ਮਿਲੀ ਹੈ। ਖਾਲਸੇ ਅੱਗੇ ਅੱਧੀ ਸੂਬੇਦਾਰੀ ਭਾਵ ਅੱਧੀ ਰਾਜਧਾਨੀ, ਖਾਲਸੇ ਪੰਥ ਅੱਗੇ ਲਿਖਕੇ ਭੇਟਾ ਲੈ ਕੇ ਪੇਸ਼ ਹੋਏ, ਕਿ ਖਾਲਸਾ ਜੀ ਮਿਹਰਬਾਨੀ ਕਰੋ ਲਓ ਅੱਧੀ ਸੂਬੇਦਾਰੀ ਤੁਹਾਨੂੰ ਦਿੰਦੇ ਹਾਂ, ਤੁਸੀਂ ਰਾਜ ਕਰੋ ਤੇ ਪਰਜਾ ਨੂੰ ਵੀ ਵਸਣ ਦਿਉ। ਇਉਂ ਖਾਲਸੇ ਦਾ ਪ੍ਰਤਾਪ ਉਤੋਂ ਦੀ ਹੋ ਗਿਆ ਤੁਰਕਾਂ ਦੇ।

ਤੁਰਕਨ ਤੇ ਨਬਾਬੀ ਲਈ, ਕਰ ਸੂਰੇ ਪੂਰੇ ਕਾਮ॥੧॥ ਉਸ ਪੂਰੇ ਸੂਰਮੇ ਨੇ ਬਹਾਦਰੀ ਵਾਲੇ ਕੰਮ ਕਰਕੇ ਤੁਰਕਾਂ ਤੋਂ ਨਬਾਬੀ ਲਈ ਸੀ। ੧।

ਚੌਪਈ॥ ਅਬ ਮੈਂ ਲਿਖੋਂ ਕਪੂਰ ਸਿੰਘ ਸਾਖੀ॥ ਭਾਈ ਰਤਨ ਸਿੰਘ ਜੀ ਕਹਿੰਦੇ ਹਨ ਹੁਣ ਮੈਂ ਕਪੂਰ ਸਿੰਘ ਜੋ ਨਬਾਬ ਕਹਾਇਆ ਹੈ ਖਾਲਸੇ ਪੰਥ ਵਿੱਚ ਉਨ੍ਹਾਂ ਦੀ ਸੱਚੀ ਕਹਾਣੀ ਲਿਖਦਾ ਹਾਂ।

ਬ੍ਰਿਧ ਪੁਰਸ਼ਨ ਜਿਮ ਹਮ ਸੋਂ ਆਖੀ॥ ਬਜ਼ੁਰਗ ਸਿੰਘਾਂ ਨੇ ਜਿਵੇਂ ਮੈਨੂੰ ਦੱਸਿਆ ਹੈ, ਜਿਵੇਂ ਉਨ੍ਹਾਂ ਤੋਂ ਮੈਂ ਪ੍ਰਸੰਗ ਸੁਣਿਆ ਹੈ।

ਜਬ ਬੰਦੈ ਤੁਰਕਨ ਲੀਨੇ ਜੀਤ॥ ਜਦੋਂ ਬੰਦਾ ਸਿੰਘ ਬਹਾਦਰ ਨੇ ਤੁਰਕਾਂ ਨੂੰ ਜਿੱਤ ਲਿਆ ਹੈ।

ਭਯੋ ਖਾਲਸੇ ਸਜੋਂ ਬਿਪਰੀਤ॥੨॥ ਅਤੇ ਖਾਲਸੇ ਪੰਥ ਤੋਂ ਦੂਰ ਹੋ ਗਿਆ ਹੈ ਬੰਦਾ ਬਹਾਦਰ। ੨।

ਭਯੋ ਨਾਸ਼ ਉਸ ਨੇੜੇ ਆਵਨ॥ ਉਸ ਦਾ ਨਾਸ ਹੋਣਾ ਨੇੜੇ ਆ ਗਿਆ ਹੈ ਖਾਲਸੇ ਪੰਥ ਦੀ ਬਰਾਬਰੀ ਕਰਕੇ।

ਸਿੰਘਨ ਕੋ ਸੁ ਚਹੈ ਮਰਵਾਵਨ॥ ਸਿੰਘਾਂ ਨੂੰ ਉਹ ਮਰਵਾਉਣਾ ਚਾਹੁੰਦਾ ਸੀ, ਸ਼ਰੀਕਾ ਬੰਨ੍ਹ ਲਿਆ ਹੈ

ਸਮਝ ਖਾਲਸੋ ਉਸਤੇ ਭਜੋ ਦੂਰ॥ ਖਾਲਸਾ ਪੰਥ ਉਸਦੇ ਮਨਸੂਬੇ ਸਮਝ ਕੇ ਉਸ ਤੋਂ ਦੂਰ ਹੋ ਗਿਆ।

ਆਇ ਬਹੇ ਗੁਰ ਚੱਕ ਹਜ਼ੂਰ॥੩॥ ਖਾਲਸਾ ਪੰਥ ਨੇ ਆ ਕੇ (ਗੁਰ ਚੱਕ) ਸ੍ਰੀ ਅੰਮ੍ਰਿਤਸਰ ਗੁਰੂ ਕੇ ਹਜ਼ੂਰ ਆ ਡੇਰੇ ਲਾਏ ਹਨ। ੩।

ਯਹੀ ਬਾਤ ਮੁਗਲਨ ਸੁਨ ਪਾਈ॥ ਇਹ ਗੱਲ ਤੁਰਕਾਂ ਨੇ ਸੁਣ ਲਈ ਹੈ ਕਿ ਖਾਲਸੇ ਪੰਥ ਨੇ ਬੰਦੇ ਬਹਾਦਰ ਨੂੰ ਤਿਆਗ

ਦਿੱਤਾ ਹੈ।

ਮੁਗਲਨ ਚਿੱਤ ਵਧਾਈ ਭਈ॥ ਮੁਗਲਾਂ ਦੇ ਮਨ ਵਿਚ ਬੜੀ ਖੁਸ਼ੀ ਹੋਈ ਹੈ ਕਿ ਦਲ ਖਾਲਸੇ ਵਿਚ ਫੁੱਟ ਪੈ ਗਈ ਹੈ।

ਚਾਹਿਤ ਹੁਤੋ ਸਿੰਘਨ ਤੁੜਵਾਯੋ॥ ਉਹ ਤਾਂ ਖਾਲਸਾ ਪੰਥ ਨੂੰ ਬੰਦੇ ਬਹਾਦਰ ਨਾਲੋਂ ਪਹਿਲਾਂ ਤੋੜਨਾ ਚਾਹੁੰਦੇ ਸਨ।

ਭੇਜੋ ਵਕੀਲ ਔ ਦਰਬ ਘਲਾਯੋ॥੪॥ ਤੁਰਕਾਂ ਨੇ ਸਿੰਘਾਂ ਨੂੰ ਆਪਣੇ ਵਕੀਲਾਂ ਕੋਲ ਧਨ ਭੇਜਿਆ ਹੈ। ੪।

ਲੇਟ ਪੇਟ ਸਿੰਘਨ ਕੀ ਕਰੈ॥ ਆਕੇ ਸਿੰਘਾਂ ਦੀ (ਲੇਟ ਪੇਟ) ਮਿੰਨਤਦਾਰੀ ਖੁਸ਼ਾਮਦ ਕਰਦੇ ਹਨ, ਕਈ ਤੋਹਫੇ ਆਦਿਕ ਭੇਜੇ ਹਨ।

ਜੋ ਸਿੰਘ ਮਾਂਗੈ ਲਜਾ ਆਗੈ ਧਰੈ॥ ਸਿੰਘ ਕਈ ਵੇਰਾਂ ਸੁਆਲ ਕਰ ਦਿੰਦੇ ਨੇ, ਸਿੰਘ ਜੋ ਵੀ ਮੰਗਦੇ ਹਨ ਤੁਰਕ ਲਿਆ ਕੇ ਸਿੰਘਾਂ ਦੇ ਅੱਗੇ ਰੱਖ ਦਿੰਦੇ ਹਨ, ਲਉ ਖਾਲਸਾ ਜੀ ! ਹੋਰ ਸੇਵਾ ਦੱਸੋ।

ਕਸਮ ਕੁਰਾਨ ਬਹੁ ਬਾਰ ਉਠਾਵੀਂਹ॥ ਕਈ ਵਾਰੀ ਕੁਰਾਨ ਦੀ ਝੂਠੀ ਕਸਮ ਚੁੱਕਦੇ ਹਨ ਤੁਰਕ।

ਗੁਰ ਚਕ ਹਮ ਕਦੇ ਪੈਰ ਨ ਪਾਵੀਂਹ॥੫॥ (ਗੁਰ ਚਕ) ਸ੍ਰੀ ਅੰਮ੍ਰਿਤਸਰ ਵਿਚ ਅਸੀਂ ਪੈਰ ਵੀ ਨਹੀਂ ਪਾਉਂਦੇ, ਅਸੀਂ ਨੇੜੇ ਵੀ ਨਹੀਂ ਜਾਂਦੇ ਦੂਰ ਦੀ ਲੰਘ ਜਾਵਾਂਗੇ।

ਬਿਸ਼ਕ ਲੇਹੁ ਤੁਮ ਮੇਲੋ ਲਾਇ॥ ਬਿਨਾਂ ਸ਼ੱਕ ਤੁਸੀਂ ਜੋੜ ਮੇਲੇ ਲਾਉ ਆਪਣੇ, ਬੜੀ ਖੁਸ਼ੀ ਨਾਲ ਇਕੱਠ ਕਰੋ। ਤੁਰਕਾਂ ਦਾ ਮਤਲਬ ਹੋਰ ਸੀ ਕਿ ਸਿੰਘ ਇਕੱਠੇ ਹੋਣੇ ਸ਼ੁਰੂ ਹੋ ਜਾਣ, ਇਹਨਾਂ ਨੂੰ ਭੇਤ ਨਾ ਰਹੇ, ਅਸੀਂ ਮਾਰਕੇ ਛਾਪੇਮਾਰ ਸਿੰਘਾਂ ਨੂੰ ਘੇਰ ਸ਼ਹੀਦ ਕਰ ਦੇਈਏ। ਬੰਦੇ ਨੂੰ ਤਾਂ ਅਸੀਂ ਮਾਰ ਹੀ ਲਿਆ ਹੈ ਹੁਣ ਸਿੰਘ ਵੀ ਨਾ ਜਾਣ ਸਾਡੇ ਹੱਥੋਂ ਇਉਂ ਇਰਾਦਾ ਤੁਰਕਾਂ ਕੀਤਾ।

ਨਨਕਾਣੇ ਔ ਰੌੜੀ ਜਾਇ॥ ਸਿੰਘਾਂ ਨੂੰ ਕਹਿੰਦੇ ਤੁਸੀਂ ਰੋੜੀ ਸਾਹਿਬ ਵੀ ਜੋੜ ਮੇਲਾ ਲਾਉ, ਇਥੇ ਵੈਸਾਖੀ ਦਾ ਪੁਰਬ ਲਗਦਾ ਹੁੰਦਾ ਸੀ ਰੋੜੀ ਸਾਹਿਬ, ਅਤੇ ਨਨਕਾਣੇ ਸਾਹਿਬ ਪੂਰਨਮਾਸ਼ੀ ਦਾ ਜੋੜ ਮੇਲਾ ਲਾਇਆ ਕਰੋ।

ਬਡੇ ਡਿਹਰੇ ਔ ਖਡੂਰ ਗੁਰ ਥਾਨ॥ ਜਿਹੜੇ ਵੱਡੇ (ਡਿਹਰੇ) ਜੋ ਗੁਰ ਅਸਥਾਨ ਹਨ ਅਤੇ ਖਡੂਰ ਸਾਹਿਬ ਜੋ ਗੁਰ ਅਸਥਾਨ ਹੈ।

ਤਰਨਤਾਰਨ ਗੁਰ ਔਰ ਮਕਾਨ॥੬॥ ਤਰਨਤਾਰਨ ਸਾਹਿਬ ਆਦਿਕ ਜੋ ਹੋਰ ਗੁਰੂਆਂ ਦੇ (ਮਕਾਨ) ਅਸਥਾਨ ਹਨ। ੬।

ਦੋਹਰਾ॥ ਮੇਲਾ ਲਾਵਹੁ ਬਿਸ਼ਕੈ, ਜਹਿੰ ਜਹਿੰ ਹੁਇ ਗੁਰ ਠੌਰ॥ ਜਿਥੇ ਜਿਥੇ ਗੁਰ ਅਸਥਾਨ ਹਨ ਉਥੇ ਬੇਸ਼ੱਕ ਜੋੜ ਮੇਲੇ ਲਾਉ ਬੜੀ ਖੁਸ਼ੀ ਨਾਲ ਸਾਨੂੰ ਕੋਈ ਇਤਰਾਜ ਨਹੀਂ ਹੈ।

ਮਾਫੀ ਕਰੈਂ ਮਸੂਲ ਹਮ, ਔ ਘਰੋਂ ਕਰੈਂ ਔਰ ਗੌਰ॥੭॥ ਗੁਰੂ ਘਰ ਤੇ ਮਸੂਲ ਨਹੀਂ ਲਾਵਾਂਗੇ, ਮਸੂਲ ਤੋਂ ਵੀ ਮਾਫੀ, ਅਤੇ ਹੋਰ ਘਰੋਂ ਸੇਵਾ ਕਰਾਂਗੇ, ਜੋ ਵਸਤੂ ਚਾਹੀਦੀ ਹੋਵੇ ਅਸੀਂ ਲੰਗਰ ਆਦਿਕ ਦੀ ਸੇਵਾ ਬੜੀ ਗੌਰ ਨਾਲ ਕਰਾਂਗੇ। ਅਸੀਂ ਬਾਬੇ ਦੇ ਸਿੱਖ ਹਾਂ, ਇਉਂ ਕਰਦੇ ਹਨ ਮਿੱਠੀਆਂ ਮਿੱਠੀਆਂ ਗੱਲਾਂ। ੭।

ਚੌਪਈ॥ ਇਮ ਕਹਿ ਖਾਲਸੋ ਲਯੋ ਪਰਚਾਏ॥ ਏਸ ਤਰ੍ਹਾਂ ਦੇ ਬਚਨ ਕਰਕੇ ਖਾਲਸੇ ਨੂੰ ਪਰਚਾ ਲਿਆ ਹੈ ਉਨ੍ਹਾਂ ਨੇ ਭਰਮਾਇਆ ਥੋੜ੍ਹਾ ਜਿਹਾ।

ਔਰ ਦਿਲਾਸੇ ਕਈ ਕਰਾਏ॥ ਸਿੰਘਾਂ ਨੂੰ ਆਪਣੇ ਤੇ ਧਿਜਾਉਣ ਵਾਸਤੇ ਕਈ ਤਰ੍ਹਾਂ ਦੇ ਦਿਲਾਸੇ ਦਿੰਦੇ ਹਨ।

"ਹੁਇ ਚਾਕਰੀ ਕੀ ਜਿਸਕੋ ਖਾਹਸ਼॥ ਜੇ ਖਾਲਸਾ ਜੀ ! ਕਿਸੇ ਨੇ ਨੌਕਰੀ ਵੀ ਕਰਨੀ ਹੋਵੇ ਫੌਜ ਦੀ ਜਾਂ ਕਿਸੇ ਹੋਰ ਕਿਸਮ ਦੀ।

ਆਇ ਰਹੇ ਉਇ ਹਮਰੇ ਪਾਸ"॥ ੮॥ ਆਉ ਸਾਡੇ ਕੋਲ ਨੌਕਰ ਰਹਿ ਜਾਉ ਬੇਸ਼ੱਕ। ੮।

ਬਿਨੋਦ ਸਿੰਘ ਔ ਕਾਹਨ ਸਿੰਘ ਬਾਵੇ॥ ਬਿਨੋਦ ਸਿੰਘ ਗੁਰੂ ਅੰਗਦ ਦੇਵ ਜੀ ਦੀ ਬੰਸ ਵਿੱਚੋਂ ਅਤੇ ਕਾਹਨ ਸਿੰਘ ਗੁਰੂ

ਅਮਰਦਾਸ ਜੀ ਦੀ ਬੰਸ ਵਿਚੋਂ (ਬਾਵੇ) ਸਾਹਿਬਜ਼ਾਦੇ ਸਨ ਜਿਹੜੇ।

ਉਨ ਦੈ ਦਰਬ ਸੁ ਲਏ ਪ੍ਰਚਾਵੇ॥ ਇਨ੍ਹਾਂ ਨੂੰ ਚੰਗਾ ਧਨ ਦੇ ਕੇ ਤੁਰਕਾਂ ਨੇ ਪਰਚਾ ਲਿਆ ਹੈ, ਕਿ ਮੇਲ ਮੁਲਾਕਾਤ ਸਾਡੀ ਖਾਲਸੇ ਪੰਥ ਨਾਲ ਹੋ ਜਾਵੇ, ਸਾਨੂੰ ਗੈਰ ਨਾ ਸਮਝਣ ਅਸੀਂ ਨੇੜੇ ਲਗ ਸਕੀਏ।

ਪੰਜ ਪੰਜ ਸੈ ਸਿੰਘ ਗੈਲੈ ਲਾਏ॥ ਇਨ੍ਹਾਂ ਨੇ ਪੰਜ ਪੰਜ ਸੌ ਸਿੰਘ ਆਪਣੇ ਪਿੱਛੇ ਲਾ ਕੇ ਰੱਖਿਆ ਹੋਇਆ ਹੈ।

ਉਨ ਕੈ ਹਾਥ ਸਿੰਘ ਔਰ ਮਿਲਾਏ॥੯॥ ਉਨ੍ਹਾਂ ਦੇ ਹੱਥੀਂ ਹੋਰ ਸਿੰਘ ਮਿਲ ਗਏ ਹਨ ਆ ਕੇ (ਹੱਥੀਂ) ਰਾਹੀਂ। ੯।

ਦੋਹਰਾ॥ ਐਸੀ ਐਸੀ ਜੁਗਤ ਸਜੋਂ, ਉਨ ਲੀਨੇ ਸਿੰਘ ਪ੍ਰਚਾਇ॥ ਐਹੋ ਜਿਹੀਆਂ ਵਿਉਂਤਾਂ ਨਾਲ ਉਨ੍ਹਾਂ ਨੇ ਸਿੰਘਾਂ ਨੂੰ ਪਰਚਾ ਕੇ ਰੱਖਿਆ ਹੋਇਆ ਹੈ

ਬੰਦੇ ਤੇ ਵੈ ਇਮ ਡਰੈਂ, ਬਾਜੋਂ ਲਵੋ ਡਰਾਇ॥੧੦॥ ਅਜੇ ਵੀ ਤੁਰਕ ਬੰਦੇ ਤੋਂ ਇਉਂ ਡਰਦੇ ਹਨ ਜਿਵੇਂ ਬਾਜ਼ ਤੋਂ (ਲਵੇ) ਬਟੇਰਾ ਡਰਦਾ ਹੈ। ੧੦।

ਦੋਹਰਾ॥ ਸਮੋਂ ਲਖਾਵਨ ਉਇ ਚਹੈਂ, ਪੰਥ ਵੀ ਸਮੋਂ ਤਕਾਹਿ॥ ਉਹ ਤੁਰਕ ਵੀ ਸਮਾਂ ਲੰਘਾਉਣਾ ਚਾਹੁੰਦੇ ਸਨ ਅਤੇ ਖਾਲਸਾ ਪੰਥ ਵੀ ਸਮੇਂ ਦੀ ਨਬਜ਼ ਵੱਲ ਵੇਖ ਰਿਹਾ ਸੀ। ਤੁਰਕ ਵੀ ਚਾਹੁੰਦੇ ਹਨ ਕਿ ਬਚ ਜਾਈਏ ਸਿੰਘਾਂ ਤੋਂ ਅਜੇ ਬੰਦਾ ਬਹਾਦਰ ਵੀ ਬਾਹਰ ਸੀ, ਸਾਖੀ ਉਸ ਸਮੇਂ ਦੀ ਲਿਖੀ ਹੈ।

ਰਖੈਂ ਪਤਿਸ਼ਾਹੀ ਚਾਹੈਂ ਦੋਊ, ਦਿਲ ਦੋਊ ਦੰਗੋ ਰਖਾਹਿ॥੧੧॥ ਪਾਤਸ਼ਾਹੀ ਦਾ ਦਾਅਵਾ ਤੁਰਕ ਅਤੇ ਖਾਲਸਾ ਪੰਥ ਦੋਵੇਂ ਰਖਦੇ ਹਨ, ਦੋਵੇਂ ਹੀ ਪਾਤਸ਼ਾਹੀ ਚਾਹੁੰਦੇ ਹਨ ਅਤੇ ਦਿਲੋਂ ਦੋਵੇਂ ਹੀ (ਦੰਗੋ) ਜੰਗ ਯੁੱਧ ਦੀ ਇੱਛ ਰਖਦੇ ਹਨ। ੧੧।

ਚੌਪਈ॥ ਸਿੰਘਨ ਕੋ ਬਹੁ ਪੈਸੇ ਦੇਂਹਿ॥ ਤੁਰਕ ਆਪ ਸਿੰਘਾਂ ਨੂੰ ਲਿਆ ਕੇ ਪੈਸੇ ਹਾਜ਼ਰ ਕਰਦੇ ਹਨ।

ਬੈਠ ਗੁਰੂ ਚਕ ਨਿਤ ਪ੍ਰਤਿ ਲੇਂਹਿ॥ ਸਿੰਘ ਬੈਠ ਕੇ (ਗੁਰੂ ਚਕ) ਸ੍ਰੀ ਅੰਮ੍ਰਿਤਸਰ ਹਰ ਰੋਜ਼ ਤੁਰਕਾਂ ਤੋਂ ਮਾਮਲਾ ਲੈਂਦੇ ਹਨ।

ਪੰਥ ਦਰਵਾਰੋ ਸਿੰਘ ਹੁਤੋ ਦਿਵਾਨ॥ ਭਾਈ ਦਰਵਾਰਾ ਸਿੰਘ ਜੀ ਉਸ ਵੇਲੇ ਪੰਥ ਦੇ ਦਿਵਾਨ ਸਨ। ਇਹ ਪਟਿਆਲੇ ਦੇ ਇਲਾਕੇ ਦੇ ਸਨ, ਬਾਣੀਏਂ ਸਿੰਘ ਸਨ, ਅਦਾਲਤ ਵੀ ਕਰਦੇ ਸਨ, ਜੋ ਛੋਟੇ ਮੋਟੇ ਪੰਥ ਦੇ ਝਗੜੇ ਸਨ ਉਨ੍ਹਾਂ ਦਾ ਨਿਆਂ ਕਰਦੇ ਸਨ।

ਵਹੀ ਹੋਤ ਥੋ ਪੋਤੈ ਵਾਨ॥੧੨॥ ਪੰਥ ਦਾ (ਪੋਤੈਵਾਨ) ਖਜ਼ਾਨਾ ਵੀ ਉਨ੍ਹਾਂ ਦੇ ਪਾਸ ਹੀ ਸੀ। ੧੨।

ਪੰਥ ਰਖਤ ਥੋ ਉਸੋ ਵਡਿਆਈ॥ ਕਿਉਂਕਿ ਉਹ ਪੁਰਾਤਨ ਸਿੰਘ ਸਨ, ਸਾਹਿਬਾਂ ਦੇ ਹਜ਼ੂਰੀ ਸਿੰਘ ਸਨ, ਖਾਲਸਾ ਉਨ੍ਹਾਂ ਦੀ ਵਡਿਆਈ ਰਖਦਾ ਸੀ, ਉਨ੍ਹਾਂ ਦੀ ਪਦਵੀ ਉੱਚੀ ਸਮਝਦਾ ਸੀ।

ਵਹੀ ਦੇਤ ਥੋ ਸਭਨ ਪ੍ਰਚਾਈ॥ ਉਹ ਸਭ ਨੂੰ ਇਕੋ ਜਿਹੀ ਵਸਤੂ ਵੰਡ ਕੇ, ਸਭ ਨੂੰ ਪਰਚਾ ਕੇ ਰਖਦਾ ਸੀ।

ਉਸੈ ਸ਼ਰੀਕੋ ਕਰੈ ਕੋਊ ਨਾਂਹ॥ ਪੁਰਾਤਨ ਸਿੰਘ ਹੋਣ ਕਰਕੇ ਕੋਈ ਸਿੰਘ ਉਸਦੇ ਨਾਲ ਸ਼ਰੀਕਾ ਨਹੀਂ ਸੀ ਕਰਦਾ। ਕਿ ਮੈਨੂੰ ਥੋੜ੍ਹੀ ਵਸਤੂ ਦਿੱਤੀ ਫਲਾਨੇ ਨੂੰ ਕਿਉਂ ਜਿਆਦਾ ਦਿੱਤੀ।

ਵਹੀ ਦੇਤ ਥੋ ਸਭਨ ਪ੍ਰਚਾਇ॥੧੩॥ ਦਿਵਾਨ ਦਰਵਾਰਾ ਸਿੰਘ ਜੀ ਏਸ ਤਰ੍ਹਾਂ ਪਰਚਾ ਕੇ ਰੱਖਦੇ ਸਨ ਸਾਰਿਆਂ ਨੂੰ। ੧੩।

ਸਭ ਕੋ ਇਕ ਥਾਂ ਲੰਗਰ ਕਰਵਾਵੈ॥ ਗੁਰੂ ਕਾ ਲੰਗਰ ਸਾਰੇ ਖਾਲਸੇ ਵਾਸਤੇ ਇੱਕ ਥਾਂ ਹੀ ਕਰਵਾਉਂਦੇ ਸਨ, ਇਕੋ ਲੰਗਰ ਵਿੱਚ ਸਭ ਵਾਸਤੇ ਪ੍ਰਸ਼ਾਦ ਤਿਆਰ ਹੁੰਦਾ ਸੀ।

ਸਭਨ ਪੁਸ਼ਾਕੀ ਵਹੀ ਪਹੁੰਚਾਵੈ॥ ਸਾਰੇ ਸਿੰਘਾਂ ਨੂੰ ਪੁਸ਼ਾਕਾਂ ਵੀ ਉਹੀ ਪਹੁੰਚਦੀਆਂ ਕਰਦੇ ਸਨ।

ਨਿਤ ਪ੍ਰਤਿ ਪੰਥ ਯੌਂ ਵਧਤੈ ਜਾਹਿ॥ ਇਉਂ ਜਦੋਂ ਲੰਗਰ, ਪੁਸ਼ਾਕ ਤੇ ਘੋੜੇ ਆਦਿਕ ਮਿਲਣ ਲਗ ਪਏ ਤਾਂ ਪੰਥ ਦਾ ਵਾਧਾ ਹੋਣਾ ਸ਼ੁਰੂ ਹੋ ਗਿਆ। ਬਾਹਰ ਗੁਜ਼ਰਾਨ ਬੜੀ ਘਟ ਸੀ ਸਿੰਘਾਂ ਨੇ ਕਿਹਾ ਏਥੇ ਹੀ ਗੁਰੂ ਘਰ ਵਿਚ ਰਹਿ ਕੇ ਸੇਵਾ

ਕਰਾਂਗੇ। ਸਿੰਘਾਂ ਨੂੰ ਜਦੋਂ ਉਥੋਂ ਸਭ ਕੁਛ ਮਿਲਣ ਲੱਗ ਪਿਆ ਤਾਂ ਖਾਲਸੇ ਪੰਥ ਵਿਚ ਦਿਨ ਪ੍ਰਤੀ ਦਿਨ ਵਾਧਾ ਹੋਣ ਲੱਗ ਪਿਆ।

ਦੰਗੇ ਫੰਗਜੋਂ ਥੀ ਟਲੈ ਸੁ ਨਾਂਹਿ ॥੧੪॥ (ਦੰਗੇ ਫੰਗਜੋਂ) ਲੜਾਈ ਫਸਾਦ ਜੋ ਕਿ ਜਾਤ ਗੋਤ ਹੈ ਸਿੰਘਾਂ ਦੀ ਉਸ ਤੋਂ ਸਿੰਘ ਟਲਦੇ ਨਹੀਂ ਹਨ ਜਦੋਂ ਦਾਉ ਹੇਠ ਆ ਜਾਵੇ ਉਦੋਂ ਮਾਰ ਲੈਂਦੇ ਹਨ ਮੋਰਚਾ। ੧੪।